੧ੴ ਸਤਿਗੁਰ ਪ੍ਰਸਾਦਿ ॥



# ਸ੍ਰੀ ਨਾਰਾਯਣ ਹਰੀ ਉਪਦੇਸ਼

ਅਰਥਾਤ

## ਜੀਵਨ ਚਰਿੱਤ੍ਰ

ਬ੍ਰਹਮ ਨਿਸ਼ਠ ਸ੍ਰੀ ੧੦੮ ਪੂਜਜਪਦ

**ਪੰਡਿਤ ਨਾਰਾਯਣ ਸਿੰਘ ਜੀ ਮਹਾਰਾਜ**

ਨਿਵਾਸੀ ਰਿਖੀਕੇਸ਼

ਕਰਤਾ:-

**ਬ੍ਰਹਮਲੀਨ ਸ੍ਰੀ ਮਾਨ ਪੰਡਿਤ ਹਰਦੇਵ ਸਿੰਘ ਜੀ**

ਨਿਵਾਸੀ ਨਿਰਮਲ ਵਿਰਕਤ ਕੁਟੀਆ

ਕਨਖਲ (ਹਰਿਦਵਾਰ)

ਸਰਬੱਤ ਹੱਕ ਰਾਖਵੇਂ ਹਨ ਤੇ ਪ੍ਰਬੰਧਕਾਂ ਦੀ ਲਿਖਤੀ ਆਗਿਆ ਤੋਂ ਬਿਨਾਂ ਹੋਰ ਕਿਸ ਨੂੰ

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਜੇਵਡੁ ਅਵਰੁ ਨ ਕੋਇ॥
ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥

# ਸ੍ਰੀ ਨਾਰਾਯਣ ਹਰੀ ਉਪਦੇਸ਼

## ਅਰਥਾਤ

## ਜੀਵਨ ਚਰਿੱਤ੍ਰ

ਬ੍ਰਹਮ ਨਿਸ਼ਠ ਸ੍ਰੀ ੧੦੮ ਪੂਜਯਪਦ

**ਪੰਡਿਤ ਨਾਰਾਯਣ ਸਿੰਘ ਜੀ ਮਹਾਰਾਜ**

ਨਿਵਾਸੀ ਰਿਖੀਕੇਸ਼ ਝਾੜੀ।

ਕਰਤਾ:-

**ਬ੍ਰਹਮਲੀਨ ਸ੍ਰੀ ਮਾਨ ਪੰਡਿਤ ਹਰਦੇਵ ਸਿੰਘ ਜੀ**

ਨਿਵਾਸੀ ਨਿਰਮਲ ਵਿਰਕਤ ਕੁਟੀਆ,
ਕਨਖਲ (ਹਰਿਦਵਾਰ)

**ਪ੍ਰੇਰਕ :- ਸ੍ਰੀ ਮਾਨ ਪੂਜਯ ਠਾਕਰ ਦਾਸ ਜੀ**

ਭਰਾਤਾ ਸ੍ਰੀ ਮਾਨ ੧੦੮ ਪੰਡਿਤ ਹਰਦੇਵ ਸਿੰਘ ਜੀ

© ਲੇਖਕ

ISBN 81-7601-485-0
ਸਤਵੀਂ ਐਡੀਸ਼ਨ ਨਵੰਬਰ 2011
ਭੇਟਾ : 800-00

ਪ੍ਰਕਾਸ਼ਕ
**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ : 91-183-2542346, 2547974, 2557973
ਫ਼ੈਕਸ : 91-183-5017488
E.mail : csjssales@hotmail.com, csjspurchase@yahoo.com
Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 0183-2705003, 5095774

# ਦੋ ਸ਼ਬਦ

ਇਹ ਚਰਾਚਰ ਜਗਤ ਦੁੱਖ ਰੂਪ ਹੈ। ਮਨੁੱਖ ਸਰੀਰ ਧਾਰਨ ਕਰਨ ਪਿਛੋਂ ਦੁੱਖਾਂ ਨਾਲ ਜੀਵ ਦਾ ਸਿੱਧਾ ਸਬੰਧ ਹੈ। ਅਧਿਆਤਮਕ-ਅਧਿਭੂਤਕ ਤੇ ਅਧਿਦੇਵ ਤਾਪ ਮਨੁੱਖ ਨੂੰ ਹਰ ਸਮੇਂ ਹਰ ਜਗ੍ਹਾ ਦੁੱਖੀ ਕਰਦੇ ਹਨ। ਉਪਰੋਕਤ ਤਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਜੀਵਨ ਕ੍ਰਿਯਾਸ਼ੀਲ ਹੈ। ਮਹਾਂਪੁਰਖਾਂ ਨੇ ਜਲੰਦੇ ਜਗਤ ਨੂੰ ਵੇਖਿਆ ਅਨੁਭਵ ਕੀਤਾ ਤੇ ਇਸ ਤੋਂ ਛੁਟਕਾਰਾ ਪਾਉਣ ਲਈ ਪਰਮੇਸ਼ਰ ਦਾ ਨਾਮ ਸਿਮਰਣ ਕਰਨ ਦੀ ਪ੍ਰੇਰਨਾ ਦਿੱਤੀ।ਬਾਬਾਣੀਆਂ ਕਹਾਣੀਆਂ ਸੁਣਾ ਕਰਕੇ ਜੀਵ ਨੂੰ ਪ੍ਰਭੂ ਦੇ ਸਿਮਰਣ ਵਿਚ ਧਿਆਨ ਕਰਨ ਲਈ ਆਖਿਆ। ਜਿਥੇ ਸਿਮਰਣ ਨਾਲ ਆਤਮਕ ਬਲ ਮਿਲੇਗਾ ਮਾਨਸਿਕ ਭਟਕਣਾ ਮਿਟੇਗੀ ਤੇ ਜੀਵ ਮਾਤਰ ਜੋ ਨਰ ਦੁਖ ਮੈ ਦੁਖਿ ਨਹੀਂ ਮਾਨੈ, ਸੁਖ ਸਨੇਹੁ ਅਰਿ ਭੈ ਨਹੀਂ ਜਾਕੈ।

ਕੰਚਨ ਮਾਟੀ ਮਾਨੈ। ਆਦਿ ਪ੍ਰਭੂ ਸਿਮਰਣ ਕਰਨ ਲਈ ਦੁੱਖ ਸੁੱਖ ਸਮਾਨ ਸਮਝਣ, ਸੋਨਾ ਮਿੱਟੀ ਨੂੰ ਇਕੋ ਜਾਨਣ ਦੀ ਬਿਰਤੀ ਪੈਦਾ ਹੋ ਜਾਵੇਗੀ ਤੇ ਇਸ ਪ੍ਰਾਣੀ ਨੂੰ ਸ਼ਾਂਤੀ ਮਿਲ ਜਾਵੇਗੀ ਤੇ ਉਪਰੋਕਤ ਤਿੰਨੇ ਤਰ੍ਹਾਂ ਦੇ ਤਾਪਾਂ ਤੋਂ ਨਿਯਾਤ ਮਿਲ ਸਕੇਗੀ। ਇਹ ਹੱਥ ਵਾਲੀ ਪੁਸਤਕ ਆਤਮਕ ਗਿਆਨ ਦਾ ਭੰਡਾਰ ਹੈ। ਸਾਧਾਰਣ ਯਗਿਆਸੂ ਵੀ ਇਸ ਨੂੰ ਪੜ੍ਹ ਕੇ ਗਿਆਨ ਪ੍ਰਾਪਤ ਕਰ ਸਕਦਾ ਹੈ। ਉਸਨੂੰ ਗ੍ਰਹਿਣ ਕਰਨ ਨਾਲ ਸ਼ਾਂਤੀ ਮਿਲ ਸਕਦੀ ਹੈ। ਨਿਰਮਲ ਭੇਖ ਦੇ ਵਿਦਵਾਨ ਮਹਾਂਪੁਰਖਾਂ ਬ੍ਰਹਮਲੀਨ ਪੰਡਿਤ ਨਰਾਇਣ ਸਿੰਘ ਜੀ ਮਹਾਰਾਜ ਤੇ ਸ੍ਰੀਮਾਨ ਪੰਡਿਤ ਹਰਿਦੇਵ ਸਿੰਘ ਜੀ ਦਾ ਆਪਣਾ ਆਤਮਕ ਅਨੁਭਵ ਵੀ ਇਸ ਵਿਚ ਹੈ। ਜਿਹਾ ਕਿ ਪੁਸਤਕ ਦੇ ਨਾਮ ਤੋਂ ਹੀ ਜ਼ਾਹਿਰ ਹੈ।

"*ਸ੍ਰੀ ਨਰਾਇਣ ਹਰੀ ਉਪਦੇਸ਼*" ਪਹਿਲਾ ਅਰਥ ਇਹ ਕਿ ਜੋ ਸੁਭਾਇਮਾਨ ਸਭ ਤੋਂ ਵੱਡਾ ਪ੍ਰਮੇਸ਼ਰ ਹੈ ਅਤੇ ਉਸਦਾ ਨਾਮ ਹਰੀ (ਵਿਸ਼ਣੂ) ਹੈ ਉਸ ਪ੍ਰਤੀ ਉਪਦੇਸ਼ ਹੈ। ਭਾਵ ਪ੍ਰਮੇਸ਼ਰ ਦਾ ਗਿਆਨ ਦੱਸਣ ਵਾਲੀ ਇਹ ਪੁਸਤਕ ਹੈ। ਦੂਸਰਾ ਅਰਥ ਹੈ ਸ੍ਰੀਮਾਨ ਪੰਡਿਤ ਨਰਾਇਣ ਸਿੰਘ ਜੀ ਦਾ ਉਪਦੇਸ਼ (ਆਤਮਕ ਅਨੁਭਵ) ਇਸ ਪੁਸਤਕ ਵਿਚ ਹੈ।

ਇਸ ਗ੍ਰੰਥ ਦੇ ੯੮੨ ਸਫੇ ਹਨ ੧੦ ਸਫੇ ਭੂਮਿਕਾ ਦੇ ਹਨ। ੪ ਸਫੇ ਸੂਚੀ ਪੱਤ੍ਰ ਦੇ ਹਨ। ਇਸ ਵਿਚ ਸਧਾਰਣ ਜਗਿਆਸੂ ਨੂੰ ਸਾਖੀਆਂ ਗੁਰਬਾਣੀ ਦੇ ਪ੍ਰਮਾਣ ਦੇ ਕੇ ਸਮਝਾਣ ਦੀ ਕੋਸ਼ਿਸ਼ ਕੀਤੀ ਹੈ ਕਿ ਮਨੁੱਖ ਸਚਿਆਰਾ ਕਿਵੇਂ ਬਣੇ ? ਬ੍ਰਹਮ ਗਿਆਨੀ ਦੀ ਅਵਸਥਾ ਤੇ ਕਿਵੇਂ ਪੁੱਜੇ ? ਸੰਸਾਰ ਵਿਚ ਆਉਣਾ ਜੀਵ ਦਾ ਸਫਲ ਕਿਵੇਂ ਹੋਵੇ ? ਅੰਹਕਾਰ, ਲੋਭ, ਮੋਹ, ਕਾਮ, ਕਰੋਧ ਆਦਿ ਨੂੰ ਕਿਸ ਤਰ੍ਹਾਂ ਮਾਰਨਾ ਹੈ। ਸਤਿਗੁਰੂ ਦੇ ਲੱਖਣ। ਨਵਧਾ ਪ੍ਰਕਾਰ ਦੀ ਭਗਤੀ, ਅਤੇ ਬੰਧਕ ਤੇ ਉਨ੍ਹਾਂ ਦੀ ਨਵਿਰਤੀ, ਮਹਾਂਪੁਰਸ਼ਾਂ ਦੀਆਂ ਸਾਖੀਆਂ ਭਗਤਾਂ, ਰਾਜਿਆਂ ਦੀਆਂ ਸਾਖੀਆਂ। ਪੰਚ ਕੇਸ ਵੀਚਾਰ, ਕਰਮ ਫਿਲਾਸਫੀ, ਨਾਮ ਜਪਨ ਦੀਆਂ ਤਿੰਨੇ ਯੁਕਤੀਆਂ ਆਦਿ ਬਹੁਤ ਸਾਰੇ ਵਿਸ਼ਿਆਂ ਉੱਪਰ ਮਹਾਂਪੁਰਸ਼ਾਂ ਨੇ ਗੁਰਬਾਣੀ ਤੇ ਸ਼ਾਸਤਰਾਂ ਦੇ ਪ੍ਰਮਾਣ ਦੇ ਕੇ ਸਮਝਾਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਇਹ ਪੁਸਤਕ ਬੜੀ ਉਪਯੋਗੀ ਹੈ। ਖਾਸ ਕਰਕੇ ਜਦੋਂ ਅੱਜ ਦੀ ਦੁਨੀਆਂ ਵਿਚ ਬੜੀ ਅਸ਼ਾਂਤੀ ਫੈਲ਼ੀ ਹੋਈ ਹੈ। ਆਤਮਕ ਸ਼ਾਂਤੀ ਲਈ ਇਸ ਤਰ੍ਹਾਂ ਦੇ ਉਪਯੋਗੀ ਗ੍ਰੰਥ ਕਾਫੀ ਹੱਦ ਤਕ ਸਫਲ ਹੋ ਸਕਦੇ ਹਨ। ਜਦੋਂ ਆਤਮਕ ਸ਼ਾਂਤੀ ਹੋਵੇਗੀ ਤੇ ਦੇਸ਼ (ਮਨੁੱਖਤਾ ਮਾਤਰ) ਵਿਚ ਸ਼ਾਂਤੀ ਵਰਤੇਗੀ।

ਮਾਤਾ ਗੰਗਾ ਦੇਵੀ ਅੰਮ੍ਰਿਤਸਰ ਨਿਵਾਸੀ ਨੇ ਕਾਫੀ ਸਮਾਂ ਪਹਿਲਾਂ ਇਸ ਗ੍ਰੰਥ ਨੂੰ ਛਾਪਣ ਦੀ ਸੇਵਾ ਕੀਤੀ ਸੀ। ਕੁਝ ਸਮਾਂ ਬਾਅਦ ਮਾਤਾ ਜੀ ਪ੍ਰਭੂ ਨੂੰ ਪਿਆਰੇ ਹੋ ਗਏ। ਪੁਸਤਕ ਮਾਰਕੀਟ ਵਿਚ ਸਮਾਪਤ ਹੋ ਗਈ ਹੈ। ਜਗਿਆਸੂਆਂ ਵਿਚ ਇਸ ਦੀ ਮੰਗ ਹੋਣ ਕਰਕੇ ਸ੍ਰੀ ਨਿਰਮਲ ਪੰਚਾਇਤੀ ਅਖਾੜਾ

ਦੀ ਮੀਟਿੰਗ ੨੫-੩-੯੦ ਨੂੰ
ਕਨਖਲ ਹਰੀਦੁਆਰ ਵਿਖੇ *ਨਿਰਮਲ ਸਾਹਿਤ ਪ੍ਰਕਾਸ਼ਨ ਕਮੇਟੀ* ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਵਿਚ
ਸ੍ਰੀ ਮਹੰਤ ੧੦੮ ਪੰਡਿਤ ਬਲਵੀਰ ਸਿੰਘ ਜੀ ਸ਼ਾਸ਼ਤਰੀ ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਵਿਚ
ਨਿਰਮਲ ਸਾਹਿਤ ਪ੍ਰਕਾਸ਼ਨ ਕਮੇਟੀ ਨੇ ਬਹੁਮਤ ਨਾਲ ਮਤਾ ਪਾਸ ਕਰਕੇ ਕਮੇਟੀ ਮੈਂਬਰ (ਦਾਸ)
ਮਹੰਤ ਤੇਜਾ ਸਿੰਘ ਐਮ. ਏ. ਨੂੰ ਇਸ ਪੁਸਤਕ ਛਪਵਾਉਣ ਬਾਰੇ ਉੱਦਮ ਕਰਨ ਲਈ ਕਿਹਾ। ਜਿਸ ਦੇ
ਤਹਿਤ ੧੪-੪-੯੦ ਨੂੰ ਭਾਈ ਚਤਰ ਸਿੰਘ ਜੀਵਨ ਸਿੰਘ ਨਾਲ ਮੈਂਬਰ ਕਮੇਟੀ ਮਹੰਤ ਤੇਜਾ ਸਿੰਘ
ਐਮ. ਏ. ਦੀ "*ਸ੍ਰੀ ਨਰਾਇਣ ਹਰੀ ਉਪਦੇਸ਼*" ਛਾਪਣ ਦੀ ਇਕ ਲਿਖਤ ਹੋਈ। ਇਸ ਪੁਸਤਕ
ਦੀ ਛੇਵੀ ਐਡੀਸ਼ਨ ਛਾਪਣ ਦਾ ਅਧਿਕਾਰ ਦਿੱਤਾ ਹੈ। ਪੰਜ ਸੌ ਪੁਸਤਕਾਂ ਪਿਛੇ ਪੰਜਾਹ ਪੁਸਤਕਾਂ ਲੈ ਕੇ
ਸ੍ਰੀ ਨਿਰਮਲ ਪੰਚਾਇਤੀ ਅਖਾੜਾ ਵਿਚ ਨਿਰਮਲ ਸਾਹਿਤ ਪ੍ਰਕਾਸ਼ਨ ਕਮੇਟੀ ਦੇ ਪ੍ਰਧਾਨ ਨੂੰ ਦਿੱਤੀਆਂ
ਜਾਣਗੀਆਂ। ਇਹ ਕਮੇਟੀ ਹੋਂਦ ਵਿਚ ਆਉਣ ਤੋਂ ਪਿਛੋਂ ਨਿਰਮਲੇ ਮਹਾਂਪੁਰਸ਼ਾਂ ਦੀਆਂ ਬਹੁਮੁਲੀਆਂ
ਪੁਸਤਕਾਂ ਹੋਂਦ ਵਿਚ ਆਈਆਂ ਹਨ, ਜਿਵੇਂ ਮੋਖਸ ਪੰਥ, ਗੁਰਤੀਰਥ ਸੰਗ੍ਰਹਿ, ਗੁਰਮਤਿ ਨਿਰਣਯ
ਸਾਗਰ, ਨਿਰਮਲ ਪੰਥ ਪ੍ਰਦੀਪਕਾ ਆਦਿਕ ਵਿਸ਼ੇ ਹੀ ਲੜੀ ਵਿਚ ਹੀ ਇਹ ਪੁਸਤਕ ਨਿਰਮਲ ਸਾਹਿਤ
ਪ੍ਰਕਾਸ਼ਨ ਕਮੇਟੀ ਦੇ ਉੱਦਮ ਨਾਲ ਹੋਂਦ ਵਿਚ ਆ ਰਹੀ ਹੈ। ਜਗਿਆਸੂ ਪਾਠਕ ਇਸਨੂੰ ਪੜ੍ਹ ਕੇ ਲਾਭ
ਲੈ ਸਕਣਗੇ। ਭਾਈ ਚਤਰ ਸਿੰਘ ਜੀਵਨ ਸਿੰਘ ਫਰਮ ਦਾ ਉੱਦਮ ਸਰਾਹਨਾ ਯੋਗ ਹੈ। ਮਹਿੰਗਾਈ ਦੇ
ਸਮੇਂ ਵਿਚ ਕਾਫੀ ਖਰਚੇ ਵਾਲੇ ਕੰਮ ਨੂੰ ਕਰਨ ਦਾ ਹੌਂਸਲਾ ਕੀਤਾ ਹੈ। ਰਾਇਲਟੀ ਵਜੋਂ ਲਈਆਂ
ਪੁਸਤਕਾਂ (੫੦) ਪੰਜਾਹ ਗਿਣਤੀ ਵਿਚ ਸਾਰੀਆਂ ਸੰਤ ਮਹਾਪੁਰਸ਼ਾਂ, ਡੇਰੇਦਾਰ, ਸੰਤਾਂ, ਮਹੰਤਾਂ ਨੂੰ
ਅਖਾੜਾ ਵਲੋਂ ਫਰੀ ਦਿੱਤੀਆਂ ਜਾਣਗੀਆਂ। ਪਾਠਕਾਂ ਦੀ ਪ੍ਰੇਰਨਾ ਨੇ ਹੀ ਇਸ ਪੁਸਤਕ ਨੂੰ ਛਪਵਾਉਣ
ਵਿਚ ਉਤਸ਼ਾਹ ਦਿੱਤਾ ਹੈ। ਛੇਤੀ ਹੀ ਇਸ ਲੜੀ ਵਿਚ ਨਿਰਮਲ ਭੇਖ ਦੇ ਮਹਾਨ ਵਿਦਵਾਨ ਖੋਜੀ
ਮਹੰਤਾਂ ਸੰਤਾਂ ਦੀਆਂ ਹੋਰ ਪੁਸਤਕਾਂ ਛਪਵਾ ਕੇ ਪਾਠਕਾਂ ਜਗਿਆਸੂਆਂ ਆਤਮਕ ਖੋਜੀਆਂ ਨੂੰ ਮੁਫਤ
ਵੰਡੀਆਂ ਜਾਣਗੀਆਂ।

ਲੇਖਕ :
ਮਹੰਤ ਤੇਜਾ ਸਿੰਘ ਐਮ. ਏ.
ਜਨਰਲ ਸੈਕਟਰੀ ਨਿਰਮਲ ਮਹਾਂਮੰਡਲ,
ਅੰਮ੍ਰਿਤਸਰ।

# ਧੰਨਵਾਦ!

(੧) ਸ੍ਰੀ ਪਰਮ ਅਨਾਮੀ ਅਕਾਲ ਪੁਰਖ ਜੀ ਦਾ ਅਤਿਅੰਤ ਧੰਨਵਾਦ ਹੈ ਜਿਸ ਦੇ ਬਲ ਤੇ ਉਦਮ ਤਥਾ ਸ਼ਕਤੀ ਦੁਆਰਾ ਇਹ ਪੁਸਤਕ ਸੰਗਤਾਂ ਦੀ ਭੇਟਾ ਕੀਤੀ ਜਾ ਰਹੀ ਹੈ।

(੨) ਪ੍ਰਬੰਧਕ ਸੰਤ ਜੈਦੇਵ ਸਿੰਘ ਜੀ ਦੇ ਭੀ ਧੰਨਵਾਦੀ ਹਨ ਕਿ ਉਨ੍ਹਾਂ ਨ ਸ੍ਰੀ ਮਾਨ ੧੦੮ ਸੁਰਗਵਾਸੀ ਪੰਡਿਤ ਨਰੈਣ ਸਿੰਘ ਜੀ ਤਥਾ ਸ੍ਰੀ ਮਾਨ ੧੦੮ ਸੁਰਗਵਾਸੀ ਪੰਡਿਤ ਹਰਦੇਵ ਸਿੰਘ ਜੀ ਦੇ ਦੋ ਬਲਾਕ ਦੇਣ ਦੀ ਸੇਵਾ ਕੀਤੀ ਹੈ।

(੩) ਪ੍ਰਬੰਧਕ ਸੁਰਗਵਾਸੀ ਕਰਤਾ ਜੀ ਦੀ ਤੀਬਰ ਇੱਛਯਾ ਅਨੁਸਾਰ, ਕਿ ਇਹ ਪੁਸਤਕ ਪੁਨਾ ਪੁਨਾ ਛਪਦੀ ਰਿਹਾ ਕਰੇ ਅਤੇ ਸਾਧ ਸੰਗਤ ਲਾਭ ਪ੍ਰਾਪਤ ਕਰਦੀ ਰਹੇ।

(੪) ਸ੍ਰੀ ਮਾਨ ਸੁਰਗਵਾਸੀ ਪੂਜਯ ਠਾਕਰ ਦਾਸ ਜੀ ਭਰਾਤਾ ਸ੍ਰੀ ਮਾਨ ੧੦੮ ਪੰਡਿਤ ਹਰਦੇਵ ਸਿੰਘ ਜੀ ਮਹਾਰਾਜ ਦੇ ਅਤੀ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ ਪੁਸਤਕ ਛਪਵਾਣ ਦੀ ਸੇਵਾ ਕੀਤੀ ਗਈ।

ਪ੍ਰਕਾਸ਼ਕ

੧ ੴ ਸਤਿਗੁਰ ਪ੍ਰਸਾਦਿ ॥

# ਭੂਮਿਕਾ

ਇਸ ਸੰਸਾਰ ਮੰਡਲ ਮੇਂ ਅਧਿਆਤਮ ਆਦਿਕ ਦੁਖੋਂ ਕਾ ਪਰਮਪਰਾ ਕਾਰਣ ਆਤਮ ਅਗਿਆਨ ਹੈ। ਜੈਸੇ ਮੱਖ ਪੰਥ ਮੇਂ ਲਿਖਾ ਹੈ (ਸਰਬ ਦੁਖੋਂ ਕਾ ਕਾਰਣ ਦੇਹ) ਅਰਥਾਤ ਸਰਬ ਦੁਖੋਂ ਕਾ ਆਸਰੇ ਦੇਹ ਹੈ, ਤਿਸ ਦੇਹ ਕਾ ਕਾਰਣ ਧਰਮ ਅਧਰਮ ਹੈ। ਤਿਨ ਕਾ ਸੁਭ ਅਸੁਭ ਕਰਮ ਕਾਰਣ ਹੈ ਤਿਨ ਕਾ ਕਾਰਣ ਰਾਗ ਦਵੇਸ਼ ਹੈ, ਤਿਨ ਕਾ ਅਨਕੂਲ ਗਿਆਨ ਪ੍ਰਤਿਕੂਲ ਗਿਆਨ ਕਾਰਣ ਹੈ। ਅਨਕੂਲ ਪ੍ਰਤਿਕੂਲ ਕਾ ਕਾਰਣ ਭੇਦ ਗਿਆਨ ਹੈ ਤਾਕਾ ਕਾਰਣ ਆਤਮਾ ਕਾ ਅਗਿਆਨ ਹੈ ਸੋ ਅਗਿਆਨ ਜਬ ਤਕ ਹਿਰਦੇ ਮੇਂ ਹੈ ਤਬ ਤਕ ਦੁਖੋਂ ਕੀ ਨਵ੍ਰਿਤੀ ਹੋਵੇ ਨਹੀਂ ਯਾਂਤੇ ਅਗਯਾਨ ਕੀ ਨਵ੍ਰਿਤ ਕਰਨੀ ਸਰਬ ਅਧਿਕਾਰੀ ਪੁਰਸ਼ੋਂ ਕੋ ਜ਼ਰੂਰੀ ਹੈ, ਅਰ ਆਤਮਾ ਕੇ ਅਗਿਆਨ ਕੀ ਨਵ੍ਰਿਤਿ ਆਤਮਾ ਕੇ ਗਿਆਨ ਸੇ ਹੀ ਹੋਵੇ ਹੈ ਅਨਯ ਸੇ ਨਹੀਂ। ਸੋ ਗਿਆਨ ਗੁਰੂ ਦਵਾਰਾ ਹੀ ਹੋਵੇ ਹੈ। ਅਪਨੇ ਸੇ ਨਹੀਂ। ਜੈਸੇ ਲਿਖਾ ਹੈ:-

**ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥ ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥**
[ਸੋਰਠਿ ਵਾਰ ਮ:੩ ਸਫਾ ੬੫੦

**ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥ ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥**
[ਦੇਵਗੰਧਾਰੀ ਮ: ੫ ਸਫਾ ੫੩੨

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥**
[ਸਿਰੀ ਰਾਗ ਮ: ੧ ਸਫਾ ੫੯

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**
[ਸਵਈਏ ਮ: ੪ ਕੇ ਸਫਾ ੧੩੯੯

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥**
[ਆਸਾ ਵਾਰ ਮ: ੧ ਸਫਾ ੪੬੩

ਗੁਰੂ ਕੇ ਬਿਨਾਂ ਗਿਆਨ ਨਹੀਂ ਹੋਤਾ ਔਰ ਗਿਆਨ ਕੇ ਸਾਧਨ ਭੀ ਨਹੀਂ ਹੋਤੇ ਗਿਆਨ ਕੇ ਸਾਧਨ ਯੇਹ ਹੈਂ:-ਨਾਮ, ਭਗਤੀ, ਪ੍ਰੇਮ, ਸ਼ਰਧਾ, ਵਿਸ੍ਵਾਸ ਤਥਾ ਗਯਾਨ ਕਾ ਫਲ ਹਉਮੈ ਕੀ ਨਵ੍ਰਿਤੀ, ਮੁਕਤੀ, ਤਰਨਾ, ਸਹਿਜ, ਸ਼ਾਂਤੀ ਆਦਿਕੋਂ ਕੀ ਪ੍ਰਾਪਤੀ



ਭੀ ਗੁਰੂ ਬਿਨਾ ਨਹੀਂ ਹੋਤੀ। ਗੁਰ ਪ੍ਰਮਾਣ:-

**ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥**
[ਸ੍ਰੀ ਰਾਗ ਮ: ੪ ਸਫਾ ੪੦

**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥**
[ਸੋਰਠ ਮ: ੧ ਸਫਾ ੬੩੫

**ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥**
[ਸੂਹੀ ਮ: ੪ ਸਫਾ ੭੩੨

**ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥**
[ਸ੍ਰੀ ਰਾਗ ਮ: ੧ ਸਫਾ ੨੨

**ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ ॥**
[ਮਾਰੂ ਮ: ੪ ਸਫਾ ੯੯੬

**ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥**
[ਸ੍ਰੀ ਰਾਗ ਅਸਟ: ਮ: ੧ ਸਫਾ ੬੦

**ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥**
[ਰਾਮਕਲੀ ਮ: ੧ ਸਫਾ ੮੭੬

**ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥**
[ਗੋਂਡ ਮ: ੫ ਸਫਾ ੮੬੪

**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥**
[ਗੂਜਰੀ ਮ: ੫ ਸਫਾ ੪੯੫

**ਅਨਦਿਨੁ ਜਲਤੁ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ।**
[ਮਾਰੂ ਮ: ੩ ਸਫਾ ੧੦੪੫

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥**

[ਸਲੋਕ ਸਹਸਕ੍ਰਿਤੀ ਮ: ੫ ਸਫਾ ੧੩੫੭

ਇਤਯਾਦੀ ਸ਼ਬਦੋਂ ਮੇਂ ਸਰਬ ਸਾਧਨੋਂ ਸੇ ਸ਼ਿਰੋਮਣੀ ਸਾਧਨ ਔਰ ਈਸ਼੍ਵਰ ਸੇਵਾ ਸੇ ਭੀ ਅਧਿਕ ਫਲ ਪ੍ਰਦਾਤਾ ਗੁਰੂ ਸੇਵਾ ਰੂਪ ਸਾਧਨ ਹੀ ਕਹਾ ਹੈ:-

ਯਾਵਤ੍ ਜੀਵੇਤ ਤ੍ਰਿਉ ਵੰਦੇਤ ਵੇਦਾਂਤ ਗੁਰੁਮੀਸ਼੍ਵਰੰ।

ਇਸ ਬਚਨ ਸੇ ਅਧਿਕਾਰੀ ਪੁਰਸ਼ੋਂ ਕੋ ਮਰਨ ਪ੍ਰਯੰਤ ਗੁਰੂ ਉਪਕਾਰੋਂ ਕੋ ਅਰ ਕ੍ਰਿਤਗਯ ਬਨਨੇ ਕੋ ਸ਼ਾਸਤਰੋਂ ਨੇ ਕਥਨ ਕਰਾ ਹੈ ਔਰ ਗੁਰੂ ਉਪਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਹੁਤ ਰਾਗੋਂ ਮੇਂ ਲਿਖੇ ਹੈਂ, ਜੈਸੇ :-

**ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥ ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥ ੧ ॥ ਪੂਰੇ ਗੁਰ ਕੀ ਦੇਖੁ ਵਡਾਈ ॥ ਤਾਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥ ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥ ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥ ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥ ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥ ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥ ਕਹੁ ਨਾਨਕ ਤਾਕੇ ਪੂਰ ਕਰੰਮਾ ਜਾਕਾ ਗੁਰਚਰਨੀ ਮਨੁ ਲਾਗਾ ॥**

[ਸੋਰਠ ਮ: ੫ ਸਫਾ ੬੧੪

ਇਤਿਆਦੀ ਗੁਰੂਓਂ ਕੇ ਉਪਕਾਰੋਂ ਕੋ ਯਾਦ ਕਰ ਅਧਿਕਾਰੀ ਪੁਰਸ਼ ਕੋ ਗੁਰੂ ਮੇਂ ਈਸ਼੍ਵਰ ਬੁਧੀ ਕਰਨੀ ਚਾਹੀਏ। ਜੈਸੇ ਲਿਖਾ ਹੈ:-

**ਗੁਰੁ ਪਰਮੇਸਰੁ ਏਕੋ ਜਾਣੁ ॥** [ਗੋਂਡ ਮ: ੫ ਸਫਾ ੮੬੪

**ਗੁਰੁਰੇਵ ਪਰੰਬ੍ਰਹਮ ਤਸਮਈ ਸ੍ਰੀ ਗੁਰਵੇਨਮ: ॥**

ਗੁਰੂ ਕੋ ਪਰਮੇਸ਼ਰ ਰੂਪ ਜਾਨ ਕਰ ਗੁਰੂ ਮੂਰਤੀ ਕਾ ਧਿਆਨ ਔਰ ਪੂਜਨ ਤਥਾ ਗੁਣ ਗਾਇਨ ਕਰਨੇ ਚਾਹੀਏ। ਗੁਰੂ ਪ੍ਰਮਾਣ:-

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥** [ਗੋਂਡ ਮ: ੫ ਸਫਾ ੮੬੪

**ਧਿਆਨ ਮੂਲੰ ਗੁਰੋਰ ਮੂਰਤੀ ॥** ਤਥਾ ਪ੍ਰਮਾਣ:-

**ਗੁਰੂ ਮੂਰਤੀ ਕੋ ਹੀਏ ਮੇ ਧਿਆਨ ॥ ਧਾਰੈ ਜੋ ਚਾਹੇ ਕਲਯਾਨ ॥**

ਪੂਜਾ ਮੇਂ ਪ੍ਰਮਾਨ ਰੱਜਬ ਜੀ ਕਾ:-

**ਛਪਯ—ਸਪਤ ਸਮੁੰਦ ਸੁਧਾ ਸੋਈ ਸਲਤਾਸੁ ਤਲਾਵਹੁ ॥ ਪੀਵਨ ਕੋ ਜੇ ਪੀਯੂਖ ਕਹੇ, ਮਾਰਗ ਗੁਰ ਆਵਹੁ । ਨਗਰਪੁਰੀ ਬੈਕੁੰਠ ਬਿਧ ਚਿੰਤਾ**



**ਸਰਭਰ ਮਣੀ ਘਰ ਦਰੁ ਚਿਣੇ । ਰਜਬ ਗੁਰੁ ਪੂਜਾ ਸਜੀ ਨਾਉ ਸਰਭਰ ਨਾ ਗਿਣੇ।**

ਸ਼ਿਸ਼ਯ ਟੀਕਾ—ਰੱਜਬ ਜੀ ਗੁਰੂ ਪੂਜਾ ਕਰਨੇ ਲਈ ਇਸ ਤਰਹ ਲਿਖਤੇ ਹੈਂ । ਜਬ ਆਪਣੇ ਗੁਰੂਓਂ ਕਾ ਆਪਣੇ ਸ਼ਹਿਰ ਮੇਂ ਆਨਾ ਸੁਨੇ ਤਾਂ ਰਸਤੇ ਮੇਂ ਜਲ ਪਿਲਾਨੇ ਵਾਸਤੇ ਇਤਨੀ ਸਮੱਗ੍ਰੀ ਤਿਆਰ ਕਰੇ ਸਾਤੋਂ ਸਮੁੰਦਰ ਸੈਂਕੜੇ ਨਦੀਆਂ ਹਜਾਰੋਂ ਹੀ ਤਾਲਾਬ ਔਰ ਕੂਇਓਂ ਕਾ ਜਲ ਸਭ ਅੰਮ੍ਰਿਤ ਕੀ ਨਿਆਈਂ ਮੀਠਾ ਬਣਾ ਲਵੇ । (ਸ਼ੰਕਾ) ਗੁਰੂ ਇਤਨਾ ਜਲ ਪੀ ਜਾਣਗੇ ? (ਉਤਰ) ਗੁਰੂ ਸਮਰਥ ਹੈਂ, ਈਸ਼੍ਵਰ ਰੂਪ ਹੈਂ ਸ਼ਾਇਦ ਅਗਸਤ ਰੂਪ ਧਾਰ ਲੇਵੇਂ, ਅਢਾਈ ਚੂਲੀਓਂ ਮੇਂ ਏਕ ਸਮੁੰਦਰ ਪੀ ਜਾਵੇਂ ਉਨ ਕੇ ਲੀਏ ਇਤਨਾ ਜਲ ਕਿਆ ਚੀਜ਼ ਹੈ ਭਾਵ ਥੋੜਾ ਹੈ ਅਰ ਸਾਥ ਮੇਂ ਬਹੁਤ ਸੰਗਤ ਲਿਆਵੇ ਤਾਂ ਜਲ ਥੋੜਾ ਨ ਹੋ ਜਾਵੇ ਇਸ ਲਈ ਵਿਸ਼ੇਸ਼ ਸਮਗ੍ਰੀ ਤਿਆਰ ਕਰੇ ਗੁਰੂਓਂ ਕੇ ਸ਼ਹਿਰ ਮੇਂ ਆਨੇ ਸੇ ਪਹਿਲੇ ਸ਼ਹਿਰ ਕੀ ਐਸੀ ਸਜਾਵਟ ਕਰੇ।

**(ਮੂਲ) ਨਗਰ ਪੁਰੀ ਬੈਕੁੰਠ ਬਿਧ ॥**

ਆਪਨਾ ਨਗਰ ਬੈਕੁੰਠ ਪੁਰੀ ਕੀ ਤਰਹ ਸਜਾਵੇ।

**(ਮੂਲ) ਚਿੰਤਾ ਮਣਿ ਘਰਿ ਦਰਿ ਚਿਣੇ ॥**

ਯਾਨੇ ਘਰ ਕੇ ਦਰਵਾਜੇ ਚਿੰਤਾਮਣੀ ਕੇ ਸਾਥ ਚਿਣੇ ਭਾਵ ਜੋ ਚਿੰਤਨ ਕਰੇ ਸੋ ਤਤਕਾਲ ਮਿਲ ਜਾਵੇ ਐਸੇ ਘਰ ਮੇਂ ਬੈਠ ਕਰ ਗੁਰੂਓਂ ਕੀ ਪੂਜਾ ਕਰੇ। ਕਿਆ ਪੂਜਾ ਕਰੇ ? ਉਤਰ— [illegible]ਜੀ" [illegible]ਵ ਸਹਿਤ ਸਭ ਤਨ ਮਨ ਧਨ ਅਰਪਣ ਕਰੇ"। ਪ੍ਰਮਾਣ—

**ਜਪ ਤਪ ਸੰਜਮ ਦੇਉ ਜਤੀਗੀ। ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀਗੀ ॥** [ਸੂਹੀ ਮ: ੫ ਸਫਾ ੭੩੯

ਸਭ ਕੁਛ ਦੇਕਰ ਫਿਰ ਭੀ ਨਿੰਮਰਤਾ ਦਿਖਾਵੇ ਕਿਉਂ ਕਿ "ਨਾਉ ਸਰ ਭਰ ਨ ਗਿਣੇ" ਗੁਰੂਓਂ ਨੇ ਜੋ ਨਾਮ ਦਾਨ ਦੀਆ ਹੈ ਉਸਕੇ ਬਰਾਬਰ ਅਪਨੀ ਪੂਜਾ ਨ ਗਿਣੇ ਇਤਨੀ ਸਮੱਗ੍ਰੀ ਸ਼ਿਸ਼ਯ ਦੇ ਨਹੀਂ ਸਕਤਾ ਕੇਵਲ ਸੰਭਾਵਨਾ ਮਾਤ੍ਰ ਹੈ। ਜੈਸੇ ਪ੍ਰਮਾਣ—

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥** [ਸ੍ਰੀ ਰਾਗ ਮ: ੧ ਸਫਾ ੧੪

ਇਹ ਜੈਸੇ ਸੰਭਾਵਨਾ ਮਾਤ੍ਰ ਹੈ ਤਦ ਵਤ ਸ਼ਿਸ਼ਯ ਕੀ ਪੂਜਾ ਭੀ ਸੰਭਾਵਨਾ ਮਾਤ੍ਰ ਹੈ ਕਿ ਇਤਨੇ ਪਦਾਰਥ ਦੇਨੇ ਮੇਂ ਭੀ ਉਤਸ਼ਾਹ ਰਖੇ ਪੂਜਨ ਕਰਕੇ ਨਾਮ ਦਾਤਾ ਗੁਰੂ ਕੋ ਧੰਨਵਾਦ ਕਰੇ। ਪ੍ਰਮਾਣ—

**ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥** [ਗੂਜਰੀ ਮ: ੫ ਸਫਾ ੫੨੨

**ਤਿਸ ਗੁਰ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਗੁਰ ਕਉ ਵਾਹੁ ਵਾਹੁ ਜਿ ਸਬਦ ਸੁਣਾਵੈ ॥ ਤਿਸੁ ਗੁਰ ਕਉ ਵਾਹੁ ਵਾਹੁ ਜਿ ਮੇਲ ਮਿਲਾਵੈ ॥** [ਗਉੜੀ ਮ: ੧

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥** [ਆਸਾ ਵਾਰ ਮ: ੧ ਸਫਾ ੪੬੨

ਇਨ ਬਚਨੋਂ ਕੋ ਸਿਮਰਣ ਕਰਕੇ ਯਹ ਦਾਸ (ਹਰਿਦੇਵ ਸਿੰਘ ਯਾਨੇ ਹਰਿਦੇਵ ਹਰਿ) ਭੀ ਅਪਨੇ ਸਤਿਗੁਰੂ ਬ੍ਰਹਮ ਨਿਸ਼ਠ ਪੂਜਯ ਪਾਦ ਸ੍ਰੀ ੧੦੮ ਪੰਡਿਤ ਨਾਰਾਯਣ ਸਿੰਘ ਜੀ ਮਹਾਰਾਜ ਜਿਨ੍ਹੋਂ ਕਾ ਗ੍ਰੰਥ ਮੇਂ ਨਾਮ ਸ੍ਰੀ ੧੦੮ ਨਾਰਾਯਣ ਹਰਿ ਲਿਖਾ ਹੈ ਔਰ ਜਿਨ੍ਹੋਂ ਕੋ ਸੇਸ ਸ਼ਾਯੀ ਜਲਸ਼ਾਯੀ ਭੀ ਕਹਿਤੇ ਥੇ ਇਨ ਨਾਮੋਂ ਵਾਲੇ ਆਪਣੇ ਸਤਿਗੁਰੂਓਂ ਮੇਂ ਈਸ਼੍ਵਰ ਭਾਵਨਾ ਕਰ ਈਸ਼੍ਵਰ ਰੂਪ ਵਰਣਨ ਕੀ ਇੱਛਾ ਕਰ ਆਪਣੇ ਗੁਰੂਓਂ ਕਾ ਜੀਵਨ ਚਰਿਤ੍ਰ ਰੂਪ ਗੁਣਾਨੁਵਾਦ ਭਾਵ ਉਸਤਤਿ ਕਰਨੇ ਕਾ ਉਤਸਾਹ ਕਰਤਾ ਹੈ ਪਰੰਤੂ ਕਰ ਨਹੀਂ ਸਕਤਾ ਕਿਉਂਕਿ ਗੁਰੂ ਈਸ਼੍ਵਰ ਰੂਪ ਹੈ ਅਨੰਤ ਗੁਣਵਾਨ ਹੈ ਮੁਖ ਏਕ ਹੈ ਔਰ ਛੋਟਾ ਹੈ। ਪ੍ਰਮਾਣ:-

**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥** [ਬਾਵਨ ਅਖਰੀ ਮ: ੧ ਸਫਾ ੨੬੧

**ਲਖ ਉਪਮਾ ਉਪਮਾ ਕਰੈ ਉਪਮਾ ਨ ਬਖਾਣੈ ॥ ਲਖ ਮਹਿਮਾ ਮਹਿਮਾ ਕਰੇ ਮਹਿਮਾ ਹੈਰਾਣੈ ॥ ਲਖ ਮਹਾਤਮ ਮਹਾਤਮਾ ਕਰੈ ਨ ਮਹਾਤਮ ਜਾਣੈ ॥ ਲਖ ਉਸਤਤਿ ਉਸਤਤਿ ਕਰੇ ਉਸਤਤਿ ਨ ਸਿਵਾਣੈ ॥** [ਵਾਰ ਭਾਈ ਗੁਰਦਾਸ

ਪਰੰਤੂ ਅਪਨੇ ਮੁਖ ਕੋ ਪਵਿਤ੍ਰ ਕਰਨੇ ਵਾਸਤੇ ਈਸ਼੍ਵਰ ਔਰ ਸੰਤੋਂ ਕੀ ਕਿਰਪਾ ਸੇ ਸਮੁੰਦਰ ਮੇਂ ਬੂੰਦ ਵਤ ਉਸਤਤੀ ਕਰਨਾ ਚਾਹਤਾ ਹੂੰ ਸੋ ਸਾਧ ਸੰਗਤ ਬੁਧਿ ਬਲ ਦੇਵੇ ਯਹ ਗ੍ਰੰਥ ਨਿਰਵਿਘਨ ਸਮਾਪਤ ਹੋਵੇ ਔਰ ਜੋ ਦਾਸ ਪਾਸੋਂ ਭੂਲ ਚੂਕ ਹੋਵੇ ਸੋ ਸਾਧ ਸੰਗਤ ਦਿਆਲੂ ਸੁਭਾਵ ਸੇ ਖਿਮਾ ਕਰੇਂ।

**—ਇਤਿ ਭੂਮਿਕਾ—**

੧ ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਨਾਰਾਯਣ ਹਰੀ ਉਪਦੇਸ਼

ਕੇ

## ਪ੍ਰਧਾਨ ਵਿਸ਼ਿਓਂ

ਕਾ

# ਤਤਕਰਾ


| ਵਿਸ਼ਯ | ਸਫਾ | ਵਿਸ਼ਯ | ਸਫਾ |
|---|---|---|---|
| ਅਥ ਪ੍ਰਮਾਤਮ ਸਿਮਰਣ ਰੂਪ ਮੰਗਲ | ੧ | ਨਾਮ ਪਾਕਰ ਕ੍ਰਿਤਯ ਕ੍ਰਿਤਯ ਹੋਨਾ | ੪੧ |
| ਸੁਰਸ੍ਵਤੀ ਮੰਗਲ | ੧ | ਸੁਭ ਯਾਤ੍ਰਾ | ੪੫ |
| ਗਣੇਸ਼ ਮੰਗਲ | ੨ | ਕੁੰਭ ਕੇ ਮੇਲੇ ਪਰ ਕਥਾ ਕਰਨੀ | ੪੬ |
| ਦਸੋਂ ਪਾਤਸ਼ਾਹੀਓਂ ਕੇ ਮੰਗਲ | ੨ | 'ਅਠ ਪਹਰੀ ਅਠ ਖੰਡ' ਕੀ ਕਥਾ | [illegible] |
| ਨਾਮ ਦਾਤਾ ਸ੍ਰ ਗੁਰੂ ਕਾ ਮੰਗਲ | ੨ | ਅਠ ਬੰਧਨੋਂ ਕੇ ਨਾਮ | [illegible] |
| ਸ੍ਰੀ ਗੁਰੂ ਜੀਵਨ ਵਰਣਨ | ੪ | ਨਾਵਾਂ ਸਰੀਰ ਬੰਧਨ | [illegible] |
| ਸ੍ਰੀ ਗੁਰੂ ਜਨਮ ਕਥਾ | ੯ | ਨਵ ਸੇ ਭਿੰਨ ਅਨੇਕ ਬੰਧਨ | [illegible] |
| ਚਾਰ ਅਨੁਬੰਧ ਵਰਣਨ | ੧੯ | ਬੰਧ ਨਵਿਰਤੀ ਕੇ ਸਾਧਨ | [illegible] |
| ੳ. ਅਧਿਕਾਰੀ ਅਨੁਬੰਧ | ੧੯ | ਪਹਿਲੇ ਅਗਿਆਨ ਔਰ ਦੂਸਰੇ ਜੀਵ ਭਾਵ ਬੰਧਨ ਕਾ ਨਿਰੂਪਣ | [illegible] |
| ਅ. ਵਿਸ਼ਯ ਅਨੁਬੰਧ | ੨੩ | ਅਥ ਤੀਸਰਾ ਬੰਧਨ ਚਿਤ ਜੜ੍ਹ ਗ੍ਰੰਥੀ | [illegible] |
| ੲ. ਪ੍ਰਯੋਜਨ ਅਨੁਬੰਧ | ੨੪ | ਚੌਥਾ ਸੰਸ਼ਯ ਬੰਧਨ | [illegible] |
| ਸ. ਸਬੰਧ ਅਨੁਬੰਧ | ੨੮ | ਪੰਜਵਾਂ ਕਰਮ ਬੰਧਨ | ੫੩ |
| ਜੀਵਨ ਬ੍ਰਿਤਾਂਤ ਸ੍ਰੀ ਮਾਨ ਪੰਡਿਤ ਨਾਰਾਯਣ ਸਿੰਘ ਜੀ | ੨੯ | ਛੇਵਾਂ ਆਸਾ ਮਨਸਾ ਬੰਧਨ | ੫੬ |
| ਬ੍ਰਹਮ ਵੇਤਾ ਕੇ ੧੦੧ ਕੁਲ ਤਰ ਜਾਤੇ ਹੈਂ | ੩੩ | ਸਾਤਵਾਂ ਆਠਵਾਂ ਜਨਮ ਮਰਣ ਰੂਪ ਬੰਧਨ | ੫੮ |
| ਸਤਿਗੁਰੂ ਲਖਯਣ | ੩੭ | ਨਾਵਾਂ ਸ਼ਰੀਰ ਰੂਪ ਬੰਧਨ | [illegible] |
| ਸਤਿਗੁਰੂ ਕੀ ਸ਼ਰਣ | ੩੮ | ਆਠੋਂ ਬੰਧਨੋਂ ਕੀ ਨਿਵ੍ਰਿਤੀ ਮੇਂ ਵੇਦ ਪ੍ਰਮਾਣ | ੬੩ |
| ਨਾਮ ਮਾਂਗਨਾ | ੩੯ | | |
| ਪ੍ਰਾਰਥਨਾ ਕਰਨੀ | ੪੦ | | |

| ਵਿਸ਼ਯ | ਸਫ਼ਾ |
|---|---|
| ਨਾਵੇਂ ਸਰੀਰ ਰੂਪ ਬੰਧਨ ਕੀ ਗਿਣਤੀ ਮੇਂ ਜੀਵਨ ਮੁਕਤੀ ਵਿਵੇਕ ਪ੍ਰਮਾਣ | ੯੫ |
| ਸਮੁਚੇ ਬੰਧਨ ਖੰਡਨ ਮੇਂ ਗੁਰੂ ਪ੍ਰਮਾਣ | ੯੬ |
| ੧. ਅਗਜਾਨ ਬੰਧ ਨਿਵ੍ਰਿਤੀ ਮੇਂ ਪ੍ਰਮਾਣ | ੯੭ |
| ਮਾਇਆ ਨੇ ਅਰਜੁਨ ਕੋ ਭੁਲਾਉਣਾ | ੯੯ |
| ੨. ਜੀਵ ਭਾਵ ਰੂਪ ਬੰਧ ਨਿਵ੍ਰਿਤੀ ਮੇਂ ਪ੍ਰਮਾਣ | ੭੨ |
| ਕਥਾ ਉਦਾਲਕ ਸ੍ਵੇਤ ਕੇਤੂ ਕੇ ਨਵ ਅਭਜਾਸੋਂ ਕੀ | ੮੦ |
| ਅਭਜਾਸ ਪਹਿਲਾ, ਦੂਸਰਾ | ੮੦ |
| ਅਭਜਾਸ ਤੀਸਰਾ, ਚੌਥਾ | ੮੧ |
| ਅਭਜਾਸ ਪੰਜਵਾਂ | ੮੨ |
| ਅਭਜਾਸ ਛੇਵਾਂ | ੮੩ |
| ਅਭਜਾਸ ਸਤਵਾਂ | ੮੪ |
| ਅਭਜਾਸ ਅਠਵਾਂ | ੮੫ |
| ਅਭਜਾਸ ਨੌਵਾਂ | ੮੬ |
| ਕਥਾ ਰਾਜ ਕੁਮਾਰ ਕੀ | ੮੭ |
| ੩. ਹਉਮੈ ਬੰਧਨ ਨਿਵ੍ਰਿਤੀ ਮੇਂ ਪ੍ਰਮਾਣ ਗੁਰ ਸ਼ਿਸ਼ ਕਾ ਦ੍ਰਿਸ਼ਟਾਂਤ | ੮੯ |
| ਪ੍ਰਮਾਤਮਾ ਘਟ ਘਟ ਮੇਂ ਰਹਿਤਾ ਹੈ | ੯੬ |
| ਦਸਮ ਗੁਰੂ ਜੀ ਔਰ ਬੁਧ ਸਾਹ ਕਾ ਸੰਬਾਦ | ੧੦੧ |
| ਪ੍ਰਮੇਸਰ ਕੇ ਹੁਕਮ ਮੇਂ ਰਹਿਣਾ ਚਾਹੀਏ | ੧੦੪ |
| ੪. ਸੰਸ਼ਯ ਬੰਧਨ ਕੀ ਨਿਵ੍ਰਿਤੀ ਮੇਂ ਪ੍ਰਮਾਣ | ੧੦੭ |
| ਕਥਾ ਏਕ ਖਟ ਸ਼ਾਸਤ੍ਰੀ ਕੀ ਪੰਡਿਤ ਕੇ ਤੀਨ ਪ੍ਰਸ਼ਨੋਂ ਕੀ | ੧੦੭ |
| ਸੰਸਾਰ ਮੇਂ ਤੀਨ ਆਦਮੀ ਸੁਖੀ ਹੈਂ | ੧੧੦ |
| ਏਕ ਕੇ ਉਪਦੇਸ਼ ਕਰਨੇ ਸੇ ਸੁਨਣੇ ਵਾਲੇ ਦੂਸਰੇ ਕਾ ਭੀ ਕਲਿਆਣ ਹੋ ਜਾਤਾ ਹੈ | ੧੧੨ |
| ਕਰਮ ਫਲ ਪਰ ਗੋਮਤੀ ਬ੍ਰਾਹਮਣੀ ਕੀ ਕਥਾ | ੧੧੫ |
| ਕਰਮ ਫਲ ਪਰ ਭੂਤ ਔਰ ਬ੍ਰਾਹਮਣ ਕੀ ਕਥਾ | ੧੧੬ |
| ੫. ਕਰਮ ਬੰਧਨ ਕੀ ਨਿਵ੍ਰਿਤੀ ਮੇਂ ਪ੍ਰਮਾਣ | ੧੨੨ |
| ਸ੍ਵਰਗ ਮੇਂ ਜਾਤੇ ਚਾਰ ਰਾਜਾਓਂ ਔਰ ਨਾਰਦ ਮੁਨੀ ਜੀ ਕਾ ਸੰਬਾਦ | ੧੩੨ |
| ੭. ਆਸਾ ਮਨਸਾ ਰੂਪ ਬੰਧਨ ਕੇ ਨਿਵ੍ਰਿਤੀ ਮੇਂ ਪ੍ਰਮਾਣ | ੧੪੪ |
| ਅੰਤ ਕਾਲ ਕੀ ਵਾਸਨਾ ਅਨੁਸਾਰ ਜਨਮ | ੧੪੫ |
| ਅੰਤਕਾਲ ਮੇਂ ਓਅੰਕਾਰ ਕੇ ਸਿਮਰਣ ਕਾ ਫਲ | ੧੪੯ |
| ਮਹਾਰਾਜ ਜਨਕ ਕੇ ਸ੍ਵਪਨ ਕੀ ਕਥਾ | ੧੫੦ |
| ਏਕ ਪੇਂਜੇ ਕੇ ਸੁਪਨ ਕੀ ਕਥਾ | ੧੬੪ |
| ਏਕ ਕੜਤ੍ਰੇਜੇ ਕੇ ਸੁਪਨ ਕੀ ਕਥਾ | ੧੬੯ |
| ਵਾਸਨਾ ਦੋ ਪ੍ਰਕਾਰ ਕੀ ਹੈ | ੧੭੦ |
| ਮਲਨ ਵਾਸਨਾ ਤੀਨ ਪ੍ਰਕਾਰ ਕੀ ਹੈ | ੧੭੧ |
| ੧. ਪੁਤ੍ਰ ਵਾਸਨਾ | ੧੭੧ |
| ੨. ਵਿਤ (ਧਨ) ਵਾਸਨਾ | ੧੭੨ |
| ਮਲਨ ਵਾਸਨਾ ਕੇ ਦੂਸਰੇ ਤੀਨ ਭੇਦ | ੧੭੪ |
| ੧. ਲੋਕ ਵਾਸਨਾ ਮੇਂ ਦ੍ਰਿਸ਼ਟਾਂਤ ਸ੍ਰੀ ਰਾਮ ਚੰਦ੍ਰ ਜੀ ਕਾ | ੧੭੫ |
| ੨. ਸ਼ਾਸਤ੍ਰ ਵਾਸਨਾ | ੧੭੬ |
| ੩. ਦੇਹ ਵਾਸਨਾ | ੧੮੦ |
| ੮. ਜਨਮ ਮਰਣ ਰੂਪ ਬੰਧਨ ਕੀ ਨਿਵ੍ਰਿਤੀ ਮੇਂ ਪ੍ਰਮਾਣ | ੧੮[illegible] |
| ਕਰਮ ਫਲ ਅਨੁਸਾਰ ਜੀਵਾਤਮਾ ਪਸ਼ੂ ਕੇ ਜਿਸਮ ਮੇਂ ਜਾਤਾ ਸੁਕੇਤ ਨਾਮੀ | |





| ਵਿਸ਼ਯ | ਸਫ਼ਾ |
|---|---|
| ਵਾਲੇ ਰਾਜਾ ਕੀ | ੧੮੫ |
| ਖਗ ਤਨ ਮੇਂ ਸੰਪਾਤੀ ਕਾ ਚੰਦ੍ਰ ਮੁਨੀ ਦਵਾਰਾ ਉਧਾਰ | ੧੮੮ |
| ਮੀਨ ਤਨ ਮੇਂ ਮਕਰੀ ਕਾ ਸ੍ਰੀ ਹਨੂਮਾਨ ਜੀ ਨੇ ਉਧਾਰ ਕੀਆ | ੧੮੯ |
| ਸ੍ਰੀ ਕ੍ਰਿਸ਼ਨ ਜੀ ਨੇ ਪੂਤਨਾ ਅਘਾਸੁਰ ਬਕਾਸੁਰ ਆਦਿ ਦੈਤੋਂ ਕਾ ਉਧਾਰ ਕੀਆ | ੧੮੯ |
| ਗੁਰੂ ਨਾਨਕ ਜੀ ਨੇ ਚਿਖਾ ਕਾ ਧੂਮ ਦੇਖ ਕਰ ਪਾਪੀ ਕਾ ਉਧਾਰ ਕੀਆ | ੧੯੦ |
| ਗੁਰੂ ਹਰਿਗੋਬਿੰਦ ਜੀ ਨੇ ਏਕ ਦਾਈ ਔਰ ਸਰਪ ਕਾ ਉਧਾਰ ਕੀਆ | ੧੯੧ |
| ਦਸਮ ਗੁਰੂ ਜੀ ਨੇ ਨਾਹਣ ਮੇਂ ਸ਼ੇਰ ਕਾ ਉਧਾਰ ਕੀਆ ਦਸਮ ਗੁਰੂ ਜੀ ਨੇ ਸ਼ਮੀਰ ਭਗਤ ਕੇ ਅਨੇਕ ਜਨਮ ਸੁਪਨ ਮੇਂ ਭੋਗਾਇ ਦੀਏ | ੧੯੩ |
| ਦਸਮ ਗੁਰੂ ਜੀ ਨੇ ਕਾਣੇ ਤਿਤ੍ਰ ਕਾ ਉਧਾਰ ਕੀਆ | ੧੯੬ |
| ਨਾਮ ਨੇ ਅਨੇਕ ਤਾਰੇ ਹੈਂ | ੧੯੭ |
| ਸਰੀਰ ਬੰਧਨ ਕੀ ਨਿਵ੍ਰਿਤੀ ਮੇਂ ਪ੍ਰਮਾਣ ਕਥਾ ਰਾਜਾ ਸੁਕਦੇਵ ਔਰ ਪ੍ਰੀਖਜਤ ਕੀ | ੧੯੭ |
| ਅਠੀ ਪਹਿਰੀ ਅਠ ਖੰਡ ਕਾ ਦੂਸਰਾ ਅਰਥ | ੨੦੦ |
| ਅਠ ਖੰਡ ਵਾਲਾ ਸੂਖਜਮ ਸਰੀਰ ਨਵ ਖੰਡ ਵਾਲਾ ਅਸਥੂਲ ਸਰੀਰ | ੨੦੧ |
| ਪੰਜ ਕੋਸ਼ ਵੀਚਾਰ | ੨੦੨ |
| ਮਾਇਆ ਕਾ ਲਖਜਣ | ੨੦੪ |
| ਗੁਰੂ ਨਾਨਕ ਦੇਵ ਜੀ ਨੇ ਮੁਲਤਾਨੀ ਰਾਮ ਕੋ ਮਾਇਆ ਦਿਖਾਈ | ੨੦੫ |
| ਹਰਿਦ੍ਵਾਰ ਕੇ ੧੯੩੭ ਕੇ ਕੁੰਭ ਮੇਂ ਮਹਾਤਮਾਉਂ ਕਾ ਆਗਮਨ | ੨੧੦ |
| ਸ੍ਰੀ ੧੦੮ ਮਹਾਰਾਜਾ ਬੁਧ ਸਿੰਘ ਜੀ ਕਾ ਦੇਹਾਂਤ | ੨੧੦ |
| ਸ੍ਰੀ ੧੦੮ ਨਾਰਾਯਣ ਹਰਿ ਜੀ ਕਾ ਅੰਮ੍ਰਿਤਸਰ ਮੇਂ ਆਉਣਾ | ੨੧੧ |
| ਸੁਖ ਦੁਖ ਕੇ ਸਮ ਕਰਨੇ ਮੇਂ ਆਠ ਯੁਕਤੀਆਂ | ੨੧੨ |
| (੧) ਯੁਕਤੀ ਬ੍ਰਹਮ ਦ੍ਰਿਸ਼ਟੀ ਕਾ ਬਿਆਨ | ੨੧੩ |
| ਬ੍ਰਹਮ ਦ੍ਰਿਸ਼ਟੀ ਮੇਂ ਮੁਦਾਦ ਸਿਲਾ ਕਾ ਗਿਆਨ | ੨੧੩ |
| ਪਾਂਡਵੋਂ ਕੇ ਯਗ ਮੇਂ ਬਾਲਮੀਕ ਚੰਡਾਲ ਕਾ ਆਨਾ | ੨੧੫ |
| ਨਿਉਲੇ ਕੇ ਆਧੇ ਸੁਵਰਨ ਕੇ ਸਰੀਰ ਕੀ ਕਥਾ | ੨੧੭ |
| (੨) ਯੁਕਤੀ ਮਿਥਜਤ੍ਵ ਦ੍ਰਿਸ਼ਟੀ ਕਾ ਬਿਆਨ | ੨੩੧ |
| ਮਿਥਜਤ੍ਵ ਦ੍ਰਿਸ਼ਟੀ ਮੇਂ ਧਾਤ੍ਰੀ ਕੀ ਕਥਾ | ੨੩੨ |
| ਤਥਾ ਏਕ ਮਦਾਰੀ ਕੀ ਕਥਾ | ੨੩੪ |
| ਭਗਵਾਨ ਨੇ ਨਾਰਦ ਕੋ ਮਾਇਆ ਦਿਖਾਈ | ੨੩੯ |
| ਦਖਜ ਪ੍ਰਜਾਪਤੀ ਦੇ ਪੁਤਰੋਂ ਪ੍ਰਤੀ ਨਾਰਦ ਕਾ ਉਪਦੇਸ਼ | ੨੪੦ |
| ਪਾਰਬਤੀ, ਸੀਤਾ, ਰਾਧਾ ਕੇ ਪਿਛਲੇ ਜਨਮ ਕੀ ਕਥਾ | ੨੪੨ |
| ਪਾਰਬਤੀ ਕਾ ਸਨਤ ਕੁਮਾਰ ਕੋ ਸ਼ਾਪ | ੨੪੩ |
| ਸੀਤਾ ਜੀ ਕਾ ਹਨੂਮਾਨ ਪ੍ਰਤੀ ਸ੍ਰੀ ਰਾਮ ਤਤ੍ਵ ਕਾ ਉਪਦੇਸ਼ | ੨੪੫ |
| (੩) ਯੁਕਤੀ ਈਸ਼੍ਵਰ ਅਧੀਨਤ੍ਵ ਕਾ ਬਿਆਨ | ੨੪੯ |

| ਵਿਸ਼ਯ | ਸਫ਼ਾ । | ਵਿਸ਼ਯ | ਸਫ਼ਾ |
|---|---|---|---|
| "ਖਸਤੋ ਹੋਇ ਹੋਇ ਸੁ ਉਜਰ ਉਜਰ | | ਕੀ ਫਰਿਆਦ | ੨੯੭ |
| ਹੋਇ ਸੁ ਬਸੈ" ਪਰ ਕਥਾ | ੨੫੨ | ਮੂਰਖ ਕੇ ਸੁਭਾਵ ਪਰ ਵਿਚਾਰ | ੩੦੧ |
| "ਜਲ ਤੇ ਥਲ ਕਰ ਥਲ ਤੇ ਕੂਆ | | (੬) ਯੁਕਤੀ ਕਰਮ ਅਧੀਨਤ੍ਰ ਕਾ | |
| ਕੂਪ ਤੇ ਮੇਰੁ ਕਰਾਵੈ" ਪਰ ਕਥਾ | ੨੫੪ | ਬਿਆਨ | ੩੧੧ |
| "ਧਰਤੀ ਤੇ ਆਕਾਸ ਚਢਾਵੈ ਚਢਹਿ | | ਕਰਮ ਅਮੇਟ ਹੈ ਇਸ ਪਰ ਰਾਵਣ | |
| ਆਕਾਸ ਗਿਰਾਵੈ" ਪਰ ਕਥਾ | ੨੫੪ | ਕੀ ਕੰਨਿਆਂ ਕੀ ਕਥਾ | ੩੧੨ |
| 'ਥਲ ਮੂਰਖ ਤੇ ਪੰਡਿਤ ਕਰਬੋ | | "ਨਾਰਾਇਣ ਨਿੰਦਸ ਕਾਇ ਭੂਲੀ | |
| ਪੰਡਿਤ ਤੇ ਮੁਗਧਾਰੀ" ਪਰ ਕਥਾ | ੨੫੯ | ਗਾਵਾਰੀ" | ੩੧੭ |
| "ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ | | ਕਰਮ ਫਲ ਅਮੇਟ ਮੇਂ ਚੰਦ੍ਰਮਾਂ ਕੀ | |
| ਤੇ ਜੋ ਨਾਰੀ" ਪਰ ਕਥਾ | ੨੬੧ | ਕਥਾ | ੩੨੬ |
| "ਜੋ ਨਰ ਕਰੇ ਸੋਈ ਸੁਖ ਮਾਨ" | | ਕਰਮ ਫਲ ਅਮੇਟ ਮੇਂ ਅਰੁਣ ਕੀ | |
| ਮਹਾਤਮਾ ਕੀ ਕਥਾ | ੨੬੫ | ਕਥਾ | ੩੨੯ |
| "ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ | | ਕਰਮ ਫਲ ਅਮੇਟ ਮੇਂ ਸ਼ਿਵਜੀ ਕੀ | |
| ਭਈ" ਪਰ ਏਕ ਜੋਤਸ਼ੀ ਕੀ ਕਥਾ | ੨੭੧ | ਕਥਾ | ੩੩੦ |
| (੪) ਯੁਕਤੀ ਗੁਣ ਅਧੀਣਤ੍ਰ ਕਾ | | ਕਰਮ ਫਲ ਅਮੇਟ ਮੇਂ ਸਮੁੰਦਰ ਕੀ | |
| ਬਿਆਨ | ੨੭੩ | ਕਥਾ | ੩੩੯ |
| ਏਕ ਸੇਠ ਔਰ ਚੋਰੋਂ ਕੀ ਕਥਾ | ੨੭੯ | ਕਰਮ ਫਲ ਅਮੇਟ ਮੇਂ ਹਨੂਮਾਨ ਜੀ | |
| ਤੋਤੇ ਔਰ ਜੜ ਭਰਥ ਕੀ ਕਥਾ | ੨੮੩ | ਕੀ ਕਥਾ | ੩੪੧ |
| (੫) ਯੁਕਤੀ ਪ੍ਰਕ੍ਰਿਤੀ ਅਧੀਨਤ੍ਰ | | ਭਾਵੀ ਅਮੇਟ ਪਰ ਭਾਈ ਭੇਖਾਰੀ | |
| ਕਾ ਬਿਆਨ | ੨੮੭ | ਜੀ ਕੀ ਕਥਾ | ੩੪੬ |
| ਰਾਜਾ ਭੋਜ ਕੀ ਸਭਾ ਮੇਂ ਚਾਰ ਕੰਨਿ- | | ਭਾਵੀ ਅਮੇਟ ਪਰ ਨਾਰਦ ਜੀ ਕੇ | |
| ਆਓਂ ਕੇ ਪ੍ਰਸ਼ਨ | ੨੮੯ | ਵਿਵਾਹ ਕੀ ਕਥਾ | ੩੪੮ |
| ਸੁਭਾਵ ਕੇ ਨਾ ਬਦਲਨੇ ਮੇਂ ਏਕ | | (੭) ਯੁਕਤੀ ਕਾਲ ਅਧੀਨਤ੍ਰ | |
| ਚੂਹੀ ਕਾ ਦ੍ਰਿਸ਼ਟਾਂਤ | ੨੯੪ | (ਆਗਮਾਪਾਈ) ਕਾ ਬਿਆਨ | ੩੪੯ |
| ਸੁਭਾਵ ਕੇ ਬਦਲਨੇ ਮੇਂ ਕੁਤੀ ਕਾ | | ਕਥਾ ਮਦਾਲਸਾ ਕੀ | ੩੫੨ |
| ਦ੍ਰਿਸ਼ਟਾਂਤ | ੨੯੪ | ਕਥਾ ਨਿਰਮੋਹੀ ਰਾਜਾ ਕੀ | ੩੫੩ |
| ਸੁਭਾਵ ਕੇ ਅਨੁਸਾਰ ਨਿਯਾਯ ਕਰਨੇ ਮੇਂ | | ਕਥਾ ਵੇਦ ਵਿਆਸ ਕੇ ਸ਼ਿਸ਼ ਕੀ | ੩੫੫ |
| ਰਾਜਾ ਵਿਕ੍ਰਮ ਕਾ ਦ੍ਰਿਸ਼ਟਾਂਤ | ੨੯੫ | ਕਥਾ ਪੰਦਰਾਂ ਤਿਥੀਆਂ ਰੂਪ | |
| ਚਾਰ ਫਲੋਂ ਪਰ ਸਨਕਾਦਿਕੋਂ ਕਾ | | ਕੰਨਜਾਓਂ ਕੀ | ੩੫੬ |
| ਵਿਵਾਦ | ੨੯੬ | ਕਥਾ ਰਾਜਾ ਭੋਜ ਔਰ ਮੁੰਝ ਕੀ | ੩੫੮ |
| ਰਾਮਚੰਦਰ ਜੀ ਕੇ ਰਾਜ ਮੇਂ ਏਕ ਕੁਤੇ | | ਕਥਾ ਸੋਮ ਸ਼ਰਮਾ ਪਿਤਾ ਕੀ | ੩੬੨ |





| ਵਿਸ਼ਯ | ਸਫ਼ਾ । | ਵਿਸ਼ਯ | ਸਫ਼ਾ |
|---|---|---|---|
| ਤਥਾ ਸ਼ੇਖ ਚਿਲੀ ਕੀ | ੩੬੩ | (੧) ਸ੍ਰਵਣ ਭਗਤੀ | ੪੦੮ |
| ਪ੍ਰਾਪ੍ਤ ਬਜੈ ਅਰਥ | ੩੬੩ | ਗਰੁੜ ਔਰ ਕਾਕ ਭੁਸੰਡੀ ਕਾ ਸੰਬਾਦ | ੪੦੭ |
| (੮) ਯੁਕਤੀਸਅਤਸ਼ਜਤ੍ਰ ਕਾ ਬਿਆਨ | ੩੬੮ | ਨਾਮਦੇਵ ਕੀ ਕਥਾ | ੪੦੯ |
| ਸਭ ਸੇ ਬੜਾ ਔਰ ਸਭ ਸੇ ਛੋਟਾ | | ਕਬੀਰ ਭਗਤ ਕੀ ਕਥਾ | ੪੧੨ |
| ਏਕ ਈਸ਼੍ਵਰ ਹੀ ਹੈ | ੩੬੯ | ਰਵਿਦਾਸ ਭਗਤ ਕੀ ਕਥਾ | ੪੧੫ |
| "ਪਾਤਾਲਾ ਪਾਤਾਲ ਲਖ ਆਗਾਸਾ | | ਸੈਣ ਨਾਈ ਕੀ ਕਥਾ | ੪੨੨ |
| ਆਗਾਸ" ਪਰ ਕਥਾ | ੩੭੦ | ਧੰਨੇ ਜਟ ਕੀ ਕਥਾ | ੪੨੩ |
| ਈਸ਼੍ਵਰ ਬਿਨਾ ਹੋਰ ਸਭ ਚੀਜ਼ਾਂ ਏਕ | | ਸੂਤ੍ਰ ਧਰਮ ਜਾਨਾਂਤਿ ਪਰ ਵੰਸ | |
| ਦੂਸਰੇ ਕੇ ਭੈ ਮੇਂ ਹੈ | ੩੭੦ | ਪੁਤ੍ਰ ਕੀ ਕਥਾ | |
| ਮੰਕਣ ਰਿਸ਼ੀ ਕੀ ਕਥਾ | ੩੭੨ | ਸੂਤ੍ਰ ਤਜਜਤਿ ਦੁਰਮਤਿ | ੪੨੫ |
| ਸੰਸਾਰ ਮੇਂ ਤੀਨ ਪੁਰਸ਼ ਸੁਖੀ ਹੈਂ | ੩੭੫ | ਕਥਾ ਸੰਤ ਟਹਲ ਦਾਸ | ੪੨੮ |
| ਰੰਕਾ ਬੰਕਾ ਕੀ ਕਥਾ | ੩੭੬ | ਔਰ ਸੁਰਜਨ ਦਾਸ | ੪੩੨ |
| ਚਤੁਰ ਬੜੇ ਸੇ ਬੜੇ ਪੜੇ ਹੈਂ | ੩੭੮ | ਸੂਤ੍ਰ ਗਜਾਨੇ ਅਵਾਪਨੋਤਿ | ੪੩੪ |
| "ਅਸੰਖ ਮੂਰਖ ਅੰਧ ਘੋਰ" ਪਰ ਕਥਾ | ੩੮੨ | ਸ੍ਰਵਣ ਮਹਾਤਮ | ੪੩੫ |
| ਸੰਸਾਰ ਮੇਂ ਦੁਖੀ ਪਰੇ ਤੇ ਪਰੇ ਪੜੇ ਹੈਂ | ੩੮੪ | ਸੂਤ੍ਰ ਮੋਖਜੇ ਅਵਾਪਨੁਯਾਤ | ੪੩੯ |
| ਕਥਾ ਕੀ ਸਮਾਪਤੀ ਔਰ ਯਾਤ੍ਰਾ ਸ਼ੁਰੂ | ੩੮੬ | ਖਟਵਾਂਗ ਰਾਜਾ ਕੀ ਕਥਾ | ੪੪੧ |
| ਅਯੁਧਯਾ ਮੇਂ ਆਉਣਾ | ੩੮੮ | (੨) ਕੀਰਤਨ ਭਗਤੀ | ੪੪੨ |
| ਸੰਮਤ ੧੯੪੮ ਕੇ ਹਰਿਦੁਵਾਰ ਕੇ | | ਅਜਾਮਲ ਉਧਾਰ ਕੀ ਕਥਾ | ੪੪੩ |
| ਕੁੰਭ ਪਰ ਆਉਣਾ | ੩੯੧ | ਜਿਹਬਾ ਮਾਂਗਨੇ ਵਾਲੇ ਭਗਤ ਕੀ ਕਥਾ | ੪੫੧ |
| ਕਥਾ ਸ਼ੁਰੂ ਕਰੀ ਪ੍ਰਸ਼ਨ–ਨਾਮ | | ਨਾਨਕ ਨਾਮ ਅਮੋਲ ਪਰ ਸੇਠ ਕੀ ਕਥਾ | ੪੫੩ |
| ਜਪਨੇ ਮੇਂ ਕਿਤਨੀਆਂ ਯੁਕਤੀਆਂ | | ਕਲਯੁਗ ਕਾ ਪਾਂਡਵੋਂ ਪਾਸ ਆਉਣਾ | ੪੫੭ |
| ਹਨ | ੩੯੧ | ਨਾਮ ਮੇਂ ਵਾਦੀਓਂ ਕਾ ਵਿਵਾਦ | ੪੫੯ |
| ਉਤ੍ਰ–ਨਾਮ ਜਪਨੇ ਕੀ ਤੀਨ | | ਨਾਮ ਮੇਂ ਦਸ਼ ਕੋਸ਼ | ੪੫੯ |
| ਯੁਕਤੀਆਂ ਹੈਂ (ਸਿਮਰਨ, | | ਪ੍ਰੇਮੀਓਂ ਕੀ ਨਵ ਨਿਸ਼ਾਨੀਆਂ | ੪੬੦ |
| ਧਯਾਨ, ਗਯਾਨ) | ੩੯੯ | ਈਸ਼੍ਵਰ ਕੋ ਭਗਤੀ ਹੀ ਪਿਆਰੀ ਹੈ | ੪੬੧ |
| (੧) ਸਿਮਰਣ ਯੁਕਤੀ ਕਾ ਬਯਾਨ | ੪੦੧ | ਗਫੇਰੂ ਨਾਮ ਪਰ ਕਥਾ | ੪੬੨ |
| [ਇਤਿ ਪੂਰਬਾਰਧ] | | ਪਰੇ ਨਾਮ ਪਰ ਕਥਾ | ੪੬੨ |
| **ਅਥ ਉਤ੍ਰਾਰਧ** | | 'ਮੰਨੈ ਤਰੈ ਤਾਰੇ ਗੁਰ ਸਿਖ' | ੪੬੩ |
| ਸਿਮਰਣ ਅੰਤਰਗਤ ਨਵਧਾ ਭਗਤੀ | ੪੦੩ | (੩) ਸਿਮਰਣ ਭਗਤੀ | ੪੬੪ |
| ਭਗਤੋਂ ਕਾ ਦਰਜਾ ਉਤਮ ਹੈ | ੪੦੩ | ਗਰੀਬਣੀ ਕੇ ਲੜਕੇ ਕਾ ਦ੍ਰਿਸ਼ਟਾਂਤ | ੪੬੫ |
| ਨਾਮ ਮਹਾਤਮ | ੪੦੪ | ਸਧਨੇ ਕਸਾਈ ਕੀ ਕਥਾ | ੪੬੮ |

| ਵਿਸ਼ਯ | ਸਫਾ |
|---|---|
| ਕ੍ਰਿਸ਼ਨ ਭਗਤ ਕੀ ਕਥਾ | ੪੭੨ |
| (੪) ਪਾਦ ਸੇਵਨ ਭਗਤੀ | ੪੭੩ |
| ਕਾਬਲ ਮੇਂ ਗੌਂਦੇ ਭਗਤ ਕੀ ਕਥਾ | ੪੭੮ |
| ਪੰਪਾਸਰ ਕੇ ਜਲ ਸੁਧੀ ਮੇਂ ਭੀਲਣੀ ਕੀ ਕਥਾ | ੪੮੧ |
| ਧੂੜੀ ਮਹਾਤਮ ਰਾਧਾ ਕੀ ਕਥਾ | ੪੮੩ |
| ਲਾਹੌਰ ਕੇ ਸੌਦਾਗਰ ਕੀ ਇਸਤ੍ਰੀ ਕੀ ਕਥਾ | ੪੮੪ |
| ਸਾਧ ਕੀ ਮਹਿਮਾ ਬੇਦ ਨ ਜਾਨੈ ਪਰ ਕਥਾ | ੪੮੭ |
| (੫) ਅਰਚਨ (ਪੂਜਨ) ਭਗਤੀ | ੪੮੮ |
| ਸੋਲਾਂ ਪ੍ਰਕਾਰ ਕੀ ਪੂਜਾ | ੪੮੯ |
| ਅਮਰੀਸ਼ ਰਾਜਾ ਕੀ ਕਥਾ | ੪੯੧ |
| ਦੁਰਵਾਸ਼ਾ ਕਾ ਅਮਰੀਸ਼ ਪਰ ਕੋਪ | ੪੯੩ |
| ਪੂਜਨੇ ਯੋਗ ਦੇਵ ਕਾ ਵਰਣਨ ਯੋਗ ਵਸਿਸ਼ਟ ਪ੍ਰਮਾਣੋਂ ਮੇਂ | ੪੯੭ |
| ਏਕ ਬ੍ਰਾਹਮਣ ਕੇ ਲੜਕੇ ਕੀ ਕਥਾ | ੪੯੯ |
| ਪੂਜਨੇ ਯੋਗ ਦੇਵ ਕਾ ਵਰਣਨ ਗੁਰ ਪ੍ਰਮਾਣੋਂ ਸੇ | ੫੦੦ |
| (੬) ਨਮਸਕਾਰ ਰੂਪ ਭਗਤੀ. | ੫੦੧ |
| ਏਕ ਪ੍ਰੇਮੀ ਭਗਤ ਕੀ ਕਥਾ | ੫੦੫ |
| ਮਾਰਕੰਡੇਯ ਕੀ ਕਥਾ | ੫੦੬ |
| ਬਕਦਾਲਭ ਕੀ ਕਥਾ | ੫੦੭ |
| ਰਾਜਾ ਦਲੀਪ ਕੀ ਕਥਾ | ੫੦੮ |
| (੭) ਦਾਸਯ ਭਾਵ ਰੂਪ ਭਗਤੀ | ੫੦੯ |
| ਏਕ ਭਗਤ ਕੀ ਪ੍ਰਮੇਸ਼੍ਵਰ ਆਗੇ ਪ੍ਰਾਰਥਨਾ | ੫੧੬ |
| (੮) ਸਖਾ ਭਗਤੀ | ੫੧੮ |
| ਸ੍ਰੀ ਨਾਰਾਯਣ ਕਾ ਨਾਰਦ ਪ੍ਰਤੀ ਉਪਦੇਸ਼ | ੫੨੦ |
| ਖਟ ਲਖਯਣ | ੫੨੫ |

| ਵਿਸ਼ਯ | ਸਫਾ |
|---|---|
| (੯) ਆਤਮ ਨਿਵੇਦਨ ਰੂਪ ਭਗਤੀ | ੫੩੦ |
| ਸ੍ਰੀ ਰਾਮ ਜੀ ਕੇ ਵਿਯੋਗ ਸੇ ਦਸਰਥ ਕੋ ਦੁਖ | ੫੩੬ |
| ਸ੍ਵਾਸ ਸ੍ਵਾਸ ਨਾਮ ਜਪਨੇ ਮੇਂ ਸ਼ੇਰ ਕੀ ਕਥਾ | ੫੩੮ |
| ਖਟ ਪ੍ਰਕਾਰ ਕੀ ਸ਼ਰਣਾਗਤੀ | ੫੩੯ |
| ਨਾਮ ਕੀ ਪਹਿਲੀ ਸਿਮਰਣ ਯੁਕਤੀ ਕੇ ਅੰਤਰਗਤ ਨਵਧਾ ਭਗਤੀ ਸਮਾਪਤ | ੫੪੦ |
| (੨) ਯੁਕਤੀ ਕੂਰਮਵਤ ਧਿਆਨ | ੫੪੦ |
| (੧) ਪ੍ਰਤੀਕ ਧਿਆਨ ਕਾ ਲਖਯਣ | ੫੪੦ |
| ਧਿਆਨ ਮੇਂ ਚੇਦੂ ਭੀਲ ਕੀ ਕਥਾ | ੫੪੦ |
| (੨) ਧਿਆਨ ਕੇ ਦੂਸਰੇ ਅੰਗ ਸੰਪਤ ਉਪਾਸ਼ਨਾ ਕਾ ਲਖਯਣ | ੫੪੩ |
| ਗੁਰੂ ਪ੍ਰਮੇਸ਼੍ਵਰ ਸ੍ਵਰੂਪ ਹੈਂ ਇਸ ਮੇਂ ਪ੍ਰਮਾਣ | ੫੪੩ |
| ਗੁਰੂ ਅਮਰਦੇਵ ਜੀ ਕੀ ਕਥਾ | ੫੪੮ |
| "ਇਸ ਦੇਹੀ ਕਉ ਸਿਮਰਹਿ ਦੇਵ" | ੫੫੨ |
| (੩) ਅਹੰਗ੍ਰਹ ਧਿਆਨ | ੫੫੩ |
| ਓਅੰਕਾਰ ਕੀ ਚਾਰ ਮਾਤ੍ਰਾਓਂ ਕੇ ਅਰਥ ਕਾ ਨਕਸ਼ਾ | ੫੫੪ |
| ਉਨੀਸ ਤ੍ਰਿਪੁਟੀਓਂ ਕਾ ਨਕਸ਼ਾ | ੫੫੬ |
| ਬ੍ਰਹਮ ਲੋਕ ਜਾਨੇ ਕਾ ਮਾਰਗ | ੫੫੭ |
| ਸਿਧ ਗੀਤਾ | ੫੫੯ |
| ਅਨੇਕ ਯੋਗ | ੫੬੦ |
| ਸੋਹੰ ਜਾਪ | ੫੬੨ |
| ਜਪ ਕਾ ਭੇਦ | ੫੬੩ |
| ਧਿਆਨ ਕੇ ਦੋ ਪ੍ਰਕਾਰ | ੫੬੩ |
| ਪ੍ਰਾਣਾਯਾਮ | ੫੬੪ |
| ਮੁਖ ਦਸ ਨਾੜੀਆ | ੫੬੫ |
| ਸੁਖਮਨਾ ਲਖਯਣ | ੫੬੫ |





| ਵਿਸ਼ਯ | ਸਫਾ |
|---|---|
| ਨਿਵਲੀ ਆਦੀ ਛੇ ਪ੍ਰਕਾਰ ਕੀ ਕ੍ਰਿਯਾ | ੫੬੬ |
| ਕੁੰਡਲੀ ਨਾੜੀ | ੫੬੭ |
| ਕ੍ਰਿਯਾ ਯੋਗ ਕਾ ਦੂਸਰਾ ਲਖਯਣ | ੫੬੭ |
| ਆਠ ਪ੍ਰਕਾਰ ਕਾ ਕੁੰਭਕ | ੫੬੮ |
| ਖਟ ਚਕਰ | ੫੬੮ |
| ੨੧੬੦੦ ਸ੍ਵਾਸੋਂ ਕਾ ਵਿਭਾਗ | ੫੬੯ |
| ਅਸ਼ਟਾਂਗ ਯੋਗ ਕੇ ਆਠ ਸਾਧਨ | ੫੬੯ |
| ਪ੍ਰਤਯਹਾਰ ਧਾਰਨਾ, ਧਯਾਨ, ਸਮਾਧੀ ਕੇ ਲਖਯਣ | ੫੭੦ |
| ਰਾਜ ਯੋਗ ਅਨਯ ਨਾਮ | ੫੭੧ |
| ਅਨੇਕ ਪ੍ਰਕਾਰ ਕੀ ਜੋਤੀਓਂ ਕੇ ਦਰਸ਼ਨ | ੫੭੩ |
| ਅਨੇਕ ਪ੍ਰਕਾਰ ਕੇ ਸ਼ਬਦੋਂ ਕਾ ਸ਼ਰਵਣ | ੫੭੪ |
| (੩) ਗਯਾਨ (ਹੰਸ ਕੀ ਨਿਆਈ) ਯੁਕਤੀ | ੫੯੦ |
| ਸਨਕਾਦਿ ਔਰ ਹੰਸ ਅਵਤਾਰ ਕੀ ਕਥਾ | ੫੯੧ |
| ਚਿਤ ਸੁਧੀ ਕੋ ਕਰਮ ਕਾਂਡ ਕਾ ਨਿਰੂਪਣ | ੫੯੧ |
| ਪ੍ਰਾਤਹਕਾਲ ਇਸ਼ਨਾਨ ਮਹਾਤਮ | ੫੯੩ |
| ਆਸਨੋਂ ਕਾ ਬਯਾਨ | ੫੯੪ |
| ਗਾਯਤ੍ਰੀ ਨਿਰੂਪਣ | ੫੯੫ |
| ਹਵਨ ਮੰਤਰ ਤਥਾ ਬਲੀ ਵੈਸ਼ਯ ਕਰਮ | ੫੯੬ |
| ਅਥਿਤਿ ਪੂਜਨ | ੫੯੭ |
| ਮਾਤਾ ਪਿਤਾ ਪੂਜਨ | ੫੯੭ |
| ਨਿਤ, ਨੈਮਿਤ, ਕਰਮ ਕੇ ਨ ਤਯਾਗਨੇ ਮੇਂ ਦ੍ਰਿਸ਼ਟਾਂਤ | ੫੯੯ |
| ਮਲਨ ਚਿਤ ਮੇਂ ਬੋਧ ਨਹੀਂ ਹੋਤਾ | ੬੦੦ |
| ਨਿਤ, ਨੈਮਿਤ ਕਰਮ ਕਰਨੇ ਮੇਂ ਲਾਭ | ੬੦੧ |

| ਵਿਸ਼ਯ | ਸਫਾ |
|---|---|
| ਕਥਾ ਰੁਕਮਾਂਗਦ ਕੀ | ੬੦੨ |
| ਵੈਰਾਗਯ ਔਰ ਸੰਨਯਾਸ ਕੇ ਭੇਦ | ੬੦੪ |
| ਸ੍ਰਵਣ ਲਖਯਣ | ੬੦੬ |
| ਖਟ ਲਿੰਗ ਯੁਕਤੀ | ੬੦੬ |
| ਮੰਨਨ ਲਖਯਣ, ਨਿਧਿਯਾਸਨ, ਲਖਣ ਤਤ ਤ੍ਵੰ ਪਦ ਕਾ ਸੰਸ਼ੋਧਨ | ੬੦੯ |
| ਗਯਾਨ ਕੇ ਸਾਖਯਾਤ ਸਾਧਨ ਮਹਾਵਾਕਯ ਹੈਂ | ੬੧੦ |
| ਅਣਬੋਲਾ ਰਾਣੀ ਕੀ ਕਥਾ | ੬੧੫ |
| ਰਸਤੇ ਮੇਂ ਚਾਰ ਸਿਰੋਂ ਕਾ ਮਿਲਾਪ | ੬੧੫ |
| ਕਪਟੀ ਯੋਗੀ ਕਾ ਮਿਲਾਪ | ੬੧੫ |
| ਸਚੇ ਯੋਗੀ ਕਾ ਮਿਲਾਪ | ੬੧੬ |
| ਪੰਜ ਚਿੜੀਆਂ | ੬੧੬ |
| ਵਜ਼ੀਰ ਕਾ ਮਿਲਾਪ | ੬੧੬ |
| ਅਣਬੋਲਾ ਰਾਣੀ ਕੀ ਕਥਾ ਕਾ ਦਰਿਸ਼ਟਾਂਤ | ੬੧੭ |
| ਡਾਕੂਓਂ ਕੇ ਸਰਦਾਰ ਕੀ ਕਥਾ | ੬੨੩ |
| ਸਿਸ਼ ਕੇ ਲਖਯਣ | ੬੨੫ |
| ਬੁਲ੍ਹੇ ਸ਼ਾਹ ਕੀ ਕਥਾ | ੬੨੭ |
| ਅਣਬੋਲਾ ਰਾਣੀ ਕਾ ਪੁਨ: ਦ੍ਰਿਸ਼ਟਾਂਤ | ੬੩੧ |
| ਮਹਾਰਾਜਾ ਵਿਕ੍ਰਮ ਕਾ ਰਾਣੀ ਪਾਸ ਜਾਨਾ ਔਰ ਬੁਲਾਨੇ ਕਾ ਜਤਨ ਕਰਨਾ | ੬੩੧ |
| ਦੀਵੇ ਮੇਂ ਬੈਠੇ ਬੀਰ ਸੇ ਵਾਰਤਾਲਾਪ | ੬੩੧ |
| ਬ੍ਰਾਹਮਣ ਕੰਨਿਆਂ ਕੇ ਤੀਨ ਵਰੋਂ ਕੀ ਕਥਾ | ੬੩੨ |
| ਅਣਬੋਲਾ ਕਾ ਪਹਿਲੀ ਵਾਰ ਬੋਲਣਾ | ੬੩੩ |
| ਮਹਾਰਾਜਾ ਵਿਕ੍ਰਮ ਕਾ ਹਾਲ ਹਵਾਲ ਦੂਸਰੇ ਬੀਰ ਸੇ ਪੂਛਣਾ | ੬੩੩ |
| ਕੁਮਾਰ ਕੀ ਕੰਨਿਆਂ ਔਰ ਰਾਜਾ ਕੀ ਕਥਾ | ੬੩੪ |

| ਵਿਸ਼ਯ | ਸਫਾ । |
|---|---|
| ਅਣਬੋਲਾ ਕਾ ਦੂਸਰੀ ਵਾਰੀ ਬੋਲਣਾ | ੬੩੫ |
| ਮਹਾਰਾਜਾ ਵਿਕ੍ਰਮ ਕਾ ਖਟ ਮੰਜਾ ਵਾਲੇ ਤੀਸਰੇ ਬੀਰ ਸੇ ਪੂਛਨਾ | ੬੩੫ |
| ਕਥਾ ਰਾਜ ਕੰਨਿਆਂ ਕੀ ਜਿਸ ਕੋ ਰਾਖਸ਼ ਲੇ ਗਿਆ ਥਾ | ੬੩੬ |
| ਅਣਬੋਲਾ ਕੀ ਤੀਸਰੀ ਵਾਰੀ ਬੋਲਣਾ | ੬੩੬ |
| ਮਹਾਰਾਜਾ ਵਿਕ੍ਰਮ ਕਾ ਘੜੇ ਮੇਂ ਬੈਠਨੇ ਵਾਲੇ ਚੌਥੇ ਬੀਰ ਕੋ ਪੂਛਨਾ | ੬੩੭ |
| ਬੀਰ ਨੇ ਪੂਛਨਾ ਚਾਰੋਂ ਮੇਂ ਯਾਨੇ ਤ੍ਰਖਾਨ ਦਰਜੀ ਸੁਨਾਰ ਬ੍ਰਾਹਮਣ ਇਨ੍ਹੋਂ ਮੇਂ ਕਿਸ ਕੋ ਕੰਨਯਾ ਮਿਲਨੀ ਚਾਹੀਏ | ੬੩੭ |
| ਅਣਬੋਲਾ ਕਾ ਚੌਥੀ ਵਾਰੀ ਬੋਲਣਾ | ੬੩੭ |
| ਦਰਿਸ਼ਟਾਂਤ | ੬੩੮ |
| ਸੰਤ ਰੂਪ ਵਜ਼ੀਰ ਕੀ ਸੇਵਾ ਕਰਨੀ | ੬੩੮ |
| ਗੁਰੂ ਰੂਪ ਅਨਬੋਲਾ ਰਾਣੀ ਕੋ ਬੁਲਾਣਾ ਔਰ ਉਨ੍ਹੋਂ ਨੇ ਨਾ ਬੋਲਣਾ | ੬੩੯ |
| ਪਹਿਲੇ ਬੀਰ ਕੀ ਨਿਆਈਂ ਪਹਿਲੈ ਰਿਗਵੇਦ ਮੇਂ ਪ੍ਰਗਯਾਨ ਵਾਕ ਸੇ ਪੂਛਨਾ | ੬੩੯ |
| ਪ੍ਰਗਯਾਨ ਮੇਂ ਅਧਿਕਾਰੀ ਸੇ ਪੂਛਨਾ ਕਰਮੀ, ਉਪਾਸ਼ਕ, ਗਿਆਨੀ ਮੇਂ ਸੇ ਕਿਸ ਕੋ ਮੁਕਤੀ ਰੂਪੀ ਕੰਨਯਾ ਮਿਲਣੀ ਚਾਹੀਏ | ੬੪੦ |
| ਗੁਰੂ ਰੂਪ ਅਨਬੋਲਾ ਨੇ ਪਹਿਲੀ ਵਾਰੀ ਬੋਲਣਾ | ੬੪੧ |
| ਜਗਯਾਸੂ ਨੇ ਦੂਸਰੇ ਬੀਰ ਕੀ ਨਿਆਈਂ ਦੂਸਰੇ ਯਜੁਰ ਵੇਦ ਮੇਂ ਅਹੰ ਬ੍ਰਹਮ ਸੇ ਪੂਛਨਾ | ੬੪੧ |
| ਅਹੰ ਬ੍ਰਹਮ ਨੇ ਜਗਯਾਸੂ ਸੇ ਪੂਛਨਾ | ੬੪੧ |

| ਵਿਸ਼ਯ | ਸਫਾ |
|---|---|
| ਬਾਧ ਤਥਾ ਮੁਖ ਸਮਾਨ ਅਧੀਕਰਨਤਾ ਮੇਂ ਹਮਾਰੀ ਕੌਣ ਸਮਾਨ ਅਧੀਕਰਨਤਾ ਹੈ | ੬੪੧ |
| ਗੁਰੂ ਰੂਪ ਅਨਬੋਲਾ ਨੇ ਦੂਸਰੀ ਵਾਰੀ ਬੋਲਣਾ | ੬੪੫ |
| ਫੇਰ ਮਮੁਖਸ਼ੂ ਨੇ ਤੀਸਰੇ ਬੀਰ ਕੀ ਨਿਆਈ ਤੀਸਰੇ ਸਾਮਵੇਦ ਕੇ ਤਤ੍ਵਮਸੀ ਵਾਕ ਸੇ ਪੂਛਨਾ | ੬੪੫ |
| ਤੀਸਰੇ ਤਤ੍ਵਮਸੀ ਵਾਕ ਨੇ ਜਗਯਾਸੂ ਸੈ ਪੂਛਨਾ | ੬੪੬ |
| ਤੀਨੋਂ ਵਾਕਯ ਅਰਥੋਂ ਮੇਂ ਮੇਰਾ ਕੌਣ ਵਾਕਯ ਅਰਥ ਹੈ | ੬੪੬ |
| ਗੁਰੂ ਰੂਪ ਅਨਬੋਲਾ ਕੀ ਤੀਸਰੀ ਵਾਰੀ ਬੋਲਣਾ | ੬੪੬ |
| ਜਗਯਾਸੂ ਨੇ ਚੌਥੇ ਬੀਰ ਕੀ ਨਿਆਈਂ ਚੌਥੇ ਅਥਰਵ ਵੇਦ ਕੇ ਅਯੰ ਆਤਮਾ ਬ੍ਰਹਮ ਵਾਕ ਸੇ ਪੂਛਨਾ | ੬੪੬ |
| ਅਥ ਵਾਕ ਮੁਮੁਖਸ਼ੂ ਸੇ ਪੂਛਤਾ ਹੈ ਮੇਰੀ ਔਰ ਬ੍ਰਹਮ ਕੀ ਕੌਣ ਏਕਤਾ ਹੈ | ੬੪੭ |
| ਗੁਰੂ ਰੂਪ ਅਨਬੋਲਾ ਨੇ ਚੌਥੀ ਵਾਰੀ ਬੋਲਨਾ | ੬੪੭ |
| ਸਪਤ ਤਲਾਓਂ ਕਾ ਨਕਸ਼ਾ | ੬੪੯ |
| ਅਖੰਡ ਅਰਥ ਵਰਣਨ | ੬੫੧ |
| ਅਖੰਡ ਵਾਕ ਕੇ ਦੋ ਲੱਖਣ | ੬੫੩ |
| ਅਖੰਡ ਅਰਥ ਕੇ ਦੋ ਲੱਖਣ | ੬੫੫ |
| ਸ਼ੰਕਾ ਸਮਾਧਾਨ ਗ੍ਰੰਥ ੬੫੫ ਤੇ ੬੮੬ ਤਕ | |
| ਤੀਨ ਬਣੋਂ ਵਤ ਤੀਨ ਸਾਧਨ ਰੂਪ ਜੀਵਨ ਮੁਕਤੀ ਰੂਪ ਭੇਦ | ੬੮੬ |
| ਵਿਦਵਾਨ ਕੀ ਕ੍ਰਿਤ ਕ੍ਰਿਤਤਾ | ੬੮੭ |
| ਗਿਆਨੀ ਆਪਣੇ ਮੇਂ ਗਿਆਨ ਤਥਾ ਰਾਗ ਦ੍ਵੈਸ਼ ਕਾ ਅਭਾਵ ਅਨਭਵ | |





| ਵਿਸ਼ਯ | ਸਫਾ । |
|---|---|
| ਕਰਤਾ ਹੈ | ੬੯੩ |
| ਵਿਦੇਹ ਮੋਖਸ਼ ਕਾਲ ਮੇਂ ਗਿਆਨੀ ਕੋ ਧੰਨਵਾਦ | ੬੯੩ |
| 'ਫੀਲ ਰਬਾਬੀ' ਕੇ ਸਾਰੇ ਸ਼ਬਦ ਦਵਾਰਾ ਸਭ ਦੇਵਤਾਓਂ ਸੇ ਗਿਆਨੀ ਕੋ ਧੰਨਵਾਦ | ੬੯੩ |
| ਵਿਦੇਹ ਮੋਖਸ਼ ਕਾਲ ਮੇਂ ਅਭੇਦ ਮੇਂ ਦ੍ਰਿਸ਼ਟਾਂਤ | ੬੯੫ |
| ਨਾਮ ਆਪਣੇ ਨਾਮੀ ਯਾਨੇ ਸਰਗੁਣ ਨਿਰਗੁਣ ਬ੍ਰਹਮ ਦੋਨੋਂ ਸੇ ਬੜਾ ਹੈ | ੬੯੬ |
| ਨਾਮ ਮਹਾਤਮ | ੬੯੮ |
| ਹਰੀ ਦਵਾਰ ਕੇ ਕੁੰਭ ਮੇਂ ਕਥਾ ਸਮਾਪਤ ਔਰ ਸ੍ਰੀ ਨਾਰਾਇਣ ਹਰੀ ਜੀ ਕੋ ਧੰਨਵਾਦ | ੭੦੦ |
| ਯਾਂਤਰਾ ਕਰਤੇ ਕਟਾਖਸ਼ ਰਾਜ ਮੇਂ ਪਹੁੰਚਨਾ ਔਰ ਵਹਾਂ ਪ੍ਰਸ਼ਨ ਉਤਰ ਹੋਣੇ | ੭੦੦ |
| ਪਹਿਲਾ ਪ੍ਰਸ਼ਨ–ਗ੍ਰਹਿਸਤ ਕੋ ਗਿਆਨ ਹੋਤਾ ਹੈ ਯਾ ਨਹੀਂ ॥ ਉਤ੍ਰ–ਹੋਤਾ ਹੈ | ੭੦੧ |
| ਪ੍ਰਸ਼ਨ (੨)ਬ੍ਰਾਹਮਣ ਸੇ ਬਿਨਾਂ ਖੱਤਰੀ ਵੈਸ਼ ਕੋ ਸੰਨਯਾਸ ਲੇਣੇ ਕਾ ਅਧਿਕਾਰ ਹੈ ਯਾ ਨਹੀਂ ? ਉਤਰ– ਅਧਿਕਾਰ ਹੈ | ੭੦੬ |
| ਦ੍ਰਿਸ਼ਟਾਂਤ ਰਾਜੇ ਜਨਕ ਦਾ | ੭੦੭ |
| ਦ੍ਰਿਸ਼ਟਾਂਤ ਏਕ ਰਾਜਾ ਚਾਰ ਰਾਣੀਓਂ ਕਾ | ੭੦੮ |
| ਦ੍ਰਿਸ਼ਟਾਂਤ ਏਕ ਮਹਾਤਮਾ ਨੇ ਏਕ ਰਾਜਾ ਕੋ ਚਾਰ ਸਾਰ ਬਚਨ ਸੁਨਾਏ | ੭੨੦ |
| ਰਾਜਾ ਵਿਕ੍ਰਮ ਨੇ ਪੂਰਬ ਜਨਮ ਕੀ ਕਥਾ ਪੂਛਨੀ | ੭੨੧ |
| ਬੁਧ ਨੇ ਅੰਬਤੀ ਕੋ ਸ਼ਾਪ ਦੇਣਾ | ੭੨੮ |
| ਨਾਰਦ ਨੇ ਲਖਮੀ ਕੋ ਸ਼ਾਪ ਦੇਣਾ | ੭੨੮ |

| ਵਿਸ਼ਯ | ਸਫਾ |
|---|---|
| ਯਾਤਰਾ ਪਿਸ਼ਾਵਰ ਕੀ ਭਾਈ ਮਿਠਾ ਸਿੰਘ ਨੇ ਗਿਆਨੀ ਅਗਿਆਨੀਓਂ ਕੇ ਲਖਣ ਪੂਛਣੇ | ੭੩੦ |
| 'ਬ੍ਰਿਥਾ ਕਹਉ ਕਉਨ ਸਿਉ ਮਨ ਕੀ' ਇਸ ਸ਼ਬਦ ਦ੍ਵਾਰਾ ਉਤਰ ਦੇਣਾ | ੭੩੦ |
| ਰਾਜਾ ਭੋਜ ਕੀ ਸਭਾ ਮੇਂ ਪ੍ਰਸ਼ਨ ਲੋਭ ਕੇ ਵਿਸ਼ੇ ਮੇਂ | ੭੩੧ |
| 'ਸਾਲਾਹੀ ਸਾਲਾਹ' ਸ਼ਬਦ ਕੇ ਚਾਰ ਅਰਥ | ੭੩੧ ਸੇ ੭੪੮ ਤਕ |
| ਪ੍ਰਹਿਲਾਦ ਕੀ ਕਥਾ | ੭੪੮ |
| ਸਹਾਰਨ ਪੁਰ ਵਾਲੇ ਸੇਠ ਕੀ ਕਥਾ | ੭੫੯ |
| ਇਸਤ੍ਰੀ ਪਤੀ ਕੀ ਫੁਟ ਪਰ ਕਥਾ | ੭੬੪. |
| ਏਕ ਮੁਸਲਮਾਨ ਫਕੀਰ ਕੀ ਕਥਾ | ੭੬੮ |
| ਰਾਵਲ ਪਿੰਡੀ ਮੇਂ ਆਗਮਨ | ੭੭੦ |
| ਭਾਈ ਕਾਕਾ ਸਿੰਘ ਕੇ ਤੀਨ ਪ੍ਰਸ਼ਨ– (੧) ਜਾਨਣੇ ਯੋਗ ਵਸਤੂ ਕੌਣ ਹੈ ? (੨) ਉਸ ਕੋ ਜਾਨਣੇ ਕਾ ਮੁਖ ਸਾਧਨ ਕੌਣ ਹੈ ? (੩) ਜਾਨਣੇ ਯੋਗ ਵਸਤੂ ਕਹਾਂ ਰਹਿਤੀ ਹੈ। ਤੀਨੋਂ ਪ੍ਰਸ਼ਨੋਂ ਕਾ ਉਤਰ– "ਪ੍ਰੀਤਮ ਜਾਨ ਲੇਹੁ ਮਨ ਮਾਹੀ" ਇਸ ਸ਼ਬਦ ਦ੍ਵਾਰਾ ਦਿਤਾ | ੭੭੦ |
| ਸ੍ਰੋਤਾ ਕੇ ਚੌਦਾਂ ਗੁਣ | ੭੭੫ |
| ਸ਼ਬਦ ਕਾ ਭਾਵ ਨਾ ਸਮਝਨੇ ਸੇ ਉਲਟਾ ਅਨਰਥ ਹੋਤਾ ਹੈ ਕਥਾ ਸੇਠ ਸੇਠਾਣੀ ਕੀ | ੭੭੬ |
| ਮਨ, ਬੁਧੀ, ਚਿਤ, ਅਹੰਕਾਰ ਕਾ ਨਕਸ਼ਾ | ੭੭੮ |
| ਆਤਮਾ ਹੀ ਪਰਮ ਪ੍ਰਿਯ ਹੈ ਇਸ ਪਰ ਯਾਗਵਲਕਯ ਔਰ ਮੈਤ੍ਰੇਈ ਕੀ ਕਥਾ | ੭੮੧ |

| ਵਿਸ਼ਯ | ਸਫ਼ਾ। | ਵਿਸ਼ਯ | ਸਫ਼ਾ |
|---|---|---|---|
| ਆਤਮ ਪ੍ਰੀਤੀ ਕਾ ਲਖ੍ਯਣ | ੭੮੩ | ਸਤ੍ਯ ਪਰ ਰਾਜਾ ਔਰ ਕਊਓਂ ਕੀ ਕਥਾ | ੮੨੩ |
| ਏਕ ਮਹਾਤਮਾ ਔਰ ਕਾਮਨਾ ਵਾਲੇ ਚਾਰ ਪੁਰਸ਼ੋਂ ਕੀ ਕਥਾ | ੭੮੭ | ਸਤ੍ਯ ਪਰ ਮਹਾਰਾਜਾ ਸਤ੍ਯ ਬ੍ਰਤ ਔਰ ਸ਼ਨੀ ਕੀ ਕਥਾ | ੮੨੮ |
| ਘਰ ਦੁਖ ਰੂਪ ਹੈ | ੭੮੮ | ਸਤ੍ਯ ਪਰ ਮਹਾਰਾਜਾ ਰਾਮ ਚੰਦ੍ਰ ਜੀ ਕੀ ਕਥਾ | ੮੩੧ |
| ਇਸਤ੍ਰੀ ਦੁਖ ਰੂਪ ਹੈ | ੭੮੮ | ਸਤ੍ਯ ਪਰ ਪਾਂਡਵੋਂ ਕੀ ਕਥਾ | ੮੩੨ |
| ਪੁਤ੍ਰ ਦੁਖ ਰੂਪ ਹੈ | ੭੮੯ | ਪੰਜ ਵਿਸ਼੍ਯੋਂ ਮੇਂ ਕੌਨ ਵਿਸ਼੍ਯ ਪ੍ਰਬਲ ਹੈ ਗੁਰੂ ਔਰ ਸ਼ਿਸ਼ ਕੀ ਕਥਾ | ੮੩੪ |
| ਮਾਯਾ ਦੁਖ ਰੂਪ ਹੈ | ੭੯੦ | ਛੇ ਰਿਤੂਓਂ ਮੇਂ ਇਸਤ੍ਰੀ ਕੋ ਕੌਨ ਰਿਤੂ ਸੁਖਦਾਈ ਹੈ | ੮੩੭ |
| ਪੁਤ੍ਰ ਕਲਤ੍ਰ ਲਖਮੀ ਮਾਇਆ ਇਨ ਤੇ ਕਹੁ ਕਵਨੈ ਸੁਖੁ ਪਾਇਆ | ੭੯੦ | ਹਰਿਦ੍ਵਾਰ ਆਗਮਨ | ੮੩੮ |
| ਸ਼ਾਹਪੁਰ ਮੇਂ ਸ਼ੰਕਰ ਦਾਸ ਵਕੀਲ ਨਾਦ ਸੰਬਾਦ | ੭੯੫ | 'ਅਧਮ ਚੰਡਾਲੀ' ਸ਼ਬਦ ਕੀ ਵਿਆਖਿਆ | ੮੪੦ |
| ਮਰਨ ਤੋਂ ਪਿਛੋਂ ਛੇ ਗਤੀਆਂ | ੭੯੬ | ਗੁਰੂ ਧਾਰਣ ਪਰ ਦਾਸ ਰਾਜਾ ਕੀ ਕਥਾ | ੮੪੭ |
| (੧) ਗਿਆਨਵਾਨੋਂ ਕੀ ਗਤੀ (ਮੁਕਤਿ) | ੭੯੬ | ਸ੍ਰੀ ਗੁਰੂ ਜੀ ਸੇ ਹਮ ਦੋਨੋਂ ਕਾ ਪਹਿਲਾ ਮਿਲਾਪ | ੮੪੮ |
| ਸਤਰਹ ਮਤੋਂ ਕੇ ਭੇਦ ਸੇ ਮੁਕਤੀ ਕਾ ਸ੍ਵਰੂਪ | ੭੯੭ | ਗੁਰਮੁਖੋਂ ਕੇ ਲਖ੍ਯਣ | ੮੫੨ |
| (੨) ਯੋਗ ਭ੍ਰਸ਼ਟੋਂ ਕੀ ਗਤੀ | ੭੯੯ | ਦਾਨ ਪਰਸੰਗ | ੮੫੪ |
| (੩) ਕਾਰਕੋਂ ਕੀ ਗਤੀ | ੮੦੧ | ਮਹਾ ਦਾਨੀ ਕਰਣ ਕੀ ਕਥਾ | ੮੫੪ |
| (੪) ਉਪਾਸ਼ਕੋਂ ਕੀ ਗਤੀ | ੮੦੨ | ਦਾਨ ਪਰ ਸ਼ਿਵਿ ਰਾਜਾ ਕੀ ਕਥਾ | ੮੬੦ |
| (੫) ਸ਼ੁਭ ਕਰਮੀਓਂ ਕੀ ਗਤੀ | ੮੦੨ | ਦਾਨ ਪਰ ਜਮੂਤਵਾਹਨ ਕੀ ਕਥਾ | ੮੬੧ |
| (੬) ਪਾਪੀਓਂ ਕੀ ਗਤੀ | ੮੦੪ | ਦਾਨ ਪਰ ਮਹਾਰਾਜਾ ਰੰਤਿ ਦੇਵ ਕੀ ਕਥਾ | ੮੬੨ |
| ਨਰਕੋਂ ਕਾ ਬਿਆਨ | ੮੦੭ | ਦਾਨ ਪਰ ਮਹਾਰਾਜਾ ਮਯੂਰ ਧ੍ਵਜ ਕੀ ਕਥਾ | ੮੬੩ |
| ਪਰਮਾਤਮਾ ਅੰਤਰ ਬੈਠ ਕਰ ਪ੍ਰੇਰਣਾ ਕਰਤਾ ਹੈ ਇਸ ਲੀਏ ਅੰਤਰਯਾਮੀ | ੮੦੯ | ਦਾਨ ਪਰ ਰਘੁ ਰਾਜਾ ਕੀ ਕਥਾ | ੮੬੯ |
| ਚੰਡਾਲ ਔਰ ਰਾਖ੍ਯਸ ਕੀ ਕਥਾ | ੮੧੦ | ਦਾਨ ਪਰ ਮਹਾਰਾਜਾ ਵਿਕ੍ਰਮ ਕੀ ਕਥਾ | ੮੬੯ |
| ਸਤ੍ਯ ਪਰ ਰਾਜਾ ਚੰਦ੍ਰ ਕੇਤੂ ਕੀ ਕਥਾ | ੮੧੪ | ਮੱਖੀ ਕਾ ਰਾਜਾ ਭੋਜ ਪ੍ਰਤਿ ਉਪਦੇਸ਼ | ੮੭੨ |
| ਸਤ੍ਯ ਪਰ ਅਰਜਨ ਕੀ ਕਥਾ | ੮੧੫ | ਦਾਨ ਕਾ ਮਹੱਤ੍ਵ | ੮੭੩ |
| ਸਤ੍ਯ ਪਰ ਏਕ ਭਗਤ ਔਰ ਉਸ ਕੀ ਦੋ ਇਸਤ੍ਰੀਓਂ ਕੀ ਕਥਾ | ੮੧੭ | ਸਬਰ ਸ਼ੁਕਰ ਕੇ ਅਰਥ | ੮੭੪ |
| ਸਤ੍ਯ ਪਰ ਭੋਜ ਰਾਜਾ ਕੀ ਔਰ ਉਸ ਕੇ ਵਜ਼ੀਰ ਕੀ ਕਥਾ | ੮੨੦ | | |





| ਵਿਸ਼ਯ | ਸਫ਼ਾ। | ਵਿਸ਼ਯ | ਸਫ਼ਾ |
|---|---|---|---|
| ਅਦਾਨੀ ਕੀ ਨਿੰਦਾ | ੮੭੫ | ਸਤਸੰਗ ਮੇਂ ਚਾਰ ਪ੍ਰਕਾਰ ਕੀ ਭਿਖ੍ਯਾ ਮਾਂਗਨੀ | ੯੨੧ |
| ਦਾਨ ਸੇ ਧਨ ਬ੍ਰਿਧੀ ਗੁਰੂ ਹਰਿ ਰਾਇ ਜੀ ਪਾਸ ਏਕ ਸਿਖ ਕੀ ਕਥਾ | ੮੭੬ | 'ਲੋਕ ਧਿਕਾਰ ਕਹੈ ਮੰਗਤ ਜਨ' ਪਰ ਕਥਾ | ੯੨੩ |
| ਬੋਧ ਨ ਹੋਨੇ ਪਰ ਮਾਨੁਸ਼ ਜਨਮ ਕਾ ਪਸਚਾਤਾਪ | ੮੭੭ | ਸ਼ਰੀਰ ਥੇਹ ਸੇ ਆਤਮ ਧਨ ਨਿਕਾਲਨਾ | ੯੨੪ |
| 'ਦੀਏ ਅਮਰ ਫਲ ਡਾਰ' ਪਰ ਰਾਜਾ ਔਰ ਤੋਤੇ ਕੀ ਕਥਾ | ੯੭੮ | ਕਾਮ ਕੋ ਮਾਰਨਾ | ੯੨੪ |
| ਪਸਚਾਤਾਪ ਪਰ ਚਾਰ ਦ੍ਰਿਸ਼ਟਾਂਤ | ੮੮੩ | ਕਰੋਧ ਕੋ ਮਾਰਨਾ | ੯੨੫ |
| ਕਾਮਧੇਨੁ ਅਰ "ਕਲਪਤਰ ਕਾਟ" ਪਰ ਕਥਾ | ੮੮੬ | ਲੋਭ ਕੋ ਮਾਰਨਾ | ੯੨੬ |
| ਗੁਰੂ ਸੰਜੀਵਨ ਛਾਡ | ੮੮੭ | ਮੋਹ ਕੋ ਮਾਰਨਾ | ੯੨੭ |
| ਗਿਆਨ ਰਸਾਇਨ ਤਿਆਗ | ੮੮੭ | ਅਹੰਕਾਰ ਕੋ ਮਾਰਨਾ | ੯੨੭ |
| ਚਕ੍ਰ ਚਕਵੇ ਤੇ ਗਿਆ | ੮੮੮ | 'ਹੁਕਮ ਰਜਾਈ ਚਲਣਾ' ਪਰ ਦ੍ਰਿਸਟਾਂਤ ਚੰਦ੍ਰ ਪ੍ਰਭਾ ਕਾ | ੯੨੮ |
| ਛਾਪ ਸੁਲੇਮਾਂ ਖੋਈਏ | ੮੮੯ | ਇਸਤ੍ਰੀਓਂ ਕਾ ਪਤੀ ਸੇਵਾ ਹੀ ਧਰਮ ਹੈ ਸੁਰਸਵਤੀ ਕੀ ਕਥਾ | ੯੨੮ |
| ਆਦਮ ਸ਼ਨਾਸ ਪਰਖੇ | ੮੯੧ | ਪਤੀ ਸੇਵਾ ਪਰ ਗੰਡਕੀ ਕੀ ਕਥਾ | ੯੨੯ |
| ਗੁਰ ਸੇਵਾ | ੮੯੩ | ਲਬ ਲੋਭ ਅਹੰਕਾਰ ਕੀ ਮਾਤੀ ਪਰ ਸਾਤ ਪਤਿਬ੍ਰਤਾਓਂ ਕੀ ਕਥਾ | ੯੩੪ |
| ਗੁਰੂ ਸੇਵਾ ਪਰ ਅਪਰਸ਼ਿਖਾ ਕਾ ਅਰਥ | ੮੯੪ | ਵਿਸ਼੍ਵੰਭਰ ਸਭ ਕੋ ਪਾਲਤਾ ਹੈ | ੯੩੬ |
| 'ਪਹਿਲਾ ਪੂਤ ਪਿਛੈਰੀ ਮਾਈ' ਕੇ ਚਾਰ ਅਰਥ | ੮੯੭ | ਮਹਾਰਾਜਾ ਧਿਆਨ ਸਿੰਘ ਕੀ ਕਥਾ | ੯੩੭ |
| "ਪਹਿਲਾ ਪੂਤ ਪਿਛੈਰੀ ਮਾਈ" ਪਰ ਉਦਾਲਕ ਰਿਸ਼ੀ ਕੀ ਕਥਾ | ੮੯੮ | ਸ਼ੇਰ ਔਰ ਗਊ ਕੀ ਕਥਾ | ੯੩੮ |
| ਪਾਠ ਪੜਿਓ ਅਰ ਬੇਦ ਬੀਚਾਰਿਓ ਇਸ ਸ਼ਬਦ ਕੇ ਅਰਥ | ੯੦੪ | ਸੰਸਾਰ ਮੇਂ ਦੋ ਪੁੰਨ ਹੈਂ ਔਰ ਦੋ ਪਾਪ ਹੈਂ | ੯੩੯ |
| ਅਭਿਮਾਨ ਪਰ ਸ੍ਵੇਤ ਕੇਤੂ ਕੀ ਕਥਾ | ੯੧੧ | ਪੂਰਣ ਪਾਪ ਪ੍ਰਮੇਸ਼੍ਵਰ ਸੇ ਵਿਮੁਖ ਹੋਨੇ ਪਰ ਏਕ ਰਾਜਾ ਕੀ ਕਥਾ | ੯੪੦ |
| ਹਰਿ ਜੀਉ ਅਹੰਕਾਰੁ ਨ ਭਾਵਈ ਪਰ ਇੰਦ੍ਰਾਦਿ ਦੇਵਤਾਓਂ ਕੀ ਕਥਾ | ੯੧੩ | ਦੂਸਰੇ ਕੋ ਦੁਖਾਨਾ ਆਧਾ ਪਾਪ ਹੈ | ੯੪੧ |
| ਅਭਿਮਾਨ ਪਰ ਗਰੁੜ, ਸੁਦਰਸ਼ਨ, ਔਰ ਸਤਭਾਮਾਂ ਕੀ ਕਥਾ | ੯੧੩ | ਬਾਕੀ ਬ੍ਰਹਮਾਂਡ ਕੇ ਸਭ ਪਾਪ ਅਧੇ ਪਾਪ ਕੇ ਅੰਤਰ ਗਤ ਹੈਂ | ੯੪੨ |
| ਉਤਮ ਅਧਮ ਪ੍ਰੀਤੀ ਪਰ ਗੁਰੂ ਸ਼ਿਸ਼੍ਯ ਕਾ ਦ੍ਰਿਸ਼ਟਾਂਤ | ੯੧੭ | ਸੰਸਾਰ ਮੇਂ ਦੋ ਪੁੰਨ ਹੈਂ ਪੂਰਣ ਪੁੰਨ ਹਰਿ ਨਾਮ ਹੈ ਆਧਾ ਪੁੰਨ ਪਰੋਪਕਾਰ ਹੈ ਔਰ ਆਧੇ ਪੁੰਨ ਮੇਂ ਸਭ ਬ੍ਰਹਮਾਂਡ ਕੇ ਪੁੰਨ ਹੈਂ | ੯੪੨ |
| ਗੁਰੂ ਭਗਤ ਹਰੀ ਪਾਲ ਕੀ ਕਥਾ | ੯੧੯ | | |

| ਵਿਸ਼ਯ | ਸਫਾ | ਵਿਸ਼ਯ | ਸਫਾ |
|---|---|---|---|
| ਪਰਮੇਸ਼ਰ ਕੀ ਕਿਰਪਾ ਕਾ ਫਲ | ੯੪੨ | ਆਪ ਜੀ ਦੇ ਨਮਿਤਿ ਬਹੁਤ ਸਾਰੇ ਸਾਧਾਰਣ ਪਾਠ ਤੇ ਅਖੰਡ ਪਾਠ ਹੋਣੇ | ੯੫੮ |
| ਨਾਮ ਜਪਨੇ ਵਾਲੀ ਕੰਨਿਆਂ ਕੀ ਕਥਾ | ੯੪੪ | ਆਪ ਜੀ ਦੀ ਸਤਾਰੀ ਪਰ ਬੜੇ ੨ ਸਮਸ਼ਟੀ ਭੰਡਾਰੇ ਹੋਣੇ | ੯੫੯ |
| ਸੰਤ ਸੇਵਾ ਕਾ ਫਲ | ੯੪੫ | ਮੇਰਾ ਸੰਖੇਪ ਸੇ ਜੀਵਨ ਬ੍ਰਿਤਾਂਤ | ੯੬੦ |
| ਕੁਤੀ ਕੀ ਸੇਵਾ ਕਾ ਫਲ | ੯੪੯ | ਮੇਰੀ ਨੈਪਾਲ ਯਾਤ੍ਰਾ | ੯੬੧ |
| ਫਟੇ ਹੂਓਂ ਕੋ ਮਿਲਾਨੇ ਕਾ ਮਹਾਤਮ | ੯੫੦ | ਮੇਰੀ ਉਤਰ ਕਾਸ਼ੀ ਕੀ ਯਾਤ੍ਰਾ | ੯੬੨ |
| 'ਪਗ ਬਿਨ ਗਮਨਾਂ ਅਤਿ ਕਰੇ' ਇਸ ਕੇ ਬੁਧੀ ਅਨੁਸਾਰ ਭਿੰਨ ਭਿੰਨ ਅਰਥ | ੯੫੧ | ਮੇਰੀ ਅਨੰਦ ਪੁਰ ਸਾਹਿਬ ਕੀ ਯਾਤ੍ਰਾ | ੯੬੪ |
| ਚਾਰ ਦੋਸ਼ ਗੁਰੂ ਮੇਂ ਚਾਰ ਦੋਸ਼ ਸ਼ਿਸ਼ ਮੇਂ | ੯੫੨ | ਮੇਰਾ ਸ਼ਿਮਲਾ ਪਹਾੜ ਪਰ ਜਾਣਾ | ੯੬੪ |
| ਮੋਖਜ ਕੇ ਦੋ ਰਸਤੇ ਹੈਂ ਏਕ ਪੰਖੀ ਮਾਰਗ ਦੂਸਰਾ ਚੀਟੀ ਮਾਰਗ | ੯੫੨ | ਅੰਮ੍ਰਿਤਸਰ ਮੇਂ ਨਿਰਮਲ ਅਖਾੜੇ ਕੇ ਚਤੁਰ ਮਾਸ ਪਰ ਕਥਾ ਕਰਨੀ | ੯੬੫ |
| ਅਖੰਡ ਪਾਠ ਕੇ ਭੋਗ ਪਰ ਆਪ ਜੀ ਨੇ ਕਥਾ ਕਰਨੀ | ੯੫੩ | ਪਿਤਾ ਜੀ ਦਾ ਹੈਦਰਾਬਾਦ ਮੇਂ ਦੇਹਾਂਤ ਹੋਣਾ | ੯੬੭ |
| ਆਪ ਜੀ ਦਾ ਚਤੁਰਦਸ਼ੀ ਕੇ ਦਿਨ ਬੀਮਾਰ ਹੋਣਾ | ੯੫੪ | ਪੂਜਯ ਮਹਾਰਾਜ ਜੀ ਕਾ ਜੀਵਨ ਬਿਰਤਾਂਤ ਲਿਖਨਾ | ੯੬੭ |
| ਅਮਾਵਸ ਵਾਲੇ ਦਿਨ ਆਪ ਜੀ ਨੇ ਕਥਾ ਕਰਨੀ ਅਤੇ ਰਾਤ੍ਰੀ ਕੋ ਮੈਨੇ ਸੁਖਮਨੀ ਸਾਹਿਬ ਕਾ ਪਾਠ ਕਰਨਾ ਤੇ ਆਪ ਜੀ ਨੇ ਬੜੇ ਗੂੜ੍ਹ ਭਾਵ ਭਰੇ ਅਰਥ ਸੁਣਾਨੇ ਔਰ ਮੇਰੇ ਕੋ ਸ਼ੁਭ ਸਿਖਿਆ ਦੇਣੀ | ੯੫੫ | ਮੇਰਾ-ਮਾਲਵਾ ਅਤੇ ਸਿੰਧ ਦੇਸ਼ ਮੇਂ ਵਿਚਰਨਾ | ੯੬੮ |
| ਸੁਖਮਨੀ ਕੀ ੨੧ਵੀਂ ਅਸਟਪਦੀ ਦੇ ਅਰਥਾਂ ਵਿਚ ਵਿਦੇਹ ਮੁਕਤ ਪੁਰਸ਼ਾਂ ਦੇ ਲਖਣ ਦਸਦੇ ਹੋਏ ਆਪ ਭੀ ਵਿਦੇਹ ਮੁਕਤ (ਬ੍ਰਹਮ ਲੀਨ) ਹੋ ਗਏ | ੯੫੬ | ਮਨ ਕੇ ਜੀਤਨੇ ਮੇਂ ਏਕ ਮਹਾਤਮਾ ਕੀ ਕਥਾ | ੯੬੯ |
| ਆਪ ਜੀ ਦੇ ਸਰੀਰ ਦਾ ਬੜੀ ਧੂਮ ਧਾਮ ਸੇ ਵਿਮਾਨ ਕਢਨਾ ਤੇ ਗੰਗਾ ਜੀ ਦੀ ਗੋਦ ਮੇਂ ਸਮਰਪਣ ਕਰਨਾ | ੯੫੭ | ਮਨ ਕੇ ਜੀਤਨੇ ਮੇਂ ਦੂਸਰੇ ਮਹਾਤਮਾ ਕੀ ਕਥਾ | ੯੭੦ |
| | | ਪਰਮੇਸੂਰ ਜੋ ਕੁਛ ਕਰਤਾ ਹੈ ਅਛਾ ਹੀ ਕਰਤਾ ਹੈ | ੯੭੧ |
| | | ਗੰਗਾ ਇਸ਼ਨਾਨ ਕਾ ਮਹਾਤਮ ਸ਼ਰਧਾ ਵਾਲੇ ਕੋ ਮਿਲਤਾ ਹੈ | ੯੭੨ |
| | | ਮੰਦੋਦਰੀ ਕੀ ਜਨਮ ਕਥਾ | ੯੭੪ |
| | | ਸਤਿਗੁਰੂ ਕੇ ਗੁਣਾਨੁਵਾਦ ਕਰਨੇ ਸੇ ਰਸਨਾ ਸਫਲ ਹੋਤੀ ਹੈ | ੯੭੫ |


॥ ਇਤਿ ॥


## ਟੀਕਾਕਾਰ ਸੰਤ ਗਿ. ਕ੍ਰਿਪਾਲ ਸਿੰਘ ਜੀ

## ਦੀ ਅਲੌਕਿਕ ਕਲਮ ਤੋਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਟੀਕਾ ਸਾਖੀਆਂ ਸਮੇਤ (ਡੀਲੈਕਸ ਦਸ ਭਾਗਾਂ ਵਿਚ) 2700-00

## ਸ੍ਰੀ ਦਸਮ ਗ੍ਰੰਥ ਸਟੀਕ (ਅੱਠ ਭਾਗ)

ਟੀਕਾਕਾਰ ਗਿ. ਨਰੈਣ ਸਿੰਘ 8 ਭਾਗਾਂ ਵਿਚ ਸੈਟ 2000-00

## ਤੁਕ ਤਤਕਰਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

(ਡਾ: ਅਜੀਤ ਸਿੰਘ ਔਲਖ) 400-00

## ਤਵਾਰੀਖ਼ ਗੁਰੂ ਖ਼ਾਲਸਾ (ਦੋ ਭਾਗ)

(ਗਿ. ਗਿਆਨ ਸਿੰਘ)

ਇਸ ਮਹਾਨ ਗ੍ਰੰਥ ਵਿਚ ਗੁਰੂ ਖ਼ਾਲਸਾ ਦਾ ਸੰਪੂਰਣ ਜ਼ਿਕਰ ਲਫਜ਼ੀ ਸੋਧ ਕਰਕੇ ਕੰਪਿਊਟਰ ਰਾਹੀਂ ਅੱਖਰ ਮੋਟੇ ਕਰਕੇ ਕੀਤਾ ਗਿਆ ਹੈ। ਇਤਿਹਾਸਕਾਰਾਂ, ਲੇਖਕਾਂ ਅਤੇ ਵਿਦਿਆਰਥੀਆਂ ਲਈ ਇਹ ਭਰਪੂਰ ਖਜਾਨਾ ਹੈ।

ਭਾਗ ਪਹਿਲਾ : 600-00 ਭਾਗ ਦੂਜਾ : 600-00

## ਬਾਰਹ ਮਾਹਾ ਕਥਾ ਪ੍ਰਮਾਣ

### (ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ)

ਗਿਆਨੀ ਜੀ ਦੀ ਇਹ ਇਕ ਨਿਵੇਕਲੀ ਪੁਸਤਕ ਹੈ। ਜਿਸ ਨੂੰ ਪੜ੍ਹ ਕੇ ਸੰਗਤਾਂ ਕਥਾ ਸ਼ੈਲੀ ਵਿਚ ਪੂਰਨ ਅਨੰਦ ਮਾਣ ਸਕਦੀਆਂ ਹਨ। ਭੇਟਾ 250-00

ਇਸ ਤੋਂ ਇਲਾਵਾ ਗਿਆਨੀ ਜੀ ਦੀਆਂ ਹੋਰ ਵੀ ਪੁਸਤਕਾਂ ਹਨ:

ਕਥਾ ਪ੍ਰਮਾਣ ਸਾਗਰ 250-00 ਸਬਦ ਗੁਰੂ ਗੁਰ ਜਾਣੀਐ 200-00

ਮੁਖਵਾਕ ਪ੍ਰਕਾਸ਼ (ਹੁਕਮਨਾਮਿਆਂ ਦੀ ਵਿਆਖਿਆ) (ਭਾਗ ਪਹਿਲਾ) 300-00 (ਭਾਗ ਦੂਜਾ) 400-00

ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ 200-00 ਗੁਰ ਸਾਗਰ ਰਤਨੀ ਭਰਪੂਰੇ 150-00

ਮਿਲਣ ਦਾ ਪਤਾ:- **ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫੋਨ : 2542346, 5011003, 2547974

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ

(ਡਾ. ਅਜੀਤ ਸਿੰਘ ਔਲਖ)

ਕਵੀ ਸੰਤੋਖ ਸਿੰਘ ਜੀ ਰਚਿਤ ਇਹ ਅਮਰ ਗ੍ਰੰਥ ਅਜ ਤਕ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਦਾ ਵੱਡਾ ਸਰੋਤ ਚਲਿਆ ਆ ਰਿਹਾ ਹੈ। ਇਹ ਗ੍ਰੰਥ ਬ੍ਰਿਜ ਭਾਸ਼ਾ ਵਿਚ ਹੋਣ ਕਰਕੇ, ਇਸ ਦੀ ਬੋਲੀ ਬੜੀ ਕਠਿਨ ਹੈ, ਜਿਹੜੀ ਆਮ ਪਾਠਕਾਂ ਦੇ ਸਮਝ ਨਹੀਂ ਆਉਂਦੀ ਹੈ। ਇਸ ਤਥ ਨੂੰ ਮੁਖ ਰੱਖਕੇ ਇਸ ਦਾ ਸਰਲ ਪੰਜਾਬੀ ਵਿਚ ਗਿਆਰ੍ਹਾਂ ਜਿਲਦਾਂ ਵਿਚ ਅਨੁਵਾਦ ਕੀਤਾ ਗਿਆ ਹੈ। 2000-00

## ਮੁਸਲਮਾਣੁ ਕਹਾਵਣੁ ਮੁਸਕਲੁ (ਇਕਬਾਲ ਸਿੰਘ)

ਸਿੱਖ ਇਤਿਹਾਸ ਵਿਚ ਜਹਾਂਗੀਰ ਤੋਂ ਲੈ ਕੇ ਔਰੰਗਜ਼ੇਬ ਤਕ ਗੁਰੂ ਸਾਹਿਬਾਨ 'ਤੇ ਜ਼ੁਲਮ ਕਰਨ ਬਾਰੇ ਬਹੁਤ ਕੁਝ ਮਿਲ ਜਾਂਦਾ ਹੈ, ਪਰ ਉਨ੍ਹਾਂ ਮੁਸਲਮਾਨ ਸ਼ਰਧਾਲੂਆਂ ਜਿਨ੍ਹਾਂ ਨੇ ਆਪਣੇ ਜੀਵਨ ਅਤੇ ਪਰਿਵਾਰ ਵਾਰ ਕੇ ਗੁਰੂ ਸਾਹਿਬਾਨ ਦੀ ਸੇਵਾ ਕੀਤੀ, ਉਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਨਹੀਂ ਹੈ। ਲੇਖਕ ਨੇ ਇਸ ਘਾਟ ਨੂੰ ਪੂਰਾ ਕੀਤਾ ਹੈ ਅਤੇ ਮੁਸਲਮਾਨ ਸ਼ਰਧਾਲੂਆਂ ਦੀ ਵਿਸਥਾਰ ਪੂਰਵਕ ਜੀਵਨੀ ਦਿੱਤੀ ਹੈ, ਜਿਹੜਾ ਕਿ ਇਕ ਅਦੁੱਤੀ ਕਾਰਜ ਹੈ। 250-00 ਉਰਦੂ ਵਿਚ ਵੀ ਛੱਪ ਕੇ ਤਿਆਰ ਹੋ ਗਈ ਹੈ। 300-00

## ਗੁਰ ਪ੍ਰਕਰਣ ਚਾਨਣ (ਸੰਤ ਹਰੀ ਸਿੰਘ 'ਰੰਧਾਵੇ ਵਾਲੇ')

ਇਸ ਪੁਸਤਕ ਵਿਚ ਗੁਰੂ ਸਾਹਿਬਾਨ ਦੇ ਅਵਤਾਰ ਦਿਹਾੜੇ, ਗੁਰਤਾ- ਗੱਦੀ, ਜੋਤੀ ਜੋਤ ਸਮਾਉਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨਾਲ ਸੰਬੰਧਿਤ ਵਿਸ਼ੇ ਬੜੀ ਖੋਜ ਕਰਕੇ ਲਿਖੇ ਗਏ ਹਨ। ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ ਵਿਚੋਂ ਪ੍ਰਮਾਣ ਦੇ ਕੇ ਗ੍ਰੰਥ ਨੂੰ ਬੜਾ ਭਾਵਪੂਰਕ ਬਣਾ ਦਿੱਤਾ ਹੈ। ਕਥਾ ਵਾਚਕਾਂ ਵਾਸਤੇ ਇਹ ਅਨਮੋਲ ਦਾਤ ਹੈ। ਭੇਟਾ 400-00

## ਗੁਰਮਤ ਸੁਧਾਕਰ (ਭਾਈ ਕਾਨ੍ਹ ਸਿੰਘ ਨਾਭਾ)

ਇਸ ਵਿਚ ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾ, ਜਨਮ ਸਾਖੀ ਗੁਰੂ ਨਾਨਕ ਦੇਵ, ਗੁਰਬਿਲਾਸ ਪਾਤਿਸ਼ਾਹੀ ਦਸਵੀਂ, ਗੁਰੂ ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਸੌ ਸਾਖੀ ਰਹਿਤਨਾਮੇ ਆਦਿ ਗ੍ਰੰਥਾਂ ਵਿਚੋਂ ਗੁਰਮਤ ਦੇ ਵੱਖ ਵੱਖ ਸਿਧਾਂਤਾਂ ਦੀ ਪ੍ਰੋੜ੍ਹਤਾ ਲਈ ਪ੍ਰਮਾਣ ਇਕੱਤਰ ਕੀਤੇ ਗਏ ਹਨ। 250-00

## ਗੁਰਮਤ ਪ੍ਰਭਾਕਰ (ਭਾਈ ਕਾਨ੍ਹ ਸਿੰਘ ਨਾਭਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਗੁਣ ਭਰਪੂਰ ਮਹਾਨ ਸਾਗਰ, ਜਿਸ ਵਿਚ ਸਭ ਉਪਦੇਸ਼ ਅਮੋਲਕ ਰਤਨ ਹਨ, ਪਰ ਉਨ੍ਹਾਂ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ ? ਉਨ੍ਹਾਂ ਅਮੋਲਕ ਰਤਨਾਂ ਨੂੰ ਉਪਲਬਧ ਕਰਨ ਵਾਸਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਅੱਖਰ ਕ੍ਰਮ ਅਨੁਸਾਰ ਗੁਰਬਾਣੀ ਵਿਚੋਂ ਪ੍ਰਸੰਗ ਚੁਣ ਕੇ ਇਸ ਗ੍ਰੰਥ ਵਿਚ ਇਕੱਤਰ ਕੀਤੇ ਹਨ। 250-00


ੴ ਸਤਿਗੁਰ ਪ੍ਰਸਾਦਿ ॥

# ਅਥ ਪ੍ਰਮਾਤਮ ਸਮਰਣ ਰੂਪ ਮੰਗਲ ॥

ਦੋਹਿਰਾ–

ਪੂਰਣ ਪਰਮ ਅਦ੍ਵਿਤੀਵਰ ਬ੍ਰਹਮ ਸਚਿਦਾਨੰਦ।
ਮਮ ਅਭਿੰਨ ਅਮੰਦ ਵਿਭੂ ਸ੍ਵਯੰ ਪ੍ਰਕਾਸ਼ ਅਮੰਦ ॥੧॥

—•—

[ਅਥ ਸਰਸ੍ਵਤੀ ਮੰਗਲ]

ਸਰਬ ਸੁਖਦ ਸ਼੍ਰੁਤਿ ਬੁਧਿਦਾ ਵਾਗੇਸ੍ਵਰੀ ਅਨੂਪ।
ਅਰਚਿਤ ਅਮਰ ਅਖੰਡ ਜਿਹ ਸੁੰਦਰ ਮੰਗਲ ਰੂਪ ॥੨॥

ਤੋਟਕ ਛੰਦ–

ਵਰ ਹੰਸ ਸੁਹੀਰਨ ਹਾਰਨਸੀ। ਸੁਭ ਚੰਦਨ ਚੌਰਨ ਪਾਰਨਸੀ।
ਭਵ ਧੌਲ ਕਪੋਤ ਕਪੂਰ ਖਚੀ। ਜਿਹ ਕੀਰਤਿ ਚੰਦ੍ ਸਮਾਨ ਰਚੀ॥੩॥
ਮੁਖ ਮੰਡਲ ਸ਼ੋਭ ਰਵੀ ਅਮਲਾ। ਜਿਹ ਬਾਹਿਨ ਹੰਸ ਕਰੇ ਕਮਲਾ।
ਸੁਭ ਸਾਰਦ ਸਾਰਦ ਦਾਇ ਛਟਾ। ਜੁ ਉਪਾਸਿਕ ਕਾਟ ਅਬੋਧ ਘਟਾ ॥੪॥
ਸੁਖਦੰ ਨਿਰਦੋਖ ਮਯੰਕ ਸਮੰ। ਵਰ ਸ਼ਾਂਤਿ ਸਰੂਪ ਨਿਵਾਰ ਤਮੰ।
ਚਿਤ ਚਿੰਤਨਤੇ ਸੁਭ ਬੋਧ ਹੁਤੇ। ਉਰ ਧਾਰਨ ਤੇ ਤਬ ਮੋਹਿ ਕੁਤੇ ॥੫॥
ਕਰ ਦੰਡ ਸੁ ਬੀਣ ਬਿਰਾਜਤ ਹੈ। ਉਰ ਮੋਤਿਨ ਹਾਰ ਸੁਛਾਜਤ ਹੈ।
ਰਤਿ ਕੇ ਪਤਿ ਸੋਭ ਵਿਨਾਸ਼ ਕਰੀ। ਮੁਖ ਚਾਰ ਕਰੇ ਉਰ ਮੋਹ ਧਰੀ ॥੬॥
ਸ਼ਰਣਾਗਤ ਹੂੰ ਕਰ ਤ੍ਰਾਣ ਅਜੇ। ਕਵਿਤਾ ਕਵਿ ਦਾ ਹਿਤ ਦਾਸ ਭਜੇ।
ਮਮ ਬੁੱਧਿ ਅਕੁੰਠ ਨ ਹੋਇ ਕਬੀ। ਜਿਹ ਜਾਇ ਠਟੇ ਗਣਬ੍ਰਿੰਦ[illegible]ਬੀ ॥੭॥

ਦੋਹਿਰਾ–

ਸਰਬ ਅਰੰਭ ਸੁ ਹ੍ਰਿਦੇ ਮੇ ਸਾਰਦ ਸ਼ੁਭਗਮਨਾਯ।
ਹੋਇ ਰੁਕਾਵ ਨ ਕਹੀ ਮੁਹਿ ਨਮੋ ਕਰੋ ਸਿਰਨਾਯ ॥੮॥

—•—

[ਅਥ ਗਣੇਸ਼ ਮੰਗਲ]

ਦੋਹਰਾ–

ਗਣ ਨਾਯਕ ਪਾਵਨ ਪਰਮ ਵਿਘਨ ਵਿਨਾਸ਼ਕ ਦੇਵ॥
ਕਰਤ ਅਮੰਗਲ ਹਾਂਨ ਅਤਿ ਨਮੋ ਤੁਸ੍ਰ ਖਿਣ ਏਵ॥੯॥

—●—

[ਸ੍ਰੀ ਗੁਰੂ ਦਸੋਂ ਪਾਤਸ਼ਾਹੀਓਂ ਕਾ ਮੰਗਲ]

ਛਪੈ ਛੰਦ–

ਸ੍ਰੀ ਗੁਰੁ ਨਾਨਕ ਦੇਵ ਗੁਰੂ ਅੰਗਦ ਧਰ ਧਯਾਨਾ।
ਅਮਰ ਦਾਸ ਗੁਰੁ ਰਾਮ ਦਾਸ ਕਰ ਹੈਂ ਕਲਯਾਨਾ॥
ਅਰਜਨ ਸ੍ਰੀ ਗੁਰੂ ਗ੍ਰੰਥ ਗਿਰਾ ਬੋਹਿਥ ਨਿਰਮਾਤਾ।
ਹਰਿ ਗੋਬਿੰਦ ਸੁ ਸ੍ਰੀ ਗੁਰੂ ਦੁਸ਼ਟਨ ਦਲ ਹਾਤਾ।
ਹਰਿ ਰਾਇ ਹਰਿ ਕ੍ਰਿਸ਼ਨ ਗੁਰੂ ਤੇਗ ਬਹਾਦੁਰ ਨਮੋਕਰ।
ਸ੍ਰੀ ਗੁਰੂ ਗੋਬਿੰਦ ਸਿੰਘ ਜੂ ਬੰਦੋਂ ਧਰ ਪਰ ਸੀਸ ਧਰ॥੧੦॥

ਸੋਰਠਾ–

ਬੰਦਨ ਦੋ ਕਰ ਜੋਰ, ਸ੍ਰੀ ਗੁਰੂ ਗ੍ਰੰਥ ਸੁ ਪੰਥ ਵਰ।
ਬੁਧਿ ਗਯਾਨ ਉਰਮੋਰ, ਦਾਇਕ ਲੋਕ ਪ੍ਰਲੋਕ ਸਦ॥੧੧॥

—●—

[ਨਾਮ ਦਾਤਾ ਸ੍ਰੀ ਗੁਰੂ ਮੰਗਲ]

ਸੋਰਠਾ–

ਨਾਰਾਯਣ ਅਵਤਾਰ, ਸ੍ਰੀ ਗੁਰੂ ਦਾਤਾ ਨਾਮ ਕੇ।
ਨਾਰਾਯਣ ਬਲ ਸਾਰ, ਨਾਰਾਯਣ ਮ੍ਰਿਗ ਰਾਜ ਜੂ॥੧੨॥
ਪਦ ਰਜ ਸ੍ਰੀ ਗੁਰ ਸੀਸ, ਧਾਰ ਕਰੋ ਕਰ ਜੋਰ ਕੈ।
ਨਾਮ ਦਾਨ ਜਗਦੀਸ, ਦਯੋ ਨਮੋ ਕਰ ਹੌਂ ਸਦਾ॥੧੩॥
ਤਜ ਅਨਰਸ ਕਰ ਸੇਵ, ਸਬਦ ਗਹੌਂ ਬ੍ਰਹਮ ਰਸ ਲਹੌਂ।
ਧੰਨਯ ਧੰਨਯ ਗੁਰਦੇਵ, ਨਮੋਂ ਕਰੌਂ ਪਾਵਨ ਚਰਨ॥੧੪॥

ਦੋਹਰਾ–

ਸ਼ੁਭ ਵਿਦਯਾ ਦਾਤਾ ਸਦਾ, ਬੰਦੌਂ ਪਗ ਸਿਰ ਨਾਯ।



ਸਾਸਤ੍ਰ ਬੋਧ ਸੁ ਬੋਧ ਕਰ, ਅਨਾਯਾਸ ਸਮਝਾਯ॥੧੫॥

[ਨੰਮ੍ਰਤਾ]

ਨਹਿ ਵਿਦਯਾ ਕਵਿਤਾ ਹਮੇਂ, ਨਹਿ ਰਸ ਭਾਵ ਸੁ ਗਯਾਨ।
ਖਿਮਾਂ ਕਰੈ ਪਿਖ ਕੈ ਗੁਨੀ, ਸਿਸੁ ਲਘੁ ਉਰ ਮੇਂ ਜਾਨ॥੧੬॥
ਨਿਜ ਗੁਰੁ ਦਾਤਾ ਨਾਮ ਕੀ, ਜਨਮ ਕਥਾ ਸੁਭ ਜੌਨ।
ਵਰਣਨ ਕਰੂੰ ਸਪ੍ਰੇਮ ਕਰ, ਮੰਗਲ ਮੋਦ ਸੁ ਭੌਨ॥੧੭॥

[ਵਿਨਯ]–ਚੌਪਈ–

ਪੰਡਿਤ ਸੰਤ ਬ੍ਰਿੰਦ ਸਿਰ ਨਯਾਵੋਂ। ਜਿਹ ਪ੍ਰਸਾਦਿ ਕਵਿਤਾ ਸੁਭ ਪਾਵੋਂ।
ਤਿਹ ਕਰੁਣਾਕਰ ਦੋਖ ਅਗਾਰੂ। ਰਚਨਾ ਕੇਰ ਟਰੈ ਬਿਨ ਬਾਰੂ॥੧੮॥
ਜਿਹ ਮਾਥੇ ਈਸ਼੍ਵਰ ਕੀ ਛਾਯਾ। ਜੋ ਚਹਿ ਕਰੈ ਧਾਰ ਹਰਿ ਦਾਯਾ।
ਦਲਨ ਦਰਪ ਦਾ ਬੋਧ ਸੁਚਾਰੂ। ਹਰੀਏ ਕਸ੍ਰ ਬੇਗ ਹਿਤ ਧਾਰੂ॥੧੯॥
ਖਲ ਜਨ ਕਰ ਹੈਂ ਵੈਰ ਅਕਾਰਣ। ਰੁਸ੍ਰ ਤੁਸ੍ਰ ਖਿਨ ਮਨ ਦਾਰੁਣ।
ਪਰਮ ਅਮੰਗਲ ਮੂਰਤ ਜਾਂਕੀ। ਬੰਦੋ ਸੰਗਤੀ ਹੋਇ ਨ ਤਾਂਕੀ॥੨੦॥
ਸੁਭ ਮਹਾਂਨ ਸੰਤਨ ਪਦ ਮਾਂਹੀ। ਨਮਨ ਕਰੋਂ ਜਾਂਕੇ ਛਲ ਨਾਂਹੀ।
ਕਰੈ ਅਕ੍ਰਿਤਮ ਪ੍ਰੇਮ ਮਹਾਨਾ। ਹਰਤ ਮੋਹ ਕਰ ਹੈ ਕਲਯਾਨਾ॥੨੧॥

—●—

[ਈਸ਼੍ਵਰ ਪ੍ਰਾਰਥਨਾ]–ਮਤ ਗਯੰਦ ਛੰਦ–

ਸਯਾਮ ਸਰੋਜ ਸਮੰ ਸੁਭ ਮੂਰਤ ਤੇਜ ਸਦਾ ਸੁਖਦਾਈ।
ਸ਼ਾਂਤਿ ਅਚੱਲ ਦਯਾਲੁ ਦਮੋਦਰ ਵਾਰਜ ਨੈਨ ਅਪੂਰਬ ਤਾਈ।
ਮੋਤਿਨ ਹਾਰ ਹਰੈ ਤਮ ਜਾਰ ਗਦਾ ਗ੍ਰਹਿ ਹਾਥ ਨਿਸਾਚਰ ਘਾਈ।
ਮੋ ਉਰ ਮੇਂ ਨਿਤ ਵਾਸ ਕਰੈਂ ਕਰੁਣਾਕਰ ਕੇ ਸੁਭ ਸ਼ੇਸ਼ ਕੇ ਸਾਈ॥੨੨॥
ਕਰਤਾ ਭਰਤਾ ਹਰਤਾ ਭਵ ਕੇ ਗੁਨ ਤੀਨ ਸਰੂਪ ਅਪੂਰਬ ਜੋਈ।
ਜਿਹ ਕੀ ਸ਼ਕਤੀ ਪਰਪੰਚ ਵਿਖੇ ਵਰਤੇ ਤਿਹ ਕੇ ਸਮ ਆਨ ਨ ਲੋਈ।
ਲਖ ਚਾਰ ਸੁਖਾਨ ਚਰਾਚਰ ਜੀਵ ਸੁ ਦੂਸਰ ਸੇ ਨ ਮਿਲੇ ਇਕ ਕੋਈ।
ਵਹਿ ਮਾਯਪਤੀ ਸੁਖ ਦਾਯ ਅਤੀ ਪਦਕੰਜ ਨਮੋ ਕਰ ਜੋਰ ਸੁ ਦੋਈ॥੨੩॥

[ ਗੀਆ ਛੰਦ ]

ਜੋ ਖੀਰ ਸਾਗਰ ਸ਼ੇਸ਼ ਸਾਈ ਸ਼ਯਾਮ ਬਾਂਕੇ ਬਨ ਗਏ।
ਸ਼ੁਭ ਸ਼ਾਂਤਿ ਛਾਈ ਓਰ ਚਾਰੋਂ ਬਯਾਸ਼ ਆਦੀ ਭਨ ਗਏ।
ਜਿਹ ਨਾਭਿ ਸੁੰਦਰ ਕਮਲ ਤੇ ਵਰ ਬ੍ਰਹਮ ਦੇਵ ਸੁ ਸੋਭਤੇ।
ਵਹਿ ਚਤੁਰਭੁਜ ਭਗਵਾਨ ਕਾ ਹੈ ਦੇਵ ਦਰਸ਼ਨ ਜੋਵਤੇ॥੨੪॥
ਇਸ ਵਿਸ੍ਵ ਕਾ ਆਧਾਰ ਪੂਰਣ ਮੇਘ ਰੰਗ ਅਭੰਗ ਹੈ।
ਨਵਧਾ ਭਗਤਿ ਕਰ ਭਗਤਜਨ ਸੇਵੈ ਸਦਾ ਸੁੱਖੁ ਸੰਗ ਹੈ।
ਅਘਟਨ ਘਟਨ ਪਟੀਯਸੀ ਪਦ ਸੇਵ ਕਰੁਤੀ ਹੈ ਸਦਾ।
ਅਸ ਪ੍ਰਾਣ ਪਯਾਰੇ ਈਸਪਦ ਕਰ ਹੌਂ ਨਮੋ ਮਨ ਸੌਂ ਮੁਦਾ ॥੨੫॥

—•—

[ਅਬ ਸ੍ਰੀ ਗੁਰ ਜੀਵਨ ਵਰਨਨੰ]–ਚੌਪਈ

ਮਮ ਅਗਯਾਨ ਨਿਵਾਰਨ ਕੀਨਾ। ਅਸ ਸਤਿਗੁਰੂ ਦਾ ਬੋਧ ਪ੍ਰਬੀਨਾ।
ਜੀਵਨ ਚਰਿਤ ਅਪੂਰਬ ਕੇਰਾ। ਵਰਣਨ ਕਰੂੰ ਜੈਸੇ ਸੁਨ ਹੇਰਾ ॥੨੬॥
ਬੀਤ ਰਾਗ ਵਰ ਤਯਾਗੀ ਪਯਾਰੇ। ਰਿਖੀ ਰਾਜ ਸਮ ਚਰਿਤ ਉਦਾਰੇ।
ਜੋ ਜੋ ਸੇਵਕ ਪਦ ਕਰ ਪ੍ਰੀਤੀ। ਪਰੇ ਚਰਨ ਸਰਧਾ ਧਰ ਨੀਤੀ ॥੨੭॥
ਤਾਂਕੇ ਉਰ ਕੀ ਜਾਨ ਸੁਕਾਈ। ਕਾਟਤ ਦਾਇ ਗਯਾਨ ਸੁਖਦਾਈ।
ਧੰਨ ਧੰਨ ਗੁਰ ਦੀਨ ਦਯਾਲੂ। ਸੁਭਗ ਚਰਿਤ ਜਾਂਕੇ ਸੁਖ ਆਲੂ॥੨੮॥
ਪ੍ਰਗਟੇ ਜੌਨ ਦੇਸ ਸ਼ੁਭ ਥਾਨਾਂ। ਵਰਣਨ ਕਰੌਂ ਸੁਨੋ ਬੁਧਿਵਾਨਾਂ।
ਭਾਰਤ ਭੂਮੀ ਪਾਵਨ ਪਯਾਰੀ। ਜਨਨੀ ਸੂਰਬੀਰ ਕੀ ਭਾਰੀ ॥੨੯॥
ਵੇਦ ਪੁਰਾਨ ਜਾਸ ਜਸ ਗਾਵੇਂ। ਕਰ ਸ਼ੁਭ ਕਰਮ ਸ੍ਵਰਗ ਜਨ ਜਾਵੇਂ।
ਰਾਜਰਿਖੀ ਵਿਸ਼ਿਸ਼੍ਟ ਵਿਗਯਾਨੀ। ਯਾਗਯਵਲਕ ਆਦੀ ਗੁਨਖਾਨੀ॥੩੦॥
ਭਗਤ ਹੇਤ ਪੁਨ ਦਸ ਅਵਤਾਰਾ। ਨਰਸਿੰਘ ਆਦਿ ਭਏ ਸੁਖ ਕਾਰਾ।
ਦਾਸਨ ਕੇ ਉਰ ਤ੍ਰਾਸ ਸੁ ਜੋਈ। ਹਰੋ ਦੀਨ ਬੰਧੂ ਸਭ ਕੋਈ ॥੩੧॥
ਜਬ ਜਬ ਹੇਤ ਧਰਮ ਕੀ ਹਾਨੀ। ਪ੍ਰਗਟੈ ਨਾਰਾਯਣ ਸੁਖ ਦਾਨੀ।
ਅਸ ਭਾਰਤ ਭਗਤਨ ਕੀ ਮਾਤਾ। ਜਾਂ ਮੈਂ ਭਏ ਅਨੇਕ ਮਹਾਤਾ ॥੩੨॥



ਤਾਂਮੇ ਦੇਸ਼ ਸਕਲ ਸਿਰਮੌਰਾ। ਅਹੈ ਪੰਜਾਬ ਗਯਾਨ ਕੀ ਠੌਰਾ।
ਸਤਦ੍ਰਵ ਬਯਾਸਾ ਰਾਵੀ ਨਾਮਾਂ। ਜਿਹਲਮ ਅਪਰ ਚਨ੍ਹਾਵ ਲਲਾਮਾਂ।
ਪਾਂਚ ਆਬ ਤੇ ਜਾਨਿ ਪੰਜਾਬਾ। ਪਰੋ ਜਾਨੀਯੇ ਨਾਮ ਅਜਾਬਾ ॥ ੩੩ ॥
ਸ੍ਰੀ ਗੁਰੂ ਨਾਨਕ ਜੀ ਅਵਤਾਰਾ। ਤਾਸ ਦੇਸ ਪ੍ਰਗਟੇ ਸੁਖ ਕਾਰਾ।
ਦੇ ਉਪਦੇਸ਼ ਨਾਮ ਗੁਰਬਾਨੀ। ਤਾਰੋ ਦਾਸ ਦੀਨ ਸੁਖਦਾਨੀ ॥ ੩੪ ॥
ਮੱਦ੍ਰ ਦੇਸ ਮਾਝਾ ਕਹਿਲਾਵੇਂ। ਪਾਵਨ ਅਵਨੀ ਰਿਖਿ ਮੁਨਿ ਗਾਵੇਂ।
ਤਾਕੀ ਕਥਾ ਅਪੂਰਬ ਜੋਈ। ਆਗੇ ਵਰਣਨੰ ਕਰ ਹੌਂ ਸੋਈ ॥ ੩੫ ॥
ਅਬ ਕਿਛੁ ਪਰਾਚੀਨ ਇਤਹਾਸੂ। ਅਘ ਮੋਚਨ ਸੋ ਕਰੂੰ ਪ੍ਰਕਾਸ਼ੂ।
ਸਾਗਰ ਮਥਨ ਕੀਓ ਕਿਤ ਕਾਲੂ। ਅਸੁਰਦੇਵ ਯੁਤਹਰੀ ਕ੍ਰਿਪਾਲੂ ॥ ੩੬ ॥
ਚੌਦਹ ਰਤਨ ਪ੍ਰਗਟ ਤਬ ਕੀਨੇ। ਚਹੇ ਹਰੀ ਸਭਹੂ ਕੋ ਦੀਨੇ।
ਮਾਧਵ ਰਿਖੀ ਅਮੀ ਲਘੁ ਜਾਚਾ। ਕਰੈ ਮੁਨੀ ਪੂਰਣ ਸੋ ਬਾਚਾ ॥੩੭॥
ਅਸ ਵਿਚਾਰ ਸ੍ਰੀ ਹਰੀ ਉਚਾਰਾ। ਅਮੀ ਸਰੋਵਰ ਧਰਾ ਸੁ ਭਾਰਾ।
ਇਖ੍ਵਾਕੂ ਜਿਹ ਯਗਯ ਕਰਾਯੋ। ਸਭੀ ਦੇਵ ਮੁਨਿ ਜੂ ਹੈ ਗਾਯੋ ॥ ੩੮ ॥
ਤਹਾਂ ਜਾਇ ਕਰ ਕਰੋ ਨਿਵਾਸੂ। ਅਰ ਅਸਨਾਨ ਤਾਪ ਤਨ ਨਾਸੂ ॥
ਭਾਲਨਾਇ ਰਿਖ ਬਿਨੈ ਅਲਾਈ। ਜਾਨੋ ਨਾ ਤਿਹ ਕਹਾਂ ਸੁਜਾਈ ॥੩੯॥
ਭਗਤ ਪ੍ਰਿਯ ਮੁਨਿ ਕੀ ਸੁਨ ਬਾਨੀ। ਗਣ ਸਮੇਤ ਪਹੁੰਚੇ ਗੁਣ ਖਾਨੀ ॥
ਸੁੰਦਰ ਸ਼ੋਭਨੀਕ ਸ਼ੁਭ ਥਾਨਾਂ। ਪੰਖੀ ਕਲਵਰ ਕਰਹੈ ਨਾਨਾਂ ॥ ੪੦ ॥
ਨੀਰ ਤੀਰ ਤਰਵਰ ਸੁਭ ਛਾਯਾ। ਹਰੀ ਜਾਨ ਕਰ ਕੀਨੀ ਦਾਯਾ।
ਐਸੇ ਜਾਮ ਕਰੁਣਾਕਰ ਏਸੂ। ਭੂਮੀ ਪਾਵਨ ਕਟੈ ਕਲੇਸੂ ॥ ੪੧ ॥
ਅੰਮ੍ਰਿਤ ਮਧਯ ਦੇਸ ਮੋ ਰਾਖਾ। ਧਨੁਸ਼ ਮਾਪ ਪਰ ਸੁਰਗਣ ਭਾਖਾ।
ਘਟ ਸਮੀਪ ਭਗਵਾਨ ਬਿਰਾਜੇ। ਰਮਾ ਸੰਗ ਸੁਰ ਜੈ ਜੈ ਗਾਜੇ ॥ ੪੨ ॥
ਪੂਰਬ ਮੁਖ ਦਿਸ ਤੇਜ ਅਪਾਰੂ। ਬਾਂਟੇ ਰਤਨ ਰੀਤ ਧਰ ਚਾਰੂ।
ਅੰਤਰ ਜਲ ਸਭ ਦੇਵ ਸੁ ਹੋਏ। ਤਿਰੋ ਭੂਤ ਜਿਹ ਚਿਨ੍ਹ ਨ ਕੋਏ ॥੪੩॥

( ਪ੍ਰਸ਼ਨ )

ਮਾਧਵ ਰਿਖਿ ਪੈ ਭਨੇ ਮੁਰਾਰੀ। ਕਵਲਨੈਨ ਸ਼ੁਭ ਗਿਰਾ ਉਚਾਰੀ।

ਵਾਰੀ ਰੂਪ ਭਏ ਸੁਰ ਪਜਾਰੇ। ਰਹੇ ਸ਼ਕਤੀ ਇਸ ਬਲ ਅਪਾਰੇ ॥ ੪੪ ॥
ਅੰਮ੍ਰਿਤ ਪ੍ਰਥਮ ਸੁਰਨ ਹੈ ਗੇਰਾ। ਪੁੰਨ ਅਬ ਸੁਧਾ ਯਹਾਂ ਹੈ ਹੇਰਾ।
ਅਬ ਹਮ ਭੀ ਇਸ ਮੱਧਜ ਸਮਾਵੈਂ। ਸਮਾਂ ਪਾਇ ਤੀਰਥ ਪ੍ਰਗਟਾਵੈ ॥੪੫॥
ਅੰਮ੍ਰਿਤ ਘਟ ਜਹਿਂ ਪ੍ਰਥਮ ਟਿਕਾਯਾ। ਵੈਨ ਤੇਜ ਚੜ੍ਹ ਜਬ ਹਰਿ ਆਯਾ।
ਯਗਜਸ਼ੇਸ਼ ਸਭ ਜਬਹੀ ਕੀਨਾਂ। ਅੰਮ੍ਰਿਤ ਸ਼ੇਸ਼ ਧਰ ਥਾਪਸ ਦੀਨਾ ॥੪੬॥
ਪੁਨ ਸ੍ਰੀ ਰਾਮ ਲਵੀ ਸੰਗ ਆਈ। ਯੁਧਜ ਕੀਨ ਹਿਤ ਯਗਜ ਤਦਾਈ।
ਪਕੜ ਅਸ੍ਵ ਲਵ ਕੁਸ਼ੂ ਜੂ ਰਾਖਾ। ਹੇਤ ਛੁਡਾਵਨ ਯੁਧਜ ਸੁਭਾਖਾ ॥੪੭॥
ਲਵ ਕੁਸ ਦੋਨੋਂ ਪਰਮ ਸੁ ਬੀਰਾ। ਮਾਰੀ ਸੈਨਾ ਕਰੀ ਅਧੀਰਾ।
ਰਾਮ ਭਰਤ ਪੁਨ ਲਖਨ ਸੁ ਆਕੈ। ਸਤ੍ਰੂਘਨ ਚਾਰੋ ਬਲ ਲਾਕੈ ॥੪੮॥
ਖਾਇ ਮੂਰਛਾ ਹਾਰ ਸੁ ਪਾਈ। ਹਨੂੰ ਪਕੜ ਲੀਨੋ ਦੋਊ ਭਾਈ।
ਸੀਤਾ ਪਾਸ ਹਨੂ ਕੋ ਲਜਾਏ। ਹਨੂ ਪਾਦ ਮਾਤਾ ਸਿਰ ਨਾਏ ॥ ੪੯ ॥
ਸੀਤਾ ਪਿਖ ਹਨੂਮਾਨ ਪਿਆਰਾ। ਹਨੂਮਾਨ ਆਂਸੂ ਕੋ ਡਾਰਾ।
ਮਾਤਾ ਪਾਦ ਹਨੂ ਧਰ ਸੀਸ। ਪ੍ਰਗਟਾਈ ਸਭ ਕਥਾ ਸੁਕੀਸ ॥ ੫੦ ॥
ਮਾਤ ਸੁਨੋ ਯਹ ਬਾਲਕ ਬੀਰਾ। ਅਸ੍ਵ ਯਗਜ ਗਹਿ ਰਾਖੋ ਤੀਰਾ।
ਲਖਨ ਕਹੋ ਛੋਡੋ ਯਹ ਘੋਰਾ। ਮਾਨ ਵਾਕ ਸੁਨੋ ਤੁਮ ਮੇਰਾ ॥ ੫੧ ॥
ਯੁਧਜ ਕੀਨ ਘੋਰਾ ਨਹਿ ਦੀਨਾ। ਸਗਰੀ ਸੈਨ ਮੂਰਛਾ ਕੀਨਾ।
ਰਾਮ ਭਰਤ ਲਖਨ ਸਤ੍ਰੂ ਘਨ। ਮੂਰਛ ਭਏ ਪਏ ਸੁਨੀਏ ਰਨ ॥੫੨॥
ਜਾਨ ਜਾਨਕੀ ਜਨਨੀ ਲਵ ਕੀ। ਦੁਖੀ ਭਈ ਦੁਖ ਦਾਵਾ ਭਵ ਕੀ।
ਜਬ ਸੀਤਾ ਅੱਖ ਆਂਸੂ ਆਯਾ। ਲਵ ਕੁਸ਼ ਜਾਨ ਅਤੀ ਦੁਖ ਪਾਯਾ ॥੫੩॥
ਕਹੋ ਪੂਤ ਪਿਤ ਭ੍ਰਾਤ ਸਮੇਤ। ਮਾਰ ਮੂਰਛਾ ਕੀਨ ਸੁਖੇਤ।
ਸੁਨ ਲਵ ਕੁਸ਼ ਕਰ ਜੋਰ ਬਖਾਨਾ। ਮਾਤ ਹਮੇ ਨਹਿਂ ਗਜਾਨ ਅਲਾਨਾ॥੫੪॥
ਬਾਲਮੀਕ ਜਬ ਯਹ ਸੁਨ ਪਾਯਾ। ਰਾਮ ਤੀਰਥ ਪਰ ਬੈਠ ਅਲਾਯਾ।
ਸੂਰਯ ਮੰਤ੍ਰ ਦੋਊ ਕੋ ਦੀਨਾਂ। ਅੰਮ੍ਰਿਤ ਹੇਤ ਯਾਚਨਾ ਕੀਨਾਂ ॥੫੫॥
ਰਵ ਉਪਾਸ਼ਨਾਂ ਅੰਮ੍ਰਿਤ ਪਾਯੋ। ਸੋ ਕਲਸਾ ਲੈ ਲੈ ਛਰਕਾਯੋ।
ਸਕਲ ਸੈਨ ਕੀ ਮੂਰਛ ਜੋਈ। ਖੁਲ੍ਹੀ ਸਭੀ ਕੋ ਤੌ ਸੁਧ ਹੂਈ ॥੫੬॥



ਰਾਮ ਲਖਨ ਪੁਨ ਭਰਤ ਕੁਮਾਰਾ। ਸ਼ਤ੍ਰੂਘਨ ਦੋਊ ਬਾਲ ਨਿਹਾਰਾ।
ਬਾਲਮੀਕ ਪੁਨ ਤਹਿਂ ਚਲ ਆਯੋ। ਪਰਚਾ ਭ੍ਰਾਤਨ ਕਾ ਸੁ ਅਲਾਯੋ ॥੫੭॥
ਯੱਗਜ ਸ਼ੇਸ਼ ਕਲਸ ਜੋ ਰਹਾ। ਥਾਪੋ ਯਹੀ ਧਰਾ ਤਬ ਕਹਾ।
ਮਾਧਤ ਰਿਖ ਹਰਿ ਜੂ ਕੋ ਪਜਾਰਾ। ਪੁਨ ਇਖ੍ਵਾਕੂ ਯੱਗਜ ਸੁ ਧਾਰਾ ॥੫੮॥
ਤਬ ਭੀ ਅੰਮ੍ਰਿਤ ਯਹਾਂ ਟਿਕਾਯਾ। ਜਹਾਂ ਰਾਮ ਜੂ ਆਪ ਸੁ ਆਯਾ।
ਯਹ ਸ਼ੁਭ ਥਾਨ ਅੰਮ੍ਰਿਤਸਰ ਭਾਰੀ। ਪ੍ਰਗਟੇ ਸੁਨੋ ਸਮੇਂ ਅਨੁਸਾਰੀ ॥੫੯॥
ਬਾਲਮੀਕ ਸੀਤਾ ਸਹਿ ਦੋਊ। ਰਾਮ ਪਾਸ ਅਰਪੇ ਸੁਤ ਸੋਊ।
ਪਰਚਾ ਸਕਲ ਸੁਨਾਯੋ ਜਬ ਹੀ। ਰਾਮ ਜਾਨ ਲੀਨਾ ਹੈ ਸਭ ਹੀ ॥੬੦॥
ਨਿਜ ਸੁਤ ਦੋਊ ਨੈਨ ਨਿਹਾਰੀ। ਸੀਸ ਹਾਥ ਰਾਖਾ ਹਿਤ ਧਾਰੀ।
ਸੀਤਾ ਚਰਨ ਪਰੀ ਰਘੁਨਾਥਾ। ਨਾਥ ਮਾਥ ਤਾਂਕੇ ਕਰ ਰਾਖਾ ॥ ੬੧ ॥
ਜਾਇ ਅਵਧ ਪੁਰ ਯੱਗਜ ਕਰਾਯੋ। ਬਾਲਮੀਕ ਸਹਿ ਰਾਮ ਸੁਭਾਯੋ।
ਮੁਨੀ ਆਗਜਾ ਸੁਤ ਕੰਠ ਲਗਾਇ। ਗਦਗਦ ਭਏ ਸਭੀ ਸੁਖਪਾਇ ॥੬੨॥
ਰਾਜ ਤਾਜ ਸਭ ਕੋ ਹੈ ਦੀਨਾ। ਸ਼ੁਭ ਕਰ ਯੱਗਜ ਰਾਮ ਯਸ਼ ਲੀਨਾ।
ਸੋ ਯਹ ਧਰ ਪਾਵਨ ਸ਼ੁਭ ਦੇਸੂ। ਜਹਾਂ ਅੰਮ੍ਰਿਤ ਘਟ ਥਾਪੋ ਸੇਸੂ ॥
ਸੋ ਧਰ ਮੱਦ੍ਰ ਦੇਸ ਸਭ ਗਾਵਨ। ਸੁਧਾ ਸਰੋਵਰ ਹੈ ਜਹਿ ਪਾਵਨ।
ਸ੍ਰੀ ਗੁਰੂ ਰਾਮਦਾਸ ਕੁਲ ਭਵਨੰ। ਪ੍ਰਗਟਾਯੋ ਯਹ ਸ਼ੁਭ ਆ ਗਵਨੰ ॥੬੩॥
ਅੰਮ੍ਰਿਤਸਰ ਅੰਮ੍ਰਿਤ ਕੀ ਠੌਰ। ਰਚੋ ਸਰੋਵਰ ਸੁਖ ਕੀ ਪੌਰ ॥੬੪॥
ਸ੍ਰੀ ਗੁਰੂ ਅਰਜਨ ਦੇਵ ਹਮਾਰੇ। ਦਾਤਾ ਭੋਗ ਮੋਖ ਹਿਤ ਧਾਰੇ।
ਅੰਮ੍ਰਿਤ ਸ਼ੁਭ ਅੰਮ੍ਰਿਤ ਕੀ ਧਾਰਾ। ਰਚੋ ਹਰੀ ਮੰਦਰ ਤਹਿਂ ਭਾਰਾ ॥੬੫॥
ਕੰਚਨ ਮੰਦਰ ਸੁੰਦਰ ਚਾਰੂ। ਮੱਧਜ ਤਾਸ ਸ਼ੋਭੈ ਸੁ ਉਪਾਰੂ।
ਹਰਿ ਕੀ ਪੌੜੀ ਜਹਾਂ ਸੁਧਾਰੀ। ਤਹਾਂ ਕਾਰ ਹਰਿ ਆਪ ਨਿਕਾਰੀ ॥੬੬॥
ਦਰਸ਼ਨ ਦ੍ਵਾਰ ਕਾਰ ਲੈ ਆਵੈਂ। ਭਰ ਭਰ ਸੀਸ ਕੜਾਹੀ ਚਾਵੈਂ।
ਪੇਖ ਦਾਸ ਅਸਚਰਜ ਮਹਾਨਾ। ਸ੍ਰੀ ਗੁਰ ਅਰਜਨ ਮੁਖੋਂ ਅਲਾਨਾ ॥੬੭॥

ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ :-

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ
ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ
ਅੰਮ੍ਰਿਤ ਜਲੁ ਛਾਇਆ ਰਾਮ ॥ [ਸੂਹੀ ਮ: ੫

ਸ੍ਰੀ ਹਰਿ ਮੰਦਰ ਸ੍ਰੀ ਗੁਰੁ ਰੂਪਾ। ਸਭ ਤੀਰਥ ਗੁਰ ਭੂਪ ਸੁ ਭੂਪਾ ॥੬੮॥

ਕਬਿਤ-

ਸ੍ਰੀ ਗੁਰੂ ਗ੍ਰੰਥ ਜੂ ਬਿਰਾਜੈ ਹਰਿ ਮੰਦਰ ਮੈਂ, ਜਾਂ ਮੇਂ ਹਰੀ ਨਾਮ ਸੁਭ ਸ਼ੋਭਤ ਅਪਾਰਾ ਹੈ। ਪਾਠ ਤੇ ਅਨੇਕ ਪਾਪ ਕਾਟਤ ਨ ਲਾਗੇ ਬਾਰ ਪਾਨ ਕਰੈ ਅੰਮ੍ਰਿਤ ਅਮਰ ਨਰ ਨਾਰਾ ਹੈ। ਭੋਗ ਮੋਖ ਅਰਥ ਧਰਮ ਫਲ ਪਾਵੈ ਚਾਰੂ ਸੰਸੇ ਅਗਯਾਨ ਦੂਰ ਹੋਵਤ ਨਾ ਬਾਰਾ ਹੈ। ਧੰਨ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਪੁਰ ਸੁਧਾ ਕਾ ਭੰਡਾਰਾ ਹਰੀ ਰੂਪ ਕਾ ਨਜ਼ਾਰਾ ਹੈ ॥੬੯॥

ਕਬਿਤ-

ਗ੍ਰੰਥ ਗੁਰੂ ਜੀ ਕੋ ਹੈ ਗੋਬਿੰਦ ਨਾਮ ਹੂੰ ਕਾ ਸਿੰਧੁ ਤਾਂ ਮੇਂ ਮੁਕਤਾਵਲੀ ਹੈ ਸੁੰਦਰ ਵਰਣ ਕੀ। ਸੁਮਗ ਸ਼ਬਦ ਔ ਸ਼ਲੋਕ ਕੰਜ ਫੂਲੇ ਵਰ ਮਧੁਰ ਸੁਗੰਧ ਰਸ ਸ਼ਾਂਤੀ ਔ ਕਰੁਣ ਕੀ। ਪਲਵ ਸਰੋਜ ਪਦ ਤਰੀਤਰ ਮਾਤ੍ਰਨ ਕੀ ਵਿਕਸੈ ਵਿਗਯਾਨ ਕਲਾ ਉਦੇ ਜੋ ਅਰੁਣ ਕੀ। ਦਾਸ ਜਨ ਭਨੇ ਵੇਤਾ ਤਤ੍ਰ ਗਯਾਨੀ ਸੰਤ ਪੁੰਜ ਤਾਕੋ ਹੈ ਸ਼ਕਤੀ ਦੀਨ ਗੁਰੂ ਜੀ ਤਰੁਣ ਕੀ ॥੭੦॥

ਕਬਿਤ-

ਚਾਰੋਂ ਓਰ ਚਾਰੁ ਬਾਰ ਜਾਂਬੂ ਨਦ ਕੇ ਕਿਵਾਰ ਅਜਬ ਬਹਾਰ ਦਰਬਾਰ ਛਬ ਛਾਈ ਹੈ। ਬਾਰੀਆਂ ਝਰੋਖੇ ਚੋਖੇ ਜੜੇ ਹੈਂ ਜਮੁਰਦੇ ਕਰ ਚਹੂੰ ਓਰ ਚਾਰ ਦ੍ਵਾਰੀ ਕੁੰਦਨ ਕਰਾਈ ਹੈ। ਵਰਣ ਸੁਨਹਿਰੀ ਵਰ ਲੇਖ ਗੁਰੂ ਬਾਣੀ ਜੂ ਕਾ ਜਾਂਕੇ ਉਰ ਪੇਖ ਕਰ ਬਾਣੀ ਸ਼ਰਮਾਈ ਹੈ। ਦਾਸ ਜਨ ਭਨੇ ਦੇਵ ਲੋਕ ਹੂੰ ਤੇ ਦੇਖਨੇ ਕੋ ਆਵਤ ਅਮਰ ਗੁਣ ਸਾਥ ਲੈ ਲੁਗਾਈ ਹੈ। ਸ੍ਰੇਤ ਸੁਧਾਸਰ ਹੂੰ ਮੈ ਬਾਂਧੋ ਸੇਤੁ ਸੁੰਦਰ ਹੈ ਮਾਨੋ ਹੰਸ ਪੰਕਤੀ ਵਿਰਾਜਤ ਵੈਸਲਾਹੀ ਹੈ ॥ ੭੧ ॥



ਸ੍ਵੇਤ ਸੁਧਾਸਰ ਹੂੰ ਪੈ ਬਾਂਧੋ ਸ੍ਵੇਤ ਸੁੰਦਰ ਹੈ ਮਾਨੋਂ ਹੰਸ ਪੰਕਤੀ ਵਿਰਾਜਤ ਵਿਸ਼ਾਲਾ ਹੈ। ਸਿਲਾ ਸੰਗਮਰਮਰ ਕੀ ਜੁਟੀ ਹੈ ਜੁਟਾਈ ਬਾਂਕੀ ਸ਼ੋਭਤ ਗਲੀਚਾ ਰੰਗ ਰੰਗ ਵਰ ਆਲਾ ਹੈ। ਚਾਰੂ ਚੰਦ ਚੌਂਕ ਦਰੀ ਸੋਹਿਤ ਕਾਲਿੰਦ ਬ੍ਰਿੰਦ ਭਾਂਤਿ ਭਾਂਤਿ ਨਕਸ਼ਾ ਅਕਲਵੰਦੋਂ ਡਾਲਾ ਹੈ। ਦਾਸ ਜਨ ਭਨੇ ਮਾਨੋ ਜਾਵਨ ਸ੍ਵਰਗ ਹੂੰ ਕੇ ਜ਼ੋਰ ਹਿਮਗਿਰੀ ਵੀਚ ਰਸਤਾ ਨਿਕਾਲਾ ਹੈ ॥੭੨॥

ਪ੍ਰਮਾਣ ਗੁਰੂ ਗ੍ਰੰਥ ਜੀ-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ । ਬਧੋ ਪੁਰਖਿ
ਬਿਧਾਤੈ ਤਾਂ ਤੂ ਸੋਹਿਆ ॥ ਵਸਦੀ ਸਘਨ ਅਪਾਰ
ਅਨੂਪ ਰਾਮ ਦਾਸ ਪੁਰ ॥ ਹਰਿਹਾਂ ਨਾਨਕ ਕਸਮਲ
ਜਾਹਿ ਨਾਇਐ ਰਾਮ ਦਾਸ ਸਰ ॥ ੧੦ ॥

ਚੌਪਈ-

ਅਸ ਸ੍ਰੀ ਗੁਰੁ ਮੰਦਰ ਕੇ ਮਾਂਹੀ । ਪ੍ਰੇਮੀ ਸੇਵਕ ਸੇਵ ਕਰਾਂਹੀ।
ਜਾਵਤ ਦਰਸ਼ਕ ਆਵਤ ਪਯਾਰੇ । ਭਰ ਭਰ ਥਾਰ ਪ੍ਰਸਾਦ ਅਪਾਰੇ ॥੭੩॥
ਭੇਟ ਚਰਨ ਗੁਰ ਅਰਪਨ ਕਰਹੈਂ । ਮਨ ਇਛਤ ਪਾਵਤ ਸੁਭ ਵਰ ਹੈਂ।
ਧਰਮ ਅਰਥ ਅਰ ਮੋਖ ਸੁਕਾਮਾ। ਰੁਚੀ ਅਨੁਸਾਰ ਲੇਤ ਜਪ ਨਾਮਾ ॥੭੪॥
ਵਾਹਿਗੁਰੂ ਸ਼ੁਭ ਨਾਮ ਉਚਾਰੇ । ਮਨ ਉਤਸ਼ਾਹਿ ਪ੍ਰੇਮ ਵਰ ਧਾਰੇ;
ਧੰਨਯ ਧੰਨਯ ਸ੍ਰੀ ਗੁਰੁ ਜੀ ਮੇਰੇ । ਸੀਸ ਨਿਵਾਯ ਮੁਖੋਂ ਵਚਟੇਰੇ ॥੭੫॥

ਚੌਪਈ-

# ਸ੍ਰ ਗੁਰੂ ਜਨਮ ਕਥਾ

ਸ੍ਰੀ ਗੁਰੂ ਮਾਤ ਪਿਤਾ ਕਰ ਪਯਾਰੇ । ਪੂਜਨ ਕਰ ਕਰ ਪ੍ਰੇਮ ਜੁਹਾਰੇ।
ਪ੍ਰਤੀ ਰੋਜ ਬਾਣੀ ਜਪੁ ਜਾਪੇ। ਨਾਮ ਉਚਾਰ ਧਯਾਨ ਮਨ ਥਾਪੇ ॥੭੬॥
ਏਕ ਦਿਵਸ ਐਸਾ ਕਰ ਧਯਾਨਾਂ । ਬੈਠੇ ਬੀਚ ਸਮਾਧੀ ਠਾਨਾਂ।

ਧ੍ਯਾਨ ਸ੍ਰੀ ਗੁਰੁ ਨਾਨਕ ਜੀਕਾ। ਕਰ ਪਦ ਪੰਕਜ ਧਰ ਸਿਰ ਨੀਕਾ ॥੭੭॥
ਕਾਲ ਭਯੋ ਕੁਛ ਐਸਾ ਜਬ ਹੀ । ਲਗੀ ਸਮਾਧਿ ਨ ਛੂਟੀ ਤਬ ਹੀ।
ਧ੍ਯਾਨ ਬੀਚ ਗੁਰ ਦਰਸ਼ਨ ਲਾਯਾ। ਉਠੋ ਕਹੋ ਵਚ ਯਹ ਸੁਨਪਾਯਾ॥੭੮॥
ਸਾਵਚੇਤ ਹੋ ਕੇ ਪਿਤ ਮਾਤਾ । ਵਾਹਿਗੁਰੂ ਮੁਖ ਤੇ ਸੁ ਸੁਹਾਤਾ।
ਬਾਰੰਬਾਰ ਉਚਾਰਨ ਕੀਨਾ। ਕਹੇਂ ਸਫਲ ਹਮਰੋ ਹੈ ਜੀਨਾ ॥ ੭੯ ॥
ਸ੍ਰੀ ਗੁਰੂ ਮਹਾਰਾਜ ਸਮਰੱਥਾ । ਦੇਤ ਸੀਸ ਦਾਸਨ ਕੇ ਹੱਥਾ।
ਪ੍ਰਤੀ ਰੋਜ ਗੁਰੁ ਪੂਜਾ ਕਰ ਹੈਂ। ਬੈਠ ਧ੍ਯਾਨ ਗੁਰੁ ਨਾਮ ਉਚਰ ਹੈਂ ॥੮੦॥
ਪੁਨ ਜਬ ਐਸੇ ਧ੍ਯਾਨ ਲਗਾਯੋ । ਵਹੀ ਸਮਾਂ ਦੇਖਨ ਮੇਂ ਆਯੋ।
ਸ੍ਰੀ ਗੁਰੁ ਕਹਾ ਸੁਨੋ ਹੇ ਪ੍ਯਾਰੇ। ਭਗਤੀ ਪ੍ਰੇਮ ਰੂਪ ਤੁਮ ਧਾਰੇ ॥ ੮੧ ॥
ਮਮ ਆਗ੍ਯਾ ਪਾ ਜਨਮ ਸੁ ਲੀਨਾਂ । ਭਗਤੀ ਪ੍ਰੇਮ ਦੋਊ ਤੁਮ ਚੀਨਾਂ।
ਦੋਨੋਂ ਤੁਮ ਲੀਨੋ ਅਵਤਾਰਾ। ਕੀਰਤਨ ਔਰ ਪ੍ਰੇਮ ਹਰਿ ਪ੍ਯਾਰਾ ॥ ੮੨ ॥
ਕਰੀ ਭਗਤਿ ਅਰ ਪ੍ਰੇਮ ਸੁ ਧਾਰੇ । ਦੋਨੋਂ ਰੂਪ ਭਏ ਸੁ ਨਿਹਾਰੇ।
ਮਾਂਗੋ ਜੋ ਤੁਮਰੇ ਮਨ ਆਵੈ। ਹਮਰਾ ਬਚਨ ਨ ਬਿਰਥਾ ਜਾਵੈ ॥ ੮੩ ॥
ਐਸਾ ਸੁਨ ਦੰਪਤੀ ਅਲਾਯੋ । ਸ੍ਰੀ ਗੁਰੁ ਚਰਨਨ ਸੀਸ ਨਿਵਾਯੋ।
ਮਹਾਰਾਜ ਕੁਲਦੀਪ ਹਮਾਰਾ। ਪੁਤ੍ਰ ਹੋਇ ਤਬ ਭਗਤ ਉਦਾਰਾ ॥ ੮੪ ॥
ਨਾਮ ਜਾਪ ਕਰਨੇ ਮਨ ਪ੍ਰੀਤੀ । ਰਿਖੀਰਾਜ ਸਮ ਹੋਇ ਸੁ ਨੀਤੀ।
ਗ੍ਯਾਤਰੋਯ ਨਿਸਚੇ ਹੋ ਭਾਰੀ। ਬ੍ਰਹਮ ਨੇਸਠੀ ਸੁਖ ਕੇ ਕਾਰੀ ॥ ੮੫ ॥
'ਤਥਾਸਤੁ' ਸ੍ਰੀ ਗੁਰੂ ਉਚਾਰਾ । ਹੋਇ ਸਹੀ ਸੁਤ ਤੁਮਰੇ ਪ੍ਯਾਰਾ।
ਸੰਤਨ ਸੰਗ ਬ੍ਰਹਮ ਵਰ ਗ੍ਯਾਨੀ। ਹੋਰ ਗੁਨੀ ਗਨ ਸੁਖ ਕੋ ਦਾਨੀ ॥੮੬॥
ਜਬ ਹੀ ਏਕ ਵਰਖ ਭਯੋ ਜਾਨਾ । ਪ੍ਰਗਟੇ ਪੁੱਤ ਪ੍ਰੇਮ ਸੁਖ ਦਾਨਾ ॥
ਮਾਤ ਤਾਤ ਪਰਵਾਰ ਮਝਾਰੀ। ਮੰਗਲ ਗਾਵਤ ਸਭ ਮਿਲ ਨਾਰੀ ॥ ੮੭ ॥
ਸ਼ਿਸ਼ੂ ਲੀਲ੍ਹਾ ਕਰ ਹੈ ਭਲ ਰੀਤੀ। ਪੇਖ ਨਾਰ ਨਰ ਕਰਹੈਂ ਪ੍ਰੀਤੀ।
ਲਾਲਤ ਲਲਨਾਂ ਪਲਨੈ ਪਾਈ । ਹੇਰਤ ਸੋਹੈਂ ਮੋਦ ਬਢਾਈ ॥ ੮੮ ॥
ਬਢਤ ਸਰੀਰ ਦਿਨੋਂ ਦਿਨ ਭਾਰੀ। ਪਿਖ ਉਠਾਇ ਲੈ ਗੋਦ ਸੁ ਧਾਰੀ ॥



ਮਾਤ ਤਾਤ ਮੁਖ ਕਰਤ ਉਚਾਰਾ। ਬੋਲਤ ਤੋਤਲ ਬੈਨ ਅਪਾਰਾ ॥ ੮੯ ॥
ਜਬ ਹੀ ਵਰਖ ਪਾਂਚ ਕੇ ਹੋਏ । ਭਾਗਤ ਫਿਰਤ ਹਾਥ ਗ੍ਰਹਿ ਦੋਏ ॥
ਛੋਰ ਹਾਥ ਕਾਹੂ ਕੇ ਤਾਂਹੀ । ਆਵੈ ਭਾਗ ਭਾਗ ਕਰ ਜਾਂਹੀ ॥ ੯੦ ॥
ਨਾਮਕਰਣ ਗੁਰਦ੍ਵਾਰੇ ਜਾਕੇ । ਰਖਵਾਯੋ ਪਦ ਭੇਟ ਚੜ੍ਹਾਕੇ।
ਕਰ ਪ੍ਰਸਾਦ ਭੋਗ ਲਗਵਾਯੋ। ਪੁਨ ਗੁਰੁ ਗ੍ਰੰਥ ਗਿਰਾ ਵਚਵਾਯੋ ॥ ੯੧ ॥
ਵਾਕ ਸ਼ਬਦ ਗੁਰੁ ਜੀ ਕਾ ਐਸਾ । ਨਿਕਸਾ ਲਿਖੋਂ ਸੁਨੋ ਹੈ ਜੈਸਾ।
'ਨਾਰਾਯਣ ਨਰਹਰ' ਨਮਸਕਾਰੰ। ਗ੍ਰੰਥੀ ਕੀਨੋ ਏਹ ਉਚਾਰੰ ॥ ੯੨ ॥
ਸਭਨੀ ਨਾਰਾਯਣ ਮ੍ਰਿਗਰਾਜੂ । ਰਾਖੋ ਨਾਮ ਪਰਮ ਸੁਖ ਸਾਜੂ।
'ਧੰਨ ਧੰਨ' ਸਭ ਕਰਹੈਂ ਪ੍ਰੇਮੀ। ਨਾਮ ਜਾਪ ਕੇ ਜਪੀਏ ਨੇਮੀ ॥ ੯੩ ॥
ਮੰਗਲ ਕੀਨ ਅਪਾਰ ਸੁ ਭਾਰੀ । ਬਾਂਟ ਪ੍ਰਸਾਦ ਰੀਤ ਸੁਖ ਕਾਰੀ।
ਪੁਨ ਜਬ ਪੜ੍ਹਨੇ ਕੋ ਹੈ ਪਾਯੋ। ਪਿਤਾ ਪ੍ਰੇਮ ਹਰਿ ਆਪਿ ਸਿਖਾਯੋ ॥ ੯੪ ॥
ਗੁਰੁ ਬਾਣੀ ਦਿਨ ਅਲਪ ਸੁ ਮਾਂਹੀ। ਪੜ੍ਹਨੇ ਲਗੇ ਅਟਕ ਕਹਿੰ ਨਾਂਹੀ।
ਪਾਠ ਸ੍ਰੀ ਗੁਰੂ ਗ੍ਰੰਥ ਸੁ ਰਾਖਾ। ਉਚਰੈ ਬਾਣੀ ਅੰਮ੍ਰਿਤ ਚਾਖਾ ॥ ੯੫ ॥
ਅਲਪ ਦਿਵਸ ਮੇਂ ਭੋਗ ਸੁ ਪਾਵਾ। ਸ੍ਰੀ ਦਰਬਾਰ ਸੁ ਮਾਥ ਟਿਕਾਵਾ ॥
ਪੁਨ ਕੁਛ ਉਰਦੂ ਅੰਗਰੇਜ਼ੀ ਕਾ ॥ ਸਿਖ ਲੀਨ ਅਭ੍ਯਾਸ ਸੁ ਨੀਕਾ ॥੯੬॥
ਤਬ ਪਿਤੁ ਅਰਥ ਗ੍ਰੰਥ ਗੁਰਬਾਨੀ ॥ ਕਰਵਾਏ ਪੜ੍ਹ ਭਏ ਸੁਗ੍ਯਾਨੀ ॥
ਕਰ ਹੈ ਅਰਥ ਪਰਮ ਕਰ ਪ੍ਰੀਤੀ ॥ ਸੰਪ੍ਰਦਾਯ ਕੀ ਨੀਕੀ ਰੀਤੀ ॥ ੯੭ ॥
ਆਪ ਸ੍ਵਯੰ ਜਬ ਕਥਾ ਉਚਾਰੇਂ ॥ ਸੁਨ ਸ਼੍ਰੋਤਾ ਆਵੈ ਹਿਤ ਧਾਰੈਂ ॥
ਅਰਥ ਕਰਨ ਕੀ ਐਸੀ ਸ਼ੈਲੀ ॥ ਬੋਲ ਚਾਲ ਸਮਝਾਇ ਸੁਖੈਲੀ ॥ ੯੮ ॥
ਜਾਨ੍ਯੋ ਪਿਤਾ ਮਨ ਬੁਧਿ ਸੁ ਨੀਕੀ ॥ ਸ਼ਾਸਤ੍ਰ ਸੰਸਕ੍ਰਿੱਤ ਹਿਤ ਜੀ ਕੀ ॥
ਪਠਿਨ ਹੇਤ ਸ਼ੁਭ ਕਰ ਸੁ ਵਿਚਾਰਾ॥ਮਨ ਮੇਂ ਪੰਡਿਤ ਨੀਕ ਨਿਹਾਰਾ ॥੯੯॥
ਦਯਾਲ ਸਿੰਘ ਸ੍ਰੀ ਠਾਕੁਰ ਜੀ ਕੇ ॥ ਡੇਰੇ ਮੇਂ ਪੜ੍ਹ ਹੈਂ ਸਭਨੀਕੇ ॥੧੦੦॥
ਅਪਰ ਪੜ੍ਹੈਂ ਬ੍ਰਾਹਮਣ ਪੁਨ ਸਾਧੂ ॥ ਤਹਾਂ ਬਿਠਾਵੈਂ ਯਹ ਮਨ ਲਾਧੂ ॥
ਸ਼੍ਯਾਮ ਸਿੰਘ ਜੀ ਪੰਡਿਤ ਗ੍ਯਾਨੀ ॥ ਸੰਤ ਮਹਾਨ ਪਰਮ ਸੁਖਦਾਨੀ॥੧੦੧॥

ਜਾਕਰ ਪ੍ਰੇਮ ਸਿੰਘ ਜੀ ਸਾਥਾ । ਪਕੜ ਅੰਗੁਲੀ ਸੁਤ ਗਹਿ ਹਾਥਾ।
ਜਿਹ ਥਲ ਸੰਤ ਸ਼੍ਯਾਮ ਸਿੰਘ ਰਹੈ। ਸਿਸ਼ੂ ਪਾਠ ਸੰਥਾ ਕੋ ਗਹੈ ॥੧੦੨॥
ਤਹਾਂ ਜਾਏ ਪੰਡਿਤ ਜੀ ਪਾਸਾ । ਭੇਟ ਰਾਖਿਕੇ ਬੈਨ ਪ੍ਰਕਾਸਾ।
ਮਹਾਰਾਜ ਯਹ ਬਾਲ ਹੁਮਾਰਾ। ਪੜ੍ਹੇ ਆਪ ਤਟ ਬੈਠ ਉਚਾਰਾ ॥੧੦੩॥
ਯਹ ਬਾਲਕ ਗੁਰੁ ਨਾਨਕ ਦੀਨਾਂ । ਕਰੁਣਾਕਰ ਸੇਵਕ ਜਨ ਚੀਨਾਂ।
ਪੜ੍ਹੈ ਸੰਸਕ੍ਰਿੱਤ ਸੁਖਦਾਈ। ਵੇਦ ਵਿਹਤ ਵਿਦ੍ਯਾ ਰੁਚਿ ਲਾਈ ॥੧੦੪॥
ਬੁਧੀ ਬਾਲ ਪਰੀਖ੍ਯਾ ਕਰਕੈ । ਵਿਦ੍ਯਾ ਦਾਨ ਦੇਹੁ ਹਿਤ ਧਰਕੈ।
ਆਪ ਆਪਨਾ ਸੇਵਕ ਜਾਨੀ । ਸੀਸ ਹਾਥ ਦੀਜੈ ਹਿਤ ਠਾਨੀ ॥੧੦੫॥
ਸ਼੍ਯਾਮ ਸਿੰਘ ਜੀ ਸੰਤ ਸੁ ਨੀਕੇ । ਵ੍ਯਾਸ ਸਮਾਨ ਉਦਾਰ ਸੁ ਜੀ ਕੇ।
ਪ੍ਰੇਮ ਸਿੰਘ ਕੇ ਬੈਨ ਸ ਪ੍ਰੇਮੀ । ਜਾਨ ਲੀਨ ਗੁਰੁ ਸੇਵਕ ਨੇਮੀ ॥੧੦੬॥
'ਤਥਾਸਤੁ' ਹੇ ਪ੍ਰੇਮ ਮ੍ਰਿਗੇਸ਼ਾ । ਹਮ ਦੈਂ ਸਿੱਖ੍ਯਾ ਸ਼ੁਭ ਉਪਦੇਸ਼ਾ।
ਅੰਗੀਕਾਰ ਪ੍ਰਸਾਦ ਸੁ ਕੀਨਾ। ਬਾਲਕ ਹਾਥ ਪਕੜ ਹੈ ਲੀਨਾ ॥੧੦੭॥
ਦੇਕਰ ਪਾਟੀ ਪਾਠ ਪੜ੍ਹਾਯੋ । ਕ ਖ ਗ ਘ ਮੁਖ ਸੇ ਗਾਯੋ।
ਬਾਲਕ ਸੁਭਗ ਬੋਧ ਕਾ ਗ੍ਯਾਤਾ। ਜਾਨ ਸੀਸ ਦੀਨੋ ਗੁਰ ਹਾਥਾ ॥੧੦੮॥
ਏਕ ਵਾਰ ਸੁਨਕੈ ਸਭ ਬਾਨੀ । ਯਾਦ ਕੀਨ ਪੈਂਤੀ ਸੁਖਦਾਨੀ।
ਬਾਵਨ ਅੱਖਰ ਸਭ ਪੜ੍ਹ ਲੀਨੇ। ਦਿਵਸ ਚਾਰ ਮੇਂ ਯਾਦ ਸੁ ਕੀਨੇ॥੧੦੯॥
ਪ੍ਰਥਮ ਗੁਰਮੁਖੀ ਤੇ ਭਲ ਗ੍ਯਾਤਾ । ਉਨ ਕੋ ਕੌਨ ਕਠਿਨ ਹੈ ਬਾਤਾ।
ਸ਼ਬਦ ਗ੍ਯਾਨ ਪੰਡਿਤ ਜੀ ਜਾਨਾ। ਸਮਝੋ ਬਾਲਕ ਚਤੁਰ ਮਹਾਨਾ ॥੧੧੦॥
ਤਬ ਸ੍ਰੀ ਪੰਡਿਤ ਸ਼੍ਯਾਮ ਮ੍ਰਿਗੇਸ਼ੂ । ਦੀਨ ਬਾਲ ਕੋ ਯਹ ਉਪਦੇਸ਼ੂ।
ਹਾਥ ਕੌਮਦੀ ਲਘੂ ਫੜਾਈ। ਅ ਈ ਉ ਣ ਲੇ ਆਦਿ ਪੜ੍ਹਾਈ ॥੧੧੧॥
ਕੁਛ ਦਿਨ ਬੀਚ ਯਾਦ ਸਭ ਕੀਨਾ । ਪੂਰਬਾਰਧ ਭੀ ਹੈ ਪੜ੍ਹ ਲੀਨਾ।
ਮਾਸ ਛੇ ਮੇਂ ਸਭ ਹੀ ਕੀਆ । ਲਘੂ ਕੌਮਦੀ ਕੰਠ ਧਰੀਆ ॥੧੫੨॥
ਯਥਾ ਯੋਗ ਪੰਡਿਤ ਹਰਿ ਸ਼੍ਯਾਮਾ। ਅਪਰ ਗ੍ਰੰਥ ਕਾ ਅਰਥ ਲਲਾਮਾ।
ਮਰਯਾਦਾ ਸੋਂ ਸਭੀ ਪੜ੍ਹਾਏ। ਤਬ ਵਹੁ ਪੜ੍ਹ ਅਰਥਨ ਸੁਖ ਪਾਏ ॥੧੧੩॥



ਕੁਛਕ ਸਾਲ ਮੇਂ ਬੋਧ ਮਹਾਨਾ॥ ਪਾਯੋ ਗੁਰੁ ਤਟ ਵੇਦ ਵਿੱਗ੍ਯਾਨਾ॥
ਮਾਤ ਪਿਤਾ ਜਬ ਪੂਛਨ ਕੀਨਾ॥ ਸਭ ਸਮਝਾਇ ਦੇਤ ਲਖ ਲੀਨਾ॥੧੧੪॥
ਜਹਾਂ ਹੋਇ ਸੰਗਤ ਵਿਦਵਾਨਾ ॥ ਬੈਠੇ ਸੁਨੇ ਭਨੇ ਮੁਖ ਗ੍ਯਾਨਾ॥
ਸ੍ਰੀ ਦਰਬਾਰ ਦਰਸ ਕੇ ਕਾਰਨ॥ ਦੂਰ ਦੇਸ ਤੇ ਦਾਸ ਹਜਾਰਨ ॥੧੧੫॥
ਆਵੈਂ ਸੰਤ ਮਹਾਂਨ ਸੁ ਗ੍ਯਾਨੀ॥ ਦਰਸ ਪਰਸ ਗੁਰੁ ਸੁਖੁ ਕੇ ਦਾਨੀ॥
ਸੇਵਕ ਸੰਤ ਗੁਰੂ ਪਗ ਮਾਂਹੀ॥ ਸੀਸ ਧਾਰ ਬਿਨਵੈ ਗੁਨ ਗਾਂਹੀ ॥੧੧੬॥
ਹੋਵੈ ਗ੍ਯਾਨ ਗੋਸ੍ਟੀ ਭਾਰੀ ॥ ਮਿਲ ਸੇਵਕ ਸੁਨਹੈਂ ਸੁਖ ਧਾਰੀ॥
ਤਾਸ ਠੌਰ ਸੰਤਨ ਕੇ ਸੰਗਾ॥ ਜਾਇ ਬੈਠ ਸਿੰਘ ਪ੍ਰੇਮ ਉਮੰਗਾ ॥੧੧੭॥
ਸਾਥ ਸੁਪੂਤ ਲਏ ਕਰ ਜਾਵੈਂ ॥ ਗ੍ਯਾਨ ਧ੍ਯਾਨ ਕੀ ਕਥਾ ਵਚਾਵੈਂ॥
ਨਾਰਾਯਣ ਮ੍ਰਿਗਰਾਜ ਉਚਾਰੈਂ॥ ਸੁਨਕੇ ਸੰਤ ਸਭੀ ਹਿਤ ਧਾਰੈਂ ॥੧੧੮॥
ਕਹੇ ਪ੍ਰੇਮ ਸਿੰਘ ਬਾਲ ਤੁਮਾਰਾ ॥ ਮਾਨੋ ਹੈ ਨਾਰਾਯਣ ਪ੍ਯਾਰਾ॥
ਗਾਥਾ ਗ੍ਯਾਨ ਧ੍ਯਾਨ ਕੀ ਨੀਕੀ॥ ਕਰੈ ਨਿਵਾਰੈ ਸੰਕਾ ਜੀ ਕੀ ॥੧੧੯॥
ਯਹ ਤੋ ਸੰਤ ਰੂਪ ਹੈ ਕੋਈ॥ ਤਵ ਗ੍ਰਿਹ ਉਪਜ੍ਯੋ ਸੰਕ ਨ ਜੋਈ॥
ਇਨਕੇ ਵਾਕ੍ਯ ਅਗ੍ਯਾਨ ਨਿਵਾਰੇ॥ ਸੁਨਕੇ ਸ੍ਰੋਤਾ ਰੁਚਿ ਕੋ ਧਾਰੇ ॥੧੨੦॥
ਅੰਮ੍ਰਿਤਸਰ ਸ੍ਰੀ ਗੁਰੁ ਕਾ ਭਾਰੀ॥ ਸੁੰਦਰ ਸੁਖਦ ਮੋਖ ਸੁਖ ਕਾਰੀ॥
ਐਸਾ ਅਪਰ ਨ ਕੋਈ ਥਾਨਾ॥ ਮਾਨ ਸਰੋਵਰ ਅੰਮ੍ਰਿਤ ਖਾਨਾ ॥੧੨੧॥
ਹੰਸ ਸੰਤ ਆਵੈਂ ਸੁਖ ਪਾਵੈਂ ॥ ਕਰ ਅਸਨਾਨ ਹਰੀ ਗੁਨ ਗਾਵੈਂ॥
ਗਿਆਨ ਗਾਇ ਹਰਿ ਚਰਚਾ ਕਰਕੇ॥ ਬੋਧ ਦਾਨ ਦੈ ਸੁਖਦ ਅਪਰਕੇ ॥੧੨੨॥
ਤਪੋ ਭੂਮਿ ਸੋ ਹੈ ਯਹ ਪਾਵਨ ॥ ਰਿਖੀ ਕੇਸ਼ ਜਾਂਕੋ ਗੁਨਿ ਗਾਵਨ॥
ਤਹਾਂ ਸੰਤ ਕਰਹੈਂ ਹਰਿ ਚਰਚਾ॥ ਪਰਮੇਸ੍ਵਰ ਪੂਜੈਂ ਕਰ ਅਰਚਾ ॥੧੨੩॥
ਹੈ ਯਹ ਮੱਦ੍ਰ ਦੇਸ ਕੀ ਭੂਮੀ ॥ ਭਾਰਤ ਦੇਸ ਸਰਾਹੈਂ ਰੂਮੀ॥
ਔਰ ਅਪੂਰਬ ਅੰਮ੍ਰਿਤਸਰ ਹੈ॥ ਚਾਰ ਪਦਾਰਥ ਦਾਤਾ ਧਰ ਹੈ ॥੧੨੪॥
ਯਹਾਂ ਕੁਸ੍ਰੀ ਕਾ ਕੁਸ੍ਰ ਸੁ ਟਰਹੈ॥ ਅਗ੍ਯਾਨੀ ਕਰ ਗ੍ਯਾਨ ਸੁ ਧਰਹੈ॥
ਐਸਾ ਯਸ਼ ਸੁਨ ਸੰਤਨ ਕੇਰਾ॥ ਪਰਸਿ ਸੁ ਪਾਰਸ ਸਮ ਮਨ ਹੇਰਾ ॥੧੨੫॥

ਪ੍ਰੇਮ ਸਿੰਘ ਜੀ ਕਾ ਸੁਤ ਸੋਈ । ਨਾਰਾਯਣ ਮ੍ਰਿਗ ਰਾਜ ਸੁ ਜੋਈ ।
ਸੰਗਤ ਸੰਤਨ ਕੀ ਸੁਖ ਪਾਕੇ । ਬੈਠੇ ਸੁਨੇ ਗ੍ਯਾਨ ਰੁਚਿ ਲਾਕੇ ॥੧੨੬॥
ਸੰਤਨ ਸੋਂ ਪੂਛੇ ਕਰ ਪ੍ਯਾਰਾ । ਕਹਾਂ ਸੁ ਰਿਖੀ ਕੇਸ਼ ਸੁਖ ਵਾਰਾ ।
ਜਹਾਂ ਸੰਤ ਨਿਜ ਕਰੈਂ ਨਿਵਾਸਾ । ਹਰਿ ਚਰਚਾ ਕਰ ਹੈਂ ਸੁਖਹਾਸਾ ॥੧੨੭॥
ਕੌਨ ਕੌਨ ਹੈਂ ਸੰਤ ਮਹਾਨਾ । ਤ੍ਯਾਗ ਵੈਰਾਗ ਜਾਂਹਿ ਮਨ ਠਾਨਾ ।
ਨਾਮ ਜਾਨ ਕਰ ਦਰਸਨ ਕੇਰੀ । ਮਨ ਮੇਂ ਰੁਚਿ ਹਮਰੀ ਇਹਬੇਰੀ ॥੧੨੮॥
ਸੁਨ ਤੁਹਿ ਸੰਤਨ ਨਾਮ ਬਤਾਵੋਂ । ਸੁਨੋ ਲਿਖੋਂ ਆਗੇ ਜੋ ਗਾਵੋਂ ।
ਬਹੁਤ ਗੁਨੀ ਗ੍ਯਾਨੀ ਤਪ ਧਾਰੀ । ਹੂਏ ਬਹੁਤ ਹੈਂ ਪਾਛੇ ਭਾਰੀ ॥੧੨੯॥
ਅਬ ਜੋ ਪਰਮ ਵਿਰਾਗੀ ਜੋਗੀ । ਤ੍ਯਾਗੀ ਬੀਤ ਰਾਗ ਤਜ ਸੋਗੀ ।
ਪਰਚਾ ਉਨਕਾ ਸੁਨ ਹੇ ਪ੍ਯਾਰੇ । ਸੋ ਹਮ ਆਗੇ ਕਰੇਂ ਉਚਾਰੇ ॥੧੩੦॥
ਪ੍ਰਥਮ ਸ੍ਰੀ ਬੁਧ ਸਿੰਘ ਰਿਖਿ ਰਾਜਾ । ਗਿਆਨੀ ਗੁਨੀ ਪਰਮ ਸੁਖ ਸਾਜਾ ।
ਪਰਮ ਵਿਰਕਤ ਨਿਸ਼ੰਕ ਅਪਾਰਾ । ਜੁਟੋ ਸੋਭ ਹੈ ਗੰਗ ਕਿਨਾਰਾ ॥੧੩੧॥
ਦੇਸ਼ ਇਕਾਂਤ ਤਪੋ ਬਨ ਭਾਰੀ । ਸ਼ੁਭ ਅਤਿ ਰਿਖੀ ਕੇਸ਼ ਕੀ ਝਾਰੀ ।
ਤਾਂਮੇ ਪਰਣ ਕੁਟੀ ਕੇ ਵਾਸੀ । ਤਪ ਮੂਰਤਿ ਪੂਰਿਤ ਗੁਨ ਰਾਸੀ ॥੧੩੨॥
ਗ੍ਰੰਥ ਵੇਦਾਂਤ ਵਿਚਾਰ ਸੁ ਧਾਰੇ । ਭੇਦ ਵਾਦ ਜਰ ਮੂਲ ਉਪਾਰੇ ।
ਈਸ ਬ੍ਰਹਮ ਸ਼ੁਭ ਗ੍ਯਾਨ ਸੁ ਕਰਤੇ । ਉਰ ਅਦ੍ਵੈਤ ਬੋਧ ਕੋ ਧਰਤੇ ॥੧੩੩॥
ਪਰਮ ਵਿਰਕਤ ਔ ਪਰਮ ਵੈਰਾਗੀ । ਕਾਂਤਾ ਕੰਚਨ ਕੇਰ ਸੁ ਤਿਆਗੀ ।
ਛੁਹੇ ਨ ਧਾਤੂ ਅਸਟ ਪ੍ਰਕਾਰਾ । ਭੋਜਨ ਭਿਖ੍ਯਾ ਕਰੇ ਅਹਾਰਾ ॥ ੧੩੪ ॥
ਸ਼ਾਂਤਿ ਚਿਤ ਸੰਤੋਖ ਸਰੂਪਾ । ਜਿਹ ਪਦਕੰਜ ਗਹਹਿ ਆ ਭੂਪਾ ।
ਮਹਾਰਾਜ ਸ੍ਰੀ ਈਸ਼੍ਵਰ ਰੂਪਾ । ਈਸ਼੍ਵਰ ਸਿੰਘ ਵਿਰਕਤ ਅਨੂਪਾ ॥੧੩੫॥
ਜਿਹ ਦਰਸ਼ਨ ਕਰਕੇ ਅਘ ਕਾਟੇਂ । ਪ੍ਰਸ਼ਨ ਕਰ ਸੰਸੇ ਅਉ ਹਾਟੇਂ ।
ਸੁਨਤ ਵੈਨ ਦਾਸਨ ਮਨ ਮੋਹੈ॥ਗੁਨੀਜਨ ਕਰ ਵਿਚਾਰ ਉਰਸੋਹੈ ॥੧੩੬॥
ਸਦਾ ਪ੍ਰਸੰਨ ਬਦਨ ਸ਼ੁਭ ਵਾਂਕਾ । ਕੁੰਦ ਦਸਨ ਮੁਖ ਕੰਜ ਸੁ ਜਾਂਕਾ ।
ਪੇਖ ਦਰਸ ਦਰਸਕ ਉਗਮਾਂਹੀ । ਵਰਤੇ ਸ਼ਾਂਤੀ ਸੁਖ ਦਰਸਾਂਹੀ ॥੧੩੭॥



ਮੁਨੀ ਸ੍ਰੀ ਸ਼੍ਯਾਮ ਸਿੰਘ ਜੀ ਨਾਮਾ ॥ ਠੇਰੀ ਵਾਸੀ ਗੁਣ ਗਣ ਗ੍ਰਾਮਾ ।
ਨਗਨ ਅੰਗ ਯਾਤ੍ਰਾ ਕੀ ਸਾਰੀ । ਪਰੀ ਨਾਮ ਕੀ ਸਗਰੀ ਝਾਰੀ ॥੧੩੮॥
ਸਭ ਸੰਤਨ ਕੋ ਸੁਖ ਕੇ ਕਾਰੀ । ਅਭੈ ਦਾਨ ਦਾਤਾ ਬਲ ਧਾਰੀ ।
ਚੰਦਾ ਸਿੰਘ ਜੀ ਸ੍ਰੀ ਵਰ ਪੂਰੇ । ਪਰਮ ਵਿਰਕਤ ਸੁ ਨਹੀਂ ਅਧੂਰੇ ॥੧੩੯॥
ਦੁਰਵਾਸਾ ਸੰਗ੍ਯਾ ਤਿਨ ਕੇਰੀ । ਤਪ ਪੂਰਿਤ ਮੂਰਤਿ ਜਿਹ ਹੇਰੀ ।
ਪੰਡਿਤ ਸ਼੍ਯਾਮ ਸਿੰਘ ਜੀ ਦੂਜੇ । ਜਾਂਕੋ ਸ਼ਾਂਤਿ ਪੇਖ ਸਭ ਪੂਜੇ ॥੧੪੦॥
ਐਸੇ ਅਪਰ ਅਪਾਰ ਵਿਵੇਕੀ । ਵਿਚਰੇ ਜਗਤ ਸੁ ਏਕਾ ਏਕੀ ।
ਪੰਡਿਤ ਮੋਨੀ ਮਨ ਬਚ ਕਾਯਾ । ਜਾਵਹਿਂ ਪਾਪ ਦਰਸ ਜਹਿਂ ਪਾਯਾ ।੧੪੧।
ਹਰੀ ਸਿੰਘ ਜੀ ਪੰਡਿਤ ਸ੍ਵਾਮੀ । ਪਰਪ ਵਿਰਕਤ ਸੁ ਅੰਤਰਯਾਮੀ ।
ਤਿਆਗੀ ਉਪਕਾਰੀ ਬਡਭਾਗੀ । ਪਰਸ ਸੰਤ ਜਾਂਕੋ ਧਰ ਸਾਰੀ ॥੧੪੨॥
ਸਿੰਧ ਪੰਜਾਬ ਦੇਸ ਸਭ ਕੇਰਾ । ਛੇਤਰ ਲਗਵਾਯੇ ਦ੍ਰਿਗ ਹੇਰਾ ।
ਸੰਤਨ ਹੇਤ ਕੀਨੋ ਬਡਭਾਗੀ । ਅੰਨ ਦਾਨ ਭੰਡਾਰਾ ਜਾਰੀ ॥ ੧੪੩ ॥
ਪਾਵਤ ਭਿਖ੍ਯਾ ਸੁੰਦਰ ਸਾਧੂ । ਖਟ ਦਰਸਨ ਆਕਰ ਆਗਾਧੂ ।
ਧੰਨਧੰਨਸ੍ਰੀ ਹਰਿਹਰਿ ਪੰਡਿਤ।ਗਿਆਨ ਦਾਨ ਦੇ ਅਘਜਨ ਖੰਡਿਤ॥੧੪੪॥
ਯਹ ਸਭ ਨਿਰਮਲ ਸੰਤ ਸੁਨਾਏ । ਨਿਰਮਲ ਗ੍ਯਾਨ ਜਾਂਹਿ ਉਰ ਭਾਏ ।
ਅਪਰ ਪੰਥ ਕੇ ਸੰਤ ਸੁ ਜੋਈ । ਬਢੇ ਗ੍ਰੰਥ ਜੇ ਕਥਹੌਂ ਸੋਈ ॥ ੧੪੫ ॥
ਰਿਖੀਕੇਸ਼ ਉਸ ਕਾਲ ਮਝਾਰੀ । ਤ੍ਯਾਗੀ ਸੰਤਨ ਖਾਨ ਅਪਾਰੀ ।
ਤਜ ਪ੍ਰਪੰਚ ਜਾਂਨ ਦੁਖ ਰੂਪਾ । ਸੰਤ ਰੂਪ ਬਨ ਬੈਠੇ ਭੂਪਾ ॥ ੧੪੬ ॥
ਐਸਾ ਥਾਨ ਜਾਨ ਮਨ ਮਾਂਹੀ । ਕੋ ਐਸਾ ਜੋ ਦਰਸੈ ਨਾਂਹੀ ।
ਉਰ ਧਰ ਪ੍ਰੇਮ ਸੁ ਪ੍ਰੇਮੀ ਆਵੈਂ । ਦਰਸ ਪਰਸ ਕਰ ਸੰਸ ਮਿਟਾਵੈਂ ॥੧੪੭॥
ਜਬ ਉਪਮਾ ਤਪ ਭੂਮੀ ਕੇਰੀ । ਸੰਤ ਕਥਾ ਸੁਨਕੇ ਤਿਸ ਬੇਰੀ ।
ਅੰਮ੍ਰਿਤਸਰ ਸੁਤ ਪ੍ਰੇਮ ਹਰੀ ਕਾ । ਉਮਗਯੋ ਮਨ ਨਾਰਾਯਣ ਹਰਿਕਾ॥੧੪੮॥
ਮਾਤ ਤਾਤ ਆਗੇ ਕਰ ਜੋਰੀ । ਅਰਜ਼ ਕਰੇ ਦੋਊ ਕਰ ਜੋਰੀ ।
ਯਹ ਸੰਸਾਰ ਕੀ ਦੁੱਖ ਕੀ ਰਾਸੀ । ਜਨਮ ਜਨਮ ਦਾ ਕਸ਼ਟ ਨਿਵਾਸੀ॥੧੪੯॥

ਆਗਯਾ ਹੋਇ ਗੰਗ ਤਟ ਜਾਕੇ । ਰਹੋ ਸੁ ਰਿਖੀਕੇਸ਼ ਸੁਖ ਪਾਕੇ ।
ਕਰੋ ਭਜਨ ਭਗਵੰਤ ਹਰੀ ਕਾ । ਨ੍ਹਾਨ ਕਰੋ ਸ਼ੁਭ ਦੇਵ ਸਰੀ ਕਾ ॥੧੫੦॥
ਮਾਤ ਪਿਤਾ ਸੁਨ ਸੁਤ ਕੀ ਬਾਨੀ। ਹੋਕੇ ਪ੍ਰੇਮ ਧਾਰ ਹਿਤ ਠਾਨੀ।
ਪੁੱਤ੍ਰ ਏਕ ਹਮਰੇ ਕੁਲ ਟੀਕਾ। ਤੁਮ ਹੋ ਹਾਰਦ ਪ੍ਰੇਮ ਸੁ ਨੀਕਾ ॥੧੫੧॥
ਹਰਦਮ ਪੇਖੈਂ ਸੁਖੀ ਰਹਾਵੈਂ । ਦਰਸ ਹਰਸ ਧਰ ਬਲਿ ਬਲਿ ਜਾਵੈਂ।
ਐਸਾ ਕਹੋ ਨ ਕਰੋ ਜੁਦਾਈ । ਭਗਤੀ ਕਰੋ ਧਾਮ ਮਨ ਲਾਈ ॥੧੫੨॥
ਕਹੈਂ ਸੁਨੋ ਪਿਤ ਮਾਤ ਸੁ ਬਾਨੀ। ਕਰਮ ਸੰਜੋਗ ਜੀਵ ਗਤਿ ਠਾਨੀ।
ਸੰਜੋਗ ਵਿਜੋਗ ਦੁਇਕਾਰ ਚਲਾਵੈ।ਜਬ ਯਹੁ ਜੀਵ ਜਗਤ ਮੇਂ ਆਵੈ॥੧੫੩॥
ਅੰਤ ਸੰਗ ਕੋ ਨਹੀਂ ਕਿਸੀ ਕਾ । ਹੋ ਸੰਯੋਗ ਵਿਯੋਗ ਜਿਸੀ ਕਾ।
ਉਤਕਟ ਜਾਨ ਪੁੱਤ੍ਰ ਕੀ ਬਾਨੀ। ਸਹਿਤ ਵੈਰਾਗ ਪ੍ਰੇਮ ਆ ਸਾਨੀ ॥੧੫੪॥
ਬਹੁਤ ਕਹੋ ਪਿਤ ਮਾਤ ਸ ਪ੍ਰੀਤੀ । ਨਹਿੰ ਮਾਨੀ ਜਾਨੀ ਸਭ ਗੀਤੀ।
ਕਹੋ ਪੁੱਤ੍ਰ ਤੁਮ ਗੁਨ ਕੀ ਖਾਨੀ। ਹਮ ਕਯਾ ਕਹੈਂ ਤੋਹਿ ਸੁਖਦਾਨੀ ॥੧੫੫॥
ਗਯਾਤਗਯ ਹੋ ਹਿਤ ਅਨ ਹਿਤ ਕੇ। ਹਾਨੀ ਲਾਭ ਲਖੋ ਜਿਸ ਕਿਤ ਕੇ।
ਕਹੋ ਫੇਰ ਕਬ ਦਰਸ਼ਨ ਪਾਵੈਂ। ਗਏ ਫੇਰ ਕਬ ਮੁੜ ਕਰ ਆਵੈਂ ॥੧੫੬॥
ਕਰ ਵਿਚਾਰ ਯਹ ਵਾਕ ਉਚਾਰਾ । ਕਈ ਵੇਰ ਹੋ ਮੇਲ ਹਮਾਰਾ।
ਜੇਕਰ ਰਹਾ ਸਰੀਰ ਪਛਾਨੋ। ਮਿਲਿਹੈ ਕਈ ਵੇਰ ਹਿਤ ਠਾਨੋ ॥੧੫੭॥
ਕਰ ਪਰਣਾਮ ਜਾਇ ਹਰੀ ਮੰਦਰ । ਬੈਠੇ ਧਾਰ ਧਯਾਨ ਮਨ ਅੰਦਰ।
ਸਤਿਗੁਰੁ ਚਰਨ ਬਿਨੈ ਯਹ ਕੀਨੀ। ਰਿਸ਼ੀਕੇਸ਼ ਜਾਵੋਂ ਰੁਚਿ ਭੀਨੀ ॥੧੫੮॥
ਉਮਗਯੋ ਮਨ ਉਤਸ਼ਾਹ ਅਪਾਰਾ । ਹਾਥ ਜੋਰ ਯਹ ਬਿਨੈ ਉਚਾਰਾ।
ਪੁਨ ਸ੍ਰੀ ਗੁਰ ਜੀ ਦਰਸ਼ਨ ਪਾਵੈਂ। ਰਿਖੀਕੇਸ਼ ਤੇ ਫਿਰ ਜਬ ਆਵੈਂ ॥੧੫੯॥
ਸ਼ੁਭ ਸੁਨ ਧਾਰ ਸੰਗ ਕਰ ਸਾਧੂ। ਜਪੇ ਨਾਮ ਭਵ ਤ੍ਰਾਸ ਬਿਨਾਧੂ।
ਕਰਕੇ ਦੰਡ ਪ੍ਰਣਾਮ ਸਪ੍ਰੇਮਾ । ਗੁਰੂ ਗ੍ਰੰਥ ਸੁਨ ਵਾਕ ਸੁ ਨੇਮਾ ॥੧੬੦॥
ਸੰਤ ਸੰਗ ਜਾਂਕਾ ਮਨ ਲਾਗਾ । ਤਾਂਕੇ ਉਦੇ ਭਏ ਭਲ ਭਾਗਾ।
ਐਸਾ ਸ਼ਬਦ ਗ੍ਰੰਥੀ ਵਾਚਾ । ਜਾਨ ਲੀਨ ਉਪਦੇਸ਼ ਸੁ ਸਾਚਾ ॥੧੬੧॥



ਤੁਰਤ ਆਏ ਪਿਤ ਮਾਤ ਜੁਹਾਰੀ । ਬੰਦਨ ਕੀਨ ਸੀਸ ਪਦ ਧਾਰੀ।
ਆਗਯਾ ਪਾਇ ਚਲੇ ਜਬ ਘਰ ਤੇ। ਮੰਗਲ ਸ਼ਕੁਨ ਭਏ ਲਖਦਰ ਤੈ॥੧੬੨॥

ਸਨੇ ਸਨੇ ਹਰੀਦ੍ਵਾਰ ਸੁ ਆਏ । ਕਨਖਲ ਗੁਰਦ੍ਵਾਰੇ ਠਹਿਰਾਏ।
ਪੁਰ ਅਸਨਾਨ ਗੰਗਤਟ ਕੀਨਾਂ। ਹਰੇਸਕਲ ਸ਼੍ਰਮਮਾ ਰਗ ਚੀਨਾਂ ॥੧੬੩॥

ਹਰੀਦ੍ਵਾਰ ਆ ਹਰਿ ਕੀ ਪੌੜੀ । ਮੱਜਨ ਕਰ ਚਿੰਤ ਸਭ ਦੌੜੀ।
ਤਹਿੰ ਕਰ ਤੀਨ ਰੋਜ ਕੀ ਯਾਤ੍ਰਾ । ਪੁਨ ਪੁਸਤਕ ਕਾ ਬਾਂਧੋ ਗਾਤ੍ਰਾ ॥੧੬੪॥

ਪ੍ਰਾਤਕਾਲ ਰਸਤਾ ਹੈ ਲੀਨਾ । ਰਿਖੀਕੇਸ਼ ਮਾਰਗ ਕੋ ਚੀਨਾ।
ਸ਼ੁਭ ਤਿਥ ਪੁਨਾ ਮਹੂਰਤ ਆਛੇ । ਪਹੁੰਚੇ ਜਾਇ ਪ੍ਰੇਮ ਮਨ ਰਾਚੇ ॥੧੬੫॥

ਪ੍ਰਥਮੇ ਪਰਮ ਮੋਖ ਕੇ ਦਾਤਾ । ਬੁੱਧ ਮ੍ਰਿਗੇਸ਼ ਮਿਲੇ ਦੁਖ ਹਾਤਾ।
ਜਾਇ ਚਰਨ ਮੇਂ ਸੀਸ ਨਿਵਾਯਾ। ਪੂਛਯੋ ਬਾਲ ਕਹਾਂ ਤੇ ਆਯਾ ॥੧੬੬॥

ਦੁਇ ਕਰ ਜੋਰ ਸੁ ਉੱਤਰ ਦੀਨਾ। ਮਹਾਰਾਜ ਮੈਂ ਬਾਲ ਨਵੀਨਾ।
ਅੰਮ੍ਰਿਤਸਰ ਸ੍ਰੀ ਗੁਰ ਜੀ ਕੇਰਾ । ਵਹਾਂ ਜਨਮ ਹੈ ਸੁਨੀਏ ਮੇਰਾ ॥੧੬੭॥

ਮਨ ਮੈ ਪ੍ਰੇਮ ਭਯੋ ਯਹ ਨੀਕਾ । ਜੀਵਨ ਸਫਲ ਹੋਇ ਮੁਹਿ ਜੀ ਕਾ।
ਰਿਖੀਕੇਸ਼ ਤਪ ਧਾਮ ਨਿਹਾਰੀ। ਸੰਗ ਸੰਤ ਹਰਿ ਨਾਮ ਉਚਾਰੀ ॥੧੬੮॥

ਪਾਵਨ ਕਰ ਹਰਹੋਂ ਭਵ ਪਾਪਾ । ਜਨਮ ਮਰਨ ਕਾ ਕਾਟੇ ਛਾਪਾ।
ਸੁਨ ਸ੍ਰੀ ਬੁੱਧ ਸਿੰਘ ਰਿਖਰਾਜੂ। ਕਹੋ ਪੁੱਤ੍ਰ ਹੋ ਤੁਮ ਸ਼ੁਭ ਕਾਜੂ ॥ ੧੬੯ ॥

ਕਰਕੇ ਪ੍ਰੇਮ ਬਚਨ ਯਹ ਟੇਰਾ । ਦਰਸ਼ਨ ਕਰੋ ਸੰਤ ਸਭ ਕੇਰਾ।
ਜਾਨ ਸੁਜਾਨ ਸੰਗ ਕੋ ਕਰਨਾਂ। ਪ੍ਰਥਮ ਪ੍ਰੀਖਯਾ ਮੇਂ ਮਨ ਧਰਨਾਂ ॥੧੭੦॥

ਜਹਿੰ ਤੇ ਤੁਮਰਾ ਸ਼ੰਸ਼ਯ ਜਾਵੈ । ਮਨ ਸ਼ਰਧਾ ਜਾਂਕੇ ਪਰ ਆਵੈ।
ਤਾਂਕੀ ਸੰਗਤ ਕਰਕੇ ਪਯਾਰੀ। ਹਰੋ ਸ਼ੰਸ਼ ਕੋ ਦੁਖ-ਦੁਖਕਾਰੀ ॥ ੧੭੧ ॥

ਐਸਾ ਕਹਿ ਕੈ ਬਾਕ ਵਿਗਯਾਨੀ । ਬੁੱਧ ਮ੍ਰਿਗੇਸ਼ ਗਏ ਨਿਜ ਥਾਨੀ ॥

ਪਾਛੇ ਪਾਛੇ ਸੰਗ ਨਿਹਾਰੀ । ਨਾਰਾਯਣ ਗਮਨੇ ਹਿਤ ਨਾਰੀ ॥੧੭੨॥
ਸਿੰਘ ਨਾਰਾਯਣ ਨਾਮ ਉਚਾਰਾ । ਬੈਠ ਗੁਰੂ ਪਦ ਚਰਨ ਜੁਹਾਰਾ ।
ਪਥ ਆਪਕਾ ਮੈਂ ਸ਼ੁਭ ਕੀਨਾ । ਸੰਤਨ ਕਰ ਦਰਸ਼ਨ ਹੈ ਲੀਨਾ ॥੧੭੩॥
ਔਰ ਸੰਤ ਹੈਂ ਮਾਨਯ ਸੁ ਮੇਰੇ । ਸੰਤ ਗੁਨੀ ਗਯਾਨੀ ਸਭ ਕੇਰੇ ।
ਮੈਂ ਅਬ ਸ਼ਰਨ ਆਪ ਕੀ ਲੀਨੀ । ਮੋ ਪਰ ਕ੍ਰਿਪਾ ਸਤਿਗੁਰੂ ਕੀਨੀ ॥੧੭੪॥
ਸ੍ਰੀ ਗੁਰੂ ਰਾਮਦਾਸ ਹਰੀਮੰਦਰ । ਮਾਂਹਿ ਬੈਠ ਮਨਧਯਾਨ ਸੁ ਅੰਦਰ ।
ਧਯਾਨ ਆਪਕਾ ਤਬ ਮੈਂ ਪਾਯਾ । ਵਹੀ ਰੂਪ ਅਬ ਆਪ ਦਿਖਾਯਾ ॥੧੭੫॥
ਅਬ ਰਾਵਰ ਕੀ ਓਟ ਨਿਹਾਰੀ । ਬੰਦਤ ਹੌਂ ਧਰ ਸੀਸ ਸੁ ਧਾਰੀ ।
ਅਪਨੀਸ਼ਰਨ ਵਿਖੇ ਰਖ ਲੀਯੋ । ਨਾਮਦਾਨ ਅਰ ਗਿਆਨ ਦ੍ਰਿੜੀਯੋ॥੧੭੬॥
ਇਹ ਸੁਣ ਹੋਇ ਪ੍ਰਸੰਨ ਮਹਾਨਾ । ਰਹੋ ਇਹਾਂ ਪੁਰ ਲਿਹੁ ਕਲਿਆਨਾ
ਆਗਯਾ ਪਾਇ ਰਹੇ ਗੁਰ ਪਾਸਾ । ਪਾਇ ਸੁਬੋਧ ਹੋਇ ਗੁਣ ਰਾਸਾ ॥੧੭੭॥

ਇਤਿ
ਸ੍ਰੀ ਮੰਗਲਾ
ਚਰਣ ॥



# ਅਨੁਬੰਧਾਂ ਦਾ ਵਰਣਨ

ਮੰਗਲ ਤੋਂ ਉਪ੍ਰੰਤ ਚਾਰ ਅਨੁਬੰਧਾਂ ਦਾ ਗਿਆਨ ਹੋਣਾ ਅਵੱਸ਼ਯ ਹੈ, ਕਿਉਂਕਿ ਚਾਰ ਅਨੁਬੰਧਾਂ ਦੇ ਜਾਣੇ ਬਿਨਾਂ ਜਗਿਆਸੂ ਦੀ ਕਿਸੇ ਬੀ ਗ੍ਰੰਥ ਵਿਖੇ ਪਰਵਿਰਤੀ ਨਹੀਂ ਹੋ ਸਕਦੀ, ਅਤੇ ਇਨ੍ਹਾਂ ਚਹੁੰਆਂ ਅਨੁਬੰਧਾਂ ਵਿਚ ਹੀ ਸਾਰਾ ਗ੍ਰੰਥ ਸਮਾਪਤ ਹੁੰਦਾ ਹੈ, ਉਹ ਅਨੁਬੰਧ ਚਾਰ ਪ੍ਰਕਾਰ ਦੇ ਹੁੰਦੇ ਹਨ:-

(੧) ਅਧਿਕਾਰੀ ।
(੨) ਵਿਸ਼ਯ ।
(੩) ਪ੍ਰਯੋਜਨ ।
(੪) ਸੰਬੰਧ ।

ਸੋ ਇਸ ਗ੍ਰੰਥ ਦਾ ਅਧਿਕਾਰੀ ਗੁਰਮੁਖ ਪੁਰਸ਼ ਹੀ ਹੈ, ਮਨਮੁਖ ਨਹੀਂ ਅਤੇ ਉਸੇ ਨੂੰ ਹੀ ਜਗਿਆਸੂ ਅਤੇ ਮੁਮੁਖਛੂ ਆਖਦੇ ਹਨ । ਬੇਦਾਂ ਵਿਚ ਇਸੇ ਨੂੰ ਬ੍ਰਹਮ ਕਰਕੇ ਲਿਖਿਆ ਹੈ :-

ਪਰੀਖ੍ ਲੋਕਾਨ ਕਰਮ ਚਿਤਾਨ ॥ ਬ੍ਰਾਹਮਣੋ ਨਿਰਵੇਦ
ਮਾਯਾਤ ਨਾਸਤੀ ਅਕ੍ਰਿਤਾ ਕ੍ਰਿਤੇਨ ਤਦ ਵਿਗਯਾਨਾਰਥੰ
ਸ ਗੁਰੂ ਮੇਵਾਭਿ ਗੱਛੇਤਿ ॥ ਸਮਿਤ ਪਾਣੀ ਸ਼੍ਰੋਤ੍ਰੀਯੰ
ਬ੍ਰਹਮ ਨਿਸਠਮ੍ ॥

[ਮੁੰਡਕ ਉਪਨਿਸ਼ਦ ਪ੍ਰਥਮ ਮੁੰਡਕ ੧੨ ਸ੍ਰੁਤੀ

ਅਰਥ- ਕਰਮ ਰਚਿਤ ਜੋ ਸੁਰਗ ਆਦਿ ਲੋਗ ਹਨ ਉਨ੍ਹਾ [illegible] ਪ੍ਰੀਖ੍ਯਾ ਕ. ਅਰਥਾਤ ਨਾਸ਼ਮਾਨ ਜਾਣਕੇ ਜਗਜਾਸੂ ਪੁਰਸ਼ ਵੈਰਾਗ ਨੂੰ ਪ੍ਰਾਪਤ ਹੋਵੇ. ਆਤਮ ਗਯਾਨ ਦੀ ਪ੍ਰਾਪਤੀ ਵਾਸਤੇ ਹਥ ਵਿਚ ਭੇਟਾ ਪੂਜਾ ਲੈਕੇ ਬ੍ਰਹਮ ਸ੍ਰੋਤ੍ਰੀ ਬ੍ਰਹਮ ਨਿਸ਼ਠੀ ਗੁਰ ਦੀ ਸ਼ਰਨ ਵਿਖੇ ਜਾਵੇ ।

ਗੁਰ ਪ੍ਰਮਾਣ:-

ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥
ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ ॥

[ਵਡ: ਮ: ੪ ਛੰਤ ਸਫਾ ੫੭੨

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥ ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥ ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥ ੧ ॥ ਰਹਾਉ ॥ ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੧॥

[ਬਿਲਾ: ਮ: ੪ ਸਫਾ ੮੩੬

ਪੁਨਾ:-

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥

[ਵਾਰ ਵਡ: ਮ: ੩ ਸਫਾ ੫੮੯

ਸੋ ਅਜੇਹੇ ਗੁਰਮੁਖ ਹੀ ਇਸ ਗ੍ਰੰਥ ਦੇ ਅਧਿਕਾਰੀ ਹਨ, ਮਨਮੁਖ ਇਸਦਾ ਅਧਿਕਾਰੀ ਨਹੀਂ, ਕਿਉਂਕਿ ਉਸ ਦੇ ਚਿਤ ਵਿਚ ਪ੍ਰੇਮ ਨਹੀਂ ਹੁੰਦਾ, ਸਗੋਂ ਅਨੇਕਾਂ ਔਗੁਣਾਂ ਕਰਕੇ ਉਸਦਾ ਮਨ ਮਲੀਨ ਹੁੰਦਾ ਹੈ, ਯਥਾ-

ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥
ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥
ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥
ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥
ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥
ਸਤਿਗੁਰ ਕਾ ਭਉ ਛੋਡਿਆ ਮਨ ਹਠਿ ਕੰਮੁ ਨ ਆਵੈ ਰਾਸਿ ॥



ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੈ ਅਰਦਾਸਿ ॥
ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥

[ਵਾਰ ਵਡ: ਮ: ੩ ਸਫਾ ੫੮੬

ਪੁਨਾ:-

ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥
ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥
ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥

[ਵਾਰ ਵਡ: ਮ: ੩ ਸਫਾ ੫੮੯

ਇਨ੍ਹਾਂ ਬਚਨਾਂ ਤੋਂ ਸਿਧ ਹੁੰਦਾ ਹੈ ਕਿ ਇਸ ਗ੍ਰੰਥ ਦਾ ਅਧਿਕਾਰੀ ਗੁਰਮੁਖ ਹੀ ਹੈ, ਮਨਮੁਖ ਨਹੀਂ, ਕਿਉਂਕਿ ਗੁਰਮੁਖ ਦਾ ਗੁਰੂ ਵਿਖੇ ਪੂਰਨ ਪ੍ਰੇਮ ਹੁੰਦਾ ਹੈ:-

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥ ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥ ਜੇ ਸੁਖ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥ ਜੇ ਭੁਖ ਦੇਹਿ ਤ ਇਤਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ ੬ ॥

[ਸੂਹੀ ਮ: ੫ ਅਸਟ: ਸਫਾ ੭੫੭

ਤਥਾ-

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥
੧੩ ॥ ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ
ਗੁਰੂ ਪਹਿ ਜਾਈ ॥ ੧੪ ॥ ਜਿਉ ਪ੍ਰਾਣੀ ਜਲ ਬਿਨੁ ਹੈ
ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥ ੧੫ ॥

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ
ਮਿਲਿ ਬਿਗਸਾਈ ॥ ੧੬ ॥ ਸੇਵਕ ਕਾ ਹੋਇ ਸੇਵਕੁ
ਵਰਤਾ ਕਰਿ ਕਰਿ ਬਿਨਉ ਬੁਲਾਈ ॥ ੧੭ ॥ ਨਾਨਕ
ਕੀ ਬੇਨਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ॥੧੮॥

[ਸੂਹੀ ਮ: ੫ ਅਸਟ: ਸਫਾ ੭੫੮

ਤਥਾ–

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ
ਵਡਿਆਈ ॥੨੫॥ ਗੁਰਮੁਖਿ ਬੋਲਹਿ ਸੋ ਥਾਇ ਪਾਏ
ਮਨਮੁਖਿ ਕਿਛੁ ਥਾਇ ਨ ਪਾਈ ॥ ੨੬ ॥ ਪਾਲਾ ਕਕਰੁ
ਵਰਫ ਵਰਸੈ ਗੁਰਸਿਖ ਗੁਰ ਦੇਖਣ ਜਾਈ ॥ ੨੭ ॥
ਸਭ ਦਿਵਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ
ਗੁਰ ਪੈਰ ਧਰਾਈ ॥ ੨੮ ॥ ਅਨੇਕ ਉਪਾਵ ਕਰੀ ਗੁਰ
ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥ ੨੯ ॥

[ਸੂਹੀ ਮ: ੫ ਅਸ਼ਟ: ਸਫਾ ੭੫੮

ਪੁਨਾ:–ਸਤਿਗੁਰ ਆਇਓ ਸਰਣਿ ਤੁਹਾਰੀ ॥
ਮਿਲੈ ਸੂਖੁ ਨਾਮਿ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥

[ਟੋਡੀ ਮ: ੫ ਸਫਾ ੭੧੩

ਸੰਤਨ ਬਿਨੁ ਅਵਰ ਨ ਦਾਤਾ ਬੀਆ ॥ ਜੋ ਜੋ ਸਰਣਿ ਪਰੈ ਸਾਧੂ
ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ ਕੋਟਿ ਪਰਾਧ ਮਿਟੈ
ਜਨ ਸੇਵਾ ਹਰਿ ਕੀਰਤਨਿ ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ
ਊਜਲ ਜਨ ਕਾ ਸੰਗੁ ਵਡਭਾਗੀ ਪਾਈਐ॥ [ਸੋ: ਮ: ੫ ਸਫਾ ੬੧੦

ਪੁਨਾ:

ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥ ਮਨ ਨਿਰਮਲ ਹੋਇ ਸੰਤਾ ਧੂਰੇ ॥

[ਵਡ: ਮ: ੫ ਸਫਾ ੫੬੩

ਤੇਰੀ ਸਰਣਿ ਪੂਰੇ ਗੁਰਦੇਵ ॥ ਤੁਧੁ ਬਿਨੁ ਦੂਜਾ ਨਾਹੀ ਕੋਇ ॥

[ਰਾਮਕਲੀ ਮ: ੫ ਸਫਾ ੮੯੩



ਐਸਾ ਸਤਿਗੁਰ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ॥
ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ॥

[ਵਾਰ ਮਾਰੂ ਮ: ੩ ਸਫਾ ੧੦੮੯

ਤ੍ਰਾਹਿ ਤ੍ਰਾਹਿ ਸਰਣਿ ਜਨ ਆਏ ਗੁਰੁ ਹਾਥਿ ਦੇ ਨਿਕਲਾਵੈਗੋ ॥
ਸੁਪਨੰਤਰਿ ਸੰਸਾਰ ਸਭ ਬਾਜੀ ਸਭ ਬਾਜੀ ਖੇਲਿ ਖਿਲਾਵੈਗੋ ॥
ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥

[ਕਾਨ ਮ: ੪ ਸਫਾ ੧੩੧੧

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ ॥

[ਗਉੜੀ ਬਿ: ਮ: ੪ ਸਫਾ ੧੬੮

## ਅਥ ਵਿਸ਼ਜ ਅਨੁਬੰਧ–

ਇਸ ਗ੍ਰੰਥ ਦਾ ਵਿਸ਼ਜ ਗੁਰੂ ਭਗਤੀ ਹੈ, ਜਿਸ ਗੁਰੂ ਦੀ ਭਗਤੀ ਕਰਨੀ ਹੈ ਉਸ ਗੁਰੂ ਦੇ ਲਖੵਣ ਇਹ ਹਨ:–

ਬ੍ਰਹਮੁ ਬਿੰਦੇ ਸੋ ਸਤਿਗੁਰ ਕਹੀਐ ਹਰਿ ਹਰਿ ਕਥਾ ਸੁਣਾਵੈ ॥
ਤਿਸ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ
ਕਰਿ ਮੁਖਿ ਸੰਚਹੁ ਤਿਸ ਪੁੰਨ ਕੀ ਫਿਰਿ ਤੋਟਿ ਨ ਆਵੈ ॥

[ਮਲਾ: ਮ: ੪ ਸਫਾ ੧੨੬੪

ਧੰਨੁ ਧੰਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨ ਵੈਰੀ ਮਿਤ੍ਰ
ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥

[ਵਡ: ਮ: ੪ ਸਫਾ ੫੯੪

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥

[ਗਉ: ਸੁਖ: ਮ: ੫ ਸਫਾ ੨੮੬

ਬਲਿਹਾਰੀ ਗੁਰਦੇਵ ਚਰਨ । ਜਾਕੈ ਸੰਗਿ ਪਾਰਬ੍ਰਹਮ ਧਿਆਈਐ
ਉਪਦੇਸ ਹਮਾਰੀ ਗਤਿ ਕਰਨ ॥੧॥ ਰਹਾਉ ॥ ਦੂਖ ਰੋਗ ਭੈ ਸਗਲ
ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥ ਆਪਿ ਜਪੈ ਅਵਰਹ ਨ ਮੁ

ਜਪਾਵੈ ਵਡ ਸਮਰਥ ਤਾਰਨ ਤਰਨ ॥ ਜਾਕੋ ਮੰਤ੍ਰ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥ ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥ ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾਂਕੇ ਜਨਮ ਮਰਨ ॥ ਜਾਕੋ ਭਇਓ ਕਿਰਪਾਲੁ ਬੀਠੁਲਾ ਤਿਨ ਹਰਿ ਹਰਿ ਅਜਰ ਜਰਨ ॥ ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤਿ ਬਰਨ ॥ ਗੁਰਪ੍ਰਸਾਦਿ ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥ ੪ ॥ ੧੩ ॥

[ਸਾਰੰਗ ਮ: ੫ ਸਫਾ ੧੨੦੬

ਪ੍ਰੰਤੂ ਕਚੇ ਗੁਰੂ ਤੋਂ ਮੁਕਤੀ ਨਹੀਂ ਹੋ ਸਕਦੀ:-

ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖ ਕਾ ਮਾਤਾ ਬਿਖ ਮਾਹਿ ਸਮਾਈ ॥

[ਗਉੜੀ ਮ: ੩ ਅਸਟ: ਸਫਾ ੨੩੨

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥

[ਗੂਜਰੀ ਮ: ੩ ਸਫ਼ਾ ੪੯੧

ਕਾਚੇ ਗੁਰ ਤੇ ਮੁਕਤਿ ਨ ਹੂਆ ॥

[ਰਾਮ: ਦ: ਓ: ਸਫਾ ੯੩੨

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ॥

[ਰਾਮ: ਵਾਰ ਮ: ੨ ਸਫਾ ੯੫੪

ਜੋ ਪੂਰਨ ਗੁਰੂ ਹੁੰਦਾ ਹੈ ਉਸ ਦੀ ਸਿਖਿਆ ਭੀ ਪੂਰਨ ਹੁੰਦੀ ਹੈ:-

ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥

[ਗਉੜੀ ਸੁ: ਮ: ੫ ਸਫਾ ੨੯੩

ਸੋ ਸਤਿਗੁਰ ਪੂਰਾ ਧਨੁ ਧੰਨੁ ਹੈ ਜਿਨ ਹਰਿ ਉਪਦੇਸੁ ਦੇ ਸਭ ਸ੍ਰਿਸਟਿ ਸਵਾਰੀ ॥

[ਵਡ: ਮ: ੪ ਸਫਾ ੫੮੬



ਬਡੇ ਭਾਗਿ ਗੁਰੁ ਸੇਵੇ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥

[ਗੂਜਰੀ ਮ: ੧ ਸਫਾ ੫੦੪

ਇਹ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥ ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥

[ਵਾਰ ਵਡ: ਮ: ੩ ਸਫਾ ੫੯੧

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥

[ਆਸਾ ਮਹਲਾ ੩ ਸਫਾ ੪੨੩

ਪਾਛੰ ਕਰੋਤਿ ਅਗੁਣੀਵਹ ਨਿਰਾਸੰ ਆਸ ਪੂਰਨਹ ॥
ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥ ਭਗਤੰ
ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰ-
ਬ੍ਰਹਮ ਪੁਰਖ ਦਾਤਾਰਹ ॥ ਨਾਨਕ ਗੁਰਸੇਵਾ ਕਿੰ ਨ ਲਭ੍ਹਤੇ ॥੨੦॥

[ਸਲੋਕ ਸਹਸਕ੍ਰਿਤੀ ਮਹਲਾ ੫ ਸਫਾ ੧੩੫੫

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥

[ਸੋਰਠਿ ਵਾਰ ਮਹਲਾ ੩ ਸਫਾ ੬੪੯

ਅਜਿਹੇ ਸਤਿਗੁਰਾਂ ਦੀ ਸੇਵਾ ਤੇ ਪੂਜਾ ਹੀ ਇਸ ਗ੍ਰੰਥ ਦਾ ਵਿਸ਼ਯ ਅਨੁਬੰਧ ਹੈ।

## ਅਥ ਪ੍ਰਯੋਜਨ ਅਨੁਬੰਧ

ਇਹ ਦੋ ਪ੍ਰਕਾਰ ਦਾ ਹੈ:-(੧) ਅਵਾਂਤਰ। (੨) ਮੁਖ। ਚਿਤ ਸ਼ਾਂਤੀ, ਹਰੀ ਭਗਤੀ, ਪ੍ਰੀਤੀ, ਲਿਵ, ਸਮਦ੍ਰਿਸ਼ਟੀ, ਗਿਆਨ ਇਥੋਂ ਤਕ ਤਾਂ ਅਵਾਂਤਰ ਹੈ ਅਤੇ ਮੁਕਤੀ ਜੋ ਹੈ ਇਹ ਗ੍ਰੰਥ ਦਾ ਮੁਖ ਪ੍ਰਯੋਜਨ ਹੈ, ਅਨ੍ਹੈ ਰੀਤੀ ਨਾਲ ਸਤਿਗੁਰੂ ਦੀ ਸੇਵਾ ਕਰਨ ਤੇ ਇਸ ਪ੍ਰਕਾਰ ਦੇ ਫਲ ਪ੍ਰਾਪਤ ਹੁੰਦੇ ਹਨ:-

ਪ੍ਰਮਾਣ:-

ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸਕੀ ਸੇਵਾ ਤੇ ਹਮ ਹਰਿ ਨਾਮਿ

ਲਿਵਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ ਜਿਨ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥

[ਵਾਰ ਵਡ: ਮ: ੪ ਸਫਾ ੫੯੪

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜ੍ਹ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

[ਵਾਰ: ਗੂਜ: ਮ: ੫ ਸਫਾ ੫੨੨

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥ ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥

[ਵਾਰ ਵਡ: ੪ ਸਫਾ ੫੯੨

ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥

[ਵਾਰ ਵਡ: ਮ: ੫ ਸਫਾ ੫੮੮

ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ॥
ਮੇਰੇ ਮਨ ਕੀ ਆਸ ਪੁਰਾਈ ॥

[ਵਾਰ ਵਡ: ਮ: ੫ ਸਫਾ ੫੮੮

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥

[ਆਸਾ ਮ: ੫ ਸਫਾ ੩੭੬

ਸਤਿਗੁਰਿ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ ਰਹਾਉ ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥
ਜਨਮ ਭਵੰਤੇ ਨਰਕਿ ਪੜੰਤੇ ਤਿਨਕੇ ਕੁਲ ਉਧਾਰੇ ॥

[ਆਸਾ ਮ: ੫ ਸਫਾ ੪੦੬



ਸਿਮਰਉ ਸਿਮਰਿ ਸਿਮਰਿ ਸੁਖ ਪਾਵਹੁ ਸਾਸਿ ਸਾਸਿ ਸਮਾਲੇ ॥ ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥ ਗੁਰ ਕਾ ਬਚਨੁ ਬਸੈ ਜੀਅ ਨਾਲੇ ॥ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥ ਰਹਾਉ ॥ ਨਿਰਧਨ ਕਉ ਧਨ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥ ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥

[ਧਨਾ: ਮ: ੫ ਸਫਾ ੬੭੯

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥
ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥

[ਆਸਾ ਮ: ੪ ਛੰਤ ਸਫਾ ੪੪੯

ਹੁਣ ਵਿਤ੍ਰੇਕ ਰੀਤੀ ਨਾਲ ਦੱਸਦੇ ਹਨ ਕਿ ਸਤਿਗੁਰੂ ਤੋਂ ਬਿਨਾਂ ਕਿਸੇ ਭੀ ਫਲ ਦੀ ਪ੍ਰਾਪਤੀ ਨਹੀਂ ਹੁੰਦੀ:-

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥

[ਸ੍ਰੀ ਮ: ੪ ਸਫਾ ੪੦

ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥

[ਮਾਰੂ ਸੋਲਹੇ ਮ. ੩ ਸਫਾ ੧੦੪੬

ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ ॥

[ਮਾਰੂ ਮ: ੪ ਸਫਾ ੯੯੬

ਬਿਨੁ ਗੁਰ ਪ੍ਰੀਤਿ ਨ ਊਪਜਹਿ ਹਉਮੈ ਮੈਲੁ ਨ ਜਾਇ ॥

[ਸ੍ਰੀ ਰਾ. ਮ: ੧ ਸਫਾ ੬੦

ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥

[ਸੂਹੀ ਮਹਲਾ ੪ ਸਫਾ ੭੩੨

ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥

[ਵਾਰ ਸੋਰ. ਮ: ੪ ਸਫਾ ੬੫੦

ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥ ਅਨਿਕ ਪ੍ਰਕਾਰ

ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥

[ਦੇਵ: ਮ: ੫ ਸਫਾ ੫੩੨

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥
ਬਿਨੁ ਗੁਰ ਰਾਮ ਨਾਮ ਕਿਉ ਧਿਆਈਐ ॥

[ਮਾਰੂ ਮ: ੧ ਸਫਾ ੧੦੪੧

ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥

[ਬਸੰਤ ਹਿੰ: ਮ: ੧ ਸਫਾ ੧੧੭੧

ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥

[ਸਾਰੰ: ਮ: ੫ ਸਫਾ ੧੨੦੫

ਬਿਨੁ ਗੁਰ ਭਰਮੈ ਆਵਹਿ ਜਾਇ ॥ ਬਿਨੁ ਗੁਰ ਘਾਲ ਨ ਪਵਈ ਥਾਇ ॥ ਬਿਨੁ ਗੁਰ ਮਨੂਆ ਅਤਿ ਡੋਲਾਇ ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ ਬਿਨੁ ਗੁਰ ਬਿਸੀਅਰ ਡਸਹਿ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥

[ਰਾਮ: ਸਿ: ਗੋ: ਸਫਾ ੯੪੨

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥

[ਰਾਮ: ਸਿ: ਗੋ: ਸਫਾ ੯੪੬

## (੪) ਅਥ ਸੰਬੰਧ ਅਨੁਬੰਧ

ਵਿਸ਼ਯ ਦਾ ਅਤੇ ਗ੍ਰੰਥ ਦਾ ਪ੍ਰਤੀਪਾਦਯ ਤੇ ਪ੍ਰਤੀਪਾਦਕ ਭਾਵ ਸੰਬੰਧ ਹੈ, ਗ੍ਰੰਥ ਦਾ ਅਤੇ ਪ੍ਰਯੋਜਨ ਦਾ ਪ੍ਰਾਪਯ ਅਤੇ ਪ੍ਰਾਪਕ ਭਾਵ ਸੰਬੰਧ ਹੈ। ਅਧਿਕਾਰੀ ਅਤੇ ਵਿਚਾਰ ਦਾ ਕਰਤਰੀ ਕਰਤੱਵਯ ਭਾਵ ਸੰਬੰਧ ਹੈ, ਇਸ ਤੋਂ ਆਦਿ ਹੋਰ ਭੀ ਸੰਬੰਧ ਜਾਣ ਲੈਣੇ।

॥ ਇਤਿ ਅਨੁਬੰਧ ਚਤੁਸਟਯਮ੍ ॥

੧ ੴ ਸਤਿਗੁਰ ਪ੍ਰਸਾਦਿ ॥

## ਜੀਵਨ ਬ੍ਰਿਤਾਂਤ

# ਸ੍ਰੀ ਮਾਨ ਪੰਡਿਤ ਨਾਰਾਇਣ ਸਿੰਘ ਜੀ

"ਸ੍ਰੀ ਮਾਨ ੧੦੮ ਮਾਨਯਵਰ ਪਰਮ ਪੂਜਨੀਯ ਨਿਰਮਲ ਸੰਪ੍ਰਦਾਇ ਦੇ ਸ਼੍ਰੋਮਣੀ
ਵਿਦਯਵਾਨ ਬ੍ਰਹਮ ਨਿਸੰਠਵਰ ਸ੍ਰੀ ਮਾਨਯਵਰ ਸ੍ਵਾਮੀ ਨਾਰਾਇਣ ਸਿੰਘ ਜੀ ਦਾ ਜੀਵਨ
ਬ੍ਰਿਤਾਂਤ ਲਿਖਦੇ ਹਾਂ। ਆਪ ਦਾ ਸ਼ੁਭ ਅਵਤਾਰ ਕੱਤਕ ਸੁਦੀ ਦੂਜ-ਜਿਸਨੂੰ ਭਾਈਆ ਦੂਜ
ਅਰਥਾਤ ਟਿੱਕਾ ਆਖਦੇ ਹਨ-ਬਿਕ੍ਰਮੀ ੧੯੦੭ ਨੂੰ ਪੰਜਾਬ ਦੀ ਪ੍ਰਸਿਧ ਨਗਰੀ ਪਵਿੱਤ੍ਰ
ਤੀਰਥ ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਪਰੇਮ ਸਿੰਘ ਜੀ ਗਿਆਨੀ (ਜੋਕਿ ਸ੍ਰੀ ਹਰਿਮੰਦਰ
ਸਾਹਿਬ ਜੀ ਦੇ ਪੁਜਾਰੀ ਸਨ) ਮਾਤਾ ਕੀਰਤ ਕੌਰ ਦੇ ਗ੍ਰਹਿ ਵਿਖੇ ਹੋਇਆ।

ਆਪ ਜੀ ਦੇ ਮਾਤਾ ਪਿਤਾ ਪ੍ਰੇਮ ਅਤੇ ਭਗਤੀ ਦੇ ਅਵਤਾਰ ਸਨ, ਪੁੱਤ੍ਰ-ਪ੍ਰਾਪਤੀ ਦੀ ਇੱਛਾ ਕਰਕੇ ਸਤਿਗੁਰੂ ਨਾਨਕ ਦੇਵ ਜੀ ਦੀ ਉਪਾਸ਼ਨਾ ਕਰਦੇ ਹੁੰਦੇ ਸਨ। ਰਾਤ ਦਿਨ ਅਪਨੇ ਸਤਿਗੁਰਾਂ ਦੇ ਧਿਆਨ ਵਿਖੇ ਮਗਨ ਰਹਿੰਦੇ ਸਨ। ਇਕ ਦਿਨ ਆਪ ਦੇ ਮਾਤਾ ਪਿਤਾ ਨੇ ਅਜਿਹੀ ਲਿਵ ਲਗਾਈ ਕਿ ਅਪਨੇ ਸਰੀਰ ਤਕ ਦੀ ਵੀ ਸੁੱਧ ਨਾ ਰਹੀ, ਅਜੇਹੀ ਬ੍ਰਿਤੀ ਇਕਾਗ੍ਰ ਹੋਈ ਕਿ ਸਤਿਗੁਰੂ ਜੀ ਨੇ ਪ੍ਰਤੱਖ ਹੋ ਕੇ ਦਰਸ਼ਨ ਦਿੱਤਾ ਅਤੇ ਵਰ ਦਿੱਤਾ ਕਿ :-

**'ਉਠੋ! ਹੁਣ ਤੁਹਾਡੀ ਇਛਾ ਪੂਰਨ ਹੋਵੇਗੀ।**

ਫਿਰ ਦੋਹਾਂ ਦੇ ਸਿਰਾਂ ਤੇ ਅਪਨਾ ਪਵਿਤ੍ਰ ਹਸਤਕਵਲ ਰਖਿਆ ਤੇ ਬਚਨ ਕੀਤਾ ਕਿ :-

**'ਤੁਹਾਡੇ ਘਰ ਵਿਖੇ ਇਕ ਬ੍ਰਹਮ ਗਿਆਨੀ ਤੇ ਪੂਰਨ ਭਗਤੀ ਵਾਲਾ ਸਦਾਚਾਰੀ ਵਿਰਕਤ ਆਤਮਾ ਸ਼ੁਭ ਗੁਣ ਸੰਪੰਨ**

**ਪੁਤ੍ਰ ਪੈਦਾ ਹੋਵੇਗਾ, ਓਹ ਲੜਕਾ ਬਾਲਕ ਪੁਨੇ ਵਿਚ ਹੀ ਆਪ ਨੂੰ ਕਈ ਤਰ੍ਹਾਂ ਦੇ ਅਨੰਦ ਮਈ ਕੌਤਕ ਦਿਖਾਵੇਗਾ, ਜਿਸਨੂੰ ਦੇਖਕੇ ਤੁਹਾਨੂੰ ਖੁਸ਼ੀ ਪ੍ਰਾਪਤ ਹੋਵੇਗੀ। ਵੀਹਾਂ ਵਰ੍ਹਿਆਂ ਤਕ ਆਪ ਦੇ ਗ੍ਰਹਿ ਵਿਖੇ ਰਹਿਕੇ ਸਭ ਤਰ੍ਹਾਂ ਨਾਲ ਆਪ ਨੂੰ ਪ੍ਰਸੰਨ ਕਰੇਗਾ, ਆਪ ਉਸਨੂੰ ਈਸ਼੍ਵਰ ਰੂਪ ਸਮਝਕੇ ਉਸਦੀ ਚੰਗੀ ਤਰ੍ਹਾਂ ਪਾਲਨਾ ਕਰਨੀ ਅਤੇ ਉਸ ਨਾਲ ਮੋਹ ਨਹੀਂ ਕਰਨਾ, ਫਿਰ ਇਸ ਆਯੂ ਤੋਂ ਪਿਛੋਂ ਉਹ ਬਾਲਕ ਈਸ਼੍ਵਰ ਦਾ ਨਾਮ ਆਪ ਜਪੇਗਾ ਤੇ ਹੋਰਨਾਂ ਨੂੰ ਜਪਾਵੇਗਾ ਅਤੇ ਤੁਹਾਡੀ ਸਾਰੀ ਕੁਲ ਦਾ ਉਧਾਰ ਕਰੇਗਾ।**

ਇਸ ਪ੍ਰਕਾਰ ਵਰ ਦੇ ਕੇ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਿਆਨ ਹੋ ਗਏ ਤੇ ਇਹ ਦੋਨੋਂ ਅਪਨੇ ਗ੍ਰਹਿ ਵਿਖੇ ਆਏ, ਫਿਰ ਇਕ ਸਾਲ ਦੇ ਪਿਛੋਂ ਬਾਲਕ ਦਾ ਜਨਮ ਹੋਇਆ। ਮਾਪਿਆਂ ਨੇ ਉਸਦਾ ਨਾਮ ਬੜੇ ਉਤਸ਼ਾਹ ਨਾਲ ਨਾਰਾਇਣ ਦੇ ਨਾਮ ਤੇ ਬਾਲਕ ਦਾ ਨਾਮ ਬੀ 'ਨਾਰਾਇਣ ਸਿੰਘ' ਰਖਿਆ। ਚਿਤ ਵਿਚ ਖਿਆਲ ਹੋਇਆ ਕਿ ਇਸਦਾ ਨਾਮ ਨਾਰਾਇਣ ਸਿੰਘ (ਪ੍ਰਮਾਤਮਾਂ) ਦੇ ਨਾਮ ਤੇ ਰਖਿਆ ਜਾਵੇ।

ਆਪ ਦੀ ਪਾਲਣਾ ਬੜੇ ਪ੍ਰੇਮ ਤੇ ਪਿਆਰ ਨਾਲ ਕੀਤੀ ਗਈ ਤੇ ਬੜੇ ਲਾਡ ਲਡਿਆਏ ਗਏ। ਪਲ ਭਰ ਵੀ ਆਪਨੇ ਪੁਤ੍ਰ ਨੂੰ ਆਪਣੇ ਸਾਹਮਣਿਉਂ ਪਰੇਡੇ ਨਹੀਂ ਰਖਦੇ ਸਨ। ਬਾਲਕ ਬੀ ਅਨੋਖੇ ਹੀ ਚੋਜ ਕਰਦਾ ਅਤੇ ਅਪਨੇ ਮਾਤਾ ਪਿਤਾ ਨੂੰ ਹਰ ਸਮੇਂ ਪਰਸੰਨ ਰਖਦਾ। ਇਸੇ ਤਰ੍ਹਾਂ ਪੰਜ ਛੇ ਬਰਸ ਆਨੰਦ ਤੇ ਖੁਸ਼ੀਆਂ ਵਿਚ ਹੀ ਬਤੀਤ ਹੋ ਗਏ। ਉਪਰੰਤ ਸਕੂਲ ਵਿਚ ਪੜ੍ਹਨੇ ਪਾ ਦਿਤਾ, ਉਥੇ ਥੋਹੜੇ ਹੀ ਚਿਰ ਵਿਚ ਅੰਗਰੇਜ਼ੀ ਤੇ ਉਰਦੂ ਵਿਚ ਚੰਗੇ ਮਾਹਰ ਹੋ ਗਏ। ਪਿਛੋਂ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਵਿਚ ਸ਼ਾਮਲ ਹੋ ਗਏ ਜਿਥੇ ਕਿ ਆਪ ਜੀ ਦੇ ਪਿਤਾ ਪੁਜਾਰੀ ਸਨ। ਉਨ੍ਹਾਂ ਹੀ ਦਿਨਾਂ ਵਿਚ ਠਾਕੁਰ ਦਿਆਲ ਸਿੰਘ ਜੀ ਦੇ ਡੇਰੇ ਵਿਖੇ (ਜੋ ਕਿ ਅਜ ਕਲ ਠਾਕਰਾਂ ਦੇ ਡੇਰੇ ਦੇ ਨਾਮ ਪੁਰ ਪ੍ਰਸਿਧ ਹੈ) ਪ੍ਰਸਿਧ ਪੰਡਤ ਸੁਆਮੀ ਸ਼ਾਮ ਸਿੰਘ ਜੀ ਪਾਸੋਂ ਆਪ ਨੇ ਗੁਰਮੁਖੀ ਤੇ ਹਿੰਦੀ ਵਿਦਜਾ ਦੀ ਪੜ੍ਹਾਈ ਕੀਤੀ ਤੇ ਛੋਟੇ ਛੋਟੇ ਵੇਦਾਂਤ ਦੇ ਗ੍ਰੰਥ ਭੀ ਪੜ੍ਹ ਲੀਤੇ, ਕਿਉਂਕਿ ਆਪ ਦੇ ਪਿਤਾ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਜੀ ਮਹਾਰਾਜ ਦੇ ਗਿਆਤਾ (ਗਿਆਨੀ) ਸਨ*, ਇਸ ਲਈ ਉਨ੍ਹਾਂ ਨੇ ਅਪਣੇ ਬੀਰ ਸੁਪੁਤ੍ਰ ਨੂੰ ਬੀ ਅਰਥਾਂ ਸਹਿਤ

*ਇਨ੍ਹਾਂ ਪਾਸੋਂ ਉਸ ਵੇਲੇ ਹੋਰ ਭੀ ਅਨੇਕਾਂ ਸਾਧੂ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਜੀ ਅਰਥਾਂ ਸਹਿਤ ਪੜ੍ਹਿਆ ਕਰਦੇ ਸਨ।



ਪੜ੍ਹਾਇਆ, ਸੋ ਇੰਨੀ ਵਿਦਜਾ ਪ੍ਰਾਪਤ ਕਰਕੇ ਹੋਰ ਵੀ ਆਪ ਵਿਦਵਾਨ ਹੋ ਗਏ ਤੇ ਸਦਾਚਾਰੀ ਬਣ ਗਏ।

ਆਪ ਦਾ ਨਿਤਨੇਮ ਸਵੇਰੇ ਅੰਮ੍ਰਿਤ ਵੇਲੇ ਤ੍ਰਿਪਹਿਰੇ ਜਾਗਨਾ ਤੇ ਸੋਚ ਇਸ਼ਨਾਨ ਕਰਕੇ ਹੋਰਨਾਂ ਪੁਜਾਰੀਆਂ ਨਾਲ ਸੰਬੰਧਿਤ ਹੋ ਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਕਰਨੀ, ਹੁੰਦਾ ਸੀ। ਫਿਰ ਦਿਨ ਚੜ੍ਹੇ ਸੰਤਾਂ ਮਹਾਤਮਾਂ ਨਾਲ ਮਿਲਕੇ ਗੁਰਬਾਣੀ ਦੇ ਅਰਥਾਂ ਦਾ ਵਿਚਾਰ ਕਰਨਾ ਅਤੇ ਮਾਤਾ ਪਿਤਾ ਦੀ ਹਰ ਸਮੇਂ ਸੇਵਾ ਕਰਨੀ ਤੇ ਉਨ੍ਹਾਂ ਦੀ ਆਗਜਾ ਵਿਚ ਰਹਿਣਾ, ਇਸ ਤਰ੍ਹਾਂ ਨਾਲ ਸਮਾਂ ਬਿਤਾਉਣਾ ਇੰਨਾਂ ਅਲੌਕਿਕ ਸੀ ਕਿ ਸਭ ਕੋਈ ਦੇਖ ਦੇਖਕੇ ਅਸਚਰਜ ਤੇ ਪ੍ਰਸੰਨ ਹੁੰਦਾ ਸੀ ਅਤੇ ਮੁਖ ਤੋਂ ਸਾਰੇ ਇਹੋ ਹੀ ਆਖਦੇ ਸਨ ਕਿ "ਇਹ ਕੋਈ ਰੱਬੀ ਤਾਕਤ ਵਾਲਾ ਸਤ ਪੁਰਸ਼ ਹੈ"। ਇਸ ਤਰ੍ਹਾਂ ਆਪਦੀ ਆਯੂ ਤਕਰੀਬਨ ਵੀਹਾਂ ਕੁ ਵਰਿਆਂ ਦੇ ਲਗਪਗ ਹੋ ਗਈ ਸੀ। ਮਾਤਾ ਪਿਤਾ ਦਾ ਇਕਲੌਤਾ ਪੁਤ੍ਰ ਅਜੇਹਾ ਹੋਣਹਾਰ ਹੋਣ ਕਰਕੇ ਉਨ੍ਹਾਂ ਨੂੰ ਇੰਨੀ ਪ੍ਰਸੰਨਤਾ ਸੀ ਕਿ ਉਹ ਅਪਨੇ ਸਿਕ ਦੇ ਪੁਤ੍ਰ ਨੂੰ ਦੇਖ ਫੂਲੇ ਨਹੀਂ ਸਮਾਉਂਦੇ ਸਨ। ਇਨ੍ਹਾਂ ਦਾ ਬਹੁਤਾ ਸਮਾਂ ਸੰਤਾਂ ਦੀ ਸੰਗਤ ਵਿਚ ਹੀ ਬਿਤੀਤ ਹੁੰਦਾ ਸੀ ਤੇ ਉਥੇ ਹੀ ਵੈਰਾਗ ਆਦਿ ਦੇ ਬਚਨ ਹੁੰਦੇ ਰਹਿੰਦੇ ਸਨ।

ਇਸ ਅਵਸਥਾ ਵਿਚ ਆਕੇ ਫਿਰ ਦੁਬਾਰਾ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦਾ ਵਿਚਾਰ ਕੀਤਾ, ਪਰ ਜਿਸ ਵੇਲੇ ਇਸ ਸ਼ਬਦ ਦੇ ਪਾਠ ਤਕ ਪਹੁੰਚੇ ਕਿ:-

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ॥ ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥ ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥ ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥ ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥੨॥**

[ਦੇ: ਗੌ: ਮ: ੯ ਸਫਾ ੫੩੬

ਤਾਂ ਆਪ ਦਾ ਚਿਤ ਸੰਸਾਰ ਵਲੋਂ ਉਪਰਾਮ ਹੋ ਗਿਆ ਅਤੇ ਇੰਨਾਂ ਉਦਾਸ ਹੋਇਆ ਕਿ ਖਾਣਾ ਪੀਣਾ, ਬੋਲਣਾ ਚਲਣਾ ਕੁਝ ਵੀ ਨਹੀਂ ਸੀ ਚੰਗਾ ਲਗਦਾ, ਇਥੋਂ ਤਕ ਕਿ ਜੇ ਕਦੇ ਮਾਤਾ ਪਿਤਾ ਬੁਲਾਣ ਵੀ ਤਾਂ ਆਪ ਨੇ ਚੁਪ ਕਰ ਰਹਿਣਾ ਤੇ ਜੇ ਵਧੀਕ ਕੁਛ ਆਖਣ ਤਾਂ ਆਪ ਜੀ ਨੇ ਉਸ ਵੇਲੇ ਵੈਰਾਗ ਮਈ ਸ਼ਬਦਾਂ ਨਾਲ ਇਉਂ ਸਮਝਾਉਣਾ ਕਿ:-

**ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥**

**ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥ ੧ ॥ ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ ॥ ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥ ੧ ॥ ਰਹਾਉ ॥ ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥ ੨ ॥ ਕਹਾ ਸੁਭਾਈ ਮੀਤ ਹੈ ਦੇਖੁ ਨੈਨ ਪਸਾਰਿ ॥ ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥ ੩ ॥ ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥ ੪ ॥ ੧ ॥ ੩੧ ॥**

[ਬਿਲਾ: ਮ: ੫ ਚਉ: ਸਫਾ ੮੦੮

ਫਿਰ ਮਾਤਾ ਪਿਤਾ ਜੀ ਨੇ ਇਸ ਸ਼ਬਦ ਦਾ ਮਤਲਬ ਪੁੱਛਿਆ ਤਾਂ ਆਪ ਜੀ ਨੇ ਦੱਸਿਆ ਕਿ ਇਹ ਸੰਸਾਰ ਅਤੇ ਸ੍ਰੀਰ ਸਭ ਨਾਸਮਾਨ ਹਨ, ਇਸ ਵਿਖੇ ਮੂਰਖ ਤੇ ਅਗਿਆਨੀ ਲੋਕ ਪ੍ਰੀਤੀ ਕਰਦੇ ਹਨ, ਨੇਤ੍ਰ ਖੋਲ੍ਹਕੇ ਦੇਖੋ ਕਿ ਸਨਬੰਧੀ ਕਿੱਥੇ ਚਲੇ ਗਏ । ਇਹ ਸੁਣ ਮਾਤਾ ਪਿਤਾ ਨੇ ਪੁਛਿਆ ਕਿ ਤੁਸੀਂ ਕੀ ਚਾਹੁੰਦੇ ਹੋ ? ਤਾਂ ਉਤ੍ਰ ਦਿਤਾ ਕਿ ਮੇਰੀ ਅਭਿਲਾਸ਼ਾ ਤਾਂ ਕਿਸੇ ਸਤ ਪੁਰਸ਼ ਪੂਰਨ ਬ੍ਰਹਮ ਵੇਤਾ ਮਹਾਤਮਾ ਦੇ ਪਾਸ ਰਹਿਕੇ ਸੇਵਾ ਕਰਨੀ ਅਤੇ ਈਸ਼੍ਵਰ ਦਾ ਨਾਮ ਜਪਨਾ ਹੀ ਹੈ, ਹੋਰ ਮੈਨੂੰ ਕੋਈ ਇੱਛਾ ਨਹੀਂ ਇਸ ਲਈ ਆਪ ਕਿਰਪਾ ਕਰਕੇ ਮੈਨੂੰ ਆਗਿਆ ਬਖਸ਼ੋ, ਜਿਸਤੇ ਮੈਂ ਜਾਕੇ ਅਪਨਾ ਜੀਵਨ ਸਫਲ ਕਰਾਂ। ਇਹ ਸੁਣਕੇ ਮਾਤਾ ਪਿਤਾ ਰੋ ਪਏ । ਅਗੋਂ ਆਪ ਨੇ ਇਸਦਾ ਕਾਰਨ ਪੁਛਿਆ, ਤਾਂ ਮਾਤਾ ਪਿਤਾ ਨੇ ਰੋਕੇ ਆਖਿਆ ਕਿ ਆਪ ਸਾਡੇ ਇਕਲੌਤੇ ਪੁਤ੍ਰ ਹੋ, ਆਪ ਦੇ ਬਿਨਾਂ ਸਾਨੂੰ ਦੂਸਰਾ ਕੋਈ ਨਿਗਾਹ ਨਹੀਂ ਆਉਂਦਾ, ਕੋਈ ਹੋਰ ਘਰ ਵਿਚ ਹੁੰਦਾ ਤਾਂ ਆਪ ਨੂੰ ਆਗਿਆ ਦੇ ਦੇਂਦੇ, ਦੂਸਰਾ ਤੁਸੀਂ ਆਗਿਆਕਾਰੀ ਪੁਤ੍ਰ ਹੋ, ਸਾਡੀ ਜਿੰਦ ਜਾਨ ਹੋ, ਅਸੀਂ ਤੁਹਾਡਾ ਵਿਛੋੜਾ ਕਿਵੇਂ ਸਹਾਰ ਸਕਦੇ ਹਾਂ, ਅਤੇ ਤੁਹਾਨੂੰ ਜਾਣ ਦੀ ਆਗਿਆ ਕਿਵੇਂ ਦੇ ਸਕਦੇ ਹਾਂ । ਐਹੋ ਜਿਹੀਆਂ ਵਿਚਾਰਾਂ ਵਿਚ ਤਿੰਨ ਮਹੀਨੇ ਬਿਤੀਤ ਹੋ ਗਏ, ਅੰਤ ਮਾਤਾ ਪਿਤਾ ਨੇ ਜਿਸ ਵੇਲੇ ਆਗਿਆ ਨਾ ਦਿਤੀ, ਤਾਂ ਆਪ ਨੇ ਖਾਣਾ ਪੀਣਾ, ਬੋਲਣਾ ਹੱਸਣਾ ਇਤਯਾਦਿ ਸਭ ਤਿਆਗ ਦਿਤਾ ਤੇ ਅਠੇ ਪਹਿਰ ਉਦਾਸੀਨ ਹੋ ਕੇ ਵੈਰਾਗ ਮਈ ਸ਼ਬਦ ਪੜ੍ਹਨ ਲਗ ਪਏ :-

**ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥ ੧ ॥**

[ਸੂਹੀ ਰਵਿ: ਸਫਾ ੭੯੩



ਅਜਿਹੀ ਵੈਰਾਗ ਮਈ ਦਸ਼ਾ ਦੇਖਕੇ ਸਭ ਸੰਤਾਂ ਤ ਸਤਸੰਗੀਆ ਨੇ ਆਪ ਦੇ ਮਾਤਾ ਪਿਤਾ ਨੂੰ ਸਮਝਾਇਆ ਕਿ ਇਨ੍ਹਾਂ ਨਾਲ ਮੋਹ ਨਾ ਕਰੋ ਤੇ ਇਨ੍ਹਾਂ ਨੂੰ ਨਾਮ ਜਪਣ ਦੀ ਆਗਿਆ ਦੇ ਦੇਵੋ, ਹੁਣ ਇਨ੍ਹਾਂ ਦਾ ਵੀ ਇਹੋ ਹੀ ਖਿਆਲ ਹੈ; ਅਤੇ ਦੇਖੋ, ਧ੍ਰੂ ਪ੍ਰਹਿਲਾਦ, ਗੋਪੀ ਚੰਦ, ਸ਼ੇਖ ਫ਼ਰੀਦ ਆਦਿਕਾਂ ਦੇ ਮਾਤਾ ਪਿਤਾ ਨੇ ਆਪ ਆਗਿਆ ਦਿੱਤੀ ਸੀ ਕਿ ਜਾਓ ਜਾਕੇ ਈਸ਼੍ਵਰ ਦਾ ਨਾਮ ਜਪੋ ਤੇ ਸਾਡੀ ਵੀ ਕਲਿਆਣ ਕਰੋ । ਇਹ ਸੁਣ ਮਾਤਾ ਪਿਤਾ ਨੇ ਕਿਹਾ ਕਿ ਸਾਡਾ ਇਕੋ ਹੀ ਪੁਤ੍ਰ ਹੈ, ਸਾਡਾ ਪਿਤਰੀ ਤਰਪਣ ਕੌਣ ਕਰੇਗਾ । ਤਾਂ ਸਿਆਣਿਆ ਨੇ ਉਤਰ ਦਿਤਾ ਕਿ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਅਪਨੇ ਮਾਤਾ ਪਿਤਾ ਦਾ ਉਧਾਰ ਕੀਤਾ ਸੀ ਇਸੇ ਤਰ੍ਹਾਂ ਹੀ ਹੋਵੇਗਾ, ਭਾਵ ਜੋ ਨਾਮ ਜਪਣ ਵਾਲਾ ਪ੍ਰਮਾਤਮਾ ਦਾ ਭਗਤ ਹੈ ਉਸਦੇ ਪਿਤਰ ਜਲਤਰਪਣ ਲੈਣ ਦੀ ਇੱਛਾ ਹੀ ਨਹੀਂ ਕਰਦੇ, ਓਹ ਜੋ ਨਾਮ ਜਪਦਾ ਹੈ ਉਸ ਤੋਂ ਹੀ ਉਸ ਦੇ ਮਾਤਾ ਪਿਤਾ ਪ੍ਰਸੰਨ ਹੋ ਜਾਂਦੇ ਹਨ; ਜਿਵੇਂ ਪੈਂਗਲੋਪਨਿਸ਼ਦ ਵਿਚ ਲਿਖਿਆ ਹੈ ਕਿ ਜਿਸ ਕੁਲ ਵਿਚ ਈਸ਼੍ਵਰ ਦਾ ਭਗਤ (ਬ੍ਰਹਮ ਗਿਆਨੀ) ਹੋਵੇ ਉਸਦੀਆ ਇਕ ਸੌ ਇਕ ਕੁਲਾਂ ਦਾ ਉਧਾਰ ਹੋ ਜਾਂਦਾ ਹੈ ਜਿਵੇਂ :-

**ਬ੍ਰਹਮਵਿਤ ਮਾਤ੍ਰੇਣ ਏਕੋਤ੍ਰ ਸ਼ਤੰ ਕੁਲੰ ਤਾਰਜਤੀ ॥**

(ਪੈਂਗਲੋਪਨਿਸਦ

ਗੁਰ ਪ੍ਰਮਾਣ:-

**ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥**

(ਸਿਰੀ: ਮ: ੩ ਸਫਾ ੨੮

ਹੋਰ ਪ੍ਰਮਾਣ:-

**ਕੁਲਮ ਪਵਿਤ੍ਰਮ ਜਨਨੀ ਕ੍ਰਿਤਾਰਥਾ ਬਸੁੰਧਰਾ ਪੁਣਜਵਤੀ ਚ ਤੇਨ ।**
**ਅਪਾਰ ਸੰਵਿਤ ਸੁਖ ਸਾਗਰੇ ਅਸਮਿਨ ਲੀਨੰ ਪਰੇ ਬ੍ਰਹਮਣੀ ਯਸਯ ਚੇਤਹ ।**

(ਸਕੰਦ ਪੁਰਾਣ

ਅਰਥ-ਉਸ ਨਾਮ ਜਪਣ ਵਾਲੇ ਪੁਰਸ਼ ਦੀ ਕੁਲ ਪਵਿਤ੍ਰ ਤੇ ਮਾਤਾ ਕ੍ਰਿਤ ਕ੍ਰਿਤ ਹੋ ਜਾਂਦੀ ਹੈ ਅਤੇ ਜਿਥੇ ਉਸਦਾ ਜਨਮ ਹੁੰਦਾ ਹੈ ਜਾਂ ਉਹ ਵਸਦਾ ਹੈ ਉਹ ਧਰਤੀ ਬੀ ਬੜੇ ਪੁੰਨਾਂ ਵਾਲੀ ਹੁੰਦੀ ਹੈ।

**ਪਿਤਾ ਸਾਚ ਚੌਬੀਸ ਬੀਸ ਮਾਤਾ ਕੇ ਜਾਨੋ।**
**ਖੋੜਸ ਤੁਲਾ ਮਹਾਨ ਦੁਆਦਸ ਸੁਤਾ ਪਛਾਨੋ।**
**ਏਕਾਦਸ ਕੁਲ ਭੈਣ ਦਸ ਭੂਆ ਕੇ ਲੇਖੇ।**
**ਮਾਤ ਭੈਣ ਕੁਲ ਆਠ ਸ਼ਤ੍ਰੀ ਸਿੰਮ੍ਰਤੀ ਪੇਖੇ।**

ਫਿਰ ਆਪ ਨੇ ਬੇਨਤੀ ਕੀਤੀ ਕਿ ਹੇ ਮਾਤਾ ਪਿਤਾ ਜੀ ! ਮੈਨੂੰ ਆਗਿਆ ਬਖਸ਼ੋ, ਮੈਂ ਆਪਣੇ ਗੁਰਾਂ ਦੇ ਉਪਦੇਸ਼ ਦੁਆਰੇ ਨਾਮ ਜਪਕੇ ਜੀਵਨ ਸਫਲ ਕਰਾਂ, ਕਿਉਂਕਿ

ਸੰਸਾਰ ਵਿਚ ਆਉਣਾ ਗੁਰਮੁਖਾਂ ਦਾ ਹੀ ਸਫਲ ਹੈ:-

**ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥**

[ਸੋਰ: ਮ: ੩ ਸਫਾ ੬੦੩

**ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥**

[ਵਡ: ਮ: ੧ ਸਫਾ ੫੭੯

**ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ ਆਇ ਬਸਹਿ ਸਾਧੂ ਕੈ ਸੰਗੇ॥ ਅਨਦਿਨੁ ਨਾਮੁ ਧਿਆਵਹਿ ਰੰਗੇ ॥ ਆਵਤ ਸੋ ਜਨੁ ਨਾਮਹਿ ਰਾਤਾ ॥ ਜਾਕਉ ਦਇਆ ਮਾਇਆ ਬਿਧਾਤਾ ॥ ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥ ੧੩ ॥**

[ਗਉ: ਬ: ਮ: ੫ ਸਫਾ ੨੫੨

ਇਹ ਸੁਣਕੇ ਮਾਤਾ ਜੀ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਪਿਛਲੇ ਬਚਨ ਯਾਦ ਆ ਗਏ ਤੇ ਅਪਨੇ ਚਿਤ ਨੂੰ ਧੀਰਜ ਦੇਕੇ ਖੁਸ਼ੀ ਨਾਲ ਆਗਿਜਾ ਦਿੱਤੀ ਤੇ ਕਿਹਾ ਕਿ ਸਾਡੀ ਕੁਲ ਦਾ ਭੀ ਆਪ ਨੇ ਹੀ ਉਧਾਰ ਕਰਨਾ; ਫਿਰ ਸ਼ਬਦ ਵਿਚ ਅਸੀਸ ਦਿਤੀ:-

**ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**

[ਗੂਜ: ਮ: ੫ ਸਫਾ ੪੯੬

ਇਹ ਅਸੀਸ ਦੇਕੇ ਆਖਿਆ ਕਿ ਪੁੱਤ੍ਰ ਏਕ ਵੇਰ ਸਾਨੂੰ ਫੇਰ ਜ਼ਰੂਰ ਦਰਸ਼ਨ ਦੇਣਾ। ਫਿਰ ਪੁਛਿਆ ਕਿ ਕਦ ਆਓਗੇ ਤਾਂ ਉੱਤਰ ਦਿਤਾ ਕਿ ਬਾਰਾਂ ਵਰ੍ਹਿਆਂ ਪਿਛੋਂ ਆਵਾਂਗੇ। ਮਾਤਾ ਦੀ ਵਧੀਕ ਖਿੱਚ ਕਰਨ ਤੇ ਅਠਾਂ ਵਰ੍ਹਿਆਂ ਪਿਛੋਂ ਦਰਸ਼ਨ ਦੇਣ ਦਾ ਬਚਨ ਕੀਤਾ। ਸੋ ਅੱਠਾਂ ਵਰ੍ਹਿਆਂ ਬਾਦ ਹੀ ਆਪ ਨੇ ਮਾਤਾ ਜੀ ਨੂੰ ਦਰਸ਼ਨ ਦਿਤੇ। ਮਾਤਾ ਨੇ ਬੜੇ ਲਾਡ ਨਾਲ ਕਿਹਾ ਕਿ ਪੁਤ੍ਰ! ਸੰਤ ਬਣਕੇ ਪ੍ਰਮੇਸ਼ਰ ਵਿਖੇ ਪ੍ਰੀਤੀ ਰਖਣੀ, ਅਗੋਂ ਆਪ ਜੀ ਨੇ ਇਸ ਪ੍ਰਕਾਰ ਉੱਤਰ ਦਿਤਾ:-

**ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥ ਦਾਸ ਤੇਰੇ ਕੀ ਨਿਰਮਲ ਰੀਤਿ ॥ ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥ ਹਉਮੈ ਬੰਧੁ**



**ਹਰਿ ਦੇਵਣਹਾਰਾ ॥ ੧ ॥ ਰਹਾਉ ॥ ਚਰਨ ਕਮਲ ਸਿਉ ਲਾਗਉ ਨੇਹੁ ॥ ਨਾਨਕ ਕੀ ਬੇਨੰਤੀ ਏਹ ॥ ੨ ॥**

[ਧਨਾ: ਮ: ੫ ਸਫਾ ੬੮੪

ਫਿਰ ਪਿਤਾ ਜੀ ਤੋਂ ਆਗਿਆ ਮੰਗੀ ਤਾਂ ਪਿਤਾ ਜੀ ਨੇ ਇਸ ਪ੍ਰਕਾਰ ਸਿਖਿਆ ਦਿਤੀ:-

(੧) ਇਸਤ੍ਰੀ ਤੋਂ ਪ੍ਰਹੇਜ਼ ਰਖਣਾ।
(੨) ਪੈਸਾ ਪਾਸ ਨਹੀਂ ਰਖਣਾ।
(੩) ਕੇਸਾਂ ਦੀ ਬਿਅਦਬੀ ਨਹੀਂ ਕਰਨੀ।

(੪) ਤਮਾਕੂ ਪੀਣ ਵਾਲੇ ਦਾ ਚੇਲਾ ਨਹੀਂ ਬਣਨਾ, ਕਿਉਂਕਿ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਣ ਵਾਲੇ ਹਾਂ। ਜਿੰਨੇ ਬੀ ਪੁਰਾਤਨ ਰਿਸ਼ੀ ਮੁਨੀ ਵਡੇ ਵਡੇ ਪੈਕੰਬਰ ਤੇ ਅਵਤਾਰ ਹੋਏ ਹਨ ਸਭ ਕੇਸਾਧਾਰੀ ਹੋਏ ਹਨ, ਅਤੇ ਸਿੰਮ੍ਰਤੀਆਂ ਆਦਿ ਗ੍ਰੰਥਾਂ ਵਿਚ ਬੀ ਕੇਸ ਰਖਣੇ ਜ਼ਰੂਰੀ ਸਮਝੇ ਹਨ, ਜਿਵੇਂ ਸਿਰਾਧਾਂ ਵਿਚ ਤਾਂ ਮੁੰਡਨ ਕਰਾਉਣ ਵਾਲੇ ਬੀ ਮੁੰਡਨ ਨਹੀਂ ਕਰਾਉਂਦੇ, ਨਵਰਾਤ੍ਰਿਆਂ ਵਿਚ ਦੇਵੀ ਦਾ ਜਪ ਕਰਨ ਵਾਲੇ ਬੀ ਕੇਸ ਤੇ ਨਹੁੰ ਆਦਿ ਨਵਰਾਤ੍ਰਿਆਂ ਵਿਚ ਨਹੀਂ ਉਤਰਵਾਉਂਦੇ, ਕਿਉਂਕਿ ਵਾਸਤਵ ਵਿਚ ਇਨ੍ਹਾਂ ਦਾ ਰਖਣਾਂ ਅਤਿ ਜ਼ਰੂਰੀ ਹੈ। ਇਨ੍ਹਾਂ ਦੀ ਬਾਬਤ ਮਨੂੰਸਿੰਮ੍ਰਤੀ ਵਿਚ ਇਉਂ ਲਿਖਿਆ ਹੈ:-

**ਕੇਸ਼ ਗ੍ਰਿਹਾਣ ਪ੍ਰਹਾਰਾਂਸਚ ਸਿਰ ਸ਼੍ਰਿਜੇਤਾਨ ਬਿਵਰਜਯੇਤ ॥**

[ਮਨੂ ਸਿੰਮ੍ਰਤੀ

ਇਸਦਾ ਅਰਥ ਇਉਂ ਹੈ:-ਕੇਸਾਂ ਨੂੰ ਫੜਨਾ ਤੇ ਸਿਰ ਤੇ ਧੱਪਾ ਆਦਿਕ ਮਾਰਨਾ, ਇਹ ਨਾ ਕਰੇ।

ਫਿਰ ਇਥੋਂ ਤਕ ਲਿਖਿਆ ਕਿ ਜੇਕਰ ਕੋਈ ਕੇਸਾਂ ਨੂੰ ਹਥ ਪਾਵੇ ਭੀ, ਤਾਂ ਬਿਨਾਂ ਕਿਸੇ ਵਿਚਾਰ ਕੀਤੇ ਦੇ ਹੱਥ ਕੱਟ ਦੇਣ ਦੀ ਸਜ਼ਾ ਦੇਣੀ ਚਾਹੀਦੀ ਹੈ। ਹੋਰ ਸਰੀਰ ਦੇ ਦੂਸਰੇ ਅੰਗ ਦੇ ਮਾਰਨ ਯਾ ਫੜਨ ਦੀ ਇੰਨੀ ਸਜ਼ਾ ਨਹੀਂ ਲਿਖੀ ਜਿੰਨੀ ਕਿ ਕੇਸਾਂ ਬਾਬਤ ਲਿਖੀ ਹੈ, ਸੋ ਇਸ ਲਈ ਤੁਸਾਂ ਕੇਸਾਂ ਦੀ ਬਿਅਦਬੀ ਕਦੇ ਨਾ ਕਰਨੀ।

ਇਸ ਪ੍ਰਕਾਰ ਦੀ ਸਿਖਿਆ ਦੇ ਬਚਨ ਪਿਤਾ ਜੀ ਨੇ ਆਪਨੇ ਪਿਆਰੇ ਸੁਪੁਤ੍ਰ ਨੂੰ ਕਹੇ ਫਿਰ ਸਵੇਰਸਾਰ ਹੀ ਸੌਚ ਇਸ਼ਨਾਨ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ। ਉਸ ਸਮੇਂ ਦੀਪ ਮਾਲਾ ਸੀ, ਇਸ ਲਈ ਬਹੁਤ ਸਾਰੇ ਸੰਤ ਮਹਾਤਮਾ ਆਏ ਹੋਏ ਸਨ, ਉਹਨਾਂ ਦਾ ਦਰਸ਼ਨ ਤੇ ਸਤਿਸੰਗ ਕਰਕੇ ਪਤਾ ਕੀਤਾ ਕਿ ਇਸ ਸਮੇ

ਰਿਖੀ ਕੇਸ਼ ਵਿਚ ਕਿਹੜੇ ਅਤੀਤ ਅਤੇ ਬ੍ਰਹਮਵੇਤਾ ਮਹਾਤਮਾ ਰਹਿੰਦੇ ਹਨ। ਪਤਾ ਲਗਾ ਕਿ ਇਸ ਵੇਲੇ ਰੱਬੀ ਜੋਤ ਸ੍ਰੀ ਮਾਨਜਵਰ ਮਹਾਰਾਜ ਸੁਆਮੀ ਬੁਧ ਸਿੰਘ ਜੀ ਹੀ ਭਜਨ ਪ੍ਰਤਾਪ ਵਾਲੇ ਰਹਿਣੀ ਬਹਿਣੀ ਦੇ ਸੂਰੇ ਤਤਵੇਤਾ ਤੇ ਨਾਮ ਦੇ ਰਸੀਏ ਇਕ ਪ੍ਰਸਿੱਧ ਮਹਾਤਮਾ ਰਹਿੰਦੇ ਹਨ, ਇਹਨਾਂ ਦੇ ਸਮਾਨ ਐਸ ਵੇਲੇ ਕੋਈ ਨਹੀਂ। ਉਹਨਾਂ ਦਾ ਪਵਿਤ੍ਰ ਨਾਮ ਸੁਣਦਿਆਂ ਹੀ ਕਾਲਜੇ ਵਿਚ ਠੰਢ ਪੈ ਗਈ–

**''ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥''**

ਸੋ ਦਰਸ਼ਨ ਤੇ ਸਤਿਸੰਗ ਕਰਨ ਦੀ ਲਾਲਸਾ ਰਖਕੇ ਮਾਤਾ ਪਿਤਾ ਤੋਂ ਆਗਜ਼ਾ ਲੈਕੇ ਹੌਲੀ ਹੌਲੀ ਰਿਖੀ ਕੇਸ਼ ਨੂੰ ਤੁਰ ਪਏ। ਰਸਤੇ ਵਿਚ ਅਨੇਕਾਂ ਤੀਰਥਾਂ, ਗੁਰਧਾਮਾਂ ਤੇ ਮਹਾਤਮਾਵਾਂ ਦੇ ਦਰਸ਼ਨ ਹੋਏ, ਪਰ ਮਨ ਦੀ ਬ੍ਰਿਤੀ ਉਥੇ ਹੀ ਲਗੀ ਰਹੀ। ਇਸ ਤੋਂ ਪਹਿਲਾਂ ਵੀ ਆਪ ਮਾਤਾ ਪਿਤਾ ਦੇ ਨਾਲ ੧੯੨੪ ਦੇ ਕੁੰਭ ਦੇ ਮੇਲੇ ਪੁਰ ਹਰਿਦੁਆਰ ਵਿਖੇ ਆ ਚੁਕੇ ਹੋਏ ਸਨ, ਤੇ ਉਦੋਂ ਚੂੰਕਿ ਗੁਰਦੁਆਰਾ ਤੀਜੀ ਪਾਤਸ਼ਾਹੀ ਡੇਰਾ ਬਾਬਾ ਦਰਗਾਹਾ ਸਿੰਘ ਦੇ ਅਸਥਾਨ ਤੇ ਉਤਰੇ ਸਨ, ਇਸ ਲਈ ਉਥੋਂ ਦਾ ਹੀ ਪਤਾ ਸੀ। ਸੋ ਆਪ ਹੁਣ ਉਥੇ ਹੀ ਸਿੱਧੇ ਚਲੇ ਗਏ। ਉਥੇ ਠਹਿਰਕੇ ਆਪਣੇ ਗੁਰੂ ਦੀ ਢੂੰਡ ਭਾਲ ਲਈ ਸਭ ਅਸਥਾਨਾਂ ਵਿਖੇ ਪਹੁੰਚੇ, ਪਰ ਜਿਹੋ ਜਿਹਾ ਪਿਤਾ ਜੀ ਨੇ ਗੁਰੂ ਦਸਿਆ ਸੀ, ਉਹੋ ਜਿਹਾ ਨਜ਼ਰੀਂ ਨਾ ਆਇਆ, ਸੋ ਉਦਾਸ ਜਿਹੇ ਹੋਕੇ ਰਿਖੀ ਕੇਸ਼ ਪਹੁੰਚ ਗਏ। ਉਹ ਅਸਥਾਨ ਇਕ ਨਿਰਜਨ ਤੇ ਇਕਾਂਤ ਥਾਂ ਸੀ, ਆਸ ਪਾਸ ਬੜੀ ਬੜੀ ਦੂਰ ਤਕ ਹਰਿਆਵਲ ਹੀ ਹਰਿਆਵਲ ਸੀ, ਗੰਗਾ ਦਾ ਇਕ ਪਵਿਤ੍ਰ ਕਿਨਾਰਾ ਸੀ ਤੇ ਉਸ ਕਿਨਾਰੇ ਤੇ ਇਕ ਬੜੀ ਸੁੰਦਰ ਤੇ ਦਰਸ਼ਨੀਕ ਝਾੜੀ ਸੀ। ਉਸ ਝਾੜੀ ਦੇ ਵਿਚ ਬੀਤ ਰਾਗ, ਬ੍ਰਹਮ ਗਿਆਨੀ ਤੇ ਤਪੱਸ੍ਵੀ ਮਹਾਤਮਾ ਰਹਿੰਦੇ ਸਨ, ਜੋ ਪੱਤੇ ਤੇ ਕੰਦ ਮੂਲ ਆਦਿ ਖਾ ਖਾ ਕੇ ਗੁਜ਼ਾਰਾ ਕਰਨ ਵਾਲੇ ਸਨ, ਅਜੇਹੀ ਅਲੌਕਿਕ ਤੇ ਰਮਣੀਕ ਝਾੜੀ ਦੇ ਵਿਚ ਇਕ ਬੋੜ੍ਹ ਦੇ ਹੇਠਾਂ ਮਹਾਰਾਜ ਪਰਮ ਪੂਜਨੀਕ ਸੁਆਮੀ ਬੁਧ ਸਿੰਘ ਜੀ ਇਸਥਿਤ ਸਨ, ਆਪ ਦਾ ਸੁਹਣਾ ਜਿਹਾ ਚਿਹਰਾ ਜੋ ਉਸ ਵੇਲੇ ਦਗਦਗ ਕਰ ਰਿਹਾ ਸੀ, ਸਭ ਦੇ ਦਿਲਾਂ ਵਿਚ ਇਕ ਖਿੱਚ ਪਾ ਰਿਹਾ ਸੀ, ਅਤੇ ਆਸ ਪਾਸ ਦੋ ਚਾਰ ਸਤਿਸੰਗੀ ਤੇ ਕੁਛ ਸੰਤ–ਜੋ ਬਚਨਾਂ ਦੇ ਅਭਿਲਾਸ਼ੀ ਸਨ–ਆਪ ਦੇ ਪਾਸ ਬੈਠੇ ਵੇਦਾਂਤ ਦਾ ਕੁਛ ਪ੍ਰਸੰਗ ਸੁਣ ਰਹੇ ਸਨ। ਜਿਸ ਵੇਲੇ ਕਿ ਠੀਕ ਆਪ ਜੀ ਉਥੇ ਅੱਪੜ ਗਏ। ਦਰਸ਼ਨ ਕਰਦਿਆਂ ਚਰਨਾਂ ਤੇ ਢਹਿ ਪਏ ਤੇ ਆਪਣੇ ਆਪ ਨੂੰ ਬੜਾ ਹੀ ਕ੍ਰਿਤਾਰਥ ਹੋਇਆ ਸਮਝਿਆ ਤੇ ਉਸ ਵੇਲੇ ਮੁਖ ਤੋਂ ਆਖਿਆ:–

**ਸਫਲ ਸਫਲ ਭਈ ਸਫਲ ਜਾਤ੍ਰਾ ॥**
**ਆਵਣ ਜਾਣ ਰਹੇ ਮਿਲੇ ਸਾਧਾ ॥**



ਇਹ ਆਖ ਕੇ ਆਪ ਉਥੇ ਮਹਾਰਾਜ ਜੀ ਪਾਸ ਬੈਠ ਗਏ, ਕੁਛ ਸਤਿਸੰਗ ਵਿਚ ਬਚਨ ਬਿਲਾਸ ਸੁਣੇ, ਤਾਂ ਮਨ ਨੂੰ ਸ਼ਾਂਤੀ ਆਈ। ਦਿਲ ਦੀ ਜੋ ਭਟਕਣਾ ਸੀ ਉਹ ਦੂਰ ਹੋ ਗਈ ਅਤੇ ਦਿਲ ਵਿਚ ਨਿਸਚੇ ਕਰ ਲਿਆ ਕਿ ਮੇਰੇ ਗੁਰੂ ਤਾਂ ਇਹੋ ਹੀ ਹਨ ਕਿਉਂਕਿ:–

**ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥**
**ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮਪਦੁ ਲਹੀਐ ॥**
(ਗਉ: ਬੈ: ਮ: ੪ ਸਫਾ ੧੬੮

ਠੀਕ ਉਸ ਵੇਲੇ ਇਕ ਸਜਣ ਨੇ ਮਹਾਰਾਜ ਸੁਆਮੀ ਬੁਧ ਸਿੰਘ ਜੀ ਦੇ ਹਜ਼ੂਰ ਖਲੋਕੇ ਦੋਵੇਂ ਹਥ ਜੋੜ ਬੜੀ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਮਹਾਰਾਜ ! ਮੈਂ ਬੜੇ ਔਗੁਣਾਂ ਦਾ ਭਰਿਆ ਹੋਇਆ ਹਾਂ, ਪਰ ਆਪ ਜੀ ਦੇ ਦਰਸ਼ਨ ਕਰਕੇ ਮੇਰੇ ਚਿਤ ਵਿਚ ਠੰਡ ਜਿਹੀ ਵਰਤ ਗਈ ਹੈ। ਹੁਣ ਮੈਨੂੰ ਇਉਂ ਭਾਸ ਰਿਹਾ ਹੈ ਕਿ ਜਿਵੇਂ ਮੈਂ ਹੌਲਾ ਹੌਲਾ ਜਿਹਾ ਹੋ ਗਿਆ ਹਾਂ ਤੇ ਮੇਰੇ ਸਿਰ ਤੋਂ ਕੋਈ ਬੋਝ ਜਿਹਾ ਲਹਿ ਗਿਆ ਹੈ, ਪਰ ਜਿਹੜੇ ਮੈਂ ਪਿਛੇ ਵਿਕਾਰ ਤੇ ਔਗੁਣ ਕੀਤੇ ਸਨ ਉਨ੍ਹਾਂ ਤੋਂ ਮੈਂ ਕੰਬ ਰਿਹਾ ਹਾਂ, ਆਪ ਕਿਰਪਾ ਕਰਕੇ ਮੇਰੇ ਤੇ ਮਿਹਰ ਕਰੋ ਤੇ ਜੋ ਚਾਹੋ ਡੰਨ ਦਿਓ ਮੈਨੂੰ ਪਰਵਾਨ ਹੈ। ਇਹ ਸੁਣਕੇ ਪਾਸ ਬੈਠੇ ਸਤਿਸੰਗੀ ਆਖਣ ਲੱਗੇ ਕਿ ਮਹਾਰਾਜ ! ਇਹ ਅਜਿਹਾ ਹੰਕਾਰੀ ਤੇ ਹਠੀ ਸੀ ਕਿ ਕਿਸੇ ਨੂੰ ਨੇੜੇ ਨਹੀਂ ਸੀ ਢੁਕਣ ਦਿੰਦਾ, ਪਰ ਆਪ ਜੀ ਦੇ ਮਿੱਠੇ ਤੇ ਮਿਕਨਾਤੀਸੀ ਬਚਨਾਂ ਨਾਲ ਇਸ ਦਾ ਸੁਭਾਉ ਪਲਟ ਕੇ ਕੁਝ ਹੋਰ ਦਾ ਹੋਰ ਹੀ ਹੋ ਗਿਆ ਹੈ। ਫਿਰ ਸਾਰਿਆਂ ਨੇ ਬੜੇ ਪ੍ਰੇਮ ਨਾਲ ਇਕ ਸੁਰ ਹੋਕੇ ਆਖਿਆ:–

**ਧੰਨ ਸਤਸੰਗਤਿ ਹੈ !**
**ਧੰਨ ਸਾਧ ਸੰਤ ਹਨ !**

ਜੋ ਪੱਥਰ-ਦਿਲਾਂ ਨੂੰ ਭੀ ਮੋਮ ਕਰ ਦਿੰਦੇ ਹਨ। ਹੇ ਮਹਾਰਾਜ ! ਆਪ ਪਾਰਸ ਹੋ, ਕਾਮਧੇਨ ਹੋ, ਬਾਵਨ ਚੰਦਨ ਹੋ, ਮਾਨ ਸਰੋਵਰ ਹੋ, ਆਪ ਦਾ ਕੋਮਲ ਸੁਭਾਉ ਪਾਪੀਆਂ ਤੇ ਔਗੁਣਹਾਰਿਆਂ ਨੂੰ ਅਪਨੀ ਰਹਿਮਤ ਕਰਕੇ ਇਸ ਸੰਸਾਰ ਤੋਂ ਪਾਰ ਕਰਨਾ ਹੀ ਹੈ।

ਯਥਾ–

**ਸਤਿਗੁਰੁ ਪਾਰਸ ਪਰਸਕੈ ਕੰਚਨ ਕਰੈ ਮਨੂਰ ਮਲੀਣਾ ॥**
**ਸਤਿਗੁਰੁ ਬਾਵਨ ਚੰਦਨੋਂ ਵਾਸ ਸੁਵਾਸ ਕਰੈ ਲਾਖੀਣਾ ॥**
**ਸਤਿਗੁਰੁ ਪੂਰਾ ਪਰਜਾਤ ਸਿੰਮਲ ਸਫਲ ਕਰੈ ਸੰਗ ਲੀਣਾ ॥**
**ਮਾਨ ਸਰੋਵਰ ਸਤਿਗੁਰੂ ਕਾਗਹੁੰ ਹੰਸ ਜਲਹੁੰ ਦੁਧ ਪੀਣਾ ॥**
**ਗੁਰ ਤੀਰਥ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ ॥**

ਸਤਿਗੁਰੁ ਬੰਦੀ ਛੋੜ ਹੈ ਜੀਵਣ ਮੁਕਤਿ ਕਰੈ ਓਡੀਣਾ ॥
ਗੁਰਮੁਖਿ ਮਨ ਅਪਤੀਜ ਪਤੀਣਾ ॥

[ਭਾ: ਗੁ: ਵਾਰ ੨੬ ਪਉੜੀ ੨੦

ਗੁਰ ਪ੍ਰਮਾਣ:-

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥ ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥ ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥ ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥ ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥ ੧੩ ॥

[ਵਾਰ ਬਿਲਾ: ਮ: ੪ ਸਫਾ ੮੫੪

ਪੁਨਾ:-

ਸਤਿਗੁਰੂ ਚਰਨ ਜਿਨ ਪਰਸਿਆ ਸੇ ਪਸੁ ਪਰੇਤ ਸੁਰਿਨਰ ਭਇਆ ॥

[ਸਵ: ਮ: ੪ ਸਫਾ ੧੩੯੯

ਅਜੇਹੇ ਸੰਗਤਾਂ ਦੇ ਬਚਨ ਸੁਣੇ ਕਿ ਆਪਦੇ ਮਨ ਵਿਚ ਦ੍ਰਿੜ੍ਹ ਵਿਸ਼ਵਾਸ਼ ਹੋ ਗਿਆ ਤੇ ਗੁਰੂ ਧਾਰਨ ਕਰਨ ਦੀ ਮਨ ਵਿਚ ਸ਼ਰਧਾ ਪੈਦਾ ਹੋ ਗਈ, ਤਾਂ ਇਸ ਵੇਲੇ ਗੁਰੂ ਭਾਵਨਾ ਕਰ ਚਰਨ ਕਮਲ ਪਕੜ ਲਏ ਤੇ ਮੁਖ ਤੋਂ ਉਚਾਰਨ ਕੀਤਾ:-

ਸਤਿਗੁਰ ਆਇਓ ਸਰਣਿ ਤੁਮਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥ ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥ ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥ ੨ ॥ ੪ ॥ ੯ ॥

[ਟੋਡੀ ਮਹਲਾ ੫ ਸਫਾ ੭੧੩



ਤੇ ਬੇਨਤੀ ਕੀਤੀ ਹੇ ਦਾਤਾ:-

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

[ਬਿਹਾ: ਮ: ੫ ਸਫਾ ੫੪੪

ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿਨਾਉ ॥
ਜਾਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂੰ ਦੇਹਿ ਅਸਰਾਉ ॥੧॥
ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ ॥
ਦਹਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ ॥ ੨ ॥

[ਸਾਰੰ: ਮ: ੫; ਸਫਾ ੧੨੦੨

ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥
ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥ ੧ ॥
ਦੀਨ ਦੁਨੀਆ ਤੇਰੀ ਟੇਕ॥ਸਭਮਹਿਰਵਿਆ ਸਾਹਿਬੁਏਕ॥੧॥ਰਹਾਉ॥
ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰਮੰਤ ॥
ਤੇਰੀ ਟੇਕਤਰੀਐ ਭਉ ਸਾਗਰੁ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥
ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥
ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥ ੩ ॥
ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥...

[ਭੈਰਉ ਮ: ੫ ਸਫਾ ੧੧੪੭

ਵਾਰੰਵਾਰ ਇਸ ਪ੍ਰਕਾਰ ਬੇਨਤੀ ਕੀਤੀ ਤਾਂ ਸਤਸੰਗੀਆਂ ਦੇ ਕਹਿਣ ਤੇ ਅਰ ਆਪ ਨੂੰ ਸੇਵਕ ਬਨਾਉਣ ਦੇ ਲਾਇਕ ਬੀ ਸਮਝਕੇ ਆਖਿਆ ਕਿ-ਸੱਜਨਾਂ ! ਕੀ ਚਾਹੁੰਦਾ ਏਂ ? ਤਾਂ ਆਪ ਨੇ ਅਗੋਂ ਬੇਨਤੀ ਕੀਤੀ ਕਿ ਮਹਾਰਾਜ ! ਅਪਨੇ ਚਰਣ ਕਵਲਾਂ ਵਿਚ ਨਿਵਾਸ ਬਖਸ਼ੋ ਤੇ ਨਾਮ ਦਾਨ ਦਿਓ; ਮੈਂ ਅਗੇ ਕੁਛ ਨ਼ਾਮ ਦਾ ਮਹਾਤਮ ਸੁਣਿਆਂ ਬੀ ਹੋਇਆ ਹੈ।

ਗੁਰ ਪ੍ਰਮਾਣ:-

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥ ੧ ॥ ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ

ਹਾਬੁ ॥ ੧ ॥ ਰਹਾਉ ॥ ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥
ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥ ਜਿਸੁ ਨਾਮੁ ਰਿਦੈ ਸੋ
ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥ ੨ ॥ ਜਿਸੁ
ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ
ਹੀ ਜੁਗਤਾ ॥ ਜਿਸੁ ਨਾਮੁ ਰਿਦੈ ਤਿਨਿ ਨਉਨਿਧਿ ਪਾਈ ॥ ਨਾਮ
ਬਿਨਾ ਭ੍ਰਮਿ ਆਵੈ ਜਾਈ ॥ ੩ ॥ ਜਿਸੁ ਨਾਮੁ ਰਿਦੈ ਸੋ ਵੇਪਰ-
ਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥ ਜਿਸੁ ਨਾਮੁ
ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਵਾਰਾ ॥
੪ ॥ ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ
ਤਿਸੁ ਤਖਤਿ ਨਿਵਾਸਨੁ ॥ ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
ਨਾਮ ਹੀਣ ਨਾਹੀ ਪਤਿ ਵੇਸਾਹੁ ॥ ੫ ॥ ਜਿਸੁ ਨਾਮੁ ਰਿਦੈ ਸੋ
ਸਭਿ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥ ਜਿਸੁ
ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮੁ ਬਿਨਾ ਭ੍ਰਮਿ ਜੋਨੀ ਮੂਚਾ ॥ ੬ ॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ
ਮਿਟਿਆ ਅੰਧਾਰਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾਂ ਫਿਰਿ ਆਵਣ ਜਾਣੁ ॥ ੭ ॥ ਤਿਨਿ ਨਾਮੁ ਪਾਇਆ
ਜਿਸੁ ਭਇਓ ਕ੍ਰਿਪਾਲ ॥ ਸਾਧ ਸੰਗਤਿ ਮਹਿ ਲਖੇ ਗੋੁਪਾਲ ॥
ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ
ਮਿਲਾਇਆ ॥੮॥੧॥੪॥

(ਭੈ: ਮ: ੫ ਅਸਟ: ਸਫਾ ੧੧੫੫)

ਇਸ ਸ਼ਬਦ ਦੀ ਸਮਾਪਤੀ ਤੇ ਆਪ ਮਹਾਰਾਜ ਜੀ ਦੇ ਚਰਨਾਂ ਕਵਲਾਂ ਨੂੰ ਲਿਪਟ ਗਏ ਤੇ ਬੜੇ ਪ੍ਰੇਮ ਨਾਲ ਇਹ ਬਚਨ ਨਿਕਲਿਆ:-

ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥ ਕਰੁ

ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥ ੧੬ ॥

(ਵਾਰ ਜੈਤ: ਮ: ੫ ਸਫਾ ੭੦੯

ਸੋ ਮੇਰੀ ਤਾਂ ਇਹੋ ਹੀ ਇੱਛਾ ਹੈ ਕਿ ਅਪਨੇ ਚਰਣਾਂ ਵਿਖੇ ਨਿਵਾਸ ਦੇਕੇ ਮੈਨੂੰ ਨਾਮ ਦਾਨ ਬਖਸ਼ੋ, ਜਿਸ ਕਰਕੇ ਮੇਰਾ ਆਵਾਗਉਣ ਤੋਂ ਛੁਟਕਾਰਾ ਹੋ ਜਾਵੇ, ਕਿਉਂਕਿ ਉਸ ਛੁਟ-ਕਾਰੇ ਦਾ ਸਾਧਨ ਮੈਂ ਤਾਂ ਨਾਮ ਹੀ ਸੁਣਿਆਂ ਹੈ। ਇਸ ਪ੍ਰਕਾਰ ਦੀ ਬੜੀ ਨਿੰਮ੍ਰਤਾ ਭਾਵ ਦੀ ਬੇਨਤੀ ਸੁਣਕੇ ਮਹਾਰਾਜ ਜੀ ਬੜੇ ਪ੍ਰਸੰਨ ਹੋਏ ਤੇ 'ਗੁਰਮੰਤ੍ਰ' ਦੇਕੇ ਆਪਣਾ ਸੇਵਕ ਬਣਾ ਲਿਆ। ਆਪ. ਫਿਰ ਅਪਨੇ ਪਰਮ ਪੂਜਨੀਕ ਮਹਾਰਾਜ ਜੀ ਤੋਂ ਨਾਮ ਦਾਨ ਲੈਕੇ ਬੜੇ ਆਨੰਦ ਹੋਏ-

ਸਤਿਗੁਰਿ ਮੋਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ
ਨਾਮੁ ॥ ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ
ਮਿਲਿਓ ਅਚਿੰਤਾ ॥ ੧ ॥ ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ੧ ॥ ਰਹਾਉ ॥

(ਭੈਰ: ਮ: ੫ ਸਫਾ ੧੧੫੭

ਫਿਰ ਮਹਾਰਾਜ ਜੀ ਹੁਰਾਂ ਨੇ ਆਪ ਨੂੰ ਇਕਾਂਤ ਵਿਚ ਪਾਸ ਬਿਠਾਕੇ ਬੜੀ ਹੀ ਪ੍ਰੇਮ ਭਰੀ ਨਿਗਾਹ ਨਾਲ ਤੱਕਿਆ ਤੇ ਉਸ ਇਕ ਖਿਨ ਵਿਚ ਹੀ 'ਨਦਰੀ ਨਦਰਿ ਨਿਹਾਲ' ਕਰ ਦਿਤਾ। ਫਿਰ ਆਪ ਨੂੰ ਆਤਮ ਸ੍ਵਰੂਪ ਦੇ ਅਭਿਆਸ ਦੀ ਵਿਧੀ ਦੱਸੀ, ਤਾਂ ਆਪ ਦੀ ਉਸ ਅਭਿਆਸ ਦੁਆਰਾ ਸਹਿਜੇ ਹੀ ਬ੍ਰਿਤੀ ਇਕਾਗ੍ਰ ਹੋ ਗਈ ਤੇ ਥੋੜੇ ਹੀ. ਸਮੇਂ ਵਿਚ ਸਹਿਜ ਅਵਸਥਾ ਵਿਚ ਲੀਨ ਹੋ ਗਏ:-

ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥
ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥
੨ ॥ ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥
ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ
॥ ੩ ॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ
ਪੂਰਨ ਆਸਾ ॥ ਅਚਿੰਤ ਹਮ੍ਹਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ
ਕਉ ਗੁਰਿ ਦੀਨੋ ਮੰਤੁ ॥ ੪ ॥ ਅਚਿੰਤ ਹਮਾਰੇ ਬਿਨਸੇ ਬੈਰ ॥
ਅਚਿੰਤ ਹਮਾਰੇ ਮਿਟੇ ਅੰਧੇਰ ॥ ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥ ੫ ॥ ਅਚਿੰਤ ਮਿਟਿਓ ਹੈ

**ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖੁ ਬਿਸ੍ਰਾਮਾ ॥ ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ ੬ ॥ ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥ ੭ ॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥ ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭੁ ਨਾਨਕ ਨਾਨਕ ਨਾਨਕ ਮਈ ॥੮॥੩॥੬॥**

[ਭੈਰ: ਮ: ੫ ਸਫਾ ੧੧੫੭

ਹੁਣ ਆਪਦਾ ਅਪਨੇ ਸਤਿਗੁਰਾਂ ਵਿਚ ਦਿਨ ਪ੍ਰਤਿਦਿਨ ਬੜਾ ਪ੍ਰੇਮ ਵਧਦਾ ਗਿਆ। ਸਤਿਗੁਰੂ ਜੀ ਬੀ ਅਪਨੇ ਸੇਵਕ ਦਾ ਨਿਤ ਨਵਾਂ ਪ੍ਰੇਮ ਵਧਦਾ ਦੇਖਕੇ ਖਾਨ ਪਹਿਰਾਨ ਆਦਿ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਣ ਲੱਗੇ:-

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰੁ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥ ੧ ॥ ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥ ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ॥ ਰਹਾਉ ॥ ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇਵਾਲੀ ॥ ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥ ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥ ੨ ॥ ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ ॥ ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ ॥ ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ ਜਨ ਕੇਰੀ ॥ ੩ ॥ ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ**



**ਲਾਗਿ ਨ ਸਕੈ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥ ੪ ॥ ੭ ॥**

[ਗਉ: ਬੈ: ਮ: ੪ ਸਫਾ ੧੬੮

ਸੋ ਇਸੇ ਤਰ੍ਹਾਂ ਹਰ ਤਰ੍ਹਾਂ ਨਾਲ ਪ੍ਰੇਮ ਪਿਆਰ ਰਖਕੇ ਆਪ ਜੀ ਨੂੰ ਬੜੇ ਚਤੁਰ ਤੇ ਸਿਆਣੇ ਬਣਾ ਦਿਤਾ ਅਤੇ ਆਪ ਜੀ ਭੀ ਅਪਨੇ ਸਤਿਗੁਰਾਂ ਦੇ ਦੱਸੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਕ ਬੜੇ ਗੁਣੀ ਗਿਆਨੀ ਤੇ ਸ਼ਾਂਤੀ ਪੁੰਜ ਹੋ ਗਏ; ਇੱਥੋਂ ਤਕ ਕਿ ਉੱਥੇ ਜੋ ਬੜੇ ਬੜੇ ਮਹਾਤਮਾਂ ਤਿਆਗੀ ਸੰਤ ਰਹਿੰਦੇ ਸਨ, ਸਭ ਨੂੰ ਬੜੇ ਪਿਆਰੇ ਲੱਗਣ ਲੱਗ ਪਏ। ਉਸ ਸਮੇਂ ਰਿਖੀ ਕੇਸ਼ ਵਿਖੇ ਇਕ ਬੜੇ ਪ੍ਰਸਿੱਧ ਮਹਾਤਮਾਂ ਸੰਤ ਸ਼ਾਮ ਸਿੰਘ ਜੀ ਠੇਹਰੀ ਵਾਲੇ ਇਕ ਪਹਾੜੀ ਦੀ ਟੇਕਰੀ ਤੇ ਰਹਿੰਦੇ ਸਨ। ਆਪ ਇੰਨੇ ਵਿਰਕਤ ਸਨ ਕਿ ਇਕ ਕੁਪੀਨ ਮਾਤ੍ਰ ਹੀ ਰਖਦੇ ਸਨ ਤੇ ਬਸਤ੍ਰ ਨਹੀਂ ਸਨ ਪਹਿਨਦੇ। ਬੜੇ ਤੇਜ ਪ੍ਰਤਾਪ ਵਾਲੇ ਤੇ ਸਿਧ ਜੋਗੀ ਸਨ, ਇਨ੍ਹਾਂ ਦੇ ਪਾਸ ਜੰਗਲ ਦੇ ਜਾਨਵਰ ਸ਼ੇਰ, ਚੀਤੇ ਤੇ ਹਰਨ ਆਦਿ ਬੀ ਬੈਠਦੇ ਹੁੰਦੇ ਸਨ ਤੇ ਆਪੋ ਵਿਚ ਵਿਰੋਧ ਨਹੀਂ ਸਨ ਕਰਦੇ, ਪਰ ਵਾਧਾ ਇਸ ਗਲ ਦਾ ਸੀ ਕਿ ਆਪ ਉਸ ਅਸਥਾਨ ਤੇ ਕਿਸੇ ਪ੍ਰਵਿਰਤੀ ਵਾਲੇ ਸੰਤ ਨੂੰ ਬੀ ਨਹੀਂ ਸਨ ਰਹਿਣ ਦਿੰਦੇ, ਅੱਠੇ ਪਹਿਰ ਆਪ ਈਸ਼੍ਵਰ ਪਰਾਇਣ ਹੀ ਹੋਏ ਰਹਿੰਦੇ ਸਨ, ਸੋ ਉਨ੍ਹਾਂ ਨੂੰ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀ ਭਾਈ ਪ੍ਰੇਮ ਸਿੰਘ ਜੀ ਦੇ ਸਪੁਤ੍ਰ ਇਥੇ ਆਏ ਹੋਏ ਹਨ ਤੇ ਮਹਾਰਾਜ ਸੰਤ ਬੁਧ ਸਿੰਘ ਜੀ ਹੁਰਾਂ ਦੇ ਸੇਵਕ ਬਣ ਗਏ ਹਨ। ਇਹ ਗਲ ਸੁਣਕੇ ਮਹਾਰਾਜ ਜੀ ਹੁਰਾਂ ਦੀ ਕੁਟੀਆ ਵਿਚ ਚੱਲਕੇ ਆਪ ਆਏ, ਅੱਗੋਂ ਆਪ ਜੀ ਨੇ ਉੱਠਕੇ ਬੜੀ ਨਿੰਮ੍ਰਤਾ ਤੇ ਸਤਿਕਾਰ ਨਾਲ ਨਿਮਸ਼ਕਾਰ ਕੀਤੀ। ਇਸ ਗਲ ਨੂੰ ਦੇਖਕੇ ਮਹਾਰਾਜ ਸੰਤ ਸ਼ਾਮ ਸਿੰਘ ਜੀ ਬੜੇ ਹੀ ਖੁਸ਼ ਹੋਏ ਤੇ ਆਪ ਜੀ ਪਾਸੋਂ ਸੁਖਮਨੀ ਸਾਹਿਬ ਜੀ ਸ੍ਰਵਣ ਕਰਨ ਦਾ ਖਿਆਲ ਪੈਦਾ ਹੋਣ ਦੇ ਕਾਰਨ ਮਹਾਰਾਜ ਸੰਤ ਬੁਧ ਸਿੰਘ ਜੀ ਹੁਰਾਂ ਪਾਸ ਕੁਛ ਦਿਨ ਲਈ ਠਹਿਰ ਗਏ। ਵਿਚਾਰ ਇਹ ਹੋਈ ਕਿ ਇਹ ਸੰਤ ਸਾਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਾਇਆ ਕਰਨ, ਸੋ ਆਪ ਜੀ ਨੇ ਨਿਤ ਸਵੇਰੇ ਅੰਮ੍ਰਿਤ ਵੇਲੇ ਤਿੰਨ ਵਜੇ ਉੱਠਨਾ ਤੇ ਸੋਚ ਇਸ਼ਨਾਨ ਕਰਕੇ ਮਹਾਰਾਜ ਸੰਤ ਸ਼ਾਮ ਸਿੰਘ ਜੀ ਤੇ ਅਪਨੇ ਸਤਿਗੁਰਾਂ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਨਾਉਣਾ। ਆਪ ਬੜੀ ਪਿਆਰ ਭਰੀ ਮਿੱਠੀ ਸੁਰ ਨਾਲ ਸ਼ੁੱਧ ਪਾਠ ਕਰਦੇ, ਜਿਸਨੂੰ ਸੁਣਕੇ ਮਹਾਰਾਜ

## ਕਥਾ ਦਾ ਸੁਨਾਉਣਾ

ਇਕ ਸਮੇਂ ਉਥੋਂ ਦੇ ਸੰਤਾਂ ਮਹਾਤਮਾਂ ਨੇ ਮਿਲਕੇ ਆਪ ਜੀ ਦੇ ਸਤਿਗੁਰ ਸ਼੍ਰੀ ਮਾਨ ਮਹਾਰਾਜ ਸ੍ਵਾਮੀ ਬੁਧ ਸਿੰਘ ਜੀ ਹੁਰਾਂ ਪਾਸ ਬੇਨਤੀ ਕੀਤੀ ਕਿ ਮਹਾਰਾਜ ! ਸੰਤ ਨਾਰਾਇਣ ਸਿੰਘ ਜੀ ਹੁਰਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਅਰੰਭ ਕਰਵਾਓ, ਇਹ ਸਾਡੀ ਤੀਬਰ ਇੱਛਾ ਹੈ। ਅਸੀਂ ਸਾਰੇ ਹੀ ਬੜੇ ਪ੍ਰੇਮ ਨਾਲ ਸ੍ਰਵਨ ਕਰਾਂਗੇ। ਸਤਿਗੁਰਾਂ ਨੇ ਆਪ ਜੀ ਨੂੰ ਆਗਜਾ ਦੇ ਦਿੱਤੀ ਤੇ ਆਖਿਆ ਕਿ ਨਰਾਇਣ ਜੀ ! ਇਹ ਬੜੀ ਅੱਛੀ ਗਲ ਹੈ, ਆਪ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਿਆ ਕਰੋ, ਸੋ ਪਿਛਲਾ ਪਹਿਰ (ਸਾਯੰਕਾਲ) ਮੁਕੱਰਰ ਕੀਤਾ ਗਿਆ।

ਹੁਣ ਸਾਰੇ ਸੰਤ ਮਹਾਤਮਾਂ ਸ਼ਾਮਾਂ ਵੇਲੇ ਗੰਗਾ ਜੀ ਦੇ ਕਿਨਾਰੇ ਬਰੇਤੀ ਵਿਚ ਹੀ ਬੈਠ ਜਾਂਦੇ ਸਨ ਤੇ ਆਪ ਸੁਆਮੀ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਕਥਾ ਕਰਿਆ ਕਰਦੇ ਸਨ। ਇਕ ਇਕ ਪਦ ਨੂੰ ਬੜੇ ਵਿਸਤਾਰ ਪੂਰਬਕ ਵੇਦਾਂ ਸ਼ਾਸਤ੍ਰਾਂ ਦੇ ਪ੍ਰਮਾਣ ਦੇ ਦੇ ਕੇ ਦੱਸਿਆ ਕਰਦੇ ਸਨ। ਆਪ ਜੀ ਦੀ ਆਵਾਜ਼ ਬੜੀ ਮਿੱਠੀ ਤੇ ਸੁਰੀਲੀ ਸੀ, ਜੋ ਜੋ ਬੀ ਸੁਣਦਾ ਸੀ, ਮੋਹਿਤ ਹੋ ਹੋ ਜਾਂਦਾ ਸੀ। ਇਸ ਤਰ੍ਹਾਂ ਨਾਲ ਮਹਾਰਾਜ ਜੀ ਦਾ ਸਾਰਾ ਪਾਠ ਅਰਥਾਂ ਸਹਿਤ ਸਮਾਪਤ ਕੀਤਾ ਗਿਆ। ਆਪ ਅਪਨੇ ਸਤਿਗੁਰਾਂ ਦੇ ਨਾਲ ਹੀ ਸਾਰੀਆਂ ਸਰਦੀਆਂ ਰਿਖੀ ਕੇਸ਼ ਬਤੀਤ ਕਰਦੇ ਸਨ ਤੇ ਚੜ੍ਹਦੀਆਂ ਗਰਮੀਆਂ ਤੋਂ ਲੈਕੇ ਦੀਪ ਮਾਲਾ ਤਕ ਕਨਖਲ ਡੇਰਾ ਬਾਬਾ ਦਰਗਾਹਾ ਸਿੰਘ ਜੀ–ਜਿਥੇ ਤੀਸਰੀ ਪਾਤਸ਼ਾਹੀ ਦਾ ਗੁਰਦੁਆਰਾ ਹੈ–ਦੇ ਅਸਥਾਨ ਵਿਚ ਰਹਿੰਦੇ ਸਨ।

***

# ਕੁੰਭ ਦੇ ਮੇਲੇ ਸਮੇਂ ਕਥਾ ਦਾ ਕਰਨਾ

ਸੰਮਤ ੧੯੩੬ ਬਿਕ੍ਰਮੀ ਵਿਚ ਹਰਿਦੁਆਰ ਕੁੰਭ ਦਾ ਮੇਲਾ ਸੀ। ਮਾਘ ਦੇ ਮਹੀਨੇ ਵਿਚ ਰਿਖੀ ਕੇਸ਼ ਬਹੁਤ ਸਾਰੇ ਸੰਤ ਇਕੱਠੇ ਹੋਏ ਤੇ ਪ੍ਰੇਮੀ ਲੋਕ ਬੀ ਬੇਅੰਤ ਆਏ ਹੋਏ ਹੋਏ ਸਨ, ਉਸ ਵੇਲੇ ਮਹਾਰਾਜ ਸੰਤ ਬੁਧ ਸਿੰਘ ਜੀ ਸਭ ਤੋਂ ਵਡੇ ਬਿਰਧ ਤੇ ਮਹਾਨ ਪ੍ਰਤਿਸ਼ਠਟਤ ਮਹਾਤਮਾ ਸਨ। ਸਾਰੇ ਲੋਕ ਉਨ੍ਹਾਂ ਦੇ ਦਰਸ਼ਨਾਂ ਲਈ ਆਏ ਤੇ ਬੇਨਤੀ ਕੀਤੀ ਕਿ ਆਪ ਮਹਾਰਾਜ ਸੰਤ ਨਾਰਾਇਣ ਸਿੰਘ ਜੀ ਹੁਰਾਂ ਨੂੰ ਆਖੋ ਕਿ ਗੁਰਬਾਣੀ ਦੀ ਕਥਾ ਦਾ ਅਰੰਭ ਕਰਨ; ਸੋ ਇਸ ਬੇਨਤੀ ਨੂੰ ਪ੍ਰਵਾਨ ਕਰਕੇ ਸਤਿਗੁਰਾਂ ਨੇ ਅਪਨੇ ਸੇਵਕ ਨੂੰ ਆਗਿਆ ਦਿਤੀ ਕਿ ਆਪ ਗੁਰਬਾਣੀ ਦੀ ਕਥਾ ਕਰੋ। ਆਪ ਨੇ ਅਪਨੇ ਸਤਿਗੁਰਾਂ ਦੀ ਇਸ ਆਗਜਾ ਨੂੰ ਮੰਨ ਕੇ ਕਥਾ ਦਾ ਅਰੰਭ ਕਰ



ਦਿਤਾ, ਫਿਰ ਸੰਤਾਂ ਮਹਾਤਮਾਂ ਨੇ ਬੇਨਤੀ ਕੀਤੀ ਕਿ ਆਪ ਚੰਗੀ ਤਰ੍ਹਾਂ ਵੇਦਾਂ ਸ਼ਾਸਤ੍ਰਾਂ ਦੇ ਪ੍ਰਮਾਣਾਂ ਸਹਿਤ ਵਿਸਤਾਰ ਪੂਰਬਕ ਸਪਸ਼ਟ ਕਰਕੇ ਸਾਨੂੰ ਸੁਣਾਓ, ਸੋ ਆਪ ਜੀ ਨੇ ਇਸ ਸ਼ਬਦ ਦੀ ਕਥਾ ਬੜੇ ਪ੍ਰੇਮ ਤੇ ਵਿਸਤਾਰ ਪੂਰਬਕ ਅਰੰਭ ਕੀਤੀ:–

**ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥**

[ਵਾਰ ਮਾਝ ਮ: ੨ ਸਫਾ ੧੪੬

ਆਪ ਇਸ ਪਹਿਲੀ ਤੁਕ ਦਾ ਅਰਥ ਪਹਿਲਾਂ ਨੌਂ ਬੰਧਨਾਂ ਦਾ ਵੇਦਾਂ ਸ਼ਾਸਤ੍ਰਾਂ ਤੇ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਖੰਡਨ ਕਰਕੇ ਵਿਸਤਾਰ ਪੂਰਬਕ ਸੁਨਾਉਣ ਲੱਗੇ, ਜੋ ਕਿ ਅੱਠ ਬੰਧਨ ਜੀਵਨ ਮੁਕਤਿ ਬਿਬੇਕ ਨਾਮੇ ਗ੍ਰੰਥ ਵਿਖੇ ਲਿਖੇ ਹਨ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:–

**(੧) ਅਵਿੱਦਯਾ। (੨) ਜੀਵ ਭਾਵ। (੩) ਹਿਰਦੇ ਗ੍ਰੰਥੀ।**
**(੪) ਸੰਸ਼ਯ। (੫) ਕਰਮ। (੬) ਕਾਮਨਾ।**
**(੭) ਜਨਮ। (੮) ਮਰਣ।**

ਅਤੇ ਨੌਵਾਂ ਬੰਧਨ ਸਰੀਰ ਹੈ। ਅੱਠਾਂ ਪਹਿਰਾਂ ਵਿਚ ਅੱਠ ਬੰਧਨ ਖੰਡਨ ਕਰਨੇ ਚਾਹੀਦੇ ਹਨ, ਤੇ ਨਾਵੇਂ ਸਰੀਰ ਬੰਧਨ ਦਾ ਬੀ ਖੰਡਨ ਕਰਨਾ ਚਾਹੀਦਾ ਹੈ। ਗੁਰਪ੍ਰਮਾਣ:–

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**

[ਜਪੁ ਸਾਹਿਬ, ਸਫਾ ੨

ਇਸ ਦਾ ਅਰਥ ਇਉਂ ਹੈ ਕਿ ਵਿਦ੍ਵਾਨ ਦਾ ਚਿੱਤ ਇਨ੍ਹਾਂ ਨੌਂ ਬੰਧਨਾਂ ਦੇ ਖੰਡਨ ਵਿਖੇ ਹੀ ਹਰ ਸਮੇਂ ਲੱਗਾ ਰਹਿੰਦਾ ਹੈ। ਬਾਕੀ ਬੰਧਨ ਭੀ ਇਨ੍ਹਾਂ ਦੇ ਖੰਡਨ ਹੋਣ ਨਾਲ ਨਿਵਿਰਤ ਹੋ ਜਾਂਦੇ ਹਨ, ਜੋ ਗੁਰੂ ਬਾਣੀ ਵਿਚ ਇਸ ਪ੍ਰਕਾਰ ਦੱਸੇ ਹਨ:–

**ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥ ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥ ੩ ॥ ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥੪॥ ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹੁ ਪਸਾਰੀ ॥੫॥ ਬੰਧਨ ਸਾਹ ਸੰਚਹਿ ਧਨੁ ਜਾਇ॥**

ਬਿਨੁ ਹਰਿ ਭਗਤਿ ਨ ਪਵਈ ਥਾਇ ॥ ੬ ॥ ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥ ੭ ॥ ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥ ੮ ॥ ੧੦ ॥

(ਆਸਾ ਮ: ੧ ਅਸਟ: ਸਫਾ ੪੧੬

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥

(ਸਿਰੀ ਮ: ੧ ਅਸਟ: ਸਫਾ ੬੨

ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ ॥

(ਸਲੋਕ ਮ: ੩ ਸਫਾ ੧੪੧੪

ਪਹਿਲਾ ਬੰਧਨ ਸ੍ਵੈ ਸਰੂਪ ਦਾ ਅਗਜਾਨ ਹੈ, ਉਸਨੂੰ ਗੁਰੂ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਜਗਜਾਸੂ ਪੁਰਸ਼ ਦੂਰ ਕਰ ਸਕਦਾ ਹੈ।

ਗੁਰਪ੍ਰਮਾਣ:–

ਸਤਿਗੁਰ ਸਬਦਿ ਉਜਾਰੋ ਦੀਪਾ ॥ ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥

(ਬਿਲਾ: ਮ: ੫ ਸਫਾ ੮੨੧

ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥

(ਭੈਰ: ਮ: ੫ ਸਫਾ ੧੧੪੮

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥ ੧ ॥

(ਗੂਜ: ਮ: ੫ ਸਫਾ ੫੦੦

ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵਲਾਗੇ ॥ ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ ॥੧॥ ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥

(ਦੇਵ: ਗੰ: ਮ: ੪ ਸਫਾ ੫੨੭



ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥ ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥ ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥ ਰਾਮ ਨਾਮੁ ਹਰਿ ਭੇਟੀਐ ਹਰਿ ਨਾਮੇ ਨਾਮਿ ਸਮਾਵੈਗੋ ॥ ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ॥ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥ ੮ ॥ ੧ ॥

[ਕਾਨ: ਮ: ੪ ਅਸਟ: ਸਫਾ ੧੩੦੮

ਅਗਿਆਨ ਤੇ ਜੀਵ ਭਾਵ ਦੇ ਖੰਡਨ ਵਿਖੇ ਪ੍ਰਮਾਣ ਹੈ:–

ਬਿਨਸੇ ਭ੍ਰਮ ਮੋਹ ਅੰਧ਼ ਟੂਟੇ ਮਾਇਆ ਕੇ ਬੰਧ ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥ ਸੁਆਮੀ ਸੁ ਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥ ੨ ॥ ੩ ॥

[ਸਾਰਗ ਮ: ੫ ਸਫਾ ੧੨੩੦

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥

[ਮਾਰੂ ਮ: ੧ ਸੋਲ: ਸਫਾ ੧੦੩੦

ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ ॥ ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥ ੧ ॥

[ਕਲਿਆਣ ਮ: ੪ ਸਫਾ ੧੩੨੫

ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥ ਆਤਮਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੇ ਸਿਰੁ ਦੀਜੈ ॥ ੬ ॥

[ਕਲਿਆਨ ਮ: ੪ ਸਫਾ ੧੩੨੫

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥

[ਮਾਝ ਮ: ੩ ਸਫਾ ੧੨੬

ਆਤਮ ਰਾਮੁ ਪਾਏ ਸੁਖ ਥੀਆ ॥

[ਮਾਰੂ ਮ: ੧ ਸੋਲ: ਸਫਾ ੧੦੩੯

ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ ॥ ੨ ॥ ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥ ੩ ॥ ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥ ੪ ॥ ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥ ੫ ॥ ਆਦਿ ਜੁਗਾਦੀ ਹੈਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥ ੬ ॥

[ਗ: ਮ: ੫ ਸਫਾ ੯੧੬

ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ ॥
ਹਉਮੈ ਅੰਤਰਿ ਮੈਲੁ ਹੈ ਸਬਦਿ ਨ ਕਾਢਹਿ ਧੋਇ ॥
ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮ ਪਦਾਰਥੁ ਖੋਇ ॥੨੦॥

[ਸਲੋਕ ਮ: ੩ ਸਫਾ ੧੪੧੪

ਪ੍ਰਮਾਣ:-

ਓਅੰਕਾਰ ਸਰਬ ਪ੍ਰਕਾਸੀ ॥ ਆਤਮ ਸੁਧ ਅਕ੍ਰੈ ਅਬਿਨਾਸੀ ॥

[ਪੈਂਤੀਸ ਅਖਰੀ

ਗੁਰ ਪ੍ਰਮਾਣ:-

ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥ ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥

[ਗਉ: ਸੁ: ਮ: ੫ ਸਫਾ ੨੯੩

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥

[ਗਉ: ਥਿਤੀ ਮ: ੫ ਸਫਾ ੨੯੬

ਇਸੇ ਤਰ੍ਹਾਂ ਦਗਜਾਸੂ ਆਤਮ ਗਿਆਨ ਨਾਲ ਜੀਵ ਭਾਵ ਰੂਪ ਬੰਧਨ ਦੀ ਨਵਿਰਤੀ ਕਰ ਲੈਂਦਾ ਹੈ।



## (੩) ਅਬ ਤੀਸਰਾ ਬੰਧਨ ਚਿਦਜੜ ਗ੍ਰੰਥੀ।

ਅਰਥਾਤ ਜੋ ਅਹੰਮਮ ਅਧਿਆਸ ਹੈ, ਉਸਨੂੰ ਦਸਦੇ ਹਨ।

ਗੁਰਪ੍ਰਮਾਣ:-

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮ ਕਾਲਿ ॥
ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥ ੧ ॥

[ਵਾਰ ਸਿਰੀ ਰਾਗ ਮ: ੩ ਸਫਾ ੮੪

ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥
ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮ ਕਾਲਿ ॥
ਸਤਗੁਰਿ ਮਿਲਿਐ ਧਨੁ ਪਾਇਆ ਹਰਿਨਾਮਾ ਰਿਦੈ ਸਮਾਲਿ ॥

[ਸਿਰੀ ਰਾਗ ਮ: ੩ ਸਫਾ ੩੨

ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ੫ ॥

[ਸੋਰਠ ਮ: ੫ ਅਸਟ: ਸਫਾ ੬੪੨

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥ ੪ ॥ ਸਭੁ ਰਹਿਓ ਅੰਦੇਸਰੋ ਮਾਇਓ ॥

[ਸੋਰਠ ਮ: ੫ ਸਫਾ ੬੪੨

ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥ ੩ ॥ ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ॥ ਗੁਰਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ॥ ੪ ॥

[ਸੂਹੀ ਮ: ੪ ਸਫਾ ੭੩੨

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥

ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥

[ਆਸ: ਮ: ੩ ਸਫਾ ੪੨੬

ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥

[ਬਸੰ: ਮ: ੫ ਸਫਾ ੧੧੯੨

ਅਹੰਮੇਵ ਸਿਉ ਮਸਲਤਿ ਛੋਡੀ ॥
ਗੁਰਿ ਕਹਿਆ ਇਹੁ ਮੂਰਖੁ ਹੋਡੀ ॥

[ਬਿਭਾ: ਪ੍ਰਭਾਤੀ ਮ: ੫ ਸਫਾ ੧੩੪੭

ਇਸ ਪ੍ਰਕਾਰ ਅਹੰਗਤਾ ਮਮਤਾ ਰੂਪ ਬੰਧਨ ਦੀ ਨਿਵਿਰਤੀ ਸਤਿਗੁਰਾਂ ਦੇ ਦਿੱਤੇ ਗਿਆਨ ਨਾਲ ਹੁੰਦੀ ਹੈ।

ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ ॥
ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥ ੨ ॥

[ਕਾਨੜਾ ਮ: ੫ ਸਫਾ ੧੩੦੭

ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥

[ਮਾਰੂ ਮ: ੫ ਸੋਲ: ਸਫਾ ੧੦੭੨

## (੪) ਸ਼ੰਸ਼ਜ ਬੰਧਨ।

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ ੩ ॥
ਬਾਹਰਿ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥ ੪ ॥

[ਗਉ: ਰਵਿ: ਸਫਾ ੩੪੬

ਇਸ ਸ਼ਬਦ ਦਾ ਭਾਵ ਇਹ ਹੈ ਕਿ ਬੇਦਾਂ ਪੁਰਾਣਾਂ ਨੂੰ ਸੁਣਨ ਨਾਲ ਸ਼ੰਸ਼ਜ ਹੋ ਗਿਆ ਕਿ ਆਤਮਾ ਕਰਤਾ ਹੈ ਕਿ ਅਕਰਤਾ ਹੈ ਜਾਂ ਸਾਖੀ ਰੂਪ ਹੈ? ਸਾਖੀ ਹੋਣ ਤੇ ਬੀ ਫਿਰ ਸ਼ੰਕਾ ਹੋ ਗਈ ਕਿ ਸਾਖੀ ਜੋ ਹੈ ਉਹ ਬ੍ਰਹਮ ਹੈ ਕਿ ਬ੍ਰਹਮ ਤੋਂ ਭਿੰਨ ਹੈ, ਜਾਂ ਬ੍ਰਹਮ ਸਰੂਪ ਹੀ ਹੈ। ਜੇਕਰ ਬ੍ਰਹਮ ਸਰੂਪ ਹੈ ਤਾਂ ਫਿਰ ਤੀਸਰੀ ਸ਼ੰਕਾ ਹੁੰਦੀ ਹੈ ਕਿ ਬ੍ਰਹਮ ਨੂੰ ਅਸੀਂ ਜਾਣ ਸਕਦੇ ਹਾਂ ਕਿ ਨਹੀਂ। ਜੇ ਜਾਣ ਬੀ ਲਿਆ ਤਾਂ ਚੌਥੀ ਸ਼ੰਕਾ ਹੋਰ ਹੋ ਜਾਂਦੀ ਹੈ ਕਿ ਕੇਵਲ ਗਿਆਨ ਨਾਲ ਮੁਕਤੀ ਹੋਵੇਗੀ ਕਿ ਨਹੀਂ, ਸੋ ਇਸ ਪੁਰ ਗੁਰ ਪ੍ਰਮਾਣ ਹੈ:-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥



ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥

[ਰਾਮ: ਮ: ੩ ਅਨੰ: ਸਫਾ ੯੧੯

ਇਸ ਤਰ੍ਹਾਂ ਸ਼ੰਸ਼ਜ ਰੂਪ ਚੌਥੇ ਬੰਧਨ ਦੀ ਨਿਵਿਰਤੀ ਭੀ ਗੁਰੂ ਪਾਸੋਂ ਪ੍ਰਾਪਤ ਹੋਏ ਗਿਆਨ ਦਵਾਰਾ ਹੀ ਹੁੰਦੀ ਹੈ।

ਗੁਰ ਪ੍ਰਮਾਣ:-

ਸਤਿਗੁਰ ਸੇਵਹੁ ਸੰਕ ਨ ਕੀਜੈ ॥ ਆਸਾ ਮਾਹਿ ਨਿਰਾਸੁ ਰਹੀਜੈ ॥ ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ ॥

[ਮਾਰੂ ਮ: ੧ ਸਫਾ ੧੦੪੩

ਸਗਲ ਤਿਆਗਿ ਗੁਰ ਸਰਣੀ ਆਇਆ ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥

[ਗਉ: ਮ: ੫ ਸਫਾ ੧੯੨

ਛੂਟੈ ਸੰਸਾ ਮਿਟਿ ਜਾਹਿ ਦੁਖ ॥ ਸੁੰਨ ਸਰੋਵਰਿ ਪਾਵਹੁ ਸੁਖ ॥

[ਗਉ: ਥਿਤੀ ਕਬੀਰ ਜੀ ਸਫਾ ੩੪੩

ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥

[ਆਸਾਵਰੀ ਮ: ੫ ਸਫਾ ੪੧੦

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥

[ਆਸਾ ਮ: ੧ ਸਫਾ ੩੫੪

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥

[ਸੋਰ: ਮ: ੧ ਸਫਾ ੫੯੯

ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ ॥

[ਪ੍ਰਭਾ: ਕਬੀ: ਸਫਾ ੧੩੪੯

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ ਤਿਸਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥

[ਸੋਰ: ਮ: ੫ ਸਫਾ ੬੧੦

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ। ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥ਸੰਤਹੁ ਘਟਿ ਘਟਿ ਰਹਿਆ ਸਮਾਹਿਓ॥ ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥ ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥ ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥ ੨ ॥ ੧ ॥

[ਸੋਰ: ਮ: ੫ ਸਫਾ ੬੧੭

ਸਰਬ ਨਿਰੰਤਰਿ ਸੋ ਪ੍ਰਭੁ ਬਹੁੜਿ ਨ ਜੋਨੀ ਭਰਮਿ ਰੁਨਾ ॥ ੯ ॥

[ਮਾਰੂ ਸੋਲ: ਮ: ੫ ਸਫਾ ੧੦੭੯

ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥ ੧ ॥ ੧੨ ॥

[ਮਾਰੂ ਸੋਲ: ਮ: ੫ ਸਫਾ ੧੦੭੯

## (੫) ਅਗੇ ਪੰਜਵਾਂ ਕਰਮ ਰੂਪ ਬੰਧਨ

ਗੁਰਪ੍ਰਮਾਣ:-

ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥

[ਭੈਰਉ ਮ: ੫ ਸਫਾ ੧੧੪੯

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥

[ਗਉ: ਮ: ੫ ਸਫਾ ੨੪੦

ਕੋਟਿ ਕਰਮ ਕਰਿ ਦੇਹ ਨ ਸੋਧਾ ॥
ਸਾਧ ਸੰਗਤਿ ਮਹਿ ਮਨੁ ਪਰਬੋਧਾ ॥੨॥

[ਕਾਨੜਾ ਮ: ੫ ਸਫਾ ੧੨੯੮

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥ ਕਰਮ



ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥ ੨ ॥

[ਆਸਾ ਮ: ੫ ਸਫਾ ੪੦੫

ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ ॥ ੯ ॥ ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥ ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥ ੧੦ ॥

[ਮਾਰੂ ਮ: ੧ ਸਫਾ ੧੦੨੪

ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥

[ਗਉ: ਗੁ: ਮ: ੩ ਸਫਾ ੧੬੨

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥

[ਭੈਰਉ ਰਵਿ: ਸਫਾ ੧੧੬੭

ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮਿ੍ਓ ਪਸਾਰਾ ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥ ੨ ॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥ ੩ ॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮਗਤਿ ਹੋਈ ॥

[ਸੂਹੀ ਮ: ੫ ਸਫਾ ੭੩੬

ਇਨ੍ਹਾਂ ਬਚਨਾਂ ਤੋਂ ਇਹ ਸਿੱਧ ਹੋਇਆ ਕਿ ਗਿਆਨ ਦੀ ਪ੍ਰਾਪਤੀ ਵਾਸਤੇ ਅਤੇ

ਚਿਤ ਦੀ ਸ਼ੁੱਧੀ ਲਈ ਕਰਮਾਂ ਦੇ ਕਰਨ ਦੀ ਲੋੜ ਹੈ ਤੇ ਮੁਕਤੀ ਵਾਸਤੇ ਨਹੀਂ। ਮੁਕਤੀ ਵਿਚ ਕਰਮ ਪ੍ਰਤਿਬੰਧਕ ਹਨ। ਕਰਮ ਰੂਪ ਬੰਧਨ ਦੀ ਨਿਵਿਰਤੀ ਬੀ ਗਿਆਨ ਨਾਲ ਹੀ ਹੁੰਦੀ ਹੈ।

## (੬) ਅਥ ਛੇਵਾਂ ਬੰਧਨ ਕਾਮਨਾ ਅਰਥਾਤ ਆਸ਼ਾਵਾਂ ॥

ਗੁਰ ਪ੍ਰਮਾਣ:-

**ਮਨਸਾ ਆਸਾ ਸਬਦਿ ਜਲਾਈ ॥ ਗੁਰਮੁਖਿ ਜੋਤਿ ਨਿਰੰਤਰਿ ਪਾਈ ॥**

[ਰਾਮ: ਸਿਧ ਗੋਸਟ ਸਫਾ ੯੪੦

**ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥**

[ਗਉ: ਕਬੀਰ ਸਫਾ ੩੨੫

**ਆਸਾ ਅੰਦਰਿ ਜੰਮਿਆ ਆਸਾ ਰਸਕਸ ਖਾਇ ॥**
**ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥**

[ਸਿਰੀ ਮ: ੧ ਅਸਟ: ਸਫਾ ੬੧

**ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥**

[ਗਉ: ਮ: ੫ ਸਫਾ ੧੭੮

**ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ ॥**
**ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ ॥**

[ਵਾਰ ਰਾਮ: ਮ: ੩ ਸਫਾ ੯੫੬

**ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥**

[ਮਾਰੂ ਮਹਲਾ ੧ ਸਫਾ ੧੦੩੮

**ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥**
**ਆਸਾ ਵਿਚਿ ਸੁਤੇ ਕਈ ਲੋਈ ॥ ਸੋ ਜਾਗੈ ਜਾਗਾਵੈ ਸੋਈ ॥**

[ਆਸਾ ਮ: ੩ ਅਸਟ: ਸਫਾ ੪੨੩

**ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥ ੭ ॥**

[ਮਾਰੂ ਮ: ੧ ਸਫਾ ੧੦੨੯

**ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥**

[ਵਾਰ ਗੂਜ: ਮ: ੩ ਸਫਾ ੫੧੭



**ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥**
**ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ ੨ ॥**

[ਬਿਲਾ: ਮ: ੫ ਸਫਾ ੮੧੫

**ਆਸਾ ਆਵੈ ਮਨਸਾ ਜਾਇ ॥ ਉਰਝੀ ਤਾਣੀ ਕਿਛੁ ਨ ਬਸਾਇ ॥੧॥**

[ਪ੍ਰਭਾਤੀ ਮ: ੧ ਸਫਾ ੧੩੩੦

**ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥ ੩ ॥**

[ਰਾਮ: ਮ: ੧ ਸਫਾ ੮੭੭

**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**

[ਸੋਰ: ਮ: ੧ ਸਫਾ ੬੩੫

**ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥ ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥ ੧੫ ॥**

[ਮਾਰੂ ਮ: ੧ ਸੋਲ: ਸਫਾ ੧੦੩੧

**ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥ ੬ ॥**

[ਬਸੰ: ਮ: ੧ ਅਸਟ: ਸਫਾ ੧੧੮੭

**ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥**

[ਵਾਰ ਸਾਰੰ: ਮ: ੪ ਸਫਾ ੧੨੪੯

**ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥**
**ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥**

[ਸਿਰੀ ਰਾਗ ਮ: ੧ ਸਫਾ ੫੯

**ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥**
**ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥**

[ਆਸਾ ਮ: ੧ ਸਫਾ ੩੫੬

ਇਸ ਪ੍ਰਕਾਰ ਆਸ਼ਾ ਰੂਪੀ ਬੰਧਨ ਦੀ ਨਿਵਿਰਤੀ ਭੀ ਗੁਰੂ ਦੁਆਰਾ ਪ੍ਰਾਪਤ ਹੋਏ ਗਿਆਨ ਨਾਲ ਹੀ ਹੁੰਦੀ ਹੈ ਅਤੇ ਗੁਰੂ ਭਗਤੀ ਹੀ ਗਿਆਨ ਦਾ ਮੁਖ਼ ਸਾਧਨ ਹੈ; ਜਿਵੇਂ ਲਿਖਿਆ ਹੈ:-

ਯੱਸਜ ਦੇਵੇ ਪਰਾ ਭਗਤੀ ਯਥਾ ਦੇਵੇ ਤਥਾ ਗੁਰੱਊ ॥
ਤੱਸਜ ਤੇ ਕਥਿਤਾ ਹਜਰਥਾ ਪ੍ਰਕਾਸ਼ੰਤੇ ਮਹਾਤਮਨਹ ॥

[ਸ੍ਵੇਤਾਸ੍ਵਤਰ ਉਪਨਿਸ਼ਦ ਅਧਿ: ੬ ਮੰ: ੨੩

ਅਰਥ:-ਜਿਸਦੀ ਪ੍ਰਮਾਤਮਾਂ ਵਿਖੇ ਅਨੰਨਜ ਭਗਤੀ ਹੈ, ਇਜੇਹੀ ਹੀ ਭਗਤੀ ਗੁਰੂ ਵਿਖੇ ਹੋ ਜਾਵੇ ਤਾਂ ਉਸ ਗੁਰੂ-ਭਗਤ ਮਹਾਤਮਾਂ ਦੇ ਹਿਰਦੇ ਵਿਖੇ ਵੇਦਾਤ ਦੇ ਪਦਾਰਥ ਪ੍ਰਕਾਸ਼ਿਤ ਅਰਥਾਤ ਪ੍ਰਤੱਖ ਹੋ ਜਾਂਦੇ ਹਨ:-

ਯੱਸਜ ਕ੍ਰਿਪਜਾਵਲੋਕੇਨ ਬ੍ਰਹਮ ਜੀਵੇਨ ਭੂਯਤੇ ॥
ਯੱਸਜੋਦਾਸੀਨ ਮਾਤ੍ਰੇਣ ਬ੍ਰਹਮ ਤੁਛੰ ਤ੍ਰਿਣਾਦਪਿ ॥

ਅਰਥ:-ਜਿਸ ਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਜੀਵ ਬ੍ਰਹਮ ਰੂਪ ਹੋ ਜਾਂਦਾ ਹੈ, ਜੇਕਰ ਉਸੇ ਹੀ ਗੁਰੂ ਦੀ ਕਿਰਪਾ ਨਾ ਹੋਵੇ ਤਾਂ ਬ੍ਰਹਮ ਕੱਖਾਂ ਤੋਂ ਬੀ ਤੁਛ ਹੈ, ਭਾਵ ਉਸ ਬ੍ਰਹਮ ਨੂੰ ਕੋਈ ਜਾਣ ਨਹੀਂ ਸਕਦਾ।

## (੭)-(੮) ਜਨਮ ਮਰਨ ਰੂਪ ਬੰਧਨ।

ਜਿਸਦਾ ਮੂਲ ਕਾਰਨ ਅਗਿਆਨ ਹੀ ਹੈ ਅਤੇ ਜੋ ਗਿਆਨ ਨਾਲ ਹੀ ਦੂਰ ਹੁੰਦਾ ਹੈ।

ਗੁਰਪ੍ਰਮਾਣ:-

ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥
ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿੰਦ ਰਾਇ ॥

[ਗਉ: ਬਾ: ਮ: ੫ ਸਫਾ ੨੫੫

ਤੂਟੇ ਬੰਧਨ ਸਾਧ ਸੰਗੁ ਪਾਇਆ ॥ ਕਹੁ ਨਾਨਕ ਗੁਰਿ
ਰੋਗੁ ਮਿਟਾਇਆ ॥ ੪ ॥ ੭ ॥

[ਭੈਰ: ਮ: ੫ ਸਫਾ ੧੧੪੧

ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ
ਨਿਵਾਸਾ ॥ ੩ ॥

[ਭੈਰ: ਮ: ੫ ਸਫਾ ੧੧੫੦

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ
ਮੀਨ ਕੁਰੰਗਾ ॥ ਕਈ ਜਨਮ ਪੰਖੀ ਸਰਪ ਹੋਇਓ ॥ ਕਈ
ਜਨਮ ਹੈਵਰ ਬ੍ਰਿਖ ਜੋਇਓ ॥ ੧ ॥ [ਗਉੜੀ ਮ: ੫ ਸਫਾ ੧੭੬



ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ
ਹਿਰਿ ਖਰਿਆ ॥ ਕਈ ਜਨਮ ਸਾਖ ਕਰਿ ਉਪਾਇਆ ॥ ਲਖ
ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਸਾਧਿ ਸੰਗਿ ਭਇਓ
ਜਨਮੁ ਪਰਾਪਤਿ ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥

[ਗਉ: ਗੁਆ: ਮ: ੫ ਸਫਾ ੧੭੬

ਘਰ ਦਰ ਫਿਰਿ ਥਾਕੀ ਬਹੁਤੇਰੇ ॥ ਜਾਤਿ ਅਸੰਖ ਅੰਤ
ਨਹੀ ਮੇਰੇ ॥ ਕੇਤੇ ਮਾਤ ਪਿਤਾ ਸੁਤ ਧੀਆ ॥ ਕੇਤੇ ਗੁਰ
ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥

[ਰਾਮ: ਮ: ੧ ਦਖਣੀ ਓਅੰ: ਸਫਾ ੯੩੨

ਕੇਤੀ ਨਾਰਿ ਵਰੁ ਏਕੁ ਸਮਾਲਿ ॥ ਗੁਰਮੁਖਿ ਮਰਣੁ ਜੀਵਣੁ
ਪ੍ਰਭ ਨਾਲਿ ॥ ਦਹਦਿਸ ਢੂਢਿ ਘਰੈ ਮਹਿ ਪਾਇਆ ॥
ਮੇਲੁ ਭਇਆ ਸਤਿਗੁਰੂ ਮਿਲਾਇਆ ॥ [ਰਾ: ਮ: ੧ ਦੂਖ: ਓਅੰ: ਸਫਾ ੯੩੨

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥ ੨ ॥

[ਗਉ: ਚੇਤੀ: ਮ: ੧ ਸਫਾ ੧੫੬

ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥

[ਆਸਾ ਮ: ੫ ਛਤ ੪੬੨

ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥

[ਮਾਰੂ ਮ: ੧ ਸਫਾ ੧੦੩੦

ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥
ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥ ੧ ॥

[ਆਸਾ ਮ: ੧ ਸਫਾ ੪੨੨

ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥
ਤਿਨ੍ਹਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥

[ਬਿਲਾ: ਮ: ੫ ਸਫਾ ੮੦੨

ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥
ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥

[ਵਾਰ ਸੂਹੀ, ਮ: ੩ ਸਫਾ ੭੮੯

ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ ॥

[ਆਸਾ ਛੰ: ਮ: ੪ ਸਫਾ ੪੪੭

ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥

[ਆਸਾ ਛੰ: ਮ: ੪ ਸਫਾ ੪੪੭

ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥ ੧ ॥

[ਭੈਰ: ਮ: ੫ ਸਫਾ ੧੧੪੫

ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ ॥
ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ ॥ ੨ ॥

[ਆਸਾ ਮ: ੫ ਸਫਾ ੪੦੫

ਜਨਮ ਮਰਣੁ ਨਿਵਾਰੀਐ ਦੁਖੁ ਨ ਜਮਪੁਰਿ ਹੋਇ ॥
ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ ॥ ੩ ॥

[ਆਸਾ ਮ: ੫ ਸਫਾ ੪੦੫

ਆਨ ਜਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥ ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥ ੧ ॥

[ਸਾਰਗ ਮ: ੫ ਸਫਾ ੧੨੨੧

ਇਸ ਪ੍ਰਕਾਰ ਜਨਮ ਮਰਣ ਰੂਪੀ ਬੰਧਨ ਦੀ ਨਿਵਿਰਤੀ ਭੀ ਗਿਆਨ ਨਾਲ ਹੀ ਹੁੰਦੀ ਹੈ, ਜੋ ਗੁਰੂ ਭਗਤੀ ਦੁਆਰਾ ਪ੍ਰਾਪਤ ਹੁੰਦਾ ਹੈ । ਇਹ ਅੱਠ ਤਰ੍ਹਾਂ ਦੇ ਬੰਧਨ ਅੰਦਰ ਦੇ ਹਨ, ਇਸ ਵਿਖੇ ਗੁਰ ਪ੍ਰਮਾਣ :-

ਅਠੀ ਪਹਰੀ ਅਠਖੰਡ ਨਾਵਾ ਖੰਡੁ ਸਰੀਰੁ ॥ ਤਿਸੁ ਵਿਚਿ ਨਉਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥

[ਵਾਰ ਮਾਝ ਮ: ੨ ਸਫਾ ੧੪੬

ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ ਆਠ



ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥ ੪ ॥ ੧੧ ॥

[ਸਿਰੀ ਮ: ੫ ਸਫਾ ੪੬

ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥ ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨਿ ਮਹਿ ਰਾਖੈ ਹਰਿ ਹਰਿ ਏਕੁ ॥

[ਗਉ: ਸੁਖ: ਮ: ੫ ਸਫਾ ੨੮੭

ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥
ਜਮ ਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੁ ਦਇਆਲ ॥

[ਗਉ: ਥਿਤੀ ਮ: ੫ ਸਫਾ ੨੯੮

ਸੁਣਿ ਸੁਣਿ ਉਪਜਿਓ ਮਨ ਮਹਿ ਚਾਉ ॥ ਆਠ ਪਹਰ ਹਰਿ ਕੇ ਗੁਣ ਗਾਉ ॥ ਗਾਵਤ ਗਾਵਤ ਪਰਮਗਤਿ ਪਾਈ ॥ ਗੁਰਪ੍ਰਸਾਦਿ ਨਾਨਕ ਲਿਵਲਾਈ ॥ ੪ ॥

[ਰਾਮ: ਮ: ੫ ਸਫਾ ੨੯੨

ਆਠ ਪਹਰ ਅਪਨਾ ਪ੍ਰਭੁ ਸਿਮਰਹ ਏਕੋ ਨਾਮੁ ਧਿਆਏ ਰਾਮ ॥

[ਰਾਮ: ਮ: ੫ ਛੰਤੁ ਸਫਾ ੯੨੬

ਸਾਸਿ ਸਾਸਿ ਪ੍ਰਭੁ ਬਿਸਰੈ ਨਾਹੀ ॥ ਆਠ ਪਹਰ ਹਰਿ ਹਰਿ ਕਉ ਧਿਆਈ ॥

[ਮਾਰੂ ਸੋਲ: ਮ: ੫ ਸਫਾ ੧੦੮

ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿਦ ਗੁਰ ਆਪਿ ॥

[ਭੈਰਉ ਮ: ੫ ਸਫਾ ੧੧੪੯

ਆਠ ਪਹਰ ਗੁਨ ਗਾਇ ਗੁਬਿੰਦ ॥ ਭੈ ਬਿਨਸੇ ਉਤਰੀ ਸਭ ਚਿੰਦ ॥

[ਪ੍ਰਭਾਤੀ ਮ: ੫ ਸਫਾ ੧੩੩੯

## (੯) ਅਥ ਨਾਵਾਂ ਸਰੀਰ ਰੂਪ ਬੰਧਨ ।

ਇਸ ਨਾਵੇਂ ਸਰੀਰ ਰੂਪ ਬੰਧਨ ਨੂੰ ਖੰਡਨ ਕਰਨਾ ਚਾਹੀਦਾ ਹੈ।

ਗੁਰ ਪ੍ਰਮਾਣ:-

ਪੁਤਰੀ* ਤੇਰੀ ਬਿਧਿ ਕਰਿ ਥਾਟੀ ॥ ਜਾਨੁ ਸਤਿ ਕਰਿ

---

*ਪੁਤਲੀ।

ਹੋਇਗੀ ਮਾਟੀ ॥ ੧ ॥ ਮੂਲੁ ਸਮਾਲਹੁ ਅਚੇਤ ਗਵਾਰਾ ॥ ਇਤਨੇ ਕਉ ਤੁਮ੍ ਕਿਆ ਗਰਬੇ ॥ ੧ ॥ ਰਹਾਉ ॥ ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥ ਅਵਰ ਵਸਤੁ ਤੁਝ ਪਾਹਿ ਅਮਾਨ ॥ ੨ ॥ ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥ ੩ ॥ ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥ ੪ ॥ ਕਹੁ ਨਾਨਕ ਗੁਰ ਕਉ ਕੁਰਬਾਨੁ ॥ ਜਿਸਤੇ ਪਾਈਐ ਹਰਿ ਪੁਰਖੁ ਸੁਜਾਨੁ ॥ ੫ ॥ ੧੪ ॥

[ਆਸਾ ਮ: ੫ ਸਫਾ ੩੭੪

ਗਹਰੀ ਕਰਿਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ੧ ॥ ਹਮਰੋ ਕਰਤਾ ਰਾਮੁ ਸਨੇਹੀ ॥ ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥ ੧ ॥ ਰਹਾਉ ॥ ਮੇਰੀ ਮੇਰੀ ਕੈਰਉ ਕਰਤੇ ਦੁਰ-ਜੋਧਨ ਸੇ ਭਾਈ ॥ ਬਾਰਹ ਜੋਜਨ ਛਤ੍ਰ ਚਲੈਥਾ ਦੇਹੀ ਗਿਰਝ ਨ ਖਾਈ ॥ ੨ ॥ ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥ ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥ ੩ ॥ ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥ ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥ ੪ ॥ ੧ ॥

[ਧਨਾ: ਨਾਮ ਸਫਾ ੬੯੨

ਮਾਟੀ ਤੇ ਜਿਨ ਸਾਜਿਆ ਕਰਿ ਦੁਰਲਭ ਦੇਹ ॥
ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥ ੧ ॥
ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸਕੇ ਗੁਣ ਏਹ ॥
ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ॥ ੧ ॥ ਰਹਾਉ ॥
ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥
ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥ ੨ ॥



ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥
ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥ ੩ ॥
ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥
ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ ॥੧੪॥੧੭॥੪੭॥

[ਬਿਲਾ: ਮ: ੫ ਸਫਾ ੮੧੨

ਇਸ ਪ੍ਰਕਾਰ ਨੌਵਾਂ ਸਰੀਰ ਰੂਪੀ ਬੰਧਨ ਦਾ ਭੀ ਖੰਡਨ ਕਰਨਾ ਚਾਹੀਦਾ ਹੈ:–

ਨਵਾ ਖੰਡਾ ਵਿਚਿ ਜਾਣੀਐ ॥

[ਜਪੁ ਸਾਹਿਬ ਸਫਾ ੨

ਇਸ ਦਾ ਦੂਜਾ ਅਰਥ:–ਪ੍ਰਸਿੱਧ ਜੋ ਨਵਾਂ ਗੋਲਕਾਂ ਵਾਲਾ ਸਰੀਰ ਹੈ; ਜਿਵੇਂ ਦੋ ਨੇਤ੍ਰ, ਦੋ ਕੰਨ, ਦੋ ਨਾਸਕਾ ਛਿਦ੍ਰ, ਇਕ ਮੂੰਹ ਅਤੇ ਗੁਦਾ ਤੇ ਲਿੰਗ। ਇਹ ਨੌਂ ਗੋਲਕਾਂ ਹਨ। ਗੁਰ ਪ੍ਰਮਾਣ:–

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰ ॥
ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥

[ਮਾਰੂ ਮ: ੪ ਸਫਾ ੯੯੮

ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ ॥
ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ ॥
ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ ॥

[ਸਹਸ: ਮ: ੫ ਸਫਾ ੧੩੫੪

...ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥

[ਰਾਮ: ਮ: ੩ ਅਨੰਦ ਸਫਾ ੯੨੨

ਨਉ ਦਰਿ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥

[ਮਾਝ ਮ: ੩ ਸਫਾ ੧੨੪

ਇਸ ਤਰ੍ਹਾਂ ਦਸਵਾਂ ਗੁਪਤ ਦੁਆਰ ਹੈ, ਪਰ ਵੇਦ ਵਿਚ ਤਾਂ ਯਾਰਾਂ ਦਰਵਜੇ ਲਿਖੇ ਹਨ ਅਤੇ ਯਾਰਵਾਂ ਦੁਆਰ ਨਾਭੀ ਨੂੰ ਮੰਨਿਆਂ ਹੈ, ਅਤੇ ਸ਼ਾਸਤ੍ਰ ਵਿਚ ਕਿਤੇ ਕਿਤੇ ਚੌਦਾਂ ਦਰਵੱਜੇ ਭੀ ਲਿਖੇ ਹਨ, ਪਰੰਤੂ ਉਹ ਇਸਤ੍ਰੀਆਂ ਦੇ ਲਿਖੇ ਹਨ। ਮਨੁੱਖ ਨਾਲੋਂ ਇਸਤ੍ਰੀਆਂ ਦੇ ਤਿੰਨ ਦਰਵੱਜੇ ਅਧਿਕ (ਵਧੀਕ) ਹੁੰਦੇ ਹਨ: ਦੋ ਅਸਤਨ ਅਤੇ ਇਕ ਜਨਮ ਅਸਥਾਨ, ਇਸ ਪਰਕਾਰ ਚੌਦਾਂ ਦਰਵੱਜੇ ਹੁੰਦੇ ਹਨ। ਅਜਿਹੇ ਦਰਵੱਜਿਆਂ ਵਾਲਾ ਜੋ ਸਰੀਰ

ਹੈ, ਵਿਦ੍ਵਾਨ ਉਸਦੇ ਖੰਡਨ ਕਰਨ ਵਿਚ ਹੀ ਸਦੀਵਕਾਲ ਤਤਪਰ ਰਹਿੰਦੇ ਹਨ। ਨੌਂ ਬੰਧਨਾਂ ਦੇ ਖੰਡਨ ਕਰਨ ਨਾਲ ਬਾਕੀ ਸਭ ਬੰਧਨ ਆਪੇ ਹੀ ਨਿਵਿਰਤ ਹੋ ਜਾਂਦੇ ਹਨ ਅਤੇ ਇਨ੍ਹਾਂ ਦਾ ਖੰਡਨ ਵੇਦਾਂ ਸ਼ਾਸਤ੍ਰਾਂ ਵਿਚ ਵਿਸਤਾਰ ਪੂਰਬਕ ਲਿਖਿਆ ਹੋਇਆ ਹੈ, ਜਿਸਦਾ ਅਸੀਂ ਇਥੇ ਸੰਖੇਪ ਮਾਤਰ ਵਰਨਣ ਕਰਦੇ ਹਾਂ:-

ਅਵਿਦਿਆ ਨਿਵਿਰਤੀ ਦੇ ਖੰਡਨ ਵਿਚ ਸ਼ਾਸਤ੍ਰ ਪ੍ਰਮਾਣ:-

**ਏਤਦ ਯੋ ਵੇਦ ਨਿਹਤੰ ਗੁਹਾਯਾਮ੍**
**ਸੋऽਵਿਦਯਾ ਗ੍ਰੰਥੀ ਵਿਕਿਰਤੀਹ ਸੌਮਯ ॥** ਦ੍ਵਿਤੀਯ ਮੁੰਡਕ ਮੰਤ੍ਰ ੧੦

ਅਰਥ-ਹੇ ਪਿਆਰੇ ! ਜੋ ਇਸ ਬੁਧੀ ਰੂਪੀ ਗੁਫਾ ਵਿਖੇ ਇਸਥਿਤ ਆਤਮਾ ਦੇ ਸ੍ਵਰੂਪ ਨੂੰ ਜਾਣਦਾ ਹੈ, ਉਹ ਇਥੇ (ਇਸ ਜਨਮ ਵਿਖੇ) ਹੀ ਅਵਿੱਦਯਾ ਗ੍ਰੰਥੀ (ਗੰਢ) ਨੂੰ ਕੱਟ ਸੁੱਟਦਾ ਹੈ।

ਤਥਾ:-

**ਬ੍ਰਹਮ ਵਿਦ ਬ੍ਰਹਮੈਈਵ ਭਵਤਿ ॥** ਤ੍ਰਿਤੀਯ ਮੁੰਡਕ ਖੰਡ ੨ ਮੰਤ੍ਰ ੯

ਅਰਥ-ਜੋ ਪੁਰਸ਼ ਬ੍ਰਹਮ ਨੂੰ ਜਾਣਦਾ ਹੈ ਉਹ ਜੀਵ ਭਾਵ ਨੂੰ ਛਡਕੇ ਬ੍ਰਹਮ ਸਰੂਪ ਹੋ ਜਾਂਦਾ ਹੈ।

ਇਹ ਦੋ ਪ੍ਰਮਾਣ ਜੀਵ ਭਾਵ ਦੇ ਖੰਡਨ ਵਿਖੇ ਵੇਦਾਂ ਵਿਚ ਲਿਖੇ ਹੋਏ ਹਨ, ਹੁਣ ਤੀਸਰੇ ਚੌਥੇ ਤੇ ਪੰਜਵੇਂ ਬੰਧਨ ਦੇ ਖੰਡਨ ਵਿਖੇ ਪ੍ਰਮਾਣ ਦੇਂਦੇ ਹਾਂ:-

**ਭਿਦਯਤੇ ਹ੍ਰਿਦਯ ਗ੍ਰੰਥਿ ਛਿਦਯੰਤੇ ਸਰਬ ਸ਼ੰਸ਼ਯ:**
**ਖੀਯੰਤੇ ਚਾਸਯ ਕਰਮਾਣੀ ਤਸਮਿਨ ਦ੍ਰਿਸ਼ਟੇ ਪਰਾਵਰੇ ॥**
[ਦੂਤੀ ਮੁੰਡਕ ਉਪਨਿਸ਼ਦ ਖੰਡ ੨ ਅਧਿ: ੬

ਅਰਥ-ਉਸ ਪ੍ਰਮਾਤਮਾਂ ਦੇ ਸਾਖਯਾਤ ਹੋਣ ਨਾਲ ਅਧਿਕਾਰੀ ਪੁਰਸ਼ ਦੇ ਹਿਰਦੇ ਦੀ ਗ੍ਰੰਥੀ (ਗੰਢ) ਖੁਲ੍ਹ ਜਾਂਦੀ ਹੈ, ਅਰਥਾਤ ਅਹੰਗਤਾ ਮਮਤਾ ਦੂਰ ਹੋ ਜਾਂਦੀ ਹੈ ਤੇ ਸਭ ਸ਼ੰਸ਼ਯ ਦੂਰ ਹੋ ਜਾਂਦੇ ਹਨ, ਅਤੇ ਕਰਮ ਭੀ ਸਾਰੇ ਨਸ਼ਟ ਹੋ ਜਾਂਦੇ ਹਨ।

ਛੇਵੇਂ ਬੰਧਨ ਦੇ ਖੰਡਨ ਵਿਖੇ ਪ੍ਰਮਾਣ:-

**ਯੋਵੇਦ ਨਿਹਿਤੰ ਗੁਹਾਯਾਮ ਪਰਮੇ ਵ੍ਯੋਮਨ ॥**
**ਸੋऽਸ਼ਨੁਤੇ ਸ੍ਰਵਾਂਨ ਕਾਮਾਨ ਸਹ ॥**
[ਤੈਤ੍ਰਯ ਉਪਨਿਸ਼ਦ ਬ੍ਰਹਮਾਨੰਦੇ ਪ੍ਰਥਮ ਅਨੁਵਾਕ

ਅਰਥ-ਜੋ ਹਿਰਦੇ ਅਕਾਸ਼ ਰੂਪੀ ਗੁਫਾ ਵਿਖੇ ਇਸਥਿਤ ਬ੍ਰਹਮ ਨੂੰ ਜਾਣਦਾ ਹੈ, ਉਹ ਸਭ ਕਾਮਨਾਂ (ਇਛਾਵਾਂ) ਨੂੰ ਭੀ ਪ੍ਰਾਪਤ ਕਰ ਲੈਂਦਾ ਹੈ, ਅਰਥਾਤ ਉਸਦੇ ਚਿਤ ਵਿਖੇ ਕੋਈ ਕਾਮਨਾ ਬਾਕੀ ਨਹੀਂ ਰਹਿ ਜਾਂਦੀ।



ਅਥ ਸੱਤਵੇਂ ਤੇ ਅੱਠਵੇਂ ਬੰਧਨ ਦੇ ਖੰਡਨ ਵਿਖੇ ਪ੍ਰਮਾਣ :-

**ਤਮੇਵ ਬਿਦਿਤ੍ਵਾ ਅਤਿ ਮ੍ਰਿਤ੍ਯੁ ਮੇਤੀ**

ਅਰਥ-ਉਸ ਬ੍ਰਹਮ ਨੂੰ ਜਾਣਕੇ ਹੀ ਅਧਿਕਾਰੀ ਪੁਰਸ਼ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਅੱਠਾਂ ਬੰਧਨਾਂ ਦਾ ਖੰਡਨ ਹੋ ਗਿਆ, ਹੁਣ ਸਰੀਰ ਰੂਪੀ ਬੰਧਨਾ ਦਾ ਖੰਡਨ ਸ਼ਾਸਤ੍ਰਾਂ ਵਿਖੇ ਇਸ ਪ੍ਰਕਾਰ ਹੈ :-

**ਛਾਯਾ ਸਰੀਰੇ ਪ੍ਰਤੀਬਿੰਬ ਗਾਤ੍ਰੇ ਸ੍ਵਪਨ ਦੇਹੇ ਹ੍ਰਿਦੀ ਕਲਪਿਤਾਂਗੇ ॥**
**ਯਥਾਤਮ ਬੁਧੀ ਤਵ ਨਾਸ੍ਤਿ ਕਾਚਿਤ ਜੀਵਤ ਸ਼ਰੀਰੇ ਚ ਤਥੈਵ ਮਾਸਤੁ ॥**
[ਵਿਵੇਕ ਚੂੜਾਮਣੀ ਸ਼ਲੋਕ ੧੬੫

ਅਰਥ-ਅਪਨੇ ਸਰੀਰ ਦੀ ਛਾਇਆ ਵਿਖੇ ਜਿਵੇਂ ਆਤਮ ਬੁਧੀ ਨਹੀਂ ਹੁੰਦੀ ਅਰਥਾਤ ਮੈਂ ਛਾਇਆ ਹੂੰ, ਇਸ ਤਰ੍ਹਾਂ ਅਪਨੇ ਆਪ ਨੂੰ ਨਹੀਂ ਆਖਦਾ, ਅਤੇ ਸੀਸੇ ਵਿਚ ਜੋ ਤੇਰੇ ਸਰੀਰ ਦਾ ਪ੍ਰਤਿਬਿੰਬ (ਅਕਸ) ਹੈ, ਉਸ ਵਿਖੇ ਭੀ ਜਿਵੇਂ ਤੈਨੂੰ ਅਹੰਬੁਧੀ ਨਹੀਂ ਹੁੰਦੀ ਅਤੇ ਸੁਪਨੇ ਦੀ ਦੇਹ ਵਿਖੇ ਜਿਵੇਂ ਅਹੰ ਬੁਧੀ ਨਹੀਂ ਹੁੰਦੀ ਤਿਵੇਂ ਮਾਤਾ ਪਿਤਾ ਦੀਆਂ ਸੱਤਾਂ ਧਾਤੂਆਂ ਤੋਂ ਬਣਿਆ ਹੋਇਆ ਜੋ ਇਹ ਤੇਰਾ ਸਰੀਰ ਹੈ, ਇਸ ਵਿਖੇ ਬੀ ਤੇਰੀ ਅਹੰਬੁਧੀ ਨਹੀਂ ਹੋਣੀ ਚਾਹੀਦੀ।

**ਅਤ੍ਰਾਤਮ ਬੁਧੀਂ ਤਯਜ ਮੂੜ ਬੁਧੇ ਤ੍ਵੰਙ ਮਾਂਸ ਮੇਦੋऽਸਥੀ ਪੁਰੀਸ ਰਾਸ਼ਊ ॥ ਸਰਬਾਤਮਨੀ ਬ੍ਰਹਮਣੀ ਨਿਰਵਿਕਲਪੇ ਕੁਰੁਸ਼ਯ ਸਾਂਤਿੰ ਪਰਮਾਂ ਭਜਸ੍ਵ ॥**
[ਵਿਵੇਕ ਚੂੜਾਮਣੀ ਸਲੋਕ ੧੬੩

ਅਰਥ-ਹੇ ਮੂੜ ਬੁਧੀ ਵਾਲੇ ਪੁਰਸ਼ ! ਇਸ ਤੁਚਾ, ਮਾਸ, ਚਰਬੀ, ਹੱਡੀ, ਅਤੇ ਵਿਸ਼ਟਾ ਦੀ ਖਾਨ ਰੂਪੀਦੇਹ ਤੋਂ ਤੂੰ ਆਪਨੀ ਆਤਮ ਬੁਧੀ ਤਿਆਗ ਦੇਹ, ਅਤੇ ਸਰਬ ਆਤਮ ਨਿਰਵਿਕਲਪ ਬ੍ਰਹਮ ਵਿਖੇ ਆਪਨੀ ਆਤਮ ਬੁਧੀ ਨੂੰ ਲਗਾਕੇ ਸ਼ਾਂਤੀ ਨੂੰ ਪ੍ਰਾਪਤ ਹੋ।

**ਤ੍ਵੰਙ ਮਾਂਸ ਮੇਦੋ ऽਸਥੀ ਪੁਰੀਸ ਰਾਸ਼ਾ ਵਹੰਮਤਿ ਮੂੜ ਜਨ: ਕਰੋਤੀ ॥ ਵਿਲਛਣੰ ਵੇਤੀ ਬਿਚਾਰ ਸੀਲੋ ਨਿਜ ਸਰੂਪੰ ਪਰਮਾਰਥਭੂਤੰ ॥**
[ਵਿਵੇਕ ਚੂੜਾਮਣੀ ਸਲੋਕ ੧੬੧

ਅਰਥ-ਤੁਚਾ, ਮਾਸ, ਚਰਬੀ, ਹੱਡੀ, ਵਿਸ਼ਟਾ ਆਦਿਕਾਂ ਵਿਖੇ ਮੂਰਖ ਪੁਰਸ਼ ਅਹੰਬੁਧੀ ਕਰਦਾ ਹੈ ਅਰ ਵਿਚਾਰ ਸ਼ੀਲ ਪੁਰਸ਼ ਵਿਲੱਖਣ ਅਤੇ ਪਰਮਾਰਥ ਰੂਪ ਅਪਨੇ

ਸ੍ਵਰੂਪ ਨੂੰ ਪ੍ਰਾਪਤ ਹੁੰਦਾ ਹੈ ਅਤੇ ਅੰਹੰਬੁਧੀ ਨਹੀਂ ਕਰਦਾ। ਇਸ ਰੀਤੀ ਨਾਲ ਸ਼ਰੀਰ ਵਿਖੇ ਆਤਮ ਬੁਧੀ ਦਾ ਖੰਡਨ ਕਰਨਾ ਚਹੀਦਾ ਹੈ।

ਨੌ ਬੰਧਨਾਂ ਦੇ ਖੰਡਨ ਹੋਣ ਨਾਲ ਬਾਕੀ ਦੇ ਬੰਧਨ ਭੀ ਆਪਨੇ ਆਪ ਹੀ ਨਿਵਿਰਤ ਹੋ ਜਾਂਦੇ ਹਨ ਇਸ ਵਿਖੇ ਗੁਰ ਪ੍ਰਮਾਣ :-

ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾਕੇ ਕਾਮ ॥
ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ॥
ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ ॥
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਣ ॥

[ਥਿਤੀ ਗਉ: ਮ: ੫ ਸਫਾ ੩੦੦

ਇਸ ਤਰ੍ਹਾਂ ਨਾਲ ਗਿਆਨੀ ਪੁਰਸ਼ ਸਭ ਬੰਧਨਾਂ ਨੂੰ ਤੋੜਕੇ ਜੀਵਨ ਮੁਕਤਿ ਹੋ ਕੇ ਸੰਸਾਰ ਵਿਖੇ ਕਮਲ ਫੂਲ ਵਾਂਙੂ ਨਿਰਲੇਪ ਰਹਿੰਦਾ ਹੈ :-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵਸਾਗਰ ਤਰੀਐ ਨਾਨਕ ਨਾਮੁ ਵਖਾਣੇ॥

[ਰਾਮੁ ਸਿਧ: ਮ: ੧ ਸਫਾ ੯੩੮

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥

[ਗਉ: ਸੁਖ ਮ: ੫ ਸਫਾ ੨੭੨

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥ ੧ ॥ ਬਾਹਰਿ ਸੂਤੁ ਸਗਲ ਸਿਉ ਮਉਲਾ ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ ੧ ॥ ਰਹਾਉ ॥ ਮੁਖ ਕੀ ਬਾਤ ਸਗਲ ਸਿਉ ਕਰਤਾ ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ ੨ ॥ ਦੀਸਿ ਆਵਤ ਹੈ ਬਹੁਤੁ ਭੀ ਹਾਲਾ ॥ ਸਗਲ ਚਰਨ ਕੀ ਇਹੁ ਮਨੁ ਰਾਲਾ ॥ ੩ ॥ ਨਾਨਕ ਜਨ ਗੁਰੁ ਪੂਰਾ ਪਾਇਆ॥ਅੰਤਰਿ ਬਾਹਰਿ ਏਕੁ ਦਿਖਾਇਆ ॥ ੩ ॥

[ਆਸਾ ਮ: ੫ ਸਫਾ ੩੩੪

ਮਾਇਆ ਮੋਹੁ ਬਿਬਰਜਿ ਸਮਾਏ ॥ ਸਤਿਗੁਰੁ ਭੇਟੈ ਮੇਲਿ ਮਿਲਾਏ ॥ ਨਾਮੁ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ



ਮੇਰਾ ਮਨੁ ਧੀਰਾ ॥ ੨ ॥ ਹਉਮੈ ਮਮਤਾ ਰੋਗੁ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ॥ ਜਮ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥ ੩ ॥ ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥ ੪ ॥ ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥ ੫ ॥ ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥ ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥ ੬ ॥ ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ॥ ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥ ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥ ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥ ੮ ॥ ੩ ॥

[ਰਾਮਕਲੀ ਮ: ੧ ਅਸਟ: ਸਫਾ ੯੦੪

ਇਨ੍ਹਾਂ ਸ਼ਬਦਾਂ ਦਾ ਅਰਥ ਸੁਣਕੇ ਸਾਰੇ ਸੰਤ ਮਹਾਤਮਾਂ ਅਤੇ ਹੋਰ ਪ੍ਰੇਮੀ ਗਨ ਅਤਯੰਤ ਪਰਸੰਨ ਹੋਏ, ਫਿਰ ਆਖਣ ਲਗੇ ਇਨ੍ਹਾਂ ਨਵਾਂ ਬੰਧਨਾਂ ਦੇ ਖੰਡਨ ਕਿਰਪਾ ਕਰਕੇ ਵਿਸਥਾਰ ਪੂਰਬਕ ਦ੍ਰਿਸ਼ਟਾਂਤਾਂ ਦੁਆਰਾ ਸੁਣਾਓ, ਤਾਂ ਮਹਾਰਾਜ ਜੀ ਅਨੇਕ ਦ੍ਰਿਸ਼ਟਾਂਤਾਂ ਸਹਿਤ ਸੁਨਾਉਣ ਲਗੇ ਗੁਰ ਪ੍ਰਮਾਣ :-

ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥ ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ ੧ ॥ ਰਹਾਉ ॥ ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ॥ਇਸ

**ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ॥ ੧ ॥**

[ਬਿਲਾ: ਕਬੀ: ਸਫਾ ੮੫੭

ਇਸ ਤਰ੍ਹਾਂ ਭਗਤ ਕਬੀਰ ਜੀ ਪ੍ਰਮੇਸ਼ਰ ਅਗੇ ਪੁਕਾਰ ਕਰਦੇ ਹਨ ਕਿ ਹੇ ਭਗਵਾਨ ! ਆਪ ਦੀ ਮਾਇਆ ਨੇ ਮੈਨੂੰ ਭੁਲਾ ਦਿਤਾ ਹੈ ! ਆਪ ਦੇ ਚਰਨ ਕਵਲਾਂ ਵਿਖੇ ਇਹ ਮਾਇਆ ਪ੍ਰੀਤੀ ਨਹੀਂ ਹੋਣ ਦਿੰਦੀ, ਇਸ ਨੂੰ ਆਪਣੇ ਕਾਬੂ ਵਿਚ ਰਖੋ ।

**ਏਹੁ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**
**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**

[ਰਾਮ ਅਨੰ: ਮ: ੩ ਸਫਾ ੯੧੮

ਅਰਜਨ ਪ੍ਰਤੀ ਭਗਵਾਨ ਕ੍ਰਿਸ਼ਨ ਚੰਦਰ ਜੀ ਨੇ ਇਸ ਪ੍ਰਕਾਰ ਕਿਹਾ ਹੈ :–

**ਦੈਵੀ ਹਯੇਸ਼ਾ ਗੁਣ ਮਈ ਮਮ ਮਾਯਾ ਦੁਰੱਤਜਾ ॥**
**ਮਾਮੇਵ ਯੇ ਪ੍ਰਪਦਜੰਤੇ ਮਾਯਾ ਮੇਤਾਂ ਤਰੰਤਿ ਤੇ ॥**

[ਭਗਵਤ ਗੀਤਾ ਅਧਿਆਇ ੭ ਸਲੋਕ ੧੪

ਅਰਥ–ਇਹ ਮੇਰੀ ਤ੍ਰਿਗੁਣ ਰੂਪ ਮਾਇਆ ਬੜੀ ਚਮਤਕਾਰੀ ਅਤੇ ਲੋਗਾਂ ਨੂੰ ਮੋਹਤ ਕਰਨ ਵਾਲੀ ਹੈ। ਇਸ ਮਾਇਆ ਤੋਂ ਤਰਣਾ ਕਠਨ ਹੈ, ਜੋ ਮੇਰੀ ਅਥਵਾ ਗੁਰੂ ਦੀ ਸ਼ਰਨ ਵਿਖੇ ਆਉਂਦੇ ਹਨ ਉਹ ਇਸ ਮਾਇਆ ਨੂੰ ਤਰ ਸਕਦੇ ਹਨ ਹੋਰ ਕੋਈ ਉਪਾਉ ਨਹੀਂ । ਇਹ ਸੁਣ ਕੇ ਅਰਜਨ ਨੇ ਹਠ ਕੀਤਾ ਕਿ ਮੈਂ ਆਪ ਜੀ ਦੀ ਮਾਯਾ ਤੋਂ ਪਾਰ ਹੋ ਜਾਵਾਂਗਾ ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਕਿ ਮੇਰੀ ਜੋ ਮਾਇਆ ਹੈ, ਇਹ ਤਰਨੀ ਬੜੀ ਕਠਨ ਹੈ, ਤੂੰ ਮੇਰੀ ਮਾਇਆ ਵਿਚ ਮੋਹਿਤ ਹੋ ਕੇ ਮੈਨੂੰ ਤੇ ਆਪਣੇ ਆਪ ਨੂੰ ਭੁਲ ਜਾਵੇਂਗਾ । ਅਰਜਨ ਨੇ ਕਿਹਾ ਕਿ ਇਹ ਕਦੇ ਹੋ ਨਹੀਂ ਸਕਦਾ, ਆਪ ਆਪਣੀ ਮਾਇਆ ਦਿਖਾਓ । ਇਹ ਸੁਣਕੇ ਭਗਵਾਨ ਜੀ ਚੁਪ ਹੋ ਗਏ ਅਰਜਨ ਨੇ ਫਿਰ ਆਖਿਆ, ਕਿ ਇਹ ਭੁਲਾਨੇ ਵਾਲੀ ਮਾਇਆ ਮੈਨੂੰ ਅਵੱਸ਼ ਦਿਖਾਓ, ਭਗਵਾਨ ਨੇ ਫੇਰ ਮਨਾਹ ਕਰੀ ਮੇਰੀ ਮਾਇਆ ਨੂੰ ਦੇਖ ਭੁਲ ਜਾਵੇਂਗਾ ਜਬ ਅਰਜਨ ਨੇ ਬਹੁਤ ਹਠ ਕਰਾ ਤਬ ਭਗਵਾਨ ਨੇ ਕਿਹਾ ਅੱਛਾ ਦਿਖਾਵਾਂਗੇ, ਦੂਸਰੇ ਦਿਨ ਰਥ ਮੇਂ ਬੇਠਾਕਰ ਅਰਜਨ ਕੋ ਇਕ ਤਲਾਉ ਪਰ ਲੇ ਗਏ, ਵਹਾਂ ਪਰ ਭਗਵਾਨ ਦਾਤੁਨ ਕਰਨ ਲੱਗ ਪਏ, ਅਰ ਅਰਜਨ ਕੋ ਕਹਾ ਕਿ ਅਬ ਤੂੰ ਮੇਰੀ ਮਾਇਆ ਦੇਖ ਲੈ, ਮੈਂ ਇਥੇ ਹੀ ਬੈਠਾ ਹੋਵਾਂਗਾ ਦਿਖਾਈ ਨ ਆਂਵਾਂਗਾ ਅਨੇਕ ਯਤਨ ਕਰੇਂਗਾ ਤੋ ਬੈਠੇ ਹੂਏ ਕੋ ਭੀ ਤੂੰ ਦੇਖ ਨ ਸਕੇਂਗਾ ਅਬ ਤੂੰ ਅਪਨਾ ਜ਼ੋਰ ਲਗਾ ਲੇ ਜਾਹ ਤੂੰ ਤਲਾਵ ਮੇਂ ਸਿਨਾਨ ਕਰ ਅਰਜਨ ਨੇ ਕਹਾ ਅਗਰ ਆਪ ਇਥੇ ਹੀ ਬੈਠੇ ਹੋਵੋਗੇ ਤੋ ਮੈਂ ਜ਼ਰੂਰ ਲੱਭ ਲਵਾਂਗਾ । ਭਗਵਾਨ ਨੇ ਕਿਹਾ ਕਿ ਮੇਰੀ ਪ੍ਰਤਗਿਆ ਹੈ ਮੈਂ ਇਥੇ ਹੀ ਬੈਠਾ ਰਹਾਂਗਾ ਪਰ ਤੇਰੇ ਕੋ ਕਿਸੀ ਸੂਰਤ ਦਿਖਾਈ ਨ ਆਵਾਂਗਾ ।

[ਭਾਗਵਤ ਗੀਤਾ ਅ: ੭ ਸ: ੫੫

**ਨਾਹੰ ਪ੍ਰਕਾਸ਼: ਸਰਵਸਯ ਯੋਗ ਮਾਯਾ ਸਮਾਵ੍ਰਿਤ: ॥**



**ਮੂਢੋऽਯੰ ਨਾऽਭਿ ਜਾਨਾਤਿ ਲੋਕੋ ਮਾਮਜ ਮਵ੍ਯਯਮ ॥**

ਅਰਥ–ਮੈਂ ਅਪਨੀ ਯੋਗ ਮਾਯਾ ਸੇ ਛਿਪਾ ਹੂਆ ਸਭ ਕੋ ਪ੍ਰਤੱਖ ਨਹੀਂ ਹੋਤਾ ਹੂੰ ਯਹ ਅਗਿਆਨੀ ਮਨੁਸ਼ ਮੁਝ ਅਜ ਅਬਿਨਾਸੀ ਕੋ ਤਤ੍ਵ ਸੇ ਜਾਨ ਨਹੀਂ ਸਕਤਾ ਹੈ । ਅਰਜਨ ਕੋ ਐਸੇ ਵਚਨ ਕਹਿ ਕਰ ਪੱਕਾ ਭੀ ਕੀਜਾ ਕਿ ਭੁਲਨਾ ਨਹੀਂ, ਫਿਰ ਅਰਜੁਨ ਸਿਨਾਨ ਕਰਕੇ ਬਾਹਰ ਨਿਕਲਾ ਦੇਖੇ ਨ ਭਗਵਾਨ ਨ ਰਥ ਕੁੱਛ ਭੀ ਨਹੀਂ । ਓਸਕੋ ਨਵਾਂ ਹੀ ਬ੍ਰਹਮਾਂਡ ਮਾਲੂਮ ਹੂਆ ਘੋਰ ਭਯਾਨਕ ਜੰਗਲ ਮਾਲੂਮ ਹੂਆ ਅਬ ਅਰਜੁਨ ਭਗਵਾਨ ਕੋ ਨਾ ਦੇਖ ਕਰ ਰੋ ਕਰ ਪੁਕਾਰਨੇ ਲਗਾ । ਭਗਵਾਨ ਪਾਸ ਹੀ ਬੈਠੇ ਹੈਂ ਪਰ ਦਿਖਾਈ ਨਹੀਂ ਆਤੇ ਜੈਸੇ ਲਿਖਾ ਹੈ ਗੁਰ ਪ੍ਰਮਾਣ:–

**ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥**
**ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥ ੧ ॥**

[ਵਡਹੰਸ ਮ: ੩ ਸਫਾ ੫੫੬

ਅਰਜੁਨ ਸਾਰਾ ਦਿਨ ਭਰਮਣ ਕਰਤਾ ਹੀ ਰਹਾ ਪਰ ਕੁਛ ਪਤਾ ਨ ਲੱਗਾ । ਭਗਵਾਨ ਕੋ ਵਾਰ ਵਾਰ ਪੁਕਾਰਨੇ ਲਗਾ । ਹੇ ਗੋਬਿੰਦ ਹੇ ਕ੍ਰਿਸ਼ਨ ਹੇ ਨਾਰਾਯਣ ਦਰਸ਼ਨ ਦੇਵੋ ਇਸ ਪ੍ਰਕਾਰ ਤੀਨ ਦਿਨ ਤਕ ਪੁਕਾਰਤਾ ਹੀ ਰਹਾ ਪਰ ਦਰਸ਼ਨ ਨ ਹੂਆ, ਭੂਖ ਪਿਆਸ ਸੇ ਬੜਾ ਵਿਯਾਕੁਲ ਹੂਆ ਕੋਈ ਗਿਰਾਮ ਵਾ ਆਦਮੀ ਦਿਖਾਈ ਨ ਆਵੇ, ਚੌਥੇ ਦਿਨ ਘੂਮਤੇ ਫਿਰਤੇ ਨੇ ਏਕ ਆਦਮੀ ਦੇਖਾ ਅਰ ਉਸ ਕੋ ਕਹਾ ਕਿ ਮੈਂ ਭੂਲ ਗਯਾ ਹੂੰ ਹਸਤਿਨਾਪੁਰ ਸ਼ਹਿਰ ਕਹਾਂ ਹੈ, ਅਤੇ ਭਗਵਾਨ ਕ੍ਰਿਸ਼ਨ ਜੀ ਕਹਾਂ ਦੇਖੇ ? ਉਸ ਨੇ ਕਹਾ ਮੈਂ ਭਗਵਾਨ ਕ੍ਰਿਸ਼ਨ ਅਰ ਹਸਤਿਨਾਪੁਰ ਸੁਨੇ ਤੋ ਹੈਂ ਪਰ ਵੇ ਤੋ ਦੁਵਾਪਰ ਮੇਂ ਹੋ ਚੁਕੇ ਹੈਂ ਅਬ ਤੋ ਕਲਯੁਗ ਹੈ, ਹਮਾਰੇ ਗਿਰਾਮ ਕੇ ਇਕ ਧਰਮਸਾਲਾ ਮੇਂ ਮਹਾ ਭਾਰਤ ਕੀ ਭਥਾ ਹੋਤੀ ਹੈ ਕਥਾ ਮੇਂ ਪ੍ਰਸੰਗ ਆਯਾ ਥਾ ਵੈ ਵੈਸ਼ੰਪਾਜਨ, ਜਨਮੇਜਯ ਰਾਜਾ ਕੋ ਕਹਿ ਰਹੇ ਹਨ ਕਿ ਤੁਮਾਰਾ ਪਰਦਾਦਾ ਅਰਜਨ, ਮਹਾਭਾਰਤ ਕੇ ਯੁਧ ਮੇਂ ਕੌਰਵੋਂ ਕੋ ਜਯ ਕਰਤਾ ਭਯਾ ਅਰ ਉਸ ਕੇ ਬਾਦ ਸ਼ੋਕ ਕਰਤੇ ਹੂਏ ਮਹਾਰਾਜਾ ਯੁਧਿਸ਼ਟਰ ਕੋ ਬਾਣੋਂ ਕੀ ਸੇਜਾ ਪਰ ਪੜੇ ਹੂਏ ਭੀਸ਼ਮ ਪਿਤਾਮਹ ਨੇ ਸਮਝਾਇਕੇ ਰਾਜ ਸਿੰਘਾਸਨ ਪਰ ਬੈਠਾਇਆ ਅਰ ਬਹੁਤ ਬਰਸ ਰਾਜ ਕਰ ਅਰਜਨ ਕੇ ਪੋਤਰੇ ਅਭਮਨਯੂ ਕੇ ਪੁਤ੍ਰ ਪਰੀਖਤ ਕੋ ਰਾਜ ਦੇ ਕਰ ਦਰੋਪਤੀ ਕੋ ਸਾਥ ਲੇਕਰ ਪਾਂਚੋਂ ਪਾਂਡਵ ਹਿਮਾਲਯ ਪਰਬਤ ਕੋ ਚਲੇ ਗਏ । ਪਰੀਛਤ ਭੀ ਬਹੁਤ ਬਰਸ ਰਾਜ ਕਰ ਜਨਮੇਜਯ ਕੋ ਰਾਜ਼ ਦੇਨਰ ਰਿਸ਼ੀ ਕੇ ਸ਼ਾਪ ਸੇ ਤਖਸ ਸਰਪ ਕੇ ਕਾਟਨੇ ਸੇ ਗੰਗਾ ਕੇ ਕਿਨਾਰੇ ਸੁਕਦੇਵ ਸੁਵਾਮੀ ਜੀ ਸੇ ਸ੍ਰੀ ਮਦ ਭਾਗਵਤ ਸ੍ਰਵਣ ਕਰਤੇ ਕਰਤੇ ਸਰੀਰ ਕੋ ਛੋੜ ਸੁਰਗ ਕੋ ਚਲੇ ਗਯੇ, ਇਸ ਪ੍ਰਕਾਰ ਕੀ ਕਥਾ ਹਮ ਸੁਨਤੇ ਰਹਤੇ ਹੈਂ । ਅਰਜਨ ਕਹਿਨੇ ਲਗਾ ਅਰੇ ਨਹੀਂ ਅਭੀ ਤੋ ਦੁਵਾਪਰ ਹੈ । ਭਗਵਾਨ ਕ੍ਰਿਸ਼ਨ ਅਭੀ ਤੋ ਮੇਰੇ ਸਾਥ।

ਸ਼ਿਨਾਨ ਕਰਨੇ ਆਏ ਥੇ ਅਰਜਨ ਮੈਂ ਹੀ ਹੂੰ ਤਬ ਵੋ ਪੁਰਸ਼ ਕਹਨੇ ਲਗਾ ਜਾਗਤਾ ਹੈਂ ਕਿ ਸੋਯਾ ਹੋਯਾ ਹੈਂ, ਚਲ ਤੇਰੇ ਕੋ ਕਥਾ ਮੇ ਲੇ ਚਲਤੇ ਹੈਂ ਵੋ ਅਰਜਨ ਕੋ ਕਥਾ ਮੇਂ ਲੇ ਆਯਾ ਅਰਜਨ ਨੇ ਭੀ ਵੈਸੀ ਹੀ ਕਥਾ ਸੁਨੀ ਜੈਸੀ ਉਸ ਨੇ ਕਹੀ ਥੀ ਅਰਜਨ ਹੈਰਾਨ ਹੂਆ ਕਿ ਮੈਂ ਜਾਗਤਾ ਹੂੰ ਕਿ ਸੋਯਾ ਹੂੰ ਉਸ ਕੋ ਕੁਛ ਪਤਾ ਨ ਲਗਾ ਲੋਕੋਂ ਨੇ ਪਰਦੇਸੀ ਜਾਨ ਕਰ ਪੂਛਾ ਤੂ ਕੌਨ ਹੈ ਕਹਾਂ ਕੇ ਰਹਿਨੇ ਵਾਲਾ ਹੈਂ ਤੇਰੇ ਸਾਥ ਕੌਨ ਹੈ ਉਸ ਨੇ ਕਹਾ ਮੈਂ ਪਾਂਡਵ ਅਰਜੁਨ ਹੂੰ ਭਗਵਾਨ ਕ੍ਰਿਸ਼ਨ ਜੀ ਮੇਰੇ ਸਾਥ ਥੇ ਹਸਤਨਾਪੁਰ ਕੇ ਰਹਿਨੇ ਵਾਲਾ ਹੂੰ । ਲੋਕੋਂ ਨੇ ਜਹ ਬਚਨ ਸੁਨ ਅਰਜੁਨ ਕੋ ਪਾਗਲ ਸਮਝਾ ਔਰ ਧਮਕਾਇਆ, ਪਥਰ ਮਾਰਨੇ ਲਗੇ ਅਤੇ ਵਯਾਕੁਲ ਕਰਾ ਔਰ ਕਹਾ ਕਿ ਫੇਰ ਤਾਂ ਤੂੰ ਅਪਨੇ ਕੋ ਅਰਜੁਨ ਨਹੀਂ ਕਹੇਂਗਾ। ਨਹੀਂ ਤੋਂ ਰਾਜਾ ਕੋ ਕਹਿ ਕਰ ਤੇਰੇ ਕੋ ਪਾਗਲਖਾਨੇ ਮੇਂ ਦੇਤੇ ਹੈਂ, ਅਰਜੁਨ ਬਹੁਤ ਡਰਾ ਅਰ ਕਹਾ ਕਿ ਹਛਾ ਮੈਂ ਅਪਨੇ ਕੋ ਅਰਜੁਨ ਨਹੀਂ ਕਹਾਊਂਗਾ, ਪਹਦੇਸੀ ਨਾਮ ਕਹਾਊਂਗਾ । ਐਸੇ ਅਰਜੁਨ ਵਹਾਂ ਪਰਦੇਸੀ ਨਾਮ ਕਹਾ ਕਰ ਰਹਿਨੇ ਲਗਾ, ਅਰ ਵਹਾਂ ਕੇ ਰਾਜਾ ਕੀ ਨੌਕਰੀ ਕਰਨੇ ਲਗਾ । ਰਾਜਾ ਨੇ ਉਸ ਕੇ ਬਾਣੇਂ ਕੀ ਚਤੁਰਾਈ ਦੇਖੀ, ਸੂਰਬੀਰ ਜਾਨ ਕਰ ਸੈਨਾਪਤੀ ਬਨਾਯਾ, ਅਪਨੀ ਕੰਨਯਾਂ ਉਸ ਕੋ ਵਿਵਾਹ ਦਿਤੀ ।

ਵਿਵਾਹ ਕਰ ਕੇ ਅਬ ਸੁਖ ਪੂਰਬਕ ਰਹਿਨੇ ਲਗਾ, ਅਰ ਇਸਤ੍ਰੀ ਨੇ ਉਸ ਕੋ ਐਸੇ ਮੋਹਿਤ ਕੀਯਾ, ਜੋ ਭਗਵਾਨ ਕੀ ਪੂਜਾ ਨਿਤਨੇਮ ਧਰਮ ਕਰਮ ਸਭ ਭੂਲ ਗਯਾ, ਅਰ ਪਕਾ ਨਾਸਤਕ ਹੋ ਗਯਾ, ਜੋ ਕੋਈ ਭਗਵਾਨ ਕੀ ਕਥਾ ਸੁਨਾਏ ਉਸ ਕੋ ਅਛੀ ਨ ਲਗੇ, ਐਸੇ ਕਰਤੇ ਕੋ ਬਹੁਤ ਬਰਸ ਗੁਜ਼ਰ ਗਯੇ, ਅਰ ਤੀਨ ਲੜਕੇ ਭੀ ਹੋ ਗਯੇ ਪਰੰਤੂ ਇਸਤ੍ਰੀ ਮੇਂ ਪ੍ਰੇਮ ਨ ਤੂਟਾ। ਇਕ ਦਿਨ ਇਸਤ੍ਰੀ ਬੀਮਾਰ ਹੋ ਗਈ ਮਰਨੇ ਲਗੀ ਤਬ ਅਰਜੁਨ ਕੋ ਕਹਿਨੇ ਲਗੀ ਮੇਰੇ ਮਰਨੇ ਕੇ ਪੀਛੇ ਅਗਰ ਤੂੰ ਦੂਸਰੀ ਸ਼ਾਦੀ ਕਰੇਂਗਾ ਤੋ ਮੇਰੇ ਪੁਤ੍ਰੋਂ ਕੀ ਦੁਰਦਸ਼ਾ ਹੋਗੀ, ਇਸ ਵਾਸਤੇ ਮੈਂ ਪ੍ਰਾਰਥਨਾਂ ਕਰਤੀ ਹੂੰ ਕਿ ਦੂਸਰੀ ਸ਼ਾਦੀ ਨਾ ਕਰਾਨੀ, ਅਰਜਨ ਉਸ ਕੇ ਵਚਨ ਸੁਨ ਕਰ ਪ੍ਰੇਮ ਮੇਂ ਮਗਨ ਹੋਕਰ ਕਹਿਨੇ ਲਗਾ, ਤੁਮਾਰੇ ਮਰਨੇ ਪਰ ਮੈਂ ਭੀ ਚਿਖਾ ਮੇਂ ਤੇਰੇ ਨਾਲ ਸੜੂੰਗਾ, ਕਠੇ ਸ੍ਵਰਗ ਮੇਂ ਚਲੇਂਗੇ ਐਸੇ ਇਸਤ੍ਰੀ ਕੋ ਵਚਨ ਦੇ ਦੀਯਾ, ਆਖਰ ਇਸਤ੍ਰੀ ਮਰ ਗਈ, ਅਰਜਨ ਸ਼ੋਕ ਸੇ ਵਿਯਾਕੁਲ ਹੋ ਰੋਨੇ ਲਗਾ ਅਬ ਭਗਵਾਨ ਕ੍ਰਿਸ਼ਨ ਚੰਦਰ ਨੇ ਅਪਨੇ ਭਗਤ ਉਧਵ ਜੀ ਕੋ ਭੇਜਾ ਅਰ ਕਹਾ ਅਰਜੁਨ ਕੋ ਮੇਰੇ ਪਾਸ ਲੈ ਆਊ ਉਧਵ ਜੀ ਨੇ ਅਰਜੁਨ ਕੇ ਪਾਸ ਆਕਰ ਬਾਂਹ ਪਕੜ ਕੇ ਕਹਾ ਕਿ ਚਲੋ ਭਗਵਾਨ ਕ੍ਰਿਸ਼ਨ ਜੀ ਬੁਲਾਤੇ ਹੈਂ, ਅਰਜਨ ਨੇ ਬੜੇ ਕ੍ਰੋਧ ਸੇ ਕਹਾ ਕੌਨ ਭਗਵਾਨ ਕ੍ਰਿਸ਼ਨ ਵੋ ਤੋ ਦ੍ਵਾਪੁਰ ਮੇਂ ਹੋ ਚੁਕੇ ਹੈਂ, ਮੈਂ ਨਹੀਂ ਚਲਤਾ ਉਧਵ ਜੀ ਨੇ ਕਹਾ ਤੂੰ ਮੇਰੇ ਕੋ ਨਹੀਂ ਪਹਿਚਾਨਤਾ ਮੈਂ ਭਗਵਾਨ ਕਾ ਸਖਾ ਹੂੰ, ਤੇਰੇ ਕੋ ਲੇਨੇ ਆਯਾ ਹੂੰ, ਐਸੇ ਬਹੁਤ ਸਮਝਾਯਾ ਪ੍ਰੰਤੂ ਅਰਜਨ ਨੇ ਨ ਪਹਿਚਾਨਾਂ ਨ ਉਸ ਕਾ ਕਹਾ ਮਾਨਾ, ਉਲਟਾ ਤਿਰਸਕਾਰ ਕਰਕੇ ਉਸ ਕੋ ਹਟਾ ਦੀਆ ਅਰ ਇਸਤ੍ਰੀ ਵਾਸਤੇ ਰੁਦਨ ਕਰਨੇ ਲਗਾ । ਆਖਰ ਇਸਤ੍ਰੀ



ਕੋ ਸਭ ਲੋਗ ਸ਼ਮਸ਼ਾਣ ਮੇਂ ਲੇ ਗਏ, ਅਰਜਨ ਨੇ ਹਠ ਕਰਾ ਮੈਂ ਉਸਕੇ ਸਾਥ ਸੜੂੰਗਾ ਲੋਕੋਂ ਨੇ ਸਮਝਾਇਆ ਉਸਨੇ ਨ ਮਾਨਾ ਤਬ ਬ੍ਰਾਹਮਣੋਂ ਨੇ ਕਹਾ ਅਛਾ ਸ਼ਿਨਾਨ ਕਰ ਆ ਫੇਰ ਆਕੇ ਚਿਖਾ ਮੇਂ ਪ੍ਰਵੇਸ਼ ਕਰਨਾ ਪਾਸ ਹੀ ਤਲਾਵ ਥਾ ਸ਼ਿਨਾਨ ਕਰਕੇ ਬਾਹਰ ਨਿਕਲਾ ਤੋ ਕ੍ਰਿਸ਼ਨ ਭਗਵਾਨ ਕੋ ਦਾਤਨ ਕਰਤੇ ਦੇਖਾ ਭਗਵਾਨ ਕੋ ਦੇਖ ਕਰ ਭੀ ਇਸਤ੍ਰੀ ਕੋ ਯਾਦ ਕਰ ਸ਼ਮਸ਼ਾਣ ਕੀ ਤਰਫ ਦੌੜਨੇ ਲਗਾ। ਭਗਵਾਨ ਨੇ ਬਾਂਹ ਪਕੜ ਕਰ ਕਹਾ ਅਰੇ ਕਹਾ ਜਾਤਾ ਹੈਂ ? ਤਬ ਉਸਨੇ ਕਹਾ ਮੈਂ ਇਸਤ੍ਰੀ ਕੇ ਸਾਥ ਸੜਨੇ ਚਲਾ ਹੂੰ, ਭਗਵਾਨ ਨੇ ਚਪੇੜ ਮਾਰੀ ਮਾਯਾ ਦੂਰ ਹੋ ਗਈ । ਤਬ ਮਾਇਕ ਸਮਗ੍ਰੀ ਯਾਨੇ ਸ਼ਮਸ਼ਾਣ ਇਸਤ੍ਰੀ ਤਥਾ ਵੋ ਲੋਕ ਵੋ ਦੇਸ ਵਗੈਰਾ ਕੁਛ ਭੀ ਦਿਖਾਈ ਨ ਆਯੇ। ਅਰਜਨ ਬੜਾ ਹੈਰਾਨ ਹੂਆ ਅਰ ਵਿਚਾਰਨੇ ਲਗਾ ਕਿ ਭਗਵਾਨ ਕੀ ਮਾਯਾ ਨੇ ਮੇਰੇ ਕੋ ਭੁਲਾ ਹੀ ਦੀਆ ਤਬ ਸ਼ਰਮਿੰਦਾ ਹੋਕਰ ਭਗਵਾਨ ਕੇ ਚਰਨੋਂ ਮੇਂ ਗਿਰ ਪੜਾ ਤਬ ਭਗਵਾਨ ਨੇ ਉਸ ਕੋ ਕਹਾ ਕਿ ਹੇ ਅਰਜਨ ਇਤਨਾ ਪ੍ਰੇਮ ਹੋਤੇ ਭੀ ਤੂੰ ਮੇਰੇ ਕੋ ਅਰ ਅਪਨੇ ਕੋ ਭੂਲ ਗਿਆ ਕਿ ਨਹੀਂ ? ਏਹ ਮੇਰੀ ਭੁਲਾਨੇ ਵਾਲੀ ਮਾਯਾ ਹੈ ਅਰ ਮੇਰੀ ਮਾਯਾ ਨੇ ਜੋ ਤੇਰੇ ਕੋ ਦਿਖਾਯਾ ਹੈ ਸੋ ਭਵਿਸ਼ਤ (ਆਗੇ) ਕੋ ਹੋਗਾ ਉਸੀ ਤਰਹ ਤੁਮਾਰੇ ਪੋਤਰੇ ਪਰੀਖਸ਼ਤ ਕੋ ਰਾਜ ਔਰ ਤਖਸਕ ਕਾ ਕਾਟਨਾ ਸਰੀਰ ਛੋੜਨਾ ਜਨਮੇਜਯ ਕਾ ਰਾਜਾ ਹੋਨਾ ਔਰ ਵੈਸ਼ੰਪਾਯਨ ਨੇ ਮਹਾਂ ਭਾਰਤ ਕੀ ਕਥਾ ਸੁਨਾਨੀ ਯੇਹ ਸਭ ਆਗੇ ਕੋ ਹੋਵੇਗਾ ਅਰ ਮੇਰੀ ਮਾਯਾ ਨੇ ਤੇਰੇ ਕੋ ਅੱਭੀ ਸਭ ਅਨੁਭਵ ਕਰਾ ਦੀਆ ਇਸ ਪ੍ਰਕਾਰ ਮਾਯਾ ਜੀਵ ਕੋ ਬੰਧਤ ਕਰਤੀ ਹੈ ਤਾਂਤੇ ਮਾਯਾ ਬੰਧਨ ਰੂਪ ਹੈ ।

**ਝੂਠੀ ਮਾਇਆ ਸਭੁ ਜਗੁ ਬਾਂਧਿਆ ਮੈ ਰਾਮ ਰਮਤ ਸੁਖੁ ਪਾਇਆ ॥**

[ਆਸਾ ਕਬੀਰ ਸਫਾ ੪੮੨

**ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭਰਮਿ ਸੂਆ ॥**

[ਸੋਰਠ ਕਬੀਰ ਸਫਾ ੬੫੪

**ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥ ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥** [ਆਸਾ ਨਾਮਦੇਵ ਸਫਾ ੪੮੬

**ਸਾਧੋ ਇਹੁ ਜਗੁ ਭਰਮ ਭੁਲਾਨਾ ॥ ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥ ਬਿਕਾਨਾ ॥੧॥ ਰਹਾਉ ॥ ਮਾਤ ਪਿਤਾ ਭਾਈ ਸੁਤ ਬਨਿਤਾ ਤਾਕੈ ਰਸ ਲਪਟਾਨਾ ॥ ਜੋਬਨ ਧਨੁ ਪ੍ਰਭ ਤਾ ਕੈ ਮਦ ਮੈ ਅਹਿਨਿਸ ਰਹੈ ਦਿਵਾਨਾ ॥੧॥ ਦੀਨ ਦਇਆਲ ਸਦਾ ਦੁਖ ਭੰਜਨ ਤਾਸਿਉ ਮਨੁ ਨ ਲਗਾਨਾ ॥ ਜਨ ਨਾਨਕ ਕੋਟਨਮੈ ਕਿਨਹੂ ਗੁਰਮੁਖਿ ਹੋਇ**

**ਪਛਾਨਾ ॥ ੨ ॥ ੨ ॥** [ਧਨਾਸਰੀ ਮ:੯ ਸਫਾ ੬੮੪

**ਮਾਇਆ ਐਸੀ ਮੋਹਣੀ ਭਾਈ ॥ ਜੇਤੇਂ ਜੀਅ ਤੇਤੇ ਡਹਕਾਈ ॥ ੧ ॥ ਰਹਾਉ ॥** [ਭੈਰਉ ਕਬੀਰ ਸਫਾ ੧੧੬੦

**ਮਾਇਆ ਮੋਹੁ ਗੁਬਾਰੁ ਹੈ ਦੂਜੇ ਭਰਮਾਈ ॥ ਮਨਮੁਖ ਠਉਰ ਨ ਪਾਇਨ੍ਹੀ ਫਿਰਿ ਆਵੈ ਜਾਈ ॥** [ਸੂਹੀ ਵਾਰ ਮਹਲਾ ਤ੍ਰੂੰ ਸਫਾ ੭੮੬

ਇਸ ਪ੍ਰਕਾਰ ਮਾਯਾ ਰੂਪੀ ਪ੍ਰਥਮ ਬੰਧਨ ਦ੍ਰਿਸ਼ਟਾਂਤ ਸਹਿਤ ਨਿਰੂਪਣ ਕਰਾ ਅਬ ਜੀਵ ਭਾਵ ਰੂਪੀ ਦੂਸਰਾ ਬੰਧਨ ਨਿਰੂਪਣ ਕਰਤੇ ਹੈਂ।

ਸੋ ਜੀਉ ਭਾਉ ਰੂਪ ਬੰਧਨ ਨਾਰਦ ਜੀ ਕੋ ਸੁਕਦੇਵ ਜੀ ਕੋ ਅਰਜੁਨ ਕੋ ਸ਼੍ਵੇਤ ਕੇਤੂ ਆਦਿ ਅਨੇਕੋਂ ਕੋ ਹੂਆ ਹੈ। ਨਾਰਦ ਜੀ ਜੀਵ ਭਾਉ ਰੂਪ ਬੰਧਨ ਸੇ ਦੁਖੀ ਹੋ ਕਰ ਸੰਤ ਕੁਮਾਰੋਂ ਕੇ ਸਰਣ ਜਾਤਾ ਭਯਾ। ਔਰ ਜਾ ਕਰ ਕੇ ਕਹਤਾ ਭਯਾ ਹੇ ਭਗਵਾਨ ਮੈਂ ਨੇ ਸੁਨਾ ਹੈ ਆਤਮ ਗਿਆਨੀ ਸ਼ੋਕ ਸੇ ਤਰ ਜਾਤਾ ਹੈ। ਔਰ ਮੈਂ ਸ਼ੋਕ ਕਰਤਾ ਹੂੰ ਤਾਂਤੇ ਮੈ ਅਗਿਆਨੀ ਹੂੰ। ਸੋ ਮੇਰੇ ਕੋ ਸ਼ੋਕ ਸੇ ਪਾਰ ਕਰੋ। ਤਬ ਸੈਤ ਕੁਮਾਰੋਂ ਨੇ ਨਾਰਦ ਕੋ ਕਹਾ ਹੇ ਨਾਰਦ ਭੂਮਾ ਯਾਨੇ ਬ੍ਰਹਮ ਸੁਖ ਸਰੂਪ ਹੈ ਔਰ ਬ੍ਰਹਮ ਸੇ ਭਿੰਨ ਦੁਖ ਰੂਪ ਹੈ। ਜਬ ਤਕ ਤੂੰ ਅਪਨੇ ਕੋ ਬ੍ਰਹਮ ਸਰੂਪ ਨਿਸਚਯ ਨ ਕਰੇਗਾ। ਤਬ ਤਕ ਤੂੰ ਦੁਖੀ ਔਰ ਦੀਨ ਰਹੇਗਾ। ਸੋ ਤੂੰ ਜੀਵ ਭਾਉ ਕੋ ਛੋਡਕੇ ਬ੍ਰਹਮ ਭਾਉ ਕੋ ਪ੍ਰਾਪਤ ਹੋ। ਅਪਨੇ ਕੋ ਪਰਿਪੂਰਣ ਸਮਝੇਗਾ ਤਬ ਤੂੰ ਸੁਖੀ ਹੋਵੇਗਾ ਔਰ ਇਸੀ ਜੀਵ ਭਾਉ ਸੇ ਦੁਖੀ ਹੋਕਰ ਸੁਕਦੇਵ ਰਾਜਾ ਜਨਕ ਕੀ ਸਰਣ ਮੇਂ ਗਯਾ। ਅਰ ਯਹ ਹੀ ਉਪਦੇਸ਼ ਰਾਜਾ ਜਨਕ ਨੇ ਦੇਕਰ ਸੁਖੀ ਕੀਆ। ਇਸੀ ਤਰ੍ਹਾਂ ਅਰਜੁਨ ਜੀ ਸ਼ੋਕ ਸੇ ਦੁਖੀ ਹੋ ਕਰ ਭਗਵਾਨ ਸ੍ਰੀ ਕ੍ਰਿਸ਼ਣ ਸੇ ਕਹਨੇ ਲਗੇ। ਹੇ ਭਗਵਾਨ! ਮੈਂ ਬੜਾ ਦੁਖੀ ਹੂੰ ਮੇਰੇ ਕੋ ਸ਼ੋਕ ਸੇ ਪਾਰ ਕਰੋ। ਭਗਵਾਨ ਨੇ ਕਹਾ ਭੂਮੀ ਕਾ ਰਾਜ ਅਥਵਾ ਤ੍ਰਿਲੋਕੀ ਕਾ ਰਾਜ ਲੇ ਲੇ। ਤੂੰ ਆਪਨੇ ਸ਼ੋਕ ਕੋ ਆਪ ਹੀ ਦੂਰ ਕਰ ਲੇ ਅਰਜੁਨ ਕਹਿਨੇ ਲਗਾ:-

**ਨਹਿ ਪ੍ਰਪਸ਼ਯਾਮਿ ਮਮਾਪਨੁਦਯਾਦ ਯੱਛੋਕ, ਉਛੋਸ਼ਣ ਮਿੰਦ੍ਰਿਯਾਣਾਂ ॥**
**ਅਵਾਪਯ ਭੂਮਾਵਸਪਤਨ ਮਿ੍ਧੰ ਰਾਜਯੰ ਸੁਰਾਣਾਮਪਿਚਾਧਿ ਪਤਯੰ ॥**

[ਭਗਵਤ ਗੀਤਾ ਅ: ੨

ਅਰਜੁਨ ਕਹਿਤਾ ਹੈ ਹੇ ਭਗਵਾਨ ਆਪ ਸੇ ਬਿਨਾਂ ਮੈਂ ਤ੍ਰਿਲੋਕੀ ਮੇਂ ਕੋਈ ਨਹੀਂ ਦੇਖਤਾ ਜੋ ਮੇਰੇ ਸ਼ੋਕ ਕੋ ਦੂਰ ਕਰੇ। ਕੈਸਾ ਸ਼ੋਕ ਹੈ ਜੋ ਇੰਦ੍ਰਿਯਾਦਿ ਸਰਬ ਸਰੀਰ ਕੋ ਸੁਕਾਨੇ ਵਾਲਾ ਹੈ। ਭੂਮੀ ਕਾ ਰਾਜਯ ਕਿਆ ਤ੍ਰਿਲੋਕੀ ਕਾ ਰਾਜਯ ਪਾ ਕਰ ਭੀ ਮੈਂ ਅਪਨੇ ਸ਼ੋਕ ਕੋ ਦੂਰ ਨਹੀਂ ਕਰ ਸਕਤਾ, ਇਸ ਵਾਸਤੇ ਮੈਂ ਆਪ ਕਾ ਸ਼ਿਸ਼ ਹੂੰ



ਮੇਰੇ ਕੋ ਸਿਖਯਾ ਦੇਵੋ। ਐਸੇ ਅਰਜੁਨ ਨੇ ਅਨੇਕ ਬਚਨ ਕਹੇ। ਭਗਵਾਨ ਕਹਿਨੇ ਲਗੇ ਤੂੰ ਅਪਨੇ ਆਪ ਕੋ ਨ ਜਾਨ ਕਰ ਸ਼ੋਕ ਕਰਤਾ ਹੈਂ।

**ਅਸੋਚਯਾ ਨਨ੍ਸੋਚਸਤ੍ਵੰ ਪ੍ਰਗਯਾ ਵਾਦਾਂਸਚ ਭਾਖਸੇ ॥**

[ਸ੍ਰੀ ਮਦ ਭਾਗਵਤ ਗੀਤਾ ਅਧਿਆਇ ੨ ਸਲੋਕ ੧੧

ਜੋ ਸ਼ੋਕ ਕੇ ਲਾਯਕ ਨਹੀਂ ਉਨਕਾ ਤੂੰ ਸ਼ੋਕ ਕਰਤਾ ਹੈਂ ਔਰ ਬੁਧੀਮਾਨੋਂ ਕੇ ਤੋਰ ਬੋਲਤਾ ਹੈਂ ਪਰ ਬੁਧੀਮਾਨ ਨਹੀਂ। ਇਤਿਆਦਿ ਦੂਸਰੇ ਅਧਯਾਇ ਕੇ ਸਮਾਪਤੀ ਤਕ ਸ਼ੋਕ ਨਿਵਰਤਿ ਕੇ ਅਰਥ ਅਨੇਕ ਵਚਨ ਕਹੇ, ਔਰ ਪ੍ਰਮਾਣ :-

**ਜਨਮ ਪਦਾਰਥ ਦੁਬਿਧਾ ਖੋਵੈ ॥ ਆਪਨ ਚੀਨਸਿ ਭਰਮ ਭਰਮ ਰੋਵੈ ॥ ਕਹਤਉ ਪੜ੍ਹਤਉ ਸੁਨਤਉ ਏਕ ॥ ਧੀਰਜ ਧਰਮ ਧਰਣੀਧਰ ਟੇਕ ॥**

[ਧਨਾ: ਮ: ੫ ਸਫਾ ੬੮੬

**ਬਹੁਤੇ ਭੇਖ ਕਰੈ ਭੇਖ ਧਾਰੀ ॥ ਅੰਤਰ ਤ੍ਰਿਸਨਾ ਫਿਰੈ ਅਹੰਕਾਰੀ ॥ ਆਪ ਨ ਚੀਨੈ ਬਾਜੀ ਹਾਰੀ ॥**

[ਗਉ: ਮ: ੩ ਸਫਾ ੨੩੦

ਅਰਜੁਨ ਨੇ ਕਹਾ ਹੇ ਭਗਵਨ ਸ਼ੋਕ ਨਵਿਰਤ ਕਾ ਕੋਈ ਏਕ ਹੀ ਸਾਧਨ ਬਤਲਾਓ। ਭਗਵਾਨ ਕਹਿਨੇ ਲਗੇ।

**ਸਰਵ ਭੂਤ ਸਥਮਾਤਮਾਨੰ ਸਰਵ ਭੂਤਾਨਿ ਚਾਤਮਨਿ।**
**ਈਖਤੇ ਯੋਗ ਯੁਕਤਾਮਤਾ ਸਰਵਤ੍ਰ ਸਮਦਰਸ਼ਨ:।**
**ਯੋ ਮਾਂ ਪਯਸ਼ਤਿ ਸਰਵਤ੍ਰ ਸਰਵੰਚਮਯਿ ਪਸ਼ਯਤਿ।**
**ਤਸਯਾਹੰ ਨ ਪ੍ਰਣਸ਼ਯਾਮਿ ਸ਼ਚ ਮੇ ਨ ਪ੍ਰਣਸ਼ਯਤਿ।**

[ਸ੍ਰੀ ਮਦ ਭਗਵਤ ਗੀਤਾ ਅ: ੬ ਸਲੋਕ ੨੯,੩੦

ਅਰਥ-(੧) ਯੋਗ ਯੁਕਤਾਤਮਾ ਸਮਦਰਸ਼ੀ ਪੁਰਖੁ। ਅਪਨੇ ਕੋ ਸਰਵ ਭੂਤੋਂ ਮੇਂ ਸਿਥਤ ਔਰ ਅਪਨੇ ਮੇਂ ਸਰਵ ਭੂਤੋਂ ਕੋ ਦੇਖਤਾ ਹੈ। (੨) ਜੋ ਮੇਰੇ ਕੋ ਸਭ ਜਗ੍ਹਾ ਦੇਖਤਾ ਹੈ ਔਰ ਸਭ ਕੋ ਮੇਰੇ ਮੇਂ ਦੇਖਤਾ ਹੈ। ਉਸ ਕਾ ਮੈਂ ਨਾਸ਼ ਨਹੀਂ ਕਰਤਾ ਔਰ ਨ ਵਹ ਮੇਰੇ ਕੋ ਨਾਸ਼ ਕਰਤਾ ਹੈ। ਇਸ ਪ੍ਰਕਾਰ ਜਬ ਤੇਰੇ ਕੋ ਸਰਵਾਤਮ ਦਰਸ਼ਨ ਹੋਗਾ। ਯਾਨੇ ਜਬ ਤੂੰ ਅਪਨੇ ਕੋ ਪਰਿਪੂਰਣ ਸਮਝੇਗਾ। ਤਬ ਤੇਰਾ। ਸ਼ੋਕ ਦੂਰ ਹੋਗਾ। ਇਸੀ ਤਰ੍ਹਾਂ ਏਕ ਉਤਮ ਅਧਿਕਾਰੀ ਕਰਮ ਉਪਾਸ਼ਨਾ ਕਰਤਾ ਹੂਆ ਦੁਖੀ ਹੋਕਰ ਗੁਰੂ ਸ਼ਰਨ ਮੇਂ ਆਯਾ ਔਰ ਕਹਿਣੇ ਲਗਾ ਕਿ ਭਗਵਾਨ ਮੈਂ

ਸੰਸਾਰ ਕੇ ਦੁਖ ਸੇ ਬੜਾ ਦੁਖੀ ਹੂੰ। ਦੁਖ ਨਿਵ੍ਰਿਤਿ ਔਰ ਪਰਮਾਨੰਦ ਕੀ ਪ੍ਰਾਪਤਿ ਕਾ ਕੋਈ ਉਪਾਯ ਬਤਲਾਉ।

ਅਗਰ ਕਹੋ ੍ਰ ਕਰਮ ਉਪਾਸਨਾ ਕਰ ਤੋ ॥ ਪ੍ਰਮਾਣ ਵਿਚਾਰ ਸਾਗਰ :—

**ਕਰਮ ਉਪਾਸਨ ਕੀਨੇ ਭਾਰੀ। ਔਰ ਅਧਿਕ ਜਗ ਫਾਸੀ ਡਾਰੀ। ਆਪ ਉਪਾਯ ਕਹੋ ਗੁਰਦੇਵਾ॥ ਹੋਵੈ ਜਾਤੇ ਭਵਦੁਖ ਛੇਵਾ। ਪੁਨ ਚਾਹਤ ਹਮ ਪਰਮਾਨੰਦਾ। ਤਾਕੋ ਕਹੋ ਉਪਾਯ ਸੁਛੰਦਾ॥ ਸ੍ਰੀ ਗੁਰੂ ਵਾਚ॥ ਪਰਮਾਨੰਦ ਮਿਲਾਪ ਤੂੰ ਜੋ ਸ਼ਿਸ਼ ਚਹੇਂ ਸੁਜਾਨ। ਜਨਮਾਦਿਕ ਦੁਖ ਨਾਸ਼ ਪੁਨ ਭ੍ਰਾਂਤਿ ਜਨਜ ਤਹਿ ਮਾਨ। ਪਰਮਾਨੰਦ ਸਰੂਪ ਤੂੰ ਨਹ ਤੋਮੇਂ ਦੁਖ ਲੇਸ਼। ਅਜ ਅਬਿਨਾਸ਼ੀ ਬ੍ਰਹਮ ਚਿਤ ਜਿਨ ਆਨੇ ਹੀਏ ਕਲੇਸ਼।**

ਟੀਕਾ ਸ੍ਰੀ ਗੁਰੂ ਜੀ ਕਹਤੇ ਹੈਂ, ਹੇ ਸ਼ਿਸ਼ ਤੇਰੇ ਕੋ ਜੋ ਪਰਮਾਨੰਦ ਕੀ ਪ੍ਰਾਪਤਿ ਔਰ ਦੁਖ ਨਿਵ੍ਰਿਤ ਕੀ ਇਛਾ ਹੈ ਸੋ ਕੇਵਲ ਭਰਮ ਜਨਯ ਹੈ ਤੂੰ ਅਪਨੇ ਮ ਭੂਲ ਗਿਆ ਹੈਂ ਅਪਨੇ ਆਪ ਕੋ ਜਾਨਤਾ ਨਹੀਂ ਕਾਹੇ ਤੇ ਤੂੰ ਖੁਦ ਪਰਮਾਨੰਦ ਹੈਂ। ਤੇਰੇ ਮੇਂ ਤੀਨ ਕਾਲ ਦੁਖ ਨਹੀਂ। ਫੇਰ ਜੋ ਤੇਰੇ ਕੋ ਪਰਮਾਨੰਦ ਕੀ ਪ੍ਰਾਪਤਿ ਔਰ ਦੁਖ ਨਿਵ੍ਰਿਤੀ ਕੀ ਇਛਾ ਹੈ ਸੋ ਕੇਵਲ ਭਰਮ ਜਨਯ ਹੈ। ਜੈਸੇ ਕਸਤੂਰੀ ਮ੍ਰਿਗ ਕੇ ਬੀਚ ਮੇਂ ਹੈ ਪ੍ਰੰਤੂ ਨਾ ਜਾਨਤਾ ਹੂਆ ਜਗਹ ਜਗਹ ਢੂੰਡਤਾ ਹੈ। ਪ੍ਰਮਾਣ ਸ੍ਰੀ ਰਾਗ ਵਾ: ਮ: ੫ ਸਫਾ ੮੯

**ਮੁੰਢਹੁ ਭੁਲੀ ਨਾਨਕਾ ਫਿਰ ਫਿਰ ਜਨਮ ਮੁਈਆਸ॥**
**ਕਸਤੂਰੀ ਕੇ ਭੋਲੜੇ ਗੰਦੇ ਡੁੰਮ ਪਈਆਸ॥**

ਬਸੰਤ ਬਾਣੀ ਰਵਿਦਾਸ ਜੀ ਸਫਾ ੧੧੯੬

**ਜੈਸੇ ਕੁਰੰਕ ਨਹਿ ਪਾਇਓ ਭੇਦੁ॥ ਤਨ ਸੁਗੰਧ ਢੂੰਢੀ ਪਰਦੇਸ॥ ਅਪ ਤਨ ਕਾ ਜੋ ਕਰੇ ਬੀਚਾਰੁ॥ ਤਿਸ ਨਹੀ ਜਮ ਕੰਕਰੁ ਕਰੇ ਖੁਆਰੁ॥**

ਸੋਰਠ ਵਾਰ ਮ: ੪

**ਘਰ ਹੀ ਮਹਿ ਅੰਮ੍ਰਿਤ ਭਰਪੂਰ ਹੈ ਮਨਮੁਖ ਸਾਦੁ ਨ ਪਾਇਆ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭਰਮਦਾ ਭਰਮ ਭੁਲਾਇਆ॥ ਅੰਮ੍ਰਿਤ ਤਜਿ ਬਿਖ ਸੰਗ੍ਰਹ ਕਰਤੇ ਆਪ ਖੁਆਇਆ॥ ਗੁਰਮੁਖ ਵਿਰਲੇ ਸੋਝੀ ਪਈ ਤਿਨਾ ਅੰਦਰ**



**ਬ੍ਰਹਮ ਦਿਖਾਇਆ॥ ਤਨ ਮਨ ਸੀਤਲ ਹੋਇਆ ਰਸਨਾ ਹਰਿ ਸਾਦੁ ਆਇਆ॥ ਸਬਦੇ ਹੀ ਨਾਉ ਊਪਜੇ ਸਬਦੇ ਮੇਲ ਮਿਲਾਇਆ॥ ਬਿਨ ਸਬਦੈ ਸਭ ਜਗ ਬਉਰਾਨਾ ਬਿਰਥਾ ਜਨਮੁ ਗਵਾਇਆ॥ ਅੰਮ੍ਰਿਤ ਏਕੋ ਸਬਦ ਹੈ ਨਾਨਕ ਗੁਰਮੁਖ ਪਾਇਆ॥**

**ਭਰਮ ਮੇਂ ਦੂਸਰਾ ਪ੍ਰਮਾਣ :—**

**ਜੈਸੇ ਸਿੰਘ ਅਜਾ ਸੰਗ ਡੋਲੇ। ਆਪੁਨ ਚੀਨੇ ਭ੍ਰਮਸੰਗ ਭੂਲੇ।**

ਏਕ ਜੰਗਲ ਮੇਂ ਏਕ ਗਡਰਯਾ ਭੇਡੇਂ ਚਰਾਤਾ ਥਾ ਏਕ ਸਮਯ ਉਸ ਕੋ ਜੰਗਲ ਮੇਂ ਛੋਟਾ ਸਾ ਸਿੰਘ ਕਾ ਬਚਾ ਮਿਲਾ ਓਸ ਨੇ ਉਸ ਕੋ ਲਾਕਰ ਭੇਡੋਂ ਕੇ ਸਾਥ ਛੋੜ ਦੀਆ। ਔਰ ਵੂਹ ਉਨ ਕੇ ਸਾਥ ਰਹਿਣੇ ਲਗਾ। ਏਕ ਸਮਯ ਉਸੀ ਜੰਗਲ ਮੇਂ ਏਕ ਬੜਾ ਭਾਰੀ ਸਿੰਘ ਗਰਜਤਾ ਹੂਆ ਉਨ ਭੇਡੋਂ ਕੀ ਤਰਫ ਦੌੜਾ ਔਰ ਭੇਡਾਂ ਵਹਾਂ ਸੇ ਭਾਗ ਗਈਂ। ਸਿੰਘ ਕਾ ਬੱਚਾ ਭੀ ਉਨਕੇ ਸਾਥ ਦੌੜਤੇ ੨ ਏਕ ਤਲਾਵ ਪਰ ਪਹੁੰਚਾ ਤੋ ਅਪਨੀ ਪਰਛਾਈਂ ਉਸ ਨੇ ਦੇਖ ਲੀ ਜਬ ਸਿੰਘ ਭੀ ਦੂਸਰੇ ਕਿਨਾਰੇ ਪਾਸ ਆ ਪਹੁੰਚਾ ਤੋ ਵਹ ਬੱਚਾ ਸਿੰਘ ਕੋ ਅਪਨਾ ਹੀ ਸਰੂਪ ਸਮਝ ਉਸ ਸਿੰਘ ਸੇ ਨਾ ਡਰਾ ਦੂਸਰੇ ਸਿੰਘ ਨੇ ਆਕਰ ਉਸ ਕੋ ਕਹਾ ਤੂੰ ਸ਼ੇਰ ਹੈ ਤੂੰ ਸ਼ੇਰ ਹੈ। ਮੇਰੇ ਨਾਲ ਮਿਲ ਕੇ ਗਰਜਨਾ ਕਰ ਜਬ ਗਰਜਨਾ ਕਰੀ ਤੋਉਸ ਕੋ ਨਿਸਚਯ ਹੂਆ ਮੈਂ ਸ਼ੇਰ ਹੂੰ ਜੋ ਉਸ ਕੋ ਬਕਰੀ ਰਿਦ ਕਾ ਭਰਮ ਸੀ ਵੂਹ ਦੂਰ ਹੋ ਗਿਆ ਤੈਸੇ ਹੇ ਸ਼ਿਸ਼ ਤੇਰੇ ਕੋ ਮੈਂ ਜੀਵ ਹੂੰ, ਯਹ ਭਰਮ ਹੋ ਗਿਆ ਹੈ ਤੂੰ ਬ੍ਰਹਮੁ ਹੈਂ, ਤੂੰ ਅਪਨੇ ਜੀਵ ਭਾਉ ਕੋ ਕਿਉਂ ਨਹੀ ਛੋਡਤਾ। ਜੀਵ ਭਾਵ ਛੋੜ ਛੋੜ। ਮੈਂ ਬ੍ਰਹਮ ਹੂੰ। ਮੈਂ ਬ੍ਰਹਮ ਹੂੰ। ਯਹ ਨਿਸਚਯ ਕਰ।

**ਚਾਰ ਪੁਕਾਰਹਿ ਨਾ ਤੂ ਮਾਨਹਿ॥ ਖਟ ਭੀ ਏਕਾ ਬਾਤ ਬਖਾਨਹਿ॥ ਦਸ ਅਸਟੀ ਮਿਲਿ ਏਕੋ ਕਹਿਆ॥ ਤਾ ਭੀ ਜੋਗੀ ਭੇਦੁ ਨ ਲਹਿਆ॥**

[ਰਾਮਕਲੀ ਮ: ੫ ਸਫਾ ੯੮੬

**ਦੁਰਵਾਸਾ ਵਾਮਦੇਵਸ ਭਰਤੋ ਨਾਰਦਸੁਥਾ॥ ਤੇ ਵਦੰਤਿ ਹੀ ਬ੍ਰਹਮਤ੍ਵੰ ਜੀਵਤ੍ਵੰ ਕਿੰਨ ਮੁੰਚਸਿ॥ ੧॥ ਦੱਤ ਵਿਆਸਦਯਾਸ੍ਰੇਵ ਵਸਿਸ੍ਰ ਕਪਿਲਾਦਯਾ॥ ਤੇ ਵਦੰਤਿ ਹੀ ਬ੍ਰਹਮਤ੍ਵੰ ਜੀਵਤ੍ਵੰ ਕਿਨ ਮੁੰਚਸਿ॥ ੨॥ ਰਾਮ ਕ੍ਰਿਸ਼ਨਾਦਯਸ੍ਰੋਤਿ ਸ਼ੁਕਾਦਯਸ੍ਰ ਮੁਨੀਸ਼੍ਵਰਾ ਤੇ ਵਦੰਤਿ ਹਿ ਬ੍ਰਹਮਤ੍ਵੰ ਜੀਵਤ੍ਵੰ ਕਿੰਨ ਮੁੰਚਸਿ॥**

**ਮੁੰਚ ਮੰਚੇਤਿ ਜੀਵਤੂੰ ਬ੍ਰਹਮਾਹਮਿਤਿ ਨਿਸਚਯਾ ॥** [ਵਿਗਜਾਨ ਨੌਕਾ

ਟੀਕਾ–ਹੇ ਸ਼ਿਸ਼ਯ ਤੇਰੇ ਕੋ ਦੁਰਵਾਸਾ ਵਾਮਦੇਵ ਜੜ ਭਰਤ ਤਥਾ ਨਾਰਦ ਜੀ ਆਦੀਰਿਸ਼ੀ ਬ੍ਰਹਮ ਰੂਪ ਕਹਿਤੇ ਹੈਂ ਤੂੰ ਜੀਵ ਭਾਵ ਕੋ ਕਿਉਂ ਨਹੀਂ ਛੋੜਤਾ ॥੧॥ ਦੱਤਾਤ੍ਰੇਯ ਵਿਆਸ ਜੀ ਵਸ਼ਿਸ਼ਟ ਕਪਲਾਦੀ ਤਥਾ ਰਾਮ ਕ੍ਰਿਸ਼ਨਾਦੀ ਅਵਤਾਰ ਔਰ ਸੁਕਦੇਵਾਦੀ ਮੂਨੀਸ੍ਵਰ ਤੇਰੇ ਕੋ ਬ੍ਰਹਮ ਰੂਪ ਕਹਿਤੇ ਹੈਂ ਤੂੰ ਜੀਵ ਭਾਵ ਕਿਉਂ ਨਹੀਂ ਛੋੜਤਾ ॥ ੨ ॥ ਇਨ ਸਭ ਕੇ ਵਚਨ ਕੋ ਸਤ ਮਾਨ ਕਰ ਜੀਵ ਭਾਵ ਛੋੜਦੇ ਛੋੜਦੇ ਮੈਂ ਬ੍ਰਹਮ ਹੂੰ ਯਹ ਨਿਸਚਯ ਕਰ ॥੩॥

ਹੇ ਸ਼ਿਸ਼ਯ ! ਅਸਟਾਵਕ੍ਰ ਮੁਨੀ ਨੇ ਰਾਜਾ ਜਨਕ ਕੋ ਭੀ ਏਹੋ ਉਪਦੇਸ ਕਰਿਆ ਹੈ।

**ਨਿਸੰਗੋ ਨਿਸ਼ਕ੍ਰਿਯੋਸ਼ਿਤ੍ਵੰ ਸ੍ਵਪ੍ਰਕਾਸ਼ੋ ਨਿਰੰਜਨਹ ॥ ਅਯਮੇਵ ਹੀਤੇਬੰਧ : ਸਮਾਧਿਮਨੁਤਿਸ੍ਰਸਿ ॥** [ਅਧਿਆਇ ੧ ਸਲੋਕ ੧੫

**ਨਤ੍ਵੰਵਿਪ੍ਰਾਦਿਕੋਵਰਣੋ ਆਸ਼੍ਰਮੀ ਨਾਕ਼ਸ਼ ਗੋਚਰਹ ॥ ਅਸੰਗੋਸਿ ਨਿਰਾਕਾਰੋ ਵਿਸ੍ਵ ਸਾਖੀ ਸੁਖੀ ਭਵ ॥੨॥ ਧਰਮਾ ਧਰਮੋ ਸੁਖੰ ਦੁਖੰ ਮਾਨਸਾਨਿ ਨਚਤੇ ਵਿਭੋ ॥ ਨ ਕਰਤਾਸਿ ਨ ਭੋਗਤਾਸਿ ਮੁਕਤੇ-ਵਾਸਿ ਸਰਵਦਾ ॥੩॥ ਯਥਾ ਨਤੋਯਤੋ ਭਿੰਨਾ ਤਰੰਗਾ ਫੇਨ ਬੁਦ-ਬੁਦਾ ॥ ਆਤਮਨੋਨ ਤਥਾਭਿੰਨ ਵਿਸ੍ਵਮਾਤਮ ਵਿਨਰਗਤੰ॥੪॥ਤੰਤੂ ਮਾਤ੍ਰੋ ਭਵੇਦੇਵਪਟੋ ਯਦਵਤ ਵਿਚਾਰਤਹ॥ ਆਤਮਨੰ ਮਾਤ੍ਰ ਮੇਵੇਦੰ ਤਦਵਤ ਵਿਸੰ੍ਵ ਵਿਚਾਰਿਤੰ ।** [ਅਧਿਆਇ ੨ ਸਲੋਕ ੫ ਅਸਟਾਵੱਕ੍ਰ ਗੀਤਾ

ਰਾਜਾ ਜਨਕ ਕੋ ਅਪਨਾ ਅਨੁਭਵ ਹੂਆ ਵੋ ਅਪਨਾ ਅਨੁਭਵ ਦਿਖਾਤੇ ਹੈ।

**ਅਹੋ ਵਿਕਲਪਿਤੰ ਵਿਸ੍ਵਮ ਅਗਿਆਨਿਤ ਮਯਿ ਭਾਸ਼ਯਤੇ ਰੂਪਯੰ ਸੁਕਤੋਊ ਫਣੀ ਰੱਜਊ ਵਾਰਿ ਸੂਰਯ ਕਰੇ ਯਥਾ ॥ ੧ ॥ ਮਤੋ ਵਿਨਿ-ਰਗਤੰ ਵਿਸੰ੍ਵ ਮਯਿਏਵ ਲਯਮੀਸ਼ਯਤੇ ॥ ਮ੍ਰਿਦਿ ਕੁੰਭੋ ਜਲੇਵੀਚਿ ਕਨਕੇ ਕਟਕੰ ਯਥਾ ।** [ਅਧਿਆਇ ੨ ਸਲੋਕ ੧੦

**ਗਿਆਨੰ ਗੇਯੰ ਤਥਾ ਗਿਆਤਾ ਤ੍ਰਿਤਿਯੰ ਨਾਸ੍ਤਿ ਵਾਸ੍ਤਵੰ ॥**
**ਅਗਿਆਨਾਤ ਭਾਤਿ ਯਤ੍ਰੇਦੰ ਸੋਹਮਸਿਮ ਨਿਰੰਜਨਹ ॥**

[ਅਧਿਆਇ ੨ ਸਲੋਕ ੧੫



ਟੀਕਾ–ਪਾਂਚ ਸਲੋਕੋਂ ਕੀ (੧) ਹੇ ਰਾਜਾ ਜਨਕ ਤੂੰ ਦੇਹ ਇੰਦ੍ਰਿਯ ਪ੍ਰਾਣ ਮਨ ਬੁਧੀ ਇਨ ਕੇ ਸੰਗ ਸੇ ਔਰ ਇਨਕੇ ਧਰਮੋਂ ਕੇ ਸੰਗ ਸੇ ਰਹਿਤ ਹੈਂ । ਔਰ ਤੂੰ ਪਰਿ ਪੂਰਣ ਹੋਨੇ ਸੇ ਕ੍ਰਿਆ ਰਹਿਤ ਹੈਂ ਔਰ ਤੂੰ ਸਬ ਕਾ ਪ੍ਰਕਾਸ਼ਕ ਹੋਨੇ ਕਰਕੇ ਸ੍ਵਯੰ ਪ੍ਰਕਾਸ਼ ਮਾਇਆ ਰਹਿਤ ਹੈਂ ਅਰਥਾਤ ਸੁਧ ਹੈਂ । ਯਹ ਹੀ ਤੇਰੇ ਕੋ ਬੰਧਨ ਹੈਂ ਜੋ ਤੂੰ ਆਪਣੇ ਕੋ ਕਰਤਾ ਮਾਨ ਕਰ ਸਮਾਧਿ ਕਾ ਅਭਿਆਸ ਕਰਤਾ ਹੈਂ। (੨) ਨ ਤੂੰ ਬ੍ਰਾਹਮਣ ਖਤ੍ਰੀ ਵੈਸ਼ਯ ਸੂਦ੍ਰਾਦਿ ਵਰਣ ਹੈਂ ਨ ਬ੍ਰਹਮਚਾਰੀ ਗ੍ਰਿਹਸਥ ਬਾਨਪ੍ਰਸਥ, ਸਨਿਆਸਾਦਿ ਆਸ੍ਰਮੀ ਹੈਂ, ਨ ਤੂੰ ਕਿਸੀ ਇੰਦ੍ਰਿਯ ਕਾ ਵਿਸ਼ਯ ਹੈਂ ਤੂੰ ਅਸੰਗ ਨਿਰਾਕਾਰ ਹੈਂ ਸਾਰੇ ਜਗਤ ਕੇ ਦੇਖਨੇ ਵਾਲਾ ਹੈਂ ਐਸਾ ਜਾਨ ਕਰ ਸੁਖੀ ਹੋ ਜਾ। (੩) ਧਰਮ ਅਧਰਮ ਯਾਨੇ ਪੁੰਨ ਪਾਪ ਸੁਖ ਦੁਖ ਕਰਤਾ ਭੋਗਤਾਪਣਾ ਏ ਮਨ ਬੁਧਿ ਕੇ ਧਰਮ ਹੈਂ ਤੁਮ ਵਿਆਪਕ ਪਰਿ ਪੂਰਣ ਕੇ ਯੇ ਧਰਮ ਨਹੀਂ। ਨ ਤੂੰ ਕਰਤਾ ਹੈਂ ਨ ਤੂੰ ਭੋਗਤਾ ਹੈਂ ਨ ਕਿਸੀ ਜੋਨੀ ਮੇਂ ਆਤਾ ਜਾਤਾ ਹੈਂ। ਤੂੰ ਸਦਾ ਮੁਕਤ ਸ੍ਵਰੂਪ ਹੈਂ। (੪) ਹੇ ਰਾਜਾ ਜਨਕ ਜੈਸੇ ਜਲ ਸੇ ਜੁਦਾ ਲਹਰੇਂ ਝੱਗ ਬੁਦਬੁਦੇ ਨਹੀਂ ਹੋਤੇ ਹੈਂ ਤੈਸੇ ਤੁਮਾਰੇ ਸੇ ਜੁਦਾ ਵਿਸ੍ਵ ਸੰਸਾਰ ਨਹੀਂ, ਕਿਉਂਕਿ ਯਹ ਵਿਸ੍ਵ ਸੰਸਾਰ ਤੁਮਾਟੇ ਸੇ ਹੀ ਪੈਦਾ ਹੂਆ ਹੈ । (੫) ਜੈਸੇ ਵਿਚਾਰ ਕਰਨੇ ਸੇ ਵਸਤਰ ਤੰਤੂ ਸਰੂਪ ਹੈ ਤੈਸੇ ਵਿਚਾਰ ਕਰਨੇ ਸੇ ਯੇ ਜਗਤ ਆਤਮ ਸ੍ਵਰੂਪ ਹੈ ਐਸੇ ਨਿਸਚੇ ਕਰ । ਅਬ ਰਾਜਾ ਜਨਕ ਆਪਣਾ ਅਨੁਭਵ ਦਿਖਾਤਾ ਹੈ । (੧) ਔਹ ਬੜਾ ਅਸਚਰਜ ਹੈ ਜਹ ਜਗਤ ਮਿਥਿਆ ਹੈ ਔਰ ਮੇਰੇ ਵਾਸਤਵ ਰੂਪ ਕੇ ਅਗਿਆਨ ਸੇ ਮੇਰੇ ਮੇਂ ਹੀ ਪ੍ਰਤੀਤ ਹੋ ਰਿਹਾ ਹੈ ਜੈਸੇ ਸਿਪੀ ਕੇ ਅਗਿਆਨ ਸੇ ਸਿਪੀ ਮੇਂ ਹੀ ਚਾਂਦੀ ਮਲੂੰਮ ਹੋ ਰਹੀ ਹੈ । ਔਰ ਰਸੀ ਕੇ ਅਗਿਆਨ ਸੇ ਰਸੀ ਮੇਂ ਹੀ ਸਰਪ ਮਾਲੰਮ ਹੋ ਰਹਾ ਹੈ। ਔਰ ਸੂਰਜ ਨਾਰਾਇਣ ਕੇ ਕਿਰਣੋਂ ਨੇ ਅਗਿਆਨ ਸੇ ਕਿਰਣੋਂ ਮੇਂ ਹੀ ਮ੍ਰਿਗ ਤ੍ਰਿਸ਼ਨਾ ਕਾ ਜਲ ਪ੍ਰਤੀਤ ਹੋ ਰਹਾ ਹੈ। (੨) ਮੇਰੇ ਸੇ ਹੀ ਜਗਤ ਪੈਦਾ ਹੂਆ ਅਰ ਮੇਰੇ ਮੇਂ ਹੀ ਲਯ ਹੋ ਜਾਤਾ ਹੈ। ਜੈਸੇ ਜਲ ਸੇ ਲਹਿਰਾਂ ਉਠ ਕਰ ਜਲ ਮੇਂ ਹੀ ਲੀਨ ਹੋ ਜਾਤੀ ਹੈਂ ਔਰ ਜੈਸੇ ਸੋਨੇ ਸੇ ਭੂਸ਼ਣ ਪੈਦਾ ਹੋਕਰ ਸੋਨੇ ਮੇਂ ਹੀ ਲੀਨ ਹੋ ਜਾਤੇ ਹੈਂ। (੩) ਗਿਆਨ ਗਿਏਯ ਗਿਆਤਾ ਧਿਆਨ ਧਿਏਯ ਧਿਆਤਾ। ਪ੍ਰਮਾਣ ਪ੍ਰਮੇਯ ਪ੍ਰਮਾਤਾ ਇਤਯਾਦਿ ਤ੍ਰਿਕੁਟੀ ਰੂਪ ਦੁਏਤ ਵਾਸਤਵ ਮੇਂ ਨਹੀਂ ਹੈ ਅਗਿਆਨ ਸੇ ਜਿਸ ਮੇਰੇ ਮੇਂ ਯਹ ਪ੍ਰਤੀਤ ਹੋ ਰਹਾ ਹੈ ਸੋ ਨਿਰੰਜਨ ਯਾਨੇ ਮਾਇਆ ਰਹਿਤ ਮੈਂ ਹੂੰ ਪ੍ਰਮਾਣ :–

**ਮਿਲੇ ਨਾਰਾਇਣ ਆਪਣੇ ਮਨੋਰਥੋ ਪੂਰਾ ਰਾਮ ਰਾਜੇ ॥**
**ਢਾਠੀ ਭੀਤਿ ਭਰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥**
**ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ॥**
**ਦਇਆਲਾ ॥ ਆਦਿ ਮਧ ਅੰਤ ਪ੍ਰਭੁ ਸੋਈ ਸੁੰਦਰ ਗੁਰ**
**ਗੋਪਾਲਾ ॥ ਸੂਖ ਸਹਿਜ ਅਨੰਦ ਘਨੇਰੇ ਪਤਿਤ ਪਾਵਨ ਸਾਧੂ**

**ਧੂਰਾ ॥ ਹਰਿ ਮਿਲੇ ਨਾਰਾਇਣ ਨਾਨਕਾ ਮਾਨੋਰਥੋੁ ਪੂਰਾ ॥**
[ਆਸਾ ਛੰਤ ਮ: ੫ ਸਫਾ ੪੫੪

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥** [ਆਸਾ ਮ: ੧ ਸਫਾ ੩੫੪

**ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂ ਸੂਖਮੁ ਹੋਆ ਅਸਥੂਲੀ ॥ ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥ ਤੂੰ ਸੂਤੁ ਮਣੀਏ ਭੀ ਤੂੰ ਹੈ ॥ ਤੂੰ ਗੰਠੀ ਮੇਰੁ ਸਿਰਿ ਤੂੰ ਹੈ ॥ ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਈ ਦਿਖਾਲੀਐ ਜੀਓ ॥ ਤੂੰ ਨਿਰਗੁਣੁ ਸਰਗੁਣੁ ਸੁਖੁ ਦਾਤਾ ॥ ਤੂੰ ਨਿਰਬਾਣ ਰਸੀਆ ਰੰਗ ਰਾਤਾ ॥ ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾ-ਲੀਅਹਿ ਜੀਓ ॥ ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥ ਤੂੰ ਗੁਪਤੁ ਪ੍ਰਗਟੁ ਪ੍ਰਭ ਆਪੇ ॥ ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਓ ॥** [ਮਾਝ ਮ: ੫ ਸਫਾ ੧੦੨

ਸਿਖੋਂ ਵਾਚ–ਹੇ ਗੁਰੋ ਆਪ ਕਹਿਤੇ ਹੋ ਤੂੰ ਬ੍ਰਹਮ ਸਰੂਪ ਹੈਂ ਤੂੰ ਹੀ ਪ੍ਰਭੂ ਹੈਂ। ਇਸ ਮੇਂ ਮੇਰੇ ਕੋ ਏਹ ਸ਼ੰਕਾ ਹੋਵੇ ਹੈ, ਜਿਸ ਮੇਂ ਜੀਵ ਬ੍ਰਹਮ ਕਾ ਭੇਦੁ ਮਾਲੂਮ ਹੋਵੇ ਹੈ ਇਸ ਮੇਂ

ਚੌਪਈ–

**ਪੁਨ ਪਾਪ ਕਾ ਹੂੰ ਮੈਂ ਕਰਤਾ। ਜਨਮ ਮਰਣ ਅਰ ਦੁਖ ਸੁਖ ਧਰਤਾ। ਔਰ ਅਨੇਕ ਭਾਂਤ ਜਗ ਭਾਸ਼ੇ। ਚਹੂੰ ਗਿਆਨ ਅਗਿ-ਆਨ ਜੋ ਨਾਸੇ ॥ ਜੋ ਯਾਂਤੇ ਵਿਪ੍ਰੀਤ ਸਰੂਪਾ । ਤਾਂਕੋ ਬ੍ਰਹਮ ਕਹਿਤ ਮੁਨਿ ਭੂਪਾ ॥ ਕਹੋ ਏਕਤਾ ਕੈਸੇ ਜਾਨੂੰ। ਰੂਪ ਵਿਰੁਧ ਹਿਯੇ ਪਹਿਚਾਨੂੰ। ਸੁਨੋ ਗੁਰੂ ਦੂਜੋ ਪੁਨਿ ਸੰਸੇ॥ ਜੀਵ ਬ੍ਰਹਮ ਏਕਤ੍ਰ ਪਰਨਸ਼ੇ। ਏਕ ਬ੍ਰਿਖ ਮੇ ਸਮ ਦੋਇ ਪੰਛੀ। ਫਲ ਭੋਗੇ ਇਕ ਦੂਜੋ ਸ੍ਵਛੀ। ਭੋਗ ਰਹਿਤ ਪ੍ਰਕਾਸ਼ ਅਸੰਗਾ । ਵੇਦ ਵਚਨ ਯੋਂ ਕਹਤ ਪ੍ਰਸੰਗਾ । ਕਰਮ ਉਪਾਸਨ ਪੁਨਿ ਬਹੁ ਭਾਖੇ । ਜੀਵ ਬ੍ਰਹਮ ਯਾਤੇ ਦੁਐ ਰਾਖੇ।**

[ਵਿਚਾਰ ਸਾਗਰ

ਸ਼ਿਸ਼ਕੇ ਚੌਪਈ ਕੀ ਟੀਕਾ–ਹੇ ਭਗਵਨ ਮੈਂ ਪੁੰਨ ਪਾਪ ਕਾ ਕਰਤਾ ਹੂੰ ਔਰ



ਉਸਕਾ ਫਲ ਸੁਖ ਦੁਖ ਭੋਗਤਾ ਹੂੰ । ਔਰ ਜਨਮ ਮਰਣ ਪਾਤਾ ਹੂੰ । ਇਸ ਤਰਹ ਲੋਕ ਪਰਲੋਕ ਮੇਂ ਆਤਾ ਜਾਤਾ ਹੂੰ । ਰਾਗ ਦਵੈਸ ਹਰਖ ਸ਼ੋਕ ਕੋ ਅਨੁਭਵ ਕਰਤਾ ਹੂੰ ਔਰ ਮੈਂ ਬ੍ਰਹਮ ਕੋ ਜਾਨਤਾ ਭੀ ਨਹੀਂ ਹੂੰ। ਔਰ ਬ੍ਰਹਮ ਗਿਆਨ ਕੇ ਵਾਸਤੇ ਗੁਰੂ ਕੀ ਜ਼ਰੂਰਤ ਰਖਤਾ ਹੂੰ। ਯਹ ਮੇਰੇ ਸੁਭਾਵ ਹੈਂ ਔਰ ਮੇਰੇ ਸੇ ਬ੍ਰਹਮ ਕੇ ਉਲਟੇ ਸੁਭਾਵ ਹੈਂ ਯਾਨੇ ਬ੍ਰਹਮ ਪੁਨ ਪਾਪ ਕਾ ਕਰਤਾ ਨਹੀਂ ਔਰ ਸੁਖ ਦੁਖ ਕਾ ਭੋਗਤਾ ਨਹੀਂ ਔਰ ਜਨਮਤਾ ਮਰਤਾ ਨਹੀਂ । ਇਸ ਲੋਕ ਮੇਂ ਤਥਾ ਪਰਲੋਕ ਮੇਂ ਆਤਾ ਜਾਤਾ ਨਹੀਂ ਬ੍ਰਹਮ ਕੋ ਸ੍ਵ ਸਰੂਪ ਕਾ ਅਗਿਆਨ ਨਹੀਂ ਔਰ ਗਿਆਨ ਕੇ ਵਾਸਤੇ ਬ੍ਰਹਮ ਕੋ ਗੁਰੂ ਕੀ ਜ਼ਰੂਰਤ ਨਹੀਂ ਯਾਂਤੇ ਬ੍ਰਹਮ ਕੀ ਔਰ ਮੇਰੀ ਏਕਤਾ ਨਹੀਂ ਬਣ ਸਕਤੀ ? ਯਾਨੇ ਮੈਂ ਬ੍ਰਹਮ ਸਰੂਪ ਨਹੀਂ ਹੋ ਸਕਤਾ। ਦੂਸਰੀ ਸ਼ੰਕਾ ਯੇਹ ਹੈ ਕਿ ਬੁਧੀ ਰੂਪੀ ਬ੍ਰਿਖ ਮੇਂ ਦੋ ਪੰਖੀ ਰਹਿਤੇ ਹੈਂ । ਉਨ ਮੇਂ ਏਕ ਫਲ ਭੋਗੇ ਹੈ ਦੂਸਰਾ ਭੋਗ ਰਹਿਤ ਪ੍ਰਕਾਸ਼ ਸਰੂਪ ਔਰ ਅਸੰਗ ਰਹਿਤਾ ਹੈ । ਉਨ ਮੇਂ ਭੋਗਨੇ ਵਾਲਾ ਮੈਂ ਹੂੰ ਔਰ ਭੋਗ ਰਹਿਤ ਅਸੰਗ ਪ੍ਰਕਾਸ਼ ਸਰੂਪ ਬ੍ਰਹਮ ਹੈ। ਤਾਂਤੇ ਭੀ ਮੇਰੀ ਔਰ ਉਸਕੀ ਏਕਤਾ ਨਹੀਂ ਹੋ ਸਕਤੀ। ਤੀਸਰੀ ਸ਼ੰਕਾ ਯੇਹ ਹੈ ਵੇਦ ਮੇਂ ਬਹੁਤ ਪ੍ਰਕਾਰ ਕੀਆ ਉਪਾਸ਼ਨਾ ਔਰ ਕਰਮ ਲਿਖੇ ਹੈਂ ਉਨ ਕੇ ਕਰਨੇ ਵਾਲਾ ਮੈਂ ਹੂੰ ਔਰ ਫਲ ਦੇਣੇ ਵਾਲਾ ਈਸ਼੍ਵਰ ਹੈ ਯਾਂ ਤੇ ਭੀ ਹਮ ਦੋਨੋਂ ਕੀ ਏਕਤਾ ਨਹੀਂ ਬਣ ਸਕਤੀ।

ਉਤਰ ਸ੍ਰੀ ਗੁਰੋ ਵਾਚ–ਤੂੰ ਸਾਖੀ ਸਰੂਪ ਹੈ ਪਰਮਾਤ ਯਾਨੇ ਜੀਵ, ਪ੍ਰਮਾਣ ਯਾਨੇ ਇੰਦ੍ਰੀਯ, ਪ੍ਰਮੇਯ ਯਾਨੇ ਜਗਤ, ਤੀਨੋਂ ਕੋ ਤੂੰ ਪ੍ਰਕਾਸ਼ ਕਰਨ ਵਾਲਾ ਹੈਂ। ਬੁਧੀ ਰੂਪ ਬ੍ਰਿਖ ਮੇਂ ਏਕ ਤੂੰ ਅਸੰਗ ਪ੍ਰਕਾਸ਼ ਸਰੂਪ ਚੇਤਨ ਰਹਤਾ ਹੈਂ ਦੂਸਰਾ ਤੁਮਾਰਾ ਪ੍ਰਤਿਬਿੰਬ ਯਾਨੇ ਛਾਯਾ ਅਰਥਾਤ ਤੇਰਾ ਆਭਾਸ ਜਿਸ ਕੋ ਪਰਮਾਤਾ ਭੀ ਕਹਤੇ ਹੈਂ ਜੀਵ ਭੀ ਕਹਿਤੇ ਹੈਂ।

ਸੋ ਜੀਵ ਪੁਨ ਪਾਪ ਕਰਮ ਕਰੇ ਹੈ ਅਰ ਸੁਖ ਦੁਖ ਭੋਗੇ ਹੈ। ਜਨਮ ਮਰਨ ਕੋ ਧਾਰੇ ਹੈ। ਲੋਕ ਪਰਲੋਕ ਮੇਂ ਆਵੇ ਜਾਵੇ ਹੈ। ਔਰ ਤੂੰ ਜੋ ਸਾਖੀ ਹੈਂ । ਤੂੰ ਪੁਨ ਪਾਪ ਕਾ ਕਰਤਾ ਨਹੀਂ ਸੁਖ ਦੁਖ ਕਾ ਭੋਗਤਾ ਨਹੀਂ । ਜਨਮ ਮਰਨ ਕੋ ਧਾਰਤਾ ਨਹੀਂ, ਤਾਂਤੇ ਤੂੰ ਬ੍ਰਹਮ ਸਰੂਪ ਹੈ। ਬੁਧੀ ਮੇਂ ਜੋ ਤੇਰੀ ਛਾਯਾ ਹੈ ਸੋ ਕਰਮ ਕਰੇ ਹੈ । ਉਸਕੋ ਜੀਵ ਕਹਤੇ ਹੈਂ। ਔਰ ਮਾਯਾ ਮੇਂ ਜੋ ਤੇਰੀ ਛਾਯਾ ਹੈ ਤਿਸਕੋ ਈਸ਼੍ਵਰ ਕਹਿਤੇ ਹੈਂ ।

ਸੋ ਛਾਯਾ ਰੂਪੀ ਈਸ਼੍ਵਰ ਜੀਵੋਂ ਕੋ ਕਰਮੋਂ ਕਾ ਫਲ ਦੇਵੇ ਹੈ। ਤਾਂਤੇ ਕਰਮ ਕਰਨੇ ਵਾਲਾ ਤੂੰ ਜੀਵ ਨਹੀਂ ਔਰ ਕਰਮ ਫਲ ਦੇਨੇ ਵਾਲਾ ਤੂੰ ਈਸ਼੍ਵਰ ਨਹੀਂ ਯੇ ਦੋਨੋਂ ਤੇਰੀ ਛਾਯਾ ਹੈ। ਛਾਯਾ ਵਾਲੀ ਸਾਖੀ ਬ੍ਰਹਮ ਤੂੰ ਹੈ। ਇਸ ਪ੍ਰਕਾਰ ਤੂੰ ਅਪਨੇ ਕੋ ਬ੍ਰਹਮ ਰੂਪ ਜਿਸ ਵਕਤ ਜਾਣੇਗਾ, ਉਸੀ ਵਕਤ ਤੂੰ ਸੁਖੀ ਸਾਂਤ ਹੋ ਜਾਵੇਂਗਾ। ਐਸਾ ਉਪਦੇਸ਼ ਸੁਣਕੇ ਸ਼ਿਸ਼ ਅਪਨੇ ਕੋ ਬ੍ਰਹਮ ਰੂਪ ਨਿਸਚੇ ਕਰਕੇ ਸੁਖੀ ਹੋਤਾ ਭਯਾ।

ਔਰ ਇਸੀ ਤਰਹ ਜੀਵਪਨੇ ਕਾ ਭਰਮ ਸ੍ਵੇਤਕੇਤੁ ਕੋ ਹੋਤਾ ਭਯਾ, ਸ੍ਵੇਤ ਕੇਤੂ

ਕਾ ਪਿਤਾ ਉਦਾਲਕ ਰਿਸ਼ੀ ਥਾ। ਉਸਨੇ ਤਤ੍ਵਮਸੀ, ਮਹਾਂਵਾਕ ਕਾ ਉਪਦੇਸ਼ ਦੇਕਰ ਜੀਵ ਭਰਮ ਤੋੜਿਆ। ਸ੍ਵੇਤ ਕੇਤੂ ਕੋ ਦੁਖੀ ਦੇਖ ਕਰ ਉਸ ਕਾ ਪਿਤਾ ਉਦਾਲਕ ਉਸਕੋ ਯਹ ਪ੍ਰਥਮ ਅਭਿਆਸ ਕਰਾਤਾ ਭਯਾ। ਹੇ ਸੋਮਜ ਤੇਰਾ ਆਤਮਾ ਸਾਖੀ ਚੇਤਨ ਸ੍ਰਿਸ਼ਟੀ ਸੇ ਪਹਿਲੇ ਭੀ ਸਤ ਥਾ। ਵੋਹੀ ਸਤਸਾਖੀ ਚੇਤਨ ਸਾਰੇ ਜਗਤ ਕਾ ਅਧਾਰ ਔਰ ਅਧਿਸਠਾਨ ਹੈ। ਯਾਨੇ ਜਗਤ ਕੋ ਪੈਦਾ ਕਰਤਾ ਹੈ ਔਰ ਪ੍ਰਲਯ ਕਰਤਾ ਹੈ। ਸ੍ਰਿਸ਼ਟਿ ਸੇ ਪਹਿਲੇ ਤੂੰ ਸਤ ਰੂਪ ਥਾ। ਫੇਰ ਤੈਨੇ ਸ੍ਰਿਸ਼ਟਿ ਰਚ ਕਰ ਤਿਸ ਸ੍ਰਿਸ਼ਟਿ ਮੇਂ ਅਭਮਾਨ ਕਰਕੇ ਤੂੰ ਜੀਵ ਹੋਕਰ ਦੁਖੀ ਹੋ ਗਯਾ ਹੈਂ।

ਔਰ ਅਪਨਾ ਨਾਮ ਯਗਦੱਤ ਦੇਵਦੱਤ ਧਰਕੇ ਔਰ ਮਨੁਸਜ ਦੇਵਤਾ ਆਦਿ ਰੂਪ ਧਾਰ ਕਰ ਤਿਸ ਮੇਂ ਅਭਿਮਾਨ ਕਰਕੇ ਕਿ ਯਹ ਹੀ ਮੈਂ ਹੂੰ ਔਰ ਜਨਮ ਮਰਣ ਕੋ ਧਾਰ ਰਹਾ ਹੂੰ। ਪਰੰਤੂ ਯਹ ਸਭ ਤੇਰੇ ਕੋ ਭਰਮ ਹੋ ਰਹਾ ਹੈ। ਸਖੋਪਤੀ ਅਵਸਥਾ ਮੇਂ ਯਹ ਭਰਮ ਦੂਰ ਹੋ ਜਾਤਾ ਹੈ ਅਰ ਭਰਮੀ ਜੋ ਤੂੰ ਸਤ ਮੇਂ ਅਭੇਦ ਹੋ ਜਾਤਾ ਹੈਂ ਅਪਨਾ ਰੂਪ ਕੁਛ ਨਹੀਂ ਦੇਖਤਾ ਹੈਂ। ਇਸ ਪ੍ਰਕਾਰ

**ਦੇਹਾਦਿ ਕਾਰਜ ਕਰ ਦੂਰ। ਸਤ ਰੂਪ ਉਰ ਲਖੋ ਅਦੂਰਿ।**
**ਸੁਖ ਅਦ੍ਵਤੀ ਬੋਧ ਜੋ ਅਹੇ। ਸਤ ਸਰੂਪ ਵੇਦ ਜਹਿ ਕਹੇ।**
**ਐਸੇ ਜੋ ਸਤ ਬ੍ਰਹਮ ਉਚਾਰੇ। ਤਤ੍ਵਮਸੀ ਉਰ ਕਿਉਂਨਹਿਧਾਰੇ।**

ਅਰਥਾਤ ਸੁਖੋਪਤੀ ਮੇਂ ਸੁਖ ਸਰੂਪ ਦ੍ਵੈਤ ਰਹਿਤ ਪ੍ਰਕਾਸ਼ ਸਰੂਪ ਜੋ ਹੈ, ਜਿਸਕੋ ਵੇਦ ਸਤ ਰੂਪ ਕਰਕੇ ਕਹਤਾ ਹੈ। ਐਸੇ ਜੋ ਸਤ ਬ੍ਰਹਮ ਸਰੂਪ ਹੈ ਤਿਸਕੋ ਤੂੰ ਆਪਣੇ ਆਪ ਕਿਉਂ ਨਹੀਂ ਧਾਰਨ ਕਰਤਾ? ਸ਼ੰਕਾ ਸ੍ਵੇਤਕੇਤੁ ਕੀ।

ਹੇ ਪਿਤਾ! ਜੋ ਆਪ ਨੇ ਸੁਖੋਪਤੀ ਮੇਂ ਸਬ ਜੀਵ ਸਤ ਮੇਂ ਮਿਲ ਜਾਤੇ ਹੈਂ ਐਸੇ ਕਹਾ ਹੈ ਯਾਨੇ ਸਬ ਜੀਵ ਆਪਣਾ ਆਪਣਾ ਮਨੁਸ਼ਜ ਦੇਵਤਾ ਪਸ਼ੂ ਪੰਖੀ ਆਦਿ ਸਰੀਰ ਕੋ ਛੋੜ ਕਰ ਔਰ ਨਾਮ ਰੂਪ ਕੋ ਮਿਟਾ ਕਰ ਜੇਕਰ ਸੁਖੋਪਤੀ ਮੇਂ ਸਭ ਜੀਵ ਸਤ ਮੇਂ ਆਕਰ ਮਿਲਤੇ ਹੈਂ ਤੋ ਹਮ ਜਾਣਤੇ ਕਿਉਂ ਨਹੀਂ ਨ ਕੋਈ ਕਹਤਾ ਹੈ ਨ ਕੋਈ ਸਿਮਰਣ ਕਰਤਾ ਹੈ ਨ ਕਿਸੀ ਕੋ ਅਨੁਭਵ ਹੈ।

**ਯਾ ਤੇ ਸਤਿ ਬ੍ਰਹਮ ਮੈਂ ਨਾਹੀ। ਯਹ ਸਮਝੋ ਅਪਨੇ ਮਨ ਮਾਹੀ।**

## ਅਬ ਦੂਸਰਾ ਅਭਿਆਸ ਚਲਾ

ਐਸੇ ਪੁਤਰ ਕੋ ਸੰਦੇਹ ਯੁਕਤ ਦੇਖ ਕਰ ਦੂਸਰਾ ਅਭਿਆਸ ਕਹਤੇ ਭਏ। ਔਰ ਪੁਤਰ ਕੋ ਮਖੀਓਂ ਕਾ ਮਖਿਆਲ ਦਿਖਾਤੇ ਭਏ ਔਰ ਕਹਤੇ ਭਏ ਕਿ ਜਿਸ ਤਰਹ ਇਸ ਸਹਿਤ ਮੇਂ ਜਾਨੇ ਮਾਖੀ ਮੇਂ ਸਬ ਫੂਲੋਂ ਕੇ ਰਸ ਅਪਨੇ ਅਪਨੇ ਫੂਲ ਬ੍ਰਿਖ ਪਤੋਂ ਕੋ ਛੋੜ ਕਰ ਸਹਿਤ ਮੇਂ ਆ ਕੇ ਕਠੇ ਹੋਏ ਹੈਂ, ਪਰ ਬੁਧੀ ਕੇ ਅਭਾਵ ਸੇ ਯਾਨੇ



ਜੜ੍ਹ ਹੋਣੇ ਕਰਕੇ ਜਾਣਤੇ ਨਹੀਂ ਤੇ ਹਮ ਅਪਨੇ ਅਪਨੇ ਫੂਲੋਂ ਕੋ ਛੋੜ ਕਰ ਮਾਖੀ ਮੇਂ ਕਠੇ ਹੋਏ ਹੈਂ।

ਐਸੇ ਸਬ ਜੀਵ ਸਸ਼ੁਪਤੀ ਮੇਂ ਬੁਧੀ ਕੇ ਅਭਾਵ ਸੇ ਜਾਣਤੇ ਨਹੀਂ ਕਿ ਹਮ ਅਪਨੇ ਮਨੁਸ਼ ਦੇਵਾਦੀ ਸਰੀਰੋਂ ਕੋ ਛੋੜ ਕਰ ਸਤਿਮੇਂ ਆਕਰ ਕਠੇ ਹੋਏ ਹੈਂ।

ਨ ਜਾਨਨੇ ਸੇ ਵਸਤੂ ਕਾ ਅਭਾਵ ਨਹੀਂ ਹੋਵੇ ਹੈ। ਯਾਂਤੇ ਜਿਮ ਸਤਿ ਮੇਂ ਆਕੇ ਸਭ ਜੀਵ ਕਠੇ ਹੋਤੇ ਹੈਂ ਸੋ ਸਤਿ ਸਰੂਪ ਤੂੰ ਹੈਂ ਇਸ ਤਰਹ ਪੁਤ੍ਰ ਕੇ ਤਾਈਂ ਦੂਸਰਾ ਅਭਿਆਸ ਕਹਤਾ ਭਯਾ। ਫਿਰ ਸ੍ਵੇਤ ਕੇਤੂ ਕੋ ਸ਼ੰਕਾ ਹੋਤੀ ਭਈ ਸਤ ਮੇਂ ਪ੍ਰਵੇਸ਼ ਕਰਨੇ ਵਕਤ ਯਦਪਿ ਜੀਵ ਜਾਨਤੇ ਨਹੀਂ, ਪਰੰਤੂ ਉਠਨੇ ਕਾਲ ਮੇਂ ਕਿਉਂ ਨਹੀਂ ਜਾਨਤੇ ਕਿ ਹਮ ਸਤਿ ਸੇ ਅਬ ਬਾਹਰ ਜਾਵੇਂ ਔਰ ਬਾਹਰ ਜਾ ਕੇ ਏ ਕਰਮ ਕਮਾਵੇਂ ਇਸ ਪ੍ਰਕਾਰ ਕੀ ਸ਼ੰਕਾ ਸੁਣ ਕਰ ਪੁਤ੍ਰ ਕੇ ਤਾਈਂ ਤੀਸਰਾ ਅਭਿਆਸ ਕਹਿਤੇ ਭਏ।

## ਅਭਿਆਸ ੩.

ਜੈਸੇ ਬਾਦਲ ਜਲ ਕੋ ਸਮੁੰਦਰ ਸੇ ਬਾਹਰ ਕਢਕੇ ਊਚਾ ਲੇ ਜਾਤੇ ਹੈਂ ਔਰ ਬਰਸਾਤ ਕਰਤੇ ਹੈਂ ਔਰ ਪਹਾੜ ਗ੍ਰਾਮ ਨਗਰੋਂ ਕੋ ਪਵਿਤ੍ਰ ਕਰਤੇ ਹੁਏ ਵੋ ਜਲ ਅਪਨਾ ਨਦੀ ਨਾਮ ਰਖਾ ਕਰ ਦੋ ਕਿਨਾਰੋਂ ਮੇਂ ਚਲਤੇ ਹੈਂ, ਪਰ ਵੋ ਜਲ ਜੈਸੇ ਜਾਨਤੇ ਨਹੀਂ ਕਿ ਹਮ ਸਮੁੰਦਰ ਸੇ ਅਬ ਬਾਹਰ ਨਿਕਲਤੇ ਹੈਂ ਔਰ ਬਾਦਲੋਂ ਦੁਆਰਾ ਊਪਰ ਜਾਤੇ ਹੈਂ ਬਰਸਤੇ ਹੈਂ ਔਰ ਪਹਾੜ ਗ੍ਰਾਮ ਨਗਰ ਮੇਂ ਫਿਰਤੇ ਹੈਂ ਅਰ ਨਦੀ ਬਨ ਦੋ ਕਿਨਾਰੇਂ ਮੇਂ ਫਿਰਤੇ ਹੈਂ ਜਿਸ ਤਰਹ ਜਲ ਸਰਬ ਭਾਵੋਂ ਸੇ ਭੂਲ ਜਾਤੇ ਹੈਂ। ਤੈਸੇ ਜੀਵ ਬ੍ਰਹਮ ਸੇ ਜਾਗਰਤ ਅਵਸਥਾ ਮੇਂ ਬਾਹਰ ਨਿਕਲ ਕਰ ਅਪਨੇ ਅਪਨੇ ਦੇਹ ਮੇਂ ਜਾਵੇ ਹੈਂ, ਔਰ ਜਾਕਰ ਯੇ ਕਰਮ ਕਮਾਵੇ ਹੈਂ ਯੇਹ ਸਬ ਸਮੁੰਦ੍ਰ ਜਲ ਵਤ ਜੀਵ ਭੂਲ ਜਾਵੇਂ ਹੈ, ਪਰੰਤੂ ਓ ਜਲ ਸਮੁੰਦ੍ਰ ਰੂਪ ਹੋਨੇ ਸੇ ਪਰਿ ਪੂਰਣ ਹੈਂ, ਤੈਸੇ ਤੂੰ ਭੀ ਪਰਿ ਪੂਰਣ ਹੈਂ। ਜੈਸੇ ਜਲ ਸਮੁੰਦਰ ਕੋ ਭੂਲ ਕਰ ਅਪਨੇ ਕੋ ਨਦੀ ਨਾਮ ਕਹਾਤੇ ਹੈਂ ਤੈਸੇ ਤੂੰ ਬ੍ਰਹਮ ਕੋ ਭੂਲ ਕਰ ਅਪਨੇ ਕੋ ਜੀਵ ਕਹਾਤਾ ਹੈ, ਪਰੰਤੂ ਤੂੰ ਸੋ ਬ੍ਰਹਮ ਸਰੂਪ ਹੈਂ। ਐਸੇ ਨਿਸਚੇ ਕਰ ਯਹ ਤੀਸਰਾ ਅਭਿਆਸ ਪੂਰਾ ਹੂਆ।

## ਅਭਿਆਸ ੪.

ਸ਼ੰਕਾ, ਆਪ ਕਹਤੇ ਹੋ ਕਿ ਜੀਵ ਸਤ ਮੇਂ ਮਿਲ ਜਾਤੇ ਹੈਂ ਔਰ ਸਤ ਸੇ ਫਿਰ ਬਾਹਰ ਆਤੇ ਹੈਂ। ਸੋ ਪਹਿਲੇ ਜੀਵ ਮਰ ਜਾਤੇ ਹੋਂਗੇ ਔਰ ਨਵੇਂ ਜੀਵ ਪੈਦਾ ਹੋਤੇ ਹੋਂਗੇ। ਜੀਵ ਰੋਜ਼ ਰੋਜ਼ ਜਨਮਤਾ ਮਰਤਾ ਹੀ ਰਹੇਗਾ। ਔਰ ਵੇਦ ਮੇਂ ਜੀਵ ਕੋ ਅਜ ਅਵਿਨਾਸ਼ੀ ਕਹਾ ਹੈ, ਔਰ ਸਤ ਭੀ ਵਿਕਾਰੀ ਹੋ ਜਾਏਗਾ ਸਮੁੰਦ੍ਰ ਵਤ। ਜੈਸੇ ਸਮੁੰਦਰ ਮੇਂ ਤਰੰਗ ਉਠਤੇ ਹੈਂ ਔਰ ਲੀਨ ਹੋ ਜਾਤੇ ਹੈਂ ਤੈਸੇ ਸਤ ਸੇ ਜੀਵ ਉਠਤੇ ਹੈਂ ਔਰ ਲੀਨ ਹੋ ਜਾਏਂਗੇ।

ਉਤਰ ਸ੍ਰੀ ਗੁਰੋ ਵਾਚ–

**ਯਾਂ ਸੰਕਾ ਕਾ ਹੋਇ ਉਧਾਰ। ਅਭਿਆਸ ਚਤਰਥੋ ਯਾ ਹਿਤ ਧਾਰ।**

ਭਾਉ ਯਹ ਸਖੋਪਤੀ ਮੇਂ ਜੀਵ ਕਾ ਨਾਸ ਨਹੀਂ ਹੋਤਾ, ਕਿੰਤੂ ਅਵਸਥਾ ਬਦਲ ਜਾਤੀ ਹੈ। ਯਾਨੇ ਏਕ ਅਵਸਥਾ ਸੇ ਦੂਸਰੀ ਅਵਸਥਾ ਕੋ ਪ੍ਰਾਪਤ ਹੋਵੇ ਹੈ। ਉਦਾਲਕ ਰਿਖੀ ਸ੍ਵੇਤ ਕੇਤੂ ਸੇ ਏਕੁ ਕੁਹਾੜੀ ਮੰਗਾਤਾ ਹੈ। ਔਰ ਉਸ ਕੁਹਾੜੀ ਸੇ ਏਕ ਬ੍ਰਿਖ ਕੀ ਹਰੀ ਟਹਨੀ ਕਟਵਾਤਾ ਹੈ। ਔਰ ਪੂਛਤਾ ਹੈ ਕਿ ਇਸ ਟਾਹਨੀ ਕਾ ਜੀਵ ਕਹਾਂ ਗਯਾ। ਸ੍ਵੇਤ ਕੇਤੂ ਕਹਿਤਾ ਹੈ ਕਿ ਇਸ ਟਾਹਨੀ ਕਾ ਜੀਵ ਦੂਸਰੀ ਟਾਹਨੀ ਮੇਂ ਲੀਨ ਹੋ ਗਯਾ, ਮਰਾ ਨਹੀਂ ਫੇਰ ਦੂਸਰੀ ਟਾਹਨੀ ਕਟਵਾਤਾ ਹੈ ਫੇਰ ਪੂਛਤਾ ਹੈ ਜੀਵ ਕਹਾਂ ਗਯਾ, ਉਹ ਕਹਤਾ ਹੈ ਤੀਸਰੀ ਮੇਂ ਚਲਾ ਗਿਆ ਆਖ਼ਰ ਸਬ ਟਹਿਨੀਆਂ ਕਟਵਾਤਾ ਹੈ, ਔਰ ਸ੍ਵੇਤ ਕੇਤੂ ਕੋ ਕਹਿਤਾ ਹੈ ਕਿ ਦੇਖ ਇਨ ਟਹਿਨੀਓਂ ਕਾ ਜੀਵ ਬ੍ਰਿਖ ਮੇਂ ਲੀਨ ਹੋ ਗਯਾ ਮਰਾ ਨਹੀਂ। ਬ੍ਰਿਖ ਸੇ ਫਿਰ ਟਹਿਨੀਆਂ ਨਿਕਲੇਂਗੀ ਤੋ ਫਿਰ ਉਨ ਮੇਂ ਜੀਵ ਆਵੇਗਾ। ਵੈਸੇ ਹੀ ਜਾਗ੍ਰਤਿ ਸ੍ਵਪਨ ਯੇ ਟਾਹਨੀਆਂ ਹੈਂ, ਔਰ ਸੁਖੋਪਤੀ ਬ੍ਰਿਖ ਹੈ। ਜਾਗ੍ਰਤਿ ਸ੍ਵਪਨਵਾਲਾ ਜੀਵ ਸਿਸ਼ੁਪਤੀ ਮੇਂ ਲੀਨ ਹੋ ਜਾਤਾ ਹੈ। ਮਰਤਾ ਨਹੀਂ, ਫਿਰ ਯਹੀ ਜੀਵ ਜਾਗ੍ਰਤਿ ਸ੍ਵਪਨ ਮੇਂ ਆਕਰ ਅੰਤਹ ਕਰਣ ਇੰਦ੍ਰਿਯ ਨਾਲ ਮਿਲਕਰ ਸਭ ਕਾਮ ਕਰੇਗਾ। ਐਸਾ ਜੋ ਨਿਤ ਜੀਵਾਤਮਾ ਹੈ ਸੋ ਬ੍ਰਹਮ ਸਰੂਪ ਜਾਣੋ। ਔਰ ਇੰਦ੍ਰਿਯ ਅੰਤਹ ਕਰਣ ਅਵਸਥਾ ਮਿਥਿਆ ਜਾਣੋ ਰਜੂ ਮੇਂ ਸਰਪਵਤ। ਐਸੇ ਜੋ ਸਨਾਤਨ ਬ੍ਰਹਮ ਹੈ ਸੋ ਤੂੰ ਹੈ। ਇਤਿ ਚੌਥਾ ਅਭਿਆਸ।

ਸ਼ੰਕਾ–ਆਪ ਸਬ ਸੰਸਾਰ ਬ੍ਰਹਮ ਰੂਪ ਦਿਖਾਤੇ ਹੋ, ਔਰ ਬ੍ਰਹਮ ਸੇ ਭਿਨ ਸਬ ਕੋ ਮਿਥਿਆ ਕਹਤੇ ਹੋ। ਯੇਹ ਬਾਤ ਤੋ ਤਬ ਬਣੇਗੀ ਜੋ ਬ੍ਰਹਮ ਸਬ ਕਾ ਉਪਾਦਾਨ ਕਾਰਣ ਹੋਵੇ ਔਰ ਬ੍ਰਹਮ ਕਾ ਸਰੂਪ ਵੇਦ ਭਗਵਾਨ ਕਹਤਾ ਹੈ। ਸੋ ਯੇ:–

**ਏਕ ਅਣੂ ਰੂਪ ਪਹਚਾਨੋ। ਸੂਖਮ ਤੇ ਅਤਿ ਸੂਖਮ**
**ਜਾਨੋ। ਸੋ ਕੈਸੇ ਅਸਥੂਲ ਉਪਜਾਵੇ। ਸਕਲ ਜਗਤ**
**ਮਨ ਮੇਂ ਨਹਿ ਆਵੇ।** [ਮੋਖ ਪੰਥ ਪ੍ਰਕਾਸ਼

## ਅਭਿਆਸ ੫

**ਯਹ ਸੰਕਾ ਜਾਂਤੇ ਨਹੀਂ ਰਹੇ। ਐਸੋ ਏਕ ਨਿਦਰਸ਼ਨ ਅਹੇ।**
**ਪੰਚਮੋ ਅਭਯਾਸ ਸੁਤ ਪ੍ਰਤਿ ਗਾਵੇ। ਬਟ ਦਾਨਾ ਤਾਂਤੇ ਅਨਵਾਵੇ॥**

ਟੀਕਾ–ਹੇ ਪੁਤ੍ਰ! ਦੇਖੋ ਯੇਹ ਬੜ ਕਾ ਬੀਜ ਕੈਸਾ ਸੂਖਮ ਹੈ। ਇਸ ਬੀਜ ਸੇ ਹੀ ਯੇਹ ਬ੍ਰਿਖ ਪੈਦਾ ਹੂਆ ਹੈ। ਸਾਰਾ ਬ੍ਰਿਖ ਇਸ ਕੇ ਅੰਦਰ ਥਾ ਪੱਤੇ ਸ਼ਾਖਾਂ ਫੂਲ ਫਲ ਸਭ ਇਸ ਕੇ ਅੰਦਰ ਥੇ। ਤਭੀ ਤੋ ਇਸ ਸੇ ਬਾਹਰ ਨਿਕਲੇ। ਤੈਸੇ ਅੰਦਰ ਜੋ



ਸਾਖੀ ਆਤਮਾ ਬ੍ਰਹਮ ਸਰੂਪ ਹੈ। ਸੋ ਸੂਖਮ ਹੋਨੇ ਪਰ ਭੀ ਬਟ ਬੀਜ ਕੀ ਨਾਈਂ ਨਾਨਾ ਬਿਧਿ ਜਗਤ ਕੋ ਪੈਦਾ ਕਰ ਸਕਤਾ ਹੈ। ਪ੍ਰਮਾਣ :–

**ਆਪਹਿ ਸੂਖਮ ਆਪਹਿ ਅਸਥੂਲਾ। ਲਖੀ ਨ ਜਾਈ ਨਾਨਕ ਲੀਲਾ।**
[ਗ: ਬ: ਅ: ਮ: ੫ ਸਫਾ ੨੫੦

ਤਥਾ–**ਅਨਿਕ ਭਾਂਤ ਹੋਇ ਪਸਰਿਆ ਨਾਨਕ ਏਕੰਕਾਰ॥**
[ਗਾ: ਥਿ: ਮ: ੫ ਸਫਾ ੨੯੬

ਤਥਾ–**ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਬੀਚਾਰਾ ਹੇ॥**
[ਮਾਰੂ ਸੋ: ਮਂ: ੧ ਸਫਾ ੧੦੩੦

ਸੋ ਆਤਮਾ ਕੇਵਲ ਸੂਖਮ ਹੀ ਨਹੀਂ ਬੜੇ ਤੇ ਬੜਾ ਭੀ ਹੈ ਪ੍ਰਮਾਣ :–

**ਸੂਖਮ ਤੇ ਸੂਖਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥**

ਯਾਲੇ ਜਾਨਨੇ ਕੋ ਕਠਿਨ ਹੈ ਇਸ ਵਾਸਤੇ ਛੋਟੇ ਤੇ ਛੋਟਾ ਕਹਾ ਹੈ। ਔਰ ਸਾਰੇ ਪਰਿਪੂਰਣ ਹੈ ਤਾਤੇ ਬੜੇ ਤੇ ਬੜਾ ਹੈ। ਐਸਾ ਜੋ ਬ੍ਰਹਮ ਹੈ ਸੋ ਤੂੰ ਹੈਂ।

ਸ਼ੰਕਾ–ਜੇਕਰ ਵਹ ਸਭ ਮੇਂ ਪਰਿਪੂਰਣ ਹੈ ਬੜੇ ਤੋਂ ਬੜਾ ਹੈ ਤੋ ਦੇਖਨੇ ਮੇਂ ਕਿਉਂ ਨਹੀਂ ਆਤਾ। ਅਗਰ ਕਹੋ ਸੂਖਮ ਹੋਨੇ ਸੇ ਦੇਖਨੇ ਮੇਂ ਨਹੀਂ ਆਤਾ ਤੋ ਦਰਸ਼ਨ ਕੇ ਸਾਧਨ ਜੋ ਸ਼ਾਸਤ੍ਰੋਂ ਮੇਂ ਲਿਖੇ ਹੈਂ ਵੋ ਸਾਧਨ ਨਿਸ਼ਫਲ ਹੋ ਜਾਏਂਗੇ ਔਰ ਦਰਸ਼ਨ ਨ ਹੂਆ ਤੋ ਮੁਕਤਿ ਭੀ ਕਿਸੀ ਕੀ ਨਹੀਂ ਹੋਗੀ।

## ਅਭਿਆਸ ੬ ਉੱਤਰ–

**ਦੇ ਦ੍ਰਿਸ਼ਟਾਂਤ ਕਰੇ ਪਰਿਹਾਰ। ਯਾ ਸ਼ੰਕਾ ਗੁਰ ਪਰਮ ਉਦਾਰ।**
**ਖਸਟਮ ਅਭਿਆਸ ਯਾ ਹਿਤ ਗਾਵੇ। ਸ਼ਿਸ਼ ਸੰਦੇਹ ਸੁ ਦੂਰ**
**ਮਿਟਾਵੇ।** [ਮੋਖ ਪੰਥ

ਉੱਤਰ–ਹੇ ਪੁਤ੍ਰ ਜਲ ਕਾ ਕਟੋਰਾ ਲੇ ਆਓ। ਲੇ ਆਯਾ ਏਕ ਲੂਣ ਕਾ ਟੁਕੜਾ ਦੀਆ। ਕਹਾ ਯਹ ਲੂਣ ਕਾ ਟੁਕੜਾ ਜਲ ਕੇ ਕਟੋਰੇ ਮੇਂ ਪਾ ਦੋ। ਪਾ ਦੀਆ ਏਕ ਘੰਟੇ ਬਾਦ ਫਿਰ ਬੁਲਾਯਾ। ਕਹਾ ਦੇਖੋ। ਲੂਣ ਕਾ ਟੁਕੜਾ ਜਲ ਮੇਂ ਹੈ। ਦੇਖਨੇ ਲਗਾ ਤੋ ਦੇਖਨੇ ਮੇਂ ਨਹੀਂ ਆਯਾ। ਪੂਛਾ ਕਹਾਂ ਗਯਾ ਦੇਖਨੇ ਮੇਂ ਕਿਉਂ ਨਹੀਂ ਆਤਾ। ਕਹਾ ਮਹਾਰਾਜ ਜਲ ਕੇ ਸਾਥ ਜਲ ਮੇਂ ਲੀਨ ਹੋ ਗਯਾ ਹੈ ਜਲ ਰੂਪ ਹੋ ਗਿਆ ਹੈ ਇਸ ਵਾਸਤੇ ਆਂਖੋਂ ਸੇ ਦਿਖਾਈ ਨਹੀਂ ਆਤਾ। ਤਬ ਕਹਾ ਅੰਦਰ ਤੋ ਹੈ ਨ? ਕਹਾ ਹਾਂ ਮਹਾਰਾਜ ਅੰਦਰ ਤੋ ਹੈ। ਅੰਦਰ ਹੋ ਕੇ ਦਿਖਾਈ ਕਿਉਂ ਨਹੀਂ ਆਤਾ? ਅੱਛਾ ਇਸਕੋ ਰਸਨਾ ਸੇ ਚਖੋ ਪਾਨੀ ਖਾਰਾ ਹੈ? ਜਬ ਚਖਿਆ ਤਬ ਕਹਾ ਮਹਾਰਾਜ ਖਾਰਾ ਹੈ। ਕਹਾ। ਦੇਖੋ ਨੇਤ੍ਰੋਂ ਸੇ ਨਹੀਂ ਜਾਣਿਆ ਜਾਤਾ ਹੈ ਪਰ ਰਸਨਾ ਸੇ ਜਾਣਿਆ ਜਾਤਾ ਹੈ। ਤੈਸੇ ਹੀ ਆਤਮਾ ਬ੍ਰਹਮ ਯਹ ਸਰਬ ਜਗਤ ਕੇ ਅੰਦਰ ਹੈ। ਔਰ ਸਰਵ

ਜਗਤ ਕੇ ਸਾਥ ਮਿਲ ਗਯਾ ਹੈ । ਮਿਲਾ ਹੂਆ ਇਨ ਆਖੋਂ ਸੇ ਦਿਖਾਈ ਨਹੀਂ ਆਤਾ ਪਰੰਤੂ ਗੁਰੂ ਉਕਤਿ ਦੁਆਰਾ ਅਨਭਉ ਪ੍ਰਮਾਣ ਸੇ ਮਨ ਬੁਧੀ ਕਾ ਸੁਖ ਦੁਖ ਕਾ ਤ੍ਰਿਪੁਟੀਓਂ ਕਾ ਪ੍ਰਕਾਸ਼ਕ ਸੁਪਨ ਪਦਾਰਥ ਕਾ ਪ੍ਰਕਾਸ਼ਕ ਅੰਦਰ ਹੈ ਐਸੇ ਜਾਣਿਆ ਜਾਵੇ ਹੈ । ਦ੍ਰਿਸ਼ਜ ਸੇ ਨਿਆਰਾ ਦ੍ਰਿਸ਼ਜ਼ ਕਾ ਪ੍ਰਕਾਸ਼ਕ ਜੋ ਸਤ ਸਰੂਪ ਹੈ, ਸੋ ਤੂੰ ਹੀ ਹੈਂ । ਸ਼ੰਕਾ । ਬ੍ਰਹਮ ਦਰਸਨ ਕਾ ਮੁਖ ਸਾਧਨ ਕੌਣ ਹੈ ? ਉਤਰ ॥

## ਅਬ ਸਪਤਮੋ ਅਭਿਆਸ

ਸਾਧਨ ਏਕ ਤੋ ਗੁਰੂ ਉਪਦੇਸ਼, ਦੋ ਉਸਕੇ ਹੋਰ ਸਹਕਾਰੀ ਸਾਧਨ ਹੈਂ ਏਕ ਤੋ ਸ਼ਿਸ਼ਯਕੀ ਸੁਧ ਬੁਧੀ, ਦੂਸਰੀ ਬ੍ਰਹਮ ਜਾਨਨੇ ਕੀ ਤੀਬਰ ਇਛਾ । ਹੇ ਪੁਤ੍ਰ! ਇਸ ਮੇਂ ਦ੍ਰਿਸ਼ਟਾਂਤ ਸੁਣ। ਏਕ ਸ਼ਾਹੂਕਾਰ ਬਹੁਤ ਸੁੰਦਰ ਰੂਪ ਵਾਲਾ ਔਰ ਜਿਸਕੋ ਅਨੇਕ ਭੂਸ਼ਣ ਪਹਿਰੇ ਹੂਏ ਥੇ ਔਰ ਭੂਸ਼ਣੋਂ ਮੇਂ ਅਨੇਕ ਹੀਰੇ ਜਵਾਹਰਾਤ ਜੜੇ ਹੂਏ ਥੇ । ਸੋ ਸ਼ਾਹੂਕਾਰ ਕੰਧਾਰ ਮੇਂ ਅਪਨੇ ਘਰ ਪਲੰਘ ਪਰ ਸੋਯਾ ਹੂਆ ਥਾ। ਚੋਰੋਂ ਨੇ ਸਮਯ ਦੇਖ ਕੇ ਰਾਤ੍ਰ ਕੋ ਉਸਕੋ ਜਾਇ ਪਕੜਿਆ । ਔਰ ਉਸ ਕੋ ਉਠਾ ਬਾਹਰ ਬਨ ਮੇਂ ਦੂਰ ਦੇਸ਼ ਮੇਂ ਲੇ ਗਏ । ਔਰ ਸਬ ਜ਼ੇਵਰ ਭੂਸ਼ਣ ਉਤਾਰ ਲੀਏ ਔਰ ਉਸਕੇ ਹਾਥ ਪੈਰ ਨੇਤਰ ਬਾਂਧ ਦੀਏ । ਔਰ ਜਿਥੇ ਬੜੇ ਸ਼ੇਰਾਦਿ, ਵਿਰੋਧਿ ਜਾਨਵਰ ਥੇ । ਉਥੇ ਛੋਡ ਆਏ । ਉਸਕੇ ਚਾਰੋਂ ਤਰਫ ਬੜੇ ਬੜੇ ਪਥਰ ਔਰ ਕਾਂਟੇ ਰਖ ਦੀਏ। ਚੋਰ ਭਾਗ ਗਏ । ਧਨੀ ਹਾਇ ਹਾਇ ਕਰ ਰਹਾ ਹੈ। ਕੋਈ ਇਸ ਬੰਧਨ ਸੇ ਛੁਟਨੇ ਕਾ ਉਪਾਯ ਨਹੀਂ ਦੇਖਤਾ। ਔਰ ਭੁਖ ਪਿਆਸ ਸੇ ਵਿਆਕੁਲ ਚਿਤ ਹੋ ਰਿਹਾ ਹੈ। ਬੰਧਨ ਕੀ ਮੁਕਤਿ ਕੀ ਤੀਬਰ ਇਛਾ ਹੋ ਰਹੀ ਹੈ। ਪੁਕਾਰ ਰਹਾ ਹੈ ਕੋਈ ਦਿਆਲੂ ਪੁਰਖ ਮੇਰੇ ਬੰਧਨ ਖੋਹਲ ਦੇਵੇ । ਮੈਂ ਉਸਕੀ ਜਨਮ ਭਰ ਸੇਵਾ ਕਰੂੰਗਾ । ਐਸੇ ਪੁਕਾਰਤੇ ਪੁਕਾਰਤੇ ਕੋ ਕੋਈ ਦਿਆਲੂ ਪਤਉਪਕਾਰੀ ਮਿਲ ਜਾਵੇ। ਵੋ ਉਸਕੇ ਬੰਧਨ ਖੋਹਲ ਦੇਵੇ । ਹਾਥ ਪੈਰ ਅਖੀਆਂ ਭੀ ਖੋਹਲ ਦੇਵੇ । ਔਰ ਖਾਨੇ ਪੀਣੇ ਵਾਸਤੇ ਅੰਨ ਜਲ ਦੇਵੇ, ਔਰ ਕਾਂਟੇ ਪਥਰੋਂ ਸੇ ਬਾਹਰ ਕਰ ਦੇਵੇ ਔਰ ਕੰਧਾਰ ਕਾ ਸੂਧਾ ਰਾਸਤਾ ਬਤਾ ਦੇਵੇ । ਔਰ ਵਹ ਭੀ ਉਨ ਬਚਨੋਂ ਪਰ ਵਿਸਵਾਸ਼ ਕਰਤਾ ਹੂਆ ਮਨਜ਼ਿਲ ਕਰਤਾ ਹੂਆ ਸੁਖ ਪੂਰਬਕ ਅਪਨੇ ਘਰ ਮੇਂ ਪਹੁੰਚ ਕਰ ਅਨੰਦ ਪਾਤਾ ਹੈ। ਯਹ ਦ੍ਰਿਸ਼ਟਾਂਤ ਹੈ।

ਤੈਸੇ ਹੀ ਰਾਗ ਦ੍ਵੇਸ ਕਾਮ ਕ੍ਰੋਧਾਦਿ ਜੋ ਤਸਕਰ ਹੈਂ । ਉਸ ਨੇ ਭੀ ਜੀਵ ਰੂਪੀ ਧਨੀ ਪੁਰਖ ਕੋ ਪਕੜ ਕਰ ਸੰਸਾਰ ਬਨ ਮੇਂ ਜਾ ਫੈਂਕਾ ਹੈ । ਔਰ ਉਸਕੇ ਬੁਧੀ ਰੂਪੀ ਨੇਤਰ ਬਾਂਧ ਦੀਏ ਹਨ ਔਰ ਭਗਤਿ ਵੈਰਾਗ ਆਦਿ ਜੋ ਸਾਧਨ ਹੈ ਯੇ ਹਥ ਪੈਰ ਹਨ ਇਨਕੋ ਬਾਂਧ ਦੀਆ ਹੈ। ਕਾਮਆਦੀ ਚੌਰਾਸੀ ਲਖ ਜੋਨਿਓਂ ਮੇਂ ਜਨਮ ਮਰਨ ਦੁਆਰਾ ਦੁਖ ਦੇ ਰਹੇ ਹਨ । ਅਬ ਕੋਈ ਐਸਾ ਉਪਾਯ ਨਹੀਂ ਦੇਖਤਾ ਜਿਸਸੇ ਬੰਧਨ ਟੂਟ ਜਾਵੇਂ ਜਬ ਇਸਕੀ ਬੁਧੀ ਸੁਧ ਹੋਵੇ । ਔਰ ਜਨਮ ਮਰਣ ਕੇ ਛੂਟਨੇ ਕੀ ਤੀਬਰ ਇਛਾ ਹੋਵੇ, ਔਰ ਪੁਕਾਰ ਕਰੇ।



**ਕੋਈ ਆਨਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈਂ ਨੀਰੁ ਵਹੇ ਵਹਿ ਚਲੈ ਜੀਉ ॥ ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥**

[ਮਾਝ ਮ: ੪ ਸਫਾ ੯੪

ਐਸੇ ਪੁਕਾਰਤੇ ਕੋ ਈਸ਼੍ਵਰ ਕ੍ਰਿਪਾ ਸੇ ਬ੍ਰਹਮਵੇਤਾ ਗੁਰੂ ਮਿਲ ਜਾਵੇ । ਔਰ ਵੇ ਉਪਦੇਸ਼ ਦੇ ਕਰ ਅਗਿਆਨਾਦਿਕ ਬੰਧਨ ਤੋੜ ਦੇਵੇ ਸੂਧਾ ਰਾਸਤਾ ਬਤਾ ਦੇਵੇ । ਉਸ ਰਸਤੇ ਪਰ ਚਲ ਕਰ ਔਰ ਚੌਥੀ ਪੰਜਵੀਂ ਛੇਵੀਂ ਸਤਵੀਂ ਭੂਮਕਾ ਪਰ ਵਿਸ਼ਰਾਮ ਕਰਤੇ ਸੁਖ ਰੂਪ ਆਪਣੇ ਘਰ ਮੇਂ ਪ੍ਰਾਪਤਿ ਹੋ ਜਾਤਾ ਹੈ। ਜਿਸ ਮੇਂ ਪ੍ਰਾਪਤਿ ਹੋ ਜਾਤਾ ਹੈ ਵੋ ਸਤਿ ਬ੍ਰਹਮ ਸਰੂਪ ਤੂੰ ਹੈਂ ।

ਸ਼ੰਕਾ, ਅਗਿਆਨੀ ਕੀ ਤਰਹ ਗਿਆਨੀ ਮਰਣ ਕਾਲ ਮੇਂ ਬ੍ਰਹਮ ਮੇਂ ਲੀਨ ਹੋਵੇ ਹੈ ਯਾ ਵਿਲਖਣ ਰੀਤਿ ਸੇ ? ਅਰਥਾਤ ਜਬ ਅਗਿਆਨੀ ਮਿਰਤੂ ਕੋ ਪਰਾਪਤ ਹੋਵੇ ਹੈ ਤੋ ਇੰਦ੍ਰੀਯ ਮਨ ਮੇਂ ਲੀਨ ਹੋ ਜਾਵੇਂ ਹੈਂ । ਮਨ ਪ੍ਰਾਣ ਮੇਂ ਲੀਨ ਹੋ ਜਾਵੇ ਹੈਂ ਨ ਪ੍ਰਾਣ ਪਰਮਾਤਮਾ ਮੇਂ ਲੀਨ ਹੋ ਜਾਵੇਂ ਹੈਂ। ਫੇਰ ਸ੍ਰਿਸ਼ਟਿ ਕਾਲ ਮੇਂ ਕਰਮੋਂ ਕੀ ਵਾਸ਼ਨਾ ਕੇ ਅਨੁਸਾਰ ਅਗਿਆਨੀ ਹੋਰ ਸਰੀਰ ਧਾਰੇ ਹੈਂ ਗਿਆਨੀ ਭੀ ਹੋਰ ਸਰੀਰ ਧਾਰੇ ਹੈ ਯਾ ਨਹੀਂ ?

**ਯੇ ਸ਼ੰਕਾ ਯਾਂ ਤੇ ਮਿਟ ਜਾਵੇ । ਅਭਿਆਸ਼ ਅਸਟਮੋ ਸੁਤ ਪ੍ਰਤਿਗਾਵੇ। ਯਾਂ ਕਰਮ ਕਰ ਸਤਿ ਜਾਵੇ ਜਬਹਿ। ਮ੍ਰਿਤੂ ਕੋ ਵੰਚੇ ਗਿਆਨੀ ਤਬਹਿ।**

## ਅਭਿਆਸ ੮

ਤਿਸ ਗਿਆਨੀ ਕੇ ਪ੍ਰਾਣ ਕਹੀਂ ਜਾਵੇਂ ਨਹੀਂ । ਈਹਾਂ ਹੀ ਸਾਰੇ ਲੀਨ ਹੋ ਜਾਵੇਂ ਹੈਂ, ਯਾਂ ਤੇ ਗਿਆਨੀ ਕੋ ਮ੍ਰਿਤੂ ਲੇਨੇ ਆਵੇ ਹੈ, ਪਰੰਤੂ ਉਸਕੇ ਸਰੀਰ ਸੇ ਕੁਛ ਪਾਵੇ ਨਹੀਂ, ਕਿਉਂਕਿ ਬ੍ਰਹਮ ਗਿਆਨ ਕੇ ਪ੍ਰਭਾਵ ਸੇ ਗਿਆਨੀ ਕੇ ਕਰਮ ਔਰ ਵਾਸਨਾ ਔਰ ਅਗਿਆਨ ਸਭ ਨਸ਼ਟ ਹੋ ਜਾਵੇਂ । ਯਾਂਤੇ ਗਿਆਨੀ ਕੋ ਪੁਨਰ ਜਨਮ ਹੋਵੇ ਨਹੀਂ ਬ੍ਰਹਮ ਰੂਪ ਹੋ ਜਾਵੇ ਹੈਂ ।

ਪ੍ਰਮਾਣ ਵੇਦ

**ਨ ਤਸਜ ਪ੍ਰਾਣਾ ਉਤਕਰਾਮੰਤਿ ਅਤ੍ਰੈਵ ਸਮਵਿਲੀਯੰਤੇ।**
**ਤਥਾ—ਸ਼੍ਰੁਤਿ ਬ੍ਰਹਮੈਵਸਨ ਬ੍ਰਹਮਾਪਯੇਤਿ ਯ: ਏਵੰ ਵੇਦ।**

[ਸੁਵਾਲੋਪਨਿਖਦ ਖੰਡ ੩

**ਤਥਾ–ਤਸਯ ਤਾਵਦੇਵ ਚਿਰੰ ਯਾਦਵ ਨ ਵਿਮੋਖੇਜ ਅਥ ਸੰਪਤਸਯੇ ।**

[ਛਾਂਦੋਗਯੋਪਨਿਖਦ ਖੰਡ ੧੪ ਅਧਿਆਇ ੬ ਮੰਤ੍ਰ ੨

ਤਥਾ ਗੁਰੂ ਪ੍ਰਮਾਣ:–

**ਜਿਉ ਜਲ ਮਹਿ ਜਲ ਆਇ ਖਟਾਨਾ ॥**
**ਤਿਉ ਜੋਤੀ ਸੰਗਿ ਜੋਤਿ ਸਮਾਨਾ ॥**

[ਗਉ: ਸੁਖ: ਮ: ੫ ਅ: ੧੧ ਸਫਾ ੨੭੮

ਜਿਸ ਪਾਰਬ੍ਰਹਮ ਕੋ ਪਾਇ ਕਰ ਗਿਆਨੀ ਮਿਰਤੂ ਕੋ ਵੰਚੇ ਹੈ ਯਾਨੇ ਠਗੇ ਹੈ ਸੋ ਪਾਰਬ੍ਰਹਮ ਤੂੰ ਹੈਂ ।

ਸ਼ੰਕਾ ਗਿਆਨੀ ਅਗਿਆਨੀ ਕਾ ਜਗ ਵਹਿਵਾਰ ਸਮਾਨ ਹੈ । ਖਾਨ ਪਾਨ ਦੋਨੋਂ ਕਾ ਏਕ ਜੈਸਾ ਹੈ । ਸ਼ਯਨ ਗਮਨ ਮੇਂ ਭੇਦ ਨਹੀਂ ਹੈ । ਤੋ ਫਿਰ ਕਿਆ ਹੇਤੂ ਹੈ ਜੋ ਭੋਗੁ ਹੇਤੂ ਕਰਮ ਅਗਿਆਨੀ ਕੋ ਬੰਧਨ ਰੂਪ ਹੈ ਯਾਨੇ ਜਨਮ ਮਰਣ ਦੇਵੇ ਹੈ । ਔਰ ਗਿਆਨੀ ਕੋ ਨਹੀਂ ਬੰਧੇ ਹੈ ।

**ਉਤਰ–ਸਦ੍ਰਿਸ਼ਟਾਂਤ ਕਾਰਣ ਦਿਖਲਾਵੇਂ । ਅਭਿਆਸ ਨਵਮੋ ਸੁਤ ਪ੍ਰਤਿ ਗਾਵੇਂ ।**

## ਅਭਿਆਸ ੯

ਹੇ ਪੁਤਰ ਜੈਸੇ ਜਗਤ ਮੇਂ ਦੋ ਪੁਰਖੁ ਹੋਵੇ, ਏਕ ਚੋਰ ਹੋਵੇ ਦੂਸਰਾ ਚੋਰ ਨ ਹੋਵੇ । ਔਰ ਚੋਰ ਕੇ ਭੁਲੇਖੇ ਮੇਂ ਵੋ ਭੀ ਪਕੜਿਆ ਜਾਵੇ ਹੈ । ਰਾਜ ਪੁਰਖੁ ਦੋਨੋਂ ਕਾ ਰਾਜਾ ਪਾਸ ਲੇ ਜਾਵੇਂ । ਰਾਜਾ ਕੇ ਪਾਸ ਦੋਨੋਂ ਕਹਿਤੇ ਹੈਂ ਹਮ ਚੋਰ ਨਹੀਂ ਰਾਜਾ ਉਨਕੀ ਪ੍ਰੀਖਿਆ ਵਾਸਤੇ ਲੋਹਾ ਤਪਾਇ ਮੰਤ੍ਰਿਤ ਕਰ ਉਨ ਕੋ ਕਹਿਤਾ ਹੈ ਅਗਰ ਤੁਮ ਚੋਰ ਨਹੀਂ ਤੋ ਯਹ ਉਠਾਲੋ ਜੋ ਚੋਰ ਹੋਗਾ ਉਸ ਕਾ ਹਾਥ ਸੜੇਗਾ ਔਰ ਜੋ ਚੋਰ ਨ ਹੋਗਾ, ਉਸ ਕਾ ਹਾਥ ਨ ਸੜੇਗਾ ਯਹ ਰਾਜਾ ਕੇ ਪਾਸ ਉਤਮ ਪ੍ਰੀਖਿਆ ਥੀ । ਜੋ ਚੋਰ ਥਾ ਔਰ ਝੂਠ ਬੋਲਤਾ ਥਾ ਕਿ ਮੈਂ ਚੋਰ ਨਹੀਂ ਹੂੰ ਵੋ ਜਬ ਲੋਹਾ ਉਠਾਤਾ ਹੈ । ਪਹਿਲੇ ਤੋ ਉਸ ਕਾ ਹਾਥ ਸੜਤਾ ਹੈ ਫਿਰ ਰਾਜਾ ਉਸ ਕੋ ਸੰਗਲ ਮੇਂ ਬਾਂਧ ਉਸ ਕੋ ਦੰਡ ਦੇਤਾ ਹੈ ਔਰ ਜੋ ਚੋਰ ਨਹੀਂ ਰਾਜਾ ਉਸ ਕੋ ਭੀ ਕਹਿਤਾ ਹੈ ਲੋਹਾ ਉਠਾਵੋ ਲੋਹਾ ਉਠਾਤਾ ਹੈ ਨ ਤੋ ਉਸ ਕਾ ਹਾਥ ਸੜਤਾ ਹੈ । ਨ ਉਸ ਕੋ ਰਾਜਾ ਦੰਡ ਦੇਤਾ ਹੈ ।

ਉਲਟੇ ਰਾਜਾ ਉਸ ਸੇ ਮਾਫੀ ਮਾਂਗਤਾ ਹੈ, ਔਰ ਪਟ ਭੂਸ਼ਣ ਭੇਟ ਦੇਤਾ ਹੈ । ਯਹ ਦ੍ਰਿਸ਼ਟਾਂਤ ਹੈ । ਦਾਰਸ਼ਟਾਂਤ–ਜੋ ਕਹਤਾ ਹੈ ਮੈਂ ਬ੍ਰਹਮ ਨਹੀਂ ਹੂੰ ਮੈਂ ਜੀਵ ਹੂੰ ਸੁਖੀ



ਦੁਖੀ ਪੁੰਨੀ ਪਾਪੀ ਸੰਸਾਰੀ ਹੂੰ ਇਸਨੇ ਬ੍ਰਹਮ ਕੀ ਚੋਰੀ ਕਰੀ ਹੈ । ਏਕ ਤੋ ਵੋ ਮ੍ਰਿਤੂ ਯਾਨੇ ਧਰਮ-ਰਾਜ ਸੇ ਦੰਡ ਪਾਤਾ ਹੈ ।

**ਮਨਸੈਵਾਨੁ ਦ੍ਰਸਟਵਯੰ ਨੇਹ ਨਾਨਾਸਾਤਿ ਕਿੰਚਨ ਮ੍ਰਿਤਯੋ**
**ਸ ਮ੍ਰਿਤਯੁਮਾਤਨੋਤਿ ਯ ਇਹ ਨਾਨੇਵ ਪਸ਼ਯਤਿ ॥**

[ਬ੍ਰਿਹਦਾਰਣਜਕ ਉਪਨਿਖਦ ਅਧਿਆਇ ੪ ਬ੍ਰਾਹਮਣ ੪ ਮੰਤ੍ਰ ੧੯

ਅਰਥ ਜੋ ਇਸ ਬ੍ਰਹਮ ਮੇਂ ਭੇਦ ਦੇਖਤਾ ਹੈ ਵੁਹ ਭੇਦ ਦਰਸ਼ੀ ਮਰ ਕਰ ਫੇਰ ਮਰਤਾ ਹੈ । ਅਨੇਕ ਜਨਮੋਂ ਮੇਂ ਦੁਖ ਪਾਤਾ ਹੈ, ਔਰ ਜੋ ਚੋਰ ਨਹੀਂ ਬ੍ਰਹਮ ਗਿਆਨੀ ਹੈ । ਉਸ ਸੇ ਧਰਮ ਰਾਜਾ ਮਾਫੀ ਮਾਂਗਤਾ ਹੈ ਔਰ ਬ੍ਰਹਮਾਂਦਿਕ ਸਭ ਉਸਕਾ ਪੂਜਨ ਕਰਤੇ ਹੈਂ ਆਗੇ ਕੋ ਜਨਮ ਭੀ ਨਹੀਂ ਹੋਤਾ । ਜਿਸ ਸਦ ਬ੍ਰਹਮ ਕੇ ਗਿਆਨ ਸੇ ਗਿਆਨੀ ਕੇ ਸਬ ਬੰਧਨ ਦੂਰ ਹੋ ਜਾਤੇ ਹੈਂ ਸੋ ਸਦ ਬ੍ਰਹਮ ਤੂੰ ਹੈਂ । ਸ੍ਵੇਤ ਕੇਤੂ ਪਿਤਾ ਕਾ ਉਪਦੇਸ਼ ਸੁਨਕਰ ਨਿਸਚੇ ਕਰਤਾ ਭਯਾ ਜੀਵ ਭਾਵ ਕੋ ਤੋੜ ਬ੍ਰਹਮ ਭਾਉ ਕੋ ਪ੍ਰਾਪਤ ਹੋਤਾ ਭਯਾ ।

ਦ੍ਰਿਸ਼ਟਾਂਤ ਦੂਸਰਾ–ਜੈਸੇ ਏਕ ਰਾਜਾ ਕੇ ਘਰ ਪੁਤ੍ਰ ਹੂਆ ਔਰ ਜੋਤਸ਼ਿਯੋਂ ਨੇ ਕਹਾ ਅਗਰ ਯਹ ਲੜਕਾ ਰਾਜ ਮੇਂ ਰਹੇਗਾ ਤੋ ਰਾਜ ਨਸ਼ਟ ਹੋ ਜਾਏਗਾ ਬਾਰਹ ਬਰਸ ਰਾਜ ਮੇਂ ਕਲੇਸ਼ ਰਹੇਗਾ । ਇਸ ਵਾਸਤੇ ਬਾਰਾਂ ਬਰਸ ਇਸਕੋ ਦੇਸ ਨਿਕਾਲਾ ਦੋ ਫਿਰ ਇਸਕੋ ਦੇਸ਼ ਮੇਂ ਲੇ ਆਨਾ । ਰਾਜਾ ਨੇ ਵੈਸੇ ਹੀ ਕੀਆ । ਉਸਕਾ ਫੋਟੋ ਉਤਾਰ ਕੇ ਘਰ ਮੇਂ ਰਖਾ । ਔਰ ਬਾਰਾਂ ਬਰਸ ਕੀ ਸਾਮਗ੍ਰੀ ਜਵਾਹਰਾਤ ਵਸਤ੍ਰ ਭੂਸ਼ਣ ਸੰਦੂਕ ਮੇਂ ਪਾ ਕਰ ਔਰ ਲੜਕੇ ਕੋ ਭੀ ਉਸੀ ਸੰਦੂਕ ਮੇਂ ਪਾ ਕਰ ਨਦੀ ਮੇਂ ਰੋੜ੍ਹ ਦੀਆ ।

ਵੋ ਸੰਦੂਕ ਏਕ ਭੀਲ ਨੇ ਪਕੜ ਲੀ ਉਸਕੋ ਪੁਤ੍ਰ ਨਹੀਂ ਥਾ । ਪੁਤ੍ਰ ਭਾਵ ਸੇ ਪਾਲਾ । ਲੜਕੇ ਕੋ ਪੱਕਾ ਭਰਮ ਹੋ ਗਯਾ । ਕਿ ਮੈਂ ਭੀਲ ਹੂੰ ਭੀਲ ਹੂੰ । ਲੜਕਾ ਬਾਰਹ ਵਰਸ਼ ਭੀਲ ਕੇ ਪਾਸ ਰਹਾ ਭੀਲੋਂ ਕੇ ਸਾਥ ਗੁਜ਼ਰਾਨ ਵਿਵਹਾਰ ਕਰਤਾ ਰਹਾ । ਬਾਰਹ ਵਰਸ਼ੋਂ ਕੇ ਬਾਦ ਰਾਜਾ ਨੇ ਉਸ ਕੀ ਤਲਾਸ਼ ਕਰਾਈ । ਵੋ ਸੰਦੂਕ ਭੂਸ਼ਣ ਹੀਰੇ ਜਵਾਹਰਾਤ ਜਿਨ ਪਰ ਰਾਜਾ ਨੇ ਚਿਨ੍ਹ ਕਰੇ ਥੇ ਔਰ ਪਤ੍ਰ ਲਿਖਕੇ ਪਾਯਾ ਸੀ ਕਿ ਹੇ ਰਾਜ ਕੁਮਾਰ ਤੁਮਾਰੇ ਕੋ ਬਾਰਹ ਬਰਸ ਵਾਸਤੇ ਦੇਸ਼ ਨਿਕਾਲਾ ਦੀਆ ਜਾਤਾ ਹੈ ਤੂੰ ਰਾਜਕੁਮਾਰ ਹੈਂ ਅਨਜ ਨਹੀਂ । ਯੇ ਸਬ ਚੀਜ਼ਾਂ ਰਾਜਾ ਕੋ ਭੀਲ ਕੇ ਘਰ ਸੇ ਤਲਾਸ਼ ਕਰਨੇ ਪਰ ਮਿਲ ਗਈਆਂ ਰਾਜਾ ਭੀਲ ਕਾ ਉਪਕਾਰ ਸਮਝਤਾ ਹੈ ਇਨਾਮ ਦੇਤਾ ਹੈ । ਔਰ ਰਾਜਕੁਮਾਰ ਲੜਕੇ ਕੋ ਘਰ ਲਾ ਕਰ ਰਾਜ ਗੱਦੀ ਪਰ ਬੇਠਾ ਕਰ ਆਪ ਭੀ ਕਹਿਤਾ ਹੈ ਔਰੋਂ ਸੇ ਭੀ ਕਹਾਤਾ ਕਿ ਤੂੰ ਰਾਜਾ ਹੈਂ ਭੀਲ ਨਹੀਂ । ਕੁਛ ਦਿਨੋਂ ਬਾਦ ਲੜਕੇ ਕੋ ਦ੍ਰਿੜ ਨਿਸਚੇ ਹੋ ਜਾਤਾ ਹੈ ।

ਮੈਂ ਰਾਜਾ ਹੂੰ । ਤੈਸੇ ਹੇ ਅਧਿਕਾਰੀ ਤੂੰ ਭੀ ਅਗਿਆਨ ਦੋਸ਼ ਕੇ ਪ੍ਰਭਾਉ ਸੇ ਬ੍ਰਹਮ ਸੇ ਭਿੰਨ ਅਪਨੇ ਕੋ ਜੀਵ ਸਮਝਤਾ ਸੀ । ਔਰ ਦੁਖੀ ਹੋ ਰਹਾ ਸੀ । ਸਤਿਗੁਰੂ

ਨੇ ਕ੍ਰਿਪਾ ਕਰਕੇ ਤੇਰਾ ਅਗਿਆਨ ਦੂਰ ਕਰ ਜੀਵ ਭਾਵ ਕੋ ਤੋੜ ਕਰ ਬ੍ਰਹਮ ਭਾਵ ਨਿਸਚੇ ਕਰਾ ਕਰ ਤੇਰੇ ਕੋ ਸੁਖੀ ਕਰ ਦੇਨਾ ਹੈ।

**ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥ ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥ ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚੁ ਸੰਜਮਿ ਕਾਰ ਕਮਾਇ ॥ ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕ੍ਰਿਪਾ ਕਰੇ ਰਜਾਇ ॥** [ਵਡਹੰਸ ਵਾਰ ਮ: ੩ ਸਫਾ ੫੯੧

ਦੂਸਰਾ ਜੀਵ ਭਾਵ ਬੰਧਨ ਨਾਰਦਾਦਿਕ ਅਨੇਕਾਧਿਕਾਰਿਯੋਂ ਕੋ ਹੋਤਾ ਭਯਾ ਔਰ ਗੁਰੂ ਦਵਾਰਾ ਗਿਆਨ ਸੇ ਦੂਰ ਭੀ ਹੋਤਾ ਭਯਾ । ਇਤੀ ਦੁਤੀਯ ਬੰਧਨ ਤੀਸਰਾ ਬੰਧਨ ਹਉਮੈ ਹੈ। ਜਿਸ ਮੇਂ ਅਨੇਕ ਜਨ ਬਧੇ ਪੜੇ ਹੈਂ।

**ਪੰਡਿਤ ਜਨਮਾਤੇ ਪੜਿ ਪੁਰਾਨ ॥ ਜੋਗੀ ਮਾਤੇ ਜੋਗੁ ਧਿਆਨੁ ॥ ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥ ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥ ਰਹਾਉ ॥ ਜਾਗੈ ਸੁਕਦੇਉ ਅਰੁ ਅਕੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥ ਸੰਕਰੁ ਜਾਗੈ ਚਰਨ ਸੇਵ ॥ ਕਲਿ ਜਾਗੇ ਨਾਮਾ ਜੈ ਦੇਵ ॥ ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੈ ਸੋਈ ਸਾਰੁ ॥ ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥**

[ਬਸੰਤ ਕਬੀਰ ਸਫਾ ੧੧੯੩

**ਹੈ ਕੋਈ ਐਸਾ ਹਉਮੈ ਤੋਰੈ ॥ ਇਸੁ ਮੀਠੀ ਤੇ ਇਹੁ ਮਨੁ ਹੋਰੈ ॥*** [ਗਉੜੀ ਮ: ੫ ਸਫਾ ੨੧੨

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥ ਹਰਿ ਚੇਤਿ ਮਨ ਮੇਰੇ ਤੂੰ ਗੁਰ ਕਾ ਸਬਦ ਕਮਾਇ॥**



**ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥ ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥ ਨਾਨਕ ਸਤਿਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ਸਚੁ ਕਮਾਵੈ ਸਚਿ ਰਹੈ ਸਚਾ ਸੇਵਿ ਸਮਾਇ ॥** [ਵਡਹੰਸ ਮ: ੩ ਸਫਾ ੫੬੦

## ਦ੍ਰਿਸ਼ਟਾਂਤ ਏਕ ਗੁਰੂ ਸ਼ਿਸ਼ਜ ਕਾ

ਏਕ ਮਹਾਤਮਾ ਬੜੇ ਬੀਤ ਰਾਗ ਸ਼ਾਂਤ ਚਿਤ ਬ੍ਰਹਮ ਨਿਸ਼ਠ ਏਕ ਸ਼ਹਿਰ ਕੇ ਬਾਹਰ ਰਹਿਤੇ ਥੇ। ਉਨ ਕੇ ਸਤਿਸੰਗ ਦੁਆਰਾ ਸਭ ਲੋਕ ਲਾਭ ਲੇਤੇ ਥੇ। ਅਨੇਕ ਪਾਪੀ ਸੁਧਰੇ। ਏਕ ਪ੍ਰੇਮੀ ਆਯਾ। ਕਹਿਨੇ ਲਗਾ ਹੇ ਪ੍ਰਭੂ ! ਮੈਂ ਆਪ ਕੀ ਸ਼ਰਣ ਹੂੰ ਆਪ ਕੇ ਪਾਸ ਰਹਿਣਾ ਚਾਹਤਾ ਹੂੰ ਸੇਵਾ ਕਰਨਾ ਚਾਹਤਾ ਹੂੰ.ਮਹਾਤਮਾ ਨੇ ਬਹੁਤ ਮਨਾ ਕਰੀ ਹਟਾਯਾ । ਪਰੰਤੂ ਨ ਹਟਾ ਰਹਿਨੇ ਲਗਾ । ਮਹਾਤਮਾ ਨੇ ਉਸ ਕੇ ਸੁਭਾਉ ਕੀ ਪਰੀਖਿਆ ਕਰੀ ਔਰ ਦੇਖਾ ਇਸ ਕੇ ਚਿਤ ਮੇਂ ਹਠ ਔਰ ਅਹੰਕਾਰ ਹੈ।-ਇਸ ਕੋ ਸ਼ਾਂਤਿ ਨਹੀਂ ਪ੍ਰਾਪਤ ਹੋਗੀ। ਫਿਰ ਹਮਾਰੇ ਕੋ ਦੋਸ਼ ਲਗਾਵੇਗਾ। ਮਹਾਤਮਾ ਪਾਸ ਏਕ ਪਾਰਸ ਸੀ ਏਕ ਲੋਹੇ ਕਾ ਬਰਤਣ ਮੰਗਾਕਰ ਉਸ ਮੇਂ ਪਤਲਾ ਕਾਗਜ਼ ਚੰਬੜਾਯਾ ਜੋ ਮਾਲੂਮ ਨ ਹੋਵੇ । ਫਿਰ ਉਸ ਸ਼ਿਸ਼ਜ ਕੋ ਬੁਲਾਯਾ ਔਰ ਕਹਿਨੇ ਲਗਾ ਯੇਹ ਲੋਹਾ ਹੈ ਯੇ ਪਾਰਸ ਹੈ। ਯੇਹ ਇਸ ਕੋ ਸੋਨਾ ਕਰ ਦੇਗਾ। ਇਸ ਕੋ ਸੰਭਾਲਕੇ ਫਲਾਣੀ ਜਗਹ ਰਖ ਕਰ ਕੁੰਜੀ ਮੇਰੇ ਕੋ ਦੇ ਦੇ । ਰਖ ਆਯਾ ਔਰ ਕੁੰਜੀ ਗੁਰੂ ਸਾਹਿਬ ਕੋ ਦੇਦੀ ਐਸੇ ਵੋਹ ਸੇਵਾ ਕਰਤਾ ਥਾ ਬਾਰਹ ਬਰਸ ਗੁਜ਼ਰ ਗਏ ਪਰ ਚਿਤ ਮੇਂ ਸ਼ਾਂਤਿ ਨਹੀਂ ਆਈ ਤਬ ਗੁਰੂ ਕੋ ਆਇ ਕਰ ਕਹਿਣੇ ਲਗਾ ਮੈਂ ਆਪ ਕੀ ੧੨ ਬਰਸ ਸੇਵਾ ਭੀ ਕਰੀ। ਆਪ ਕਾ ਚਿਤ ਤੋ ਸ਼ਾਂਤਿ ਹੈ। ਆਪ ਕੇ ਪ੍ਰੇਮੀ ਜਨੋਂ ਕਾ ਭੀ ਚਿਤ ਸ਼ਾਂਤਿ ਹੈ । ਮੇਰਾ ਚਿਤ ਸ਼ਾਂਤ ਨਹੀਂ ਹੂਆ। ਸੁਨਾ ਥਾ ਸੰਤ ਪਾਰਸ ਸੇ ਬੀ ਉਤਮ ਹੋਤੇ ਹੈਂ ।

**ਪਾਰਸ ਮੇਂ ਔਰ ਸੰਤ ਮੇਂ ਬੜੋ ਅੰਤਰੋ ਜਾਨ । ਵੋ ਲੋਹਾ ਕੰਚਨ ਕਰੇ ਵੋ ਕਰਹਿ ਆਪ ਸਮਾਨ ॥** [ਵਿਚਾਰ ਮਾਲਾ

ਮੇਰੇ ਕੋ ਆਪ ਕੇ ਸਮਾਨ ਤੋ ਨਹੀਂ ਕੀਆ ਸ਼ਾਇਦ ਆਪ ਪਾਰਸ (ਯਾਨੇ) ਮਹਾਤਮਾ ਨਹੀਂ, ਅਗਰ ਆਪ ਪੂਰੇ ਮਹਾਤਮਾ ਹੋਤੇ ਤੋ ਮੇਰੇ ਕੋ ਥੋੜੀ ਸੇਵਾ ਸੇ ਸ਼ਾਂਤੀ ਹੋ ਜਾਤੀ। ਮਹਾਤਮਾ ਕਹਿ ਨੇ ਲਗੇ ਤੇਰੇ ਮੇਂ ਹੀ ਨ ਕੋਈ ਦੋਸ਼ ਹੋਵੇ:-

**ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥ ਅੰਧੇ ਏਕ ਨ ਲਾਗਈ ਜਿਉ ਬਾਸ ਬਜਾਈਐ ਫੂਕ ॥** [ਸ: ਕਬੀ: ਸਫਾ ੧੩੭੨

**ਲਖ ਚਉਰਾਸੀਹ ਫੇਰ ਪਇਆ ਕਾਮਣਿ ਦੂਜੈ ਭਾਇ ॥**
**ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ॥**
**ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ ॥**
**ਹਉ ਹਉ ਕਰਤੀ ਜਗ ਫਿਰੀ ਨਾ ਧਨੁ ਸੰਪੈ ਨਾਲਿ ॥**
**ਅੰਧੀ ਨਾਮ ਨ ਚੇਤਈ ਸਭ ਬਾਧੀ ਜਮਕਾਲ ॥**

[ਸਿਰੀ ਰਾਗ ਮ: ੩ ਸਫਾ ੩੧

ਤੇਰੇ ਮੇਂ ਕੋਈ ਅਹੰਕਾਰ ਦੋਸ ਹੋਗਾ। ਪਰਦਾ ਰਖ ਕਰ ਸੇਵਾ ਕਰੀ ਹੈ ਸੋ ਸੇਵਾ ਥਾਇ ਨਹੀਂ ਪੜੀ ਯਾਨੇ ਸਫਲ ਨਹੀਂ ਹੋਈ, ਉਹ ਕਹਿਣ ਲਗਾ ਮੈਨੇ ੧੨ ਬਰਸ ਸੇਵਾ ਕਰੀ ਉਲਟੋ ਮੇਰੇ ਕੋ ਦੋਸ਼ ਲਗਾਤੇ ਹੋ। ਆਪ ਕੱਚੇ ਗੁਰੂ ਹੈਂ ਸਚੇ ਗੁਰੂ ਨਹੀਂ।

**ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥**

[ਸਿਰੀ ਰਾਗ ਮ: ੧ ਸਫਾ ੫੮

**ਸਾਹਿਬੁ ਜਿਸਕਾ ਨੰਗਾ ਭੁਖਾ ਹੋਵੈ ਤਿਸਦਾ ਨਫਰੁ ਕਿਥਹੁ ਰਜਿ ਖਾਇ ॥**

[ਗਉੜੀ ਵਾਰ ਮ: ੪ ਸਫਾ ੩੫੧

**ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥**
**ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥**

[ਰਾਮਕਲੀ ਵਾਰ ਮਹਲਾ ੧ ਸਫਾ ੯੫੧

ਸੋ ਆਪ ਅੰਧੇ ਗੁਰੂ ਹੋ। ਮੇਰੀ ਕਲਿਆਨ ਨ ਹੂਈ ਮੇਰੀ ਸੇਵਾ ਨਿਸਫਲ ਹੂਈ ਐਸੇ ਆਪਣੇ ਗੁਰੂ ਕੋ ਅਨੇਕ ਦੋਸ਼ ਲਗਾਤਾ ਭਇਆ। ਮਹਾਤਮਾ ਸ਼ਾਂਤ ਚਿਤ ਥੇ ਉਨੋ ਨੇ ਕੁੰਜੀ ਦਿਤੀ, ਅਰ ਕਹਾ ਪਾਰਸ ਲੇ ਆਓ ਦੇਖੋ ਉਸਨੇ ਲੋਹਾ ਕੋ ਸੋਨਾ ਕੀਆ ਕਿ ਨਹੀਂ। ਵੋ ਕੁੰਜੀ ਲੇ ਕੇ ਪਾਰਸ ਵਾਲਾ ਬਰਤਨ ਲੇ ਆਇਆ ਔਰ ਕਹਿਣੇ ਲਗੇ ਦੇਖੋ ਮਹਾਰਾਜ ਯੇਹ ਪਾਰਸ ਭੀ ਝੂਠਾ ਹੈ ਲੋਹੇ ਕੋ ਸੋਨਾ ਨਹੀਂ ਕੀਆ ਬਾਰਹ ਬਰਸ ਇਸ ਕੋ ਭੀ ਹੋ ਗਏ ਤੋ ਭੀ ਸੋਨਾ ਨਹੀਂ ਹੂਆ। ਮੇਰੇ ਕੋ ਭੀ ਬਾਰਹ ਬਰਸ ਹੋ ਗਏ ਸੇਵਾ ਕਰਤੇ ਮੇਰੀ ਭੀ ਮੁਕਤ ਨਹੀਂ ਹੋਈ। ਪ੍ਰਮਾਣ:-

**'ਕਾਚੇ ਗੁਰ ਤੇ ਮੁਕਤਿ ਨ ਹੂਆ ॥**

[ਦਖਣੀ ਓਅੰਕਾਰ ਰਾਮਕਲੀ ਮ: ੧ ਸਫਾ ੯੩੨

ਮਹਾਤਮਾ ਕਹਿਣੇ ਲਗੇ ਸ਼ਾਇਦ ਇਸ ਲੋਹੇ ਮੇਂ ਹੀ ਕੋਈ ਦੋਸ਼ ਹੋਵੇਗਾ ਪਾਰਸ



ਸੱਚਾ ਹੈ। ਦੂਸਰਾ ਲੋਹਾ ਲਾਓ ਪ੍ਰੀਖਿਆ ਕਰੀਏ। ਝਟ ਵੋ ਦੂਸਰਾ ਲੋਹਾ ਲਾਇਆ ਮਹਾਤਮਾ ਨੇ ਉਸ ਕੋ ਪਾਰਸ ਦੀਆ, ਕਹਾ ਲੋਹੇ ਕੋ ਛੁਵਾਉ ਉਸ ਨੇ ਛੁਵਾਇਆ ਝਟ ਸੋਨਾ ਹੋ ਗਿਆ। ਸ਼ਿਸ਼ ਲਜਿਤ ਹੋ ਗਿਆ। ਮਹਾਤਮਾ ਨੇ ਕਹਾ ਦੇਖੋ ਯੇਹ ਪਾਰਸ ਸੱਚਾ ਹੈ ਤੂੰ ਇਸ ਕੋ ਝੂਠਾ ਕਹਿਤਾ ਥਾ। ਦੇਖੋ ਇਸ ਬਰਤਣ ਮੇਂ ਕੋਈ ਦੋਸ਼ ਹੈ? ਦੇਖਾ ਤੋ ਪਤਲਾ ਕਾਗਜ਼ ਲਗਾ ਹੂਆ ਨਜ਼ਰ ਆਇਆ। ਪਾਰਸ ਇਸ ਪਰਦੇ ਕਰਕੇ ਲੋਹੇ ਕੋ ਸੋਨਾ ਨਹੀਂ ਕਰ ਸਕਤਾ ਥਾ। ਪਰਦਾ ਨਿਕਾਲਾ ਔਰ ਕਹਾ ਇਸਕੋ ਭੀ ਛੁਆ। ਛੁਆਯਾ ਤੋ ਬਰਾਬਰ ਸੋਨਾ ਹੋ ਗਯਾ। ਦ੍ਰਿਸ਼ਟਾਂਤ ਦਵਾਰਾ ਯਹ ਸਮਝਾਯਾ ਕਿ ਤੇਰੇ ਅੰਦਰ ਭੀ ਹਉਮੈ ਕਾ ਪਰਦਾ ਹੈ। ਜਿਸ ਕਰਕੇ ਤੇਰਾ ਚਿਤ ਸ਼ਾਂਤਿ ਨਹੀਂ ਹੂਆ।

**ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮਪਦੁ ਪਾਈਐ ॥**

[ਗਉੜੀ ਮ: ੧ ਸਫਾ ੨੨੬

**ਧੰਨ ਪਿਰੁ ਕਾ ਏਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**
**ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥**

[ਮਲਾਰ ਮ: ੪ ਸਫਾ ੧੨

ਸੋ ਤੇਰੇ ਸੇਂ ਅਹੰਕਾਰ ਕੀ ਭੀਤ ਯਾਨੇ ਪਰਦਾ ਆ ਗਿਆ ਹੈ ਜਬ ਮੇਰੇ ਵਚਨ ਮੇਂ ਪੂਰਣ ਸ਼ਰਧਾ ਔਰ ਪ੍ਰੇਮ ਹੋਗਾ। ਤਬ ਤੁਮਾਰਾ ਹਉਮੈਂ ਕਾ ਪਰਦਾ ਟੂਟੇਗਾ ਔਰ ਪਰਮੇਸ਼ੁਰ ਮਿਲੇਗਾ। ਕੈਸੇ ਸਿਖ ਗੁਰੂ ਨਾਲਿ ਪ੍ਰੇਮ ਕਰਤੇ ਹੈਂ। ਪ੍ਰਮਾਣ-

**ਗੁਰਿ ਡੀਠੇ ਗੁਰਿ ਕਾ ਸਿਖ ਬਿਗਸੈ ਜਿਉ ਬਾਰਿਕੁ ਦੇਖਿ ਮਹਿਤਾਰੀ ॥**

[ਮਲਾਰ ਮ: ੪ ਸਫਾ ੧੨੬੩

**ਬਿਨ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥**

[ਮਾਰੂ ਮ: ੧ ਸਫਾ ੧੦੩੦

ਐਸੇ ਵਚਨ ਸੁਨ ਔਰ ਲੋਹੇ ਕੋ ਸੋਨਾ ਨੇਤਰੋਂ ਸੇ ਦੇਖ ਕਰ ਅਬ ਅਹੰਕਾਰ ਟੂਟ ਗਯਾ। ਚਿਤ ਨਰਮ ਹੂਆ ਪ੍ਰਾਰਥਨਾ ਕਰੀ ਸਭ ਔਗੁਣ ਮੇਰੇ ਮੇਂ ਹੈਂ। ਮੈਂ ਆਪਕੋ ਝੂਠਾ ਦੋਸ਼ ਲਗਾਤਾ ਰਹਾ। ਆਪ ਖਿਮਾ ਕਰੋ, ਮੈਂ ਆਪਕੇ ਸ਼ਰਣਾਗਤਿ ਹੂੰ ਮੇਰਾ ਅਹੰਕਾਰ ਦੂਰ ਕਰੋ। ਗੁਰੂ ਜੀ ਨੇ ਕਹਾ ਜਾ ਅਪਨੀ ਕੁਟੀਆ ਮੇਂ ਬੈਠ ਅਭੀ ਪਹਿਲੇ ਤੁਮ ਕੋ ਅਹੰਕਾਰ ਦਿਖਾਤੇ ਹੈਂ ਵੋਹ ਅਪਨੀ ਕੁਟੀਆ ਮੇਂ ਚਲਾ ਗਯਾ ਗੁਰੂ ਨੇ ਭੰਗੀ ਕੋ ਬੁਲਾਯਾ ਔਰ ਕਹਾ ਜਬ ਮੇਰਾ ਚੇਲਾ ਕੂਏ ਸੇ ਜਲ ਭਰ ਕਰ ਆਨੇ ਲਗੇ ਤੋ ਝਾੜੂ ਸੇ ਦੋ ਚਾਰ ਛਿਟੇ ਦੇ ਦੇਨੇ। ਭੰਗੀ ਕਹਿਨੇ ਲਗਾ ਆਪਕਾ ਸ਼ਿਸ਼ ਹੰਕਾਰੀ ਹੈ ਮਾਰੇਗਾ। ਗੁਰੂ ਨੇ ਕਹਾ ਮੇਂ ਛੁਡਾ ਦੂੰਗਾ। ਭੰਗੀ ਨੇ ਕਹਾ ਅਛਾ ਜੀ ਗੁਰੂ ਨੇ ਚੇਲੇ ਸੇ ਕਹਾ ਜਲ ਕੀ ਤਾਜ਼ੀ ਚਿਪੀ ਲੇ ਆ। ਚੇਲਾ ਲੇਨੇ ਗਿਆ ਵਾਪਸ ਆਯਾ ਤੋ ਭੰਗੀ ਨੇ ਝਾੜੂ ਕੇ ਛਿੱਟੇ ਦੀਏ; ਹੰਕਾਰੀ ਚੇਲੇ ਕੋ ਕ੍ਰੋਧ

ਹੂਆ, ਐਸਾ ਕ੍ਰੋਧ ਹੂਆ ਜੋ ਰੋਕ ਨ ਸਕਾ। ਸੋਟਾ ਲੇ ਭੰਗੀ ਕੋ ਮਾਰਨੇ ਲਗਾ। ਗੁਰੂ ਕੇ ਹਟਾਨੇ ਪਰ ਭੀ ਨ ਹਟੇ ਗੁਰੂ ਨੇ ਕਹਾ ਦੇਖ ਯੇਹ ਹੀ ਤੇਰੇ ਮੇਂ ਹੰਕਾਰ ਹੈ ਮੇਰਾ ਕਹਾ ਭੀ ਨਹੀ ਮਾਨਤਾ। ਤੂੰ ਮਿਟੀ ਕੇ ਸਰੀਰ ਮੇਂ ਅਭਿਮਾਨ ਕਰਤਾ ਹੂਆ ਮਿਟੀ ਸੇ ਡਰ ਰਹਾ ਹੈਂ ਔਰ ਸਾਧੂ ਪਨੇ ਕੋ ਨਸ਼ਟ ਕਰ ਰਹਾ ਹੈਂ। ਸਾਧੂ ਕੇ ਲਖਣ ਗੁਰੂ ਸਾਹਿਬ ਲਿਖਤੇ ਹੈ:-

**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥**
**ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥**
**ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥**

[ਮਾਰੂ ਮ: ੫ ਸਫਾ ੧੦੧੭

ਸੋ ਸੰਤ ਕੋ ਕੋਈ ਤਿਖੇ ਸਸ਼ਤ੍ਰ ਸੇ ਕਟੇ ਤੋ ਭੀ ਕ੍ਰੋਧ ਨ ਕਰਨਾ ਚਾਹੀਏ, ਤੇਰੇ ਕੋ ਦੋ ਛਿੱਟੋਂ ਸੇ ਕ੍ਰੋਧ ਆਯਾ ਸਾਧੂ ਪਨਾ ਨਸ਼ਟ ਕਰ ਦੀਆ।

ਪ੍ਰਮਾਣ ਹੈ:-

**ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥ ਪਉੜੀ ॥ ਰਾਰਾ ਰੇਨ ਹੋਤ ਸਬ ਜਾਕੀ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥**

[ਗਉੜੀ ਵਾਰ ਮ: ੫ ਸਲੋਕ ਸਫਾ ੭੫੯

ਸ਼ਿਸ਼ਯ ਨੇ ਦੇਖਾ ਠੀਕ ਮੇਰੇ ਮੇਂ ਅਭਿਮਾਨ ਹੈ ਆਖੋਂ ਸੇ ਦੇਖ ਲੀਆ ਫੇਰ ਸਰਣਾਗਤਿ ਹੂਆ ਮੇਰਾ ਅਭਿਮਾਨ ਦੂਰ ਕਰੋ। ਗੁਰੂ ਨੇ ਕਹਾ ਜਾ ਬਾਜ਼ਾਰ ਸੇ ਚਾਰ ਪੈਸੇ ਕੀ ਨਿਕੰਮੀ ਚੀਜ਼ ਲੇ ਆ, ਬਜ਼ਾਰ ਮੇਂ ਜਾ ਕਰਕੇ ਨਿਕੰਮੀ ਚੀਜ਼ ਢੂੰਡਨੇ ਲਗਾ ਕਹੀਂ ਸੇ ਨਾ ਮਿਲੀ। ਲੋਕ ਹਾਸੀ ਕਰ ਕਹਨੇ ਲਗੇ ਵੋ ਬੜਾ ਮੂਰਖ ਹੋਗਾ ਜੋ ਨਿਕੰਮੀ ਚੀਜ਼ ਰਖੇਗਾ। ਨੀਚ ਲੋਗ ਨਿਕੰਮੀ ਚੀਜ਼ ਰਖਤੇ ਹੈਂ ਬੁਧੀਮਾਨ ਤੋ ਨਹੀਂ ਰਖਤੇ। ਨਿਕੰਮੀ ਚੀਜ਼ ਕੀ ਤਲਾਸ਼ ਕਰਨੀ ਹੋ ਤੋ ਨੀਚੋਂ ਕੇ ਪਾਸ ਜਾ। ਇਤਨੇ ਮੇਂ ਏਕ ਭੰਗਨਿ ਵਿਸ਼ਟਾ ਕਾ ਟੋਕਰਾ ਉਠਾਕਰ ਜਾ ਰਹੀ ਥੀ ਕਿਸੀ ਨੇ ਕਹਾ ਦੇਖ ਇਸ ਨੀਚ ਭੰਗਨ ਕੇ ਸਿਰ ਪਰ ਨਿਕੰਮੀ ਚੀਜ਼ ਵਿਸ਼ਟਾ ਕਾ ਟੋਕਰਾ ਹੈ। ਇਸ ਸੇ ਲੇ ਲੇ ਉਹ ਭੰਗਨਿ ਕੀ ਤਰਫ ਦੌੜਾ। ਔਰ ਕਹਨੇ ਲਗਾ ਚਾਰ ਪੈਸੇ ਲੇ ਲੋ ਔਰ ਟੋਕਰਾ ਮੇਰੇ ਗੁਰੂ ਕੇ ਅਸਥਾਨ ਮੇਂ ਲੇ ਚਲ। ਭੰਗਨਿ ਨੇ ਕਹਾ ਹੈ ਤੋ ਯੇਹ ਨਿਕੰਮੀ ਸ਼ੈ ਪਰ ਕੁਛ ਕੰਮ ਦੇਤੀ ਹੈ ਔਰ ਇਸ ਸੇ ਪਰੇ ਕੋਈ ਨਿਕੰਮੀ ਸ਼ੈ ਮਿਲੇਗੀ ਭੀ ਨਹੀਂ ਮੈਂ ਖੇਤ ਵਾਲੋਂ ਕੋ ਬੇਚ ਚੁਕੀ ਹੂੰ ਔਰ ਉਸਕੇ ਖੇਤ ਮੇਂ ਫੇਂਕੂੰਗੀ। ਤੁਮਨੇ ਜਿਤਨਾ ਲੇਨਾ ਹੈ ਉਤਨਾ ਓਥੇ ਚਲ ਕਰ ਲੇ ਲੇਨਾ। ਮੈਂ ਤੁਮਾਰੇ ਸੇ ਨਿਕੰਮੀ ਚੀਜ਼ ਕਾ ਮੂਲ ਨ ਲੂੰਗੀ। ਵੋਹ ਉਸਕੇ ਸਾਥ ਗਯਾ ਭੰਗਣਿ ਨੇ ਖੇਤ ਮੇਂ ਜਾ ਕਰ ਵਿਸ਼ਟਾ ਕਾ ਟੋਕਰਾ ਫੈਂਕਾ। ਅਰ ਕਹਾ ਜਿਤਨਾ ਮਰਜ਼ੀ



ਉਠਾ ਲੇ ਜਬ ਵਿਸ਼ਟਾ ਕੋ ਉਨਾਨੇ ਵਾਸਤੇ ਗਯਾ ਤੋ ਵਿਸ਼ਟਾ ਸੇ ਆਵਾਜ਼ ਆਯਾ ਕਿ ਏ ਨੀਚ ਪਾਪੀ ਪਰੇ ਹਟ ਮੇਰੇ ਕੋ ਹਥ ਨ ਲਗਾ ਮੈਂ ਤੁਮਾਰੇ ਜੈਸੇ ਦੇਹ ਅਭਿਮਾਨਿਓਂ ਕੇ ਸੰਗ ਸੇ ਇਸ ਦਸ਼ਾ ਕੋ ਪ੍ਰਾਪਤ ਹੂਆ ਹੂੰ ਮੈਂ ਨਿਕੰਮਾ ਨਹੀਂ ਤੂੰ ਮੇਰੇ ਸੇ ਸੌ ਗੁਣਾ ਅਧਿਕ ਨਿਕੰਮਾ ਹੈਂ। ਜਿਸ ਦੇਹ ਕੀ ਸੰਗਤਿ ਕਰਕੇ ਇਤਨਾ ਸੰਤੋਂ ਕਾ ਸੇਵਾਦਾਰ ਹੋਕਰ ਸੰਤੋਂ ਕੇ ਪਾਸ ਰਹਿਤੇ ਭੀ ਇਤਨਾ ਨਿਕੰਮਾ ਹੋ ਗਿਆ ਹੈਂ। ਜੋ ਤੂੰ ਪਰਮੇਸ਼ੁਰ ਕੇ ਦਰਗਾਹ ਸੇ ਬਾਹਰ ਨਿਕਾਲਾ ਜਾਏਂਗਾ ਔਰ ਤੇਰੇ ਸਿਰ ਪਰ ਜੁਤੀਆਂ ਪੜਨਗੀਆਂ ਔਰ ਮੂੰਹ ਮੇਂ ਥੁਕਾਂ ਪੜਨਗੀਆਂ।

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥**

[ਆ: ਵਾ: ਸਲੋ: ਮ: ੧ ਸਫਾ ੪੭੩

ਤੁਮ ਨੇ ਦੇਹ ਕੀ ਬਹੁਤ ਕਾਲ ਸੰਗਤਿ ਕਰੀ ਹੈ ਇਸ ਵਾਸਤੇ ਤੇਰੀ ਯਹ ਹਾਲਤ ਹੋਵੇਗੀ ਮੈਂ ਭੀ ਪਵਿਤ੍ਰ ਥਾ। ਔਰ ਥੋੜਾ ਕਾਲ ਦੇਹ ਕੀ ਸੰਗਤਿ ਕਰੀ ਉਸ ਕਾ ਫਲ ਯਹ ਹੂਆ। ਜੋ ਇਸ ਖ਼ਰਾਬ ਜਗਹ ਸਿਟਿਆ ਗਯਾ ਹੂੰ। ਪ੍ਰਮਾਣ:-

**ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ॥ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥**

[ਆ: ਵਾ: ਸਲੋ: ਮ: ੧ ਸਫਾ ੪੭੩

ਵਿਸ਼ਟਾ ਕਹਤਾ ਹੈ ਮੈਂ ਤੋ ਕਲ ਦਿਨ ਹਲਵਾਈਓਂ ਕੀ ਦੁਕਾਨ ਮੇਂ ਅਨੇਕ ਪ੍ਰਕਾਰ ਕੇ ਰਸ ਬਣਾ ਹੂਆ ਥਾ ਖਟੇ ਮਿਠੇ ਸਲੂਣੇ ਜਿਸ ਮੇਂ ਘੀ ਮੈਦਾ ਖੰਡ ਪਾਣੀ ਲੂਣ ਮਿਰਚ ਮਸਾਲੇ ਡਾਲ ਕਰ ਬਣਾਇਆ ਗਯਾ ਥਾ ਔਰ ਸਭੋਂ ਨੇ ਪ੍ਰਸੰਨ ਹੋਕਰ ਸ਼ਲੋਕ ਪੜ੍ਹ ਪੜ੍ਹ ਮੇਰੇ ਕੋ ਖਾਯਾ ਥਾ ਫਕਤਿ ਚਾਰ ਪਹਰ ਯਾ ਆਠ ਪਹਰ ਮੈਂ ਸਰੀਰ ਕੀ ਸੰਗਤਿ

ਕਰੀ ਤੋ ਮੈਂ ਐਸੇ ਸੁੰਦਰ ਰਸੋਂ ਕੀ ਯਹ ਹਾਲਤਿ ਹੂਈ ਹੈ ਜੋ ਖਰਾਬ ਜਗਹ ਫੈਂਕਾ ਗਯਾ ਹੂੰ ਔਰ ਮੇਰੇ ਤੇ ਥੁਕਾਂ ਪੜ ਰਹੀਆਂ ਹਨ। ਜੋ ਆਦਮੀ ਰਸ ਖਾਨੇ ਵਾਲੇ ਹਨ। ਔਰ ਫਿਰ ਦੇਹ ਕੀ ਸੰਗਤਿ ਕਰਨੇ ਵਾਲੇ ਹਨ ਔਰ ਪਰਮੇਸ੍ਵਰ ਕੇ ਸਿਮਰਣ ਸੇ ਬੇਮੁਖ ਹੈਂ ਉਨੋਂ ਪਰ ਤੋ ਖਬਰ ਹੀ ਨਹੀਂ ਕਿਤਨੀਆਂ ਥੁਕਾਂ ਪਵਨਗੀਆਂ ਔਰ ਕਿਥੇ ਸੁਟੇ ਜਾਣਗੇ ? ਹੇ ਪਾਪੀ ਤੂੰ ਭੀ ਰਸ ਖਾਨੇ ਵਾਲਾ ਹੈ ਔਰ ਦੇਹ ਕੀ ਸੰਗਤਿ ਕਰਨੇ ਵਾਲਾ ਹੈ। ਗੁਰੂ ਔਰ ਪਰਮੇਸ੍ਵਰ ਸੇ ਬੇਮੁਖ ਰਹਿਤਾ ਹੈਂ ਤਾਂਤੇ ਮਹਾਂ ਨਿਕੰਮਾ ਹੈਂ ਫਿਰ ਤੂੰ ਅਭਿਮਾਨ ਕਰਤਾ ਹੈਂ ਮੈਂ ਸਾਧੂ ਹੂੰ ਲੋਕੋਂ ਸੇ ਮਥਾ ਟਿਕਾਤਾ ਹੈਂ। ਔਰ ਊਚਾ ਬਨਕੇ ਬੈਠਤਾ ਹੈਂ। ਔਰ ਭੰਗੀ ਜੋ ਹਮਾਰੇ ਕੋ ਸਿਰ ਪਰ ਉਠਾਤੇ ਹੈਂ ਉਨਕੋ ਡੰਡਾ ਮਾਰਤਾ ਹੈ ।

ਜਾ ਨੀਚ ਮੇਰੇ ਕੋ ਹਥ ਨ ਲਾ ਤੇਰੇ ਹਥ ਲਗਾਨੇ ਸੇ ਮੇਰੀ ਜ਼ਯਾਦਾ ਦੁਰਗਤਿ ਹੋਗੀ। ਜਾ ਗੁਰੂ ਪਾਸ ਜਾ ਕਰਕੇ ਦੇਹ ਅਭਿਮਾਨ ਕੋ ਦੂਰ ਕਰ। ਵਿਸ਼ਟਾ ਕੇ ਏਹ ਬਚਨ ਸੁਨ ਕਰ ਯਾਨੇ ਵਿਸ਼ਟਾ ਉਪਹਿਤ ਅੰਤਰਯਾਮੀ ਪ੍ਰਮਾਤਮਾ ਕੇ ਯੇ ਵਚਨ ਸੁਨ ਕਰ ਚਿਤ ਮੇਂ ਬੋਧ ਹੂਆ। ਔਰ ਬੜਾ ਡਰ ਹੂਆ ਕਿ ਮੈਂ ਨਿਕੰਮੇ ਦੇਹ ਅਭਿਮਾਨੀ ਕੀ ਖਬਰ ਨਹੀਂ ਕਿਆ ਗਤੀ ਹੋਗੀ ਡਰਤਾ ਹੂਆ ਗੁਰੂ ਸਰਣ ਮੇਂ ਆਯਾ ਔਰ ਪ੍ਰਾਰਥਨਾ ਕਰੀ, ਮੈਂ ਸ਼ਰਣਾਗਤ ਹੂੰ ਮੇਰਾ ਯਹ ਹਉਮੈਂ ਬੰਧਨ ਤੋੜੋ। ਮੈਂ ਅਪਰਾਧੀ ਪਾਪੀ ਗੁਨਹਗਾਰ ਹੂੰ। ਪਰ ਆਪ ਕੀ ਸਰਨ ਪੜਾ ਹੂੰ।

**ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥**
**ਕਰਿ ਉਪਦੇਸੁ ਝਿੜਕੇ ਬਹੁ ਭਾਂਤੀ ਬਹੁੜਿ ਪਿਤਾ ਗਲਿ ਲਾਵੈ॥**

[ਸੋਰਠ ਮ: ੫ ਸਫਾ ੬੨੪

ਸੋ ਮੇਰੇ ਕੋ ਗਲ ਨਾਲ ਲਗਾਓ ਹਉਮੈ ਸੇ ਛੁੜਾਓ, ਸ਼ਰਣ ਹੂੰ ਤਾਰੋ ਪਾਰ ਕਰੋ ਐਸੇ ਸ਼ਿਸ਼ ਕੇ ਨਿਮ੍ਰਤਾ ਕੇ ਵਚਨ ਸੁਨ ਕਰ ਗੁਰੂ ਦਯਾਲ ਹੋਕਰ ਧੀਰਜ ਦੇਤੇ ਭਯੇ ਕਿ ਭੈ ਨ ਕਰ ਤੂੰ ਸੰਸਾਰ ਸੇ ਪਾਰ ਹੋ ਜਾਏਂਗਾ ਅਹੰਕਾਰ ਦੇਖੋ ਜੀਵ ਕੋ ਕੈਸਾ ਖਰਾਬ ਕਰਤਾ ਹੈ। ਪ੍ਰਮਾਣ:-

**ਪ੍ਰਥਮੇ ਤੇਰੀ ਨੀਕੀ ਜਾਤਿ ॥ ਦੁਤੀਆ ਤੇਰੀ ਮਨੀਐ ਪਾਂਤਿ ॥**
**ਤ੍ਰਿਤੀਏ ਤੇਰਾ ਸੁੰਦਰ ਥਾਨੁ ॥ ਬਿਗੜ ਰੂਪੁ ਮਨਿ ਮਹਿ**
**ਅਭਿਮਾਨੁ ॥**

[ਆਸਾ ਮ: ੫ ਸਫਾ ੩੭੪

ਅਰਥ-ਹੇ ਜੀਉ ਦੇਖ ਪਹਿਲੇ ਤੂੰ ਬ੍ਰਹਮ ਸਰੂਪ ਥਾ । ਦੂਸਰਾ, ਦੇਹ ਇੰਦ੍ਰਿਯੋਂ ਪਰ ਤੇਰੀ ਹਕੂਮਤ ਚਲਤੀ ਥੀ । ਤੇਰੀ ਸੱਤਾ ਬਿਨਾ ਕੋਈ ਕਾਮ ਨਹੀਂ ਕਰਤੇ ਥੇ। ਤੀਸਰਾ ਤੇਰਾ ਰਹਨੇ ਕਾ ਅਸਥਾਨ ਧਾਤੁਕ ਹਿਰਦਾ ਥਾ ਅਬ ਮਨ ਮੇਂ ਅਭਿਮਾਨ ਰਖਿਆ ਤੇਰਾ ਰੂਪ ਹੀ ਬਿਗੜ ਗਯਾ । ਯਾਨੇ ਤੂੰ ਜਨਮ ਰਹਿਤ ਹੋਨੇ ਪਰ ਭੀ ਕੀਟ ਪਤੰਗ ਆਦਿ



ਲਖ ਚੋਰਾਸੀ ਜੋਨੀਓਂ ਮੇਂ ਦੁਖ ਕੋ ਭੋਗਤਾ ਹੈ ਹੰਕਾਰ ਨੇ ਕਿਸ ਕਿਸ ਕੋ ਨਹੀਂ ਬਿਗਾੜਾ ਹੰਕਾਰ ਬ੍ਰਹਮਾ ਨੇ ਕੀਆ ਚਾਰ ਵੇਦੋਂ ਨੇ ਕੀਆ। ਤੋ ਉਨੋਂ ਕੋ ਭਟੋਂ ਕਾ ਰੂਪ ਧਾਰਣ ਕਰਨਾ ਪਿਆ। ਔਰ ਸ੍ਰੀ ਅੰਮ੍ਰਿਤਸਰ ਮੇਂ ਸ੍ਰੀ ਗੁਰੂ ਅਰਜਨ ਦੇਵ ਦੁਆਰਾ ਕਲਿਆਨ ਪਾਈ। ਨਾਰਦ ਕੋ ਹੰਕਾਰ ਹੂਆ ਮੈਂ ਕਾਮ ਜੀਤਾ ਹੈ ਤੋ ਉਸਕੋ ਬਾਂਦਰ ਕਾ ਮੁਖ ਮਿਲਾ ਔਰ ਸਭਾ ਮੇਂ ਲਜਿਤ ਹੋਨਾ ਪੜਾ। ਦਾਨ ਕਰਤੇ ਰਾਜਾ ਹਰਿਸ ਚੰਦ੍ਰ ਨੇ ਅਭਿਮਾਨ ਕੀਆ ਤੋ ਉਸਕੋ ਸੁਰਗ ਮੇਂ ਜਾਨਾ ਨਾ ਮਿਲਾ । ਤਪਸ੍ਯਾ ਕਰਤੇ ਯਯਾਤੀ ਰਾਜਾ ਨੇ ਅਭਿਮਾਨ ਕਰਿਆ ਤੋ ਉਸਕੋ ਸੁਰਗ ਸੇ ਗਿਰਨਾ ਪੜਾ । ਔਰ ਗਿਰਾਯਾ ਗਯਾ।

ਯਗ ਕਰਤੇ ਬਲੀ ਰਾਜਾ ਨੇ ਅਭਿਮਾਨ ਕੀਆ ਤੋ ਉਨਕੋ ਪਤਾਲ ਮੇਂ ਜਾਨਾ ਪੜਾ ਇਸਤਰਹ ਅਨੇਕੋਂ ਨੇ ਅਭਿਮਾਨ ਕਰਕੇ ਪਸਚਾਤਾਪ ਕੀਆ। ਪ੍ਰਮਾਣ:-

**ਹਉਮੈ ਮਮਤਾ ਮੋਹਣੀ ਸਭ ਮੁਠੀ ਹੰਕਾਰਿ ॥**
**ਰਹਾਉ ॥ ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥**
**ਦੁਬਿਧਾ ਲਾਗੇ ਪਚਿ ਮੂਏ ਅੰਤਰਿ ਤ੍ਰਿਸਨਾ ਅਗਿ ॥**
**ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥** [ਸ੍ਰੀ ਰਾ: ਮ: ੧ ਸਫਾ ੧੯

**ਤ੍ਰੈ ਗੁਣ ਮਾਇਆ ਵੇਖਿ ਭੂਲੇ ਜਿਉ ਦੇਖਿ ਦੀਪਕਿ ਪਤੰਗੁ**
**ਪਚਾਇਆ ॥ ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ**
**ਕਿਨੈ ਕਿਹੁ ਆਣ ਚੜਾਇਆ ॥ ਦੂਜੇ ਭਾਇ ਪੜਹਿ ਨਿਤੁ**
**ਬਿਖਿਆ ਨਾਵਹੁ ਦਯਿ ਖੁਆਇਆ ॥ ਜੋਗੀ ਜੰਗਮ ਸੰਨਿ-**
**ਆਸੀ ਭੁਲੇ ਓਨ੍ਾ ਅਹੰਕਾਰੁ ਬਹੁ ਗਰਬੁ ਵਧਾਇਆ ॥**
**ਛਾਦਨੁ ਭੋਜਨੁ ਨ ਲੈਹੀ ਸਤਿ ਭਿਖਿਆ ਮਨ ਹਠਿ**
**ਜਨਮੁ ਗਵਾਇਆ ॥ ਏਤੜਿਆਂ ਵਿਚੋਂ ਸੋ ਜਨ ਸਮਿਧਾ**
**ਜਿਨਿ ਗੁਰਮੁਖਿ ਨਾਮੁ ਧਿਆਇਆ ॥** [ਗੂਜਰੀ ਵਾਰ ਮ: ੩ ਸਫਾ ੫੧੩

**ਪਉੜੀ ॥ ਮਾਇਆ ਮੋਹੁ ਪ੍ਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥**
**ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ**
**ਕਰਾਰਾ ॥ ਮਨਮੁਖ ਜਮ ਮਗਿ ਪਾਈਅਨਿ ਜਿਨ੍ ਦੂਜਾ**
**ਭਾਉ ਪਿਆਰਾ ॥ ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ**
**ਪੂਕਾਰਾ ॥ ਜਿਸਨੋ ਕ੍ਰਿਪਾ ਕਰੇ ਤਿਸੁ ਗੁਰ ਮਿਲੈ**
**ਗੁਰਮੁਖਿ ਨਿਸਤਾਰਾ ॥** [ਸਲੋਕ ਮ: ੩ ਸਫਾ ੫੧੩

**ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥ ਜੋ ਮੋਹਿ ਦੂਜੈ ਚਿਤ ਲਾਇੰਦੇ ਤਿਨਾ ਵਿਆਪ ਰਹੀ ਲਪਟਾਇ ॥ ਗੁਰ ਕੇ ਸਬਦ ਪਰ ਜਾਲੀਏ ਤਾ ਏਹ ਵਿਚਹੁ ਜਾਇ ॥**

**ਤਥਾ—ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥**

ਬ੍ਰਹਮ ਦਰਸ਼ਨ ਮੇਂ ਹਉਮੈਂ ਪ੍ਰਤਿਬੰਧਕ ਹੈ ਯਾਨੇ ਪਰਦਾ ਹੈ। ਜੈਸੇ ਸ੍ਰੀ ਰਾਮਚੰਦਰ ਜੀ ਕੇ ਦਰਸ਼ਨ ਮੇਂ ਲਛਮਨ ਜੀ ਕਾ ਦਰਸ਼ਨ ਪ੍ਰਤਿਬੰਧਕ ਹੈ।

ਭਾਵ ਯੇਹ ਜਬ ਸ੍ਰੀ ਰਾਮ ਚੰਦ੍ਰ ਜੀ ਪਿਤਾ ਕੀ ਆਗਿਆ ਪਾ ਕਰ ਬਨ ਕੋ ਗਏ ਔਰ ਚਿਤ੍ਰਕੂਟ ਮੇਂ ਪਹੁੰਚੇ ਵਹਾਂ ਅਨੇਕ ਰਿਸ਼ੀ ਗਣ ਰਹਿਤੇ ਥੇ। ਉਨਹੋਂ ਨੇ ਸ੍ਰੀ ਰਾਮ ਜੀ ਤਥਾ ਲਛਮਨ ਕੋ ਸਤਿਕਾਰ ਸੇ ਬੈਠਾਯਾ ਔਰ ਅਪਨੇ ਸੇ ਥੋੜਾ ਦੂਰ ਸੀਤਾ ਜੀ ਕੋ ਏਕ ਬ੍ਰਿਖ ਕੇ ਨੀਚੇ ਬਿਠਾਯਾ। ਉਸ ਸਮੇਂ ਰਿਸ਼ਿਓਂ ਕੀ ਇਸਤ੍ਰਿਓਂ ਕੋ ਭੀ ਪਤਾ ਲਗਾ ਕਿ ਸ੍ਰੀ ਰਾਮ ਚੰਦ੍ਰ ਪਿਤਾ ਕੀ ਆਗਿਆ ਪਾ ਕਰ ਸੀਤਾ ਕੋ ਸਾਥ ਲੇ ਕਰ ਬਨ ਮੇਂ ਆਏ ਹੈਂ। ਪਰ ਸ੍ਰੀ ਲਛਮਨ ਜੀ ਸੇ ਅਗਿਆਤ ਥੀਆਂ ਯਾਨੇ ਸ੍ਰੀ ਲਛਮਨ ਜੀ ਕੋ ਨਹੀਂ ਜਾਨਤੀ ਥੀਂ। ਸੁਨ ਸੁਨ ਕਰ ਦਰਸ਼ਨ ਕੇ ਲੀਏ ਆਈਆਂ। ਔਰ ਆ ਕਰ ਸੀਤਾ ਜੀ ਕੇ ਪਾਸ ਬੈਠ ਗਈਆਂ। ਔਰ ਸਾਹਮਣੇ ਏਕ ਉਮਰ ਵਾਲੇ ਸ਼ਾਮ ਗੌਰ ਦੋ ਸਰੂਪ ਦੇਖੇ। ਉਨਕੋ ਸੰਸਯ ਹੂਆ ਕਿ ਇਨ ਦੋਨੋਂ ਮੇਂ ਸ੍ਰੀ ਰਾਮ ਜੀ ਕੌਨ ਹੈਂ। ਬਹੁਤ ਦਲੀਲਾਂ ਦੇਨੇ ਪਰ ਭੀ ਨਿਸਚੇ ਨ ਕਰ ਸਕੀਆਂ । ਹਾਰ ਕਰ ਸ੍ਰੀ ਸੀਤਾ ਜੀ ਸੇ ਪੂਛਤੀਆਂ ਭਈਆਂ ਸ੍ਰੀ ਰਾਮ ਜੀ ਕੌਨ ਹੈਂ । ਸ੍ਰੀ ਸੀਤਾ ਜੀ ਸ੍ਰੀ ਲਛਮਨ ਕੇ ਨਿਸ਼ੇਧ ਦੁਆਰਾ ਸ੍ਰੀ ਰਾਮ ਜੀ ਕੋ ਦਖਾਇ ਦੀਆ ਯਾਨੇ ਯੇਹ ਕਹਾ ਵਾਮ ਭਾਗ ਮੇਂ ਜੋ ਗੌਰ ਮੂਰਤਿ ਬੈਠੇ ਹੈਂ ਇਨਕਾ ਨਾਮ ਲਛਮਨ ਹੈ । ਏਹ ਮੇਰੇ ਦੇਵਰ ਹੈਂ । ਤਬ ਰਿਸ਼ੀ ਇਸਤ੍ਰੀਆਂ ਨਿਸਚੇ ਕਰਤੀਆਂ ਭਈਆਂ ਕਿ ਸਜੇ ਪਾਸੇ ਜੋ ਸ਼ਾਮ ਮੂਰਤਿ ਬੈਠੇ ਹੈਂ ਵੋ ਰਾਮ ਜੀ ਹੈਂ । ਤਬ ਉਠ ਕਰ ਫੂਲ ਮਾਲਾ ਲੇਕਰ ਸ੍ਰੀ ਰਾਮ ਜੀ ਕੋ ਅਵਤਾਰ ਸਮਝ ਕਰ ਪੂਜਨ ਕਰਤੀਆਂ ਭਈਆਂ।

ਇਸੀ ਤਰਹ ਜਗਿਆਸੂ ਨੇ ਵੇਦੋਂ ਸ਼ਾਸਤਰੋਂ ਦੁਆਰਾ ਸੁਣਾ ਹੂਆ ਥਾ ਕਿ ਪਰਮਾਤਮਾ ਹਿਰਦੇ ਕੇ ਅੰਦਰ ਜੋ ਅਹੰਬਿਰਤੀ ਹੈ ਉਸ ਮੇਂ ਆਯਾ ਹੂਆ ਹੈ ਔਰ ਆਪਣਾ ਨਾਮ ਆਤਮਾ ਰਖਿਆ ਹੈ। ਔਰ ਉਹ ਆਤਮਾ ਅਜਰ ਅਮਰ ਹੈ।

**ਘਟਿ ਘਟਿ ਮੈ ਹਰਿ ਜੂ ਬਸੈ, ਸੰਤਨ ਕਹਿਓ ਪੁਕਾਰਿ ॥**

[ਸ: ਮ: ੯ ਸਫਾ ੧੪੨੬

**ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪ੍ਰਗਟੁ ਹਰਿ ਹਰਿ ਨਾਮੁ ॥**

[ਪ੍ਰਭਾ ਮ: ੩ ਸਫਾ ੧੩੩੪



**ਘਟਿ ਘਟਿ ਪੂਰਿ ਰਹੇ ਸੁਖ ਸਾਗਰ ਭੈ ਭੰਜਨ ਮੇਰੇ ਪ੍ਰਾਣ ॥**

[ਕਾਨ ਮ: ੫ ਸਫਾ ੧੩੦੨

**ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥** [ਅ: ਮ: ੫ ਸਫਾ ੪੧੫

**ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ ਇਕਨਾ ਪ੍ਰਭੁ ਦੂਰਿ ਵਸੇ ਇਕਨਾ ਮਨਿ ਆਧਾਰੋ ਰਾਮ ॥**

[ਸੂ: ਮ: ੩ ਸਫਾ ੭੭੨

**ਜਾਕੀ ਗਤਿ ਮਿਤਿ ਕਹੀ ਨ ਜਾਇ ॥ ਘਟ ਘਟ ਘਟ ਘਟ ਰਹਿਆ ਸਮਾਇ ॥** [ਬਸੰਤ ਸ: ੫ ਸਫਾ ੧੧੮੧

**ਜਿਸਕੇ ਧਾਰੇ ਧਰਣਿ ਆਕਾਸੁ ॥ ਘਟਿ ਘਟਿ ਜਿਸਕਾ ਹੈ ਪ੍ਰਗਾਸੁ ॥ ਜਿਸ ਸਿਮਰਤ ਪਤਿਤ ਪੁਨੀਤ ਹੋਇ ॥ ਅੰਤ ਕਾਲ ਫਿਰ ਫਿਰ ਨ ਰੋਇ ॥** [ਬਸੰਤ ਮ: ੫ ਸਫਾ ੧੧੮੨

**ਘਟਿ ਘਟਿ ਅੰਤਰਿ ਸਗਲ ਅਧਾਰੁ ॥** [ਧਨਾ: ਮ: ੫ ਸਫਾ ੬੭੭

**ਘਟ ਘਟ ਅੰਤਰ ਸਾਹਿਬ ਮੇਰਾ ॥** [ਦੇਵ ਗੰਧਾਰੀ ਮ: ੫

**ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥** [ਆ:ਨਾ: ਸਫਾ੪੮੫

**ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ਇਕਸੁ ਬਿਨੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਏਹ ਮਤਿ ਸਾਰੀ ਜੀਉ ॥**

[ਮਾਝ ਮ: ੫ ਸਫਾ ੧੦੮

**ਵਵਾ ਵੈਰੁ ਨ ਕਰੀਐ ਕਾਹੂ ॥ ਘਟਿ ਘਟਿ ਅੰਤਰਿ ਬ੍ਰਹਮ ਸਮਾਹੂ ॥** [ਗਉ: ਬਾ: ਅ: ਮ: ੫ ਸਫਾ ੨੫੯

**ਸਗਲ ਸਮਗ੍ਰੀ ਜਾਕੈ ਸੂਤ ਪਰੋਈ ॥ ਘਟ ਘਟ ਅੰਤਰਿ ਰਵਿਆ ਸੋਈ ॥ ਓਪਤਿ ਪਰਲਉ ਖਿਨ ਮਹਿ ਕਰਤਾ ॥ ਆਪ ਅਲੇਪਾ ਨਿਰਗੁਣ ਰਹਤਾ ॥** [ਆਸਾ ਮ: ੫

**ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ ॥ ਖੰਡ ਦੀਪ ਸਭ ਭੀਤਰ ਰਵਿਆ ਪੂਰਿ ਰਹਿਓ ਸਭ ਲੋਊ ॥** [ਦੇਵ: ਗੰ: ਮ: ੫

**ਸਗਲ ਬਨਸਪਤ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**

ਊਚ ਨੀਚ ਮਹਿ ਜੋਤਿ ਸਮਾਣੀ ॥ ਘਟ ਘਟ ਮਾਧਉ ਜੀਆ ॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਪੂਰਨ ਪੂਰਿ ਰਹਿਓ ਸਰਬ
ਮਹਿ ਜਲਿ ਥਲਿ ਰਮਈਆ ਆਹਿਓ ॥ ਰਹਾਉ ॥ ਗੁਣ ਨਿਧਾਨ
ਨਾਨਕ ਜਸੁ ਗਾਵੈ ਸਤਿਗੁਰੁ ਭਰਮੁ ਚੁਕਾਇਓ ॥ ਸਰਬ ਨਿਵਾਸੀ
ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥ [ਸਫਾ ੬੧੭

ਸਭ ਕਿਛੁ ਘਰਿ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ
ਭੁਲਾਹੀ [ਮਾਝ ਮ: ੫ ਸਫਾ ੧੦੨

ਸਰੀਰਹੁ ਭਾਲਣਿ ਕੋ ਬਾਹਰਿ ਜਾਇ ॥ ਨਾਮੁ ਨ ਲਹੈ ਬਹੁਤ
ਵੇਗਾਰਿ* ਦੁਖੁ ਪਾਏ ॥ [ਮਾਝ ਮ: ੩ ਸਫਾ ਅਸਟ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲਐ ਜੰਗਲੁ ਕਿਆ ਢੂੰਢੇਹਿ ॥ [ਸਲੋਕ ਫਰੀਦ ਸਫਾ ੧੩੭੯

ਸੋ ਪ੍ਰਭ ਨੇਰੈ ਹੂ ਤੇ ਨੇਰੈ ॥ ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨ ਰੈਨ ਸਾਂਝ ਸਵੇਰੈ ॥ ਦੇਵ ਗੰਧਾਰੀ ਮ: ੫ ਸਫਾ ੫੩੦

ਨੇਰੈ ਨਾਹੀ ਦੂਰਿ ਨਿਜ ਆਤਮੈ ਰਹਿਆ ਭਰਪੂਰਿ ॥
[ਸੋਰਠ ਨਾਮਦੇਵ ਸਫਾ ੬੫੭

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿੰਦਾ ਰਵਿ ਰਹਿਆ ਨਹੀ
ਦੂਰੀ ਜੀਉ ॥ ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ
ਹਰਿ ਆਪੇ ਰਹਿਆ ਭਰਪੂਰੀ ਜੀਉ ॥ ਹਰਿ ਆਤਮ ਰਾਮ
ਪਸਾਰਿਆ ਮੇਰੇ ਗੋਵਿਦਾ ਹਰਿ ਵੇਖੈ ਆਪਿ ਹਦੂਰੀ ਜੀਉ ॥
ਹਰਿ ਅੰਤਰਿ ਵਾਜਾ ਪਉਣ ਹੈ ਮੇਰੇ ਗੋਵਿਦਾ ਹਰਿ ਆਪਿ
ਵਜਾਏ ਤਿਉ ਵਾਜੇ ਜੀਉ ॥ [ਗਉੜੀ ਮਾਝ ਮ: ੪ ਸਫਾ ੧੭੪

ਘਟ ਘਟ ਵਾਸੀ ਸਰਬ ਨਿਵਾਸੀ ਨੇਰੈਹੀ ਤੇ ਨੇਰਾ ॥ [ਸੂ: ਮ: ੫ ਸਫਾ ੭੮੪

ਸੋ ਐਸੇ ਪਰਮਾਤਮਾ ਹਿਰਦੇ ਦੇਸ ਕੇ ਅਹੰ ਬ੍ਰਿਤੀ ਮੇਂ ਆਯਾ ਸੁਨਾ ਹੈ। ਜੋ ਸਾਰੇ ਪੂਰਣ ਹੈ ਨਿਰਲੇਪ ਹੈ ਖਿਣ ਮੈਂ ਸਭ ਕੋ ਉਤਪਤਿ ਨਾਸ ਕਰਤਾ ਹੈ । ਸੁਨੇ ਕਰ

*ਵੇਗਾਰ ਕਾ ਅਰਥ ਸਾਧਨ ਕਰਨਾ ।



ਜਗਿਆਸੂ ਦਰਸ਼ਨ ਕਰਨੇ ਕੋ ਗਇਆ ਤੋ ਅੰਦਰ ਦੋ ਆਤਮਾ ਦੇਖੇ ਏਕ ਸਾਖੀ ਆਤਮਾ ਏਕ ਜੀਵਾਤਮਾ। ਇਨ ਮੇਂ ਕੌਣ ਆਤਮਾ ਬ੍ਰਹਮ ਰੂਪ ਹੈ ਯਹ ਸਮਝ ਨ ਸਕਾ ਕਿਉਂਕਿ ਅਭੇਦ ਕੇ ਵਚਨ ਭੀ ਸੁਨੇ ਹਨ ਔਰ ਭੇਦ ਕੇ ਵਚਨ ਭੀ ਸੁਨੇ ਹਨ ਜੈਸੇ ਭੇਦ ਕੇ ਵਚਨ:-

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਣ ਤੂ ਦਾਤਾ ॥ ਹਮ
ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥ ਮਾਧੋ
ਹਮ ਐਸੇ ਤੂ ਐਸਾ ॥ ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ
ਦੇਸਾ ॥ ਰਹਾਉ ॥ ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ
ਪ੍ਰਾਨਾ ॥ ਨਿਰਗੁਨੀਆਰੇ ਗੁਨ ਨਹੀ ਕੋਈ ਤੁਮ ਦਾਨੁ ਦੇਹੁ
ਮਿਹਰਵਾਨਾ ॥ ਤੁਮ ਕਰਹੁ ਭਲਾ ਹਮ ਭਲੋ ਨ ਜਾਨਹੁ ਤੁਮ ਸਦਾ
ਸਦਾ ਦਇਆਲਾ ॥ ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ
ਅਪੁਨੇ ਬਾਲਾ ॥ ਤੁਮ ਨਿਧਾਨ ਅਟਲ ਸੁਲਤਾਨਿ ਜੀਅ ਜੰਤ ਸਭਿ
ਜਾਚੈ ॥ ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥
[ਸੋਰਠਿ ਮ: ੫ ਸਫਾ ੬੧੩

(ਅਬ ਅਭੇਦ ਬਚਨ ਲਿਖਤੇ ਹੈਂ)

ਸੂਰਜ ਕਿਰਣਿ ਮਿਲੀ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ
ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਨੀਐ ਏਕੁ
ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ
ਜਾਣੀਐ ॥ ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ ॥
[ਬਿਲਾ: ਮ: ੫ ਸਫਾ ੮੪੬

ਨਾ ਉਸੁ ਬੰਧਨ ਕਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥
ਨਾ ਉਸੁ ਮੈਲੁ ਨਾ ਹਮਕੋ ਮੈਲਾ ॥ ਓਸੁ ਅਨੰਦ ਤ ਹਮ ਸਦ ਕੇਲਾ ॥
ਨਾ ਉਸੁ ਸੋਚ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨਾ ਹਮ ਕਉ
ਪੋਚਾ ॥ ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ ॥ ਜਾਉਹੁ ਨਿਰ-
ਮਲੁ ਤਾ ਹਮ ਜਚਨਾ ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ

**ਏਕੋ ਸੋਈ ॥ ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਇ ਇਕ ਰੰਗਾ ॥**

[ਆਸਾ ਮਹਲਾ ੫ ਸਫਾ ੩੯੧

**ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥**

[ਸੋਰਠ ਮਹਲਾ ੧ ਸਫਾ ੫੯੯

ਭੇਦ ਕੇ ਅਭੇਦ ਕੇ ਵਚਨ ਸੁਨ ਕਰ ਜਗਿਆਸੂ ਕੋ ਸੰਸਯ ਹੂਆ । ਔਰ ਅੰਦਰ ਯਾਨੇ ਅਹੰਬ੍ਰਿਤੀ ਮੇਂ ਭੀ ਦੋ ਆਤਮਾ ਦੇਖਕੇ ਸੰਸਯ ਹੋ ਗਯਾ ।

**ਏਕ ਹੀ ਸਮੇ ਭਾਨ ਹੈ ਸਾਖੀ ਔਰ ਆਭਾਸ । ਦੂਜੇ ਚੇਤਨ ਕੋ ਵਿਸ਼ੇ ਸਾਖੀਸ੍ਵਯੰ ਪ੍ਰਕਾਸ਼ ।**

[ਵਿਚਾਰ ਸਾਗਰ

**ਦੁਆ ਸੁ ਪੁਰਨਾ ਸਯੁਜਾ ਸਖਾਯਾ ਸਮਾਨੰ ਬ੍ਰਿਖੰ ਪਰਿਸ਼ਸ੍ਵਜਾਤੇ ।**
**ਤਯੋਰਨਯ: ਪਿੱਪਲੰ ਸ੍ਵਾਦੁਵਤਿ ਅਨਸ਼ਨਨ ਨਨਯੋ ਅਭਿਚਾਕ ਸ਼ੀਤਿ ।**

ਤ੍ਰਿਤੀਯਾ ਮੁੰਡਕ ਪ੍ਰਥਮ ਖੰਡ ॥ ਮੰਤ੍ਰ ੧ ॥

ਅਰਥ–ਦੋ ਪੰਖੀ ਸਾਖੀ ਚੇਤਨ ਔਰ ਜੀਵ ਚੇਤਨ ਏਕ ਬੁਧੀ ਰੂਪ ਬ੍ਰਿਖ ਮੇਂ ਇਕਠੇ ਰਹਿਤੇ ਹੈਂ ।

**ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥**
**ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥**

[ਬਿਹਾਗੜਾ ਕੀ ਵਾਰ ਮ: ੩ ਸਫਾ ੫੫੦

ਤਿਨ ਮੇਂ ਏਕ ਜੀਵ ਚੇਤਨ ਰੂਪੀ ਪੰਖੀ ਫਲ ਕੋ ਖਾਤਾ ਹੈ ਯਾਨੇ ਸੁਖ ਦੁਖ ਕੋ ਅਨਭਵ ਕਰਤਾ ਹੈ ਔਰ ਦੇਸ਼ ਦੇਸ਼ਾਂਤਰੋਂ ਮੇਂ ਆਤਾ ਜਾਤਾ ਹੈ ਔਰ ਹਮੇਸ਼ਾਂ ਸ਼ੋਕਵਾਨ ਰਹਿਤਾ ਹੈ ਔਰ ਦੂਸਰਾ ਸਾਖੀ ਰੂਪੀ ਪੰਖੀ ਖਾਤਾ ਪੀਤਾ ਨਹੀਂ ਯਾਨੇ ਸੁਖ ਦੁਖ ਕੋ ਅਨੁਭਵ ਨਹੀਂ ਕਰਤਾ ਨਾ ਹੀ ਆਤਾ ਜਾਤਾ ਹੈ ਅਨੰਦ ਮੇਂ ਰਹਿਤਾ ਹੈ । ਔਰ ਜੀਵ ਰੂਪ ਪੰਖੀ ਕੋ ਪ੍ਰਕਾਸ਼ ਕਰਤਾ ਹੈ ਔਰ ਉਸਕੋ ਸਤਾ ਦੇਤਾ ਹੈ ।

ਗੁਰੂ ਜੀ ਭੀ ਜੀਵ ਰੂਪੀ ਪੰਖੀ ਕਾ ਬਯਾਨ ਲਿਖਤੇ ਹੈਂ ।

**ਪੰਖੀ ਬਿਰਖ ਸੁਹਾਵੜੇ ਊਡਹਿ ਚਹੁਦਿਸਿ ਜਾਹਿ ॥**
**ਜੇਤਾ ਊਡਹਿ ਦੂਖ ਘਣੋ ਨਿਤ ਦਾਝਹਿ ਤੈ ਬਿਲਲਾਹਿ ॥**

[ਸਿਰੀ ਮ: ੩ ਸਫਾ ੬੬

**ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥**



**ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥**

[ਸਿਰੀ: ਮ: ੫ ਸਫਾ ੫੦

ਇਸ ਪ੍ਰਕਾਰ ਬੁਧੀ ਮੇਂ ਜੀਵਾਤਮਾ ਔਰ ਸਾਖੀ ਆਤਮਾ ਦੇਖ ਕਰ ਜਗਿਆਸੂ ਕੋ ਸ਼ੰਸਯ ਹੋ ਜਾਤਾ ਹੈ ਕਿ ਬ੍ਰਹਮ ਰੂਪ ਆਤਮਾ ਕੌਨ ਹੈ ਜਿਸਕੇ ਵਾਸਤੇ ਗੁਰੂ ਸਾਹਿਬ ਲਿਖਤੇ ਹੈਂ ।

**ਆਤਮਰਾਮ ਰਾਮ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ।**

[ਮਾਰੂ ਮ: ੧ ਸਫਾ ੧੦੩੦

**ਸਮਾਨੇ ਬ੍ਰਿਖੇ ਪੁਰੁਸ਼ੋਨਿਮਗਨੋ ਅਨੀਸ਼ਯਾ ਸ਼ੋਚਤਿ ਮੁਹਯਮਾਨ: ।**
**ਜੁਸ੍ਰੰ ਯਦਾ ਪਸ਼ਯਤਿ ਅਨਯ ਮੀਸ਼ਮਸਯ ਮਹਿਮਾਨਮਿਤਿ ਵੀਤਸ਼ੋਕ: ।**

[ਤ੍ਰਿਤੀਯ ਮੁੰਡਕੇ ਪ੍ਰਥਮ ਖੰਡਮੰ: ੨

ਅਰਥ–ਉਸੀ ਏਕ ਬੁਧੀ ਰੂਪੀ ਬ੍ਰਿਖਮੇ ਪੁਰਖ ਜੀਵ ਕਰਤਾ ਭੋਗਤਾ ਅਵਿਦਿਆ ਕਾਮ ਕਰਮ ਕੇ ਪ੍ਰਭਾਵ ਸੇ ਮੋਹਤ ਹੂਆ ਸੋਚ ਕਰਤਾ ਹੈ । ਜਬ ਸਾਧਨਵਾਨ ਹੋਕਰ ਜੀਵ ਭਿੰਨ ਸਾਖੀ ਕੇ ਸ੍ਵਰੂਪ ਕੋ ਦੇਖਤਾ ਹੈ ਤਬ ਸ਼ੋਕ ਰਹਿਤ ਹੋ ਜਾਤਾ ਹੈ । ਪਤਾ ਨਹੀਂ ਲਗਤਾ ਬਹੁਤ ਵੀਚਾਰ ਕਰਨੇ ਪਰ ਭੀ । ਤਬ ਜਗਿਆਸੂ ਗੁਰੂ ਰੂਪ ਸੀਤਾ ਜੀ ਪਾਸ ਜਾਕਰ ਪੂਛਤਾ ਹੈ, ਤੋ ਇਨ ਦੋਨੋਂ ਮੇਂ ਬ੍ਰਹਮ ਰੂਪ ਆਤਮਾ ਯਾਨੇ ਰਾਮ ਕੌਨ ਹੈ । ਕਿਉਂਕਿ ਦੋ ਆਤਮਾ ਕੋ ਦੇਖਕਰ ਮੇਰੇ ਕੋ ਸੰਦੇਹ ਹੋ ਗਿਆ ਹੈ, ਤਬ ਗੁਰੂ ਕਹਿਨੇ ਲਗੇ ਯੇਹ ਜੋ ਪਰ ਪ੍ਰਕਾਸ਼ ਯਾਨੇ ਸਾਖੀ ਕਰਕੇ ਪ੍ਰਕਾਸ਼ ਕੇ ਯੋਗ ਕਰਤਾ ਭੋਗਤਾ ਸੁਖੀ ਦੁਖੀ ਸ਼ੋਕਵਾਨ ਲੋਕ ਪ੍ਰਲੋਕ ਮੇਂ ਆਨੇ ਜਾਨੇ ਵਾਲਾ ਯੇਹ ਅਨਾਤਮਾ ਹੈ । ਯਾਨੇ ਲਛਮਨ ਹੈ; ਇਸਕੋ ਆਤਮਾ ਯਾਨੇ ਰਾਮ ਨਾ ਸਮਝੋ, ਇਸਕੋ ਹਟਾਕੇ ਇਸਕੋ ਪ੍ਰਕਾਸ਼ ਕਰਨੇ ਵਾਲਾ ਸਾਖੀ ਹੀ ਆਤਮਾ ਜਾਣੋਂ ਸਾਖੀ ਪਰ ਜੀਵਾਤਮਾ ਹੀ ਪਰਦਾ ਹੈ । ਸਾਖੀ ਕਾ ਦਰਸ਼ਨ ਨਹੀਂ ਕਰਨੇ ਦੇਤਾ । ਕਿਉਂ ਸਚ ਕਾ ਦਰਸ਼ਨ ਤਬ ਹੋਵੇ ਜੇ ਕੂੜ ਕਾ ਪਰਦਾ ਹਟੇ । ਜੈਸੇ ਜਪੁਜੀ ਮੇਂ ਗੁਰੂ ਅੰਗਦ ਸਾਹਿਬ ਜੀ ਪੂਛਤੇ ਹੈਂ:–

**ਕਿਵ ਸਚਿਆਰਾ ਹੋਈਐ–ਉਤਰ–ਕੂੜੇ ਤੁਟੇ ਪਾਲਿ ॥** [ਜਪੁ: ਸਾ: ੧

ਫੇਰ ਪ੍ਰਸ਼ਨ–**ਕਿਵ ਕੂੜੇ ਤੁਟੇ ਪਾਲਿ ॥ ਉੱਤਰ–ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** [ਜਪੁਜੀ ਸਫਾ ੧

ਇਸ ਪਰ ਏਕ ਇਤਿਹਾਸ ਦਸਮ ਗੁਰੂ ਔਰ ਬੁਧੂ ਸ਼ਾਹ ਫਕੀਰ ਕਾ ਹੈ ਜੋ ਸ੍ਰੀ ਗੁਰੂ ਜੀ ਕੇ ਪਾਸ ਕੂੜ ਕਾ ਪਰਦਾ ਤੋੜਨੇ ਆਯਾ ਸੀ । ਜਬ ਗੁਰੂ ਜੀ ਪਾਉਂਟੇ ਥੇ ਵਹਾਂ ਸੇ ਕੁਛ ਕੋਸ ਦੂਰ ਸਢੋਰਾ ਨਗਰ ਥਾ, ਓਥੇ ਏਕ ਬੁਧੂ ਸ਼ਾਹ ਫਕੀਰ ਰਹਿਤਾ ਸੀ । ਜੋ ਬੜਾ ਤਪਸ੍ਵੀ ਸੀ ਔਰ ਕਈ ਛਿਲੇ ਯਾਨੇ (ਚਾਲੀਏ) ਕਟੇ ਹੋਏ ਸੀ । ਜਿਨਕੇ

ਬਹੁਤ ਚੇਲੇ ਸਾਥ ਰਹਿਤੇ ਥੇ ਔਰ ਲੰਗਰ ਜਾਰੀ ਰਖਤਾ ਸੀ । ਹਿੰਦੂਓਂ ਕੇ ਭੋਜਨ ਖਾਨੇ ਵਾਸਤੇ ਬ੍ਰਾਹਮਣ ਰਸੋਈਏ ਜੁਦਾ ਰਖੇ ਸੀ, ਆਪ ਬੁਧੂ ਸ਼ਾਹ ਸਵੇਰੇ ਉਠ ਪਰਮਾਤਮਾ ਕੇ ਧਿਆਨ ਮੇਂ ਮਗਨ ਹੋ ਜਾਤਾ ਸੀ ਔਰ ਸੂਫੀ ਯਾਨੇ (ਵੇਦਾਂਤੀ) ਫਕੀਰੋਂ ਕੀ ਸੰਗਤ ਹਰ ਸਮਯ ਕਰਤਾ ਸੀ। ਔਰ ਵੇਦਾਂਤ ਸ਼ਾਸ਼ਤ੍ਰ ਕੋ ਬੜੀ ਪ੍ਰੀਤਿ ਸੇ ਸੁਨਤਾ ਸੀ ਪਰੰਤੂ ਦੋ ਅਹੰ ਯਾਨੇ (ਦੋ ਆਤਮਾ) ਅਹੰ ਕਰਤਾ ਅਹੰ ਭੋਗਤਾ ਸੁਖੀ ਦੁਖੀ ਯੇਹ ਜੀਵਾਤਮਾ ਕਾ ਨਾਮ ਔਰ ਅਹੰ ਅਸੰਗ ਨਿਰਵਿਕਾਰ ਸਾਖੀ ਆਤਮਾ ਕਾ ਨਾਮ ਸੁਣਕੇ ਸੰਦੇਹ ਪੜ ਜਾਤਾ ਸੀ। ਔਰ ਪਤਾ ਨਹੀਂ ਲਗਤਾ ਸੀ, ਬ੍ਰਹਮ ਸੇ ਕਿਸ ਤਰਹ ਮੇਲ ਹੋਤਾ ਹੈ ਔਰ ਚਾਹਤਾ ਰਹਿਤਾ ਸੀ ਕਿ ਕੋਈ ਸਤਿ ਪੁਰਖ ਮਿਲੇ ਤੋ ਮੈਂ ਆਪਨਾ ਸੰਦੇਹ ਦੂਰ ਕਰੂੰ । ਸ੍ਰੀ ਗੁਰੂ ਨਾਨਕ ਦੇਵ ਜੀ ਕੀ ਗਦੀ ਕਾ ਮਹਤ੍ਵ ਸੁਨ ਚੁਕਾ ਸੀ ਔਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਕਾ ਦਿਲੀ ਕਾ ਸਾਕਾ ਭੀ ਸੁਨ ਚੁਕਾ ਸੀ ਔਰ ਦਸਮੇਂ ਗੁਰੂ ਜੀ ਕਾ ਬਲ ਤੇਜ ਐਸ੍ਵਰਯ ਸੁਨ ਚੁਕਾ ਸੀ। ਅਜ ਪਤਾ ਲਗਾ ਸੀ ਕਿ ਗੁਰੂ ਜੀ ਹਮਾਰੇ ਸ਼ਹਿਰ ਕੇ ਨਜਦੀਕ ਆਏ ਹੂਏ ਹੈਂ, ਮਨ ਮੇਂ ਅਨੇਕ ਵਿਚਾਰ ਕਰਤਾ ਹੂਆ ਅਪਨੇ ਸ਼ਿਸ਼ ਔਰ ਸੰਗਤਿ ਕੋ ਲੇ ਕਰਕੇ ਪਾਉਂਟੇ ਆਯਾ, ਅਗੇ ਗੁਰੂ ਜੀ ਕਾ ਸ਼ਾਹੀ ਦਰਬਾਰ ਲਗਾ ਹੂਆ ਥਾ, ਏਕ ਪਾਸੇ ਸ਼ਸਤਰੋਂ ਸੇ ਸਨਧ ਬਧ ਯੋਧੇ ਖੜੇ ਥੇ। ਏਕ ਪਾਸੇ ਕਵਿ ਜਨ ਸਜੇ ਹੂਏ ਥੇ। ਬੁਧੂ ਸ਼ਾਹ ਕੋ ਪਹਿਲੇ ਦੂਰ ਸੇ ਦਰਸ਼ਨ ਹੂਆ। ਚਿਤ ਕੋ ਖਿੱਚ ਪਈ, ਜਾਕੇ ਚਰਨੋਂ ਤੇ ਪੜੂੰ, ਡੰਡੌਤ ਕਰੂੰ। ਗੁਰੂ ਜੀ ਕੇ ਸਿੰਘਾਸਨ ਕੇ ਪਾਸ ਪਹੁੰਚਾ ਮਨ ਰੁਕ ਗਿਆ, ਮੈਂ ਭੀ ਪੀਰ ਹੂੰ, ਚੇਲੇ ਸਾਥ ਹੈਂ ਗਿਲਾਨੀ ਕਰੇਂਗੇ । ਮੁਸਲਮਾਨ ਹੋ ਕੇ ਹਿੰਦੂ ਕੇ ਚਰਨੋਂ ਮੇਂ ਪੜਤਾ ਹੈ। ਇਸ ਵਿਚਾਰ ਸੇ ਸਿਰ ਨ ਝੁਕਾਯਾ ਔਰ ਅਪਨਾ ਹਾਥ ਦਸਤ ਪੰਜੇ ਵਾਸਤੇ ਵਧਾਯਾ । ਗੁਰੂ ਜੀ ਨੇ ਭੀ ਪੋਲਾ ਜਿਹਾ ਹਥ ਅਗੇ ਕਰਕੇ ਵਧਾਯਾ। ਬੁਧੂ ਸ਼ਾਹ ਨੇ ਬੈਠਕੇ ਪੂਛਾ ਜੀਵ ਖੁਦਾ ਦਾ ਮੇਲ ਕੈਸੇ ? ਗੁਰੂ ਜੀ ਨੇ ਕਹਾ ਜੈਸੇ ਰਾਤਿ ਨੂੰ ਦਿਨ ਦਾ ਮੇਲ। ਬੁਧੂ ਸ਼ਾਹ ਕੋ ਅਧਿਕ ਸੰਦੇਹ ਹੂਆ ਰਾਤ ਕੋ ਦਿਨ ਕਾ ਮੇਲ ਕੈਸੇ । ਦਿਨ ਚੜ੍ਹਤੇ ਰਾਤ ਰਹਿਤੀ ਨਹੀਂ । ਗੁਰੂ ਜੀ ਕਹਤੇ ਹੈਂ ਹਾਂ ਠੀਕ ਹੈ। ਬੁਧੂ ਸ਼ਾਹ–ਕੈਸੇ ਠੀਕ ਹੈ ? ਜੈਸੇ ਤੁਸੀਂ ਸਮਝੇ ਹੋ । ਬੁਧੂ ਸ਼ਾਹ ਨਾਲ ਚੇਲੇ ਬਹੁਤ ਸੀ। ਯੇਹ ਲਫਜ਼ ਕਹਿ ਨਹੀਂ ਸਕਤਾ ਸੀ ਕਿ ਮੈਂ ਨਹੀਂ ਸਮਝਾ ਪਰ ਅਬ ਕਹਨਾ ਪੜਾ ਔਰ ਕਹਾ ਗੁਰੂ ਜੀ ਅਭੀ ਤਕ ਮੈਂ ਆਪ ਕਾ ਭਾਵ ਨਹੀਂ ਸਮਝਾ ਅਛੀ ਤਰ੍ਹਾਂ ਸਮਝਾਓ। ਦਿਨ ਕੇ ਚੜ੍ਹਨੇ ਪਰ ਰਾਤ ਰਹਿਤੀ ਨਹੀਂ ਨਵਿਰਤ ਹੋ ਜਾਤੀ ਹੈ। ਗੁਰੂ ਜੀ ਕਹਿਨੇ ਲਗੇ ਇਸ ਤਰਹ ਖੁਦਾ ਕੇ ਦਰਸ਼ਨ ਸੇ ਮੈਂ ਮਰ ਜਾਤੀ ਹੈ। ਯਾਨੇ ਜੀਵ ਭਾਵ ਦੂਰ ਹੋ ਜਾਤਾ ਹੈ। ਬੁਧੂ ਸ਼ਾਹ–ਫੇਰ ਜੀਵ (ਮੈਂ) ਔਰ ਖੁਦਾ (ਬ੍ਰਹਮ) ਕਾ ਮੇਲ ਕੈਸੇ ? ਗੁਰੂ ਜੀ ਕਹਿਨੇ ਲਗੇ ਮੈਂ ਯਾਨੇ ਜੀਵ ਭਾਵ ਤੋ ਕੂੜ ਹੈ। ਹੈ ਹੀ ਨਹੀਂ ਬ੍ਰਹਮ ਯਾਨੇ ਸਚ ਕੀ ਸੱਤਾ ਸੇ ਪ੍ਰਤੀਤ ਹੋ ਰਹਾ ਹੈ । ਜੈਸੇ ਰਸੀ ਮੇਂ ਸਰਪ ਤੀਨ ਕਾਲ ਹੈ ਨਹੀਂ ਪਰ ਪ੍ਰਤੀਤ ਹੋਤਾ ਹੈ, ਸੋ ਮਿਥਿਆ ਹੈ ਤੈਸੇ ਆਤਮਾ ਯਾਨੇ ਸਾਖੀ ਮੇਂ ਜੀਵ ਭਾਵ ਤੀਨ ਕਾਲ ਹੈ ਨਹੀਂ ਯਾਨੇ ਜੀਵ ਭਾਵ ਮਿਥਿਆ ਹੈ ਕੂੜ ਹੈ। ਸਾਖੀ ਸਤਿ ਹੈ। ਸਤਿ ਸਾਖੀ ਕਾ ਸਤਿ ਬ੍ਰਹਮ ਸੇ ਮੇਲ ਹੈ। ਬੁਧੂ ਸ਼ਾਹ ਘਬਰਾਕੇ–ਅਸੀਂ ਜੀਵ ਕਿਆ ਸਤਿ ਨਹੀਂ ਹੈਂ ਮਿਥਿਆ ਹੀ ਹੈਂ ?



ਗੁਰੂ ਜੀਵ ਭਾਵ ਤੇ ਮਿਥਿਆ ਹੀ ਹੈ, ਪਰ ਭਰਮ ਕੇ ਪੁਨਹ ਪੁਨਹ ਅਭਿਆਸ ਸੇ (ਯਾਨੇ) ਮੈਂ ਕਰਤਾ ਹੂੰ, ਮੈਂ ਭੋਗਤਾ ਹੂੰ, ਮੈਂ ਸੁਖੀ ਹੂੰ, ਦੁਖੀ ਹੂੰ, ਪੁੰਨੀ ਹੂੰ, ਪਾਪੀ ਹੂੰ । ਐਸੇ ਅਭਿਆਸ ਸੇ ਸਤਿ ਜੈਸਾ ਪ੍ਰਤੀਤ ਹੋਵੇ ਹੈ। ਔਰ ਸਤਿ ਸਰੂਪ ਸਾਖੀ ਭਾਵ ਕੋ ਆਛਾਦਨ ਕਰ ਲੇਤਾ ਹੈ ਯਾਨੇ ਨਿਸੇਧ ਕਰਤਾ ਹੈ ਮੈਂ ਅਸੰਗ ਨਹੀਂ, ਮੈਂ ਨਿਰਵਿਕਾਰ ਨਹੀਂ ਮੈਂ ਪਰਿ ਪੂਰਣ ਨਹੀਂ ਹੂੰ। ਐਸੇ ਅਸਲ ਮੈਂ ਕੂੰ ਇਸ ਕੂੜੀ ਮੈਂਨੇ ਆਛਾਦਨਾ ਕਰ ਛੋੜਾ ਹੈ । ਸਚੀ ਮੈਂ ਪ੍ਰਤੀਤ ਨਹੀਂ ਹੋਤੀ। ਕਿਉਂਕਿ ਕੂੜੀ ਮੈਂ ਬਹੁਤ ਫੈਲ ਗਈ ਹੈ, ਜੈਸੇ ਅਮਰ ਬੇਲ ਯਾਨੇ ਆਕਾਸ਼ ਬੇਲ ਜਿਸ ਕੀ ਜੜ੍ਹ ਕੁਛ ਨਹੀਂ ਹੋਤੀ। ਪਰ ਜਿਸ ਬ੍ਰਿਖ ਪਰ ਚੜ੍ਹ ਜਾਵੇ ਉਸ ਕੋ ਆਛਾਦਨ ਕਰ ਦੇਤੀ ਹੈ, ਤੈਸੇ ਕੂੜੀ ਮੈਂਨੇ ਸਤ ਮੈਂ ਕੋ ਯਾਨੇ ਆਤਮਾ ਕੋ ਆਛਾਦਨ ਕਰ ਕੇ ਕੂੜ ਦੀ ਪ੍ਰਵ੍ਰਿਤੀ ਕੂੜ ਦੇ ਪਿਆਰ ਕੂੜ ਦੇ ਬੰਧਨ ਕੂੜ ਦੀਆਂ ਨੇਕੀਆਂ ਕੂੜ ਦੇ ਧਰਮ ਕੂੜੇ ਮਜ਼ਹਬ ਕੂੜੀ ਮਮਤਾ ਐਸੀ ਫੈਲਾ ਰੱਖੀ ਹੈ। ਜੋ ਸਤਿ ਨੇੜੇ ਤੇ ਨੇੜੇ ਭੀ ਹੈ। ਪ੍ਰੰਤੂ ਦੂਰ ਸਾ ਲਗਤਾ ਹੈ। ਅਨੇਕ ਯਤਨ ਕਰਕੇ ਭੀ ਦਿਖਾਈ ਨਹੀਂ ਆਤਾ।

ਪ੍ਰਮਾਣ–**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥** (ਸੋਰਠਿ ਮ: ੫ ਸਫਾ ੬੨੪

ਬੁਧੂ ਸ਼ਾਹ–ਗੁਰੂ ਜੀ ਆਪ ਗੁਰੂ ਹੋ ਦਸੋ ਕੂੜੀ ਹਉਮੈਂ ਕਿਸ ਤਰਹ ਟੁਟੇਗੀ ?

ਗੁਰੂ ਜੀ–ਸੱਚੀ ਮੈਂ ਦੇ ਦਰਸ਼ਨ ਸੇ ਕੂੜੀ ਹਉਮੈਂ ਨਿਵ੍ਰਿਤਿ ਹੋ ਜਾਤੀ ਹੈ ਦੇਰ ਨਹੀਂ। ਲਗਤੀ, ਜੈਸੇ ਸੂਰਜ ਕੇ ਚੜ੍ਹਨੇ ਸੇ ਰਾਤ੍ਰਿ ਨਿਵ੍ਰਿਤ ਹੋ ਜਾਤੀ ਹੈ, ਦੇਰ ਨਹੀਂ ਲਗਤੀ।

ਬੁਧੂ ਸ਼ਾਹ–ਸਚੀ ਮੈਂ ਕਾ ਅਨੁਭਵ ਕਿਸ ਤਰਹ ਹੋਵੇ । ਗੁਰੂ ਜੀ–ਕੂੜੀ ਹਉਮੈ ਛਡਿਆਂ । ਬੁਧੂ ਸ਼ਾਹ–ਕੂੜੀ ਹਉਮੈ ਛੁਟਤੀ ਨਹੀਂ ਬਤੇਰੇ ਚਾਲੀਸੇ ਕਟੇ ਤਪ ਹਠ ਸਾਧੇ, ਬੜੇ ਪੁਸਤਕ ਪੜ੍ਹੇ। ਗੁਰੂ ਜੀ–ਇਸ ਤਰਹ ਤੋ ਕੂੜੀ ਹਉਮੈ ਵਧਤੀ ਹੈ, ਸੂਰਜ ਵਤ ਸਚ ਕੇ ਚੜ੍ਹਨੇ ਸੇ ਹੀ ਘਟੇਗੀ। ਬੁਧੂ ਸ਼ਾਹ–ਸਤਿ ਕਾ ਚੜ੍ਹਨਾ ਅਪਨੇ ਵਸ ਤੋ ਨਹੀਂ । ਗੁਰੂ ਜੀ–ਝੂਠ ਕਾ ਤਿਆਗਣਾ ਤੋ ਅਪਨੇ ਵਸ ਹੈ। ਪੀਰ ਬੁਧੂ ਸ਼ਾਹ–ਹੈ ਤਾਂ ਸਹੀ ਪਰ ਛੁਟਤਾ ਨਹੀਂ ਕੋਈ ਉਪਾਇ ਦਸੋ। ਗੁਰੂ ਜੀ–ਉਪਾਯ ਤੋ ਸਤਿਸੰਗ ਹੈ।ਬੁਧੂ ਸ਼ਾਹ–ਆਪਕੇ ਸਤਿਸੰਗ ਮੇਂ ਤੋ ਆਯਾ ਹਾਂ।

ਗੁਰੂ ਜੀ–ਆਯਾ ਤੋ ਹੈਂ ਪਰ ਝੂਠ ਕਾ ਚੋਲਾ ਪਹਿਨ ਕਰ । ਯਾਨੇ ਮੈਂ ਪੀਰ ਹੂੰ ਇਤਨੇ ਮੇਰੇ ਚੇਲੇ ਹੈਂ । ਹਿੰਦੂ ਅਗੇ ਕੈਸੇ ਸਿਰ ਝੁਕਾਊਂ । ਕੋਈ ਕਹੇ ਨ ਕਿਉਂ ਸਿਰ ਝੁਕਾਯਾ। ਇਸ ਤਰਹ ਕੀ ਕੂੜੀ ਮਮਤਾ ਕਰਕੇ ਸਤਿਸੰਗ ਮੇਂ ਆਯਾ ਹੈਂ।

ਬੁਧੁਸ਼ਾਹ ਡੂੰਘੀ ਸੋਚ ਵਿਚ ਪੜ ਗਯਾ, ਵਿਚਾਰ ਕੀਆ, ਬਰਾਬਰ ਮੈਂ ਕੂੜੀ

ਮੈਂ ਮੇਂ ਪੜ੍ਹ ਗਯਾ ਹੂੰ। ਕਹਿਨੇ ਲਗਾ ਗੁਰੂ ਜੀ ਸਚ ਆਖਦੇ ਹੋ। ਪਰ ਹੁਣ ਯੇ ਤੋ ਬਤਾਓ ਕਿਵੇਂ ਕੂੜ ਕਾ ਪਰਦਾ ਟੂਟੇ। ਕਿਵੇਂ ਸਚ ਚੜ੍ਹੇ।

ਗੁਰੂ ਜੀ–'ਹੁਕਮ ਰਜਾਈ ਚਲਣਾ', ਪਰਮੇਸ਼੍ਵਰ ਕਾ (ਭਾਣਾ) ਰਜਾ ਹੁਕਮ ਪਰ ਚਲਣਾ ਪ੍ਰਮਾਣ:–

**ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥** [ਸਿਰੀ ਰਾਗ ਕਬੀਰ ਜੀ ਸਫਾ ੯੨

**ਹੁਕਮੇ ਬੂਝੈ ਤਤੁ ਪਛਾਣੈ ॥ ਇਹੁ ਪ੍ਰਸਾਦੁ ਗੁਰੂ ਤੇ ਜਾਣੈ ॥**

[ਮਲਾਰ ਵਾਰ ਮ: ੧ ਸਫਾ ੧੨੮੯

ਬੁਧੂਸ਼ਾਹ–ਕਿਵੇਂ ਪਛਾਣੇ ਹੁਕਮ ਹੁਕਮੀ ਪਾਸੋਂ ਹੋਯਾ।

ਗੁਰੂ ਜੀ–ਹੁਕਮੀ ਪੂਰਣ ਹੈ। ਹੁਕਮੀ ਕਾ ਹੁਕਮੁ ਭੀ ਪੂਰਣ ਹੈ। ਜੀਵ ਕੇ ਮਨ ਮੇਂ ਇੰਦ੍ਰਿਯ ਮੇਂ ਬੁਧੀ ਮੇਂ ਸਰੀਰ ਮੇਂ ਸੁਭਾਵ ਮੇਂ, ਮਤਲਬ ਜਹਾਂ ਭੀ ਤੂੰ ਮੈਂ ਹੈ ਤਹਾਂ ਨਾਲ ਹੀ ਹੁਕਮੁ ਲਿਖਿਆ ਗਯਾ ਹੈ।

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** [ਜਪੁ: ਸਫਾ ੧

**ਤਥਾ–ਹੁਕਮੈ ਅੰਦਰਿ ਸਭਕੋ ਬਾਹਰਿ ਹੁਕਮਿ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥** [ਜਪੁਜੀ ਸਾਹਿਬ ਸਫਾ ੧

ਮਤਲਬ ਦੁਨੀਆਂ ਮੇਂ ਜੋ ਕੁਛ ਹੋ ਰਹਾ ਹੈ ਸੋ ਹੁਕਮੀ ਕੇ ਹੁਕਮ ਨਾਲ ਹੋ ਰਹਾ ਹੈ। ਜੀਵ ਮੇਂ ਤੋ ਕੁਛ ਭੀ ਬਲ ਨਹੀਂ। ਪ੍ਰਮਾਣ:–

**ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥**

[ਜਪੁਜੀ ਸਫਾ ੭

ਇਤਿਆਦਿ ਸਾਰੀ ਪਉੜੀ ਮਤਲਬ ਤੋ ਜੀਵ ਮੇਂ ਬੋਲਨੇ ਕਾ ਭੀ ਬਲ ਨਹੀਂ ਚੁਪ ਕਰਨੇ ਕਾ ਭੀ ਬਲ ਨਹੀਂ ਕੋਈ ਭੀ ਬਲ ਨਹੀਂ, ਜਿਸ ਤਰਹ ਪਰਮੇਸ਼੍ਵਰ ਰਖੇ ਰਹੇ, ਅਪਨਾ ਕੋਈ ਸੰਕਲਪ ਨ ਕਰੇ, ਬਿੱਲੀ ਕੇ ਬੱਚੇ ਵਤ ਜੈਸੇ ਬਿੱਲੀ ਕਾ ਪੂੰਗੜਾ ਅਪਨਾ ਕੋਈ ਸੰਕਲਪ ਨਹੀਂ ਕਰਤਾ, ਬਿੱਲੀ ਜਹਾਂ ਮਰਜ਼ੀ ਉਸ ਕੋ ਰਖੇ ਉਸੀ ਤਰਹ ਜੀਵ ਭੀ ਨਿਸੰਕਲਪ ਹੋ ਜਾਵੇ, ਜਿਉਂ ਜਿਉਂ ਨਿਸੰਕਲਪ ਹੋਤਾ ਜਾਏਗਾ ਤਿਉਂ ਤਿਉਂ ਕੂੜ ਛੂਟਤਾ ਜਾਏਗਾ, ਸਚ ਅੰਦਰ ਪ੍ਰਵੇਸ਼ ਕਰਤਾਜਾਏਗਾ ਇਸੀ ਤਰਹ ਸਚ ਕਾ ਮੇਲ ਹੋ ਜਾਏਗਾ। ਪ੍ਰਮਾਣ:–

**ਸਚ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚ ਤਾ ਪਰ ਜਾਣੀਐ ਜਾ ਸਚੁ ਧਰੇ ਪਿਆਰੁ ॥ ਨਾਉ ਸੁਣ ਮਨ ਰਹਸੀਐ ਤਾ ਪਾਏ ਮੋਖੁ ਦੁਆਰੁ ॥ ਸਚ ਤਾ ਪਰ ਜਾਣੀਐ ਜਾ ਜੁਗਤਿ**



**ਜਾਣੈ ਜੀਉ ॥ ਧਰਤਿ ਕਾਇਆ ਸਾਧਕੈ ਵਿਚ ਦੇਇ ਕਰਤਾਬੀਉ ॥ ਸਚ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ ॥ ਸਚ ਤਾ ਪਰ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਕੈ ਬਹਿ ਰਹੈ ਕਰੇ ਨਿਵਾਸੁ ॥ ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕ ਵਖਾਣੈ ਬੇਨਤੀ ਜਿਨ ਸਚ ਪਲੈ ਹੋਇ ॥**

[ਵਾਰ ਆਸਾ ਮ: ੧ ਸਫਾ ੪੬੮

ਬੁਧੂ ਸ਼ਾਹ–ਸਚ ਦਰ ਸਚ ਠੀਕ ਠੀਕ ਕੋਈ ਪੂਰਣਾ ਪਾ ਦਿਓ ਯਾਨੇ ਕੋਈ ਰਸਤਾ ਬਤਾਦੋ। ਗੁਰੂ ਜੀ–ਘੁੰਘਟ ਛਡਕੇ ਨਚ, ਬੁਧੂਸ਼ਾਹ ਝਟ ਪਟ ਨਚਨੇ ਲਗ ਗਯਾ। ਚਰਨੋਂ ਪਰ ਡਿਗਾ। ਬੇਸਧ ਹੂਆ। ਗੁਰੂ ਜੀ ਨੇ ਭੀ ਉਸਕਾ ਹਾਥ ਪਕੜ ਜੋਰ ਸੇ ਦਬਿਆ। ਪਿਆਰ ਸੇ ਘੁਟਿਆ। ਹਉਮੈਂ ਮੈਲ ਉਤਰ ਗਈ ਹਿਰਦਾ ਸੁਧ ਹੋ ਗਿਆ। ਪ੍ਰਮਾਣ :–

**ਅਹੰ ਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥**

[ਗਉੜੀ ਮ: ੫ ਸਫਾ ੨੦੦

ਅਹੰਬੁਧੀ ਰੂਪ ਚਿਕਨਾਈ ਜੋ ਮਨ ਮੇਂ ਪੂਰਣ ਹੋ ਰਹੀ ਸੀ। ਸੋ ਗੁਰੂ ਰੂਪ ਸੰਤ ਧੂਰੀ ਕਰ ਮਾਂਜਨੇ ਸੇ ਨਿਵਿਰਤ ਹੋ ਗਈ ਹਿਰਦਾ ਸੁਧ ਹੋ ਗਯਾ। ਸਬ ਗੋਵਿੰਦ ਦ੍ਰਿਸ਼ਟੀ ਆਯਾ।

**ਏਕਸੁ ਸਿਉ ਜਾਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ।**

[ਗਉੜੀ ਮ: ੫ ਸਫਾ ੧੮੯

ਮਮਤਾ ਨਿਕਲ ਗਈ ਖਿਆਲ ਹੂਆ ਮੈਂ ਦੇਹ ਸੇ ਪ੍ਰਾਣ ਸੇ ਮਨ ਸੇ ਇੰਦ੍ਰਿਯਾਂ ਸੇ ਨਿਆਰਾ ਹੂੰ ਪ੍ਰਮਾਣ:–

**ਆਪਨ ਤਨੁ ਨਹੀ ਜਾਕਉ ਗਰਬਾ ॥ ਰਾਜ ਮਿਲਖ ਨਹੀ ਆਪਨ ਦਰਬਾ ॥ ਆਪਨ ਨਹੀ ਕਾਕਉ ਲਪਟਾਇਓ ॥ ਆਪਨ ਨਾਮ ਸਤਿਗੁਰ ਤੇ ਪਾਇਓ ॥ ੧ ॥ ਰਹਾਉ ॥ ਸੁਤ ਬਨਿਤਾ ਆਪਨ ਨਹੀ ਭਾਈ ॥ ਇਸਟ ਮੀਤ ਆਪ ਬਾਪੁ ਨ ਮਾਈ ॥ ਸੁਇਨਾ ਰੁਪਾ ਫੁਨਿ ਨਹੀ ਦਾਮ ॥ ਹੈਵਰ ਗੈਵਰ ਆਪਨ ਨਹੀ ਕਾਮ ॥ ਕਹੁ ਨਾਨਕ ਜੋ ਗੁਰਿ ਬਖਸਿ ਮਿਲਾਇਆ ॥ ਤਿਸਕਾ ਸਭੁ ਕਿਛੁ ਜਿਸਕਾ ਹਰਿ ਰਾਇਆ ॥** [ਗਉੜੀ ਮ: ੫ ਸਫਾ ੧੮੭

ਐਸੀ ਨਿਰ ਮਮ ਦਸ਼ਾ ਹੋ ਗਈ। ਰੰਗ ਮੇਂ ਰੰਗਿਆ ਗਿਆ। ਏਕ ਸਿਖ ਨੇ ਯੇਹ ਤੁਕ ਪੜ੍ਹੀ:–

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥**
**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰੁ ॥**

[ਗਉੜੀ ਬੈਰਾ: ਰਵਿ: ਸਫਾ ੩੪੬

ਬੁਧੂ ਸ਼ਾਹ ਕਾ ਹਿਰਦਾ ਗਦਗਦ ਹੂਆ ਨੇਤ੍ਰ ਖੁਲ੍ਹੇ ਅਬ ਹੁਕਮੀ ਕੀ ਤੇਰੇ ਪਰ ਦਯਾ ਹੂਈ ਜੋ ਕੁਛ ਹੋ ਰਹਾ ਹੈ, ਹੁਕਮ ਮੇਂ ਹੋ ਰਹਾ ਹੈ। ਹੁਕਮ ਨੂੰ ਪਛਾਣ ਤੋ ਫਿਰ ਹੁਕਮੀ ਨਾਲਿ ਏਕ ਸੁਰ ਹੋ ਜਾਵੇਂਗਾ, ਏਹ ਜੋ ਮੇਰੇ ਠਾਠ ਦੇਖਤਾ ਹੈ, ਸੋ ਮੇਰੇ ਨਹੀਂ ਏਹ ਜੋ ਕਵਿਤਾ ਹੋ ਰਹੀ ਹੈ ਸੋ ਭੀ ਹੁਕਮ ਮੇਂ ਮੇਰੀ ਜੋ ਮੀਰੀ ਪੀਰੀ ਹੈ ਸੋ ਭੀ ਹੁਕਮ ਮੇਂ ਨ ਰਾਜ ਭਾਗ ਮੇਰਾ ਹੈ ਨ ਫਕੀਰੀ ਮੇਰੀ ਹੈ ਮੇਰੀ ਜੋ ਭੀ ਚੇਸਟਾ ਹੈ ਔਰ ਸਭ ਕੀ ਜੋ ਕ੍ਰਿਆ ਹੈ, ਸੋ ਹੁਕਮ ਵਿਚ ਹੋ ਰਹੀ ਹੈ, ਤੂੰ ਹੁਕਮ ਨੂੰ ਪਛਾਣ। ਗੁਰੂ ਪ੍ਰਮਾਣ:–

**ਹੁਕਮੇ ਆਇਆ ਹੁਕਮ ਸਮਾਇਆ ਹੁਕਮੇ ਦੀਸੈ ਜਗਤੁ ਉਪਾ-ਇਆ ॥ ਹੁਕਮੇ ਸੁਰਗੁ ਮਛ ਪਇਆਲਾ ਹੁਕਮੇ ਕਲਾ ਰਹਾਇਦਾ ॥ ਹੁਕਮੇ ਧਰਤੀ ਧੌਲ ਸਿਰ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥ ੧੧ ॥ ਹੁਕਮੇ ਆਡਾਣੇ ਆਗਾਸੀ ਹੁਕਮੇ ਜਲ ਥਲ ਤ੍ਰਿਭਵਣਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥ ੧੨ ॥ ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥ ਮਾਨੈ ਹੁਕਮੁ ਸੋ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥ ੧੩ ॥ ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥ ਨਾਥੀ ਸਭ ਜਾਕੀ ਬਖਸੇ ਮੁਕਤਿ ਕਰਾਇਦਾ ॥**

[ਮਾਰੂ ਸੋਲਹੇ ਮ: ੧ ਸਫਾ ੧੦੩੭

**ਬ੍ਰਹਮਾ ਵਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥**
**ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥**

[ਮਾਰੂ ਮ: ੧ ਸਫਾ ੯੯੨

**ਹੁਕਮੇ ਧਾਰ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥**
**ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥**



**ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥**

[ਗਉੜੀ ਸੁਖ: ਮ: ੫ ਸਫਾ ੨੭੭

**ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥**

[ਮਾਝ ਵਾਰ ਮ: ੧ ਸਫਾ ੧੪੫

**ਤਥਾ–ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ ॥ ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ ॥ ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ॥ ਸਭ ਕੋ ਨਥੈ ਨਥਿਆ ਬਖਸੇ ਤੋੜੇ ਨਥ ॥**

[ਮਲਾ: ਵਾਰ ਮ: ੧ ਸਫਾ ੧੨੮੯

ਐਸੇ ਹੁਕਮ ਕੇ ਅੰਦਰ ਹੁਲਾਰੇ ਵਿਚ ਰਹੁ। ਕੂੜੀ 'ਮੈਂ' ਦਾ ਦਾਉ ਨ ਖਾਉ, ਹੁਕਮ ਪਛਾਣ ਹੁਕਮ ਪਛਾਣੇ ਤੇ ਖਸਮੇ ਮਿਲਣਾ। ਇਸ ਤਰ੍ਹਾਂ ਜੀਵ ਦਾ ਖ਼ੁਦਾ ਨਾਲ ਮੇਲ ਹੋਤਾ ਹੈ ਫਕੀਰ ਬੁਧੂ ਸ਼ਾਹ ਕੋ ਅਨੁਭਵ ਹੂਆ। ਕੂੜੀ ਅਹੰਤਾ ਨਿਕਲ ਗਈ ਮੈਂ ਅਸੰਗ ਨਿਰਵਿਕਾਰ ਪਰਿ ਪੂਰਣ ਬ੍ਰਹਮ ਹੂੰ, ਯੇ ਨਿਸਚੇ ਹੋ ਗਿਆ। ਇਸ ਨਿਸਚੇ ਸੇ ਜੀਵਣ ਮੁਕਤਿ ਦਸ਼ਾ ਕੋ ਪ੍ਰਾਪਤ ਹੋ ਗਿਆ। ਇਤਿ ਤੀਸਰਾ ਬੰਧਨ ॥

## ਚੌਥਾ ਬੰਧਨ ਸੰਸਯ ਹੈ ॥

**ਸੰਸਾ ਇਹੁ ਸੰਸਾਰ ਹੈ ਸੁਤਿਆ ਰੈਣਿ ਵਿਹਾਇ ॥**

[ਸ੍ਰੀ ਰਾਗ ਮ: ੩ ਸਫਾ ੩੬

**ਤਥਾ–ਬਿਨ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥**

[ਸ੍ਰੀ ਰਾਗ ਮ: ੩ ਸਫਾ ੩੬

**ਤਥਾ–ਅਉਗੁਣ ਵੰਤੀ ਗੁਣ ਕੋ ਨਹੀ ਬਹਣਿ ਨ ਮਿਲੈ ਹਦੂਰਿ ॥**
**ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥**

[ਸ੍ਰੀ ਰਾਗ ਮ: ੩ ਸਫਾ ੩੭

**ਤਥਾ–ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥**

[ਸ੍ਰੀ ਰਾਗ ਮ: ੩ ਸਫਾ ੩੭

ਇਸ ਮੇਂ ਦ੍ਰਿਸ਼ਟਾਂਤ ਏਕ ਖਟ ਸ਼ਾਸਤ੍ਰੀ ਪੰਡਤ ਕਾ ਹੈ:–

ਏਕ ਬ੍ਰਾਹਮਣ ਕਾਸ਼ੀ ਮੇਂ ਵਿਦਿਆ ਪੜ੍ਹ ਕਰ ਖਟ ਸ਼ਾਸਤ੍ਰੀ ਹੋ ਗਏ, ਔਰ ਦੇਸ਼ ਦੇਸ਼ਾਂਤਰ ਫਿਰਤੇ ਹੂਏ ਦਿਗ ਵਿਜਯ ਕਰਤੇ ਭਯੇ। ਬਹੁਤ ਸਿਖ ਸੇਵਕ ਹੋ ਗਏ ਧਨ ਭੀ ਬੜਾ ਕੱਠਾ ਹੋ ਗਿਆ। ਮਾਨ ਭੀ ਬਹੁਤ ਹੂਆ, ਪਰ ਚਿਤ ਸ਼ਾਂਤ ਨਹੀਂ ਹੂਆ, ਕਿਉਂਕਿ ਚਿਤ

ਮੇਂ ਸੰਸੇ ਹੋ ਗਏ ਸੀ। ਚਿਤ ਸ਼ਾਂਤ ਵਾਸਤੇ ਏਕ ਬ੍ਰਿਧ ਬ੍ਰਾਹਮਣ ਪਾਸ ਪਹੁੰਚੇ ਔਰ ਪ੍ਰਾਰਥਨਾ ਕਰੀ ਕਿ ਮੇਰੇ ਚਿਤ ਮੇਂ ਸ਼ਾਂਤ ਨਹੀਂ। ਚਿਤ ਦੁਖੀ ਰਹਿਤਾ ਹੈ ਕੋਈ ਸ਼ਾਂਤ ਕਾ ਉਪਾਯ ਬਤਾਓ ! ਉਨ੍ਹੋਂ ਨੇ ਕਹਾ ਪੰਡਤ ਜੀ ਚਿਤ ਸ਼ਾਂਤੀ ਵਾਸਤੇ ਵੇਦਾਂਤ ਸ਼ਾਸਤ੍ਰ ਕਾ ਵਿਚਾਰ ਕਰੋ। ਚਿਤ ਸ਼ਾਂਤ ਹੋ ਜਾਏਗਾ।

ਉਨ੍ਹੋਂ ਨੇ ਵੇਦਾਂਤ ਸ਼ਾਸਤ੍ਰ ਕਾ ਵਿਚਾਰ ਕੀਆ ਔਰ ਬ੍ਰਹਮ ਕਾ ਪ੍ਰਸੰਗ ਪੜ੍ਹਿਆ। ਪਹਿਲੇ ਕਠ ਉਪਨਿਸ਼ਦ ਵਿਚਾਰੀ। ਉਸ ਮੇਂ ਬ੍ਰਹਮ ਕਾ ਪ੍ਰਸੰਗ ਯਮਰਾਜ ਨਚ ਕੇ ਤਾ ਕੋ ਕਹਿ ਰਹੇ ਹਨ।

**ਨ ਜਾਯਤੇ ਮ੍ਰਿਯਤੇ ਵਾ ਵਿਪਸਚਿੰਨਾਯੰ ਕੁਤਸਚਿੰਨ ਬਭੂਵ ਕਸ੍ਚਿਤ।**
**ਅਜੋ ਨਿਤਯਃ ਸਾਸ੍ਵਤੋਅਯੰ ਪੁਰਾਣੋ ਨ ਹਨਯਤੇ ਹਨਯਮਾਨੇ ਸ਼ਰੀਰੇ॥**

[ਕਠ ਉਪਨਿਖਦ ਵੱਲੀ ੨ ਅਧਿਆਇ ੧ ਮੰਤ੍ਰ ੧੮

ਅਰਥ–ਯੇ ਬ੍ਰਹਮ ਰੂਪ ਜੋ ਆਤਮਾ ਹੈ, ਯੇਹ ਕਭੀ ਜਨਮਤਾ ਨਹੀਂ ਕਭੀ ਮਰਤਾ ਨਹੀਂ। ਚੇਤਨ ਸਰੂਪ ਹੈ ਔਰ ਕਿਸੀ ਕਾਰਣ ਸੇ ਪੈਦਾ ਨਹੀਂ ਹੂਆ ਹੈ ਔਰ ਨਾ ਕਿਸੀ ਕਾਰਜ ਕੋ ਪੈਦਾ ਕਰਤਾ ਹੈ, ਜਿਸ ਹੇਤੂ ਸੇ ਯੇਹ ਆਤਮਾ ਅਜ ਹੈ, ਉਤਪਤਿ ਰਹਿਤ ਹੈ, ਨਿਤ ਅਵਿ-ਨਾਸ਼ੀ ਹੈ, ਏਕ ਰਸ ਹੈ, ਨਵੀਨ ਤੇ ਨਵੀਨ ਹੈ ਔਰ ਸ਼ਰੀਰ ਮੇਂ ਰਹਿਤਾ ਹੂਆ ਭੀ ਸ਼ਰੀਰ ਕੇ ਨਾਸ ਸੇ ਨਾਸ ਨਹੀਂ ਹੋਤਾ ਇਸੀ ਵਾਸਤੇ ਬਹੁਤ ਮਨੁਸ਼ੋਂ ਕੋ ਯੇਹ ਸੰਸਾ ਰਹਿਤਾ ਹੈ। ਦੇਹ ਇੰਦ੍ਰਿਯ ਮਨ ਬੁਧੀ ਸੇ ਭਿੰਨ ਆਤਮਾ ਹੈ ਯਾ ਨਹੀਂ। ਅਰ ਇਸ ਮੇਂ ਦੇਵਤਾਉਂ ਕੋ ਭੀ ਸੰਸ਼ਯ ਰਹਿਤਾ ਹੈ ਔਰ ਬਹੁਤ ਵਾਰੀ ਸਰਵਣ ਕਰਨੇ ਪਰ ਭੀ ਮਨੁਸ਼ਯ ਇਸ ਕੋ ਜਾਣ ਨਹੀਂ ਸਕਤੇ ਸੂਖਮ ਹੋਣੇ ਤੇ। ਜੈਸੇ ਕੇਨ ਉਪਨਿਸਦ ਮੇਂ ਲਿਖਾ ਹੈ।

**ਯਨ ਮਨਸਾ ਨ ਮਨੁਤੇ ਯੇਨਾਹੁਰ ਮਨੋ ਮਤੰ।**
**ਤਦੇਵ ਬ੍ਰਹਮਤ੍ਵੰ ਵਿਧਿ ਨੇਦੰ ਯਦਿਦਮੁਪਾਸਤੇ॥**

[ਕੇਨੋਪਨਿਖਦ ਖੰਡ ੧ ਮੰਤ੍ਰ ੫

**ਯਚ੍ਛੁਸ਼ੁਸ਼ਾ ਨ ਪਸ਼ਯਤਿ ਯੇਨ ਚਖਸ਼ੁੰਸ਼ਿ ਪਸ਼ਯਤਿ।**
**ਤਦੇਵ ਬ੍ਰਹਮਤ੍ਵੰ ਵਿਧਿ ਨੇਦ ਯਬਿਦਮੁਪਾਸਤੇ॥** [ਮੰਤ੍ਰ ੬

ਜੋ ਯਹ ਬ੍ਰਹਮ ਰੂਪ ਆਤਮਾ ਮਨ ਸੇ ਬੁਧੀ ਸੇ ਨ ਸੰਕਲਪ ਕੀਆ ਜਾਤਾ ਹੈ ਔਰ ਨ ਨਿਸਚੇ ਕੀਆ ਜਾਤਾ ਹੈ ਕਿਉਂਕਿ ਮਨ ਬੁਧੀ ਜੜ ਹੋਨੇ ਸੇ ਜਾਣਿਆ ਨਹੀਂ ਜਾਤਾ ਉਲਟਾ ਜਿਸ ਆਤਮਾ ਕਰਕੇ ਬ੍ਰਿਤੀਓਂ ਸਹਿਤ ਮਨ ਜਾਨਿਆ ਜਾਤਾ ਹੈ। ਇਸ ਵਾਸਤੇ ਮਨ ਬੁਧੀ ਕੋ ਪ੍ਰਕਾਸ਼ ਕਰਨੇ ਵਾਲਾ ਹੀ ਤੂੰ ਬ੍ਰਹਮ ਜਾਨਨਾ। ਔਰ ਜਿਸਕੋ ਮਨ ਬੁਧੀ ਜਾਨਤੇ ਹੈ ਵੋ ਮਾਯਕ ਪਦਾਰਥ ਹੈਂ। ਐਸੇ ਹੀ ਜੋ ਯਹ ਬ੍ਰਹਮ ਰੂਪ ਆਤਮਾ ਨੇਤ੍ਰਾਦਿ ਇੰਦ੍ਰੀਆਂ ਕਰਕੇ ਨਹੀਂ ਦੇਖਾ ਜਾਤਾ ਉਲਟੋ ਜਿਸ ਕਰਕੇ ਨੇਤ੍ਰ ਆਦਿ ਇੰਦ੍ਰੀਆਂ ਜਾਣੀਆਂ ਜਾਤੀਆਂ ਹੈਂ ਤਿਸਕੋ ਤੂੰ ਬ੍ਰਹਮ ਰੂਪ ਨਿਸਚੇ ਕਰਨਾ। ਤਥਾ ਸ੍ਰੀ ਮਦ



ਭਾਗਵਤ ਕਾ ਪ੍ਰਮਾਣ :–

**ਯੰ ਨ ਸਪ੍ਰਿਸ਼ੰਤਿ ਨ ਵਿਦੁਰ ਮਨੋ ਬੁਧਿਃ ਇੰਦ੍ਰਿਯਾਸਵਃ॥**
**ਅੰਤਰ ਬਹਿਸ ਵਿਤਤੰ ਵਿਓਮ ਵਤ ਅਨੰਤੋਸਮਿਯਹੰ॥**

[ਭਾਗਵਤ ਸਕੰਧ ੬ ਅਧਯਾਯ ੧੬ ਸ਼ਲੋਕ ੨੩

ਅਰਥ–ਨਾਰਦ ਜੀ ਚਿਤ੍ਰਕੇਤੂ ਰਾਜਾ ਕੋ ਉਪਦੇਸ਼ ਕਰ ਰਹੇ ਹੈਂ। ਜਿਸ ਚੈਤਨਯ ਕੋ ਯੇਹ ਮਨ ਬੁਧੀ ਪ੍ਰਾਣ ਇੰਦ੍ਰੀਆਂ ਨ ਜਾਣ ਸਕਤੇ ਹੈਂ ਨ ਛੂ ਸਕਤੇ ਹੈਂ ਜੜ ਹੋਨੇ ਤੇ। ਔਰ ਜੋ ਚੈਤਨਯ ਬ੍ਰਹਮਾਂਡ ਕੇ ਅੰਦਰ ਬਾਹਰ ਪੂਰਣ ਹੈ ਔਰ ਆਕਾਸ ਕੀ ਨਿਆਈ ਅਸ਼ੰਗ ਅਨੰਤ ਹੈ। ਸੋ ਅਨੰਤ ਮੈਂ ਹੂੰ ਐਸੇ ਨਿਸਚੇ ਕਰਕੇ ਸ਼ੋਕ ਸੇ ਰਹਿਤ ਹੋ।

**ਤਥਾ–ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ਅਸਚਰਜ ਰੂਪੰ**
**ਰਹੰਤ ਜਨਮੰ॥**

[ਸਹਸਕ੍ਰਿਤੀ ਸ: ਮ: ੫ ਸਫਾ ੧੩੫੯

**ਤਥਾ–ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲ ਨ ਕਰਮਾ॥**
**ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਾਉ ਨ ਭਰਮਾ॥**

[ਸੋਰਠਿ ਮ: ੧ ਸਫਾ ੫੯੭

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥**
**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪਸੰਨ॥ ੧॥**

[ਗਉ: ਸੁ: ਮ: ੫ ਸਫਾ ੨੮੩

**ਤਥਾ–ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ॥ ਰੂਪ**
**ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥ ਅਚਲਮੂਰਤਿ**
**ਅਨਭਉ ਪ੍ਰਕਾਸ਼ ਅਮਿਤੋਜ ਕਹਿਜੈ॥ ਕੋਟਿ ਇੰਦ੍ਰ ਇੰਦ੍ਰਾਣਿ**
**ਸਾਹਿ ਸਾਹਾਣਿ ਗਣਿਜੈ॥ ਤ੍ਰਿਭਵਣ ਮਹੀਪ ਸੁਰ ਨਰ ਅਸੁਰ**
**ਨੇਤ ਨੇਤ ਬਨ ਤ੍ਰਿਣ ਕਹਤ॥ ਤ੍ਵ ਸਰਬ ਨਾਮ ਕਥੈ ਕਵਨ ਕਰਮ**
**ਨਾਮ ਬਰਣਤ ਸੁਮਤਿ॥**

[ਜਾਪੁ ਸਾਹਿਬ ਪਾਤਸ਼ਾਹੀ ੧੦

ਇਸ ਪ੍ਰਕਾਰ ਵੇਦਾਂਤ ਸ਼ਾਸਤ੍ਰ ਕੋ ਪੜ੍ਹ ਕਰ ਪੰਡਿਤ ਜੀ ਕੋ ਸ਼ੰਸ਼ਯ ਹੋ ਗਯਾ ਕਿ ਰੂਪ ਰੇਖ ਤੇ ਚਕ੍ਰ ਸੇ ਨਿਆਰਾ ਬ੍ਰਹਮ ਰੂਪ ਆਤਮਾ ਅੰਦਰ ਹੈ ਯਹ ਸ਼ਾਸਤ੍ਰ ਕਹਿਤਾ ਹੈ ਮੈਂ ਇਸਕੋ ਨਹੀਂ ਮਾਨੂੰਗਾ। ਕਿਉਂਕਿ ਐਸੇ ਬ੍ਰਹਮ ਕਾ ਪਰਤਖ ਦਰਸ਼ਨ ਨਹੀਂ ਹੋਤਾ। ਔਰ ਵੇਦ ਭਗਵਾਨ ਭੀ ਐਸੇ ਕਹਿਤੇ ਹੈਂ ਜਿਸਕੋ ਮਨ ਬੁਧੀ ਇੰਦ੍ਰੀਆਂ ਨਹੀਂ ਜਾਣ ਸਕਤੀਆਂ। ਅਗਰ ਓ ਜਾਣਿਆਂ ਨ ਗਿਆ ਤੋ ਉਸ ਬ੍ਰਹਮ ਕੇ ਮਾਨਣੇ ਸੇ ਲਾਭ ਭੀ ਕਿਆ ? ਅਰ ਹਮਾਰੇ ਨਿਆਇ ਸ਼ਾਸ਼ਤ੍ਰ ਮੇਂ ਆਤਮਾ ਕਾ ਮਾਨਸ ਪਰਤੱਖ ਲਿਖਾ

ਭੀ ਹੈ ਸੁਖ ਦੁਖ ਕੀ ਨਿਆਈ। ਇਸ ਵਾਸਤੇ ਵੇਦਾਂਤ ਸ਼ਾਸਤ੍ਰ ਮਾਨਨੀਯ ਨਹੀਂ। ਕਿਉਂਕਿ ਵੇਦਾਂਤ ਸ਼ਾਸ਼ਤ੍ਰ ਕਹਿਤਾ ਹੈ ਬ੍ਰਹਮ ਤੋਂ ਹੈ ਪਰੰਤੂ ਵਹ ਜਾਤਿ ਗੁਣ ਕ੍ਰਿਆ ਸੰਬੰਧ ਸੇ ਰਹਿਤ ਹੈ। ਔਰ ਜਾਤੀ ਗੁਣ ਕ੍ਰਿਆ ਸੰਬੰਧ ਵਾਲੇ ਮੇਂ ਹੀ ਸ਼ਬਦ ਕੀ ਪ੍ਰਵਿਰਤੀ ਹੋਵੇ ਹੈ। ਜਬ ਬ੍ਰਹਮ ਮੇਂ ਸ਼ਬਦ ਕੀ ਪ੍ਰਵਿਰਤੀ ਹੀ ਨਹੀਂ ਤੋ ਵੇਦਾਂਤ ਸ਼ਾਸ਼ਤ੍ਰ ਨਿਸ਼ਫਲ ਹੈ ਕਿਸਕੋ ਬੋਧਨ ਕਰੇਗਾ। ਔਰ ਰੂਪ ਰੰਗ ਚਿਹਨ ਚਕ੍ਰ ਵਾਲੇ ਮੇਂ ਹੀ ਨੇਤ੍ਰਾਦਿ ਪ੍ਰਤਖ ਅਨੁਮਾਨਾਦਿ ਪ੍ਰਮਾਣੋਂ ਕੀ ਪ੍ਰਵਿਰਤੀ ਹੋਵੇ ਹੈ। ਰੂਪ ਰੇਖ ਸੇ ਬਿਨਾਂ ਪ੍ਰਤਖਾਦਿ ਪ੍ਰਮਾਣੋਂ ਕੀ ਪ੍ਰਵਿਰਤੀ ਹੀ ਨਹੀਂ ਹੋਵੇਗੀ। ਔਰ ਪ੍ਰਮਾਣ ਸੇ ਬਿਨਾ ਪ੍ਰਮੇਯ ਕੀ ਸਿਧਿ ਹੋਵੇ ਨਹੀਂ। ਔਰ ਮੁਖ ਪ੍ਰਮਾਣ ਦੋ ਹੀ ਹੈਂ। ਏਕ ਸਬਦ ਦੂਸਰਾ ਪ੍ਰਤੱਖ। ਇਨੋਂ ਨੇ ਹੀ ਬ੍ਰਹਮ ਕਾ ਗਿਆਨ ਕਰਨਾ ਸੀ। ਅਰ ਯੇ ਦੋਨੋਂ ਜਾਤੀ ਗੁਣ ਕ੍ਰਿਆ ਸੰਬੰਧ ਰੂਪ ਰੇਖ ਚਿਹਨ ਚਕ੍ਰ ਵਾਲੇ ਮੇਂ ਪ੍ਰਵਿਰਤ ਹੋਤੇ ਹੈਂ ਔਰ ਬ੍ਰਹਮ ਇਨ ਗੁਣੋਂ ਸੇ ਰਹਿਤ ਹੈ। ਯਾਂਤੇ ਕੋਈ ਪ੍ਰਮਾਣ ਬ੍ਰਹਮ ਮੇਂ ਹੈ ਨਹੀਂ। ਤਾਂਤੇ ਬ੍ਰਹਮ ਹੈ ਹੀ ਨਹੀਂ ਪ੍ਰਮਾਣ ਸੂਨਯ ਹੋਨੇ ਸੇ ਔਰ ਵੇਦਾਂਤ ਕਹਿਤਾ ਹੈ ਬ੍ਰਹਮ ਹੈ ਅਗਰ ਹੈ ਤੋ ਉਸਕਾ ਰੂਪ ਰੇਖ ਚਿਹਨਚਕ੍ਰ ਬਤਾਵੇ ਨਹੀਂ ਬਤਾ ਸਕਤਾ। ਇਸ ਵਾਸਤੇ ਵੇਦਾਂਤ ਸ਼ਾਸ਼ਤ੍ਰ ਝੂਠਾ ਹੈ ਪ੍ਰਮਾਣੀਕ ਨਹੀਂ। ਔਰ ਜੋ ਕਹਿਤਾ ਹੈ ਮਨਬੁਧੀ ਪ੍ਰਾਣ ਇੰਦ੍ਰੀਓਂ ਸੇ ਨਿਆਰਾ ਹੈ ਤੋ ਕਹਿਣੇ ਵਾਲੇ ਤੂੰ ਸਾਮਨੇ ਹੋਜਾ ਚਾਕੂ ਨਾਲ ਤੇਰਾ ਪੇਟ ਚੀਰ ਕੇ ਦੇਖੀਏ ਤੇਰਾ ਆਤਮਾ ਕਹਾਂ ਹੈ ? ਨਿਆਰਾ ਨਹੀਂ ਨਿਕਲਤਾ ਇਸ ਵਾਸਤੇ ਹੈ ਨਹੀਂ। ਐਸੇ ਏਕ ਸੰਦੇਹ ਪੈਦਾ ਹੂਆ। ਚਿਤ ਬੜਾ ਦੂਖੀ ਹੂਆ। ਕਿਉਂਕਿ ਸੰਸਾਰ ਮੇਂ ਤੀਨ ਆਦਮੀ ਦੁਖੀ ਹੋਤੇ ਹੈਂ।

**ਅਗਯਸ੍ਚ ਅਸਰਧਾਨਸ ਸੰਸ਼ਾਯਤਮਾ ਵਿਨਸ਼ਯਤਿ ॥**
**ਨਾਯੰ ਲੋਕੋऽਸ੍ਤਿ ਨ ਪਰੋਨ ਸੁਖੰ ਸੰਸ਼ਯਾਤਮਨ: ॥**

[ਗੀਤਾ ਅ: ੪ ਸਲੋਕ ੪੦

ਏਕ ਅਗਿਆਨੀ ਦੂਜਾ ਅਸ਼ਰਧਾਲੂ ਤੀਜਾ ਸੰਸ਼ਯ ਵਾਲਾ ਯਹ ਤੀਨੋ ਦੁਖੀ ਰਹਿਤੇ ਹੈਂ ਔਰ ਪਰਮਾਰਥ ਸੇ ਭ੍ਰਸ਼ਟ ਹੋ ਜਾਤੇ ਹੈਂ ਉਸ ਮੇਂ ਸੰਸ਼ਯਾਤਮਾ ਕੋ ਨ ਇਸ ਲੋਕ ਕਾ ਸੁਖ ਨ ਪਰਲੋਕ ਕਾ ਸੁਖ ਹੈ। ਇਸ ਵਾਸਤੇ ਫੇਰ ਵਹ ਪੰਡਿਤ ਬ੍ਰਿਧੋਂ ਪਾਸ ਆਯਾ ਔਰ ਅਪਨਾ ਦੁਖ ਸੁਣਾਯਾ ਫਿਰ ਮਹਾਤਮਾ ਨੇ ਕਹਾ ਅਛਾ ਭਗਤੀ ਸ਼ਾਸਤ੍ਰ ਪੜ੍ਹੋ ਚਿਤ ਸ਼ਾਂਤ ਹੋ ਜਾਵੇਗਾ ਭਗਤੀ ਸ਼ਾਸਤ੍ਰ ਮੇਂ ਸਲੋਕ ਆਯਾ।

**ਸੁਖਸਯ ਦੁਖਸਯ ਨ ਕੋਪੀ ਦਾਤਾ। ਪਰੋ ਦਦਾਤੀਤਿ ਕੁਬੁਧਿਰੇਸ਼ਾ ॥**
**ਅਹੰਕਰੋ ਮੀਤੀ ਬ੍ਰਿਥਾਭਿਮਾਨ:। ਸ੍ਵਕਰਮ ਸੂਤ੍ਰ ਗ੍ਰਥਿ ਤੋ ਹਿ ਲੋਕ ॥**

[ਅਧਯਾਤਮ ਰਾਮਾਯਣ ਅਯੁਧਯਾ ਕਾਂਡ ਸਰਗ ੬ ਸਲੋਕ ੬

ਸੁਖ ਦੁਖ ਕੇ ਦੇਣੇ ਵਾਲਾ ਔਰ ਕੋਈ ਨਹੀਂ। ਜੋ ਕਹਿਤਾ ਹੈ ਫਲਾਣੇ ਨੇ ਮੇਰੇ ਕੋ ਸੁਖ ਦੀਆ ਫਲਾਣੇ ਨੇ ਦੁਖ ਦੀਆ ਯੇ ਕੁਮਿਤ ਹੈ। ਯਾਨੇ ਮਨਮਤਿ ਹੈ। ਮੈਂ ਕਰਤਾ ਹੂੰ ਯਹ ਜੋ ਬ੍ਰਿਥਾ ਅਭਿਮਾਨ ਕਰਤਾ ਹੈ ਸੋ ਭੀ ਮਨਮਤਿ ਹੈ। ਇਸ ਕਰਮ ਰੂਪੀ ਸੂਤ੍ਰ



ਸੇ ਯੇ ਜੀਵ ਬੰਧਾ ਹੂਆ ਹੈ ਸੁਖ ਦੁਖ ਕੋ ਪ੍ਰਾਪਤ ਹੋਤਾ ਹੈ ਮੁਕਤ ਨਹੀਂ ਹੋਤਾ। ਸੋ ਸੁਖ ਦੁਖ ਕੇ ਦੇਨੇ ਵਾਲਾ ਅਭਿਮਾਨ ਸਹਿਤ ਕਰਮ ਹੀ ਹੈਂ। ਐਸੇ ਜਾਨ ਕਰ ਕਿਸੀ ਕੋ ਦੂਸ਼ਨ ਨਾ ਲਗਾਨਾ ਚਾਹੀਏ। ਪ੍ਰਮਾਣ–

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥**

ਰਾਗ ਆਸਾ ਮ: ੧ ਸਫਾ ੪੩੩

ਪੰਡਿਤ ਯਹ ਸਲੋਕ ਪੜ੍ਹ ਕਰ ਕਹਿਨੇ ਲਗਾ ਯਹ ਸਲੋਕ ਭੀ ਬਿਲਕੁਲ ਝੂਠਾ ਹੈ। ਯਾਨ ਅਵਤਾਰ ਰਿਸ਼ੀ ਮੁਨੀ ਰਾਜਾ ਪਰਜਾ ਇਸ ਸਲੋਕ ਪਰ ਕੋਈ ਭੀ ਨਹੀਂ ਚਲਤੇ। ਅਗਰ ਚਲਤੇ ਹੋਵੇਂ ਤੋ ਅਦਾਲਤੇਂ ਕਚਹਿਰੀਆਂ ਕਿਉਂ ਬਨੀਆਂ ਹਨ। ਔਰ ਜੱਜੋਂ ਕੋ ਯਹ ਹੀ ਫੈਸਲਾ ਕਰਨਾ ਚਾਹੀਏ, ਜਾਓ ਤੁਮਾਰੇ ਕਰਮੋਂ ਕਾ ਫਲ ਹੈ। ਪਰ ਅਬ ਤਕ ਕਿਸੀ ਰਾਜਾ ਯਾ ਜੱਜ ਨੇ ਐਸਾ ਫੈਸਲਾ ਨਹੀਂ ਕੀਆ, ਔਰ ਨ ਕਿਸੀ ਅਵਤਾਰ, ਰਿਸ਼ੀ ਤੇ ਮੁਨੀ ਨੇ ਐਸਾ ਕਿਸੀ ਕੋ ਉਪਦੇਸ਼ ਕੀਆ ਹੈ, ਤਾਂਤੇ ਯਹ ਸ਼ਾਸਤ੍ਰ ਭੀ ਝੂਠਾ ਹੈ। ਉਸ ਸ਼ਾਸਤ੍ਰ ਕੋ ਭੀ ਛੋੜ ਦੀਆ। ਔਰ ਫਿਰ ਬ੍ਰਿਧੋਂ ਕੇ ਪਾਸ ਗਯਾ, ਅਪਨਾ ਦੁਖ ਸੁਨਾਯਾ ਕਹਾ ਦੁਖ ਨਵਿਰਤੀ ਕਾ ਕੋਈ ਔਰ ਉਪਾਯ ਬਤਾਓ। ਮਹਾਤਮਾ ਨੇ ਸ੍ਰੀ ਮਦ ਭਾਗਵਤ ਕੇ ਪਾਠ ਵਾਸਤੇ ਕਹਾ। ਔਰ ਵਹ ਸ੍ਰੀ ਮਦ ਭਾਗਵਤ ਪੜ੍ਹਨੇ ਲਗਾ। ਸ੍ਰੀ ਮਦ ਭਾਗਵਤ ਕੇ ਪੜ੍ਹਤੇ ਪੜ੍ਹਤੇ ਪਾਂਚਵੇਂ ਸਕੰਧ ਮੇਂ ਦੇਖਾ, ਉਥੇ ਨਰਕੋਂ ਕੇ ਬਯਾਨ ਮੇਂ ਇਕ ਮਹਾਂ ਭਯਾਨਕ ਦਾਰੁਨ ਨਰਕ ਪੜ੍ਹਾ। ਜਿਸਮੇਂ ਪਰ ਪੁਰਸ਼ ਪਰ ਇਸਤ੍ਰੀ ਕੋ ਲੋਹੇ ਕੀ ਮੂਰਤੀ ਅਗਨੀ ਨਾਲ ਤਪਾ ਕਰ ਸਰੀਰ ਤੇ ਚੰਬੜਾ ਦੀ ਜਾਤੀ ਹੈ। ਔਰ ਵਹ ਬੜਾ ਚਿਲਾਤਾ ਹੈ ਦਖੀ ਹੋਤਾ ਹੈ। ਕਹਿਨੇ ਲਗਾ ਯਹ ਭਾਗਵਤ ਕੀ ਵਾਰਤਾ ਭੀ ਬਿਲਕੁਲ ਝੂਠ ਹੈ, ਕਿਉਂਕਿ ਕਾਮ ਭੀ ਅਗਨੀ ਹੈ ਉਸ ਕੋ ਅਗਨੀ ਕੀ ਸਜ਼ਾ ਮੇਂ ਕਿਆ ਦੁਖ ਹੋਗਾ ? ਇਸ ਵਾਸਤੇ ਯਹ ਸ਼ਾਸਤ੍ਰ ਭੀ ਨਹੀਂ ਪੜ੍ਹੂਗਾ ਔਰ ਉਸ ਕੋ ਭੀ ਤਿਆਗ ਦੀਆ। ਫਿਰ ਬ੍ਰਿਧੋਂ ਕੇ ਪਾਸ ਗਯਾ ਅਪਨਾ ਦੁਖ ਸੁਨਾਯਾ। ਉਨ੍ਹੋਂ ਨੇ ਕਹਾ ਕਿਸੀ ਬ੍ਰਹਮਵੇਤਾ ਕੇ ਪਾਸ ਜਾਓ। ਤਬ ਤੁਮਾਰਾ ਦੁਖ ਦੂਰ ਹੋਗਾ। ਔਰ ਵਹਾਂ ਹੀ ਤੁਮਾਰੇ ਸੰਸਯ ਦੂਰ ਹੋਂਗੇ, ਪ੍ਰੰਤੂ ਸ਼ਿਸ਼ਯ ਰੀਤੀ ਅਨੁਸਾਰ ਸਰਧਾਵਾਨ ਹੋਕਰ ਜਾਨਾ ਕਿਉਂਕਿ ਕਪਲ ਮੁਨੀ ਜੀ ਅਪਨੇ ਸੂਤਰ ੭੮ ਸੇ ੮੧ ਤਕ ਮੇਂ ਲਿਖਤੇ ਹੈਂ :

**ਜੀਵਨ ਮੁਕਤਸ੍ਚ ॥੭੮॥ ਉਪਦੇਸਯੋਪਦੇਸਟ੍ਰਿਤ੍ਵਾਤ ਤਤਸਿਧਿ:॥੭੯॥**
**ਸ੍ਰੁਤਿਸ੍ਚ ॥੮੦॥ ਇਤਰਥਾਅੰਧ ਪਰੰਪਰਾ ॥ ੮੧ ॥**

[ਅਧਯਾਇ ੩ ਸਾਖਯ ਦਰਸਨ ਸੂਤ੍ਰ

ਅਰਥ–ਉਪਦੇਸ ਕੇ ਯੋਗ ਸ਼ਿਸ਼ਯ ਯਾਨੇ ਸਰਧਾਲੂ ਸ਼ਿਸ ਔਰ ਉਪਦੇਸ ਕਰਨੇ ਵਾਲਾ ਯੋਗ ਗੁਰੂ ਦੋਨੋਂ ਕੇ ਸੰਬੰਧ ਸੇ ਜੀਵਨ ਮੁਕਤ ਕਾ ਸੁਖ ਯਾਨੇ ਸ਼ਾਂਤੀ ਕੀ ਸਿੱਧੀ

ਹੋਤੀ ਹੈ ਇਸ ਮੇਂ ਸ੍ਰੁਤੀਆਂ ਭੀ ਪ੍ਰਮਾਣ ਹੈਂ। ਯੋਗਯ ਗੁਰੂ ਬਿਨਾ ਅੰਧ ਪਰੰਪਰਾ ਗੁਰੂ ਸ਼ਿਸ਼ਯ ਭਾਵ ਸੰਬੰਧ ਹੈ ਮੁਕਤੀ ਕਰ ਨਹੀਂ। ਇਸ ਪਰ ਗੁਰੂ ਪ੍ਰਮਾਣ :-

**ਸਾਸਤ ਬੇਦ ਸਿਮ੍ਰਿਤਿ ਸਭ ਸੋਧੇ ਸਭ ਏਕਾ ਬਾਤ ਪੁਕਾਰੀ ॥**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਵੀਚਾਰੀ ॥**

[ਗੂਜਰੀ ਮਹਲਾ ੫ ਸਫਾ ੪੯੫

ਤਥਾ-

**ਅਨਦਿਨ ਜਲਤ ਰਹੇ ਦਿਨ ਰਾਤੀ ਗੁਰੁ ਬਿਨ ਸਾਂਤਿ ਨ ਹੋਈ ਹੇ।**

[ਮਾਰੂ ਮਹਲਾ ੩ ਸਫਾ ੧੦੪੫

**ਸਾਂਤਿ ਪਾਈ ਗੁਰ ਸਤਿਗੁਰ ਪੂਰੇ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥**

[ਬਿਲਾਵਲ ਮ: ੫

ਸੋ ਆਪ ਸ਼ਰਧਾਵਾਨ ਹੋਕਰ ਕਿਸੀ ਬ੍ਰਹਮ ਨਿਸ਼ਟ ਗੁਰੂ ਕੇ ਪਾਸ ਜਾਓ ਤੋ ਚਿਤ ਸ਼ਾਂਤ ਹੋਗਾ। ਸ਼ੰਕਾ-ਬ੍ਰਹਮਨਿਸਠ ਗੁਰੂ ਕੇ ਸ਼ਰਣ ਕੀ, ਕੀ ਜ਼ਰੂਰਤ ਹੈ ਔਰ ਭੀ ਤੋ ਬਹੁਤ ਹੈਂ? ਸਮਾਧਾਨ। ਅਗਿਆਨੀਓਂ ਕੀ ਸ਼ਰਣ ਲੇਨੇ ਸੇ ਅੰਧ ਪਰੰਪਰਾ ਹੀ ਹੋਵੇਗੀ ਯਾਨੇ ਏਕ ਅੰਧਾ ਕੂਏ ਮੇਂ ਗਿਰਾ ਤੋ ਸਭ ਅੰਧੇ ਕੂਏ ਮੇਂ ਗਿਰ ਪੜੇਂ ਤੈਸੇ ਅਗਿਆਨੀਓਂ ਕੀ ਸੰਗਤ ਸੇ ਅਗਿਆਨੀ ਹੀ ਰਹਿਣਾ ਪੜੇਗਾ। ਚਿਤ ਦੁਖੀ ਰਹੇਗਾ ਔਰ ਚਿਤ ਮੇਂ ਸ਼ਾਂਤੀ ਨਹੀਂ ਰਹੇਗੀ। ਬ੍ਰਹਮਵੇਤਾ ਕੀ ਸਰਣ ਨਾਂ ਭੀ ਲੇਵੇ ਫਕਤ ਸ਼ਰਧਾ ਸੇ ਉਨਕੇ ਵਚਨ ਸਰਵਣ ਕਰੇ ਤੋ ਉਸਕੀ ਭੀ ਮੁਕਤਿ ਹੋ ਜਾਤੀ ਹੈ ਜੈਸੇ ਏਕ ਸਮੇਂ ਸ੍ਰੀ ਕ੍ਰਿਸ਼ਨ ਜੀ ਅਰਜੁਨ ਕੋ ਮੋਖਸ਼ ਕਾ ਉਪਦੇਸ਼ ਦੇ ਰਹੇ ਥੇ। ਉਸ ਸਮਯ ਇਕ ਭੂਤ ਭੀ ਸ਼ਰਧਾ ਸੇ ਸੁਣ ਰਹਾ ਥਾ ਔਰ ਵੋ ਮਨਨ ਕਰਕੇ ਮੁਕਤਿ ਹੋ ਗਯਾ। ਸ੍ਰੀ ਕਪਲਦੇਵ ਜੀ ਏਹ ਵਾਰਤਾ ਸੂਤ੍ਰ ਮੇਂ ਕਹਿਤੇ ਹੈਂ।

**ਪਿਸਾਚ ਵਦਨਜਾਰਥੋਪਦੇਸ਼ੇ ਆਪਿ ॥** [ਸਾਂਖ ਦਰਸਨ ਅ: ੪ ਸੂਤ੍ਰ ੨

ਅਰਥ-ਏਕ ਕੇ ਵਾਸਤੇ ਜੋ ਉਪਦੇਸ਼ ਕੀਆ ਜਾਤਾ ਹੈ ਉਸ ਸੇ ਦੂਸਰਾ ਭੀ ਮੁਕਤਿ ਹੋ ਜਾਤਾ ਹੈ ਪਿਸਾਚ ਕੀ ਨਿਆਈ। ਗੁਰੂ ਪ੍ਰਮਾਣ :-

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**

[ਸੋਰਠ ਮ: ੩ ਸਫਾ ੬੪੭

ਸੋ ਆਪ ਸ਼ਰਧਾ ਨਾਲ ਕਿਸੀ ਮਹਾ ਪੁਰਖ ਕੇ ਪਾਸ ਪਹੁੰਚੇ। ਜਾਕਰ ਝਗੜਾ ਵਾਦ ਵਿਵਾਦ ਨ ਕਰਨਾ। ਉਸ ਨੇ ਕਹਾ ਅੱਛਾ ਐਸੇ ਹੀ ਕਰੂੰਗਾ। ਔਰ ਬ੍ਰਹਮ ਵੇਤਾ ਕੀ ਤਲਾਸ਼ ਮੇਂ ਘੂਮਤਾ ਘੂਮਤਾ ਸ੍ਰੀ ਗੰਗਾ ਜੀ ਕੇ ਕਿਨਾਰੇ ਰਿਸ਼ੀ ਕੇਸ਼ ਪਹੁੰਚਾ। ਔਰ ਏਕ ਬ੍ਰਹਮਨਿਸ਼ਟ ਮਹਾਤਮਾ ਕਾ ਨਾਮ ਸੁਨਾ। ਬੜੀ ਸ਼ਰਧਾ ਸੇ ਗੁਰੂ ਬੁਧੀ ਕਰਤਾ ਹੂਆ ਉਨਕੇ ਪਾਸ ਪਹੁੰਚਾ। ਔਰ ਜਾਕਰ ਚਰਨੋਂ ਮੇਂ ਡੰਡਵਤ ਪ੍ਰਣਾਮ ਕਰੀ ਔਰ ਕਹਾ ਭਗਵਾਨ ਮੈਂ ਦੁਖੀ ਹੂੰ ਔਰ ਆਪਕੀ ਸ਼ਰਣ ਹੂੰ ਮੇਰੇ ਅੰਦਰ ਤੀਨ ਸ਼ੰਸ਼ਯ ਹੈਂ ਜੋ ਚਿਤ ਕੋ ਦੁਖੀ ਕਰ ਰਹੇ ਹਨ। ਉਨਕੀ ਨਿਵਿਰਤੀ ਕੇ ਵਾਸਤੇ ਆਪਕੀ ਸ਼ਰਣ ਮੇਂ ਆਇਆ ਹੂੰ। ਆਪ ਮੇਰੇ ਸ਼ੰਸ਼ਯੋਂ ਕੋ ਛੇਦਨ ਕਰਕੇ ਦੁਖ ਦੂਰ ਕਰੋ ਮੈਂ ਆਪਕੀ ਸ਼ਰਣ ਹੂੰ ਸ਼ਰਣ ਹੂੰ। ਮਹਾਤਮਾ



ਚੁਪ ਕਰ ਰਹੇ ਕਿਉਂਕਿ ਕਮ ਬੋਲਤੇ ਥੇ। ਫਿਰ ਫਿਰ ਪ੍ਰਾਰਥਨਾ ਕਰੀ ਹੇ ਭਗਵਨ ਮੈਂ ਖਟ ਸਾਸ਼ਤ੍ਰੀ ਹੋਨੇ ਪਰ ਭੀ ਦੁਖੀ ਹੂੰ। ਮੈਂ ਇਲਮ ਯਾਨੇ ਵਿਦਿਆ ਬਹੁਤ ਹੀ ਪੜਾ ਹੂੰ ਪ੍ਰੰਤੂ ਅਮਲ ਯਾਨੇ ਧਾਰਨਾ ਨਹੀਂ ਇਸ ਵਾਸਤੇ ਦੁਖੀ ਹੂੰ। ਆਪ ਅਮਲ ਵਾਲੇ ਹੈਂ। ਯਾਨੇਧਾਰਨਾ ਵਾਲੇ ਹੈਂ। ਅਪਨੇ ਅਨੁਭਵ ਕੇ ਇਸ਼ਾਰੇ ਸੇ ਮੇਰੇ ਪ੍ਰਸ਼ਨੋਂ ਕਾ ਉਤਰ ਦਿਓ, ਦਖ ਦੂਰ ਕਰੋ। ਮਹਾਤਮਾ ਫੇਰ ਚੁਪ ਰਹੇ ਔਰ ਜਾਣਿਆ ਆਜ ਕੋਈ ਜ਼ਰੂਰ ਵਿਖੇਪ ਹੋਵੇਗਾ। ਜੋ ਮੇਰੇ ਕੋ ਯੇ ਆਦਮੀ ਆਜ ਬ੍ਰਹਮ ਚਿੰਤਨ ਨਹੀਂ ਕਰਨੇ ਦੇਤਾ। ਅਛਾ ਜੋ ਭਾਵੀ ਐਸਾ ਜਾਣ ਕਰ ਮਹਾਤਮਾ ਨੇ ਇਸ਼ਾਰਾ ਕੀਆ, ਅਛਾ ਬੋਲ ਕਿਆ ਪ੍ਰਸ਼ਨ ਹੈ। ਉਸਨੇ ਤੀਨੋਂ ਪ੍ਰਸ਼ਨ ਕਹੇ। (੧) ਪਹਿਲੇ ਵੇਦਾਂਤ ਵੀਚਾਰਿਆ। ਵੇਦਾਂਤ ਸ਼ਾਸਤ੍ਰ ਕਹਿਤਾ ਹੈ ਆਤਮਾ ਹੈ, ਪਰ ਉਸਕਾ ਜਾਤਿ ਗੁਣ ਕ੍ਰਿਯਾ ਸੰਬੰਧ ਰੂਪ ਰੇਖ ਚਿੰਨ੍ਹ ਚੱਕ੍ਰ ਕੋਈ ਨਹੀਂ, ਜਿਸ ਚੀਜ਼ ਮੇਂ ਯਹ ਕੋਈ ਇਕ ਭੀ ਨ ਹੋਵੇ, ਵੋ ਚੀਜ਼ ਹੋਤੀ ਹੀ ਨਹੀਂ। ਅਗਰ ਇਨ ਸੇ ਬਿਨਾਂ ਕੋਈ ਚੀਜ਼ ਹੈ ਤੋ ਦਿਖਾਓ ਅਨੁਭਵ ਕਰਾਓ। ਯਹ ਮੇਰਾ ਪਹਿਲਾ ਪ੍ਰਸ਼ਨ ਹੈ। (੨) ਦੂਸਰਾ ਪ੍ਰਸ਼ਨ ਸ਼ਾਸਤਰ ਕਹਿਤਾ ਹੈ। ਸੁਖ ਦੁਖ ਕਰਮੋਂ ਕਾ ਫਲ ਹੈ ਕਰਮ ਫਲ ਸਮਝ ਕਰਕੇ ਕਿਸੀ ਕੋ ਦੋਸ਼ ਨ ਲਗਾਨਾ ਚਾਹੀਏ, ਪਰ ਇਸ ਪਰ ਲੋਗ ਚਲਤੇ ਕਿਉਂ ਨਹੀਂ। (੩) ਤੀਸਰਾ ਪ੍ਰਸ਼ਨ ਸ੍ਰੀ ਮਦ ਭਾਗਵਤ ਕੇ ਪਾਂਚਵੇਂ ਸਕੰਧ ਮੇਂ ਨਰਕੋਂ ਕੇ ਬਿਆਨ ਕਰਤੇ ਹੁਏ ਦਾਰੁਣ ਨਾਮ ਵਾਲੇ ਨਰਕ ਕਾ ਬਿਆਨ ਕੀਆ ਹੈ ਕਿ ਜੋ ਕਾਮੀ ਪੁਰਸ਼ ਵਾ ਇਸਤ੍ਰੀ ਪਰ ਨਾਲ ਪ੍ਰੀਤ ਕਰਤੇ ਹੈਂ ਉਨੋਂ ਕੋ ਲੋਹੇ ਕੀ ਪੁਰਸ਼ ਯਾ ਇਸਤ੍ਰੀ ਕੀ ਮੂਰਤੀ ਬਣਾ ਕਰ ਅਗਨੀ ਨਾਲ ਤਪਾ ਕਰ ਅੰਗੋਂ ਮੇਂ ਲਗਾਤੇ ਹੈਂ ਔਰ ਤਬ ਮਹਾਨ ਦੁਖ ਹੋਤਾ ਹੈ। ਮੇਰੇ ਖਿਆਲ ਸੇ ਤਤੋਂ ਮੇਂ ਤਤ ਮਿਲਾਨੇ ਸੇ ਦੁਖ ਨ ਹੋਣਾ ਚਾਹੀਏ, ਕਾਮ ਭੀ ਅਗਨੀ ਹੈ, ਅਗਨੀ ਭੀ ਅਗਨੀ ਹੈ, ਅਗਨੀ ਕੋ ਅਗਨੀ ਮੇਂ ਪਾਨੇ ਸੇ ਕਿਆ ਦੁਖ ? ਅਗਰ ਤਤੋਂ ਮੇਂ ਤਤ ਮਿਲਾਨੇ ਸੇ ਦੁਖ ਹੋਤਾ ਹੈ ਤੋ ਦ੍ਰਿਸ਼ਟਾਂਤ ਸੇ ਸਮਝਾਓ। ਮਹਾਤਮਾ ਫੇਰ ਚੁਪ ਹੋ ਰਹੇ। ਪੰਡਤ ਜੀ ਨੇ ਪ੍ਰਤਗਿਆ ਕਰੀ ਔਰ ਕਹਾ ਅਗਰ ਮੇਰੇ ਕੋ ਜਵਾਬ ਨ ਦਿਓਗੇ ਤੋ ਗੰਗਾ ਮੇਂ ਛਾਲ ਮਾਰ ਕੇ ਆਪਣਾ ਘਾਤ ਕਰ ਦੂੰਗਾ, ਫੇਰ ਫੇਰ ਐਸੇ ਕਹਾ ਮਹਾਤਮਾ ਨੇ ਏਕ ਪਥਰ ਉਠਾਕੇ ਉਸ ਕੋ ਜੋਰ ਸੇ ਮਾਰਾ ਔਰ ਜੋਰ ਸੇ ਲਗਾ ਔਰ ਬੜੀ ਪੀੜਾ ਹੁਈ ਪੰਡਤ ਜੀ ਕੋ ਕ੍ਰੋਧ ਹੂਆ। ਮਹਾਤਮਾ ਕੋ ਬਹੁਤ ਕੌੜੇ ਬਚਨ ਕਹੇ, ਕੁਛ ਮਾਰਾ ਭੀ ਔਰ ਕਹਾ ਚੰਡਾਲ ਮੈਂ ਆਇਆ ਥਾ ਸ਼ਾਂਤੀ ਵਾਸਤੇ ਆਪ ਨੇ ਮੇਰੇ ਕੋ ਪਥਰ ਮਾਰ ਕਰ ਦੁਖੀ ਕਰ ਦੀਆ, ਤੁਮ ਕੋ ਮਹਾਤਮਾ ਕੌਣ ਕਹੇਗਾ। ਮਹਾਤਮਾ ਹਸੇ ਔਰ ਕਹਾ ਤੁਮ ਨੇ ਮੇਰਾ ਭਾਵ ਨਹੀਂ ਸਮਝਾ ਇਸ ਵਾਸਤੇ ਤੇਰੇ ਕੋ ਕ੍ਰੋਧ ਹੂਆ, ਔਰ ਮੇਰੇ ਕੋ ਦੁਰਬਚਨ ਕਹੇ ਔਰ ਮੇਰੇ ਕੋ ਮਾਰਾ। ਜਬ ਮੇਰਾ ਭਾਵ ਸਮਝੇਗਾ ਤੋ ਮੇਰੇ ਮਾਰਨੇ ਕਾ ਪਸਚਾਤਾਪ ਕਰੇਗਾ, ਔਰ ਮੇਰੇ ਚਰਨੋਂ ਮੇਂ ਪੜੇਗਾ। ਪੰਡਿਤ ਜੀ ਕੋ ਲਜਾ ਹੁਈ, ਔਰ ਕਹਾ ਮੈਂਨੇ ਭਾਵ ਨਹੀਂ ਸਮਝਾ। ਆਪ ਕਿਰਪਾ

ਕਰਕੇ ਸਮਝਾਓ । ਮਹਾਤਮਾ ਜੀ ਨੇ ਕਹਾ, ਤੁਮ ਨੇ ਜੋ ਤੀਨੋਂ ਪ੍ਰਸ਼ਨ ਕਰੇ ਥੇ ਅਰ ਮੇਰੇ ਕੋ ਕਹਾ ਥਾ ਮੈਂ ਖਟ ਸ਼ਾਸਤ੍ਰੀ ਹੂੰ, ਇਸ਼ਾਰੇ ਸੇ ਮੇਰੇ ਕੋ ਸਮਝਾਓ । ਸੋ ਮੈਂਨੇ ਪਥਰ ਮਾਰਨੇ ਸੇ ਤੁਮਾਰੇ ਕੋ ਤੀਨੋਂ ਪ੍ਰਸ਼ਨੋਂ ਕਾ ਉਤਰ ਦੇ ਦੀਆ । ਪੰਡਿਤ ਜੀ ਨੇ ਕਹਾ ਮਹਾਰਾਜ ਮੈਂਨੇ ਸਮਝਾ ਨਹੀਂ । ਮਹਾਤਮਾ ਜੀ ਨੇ ਕਹਾ ਮੈਂਨੇ ਪਥਰ ਮਾਰ੍ਹਾ, ਤੇਰੇ ਕੋ ਕਿਆ ਹੂਆ ? ਪੰਡਿਤ ਜੀ ਨੇ ਕਹਾ ਮੇਰੇ ਕੋ ਪੀੜਾ ਹੂਈ । ਮਹਾਤਮਾ ਨੇ ਕਹਾ ਪੀੜਾ ਤੋ ਕੋਈ ਵਸਤੂ ਨਹੀਂ । ਤੂੰ ਕਹਿਤਾ ਥਾ ਜਿਸ ਮੇਂ ਰੂਪ ਰੇਖ ਚਿੰਨ੍ਹ ਚਕ੍ਰ ਨ ਹੋਵੇ, ਉਹ ਕੋਈ ਵਸਤੂ ਨਹੀਂ ਹੋਤੀ । ਤੁਮਾਰੀ ਪੀੜਾ ਮੇਂ ਕੋਈ ਰੂਪ ਰੇਖ ਚਿੰਨ੍ਹ ਚਕ੍ਰ ਹੈ ਨਹੀਂ, ਨ ਕੋਈ ਪ੍ਰੀੜਾ ਕਾ ਤੋਲ ਮਾਪ ਹੈ । ਨ ਤੁਮਾਰੀ ਪੀੜਾ ਹਮਾਰੇ ਕਿਸੀ ਪ੍ਰਮਾਣ ਗਮਜ ਹੈ, ਹਮਾਰੇ ਨੇਤਰ ਨ ਉਸ ਕੋ ਜਾਣ ਸਕਤੇ ਹੈਂ । ਨ ਹਮਾਰਾ ਮਨ ਬੁੱਧੀ ਜਾਣ ਸਕਤਾ ਹੈ ਹਮ ਦੁਨੀਆਂ ਮੇਂ ਪੀੜਾ ਮਾਨਤੇ ਹੀ ਨਹੀਂ । ਅਗਰ ਤੁਮ ਪੀੜਾ ਮਾਨਤੇ ਹੋ ਤੋ ਉਸਕਾ ਕੋਈ ਰੂਪ ਰੇਖ ਚਿੰਨ੍ਹ ਚਕ੍ਰ ਸੁਣਾਓ ।

ਪੰਡਿਤ ਜੀ ਨੇ ਕਹਾ ਮੇਰੀ ਪਹਿਲੀ ਸ਼ੰਕਾ ਕਾ ਉਤਰ ਮੇਰੇ ਕੋ ਮਿਲ ਗਿਆ । ਜੈਸੇ ਵੇਦਾਂਤ ਸ਼ਾਸਤਰ ਕਹਿਤਾ ਹੈ ਰੂਪ ਰੇਖ ਸੇ ਨਿਆਰਾ ਆਤਮਾ ਹੈ ਪੀੜਾ ਕੀ ਤਰਹ, ਪਰੰਤੂ ਜੈਸੇ ਅੰਦਰ ਮੇਰੇ ਕੋ ਪੀੜਾ ਅਨੁਭਵ ਹੋ ਰਹਾ ਹੈ ਤੈਸੇ ਆਤਮਾ ਕਾ ਅੰਦਰ ਅਨੁਭਵ ਕਿਓਂ ਨਹੀਂ ਹੋਤਾ । ਉਤਰ ਪੀੜਾ ਕਾ ਅਨੁਭਵ ਭੀ ਹਮਾਰੇ ਪਥਰ ਕੀ ਚੋਟ ਲਗਾਨੇ ਸੇ ਤੁਮਾਰੇ ਕੋ ਹੂਆ । ਸੁਤੰਤਰ ਨਹੀਂ ਹੂਆ । ਤੈਸੇ ਹਮਾਰੇ ਯਾਨੇ ਬ੍ਰਹਮਵੇਤਾ ਕੇ ਸ਼ਬਦ ਦੀ ਚੋਟ ਲਗਨੇ ਸੇ ਤੁਮਾਰੇ ਕੋ ਅੰਤਰ ਆਤਮਾ ਕਾ ਅਨੁਭਵ ਭੀ ਹੋਵੇਗਾ । ਪ੍ਰਮਾਣ:-

**ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥**

[ਸੋਰਠ ਮ: ੩ ਸਫਾ ੬੦੧

ਪੰਡਿਤ ਜੀ ਨੇ ਕਹਾ ਮੇਰਾ ਸੰਸ਼ਯ ਸਰਵਥਾ ਹੀ ਦੂਰ ਹੋ ਗਯਾ । ਯਹ ਆਪ ਕੀ ਕ੍ਰਿਪਾ ਹੂਈ, ਐਸੇ ਕਹ ਚਰਨੋਂ ਮੇਂ ਪੜਾ ਅਰ ਅਪਰਾਧ ਖਿਮਾ ਕਰਾਯਾ । ਫੇਰ ਪ੍ਰਾਰਥਨਾ ਕਰ, ਭਗਵਨ ਮੇਰਾ ਹੁਣ ਦੂਸਰਾ ਸੰਸਾ ਭੀ ਤੋੜੋ, ਕਿਆ ਸੁਖ ਦੁਖ ਕਰਮੋਂ ਕੇ ਅਨੁਸਾਰ ਹੀ ਮਿਲਤਾ ਹੈ ।

ਮਹਾਤਮਾ ਨੇ ਕਹਾ ਹਾਂ ਮੈਂਨੇ ਆਪਣੇ ਦ੍ਰਿਸ਼ਟਾਂਤ ਸੇ ਯਹ ਸ਼ੰਕਾ ਭੀ ਤੋੜ ਦਿਤੀ, ਮੇਰੇ ਕੋ ਤੁਮ ਨੇ ਮਾਰਾ ਔਰ ਅਨੇਕ ਦੁਰਬਚਨ ਕਹੇ, ਪਰੰਤੂ ਮੇਰਾ ਚਿਤ ਸ਼ਾਂਤ ਰਹਾ । ਮੈਂਨੇ ਤੁਮਕੋ ਕੁਛ ਨਹੀਂ ਕਹਾ, ਪਰਸੰਨ ਬਦਨ ਰਹਾ ਤੁਮ ਨੇ ਦੇਖ ਹੀ ਲੀਆ, ਔਰ ਤੇਰੇ ਕੋ ਪਥਰ ਮਾਰਨੇ ਸੇ ਘਬਰਾਹਟ ਹੂਈ । ਹਮ ਤੁਮ ਦੋਨੋਂ ਕੋ ਕਰਮੋਂ ਕਾ ਹੀ ਫਲ ਮਿਲਾ, ਪਰੰਤੂ ਹਮ ਜਾਨਤੇ ਸੀ ਕਰਮੋਂ ਕਾ ਫਲ ਹੈ ਇਸ ਵਾਸਤੇ ਚਿਤ ਸ਼ਾਂਤ ਰਹਾ ਤੂੰ ਨਹੀਂ ਜਾਨਤਾ ਥਾ ਤੇਰੇ ਕੋ ਭਰਮ ਹੂਆ ਕਿ ਮਹਾਤਮਾ ਨੇ ਮੇਰੇ ਕੋ ਪੱਥਰ ਮਾਰਾ, ਇਸ ਵਾਸਤੇ ਚਿਤ ਮੇਂ ਵਿਖੇਪ ਹੂਆ ।



## ਗਿਆਨੀ ਨੋ ਅਗਿਆਨੀ ਨਸਚੈਵ ਸਮੇਂ ਪ੍ਰਾਰਬਧ ਕਰਮਣੀ ।

ਅਰਥ-ਗਿਆਨੀ ਅਗਿਆਨੀ ਪ੍ਰਾਰਬਧ ਫਲ ਏਕ ਜੈਸਾ ਪਾਤੇ ਹੈਂ, ਪਰੰਤੂ ਗਿਆਨੀ ਕੋ ਵਿਚਾਰ ਸੇ ਧੀਰਜ ਹੈ, ਅਗਿਆਨੀ ਕੋ ਅਵਿਚਾਰ ਸੇ ਕਲੇਸ਼ ਹੈ । ਅਬ ਭੀ ਤੂ ਮੇਰੇ ਵਚਨ ਸੇ ਨਿਸ਼ਚੇ ਕਰ ਸੁਖੁ ਦੁਖੁ ਸਭ ਕੋ ਅਪਨੇ ਅਪਨੇ ਕਰਮ ਸੇ ਮਿਲਤਾ ਹੈ ਤੋ ਤੁਮਾਰਾ ਚਿਤ ਸ਼ਾਂਤ ਹੋ ਜਾਏਗਾ । ਜੈਸੇ ਨਿਸਚੇ ਕਰਨੇ ਸੇ ਗੋਤਮੀ ਬ੍ਰਾਹਮਣੀ ਕਾ ਚਿਤ ਸ਼ਾਂਤ ਹੋ ਗਯਾ ਸੀ, ਜੈਸੇ ਮਹਾਂ ਭਾਰਤ ਮੇਂ ਭੀਸ਼ਮ ਪਿਤਾਮਹ ਨੇ ਮਹਾਰਾਜਾ ਯੁਧਿਸ਼ਟਰ ਕੋ ਨਿਸਚੇ ਕਰਾ ਦੀਆ ਕਿ ਸੁਖ ਦੁਖ ਕੇ ਦੇਣੇ ਵਾਲੇ ਕਰਮ ਹੀ ਹੈਂ । ਗੌਤਮੀ ਬ੍ਰਾਹਮਣੀ ਕੀ ਕਥਾ ਇਸ ਤਰਹ ਸੁਨਾਈ ਥੀ ਕਿ ਏਕ ਬ੍ਰਾਹਮਣੀ ਗੌਤਮੀ ਨਾਮ ਵਾਲੀ ਥੀ, ਜਿਸ ਕੋ ਬ੍ਰਿਧਵਸਥਾ ਮੇਂ ਏਕ ਪੁਤਰ ਹੂਆ, ਪੁਤਰ ਪੈਦਾ ਹੋਨੇ ਪਰ ਪਤੀ ਮਰ ਗਯਾ ਔਰ ਵਹ ਪਤੀ ਮਰਨੇ ਬਾਦ ਬੜੀ ਦੀਨ ਦਸ਼ਾ ਸੇ ਪੁਤਰ ਕੋ ਪਾਲਤੀ ਰਹੀ । ਏਕ ਦਿਨ ਉਸਕਾ ਪੁਤਰ ਦੂਸਰੇ ਲੜਕੋਂ ਕੇ ਸਾਥ ਮਿਲ ਕਰਕੇ ਜੰਗਲ ਮੇਂ ਲਕੜੀਆਂ ਲੇਨੇ ਵਾਸਤੇ ਗਯਾ ਤੋ ਉਸ ਕੋ ਸਰਪ ਨੇ ਪਕੜ ਲੀਆ ਔਰ ਡੰਗ ਮਾਰਾ ਲੜਕਾ ਮਰ ਗਯਾ ਦੂਸਰੇ ਲੜਕੇ ਸਭ ਭਾਗ ਗਏ । ਵਹਾਂ ਏਕ ਵਧਕ (ਮਾਰੀ) ਆ ਗਿਆ ਉਸਨੇ ਲੜਕੇ ਕੋ ਪਛਾਣਾ ਯੇ ਗੋਤਮੀ ਕਾ ਲੜਕਾ ਹੈ ਉਸਨੇ ਗੋਤਮੀ ਕੋ ਖਬਰ ਕਰੀ । ਗੋਤਮੀ ਕੋ ਦੁਖ ਮੇਂ ਦੁਖ ਹੋਰ ਆ ਗਿਆ ਰੋਨੇ ਲਗੀ । ਰੋਨੇ ਕਾ ਆਵਾਜ਼ ਸੁਣ ਕਰ ਅਰਜਨ ਨਾਮ ਵਾਲਾ ਗਾਰਰੂ (ਸਰਪ ਕਾ ਮੰਤ੍ਰ ਜਾਨਣੇ ਵਾਲਾ ਔਰ ਵਿਖ ਉਤਾਰਨੇ ਵਾਲਾ) ਭੀ ਉਸਕੇ ਪਾਸ ਆ ਗਿਆ । ਰੋਨੇ ਕਾ ਨਿਮਿਤ ਪੂਛਾ ਗੋਤਮੀ ਨੇ ਕਹਾ ਏਕ ਸਰਪ ਨੇ ਮੇਰੇ ਨਿਰ ਅਪਰਾਧ ਬਾਲਕ ਕੋ ਮਾਰ ਕਰ ਅਬ ਮੇਰੇ ਕੋ ਨਿਰਾਧਾਰ ਕਰ ਦੀਆ ਅਬ ਮੈਂ ਕਿਸ ਕੇ ਆਧਾਰ ਪਰ ਜੀਊਂਗੀ ਇਸ ਪ੍ਰਕਾਰ ਕਹਿ ਕਰ ਊਚੇ ਸੁਰ ਸੇ ਰੋਨੇ ਲਗੀ । ਗਾਰੁੜੂ ਅਰਜਨ ਨੇ ਉਸਕੋ ਧੀਰਜ ਦੀਆ ਕਰ ਕਹਾ ਮੈਂ ਸਰਪ ਕੋ ਬੁਲਾਤਾ ਹੂੰ ਤੇਰਾ ਲੜਕਾ ਨਾ ਜਿਵਾਏਗਾ ਤੋ ਮੈਂ ਉਸਕੋ ਮਾਰ ਦੂੰਗਾ ਐਸੇ ਕਹਿ ਕਰ ਮੰਤ੍ਰ ਪੜ੍ਹਾ ਅਰ ਸਰਪ ਆ ਗਿਆ । ਉਸ ਸੇ ਪੂਛਾ ਤੂੰ ਨੇ ਬੱਚੇ ਕੋ ਕਿਉਂ ਮਾਰਾ ? ਸਰਪ ਕਹਿਣੇ ਲਗਾ । ਮ੍ਰਿਤਿਊ ਕੀ ਪ੍ਰੇਰਨਾ ਸੇ ਇਸ ਕੋ ਮਾਰਾ । ਇਸ ਵਾਸਤੇ ਮੇਰੇ ਕੋ ਦੋਸ਼ ਨ ਲਗਾਓ । ਇਤਨੇ ਮੇਂ ਮ੍ਰਿਤਿਊ ਭੀ ਮੂਰਤੀ ਧਾਰਨ ਕਰ ਆ ਗਈ ਔਰ ਕਹਿਣੇ ਲਗੀ ਹੇ ਬ੍ਰਾਹਮਣੀ ! ਮੇਰੇ ਕੋ ਸਰਾਪ ਨ ਦੇਣਾ ਮੇਰਾ ਭੀ ਕੋਈ ਦੋਸ਼ ਨਹੀਂ । ਕਾਲ ਕੀ ਪ੍ਰੇਰਨਾ ਸੇ ਮੈਂ ਨੇ ਇਸ ਕੋ ਮਾਰਾ । ਇਸ ਕੇ ਮਾਰਨੇ ਵਾਲਾ ਕਾਲ ਹੈ ਮੈਂ ਨਹੀਂ । ਇਤਨੇ ਮੇਂ ਕਾਲ ਸਾਮੁਨੇ ਹੂਆ । ਕਾਲ ਕਹਿਣੇ ਲਗਾ ਮੈਂ ਨੇ ਤੁਮਾਰਾ ਲੜਕਾ ਨਹੀਂ ਮਾਰਾ ਮੇਰੇ ਕੋ ਈਸ੍ਵਰ ਕੀ ਪ੍ਰੇਰਨਾ ਹੂਈ ਹੈ ਤਬ ਮਾਰਾ ਈਸ੍ਵਰ ਕੋ ਦੋਸ਼ ਲਗਾਓ ਇਤਨੇ ਮੇਂ ਈਸ੍ਵਰ ਮੂਰਤੀ ਧਾਰ ਕਰ ਪ੍ਰਗਟ ਹੂਏ ਔਰ ਕਹਿਣੇ ਲਗੇ ਮੇਰੇ ਕੋ ਮਤ ਦੋਸ਼ ਲਗਾਓ । ਮੇਰੇ ਕੋ ਇਸ ਕੇ ਕਰਮੋਂ ਨੇ ਪ੍ਰੇਰਿਆ ਯਾਂਤੇ ਇਸਕੇ ਕਰਮੋਂ ਕਾ ਦੋਸ਼ । ਇਤਨੇ ਮੇਂ ਬਾਲਕ ਕੇ ਪਾਪ ਕਰਮ ਪ੍ਰਗਟ ਹੂਏ । ਓਹ ਕਹਿਣੇ

ਲਗੇ ਹਮਾਰਾ ਦੋਸ਼ ਨਹੀਂ ਇਸ ਬਾਲਕ ਕਾ ਦੋਸ਼ ਹੈ ਇਸ ਨੇ ਹਮਾਰੇ ਕੋ ਕਰਾ ਤੋ ਹਮ ਨੇ ਇਸਕੋ ਫਲ ਦੀਆ । ਨਾ ਕਰਤਾ ਤੋ ਨਾ ਫਲ ਦੇਤੇ । ਇਤਨਾ ਕਹਿ ਬਾਲਕ ਜਿਵਾ ਦੀਆ ਔਰ ਕਹਾ ਅਪਨੇ ਮਾਂ ਕੋ ਸਮਝਾਣਾ। ਬਾਲਕ ਆਪਣੀ ਮਾਤਾ ਕੋ ਸਮਝਾਣੇ ਲਗਾ ਕਿ ਹੇ ਮਾਤਾ! ਇਨ ਸਾਰਿਓਂ ਮੇਂ ਕਿਸੀ ਕਾ ਦੋਸ਼ ਨਹੀਂ ਮੇਰਾ ਹੀ ਦੋਸ਼ ਹੈ।

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

[ਆਸਾ ਮ: ੧ ਪਟੀ: ਲਿਖੀ: ਸਫਾ ੪੩੩

ਮਾਤਾ ਧੀਰਜ ਕਰ ਨਿਸਚੇ ਕਰ ਜੋ ਸੁਖ ਦੁਖ ਹੈ ਕਰਮੋਂ ਸੇ ਹੀ ਮਿਲਤਾ ਹੈ। ਗੌਤਮੀ ਕੋ ਨਿਸਚੇ ਹੂਆ ਔਰ ਕਹਿਣੇ ਲਗੀ। ਗੌਤਮੀ ਉਵਾਚ:-

**ਨੈਵ ਕਾਲੋ ਨ ਭੁਜੰਗੋ ਨ ਮ੍ਰਿਤਿਊ ਇਹ ਕਾਰਣੰ।**
**ਸ੍ਵ ਕਰਮ ਭਿ ਅਯੰ ਬਾਲ: ਕਾਲੇ ਨ ਨਿਧਨੰ ਗਤ:॥**

[ਮਹਾਭਾਰਤ ਅਨੁਸਾਸ਼ਨ ਪਰਵ

ਅਰਥ-ਮੇਰੇ ਪੁਤ੍ਰ ਕੇ ਮਰਣੇ ਮੇਂ ਨ ਕਾਲ ਨ ਸਰਪ ਨ ਮ੍ਰਿਤ੍ਯੂ ਕਾਰਣ ਹੈ ਅਪਨੇ ਕਰਮ ਦੁਵਾਰਾ ਯਹ ਬਾਲਕ ਕਾਲ ਸੇ ਮਾਰਾ ਗਯਾ।

ਮਾਤਾ ਕੋ ਸ਼ਾਂਤੀ ਦੇ ਕਰ ਬਾਲਕ ਅੰਤਰ ਧਿਆਨ ਹੋ ਗਿਆ । ਮਾਤਾ ਭੀ ਸੁਖੀ ਹੋ ਗਈ । ਹੇ ਯੁਧਿਸ਼ਟਰ ! ਤੂੰ ਭੀ ਕਰਮੋਂ ਕਾ ਫਲ ਸੁਖ ਦੁਖ ਮਿਲਤਾ ਹੈ ਯੇ ਜਾਣ ਕੇ ਸੁਖੀ ਹੋ ਜਾ। ਇਸ ਮੇਂ ਇਕ ਹੋਰ ਦ੍ਰਿਸ਼ਟਾਂਤ ਸੁਨਾਤੇ ਹੈਂ। ਸੋ ਭੀ ਸਰਵਣ ਕਰ ਔਰ ਕਰਮ ਕੋ ਹੀ ਸੁਖ ਦੁਖ ਕਾ ਕਾਰਣ ਸਮਸ ਕਰ ਸੁਖੀ ਹੋ ਜਾ।

ਪਦਮ ਪੁਰਾਣ ਕੇ ਪ੍ਰਯਾਗ ਮਾਘ ਮਹਾਤਮ ਮੇਂ ਵਸ਼ਿਸ਼ਟ ਮੁਨੀ ਅਰ ਰਾਜਾ ਦਲੀਪ ਕੇ ਸੰਬਾਦ ਮੇਂ ਯੇਹ ਪ੍ਰਸੰਗ ਲਿਖਾ ਹੈ। ਏਕ ਬ੍ਰਾਹਮਣ ਜੋ ਪ੍ਰਯਾਗ ਸੇ ਪਾਂਜ ਕੋਸ ਦੂਰ ਰਹਿਤਾ ਥਾ ਔਰ ਸੰਗ੍ਰਾਂਤ ਮੇਂ ਪ੍ਰਯਾਗ ਇਸ਼ਨਾਨ ਵਾਸਤੇ ਆਇਆ ਕਰਤਾ ਥਾ ਅਰ ਮਾਘ ਕੀ ਸੰਗ੍ਰਾਂਤ ਮੇਂ ਵਿਸ਼ੇਸ਼ ਆਇਆ ਕਰਤਾ ਥਾ, ਯਾਨੇ ਪਰਵਾਰ ਸਹਿਤ ਆਇਆ ਕਰਤਾ ਥਾ। ਜਬ ਵੂਹ ਬ੍ਰਾਹਮਣ ਬ੍ਰਿਧ ਹੋ ਗਿਆ ਔਰ ਮਾਘ ਕੀ ਸੰਗ੍ਰਾਂਤ ਆਈ । ਚਲਣੇ ਮੇਂ ਅਸਮਰਥ ਹੂਆ ਤੋ ਪੁਤ੍ਰ ਕੋ ਬੁਲਾਕੇ ਕਹਾ ਤੁਮ ਪ੍ਰਯਾਗ ਰਾਜ ਤ੍ਰਿਬੇਣੀ ਮੇਂ ਅਸ਼ਨਾਨ ਕਰਕੇ ਮੇਰੇ ਵਾਸਤੇ ਤ੍ਰਿਬੇਣੀ ਕੀ ਗਾਗਰ ਭਰ ਲਾਓ ਔਰ ਸੰਗ੍ਰਾਂਤ ਲਗੀ ਹੂਈ ਮੇਂ ਮੇਰੇ ਕੋ ਅਸ਼ਨਾਨ ਕਰਾਣਾ ਦੇਰ ਨਾ ਲਗਾਣਾ। ਪਿਤਾ ਕੇ ਬਚਨ ਕੋ ਪਾਲਨ ਕਰਤਾ ਹੂਆ ਉਸਕਾ ਲੜਕਾ ਪ੍ਰਿਯਾਗ ਕੋ ਚਲ ਪੜਾ ਔਰ ਤ੍ਰਿਬੇਣੀ ਮੇਂ ਅਸ਼ਨਾਨ ਕਰ ਜਲ ਕੀ ਗਾਗਰ ਪਿਤਾ ਕੇ ਅਸ਼ਨਾਨ ਵਾਸਤੇ ਲੇ ਆ ਰਹਾ ਥਾ। ਰਸਤੇ ਮੇਂ ਏਕ ਭੂਤ ਜੋ ਪਿਆਸ ਕਰਕੇ ਬੜਾ ਵਿਆਕੁਲ ਥਾ ਔਰ ਗੰਗਾ ਜਲ ਕੇ ਪੀਣੇ ਕੀ ਇਛਾ ਕਰ ਰਹਾ ਥਾ ਔਰ ਰਸਤੇ ਮੇਂ ਸੋਯਾ ਪੜਾ ਥਾ, ਬ੍ਰਾਹਮਣ ਕੇ ਲੜਕੇ ਨੇ ਕਹਾ ਪਰੇ ਹਟ ਮੇਰੇ ਕੋ ਰਸਤਾ ਦੇ। ਵੂਹ ਕਹਣੇ ਲਗਾ ਤੂੰ ਕਹਾਂ ਸੇ ਆਇਆ ਹੈਂ ਤੇਰੇ ਸਿਰ ਪਰ ਕਿਆ ਹੈ ਉਸ ਨੇ ਕਹਾ ਯੇਹ ਗੰਗਾ ਜਲ ਹੈ। ਉਸ ਨੇ ਪ੍ਰਾਰਥਨਾ ਕਰੀ ਕਿ ਮੈਂ ਇਸ ਇਛਾ ਕਰਕੇ ਰਸਤੇ ਮੇਂ ਪੜਾ ਹੂੰ ਕਿ ਕੋਈ ਮੇਰੇ



ਕੋ ਗੰਗਾ ਜਲ ਪਿਲਾਵੇ ਤੋ ਇਸ ਭੂਤ ਭਾਵ ਸੇ ਮੈਂ ਛੂਟ ਜਾਊਂ ਕਿਉਂਕਿ ਮੈਂ ਗੰਗਾ ਜਲ ਕਾ ਮਹਾਤਮ ਅਪਨੇ ਆਂਖੋਂ ਸੇ ਦੇਖਾ ਹੈ। ਬ੍ਰਾਹਮਣ ਨੇ ਪੂਛਾ ਕਿਆ ਦੇਖਾ ਹੈ ਵੂਹ ਕਹਿਣੇ ਲਗਾ ਏਕ ਬ੍ਰਾਹਮਣ ਜੋ ਬੜਾ ਭਾਰੀ ਵਿਦਵਾਨ ਥਾ ਔਰ ਸ਼ਾਸਤ੍ਰ ਦੁਆਰਾ ਦਿਗ ਵਿਜਯ ਕਰਕੇ ਬੜਾ ਧਨ ਕੱਠਾ ਕਰਤਾ ਭਯਾ ਔਰ ਕਿਸੀ ਕ੍ਰੋਧ ਕੇ ਵਸ਼ ਸੇ ਕਿਸੀ ਬ੍ਰਹਮ ਵੇਤਾ ਬ੍ਰਾਹਮਣ ਕੋ ਮਾਰਤਾ ਭਯਾ ਔਰ ਉਸ ਪਾਪ ਸੇ ਮਰ ਕਰਕੇ ਬੜਾ ਦਾਰੁਣ ਬ੍ਰਹਮ ਰਾਖਸ਼ ਹੋਤਾ ਭਯਾ ਔਰ ਹਮਾਰੇ ਸਾਥ ਆਠ ਬਰਸ ਯਹਾਂ ਕਠਾ ਰਹਿਤਾ ਥਾ। ਆਠ ਬਰਸ ਕੇ ਪਸਚਾਤ ਉਸਕੇ ਪੁਤ੍ਰ ਨੇ ਉਸ ਕੀ ਹਡੀਆਂ ਲਾ ਕਰ੍ਕੇ ਗੰਗਾ ਜੀ ਮੇਂ ਨਿਰਮਲ ਕਨਖਲ ਤੀਰਥ ਮੇਂ ਪਾਕਰ ਗੰਗਾ ਜੀ ਕੋ ਪ੍ਰਾਰਥਨਾ ਕਰਤਾ ਭਯਾ ਕਿ ਹੇ ਪਾਪ ਨਾਸ਼ਿਨੀ ਗੰਗੇ ਮੇਰੇ ਪਿਤਾ ਕੀ ਗਤਿ ਕਰ । ਤਤਕਾਲ ਵਹ ਬ੍ਰਹਮ ਰਾਖਸ਼ ਸੇ ਛੁਟਕਰ ਮੁਕਤਿ ਹੋਤਾ ਭਯਾ ਔਰ ਮਰਤੇ ਵਕਤ ਹਮਾਰੇ ਕੋ ਗੰਗਾ ਜਲ ਕਾ ਮਹਾਤਮ ਸੁਣਾਤਾ ਭਯਾ । ਮੈਂ ਉਸ ਕੋ ਮੁਕਤ ਹੂਆ ਦੇਖ ਕਰ ਗੰਗਾ ਜਲ ਕੀ ਇਛਾ ਸੇ ਯਹਾਂ ਪੜਾ ਹੂੰ । ਮੇਰੇ ਕੋ ਗੰਗਾ ਜਲ ਪਿਲਾਕੇ ਮੁਕਤਿ ਕਰ। ਬ੍ਰਾਹਮਨ ਪੁਤਰ ਕਹਿਣੇ ਲਗਾ ਮੈਂ ਲਾਚਾਰ ਹੂੰ ਮੇਰਾ ਪਿਤਾ ਬੀਮਾਰ ਹੈ ਔਰ ਸੰਕ੍ਰਾਂਤ ਕੇ ਸਨਾਨ ਕਰਨੇ ਮੇਂ ਨੇਮੀ ਹੈ । ਅਗਰ ਮੈਂਨੇ ਗੰਗਾ ਜਲ ਤੁਮਾਰੇ ਕੋ ਪਿਲਾਇਆ ਤੋ ਪਿਤਾ ਕਾ ਨਿਯਮ ਟੂਟ ਜਾਏਗਾ । ਭੂਤ ਕਹਿਣੇ ਲਗਾ ਤੇਰੇ ਪਿਤਾ ਕਾ ਨਿਯਮ ਭੀ ਨ ਟੂਟੇ ਔਰ ਮੇਰੀ ਭੀ ਗਤਿ ਹੋਵੇ ਐਸਾ ਕਾਮ ਕਰੋ । ਇਸਕੇ ਬਦਲੇ ਤੇਰੇ ਕੋ ਅਦਭੁਤ ਕਥਾ ਸਰਵਣ ਕਰਾਊਂਗਾ । ਮੇਰੇ ਕੋ ਜਲ ਪਿਲਾਓ ਮੈਂ ਤੁਮ ਕੋ ਕਥਾ ਸੁਣਾਤਾ ਹੂੰ ਨੇਤਰ ਕੇ ਬੰਦ ਕਰਨੇ ਮਾਤਰ ਸੇ ਹੀ ਗੰਗਾ ਪਰ ਪਹੁੰਚਾ ਕਰ ਤੇਰੇ ਪਿਤਾ ਪਾਸ ਪਹੁੰਚਾ ਦੂੰਗਾ । ਬ੍ਰਾਹਮਣ ਕੇ ਪੁਤਰ ਨੇ ਉਸਕਾ ਕਹਾ ਮਾਨ ਲੀਆ। ਉਸ ਕੋ ਜਲ ਪਿਲਾਇਆ ਔਰ ਕਹਾ ਕਥਾ ਸੁਣਾਓ । ਓਹ ਕਥਾ ਸੁਣਾਨੇ ਲਗਾ ਏ ਬ੍ਰਾਹਮਣ ਪੁਤਰ ਸੁਖ ਦੁਖ ਕੇ ਦੇਣੇ ਵਾਲਾ ਕਰਮ ਹੈ, ਐਸਾ ਜਾਣਕਰ ਕਿਸੀ ਸੇ ਰਾਗ ਦ੍ਵੈਸ਼ ਨ ਕਰਨਾ, ਜੀਵਨ ਮੁਕਤਿ ਹੋਕਰ ਸੰਸਾਰ ਮੇਂ ਵਿਚਰਨਾ । ਇਸ ਮੇਂ ਮੈਂ ਤੇਰੇ ਕੋ ਦ੍ਰਿਸ਼ਟਾਂਤ ਸੁਨਾਤਾ ਹੂੰ, ਜੋ ਸਾਰਸ ਪੰਖੀ ਨੇ ਬਾਂਦਰ ਕੋ ਸੁਣਾਯਾ ਥਾ । ਏਕ ਤਲਾਵ ਕੇ ਊਪਰ ਏਕ ਸਾਰਸੋਂ ਕਾ ਜੋੜਾ ਰਹਿਤਾ ਥਾ, ਉਸੀ ਬਨ ਮੇਂ ਏਕ ਬੰਦਰ ਰਹਿਤਾ ਥਾ। ਉਸ ਕੋ ਕਈ ਦਿਨ ਆਹਾਰ ਨ ਮਿਲਨੇ ਸੇ ਭੂਖ ਨੇ ਬੜਾ ਸਤਾਇਆ ਹੂਆ ਥਾ । ਔਰ ਭੂਖ ਵਸ ਹੋ ਕਰ ਸਾਰਸ ਕੋ ਮਾਰ ਕਰ ਖਾਣੇ ਲਗਾ। ਮਾਰਤੇ ਵਕਤ ਸਾਰਸ ਨੇ ਉਸਕੋ ਗਿਆਨ ਉਪਦੇਸ਼ ਕਰਾ ਔਰ ਕਹਾ ਥੋੜੇ ਜੀਵਨ ਕੇ ਵਾਸਤੇ ਪਾਪ ਨ ਕਰ। ਤੂੰ ਯਹ ਪਾਪ ਕਰਮ ਨ ਕਰ ਫੇਰ ਤੇਰੇ ਕੋ ਭੋਗਨਾ ਪੜੇਗਾ, ਮੈਂ ਤੇਰੇ ਕੋ ਏਕ ਕਥਾ ਸੁਣਾਤਾ ਹੂੰ ਜਿਸਕੇ ਸੁਣਨੇ ਸੇ ਤੂੰ ਪਾਪ ਸੇ ਰੁਕ ਜਾਏਂਗਾ।

ਕਥਾ-ਏਕ ਰਾਜਾ ਬੜਾ ਧਰਮਾਤਮਾ ਨਯਾਇਕਾਰੀ ਸੰਤ ਸੇਵੀ ਪਰਮੇਸ਼ੁਰ ਪੂਜਕ ਥਾ ਉਸਕੇ ਘਰ ਮੇਂ ਏਕ ਹੀ ਲੜਕਾ ਪੈਦਾ ਹੂਆ। ਰਾਜਾ ਨੇ ਉਸ ਕੋ ਪੜ੍ਹਾ ਕਰਕੇ ਵਿਦਵਾਨ ਕੀਆ । ਔਰ ਉਸ ਰਾਜਾ ਕਾ ਏਕ ਠਾਕੁਰ ਮੰਦਰ ਥਾ । ਉਸਮੇਂ ਏਕ ਬ੍ਰਾਹਮਣ ਪੁਜਾਰੀ

ਰਾਜਾ ਨੇ ਰੱਖਾ ਥਾ ਜੋ ਬੜਾ ਸਦਾਚਾਰੀ ਔਰ ਧਰਮਾਤਮਾ ਥਾ । ਓਹ ਰਾਜਾ ਸੇ ਕਭੀ ਯਾਚਨਾ ਭੀ ਨਹੀਂ ਕਰਤਾ ਥਾ । ਔਰ ਰਾਜਾ ਉਸਕੇ ਸੁਭਾਵ ਪਰ ਬੜਾ ਖੁਸ਼ ਰਹਿਤਾ ਥਾ । ਬੀਸ ਵਰਸ ਹੋ ਗਏ ਥੇ ਬ੍ਰਾਹਮਣ ਕੋ ਉਸ ਰਾਜਾ ਕੇ ਮੰਦਰ ਮੇਂ ਠਾਕੁਰ ਜੀ ਕੀ ਪੂਜਾ ਕਰਤੇ। ਕਭੀ ਰਾਜਾ ਸੇ ਸਵਾਲ ਭੀ ਨਹੀਂ ਕਰਾ ਥਾ। ਅਬ ਰਾਜਾ ਕਾ ਲੜਕਾ ਬੜਾ ਹੋ ਗਯਾ । ਰਾਜਾ ਨੇ ਉਸਕੇ ਸ਼ਾਦੀ ਕਰਾਨੇ ਕਾ ਵਿਚਾਰ ਕੀਆ । ਏਕ ਸੁੰਦਰ ਰਾਜ ਕੰਨਯਾ ਕੇ ਸਾਥ ਉਸਕੀ ਸ਼ਾਦੀ ਕਰਾਈ ਜਿਸ ਸਮੇਂ ਸ਼ਾਦੀ ਕਰਕੇ ਘਰ ਆਏ । ਰਾਜਾ ਨੇ ਨਵਾਂ ਮਹਲ ਰਾਜ ਕੁਮਾਰ ਵਾਸਤੇ ਤਿਆਰ ਕਰਾਯਾ ਥਾ ! ਵਹਾਂ ਸ਼ਯਨ ਕਰਨੇ ਕੋ ਭੇਜਾ। ਰਾਤ੍ਰੀ ਮੇਂ ਰਾਜ ਕੁਮਾਰ ਕੋ ਤੋ ਨੀਂਦ ਆ ਗਈ। ਪ੍ਰੰਤੂ ਉਸਕੀ ਇਸਤ੍ਰੀ ਜੋ ਨਈ ਵਿਆਹੀ ਆਈ ਥੀ। ਉਸਕੋ ਨੀਂਦ ਨ ਆਈ ਈਹਾਂ ਊਹਾਂ ਘੂਮਨੇ ਲਗੀ ਮਹਲ ਮੇਂ ਸਭ ਚੀਜ਼ਾਂ ਦੇਖਨੇ ਲਗੀ। ਆਖਰ ਅਪਨੇ ਪਤੀ ਕੇ ਗਾਤਰੇ ਮੇਂ ਪੜੀ ਤਲਵਾਰ ਦੇਖੀ । ਮਿਆਨ ਸੇ ਬਾਹਰ ਕਢੀ ਜੋ ਬੜੀ ਤੇਜ ਔਰ ਚਮਕ ਵਾਲੀ ਥੀ ਤਲਵਾਰ ਦੇਖਕੇ ਡਰ ਗਈ ਔਰ ਤਲਵਾਰ ਹਾਥ ਸੇ ਛੂਟ ਗਈ । ਰਾਜ ਕੁਮਾਰ ਕੇ ਗਰਦਨ ਪਰ ਆ ਲਗੀ । ਰਾਜ ਕੁਮਾਰ ਕਾ ਸਿਰ ਕਟਿਆ ਗਿਆ ਅਰ ਰਾਜ ਕੁਮਾਰ ਮਰ ਗਯਾ । ਰਾਜ ਕੰਨਿਆਂ ਪਤਿ ਕੇ ਮਰਨੇ ਸੇ ਬੜਾ ਸ਼ੋਕ ਅਰ ਰੁਦਨ ਕਰਤੀ ਭਈ, ਕਿਉਂਕਿ ਕੁਲੀਨ ਸੀ ਪਰਮੇਸ਼ਵਰ ਸੇ ਪਰਾਥਨਾ ਕਰਤੀ ਭਈ ਕਿ ਅਚਾਨਕ ਪਾਪ ਹੋ ਗਯਾ ਜੋ ਮੇਰੇ ਹਾਥ ਸੇ ਪਤੀ ਮਾਰਾ ਗਯਾ, ਪਰ ਸਭਾ ਮੇਂ ਮੈਂ ਸਚ ਨ ਸੁਣਾਊਂਗੀ, ਕਿਉਂਕਿ ਮੇਰੇ ਮਾਤਾ ਪਿਤਾ ਸਸ ਸਹੁਰੇ ਕੋ ਕਲੰਕ ਲਗੇਗਾ । ਅਚਾਨਕ ਮਰਨੇ ਕਾ ਕੋਈ ਵਿਸਵਾਸ਼ ਨਾ ਕਰੇਗਾ, ਐਸਾ ਵਿਚਾਰ ਕਰਤੀ ਰਹੀ ਪ੍ਰਾਤਾਕਾਲ ਹੂਆ । ਬ੍ਰਾਹਮਣ ਸਨਾਨ ਕਰਨੇ ਵਾਸਤੇ ਕੂਏਂ ਪਰ ਆਇਆ। ਕੰਨਿਆਂ ਨੇ ਬ੍ਰਾਹਮਣ ਕੋ ਦੇਖ ਕਰ ਵਿਰਲਾਪ ਕੀਆ ਕਿ ਮੇਰੇ ਪਤੀ ਕੋ ਕੋਈ ਮਾਰ ਗਯਾ ਲੋਕ ਇਕੱਠੇ ਹੋਏ।

ਰਾਜਾ ਆਇਆ ਔਰ ਪੂਛਾ ਕਿਸਨੇ ਮਾਰਾ, ਕੰਨਿਆਂ ਨੇ ਕਹਾ ਮੈਂ ਜਾਨਤੀ ਤੋ ਨਹੀਂ, ਪਰੰਤੂ ਇਸ ਠਾਕੁਰ ਮੰਦਰ ਮੇਂ ਜਾਤਾ ਦੇਖਾ । ਰਾਜਾ ਸਹਿਤ ਸਭ ਲੋਕ ਠਾਕੁਰ ਮੰਦਰ ਮੇਂ ਆਏ ਔਰ ਬ੍ਰਾਹਮਣ ਕੋ ਪੂਜਾ ਕਰਤਾ ਦੇਖਾ । ਬ੍ਰਾਹਮਣ ਕੋ ਪਕੜਾ ਔਰ ਕਹਾ ਰਾਜਕੁਮਾਰ ਕੋ ਕਿਉਂ ਮਾਰਾ । ਬ੍ਰਾਹਮਣ ਨੇ ਕਹਾ ਈਸ਼ਵਰ ਜਾਣਤਾ ਹੈ, ਮੈਂਨੇ ਰਾਜਕੁਮਾਰ ਕੋ ਨਹੀਂ ਮਾਰਾ। ਔਰ ਮੈਂ ਤੋ ਮਹਲ ਭੀ ਨਹੀਂ ਦੇਖਾ, ਨਿਸਅਪਰਾਧ ਕੋ ਦੋਸ ਨ ਲਗਾਓ, ਪਰੰਤੂ ਬ੍ਰਾਹਮਣ ਕੀ ਕੋਈ ਬਾਤ ਨ ਸੁਨੇ ਕੋਈ ਕੁਛ ਕਹੇ ਕੋਈ ਕੁਛ ਕਹੇ । ਰਾਜਾ ਕੇ ਮਨ ਮੇਂ ਭੀ ਇਹ ਖਿਆਲ ਆਵੇ ਕਿ ਬ੍ਰਹਮਣ ਨਿਰਦੋਸ਼ ਹੈ, ਪਰੰਤੂ ਬਹੁਤੋਂ ਕੇ ਕਹਿਣੇ ਸੇ ਰਾਜਾ ਨੇ ਬ੍ਰਾਹਮਣ ਕੋ ਕਹਾ, ਮੈਂ ਤੇਰੇ ਕੋ ਔਰ ਕੋਈ ਦੰਡ ਹੀ ਨ ਦੇਤਾ, ਪਰ ਜਿਸ ਹਾਥ ਸੇ ਤੁਮਨੇ ਮੇਰੇ ਪੁਤਰ ਕੋ ਤਲਵਾਰ ਮਾਰੀ ਹੈ ਵਹ ਤੇਰਾ ਹਾਥ ਕਟਾ ਦੇਤਾ ਹੂੰ । ਐਸੇ ਕਹਿ ਰਾਜਾ ਨੇ ਤਲਵਾਰ ਸੇ ਉਸਕਾ ਹਾਥ ਕਟਾ ਦੀਆ ਬ੍ਰਾਹਮਣ ਬੜਾ ਦੁਖੀ ਹੂਆ । ਰਾਜਾ ਕੋ ਅਧਰਮੀ ਜਾਣ ਰਾਜਾ ਕਾ ਦੇਸ਼ ਛੋੜ ਕਰ ਵਿਦੇਸ਼ ਕੋ ਚਲਾ ਗਯਾ ਔਰ ਤਲਾਸ਼ ਕਰਤਾ ਭਯਾ । ਕੋਈ ਵਿਦਵਾਨ ਮਿਲੇ ਤੋ ਹਥ



ਕਟਨੇ ਕਾ ਕਾਰਨ ਪੂੰਛੂੰ। ਆਖਰ ਪਤਾ ਲਗਾ ਕਿ ਵਿਦਵਾਨ ਜੋਤਸ਼ੀ ਕਾਸ਼ੀ ਜੀ ਮੈਂ ਰਹਿਤੇ ਹੈਂ। ਉਨਕੇ ਪਾਸ ਪਹੁੰਚਾ ਵਹ ਕਹੀਂ ਬਾਹਰ ਗਏ ਥੇ । ਉਸਕੀ ਇਸਤ੍ਰੀ ਬ੍ਰਾਹਮਣੀ ਸੇ ਪੂਛਾ ਮਾਤਾ ਜੀ ! ਤੁਮਾਰੇ ਸ੍ਵਾਮੀ ਬ੍ਰਾਹਮਣ ਕਹਾਂ ਗਏ ਹੈਂ ।

ਉਸਨੇ ਅਪਨੇ ਮੁਖ ਸੇ ਅਪਨੇ ਪਤੀ ਕੋ ਅਨੇਕ ਅਸਹਜ ਦੁਰਬਚਨ ਕਹੇ ਬ੍ਰਾਹਮਣ ਸੁਣਕੇ ਹੈਰਾਨ ਹੂਆ । ਮੈਂ ਅਪਨਾ ਪੂਛਨੇ ਆਯਾ ਥਾ ਪਰ ਪਹਿਲੇ ਇਨੋਂ ਕਾ ਹਾਲ ਪੂਛੂੰਗਾ । ਇਤਨੇ ਮੇਂ ਬ੍ਰਾਹਮਣ ਜੋਤਸ਼ੀ ਜੀ ਭੀ ਆ ਗਏ। ਔਰ ਬ੍ਰਾਹਮਣੀ ਨੇ ਜੋਤਸ਼ੀ ਜੀ ਕੋ ਅਨੇਕ ਕੁਵਚਨ ਕਹਿਕੇ ਬੜਾ ਤਿਰਸਕਾਰ ਕੀਆ । ਪਰੰਤੂ ਜੋਤਸ਼ੀ ਜੀ ਚੁਪ ਰਹੇ ਇਸਤ੍ਰੀ ਕੋ ਕੁਛ ਨ ਕਹਾ । ਜੋਤਸ਼ੀ ਜੀ ਆਪਣੀ ਬੈਠਕ ਮੇਂ ਆ ਗਏ ਔਰ ਵਹ ਬ੍ਰਾਹਮਣ ਭੀ ਵਹਾਂ ਪਰ ਆ ਗਯਾ ਔਰ ਜੋਤਸ਼ੀ ਜੀ ਨੇ ਪੂਛਾ ਆਓ ਦੇਵਤਾ ਜੀ ਕੈਸੇ ਆਏ ਉਨੋਂ ਨੇ ਕਹਾ ਆਯਾ ਤੋ ਥਾ ਅਪਨਾ ਕਾਰਨ ਪੂਛਨੇ ਪਰੰਤੂ ਪਹਿਲੇ ਅਪਨਾ ਕਰਮ ਫਲ ਬਤਾਓ । ਯਹ ਆਪਕੀ ਇਸਤ੍ਰੀ ਬ੍ਰਾਹਮਣੀ ਇਤਨਾ ਆਪਕਾ ਜਬਾਨ ਸੇ ਤ੍ਰਿਸਕਾਰ ਕਰਤੀ ਹੈ । ਕਿਸੀ ਸੇ ਸਹਾਰਾ ਨਹੀਂ ਜਾਤਾ ਆਪ ਸਹਿਨ ਕਰ ਲੇਤੇ ਹੋ ਇਸਕਾ ਕਿਆ ਕਾਰਣ ਹੈ ਬ੍ਰਾਹਮਣ ਕਹਿਣੇ ਲਗੇ ਇਹ ਮੇਰੀ ਇਸਤ੍ਰੀ ਨਹੀਂ ਮੇਰਾ ਕਰਮ ਹੈ । ਦੁਨੀਆਂ ਮੇਂ ਜੋ ਚੀਜ਼ ਦੇਖਤੇ ਹੋ, ਭਾਈ ਸੰਬੰਧੀ ਪਿਤਾ ਪੁਤਰ ਗੁਰੂ ਸ਼ਿਸ਼ ਮਿਤਰ ਦੁਸ਼ਮਨ ਜੋ ਕੁਛ ਭੀ ਹੈਂ ਸੋ ਸਭ ਕਰਮ ਹੀ ਹੈਂ। ਯਹ ਇਸਤ੍ਰੀ ਨਹੀਂ ਮੇਰਾ ਕੀਆ ਹੂਆ ਕਰਮ ਹੈ। ਯਹ ਭੋਗੇ ਬਿਨਾਂ ਹਟ ਨਹੀਂ ਸਕਤਾ ਲਿਖਾ ਹੈ ।

**ਅਵਸ਼ਯਮੇਵ ਭੋਗਤਬਿਅੰ ਕ੍ਰਿਤੰ ਕਰਮ ਸ਼ੁਭਾਸ਼ੁਭੰ ॥**
**ਨਾਭੁਗਤੰ ਖੀਯਤੇ ਕਰਮ ਕਲਮ ਕੋਟੀ ਸ਼ਤੈਰਪਿ ॥** [ਸ੍ਰੀ ਮਦ ਭਾਗਵਤ

ਅਰਥ–ਜੋ ਭੀ ਆਪਨਾ ਕੀਆ ਹੂਆ ਕਰਮ ਹੈ ਸੋ ਅਵਸ਼ਯ ਭੋਗਨਾ ਪੜੇਗਾ ਬਿਨਾਂ ਭੋਗੇ ਕ੍ਰੋੜੋਂ ਕਲਪੋਂ ਕੇ ਗੁਜ਼ਰ ਜਾਨੇ ਪਰ ਭੀ ਨਹੀਂ ਹਟੇਗਾ, ਤਾਂਤੇ ਮੈਂ ਆਪਣੇ ਕਰਮ ਕੋ ਖੁਸ਼ੀ ਸੇ ਭੋਗ ਰਹਾ ਹੂੰ ਔਰ ਇਸਤ੍ਰੀ ਕੋ ਕੁਛ ਤਾੜਨ, ਨਹੀਂ ਕਰਤਾ। ਉਸਨੇ ਕਹਾ ਆਪ ਨੇ ਕਿਆ ਕਰਮ ਕੀਆ ਥਾ । ਉਸ ਨੇ ਕਹਾ ਸੁਣ ਪੂਰਬ ਜਨਮ ਮੇਂ ਮੈਂ ਕਊਆ ਥਾ ਔਰ ਯੇ ਗਧੀ ਥੀ । ਇਸਕੇ ਪਿਠ ਪਰ ਫੋੜਾ ਥਾ । ਬੜੀ ਦੁਖੀ ਔਰ ਕਮਜ਼ੋਰ ਥੀ । ਔਰ ਕਊਏ ਕਾ ਸੁਭਾਵ ਬੜਾ ਦੁਸ਼ਟ ਹੋਤਾ ਹੈ । ਇਸ ਵਾਸਤੇ ਮੈਂ ਆਪਣੇ ਦੁਸ਼ਟ ਸੁਭਾਵ ਸੇ ਉਸਕੇ ਫੋੜੇ ਮੇਂ ਜਾ ਕਰ ਚੁੰਚ ਮਾਰ ਕੇ ਦੁਖੀ ਕਰਤਾ ਥਾ, ਵੋ ਦੁਖੀ ਹੋਤੀ ਥੀ ਮੈਂ ਖੁਸ਼ ਹੋਤਾ ਥਾ, ਕਿਉਂਕਿ ਦੁਸ਼ਟੋਂ ਕਾ ਸੁਭਾਵ ਹੀ ਐਸਾ ਹੋਤਾ ਹੈ ਜੋ ਦੂਸਰੋਂ ਕੋ ਦੁਖੀ ਕਰਕੇ ਖੁਸ਼ ਹੋਤੇ ਹੈ। ਯਹ ਮੇਰੇ ਦੁਖ ਸੇ ਡਰਤੀ ਬਾਹਰ ਨਹੀਂ ਨਿਕਲਤੀ ਥੀ । ਔਰ ਮੈਂ ਭੀ ਇਸਕੋ ਢੂੰਡਤਾ ਫਿਰਤਾ ਥਾ ਜਹਾਂ ਮਿਲੇ ਵਹਾਂ ਦੁਖੀ ਕਰਤਾ ਥਾ। ਆਖਰ ਮੇਰੇ ਸੇ ਦੁਖੀ ਹੋਕਰ ਯੇ ਦਸ ਬਾਰਹਮੀਲ ਗ੍ਰਾਮ ਛੋਡ ਕਰ ਦੂਰ ਭਾਗ ਗਈ ਔਰ ਗੰਗਾ ਕੇ ਕਿਨਾਰੇ ਸੰਘਨੇ ਬਨ ਮੇਂ ਸੁਖ ਪੂਰਬਕ

ਰਹਿਨੇ ਲਗੀ। ਮੈਂ ਭੀ ਉਸ ਸੇ ਬਿਨਾ ਰਹਿ ਨ ਸਕਾ। ਓਸ ਕੋ ਢੂੰਡਤੇ ੨ ਬਨ ਮੇਂ ਜਾ ਪਕੜਾ, ਔਰ ਜ਼ੋਰ ਸੇ ਉਸਕੋ ਚੂੰਚ ਮਾਰੀ ਮੇਰੀ ਚੂੰਚ ਉਸ ਕੀ ਹੱਡੀ ਮੇਂ ਖੁਭ ਗਈ ਉਸਨੇ ਅਨੇਕ ਜਤਨ ਕਰੇ ਫੇਰ ਭੀ ਨ ਛੁਟੀ। ਆਖਰ ਵਹ ਗੰਗਾ ਜਲ ਮੇਂ ਪ੍ਰਵੇਸ਼ ਕਰ ਗਈ ਵਹਾਂ ਭੀ ਮੇਰੀ ਚੁੰਚ ਨ ਛੁਟੀ। ਔਰ ਬੜੇ ਪਾਣੀ ਮੇਂ ਪ੍ਰਵੇਸ਼ ਕਰ ਗਈ ਹਮ ਦੋਨੋਂ ਰੁੜ ਗਏ ਵੋ ਬ੍ਰਾਹਮਣੀ ਬਣੀ ਮੈਂ ਜੋਤਸ਼ੀ ਬਨਾ ਔਰ ਮੇਰੀ ਹੀ ਆਕਰ ਇਸਤ੍ਰੀ ਬਣੀ ਅਬ ਮੇਰੇ ਕੋ ਮਰਣ ਤਕ ਮੁਖ ਸੇ ਦੁਖ ਦੇਗੀ ਮੈਂ ਅਪਨਾ ਕਰਮ ਜਾਣਕੇ ਸਹਿਨ ਕਰਤਾ ਹੂੰ ਔਰ ਕਰੂੰਗਾ। ਇਸਕਾ ਦੋਸ਼ ਨਹੀਂ ਮੇਰੇ ਕੀਏ ਕਰਮ ਕਾ ,ਹੀ ਦੋਸ ਹੈ। ਇਸ ਵਾਸਤੇ ਮੈਂ ਸ਼ਾਂਤੀ ਸੇ ਰਹਿਤਾ ਹੂੰ ਅਬ ਤੁਮ ਅਪਨਾ ਸਮਾਚਾਰ ਪੁਛੋ। ਬ੍ਰਾਹਮਣ ਨੇ ਅਪਨਾ ਸਭ ਸਮਾਚਾਰ ਸੁਣਾਇਆ ਔਰ ਕਹਾ ਅਧਰਮੀ ਪਾਪੀ ਰਾਜਾ ਨੇ ਮੈਂ ਨਿਸ ਅਪਰਾਧ ਕਾ ਹਾਥ ਕਿਉਂ ਕਟਵਾਇਆ ਜੋਤਿਸ਼ੀ ਜੀ ਕਹਿਣੇ ਲਗੇ ਰਾਜਾ ਨੇ ਤੇਰਾ ਹਾਥ ਨਹੀਂ ਕਟਵਾਇਆ। ਤੇਰੇ ਕਰਮ ਨੇ ਤੇਰਾ ਹਾਥ ਕਟਵਾਇਆ। ਪੂਰਬ ਜਨਮ ਮੇਂ ਤੂੰ ਤਪਸਵੀ ਥਾ ਔਰ ਰਾਜ ਕੰਨਿਆਂ ਗਊ ਸੀ ਔਰ ਰਾਜ ਕੁਮਾਰ ਕਸਾਈ ਥਾ। ਯੇਹ ਕਸਾਈ ਗਊ ਕੋ ਮਾਰਨੇ ਲਗਾ ਥਾ। ਗਊ ਜਾਨ ਬਚਾ ਕਰ ਭਾਗ ਗਈ ਥੀ। ਤੁਮਾਰੇ ਆਗੇ ਸੇ ਲੰਘ ਗਈ ਪੀਛੇ ਕਸਾਈ ਆਇਆ ਤੇਰੇ ਸੇ ਪੂਛਾ ਗਊ ਤੋ ਯਹਾਂ ਸੇ ਨਹੀਂ ਗਈ। ਤੈ ਨੇ ਹਾਥ ਸੇ ਸਮਝਾਇਆ ਕਿ ਗਊ ਇਧਰ ਗਈ ਕਿਉਂਕਿ ਤੂੰਨੇ ਪ੍ਰਣ ਕੀਆ ਥਾ ਝੂਠ ਨਹੀਂ ਬੋਲਣਾ। ਪਰੰਤੂ ਸ਼ਾਸਤ੍ਰ ਕੀ ਆਗਿਆ ਹੈ ਕਿ ਅਪਨੇ ਪ੍ਰਾਣ ਜਾਤੇ ਹੈਂ ਯਾ ਗਊ ਬ੍ਰਾਹਮਣ ਕੇ ਜਾਤੇ ਹੋਂ ਸਚ ਬੋਲਣੇ ਸੇ ਤੋ ਸਚ ਕੀ ਜਗਾ ਝੂਠ ਬੋਲਣਾ ਅਛਾ ਹੈ ਯਾ ਚੁਪ ਕਰਨਾ ਅਛਾ ਹੈ ਇਸ ਧਰਮ ਸ਼ਾਸਤਰ ਕੋ ਤੂੰ ਨਹੀਂ ਜਾਨਤਾ ਥਾ। ਹਾਥ ਸੇ ਇਸ਼ਾਰਾ ਕਰਾ ਔਰ ਕਸਾਈ ਨੇ ਜਾਕਰ ਗਊ ਕੋ ਮਾਰਾ। ਔਰ ਗੰਗਾ ਕਿਨਾਰੇ ਉਸਕੀ ਖਾਲ ਉਤਾਰ ਰਹਾ ਥਾ ਇਤਨੇ ਮੇਂ ਜੰਗਲ ਸੇ ਸ਼ੇਰ ਨਿਕਲ ਕਰ ਗੰਗਾ ਕਿਨਾਰੇ ਪਾਣੀ ਪੀਨੇ ਆਯਾ ਔਰ ਭੂਖਾ ਥਾ। ਉਸਨੇ ਗਊ ਕੋ ਔਰ ਕਸਾਈ ਕੋ ਦੋਨੋਂ ਕੋ ਖਾ ਕਰ ਹਡੀਆਂ ਵਹਾਂ ਛੋੜ ਗਯਾ ਬਰਸਾਤ ਕੇ ਦਿਨ ਥੇ ਬਰਸਾਤ ਪੜਨੇ ਸੇ ਗੰਗਾ ਚੜ੍ਹ ਗਈ ਔਰ ਹੱਡੀਆਂ ਗੰਗਾ ਮੇਂ ਬਹਿ ਗਈਆਂ। ਗੰਗਾ ਜੀ ਕੇ ਮਹਾਤਮ ਸੇ ਕਸਾਈ ਰਾਜਕੁਮਾਰ ਔਰ ਗਊ ਰਾਜ ਕੰਨਿਆਂ ਹੋ ਗਈ, ਕਰਮ ਨੇ ਏਕ ਰਾਤ ਵਾਸਤੇ ਉਨ ਕੋ ਕਠਾ ਕੀਆ। ਔਰ ਜਿਸ ਤਰਹ ਕਸਾਈ ਨੇ ਗਊ ਕੋ ਤਲਵਾਰ ਮਾਰੀ, ਇਸੀ ਤਰਹ ਰਾਜ ਕੰਨਿਆਂ ਨੇ ਰਾਜ ਕੁਮਾਰ ਕੋ ਤਲਵਾਰ ਮਾਰੀ। ਕਰਮ ਫਲ ਦੇਕਰ ਨਿਵਿਰਤ ਹੋ ਗਯਾ। ਤੈਂਨੇ ਹਾਥ ਕਾ ਇਸ਼ਾਰਾ ਰੂਪ ਕਰਮ ਕੀਆ ਸੀ। ਉਸ ਪਾਪ ਕਰਮ ਨੇ ਤੇਰਾ ਹਾਥ ਕਟਾ ਦੀਆ। ਇਸ ਮੇਂ ਤੁਮਾਰਾ ਦੋਸ਼ ਹੈ ਦੂਸਰੇ ਕਾ ਕਿਆ ਦੋਸ਼। ਐਸੇ ਨਿਸਚੇ ਕਰ ਸੁਖੀ ਹੋ ਜਾਓ ਭੂਤ ਨੇ ਬ੍ਰਾਹਮਣ ਬਾਲਕ ਕੋ ਯਹ ਬਚਨ ਸੁਨਾਏ ਔਰ ਕਹਾ ਸਾਰਸ ਕਾ ਸੰਬਾਦ ਸੁਨ ਕਰ ਔਰ ਉਸਕੋ ਸਿਮਰਣ ਕਰ ਭੂਤ ਯੋਨੀ ਮੇਂ ਭੀ ਸੁਖੀ ਰਹਿਤਾ ਹੂੰ।

**ਏਵੰ ਬ੍ਰਾਹਮਣ ਤਿਸ੍ਰਾਮਿ ਭੁੰਜਾਨ ਕਰਮਣਾ ਫਲੰ ॥ ਨ**



**ਸੋਚਾਮਿ ਇਤਿ ਮਤ੍ਵਾਹੰ ਵਿਮ੍ਰਿਸ਼ਯ ਚ ਪੁਨਃ ਪੁਨਃ ॥ ਨਦ੍ਰਿਣੋਮਿ ਤਥਾ ਤਾਵਦ ਯਾਵਦ ਜੰਬਾਲਨੀ ਤਟੇ ਸਾਰਸੋਦੀਰਤੰ ਵਾਕਯੰ ਸ੍ਰੁਤੰ ਪਰਪਟਤਾਮਯਾ ॥**

[ਪ੍ਰਯਾਗ ਮਾਘ ਮਹਾਤਮ

ਟੀਕਾ–ਇਸ ਪ੍ਰਕਾਰ ਹੇ ਬ੍ਰਾਹਮਣ ਮੈਂ ਭੀ ਕਰਮ ਕਾ ਫਲ ਭੋਗਤਾ ਹੂਆ ਭੂਤ ਜੋਨੀ ਮੇਂ ਇਸਥਿਤ ਹੂੰ ਪਰ ਇਨ ਬਚਨੋਂ ਕੋ ਪੁਨ: ਪੁਨ: ਯਾਦ ਕਰਤਾ ਹੂਆ ਕਿ ਕਰਮ ਹੀ ਸੁਖ ਦੁਖ ਕੇ ਦੇਣੇ ਵਾਲਾ ਹੈ ਅਬ ਸ਼ੋਕ ਨਹੀਂ ਕਰਤਾ ਆਨੰਦ ਮੇਂ ਰਹਿਤਾ ਹੂੰ। ਜਿਸ ਦਿਨ ਸੇ ਮੈਂ ਜੰਬਾਲਨੀ ਨਦੀ ਕੇ ਕਿਨਾਰੇ ਘੂਮਤੇ ਹੂਏ ਸਾਰਸ ਕੇ ਮੁਖ ਸੇ ਨਿਕਲੇ ਵਾਕ ਸੁਣੇ ਤਬ ਸੇ ਮੈਂ ਕਿਸੀ ਤਰ੍ਹਾਂ ਦੁਖੀ ਨਹੀਂ ਰਹਿਤਾ ਆਨੰਦ ਮੇਂ ਰਹਿਤਾ ਹੂੰ। ਆਪ ਭੀ ਇਨ ਵਚਨੋ ਕੋ ਧਾਰਣ ਕਰੇਂਗੇ ਤੋ ਸੁਖੀ ਰਹੋਗੇ ਆਪ ਨੇਤ੍ਰ ਬੰਦ ਕਰੋ ਔਰ ਗੰਗਾ ਜਲ ਲੀਏ ਹੂਏ ਅਪਨੇ ਪਿਤਾ ਪਾਸ ਪਹੁੰਚਾ ਦੇਖੋਂ। ਬ੍ਰਾਹਮਣ ਬਾਲਕ ਨੇ ਨੇਤ੍ਰ ਬੰਦ ਕਰ ਲੀਏ ਦੇਖਾ ਤੋ ਗੰਗਾ ਜਲ ਕੀ ਗਾਗਰ ਭਰਕੇ ਪਿਤਾ ਪਾਸ ਪਹੁੰਚਾ ਹੂਆ ਹੂੰ। ਬੜਾ ਅਸਚਰਜ ਹੂਆ ਔਰ ਪਿਤਾ ਕੋ ਸ਼ਨਾਨ ਕਰਾਯਾ ਔਰ ਗੰਗਾ ਮਹਾਤਮ ਕੀ ਭੂਤ ਦੁਆਰਾ ਸੁਨੀ ਹੂਈ ਕਰਮ ਫਲ ਕੀ ਕਥਾ ਸਭ ਪਰਵਾਰ ਕੋ ਸੁਨਾਈ ਸੁਨ ਕਰ ਔਰ ਕਥਾ ਪਰ ਚਲਤੇ ਹੂਏ ਸਭ ਸੁਖੀ ਹੋ ਗਏ।

ਅਬ ਮਹਾਤਮਾ ਜੀ ਕਹਿਤੇ ਹੈਂ ਹੇ ਪੰਡਤ ਜੀ ਮੈਂਨੇ ਇਸ ਪ੍ਰਕਾਰ ਦ੍ਰਿਸ਼ਟਾਂਤੋਂ ਸੇ ਤੁਮਾਰੇ ਦੂਸਰੇ ਪ੍ਰਸ਼ਨ ਕਾ ਉਤਰ ਦੀਆ ਅਬ ਕੁਛ ਪ੍ਰਮਾਨ ਭੀ ਸੁਨੋ ਜੋ ਹਮਾਰੇ ਗੁਰੂ ਨਾਨਕ ਦੇਵ ਜੀ ਨੇ ਲਿਖੇ ਹੈਂ।

**ਸੁਖੁ ਦੂਖੁ ਪੂਰਬ ਜਨਮ ਕੇ ਲੀਏ ॥ ਸੋ ਜਾਣੈ ਜਿਨਿ ਦਾਤੇ ਦੀਏ ॥**
**ਕਿਸ ਕਉ ਦੋਸੁ ਦੇਹਿ ਤੂੰ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥**

[ਮਾਰੂ ਸੋ: ਮ: ੧ ਸਫਾ ੧੦੩੦

ਅਰਥ–ਹੇ ਪ੍ਰਾਣੀ ਜੋ ਤੁਮਾਰੇ ਕੋ ਸੁਖ ਦੁਖ ਮਿਲ ਰਹਾ ਹੈ ਸੋ ਤੇਰੇ ਪੂਰਵ ਜਨਮ ਕਾ ਕੀਆ ਹੂਆ ਕਰਮ ਫਲ ਹੈ। ਉਨ ਕੋ ਤੂੰ ਨਹੀਂ ਜਾਨਤਾ ਜਾਨਣੇ ਵਾਲਾ ਵੁਹ ਹੈ ਜੋ ਕਰਮੋਂ ਕਾ ਫਲ ਜੀਵੋਂ ਕੋ ਦੇਤਾ ਹੈ। ਸੋ ਈਸ਼੍ਵਰ ਸਰਵਗਯ ਹੈ ਅਬ ਤੂੰ ਕਿਸੀ ਕੋ ਦੋਸ਼ ਨ ਦੇ। ਆਪਣੇ ਕੀਏ ਹੂਏ ਕਰਮੋਂ ਕਾ ਫਲ ਸੁਖ ਦੁਖ ਸਹਿਨ ਕਰ।

**ਤਥਾ–ਦੋਸੁ ਨ ਦੀਜੇ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥**
**ਤਥਾ–ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥**

[ਰਾਮਕਲੀ ਮ: ੫ ਸਫਾ ੮੮੮

**ਤਥਾ–ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਨਾ ਪਾਵਏ ॥**

[ਜੈਤਸਿਰੀ ਮ: ੧ ਸਫਾ ੭੦੫

ਯੇ ਉਪਦੇਸ਼ ਸੁਣ ਕਰ ਪੰਡਤ ਜੀ ਗਦਗਦ ਹੋ ਗਏ ਔਰ ਚਰਨੋਂ ਮੇਂ ਪੜ ਗਏ ਔਰ ਕਹਿਣੇ ਲਗੇ ਆਪ ਕੀ ਕਿਰਪਾ ਸੇ ਦੂਸਰਾ ਸੰਦੇਹ ਭੀ ਟੁਟ ਗਯਾ। ਜੋ ਸ਼ਾਸਤਰ ਕਹਿਤਾ ਹੈ। ਸਤਿ ਕਹਿਤਾ ਹੈ, ਸੁਖ ਦੁਖ ਮੇਂ ਭੀ ਕਰਮੋਂ ਕਾ ਫਲ ਸਮਝੂੰਗਾ। ਕਿਸੀ ਕੋ ਭੀ ਦੋਸ਼ ਦੇ ਕਰ ਰਾਗ ਦ੍ਵੈਸ਼ ਨ ਕਰੂੰਗਾ, ਆਪ ਕੀ ਕ੍ਰਿਪਾ ਸੇ ਜੀਵਨ ਮੁਕਤਿ ਹੋ ਕਰ ਸੰਸਾਰ ਮੇਂ ਵਿਚਰੂੰਗਾ। ਅਬ ਕਿਰਪਾ ਕਰਕੇ ਤੀਸਰੇ ਪ੍ਰਸ਼ਨ ਕਾ ਉਤਰ ਦਿਓ।

ਮਹਾਤਮਾ ਨੇ ਕਹਾ ਪਥਰ ਮਾਰਨੇ ਸੇ ਤੀਸਰੇ ਪ੍ਰਸ਼ਨ ਕਾ ਜਵਾਬ ਭੀ ਦੇ ਚੁਕਾ ਹੂੰ, ਉਸ ਕੋ ਸਮਝ ਲੇ ਪੰਡਤ ਜੀ ਨੇ ਕਹਾ ਮਹਾਰਾਜ ਮੈਂ ਸਮਝਾ ਨਹੀਂ। ਮਹਾਤਮਾ ਨੇ ਕਹਾ ਆਪਣਾ ਪ੍ਰਸ਼ਨ ਕਹੋ। ਪੰਡਤ ਜੀ ਨੇ ਕਹਾ ਨਰਕ ਮੇਂ ਕਾਮੀ ਕੋ ਲੋਹੇ ਦੀ ਇਸਤ੍ਰੀ ਕੀ ਮੂਰਤੀ ਬਣਾ ਕਰ ਔਰ ਅਗਨੀ ਮੇਂ ਤਪਾ ਕਰ ਉਸ ਕੇ ਅੰਗਾਂ ਨਾਲ ਲਗਾਤੇ ਹੈਂ। ਔਰ ਵੋਹ ਬੜਾ ਦੁਖੀ ਹੋਤਾ ਹੈ। ਇਸ ਮੇਂ ਮੈਂ ਕਹਿਤਾ ਹੂੰ ਕਾਮ ਭੀ ਅਗਨੀ ਹੈ ਅਗਨੀ ਕੋ ਅਗਨੀ ਮੇਂ ਪਾਨੇ ਸੇ ਕਿਆ ਦੁਖ ਹੈ ਜੇ ਕੋਈ ਦੁਖ ਹੈ ਤੋ ਦ੍ਰਿਸ਼ਟਾਂਤ ਸੇ ਦਿਖਾਓ। ਮਹਾਤਮਾ ਨੇ ਕਹਾ ਇਹ ਵਾਰਤਾ ਮੈਂਨੇ ਤੁਮਾਰੇ ਕੋ ਦ੍ਰਿਸ਼ਟਾਂਤ ਸਹਿਤ ਦਿਖਾ ਦੀ ਹੈ। ਪੰਡਤ ਜੀ ਨੇ ਕਹਾ ਕੈਸੇ, ਮਹਾਤਮਾ ਨੇ ਕਹਾ ਮੈਂਨੇ ਤੇਰੇ ਕੋ ਪਥਰ ਮਾਰਾ ਤੇਰੇ ਕੋ ਪੀੜਾ ਹੂਈ, ਓਹ ਕਹਿਣੇ ਲਗਾ ਹਾਂ ਮਹਾਰਾਜ ਬੜੀ ਪੀੜਾ ਹੂਈ, ਮਹਾਤਮਾ ਨੇ ਕਹਾ ਪਥਰ ਲੇ ਆਓ, ਲੇ ਆਇਆ; ਕਹਾ ਯੇ ਕੌਣ ਤਤੁ ਹੈ ਯਾਨੇ ਕਿਸਕਾ ਬਣਿਆ ਹੋਇਆ ਹੈ। ਪੰਡਤ ਜੀ ਨੇ ਕਹਾ ਮਿਟੀ ਤਤੂ ਹੈ, ਮਿਟੀ ਕਾ ਬਣਿਆ ਹੈ। ਮਹਾਤਮਾ ਨੇ ਕਹਾ ਜਿਸ ਸਰੀਰ ਪਰ ਪਥਰ ਮਾਰਾ ਹੈ, ਉਹ ਸਰੀਰ ਕਿਆ ਹੈ, ਪੰਡਤ ਜੀ ਨੇ ਕਹਾ ਓਹ ਭੀ ਮਿਟੀ ਤਤੁ ਹੈ। ਮਹਾਤਮਾ ਨੇ ਕਹਾ ਬਸ ਮੈਂਨੇ ਤੋ ਮਿਟੀ ਪਰ ਮਿਟੀ ਮਾਰੀ ਹੈ ਮਿਟੀ ਪਰ ਮਿਟੀ ਮਾਰਨੇ ਸੇ ਜੈਸੇ ਤੇਰੇ ਕੋ ਪੀੜਾ ਹੋਈ ਹੈ ਤੈਸੇ ਅਗਨੀ ਪਰ ਅਗਨੀ ਮਾਰਨੇ ਤੇ ਨਰਕ ਮੇਂ ਜੀਵ ਕੋ ਪੀੜਾ ਹੋਤੀ ਹੈ। ਦ੍ਰਿਸ਼ਟਾਂਤ ਮੇਂ ਤੇਰਾ ਅਨੁਭਵ ਹੀ ਪ੍ਰਣਾਮ ਹੈ, ਦਾਰਸ਼ਟਾਂਤ ਮੇਂ ਸ਼ਾਸਤਰ ਪ੍ਰਮਾਣ ਹੈ। ਪੰਡਤ ਜੀ ਕਹਿਣੇ ਲਗੇ ਠੀਕ ਮਹਾਰਾਜ ਮੇਰੇ ਕੋ ਅਬ ਆਪ ਕੀ ਕਿਰਪਾ ਸੇ ਨਿਸਚਯ ਹੋ ਗਯਾ। ਸੋ ਇਸ ਪਰਕਾਰ ਪੰਡਤ ਜੀ ਗੁਰੂ ਦੁਆਰਾ ਗਿਆਨ ਪਾ ਕਰ ਸੰਸੇ ਬੰਧਨ ਕੋ ਨਵਿਰਤ ਕਰਤੇ ਭਯੇ।

॥ ਇਤਿ ਸੰਸਾ ਬੰਧਨ ॥

ਪਾਂਚਵਾ ਕਰਮ ਬੰਧਨ ਹੈ, ਵੇਦ ਮੇਂ ਦੋ ਪਰਕਾਰ ਕੇ ਕਰਮ ਕਹੇ ਹੈਂ ਏਕ ਨਿਸ਼ਿਧ ਕਰਮ ਯਾਨੇ ਨ ਕਰਨੇ ਲਾਇਕ ਕਰਮ ਯਾਨੇ ਪਾਪ ਕਰਮ ਦੂਸਰਾ ਵਿਹਿਤ ਕਰਮ ਯਾਨੇ ਕਰਨੇ ਯੋਗ ਪੁਨਯ ਕਰਮ। ਵਿਹਿਤ ਕਰਮ ਚਾਰ ਪਰਕਾਰ ਕਾ ਹੈ (੧) ਨਿਤ ਕਰਮ। (੨) ਨੈਮਿਤਿਕ ਕਰਮ। (੩) ਕਾਮਯ ਕਰਮ। (੪) ਪ੍ਰਾਸਚਿਤ ਕਰਮ। ਯੇ ਸਭ ਮਿਲ ਕਰਕੇ ਪਾਂਚ ਪਰਕਾਰ ਕੇ ਕਰਮ ਹੈਂ ਉਨ ਮੇਂ ਦੋ ਕਰਮ ਯਾਨੇ ਕਾਮਯ ਕਰਮ ਔਰ ਨਿਸ਼ਿਧ ਕਰਮ ਤੋ ਪਰਸਿਧ ਬੰਧਨ ਰੂਪ ਹੈ। ਯਾਨੇ ਅਨੇਕ ਜਨਮ ਕੇ ਹੇਤੂ ਹੈਂ। ਜੈਸੇ ਕਾਮਯ ਯਾਨੇ ਕਾਮਨਾ ਵਾਲਾ ਸਕਾਮ ਕਰਮ ਅਨੇਕ ਜਨਮ ਕੇ ਦੇਣੇ



ਵਾਲਾ ਹੈ ਸੋ ਸਿਮ੍ਰਿਤੀ ਮੇਂ ਲਿਖਾ ਹੈ। ਸਲੋਕ ॥

**ਕਾਰਤਿ ਕਿਆਂ ਕ੍ਰਿਤਿਕਾ ਯੋਗੇ ਯ: ਕੁਰਯਾਤ ਸੁਆਮੀ ਦਰਸਨੰ ॥**
**ਸਪ੍ਤ ਜਨਮ ਸੁ ਭਵੇ ਵਿਪ੍ਰੋ ਧਨਾਢਿਓ ਵੇਦ ਪਾਰਗ** [ਕਾਸ਼ੀ ਖੰਡ ਪਹੋਵਾ ਮਹਾਤਮ

ਕਾਰਤਿਕ ਮਹੀਨੇ ਕੀ ਪੂਰਨਮਾਸ਼ੀ ਜਬ ਆਵੇ ਔਰ ਕ੍ਰਿਤਕਾ ਨਖਸ਼ਤ੍ਰ ਕਾ ਯੋਗ ਮਿਲ ਜਾਵੇ। ਉਸ ਸਮੇਂ ਸ਼ਿਵਜੀ ਕੇ ਪੁਤਰ ਸਵਾਮੀ ਕਾਰਤਿਕ ਜੀ ਕੀ ਮੂਰਤੀ ਕਾ ਦਰਸ਼ਨ ਕਰ ਲੇਵੇ ਤੋ ਸਾਤ ਜਨਮ ਮਨੁਸ਼ਯ ·ਸਰੀਰ ਬ੍ਰਾਹਮਣ ਜਾਤੀ ਮੇਂ ਲੇਗਾ ਔਰ ਵੋਹ ਬ੍ਰਾਹਮਣ ਭੀ ਧਨਾਢ ਔਰ ਚਾਰ ਵੇਦੋਂ ਕਾ ਪਾਰ ਗਾਮੀ ਹੋਗਾ। ਐਸੇ ਦਰਸ਼ਨ ਰੂਪ ਕਰਮ ਕਾ ਫਲ ਸਾਤ ਜਨਮ ਕੀ ਪ੍ਰਾਪਤੀ ਰੂਪ ਬੰਧਨ ਲਿਖਾ ਹੈ ਮੁਕਤ ਨਹੀਂ ਹੋ ਸਕਤਾ ਔਰ ਦੂਸਰਾ ਨਿਸ਼ਿਧ ਕਰਮ ਭੀ ਬੰਧਨ ਕਾ ਕਾਰਣ ਹੈ। ਜੈਸੇ ਸਿੰਮ੍ਰਤੀਓਂ ਮੇਂ ਲਿਖਾ ਹੈ ਜੋ ਕੋਈ ਬ੍ਰਹਮਵੇਤਾ ਬ੍ਰਾਹਮਣ ਕੋ ਮਾਰਤਾ ਹੈ ਸੋ ਇਤਨੇ ਜਨਮ ਪਾਤਾ ਹੈ ਪ੍ਰਮਾਣ ਮੋਖ ਪੰਥ।

**ਅਰ ਪੁਨਿ ਬ੍ਰਾਹਮਣ ਮਾਰੇ ਜੋਈ। ਏਤੇ ਜਨਮ ਲਹੇ ਨਰ ਸੋਈ।**
**ਕੂਕਰ ਸੂਕਰ ਖਰ ਕੋ ਪਾਇ। ਉਸਟਰ੍ਹ ਗੋ ਬਕਰੀ ਹੋ ਜਾਇ।**
**ਭੇਡ਼ ਮਿਰਗ ਅਰ ਖਗਹਿ ਚੰਡਾਲ। ਯਾਂ ਬਿਧਿ ਲਹੇ ਜਨਮ ਕੀ**
**ਮਾਲ। ਯੌਂ ਸਿਮ੍ਰਿਤ ਨੇ ਭਾਖਿਓ ਜੋਈ। ਅਹੇ ਸ੍ਰਤਿ ਝੂਠ ਨਹਿ**
**ਸੋਈ। ਸ਼੍ਵ ਸ਼ੂਕਰ ਖਰੋਸ਼੍ਰਰਾਣਾਂ ਗੋ ਅਜਾਵਿਮ੍ਰਿਗ ਪੰਖੀਣਾਂ।**
**ਚੰਡਾਲ ਮ੍ਰਿਤ ਪਾਨਾਂਚ ਬ੍ਰਹਮਹਾ ਯੋਨਿਮ੍ਰਿਛਤਿ।**

ਟੀਕਾ-ਬ੍ਰਾਹਮਣ ਕੇ ਮਾਰਨੇ ਵਾਲਾ ਪਹਿਲੇ ਕੁਤੇ ਕਾ ਸੂਅਰ ਕਾ ਗਧੇ ਕਾ ਊਂਠ, ਗਊ, ਬਕਰੀ, ਭੇਡ, ਹਿਰਨ, ਕਊਆ, ਚੰਡਾਲ ਇਨਕਾ ਜਨਮ ਪਾਤਾ ਹੈ। ਐਸੇ ਸਿੰਮ੍ਰਿਤੀ ਨੇ ਜੋ ਕਹਾ ਹੈ ਸੋ ਸਤਿ ਹੈ। ਤਾਂਤੇ ਪਾਪ ਕਰਮ ਸੇ ਡਰ। ਗੁਰੂ ਜੀ ਭੀ ਲਿਖਤੇ ਹੈਂ।

**ਨਰ ਅਚੇਤ ਪਾਪ ਤੇ ਡਰੁ ਰੇ ॥** [ਗਉੜੀ ਮ: ੯ ਸਫਾ ੨੨੦

**ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥**
[ਸਲੋਕ ਫ: ਸਫਾ ੧੩੭੮

**ਫਰੀਦਾ ਵੇਖ ਕਪਾਹੈ ਜਿ ਥੀਆ ਜੇ ਸਿਰ ਥੀਆ ਤਿਲਾਹ ॥**
**ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਂਹ ॥**
**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥** [ਸ: ਫ: ਸਫਾ ੧੩੭੮

**ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥** [ਸਲੋਕ ਫਰੀਦ ਸਫਾ ੧੩੮੧

ਬਾਕੀ ਜੋ ਤੀਨ ਕਰਮ ਹੈਂ ਉਨ ਮੇਂ ਏਕ ਨਿਤ ਕਰਮ ਹੈ ਜੋ ਰੋਜ਼ ਰੋਜ਼ ਕਰਾ ਜਾਵੇ ਜੈਸੇ ਅਗਨੀ ਹੋਤ੍ਰ ਸੰਧਿਆ ਉਪਾਸ਼ਨਾ ਨਿਤ ਨੇਮ ਪੜ੍ਹੇ ਦੂਸਰਾ ਨੈਮਿਤਕ ਕਰਮ ਹੈ ਜੋ ਕਭੀ ਕਭੀ ਕਰਨਾ ਪੜੇ ਜੈਸੇ ਜਬ ਕੋਈ ਅਪਨੇ ਸੇ ਉਮਰ ਮੇਂ ਬੜਾ ਆ ਜਾਵੇ (੧) ਅਪਨੇ ਸੇ ਜਾਤੀ ਮੇਂ ਬੜਾ (੨) ਆਸ਼੍ਰਮ ਮੇਂ ਬੜਾ (੩) ਵਿਦਿਆ ਮੇਂ ਬੜਾ (੪) ਤਪਸਿਆ ਮੇਂ ਬੜਾ (੫) ਗਿਆਨ ਮੇਂ ਬੜਾ (੬) ਯੇ ਛੇ ਬੜੇ ਮਹਾਂ ਪੁਰਸ਼ ਅਪਨੇ ਅਸਥਾਨ ਮੇਂ ਜਾਵੇਂ ਤੋ ਉਨ ਕੇ ਆਗੇ ਉਠ ਕੇ ਖੜਾ ਹੋ ਜਾਣਾ ਔਰ ਨਮਸਕਾਰ ਕਰਨੀ, ਸਤਿਕਾਰ ਕਰਕੇ ਬੈਠਾਣਾ, ਸੇਵਾ ਕਰਨੀ ਯੇਹ ਨੈਮਿਤਕ ਕਰਮ ਹੈ, ਤਥਾ ਸੂਰਜ ਗ੍ਰੈਹਣ, ਚੰਦਰ ਗ੍ਰੈਹਿਣ ਸਮੇਂ ਅਸ਼ਨਾਨ ਔਰ ਦਾਨ ਕਰਨਾ ਤਥਾ ਪਿਤਰੋਂ ਕੇ ਨਮਿਤ ਸ਼੍ਰਾਧ ਕਰਨੇ ਯੇਹ ਸਭ ਨੈਮਿਤਕ ਕਰਮ ਹੈ (੩) ਪਾਪ ਨਵਿਰਤੀ ਵਾਸਤੇ ਜੋ ਕਰਮ ਕੀਆ ਜਾਵੇ ਸੋ ਕਰਮ ਪ੍ਰਾਸਚਿਤ ਕਹਾ ਜਾਵੇ ਸੋ ਸਾਧਾਰਨ ਔਰ ਅਸਾਧਾਰਨ ਦੋ ਕਿਸਮ ਕਾ ਹੈ, ਯੇਹ ਕਰਮ ਯਾਨੇ ਨਿਤਯ (੧) ਨੈਮਿਤਕ (੨) ਪ੍ਰਾਸਚਿਤ (੩) ਯੇਹ ਤੀਨੋਂ ਕਰਮ ਭੀ ਨਿਸ਼ਕਾਮ ਪੁਰਸ਼ ਕੋ ਚਿਤ ਸੁਧੀ ਕੇ ਕਾਰਣ ਹੈਂ ਮੁਕਤੀ ਕੇ ਕਾਰਣ ਨਹੀਂ ਔਰ ਸਕਾਮ ਪੁਰਸ਼ਕੋ ਤੋ ਚਿਤ ਸ਼ੁਧੀ ਕੇ ਕਾਰਣ ਭੀ ਨਹੀਂ, ਕੇਵਲ ਬੰਧਨ ਯਾਨੀ ਅਨੇਕ ਜਨਮੋਂ ਕੇ ਕਾਰਣ ਹੈਂ ਪ੍ਰਮਾਣ ਗੀਤਾ ਅਧਯਾਇ ਤੀਸਰਾ ਸਲੋਕ ੯ ।

**ਯਗਯਅਰਥਾਤ ਕਰਮਣੋ ਅਨਯਤ੍ਰ ਲੋਕੋਅਯਮ ਕਰਮ ਬੰਧਨਃ॥
ਤਦ ਅਰਥੰ ਕਰਮ ਕੌਂਤੇਯ ਮੁਕਤ ਸੰਘ ਸਮਾਚਰ ॥**

ਅਰਥ–ਸ੍ਰੀ ਵਿਸ਼ਨੂੰ ਜੀ ਕੇ ਨਿਮਿਤ ਕੀਏ ਹੂਏ ਕਰਮੋਂ ਸੇ ਬਿਨਾ ਅਨਯ ਕਰਮੋਂ ਮੇਂ ਲਗਾ ਹੂਆ ਯੇਹ ਪੁਰਖ ਕਰਮੋਂ ਦਵਾਰਾ ਬੰਧਨ ਹੀ ਪਾਤਾ ਹੈ ਮੁਕਤਿ ਨਹੀਂ ਹੋਤਾ ਇਸ ਲੀਏ ਹੇ ਅਰਜਨ ਤੂੰ ਜੋ ਕਰਮ ਕਰੇਂ ਸੋ ਫਲ ਇਛਾ ਰਹਿਤ ਕੇਵਲ ਪ੍ਰਮੇਸ਼ਰ ਨਮਿਤ ਕਰਮੋਂ ਕੋ ਭਲੀ ਪ੍ਰਕਾਰ ਕਰ ਤਬ ਤੁਮਾਰਾ ਚਿਤ ਸ਼ੁਧ ਹੋਗਾ ਔਰ ਗਿਆਨ ਦਵਾਰਾ ਮੁਕਤੀ ਹੋਗੀ, ਐਸੇ ਨ ਕਰੇਗਾ ਤੋ ਕਰਮ ਤੁਮਕੋ ਬੰਧਨ ਕੇ ਕਾਰਨ ਹੋਵੇਂਗੇ, ਕਿਉਂਕਿ ਕੇਵਲ ਕਰਮੋਂ ਕਾ ਸੁਭਾਵ ਬੰਧਨ ਕਰਨੇ ਕਾ ਹੀ ਹੈ ਗੁਰੂ ਪ੍ਰਮਾਣ:–

**ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥ ਰਹਾਉ ॥ ਅੰਧੇ ਅਕਲੀ ਬਾਹਿਰੇ ਕਿਆ ਤਿਨ ਸਿਉ ਕਹੀਐ ॥ ਬਿਨ ਗੁਰ ਪੰਥੁ ਨ ਸੁਝਈ ਕਿਤੁ ਬਿਧਿ ਨਿਰਬਹੀਐ। ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰਕੀ ਕਉ**



**ਅਪੁਨੀ ਕਹੈ ਅਪਨੋ ਨਹੀ ਭਾਇਆ ॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ। ਪੋਖਰੁ ਨੀਰੁ ਵਿਰੋਲੀਐ ਮਾਖਨ ਨਹੀ ਰੀਸੈ ॥ ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪਕਉ ਸੋ ਅਪਰ ਅਪਾਰਾ ॥ ਸਭ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੁਝੀਐ ਸਭੁ ਬ੍ਰਹਮੁ ਸਮਾਇਆ।**
[ਗਉੜੀ ਬੈਰਾ: ਮਹਲਾ ੧ ਅੰਕ ੨੨੯

**ਤ੍ਰਿਬਿਧ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਿਜ ਮਿਲਿਆ ਸੁਖੁ ਹੋਇ ॥** [ਸ੍ਰੀ ਰਾਗ ਮਹਲਾ ੧ ਅੰਕ ੧੮

**ਭਾਈ ਰੇ ਗੁਰਮੁਖਿ ਬੂਝੈ ਕੋਇ ॥ ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥** [ਸ੍ਰੀ ਰਾਗ ਮਹਲਾ ੩ ਅੰਕ ੩੩

**ਖਟੁਸਾਸਤ ਬਿਚਰਤ ਮੁਖਿ ਗਿਆਨਾ॥ਪੂਜਾ ਤਿਲਕੁ ਤੀਰਥ ਇਸਨਾਨਾ ॥ ਨਿਵਲੀਕਰਮ ਆਸਣ ਚਉਰਾਸੀਹ ਇਨਮਹਿ ਸਾਂਤਿ ਨ ਆਵੈ ਜੀਉ ॥ ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥ ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥**
[ਮਾਝ ਮਹਲਾ ੫ ਅੰਕ ੯੮

**ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਸੰਸਾਰ ॥
ਬੰਧਨ ਬਾਧਿਓ ਮਾਇਆ ਫਾਸ ॥ ਜਨ ਨਾਨਕ ਛੂਟੇ ਗੁਰ ਪ੍ਰਗਾਸ ॥**
[ਗ: ਮ: ੩ ਸਫਾ ੧੬੨

**ਹਰਿ ਬਿਨੁ ਅਵਰ ਕ੍ਰਿਆ ਬਿਰ੍ਥੇ॥ ਜਪ ਤਪ ਸੰਜਮ ਕਮਾਣੇ ਇਹਿ ਓਰੈ ਮੂਸੈ॥੧॥ ਰਹਾਉ॥ ਵਰਤ ਨੇਮ ਸੰਜਮ ਮਹਿ ਰਹਿਤਾ ਤਿਨਕਾ ਆਢੁਨ ਪਾਇਆ ॥ ਆਗੈ ਚਲਨੁ ਔਰੁ ਹੈ ਭਾਈ ਊਂਹਾਂ ਕਾਮਿ ਨ ਆਇਆ॥ ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥ ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥ ਚਤੁਰਵੇਦ ਮੁਖਵਚਨੀ ਉਚਰੈ ਆਗੈ ਮਹਲੁ ਨ ਪਾਈਐ ॥ ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥** [ਗਉੜੀ ਮਾ: ਮ: ੫ ਸਫਾ ੨੧੬

ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮੁ ਬਿਨੁ ਜਾਨੁ ਨ ਦੂਜਾ ॥
[ਗਉ: ਮ: ੫ ਅੰਕ ੧੯੯

ਅਨਿਕ ਜਤਨ ਨਿਗ੍ਰਹਿ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾਤੇ ਰਵਿਦਾਸ ਉਦਾਸ ॥ [ਗਉੜੀ ਬੈ: ਰਵਿਦਾਸ ਜੀ ਸਫਾ ੩੪੬
ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥ ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰਬਾਜੀ ਹਾਰੀ ॥ ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥ ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥ ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿਦਵਾਰੀ॥ ਦੁਰਮਤਿ ਮੇਟਿ ਬੁਧ ਪ੍ਰਗਾਸੀ ਜਨ ਨਾਨਕ ਗੁਰਮੁਖਿ ਤਾਰੀ॥ਗੂ: ਮ: ੫ ਸਫਾ੧੯੫
ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ਜਾਪ ਤਾਪ ਭ੍ਰਮਣ ਬਸੁਧਾ ਕਰਿ ਉਰਧਿ ਤਾਪ ਲੈ ਗੈਨ॥ਇਹ ਬਿਧਿ ਨਹਿ ਪਤਿਆਨੋ ਠਾਕੁਰ ਜੋਗ ਜੁਗਤਿ ਕਰ ਜੈਨ ॥ ਸਾਧ ਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥ [ਧਨਾ: ਮ: ੫ ਸਫਾ ੬੭੪
ਰਾਮ ਨਾਮ ਗੁਨ ਗਾਇ ਪੰਡਿਤ ॥ ਕਰਮ ਕਾਂਡ ਅਹੰਕਾਰੁ ਨ ਕੀਜੈ ਕੁਸਲ ਸੇਤੀ ਘਰ ਜਾਇ ਪੰਡਿਤ ॥
[ਰਾਮ: ਮ: ੫ ਸਫਾ ੮੯੧

ਜਿਨ੍ਹੀ ਨਾਮ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥ ਨਾਨਕ ਜਮਪੁਰ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ [ਸਾਰੰਗ ਵਾਰ ਮ: ੩ ਅੰਕ ੧੨੪੭
ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥ ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥ ਅੰਤ੍ਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਇ ॥ ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਇ ॥
[ਵਾ: ਤੋਂ ਵਧੀਕ ਮ: ੪ ਸਫਾ ੧੪੨੩

ਵਿਵੇਕ ਚੂੜਾਮਣੀ ਮੇਂ ਲਿਖਾ ਹੈ:-

ਚਿਤਸਯਸ਼ੁਧਯੇ ਕਰਮਨਤੂ ਵਸਤੂ ਉਪਲਬਧਯੇ, ਵਰਤੂ ਸਿਧੀ ਵਿਚਾਰੇਣਨ ਕਿੰਚਿਤ ਕਰਮ ਕੋਟੀ ਭਿ: (੧) ਨ ਸਨਾਨੇਨ ਨ ਦਾਨੇਨ ਪ੍ਰਾਣਾਯਾਮ ਸ਼ਤੇਨ ਵਾ ॥



ਅਰਥ-ਨਿਸ਼ਕਾਮ ਕਰਮ ਭੀ ਚਿਤ ਕੀ ਸੁਧੀ ਵਾਸਤੇ ਹੈਂ, ਆਤਮ ਗਿਆਨ ਕੇ ਅਰਥ ਨਹੀਂ, ਆਤਮ ਗਿਆਨ ਤੋ ਤਤ੍ਵਮਸੀ ਮਹਾਂਵਾਕ ਕੇ ਵਿਚਾਰ ਅਧੀਨ ਹੈ, ਕ੍ਰੋੜੋਂ ਕਰਮ ਕਰਨੇ ਸੇ ਭੀ ਆਤਮ ਗਿਆਨ ਨਹੀਂ ਹੋਤਾ, ਸ਼ਨਾਨ ਸੇ ਦਾਨਸੇ ਸੈਂਕੜੇ ਪ੍ਰਾਣਾਯਾਮ ਸੇ ਭੀ ਆਤਮ ਗਿਆਨ ਨਹੀਂ ਹੋਤਾ । ਇਸ ਵਾਸਤੇ ਸਰਬ ਕਰਮੋਂ ਕੋ ਤਿਆਗ ਕਰ ਜਗਿਆਸੂ ਬ੍ਰਹਮਵੇਤਾ ਗੁਰੂ ਕੀ ਸ਼ਰਣ ਮੇਂ ਜਾਕਰ ਤਤ੍ਵਮਸੀ ਮਹਾਂਵਾਕਯ ਕਾ ਵਿਚਾਰ ਕਰੇ, ਹੋਰ ਸਾਧਨੋਂ ਸੇ ਹਉਮੈ ਮਲ ਕੀ ਨਵਿਰਤੀ ਭੀ ਨਹੀਂ ਹੋਤੀ ।

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇਕਰੀ ਅਨਦਿਨੁ ਅਗਨ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥ ਅਰਧ ਸ੍ਰੀਰੁ ਕਟਾਈਐ ਸਿਰਿ ਕਰਵਤੁ ਧਰਾਇ ਤਨੁ ਹੈ ਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਬਜਾਇ ॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮਨਾਮਿ ਮਨੁ ਬੇਧਿਆ ਗੁਰਦਿਆ ਸਚੁ ਦਾਨੁ ॥ [ਸ੍ਰੀ ਰਾ: ਮ: ੧ ਸਫਾ ੬੨

ਤਤ੍ਵ ਮਸੀ ਮਹਾਂਵਾਕਮੇਂ ਤਤ ਪਦਤ੍ਵੰ ਪਦ ਹੈ, ਇਨ ਦੋਨੋਂ ਪਦੋਂ ਕਾ ਵਿਚਾਰ ਸਰਬ ਸਾਧਨੋਂ ਮੇਂ ਸ਼੍ਰੋਮਣੀ ਸਾਧਨ ਹੈ, ਫੇਰ ਅਸੀਂ ਪਦ ਯਾਨੇ ਏਕਤਾ ਕਾ ਵਿਚਾਰ ਕਰਨਾ ਅਤਯੰਤ ਸ੍ਰੇਸ਼ਟ ਹੈ ਗੁਰੂ ਜੀ ਨੇ ਇਸ ਵਿਚਾਰ ਕੋ ਨਾਮ ਕਾ ਵਿਚਾਰ ਕਹਾ ਹੈ :-

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸ੍ਰਬ ਢੰਡੋਲਿ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥
[ਗੁ: ਸੁ: ਅਸਟਪਦੀ ੩ ਮ: ੫ ਸਫਾ ੨੬੫

ਤਥਾ-ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁਨ ਦਾਨ ਹੋਮੇ ਬਹੁ ਰਤਨਾ ॥ ਸ੍ਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮ ਜਪੀਐ ਇਕ ਬਾਰ॥ ਨਉਖੰਡ ਪ੍ਰਿਥਵੀ ਫਿਰੈ ਚਿਰੁ ਜੀਵੈ ॥ ਮਹਾ ਉਦਾਸਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ਤਉ ਭੀ ਹਉਮੈ ਮੈਲੁ ਨ ਜਾਵੈ ॥ ਹਰਿ ਕੇ

ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤਗਤਿ ਪਾਹਿ ॥
[ਗਉੜੀ ਸੁਖਮਨੀ ਮ: ੫ ਸਫਾ ੨੬੫

ਅਸੁਮੇਧ ਜਗਨੇ ॥ ਤੁਲਾ ਪੁਰਖੁ ਦਾਨੇ ॥ ਪ੍ਰਾਗ ਇਸਨਾਨੇ ॥ ਤਉ ਨ ਪੂਜੈ ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ਰਹਾਉ ॥ ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ਮੁਖਿ ਵੇਦ ਚਤਰ ਪੜਤਾ ॥ ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ਖਟੁ ਕਰਮ ਸਹਿਤ ਰਹਤਾ ॥ ਸਿਵਾ ਸਕਤਿ ਸੰਬਾਦੰ ॥ ਮਨ ਛੋਡ ਛੋਡ ਸਗਲ ਭੇਦੰ ॥ ਸਿਮਰਿ ਸਿਮਰਿ ਗੋਬਿੰਦੰ ਭਜੁ ਨਾਮਾ ਤਰਸਿ ਭਵ ਸਿੰਧੰ ॥ ਗੋਂਡ ਨਾਮਦੇਵ ਸਫਾ ੮੭੩

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥ ਅਸੁਮੇਧ ਜਗੁ ਕੀਜੈ ਸੋਨਾ ਗਰਭਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੁਜੈ ॥੧॥ ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥ ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ॥ ਗੋਮਤੀ ਸਹਸ ਗਊ ਦਾਨੁ ਕੀਜੈ ॥ ਕੋਟਿ ਜਉ ਤੀਰਥਿ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥ ਅਸੁਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥ ਆਤਮ ਜਉ ਨਿਰਮਾਇਲੁ ਕੀਜੈ ॥ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥ ੩ ॥ ਮਨਹਿ ਨ ਕੀਜੈ ਰੋਸੁ ॥ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥ ੪ ॥

[ਰਾਮ ਬਾਣੀ ਨਾਮਦੇਵ ਸਫਾ ੯੭੩

ਇਸ ਪਰਕਾਰ ਗੁਰੂ ਜੀ ਨੇ ਰਾਮ ਨਾਮ ਮਹਾਤਮ ਯਾਨੇ ਤਤ ਤ੍ਵੰ ਪਦੋਂ ਕਾ ਵਿਚਾਰ ਹੀ ਸਰਬ ਸਾਧਨੋਂ ਮੇਂ ਸਰੋਮਨੀ ਸਾਧਨ ਕਹਾ ਹੈ ਤਾਂਤੇ ਜਗਿਆਸੂ ਕੋ ਚਾਹੀਏ ਸਰਬ ਕਰਮੋਂ ਕੋ ਤਿਆਗ ਕਰ ਬ੍ਰਹਮ ਵੇਤਾ ਗੁਰੂ ਪਾਸ ਜਾ ਕਰ ਆਠੋਂ ਪਹਿਰ ਵਿਚਾਰ ਕਰੇ।

ਦਿਨੁ ਰਾਤੀ ਆਰਾਧਹੁ ਪਿਆਰੇ ਨਿਮਖ ਨ ਕੀਜੈ ਢੀਲਾ ॥ ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨ ਹਾਠੀਲਾ ॥ ਮੋਹਨ ਪ੍ਰਾਨ



ਮਾਨ ਰੰਗੀਲਾ । ਬਾਸ ਰਹਿਓ ਹੀਅਰੇ ਕੇ ਸੰਗੇ ਪੇਖ ਮੋਹਿਓ ਮਨ ਲੀਲਾ ॥
[ਗੂ: ਮ: ੫ ਸਫਾ ੪੯੮

ਆਠੋਂ ਪਹਿਰ ਬ੍ਰਹਮ ਚਿੰਤਨ ਮੈਂ ਸੁਰਤੀ। ਪ੍ਰਮਾਣ :-

ਆਸੁਪ੍ਤੇ ਰਾਂਮ੍ਰਿਤੇਕਾਲਮ ਨਏਤ ਵੇਦਾਂਤ ਚਿੰਤਇਆ ॥
ਅਵਸਰਮ ਨ ਦਦਿਆਤ ਤ੍ਰਚਿਤ ਕਾਮਾਦੀ ਨਾਮ ਮਨਾਗ ਅਪੀ ॥

ਅਰਥ-ਜਾਗਰਤ ਸੇ ਲੇ ਕਰ ਸੋਣੇ ਤਕ ਔਰ ਜਨਮ ਸੇ ਲੇ ਕਰ ਮਰਨ ਤਕ ਸਾਰਾ ਦਿਨ ਵੇਦਾਂਤ ਚਿੰਤਨ ਮੇਂ ਲਗਾਏ ਕਾਮ ਕ੍ਰੋਧ ਆਦਿਕ ਚੋਰੋਂ ਕੇ ਚਿੰਤਨ ਕੋ ਕੁਛ ਭੀ ਸਮਾਂ ਨ ਦੇਵੇ ਜੈਸੇ ਗੁਰੂ ਜੀ ਲਿਖਤੇ ਹੈ:-

ਇਸ ਦੇਹੀ ਅੰਦਰ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੁਹੁ ਅਹੰਕਾਰਾ ॥
ਅੰਮ੍ਰਿਤ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥
[ਸੋਰਠ ਮ: ੩ ਸਫਾ ੬੦੦

ਦੂਸਰੇ ਸ਼ਾਸਤਰੋਂ ਮੇਂ ਭੀ ਲਿਖਤੇ ਹੈਂ, ਸਾਰਾ ਦਿਨ ਬ੍ਰਹਮ ਚਿੰਤਨ ਕਰਨਾ ਚਾਹੀਏ ਆਧਾ ਨਿਮਖ ਭੀ ਹਟਨਾ ਨਾ ਚਾਹੀਏ। ਪ੍ਰਮਾਣ:-

ਨਿਮਸ਼ਾਰਧਮ ਨ ਤਿਸਠੰਤੀ ਬ੍ਰਿਤੀਮ ਬ੍ਰਹਮਮਈਮ ਬਿਨਾ ॥
ਯਥਾ ਤ੍ਰਿਸਠੰਤੀ ਬ੍ਰਹਮਾਦਇਆ ਸਨਕਾਦਇਆ ਸ਼ੁਕਾਦਇਆ ॥
[ਤੇਜੋ ਬਿੰਦੂ ਉਪਨਿਖਧ ਅਧਿਆਇ ੧ ਸਲੋਕ ੪੭

ਅਰਥ-ਤ੍ਰਈ ਲੋਕ ਆਧਾ ਨਿਮਿਸ (ਨੇਤ੍ਰੋਂ ਕਾ ਖੋਲਨਾ) ਮਾਤਰ ਭੀ ਬ੍ਰਹਮਾਕਾਰ ਬ੍ਰਿਤੀ ਕੇ ਬਿਨਾ ਬੈਠਤੇ ਨਹੀਂ ਸਾਰਾ ਦਿਨ ਬ੍ਰਹਮਾਕਾਰ ਕਰ ਛੋੜਤੇ ਹੈਂ ਜੈਸੇ ਬ੍ਰਹਮਾ ਦੀ ਸਨਕਾਦੀ, ਸ਼ੁਕਾਦੀ ਹਰ ਵਕਤ ਬ੍ਰਹਮ ਪ੍ਰਾਇਣ ਰਹਿਤੇ ਹੈਂ, ਅਨਯ ਸ਼ਾਸਤਰੋਂ ਮੇਂ ਭੀ ਲਿਖਾ ਹੈ:-

ਸ਼ਲੋਕ ॥ ਤਪੰਤੂ ਤਾਪਈ ਪੂਪਤੰਤੂ ਪਰਬਤਾਤ ਵਟੰਤੂ ਸਾਸਤ੍ਰਾਣੀ ਪਠੰਤੂ ਚ ਆਗਮਨ ॥ ਯਗਯੰਤੂ ਯਾਗਈ ਵਿਵਿਦੰਤੂ ਯੋਗਈ ਹਰੀਂ ਬਿਨਾ ਨਈਵ ਮਿਰਤਯੂੰ ਤਰੰਤੀ ॥
[ਵਿਵੇਕ ਚੂੜਾਮਣੀ

ਅਰਥ-ਯੇਹ ਮਨੁਸ਼ ਚਾਹੇ ਅਨੇਕ ਤਪੋਂ ਕੋ ਤਾਪੇ ਚਾਹੇ ਪਰਬਤੋਂ ਸੇ ਛਾਲ ਮਾਰੇ ਔਰ ਤੀਰਥੋਂ ਮੇਂ ਭਟਕੇ; ਚਾਹੇ ਅਨੇਕ ਯਗਯ ਕਰੇ ਯੋਗ ਸ਼ਾਸਤਰ ਕੀ ਚਰਚਾ ਕਰੇ, ਪਰੰਤੂ ਪਰਮਾਤਮਾ ਕੀ ਕਿਰਪਾ ਬਿਨਾਂ ਸੰਸਾਰ ਸੇ ਤਰ ਨਹੀਂ ਸਕਤਾ, ਮਹਾਂ ਭਾਰਤ ਕੇ ਸ਼ਾਂਤੀ ਪਰਬ ਮੇਂ ਲਿਖਾ ਹੈ:-

ਸ਼ਲੋਕ ॥ ਕਸ਼ਾਇ ਪਕਤੀ ਕਰਮਾਣੀ ਗਿਆਨੰ ਤੂ ਪਰਮਾਗਤੀ ਕਸ਼ਾਇ ਕਰਮ ਭੀ ਪਕ੍ਵੇ ਤਤੋ ਗਿਆਨੰ ਪਰਵਰਤਤੇ ॥

ਅਰਥ-ਰਾਗ ਦਵੇਸ਼ ਆਦੀ ਦੋਸ਼ੋ ਕੀ ਨਵਿਰਤੀ ਹੀ ਕਰਮੋਂ ਸੇ ਹੋਤੀ ਹੈ, ਯਾਨੇ ਕਰਮੋਂ ਸੇ ਚਿਤ ਸ਼ੁਧੀ ਹੋਤੀ ਹੈ, ਗਿਆਨ ਕਾ ਫਲ ਪਰਮਗਤੀ ਮੋਖਸ਼ ਹੈ, ਜਬ ਨਿਸ਼ਕਾਮ ਕਰਮੋਂ ਸੇ ਚਿਤ ਸੁਧ ਹੋਵੇਗਾ ਤੋ ਫਿਰ ਗਿਆਨ ਮੇਂ ਪ੍ਰਵਿਰਤ ਹੋਗਾ। ਤਥਾ:-

**ਸ਼ਲੋਕ ॥ ਕਰਮਣਾ ਬਧਯਤੇ ਜੰਤੂ ਵਿਦਯਜਾ ਚ ਵਿਮੁਚਯਤੇ ਤਸਮਾਤ ਕਰਮ ਨ ਕੁਰਵੰਤੀ ਯਤਯ: ਪਾਰ ਦਰਸ਼ੀਨ:**

ਅਰਥ-ਜੀਵ ਕਰਮ ਸੇ ਬੰਧਨ ਕੋ ਪ੍ਰਾਪਤ ਹੋਤਾ ਹੈ ਔਰ ਵਿਦਿਆ ਯਾਨੀ ਗਿਆਨ ਸੇ ਮੁਕਤ ਹੋਤਾ ਹੈ। ਇਸ ਕਾਰਨ ਸੇ ਬ੍ਰਹਮਵੇਤਾ ਸਾਧੂ ਲੋਕ ਕਰਮੋਂ ਕੋ ਤਿਆਗ ਦੇਤੇ ਹੈਂ ਔਰ ਮਰਣੰ ਪ੍ਰਜੰਤ ਸ਼ਰਵਣ ਮੰਨਣ ਆਦੀ ਸਾਧਨੋਂ ਮੇਂ ਪ੍ਰਵਿਰਤ ਹੋਤੇ ਹੈਂ।

ਗੁਰ ਪ੍ਰਮਾਣ:-

**ਕੋਟਿ ਕਰਮ ਬੰਧਨ ਕਾ ਮੂਲੁ ॥** [ਭੈਰਉ ਮ: ੫ ਸਫਾ ੧੧੪੯

**ਜੀਅ ਕਾ ਬੰਧਨੁ ਕਰਮੁ ਬਿਆਪੈ ॥** [ਪ੍ਰਭਾਤੀ ਨਾਮਦੇਵ ੧੩੫੧

**ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬ੍ਰਿਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥**

[ਗਉ: ਸੁਖਮਨੀ ਮ: ੫ ਸਫਾ ੨੭੮

ਔਰ ਵੇਦੋਂ ਮੇਂ ਭੀ ਲਿਖਾ ਹੈ:-

**ਗਿਆਨਾ ਦੇਵ ਤੂ ਕਈਵਲਜੰ ॥** [ਇਤਿ ਸ਼ੁਤੀ

ਅਰਥ-ਕੇਵਲ ਮੁਕਤੀ ਦਾ ਸਾਧਨ ਏਕ ਗਿਆਨ ਹੀ ਹੈ ਹੋਰ ਕੋਈ ਮਾਰਗ ਯਾਨੇ ਸਾਧਨ ਨਹੀਂ।

**ਯਦਾ ਚਰਮਵਦਾਕਾਸ਼ੰ ਵੇਸਟਯਿਸਯੰਤਿ ਮਾਨਵਾ. । ਤਦਾ ਦੇਵਮਵਿਗ-ਜਾਇ ਦੁਖਸਯਾਂਤੋ ਭਵਿਸ਼ਯਤੀ ॥** [ਸ੍ਵੇਤਾ ਸ੍ਵਤਰੋਪਨਿਖਦ ਅਧਿਆਇ ੬ ਮੰਤ੍ਰ ੨੦

ਟੀਕਾ ਜੇਕਰ ਕੋਈ ਮਨੁਸ਼ ਚਰਮ ਕੀ ਨਿਆਈ ਅਕਾਸ਼ ਕੋ ਲਪੇਟ ਭੀ ਲੇਵੇ ਹੋਰ ਭੀ ਸਿਧੀਆਂ ਪਾ ਲੇਵੇ ਤੋ ਭੀ ਬ੍ਰਹਮ ਕੋ ਆਤਮ ਰੂਪ ਜਾਣੇ ਬਿਨਾਂ ਮੁਕਤ ਨਹੀਂ ਹੋਵੇਗਾ ਮੁਕਤੀ ਕਾ ਸਾਧਨ ਫਕਤ ਗਿਆਨ ਹੈ। **ਸ਼ੰਕਾ,** ਜੇਕਰ ਕੇਵਲ ਕਰਮ ਮੁਕਤੀ ਕਾ ਸਾਧਨ ਨਹੀਂ ਤੋ ਕਰਮ ਗਿਆਨ ਦੋਨੋਂ ਮਿਲ ਕਰ ਮੁਕਤੀ ਦੇਵੇਂਗੇ ਖਾਲੀ ਗਿਆਨ ਨਹੀਂ, ਕਿਉਂਕਿ ਵਸਿਸ਼ਟ ਮੁਨੀ ਨੇ ਸ੍ਰੀ ਰਾਮਚੰਦ੍ਰ ਜੀ ਕੋ ਕਹਾ ਕਿ ਕਰਮ ਅਰ ਗਿਆਨ ਦੋਨੋਂ ਮਿਲੇ ਹੋਏ ਮੁਕਤੀ ਕੇ ਸਾਧਨ ਹੈਂ, ਜੈਸੇ ਪੰਖੀ ਆਕਾਸ਼ ਮੇਂ ਦੋਨੋਂ ਪੰਖੋਂ ਸੇ ਉਡ ਸਕਤਾ ਹੈ ਏਕ ਸੇ ਨਹੀਂ ਤੈਸੇ ਹੀ ਜੀਵ ਰੂਪੀ ਪੰਖੀ ਗਿਆਨ-ਕਰਮ ਰੂਪੀ ਦੋ ਪੰਖੋਂ ਸੇ ਮੁਕਤ ਹੋ ਸਕਤਾ ਹੈ ਏਕ ਸੇ



ਨਹੀਂ, **ਸਮਾਧਾਨ,** ਵਸਿਸ਼ਟ ਜੀ ਨੇ ਸ੍ਰੀ ਰਾਮ ਚੰਦ੍ਰ ਜੀ ਕੋ ਕ੍ਰਮ ਸਮੁਚੇ ਕਹਾ ਹੈ ਯਾਨੀ ਪਹਿਲੇ ਕਰਮ ਕਰਕੇ ਮਨ ਕੋ ਸੁਧ ਕਰੇ ਫੇਰ ਗਿਆਨ ਵਾਸਤੇ ਗੁਰੂ ਕੇ ਪਾਸ ਜਾਵੇ, ਇਸ ਕੋ ਤੋ ਹਮ ਭੀ ਮਾਨਤੇ ਹੈਂ ਔਰ ਹਮ ਸਮੁਸਮੁਚੇ ਕਾ ਖੰਡਨ ਕਰ ਰਹੇ ਹੈਂ, ਯਾਨੇ ਆਤਮਾ ਕੇ ਸ੍ਰਵਨ ਮੰਨਣ ਔਰ ਚਿੰਤਨ ਕਾਲ ਮੇਂ ਕਰਮ ਨ ਕਰਨੇ ਚਾਹੀਏ ਇਸ ਪ੍ਰਕਾਰ ਹਮ ਕਰਮੋਂ ਕਾ ਖੰਡਨ ਕਰਤੇ ਹੈਂ ਔਰ ਇਨ ਕਾ ਏਕ ਕਾਲ ਮੇਂ ਇਕੱਠਾ ਹੋਣਾ ਦਿਨ ਰਾਤ ਕੀ ਨਿਆਈ ਤਥਾ ਸੂਰਜ ਅੰਧਕਾਰ ਕੀ ਨਿਆਈ ਵਿਰੋਧ ਹੈ ਸਮ ਸਮੁਚੇ ਨਹੀਂ ਕਥਾ:-ਏਕ ਕਾਲ ਮੇਂ ਬ੍ਰਹਮਾ ਜੀ ਕੇ ਪਾਸ ਅੰਧੇਰੇ ਨੇ ਜਾਕਰ ਫਰਿਆਦ ਕੀ ਕਿ ਸੂਰਜ ਨਾਰਾਇਣ ਮੇਰੇ ਨਾਲ ਦੁਸ਼ਮਣੀ ਕਰਤਾ ਹੈ ਮੇਰੇ ਕੋ ਰਹਿਣ ਨਹੀਂ ਦੇਤਾ ਜਹਾਂ ਸੂਰਜ ਆਤਾ ਹੈ ਮੇਰੇ ਕੋ ਭਗਾਇ ਦੇਤਾ ਹੈ ਸਾਡਾ ਤੁਸੀਂ ਵਿਰੋਧ ਹਟਾ ਦਿਓ, ਬ੍ਰਹਮਾ ਜੀ ਨੇ ਕਹਾ ਹਛਾ ਉਹ ਆ ਲੇਵੇ ਮੁਦਈ ਮੁਦਾਲਾ ਕੱਠੇ ਹੋ ਜਾਓ ਫੇਰ ਇਨਸਾਫ ਹੋ ਜਾਵੇਗਾ ਬੈਠਾ ਰਹਾ ਜਬ ਦੂਰ ਸੇ ਸੂਰਜ ਨਾਰਾਇਣ ਕੋ ਦੇਖਾ ਤੋ ਭਾਗਨੇ ਲਗਾ, ਭਾਗਤੇ ਕੋ ਬ੍ਰਹਮਾ ਜੀ ਨੇ ਕਹਾ ਠਹਰੋ ! ਕਹਿਣੇ ਲਗਾ ਠਹਰ ਨਹੀਂ ਸਕਤਾ ਯੇਹੀ ਤੋ ਵਿਰੋਧ ਹੈ, ਬ੍ਰਹਮਾ ਜੀ ਨੇ ਕਹਾ ਤੋ ਤੁਮਾਰਾ ਯੇਹ ਵਿਰੋਧ ਫਿਰ ਬਨਾ ਹੀ ਰਹੇਗਾ ਤੈਸੇ ਹੀ ਗਿਆਨ ਰੂਪ ਸੂਰਜ ਕੇ ਅਗੇ ਕਰਮ ਠਹਰ ਹੀ ਨਹੀਂ ਸਕਤਾ ਔਰ ਗਿਆਨ ਕਰਮ ਕਾ ਜੈਸੇ ਆਪਸ ਮੇਂ ਵਿਰੋਧ ਹੈ ਤੈਸੇ ਹੀ ਅਧਕਾਰੀ ਸੇ ਸਾਧਨ ਔਰ ਫਲ ਸੇ ਭੀ ਵਿਰੋਧ ਹੈ, ਕਰਮ ਕਾ ਅਧਕਾਰੀ ਜਾਤੀ ਵਰਣ ਕੁਲ ਗੋਤਰ ਅਵਸਥਾ ਕੇ ਅਭਮਾਨ ਵਾਲਾ ਹੈ ਜੈਸੇ ਮੋਖਸ਼ ਪੰਥ ਗ੍ਰੰਥ ਮੇਂ ਲਿਖਾ ਹੈ:-

**ਅਹੰ ਦੁਜਨਮਾ ਬ੍ਰਾਹਮਣ ਜਾਤ ॥ ਭਾਰਦ੍ਵਾਜ ਗੋਤਰ ਵਿਖਿਆਤ ॥ ਇੰਦ੍ਰਯ ਵਿਕਲ ਨ ਮੋਕੋ ਹਈਏ। ਦਰਬ ਸੁ ਬਹੁ ਬਿਧ ਕੋ ਮੋਹਿ ਪਈਏ। ਹਉ ਹੂੰ ਯਾਗਦਾਨ ਅਧਕਾਰੀ। ਅਗਨੀ ਹੋਤਰ ਕੁਲ ਰੀਤ ਹਮਾਰੀ। ਯਾ ਬਿਧ ਕਰਮ ਅਹੋਂ ਜਗ ਜੇਤੇ। ਅਹੰ ਬੁਧੀ ਮੂਲਕ ਹੈਂ ਤੇਤੇ ॥**

ਸੋ ਇਸ ਪਰਕਾਰ ਜਾਤੀ ਕੁਲ ਧਨ ਕੇ ਅਭਿਮਾਨ ਵਾਲਾ ਕਰਮ ਕਰਨੇ ਕਾ ਅਧਿਕਾਰੀ ਹੈ ਔਰ ਗਿਆਨ ਕਾ ਅਧਿਕਾਰੀ ਜਾਤੀ ਕੁਲ ਕੇ ਅਭਿਮਾਨ ਸੇ ਰਹਿਤ ਹੈ। ਪ੍ਰਮਾਣ:-

**ਜਨਮ ਮਰਨ ਜਾਤ ਮੈਂ ਨਾਹੀ। ਗੋਤਰ ਕੋਈਨ ਮੇਰੇ ਮਾਹੀ। ਚਕਸ਼ੂ ਸ੍ਰੋਤਰ ਨ ਮੋ ਮੈਂ ਕੋਈ। ਅਸੰਗ ਰੂਪ ਆਤਮ ਮੈਂ ਸੋਈ। ਯਾਂ ਬਿਧ ਗਿਆਨ ਜਗਤ ਮੈਂ ਜੋਈ। ਕਰਮ ਮੂਲ ਵਿਧੁੰਸਕ ਸੋਈ।** [ਮੋਖ ਪੰਥ

ਯਾਨੇ ਜਗਤ ਮੇਂ ਜੋ ਬ੍ਰਹਮ ਗਿਆਨ ਹੈ ਸੋ ਕਰਮ ਔਰ ਕਰਮ ਕਾ ਮੂਲ ਅਹੰਕਾਰ ਔਰ ਅਵਿਦਿਆ ਇਨ ਸਭ ਕਾ ਨਾਸ਼ਕ ਹੈ, ਇਸ ਪਰਕਾਰ ਇਨ ਕੇ ਅਧਿਕਾਰੀ ਜੁਦਾ ਜੁਦਾ ਹੈਂ ਯਾਂ ਤੇ ਇਨਕਾ ਮੇਲ ਨਹੀਂ, ਔਰ ਇਨਕੇ ਸਾਧਨ ਭੀ ਜੁਦਾ ਜੁਦਾ ਹੈਂ,

ਕਰਮ ਕਾ ਸਾਧਨ ਇਸਤ੍ਰੀ ਪੁਤ੍ਰ ਧਨ ਹੈ ਗਿਆਨ ਕਾ ਸਾਧਨ ਇਨ ਸੇ ਭਿੰਨ [੧] ਵੈਰਾਗ [੨] ਵਿਵੇਕ [੩] ਖਟ ਸੰਪਤੀ ਚੌਥੀ ਮਮੁਖਸ਼ਤਾ ਹੈ ਇਸ ਪਰਕਾਰ ਇਨ੍ਹੋਂ ਕੇ ਸਾਧਨੋਂ ਮੇਂ ਭੀ ਵਿਰੋਧ ਹੈ ਫਲ ਸੇ ਭੀ ਵਿਰੋਧ ਹੈ ਕਰਮ ਕਾ ਫਲ ਸੂਰਗ ਹੈ ਜਿਸ ਮੇਂ ਜਨਮ ਮਰਨ ਬਣਾ ਰਹਿਤਾ ਹੈ ਗਿਆਨ ਕਾ ਫਲ ਮੋਖਸ਼ ਹੈ, ਜਨਮ ਮਰਨ ਕਾ ਅਭਾਵ ਹੋਤਾ ਹੈ, ਕਰਮ ਗਿਆਨ ਕੇ ਸਰੂਪ ਮੇਂ ਭੀ ਵਿਰੋਧ ਹੈ ਹਥ ਪੈਰ ਸਭ ਅੰਗੋਂ ਕਾ ਹਿਲਾਨਾ ਕਰਮ ਕਾ ਸਰੂਪ ਹੈ ਔਰ ਸਭ ਇੰਦਰਯੋ ਮਨ ਬੁਧੀ ਕੋ ਰੋਕ ਕਰ ਅਚੱਲ ਹੋ ਜਾਣਾ ਯੇਹ ਗਿਆਨ ਕਾ ਸਰੂਪ ਹੈ, ਇਸ ਪਰਕਾਰ ਕਿਸੀ ਸੂਰਤ ਸੇ ਭੀ ਗਿਆਨ ਔਰ ਕਰਮ ਇਕੱਠੇ ਨਹੀਂ ਰਹਿ ਸਕਤੇ ਤਾਂਤੇ ਮਮੁਖਸ਼ੂ ਮੁਕਤੀ ਕੇ ਵਾਸਤੇ ਕਰਮ ਨ ਕਰੇ ਕਰਮ ਕਰਨੇ ਵਾਲੇ ਅਗਰ ਸੂਰਗ ਮੇਂ ਚਲੇ ਜਾਤੇ ਹੈਂ ਤੋ ਫਿਰ ਭੀ ਵਹਾਂ ਸੇ ਕਰਮ ਖੀਣ ਹੋਨੇ ਸੇ ਵਾਪਸ ਲੌਟ ਆਤੇ ਹੈਂ ਜੈਸੇ ਏਕ ਕਾਲ ਮੇਂ ਨਾਰਦ ਮੁਨੀ ਸਵਰਗ ਸੇ ਮਾਤ ਲੋਕ ਮੇਂ ਆ ਰਹੇ ਥੇ ਤੋ ਰਸਤੇ ਮੇਂ ਚਾਰ ਰਾਜੇ ਜੋ ਵਿਮਾਨੋਂ ਮੇਂ ਬੈਠੇ ਸਵਰਗ ਕੋ ਜਾ ਰਹੇ ਥੇ ਮਿਲੇ ਨਾਰਦ ਜੀ ਕੋ ਨਮਸਕਾਰ ਕਰ ਪੂਛਨੇ ਲਗੇ ਆਪ ਸਵਰਗ ਸੇ ਆ ਰਹੇ ਹੋ ਸਾਨੂੰ ਸਵਰਗ ਕੇ ਪਦਾਰਥੋਂ ਕਾ ਔਰ ਸੁਖ ਦੁਖ ਕਾ ਸ਼ਰਵਣ ਕਰਾਓ ਤਥਾ ਆਪ ਦੇਵ ਰਿਸ਼ੀ ਹੋ ਸਰਵਗਯ ਹੋ, ਯੇਹ ਭੀ ਬਤਾਓ ਜੋ ਹਮ ਨੇ ਤਪਸਿਆ ਯਗ ਦਾਨ ਆਦਿ ਕਰੇ ਹੈਂ ਉਨ ਕਾ ਸਾਨੂੰ ਕਿਆ ਅਰ ਕਿਤਨਾ ਫਲ ਮਿਲੇਗਾ ਔਰ ਯੇਹ ਭੀ ਸੁਣਾਓ ਕਿ ਹਮ ਚਾਰੋਂ ਮੇਂ ਸੇ ਸੁਰਗ ਸੇ ਪਹਿਲੇ ਕੌਣ ਗਿਰਾਇਆ ਜਾਏਗਾ ਤੋ ਨਾਰਦ ਜੀ ਨੇ ਵਿਸਥਾਰ ਸਹਿਤ ਉਨ ਕੋ ਸਵਰਗ ਕਾ ਹਾਲ ਸੁਣਾਇਆ, ਅਰ ਉਨ ਕੇ ਤਪਸਿਆ ਆਦ ਕਰਮੋਂ ਕਾ ਫਲ ਜੈਸਾ ਔਰ ਜਿਤਨਾ ਹੋਣਾ ਥਾ ਵੁਹ ਸੁਣਾਇਆ, ਚਾਰ ਰਾਜੇ ਜੋ ਜਾ ਰਹੇ ਥੇ ਉਨਕੇ ਨਾਮ ਯੇਹ ਥੇ । ੧ ਅਸ਼ਟਕ ੨ ਪਰਤਰਦਨ ੩ ਵਸੂਮਨ ੪ ਸ਼ਿਵੀ ਰਾਜਾ ਥਾ ਨਾਰਦ ਜੀ ਨੇ ਕਹਾ ਤੁਹਾਡੇ ਚਾਰੋਂ ਮੇਂ ਸੇ ਸਵਰਗ ਸੇ ਪਹਿਲੇ ਅਸ਼ਟਕ ਗਿਰੇਗਾ, ਕਿਉਂਕਿ ਇਸਨੇ ਜੋ ਯਗ ਦਾਨ ਕਰੇ ਹੈਂ ਸੋ ਹੰਕਾਰ ਪੂਰਬਕ ਕਰੇ ਹੈਂ ਇਸ ਵਾਸਤੇ ਜਲਦੀ ਖੀਣ ਹੋ ਜਾਏਂਗੇ ਜੈਸੇ ਲਿਖਾ ਹੈ.-

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥**

[ਸਲੋਕ ਮ: ੯ ਸਫਾ ੧੪੨੮

ਇਸਕੇ ਏਕ ਦਿਨ ਕਾ ਪਰਸੰਗ ਮੈਂ ਕਹਿਤਾ ਹੂੰ ਜੋ ਮੇਰੇ ਕੋ ਅਬ ਤਕ ਯਾਦ ਹੈ, ਏਕ ਸਮੇਂ ਮੈਂ ਘੂਮਤਾ ੨ ਇਸਕੇ ਪਾਸ ਆਇਆ ਤੋ ਇਸਕੇ ਮਹਲ ਮੇਂ ਬੜਾ ਉਤਸ਼ਵ ਹੋ ਰਹਾ ਥਾ ਹਜਾਰੋਂ ਬ੍ਰਾਹਮਨ ਯਗ ਕੀ ਹਵਨ ਆਦੀ ਕ੍ਰਿਯਾ ਤਥਾ ਮੰਤਰੋਂ ਕੇ ਉਚਾਰਨ ਕਰ ਰਹੇ ਸੀ, ਲਾਖੋਂ ਗਊਆਂ ਸ਼ਿੰਗਾਰੀਆਂ ਹੋਈਆਂ ਖੜੀ ਕਰੀਆਂ ਸਨ ਮੇਰੇ ਆਨੇ ਪਰ. ਰਾਜਾ ਨੇ ਮੇਰਾ ਬੜਾ ਸਤਿਕਾਰ ਕਰਾ ਅਰ ਅਪਨੇ ਦਾਨ ਕੀ ਅਪਨੇ ਮੁਖ ਸੇ ਉਸਤਤ ਕਰਨੇ ਲਗਾ, ਮੈਨੇ ਬਹੁਤ ਸਮਝਾਇਆ ਅਪਨੇ ਦਾਨ ਕੀ ਉਸਤਤੀ ਨ ਕਰ ਪੁੰਨ ਘਟ ਜਾਤਾ ਹੈ, ਪ੍ਰੰਤੂ



ਰਾਜਾ ਹਟਾ ਨਹੀਂ ਉਸਤਤੀ ਕਰਤਾ ਹੀ ਰਹਾ, ਇਸ ਤਰ੍ਹਾਂ ਪੁੰਨ ਕਰਤੇ ਅਪਨੀ ਜੋ ਉਸਤਤੀ ਕਰਤਾ ਹੈ । ਸੋ ਜਲਦੀ ਗਿਰਾਇਆ ਜਾਤਾ ਹੈ ਫਿਰ ਬਾਕੀ ਤੀਨੋ ਨੇ ਨਾਰਦ ਸੇ ਪੂਛਾ ਹਮਾਰੇ ਤੀਨੋ ਮੈਂ ਪਹਿਲੇ ਕੌਨ ਗਿਰੇਗਾ ਤੋ ਨਾਰਦ ਜੀ ਕਹਿਨੇ ਲਗੇ ਕਾਸ਼ੀ ਕਾ ਰਾਜਾ ਪ੍ਰਤਰਦਨ ਗਿਰੇਗਾ, ਕਿਉਂਕਿ ਇਸ ਨੇ ਤਪ ਦਾਨ ਆਦੀ ਬਹੁਤ ਕਰੇ ਹਨ, ਪਰੰਤੂ ਦਾਨ ਦੇ ਕਰ ਪੀਛੇ ਬ੍ਰਾਹਮਣੋਂ ਕੀ ਨਿੰਦਾ ਕਰਤਾ ਰਹਾ ਹੈ, ਮੇਰੇ ਕੋ ਭੀ ਇਸ ਕਾ ਏਕ ਪ੍ਰਸੰਗ ਯਾਦ ਹੈ । ਸੋ ਸੁਨਾਤਾ ਹੂੰ, ਇਕ ਵਾਰੀ ਮੈਂ ਘੂਮਤਾ ੨ ਇਸ ਕੇ ਪਾਸ ਆਇਆ. ਕੁਛ ਦਿਨ ਰਹਾ ਔਰ ਮੇਰੇ ਕੋ ਚਾਰ ਘੋੜੇ ਕੀ ਗਾੜੀ ਮੇਂ ਸੈਲ ਕਰਾਤਾ ਰਹਾ, ਏਕ ਦਿਨ ਬਹੁਤ ਮੁਲ ਕੇ ਚਾਰ ਘੋੜੇ ਗਾੜੀ ਮੇਂ ਜੋੜ ਕਰ ਹਮਾਰੇ ਕੋ ਸੈਰ ਕਰਾਨੇ ਗਿਆ, ਰਸਤੇ ਮੇਂ ਏਕ ਬ੍ਰਾਹਮਣ ਮਿਲਾ ਰਾਜਾ ਕੋ ਕਹਿਨੇ ਲਗਾ ਛੇ ਮਹੀਨੇ ਮੇਰੇ ਕੋ ਤੁਮਾਰੇ ਪੀਛੇ ਘੂਮਤੇ ਹੋ ਗਏ, ਮੇਰੇ ਕੋ ਤੁਮਾਰੇ ਪਾਸ ਜਾਨੇ ਨਹੀਂ ਦੇਤੇ ਰੋਕ ਦੇਤੇ ਹੈਂ, ਮੇਰੀਆਂ ਪਾਂਚ ਕੰਨਿਆਂ ਕਵਾਰੀਆਂ ਹੈਂ, ਉਨ ਕੀ ਸ਼ਾਦੀ ਕਰਨੀ ਹੈ, ਆਪ ਕੇ ਪਾਸ ਮਾਂਗਨੇ ਆਇਆ ਹੂੰ ਇਕ ਵਾਰੀ ਇਤਨਾ ਦਾਨ ਦਿਓ ਜੋ ਦੂਸਰੇ ਕੇ ਪਾਸ ਜਾਨਾ ਨ ਪੜੇ ਔਰ ਦੂਸਰੀ ਵਾਰ ਆਪ ਕੇ ਪਾਸ ਭੀ ਆਨਾ ਨਾ ਪੜੇ । ਰਾਜਾ ਨੇ ਕਹਾ ਮਹਿਲੋਂ ਮੇਂ ਆਨਾ ਤੇਰੇ ਕੋ ਸਭ ਕੁਛ ਦੇ ਦਿਊਂਗਾ, ਪਰ ਬ੍ਰਾਹਮਣ ਨੇ ਨਾ ਮਾਨਾ ਅਰ ਕਹਾ ਇਨ ਚਾਰ ਘੋੜੋਂ ਮੇਂ ਸੇ ਦੋ ਘੋੜੇ ਹੀ ਮੁਝ ਕੋ ਦੇ ਦੋ। ਰਾਜਾ ਕਾ ਦੇਨੇ ਕੋ ਚਿਤ ਨਹੀਂ ਥਾ, ਪਰ ਮੇਰੇ ਡਰ ਸੇ ਉਸਨੇ ਦੇ ਦੀਏ, ਫੇਰ ਦੋ ਘੋੜੇ ਵਾਲੀ ਗਾੜੀ ਲੈਕੇ ਅਗੇ ਗਏ ਤੋ ਏਕ ਬ੍ਰਾਹਮਣ ਮਿਲਾ, ਜਿਸ ਕਾ ਪਿਤਾ ਬ੍ਰਿਧ ਥਾ, ਬੀਮਾਰ ਥਾ ਚਲ ਨਹੀਂ ਸਕਤਾ ਥਾ ਥੱਕ ਗਿਆ ਥਾ, ਗ੍ਰਾਮ ਭੀ ਦੂਰ ਥਾ, ਉਸ ਨੇ ਅਪਣੇ ਪਿਤਾ ਕੀ ਸਵਾਰੀ ਵਾਸਤੇ ਰਾਜਾ ਸੇ ਘੋੜਾ ਮਾਂਗਾ । ਮੇਰੇ ਡਰ ਸੇ ਰਾਜਾ ਨੇ ਉਸ ਕੋ ਭੀ ਘੋੜਾ ਦੇ ਦੀਆ । ਪ੍ਰੰਤੂ ਮੇਰੇ ਆਗੇ ਬ੍ਰਾਹਮਣੋ ਕੀ ਬੜੀ ਨਿੰਦਾ ਕਰੀ, ਮੈਨੇ ਬਹੁਤ ਸਮਝਾਇਆ ਕਿ ਦਾਨ ਦੇ ਕਰ ਨਿੰਦਾ ਨਹੀਂ ਕਰਨੀ ਚਾਹੀਏ, ਤਬ ਰਾਜਾ ਬ੍ਰਾਹਮਣੋ ਕੇ ਡਰ ਸੇ ਵਾਪਸ ਘਰ ਕੋ ਲੌਟਾ ਰਸਤੇ ਮੈਂ ਇਕ ਹੋਰ ਬ੍ਰਾਹਮਣ ਉਸ ਕੋ ਮਿਲਾ ਜਿਸਕੀ ਇਸਤ੍ਰੀ ਗਰਭਵਤੀ ਥੀ, ਬੱਚਾ ਪੈਦਾ ਹੋਨੇ ਵਾਲਾ ਥਾ ਔਰ ਪ੍ਰਸੂਤ ਕੀ ਪੀੜਾ ਸ਼ੁਰੂ ਹੋ ਗਈ ਥੀ, ਮੂਰਛਤ ਹੋ ਕਰਕੇ ਗਿਰ ਪੜੀ ਥੀ, ਉਸ ਹਾਲਤ ਮੇਂ ਬ੍ਰਾਹਮਣ ਨੇ ਰਾਜਾ ਸੇ ਗਾੜੀ ਘੋੜਾ ਮਾਂਗਾ । ਰਾਜਾ ਨੇ ਦੇ ਤੋ ਦੀਆ ਪਰੰਤੂ ਚਿਤ ਮੇਂ ਬੜੀ ਗਿਲਾਨੀ ਹੂਈ, ਔਰ ਅਨੇਕ ਨਿੰਦਾ ਕੇ ਸ਼ਬਦ ਕਹੇ ਮੈਨੇ ਅਨੇਕ ਪ੍ਰਮਾਨ ਦੇਕਰ ਸਮਝਾਇਆ ਭੀ ਕਿ ਨਿੰਦਾ ਨਾ ਕਰੋ, ਨਿੰਦਾ ਕਰਨੇ ਸੇ ਪੁੰਨ ਖੀਣ ਹੋ ਜਾਤੇ ਹੈਂ ।

ਪ੍ਰਮਾਣ-**ਜੇ ਓਹੁ ਅਠਿਸਠਿ ਤੀਰਥ ਨਾਵੈ ॥ ਜੇ ਓਹੁ ਦੁਆਦਸ ਸਿਲਾ ਪੂਜਾਵੈ ॥ ਜੇ ਓਹੁ ਕੂਪ ਤਟਾ ਦੇਵਾਵੈ ॥ ਕਰੈ ਨਿੰਦ ਸਭ ਬਿਰਥਾ ਜਾਵੈ ॥ ਸਾਧ ਕਾ ਨਿੰਦਕੁ ਕੈਸੇ ਤਰੈ ॥ ਸਰਪਰ ਜਾਨਹੁ ਨਰਕ ਹੀ ਪਰੈ ॥ ੧ ॥ ਰਹਾਉ ॥ ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ**

ਸੀਗਾਰ ਸਮੇਤਿ ॥ ਸਗਲੀ ਸਿਮ੍ਰਿਤਿ ਸ੍ਰਵਨੀ ਸੁਨੈ ॥ ਕਰੈ ਨਿੰਦ ਕਵਨੈ ਨਹੀ ਗੁਨੈ ॥ ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥ ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥ ਕਰੈ ਨਿੰਦ ਬਹੁ ਜੋਨੀ ਹਾਂਢੈ ॥ ਨਿੰਦਾ ਕਹਾ ਕਰਹੁ ਸੰਸਾਰਾ ॥ ਨਿੰਦਕ ਕਾ ਪਰਗਟਿ ਪਾਹਾਰਾ ॥ ਨਿੰਦਕੁ ਸੋਧਿ ਸਾਧਿ ਬੀਚਾਰਿਆ ॥ ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥

[ਗੋਂਡ ਰਵਿਦਾਸ ਸਫਾ ੮੭੫

ਸੋ ਇਸ ਕੇ ਭੀ ਨਿੰਦਾ ਕਰਨੇ ਸੇ ਪੁਨ ਖੀਣ ਹੋ ਗਏ ਹਨ । ਏਹ ਭੀ ਸੁਰਗ ਸੇ ਜਲਦੀ ਗਿਰਾਇਆ ਜਾਏਗਾ, ਫੇਰ ਉਨੋਂ ਨੇ ਪੂਛਾ ਹਮ ਦੋਨੋਂ ਮੇਂ ਸੇ ਪਹਿਲੇ ਕੌਣ ਗਿਰੇਗਾ ? ਮੈਂ ਨੇ ਕਹਾ ਤੁਮ ਦੋਨੋਂ ਮੇਂ ਸੇ ਵਸੂ ਮਨ ਰਾਜਾ ਪਹਿਲੇ ਗਿਰੇਗਾ । ਪੂਛਾ ਕਾਰਨ ਕਿਆ, ਮੈਂ ਨੇ ਕਹਾ ਯੇਹ ਜੋ ਵਚਨ ਦੇਤਾ ਥਾ ਉਸਕੋ ਪਾਲਨਾ ਨਹੀਂ ਸੀ ਕਰਤਾ, ਸਤਿਵਾਦੀ ਨਹੀਂ ਸੀ, ਇਸਕੋ ਹਮ ਨੇ ਭੀ ਬਹੁਤ ਸਮਝਾਇਆ, ਅਸਤਯ ਕੇ ਬਰਾਬਰ ਕੋਈ ਪਾਪ ਨਹੀਂ ਔਰ ਸਤਿ ਕੇ ਬਰਾਬਰ ਕੋਈ ਪੁਨ ਨਹੀਂ, ਅਸਤ ਬੋਲਣੇ ਵਾਲਾ ਆਦਮੀ ਸੁਰਗ ਸੇ ਗਿਰਾਇਆ ਜਾਤਾ ਹੈ । ਪ੍ਰਮਾਣ ਤੁਲਸੀ:-

ਨਹੀ ਅਸਤ ਸਮ ਪਾਤਕ ਪੁੰਜਾ ॥ ਗਿਰ ਸਮ ਹੋਹਿ ਕਿ ਕੋਟਕ ਗੁੰਜਾ ॥ ਸਤਿ ਮੂਲ ਸਭ ਸੁਕ੍ਰਿਤ ਸੁਹਾਈ ॥ ਵੇਦ ਪੁਰਾਣ ਵਿਦਿਤ ਮੁਨਿ ਗਾਈ ॥

ਅਰਥ-ਝੂਠ ਬੋਲਣੇ ਕੇ ਬਰਾਬਰ ਪਾਪੋਂ ਕਾ ਸਮੁਦਾਇ ਭੀ ਨਹੀਂ ਜੈਸੇ ਕ੍ਰੋੜੋਂ ਗੁੰਜਾ ਯਾਨੀ ਲਾਲੜੀਆਂ ਤੋਲ ਮੇਂ ਪਹਾੜ ਕੇ ਬਰਾਬਰ ਨਹੀਂ ਹੋ ਸਕਤੀ ਤੈਸੇ ਸਭ ਪਾਪ ਇਕ ਪਾਸੇ ਤਰਾਜੂ ਮੇਂ ਪਾਓ ਇਕ ਪਾਸੇ ਝੂਠ ਪਾਓ ਤੋ ਝੂਠ ਹੀ ਭਾਰਾ ਹੋਗਾ ਸਭ ਸੁਕ੍ਰਿਤੀ ਯਾਨੇ ਧਰਮਾਤਮਾਓਂ ਕੋ ਸੋਭਨ ਕਰਨੇ ਵਾਲਾ ਔਰ ਪੁਨੋਂ ਕਾ ਮੂਲ ਸਤਿ ਬਚਨ ਹੈ । ਯੇਹ ਬਾਤ ਵੇਦੋਂ ਪੁਰਾਣੋਂ ਮੇਂ ਪ੍ਰਸਿਧ ਹੈ ਔਰ ਮੁਨੀ ਲੋਕ ਭੀ ਇਸ ਕੋ ਕਹਿਤੇ ਹੈਂ । ਪ੍ਰਮਾਣ:-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

[ਰਾਮਕਲੀ ਵਾਰ ਮ: ੧ ਸਫਾ ੯੫੩

ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ



ਗਏ ਹਾਰਿ ਗਏ ਸਿ ਠਗਣ ਵਾਲਿਆ॥ ਲਿਖਿ ਨਾਵੈ ਧਰਮੁ ਬਹਾਲਿਆ ॥

[ਆਸਾ ਵਾਰ ਮ: ੨ ਸਫਾ ੪੬੩

ਵਚਨੁ ਕਰੈ ਤੇ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥ [ਮਾਰੂ ਡਖਣੇ ਵਾਰ ਮ: ੫ ਸਫਾ ੧੦੯੯

ਛਪੈ ॥ ਧ੍ਰਿਗ ਸੁ ਮਾਨ ਬਿਨ ਦਾਨ ਧ੍ਰਿਗ ਸੁ ਆਦਰ ਬਿਨ ਜੀਵਨ । ਧ੍ਰਿਗ ਸੁ ਚੰਦ ਬਿਨ ਰਾਗ ਧ੍ਰਿਗ ਸੁ ਖਾਰਾ ਜਲ ਪੀਵਨ । ਧ੍ਰਿਗ ਸੁ ਤੁਰੀ ਬਿਨ ਨਾਦ ਧ੍ਰਿਗ ਸੁ ਪੜਿਆ ਬਿਨ ਮੈਨਾ ॥ ਧ੍ਰਿਗ ਸੁ ਕੁਲ ਬਿਨ ਪੀਰ ਧ੍ਰਿਗ ਸੁ ਰਾਜਾ ਬਿਨ ਸੈਨਾ । ਧ੍ਰਿਗ ਧ੍ਰਿਗ ਹੈ ਉਹ ਸਭਾ ਜਹਾਂ ਨ ਚਤਰ ਕੀ ਬਾਤ ਵੀਚਾਰੀਏ । ਕਹੇ ਗਦ ਸੁਣ ਜਨੋ ਗੁਣ ਧ੍ਰਿਗ ਮੁਹੁੰ ਵਚਨ ਬੋਲ ਕਰ ਹਾਰੀਏ ।

ਮੈਂ ਐਸੇ ਅਨੇਕ ਪ੍ਰਮਾਨ ਦੇ ਕਰ ਇਸ ਰਾਜਾ ਕੋ ਸਮਝਾਇਆ ਭੀ ਪ੍ਰੰਤੂ ਰਾਜ ਮਧ ਮੇਂ ਆਕਰ ਮੇਰਾ ਕਹਾ ਉਸਨੇ ਮਾਨਾ ਹੀ ਨਹੀਂ ਏਕ ਦਿਨ ਉਸ ਨੇ ਮੇਰੇ ਸਾਥ ਭੀ ਧੋਖਾ ਕੀਆ ਥਾ ਸੋ ਮੈਂ ਇਸਕੇ ਸਨਮੁਖ ਸੁਨਾਤਾ ਹੂੰ । ਏਕ ਦਿਨ ਮੈਂ ਬਹੁਤ ਸੰਤੋਂ ਕੋ ਸਾਥ ਲੇ ਕਰ ਇਸ ਕੇ ਪਾਸ ਆਇਆ ਔਰ ਇਸ ਨੇ ਸਭ ਸੰਤੋਂ ਕੋ ਅਪਨੇ ਬਾਗ਼ ਮੇਂ ਆਸਣ ਕਰਾਇਆ ਬੜੀ ਸੇਵਾ ਸ਼ੁਰੂ ਕਰੀ ਸੰਤ ਬੜੇ ਬੀਤ ਰਾਗ ਥੇ, ਏਕ ਦਿਨ ਰਾਜਾ ਸਭ ਸੰਤੋਂ ਕੋ ਘਰ ਲੈ ਆਇਆ ਔਰ ਅਪਨੀ ਸਭ ਰਾਜ ਸਮਗ੍ਰੀ ਦਿਖਾਈ ਉਸਮੇਂ ਏਕ ਵਿਮਾਨ ਥਾ ਜੋ ਕਿ ਦੇਵਤਾਓਂ ਸੇ ਰਾਜਾ ਕੋ ਮਿਲਾ ਥਾ ਜੋ ਜਲ ਮੇਂ ਥਲ ਮੇਂ ਔਰ ਅਕਾਸ਼ ਮੇਂ ਤੀਨੋਂ ਜਗਾਂ ਚਲ ਸਕਤਾ ਥਾ ਉਸ ਕੋ ਦੇਖ ਕਰ ਸੰਤੋਂ ਕਾ ਜੀ ਭੀ ਕਰ ਆਇਆ, ਮੈਨੇ ਸੰਤੋਂ ਕਾ ਭਾਵ ਸਮਝ ਕਰ ਰਾਜਾ ਕੋ ਕਹਾ ਕਿ ਇਸ ਵਿਮਾਣ ਮੇਂ ਸੰਤੋ ਕੋ ਸੈਲ ਕਰਾਓ । ਰਾਜਾ ਨੇ ਮੇਰੇ ਕੋ ਕਿਤਨੀ ਵਾਰੀ ਕਹਾ ਮਹਾਰਾਜ ਯਹ ਵਿਮਾਣ ਆਪ ਕਾ ਹੈ ਜਿਸ ਵਕਤ ਚਾਹੋ ਲੈ ਜਾਓ ਸੰਤੋਂ ਕੋ ਸੈਲ ਕਰਾਓ, ਪ੍ਰੰਤੂ ਜਬ ਮੈਂ ਸੰਤੋਂ ਕੋ ਤਿਆਰ ਕਰਕੇ ਲਿਆਊਂ ਤੋ ਕੋਈ ਨ ਕੋਈ ਬਹਾਨਾ ਕਰਕੇ ਟਾਲ ਦੀਆ ਕਰੇ ਆਖਰ ਸੰਤੋਂ ਕੋ ਵਿਮਾਣ ਮੇਂ ਨ ਚਾੜ੍ਹਿਆ । ਸੰਤੋਂ ਨੇ ਕਹਾ ਯਹ ਸਤਵਾਦੀ ਨਹੀਂ ਸੁਰਗ ਮੇਂ ਜਾਏਗਾ ਤੋ ਭੀ ਗਿਰਾਇਆ ਜਾਏਗਾ ਇਸ ਵਾਸਤੇ ਤੀਸਰਾ ਰਾਜਾ ਵਸੂਮਨ ਭੀ ਗਿਰਾਇਆ ਜਾਏਗਾ ਬਾਕੀ ਚੌਥਾ ਜੋ ਸ਼ਿਵੀ ਰਾਜਾ ਹੈ ਏਹ ਪੁੰਨ ਕੇ ਪ੍ਰਭਾਵ ਸੇ ਬ੍ਰਹਮ ਲੋਕ ਮੇਂ ਜਾਏਗਾ ਔਰ ਗਿਰਾਇਆ ਨਹੀਂ ਜਾਏਗਾ, ਬ੍ਰਹਮਾ ਕੇ ਸਾਥ ਮੁਕਤ ਹੋ ਜਾਏਗਾ । ਮੈਂ ਇਸਕਾ ਤੁਹਾਨੂੰ ਇਕ ਦਾਨ ਕਾ ਪ੍ਰਸੰਗ ਸੁਨਾਤਾ ਹੂੰ ਏਕ ਦਿਨ ਬ੍ਰਹਮ ਲੋਕ ਮੇਂ ਮੈਂ ਭੀ ਬੈਠਾ ਥਾ ਇਸ ਕੇ ਦਾਨ ਕੀ ਬੜੀ ਪ੍ਰਸੰਸਾ ਬ੍ਰਹਮ ਲੋਕ ਮੇਂ ਹੂਈ ਸਭ ਦੇਵਤਾਓਂ ਨੇ ਹਮਾਰੇ ਪਿਤਾ ਬ੍ਰਹਮਾ ਜੀ ਕੋ

ਪ੍ਰੀਖਿਆ ਕੇ ਵਾਸਤੇ ਬ੍ਰਾਹਮਣ ਕੇ ਰੂਪ ਮੇਂ ਭੇਜਾ, ਬ੍ਰਾਹਮਣ ਬਣ ਕਰ ਰਾਜਾ ਸ਼ਿਵੀ ਕੇ ਪਾਸ ਆਏ ਸ਼ਿਵੀ ਰਾਜਾ ਨੇ ਬ੍ਰਾਹਮਣ ਜਾਣ ਕਰ ਪੂਜਾ ਕਰੀ, ਇਸਕੇ ਰਹਿਨੇ ਵਾਸਤੇ ਮਕਾਨ ਦੀਆ ਭੋਜਨ ਕੇ ਸਮੇਂ ਕਹਾ ਭੋਜਨ ਤਿਆਰ ਹੈ ਬ੍ਰਾਹਮਣ ਨੇ ਕਹਾ ਮੈਂ ਯਹ ਭੋਜਨ ਨਹੀਂ ਕਰੂੰਗਾ । ਰਾਜਾ ਨੇ ਕਹਾ ਕੈਸਾ ਭੋਜਨ ਕਰਨਾ ਚਾਹਤੇ ਹੋ ? ਬ੍ਰਾਹਮਣ ਨੇ ਕਹਾ ਮੈਂ ਦੇਵੀ ਉਪਾਸ਼ਕ ਹੂੰ ਦੇਵੀ ਕੋ ਔਰ ਦੇਵੀ ਵਾਹਨ ਕੋ ਮਾਂਸ ਕੀ ਬਲੀ ਦੇਤਾ ਹੂੰ ਔਰ ਆਪ ਭੀ ਮਾਂਸ ਹੀ ਖਾਤਾ ਹੂੰ, ਮਾਂਸ ਕਾ ਭੋਜਨ ਦਿਉਗੇ ਤੋ ਕਰੂੰਗਾ ਨਹੀਂ ਤੋ ਨਹੀਂ ਰਾਜਾ ਨੇ ਕਹਾ ਹਮ ਤੋ ਵੈਸ਼ਨਵ ਹੈਂ ਐਸੀ ਵੈਸੀ ਚੀਜ਼ ਚੌਂਕੇ ਮੇਂ ਲੇ ਨਹੀਂ ਜਾਤੇ ਹੈਂ । ਮਾਂਸ ਕੋ ਛੋੜ ਕਰ ਬਾਕੀ ਖੱਟੇ ਮਿੱਠੇ ਸਲੂਣੇ ਜੋ ਆਪ ਚਾਹੇ ਸੋ ਅਪਨੀ ਰਾਣੀ ਸੇ ਬਨਵਾ ਕਰ ਖਿਲਾਊਂ । ਬ੍ਰਾਹਮਣ ਨੇ ਕਹਾ ਆਜ ਤੋ ਦੇਵੀ ਕਾ ਮੁਖ ਦਿਨ ਹੈ ਦੁਸਹਿਰਾ ਹੈ ਆਜ ਤੋ ਜ਼ਰੂਰ ਦੇਵੀ ਕੇ ਉਪਰ ਮਾਂਸ ਕੀ ਬਲੀ ਦੇਨੀ ਹੈ । ਰਾਜਾ ਨੇ ਬਹੁਤ ਪ੍ਰਾਰਥਨਾ ਕਰੀ ਪਰੰਤੂ ਬ੍ਰਾਹਮਣ ਨੇ ਬਹੁਤ ਹਠ ਕੀਆ ਕਿ ਤੁਮਹਾਰੇ ਦਰ ਪਰ ਨ ਖਾ ਕਰ ਭੂਖਾ ਮਰ ਜਾਊਂਗਾ । ਤਬ ਰਾਜਾ ਕੋ ਯਜੁਰ ਵੇਦਕੇ ਕੱਠਵਾਲੀ ਕਾ ਬਚਨ ਯਾਦ ਆਇਆ, ਮੰਤ੍ਰ ੮-ਆਸ਼ਾ ਪ੍ਰਤੀਖੇ ਇਤਿਆਦੀ ॥ ਇਸਕਾ ਟੀਕਾ ਇਹ ਹੈ: ਜਿਸ ਗ੍ਰਿਹਸਥੀ ਕੇ ਘਰ ਮੇਂ ਅਥਿਤੀ ਬ੍ਰਾਹਮਣ ਬਿਨਾ ਭੋਜਨ ਕੀਏ ਰਹਿਤਾ ਹੈ ਉਸ ਗ੍ਰਿਹਸਤ ਕੇ ਸਭ ਪੁੰਨ ਖੀਣ ਕਰ ਦੇਤਾ ਹੈ ਯਾਨੇ ਇਸ ਜਨਮ ਕੀ ਕਾਮਨਾਏਂ ਔਰ ਕਾਮਨਾਓਂ ਕੇ ਫਲ ਔਰ ਜਨਮ ਜਨਮਾਤ੍ਰੋਂ ਕੇ ਦੀਏ ਹੂਏ ਪੁੰਨ ਦਾਨ ਤਥਾ ਇਸ਼ਟ ਯਾਨੇ ਯਗਜੋਂ ਕੇ ਫਲ ਔਰ ਪੂਰਤ ਯਾਨੇ ਕੂਏ, ਬਾਵਲੀਆਂ, ਤਲਾਓ ਲਗਾਨੇ ਕੇ ਪੁੰਨ ਔਰ ਧਰਮਸਾਲਾ, ਮੰਦਰ, ਮਹਾਤਮਾਓਂ ਕੇ ਵਾਸਤੇ ਕੁਟੀਆਂ, ਘਰ ਬਨਾਨੇ ਸੇ ਪੈਦਾ ਹੋਏ ਜੋ ਪੁੰਨ ਹੈਂ ਉਨ ਪੁੰਨੋਂ ਕੋ ਭੂਖਾ ਬ੍ਰਾਹਮਣ ਨਸ਼ਟ ਕਰ ਦੇਤਾ ਹੈ ਤਥਾ ਉਸ ਗ੍ਰਿਹਸਤ ਦੇ ਪ੍ਰਿਅ, ਪੁੱਤਰ, ਪਸ਼ੂ ਆਦਿ ਕੋ ਭੀ ਨਸ਼ਟ ਕਰ ਦੇਤਾ ਹੈ ਜਿਸਕੇ ਘਰ ਮੇਂ ਭੂਖਾ ਬ੍ਰਾਹਮਣ ਰਹਿਤਾ ਹੈ । ਰਾਜਾ ਸ਼ਿਵੀ ਇਨ ਵੇਦ ਬਚਨੋਂ ਕੋ ਯਾਦ ਕਰ ਬੜਾ ਭੈ ਭੀਤ ਹੂਆ, ਰਾਣੀ ਸੇ ਮਿਲ ਕਰ ਵਿਚਾਰ ਕਰਨੇ ਲਗਾ ਰਾਣੀ ਨੇ ਕਹਾ ਸਰਬੰਸ ਨਾਸ ਨ ਕਰੋ, ਬ੍ਰਾਹਮਣ ਕੋ ਮਾਂਸ ਖਿਲਾਇ ਕਰ ਪ੍ਰਸੰਨ ਕਰੋ, ਰਾਜਾ ਨੇ ਬ੍ਰਾਹਮਣ ਕੋ ਕਹਾ ਅਛਾ ਮਹਾਰਾਜ ਜੈਸਾ ਮਾਂਸ ਖਾਓ, ਐਸਾ ਬਤਾਓ ਹਮ ਬਨਾ ਦੇਂਗੇ, ਬ੍ਰਾਹਮਣ ਕਹਿਣੇ ਲਗਾ ਹਮ ਤੋ ਮਨੁਸ਼ ਕਾ ਮਾਸ ਖਾਏਂਗੇ, ਰਾਜਾ ਨੇ ਕਹਾ ਜੇਲਖਾਨੇ ਮੇਂ ਜੋ ਬੜੇ ਬੜੇ ਫਾਂਸੀ ਲਾਇਕ ਡਾਕੂ ਹੈਂ ਏਕ ਕੋ ਲਾਓ ਬ੍ਰਾਹਮਣ ਕੋ ਮਾਰ ਕਰ ਖਿਲਾਈਏ, ਬ੍ਰਾਹਮਣ ਨੇ ਕਹਾ ਨਹੀਂ ਮੈਂ ਧਰਮਾਤਮਾ ਕਾ ਮਾਸ ਖਾਊਂਗਾ, ਫਿਰ ਰਾਜਾ ਨੇ ਇਨਾਮ ਰਖ ਕਰ ਏਕ ਧਰਮਾਤਮਾ ਕੋ ਮੰਗਾਇਆ ਜੋ ਕਿ ਬ੍ਰਿਧ ਥਾ ਬ੍ਰਾਹਮਣ ਨੇ ਕਹਾ ਮੈਂ ਬ੍ਰਿਧ ਕਾ ਮਾਂਸ ਭੀ ਨਹੀਂ ਖਾਊਂਗਾ, ਮੈਂ ਤੋ ਚੌਦਹ ਬਰਸ ਕੀ ਅਵਸਥਾ ਵਾਲੇ ਬ੍ਰਹਮ-ਚਾਰੀ ਲੜਕੇ ਕਾ ਮਾਂਸ ਖਾਊਂਗਾ, ਫਿਰ ਐਸਾ ਲੜਕਾ ਤਿਆਰ ਕਰਾ, ਫਿਰ ਬ੍ਰਾਹਮਣ ਨੇ ਕਹਾ ਹਮ ਤੋ ਰਾਜਕੁਮਾਰ ਕਾ ਮਾਂਸ ਖਾਏਂਗੇ, ਜਿਸ ਮੇਂ ਤੇਰੀ ਭੀ ਮਮਤਾ ਹੋ ਰਾਜਾ ਨੇ ਰਾਣੀ ਸੇ ਸਲਾਹ ਕਰੀ, ਰਾਣੀ ਨੇ ਕਹਾ ਤੁਸੀਂ ਆਪਣਾ ਪੁਤਰ ਦੇ ਕਰ ਧਰਮ



ਕੀ ਰਖਿਆ ਕਰੋ, ਰਾਜਾ ਨੇ ਆਪਣੇ ਪੁਤਰ ਕੋ ਬੁਲਾਇਆ ਅਰ ਉਸ ਕੋ ਸਭ ਹਾਲ ਸੁਣਾਇਆ, ਉਸਨੇ ਭੀ ਕਹਾ ਮੈਂ ਬੜਾ ਪਰਸੰਨ ਹੂੰਗਾ ਜੋ ਮੇਰੇ ਸਰੀਰ ਦੇਣੇਂ ਸੇ ਆਪ ਕਾ ਧਰਮ ਰਹੇ, ਮੇਰਾ ਸਰੀਰ ਕਟ ਕਰ ਰਿੰਨ੍ਹ ਕਰ ਬ੍ਰਾਹਮਣ ਕੋ ਖਿਲਾਓ, ਰਾਜਾ ਨੇ ਬ੍ਰਾਹਮਣ ਕੋ ਬੁਲਾਇਆ ਔਰ ਕਹਾ ਯੇਹ ਲੜਕਾ ਤਿਆਰ ਹੈ ਜਿਸ ਤਰ੍ਹਾਂ ਚਾਹੋ ਕਰੋ, ਬ੍ਰਾਹਮਣ ਨੇ ਕਹਾ ਮਾਤਾ ਪਿਤਾ ਤਲਵਾਰ ਲੈ ਕੇ ਦੇਵੀ ਕੇ ਚਰਨੋਂ ਮੇਂ ਲੜਕੇ ਕਾ ਸੀਸ ਭੇਟ ਕਰੇ ਔਰ ਕੁਛ ਦੇਵੀ ਵਾਹਨ ਸ਼ੇਰ ਕੋ ਦਿਓ ਔਰ ਬਾਕੀ ਕਾ ਮੇਰੇ ਕੋ ਭੋਜਨ ਬਨਾਇ ਦੇਵੋ, ਉਨੋ ਨੇ ਐਸਾ ਹੀ ਕੀਆ, ਫਿਰ ਰਾਣੀ ਕੋ ਕਹਾ ਇਸ ਮਾਂਸ ਕੋ ਮੇਰੇ ਲੀਏ ਅਨੇਕ ਪਰਕਾਰ ਸੇ ਬਣਾਓ, ਕੁਛ ਅਗਨੀ ਮੇਂ ਭੁੰਨੋ, ਕੁਛ ਤਲੋ, ਰਾਣੀ ਨੇ ਐਸਾ ਹੀ ਕੀਆ । ਜਬ ਭੋਜਨ ਤਿਆਰ ਕਰਾ ਤੋ ਬ੍ਰਾਹਮਣ ਕ੍ਰੋਧ ਸੇ ਉਠ ਗਿਆ ਕਿ ਭੋਜਨ ਮੇਂ ਦੇਰੀ ਕਰੀ ਹੈ ਔਰ ਜਾ ਕਰ ਕ੍ਰੋਧ ਅਗਨੀ ਸੇ ਉਨ ਕੇ ਮਕਾਨ ਖਜਾਨੇ ਸਾੜ ਦੀਏ ਰਾਜਾ ਨੇ ਫਿਰ ਹਥ ਜੋੜੇ ਕ੍ਰੋਧ ਸ਼ਾਂਤ ਕੀਆ ਤੋ ਬ੍ਰਾਹਮਣ ਨੇ ਕਹਾ ਈਹਾਂ ਹੀ ਭੋਜਨ ਲਾਓ, ਤੁਮ ਆਪ ਉਠਾ ਕੇ ਲਾਣਾ, ਰਾਜਾ ਰਾਨੀ ਆਪ ਭੋਜਨ ਉਠਾ ਕੇ ਲਾਏ, ਬ੍ਰਾਹਮਣ ਨੇ ਕਹਾ ਹਮਾਰੇ ਸਾਥ ਤੁਮ ਕੋ ਭੋਜਨ ਕਰਨਾ ਪੜੇਗਾ ਉਨ੍ਹੋਂ ਨੇ ਉਹ ਭੀ ਸਵੀਕਾਰ ਕਰ ਲੀਆ, ਫੇਰ ਰਾਜਾ ਰਾਣੀ ਕੋ ਕਹਾ ਪਹਿਲੇ ਤੁਮ ਭੋਜਨ ਕਰੋ ਹਮ ਪੀਛੇ ਕਰੇਂਗੇ, ਉਨ੍ਹੋਂ ਨੇ ਬ੍ਰਾਹਮਣ ਕੀ ਪਰਸੰਨਤਾ ਵਾਸਤੇ ਕਹਾ, ਅਛਾ ਹਮ ਪਹਿਲੇ ਭੋਜਨ ਕਰਤੇ ਹੈਂ, ਜਬ ਭੋਜਨ ਕਰਨੇ ਲਗੇ ਤੋ ਬ੍ਰਾਹਮਣ ਨੇ ਉਨਕਾ ਹਾਥ ਪਕੜ ਲੀਆ ਔਰ ਚਤਰ ਮੁਖ ਹੋ ਕੇ ਬ੍ਰਹਮਾ ਰੂਪ ਸੇ ਦਰਸ਼ਨ ਦੀਆ ਔਰ ਕਹਾ ਹਮ ਪ੍ਰੀਖਿਆ ਕਰਨੇ ਆਏ ਥੇ ਜੈਸਾ ਸੁਣਾ ਥਾ ਉਸ ਸੇ ਸੌ ਗੁਨਾ ਜ਼ਿਆਦਾ ਤੁਮ ਦਾਨੀ ਹੋ, ਫਿਰ ਉਸ ਕੇ ਪੁਤਰ ਕੋ ਜਿਵਾ ਕਰ ਔਰ ਅਸ਼ੀਰਵਾਦ ਦੇ ਕਰ ਕਹਾ ਕਿ ਤੁਮ ਹਮਾਰੀ ਪੁਰੀ ਮੇਂ ਆਓਗੇ ਔਰ ਹਮਾਰੇ ਸਾਥ ਮੁਕਤ ਹੋਗੇ, ਸੋ ਯਹ ਰਾਜਾ ਬ੍ਰਹਮ ਲੋਕ ਮੇਂ ਜਾਏਗਾ ਔਰ ਬ੍ਰਹਮਾ ਜੀ ਕੇ ਸਾਥ ਮੁਕਤ ਹੋਗਾ ਲੌਟ ਕਰ ਨਹੀਂ ਆਏਗਾ । ਬਾਕੀ ਤੁਮ ਤੀਨੋ ਰਾਜਾ ਸਕਾਮੀ ਹੋਣੇ ਸੇ ਸਵਰਗ ਮੇਂ ਜਾ ਕਰ ਲੌਟ ਆਓਗੇ । ਬ੍ਰਹਮ ਲੋਕ ਸੇ ਬਿਨਾ, ਜੋ ਔਰ ਲੋਕ ਮੇਂ ਜਾਤੇ ਹੈਂ ਵੋਹ ਲੌਟ ਆਤੇ ਹੈਂ ਜੈਸੇ ਭਗਵਾਨ ਕ੍ਰਿਸ਼ਨ ਜੀ ਗੀਤਾ ਧਿਆਇ ੮ ਸਲੋਕ ੧੬ ਮੇਂ ਕਹਿਤੇ ਹੈਂ:-

**ਆ ਬ੍ਰਹਮ ਭਵਨਾਤ ਲੋਕਾ ਪੁਨਰਾਵਰਤੀਮੁ ਅਰਜਨ ॥**

ਟੀਕਾ-ਹੇ ਅਰਜਨ ਬ੍ਰਹਮ ਲੋਕ ਸੇ ਲੇ ਕਰ ਸਭ ਲੋਕ ਪੁਨਰਾਵਰਤੀ ਸੁਭਾ ਵਾਲੇ ਹੈਂ ਯਾਨੇ ਇਨ੍ਹ ਲੋਕੋਂ ਮੇਂ ਜੋ ਜਾਤੇ ਹੈਂ ਪੁਨ ਖੀਨ ਹੋਣੇ ਸੇ ਵਾਪਸ ਲੌਟ ਆਤੇ ਹੈਂ ਵੇਦੋਂ ਮੇਂ ਭੀ ਲਿਖਤੇ ਹੈਂ:-

**ਤੇ ਤੰ ਭੁਕਤ੍ਵਾ ਸ੍ਵਰਗਲੋਕੰ ਵਿਸਾਲੰ ਖੀਣੇ ਪੁਨੇ ਮਰਤ ਲੋਕਮ ਵਿਸੰਤੀ ॥**

[ਗੀਤਾ ਅਧਿਆਇ ੯ ਸਲੋਕ ੩੧

ਯਾਨੇ ਪੁਨ ਖੀਨ ਹੋਣੇ ਪਰ ਸੁਰਗ ਸੇ ਗਿਰ ਕਰ ਫਿਰ ਮਾਤ ਲੋਕ

ਮੇਂ ਆ ਜਾਤੇ ਹੈਂ।  ਤਥਾ :-

**ਇੰਦ ਲੋਕ ਸਿਵ ਲੋਕਹਿ ਜੈਬੋ। ਓਛੇ ਤਪ ਕਰਿ ਬਾਹੁਰਿ ਐਬੋ ॥**

[ਧਨਾਸਰੀ ਕਬੀਰ ਸਫਾ ੬੯੨

**ਹੋਮ ਜਗ ਤੀਰਥ ਕੀਏ ਵਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ ਹੁਇ ਬਹੁਰਿ ਬਹੁਰਿ ਅਵਤਾਰ ॥** [ਗ: ਮਾ: ਮ: ੫ ਸਫਾ ੨੧੪

ਤਥਾ-ਇਨ ਲੋਕੋਂ ਮੇਂ ਸੁਖੀ ਭੀ ਨਹੀਂ।

**ਸਿਵ ਬਿਰੰਚ ਅਰੁ ਇੰਦਰ ਲੋਕ ਤਾਂ ਮਹਿ ਜਲਤੌ ਫਿਰਿਆ ॥ ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥**

[ਸਾਰੰਗ ਮਹਲਾ ੫ ਸਫਾ ੧੨੧੯

**ਸਲੋਕ ॥ ਇੰਦਰ ਲੋਕੇ ਮਹਦ ਦੁਖੰ ਪ੍ਰਜਾ ਪਤਯੇ ਤਥਈਵਚ ॥ ਵਿਸ਼ਨੂੰ ਲੋਕੇ ਚ ਰਊਦ੍ਰੇ ਚ ਦੁਖ ਮੇਵ ਵਿਚਾਰਤ ॥**

ਅਰਥ-ਇੰਦਰ ਲੋਕ ਮੇਂ ਭੀ ਬੜਾ ਦੁਖ ਹੈ ਤੈਸੇ ਹੀ ਪਰਜਾ ਪਤੀ ਬ੍ਰਹਮ ਲੋਕ ਮੇਂ ਭੀ ਦੁਖ ਹੈ, ਵਿਸ਼ਨੂੰ ਲੋਕ ਔਰ ਸ਼ਿਵ ਲੋਕ ਮੇਂ ਭੀ ਵਿਚਾਰ ਕਰਨੇ ਸੇ ਦੁਖ ਹੀ ਹੈ, ਸੁਖ ਕਾ ਲੇਸ਼ ਭੀ ਨਹੀਂ, ਇਸ ਵਾਸਤੇ ਮਮੁਖਸ਼ੂ ਇਨ ਲੋਕੋਂ ਕੀ ਪਰਾਪਤੀ ਕੀ ਇਛਾ ਨਾ ਕਰੇ ਵੇ ਇਨ ਲੋਕੋਂ ਸੇ ਵੈਰਾਗ ਧਾਰਨ ਕਰਕੇ ਬ੍ਰਹਮਵੇਤਾ ਗੁਰੂ ਕੀ ਸਰਨ ਮੇਂ ਜਾਵੇ ਔਰ ਵਿਚਾਰ ਕਰੇ ਕਰਮ ਸੇ ਮੁਕਤੀ ਤੋ ਕਿਆ ਗਿਆਨ ਭੀ ਨਹੀਂ ਹੋਗਾ, ਗਿਆਨ ਮੇਂ ਭੀ ਕਰਮ ਪ੍ਰਤਿਬੰਧਕ ਹੈ ਗਿਆਨ ਹੋਨੇ ਹੀ ਨਹੀਂ ਦੇਤਾ ਜੈਸੇ ਵਾਮਦੇਵ ਜੜ ਭਰਥ ਕੋ ਦੂਸਰੇ ਤੀਸਰੇ ਜਨਮ ਮੇਂ ਗਿਆਨ ਹੂਆ ਹੈ, ਕਾਲ ਕਾ ਨੇਮ ਨਹੀਂ ਕਪਲਮੁਨੀ ਨੇ ਯੇਹ ਵਾਰਤਾ ਸਾਂਖਯ ਸ਼ਾਸਤਰ ਕੇ ਚੌਥੇ ਅਧਿਆਇ ਕੇ ਬੀਸਵੇਂ ਸੂਤਰ ਮੇਂ ਲਿਖੀ ਹੈ:-

**ਨ ਕਾਲ ਨਿਯਮੋ ਵਾਮ ਦੇਵ ਵਤ ॥** [ਸਾਂਖਯ ਦਰਸ਼ਨ ਅਧਿਆਇ ੪ ਸੂਤ੍ਰ ੨੦

ਅਰਥ-ਪ੍ਰਾਰਬਧ ਕਰਮ ਕੇ ਪ੍ਰਤੀਬੰਧਕਤਾ ਮੇਂ ਕਾਲ ਕਾ ਨੇਮ ਨਹੀਂ, ਏਕ ਜਨਮ ਸੇ ਸਾਤਵੇਂ ਜਨਮ ਤਕ ਗਿਆਨ ਕਾ ਪ੍ਰਤਿਬੰਧਕ (ਰੁਕਾਵਟ ਪਾਣੇ ਵਾਲਾ) ਹੈ, ਜਬ ਕਰਮ ਗਿਆਨ ਨਹੀਂ ਹੋਣੇ ਦੇਤਾ ਤੋ ਮੁਕਤੀ ਕੈਸੇ ਹੋਣੇ ਦੇਗਾ ? ਤਾਂਤੇ ਕਰਮ ਕੋ ਛੋੜ ਗੁਰੂ ਪਾਸ ਜਾਵੇ, ਕਿਉਂਕਿ ਗਿਆਨ ਸੇ ਬਿਨਾਂ ਹੋਰ ਕਿਸੀ ਸਾਧਨ ਸੇ ਭੀ ਮੁਕਤੀ ਨਹੀਂ ਹੋਤੀ ਗੁਰੂ ਸੇ ਬਿਨਾਂ ਮੁਕਤੀ ਨਹੀਂ ਹੋਤੀ ਅਗਰ ਦੂਸਰੇ ਸਾਧਨੋਂ ਸੇ ਭੀ ਮੁਕਤੀ ਹੋਵੇ ਤੋ ਇਨ ਸਭ ਕੀ ਮੁਕਤੀ ਹੋਣੀ ਚਾਹੀਏ।

ਪ੍ਰਮਾਣ-**ਸਿਰ ਤਲਵਾਏ ਪਾਈਐ ਚਮਗਿਦੜੁ ਜੂਹੇ ॥ ੧ ॥ ਮੜੀ ਮਸਾਣ ਜੇ ਮਿਲੇ ਵਿਚ ਖੁਡਾਂ ਚੂਹੇ ॥ ੨ ॥ ਮਿਲੈ ਨ ਵਡੀ ਆਰਜਾ ਬਿਸੀਅਰ**



**ਵਿਹੁ ਲੂਹੇ ॥੩॥ ਹੋਇ ਕੁਚੀਲ ਵਰੱਤੀਐ ਖਰ ਸੂਰ ਭਸੂਹੇ ॥ ੪ ॥ ਕੰਦ ਮੂਲ ਚਿਤ ਲਾਈਐ ਅਈਅੜ ਵਣ ਧੂਹੇ ॥ ੫ ॥ ਵਿਣੁ ਗੁਰੁ ਮੁਕਤਿ ਨ ਹੋਵਈ ਜਿਉ ਘਰ ਬਿਨ ਬੂਹੇ ॥ ੬ ॥** [ਭਾ: ਗੁ: ਵਾ: ੩੯੫: ੧੩

ਅਰਥ-ਅਗਰ ਸਿਰ ਨੀਵਾਂ ਕਰਕੇ ਤਪ ਕੀਤਿਆਂ ਭੀ ਮੁਕਤੀ ਹੋਵੇ ਤੋ ਉਜਾੜ ਵਿਚ ਚਮਗਿਦੜ ਪੁਠੇ ਲਟਕਦੇ ਹੀ ਹਨ ॥ ੧ ॥ ਮੜੀ ਮਸਾਣ ਮੇਂ ਰਹਿਣੇ ਸੇ ਮੁਕਤੀ ਹੋਵੇ ਤੋ ਵਹਾਂ ਚੂਹੇ ਖੁਡਾਂ ਵਿਚ ਰਹਿੰਦੇ ਹੀ ਹਨ। ਬੜੀ ਆਰਜਾ ਸੇ ਮੁਕਤੀ ਹੋਤੀ ਹੈ ਤੋ ਅਜਗਰ ਜੋ ਵਿਖ ਨਾਲ ਭਰੇ ਹੂਏ ਹਨ. ਓਹਨਾਂ ਦੀ ਭੀ ਮੁਕਤੀ ਹੋਣੀ ਚਾਹੀਏ, ਮੁਕਤੀ ਮੈਲੇ ਰਹਿਣੇ ਸੇ ਹੋਤੀ ਹੋ ਤੋ ਗਧੇ ਔਰ ਸੂਰ ਮਿਟੀ ਵਿਚ ਹੀ ਲੇਟਤੇ ਹਨ, ਜੇ ਕੰਦ ਮੂਲ ਖਾਣੇ ਸੇ ਮੁਕਤੀ ਮਿਲਤੀ ਹੋ ਤੋ ਬਕਰੀਓਂ ਕਾ ਇਜੜ ਧਨ, ਯਾ ਸਮੁਦਾਯ ਬ੍ਰਿਖਯੋਂ ਕੋ ਹੀ ਹਿਲਾਤਾ ਰਹਿਤਾ ਹੈ, ਪਰੰਤੂ ਗੁਰੂ ਸੇ ਬਿਨਾਂ ਇਨ ਸਾਧਨੋਂ ਸੇ ਮੁਕਤੀ ਨਹੀਂ ਹੋਤੀ, ਜਿਸ ਤਰ੍ਹਾਂ ਬੂਹੇ ਬਿਨਾਂ ਘਰ ਵਿਚ ਨਹੀਂ ਜਾ ਸਕੀਦਾ ॥ ੧੩ ॥ ਭੇਖਾਂ ਤਪਾਂ ਨਾਲ ਭੀ ਮੁਕਤੀ ਨਹੀਂ ਮਿਲਤੀ।

**ਮਿਲੇ ਨ ਤੀਰਥ ਨਾਤਿਆਂ ਡਡਾ ਜਲ ਵਾਸੀ ॥ ੧ ॥ ਵਾਲ ਵਧਾਈਐ ਪਾਈਐ ਵੜ ਜਟਾਂ ਪਲਾਸੀ ॥ ੨ ॥ ਨੰਗੇ ਰਹਿਆਂ ਜੇ ਮਿਲੇ ਵਣੀ ਮਿਰਗ ਉਦਾਸੀ ॥ ੩ ॥ ਭਸਮ ਲਾਇ ਜੇ ਪਾਈਐ ਖਰ ਖੇਹ ਨਿਵਾਸੀ ॥ ੪ ॥ ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ ॥ ੪ ॥ ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੇ ਖਲਾਸੀ ॥ ੬ ॥ ੧੪ ॥**

ਅਰਥ-ਕੇਵਲ ਤੀਰਥੋਂ ਮੇਂ ਇਸ਼ਨਾਨ ਕਰਨੇ ਸੇ ਮੁਕਤੀ ਨਹੀਂ ਹੋਤੀ, ਕਿਉਂਕਿ ਪਾਣੀ ਦੇ ਵਿਚ ਡਡਾਂ ਰਹਿੰਦੀਆਂ ਹੀ ਹਨ, ਕੇਵਲ ਵਾਲ ਵਧਾ ਕਰ ਜਟਾਂ ਬਨਾਣ ਵਾਲਿਆਂ ਕੋ ਭੀ ਮੁਕਤੀ ਨਹੀਂ ਮਿਲਤੀ, ਕਿਉਂਕਿ ਪਿਪਲ ਔਰ ਬੋਹੜ ਦੀਆਂ ਜਟਾਂ ਬੜੀਆਂ ੨ ਹੁੰਦੀਆਂ ਹੀ ਹਨ, ਅਗਰ ਨੰਗੇ ਰਿਹਾਂ ਹੀ ਮਿਲਤੀ ਹੋ ਤੋ ਜੰਗਲਾਂ ਵਿਚ ਹਿਰਨ ਮ੍ਰਿਗ ਨੰਗੇ ਫਿਰਤੇ ਹੀ ਹੈਂ ਭਸਮ ਲਾਇਆਂ ਭੀ ਮੁਕਤੀ ਨਹੀਂ ਮਿਲਦੀ, ਗਧੇ ਧੂੜ ਵਿਚ ਸਦਾ ਲੇਟਦੇ ਹੀ ਹਨ, ਚੁਪ ਕੀਤਿਆਂ ਭੀ ਮੁਕਤੀ ਨਹੀਂ ਹੋਤੀ, ਪਸ਼ੂ ਜੜ੍ਹ ਹੋਣੇ ਕਰ ਸਦਾ ਚੁਪ ਹੀ ਰਹਿਤੇ ਹੈਂ, ਗੁਰੂ ਬਿਨਾਂ ਮੁਕਤੀ ਕਦੀ ਨਹੀਂ ਮਿਲਦੀ, ਗੁਰੂ ਮਿਲੇ ਤਾਂ ਹੀ ਜਨਮ ਮਰਣ ਤੋਂ ਛੁਟਕਾਰਾ ਹੋ ਸਕਦਾ ਹੈ ॥ ੧੪ ॥ ਗੁਰੂ ਸੇ ਬਿਨਾਂ ਅਨਯ ਸਾਧਨ ਸੇ ਅਗਿਆਨੀਓਂ ਕੀ ਮੁਕਤੀ ਨਹੀਂ ਹੋ ਸਕਤੀ।

**ਘੰਟ ਘੜਾਇਆ ਚੂਹਿਆਂ ਗਲ ਬਿਲੀ ਪਾਈਐ ॥ ੧ ॥ ਮਤਾ ਪਕਾਇਆ ਮਖੀਆਂ ਘਿਉ ਅੰਦਰ ਨ੍ਹਾਈਐ ॥ ੨ ॥ ਸੂਤਕ ਲਹੇ ਨ ਕੀੜਿਆਂ ਕਿਉ ਝਬ ਲੰਘਾਈਐ ॥੩॥ ਸਾਵਣ ਰਹਿਣ ਭੰਬੀਰੀਆਂ**

**ਜੇ ਪਾਰ ਵਸਾਈਏ ॥੪॥ ਕੂੰਜੜੀਆਂ ਵੇਸਾਖ ਵਿਚ ਜਿਉਂ ਜੂਹ ਪਰਾਈਐ ॥ ੫ ॥ ਵਿਣ ਗੁਰ ਮੁਕਤਿ ਨ ਹੋਵਈ ਫਿਰ ਆਈਐ ਜਾਈਐ ॥ ੬ ॥ ੧੬ ॥**

ਅਰਥ–ਚੂਹਿਆਂ ਨੇ ਘੰਟਾ ਘੜਵਾਇਆ ਕਿ ਏਕ ਬਿੱਲੀ ਦੇ ਗਲ ਪਾ ਦੇਈਏ, ਜਿਸ ਕਰਕੇ ਆਂਵਦੀ ਦਾ ਸਾਨੂੰ ਪਤਾ ਲਗ ਜਾਵੇ ਪਰ ਡਰ ਤੋਂ ਬਿੱਲੀ ਕੇ ਘੰਟਾ ਪਾ ਨਾ ਸਕੇ ॥ ੧ ॥ ਮੱਖੀਆਂ ਨੇ ਸਲਾਹ ਪਕਾਈ ਕਿ ਚਲ ਕਰ ਘੀ ਦੇ ਅੰਦਰ ਨ੍ਹਾਈਏ ਪਰ ਮਰਨ ਦੇ ਭੈ ਕਰਕੇ ਨਹਾ ਨਾ ਸਕੀਆਂ ॥ ੨ ॥ ਕੀੜੀਆਂ ਨੇ ਸਲਾਹ ਕੀਤੀ ਕਿ ਸੂਤਕ ਲਾਹ ਕਰ ਖੁਸ਼ੀਆਂ ਮਨਾਈਏ ਪਰ ਚਲਣ ਫਿਰਣ ਨਾਲ ਮਰ ਜਾਂਦੀਆਂ ਸੂਤਕ ਲਾਹ ਨਹੀਂ ਸਕਦੀਆਂ ॥ ੩ ॥ ਇਸੀ ਤਰ੍ਹਾਂ ਸਾਵਣ ਕੇ ਮਹੀਨੇ ਮੇਂ ਭੰਭੀਰੀਆਂ ਨੇ ਸਲਾਹ ਕਰੀ ਕਿ ਸੂਤਕ ਲ੍ਹਾਈਏ ਪਰ ਕਿਤਨਾ ਭੀ ਯਤਨ ਕਰੀਏ ਭੰਬੀਰੀਆਂ ਜੀ ਨਹੀਂ ਸਕਦੀਆਂ ॥ ੪ ॥ ਕੂੰਜਾਂ ਨੇ ਸਲਾਹ ਕਰੀ ਕਿ ਵੈਸਾਖ ਮਹੀਨੇ ਮੇਂ ਆਪਣੇ ਹੀ ਘਰ ਰਹੀਏ, ਪਰ ਕਿਤਨਾ ਭੀ ਯਤਨ ਕਰੇਂ ਪਰਾਏ ਖੇਤਾਂ ਵਿਚ ਜਾਣ ਤੋਂ ਬਿਨਾਂ ਰਹਿ ਨਹੀਂ ਸਕਦੀਆਂ। ੫ ॥ ਇਸ ਤਰ੍ਹਾਂ ਅਗਿਆਂਨੀਆਂ ਨੇ ਸਲਾਹ ਕਰੀ ਕਿ ਗੁਰੂ ਬਿਨਾਂ ਹੀ ਮੁਕਤ ਹੋ ਜਾਈਏ ਪਰ ਅਨੇਕ ਯਤਨ ਕਰੇਂਦਿਆਂ ਭੀ ਮੁਕਤ ਨਹੀਂ ਹੋ ਸਕਤੇ ਜਨਮਤੇ ਮਰਤੇ ਰਹਿਤੇ ਹੈਂ ॥ ੬ ॥ ੧੬ ॥

**ਇਕਿ ਵਣੁ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥ ਇਕਿ ਪਾਲਾ ਕਕਰੁ ਭਨਿ ਸੀਤਲੁ ਜਲੁ ਹੇਂਵਹੀਂ ॥ ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥ ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥ ਇਕਿ ਨਗਨ ਫਿਰਹਿ ਦਿਨ ਰਾਤਿ ਨੀਂਦ ਨ ਸੋਵਹੀ ॥ ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥ ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਈ। ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥**

[ਮਲਾਰ ਵਾਰ ਮ: ੫ ਸਫਾ ੧੨੮੪

ਇਨ੍ਹਾਂ ਸ਼ਬਦਾਂ ਮੇਂ ਗੁਰੂ ਜੀ ਕਾ ਤਥਾ ਭਾਈ ਗੁਰਦਾਸ ਜੀ ਕਾ ਸਾਧਨੋਂ ਕੇ ਨਿਸ਼ੇਧ ਮੇਂ ਮਤਲਬ ਨਹੀਂ ਕਿੰਤੂ ਗਿਆਨ ਦਾਤਾ ਗੁਰੂ ਜੀ ਕੇ ਉਸਤਤੀ ਮੇਂ ਮਤਲਬ ਹੈ ਜੈਸੇ ਲਿਖਾ ਹੈ :–

**ਨਹਿ ਨਿੰਦਾ ਨਿੰਦਨੀਯੰ ਨਿਦੇਤੁੰ ਪ੍ਰਵਰਤਤੇ ਅਪੀ ਤ ਵਿਧੇਯੰ ਸਤੋਤੁਮਿਤੀ ॥ ਲੌਕਿਕ ਨਿਯਾਯ ਸਹਸ੍ਰੀ ॥**

ਅਰਥ–ਸਤ ਸ਼ਾਸਤ੍ਰ ਔਰ ਸਤ ਪੁਰਸੋਂ ਕਰ ਕਰੀ ਹੂਈ ਜੋ ਨਿੰਦਾ ਹੈ ਉਸ ਨਿੰਦਾ ਕਾ ਨਿਦਨੀਯ ਕੇ ਨਿੰਦਨੇ ਮੇਂ ਭਾਵ ਨਹੀਂ ਕਿੰਤੂ ਉਸੀ ਪ੍ਰਕਰਣ ਮੇਂ ਵਿਧੇਯ ਯਾਨੇ ਕਥਨ ਕਰਨੇ ਕੇ ਜੋਗ ਜੋ ਵਸਤੂ ਹੈ ਉਸ ਕੀ ਉਸਤਤੀ ਮੇਂ ਮਤਲਬ ਹੈ



ਇਨ ਸਾਰੋਂ ਸ਼ਬਦੋਂ ਕਾ ਗਿਆਨ ਦਾਤਾ ਗੁਰੂ ਕੇ ਉਸਤਤੀ ਮੇਂ ਮਤਲਬ ਹੈ ਪ੍ਰਕਰਣ ਕਾ ਭਾਵ ਯਹ ਹੈ ਕਿ ਜਗਜਾਸੂ ਮੁਕਤੀ ਕੇ ਵਾਸਤੇ ਗਿਆਨ ਦਾਤਾ ਗੁਰੂ ਕੇ ਤੋ ਪਾਸ ਜਾਵੇ ਕਰਮ ਨ ਕਰੇ ਕਰਮ ਪ੍ਰਤੀਬੰਧਕ ਹੈ ਗਿਆਨੀ ਕੇ ਔਰ ਮਮੁਖਸ਼ੂ ਕੇ ਤੋ ਪਰਾਰਬ੍ਧਿ ਕਰਮ ਪ੍ਰਤਿਬੰਧਕ ਹੈ ਯਾਨੇ ਬੰਧਨ ਰੂਪ ਹੈ ਅਗਿਆਨੀ ਕੇ ਪਰਾਰਬਿਧ ਸੰਚਿਤ ਕ੍ਰਿਯਮਾਣ ਤੀਨੋਂ ਕਰਮ ਪ੍ਰਤਿਬੰਧਕ ਹੈ ਗਿਆਨੀ ਕੇ ਸੰਚਿਤ ਕ੍ਰਿਯਮਾਣ ਕਰਮ ਗਿਆਨ ਅਗਨੀ ਸੇ ਸੜ ਜਾਤੇ ਹੈਂ, ਪਰਾਰਬਿਧ ਭੋਗਨੇ ਪੜਤੇ ਹੈਂ ਉਨੋਂ ਮੇਂ ਭੀ ਗਿਆਨੀ ਕਾਰਨ ਪੁਰਸ਼ੋਂ ਕੇ ਏਕ ਕਲਪ ਯਾਨੇ ਚਾਰੋਂ ਯੁਗ ਹਜ਼ਾਰ ਵਾਰੀ ਗੁਜ਼ਰ ਜਾਏਂ ਜਿਸਕੋ ਬ੍ਰਹਮਾ ਜੀ ਕਾ ਦਿਨ ਭੀ ਕਹਿਤੇ ਹੈਂ ਤਬ ਤਕ ਪਰਾਰਬਿਧ ਕਰਮ ਰੁਕਾਵਟ ਕਰਤਾ ਹੈ ਯਾਨੇ ਕਾਰਕੋਂ ਕੋ ਏਕ ਕਲਪ ਸੇ ਪਹਿਲੇ ਮੁਕਤਿ ਨਹੀਂ ਹੋਨੇ ਦੇਤੇ। ਪ੍ਰਮਾਣ:–

**ਯਾਵਦਅਧਿਕਾਰ ਮਵਸਥਿਤੀ ਰਾਧਿਕਾਰਕਾਣਾਂ ॥**

[ਬ੍ਰਹਮ ਸੂਤ੍ਰ ਅਧਿਆਇ ੩, ੩ ਪਾਦ ਸੂਤ੍ਰ ੩੨

ਅਰਥ–ਕਾਰਕ ਪੁਰਸ਼ ਕਾ ਜਬ ਤਕ ਪਰਾਰਬਿਧ ਹੈ ਤਬ ਤਕ ਉਨਕੇ ਸਰੀਰੋਂ ਕੀ ਇਸਥਿਤੀ ਰਹੇਗੀ ਵਿਦੇਹ ਮੁਕਤ ਨਹੀਂ ਹੋ ਸਕਤੇ, ਜਬ ਪਰਾਰਬਿਧ ਕਰਮ ਐਸੇ ਐਸੇ ਅਧਿਕਾਰੀ ਕਾਰਕ ਪੁਰਸ਼ੋਂ ਕੋ ਭੀ ਰੁਕਾਵਟ ਕਰ ਦੇਤਾ ਹੈ ਤੋ ਕਿਆ ਮਮੁਖਸ਼ੂਓਂ ਕੋ ਨਹੀਂ ਕਰੇਗਾ ? ਜ਼ਰੂਰ ਕਰੇਗਾ ਤਾਂਤੇ ਮਮੁਖਸ਼ੂ ਕਰਮੋਂ ਕੋ ਛੋੜ ਕਰ ਗੁਰੂ ਸ਼ਰਣ ਮੇਂ ਜਾਵੇ ਜੋ ਕਰਮ ਸੇ ਚਿਤ ਕੀ ਸ਼ੁਧੀ ਹੋਨੀ ਸੀ ਸੋ ਗੁਰੂ ਸੇਵਾ ਸੇ ਹੀ ਹੋ ਜਾਵੇਗੀ।

**ਸਲੋਕ–ਨਾ ਅਗਨੀ ਨ ਸੂਰਯੋ ਨ ਚ ਚੰਦ੍ਰ ਤਾਰਕਾ ਨ ਭੂਰ ਜਲੰਖੰ ਸ੍ਵਸਨੋ ॥ ਅਥ ਵਾਂਙ ਮਨ: ਉਪਾਸਿਤਾ ਭੇਦ ਕ੍ਰਿਤੋ ਹਰੰਤੀ ਅਘੰ ॥ ਵਿਪਸ੍ਚਿਤੋ ਘਨੰਤੀ ਮਹੂਰਤ ਸੇਵਯਾ ॥**

[ਭਕਤੀ ਕੌਸਤੁਭ ਆਹਨਿਕ ੨ ਸਲੋਕ ੫੮

ਟੀਕਾ–ਦੀਰਘ ਕਾਲ ਅਗਨੀ ਦੇਵਤਾ ਕਾ ਪੂਜਨ ਕਰਨੇ ਸੇ ਯਾਨੇ ਅਗਨੀ ਹੋਤ੍ਰ ਕਰਨੇ ਸੇ ਤਥਾ ਸੂਰਯ ਨਾਰਾਯਣ ਕੇ ਦਰਸ਼ਨ ਧਿਆਨ ਸੇ ਤਥਾ ਚੰਦ੍ਰ ਤਾਰਿਓਂ ਕੇ ਗਿਆਨ ਧਿਆਨ ਸੇ, ਤਥਾ ਪ੍ਰਿਥਵੀ ਦੇਵਤਾ ਅਰ ਜਲ ਯਾਨੇ ਵਰਣ ਦੇਵ ਵਾਯੂ ਦੇਵਤਾ ਅਕਾਸ਼ ਦੇਵਤਾ ਯਾ ਕਾਮਧੇਨੂ ਰੂਪ ਸੇ ਬਾਣੀ ਰੂਪ ਸਰਸ੍ਵਤੀ ਦੇਵੀ ਔਰ ਮਨ ਕੋ ਬ੍ਰਹਮ ਰੂਪ ਚਿੰਤਨ ਕਰਨੇ ਸੇ ਯੇ ਸਭ ਦੇਵਤਾ ਭੇਦ ਪੂਰਬਕ ਉਪਾਸ਼ਨਾ ਕਰਨੇ ਸੇ ਇਤਨਾ ਜਲਦੀ ਪਾਪ ਕੋ ਦੂਰ ਨਹੀਂ ਕਰ ਸਕਤੇ ਜੈਸੇ ਬ੍ਰਹਮ ਵੇਤਾ ਵਿਦ੍ਵਾਨ ਅਪਨੀ ਦੋ ਘੜੀ ਕੀ ਸੇਵਾ ਸੇ ਪਾਪੋਂ ਕੋ ਨਸ਼ਟ ਕਰਤਾ ਹੈ, ਔਰ ਈਸ਼੍ਵਰ ਕੀ ਸੇਵਾਸੇ ਭੀ ਗੁਰੂਓਂ ਕੀ ਸੇਵਾ ਅਧਿਕ ਹੈ, ਕਾਹੇ ਤੇ ਈਸ਼੍ਵਰ ਕੀ ਸੇਵਾ ਕੇਵਲ ਅਦ੍ਰਿਸ਼ਟ ਫਲ ਦੇਨੇ ਵਾਲੀ ਹੈ ਔਰ ਗੁਰੂ ਕੀ ਸੇਵਾ ਦ੍ਰਿਸ਼ਟ ਅਦ੍ਰਿਸ਼ਟ ਦੋਨੋਂ ਫਲੋਂ ਕੋ ਦੇਨੇ **ਵਾਲੀ** ਹੈ ਯਾਤੇ ਈਸ਼੍ਵਰ ਕੀ ਸੇਵਾ ਤੇ ਗੁਰੂ ਸੇਵਾ ਅਧਿਕ ਹੈ ਔਰ ਦੇਵੀ ਭਾਗਵਤ ਮੇਂ ਭੀ ਭਗਵਾਨ ਗੰਗਾ ਜੀ ਕੋ ਕਹਿ ਰਹੇ ਹਨ। ਕਿ ਮਾਤ ਲੋਕ ਮੇਂ ਜਾਓ ਭਗੀਰਥ ਕਾ ਕਾਮ ਕਰੋ। ਗੰਗਾ ਜੀ ਕਹਿਣੇ ਲਗੀ, ਉਥੇ ਬੜੇ ਬੜੇ ਪਾਪੀ ਰਹਿਤੇ ਹੈਂ ਮੈਂ ਪਾਪਨ ਹੋ ਜਾਊਂਗੀ ਮੇਰਾ ਪਾਪ ਕੌਣ ਦੂਰ ਕਰੇਗਾ, ਭਗਵਾਨ ਕਹਿਣੇ ਲਗੇ ਮੇਰੇ ਭਗਤ ਬ੍ਰਹਮ ਗਿਆਨੀ ਊਹਾਂ

ਮਾਤ ਲੋਕ ਮੇਂ ਪਾਪ ਨਾਸ਼ਕ ਰਹਿਤੇ ਹੈਂ ਵੋ ਤੁਮਾਰੇ ਪਾਪ ਦੂਰ ਕਰੇਂਗੇ । ਕੌਣ ਕੌਣ ਪਾਪ ਦੂਰ ਕਰੇਂਗੇ, ਔਰ ਕੈਸੇ ਕੈਸੇ ਪਾਪੀ ਤਾਰੇਂਗੇ । ਭਗਵਾਨ ਕਹਿਣੇ ਲਗੇ:-

**ਸਲੋਕ ॥ ਗੋਘਨੋ ਇਸਤ੍ਰੀ ਘਨੋ ਕ੍ਰਿਤਘਨਸ੍ਰ ਗੁਰੂਤਲਪਗਾਤੇਸਰਵੇ ਪ੍ਰਪੁਚਿਅੰਤੇ ਮਦ ਭਕ੍ਰ ਸਪਰਸ਼ ਦਰਸ਼ਨਾਂਤ ॥**

ਅਰਥ-ਗਊ ਘਾਤਕ ਇਸਤ੍ਰੀ ਘਾਤਕ ਕ੍ਰਿਤਘਨ ਔਰ ਗੁਰੂ ਇਸਤ੍ਰੀ ਗਾਮੀ ਐਸੇ ਐਸੇ ਪਾਪੀ ਤੋ ਮੇਰੇ ਭਗਤੋਂ ਕੇ ਦਰਸ਼ਨ ਔਰ ਸਪਰਸ਼ ਸੇ ਜਲਦੀ ਹੀ ਪਵਿੱਤਰ ਹੋ ਜਾਤੇ ਹੈਂ ਔਰ ਤੋ ਕਿਆ ਕਹਿਣਾ ਪਾਪੀਓਂ ਕੋ ਦੰਡ ਦੇਣੇ ਵਾਲਾ ਜੋ ਧਰਮ ਰਾਜ ਹੈ ਵੋ ਭੀ ਮੇਰੇ ਭਗਤੋਂ ਕੇ ਚਰਨੋਂ ਮੇਂ ਪੜਤਾ ਹੈ ।

**ਸਲੋਕ ॥ ਮਹਾਰਾਜਾਧਿਰਾਜੋ ਅਪਿ ਨਮਤਿ ਅੰਤਕ ਸੰਨਿੰਧਊ । ਕ੍ਰਿਸਣ ਭਗਤਸਤੂ ਪਦੇ ਕ੍ਰਿਤਾਂਤੋ ਅਪਿ ਭਵੇਤ ਨਤ: ॥**

ਅਰਥ-ਚਕਰਵਰਤੀ ਰਾਜਾ ਭੀ ਧਰਮਰਾਜਾ ਕੋ ਨਮਸ਼ਕਾਰ ਕਰਤਾ ਹੈ, ਔਰ ਵਹ ਧਰਮਰਾਜਾ ਮੇਰੇ ਭਗਤੋਂ ਕੇ ਚਰਨੋਂ ਮੇਂ ਨਮਸ਼ਕਾਰ ਕਰਤਾ ਹੈ । ਜੈਸੇ ਰਾਜਾ ਜਨਕ ਕੇ ਚਰਨੋਂ ਮੇਂ ਧਰਮਰਾਜਾ ਨੇ ਨਮਸ਼ਕਾਰ ਕਰੀ ਔਰ ਧਰਮਰਾਜਾ ਕੋ ਕਹਿ ਕਰ ਨਰਕ ਕੇ ਸਭ ਪਾਪੀਓਂ ਕੀ ਬੰਦ ਖਲਾਸੀ ਕਰਾਈ ਯਾਨੇ ਛੁੜਾਇਆ । ਪ੍ਰਮਾਣ :-

**ਭਗਤ ਵਡਾ ਰਾਜਾ ਜਨਕ ਹੈ ਗੁਰਮੁਖ ਮਾਯਾ ਵਿਚ ਉਦਾਸੀ ॥ ਦੇਵਲੋਕ ਨੋ ਚਲਿਆ ਗਣ ਗੰਧਰਵ ਸਭਾ ਸੁਖ ਵਾਸੀ ॥ ਜਮਪੁਰ ਗਯਾ ਪੁਕਾਰ ਸੁਣ ਵਿਲਲਾਵਨ ਜੀ ਨਰਕ ਨਿਵਾਸੀ ॥ ਧਰਮਰਾਇ ਨੋ ਆਖਿਓਨਿ ਸਭਨਾ ਦੀ ਕਰ ਬੰਦ ਖਲਾਸੀ ॥ ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰ ਅਵਿੰਨਾਸੀ ॥ ਗਹਣੇ ਧਰਿਅਨੁ ਇਕ ਨਾਉ ਪਾਪਾ ਨਾਲਿ ਕਰੇ ਨਿਰਜਾਸੀ ॥ ਪਾਸੰਗ ਪਾਪ ਨ ਪੁਜਨੀ ਗੁਰਮੁਖ ਨਾਉ ਅਤੁਲ ਨ ਤੁਲਾਸੀ ॥ ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁ ਸਿਲਕ ਜਮ ਫਾਸੀ ॥ ਮੁਕਤਿ ਜੁਗਤਿ ਨਾਵੈਂ ਕੀ ਦਾਸੀ ॥**

[ਭਾਈ ਗੁਰਦਾਸ, ਵਾਰ ੧੦ ਪਉੜੀ ੫

ਟੀਕਾ-ਭਗਤ ਵਡਾ ਰਾਜਾ ਜਨਕ ਹੈ ਜੋ ਮਾਯਾ ਮੇਂ ਰਹਿਤਾ ਹੂਆ ਭੀ ਉਦਾਸੀਨ ਰਹਿਤਾ ਥਾ, ਕਿਉਂਕਿ ਵਹ ਬ੍ਰਹਮ ਗਿਆਨੀ ਥਾ । ਏਕ ਦਿਨ ਗੰਧਰਵੋਂ ਨੇ ਗਾਇਨ ਸਭਾ ਲਗਾਈ, ਔਰ ਰਾਜਾ ਜਨਕ ਕੋ ਭੀ ਲੇ ਗਏ, ਜਬ ਦੇਵਲੋਕ ਕੋ ਜਾਣੇ ਲਗਾ ਤੋ ਰਸਤੇ ਮੇਂ ਯਮਪੁਰੀ ਆਈ, ਔਰ ਨਰਕ ਮੇਂ ਨਿਵਾਸ ਕਰਨੇ ਵਾਲੇ ਪਾਪੀਓਂ ਕੀ ਬੜੀ ਪੁਕਾਰ ਸੁਣੀ ਔਰ ਚਿਤ ਮੇਂ ਦਯਾ ਆਈ । ਔਰ ਧਰਮ.



ਰਾਜਾ ਕੋ ਬੁਲਾ ਕਰ ਕਹਾ ਇਨ ਸਭ ਜੀਵੋਂ ਕੋ ਨਰਕ ਸੇ ਨਿਕਾਲ ਦੋ ਸੁਖੀ ਹੋ ਜਾਵੇਂ । ਧਰਮਰਾਜਾ ਹਥ ਜੋੜ ਬੇਨਤੀ ਕਰਨੇ ਲਗਾ, ਮੈਂ ਪਰਮਾਤਮਾ ਕਾ ਨੌਕਰ ਹੂੰ, ਸੁਤੰਤਰ ਕੁਛ ਨਹੀਂ ਕਰ ਸੰਕਤਾ । ਕੋਈ ਐਸਾ ਪੁੰਨ ਦਿਓ ਜਿਸਕੇ ਬਰਾਬਰ ਤੋਲ ਕਰ ਪਾਪੀਓਂ ਕੋ ਛੋੜ ਦੇਵੇਂ । ਰਾਜਾ ਜਨਕ ਨੇ ਹਰੇ ਰਾਮ ਯੇ ਇਕ ਨਾਮ ਗਹਿਣੇ ਰਖਿਆ ਔਰ ਕਹਾ ਇਸ ਕੋ ਤੋਲ ਸੇ ਪਾਪੀਓਂ ਕੋ ਛੋੜ ਦੋ । ਏਕ ਪਾਸੇ ਨਾਮ ਰਖਾ ਔਰ ਦੂਸਰੇ ਪਾਸੇ ਸਭ ਪਾਪੀਓਂ ਕੇ ਪਾਪ ਰਖੇ । ਨਰਕ ਕੇ ਸਭ ਪਾਪੀ ਛੂਟ ਗਏ । ਫਿਰ ਭੀ ਨਾਮ ਭਾਰਾ ਹੋ ਗਿਆ, ਧਰਮਰਾਇ ਨੇ ਆਪਣੇ ਸਭ ਪੁੰਨ ਰਖੇ, ਪਰੰਤੂ ਫਿਰ ਭੀ ਨਾਮ ਭਾਰਾ ਹੋ ਗਿਆ । ਮੁਕਤੀਆਂ ਜੁਗਤੀਆਂ ਰਖੀਆਂ ਸੋ ਭੀ ਨਾਮ ਕੀਆਂ ਦਾਸੀਆਂ ਹੋ ਗਈਆਂ ਨਾਮ ਭਾਰਾ ਹੋ ਗਿਆ, ਧਰਮਰਾਜ ਹੈਰਾਨ ਹੋ ਗਿਆ ਚਰਨੋਂ ਮੇਂ ਪੜਾ । ਭਗਵਾਨ ਕਹਿਤੇ ਹੈਂ ਹੇ ਸਿਰੀ ਗੰਗਾ ਜੀ, ਐਸੇ ੨ ਮਹਾਤਮਾ ਮਾਤ ਲੋਕ ਮੇਂ ਰਹਿਤੇ ਹੈਂ ਓਹ ਤੁਮਾਰੇ ਕੋ ਪਵਿੱਤਰ ਕਰੇਂਗੇ । ਤਬ ਸ੍ਰੀ ਗੰਗਾ ਜੀ ਮਾਤ ਲੋਕ ਮੇਂ ਆਈ । ਔਰ ਜਬ ੨ ਪਾਪੀਓਂ ਕੇ ਪਾਪੋਂ ਸੇ ਆਪ ਮੈਲੀ ਹੋ ਜਾਤੀ ਸੀ, ਤਬ ੨ ਸੰਤੋਂ ਕੀ ਧੂੜੀ ਮੇਂ ਜਾਕੇ ਯਾਨੇ ਜਹਾਂ ਸੰਤ ਪੈਰ ਧੋਤੇ ਸੀ ਉਸ ਜਲ ਸੇ ਸੁਧ ਹੋ ਜਾਤੀ ਸੀ । ਅਥਵਾ ਜਬ ਸੰਤ ਗੰਗਾ ਮੇਂ ਸਨਾਨ ਕਰਨੇ ਵਕਤ ਪੈਰ ਗੰਗਾ ਮੇਂ ਪਾਤੇ ਥੇ ਤੋ ਚਰਨੋਂ ਕੀ ਧੂੜੀ ਸੇ ਪਵਿੱਤਰ ਹੋ ਜਾਤੀ ਸੀ, ਸੰਤ ਕੇ ਚਰਨ ਧੂੜੀ ਕੋ ਗੰਗਾ ਹਰ ਵਕਤ ਚਾਹਤੀ ਰਹਿਤੀ ਥੀ ।

**ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਂਈ॥ ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਤੀਰਥਿ ਅਠਸਠਿ ਮਜਨੁ ਨਾਈ ॥ ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲ ਗਵਾਈ ॥ ਰਹਾਉ ॥ ਜਾਹਰ ਨਵੀ ਤਪੈ ਭਾਗੀਰਥਿ ਆਣੀ ਕੇਦਾਰ ਥਾਪਿਓ ਮਹਿਸਾਈ ॥ ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੇ ਗੁਰੁ ਸਾਧੂ ਲੈ ਤਿਸਕੀ ਧੂਰਿ ਮੁਖਿ ਲਾਈ ॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥**

[ਮਲਾਰ ਮ: ੪ ਸਫਾ ੧੨੬੩

**ਚਰਣੋਦਕ ਹੋਇ ਸੁਰਸਰੀ ਤਜਿ ਵੈਕੁੰਠ ਧਰਤਿ ਵਿਚਿ ਆਈ ॥ ਨਉਸੈ ਨਦੀ ਨੜਿੰਨਵੈ ਅਠਸਠਿ ਤੀਰਥ ਅੰਗ ਸਮਾਈ ॥ ਤਿਹੁ ਲੋਈ**

ਪਰਵਾਣ ਹੈ ਮਹਾਦੇਵ ਲੈ ਸੀਸ ਚੜ੍ਹਾਈ ॥ ਦੇਵੀ ਦੇਵ ਸਰੇਵਣੇ ਜੈ ਜੈ ਕਾਰ ਵਡੀ ਵਡਿਆਈ ॥ ਸਣਿ ਗੰਗਾ ਵੈਕੁੰਠ ਲਖ ਲਖ ਵੈਕੁੰਠ ਨਾਥ ਬਿਲਾਈ ॥ ਸਾਧੂ ਧੂੜ ਦੁਰਲਭ ਹੈ ਸਾਧ ਸੰਗਤਿ ਸਤਿਗੁਰ ਸਰਣਾਈ ॥ ਚਰਣ ਕਵਲੋਦਕ ਕੀਮ ਨ ਪਾਈ ॥

[ਭਾਈ ਗੁਰਦਾਸ ਵਾਰ ੨੩ ਪਉੜੀ ਚੌਥੀ

ਸੰਤ ਕੀ ਧੂਰਿ ਮਿਟੈ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ਸੰਤ ਕਾ ਦਰਸੁ ਪੂਰਨ ਇਸਨਾਨੁ ॥ ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧ ॥ ਰਹਾਉ ॥ ਸੰਤ ਕੈ ਸੰਗਿ ਮਿਟਿਆ ਅਹੰਕਾਰੁ ॥ ਦ੍ਰਿਸਟਿ ਆਵੈ ਸਭੁ ਏਕੰਕਾਰੁ ॥ ਸੰਤ ਸੁ ਪ੍ਰਸੰਨ ਆਏ ਵਸਿ ਪੰਚਾ ॥ ਅੰਮ੍ਰਿਤੁ ਨਾਮੁ ਰਿਦੈ ਲੈ ਸੰਚਾ ॥ ਕਹੁ ਨਾਨਕ ਜਾਕਾ ਪੂਰਾ ਕਰਮ ॥ ਤਿਸੁ ਭੇਟੇ ਸਾਧੂ ਕੇ ਚਰਨ ॥

[ਗਉੜੀ ਮ: ੫ ਸਫਾ ੧੮੮

ਯਾਂ ਤੇ ਮੁਮੁਖਸ਼ੂ ਕੋ ਗੁਰੂ ਸ਼ਰਣ ਮੇਂ ਜਾਕੇ ਗੁਰੂ ਸੇਵਾ ਕਰਕੇ ਪਾਪੋਂ ਕੀ ਨਵ੍ਰਿਤੀ ਦੁਆਰਾ ਸ੍ਰਵਣ ਸਨਨ ਹੀ ਕਰਤਬਯ ਹੈਂ। ਕਰਮ ਕਰਤਬ ਨਹੀਂ। ਔਰ ਸੁਭਾਵਕ ਜੋ ਕਰਮ ਕਰੇ ਸੋ ਫਲ ਇਛਾ ਰਹਿਤ ਔਰ ਸ੍ਰੀ ਕ੍ਰਿਸ਼ਨ ਅਰਪਨ ਕਰੇ ਤੋਂ ਕਰਮ ਬੰਧਨ ਨਹੀਂ ਕਰੇਗਾ। ਚਿਤ ਸੁਧੀ ਦੁਆਰਾ ਗਿਆਨ ਕਾ ਸਾਧਨ ਹੋ ਜਾਏਗਾ। ਇਤਿ ਕਰਮ ਪ੍ਰਕਰਣ ॥

ਛੇਵਾਂ ਬੰਧਨ ਕਾਮਨਾ ਆਸਾ ਯਾਨੇ ਵਾਸ਼ਨਾ ਹੈ। ਵਾਸ਼ਨਾ ਕੋ ਖਯ ਕਰਨਾ ਮੁਮਖਸ਼ੂ ਕੋ ਜਰੂਰੀ ਹੈ। ਉਸ ਵਾਸ਼ਨਾ ਨਿਵ੍ਰਿਤੀ ਕੇ ਵਾਸਤੇ ਈਸ਼੍ਵਰ ਕੋ ਪ੍ਰਾਰਥਨਾ ਕਰਨੀ ਚਾਹੀਏ। ਜੈਸੇ ਏਕ ਭਗਤ ਨੇ ਪਰਮੇਸ਼੍ਵਰ ਸੇ ਪ੍ਰਾਰਥਨਾ ਕਰੀ।

ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਵਾਸਨਾ ਨਿਵਾਰਿ ॥ ਰਾਖਿ ਲੇਹੁ ਪ੍ਰਭੁ ਆਪਣੇ ਨਾਨਕ ਸਦ ਬਲਿਹਾਰਿ ॥

[ਗੂਜਰੀ ਵਾਰ ਮ: ੫ ਸਫਾ ੫੨੩

ਅਥਵਾ ਗੁਰੂ ਕੋ ਪ੍ਰਾਰਥਨਾ ਕਰੇ ਗੁਰੂ ਕ੍ਰਿਪਾ ਸੇ ਵਾਸ਼ਨਾ ਕੋ ਦੂਰ ਕਰੇ

ਗੁਰਪਸਾਦਿ ਬਿਖਿਆ ਪਰਹਰੈ ॥ ਮਨਕੀ ਵਾਸਨਾ ਮਨ ਤੇ ਟਰੈ ॥ ਇੰਦ੍ਰੀ ਜਿਤ ਪੰਚ ਦੋਖ ਤੇ ਰਹਿਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥

[ਗਉ: ਸੁਖਮਨੀ ਅ: ੯ ਸਫਾ ੨੭੪

ਪ੍ਰਸ਼ਨ–ਵਾਸ਼ਨਾ ਕਿਸ ਕੋ ਕਹਿਤੇ ਹੈਂ ਜਿਸਕੇ ਖਯ ਕਰਨੇ ਕੀ ਮੁਮੁਖਸ਼ੂ ਕੋ ਜਰੂਰਤ ਹੈ? ਇਸ ਕਾ ਉੱਤਰ ਸ੍ਰੀ ਵਸਿਸ਼ਟ ਜੀ ਸ੍ਰੀ ਰਾਮ ਜੀ ਕੋ ਕਹਿਤੇ ਹੈਂ।

ਦ੍ਰਿੜ ਭਾਵਨਯਾ ਤਿਅਕ੍ਤਾ ਪੂਰਵਾ ਪਰ ਵਿਚਾਰਣੰ ॥ ਯਦਾ ਦਾਨੰ ਪਦਾਰਥਸਜ ਵਾਸਨਾ ਸਾ ਪ੍ਰਕੀਰਤਿਤਾ ॥

[ਜੀਵਨ ਮੁਕਤੀ ਵਿਵੇਕ ਵਾਸਨਾਖਯ ਪ੍ਰਕਰਣ



ਟੀਕਾ–ਆਗੇ ਪੀਛੇ ਕਾ ਵਿਚਾਰ ਨ ਕਰਕੇ ਦ੍ਰਿੜ ਭਾਵਨਾ ਸੇ ਜੋ ਪਦਾਰਥ ਕਾ ਗ੍ਰਹਣ ਕਰਨਾ ਹੈ ਯਾਨੇ ਪਦਾਰਥ ਮੇਂ ਜੋ ਅਹੰਤਾ ਮਮਤਾ ਕਰਨੀ ਹੈ ਇਸ ਕਾ ਨਾਮ ਵਾਸ਼ਨਾ ਹੈ। ਉਸ ਵਾਸ਼ਨਾ ਕੇ ਵੇਗ ਸੇ ਯਾਨੇ ਅਭਿਆਸ ਸੇ ਅਪਨੇ ਸਰੂਪ ਕੋ ਭੂਲ ਜਾਤਾ ਹੈ। ਜੈਸੇ ਮਦ੍ਰਾ ਯਾਨੇ ਸ਼ਰਾਬ ਪੀਆ ਹੂਆ ਪੁਰਸ਼ ਬੇਹੋਸ਼ ਹੋ ਜਾਤਾ ਹੈ ਔਰ ਜੈਸੀ ਉਸ ਕੀ ਵਾਸ਼ਨਾ ਪੱਕੀ ਹੋ ਜਾਤੀ ਹੈ ਤੈਸਾ ਹੀ ਉਸ ਕੋ ਜਗਤ ਦਿਖਾਈ ਆਤਾ ਹੈ ਔਰ ਅੰਤਕਾਲ ਮੇਂ ਭੀ ਜੈਸੀ ਵਾਸ਼ਨਾ ਭਾਵਨਾ ਕਰੰਤਾ ਹੈ ਤੈਸਾ ਹੀ ਉਸ ਕੋ ਜਨਮ ਮਿਲਤਾ ਹੈ ਔਰ ਵਰਤਮਾਨ ਕਾਲ ਮੇਂ ਭੀ ਜੈਸੀ ਵਾਸ਼ਨਾ ਵਾਲਾ ਹੋਤਾ ਹੈ ਐਸੇ ਹੀ ਸੰਕਲਪ ਕਰਤਾ ਹੈ। ਜੈਸਾ ਸੰਕਲਪ ਕਰਤਾ ਹੈ ਤੈਸੀ ਕ੍ਰਿਆ ਕਰਤਾ ਹੈ ਔਰ ਜੈਸੀ ਕ੍ਰਿਆ ਕਰਤਾ ਹੈ ਤੈਸਾ ਹੀ ਉਸ ਕੋ ਫਲ ਮਿਲਤਾ ਹੈ। ਪ੍ਰਮਾਣ:– ਯਜੁਰ ਵੇਦ ਕੇ ਬ੍ਰਿਹਦਾਰਣ ਕੋਪਨਿਸ਼ਦ ਮੇਂ ਲਿਖਾ ਹੈ। [ਅਧਿਆਇ ੪ ਬ੍ਰਾਹਮਣ ੪ ਮੰਤ੍ਰ ੫

ਸ ਵਾਅਯਮਾਤਮਾ ਬ੍ਰਹਮ ਵਿਗਿਆਨਮਯੋ ਮਨੋਮਯ: ਪ੍ਰਾਣਮਯਸਖੁਸ਼ਰਮਯ: ਸ੍ਰੋਤ੍ਰਮਯ: ਪ੍ਰਿਥਿਵੀਮਯ: ਆਪੋਮਯੋ ਵਾਯੂ ਮਯ ਆਕਾਸ ਮਯਸਤੇਜੋ ਮਯੋ ਅਤੇਜੋ ਮਯ: ਕਾਮ ਮਯੋ ਅਕਾਮਮਯ: ਕ੍ਰੋਧਮਯੋ ਅਕ੍ਰੋਧਮਯੋ ਧਰਮ ਮਯੋ ਅਧਰਮ ਮਯ: ਸਰਵਮਯਸਤਦਯਦੇਤਦਿਦੰ ਮਯੋ ਅਦੋਮਯਇਤਿ। ਯਥਾ ਕਾਰੀ ਯਥਾ ਚਾਰੀ ਯਥਾ ਭਵਤਿ ਸਾਧੁਕਾਰੀ ਸਾਧੁਰ ਭਵਤਿ ਪਾਪਕਾਰੀ ਪਾਪੋ ਭਵਤਿ ਪੁਣਯ:ਪੁਣਯੇਨ ਕਰਮਣਾਭਵਤਿ ਪਾਪ: ਪਾਪੇਨ। ਅਥੋ ਖਲਵਾਹੁ:ਕਾਮਮਯ:ਏਵਾਯੰ ਪੁਰਸ਼ਇਤਿ ਸ ਯਥਾ ਕਾਮੋ ਭਵਤਿ ਤਤਕ੍ਰ ਤੁਰ ਭਵਤਿ ਯਤ ਕ੍ਰਤੂਰ ਭਵਤਿ ਤਤ ਕਰਮ ਕੁਰੁਤੇ ਯਤ ਕਰਮ ਕੁਰੁਤੇ ਤਦਭਿ ਸੰਪਦਯਤੇ।

ਟੀਕਾ–ਸੇ ਯੇਹ ਆਤਮਾ ਹੈ ਤੋ ਬ੍ਰਹਮ ਸਰੂਪ ਪਰਿਪੂਰਣ, ਪਰੰਤੂ ਵਾਸ਼ਨਾ ਰੂਪੀ ਉਪਾਧੀ ਕੇ ਅਧੀਨ ਹੂਆ ਹੂਆ ਅਪਨੇ ਬ੍ਰਹਮ ਸਰੂਪ ਕੋ ਭੂਲ ਕਰ ਜੈਸੀ ਭਾਵਨਾ ਕਰਤਾ ਹੈ ਤੈਸਾ ਹੋ ਜਾਤਾ ਹੈ। ਪਹਿਲੇ ਪੰਜ ਕੋਸ਼ੋਂ ਕੀ ਭਾਵਨਾਂ ਕਰਤਾ ਹੈ। ਯਾਨੇ ਮੈਂ ਆਨੰਦ ਮਯ ਹੂੰ ਵਿਗਿਆਨ ਮਯ ਹੂੰ ਮਨੋ ਮਯ ਹੂੰ ਪ੍ਰਾਣ ਮਯ ਹੂੰ ਯਾਨੇ ਮੈਂ ਆਨੰਦ ਸਰੂਪ ਹੂੰ ਬੁਧੀ ਰੂਪ ਹੂੰ ਮਨ ਹੂੰ ਪ੍ਰਾਣ ਹੂੰ ਮੈਂ ਇੰਦ੍ਰਿਯ ਹੂੰ ਮੈਂ ਨੇਤ੍ਰ ਸਰੂਪ ਹੂੰ ਫੇਰ ਪੰਜ ਤਤੋਂ ਮੇਂ ਭਾਵਨਾ ਕਰਤਾ ਹੈ। ਮੈਂ ਪ੍ਰਿਥਵੀ ਸਰੂਪ ਹੂੰ ਮੈਂ ਜਲ ਰੂਪ ਹੂੰ ਵਾਯੂ ਰੂਪ ਹੂੰ ਅਕਾਸ਼ ਰੂਪ ਹੂੰ ਤੇਜ ਅਗਨੀ ਸਰੂਪ ਹੂੰ ਫੇਰ ਭਾਵਨਾ ਕਰਤਾ ਹੈ ਮੈਂ ਅੰਧਕਾਰ ਰੂਪ ਹੂੰ ਕਭੀ ਭਾਵਨਾ ਕਰਤਾ ਹੈ ਮੈਂ ਕਾਮੀ ਹੂੰ ਕਭੀ ਭਾਵਨਾ ਕਰਤਾ ਹੈ ਮੈਂ ਕਾਮੀ ਨਹੀਂ ਹੂੰ ਬ੍ਰਹਮਚਾਰੀ ਹੂੰ। ਕਭੀ ਭਾਵਨਾ ਕਰਤਾ ਹੈ ਕ੍ਰੋਧੀ ਕਭੀ ਖਿਮਾਵਨ ਹੂੰ ਕਭੀ ਧਰਮੀ ਹੂੰ ਕਭੀ ਅਧਰਮੀ ਹੂੰ ਕਭੀ ਮੈਂ ਯੇਹ ਹੂੰ ਕਭੀ ਵੋਹ ਹੂੰ ਕਭੀ ਐਸਾ ਕਰਮ ਕਰਨੇ ਵਾਲਾ ਹੂੰ ਕਭੀ ਐਸੇ ਆਚਰਣ ਕਰਨੇ ਵਾਲਾ ਹੂੰ। ਸੇਸ਼ਟ ਕਰਮ ਵਾਲਾ ਸਾਧੂ ਹੈ

ਜਾਤਾ ਹੈ। ਔਰ ਪਾਪ ਕਰਮ ਵਾਲਾ ਪਾਪੀ ਕਹਾਤਾ ਹੈ। ਮਤਲਬ ਯੇਹ ਪੁਰਸ਼ ਵਾਸ਼ਨਾ ਮਯ ਜਾਤਾ ਹੈ। ਔਰ ਪਾਪ ਕਰਮ ਵਾਲਾ ਪਾਪੀ ਕਹਾਤਾ ਹੈ। ਜੈਸੀ ਵਾਸ਼ਨਾ ਕਰੇਗਾ ਤੈਸਾ ਹੀ ਉਸਕੋ ਫੁਰਨਾ ਹੋਗਾ । ਜੈਸਾ ਯਾਨੇ ਕਾਮਨਾ ਵਾਲਾ ਹੈ। ਜੈਸੀ ਵਾਸ਼ਨਾ ਕਰੇਗਾ ਤੈਸਾ ਫਲ ਪਾਵੇਗਾ ਯਾਨੇ ਜਨਮ ਫੁਰਨਾ ਰਖੇਗਾ ਤੈਸਾ ਕਰਮ ਕਰੇਗਾ। ਜੈਸਾ ਕਰਮ ਕਰੇਗਾ ਤੈਸਾ ਫਲ ਪਾਵੇਗਾ ਯਾਨੇ ਜਨਮ ਧਾਰੇਗਾ । ਇਸ ਪ੍ਰਕਾਰ ਵਾਸ਼ਨਾ ਯਾਨੇ ਕਾਮਨਾ ਇਸਕੋ ਬੰਧਨ ਕਰਤੀ ਹੈ ਮੁਕਤ ਨਹੀਂ ਹੋਣੇ ਦੇਤੀ। ਪ੍ਰਸ਼ਨ-ਮੁਕਤਿ ਕਬ ਹੋਗਾ ?

**ਯਦਾ ਸਰਵੇ ਪ੍ਰਾਮੁਚਯੰਤੇ ਕਾਮਾ ਯੇ ਅਸਯ ਹ੍ਰਿਦਿ ਸ਼੍ਰਿਤਾ ॥ ਅਥ ਮਰਤਿਓ ਅਮ੍ਰਿਤੋ ਭਵਿਤ ਅਤ੍ਰ ਬ੍ਰਹਮ ਸਮਸ਼ਨੁਤੇ ॥** [ਕਠ ਉਪਨਿਸਦ ੧੪ ਸ੍ਰੁਤੀ ਅ: ਵੱਲੀ ੩

ਅਰਥ-ਜਿਸ ਸਮੇਂ ਸੰਪੂਰਣ ਕਾਮਨਾਏਂ ਜੋ ਕਿ ਇਸ ਕੇ ਹਿਰਦੇ ਮੇਂ ਨਿਵਾਸ ਕਰਤੀ ਹੈਂ। ਜਬ ਵਹ ਕਾਮਨਾ ਛੁਟ ਜਾਤੀ ਹੈਂ । ਉਸ ਵਕਤ ਅਮਰ ਹੋ ਜਾਤਾ ਹੈ ਔਰ ਇਸ ਸਰੀਰ ਮੇਂ ਹੀ ਬ੍ਰਹਮ ਭਾਵ ਕੋ ਪ੍ਰਾਪਤ ਹੋ ਜਾਤਾ ਹੈ।

**ਅੰਤਕਾਲੇ ਚਮਾਮੇਵ ਸਮਰਨ ਮੁਕਤ੍ਵਾ ਕਲੇਵਰੰ ॥ ਯਾ : ਪ੍ਰਯਾਤਿ ਸ ਮਦਭਾਵੰ ਯਾਤਿ ਨਾਸਤਯਤ੍ਰ ਸੰਸ਼ਯ ॥** [ਗੀਤਾ ਅਧਿਆਇ ਅਠਵਾਂ ਸਲੋਕ ੫

ਜੋ ਪੁਰਸ਼ ਅੰਤਕਾਲ ਮੇਂ ਮੇਰੇ ਕੋ ਹੀ ਯਾਦ ਕਰਤਾ ਹੂਆ ਮਰਤਾ ਹੈ ਵੋਹ ਸਾਖਯਾਤ ਸਾਖਯਾਤ ਮੇਰੇ ਸਰੂਪ ਕੋ ਪ੍ਰਾਪਤ ਹੋਤਾ ਹੈ ਇਸ ਮੇਂ ਕੁਛ ਭੀ ਸੰਦੇਹ ਨਹੀਂ ।

**ਤਸਮਾਤ ਸਰਵੇਸ਼ੁ ਕਾਂਲੇਸ਼ੁ ਮਾਮਨੁ ਸਿਮਰ ਯੁਧਯਚ । ਮਯਯਰਪਿਤ ਮਨੋ ਬੁਧਿਰ ਮਾਮੇਵੈਸ਼ਯਸਯ ਸੰਸ਼ਯਃ ॥** [ਗੀਤਾ ਸਲੋਕ ੭ ਅ: ੮

ਇਸ ਲੀਏ ਹੇ ਅਰਜਨ ! ਤੂੰ ਹਰ ਵਕਤ ਮੇਰਾ ਸਮਰਪਟ ਕਰ ਔਰ ਯੁਧ ਭੀ ਕਰ ਇਸ ਪ੍ਰਕਾਰ ਮੇਰੇ ਮੇਂ ਅਰਪਣ ਕੀਏ ਹੂਏ ਮਨਬੁਧੀ ਸੇ ਯੁਕਤ ਹੂਆ ਨਿ:ਸੰਦੇਹ ਮੇਰੇ ਕੋ ਹੀ ਪ੍ਰਾਪਤ ਹੋਗਾ ਯਾਨੇ ਮੁਕਤ ਹੋਗਾ । ਪ੍ਰਮਾਣ :-

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾਕੇ ਰਿਦੈ ਬਸੈ ॥**

[ਗੂਜਰੀ ਤਿਲੋਚਨ ਸਫਾ ੫੨੬

**ਅਜਾਮਲੁ ਕਉ ਅੰਤਕਾਲ ਮੈਂ ਨਾਰਾਇਨੁ ਸੁਧਿ ਆਈ ॥ ਜਾ ਗਤਿ ਕਉ ਜੋਗੀ ਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥** ਰਾਮਕਲੀ ਮ: ੯ ਸਫਾ ੯੦੨

ਸ਼ੰਕਾ ਨਾਨਾ ਪ੍ਰਕਾਰ ਕੇ ਜੋਨਿਓਂ ਮੇਂ ਜੀਵ ਕੈਸੇ ਪ੍ਰਾਪਤ ਹੋਤਾ ਹੈ ? ਉੱਤਰ- ਅੰਤਕਾਲ ਯਾਨੇ ਮਰਣ ਕਾਲ ਮੇਂ ਜੈਸੀ ਕਾਮਨਾ ਤੈਸਾ ਜਨਮ । ਪ੍ਰਮਾਣ :-ਮਰਣ ਕਾਲੇ ਯਾਨੇ ਮਰਣ ਕਾਲ ਮੇਂ ।

**ਯਚਿਤਸਤੇਨੈਸ ਪ੍ਰਾਣ ਮਾਯਾਤਿ ਪ੍ਰਾਣ ਸਤਜਸਾ ਯੁਕਤ: ਸਹਾਤਮਨਾ**



**ਯਥਾ ਸੰਕਲਪਿਤੰ ਲੋਕੰ ਨਯਤਿ ॥** [ਪ੍ਰਸ਼ਨੋ ਪਨਿਸ਼ਦ ਪ੍ਰਸ਼ਨ ੩ ਸਲੋਕ ੧੦

ਅਰਥ-ਮਰਨ ਕਾਲ ਮੇਂ ਇਸਕਾ ਜੈਸਾ ਚਿਤ ਯਾਨੇ ਸੰਕਲਪ ਹੋਤਾ ਹੈ । ਉਸਕੇ ਸਹਿਤ ਯਾ ਪ੍ਰਮਾਣ ਕੋ ਪ੍ਰਾਪਤ ਹੋਤਾ ਹੈ । ਪ੍ਰਾਣ ਯਾਨੇ ਉਦਾਨ ਵਾਯੂ ਰੂਪ ਤੇਜ ਯੁਕਤ ਹੋਕਰ ਇਸ ਜੀਵਾਤਮਾ ਕੋ ਯਥਾ ਸੰਕਲਪ ਕੀਏ ਹੂਏ ਲੋਕ ਕੋ ਲੇ ਜਾਤਾ ਹੈ।

**ਅਥੈਕਯੋਰਧ੍ਵ ਉਦਾਨ: ਪੁਣਯੇਨ ਪੁਣਯੰ ਲੋਕੰ ਨਯਤਿ ਪਾਪੇਨ ਪਾਪ ਮੁਭਾਭਿਆਮੇਵ ਮਨੁਸ਼ਯ ਲੋਕੰ** [ਪ੍ਰਸ਼ਨੋ ਪਨਿਸ਼ਦ ਪ੍ਰਸ਼ਨ ੩ ਸਲੋਕ ੭

ਅਰਥ-ਇਨ ਸਭ ਨਾੜੀਓਂ ਮੇਂ ਸੇ ਸੁਸ਼ਮਨਾ ਨਾਮ ਕੀ ਏਕ ਨਾੜੀ ਦੁਆਰਾ ਉਪਰ ਉਪਰ ਕੀ ਤਰਫ ਜਾਨੇ ਵਾਲੀ ਜੋ ਉਦਾਨ ਵਾਯੂ ਹੈ ਸੋ ਇਸ ਜੀਵ ਕੋ ਪੁਨਯ ਕਰਮ ਕੀ ਵਾਸ਼ਨਾ ਸੇ ਪੁਨ ਲੋਕ ਯਾਨੇ ਸੁਰਗਾਦਿ ਲੋਕ ਕੋ ਲੇ ਜਾਤਾ ਹੈ ਔਰ ਪਾਪ ਕਰਮ ਵਾਸ਼ਨਾ ਵਾਲੇ ਜੀਵੋਂ ਕੋ ਨਰਕਾਦਿ ਲੋਕੋਂ ਮੇਂ ਲੇ ਜਾਤਾ ਹੈ ਔਰ ਪੁੰਨ ਪਾਪ ਦੋਨੋਂ ਕਰਮ ਕਰਨੇ ਵਾਲੇ ਕੋ ਮਨੁਸ਼ਯ ਲੋਕ ਮੇਂ ਲੇ ਜਾਤਾ ਹੈ।

**ਯੰ ਯੰ ਵਾਪਿ ਸਮਰਨ ਭਾਵੰ ਤਿਅਜਤਿਯੰਤੇ ਕਲੇਵਰੰ ॥ ਤੰ ਤਮੇਵੈਤਿ ਕੌਂਤੇਯ ਸਦਾ ਤਦ ਭਾਵ ਭਾਵਿਤ: ॥** [ਗੀਤਾ ਅ: ੮ ਸਲੋਕ ੬

ਹੇ ਕੁੰਤੀ ਪੁਤ੍ਰ ਅਰਜਨ ! ਅੰਤ ਕਾਲ ਮੇਂ ਜੋ ਮੁਨਸ਼ਯ ਜਿਸ ਜਿਸ ਭਾਵ ਕੋ ਸਮਰਣ ਕਰਤਾ ਹੂਆ ਸਰੀਰ ਕੋ ਤਿਆਗਤਾ ਹੈ ਉਸ ਉਸ ਭਾਵ ਕੋ ਹੀ ਪ੍ਰਾਪਤ ਹੋਤਾ ਹੈ । ਕਿਉਂਕਿ ਹਰ ਵਕਤ ਜਿਸਕੋ ਯਾਦ ਕਰਤਾ ਰਹਿਤਾ ਹੈ ਮਰਣ ਕਾਲ ਮੇਂ ਭੀ ਉਸਕੋ ਵਹੀ ਯਾਦ ਆਤਾ ਹੈ।

**ਤਥਾ- ਅੰਤਿ ਕਾਲ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸਰਪ ਜੋਨਿ ਵਲਿ ਵਲਿ ਅਉਤਰੈ ॥ ਅਰੀ ਬਾਈ ਗੋਬਿੰਦ ਨਾਮੁ ਮਤਿ ਵੀਸਰੈ ॥ ਰਹਾਉ ॥ ਅੰਤਿਕਾਲ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ਅੰਤਿਕਾਲਿ ਜੋ ਲੜਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥** [ਗੂਜਰੀ ਤਿਲੋਚਨ ਸਫਾ ੫੨੬

**ਕਾਮੈਸ੍ਤੈਸ੍ਤੈਰ ਹ੍ਰਿਤਗਿਆਨਾ ਪ੍ਰਪਦਯੰਤੇ ਅਨਯ ਦੇਵਤਾ: ॥ ਤੰ ਤੰ ਨਿਯਮ ਮਾਸਥਾਯ ਪ੍ਰਕ੍ਰਿਤਯਾ ਨਿਯਤਾ ਸ੍ਵਯਾ ॥** [ਗੀਤਾ ਅ: ੭ ਸਲੋਕ ੨੦

ਅਪਨੇ ਸੁਭਾਵ ਸੇ ਪ੍ਰੇਰੇ ਹੂਏ ਉਨ ਉਨ ਭੋਗੋਂ ਕੀ ਕਾਮਨਾ ਦੁਆਰਾ ਗਿਆਨ ਸੇ ਭ੍ਰਸ਼ਟ ਹੂਏ ਪਰਮੇਸ੍ਵਰ ਕੋ ਛੋਡ ਕਰ ਅਨਯ ਦੇਵਤਾਓਂ ਕੋ ਭਜਤੇ ਹੈਂ ਯਾਨੇ ਪੂਜਤੇ ਹੈਂ।

ਔਰ ਉਨ ਉਨ ਨਿਯਮੋਂ ਕੋ ਧਾਰਣ ਕਰਕੇ ਮਰਣ ਕਾਲ ਮੇਂ ਉਸ ਉਸ ਦੇਵ ਯੋਨੀ ਕੋ ਪਾਤੇ ਹੈਂ।

**ਕਾਮਾਨ ਯ: ਕਾਮਯਤੇ ਮਨਯਮਾਨ: ॥ ਸ ਕਾਮਭਿਰਜਾਯਤੇ ਤਤ੍ਰ ਤਤ੍ਰ ॥ ਪਰਯਾਪੰਤ ਕਾਮਸਯ ਕ੍ਰਿਤਾਤਮਨ ਸਤ੍ਵ ਇਹੈਵ ਸਰਵੇ ਪ੍ਰਵਿਲੀਯੰਤਿ ਕਾਮਾ: ॥**

[ਤ੍ਰਿਤੀਯ ਮੁੰਡੁਕ: ਖੰਡ ੨ ਸਲੋਕ ੧

ਅਰਥ–ਭੋਗੋਂ ਕੇ ਗੁਣੋ ਕਾ ਚਿੰਤਨ ਕਰਨੇ ਵਾਲਾ ਜੋ ਪੁਰਸ਼ ਭੋਗੋਂ ਕੀ ਇੱਛਾ ਕਰਤਾ ਹੈ । ਵੁਹ ਉਨ ਕਾਮਨਾਓਂ ਕੇ ਯੋਗ ਸੇ ਤਹਾਂ ਤਹਾਂ ਉਤਪੰਨ ਹੋਤਾ ਰਹਿਤਾ ਹੈ। ਪਰੰਤੂ ਜਿਸਕੀ ਕਾਮਨਾਏਂ ਪੂਰਣ ਹੋ ਗਈ ਹੈਂ ਉਸ ਕ੍ਰਿਤਾਰਰਥ ਪੁਰਸ਼ ਕੀ ਤੋ ਸਭੀ ਕਾਮਨਾਏਂ ਇਸ ਲੋਕ ਮੈਂ ਹੀ ਲੀਨ ਹੋ ਜਾਤੀ ਹੈਂ। ਯਾਤੇ ਵੋ ਕਹਾ ਜਨਮ ਨਹੀਂ ਲੇਤਾ ਮੁਕਤਿ ਹੋ ਜਾਤਾ ਹੈ। ਜਨਮ ਕਾ ਕਾਰਣ ਫਕਤਿ ਕਾਮਨਾ ਹੀ ਹੈ । ਚਾਹੇ ਬ੍ਰਹਮ ਲੋਕ ਮੇਂ ਜਨਮ ਹੋ ਚਾਹੇ ਕਹਾਂ ਹੋ ਕਾਮਨਾ ਵਾਲੇ ਕਾ ਜਨਮ ਹੀ ਹੋਤਾ ਹੈ ਮੁਕਤਿ ਨਹੀਂ ਹੋਤੀ। ਯਹ ਬਾਰਤਾ ਯਾਗਵਲਕਯ ਮੁਨੀ ਨੇ ਰਾਜਾ ਜਨਕ ਕੋ ਭੀ ਕਹੀ ਹੈ ਜਿਸਕਾ ਪ੍ਰਸੰਗ ਯਜੁਰਵੇਦ ਬ੍ਰਿਹਦਾਰਣ ਕੋਪਨਿਸ਼ਦ ਕੇ ੪ ਅਧਯਾਯ ਮੇਂ ਲਿਖਾ ਹੂਆ ਹੈ। ਤਥਾ ਆਤਮ ਪੁਰਾਣ ਕੇ ਛੇਵੇਂ ਅਧਯਾਯ ਮੇਂ ਭੀ ਲਿਖਾ ਹੈ ਅਰਥ ਦੋਨੋਂ ਕਾ ਏਕ ਹੈ ਵਹਾਂ ਯਹ ਪ੍ਰਸੰਗ ਹੈ। ਯਾਗਵਲਕਯ ਮੁਨੀ ਰਾਜਾ ਜਨਕ ਕੋ ਯਹ ਉਪਦੇਸ਼ ਕਰ ਰਹੇ ਹਨ ਤੂੰ ਆਤਮ ਇਸਥਿਤ ਮੇਂ ਪ੍ਰਾਪਤ ਹੋ। ਮਨ ਕਾ ਧਰਮ ਜੋ ਇਛਾ ਰੂਪ ਕਾਮਨਾ ਹੈ ਵਹੀ ਜੀਵ ਕੋ ਜਨਮ ਮਰਣਾਦਿ ਸੰਸਾਰ ਕੋ ਪ੍ਰਾਪਤ ਕਰੇ ਹੈ ਜਿਸ ਤਰਹ ਸੋ ਸ੍ਰਵਣ ਕਰ। ਮਰਣ ਕਾਲ ਮੇਂ ਯਹ ਜੀਵਾਤਮਾ ਸ੍ਵਰਗ ਔਰ ਨਰਕ ਇਤਯਾਦਿਕ ਜਿਸ. ਜਿਸ ਲੋਕ ਕੇ ਪ੍ਰਾਪਤੀ ਕੀ ਇਛਾ ਕਰੇ ਹੈ ਤਿਸ ਤਿਸ ਲੋਕ ਮੇਂ ਰਹਨੇ ਲਾਯਕ ਤੈਸਾ ਤੈਸਾ ਸਰੀਰ ਪਾਵੇ ਹੈ ਫ਼ੇਰ ਉਸ ਲੋਕ ਮੇਂ ਰਹ ਕਰ ਜੈਸੀ ਜੈਸੀ ਕਾਮਨਾ ਕਰੇ ਹੈ ਮਰ ਕਰ ਉਸ ਉਸ ਲੋਕ ਮੇਂ ਵਾਸਨਾ ਕੇ ਅਨੁਸਾਰ ਜਾਵੇ ਹੈ। ਰਾਜਾ ਜਨਕ ਕੀ ਸ਼ੰਕਾ । ਹੇ ਭਗਵਾਨ ਮਰਣ ਸੇ ਪੀਛੇ ਕਾਮਨਾ ਕੇ ਅਨੁਸਾਰ ਹੀ ਜਨਮ ਮਿਲੇ ਹੈ। ਯਹ ਕੈਸੇ ਜਾਣਿਆ ਜਾਵੇ ਹੈ ? ਸਮਾਧਾਨ । ਹੇ ਜਨਕ ਜੈਸੇ ਜਾਗਿਤ੍ਰ ਅਵਸਥਾ ਵਿਖੇ ਜਿਸ ਪੁਰਸ਼ ਕਾ ਜਿਸ ਵਿਸ਼ਯ ਸੇ ਬਹੁਤ ਪ੍ਰੇਮ ਹੋਵੇ । ਉਨ੍ਹੀ ਵਿਸ਼ਯੋਂ ਕੋ ਸ੍ਵਪਨ ਮੇਂ ਸੰਸਕਾਰੋਂ ਕੇ ਵਸ਼ ਸੇ ਪ੍ਰਾਪਤ ਹੋਵੇ ਹੈ। ਤੈਸੇ ਹੀ ਜਿਸ ਜਿਸ ਵਿਸ਼ੇ ਮੇਂ ਜਿਸਕੋ ਜਿਆਦਾ ਪ੍ਰੇਮ ਹੈ ਮਰਣ ਕਾਲ ਮੇਂ ਭੀ ਵੈਸੀ ਵਾਸਨਾ ਹੋਵੇਗੀ ਸੋ ਵੈਸੇ ਸਰੀਰ ਕੋ ਹੀ ਪ੍ਰਾਪਤ ਹੋਵੇਗਾ । ਸੰਕਾ । ਹੇ ਭਗਵਾਨ ਮਰਣ ਕਾਲਕੇ ਇਛਾ ਕੇ ਅਨੁਸਾਰ ਹੀ ਜੇ ਜੀਵਾਤਮਾ ਸਰੀਰ ਕੋ ਪ੍ਰਾਪਤ ਹੋਤਾ ਹੋਵੇ ਤੋ ਸਭੀ ਪਾਪੀ ਜੀਵ ਮਰਣ ਕਾਲ ਵਿਖੇ ਸੁਰਗ ਮੇਂ ਰਹਨੇ ਵਾਸਤੇ ਦੇਵਤਾ ਹੋਨੇ ਕੀ ਇੱਛਾ ਕਿਉਂ ਨਹੀਂ ਕਰਤੇ । ਸਮਾਧਾਨ। ਹੇ ਜਨਕ ਯਹ ਜੀਵ ਮਰਣ ਕਾਲ ਮੇਂ ਸੁਤੰਤਰ ਕੋਈ ਇਛਾ ਨਹੀਂ ਕਰ ਸਕਤਾ ਕਿੰਤੂ ਪੂਰਵਲੇ ਪੁਨ ਪਾਪਾਂ ਕੇ ਪ੍ਰੇਰੇ ਕਰਮੋਂ ਕੇ ਅਨੁਸਾਰ ਇੱਛਾ ਕਰਤਾ ਹੈ। ਸ਼ੰਕਾ ਮਰਣ ਵਕਤ



ਕਰਮ ਕੇ ਪਰੇਰੇ ਹੂਏ ਇੱਛਾ ਅਨੁਸਾਰ ਦੇਵਾਦਿ ਸਰੀਰ ਕੀ ਪ੍ਰਾਪਤੀ ਹੋਤੀ ਹੈ। ਤੋ ਜੀਤ ਜੀਤੇ ਭੀ ਕਰਮ ਕੇ ਪ੍ਰੇਰੇ ਇਛਾ ਅਨੁਸਾਰ ਦੇਵ ਭਾਵ ਕੀ ਪ੍ਰਾਪਤੀ ਹੋਣੀ ਚਾਹੀਏ ਸੋ ਕਿਉਂ ਨਹੀਂ ਹੋਤੀ। ਉਤਰ ਹੇ ਜਨਕ ਵਰਤ. ਮਾਨ ਜੀਵਿਤ ਸਰੀਰ ਕੇ ਭੋਗ ਦੇਨੇ ਹਾਰੇ ਜੋ ਪ੍ਰਾਰਬਧ ਕਰਮ ਹਨ ਏਕ ਤੋ ਵੋ ਦੇਵ ਸ਼ਰੀਰ ਪ੍ਰਾਪਤ ਹੋਣੇ ਨਹੀ ਦੇਤੇ ਦੂਸਰੇ ਆਗੇ ਕੋ ਹੋਣੇ ਵਾਲੇ ਕੋ ਦੇਵਾਦਿ ਸ਼ਰੀਰ ਹੈਂ ਉਨਕੋ ਪ੍ਰਾਪਤ ਕਰਨੇ ਹਾਰੇ ਜੋ ਕਰਮ ਹੈਂ ਵੋ ਭੀ ਫਲ ਦੇਣਾ ਨਹੀਂ ਚਾਹਤੇ ਇਸ ਵਾਸਤੇ ਜੀਤੇ ਜੀਤੇ ਇਛਾ ਹੋਨੇ ਪਰ ਦੇਵ ਸਰੀਰ ਕੀ ਪ੍ਰਾਪਤੀ ਹੋਵੇ ਨਹੀਂ । ਕਿਉਂਕਿ ਦੋਨੋਂ ਕਰਮ ਪ੍ਰਤਿਬੰਧਕ ਹੈਂ ਮਰਣ ਕਾਲ ਮੇਂ ਪ੍ਰਾਰਬਧ ਭੋਗਾ ਗਯਾ ਹੈ ਔਰ ਆਗ਼ੇ ਹੋਣੇ ਵਾਲਾ ਕਰਮ ਫਲ ਦੇਣਾ ਚਾਹਤਾ ਹੈ ਦੋਨੋਂ ਪ੍ਰਤੀਬੰਧਕ ਹਟ ਗਏ ਯਾਂਤੇ ਮਰਣ ਕਾਲ ਸੇ ਪੀਛੇ ਦੇਵਾਦਿ ਸਰੀਰ ਕੀ ਪ੍ਰਾਪਤੀ ਹੋ ਸਕਤੀ ਹੈ । ਸੋ ਇਸ ਪ੍ਰਕਾਰ ਵਾਸ਼ਨਾ ਕੇ ਅਨੁਸਾਰ ਯੇ ਜੀਵਾਤਮਾ ਅਨੇਕ ਜੋਨੀਓਂ ਕੋ ਪ੍ਰਾਪਤ ਹੋਵੇ ਹੈ ਮੁਕਤ ਹੋਵੇ ਨਹੀਂ।

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥**

[ਰਾਮ: ਮ: ੧ ਸਫਾ ੮੭੬

ਇਸ ਪ੍ਰਕਾਰ ਅਗਿਆਨੀ ਜੀਵ ਵਾਸ਼ਨਾ ਕੇ ਅਧੀਨ ਹੂਆ ੨ ਘਟੀ ਯੰਤਰ ਕੀ ਨਿਆਈਂ ਯਾਨੇ ਕੂਏ ਕੇ ਮਾਲ ਕੇ ਟਿੰਡੋਂ ਕੀ ਨਿਆਈਂ ਵਾਰੰਵਾਰ ਜੋਨੀਓਂ ਮੇਂ ਫਿਰਤਾ ਹੈ ਮੁਕਤਿ ਨਹੀਂ ਹੋਤਾ । ਪ੍ਰਸ਼ਨੋ ਉਪਨਸ਼ਿਦ ਕਾ ਪੰਚਮ ਪ੍ਰਸ਼ਨ । ਸ਼ਿਵਿ ਪੁਤ੍ਰ ਸਤਿਕਾਮ ਪਿਪਲਾਦ ਮੁਨੀ ਸੇ ਪੂਛਤਾ ਹੈ ਕਿ ਹੇ ਭਗਵਨ ! ਓਂਕਾਰ ਕਾ ਚਿੰਤਨ ਕਰਤਾ ਹੂਆ ਜੋ ਪੁਰਸ਼ ਪ੍ਰਾਣ ਤਿਆਗ ਕਰਤਾ ਹੈ ਸੋ ਕਿਸ ਗਤੀ ਕੋ ਪ੍ਰਾਪਤ ਹੋਤਾ ਹੈ ? ਉਤਰ–ਪਿਪਲਾਦ ਮੁਨੀ ਕਹਿਤੇ ਹੈਂ ਹੇ ਸਤਿਕਾਮ, ਇਹ ਜੋ ਓਂਕਾਰ ਹੈ । ਇਹ ਜੋ ਪਾਰਬ੍ਰਹਮ ਔਰ ਅਪਰ ਬ੍ਰਹਮ ਹੈ ਯਾਨੇ ਨਿਰਗੁਣ ਔਰ ਸਗੁਣ ਬ੍ਰਹਮ ਹੈ। ਨਿਰਗੁਣ ਰੂਪ ਜਾਣ ਕਰ ਓਅੰਕਾਰ ਕੀ ਉਪਾਸ਼ਨਾ ਕਰਨੇ ਵਾਲਾ ਨਿਰਗੁਣ ਬ੍ਰਹਮ ਕੋ ਪਾਤਾ ਹੈ ਔਰ ਸਰਗੁਣ ਰੂਪ ਜਾਣ ਕਰ ਓਅੰਕਾਰ ਕੀ ਉਪਾਸ਼ਨਾ ਕਰਨੇ ਵਾਲਾ ਸਗੁਣ ਬ੍ਰਹਮ ਕੋ ਪਾਤਾ ਹੈ । ਤਥਾ ਗੀਤਾ ਪ੍ਰਮਾਣ ਅਧਯਾਯ ੮ ਸ਼ਲੋਕ ੧੩।

**ਓਮਿਤਯੇ ਕਾਖਸ਼ਰ ਬ੍ਰਹਮ ਵਿਆਹਰਨ ਮਾਮਨੁਸਮਰਨ ॥**
**ਯ: ਪ੍ਰਯਾਤਿ ਤਯਜਨ ਦੇਹੰ ਸਯਾਤਿ ਪਰਮਾਂ ਗਤਿ ॥**

[ਗੀਤਾ ਅਧਿਆਇ ੮ ਸਲੋਕ ੧

ਅਰਥ–ਜੋ ਪੁਰਸ਼ ਇਸ ਏਕ ਅਖਸ਼ਰ ਰੂਪ ਬ੍ਰਹਮ ਕੋ ਉਚਾਰਨ ਕਰਤਾ ਹੂਆ ਔਰ ਉਸਕੇ ਅਰਥ ਸ੍ਵਰੂਪ ਮੇਰੇ ਕੋ ਚਿੰਤਨ ਕਰਤਾ ਹੂਆ ਸਰੀਰ ਕੋ ਤਿਆਗ ਕਰ ਜਾਤਾ ਹੈ, ਵਹ ਪੁਰਸ਼ ਪਰਮਗਤਿ ਕੋ ਪ੍ਰਾਪਤ ਹੋ ਜਾਤਾ ਹੈ । ਇਸ ਪ੍ਰਕਾਰ ਚਾਰ ਮਾਤ੍ਰਾ ਯਾਨੇ ਅਕਾਰ ਉਕਾਰ ਮਕਾਰ ਅਮਾਤ੍ਰ ਰੂਪ ਓਂਕਾਰ ਕਾ ਅਹੰਗ੍ਰ ਯਾਨੇ ਅਪਨੇ ਸੇ ਅਭੇਦ ਕਰਕੇ ਚਿੰਤਨ ਕਰਤਾ ਹੈ, ਸੋ ਨਿਰਗੁਣ ਬ੍ਰਹਮ ਕੋ ਪ੍ਰਾਪਤ ਹੋਤਾ ਹੈ । ਯਾਨੇ ਮੁਕਤ ਹੋ

ਜਾਤਾ ਹੈ ਔਰ ਜੋ ਓਅੰਕਾਰ ਕੀ ਤੀਨ ਮਾਤ੍ਰਾ ਕਾ ਚਿੰਤਨ ਕਰਤਾ ਹੈ ਵੋਹ ਤੇਜੋ ਮਯ ਸੂਰਯ ਲੋਕ ਕੋ ਪ੍ਰਾਪਤ ਹੋਤਾ ਹੈ। ਵਹਾਂ ਪਾਪੋਂ ਸੇ ਐਸੇ ਮੁਕਤ ਹੋ ਜਾਤਾ ਹੈ, ਜੈਸੇ ਸਰਪ ਅਪਨੀ ਕੁੰਜ ਯਾਨੇ ਅਪਨੀ ਖਲੜੀ ਸੇ ਮੁਕਤ ਹੋ ਜਾਤਾ ਹੈ। ਸ਼ੁਧ ਹੋਕਰ ਫੇਰ ਉਸ ਉਪਾਸ਼ਕ ਕੋ ਸ਼ਾਮਵੇਦ ਕੀਆ ਸ਼੍ਰੁਤਿਆਂ ਆਕਰ ਬ੍ਰਹਮ ਲੋਕ ਕੋ ਲੇ ਜਾਤੀਆਂ ਹਨ। ਵਹਾਂ ਉਸ ਉਪਾਸ਼ਕ ਕੋ ਬ੍ਰਹਮ ਸਾਖਯਾਤਕਾਰ ਹੋਤਾ ਹੈ, ਫੇਰ ਬ੍ਰਹਮਾ ਜੀ ਕੇ ਸਾਥ ਮੁਕਤਿ ਹੋ ਜਾਤਾ ਹੈ ਔਰ ਜੋ ਦੋ ਮਾਤ੍ਰਾ ਯੁਕਤ ਓਅੰਕਾਰ ਕਾ ਚਿੰਤਨ ਕਰਤਾ ਹੈ, ਉਸ ਕੋ ਯਜੁਰਵੇਦ ਕੀਆਂ ਸ਼੍ਰੁਤੀਆਂ ਸੁਰਗ ਮੇਂ ਲੇ ਜਾਤੀਆਂ ਹਨ। ਵਹਾਂ ਸੁਰਗ ਸੁਖ ਕੋ ਅਨੁਭਵ ਕਰਕੇ ਫਿਰ ਲੌਟ ਆਤਾ ਹੈ ਔਰ ਜੋ ਏਕ ਮਾਤ੍ਰਾ ਵਿਸ਼ਿਸ਼ਟ ਓਅੰਕਾਰ ਕਾ ਚਿੰਤਨ ਕਰਤਾ ਹੈ, ਉਸਕੋ ਰਿਗਵੇਦ ਕੀਆਂ ਸ਼੍ਰੁਤੀਆਂ ਮਨੁਸ਼ਯ ਲੋਕ ਕੋ ਲੇ ਜਾਤੀਆ ਹਨ। ਵਹਾਂ ਉੱਤਮ ਬ੍ਰਾਹਮਣ ਕੇ ਕੁਲ ਮੇਂ ਜਨਮ ਲੇਤਾ ਹੈ ਔਰ ਤਪਸ੍ਵੀ ਬ੍ਰਹਮਚਾਰੀ ਸ਼ਰਧਾ ਸੰਪੰਨ ਹੋਕਰ ਮਹਾਨ ਸੁਖ ਕੋ ਅਨੁਭਵ ਕਰਤਾ ਹੈ।

**ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥** [ਦ: ਓਅੰ: ਮ: ੧ ਸਫਾ ੯੨੯

ਸੋ ਜੈਸੀ ਵਾਸ਼ਨਾ ਅੰਤਕਾਲ ਮੇਂ ਹੋਤੀ ਹੈ। ਉਸਕੇ ਅਨੁਸਾਰ ਮੁਕਤੀ ਔਰ ਜਨਮ ਹੋਤਾ ਹੈ। ਤਥਾ ਪ੍ਰਮਾਣ:-

**ਜੈਸੀ ਆਸਾ ਤੈਸੀ ਮਨਸਾ ॥** [ਰਾਗ ਸੂਹੀ ਸਫਾ ੭੬੩

**ਤਥਾ-ਜੈਸੀ ਮਨਸਾ ਤੈਸੀ ਦਸਾ ॥** [ਪ੍ਰਭਾਤੀ ਅਸਟਪਦੀ ਮ: ੧ ਸਫਾ ੧੩੪੨

ਜਿਸਤਰਹ ਵਾਸਨਾ ਕੇ ਅਨੁਸਾਰ ਜਨਮ ਹੋਵੇ ਹੈ, ਤੈਸੇ ਵਾਸਨਾ ਕੇ ਅਨੁਸਾਰ ਸ੍ਵਪਨ ਭੀ ਹੋਵੇ ਹੈ। ਸੋ ਵਾਸਨਾਏਂ ਇਸ ਜਨਮ ਕੀ ਹੋਵੇਂ ਚਾਹੇ ਜਨਮਾਂਤਰ ਕੀ ਵਾਸਨਾ ਅਨੁਸਾਰ ਸ੍ਵਪਨ ਦੇਖਨੇ ਮੇਂ ਆਤੇ ਹੈਂ, ਜੈਸੇ ਮਹਾਰਾਜਾ ਜਨਕ ਕੋ ਵਾਸ਼ਨਾ ਸੇ ਸ੍ਵਪਨ ਹੂਆ, ਜਿਸ ਕੀ ਕਥਾ ਚੰਦ੍ਰ ਕਾਂਤ ਨਾਮ ਗ੍ਰੰਥ ਮੇਂ ਲਿਖੀ ਹੈ। ਕਥਾ ਸ਼ੁਰੂ-

ਪ੍ਰਤਿਤ ਪਾਵਨੀ ਸ੍ਰੀ ਭਗਵਤੀ ਸ੍ਰੀ ਗੰਗਾ ਜੀ ਕੇ ਕਿਨਾਰੇ ਪਰ ਏਕ ਸੁੰਦਰ ਤਪੋਬਨ ਥਾ ਵਹਾਂ ਧਰਮਾਤਮਾ ਅਨੇਕ ਮਹਰਿਸ਼ਿਓਂ ਕੇ ਰਮਣੀਯ ਆਸ਼੍ਰਮ ਬਣੇ ਹੂਏ ਥੇ ਜਿਨੋਂ ਕੇ ਦਰਸ਼ਨ ਸੇ ਚਿਤ ਸ਼ਾਂਤ ਹੋ ਜਾਯਾ ਕਰਤਾ ਥਾ ਔਰ ਗੰਗਾ ਜੀ ਕਾ ਭੀ ਬੜਾ ਗੰਭੀਰ ਸਾਂਤ ਪ੍ਰਵਾਹ ਚਲਤਾ ਥਾ ਵਹਾਂ ਗੰਗਾ ਪਾਰ ਭੀ ਰਿਸ਼ੀ ਲੋਕੋਂ ਕੇ ਆਸ਼੍ਰਮ ਬਣੇ ਹੂਏ ਥੇ ਜੋ ਨੌਕਾ ਦੁਆਰਾ ਆਰ ਪਾਰ ਆਤੇ ਜਾਤੇ ਥੇ ਔਰ ਅਨੇਕ ਪਾਠਸ਼ਾਲਾਏਂ ਭੀ ਰਿਸ਼ੀ ਲੋਕੋਂ ਕੀ ਬਣਾਈ ਹੂਈ ਥੀ। ਜਹਾਂ ਵਿਦਿਆਰਥੀ ਬ੍ਰਹਮਚਾਰੀ ਵਿਦਿਆ-ਅਧਯਨ ਕਰਤੇ ਥੇ ਔਰ ਵਿਦਿਆਰਥੀਓਂ ਕੇ ਖੇਲਨੇ ਵਾਸਤੇ ਮੈਦਾਨ ਬਣਾਏ ਹੂਏ ਥੇ। ਖੇਲ ਕੇ ਬਾਦ ਸਭ ਬ੍ਰਹਮਚਾਰੀ ਸਾਯੰ ਕਾਲ ਮੇਂ ਇਕੱਤ੍ਰ ਹੋ ਸ੍ਰੀ ਗੰਗਾ ਜੀ ਕੇ ਕਿਨਾਰੇ



ਸੰਧਯੋਪਾਸ਼ਨਾ ਕਰਤੇ ਥੇ। ਏਕ ਦਿਨ ਸਾਯੰਕਾਲ ਕੋ ਬ੍ਰਹਮਚਾਰੀ ਖੇਲ ਰਹੇ ਸੀ, ਤੋ ਕਿਆ ਦੇਖਤੇ ਹੈਂ ਏਕ ਆਸ਼੍ਰਮ ਸੇ ਏਕ ਕੁਬੜਾ ਬਾਲਕ ਨਿਕਲਾ ਜਿਸਕੇ ਅਠ ਅੰਗ ਵਿਲਖਣ ਟੇਢੇ ਥੇ ਔਰ ਲਾਠੀ ਲੇਕਰ ਚਲਾ ਆ ਰਹਾ ਥਾ ਔਰ ਏਕ ਏਕ ਕਦਮ ਚਲਨੇ ਸੇ ਆਠੋਂ ਹੀ ਅੰਗ ਟੇਢੇ ਹੋ ਜਾਤੇ ਥੇ, ਦੇਖਨੇ ਵਾਲੇ ਕੋ ਹਾਸੀ ਆ ਜਾਯਾ ਕਰਤੀ ਥੀ। ਜਬ ਵੋ ਕੁਬੜਾ ਬਾਲਕ ਸਮੀਪ ਆਯਾ ਤੋ ਦੇਖਕਰ ਬ੍ਰਹਮਚਾਰੀਓਂ ਕੀ ਹਾਂਸੀ ਨ ਰੁਕੀ ਔਰ ਉਸਕੋ ਚਿੜਾਨੇ ਲਗੇ। ਕਿਸੀ ਨੇ ਉਸ ਕੇ ਹਾਥ ਕੀ ਲਾਠੀ ਖੋਸ ਲੀ, ਕਿਸੀ ਨੇ ਉਸਕਾ ਕੁਸ਼ਾ ਆਸਨ ਖੋਸੁ ਲੀਆ, ਕੋਈ ਉਸਕੇ ਲੰਗੋਟ ਕੋ ਖੈਂਚਨੇ ਲਗਾ, ਕੋਈ ਉਸਕੇ ਪਾਸਰਿਓਂ ਮੇਂ ਗੁਦਗੁਦਾਨੇ ਲਗਾ। ਅਨੇਕ ਪ੍ਰਕਾਰ ਕੀ ਛੇੜ ਛਾੜ ਕਰਨੇ ਲਗੇ, ਪਰੰਤੂ ਵੋਹ ਕੁਬੜਾ ਬਾਲਕ ਬੜਾ ਧੈਰਯਵਾਨ ਥਾ, ਸਾਂਤਚਿਤ ਥਾ, ਛੇੜਖਾਨੀ ਕਰਨੇ ਪਰ ਭੀ ਉਨ ਪਰ ਕ੍ਰੋਧ ਨ ਕਰਾ ਔਰ ਬੜੀ ਮਿਠੀ ਔਰ ਨਿਮ੍ਰ ਬਾਣੀ ਸੇ ਉਨਸੇ ਬੋਲਾ ਕਿ ਹੇ ਭਾਈਓ! ਕ੍ਰਿਪਾ ਕਰਕੇ ਮੇਰੀ ਲਾਠੀ ਦੇਦੋ, ਕਿਉਂਕਿ ਮੈਂ ਗੰਗਾ ਕਿਨਾਰੇ ਪਹੁੰਚ ਕਰ ਸੰਧਯੋਪਾਸ਼ਨ ਕਰੂੰਗਾ, ਵਕਤ ਭਰ ਜਾਏਗਾ, ਮੇਰਾ ਨਿਤਨੇਮ ਛੂਟ ਨ ਜਾਵੇ, ਲਾਠੀ ਦੇਦੋ। ਇਤਨਾ ਸੁਨਕਰ ਕੋਈਕੁ ਸਮਝਦਾਰ ਲੜਕੇ ਕਹਿਨੇ ਲਗੇ-ਅਰੇ ਇਸ ਵਿਚਾਰੇ ਕੋ ਨ ਸਤਾਓ ਇਸਕੇ ਪਿਤਾ ਹੈ ਨਹੀਂ, ਅਪਨੇ ਨਾਨਾ ਕੇ ਘਰ ਰਹਿਤਾ ਹੈ, ਇਸ ਕਾ ਨਾਨਾ ਬੜਾ ਕ੍ਰੋਧੀ ਹੈ ਸੁਨੇਗਾ ਤੋ ਹਮ ਸਭ ਕੋ ਮਾਰੇਗਾ ਅਭੀ ਗੰਗਾ ਕਿਨਾਰੇ ਪਰ ਆਤਾ ਹੋਗਾ। ਇਤਨਾ ਸੁਨਤੇ ਹੀ ਲੜਕੇ ਉਸਕਾ ਆਸਨ-ਲਕੜੀ ਔਰ ਗੋਮੁਖੀ ਦੇਕਰ ਭਾਗ ਗਏ ਔਰ ਕੁਬੜਾ ਵਿਚਾਰ ਕਰਨ ਲਗਾ, ਯਹ ਜੋ ਲੜਕੇ ਕਹਿ ਰਹੇ ਹਨ ਸੋ ਕਿਆ ਸਤਿ ਹੈ, ਕਿਆ ਸਚਮੁਚ ਮੇਰਾ ਬਾਪ ਨਹੀਂ ਹੈ, ਕਿਆ ਜਿਨਕੋ ਅਬ ਤਕ ਮੈਂ ਪਿਤਾ ਜੀ ਕਹਤਾ ਥਾ, ਵੋ ਮੇਰੇ ਨਾਨਾ ਹੈਂ, ਯੇਹ ਸਮਾਚਾਰ ਜਾਕੇ ਮਾਤਾ ਸੇ ਅਵਸ਼ਯ ਪੂਛੂੰਗਾ। ਐਸਾ ਵਿਚਾਰ ਕਰ ਲਾਠੀ ਕੇ ਸਹਾਰੇ ਉਠਾ ਔਰ ਗੰਗਾ ਤੀਰ ਪਰ ਪਹੁੰਚ ਕਰ ਸੰਧਯਾ ਵੰਦਨਾਦਿ ਕ੍ਰਿਆ ਕਰੀ। ਪਸਚਾਤ ਘਰ ਆਯਾ ਔਰ ਅਪਨੇ ਆਸਨ ਪਰ ਬੈਠ ਆਂਖੋਂ ਸੇ ਆਂਸੂ ਬਹਾਨੇ ਲਗਾ। ਉਸਕੀ ਮਾਤਾ ਨੇ ਉਸਕਾ ਰੋਨਾ ਦੇਖ ਕਰ ਘਬਰਾਈ ਕਿ ਯਿਹ ਬਾਲਕ ਕਬੀ ਰੋਣੇ ਵਾਲਾ ਨਹੀਂ ਥਾ, ਬੜਾ ਸ਼ਾਂਤ ਚਿਤ ਥਾ ਆਜ ਯਿਹ ਕਿਸ ਕਾਰਣ ਸੇ ਰੋ ਰਹਾ ਹੈ, ਮਾਤਾ ਦੌੜ ਆਈ ਪਿਆਰ ਕਰਿਆ ਔਰ ਪੂਛਾ ਕਿਆ ਤੁਮ ਕੋ ਕਿਸੀ ਨੇ ਮਾਰਾ ਹੈ ਅਥਵਾ ਔਰ ਕੋਈ ਨਮਿਤਿ ਹੈ, ਸੋ ਜਲਦੀ ਕਹੋ। ਕੁਬੜੇ ਨੇ ਕਹਾ ਹੇ ਮਾਤਾ! ਮੁਝ ਕੋ ਕਿਸੀ ਨੇ ਨਹੀਂ ਮਾਰਾ। ਪਰੰਤੂ ਜਿਨ ਕੋ ਤੂੰ ਪਿਤਾ ਜੀ ਕਹਤੀ ਹੈਂ ਵੋਹ ਮੇਰੇ ਕਿਆ ਲਗਤੇ ਹੈਂ ਮਾਤਾ ਨੇ ਕਹਾ ਮੇਰੇ ਪਿਤਾ ਤੁਮਾਰੇ ਨਾਨਾ ਲਗਤੇ ਹੈ। ਯਹ ਤੁਮਾਰਾ ਨਾਨਕਾ ਘਰ ਹੈ। ਬਾਲਕ ਨੇ ਪੂਛਾ ਹਮਾਰਾ ਅਪਨਾ ਘਰ ਕਹਾਂ ਹੈਂ। ਔਰ ਮੇਰੇ ਪਿਤਾ ਜੀ ਕਹਾਂ ਹੈਂ। ਆਜ ਰਿਸ਼ੀ ਬਾਲਕੋਂ ਨੇ ਕਹਾ ਇਸ ਕੇ ਬਾਪ ਨਹੀਂ ਹੈ। ਅਪਨੇ ਨਾਨਕੋਂ ਮੇਂ ਰਹਿਤਾ ਹੈ। ਕਿਯਾ ਸਚ ਮੁਚ ਮੇਰੇ ਪਿਤਾ ਨਹੀਂ ਹੈਂ। ਅਗਰ ਹੈਂ ਤੋ ਇਸ ਵਕਤ ਕਹਾਂ ਹੈ। ਮਾਤਾ ਬਾਲਕ ਕੇ ਵਚਨ ਸੁਨ ਕਰ ਸ਼ੋਕਾਤੁਰ ਹੋ ਗਈ ਪਤਿ ਵਿਓਗ ਕੀ ਆਗ ਭੜਕ ਉਠੀ ਔਰ ਪੁਤ੍ਰ ਕੇ ਸਿਰਪਰ ਹਥ ਰਖ ਕਰ

ਔਰ ਅਪਨੀ ਸਾੜ੍ਹੀ ਸੇ ਉਸ ਕੇ ਆਂਸੂ ਪੋਂਚ ਕਰ ਗਦ ਗਦ ਬਾਣੀ ਸੇ ਕਹਾ । ਹੇ ਬੇਟਾ ਰਿਸ਼ੀ ਬਾਲਕੋਂ ਨੇ ਜੋ ਕਹਾ ਵੋ ਸਤ ਹੈ ਯਹ ਘਰ ਆਪਨਾ ਨਹੀਂ ਹੈ । ਬਾਲਕ-ਮਾਤਾ ਅਪਨਾ ਘਰ ਯਹਾਂ ਸੇ ਕਿਤਨਾ ਦੂਰ ਹੈ ? ਮਾਤਾ ਨੇ ਕਹਾ ਬਹੁਤ ਦੂਰ ਹੈ । ਕੁਰਖੇਤ੍ਰ ਮੇਂ ਸਰਸੁਤੀ ਕੇ ਕਿਨਾਰੇ ਹੈ । ਬਾਲਕ-ਮਾਤਾ ! ਉਸ ਘਰ ਕੋ ਕਿਉਂ ਛੋੜਾ ? ਮਾਤਾ-ਤੇਰੇ ਪਿਤਾ ਕੇ ਵਹਾਂ ਨ ਰਹਨੇ ਕਰ ਛੋੜਾ ਕਿਉਂਕਿ ਵਹਾਂ ਮੈਂ ਇਕੱਲੀ ਨਹੀਂ ਰਹਿ ਸਕਤੀ ਥੀ। ਇਸ ਵਾਸਤੇ ਯਹਾਂ ਆ ਗਈ। ਕਿਉਂਕਿ ਇਸਤ੍ਰੀਓਂ ਕੇ ਰਹਨੇ ਕੇ ਲਿਏ ਦੋ ਹੀ ਠਿਕਾਂਨੇ ਹੋਯਾ ਕਰਤੇ ਹੈਂ। ਪਤਿ ਕਾ ਘਰ ਯਾ ਪਿਤਾ ਕਾ ਘਰ । ਯਹਾਂ ਰਹਨੇ ਮੇਂ ਕੋਈ ਦੋਸ਼ ਨਹੀਂ ਤੂੰ ਲੜਕੋਂ ਕੇ ਕਹਨੇ ਸੇ ਖੇਦ ਮਤਿ ਕਰ । ਕੁਬੜੇ ਬਾਲਕ ਕੋ ਮਾਤਾ ਕੇ ਵਚਨ ਸੁਨਕਰ ਜ਼ਿਆਦਾ ਸੰਦੇਹ ਹੂਆ। ਔਰ ਬੁਧੀ ਮਾਨ ਥਾ ਗੰਭੀਰ ਆਸ਼ਯ ਵਾਲਾ ਥਾ ਮਾਤਾ ਸੇ ਹਠ ਕਰਾ ਕਿ ਮੇਰਾ ਪਿਤਾ ਕਹਾਂ ਹੈ ਔਰ ਕੌਣ ਹੈ ਅਪਨੇ ਘਰ ਮੇਂ ਕਿਉਂ ਨਹੀਂ ਰਹਿਤੇ ਕਿਆ ਕਾਰਣ ਹੈ ? ਮੇਰੇ ਕੋ ਪਿਤਾ ਜੀ ਕੇ ਦਰਸ਼ਨ ਕਰਨੇ ਕੀ ਬੜੀ ਅਭਿਲਾਸ਼ਾ ਹੈ ਦੇਰ ਮਤਿ ਕਰ ਸਚ ਕਹ ਪਿਤਾ ਜੀ ਕਹਾਂ ਹੈ ? ਯਹ ਵਚਨ ਸੁਨ ਮਾਤਾ ਕੇ ਨੇਤ੍ਰੋਂ ਮੇਂ ਜਲ ਭਰ ਆਯਾ। ਔਰ ਬਾਵਲੀ ਸੀ ਹੋਕਰ ਕਹਨੇ ਲਗੀ । ਤੇਰੇ ਬਾਪ ਕਾ ਸਮਾਚਾਰ ਤੇਰੇ ਕੋ ਨਹੀਂ ਕਹ ਸਕਤੀ। ਕਹਾ ਭੀ ਤੋ ਤੂੰ ਕਿਆ ਕਰ ਸਕੇਂਗਾ ? ਕਿਆ ਤੂੰ ਭੀ ਮੇਰੇ ਤੋ ਛੋੜ ਜਾਏਂਗਾ ? ਨਹੀਂ ਨਹੀਂ ਮੈਂ ਤੁਝੇ ਕਦਾਪੀ ਜਾਣੇ ਨ ਦੂੰਗੀ ਮੈਂ ਤੇਰੇ ਬਿਨਾ ਕੈਸੇ ਜੀਊਂਗੀ ? ਮਾਤਾ ਕੋ ਘਬਰਾਤੇ ਦੇਖ ਬਾਲਕ ਨੇ ਕਹਾ ਮਾਤਾ ਘਬਰਾਓ ਮਤਿ ਧੀਰਜ ਧਰੋ । ਭਗਵਤ ਕ੍ਰਿਪਾ ਸੇ ਤੁਮਾਰੇ ਚਰਨੋਂ ਕੇ ਪ੍ਰਤਾਪ ਸੇ ਪਿਤਾ ਜੀ ਕੇ ਪੁੰਨਯ ਪ੍ਰਭਾਵ ਸੇ ਮੈਂ ਜਾਊਂਗਾ । ਔਰ ਪਿਤਾ ਜੀ ਕੋ ਅਵਸ਼ਯ ਘਰ ਲਾਊਂਗਾ । ਇਸ ਮੇਂ ਚਿੰਤਾ ਮਤ ਕਰੋ । ਮੈਂ ਬਿਨਾਂ ਬਾਪ ਕੇ ਨਹੀਂ ਕਹਿਲਾਊਂਗਾ । ਨਾਨਾ ਜੀ ਕੇ ਘਰ ਰਹਿਣੇ ਮੇਂ ਦੋਸ਼ ਨਹੀਂ ਸੋ ਠੀਕ ਹੈ, ਪਰੰਤੂ ਪਿਤਾ ਜੀ ਨੇ ਕਿਉਂ ਪਰਿ ਤਿਆਗ ਕੀਆ । ਅਬ ਕਿਉਂ ਨਹੀਂ ਆਤੇ ? ਅਥਵਾ ਕਿਸੀ ਵਿਪਤੀ ਮੇਂ ਫਸੇ ਹੈਂ ਜੋ ਨਹੀਂ ਆ ਸਕਤੇ ? ਇਸ ਬਾਤ ਕੀ ਮੁਝੇ ਬੜੀ ਚਿੰਤਾ ਲਗ ਰਹੀ ਹੈ, ਅਬ ਤਕ ਮੈਂ ਯਹ ਨਹੀਂ ਜਾਨਤਾ ਥਾ ਕਿ ਯੇਹ ਮੇਰੇ ਨਾਨਾ ਹੈਂ ਪਿਤਾ ਨਹੀਂ ਹੈ, ਮੈਨੇ ਬੜਾ ਅਪਰਾਧ ਕੀਆ ! ਜੋ ਇਨਕੋ ਪਿਤਾ ਕਹਿਤਾ ਭਯਾ । ਹਾਂ ! ਹਾਂ ! ਇਸ ਅਪਰਾਧ ਕੇ ਮਹਾ ਪਾਪ ਸੇ ਕਬ ਔਰ ਕੈਸੇ ਛੂਟੂੰਗਾ ? ਇਸ ਅਨੁਚਿਤ ਸੰਬਦ ਕਰਨੇ ਕਾ ਮੁਝੇ ਕੈਸਾ ਦੰਡ ਮਿਲੇਗਾ ? ਹਰੇ ! ਹਰੇ ! ਮੈਂ ਬੜਾ ਅਪਰਾਧ ਕਰ ਬੈਠਾ ਜੋ ਮੈਂ ਨਾਨਾ ਕੋ ਪਿਤਾ ਜੀ ਕਹਿਕੇ ਬੁਲਾਤਾ ਰਹਾ । ਅਛਾ ਜੋ ਹੂਆ ਸੋ ਹੂਆ । ਅਬ ਪਹਿਲੇ ਮੁਝੇ ਯੇ ਬਤਲਾਓ ਪਿਤਾ ਜੀ ਕਹਾ ਹੈਂ ? ਪੁਤਰ ਕਾ ਬੜਾ ਹਠ ਔਰ ਵਿਵੇਕ ਸਹਿਤ ਵਾਰਤਾਲਾਪ ਸੁਨ ਕਰ ਮਾਤਾ ਨੇ ਪੁਤ੍ਰ ਸੇਂ ਕਹਾ। ਹੇ ਵਤਸ ! ਜਬ ਤੇਰਾ ਜਨਮ ਭੀ ਨਹੀਂ ਹੋਨੇ ਪਾਯਾ ਥਾ । ਤਬ ਸੇ ਤੇਰੇ ਪਿਤਾ ਕਾ ਔਰ ਮੇਰਾ ਵਿਯੋਗ ਹੂਆ ਹੈ । ਮਿਥਿਲਾ ਪੁਰੀ ਕੇ ਰਾਜਾ ਜਨਕ ਕੇ ਪਾਸ ਅਨੇਕ ਰਿਸ਼ੀ ਮੁਨੀ ਇਕੱਤ੍ਰ ਹੂਏ ਹੈਂ ਤੇਰੇ ਪਿਤਾ ਭੀ ਵਹਾਂ ਹੀ ਹੈਂ । ਬਾਲਕ ਨੇ ਫੇਰ ਪੂਛਾ ਵਹਾਂ ਕਿਉਂ ਗਏ ? ਔਰ ਅਬ ਤਕ ਕਿਉਂ ਨਹੀਂ ਲੌਟੇ ? ਕਿਆ ਤੁਮ ਸੇ



ਅਪ੍ਰਸੰਨ ਹੋਕੇ ਚਲੇ ਗਏ ? ਮਾਤਾ ਨੇ ਕਹਾ ਨਹੀਂ ਯੇ ਬਾਤ ਨਹੀਂ, ਮੈਨੇ ਕਬੀ ਭੀ ਕਿਸੀ ਭਾਂਤਿ ਉਨਕਾ ਮਨ ਨਹੀਂ ਦੁਖਾਯਾ, ਸ਼ਰਧਾ ਪ੍ਰੇਮ ਆਦਰ ਸੇ ਉਨਕੀ ਸੇਵਾ ਕਰੀ। ਪਰੰਤੂ ਤੇਰੇ ਪਿਤਾ ਬੜੇ ਪ੍ਰਸਿਧ ਵਿਦਵਾਨ ਔਰ ਤੇਜਸ੍ਵੀ ਹੈਂ, ਅਨੇਕ ਵਾਰ ਰਾਜ ਸਭਾਓਂ ਮੇਂ ਵਿਦਵਾਨ ਰਿਸ਼ੀ ਮੁਨੀਓਂ ਕੇ ਮੰਡਲੋਂ ਮੇਂ, ਉਨ੍ਹੋਂ ਨੇ ਬੜਾ ਮਾਨ ਪ੍ਰਾਪਤ ਕੀਆ ਥਾ। ਇਸ ਸੇ ਉਨਕੀ ਕੀਰਤੀ ਉੂਜਲ ਚਾਂਦਨੀ ਕੇ ਸਾਮਾਨ ਸਾਰੇ ਭੂਮੰਡਲ ਮੇਂ ਚਮਕ ਔਰ ਫੈਲ ਗਈ ਥੀ । ਰਾਜਾ ਜਨਕ ਕੇ ਗੁਪਤ ਪ੍ਰਸ਼ਨੋਂ ਕਾ ਉਤਰ ਦੇਨੇ ਕੇ ਲੀਏ, ਸਬ ਜਗਹ ਕੇ ਬੜੇ ੨ ਰਿਸ਼ੀ ਮਹਿਰਿਸ਼ੀਓਂ ਕੋ, ਔਰ ਪ੍ਰਸਿਧ ਵਿਦਵਾਨੋਂ ਕੋ ਨਿਮੰਤ੍ਰਣ ਭੇਜੇ ਗਏ ਥੇ। ਉਸ ਸਮੇਂ ਰਾਜਾ ਕਾ ਆਮੰਤ੍ਰਣ ਪਾਕਰ, ਤੇਰੇ ਪਿਤਾ ਮਿਥਲਾਪੁਰੀ ਕੋ ਗਏ ਥੇ ਆਜ ਤਕ ਵਹਾਂ ਹੀ ਵਿਰਾਜਮਾਨ ਹੈਂ। ਇਤਨਾ ਸੁਨਨੇ ਮੇਂ ਆਯਾ ਹੈ ਕਿ ਜਿਤਨੇ ਰਿਸ਼ੀ ਮੁਨੀ ਵਿਦਵਾਨ ਹੈਂ, ਉਨ ਮੇਂ ਸੇ ਕੋਈ ਭੀ ਰਾਜਾ ਕੇ ਪ੍ਰਸ਼ਨ ਕਾ ਉਤਰ ਨਹੀਂ ਦੇ ਸਕਾ। ਜਬ ਰਾਜਾ ਕੋ, ਬਾਤ ਕਾ ਜਵਾਬ ਨਹੀਂ ਮਿਲਾ ਤਬ ਰਾਜਾ ਨੇ ਸਭ ਸੇ ਕਹਾ ਹੇ ਮਹਿ-ਰਿਸ਼ੀਓ ਵਿਦਵਤ ਜਨੋਂ ਆਪ ਫੇਰ ਫੇਰ ਵਿਚਾਰ ਕਰੋ ਜਬ ਤਕ ਮੇਰੇ ਪ੍ਰਸ਼ਨ ਕਾ ਆਪ ਲੋਗ ਯਥਾਰਥ ਉੱਤਰ ਦੇਕਰ ਮੇਰੇ ਮਨ ਕਾ ਸ਼ੰਦੇਹ ਨ ਮਿਟਾਓਗੇ, ਤਬ ਤਕ ਆਪ ਕੋ ਯਹਾਂ ਸੇ ਜਾਨੇ ਨ ਦੂੰਗਾ। ਆਪ ਸਭ ਵਸਤੂ ਖਾਨ ਪਾਨ ਨਿਤ ਨੈਮਿਤ ਕਰਮ ਕੀ ਲੇ ਲੇਵੇਂ, ਔਰ ਵਸਤੂ ਨਿਵਾਸ ਸਥਾਨ ਸਭ ਤਰਹ ਅਛੇ ਸੇ ਅਛੇ ਲੇ ਲੇਵੇਂ, ਔਰ ਮੇਰੇ ਪ੍ਰਸ਼ਨ ਕੇ ਉੱਤਰ ਕੀ ਖੋਜ ਕਰੇਂ । ਉੱਤਰ ਦੇਕਰ ਚਲੇ ਜਾਵੇਂ । ਇਸ ਰਾਜ ਆਗਿਆ ਕੇ ਕਾਰਣ ਸੇ, ਸਬ ਆਜ ਤਕ ਵਹੀਂ ਨਿਵਾਸ ਕਰ ਰਹੇ ਹਨ। ਮਾਤਾ ਕੇ ਸਤ ਬਚਨ ਸੁਨ ਕਰ ਕੁਬੜਾ ਬਾਲਕ ਬੋਲਾ ਹੇ ਮਾਤਾ ਐਸਾ ਕੌਨ ਸਾ ਪ੍ਰਸ਼ਨ ਰਾਜਾ ਨੇ ਪੂਛਾ ਥਾ ਜਿਸਕਾ ਉੱਤਰ ਆਜ ਤਕ ਰਾਜਾ ਕੋ ਕਿਸੀ ਵਿਦਵਾਨ ਨੇ ਨਹੀਂ ਦੀਆ ? ਯਦਿ ਮਾਤਾ ਤੂੰ ਜਾਨਤੀ ਹੋ ਤੋ ਮੁਝਕੋ ਕਹੁ। ਮੈਂ ਉਸਕੋ ਸੋਚ ਵਿਚਾਰ ਰਾਜਾ ਪਾਸ ਉੱਤਰ ਦੇਕਰ ਸਭ ਰਿਸ਼ੀ ਮੁਨੀਓਂ ਕੋ ਮੁਕਤ ਕਰੂੰਗਾ, ਔਰ ਪਿਤਾ ਕੋ ਘਰ ਲੇ ਆਊਂਗਾ। ਇਤਨੇ ਬਰਸੋਂ ਤਕ ਰਾਜਾ ਕੇ ਏਕ ਪ੍ਰਸ਼ਨ ਕਾ ਉੱਤਰ ਨਹੀਂ ਦੀਯਾ ਗਯਾ, ਤੋ ਕਿਆ ਸ੍ਰਿਸਟੀ ਮੇਂ ਬ੍ਰਹਮ ਬੀਜ ਨਸ਼ਟ ਹੋ ਗਯਾ ? ਕਿਆ ਮਾਤਾਏਂ ਤਤ੍ਵ ਗਿਆਨੀ ਪੁਤਰੋਂ ਕੋ ਜਨਮ ਨਹੀਂ ਦੇਤੀ ? ਸੋ ਅਬ ਅਵਸ਼ਯ ਜਾਊਂਗਾ, ਔਰ ਸਭ ਕੋ ਛੁਡਾ ਕਰ ਲੇ ਆਊਂਗਾ । ਮਾਤਾ ਨੇ ਕਹਾ ਹੇ ਪੁਤ੍ਰ ! ਜਹਾਂ ਬੜੇ ਪ੍ਰਤਾਪੀ ਅਨੁਭਵੀ ਤੇਜਸ੍ਵੀ ਪੁਰਸ਼ ਉਤਰ ਨਹੀਂ ਦੇ ਸਕੇ, ਤੋ ਤੂੰ ਕੈਸੇ ਦੇਗਾ। ਨ ਤੂੰ ਵਿਸ਼ੇਸ਼ ਪੜ੍ਹਾ ਹੈ, ਨ ਵਿਸ਼ੇਸ਼ ਸਤਿਸੰਗ ਹੀ ਕੀਆ ਹੈ । ਮੈਂ ਬਿਲਕੁਲ ਤੁਮਕੋ ਜਾਨੇ ਨ ਦੂੰਗੀ । ਬਾਲਕ ਨੇ ਕਹਾ ਮਾਤਾ ! ਰਾਜਾ ਨੇ ਪ੍ਰਸ਼ਨ ਕਿਆ ਕਰਾ ਹੈ ? ਮਾਤਾ ਨੇ ਕਹਾ ਰਾਜਾ ਕਾ ਕੇਵਲ ਯੇਹ ਹੀ ਪ੍ਰਸ਼ਨ ਹੈ ਕਿ "ਯੇਹ ਸੱਚਾ ਅਥਵਾ ਵੋਹ ਸੱਚਾ" ਬਸ ਇਤਨਾ ਹੀ ਕਹਿਤਾ ਹੈ ਇਨ ਅਖਸ਼ਰੋਂ ਕੋ ਖੋਲ ਕਰ ਨਹੀਂ ਕਹਿਤਾ ਯਾਨੇ ਵਿਸਤਾਰ ਕਰ ਨਹੀਂ ਕਹਿਤਾ ਨਾ ਜਾਣੇ ਕਿਆ ਕਾਰਣ ਹੈ । ਇਸ ਵਾਸਤੇ ਪਹਿਲੇ ਪ੍ਰਸ਼ਨ ਹੀ ਨਹੀਂ ਸਮਝਾ ਜਾਤਾ, ਤੋ ਉਸ ਕਾ ਉੱਤਰ ਦੇਣਾ ਤੋ ਬਹੁਤ ਹੀ ਮੁਸ਼ਕਲ ਹੈ। ਬਾਲਕ ਕਹਿਣੇ ਲਗਾ ਮੈਂ ਇਸ ਬਾਤ ਕੋ ਅਛੀ ਤਰ੍ਹਾਂ ਜਾਣਤਾ ਹੂੰ, ਔਰ ਜਾਕਰ ਉੱਤਰ

ਦੇ ਕਰ ਸਬ ਕੋ ਛੂੜਾ ਆਤਾ ਹੂੰ। ਮਾਤਾ ਬਹੁਤ ਰੁਦਨ ਕਰਨੇ ਲਗੀ, ਔਰ ਕਹਿਣ ਲਗੀ, ਮੈਂ ਹਰਗਿਜ਼ ਤੁਮ ਕੋ ਜਾਣੇ ਨ ਦੂੰਗੀ। ਬਾਲਕ ਕਹਿਣੇ ਲਗਾ ਹੇ ਜਨਨੀ, ਤੂੰ ਕੋਈ ਚਿੰਤਾ ਨਾ ਕਰ, ਮੈਂ ਪਿਤਾ ਜੀ ਕੋ ਸਾਥ ਲੇ ਜਲਦੀ ਲੌਟ ਆਊਂਗਾ, ਅਗਰ ਨਾ ਜਾਣੇ ਦੇਗੀ ਤੋ ਭੀ ਜ਼ਰੂਰ ਜਾਊਂਗਾ, ਰਹੂੰਗਾ ਨਹੀਂ। ਆਪ ਪ੍ਰਸੰਤਾ ਸੇ ਆਗਿਆ ਦੋ ਮਾਤਾ ਨੇ ਬਾਲਕ ਕਾ ਹਠ ਦੇਖ, ਆਗਿਆ ਦਿਤੀ, ਵੋਹ ਅਪਣੇ ਮਾਮਾ ਸ਼ਵੇਤ ਕੇਤੂ ਕੋ ਸਾਥ ਲੇ ਕਰ ਅਸਟਾ ਵਕ੍ਰ ਮੁਨੀ ਰਾਜਾ ਜਨਕ ਕੇ ਦੇਸ਼ ਕੋ ਚਲੇ ਗਏ।

ਰਾਜਾ ਜਨਕ ਮਿਥਲਾ ਪੁਰੀ ਮੇਂ ਵਿਰਾਜਮਾਣ ਥੇ, ਜੇਠ ਕਾ ਮਹੀਨਾ ੧੨ ਵਜੇ ਦਿਨ ਕੇ, ਜੋ ਕਿ ਬਹੁਤ ਗਰਮੀ ਕੇ ਦਿਨ ਥੇ, ਔਰ ਬੜੀ ਗਰਮ ਹਵਾ ਚਲ ਰਹੀ ਥੀ। ਲੋਕ ਬੜੇ ਘਬਰਾ ਰਹੇ ਸੀ, ਔਰ ਉਸ ਸਮੇਂ ਰਾਜਾ ਜਨਕ ਨੇ, ਗਰਮੀ ਕੋ ਦੂਰ ਕਰਨੇ ਕੇ ਵਾਸਤੇ ਅਪਨੇ ਰੰਗ ਮਹਲ ਕੋ, ਠੰਡੀ ਚੀਜ਼ੋਂ ਸੇ ਸ਼ੋਭਿਤ ਕਰ ਰਖਾ ਥਾ। ਦੁਆਰ ਦੁਆਰ ਔਰ ਖਿੜਕੀ ਖਿੜਕੀ ਪਰ, ਸੁਗੰਧਤ ਖਸ ਕੇ ਪਰਦੇ ਲਗ ਰਹੇ ਥੇ। ਉਸਕੇ ਉਪਰ ਗੁਲਾਬ ਜਲ ਛਿੜਕਾ ਜਾਤਾ ਥਾ, ਔਰ ਮਹਲ ਕੇ ਅੰਦਰ ਖਸ ਕੇ ਪਰਦੇ ਲਗੇ ਹੂਏ ਥੇ, ਔਰ ਗੁਲਾਬ ਕੇਵੜੇ ਆਦਿਕ ਕੇ ਫੁਹਾਰੇ ਲਗ ਰਹੇ ਥੇ, ਔਰ ਮਹਾਰਾਜਾ ਜਨਕ ਕਾ ਸੁਵਰਣ ਕਾ ਪਲੰਘ, ਫੂਲੋਂ ਕੀ ਸੇਜਾ ਸੇ ਸਜਾਇਆ ਹੂਆ ਥਾ ਔਰ ਮਹਾਰਾਣੀਆਂ ਅਪਨੇ ਹਾਥੋਂ ਸੇ ਮਹਾਰਾਜਾ ਸਾਹਿਬ ਕੇ ਅੰਗੋਂ ਮੇਂ, ਚੰਦਨ ਅਗਰ ਆਦਿ ਸੁਗੰਧਤ ਵਸਤੂਏਂ, ਲਗਾ ਰਹੀ ਥੀਂ। ਮਤਲਬ ਹਿਮਾਲਯ ਬਣਾ ਹੂਆ ਥਾ। ਗਰਮੀ ਕਾ ਨਾਮ ਨਿਸ਼ਾਨ ਨਹੀਂ ਥਾ। ਔਰ ਮਹਾਰਾਜਾ ਜਨਕ ਖਟੇ ਮਿਠੇ ਸਲੂਣੇ ਛਤੀ ਪ੍ਰਕਾਰ ਕੇ ਭੋਜਨ, ਪਾ ਕਰ ਤ੍ਰਿਪਤ ਹੋ ਰਹੇ ਥੇ। ਉਸ ਵਕਤ ਪਲੰਘ ਪਰ ਲੇਟੇ ੨ ਮਹਾਰਾਜ ਜਨਕ ਕੀ ਆਂਖ ਲਗ ਗਈ, ਔਰ ਏਕ ਅਦਭੁਤ ਸੁਪਨ ਦੇਖਾ ਜੋ ਪਿਛਲੇ ਕਿਸੀ ਜਨਮ ਮੇਂ ਮਹਾਰਾਜਾ ਜਨਕ ਨੇ ਦੇਖਾ ਹੂਆ ਸੀ, ਜਨਮਾਂਤਰੀ ਸੰਸਕਾਰੋਂ ਸੇ ਫਿਰ ਸੁਪਨ ਮੇਂ ਸਿਮ੍ਰਿਤਿ ਹੋ ਆਈ, ਵੋਹ ਸੁਪਨ ਯੇਹ ਥਾ, ਜਿਸਕੋ ਰਾਜਾ ਜਨਕ ਨੇ ਦੇਖਾ। ਮੇਰੇ ਸੇ ਕੋਈ ਬੜਾ ਭਾਰੀ ਪਾਪ ਹੋ ਗਿਆ ਹੈ, ਔਰ ਵੋਹ ਪਾਪ ਦੇਸ ਦੇਸਾਂਤਰ ਮੇਂ ਪ੍ਰਸਿਧ ਹੋ ਗਿਆ ਹੈ, ਔਰ ਮੇਰੇ ਤੇ ਪਾਪ ਕੇ ਪ੍ਰਭਾਵ ਸੇ ਸਭ ਕੀ ਘ੍ਰਿਣਾ ਹੋ ਰਹੀ ਹੈ, ਯਾਨੇ ਮੇਰੇ ਕੋ ਸਾਰੇ ਪਾਪੀ ਸਮਝਤੇ ਹੈਂ ਔਰ ਰਾਜ ਗੱਦੀ ਸੇ ਉਤਾਰਨਾ ਚਾਹਤੇ ਹੈਂ। ਇਸ ਖਿਆਲ ਸੇ ਸਬ ਲੋਗ ਬਲਵਾਨ ਰਾਜਾ ਕੇ ਪਾਸ ਗਏ, ਔਰ ਕਹਾ ਰਾਜਾ ਜਨਕ ਕਾ ਰਾਜ ਖੋਸ ਲੋ। ਉਸ ਕੋ ਜਹਾਂ ਤਕ ਹੋ ਸਕੇ ਘੋਰ ਸਖਤੀ ਦਿਓ। ਇਤਨੇ ਮੇਂ ਰਾਜਾ ਜਨਕ ਕਿਆ ਦੇਖਤਾ ਹੈ, ਮੇਰੇ ਪਰ ਏਕ ਬਲਵਾਨ ਰਾਜਾ ਚੜ੍ਹ ਆਇਆ ਹੈ ਔਰ ਉਸਕੀ ਅਪਾਰ ਸੈਨਾ ਨੇ ਨਗਰ ਕੋ ਚਾਰੋਂ ਤਰਫ ਸੇ ਘੇਰ ਲੀਆ ਹੈ ਔਰ ਉਸਕੇ ਸਾਥ ਘੋਰ ਯੁਧ ਹੂਆ ਪਰ ਉਸ ਕੀ ਜੈ ਹੋ ਗਈ ਔਰ ਉਸ ਸਤ੍ਰ ਰਾਜਾ ਨੇ, ਮੇਰਾ ਰਾਜ ਸਿੰਘਾਸਣ ਅਪਨੇ ਅਧੀਨ ਕਰ ਲੀਆ, ਮੇਰੀਆਂ ਰਾਣੀਆਂ ਕੋਸ਼ ਸਬ ਸੰਭਾਲ ਲੀਏ, ਔਰ ਅਕੇਲੇ ਮੇਰੇ ਕੋ ਨਗਨ ਕਰਕੇ, ਫਕਤ ਏਕ ਕਟੀ ਵਸਤ੍ਰ ਦੇ ਕਰ ਕਰੜੀ ਧੂਪ ਮੇਂ, ਨਗਨ ਪ੍ਰਾਦ ਕਰਕੇ ਦੇਸ਼ ਨਿਕਾਲਾ ਦੇ ਦੀਆ। ਔਰ ਢੰਢੋਰਾ ਪਿਟਵਾ



ਦੀਆ ਕਿ, ਇਸ ਰਾਜਾ ਜਨਕ ਕੋ ਭੀ ਮਨੁਸ਼ਜ ਦਯਾ ਸੇ ਯਾਂ ਮਿਤ੍ਰਤਾ ਸੇ ਅਥਵਾ ਸੰਬੰਧੀਪੁਣੇ ਸੇ ਕੋਈ ਭੀ ਸਤਿਕਾਰ ਨ ਕਰੇ। ਉਸਕੋ ਸਖਤ ਦੰਡ ਦੀਆ ਜਾਏਗਾ ਔਰ ਜੋ ਰਾਜਾ ਕੋ ਅੰਨ ਜਲ ਵਸਤਰ ਜੂਤਾ ਛਾਤਾ ਸਰੀਰ ਨਿਮਿਤ ਦੇਵੇਗਾ ਵੋਹ ਪਕੜਾ ਜਾਏਗਾ। ਜੋ ਉਸਕੀ ਜੈ ਬੁਲਾਏਗਾ ਵੋਹ ਸਜ਼ਾਵਾਰ ਹੋਗਾ। ਬਲਕਿ ਜੋ ਉਸ ਕੋ ਧੱਕੇ ਲਗਾਏਗਾ, ਮੂਕਾ ਮਾਰਗਾ, ਜੂਤਾ ਲਗਾਏਗਾ। ਉਸ ਕੋ ਇਨਾਮ ਦੀਆ ਜਾਏਗਾ। ਐਸਾ ਸ਼ਹਿਰ ੨ ਗ੍ਰਾਮ ੨ ਮੇਂ ਢੰਢੋਰਾ ਪਿਟਵਾ ਦੀਆ, ਔਰ ਜਗ੍ਹਾ ੨ ਸਿਪਾਹੀ ਖੜੇ ਕਰ ਦੀਏ, ਕਿ ਨਾ ਕੋਈ ਇਸਕੋ ਅਸਥਾਨ ਦੇਵੇ ਨਾ ਇਸ ਕਾ ਕੋਈ ਸਤਿਕਾਰ ਕਰੇ। ਜੋ ਦੇਵੇ ਉਸਕੋ ਪਕੜੋ, ਇਸ ਪ੍ਰਕਾਰ ਰਾਜਾ ਕੋ ਜਣ ਨਗਰ ਸੇ ਬਾਹਰ ਕਰਨੇ ਲਗੇ, ਤੋ ਸਬ ਮਨੁਸ਼ਜ ਜੋ ਪਹਿਲੇ, ਬਜ਼ਾਰ ਮੇਂ ਆਤੇ ਰਾਜਾ ਕੋ ਦੇਖ ਕਰ, ਅਨੇਕ ਪ੍ਰਕਾਰ ਕੇ ਸਤਿਕਾਰ ਕਰਤੇ ਥੇ, ਔਰ ਰਾਜਾ ਕੀ ਜੈ ਬੁਲਾਇਆ ਕਰਤੇ ਥੇ। ਆਜ ਵੋਹ ਹੀ ਪੁਰਸ਼, ਧਿਕਾਰ ਸ਼ਬਦ ਕਹਿ ਰਹੇ ਹਨ, ਔਰ ਈਂਟੇਂ ਪੱਥਰ ਮਾਰ ਕਰ ਅਨੇਕ ਤ੍ਰਿਸਕਾਰ ਕਰ ਰਹੇ ਹਨ। ਰਾਜਾ ਕੋ ਮਧਯਾਨ ਕਾਲ ਕਾ ਸੂਰਜ ਬੜਾ ਤਪਾ ਰਹਾ ਥਾ। ਬੜੀ ਗਰਮ ਹਵਾ ਅੰਗੋਂ ਕੋ ਸਾੜ ਰਹੀ ਥੀ ਜਿਸਨੇ ਕਭੀ ਆਂਖੋਂ ਸੇ ਧੂਪ ਨਹੀਂ ਦੇਖੀ ਥੀ, ਔਰ ਠੰਢੇ ੨ ਮਹਲੋਂ ਮੇਂ ਰਹਿਣੇ ਵਾਲਾ ਥਾ। ਆਜ ਉਸ ਕੇ ਪੀਛੇ ਸਿਪਾਹੀ ਲਗੇ ਹੋਏ ਹਨ, ਔਰ ਭੱਠ ਕੀ ਨਿਆਈਂ ਤਪਤ ਰੇਤੇ ਮੇਂ ਰਾਜਾ ਕੋ ਨਗਨ ਪਾਦ, ਸੇ ਲੇ, ਜਾ ਰਹੇ ਹਨ। ਰਾਜਾ ਕਾ ਮੂੰਹ ਪਿਆਸ ਕੇ ਮਾਰੇਂ ਖੁਸ਼ਕ ਹੋਤਾ ਜਾਤਾ ਹੈ, ਪਰੰਤੂ ਪਾਣੀ ਨਹੀਂ ਦੇਤੇ, ਔਰ ਬ੍ਰਿਖ ਕੀ ਛਾਯਾ ਮੇਂ ਖੜੇ ਹੋਨੇ ਭੀ ਨਹੀਂ ਦੇਤੇ, ਔਰ ਭੂਖ ਭੀ ਕੜਕੜਾ ਰਹੀ ਹੈ ਪਰ ਚਾਬਨੇ ਕੋ ਚਣੇ ਭੀ ਨਹੀਂ ਦੇਤੇ, ਆਜ ਮਹਾਰਾਜਾ ਜਨਕ ਅਤਿਅੰਤ ਕਸ਼ਟ ਪਾ ਰਹੇ ਹਨ। ਸ਼ੋਕ ਔਰ ਦੁਖ ਸੇ ਚੂਰਣ ਹੋ ਗਯਾ ਹੈ ਚਿਤ ਜਿਸਕਾ, ਐਸਾ ਰਾਜਾ ਨੇਤਰੋਂ ਸੇ ਜਲ ਬਹਾਇ ਰਹਾ ਹੈ, ਔਰ ਮੁਖ ਸੇ ਹਾਇ ਹਾਇ ਕਰ ਰਹਾ ਹੈ, ਔਰ ਸਿਪਾਹੀਓਂ ਔਰ ਪਰਜਾ ਕੋ, ਬੜੀ ਨਿਮ੍ਰਤਾ ਸੇ ਕਹਿ ਰਹਾ ਹੈ, ਦਯਾ ਕਰੋ ਦਯਾ ਕਰੋ। ਪ੍ਰੰਤੂ ਸ਼ਤ੍ਰ ਰਾਜਾ ਕੇ ਭੈ ਸੇ ਕੋਈ ਦਯਾ ਨਹੀਂ ਕਰਤਾ ਅਰ ਪੈਰੋਂ ਮੇਂ ਛਾਲੇ ਪੜ ਗਏ, ਚਲਾ ਨਹੀਂ ਜਾਤਾ। ਭੂਖ ਕੇ ਮਾਰੇ ਪੇਟ ਪਿਠੀ ਸੇ ਲਗ ਗਯਾ। ਕਲੇਜਾ ਭੂਖ ਕੇ ਮਾਰੇ ਕਾਂਪਨੇ ਲਗਾ। ਆਖੇਂ ਬਾਹਰ ਨਿਕਲ ਆਈ, ਨਰਕ ਸੇ ਭੀ ਅਧਿਕ ਦੁਖ ਹੂਆ। ਰਾਜਾ ਗਿਰ ਗਏ ਬੇਹੋਸ਼ ਹੋ ਗਏ ਤਬ ਸਿਪਾਹੀ ਵਹਾਂ ਰਾਜਾ ਕੋ ਛੋੜ ਕਰ ਚਲੇ ਗਏ ਰਾਤ ਪੜ ਗਈ ਜੰਗਲ ਥਾ ਅੰਧੇਰੀ ਰਾਤ ਮੇਂ ਰਸਤਾ ਨ ਦਿਖਾਈ ਆਵ ਕੰਕਰ ਕੰਡੇ ਪੱਥਰ ਚੁਭੇ। ਰਾਜਾ ਫੇਰ ਬੈਠ ਜਾਵੇ ਜੰਗਲ ਕੇ ਜਾਨਵਰ, ਸ਼ੇਰ ਵਿਆਘ੍ਰਾਦਿ ਵਾਰ ੨ ਗਰਜਨਾ ਕਰਨੇ ਲਗੇ। ਮ੍ਰਿਤੂ ਕੇ ਭਯ ਸੇ ਰਾਜਾ ਕੋ ਰਾਤ ਭਰ ਨੀਂਦ ਨਾ ਪਈ, ਸਵੇਰ ਹੋਤੇ ਹੀ ਰਾਜਾ ਗ੍ਰਾਮ ਕੋ ਚਲਾ, ਰਸਤੇ ਮੇਂ ਕੁਤੋਂ ਨੇ ਘੇਰ ਲੀਆ ਰਾਜਾ ਪਾਸ ਸੋਟੀ ਭੀ ਨਹੀਂ ਥੀ, ਔਰ ਕੁਤੋਂ ਨੇ ਕਾਟ ਕਾਟ ਕਰ ਫਟੜ ਕਰ ਦੀਆ। ਸਤ੍ਰ ਰਾਜਾ ਕਾ ਜਗਹ ੨ ਢੰਡੋਰਾ ਫਿਰ ਚੁਕਾ ਥਾ ਔਰ ਪਾਪੀ ਜਾਣ ਕਰ ਰਾਜਾ ਕੋ ਕੁਤੋਂ ਸੇ ਕਿਸੀ ਨੇ ਭੀ ਨਾ ਛੁਡਾਯਾ ਔਰ ਨ ਫੱਟੋਂ ਪਰ ਮੱਲ੍ਹਮ ਕਰਨੇ ਦਿਤੀ ਬਲਕਿ ਗਾਂਵ ਕੇ ਲੋਕ ਔਰ ਬੱਚੇ

ਪੀਛੇ ਪੜ ਕਰ ਧੱਕੇ ਮਾਰਤੇ ਮਾਰਤੇ ਗਾਂਵ ਸੇ ਬਾਹਰ ਕਰ ਦੀਆ । ਫੇਰ ਰਾਜਾ ਕੋ ਸਿਪਾਹੀਓਂ ਨੇ ਪਕੜ ਲੀਆ । ਤਤੇ ਰੇਤੇ ਮੇਂ ਤੋਰ ਲੀਆ ਔਰ ਅਪਨੀ ਹੱਦ ਸੇ ਬਾਹਰ ਕਰ ਦੀਆ । ਰਾਜਾ ਭੂਖ ਪਿਆਸ ਸੇ ਬੜਾ ਦੁਖੀ ਥਾ ਔਰ ਅਪਨੇ ਅੰਨ ਜਲ ਕਾ ਕੋਈ ਸਾਧਨ ਨ ਦੇਖਾ, ਤੋ ਕਹਿਨੇ ਲਗਾ ਹਾ ਦੇਵ ! ਹਾ ਦੇਵ ! ਮੇਰੇ ਕੋ ਕਿਸ ਪਾਪ ਕਾ ਦੰਡ ਦੀਆ । ਹੇ ਭਗਵਾਨ ! ਮੈਂ ਪਾਪੀ ਅਪਰਾਧੀ ਹੂੰ, ਮੇਰੇ ਤੇ ਦਯਾ ਕਰ । ਐਸੇ ਰਸਤੇ ਮੇਂ ਬੈਠ ਕਰ ਅਪਨੇ ਪਾਪੋਂ ਕਾ ਪਸਚਾਤਾਪ ਕਰਤਾ ਥਾ । ਇਤਨੇ ਮੇਂ ਤੀਰਥ ਯਾਤ੍ਰੀਓਂ ਕਾ ਸਮੁਦਾਯ ਉਸੀ ਰਸਤੇ ਸੇ ਜਾ ਰਹਾ ਥਾ ਰਾਜਾ ਨੇ ਉਨ ਸੇ ਖਾਨੇ ਵਾਸਤੇ ਮੰਗਾ । ਕਿਸੀ ੨ ਯਾਤਰੂਓਂ ਨੇ ਰਾਜਾ ਕੋ ਇਕ ਇਕ ਕੌਡੀ ਦਿਤੀ ਜੋ ਬੜੀ ਯਾਚਨਾ ਕਰਤੇ ਕਰਤੇ ੧੯ ਕੌਡੀ ਇਕੱਠੀ ਹੂਈ, ਰਾਜਾ ਕੇ ਨੇਤ੍ਰੋਂ ਮੇਂ ਜਲ ਆ ਗਿਆ । ਰੋਨੇ ਲਗਾ ਔਰ ਕਹਿਨੇ ਲਗਾ, ਦੇਖੋ ! ਜਿਸ ਮੇਰੇ ਪਾਸ ਹੀਰਾ ਜਵਾਹਰਾਤ ਸੋਨੇ ਚਾਂਦੀ ਕੇ ਖਜ਼ਾਨੇ ਭਰੇ ਰਹਿਤੇ ਥੇ, ਵਹ ਹੀ ਮੈਂ ਹੂੰ । ਦੈਵ ਕੇ ਕੋਪ ਸੇ ਆਜ ਮੇਰੇ ਕੋ ਏਕ ਪੈਸਾ ਭੀ ਨਹੀਂ ਮਿਲਤਾ ਜੋ ਮੈਂ ਚਣੇ ਹੀ ਚਾਬਲੂੰ । ਉਨੀਸ ਕੌਡੀਆਂ ਲੇਕਰ ਸ਼ਹਿਰ ਕੋ ਚਲਾ । ਪੂਛਾ ਕੋਈ ਸਦਾ ਵਰਤ ਹੋਵੇ ਤੋ ਮੇਰੇ ਕੋ ਬਤਾਓ, ਕਿਸੀ ਦਯਾਵਾਨ ਨੇ ਸਦਾ ਵਰਤ ਕੀ ਜਗਹ ਬਤਾਈ । ਸਦਾ ਵਰਤ ਵਾਲੇ ਨੇ ਕਹਾ, ਯਹਾਂ ਪੱਕੀ ਪਕਾਈ ਖਿਚੜੀ ਮਿਲਤੀ ਹੈ, ਕੋਈ ਬਰਤਣ ਲੇ ਆਓ । ਰਾਜਾ ਨੇ ਸਾਹਮਣੇ ਕੁੰਭਾਰ ਕੋ ਕੌਡੀਆਂ ਦੇਕਰ ਇਕ ਠੀਕਰਾ ਲੇ ਲੀਆ, ਪਰੰਤੂ ਕੁਛ ਦੇਰੀ ਹੋ ਗਈ ਮੰਗਤੇ ਲੋਕ ਬਹੁਤ ਕਠੇ ਹੋ ਰਹੇ ਥੇ । ਖਿਚੜੀ ਵਰਤ ਚੁਕੀ ਥੀ । ਲੋਕੋਂ ਕੋ ਦਰਵਾਜੇ ਸੇ ਹਟਾ ਰਹੇ ਥੇ ਇਤਨੇ ਮੇਂ ਰਾਜਾ ਭੀ ਠੀਕਰਾ ਲੇਕਰ ਉਨਕੇ ਦੁਆਰੇ ਪਹੁੰਚ ਗਯਾ, ਔਰ ਖਿਚੜੀ ਬਾਂਟਨੇ ਵਾਲੇ ਕੋ ਪ੍ਰਾਰਥਨਾ ਕਰੀ ਕਿ ਮੈਂ ਪਹਿਲੇ ਹਾਜ਼ਰੀ ਦੇ ਗਯਾ ਥਾ, ਤੁਮਨੇ ਕਹਾ ਬਰਤਣ ਲੇ ਆਓ ਸੋ ਠੀਕਰਾ ਲੈ ਆਯਾ ਹੂੰ । ਭੂਖ ਸੇ ਵਿਆਕੁਲ ਹੂੰ । ਕ੍ਰਿਪਾ ਕਰਕੇ ਮੇਰੇ ਕੋ ਖਿਚੜੀ ਦੇ ਦੋ । ਉਸਕੇ ਚਿਤ ਮੇਂ ਦਯਾ ਆਈ, ਔਰ ਪੋਚ ਪਾਚ ਕਰ, ਭਿਖਾਰੀ ਜਾਣ ਕਰ ਰਾਜਾ ਕੋ ਖਿਚੜੀ ਦੇ ਦਿਤੀ, ਔਰ ਸਾਹਮਣੇ ਆਧਾ ਤੋਲਾ ਘੀ ਭੀ ਦੀਆ ਜਾਤਾ ਥਾ, ਔਰ ਕਹਾ ਵਹਾਂ ਸੇ ਆਧਾ ਤੋਲਾ ਘੀ ਭੀ ਲੇ ਲੇ ਪਰ ਘੀ ਵਾਲੀ ਜਗਹ ਭੀੜ ਬਹੁਤ ਸੀ ਔਰ ਰਾਜਾ ਕੋ ਭੂਖ ਨੇ ਵਿਆਕੁਲ ਕੀਆ ਹੂਆ ਸੀ । ਸ਼ਰੀਰ ਕਾਂਪ ਰਹਾ ਸੀ, ਭੀੜ ਮੇਂ ਜਾ ਨਹੀਂ ਸਕਤਾ ਸੀ । ਸਰੀਰ ਐਸਾ ਕਮਜ਼ੋਰ ਹੋ ਰਹਾ ਥਾ, ਜੋ ਖਿਚੜੀ ਵਾਲਾ ਠੀਕਰਾ ਹਾਥ ਮੇਂ ਹਿਲਤਾ ਥਾ ਠਹਿਰ ਨਹੀਂ ਸਕਤਾ ਥਾ । ਵਾਂਟਨੇ ਵਾਲੇ ਨੇ ਜਲਦੀ ੨ ਘੀ ਪਾਯਾ, ਤੋ ਜ਼ਮੀਨ ਮੇਂ ਗਿਰ ਗਯਾ । ਫੇਰ ਰਾਜਾ ਨੇ ਪ੍ਰਾਰਥਨਾ ਕਰੀ ਅਰੇ ਭਾਈ ਮੈਂ ਖੁਸ਼ਕ ਖਿਚੜੀ ਕੈਸੇ ਖਾਊਂਗਾ, ਘੀ ਜ਼ਮੀਨ ਮੇਂ ਗਿਰ ਗਯਾ ਦੂਸਰੀ ਵਾਰ ਪਾਦੋ । ਉਸਕੋ ਦਯਾ ਆਈ ਦੂਸਰੀ ਵਾਰ ਪਾ ਦੀਆ । ਰਾਜਾ ਭੀੜ ਸੇ ਬਾਹਰ ਨਿਕਲ, ਏਕ ਦੁਕਾਨ ਕੇ ਪਾਸ ਖਾਲੀ ਜਗਹ ਦੇਖ ਕਰ ਬੈਠ ਗਯਾ, ਔਰ ਹਾਥ ਸੇ ਘੀ ਖਿਚੜੀ ਮੇਂ ਮਿਲਾਨੇ ਲਗਾ, ਅਰ ਹੌਕੇ ਲੇਨੇ ਲਗਾ ਕਿ ਹੇ ਪਰਮੇਸ਼ੁਰ, ਮੈਂ ਕਿਆ ਥਾ ਕਿਆ ਹੋ ਗਯਾ । ਅੱਛਾ ਸ਼ੁਕਰ ਹੈ । ਖਿਚੜੀ ਕਾ ਦਰਸ਼ਨ ਤੋ ਹੋ ਗਯਾ ਪਰ ਭਾਗੋਂ ਕਾ ਪਤਾ ਨਹੀਂ ਯੇ ਖਿਚੜੀ ਖਾਨੇ ਕੋ ਮਿਲੇ ਨ ਮਿਲੇ । ਜੈਸੇ



ਲਛਮਣ ਜੀ ਕੋ ਰਾਮਚੰਦ੍ਰ ਜੀ ਕਹਿਤੇ ਹੈਂ ।

**ਖਸ਼ਣਾਦੂਰਧ੍ਵੰ ਨ ਜਾਨਾਮਿ ਵਿਧਾਤਾਕਿੰ ਵਿਧਾਸ੍ਯਤਿ ॥**

ਹੇ ਲਛਮਣ ! ਮੈਂ ਨਹੀਂ ਜਾਨਤਾ ਖਿਣ ਕੇ ਬਾਦਿ ਵਿਧਾਤਾ ਕਿਆ ਕਰੇਗਾ । ਸੋ ਮੈਂ ਭੀ ਜਾਨਤਾ ਨਹੀਂ ਕਿ ਖਿਚੜੀ ਖਾਣੀ ਮਿਲੇਗੀ ਕਿ ਨਹੀਂ । ਐਸੇ ਕਹਿ ਕਰ ਖਿਚੜੀ ਮੇਂ ਘੀ ਮਿਲਾ ਹੀ ਰਹਾ ਥਾ, ਤੋ ਤਤਕਾਲ ਹੀ ਦੋ ਮਸਤ ਸਾਂਢ ਲੜਤੇ ੨ (ਲੋਕੋਂ ਨੇ ਬਲ ਸੇ ਹਟਾਯਾ ਭੀ ਹਟਾਤੇ ਹਟਾਤੇ) ਵਹਾਂ ਹੀ ਆ ਪਹੁੰਚੇ, ਔਰ ਉਨਕੀ ਟਕਰ ਸੇ ਰਾਜਾ ਕੇ ਹਾਥ ਕਾ ਠੀਕਰਾ ਫੂਟ ਗਯਾ ਔਰ ਖਿਚੜੀ ਮਿਟੀ ਮੇਂ ਮਿਲ ਗਈ ਰਾਜਾ ਹਾ ਹਾ ਕਾਰ ਕਰਨੇ ਲਗਾ ਔਰ ਜੋਰ ਸੇ ਰੋਣੇ ਲਗਾ । ਅਧਿਕ ਆਵਾਜ਼ ਕਰਨੇ ਸੇ ਨਿਦ੍ਰਾ ਖੁਲ ਗਈ, ਸੁਪਨ ਦੂਰ ਹੂਆ, ਔਰ ਅਪਨੇ ਕੋ ਫੂਲੋਂ ਕੀ ਸੇਜਾ ਪਰ ਪੜਾ ਹੂਆ ਦੇਖਾ । ਰਾਜਾ ਕੋ ਜਾਗਿਆ ਦੇਖ ਕਰ ਛੜੀਦਾਰ ਨੇ ਜੈ ਬੁਲਾਈ, ਔਰ ਪੰਖੇ ਵਾਲਾ ਪੰਖਾ ਕਰਨੇ ਲਗਾ ਚਉਰ ਕਰਨੇ ਵਾਲਾ ਚਉਰ ਕਰਨੇ ਲਗਾ, ਪਰ ਰਾਜਾ ਕੋ ਕੁਛ ਅੱਛਾ ਨਾ ਲਗਾ, ਔਰ ਪਨ: ਪੁਨ: ਸੁਪਨ ਕੀ ਸਿਮ੍ਰਿਤਿ ਸੇ, ਸੁਪਨ ਪੱਕਾ ਹੋ ਗਯਾ । ਰਾਜਾ ਕੋ ਨਿਸਚੇ ਹੋ ਗਯਾ, ਕਿ ਠੀਕ ਮੇਰੇ ਪਰ ਯੇ ਵਿਪਤੀ ਆਨੀ ਹੈ । ਠੰਡੇ ਮਹਲ ਅਛੇ ਨਹੀਂ ਲਗਤੇ । ਨਿਸਚੇ ਹੋ ਚੁਕਾ ਹੈ, ਕਿ ਕੋਈ ਬਲਵਾਨ ਸ਼ਤ੍ਰ ਰਾਜਾ ਮੇਰੀ ਐਸੀ ਦਸ਼ਾ ਕਰੇਗਾ, ਚੈਨ ਨਹੀਂ ਨੀਂਦ ਨਹੀਂ । ਮੈਨੇ ਯਹ ਕਿਆ ਦੇਖਾ ? ਅਰੇ ਅਬੀ ਸੁਪਨ ਮੇਂ ਮੇਰੀ ਕੈਸੀ ਦੁਰਗਤਿ ਹੂਈ ? ਜੋ ਮੈਨੇ ਦੇਖੀ ਵੋ ਸੁਪਨ ਥਾ ਕਿ ਸਤਿ ? ਪਤਾ ਨਹੀਂ ਲਗਤਾ । ਜੋ ਜੋ ਮੇਰੀ ਦਸ਼ਾ ਹੂਈ ਹੈ ਔਰ ਜਿਸਨੇ ਮੇਰੀ ਐਸੀ ਦਸ਼ਾ ਕਰੀ ਵੋਹ ਮੈਨੇ ਅਭੀ ਪ੍ਰਤੱਖ ਦੇਖੀ ਹੈ । ਯਾਂ ਤੋ ਐਸੇ ਨਹੀਂ ਜਾਨ ਪੜਤਾ ਹੈ । ਇਨ ਠੰਢੇ ਮਹਿਲੋਂ ਮੇਂ ਰਹਿ ਕਰ ਜੋ ਰਾਜਸੀ ਭੋਗੋਂ ਕਾ ਅਨੁਭਵ ਕਰ ਰਹਾ ਹੂੰ ਯਹ ਸਚ ਹੈ ? ਅਥਵਾ ਇਨ ਹੀ ਰਾਜ ਪੁਰਸ਼ੋਂ ਦੁਆਰਾ ਤਿਰਸਕਾਰ ਪਾਤਾ ਹੂਆ, ਜਿਨ ਜਿਨ ਸਥਾਨੋਂ ਸੇ ਘੂਮਤਾ ਹੂਆ, ਜੋ ਦੁਖ ਅਨੁਭਵ ਕਰਾ ਹੈ ਵੋ ਸਤਿ ਹੈ ? ਰਾਜਾ ਪਾਗਲ ਸਾ ਹੋ ਗਯਾ । ਦਿਲ ਹਿਲ ਗਯਾ, ਦਿਮਾਗ ਕਾਮ ਨਹੀਂ ਕਰਤਾ । ਕਿਸੀ ਕੇ ਸਮਝਾਏ ਸਮਝਤਾ ਨਹੀਂ । ਸੱਚੀ ਬਾਤ ਝੂਠੀ ਮਾਲੂਮ ਪੜਤੀ ਹੈ, ਮਿਤ੍ਰ ਭੀ ਦੁਸ਼ਮਨ ਮਾਲੂਮ ਹੋਤੇ ਹੈਂ । ਸਭ ਪਦਾਰਥ ਵਿਪ੍ਰੀਤ ਭਾਸਤੇ ਹੈਂ । ਵਿਸ਼ਵਾਸ ਕਿਸੀ ਪਰ ਨਹੀਂ, ਘੋੜੇ ਤੇ ਚੜ੍ਹ ਸੁਪਨ ਕੀ ਜਗਹ ਦੇਖਣੇ ਜਾਤਾ ਹੈ । ਵਾਸ਼ਨਾ ਕੇ ਦ੍ਰਿੜ ਹੋਣੇ ਸੇ ਸੁਪਨ ਵਾਲੇ ਪਦਾਰਥ ਜਿਉਂ ਕੇ ਤਿਉਂ ਦਿਖਾਈ ਆਤੇ ਹੈਂ । ਕਿ ਯਹਾਂ ਬੈਠਾ ਥਾ, ਯਹਾਂ ਕੌਡੀਆਂ ਮਾਂਗੀਆਂ ਥੀਆਂ, ਯਹਾਂ ਖਿਚੜੀ ਮਾਂਗੀ ਥੀ, ਇਤਿਆਦਿ ਦੇਖ ਕਰ, ਪੱਕਾ ਭਰਮ ਹੂਆ ਕਿ ਵੋਹ ਸੁਪਨ ਥਾ ਕਿ ਯੇਹ ਸੁਪਨ ਹੈ ? ਵੋਹ ਜਾਗ੍ਰਿਤ ਹੈ ਕਿ ਯੇਹ ਜਾਗ੍ਰਿਤ ਹੈ ? ਮੈਂ ਅਭੀ ਜਾਗਤਾ ਹੂੰ ਕਿ ਸੁਪਨ ਮੇਂ ਹੂੰ ? ਲੋਗੋਂ ਸੇ ਪੂਛਤਾ ਹੈ ਕਿ ਮੈਂ ਜਾਗਤਾ ਹੂੰ ਕਿ ਸੁਪਨ ਦੇਖਤਾ ਹੂੰ ? ਪਾਪੀ ਹੂੰ ਕਿ ਧਰਮੀ ਹੂੰ ? ਲੋਗ ਕਹਿਤੇ ਹੈਂ ਮਹਾਰਾਜ, ਆਪ ਜਾਗਤੇ ਹੈਂ ਧਰਮਾਤਮਾ ਹੈਂ । ਰਾਜਾ ਕਹਿਤਾ ਹੈ ਅਭੀ ਤੁਮ ਨੇ ਹਮਾਰੇ ਕੋ ਪੱਥਰ ਮਾਰਾ, ਤਿਰਸਕਾਰ ਕੀਆ ਪਾਪੀ ਪਾਪੀ ਕਹਿਤੇ ਥੇ ; ਇਸ

ਤਰ੍ਹਾਂ ਰਾਜ ਕੋ ਕਿਸੀ ਕੇ ਵਚਨ ਪਰ ਵਿਸ਼ਵਾਸ਼ ਨਹੀਂ ਆਤਾ, ਮੈਂ ਜਾਗ੍ਰਿਤ ਮੇਂ ਹੂੰ ਅਥਵਾ ਸੁਪਨ ਮੇਂ ਹੂੰ ? ਯੇਹ ਸੁਪਨ ਹੈ ਕਿ ਵੋਹ ਸੁਪਨ ਥਾ ? ਯਹ ਸਤਿ ਹੈ ਕਿ ਵੋਹ ਸਤਿ ਥਾ ? ਐਸੇ ਨਿਸਚੇ ਨਾ ਕਰ ਸਕਾ, ਔਰ ਸ਼ਤ੍ਰੂ ਕੇ ਭੈ ਸੇ ਤਥਾ ਤਿਰਸਕਾਰ ਕੇ ਭੈ ਸੇ, ਤਥਾ ਲਜਾ ਕੇ ਭੈ ਸੇ, ਖੋਲ ਖੋਲ ਕਰ ਅਪਨਾ ਵ੍ਰਿਤਾਂਤ ਸੁਨਾ ਭੀ ਨਾ ਸਕਾ, ਔਰ ਇਸ ਬਾਤ ਕੋ ਪੂਛਨੇ ਕੇ ਵਾਸਤੇ, ਦੇਸ਼ ਦੇਸ਼ਾਂਤਰ ਕੇ ਰਿਸ਼ੀ ਮੁਨੀ ਵਿਦਵਾਨ ਇਕੱਠੇ ਕਰੇ, ਪਰ ਰਾਜਾ ਕਾ ਰੋਗ ਕਿਸੀ ਨੇ ਨਹੀਂ ਕਾਟਾ। ਯਾਨੇ ਰਾਜਾ ਯੇਹ ਹੀ ਪੂਛਤਾ ਥਾ। ਕਿ "ਵੋਹ ਸੱਚਾ ਕਿ ਯੇਹ ਸੱਚਾ" ਇਸਕਾ ਉੱਤਰ ਕਿਸੀ ਨੇ ਨਹੀਂ ਦੀਆ। ਐਸੇ ਆਠ ਵਰਸ਼ ਵਿਤੀਤ ਹੋ ਗਏ ਤਬ ਰਾਜਾ ਏਕ ਦਿਨ ਪਾਲਕੀ ਮੇਂ ਬੈਠ ਕਰ ਸ਼ਹਿਰ ਕੇ ਬਾਹਰ ਉਪਵਨ ਕੋ ਜਾ ਰਹਾ ਥਾ, ਔਰ ਛੜੀਦਾਰ ਰਸਤਾ ਸਾਫ ਕਰਾਤਾ ਜਾ ਰਹਾ ਥਾ, ਔਰ ਏਕ ਛੋਟੇ ਬਜ਼ਾਰ ਕੇ ਬੀਚ ਅਸਟਾਵਕਰ ਮੁਨੀ ਬੈਠਾ ਦੇਖਾ। ਅਬ ਉਨਕਾ ਸੰਵਾਦ ਲਿਖਤੇ ਹੈਂ। ਛੜੀਦਾਰ ਜਬ ਉਸ ਛੋਟੇ ਬਜ਼ਾਰ ਮੇਂ ਪਹੁੰਚਾ, ਤੋ ਕਿਆ ਦੇਖਤਾ ਹੈ ਕਿ ਆਠ ਕੁ ਬਰਸ ਕੀ ਅਵਸਥਾ ਵਾਲਾ, ਬੜਾ ਕੁਰੂਪ ਏਕ ਬ੍ਰਾਹਮਣ ਬਾਲਕ, ਮਾਰਗ ਕੇ ਬੀਚੋ ਬੀਚ ਬੈਠਾ ਹੂਆ ਹੈ, ਉਸਕੇ ਸਭ ਅੰਗ ਬਾਂਕੇ ਟੇਡੇ ਹੋ ਰਹੇ ਥੇ। ਜਿਸ ਸੇ ਉਸਕੋ ਚਲਨੇ ਮੇਂ ਬੜਾ ਕਸ਼ਟ ਹੋਤਾ ਹੋਗਾ। ਉਸਕੋ ਬੈਠਾ ਦੇਖ ਘੋੜੇ ਪਰ ਸਵਾਰ ਹੂਆ, ਛੜੀਦਾਰ ਜਬ ਉਸਕੇ ਨਿਕਟ ਪਹੁੰਚਾ ਤੋ ਕਹਿਣੇ ਲਗਾ ਰੇ ਮਾਰਗ ਮੇਂ ਕੌਣ ਹੈ ? ਚਲ ਏਕ ਤਰਫ ਹਟ ਮਾਰਗ ਦੇ, ਮਹਾਰਾਜਾ ਜਨਕ ਕੀ ਸਵਾਰੀ ਆ ਰਹੀ ਹੈ। ਉਸਕੇ ਬਚਨ ਸੁਣਕੇ ਕੁਬੜਾ ਬਾਲਕ ਕ੍ਰੋਧ ਕਰ ਬੋਲਾ ਅਰੇ ਸਨੇਤ੍ਰ ਅੰਧ। ਤੂੰ ਦੇਖਤਾ ਹੂਆ ਪੂਛਤਾ ਹੈਂ ਕਿ ਮਾਰਗ ਮੇਂ ਕੌਣ ਹੈ ? ਔਰ ਕਹਿਤਾ ਹੈਂ ਕਿਨਾਰੇ ਹਟ ਮਾਰਗ ਦੇ ਮਾਰਗ ਦੇਨੇ ਕਾ ਅਧਿਕਾਰ ਕਿਸ ਕੋ ਹੋਤਾ ਹੈ ਸੋ ਤੂੰ ਨਹੀਂ ਜਾਣਤਾ, ਤੂੰ ਹੀ ਮੂੜ੍ਹ ਮਤੀ ਨਹੀਂ, ਤੁਮਾਰੇ ਕੋ ਆਗਿਆ ਦੇਣੇ ਵਾਲਾ ਰਾਜਾ ਜਨਕ ਭੀ ਮਹਾਂ ਮੂੜ੍ਹ ਦਿਖਾਈ ਪੜਤਾ ਹੈ। ਜਾਹ ਮੈਂ ਮਾਰਗ ਸੇ ਨਹੀਂ ਹਟਤਾ, ਮੈਂ ਤੇਰੀ ਆਗਿਆ ਨਹੀਂ ਮਾਨੂੰਗਾ। ਜਾਹ ਆਪਣੇ ਰਾਜਾ ਕੋ ਕਹਿ ਦੇ ਇਧਰ ਮਾਰਗ ਬੰਦ ਹੈ ਕਿਸੀ ਦੂਸਰੇ ਮਾਰਗ ਸੇ ਚਲਾ ਜਾਹ। ਛੜੀਦਾਰ ਨਿਆਇ ਯੁਕਤ ਔਰ ਨਿਰਭਯ ਬਾਲਕ ਕੇ ਬਚਨ ਸੁਣ ਕਰ ਵਾਪਸ ਲੌਟ ਗਯਾ। ਔਰ ਸਭ ਬਿਰਤਾਂਤ ਰਾਜਾ ਕੋ ਨਿਵੇਦਨ ਕੀਆ। ਰਾਜਾ ਨੇ ਬਿਰਤਾਂਤ ਸੁਣ ਕੇ ਪਾਲਕੀ ਖੜੀ ਕਰਵਾਈ। ਔਰ ਕਹਿਣੇ ਲਗਾ ਬਾਲਕ ਕਾ ਬੋਲਣਾ ਯਥਾਰਥ ਹੈ, ਜਬ ਤੁਮ ਨੇ ਤਿਲਕ ਜਨੇਊਆਦੀ ਬ੍ਰਾਹਮਣਪੁਣੇ ਕੇ ਚਿੰਨ੍ਹ ਦੇਖ ਲੀਏ ਥੇ, ਤੋ ਮਾਰਗ ਮੇਂ ਕੌਣ ਹੈ ? ਐਸੇ ਨਹੀਂ ਕਹਿਣਾ ਚਾਹੀਦਾ ਸੀ। ਇਸੀ ਸੇ ਤੁਮਾਰੇ ਕੋ ਸਨੇਤ੍ਰਾਂਧ ਕਹਾ, ਔਰ ਹਟ ਕਰ ਮਾਰਗ ਦੇ ਯਹ ਭੀ ਤੇਰਾ ਕਹਿਣਾ ਅਨੁਚਿਤ ਹੀ ਥਾ, ਕਿਉਂਕਿ ਵੋਹ ਬ੍ਰਾਹਮਣ ਪੁਤਰ ਹੈ ਔਰ ਹਮ ਖਤ੍ਰਿਯ ਹੈਂ। ਹਮਾਰਾ ਧਰਮ ਥਾ, ਉਸਕੋ ਵੰਦਨ ਕਰੇਂ, ਔਰ ਉਸਕੇ ਮਾਰਗ ਕੋ ਛੋੜਦੇਂ ਫੇਰ ਤੂੰ ਕਹਿਤਾ ਹੈ ਚਲਨੇ ਮੇਂ ਅਸਮਰਥ ਹੈ ਤੋ ਐਸੇ ਅਸ਼ਕਤ ਨਿਰਬਲ ਬਾਲਕ ਕੋ ਰਾਜਾ ਪਰਜਾ ਨੇ ਰਸਤਾ ਦੇਣਾ ਚਾਹੀਏ ਥਾ, ਕਿਉਂਕਿ ਵੋਹ ਅਸਮਰਥ ਹੈ ਜਲਦੀ ਹਟ ਭੀ ਨਹੀਂ



ਸਕਤਾ ਥਾ, ਇਸ ਲਈ ਭੀ ਹਮਕੋ ਉਸੇ ਹਟਾਨੇ ਕਾ ਅਧਿਕਾਰ ਨਹੀਂ ਥਾ, ਇਸ ਵਾਸਤੇ ਤੁਝ ਕੋ ਅਰ ਹਮਕੋ ਮੂੜ੍ਹ ਕਹਾ ਹੈ ਕਿਉਂਕਿ ਸੇਵਕ ਕੇ ਅਪਰਾਧ ਕਾ ਭਾਗੀ ਸੁਆਮੀ ਹੋਤਾ ਹੈ। ਜਾਣ ਪੜਤਾ ਹੈ ਕਿ ਯੇਹ ਬਾਲਕ ਬੜਾ ਬੁਧੀਮਾਨ ਔਰ ਚਮਤਕਾਰੀ ਹੈ ਇਸ ਲੀਏ ਉਸ ਕੋ ਯਹਾਂ ਬੁਲਾ ਲਾ। ਚੋਬਦਾਰ ਨੇ ਬਾਲਕ ਕੇ ਸਮੀਪ ਜਾਕਰ ਕਹਾ ਹੇ ਬ੍ਰਾਹਮਣ ਪੁਤ੍ਰ ! ਮੈਂ ਆਪ ਕੋ ਵੰਦਨ ਕਰਤਾ ਹੂੰ ! ਮੇਰਾ ਅਪਰਾਧ ਖਿਮਾ ਕੀਜੀਏ, ਔਰ ਮਹਾਰਾਜਾ ਜਨਕ ਆਪ ਕੋ ਯਾਦ ਕਰ ਰਹੇ ਹਨ, ਸੋ ਕ੍ਰਿਪਾ ਕਰਕੇ ਆਪ ਚਲੀਏ, ਆਪ ਕੇ ਲੀਏ ਮਾਰਗ ਮੇਂ ਹੀ ਖੜੇ ਹੈਂ। ਬਾਲਕ ਨੇ ਕਹਾ ਓਹੋ ! ਕਿਤਨੀ ਭਾਰੀ ਅਗਿਆਨ ਕੀ ਵਾਰਤਾ ਹੈ ! ਕਿ ਹਜ਼ਾਰੋਂ ਮਨੇਸ਼ਯੋਂ ਪਰ ਆਗਿਆ ਕਰਨੇ ਵਾਲੇ ਰਾਜਾ ਮੇਂ ਜਬ ਨੀਤੀ ਪੂਰਬਕ ਚਲਨੇ ਕਾ ਗਿਆਨ ਨਹੀਂ, ਤੋ ਦੂਸਰੋਂ ਕੋ ਨੀਤੀ ਪੂਰਬਕ ਕੈਸੇ ਚਲਾ ਸਕਤਾ ਹੈ ਮੈਂ ਜਾਨਤਾ ਹੂੰ ਕਿ ਰਾਜਾ ਭੀ ਨਿਆਇ ਆਸਣ ਪਰ ਬਿਰਾਜਮਾਨ ਨਹੀਂ, ਜੋ ਕਿ ਉਠ ਕਰ ਯਹਾਂ ਤਕ ਨਹੀਂ ਆ ਸਕਤਾ, ਮਾਰਗ ਮੇਂ ਹੀ ਖੜਾ ਹੈ। ਅਗਰ ਮੈਂ ਨ ਰੋਕਤਾ ਤੋ ਕਭੀ ਕਾ ਯਹਾਂ ਪਹੁੰਚ ਜਾਣਾ ਥਾ। ਵਹਾਂ ਖੜਾ ਰਹਿ ਕਰ ਮੁਝ ਕੁਬੜੇ ਕੋ ਆਨੇ ਕੀ ਆਗਿਆ ਦੇਤਾ ਹੈ, ਤੋ ਉਸ ਕੋ ਨਿਆਇਕਾਰੀ ਕੌਣ ਕਹੇਗਾ, ਕੇਵਲ ਉਸ ਕੋ ਰਾਜ ਅਭਿਮਾਨ ਹੈ। ਰਾਜ ਸੇਵਕ ! ਤੂੰ ਜਾ ਤੇਰੇ ਰਾਜਾ ਕੇ ਅਗਰ ਇਛਾ ਹੋਗੀ ਤੋ ਆਪੇ ਆਏਗਾ। ਮੈਂ ਵਹਾਂ ਨਹੀਂ ਜਾਊਂਗਾ। ਯੇਹ ਬਿਰਤਾਂਤ ਚੋਬਦਾਰ ਨੇ ਲੌਟ ਕਰ ਰਾਜਾ ਕੋ ਸੁਣਾਇਆ, ਰਾਜਾ ਅਸਚਰਜ ਸੇ ਕਹਿਣੇ ਲਗਾ ਸਚਮੁਚ ਯਹ ਕੋਈ ਚਮਤਕਾਰੀ ਪੁਰਸ਼ ਦਿਖਾਈ ਦੇਤਾ ਹੈ। ਚਲੋ ਮੈਂ ਹੀ ਵਹਾਂ ਚਲਤਾ ਹੂੰ, ਐਸਾ ਕਹਿ ਕਰ ਰਾਜਾ ਸੁਖਪਾਲ ਸੇ ਉਤਰ ਕਰ ਪੈਦਲ ਚਲ ਕਰ ਮਾਰਗ ਮੇਂ ਬੈਠੇ ਹੂਏ ਕੁਬੜੇ ਬਾਲਕ ਕੇ ਪਾਸ ਪਹੁੰਚਾ, ਕੁਬੜੇ ਬਾਲਕ ਕੋ ਦੇਖ ਕਰ ਰਾਜਾ ਕੋ ਹੰਸੀ ਆਈ, ਪਰੰਤੂ ਸ਼ਾਪ ਕੇ ਭਯ ਸੇ ਰੋਕ ਲਈ। ਨਮਸ਼ਕਾਰ ਕਰਕੇ ਬਾਲਕ ਕੀ ਉਸਤੁਤਿ ਕੀ। ਉਸਤਤਿ ਕਰਕੇ ਕਹਾ ਹੇ ਬ੍ਰਹਮਦੇਵ ਆਪ ਭਲੇ ਪਧਾਰੇ ਆਪ ਨੇ ਨਗਰ ਕੋ ਪਵਿੱਤਰ ਕੀਆ ਔਰ ਮੇਰੇ ਗ੍ਰਿਹ ਕੋ ਪਵਿੱਤਰ ਕੀਜੀਏ ਮੈਂ ਆਪ ਸੇ ਕੁਛ ਪੂਛਣਾ ਭੀ ਚਾਹਤਾ ਹੂੰ ਕਿ ਆਪ ਕਹਾਂ ਸੇ ਪਧਾਰੇ ਹੈਂ। ਆਪ ਕਾ ਸੁਭ ਨਾਮ ਕਿਆ ਹੈ, ਆਪ ਕਿਸ ਕੇ ਪੁਤਰ ਹੈਂ। ਆਪ ਕਿਸ ਕਾਰਜ ਕੇ ਲੀਏ ਯਹਾਂ ਪਧਾਰੇ ਹੈਂ। ਕੁਬੜਾ ਬਾਲਕ ਬੋਲਾ। ਮੈਂ ਗੰਗਾ ਤੀਰੇ ਸੇ ਆਇਆ ਹੂੰ, ਮੇਰਾ ਨਾਮ ਅਸਟਾਵਕ੍ਰ ਹੈ। ਮੇਰੇ ਪਿਤਾ ਕਾ ਨਾਮ ਕਹੋਲ ਰਿਸ਼ੀ ਹੈ, ਔਰ ਮੇਰੇ ਪਿਤਾ ਕਹੋਲ ਰਿਸ਼ੀ ਦੀਰਘ ਕਾਲ ਸੇ ਘਰ ਨ ਹੋਣੇ ਕੇ ਕਾਰਣ, ਮੈਂ ਆਪਣੀ ਮਾਤਾ ਕੇ ਸਾਥ ਆਪਣੇ ਨਾਨਾ ਕੇ ਘਰ ਰਹਿਤਾ ਹੂੰ। ਆਪਣੀ ਮਾਤਾ ਸੇ ਸੁਣਾ ਹੈ ਕਿ ਰਾਜਾ ਜਨਕ ਨੇ, ਪ੍ਰਸ਼ਨ ਕਾ ਸਮਾਧਾਨ ਕਰਨੇ ਕੇ ਲੀਏ, ਅਨੇਕ ਰਿਸ਼ੀਓਂ ਕੋ ਬਹੁਤ ਵਰਸ਼ੋਂ ਸੇ ਰੋਕ ਰਖਾ ਹੈ। ਮੇਰਾ ਪਿਤਾ ਭੀ ਉਨਕੇ ਸਾਥ ਹੈ ਉਨਕੋ ਲੇਨੇ ਕੇ ਲੀਏ ਆਯਾ ਹੂੰ, ਔਰ ਰਾਜਾ ਕੇ ਪ੍ਰਸ਼ਨ ਕਾ ਉੱਤਰ ਭੀ ਦੇਨੇ ਆਇਆ ਹੂੰ। ਜਨਕ ਬੋਲਾ ਰਾਜਾ ਜਨਕ ਭੀ ਮੈਂ ਹੂੰ ਆਪ ਚਲ ਕਰ ਮੇਰੇ ਰਾਜ ਭਵਨ ਕੋ ਪਵਿਤ੍ਰ ਕੀਜੀਏ ਔਰ ਵਹਾਂ ਹੀ ਮੇਰੇ

ਪ੍ਰਸ਼ਨ ਕਾ ਉੱਤਰ ਦੀਜੀਏ । ਰਾਜਾ ਕੀ ਬਹੁਤ ਪ੍ਰਾਰਥਨਾ ਕਰਨੇ ਪਰ ਵਹ ਅਪਨੇ ਮਾਮਾ ਕੇ ਸਾਥ ਸਵਾਰੀ ਮੇਂ ਬੈਠ ਕਰ ਰਾਜ ਭਵਨ ਕੋ ਗਏ ਰਾਜ ਭਵਨ ਮੇਂ ਲੇਜਾਕਰ ਰਾਜਾ ਨੇ ਰਿਸ਼ੀ ਪੁਤ੍ਰ ਕਾ ਆਦਰ ਸਨਮਾਨ ਕੀਆ । ਅੰਨ ਪਾਨਾਦਿ ਸੇ ਸੰਤੁਸ਼ਟ ਕੀਆ, ਔਰ ਏਕ ਸੁੰਦਰ ਸਥਾਨ ਮੇਂ ਨਿਵਾਸ ਕਰਾਯਾ, ਔਰ ਕਹਾ ਆਜ ਅਰਾਮ ਕੀਜੀਏ ਕਲ ਕੋ ਰਾਜ ਸਭਾ ਮੇਂ ਦਰਸ਼ਨ ਦੇਣਾ । ਦੂਸਰੇ ਦਿਨ ਰਾਜਾ ਨੇ ਪ੍ਰਧਾਨ ਕੋ ਕਹਿ ਸਭਾ ਲਗਵਾਈ, ਔਰ ਰਿਸ਼ੀ ਮੁਨੀ ਜੋ ਬਹੁਤ ਵਰਸ਼ੋਂ ਕੇ ਰਾਜਾ ਪਾਸ ਰਹਿਤੇ ਥੇ ਸਭ ਇਕੱਤ੍ਰ ਹੂਏ। ਰਾਜਾ ਭੀ ਸਭਾ ਮੇਂ ਆ ਗਯਾ, ਔਰ ਸਭ ਕੋ ਸੁਨਾਯਾ ਕਿ ਮੇਰੇ ਪ੍ਰਸ਼ਨ ਕਾ ਉਤਰ ਦੇਨੇ ਕੇ ਲੀਏ ਅਸ਼ਟਾਵਕ੍ਰ ਮੁਨੀ ਆਏ ਹੈਂ ਜੋ ਕਿ ਆਠ ਵਰਸ਼ ਕੇ ਹੈਂ। ਇਸ ਵਾਸਤੇ ਸਭਾ ਲਗਾਈ ਜਾਤੀ ਹੈ । ਸਭ ਕੋ ਉਸ ਅਸ਼ਟਾਵਕ੍ਰ ਕੇ ਦਰਸ਼ਨ ਕਰਨੇ ਕੀ ਲਾਲਸਾ ਹੂਈ । ਰਾਜਾ ਨੇ ਪ੍ਰਧਾਨ ਕੋ ਆਗਿਆ ਦਿਤੀ ਕਿ ਮਹਾਰਾਜ ਅਸ਼ਟਾਵਕ੍ਰ ਮੁਨੀ ਕੋ ਪਾਲਕੀ ਮੇਂ ਬੈਠਾ ਕਰ ਸਭਾ ਮੇਂ ਲੇ ਆਓ । ਪ੍ਰਧਾਨ ਲੇਨੇ ਗਯਾ । ਆਨੇ ਪਰ ਖਬਰ ਕਰੀ ਕਹਾ ਮਹਾਰਾਜ ! ਅਸ਼ਟਾਵਕ੍ਰ ਮੁਨੀ ਪਧਾਰਤੇ ਹੈਂ । ਸਬ ਦਰਸ਼ਕ ਲੋਕ ਦਰਸ਼ਨ ਕੇ ਅਭਿਲਾਸ਼ੀ ਥੇ । ਵਿਚਾਰ ਕਰ ਰਹੇ ਸੀ । ਅਸ਼ਟਾਵਕ੍ਰ ਕੌਨ ਹੈ ਔਰ ਕੈਸੇ ਰਿਸ਼ੀ ਹੈਂ । ਇਤਨੇ ਮੇਂ ਅਸ਼ਟਾਵਕ੍ਰ ਜੀ ਲਾਠੀ ਕੇ ਸਹਾਰੇ ਸਭਾ ਮੇਂ ਪਹੁੰਚ ਗਏ । ਰਾਜਾ ਪਰਜਾ ਸਭ ਸਨਮਾਨਾਰਥ ਉਠ ਕਰ ਖੜੇ ਹੋ ਗਏ, ਔਰ ਉਨਕੀ ਟੇਢੀ ਚਾਲ ਦੇਖ ਕਰ ਸਬ ਖਿਲਖਿਲਾ ਕਰ ਹਸਨੇ ਲਗੇ । ਸਭ ਕੋ ਹਸਤਾ ਦੇਖ ਆਪ ਭੀ ਮੁਖ ਟੇਢਾ ਕਰ ਹਸਨੇ ਲਗਾ । ਰਾਜਾ ਹੈਰਾਨ ਹੂਆ ਮਾਨ ਭੰਗ ਕ੍ਰਾ ਪਰਿਣਾਮ ਤੋ ਕੋਪ ਸੀ। ਕ੍ਰੋਧ ਨ ਕਰਤੇ ਹੂਏ ਹਸਤੇ ਹੈਂ ਇਸ ਕਾ ਕਿਆ ਕਾਰਣ ਹੈ। ਯਹ ਕੋਈ ਅਗਜ ਤੋ ਹੈ ਨਹੀਂ । ਕਿਉਂਕਿ ਕਲ ਇਨਕੇ ਬਚਨ ਸੁਣੇ ਥੇ ਯਹ ਕੋਈ ਕੋਈ ਵਿਚਿਤ੍ਰ ਵਿਦਵਾਨ ਹੈਂ । ਐਸਾ ਵਿਚਾਰ ਕਰ ਏਕ ਸੁੰਦਰ ਸਿੰਘਾਸਨ ਪਰ ਬਿਠਾਇਆ ਔਰ ਹਾਥ ਜੋੜ ਕਰ ਪ੍ਰਾਰਥਨਾ ਕਰੀ ਮਹਾਰਾਜ ਆਪਕੇ ਹਸਨੇ ਕਾ ਕਿਆ ਕਾਰਣ ਹੈ ? ਅਸਟਾਵਕ੍ਰ ਨੇ ਕਹਾ ਤੇਰੀ ਇਸ ਮੂਰਖ ਸਭਾ ਕੋ ਦੇਖ ਕਰ ਹਸਤਾ ਥਾ, ਪ੍ਰੰਤੂ ਤੂੰ ਭੀ ਤੋ ਹਸਤਾ ਥਾ ਕਹਿ ਤੋ ਸਹੀ । ਰਾਜਾ ਨੇ ਕਹਾ ਮੈਂ ਇਸ ਵਾਸਤੇ ਹਸਤਾ ਥਾ, ਕਿ ਮੇਰੇ ਪ੍ਰਸ਼ਨ ਕਾ ਉਤਰ ਬੜੇ ੨ ਰਿਸ਼ੀ ਮੁਨੀ ਨਹੀਂ ਦੇ ਸਕੇ, ਤੋ ਯਹ ਕੁਬੜਾ ਬਾਲਕ ਕੈਸੇ ਦੇਗਾ। ਅਸਟਾਵਕ੍ਰ ਨੇ ਕੁਛ ਕ੍ਰੋਧ ਸੇ ਕਹਾ ਅਰੇ ਮੂਰਖ ਤੇਰੇ ਕੋ ਸਾਰ ਅਸਾਰ ਵਿਚਾਰ ਕਰਨੇ ਕੀ ਬੁਧੀ ਨਹੀਂ । ਬੁਧੀ ਬਿਨਾਂ ਕਿਸ ਤਰਹ ਲੋਕੋਂ ਪਰ ਸ਼ਾਸਨ ਕਰਤਾ ਹੋਗਾ, ਯੇ ਲੋਕ ਭੀ ਪਸ਼ੂ ਤੁਲ ਹੈਂ ਤੇਰੇ ਸੇ ਕਿਆ ਲਾਭ ਉਠਾਤੇ ਹੋਂਗੇ। ਔਰ ਜੋ ਮੇਰੇ ਸਰੀਰ ਕੋ ਤੁਮ ਦੇਖ ਕਰ ਹਸੇ ਹੋ, ਤੋ ਭੀ ਤੁਮ ਵਿਚਾਰ ਸੂਨਯ ਹੋ, ਕਿਉਂਕਿ ਸ਼ਰੀਰ ਕੇ ਟੇਢੇ ਹੋਨੇ ਸੇ ਆਤਮਾ ਤੋ ਟੇਢਾ ਨਹੀਂ । ਸਰੀਰ ਕੇ ਟੇਢੇ ਹੋਨੇ ਪਰ ਇੰਦ੍ਰਿਯਗਣ ਔਰ ਜਬਾਨ ਤੋਂ ਟੇਢੀ ਨਹੀਂ ਹੋਗੀ, ਤੇਰੇ ਪ੍ਰਸ਼ਨ ਕਾ ਉਤਰ ਇਸ ਟੇਢੇ ਸਰੀਰ ਨੇ ਤੋ ਨਹੀਂ ਦੇਨਾ, ਜਬਾਨ ਨੇ ਦੇਨਾ ਹੈ । ਸੋ ਜਬਾਨ ਟੇਢੀ ਨਹੀਂ, ਫਿਰ ਤੇਰੇ ਕੋ ਸੰਦੇਹ ਕਿਉਂ ਹੂਆ ? ਅਛਾ ਅਬ ਜਲਦ ਅਪਨਾ ਪ੍ਰਸ਼ਨ



ਕਰੋ ਮੈਂ ਉਸਕਾ ਉਤਰ ਦੇਊਂ । ਰਾਜਾ ਕੋ ਨਿਸਚੇ ਹੂਆ ਕਿ ਯਹ ਕੋਈ ਚਮਤਕਾਰੀ ਪੁਰਸ਼ ਹੈ। ਯਹ ਵਿਚਾਰ ਕਰ ਸਿੰਘਾਸਨ ਸੇ ਉਤਰ ਡੰਡੌਤ ਪ੍ਰਣਾਮ ਕਰੀ ਅਪਰਾਧ ਕੀ ਖਿਮਾ ਮਾਂਗੀ, ਕਿਉਂਕਿ ਰਾਜਾ ਕੋ ਤਥਾ ਸਭਾਸਦੋਂ ਕੋ, ਪ੍ਰਸ਼ਨ ਕੇ ਉੱਤਰ ਮਿਲਣੇ ਕੀ ਤੀਬਰ ਉਤਕੰਠਾ ਹੋ ਰਹੀ ਥੀ । ਅਸਟਾਵਕਰ ਜੀ ਨੇ ਰਾਜਾ ਕਾ ਅਪ੍ਰਾਧ ਖਿਮਾ ਕਰ ਕਹਾ, ਅਬ ਪ੍ਰਸ਼ਨ ਕਰੋ ਤੋ ਮੈਂ ਤੁਮਕੋ ਉੱਤਰ ਦੇਊਂਗਾ । ਰਾਜਾ ਨੇ ਨਿਯਮਾਨੁਸਾਰ ਘਟ ਵਧ ਨ ਕਹਿਤੇ ਹੂਏ, ਫਕਤ ਇਤਨੇ ਹੀ ਵਚਨ ਕਹੇ ਕਿ "ਯਹ ਸੱਚਾ ਅਥਵਾ ਵੋਹ ਸੱਚਾ" ਯੇਹ ਸੁਣਤੇ ਹੀ ਅਸਟਾਵਕਰ ਜੀ ਨੇ ਕਹਾ ਇਸ ਮਾਮੂਲੀ ਪ੍ਰਸ਼ਨ ਕੇ ਲੀਜੇ ਹੀ ਇਤਨੇ ਰਿਸ਼ੀ ਮੁਨੀ ਰੋਕ ਰਖੇ ਹੈਂ ? ਔਰ ਤੇਰੀ ਲੱਜਾ ਹੀ ਪ੍ਰਸ਼ਨ ਕੋ ਨ ਖੋਲ੍ਹਨੇ ਮੇਂ ਕਾਰਣ ਹੈ, ਅਗਰ ਇਸ ਪ੍ਰਸ਼ਨ ਕੋ ਖੋਲ੍ਹ ਕੇ ਕਹਿਤਾ, ਤੋ ਬਹੁਤ ਵਿਦ੍ਵਾਨ ਤੇਰੇ ਕੋ ਉੱਤਰ ਦੇਕਰ ਸੁਖੀ ਕਰ ਸਕਤੇ ਥੇ, ਲੱਜਾ ਕੇ ਕਾਰਣ ਤੁਮਨੇ ਸਭ ਰਿਸ਼ੀ ਮਹਾਂ ਰਿਸ਼ੀਓਂ, ਕੋ ਸੰਤਪਤ ਕੀਯਾ ਇਸ ਮੇਂ ਤੇਰਾ ਹੀ ਅਪ੍ਰਾਧ ਹੈ । ਅੱਛਾ ਅਬ ਇਸ ਗੁਪਤ ਪ੍ਰਸ਼ਨ ਕਾ ਉੱਤਰ ਭੀ ਗੁਪਤ ਹੀ ਸੁਨਨਾ ਚਾਹਤਾ ਹੈਂ ਤੋ ਯਹ ਹੈ ਜੈਸਾ ਵੂਹ ਤੈਸਾ ਇਹ ਦੋਨੋਂ ਮੇਂ ਕਿੰਚਿਤ ਮਾਤ੍ਰ ਭੀ ਭੇਦ ਨਹੀਂ, ਜੈਸੇ ਵੂਹ ਪ੍ਰਤੱਖ ਦਿਖਾਈ ਦੇਤਾ ਥਾ ਔਰ ਥਾ ਕੁਛ ਨਹੀਂ ਤੈਸੇ ਯਹ ਭੀ ਪ੍ਰਤੱਖ ਦਿਖਾਈ ਦੇਤਾ ਹੈ, ਵਾਸਤਵ ਮੇਂ ਕੁਛ ਭੀ ਨਹੀਂ, ਯਹ ਗੁਪਤ ਉਤਰ ਹੈ । ਇਸਕੋ ਪ੍ਰਗਟ ਕਰਨਾ ਚਾਹਤਾ ਹੈਂ ਤੋ ਸਭਾ ਮੇਂ ਵਿਸਤਾਰ ਸੇ ਸੁਨਾਉਂ, ਰਾਜਾ ਕਹਿਨੇ ਲਗਾ ਆਪ ਕੇ ਵਚਨ ਸੇ ਮੇਰਾ ਕੁਛਕੁ ਭਰਮ ਦੂਰ ਹੋਕਰ ਹ੍ਰਿਦਯ ਮੇਂ ਠੰਢ ਪੜ ਗਈ ਹੈ, ਅਬ ਵਿਸਤਾਰ ਸੇ ਸੁਨਨਾਂ ਚਾਹਤਾ ਹੂੰ ਤਥਾ ਸਭਾਸਦ ਲੋਗ ਭੀ ਸੁਨਨਾ ਚਾਹਤੇ ਹੈਂ ਆਪਨਿੰਸ਼ਕ ਹੋਕਰ ਕਹੋ ਤਬ ਅਸਟਾਵਕਰ ਮੁਨੀ ਬੋਲੇ ਮਹਾਨਭਾਵੋ ! ਰਾਜਾ ਕੋ ਸ੍ਵਯੰ ਕਹਿਤੇ ਲੱਜਾ ਆਤੀ ਹੈ ਮੈਂ ਇਸਕਾ ਪੜਦਾ ਖੋਲਤਾ ਹੂੰ ਆਠ ਬਰਸ ਹੂਏ ਹੈਂ ਇਸ ਰਾਜਾ ਕੋ ਏਕ ਦਿਨ ਦੁਪਹਿਰ ਮੇਂ ਸੁਪਨਾ ਆਯਾ ਥਾ ਜਿਸ ਮੇਂ ਇਸਨੇ ਸ਼ਤ੍ਰ ਰਾਜਾ ਸੇ ਲੜਾਈ ਕਰਤੇ ਆਪਨੇ ਕੋ ਹਾਰਾ ਦੇਖਾ ਹੈ, ਔਰ ਉਸ ਸ਼ਤ੍ਰ ਰਾਜਾ ਨੇ ਇਸਕਾ ਰਾਜ ਛੀਨ ਲੀਯਾ ਹੈ, ਔਰ ਇਸਕੋ ਕਰੜੀ ਧੂਪ ਮੇਂ ਨਗਨ ਸ਼ਰੀਰ ਨੰਗਨ ਪਾਦ ਕਰਕੇ, ਤ੍ਰਿਸਕਾਰ ਪੂਰਵਕ ਦੇਸ ਨਿਕਾਲਾ ਦੀਯਾ ਹੈ, ਔਰ ਸਰਬ ਗ੍ਰਾਮੋਂ ਔਰ ਨਗਰੋਂ ਮੇਂ ਢੰਢੋਰਾ ਫਿਰਵਾ ਦੀਯਾ ਹੈ, ਜੋ ਇਸਕੋ ਕੋਈ ਭੀ ਅੰਨਜਲ ਦੇਵੇਗਾ, ਵੋ ਸਜ਼ਾ ਪਾਵੇਗਾ ਜੋ ਤਿਰਸਕਾਰ ਕਰੇਗਾ ਸੋ ਇਨਾਮ ਪਾਵੇਗਾ। ਪਰਜਾ ਕੇ ਲੋਗੋਂ ਨੇ, ਸ਼ਤਰੂ ਰਾਜਾ ਕੇ ਭਯ ਸੇ ਬੜਾ ਅਪਮਾਨ ਕੀਆ ਔਰ ਭੂਖ ਪਿਆਸ ਸੇ, ਔਰ ਕਰੜੀ ਧੂਪ ਸੇ, ਬੜਾ ਦੂਖ ਪਾਇਆ ਹੈ, ਐਸਾ ਦੂਖ ਪਾਇਆ ਹੈ ਕਿ ਜਬ ਜਬ ਯਾਦ ਕਰਤਾ ਹੈ, ਤੋ ਰਾਜਾ ਡਰ ਜਾਤਾ ਹੈ, ਔਰ ਭਯ ਸੇ ਰਾਜਾ ਕੇ ਰੋਮਾਂਚ ਖੜੇ ਹੋ ਜਾਤੇ ਹੈਂ, ਥਾ ਤੋ ਸੁਪਨ ਹੀ, ਔਰ ਝੂਠਾ ਹੀ ਹੈ, ਪਰ ਜਨਮਾਂਤ੍ਰੀ ਸੰਸਕਾਰੋਂ ਸੇ ਐਸਾ ਐਸਾ ਅਨੁਭਵ ਹੂਆ ਹੈ, ਜੋ ਕਿ ਰਾਜਾ ਨੇ ਸੁਪਨ ਮੇਂ ਦੇਖਾ ਹੈ, ਹੈ ਤੋ ਮਿਥਿਆ ਪਰ ਰਾਜਾ ਕੋ ਵਾਸ਼ਨਾ ਕੇ ਵੇਗ ਸੇ ਐਸਾ ਭਰਮ ਹੂਆ ਹੈ, ਕਿ ਸਚਮੁਚ ਸ਼ਤਰੂ ਰਾਜਾ ਮੇਰੀ ਐਸੀ ਦੁਰਦਸ਼ਾ ਕਰੇਗਾ, ਲਜਾ ਔਰ ਭਯ ਸੇ ਕਿਸੀ ਕੋ ਖੋਲ ਕੇ ਸੁਣਾ ਭੀ ਨਹੀਂ ਸਕਤਾ, ਇਤਨਾ ਹੀ ਕਹਿਤਾ ਹੈ

ਕਿ "ਯਹ ਸਚਾ ਹੈ ਕਿ ਵੋਹ ਸਚਾ ਹੈ" ਹੈ ਵੋਹ ਸੁਪਨ ਝੂਠਾ, ਪਰ ਰਾਜਾ ਕੋ ਸਤਯਤਾ ਕਾ ਭਰਮ ਹੋ ਗਿਆ ਹੈ, ਜਿਸ ਕਰਕੇ ਪਾਗਲ ਜੈਸੀ ਹਾਲਤ ਮੇਂ ਰਹਿਤਾ ਹੈ, ਐਸੇ ਅਸਟਾਵਕ੍ਰ ਮੁਨੀ ਨੇ ਰਾਜਾ ਕੇ ਸੁਪਨ ਕਾ ਬਿਰਤਾਂਤ ਸਭ ਸਭਾਸਦ ਲੋਗੋਂ ਕੋ ਸੁਣਾ ਕਰ, ਫੇਰ ਅਸਟਾਵਕ੍ਰ ਮੁਨੀ ਰਾਜਾ ਜਨਕ ਕੋ ਕਹਿਣੇ ਲਗੇ ਹੇ ਰਾਜਾ ਜਨਕ ਮੇਰੇ ਬਚਨ ਸੁਣ ਮੈਂ ਤੁਮ ਕੋ ਯਾਦ ਕਰਾਤਾ ਹੂੰ ਜੋ ਕਿ ਬਹੁਤ ਬਰਸੋਂ ਕੀ ਵਾਰਤਾ ਹੈ, ਏਕ ਸਮੇਂ ਤੁਮ ਸਿਧ ਪੁਰਸ਼ੋਂ ਕੀ ਮੰਡਲੀ ਮੇਂ, ਰਾਤ ਕੋ ਇਕੱਲਾ ਰਹਾ ਥਾ ਉਨ ਸੇ ਤੁਮ ਨੇ ਪਹਿਲੇ ਸਿਧ ਗੀਤਾ ਸੁਣੀ, ਫੇਰ ਪ੍ਰਾਰਥਨਾ ਕਰਕੇ ਉਨੋਂ ਸੇ ਸਤਿਸੰਗ ਸ਼ੁਰੂ ਕਰਾਇਆ, ਔਰ ਤੂੰ ਭੀ ਪ੍ਰੇਮ ਸੇ ਸੁਣਤਾ ਰਹਾ, ਉਸ ਸਮੇਂ ਮਾਯਾ ਕਾ ਪਰਸੰਗ ਚਲ ਰਹਾ ਥਾ, ਮਹਾਤਮਾ ਨੇ ਪਰਸੰਗ ਮੇਂ ਕਹਾ ਕਿ ਪਰਮੇਸ਼ਵਰ ਕੀ ਮਾਯਾ ਬੜੀ ਪਰਬਲ ਹੈ, ਪੁਰਸ਼ ਕੋ ਭੁਲਾ ਦੇਤੀ ਹੈ, ਈਸ਼ਵਰ ਮੇਂ ਪ੍ਰੇਮ ਕਰਨੇ ਨਹੀਂ ਦੇਤੀ, ਬਹੁਤ ਕਿਆ ਕਹੇਂ, ਇਹ ਜੀਵ ਮਾਯਾ ਵਸ ਆਪਣੇ ਆਪ ਕੋ ਭੀ ਭੂਲ ਜਾਤਾ ਹੈ, ਹੇ ਜਨਕ ਤੁਮ ਨੇ ਹਠ ਕਰਾ, ਕਿ ਕਿਸੀ ਸੂਰਤ ਸੇ ਭੀ ਆਪਣੇ ਆਪ ਕੋ ਪੁਰਸ਼ ਭੂਲ ਨਹੀਂ ਸਕਤਾ, ਬਹੁਤ ਸਮਝਾਣੇ ਪਰ ਭੀ ਤੁਮ ਨੇ ਆਪਣਾ ਹਠ ਨ ਛੋੜਾ, ਤਬ ਤੁਮਾਰਾ ਹਠ ਦੇਖ ਕਰ ਮਹਾਤਮਾ ਕਹਿਣੇ ਲਗੇ, ਅਛਾ ਕਭੀ ਤੁਮ ਹੀ ਆਪਣੇ ਆਪ ਕੋ ਭੂਲ ਜਾਵੋਗੇ, ਨ ਭੁਲਣਾ, ਪਰ ਮਾਇਆ ਭੁਲਾ ਦੇਗੀ, ਬਹੁਤ ਬਰਸ ਭੁਲੇ ਰਹੋਗੇ ਯਤਨ ਕਰਨੇ ਪਰ ਭੀ ਤੇਰਾ ਭਰਮ ਨ ਹਟੇਗਾ, ਤੂੰ ਦੁਖੀ ਹੋ ਕਰ ਪਾਗਲ ਜੈਸਾ ਹੋ ਜਾਵੇਂਗਾ, ਬਹੁਤ ਬਰਸ ਪੀਛੇ ਕੋਈ ਸਤ ਪੁਰਸ਼ ਆਵੇਗਾ ਵੋ ਤੇਰਾ ਭਰਮ ਤੋੜ ਕਰ ਤੇਰੇ ਕੋ ਸੁਖੀ ਕਰੇਗਾ, ਉਨ ਮਹਾਤਮਾਓਂ ਨੇ ਆਪਣੀ ਮਾਇਆ ਸ਼ਕਤੀ ਸੇ ਤੇਰੇ ਕੋ ਸ੍ਵਪਨ ਦਿਖਾਇਆ ਹੈ, ਔਰ ਧਰਮਾਤਮਾ ਰਾਜਾ ਜਾਨ ਕਰ ਕਿਰਪਾ ਭੀ ਕਰੀ ਹੈ ਜੋ ਤੁਮਾਰੇ ਕੋ ਬਹੁਤ ਕਾਲ ਜਾਗ੍ਰਿਤ ਮੇਂ ਦੁਖ ਹੋਣਾ ਥਾ ਸੋ ਸ੍ਵਪਨ ਮੇਂ ਥੋੜੇ ਕਾਲ ਮੇਂ ਅਨੁਭਵ ਕਰਾ ਦੀਆ ਹੈ, ਸੂਲੀ ਸੇ ਕੰਡਾ ਕਰ ਦੀਆ ਹੈ, ਤੁਮਨੇ ਸ਼ਤਰੂ ਸੇ ਯੁਧ ਮੇਂ ਹਾਰਨਾ ਥਾ ਜੋ ੨ ਸ੍ਵਪਨ ਮੇਂ ਤੁਮਨੇ ਆਪਣੀ ਹਾਲਤ ਦੇਖੀ ਹੈ, ਵੋ ਜਾਗ੍ਰਿਤ ਮੇਂ ਹੋਣੀ ਥੀ, ਯਹ ਤੁਮਾਰਾ ਅਮੇਟ ਕਰਮ ਥਾ, ਜ਼ਰੂਰ ਭੋਗਨਾ ਥਾ ਮਹਾਤਮਾ ਨੇ ਆਪਣੀ ਕ੍ਰਿਪਾ ਸੇ ਤੇਰੇ ਕੋ ਥੋੜੇ ਮੇਂ ਹੀ ਭੁਗਾ ਦੀਆ ਹੈ, ਯਾਨੇ ਸੂਲੀ ਸੇ ਕੰਡਾ ਕਰ ਦੀਆ ਹੈ, ਜੋ ਕੁਝ ਭੋਗਨਾ ਥਾ ਸੋ ਭੋਗਿਆ ਭੀ ਗਯਾ "ਲੇਖ ਨਹੀ ਮਿਟਤਾ" ਜਹ ਵਚਨ ਭੀ ਸਚੇ ਹੋ ਗਏ, ਔਰ ਮਹਾਤਮਾ ਸੂਲੀ ਸੇ ਕੰਡਾ ਕਰ ਦੇਤੇ ਹੈਂ, ਰੇਖ ਮੇਂ ਮੇਖ ਮਾਰ ਦੇਤੇ ਹੈਂ, ਯੇਹ ਵਚਨ ਭੀ ਸੱਚੇ ਹੋ ਗਏ, ਜੋ ਬਹੁਤ ਕਾਲ ਤਕ ਜਾਗ੍ਰਿਤ ਮੇਂ ਭੋਗਨਾ ਥਾ, ਸੋ ਸੁਪਨ ਮੇਂ ਥੋੜੇ ਕਾਲ ਮੇਂ ਹੀ ਭੁਗਾ ਦੀਆ, ਅਬ ਮਹਾਤਮਾ ਨੇ ਆਪਣੀ ਮਾਯਾ ਦੂਰ ਕਰ ਲਈ ਹੈ ਤੂੰ ਸ੍ਵਸਥ ਹੋਜਾ ਮੇਰੇ ਆਨੇ ਤਕ ਤੇਰੇ ਕੋ ਕਰਮ ਥਾ, ਐਸੇ ਅਨੇਕ ਵਚਨ ਕਹਿ ਕਰ ਰਾਜਾ ਕੋ ਸ੍ਵਸਥ ਕੀਆ ਰਾਜਾ ਜਨਕ ਕਾ ਸਬ ਭਰਮ ਦੂਰ ਹੋ ਗਯਾ, ਪਿਛਲੀ ਸਿਧ ਪੁਰਸ਼ੋਂ ਕੀ ਕਥਾ ਯਾਦ ਆ ਗਈ ਅਸ਼ਟਾਵਕ੍ਰ ਮੁਨੀ ਕੇ ਚਰਨੋਂ ਮੇਂ ਗਿਰ ਗਯਾ, ਔਰ ਕਹਾ ਆਪ ਸਰਵਗਯ ਪੁਰਸ਼ ਹੋ, ਜੋ ਏਕ ਤੋ ਮੇਰੇ ਕਹੇ ਬਿਨਾਂ ਹੀ ਮੇਰੇ ਹਿਰਦੇ ਕੀ ਬਾਤ ਜਾਨ ਕਰ ਸਭ ਸਭਾਸਦ ਲੋਗੋਂ ਮੇਂ ਸੁਨਾ ਦਿਤੀ, ਦੂਸਰੀ ਬਹੁਤ



ਬਰਸੋਂ ਕੀ ਸਿਧੋਂ ਵਾਲੀ ਵਾਰਤਾ ਜੋ ਮੇਰੇ ਕੋ ਭੂਲੀ ਹੂਈ ਥੀ ਸੋ ਆਪਨੇ ਮੇਰੇ ਕੋ ਯਾਦ ਕਰਾ ਕਰ ਸ੍ਵਸਥ ਕਰ ਦੀਆ ਹੈ, ਧੰਨ ਐਸੇ ਸਤ ਪੁਰਸ਼ ਹੈਂ ਉਸ ਵਕਤ ਰਾਜਾ ਨੇ ਪਰਵਾਰ ਸਹਿਤ ਵੇਦ ਵਿਧੀ ਅਨੁਸਾਰ ਅਸ਼ਟਾਵਕ੍ਰ ਮੁਨੀ ਕਾ ਪੂਜਨ ਕੀਆ, ਅਰ ਗੁਰੂ ਬਨਾਯਾ ਫੇਰ ਅਸ਼ਟਾਵਕ੍ਰ ਮੁਨੀ ਨੇ ਅਸ਼ਟਾਵਕ੍ਰ ਗੀਤਾ ਉਚਾਰਣ ਕਰ ਰਾਜਾ ਜਨਕ ਕੋ ਉਪਦੇਸ਼ ਕੀਆ ਔਰ ਆਤਮ ਗਿਆਨੀ ਬਨਾ ਕਰ, ਜਗਤ ਕੋ ਸ੍ਵਪਨਵਤ ਮਿਥਿਆ ਨਿਸਚੇ ਕਰਾਯਾ, ਸ੍ਵਪਨ ਭਰਮ ਅਲਪ ਕਾਲ ਕਾ ਮਾਲੂਮ ਹੋਤਾ ਹੈ ਅਰ ਜਾਗ੍ਰਿਤ ਭਰਮ ਅਧਿਕ ਕਾਲ ਤਕ ਮਾਲੂਮ ਹੋਤਾ ਹੈ, ਸ੍ਵਪਨ ਅਰ ਜਾਗ੍ਰਿਤ ਮਿਥਿਆ ਪਨੇਂ ਮੇਂ ਦੋਨੋਂ ਹੀ ਤੁਲਯ ਹੈ । ਜੈਸੇ ਏਕ ਆਦਮੀ ਏਕ ਸੇਰ ਆਟਾ ਰੋਜ ਖਾ ਸਕਤਾ ਹੈ ਉਸਕੇ ਪਾਸ ਅਗਰ ਏਕ ਸੇਰ ਹੀ ਹੈ ਤੋ ਏਕ ਹੀ ਦਿਨ ਮੇਂ ਮੁਕਾਇ ਲੇਵੇਗਾ ਅਗਰ ਉਸਕੇ ਪਾਸ ਏਕ ਮਣ ਆਟੇ ਕਾ ਹੈ ਤੋ ਚਾਲੀਸ ਦਿਨ ਮੇਂ ਖਾ ਲੇਵੇਗਾ ਪਰੰਤੂ ਸੇਰ ਆਟਾ ਤਥਾ ਮਣ ਆਟਾ ਖਾਇ ਦੋਨੋਂ ਜਾਵੇਂਗੇ, ਤੈਸੇ ਸੁਪਨ ਸੇਰ ਆਟੇ ਬਰਾਬਰ ਹੈ ਜਾਗ੍ਰਤ ਮਣ ਆਟੇ ਬਰਾਬਰ ਹੈ ਖਾਇ ਦੋਨੋਂ ਬਰਾਬਰ ਜਾਵੇਂਗੇ ਯਾਨੇ ਭੋਗੇ ਦੋਨੋਂ ਜਾਵੇਂਗੇ ਰਹੇਂਗੇ ਨਹੀਂ ਮਿਥਿਆਪਨੇ ਮੇਂ ਦੋਨੋਂ ਸਮਾਨ ਹੈਂ ਦੋਨੋਂ ਸ੍ਵਪਨ ਹੈਂ, ਵੋ ਭੀ ਝੂਠਾ ਯਹ ਭੀ ਝੂਠਾ ਇਹ ਹਮਾਰਾ ਉਤਰ ਹੈ । ਪ੍ਰਮਾਣ:-

**ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗ ਲੋਇ ॥** [ਸ੍ਰੀ ਰਾਗ ਮਹਲਾ ੧ ਸਫਾ ੬੩

**ਤਥਾ-ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥** [ਜੈਤਸਰੀ ਵਾਰ ਮ: ੫ ਸਫਾ ੭੦੭

**ਤਥਾ-ਸੁਪਨਰੀ ਸੰਸਾਰੁ ਮਿਥਨੀ ਬਿਸਥਾਰੁ ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥** [ਸਾਰੰਗ ਮ: ੫ ਸਫਾ ੧੨੨੯

**ਸਲੋਕ--ਸ੍ਵਯਮੇਵ ਯਥਾਸ੍ਵਪਨੰ ਸ੍ਰਿਸਟ੍ਵਾ ਗ੍ਰਹਣਾਤਿ ਚੇਤਣ: ॥ ਤਥਾ ਸ਼ੰਭੂ: ਇਦੰ ਸਰਵੰ ਸ੍ਰਿਸਟ੍ਵਾ ਚ ਗ੍ਰਸਤੇ ਸ੍ਵਯੰ ॥ ੧ ॥ ਸ੍ਵ ਸ੍ਵਪਨ: ਸ੍ਵ ਪ੍ਰਬੋਧੇਨ ਸ੍ਵਾਤਮਮਾਤ੍ਰੰ ਯਥਾ ਭਵੇਤ ॥ ਤਥੈਵ ਸ੍ਵ ਸ੍ਵਪਨ ਪ੍ਰਪੰਚੋਅਪਿ ਸ੍ਵਯੰ ਸਿਆਤ ਸ੍ਵਪ੍ਰਬੋਧਤ: ॥ ੨ ॥**

ਟੀਕਾ-ਇਸ ਪ੍ਰਕਾਰ ਜਗਤ ਅਵਿਦਿਆ ਕਾ ਕਾਰਯ ਰੂਪ ਹੋਨੇ ਸੇ, ਮਿਥਿਆ ਰੂਪ ਸੇ ਪ੍ਰਤੀਪਾਦਨ ਕਰਤੇ ਹੈਂ, ਜੈਸੇ ਸੁਪਨਾਵੀ, ਚੇਤਨ ਪੁਰਸ਼ ਆਪ ਹੀ ਸੁਪਨ ਪ੍ਰਪੰਚ ਕੋ ਰਚਤਾ ਹੈ ਤਥਾ ਤਿਸਕੋ ਆਪ ਹੀ ਗ੍ਰਸ ਲੇਤਾ ਹੈ, ਤੈਸੇ ਪਰਮਾਤਮਾ ਇਸ ਜਗਤ ਕੋ ਰਚ ਕਰ ਆਪ ਹੀ ਗ੍ਰਸ ਲੇਤਾ ਹੈ, ਭਾਵ ਪ੍ਰਲਯ ਕਰਤਾ ਹੈ ॥ ੧ ॥ ਅਪਨੇ

ਜਾਗ੍ਰਿਤ ਸੇ ਅਪਨੇ ਸ੍ਵਪਨ ਪਰਪੰਚ ਕੀ ਨਵਿਰਤੀ ਹੋਤੀ ਹੈ, ਤਬ ਸ੍ਵਪਨ ਪਰਪੰਚ ਜੈਸੇ ਜਾਗ੍ਰਿਤ ਸੇ ਅਪਨੇ ਸ੍ਵਪਨ ਪਰਪੰਚ ਕੀ ਨਵਿਰਤੀ ਹੋਤੀ ਹੈ, ਤੈਸੇ ਸਰੂਪ ਕੇ ਆਤਮ ਗਿਆਨ ਅਧਿਸ਼ਠਾਨ ਆਤਮ ਰੂਪ ਹੀ ਹੋ ਜਾਤਾ ਹੈ, ਤੈਸੇ ਸਰੂਪ ਕੇ ਆਤਮ ਗਿਆਨ ਹੋਨੇ ਸੇ ਸ੍ਵਪਨ ਤੁਲਯ ਜਾਗ੍ਰਿਤ ਪਰਪੰਚ ਭੀ, ਆਤਮ ਰੂਪ ਹੀ ਹੋ ਜਾਤਾ ਹੈ ॥ ੨ ॥ ਇਨ ਪ੍ਰਮਾਣੋਂ ਸੇ ਜਾਗ੍ਰਿਤ ਸ੍ਵਪਨ ਦੋਨੋਂ ਏਕ ਜੈਸੇ ਸਿਧ ਹੋਤੇ ਹੈਂ ਯਾਨੇ ਸ੍ਵਪਨ ਕੇ ਪਦਾਰਥ ਸ੍ਵਪਨ ਮੇਂ ਯਾਨੇ ਫਕਤ ਦੋ ਘੜੀ ਕਾਲ ਮੇਂ ਹੀ ਸਾਮਨੇ ਅਨੁਭਵ ਹੋਤੇ ਹੈਂ, ਫੇਰ ਉਨੋਂ ਕੀ ਸਿਮ੍ਰਿਤੀ ਰਹਿਤੀ ਹੈ ਸੋ ਸਿਮ੍ਰਿਤੀ ਸੰਸਕਾਰੋਂ ਸੇ ਯਾਨੇ ਵਾਸ਼ਨਾਓਂ ਸੇ ਹੋਤੀ ਹੈ, ਤੈਸੇ ਜਾਗ੍ਰਿਤ ਕੇ ਪਦਾਰਥ ਭੀ ਜਿਤਨੇ ਖਿਣ ਆਂਖੋਂ ਕੇ ਸਾਹਮਣੇ ਹੈਂ ਉਤਨੇ ਕਾਲ ਅਨੁਭਵ ਹੋਤੇ ਹੈ, ਆਖੋਂ ਸੇ ਪਰੇ ਹੂਏ ਤੋ ਵੋਹ ਭੀ ਸਿਮ੍ਰਿਤੀ ਰੂਪ ਹੋ ਜਾਤੇ ਹੈਂ, ਔਰ ਸੁਖੋਪਤੀ ਮੇਂ ਜਾਗ੍ਰਿਤ ਸ੍ਵਪਨ ਦੋਨੋਂ ਕੇ ਪਦਾਰਥੋਂ ਕਾ ਅਭਾਵ ਹੋ ਜਾਤਾ ਹੈ, ਯਾਂ ਤੇ ਭੀ ਜਾਗ੍ਰਿਤ ਸ੍ਵਪਨ ਦੋਨੋਂ ਹੀ ਸ੍ਵਪਨ ਹੈਂ ਯਾਨੇ ਮਿਥਯਾ ਹੈਂ, ਔਰ ਦੋਨੋਂ ਹੀ ਸੰਸਕਾਰੋਂ ਸੇ ਹੋਤੇ ਹੈਂ, ਕਭੀ ਜਾਗ੍ਰਿਤ ਕੇ ਪਦਾਰਥੋਂ ਕਾ ਸ੍ਵਪਨ ਮੇਂ ਸਿਮਰਣ ਹੋਤਾ ਹੈ, ਕਭੀ ਸ੍ਵਪਨ ਕੇ ਪਦਾਰਥੋਂ ਕਾ ਜਾਗ੍ਰਿਤ ਮੇਂ ਸਿਮਰਣ ਹੋਤਾ ਹੈ, ਅਰ ਜਾਗ੍ਰਿਤ ਕੀ ਨਿਆਈਂ ਸ੍ਵਪਨ ਪਦਾਰਥੋਂ ਮੇਂ ਸ਼ਤਯਤਾ ਕਾ ਭਰਮ ਹੋ ਜਾਤਾ ਹੈ, ਜੈਸੇ ਤੁਮਕੋ ਹੂਆ ਹੈ ਐਸਾ ਭਰਮ ਅਨੇਕੋਂ ਕੋ ਹੋ ਜਾਤਾ ਹੈ ਜੈਸੇ ਏਕ ਪੇਂਜੇ ਕੋ ਸ੍ਵਪਨ ਪਦਾਰਥ ਮੇਂ ਸਤਯਤਾ ਕਾ ਭਰਮ ਹੂਆ ਥਾ ਵੋਹ ਕਥਾ ਐਸੇ ਹੈ। ਏਕ ਨਗਰ ਮੇਂ ਏਕ ਬੜਾ ਬੁਧੀਮਾਨ (ਪੇਂਜਾ) ਰੂਈ ਪਿੰਜਣੇ ਵਾਲਾ ਰਹਿਤਾ ਥਾ, ਉਸਕੀ ਮਸ਼ਹੂਰੀ ਰਾਜਾਓਂ ਤਕ ਪਹੁੰਚ ਚੁਕੀ ਥੀ ਉਸ ਪਾਸ ਲੋਕੋਂ ਕਾ ਕਾਮ ਬਹੁਤ ਜਮਾ ਪੜਾ ਰਹਿਤਾ ਥਾ, ਕਿ ਵੋਹ ਕਰ ਨਹੀਂ ਸਕਤਾ ਥਾ, ਏਕ ਮਹਾਤਮਾਂ ਭੀ ਸਾਲ ਕੇ ਸਾਲ ਉਸ ਸੇ ਰੂਈ (ਕਪਾਹ) ਪਿੰਜਾਇਆ ਕ੍ਰਰਤੇ ਥੇ, ਅਰ ਰਜਾਈਆਂ ਬਨਵਾ ਕਰ ਸਾਧੂ ਬ੍ਰਾਹਮਣੋਂ ਕੋ ਬਾਂਟਾ ਕਰਤੇ ਥੇ ਏਕ ਦਿਨ ਉਸ ਪੇਂਜੇ ਕੋ ਸ੍ਵਪਨ ਹੂਆ, ਕਿ, ਰਾਜਾ ਨੇ ਜਿਸ ਕੇ ਰਾਜ ਮੇਂ ਰਹਿਤਾ ਹੂੰ ਉਸ ਨੇ ਸਿਪਾਹੀ ਦਵਾਰਾ ਕਹਾ ਭੇਜਾ ਹੈ ਕਿ ਪਚਾਸ ਗੱਡੇ ਰੂਈ ਕੇ ਤੇਰੇ ਪਾਸੋਂ ਬੇਗਾਰ, ਮੁਫਤ ਮੇਂ ਪਿੰਜਵਾਨੇ ਹੈਂ ਸੁਪਨੇ ਮੇਂ ਹੀ ਸਿਪਾਹੀ ਸੇ ਵਿਵਾਦ ਕਰਤਾ ਹੈ, ਪਚਾਸ ਗੱਡੇ ਮੈਥੋਂ ਨਹੀਂ ਪਿੰਜੇ ਜਾਵੇਂਗੇ ਫੇਰ ਬੇਗਾਰ ਮੇਂ ਮੈਥੋਂ ਨਹੀਂ ਪਿੰਜੇ ਜਾਵੇਂਗੇ, ਇਤਨੇ ਮੇਂ ਉਸ ਕੀ ਨੀਂਦ ਖੁਲ ਗਈ ਔਰ ਉਸਕੋ ਪਕਾ ਭਰਮ ਹੂਆ ਤੋ ਸੱਚ ਮੁਚ ਰਾਜਾ ਨੇ ਮੇਰੇ ਸੇ ਪਚਾਸ ਗੱਡੇ ਪਿੰਜਵਾਣੇ ਹੈਂ ਮੈਥੋਂ ਨਹੀਂ ਪਿੰਜੇ ਜਾਵੇਂਗੇ, ਮੈਥੋਂ ਨਹੀਂ ਪਿੰਜੇ ਜਾਵੇਂਗੇ, ਐਸਾ ਹਰ ਵਕਤ ਰਾਤ ਦਿਨ ਕਹਿਤਾ ਰਹਾ, ਕਰੇ, ਕਾਮ ਛੋੜ ਦੀਆ ਪਾਗਲ ਹੋ ਗਿਆ, ਛੇ ਮਹੀਨੇ ਕੇ ਬਾਦ ਵੋਹ ਮਹਾਤਮਾ ਆਏ ਅਪਨੇ ਭਗਤੋਂ ਕੋ ਕਹਾ ਉਸ ਪੇਂਜੇ ਕੋ ਬੁਲਾ ਲਾਵੋ ਤੋ ਰੂਈ ਪਿੰਜਵਾਵੇਂ ਭਗਤੋਂ ਨੇ ਕਹਾ ਕਿ ਮਹਾਰਾਜ ਵੋ ਤੋ ਪਾਗਲ ਹੋ ਗਿਆ ਹੈ, ਕਹਿਤਾ ਰਹਿਤਾ ਹੈ ਰਾਜਾ ਨੇ ਪਚਾਸ ਗੱਡੇ ਭੇਜਨੇ ਹੈਂ ਮੈਥੋਂ ਨਹੀਂ ਪਿੰਜੇ ਜਾਵੇਂਗੇ, ਮਹਾਤਮਾ ਨੇ ਯੋਗ ਬਲ ਸੇ ਦੇਖਾ ਕਿ ਇਸਕੋ ਸਵਪਨ ਮੇਂ ਸਤਯਤਾ ਕਾ ਭਰਮ ਹੂਆ ਹੈ, ਸੰਸਕਾਰ ਪਕ ਗਏ ਹੈਂ ਸੰਸਕਾਰ ਟੂਟਨੇ ਪਰ ਰਾਜੀ ਹੋਗਾ ਅਰ ਇਸ ਕੇ ਸੰਸਕਾਰੋਂ ਕੋ ਤੋੜ ਕਰ ਇਸ ਕਾ ਭਰਮ



ਤੋੜੀਏ, ਯਹ ਪਰਉਪਕਾਰ ਹਮਾਰੇ ਕੋ ਕਰਨਾ ਚਾਹੀਏ, ਮਹਾਤਮਾ ਨੇ ਭਗਤੋਂ ਕੋ ਕਹਾ ਓਸ ਪੇਂਜੇ ਕੋ ਬੁਲਾ ਲਾਵੋ, ਹਮ ਉਸ ਕੋ ਰਾਜੀ ਕਰੇਂਗੇ, ਭਗਤ ਜਾ ਕਰ ਪੇਂਜੇ ਕੋ ਲੇ ਆਏ ਮਹਾਤਮਾ ਨੇ ਪਿੰਞਨੇ ਵਾਸਤੇ ਕਹਾ, ਓਸ ਨੇ ਕਹਾ ਕਿ ਪਚਾਸ ਗਡੇ ਮੈਥੋਂ ਨਹੀਂ ਪਿੰਜੇ ਜਾਵੇਂਗੇ, ਮਹਾਤਮਾ ਨੇ ਕਹਾ ਅਰੇ ਪਾਗਲ ਸੁਣਾ ਨਹੀਂ ? ਰਾਜਾ ਹਮਾਰਾ ਸ਼ਿਸ਼ ਹੈ ਹਮ ਨੇ ਹੀ ਤੁਮਾਰੇ ਸੰਸਕਾਰ ਰਾਜਾ ਕੋ ਪਾਏ ਥੇ, ਅਰ ਕਹਾ ਥਾ ਪ੍ਰਯਾਗ ਕੇ ਕੁੰਭ ਕਾ ਮੇਲਾ ਹੈ, ਬਹੁਤ ਸਾਧੂ ਬ੍ਰਾਹਮਣ ਕਠੇ ਹੋਵੇਂਗੇ ਸੋ ਰੂਈ ਕੇ ਬਸਤਰ ਬਣਾ ਕਰ ਸਾਧੂ ਬ੍ਰਾਹਮਣੋਂ ਕੋ ਦੇਵੋ, ਅਰ ਇਸ ਪੇਂਞੇ ਸੇ ਮੁਫਤ ਰੂਈ ਪਿੰਞਾਵੋ ਧਰਮ ਕੇ ਕਾਮ ਮੇਂ ਸਭ ਹਿਸਾ ਲੇਵੇਂ, ਰਾਜਾ ਨੇ ਤੇਰੇ ਪਾਸ ਸਿਪਾਹੀ ਭੇਜਾ ਤੁਮ ਨੇ ਵਿਵਾਦ ਕਰਾ ਰਾਜਾ ਕੋ ਤੇਰੇ ਪਰ ਕੋਪ ਹੂਆ ਔਰ ਜਬਰਨ ਪਚਾਸ ਗਡੇ ਪਿੰਞਾਨੇ ਵਾਸਤੇ ਤੇਰੇ ਪਾਸ ਭੇਜੇ, ਪਰ ਸੁਣਾ ! ਰਸਤੇ ਮੇਂ ਕਿਆ ਹੋ ਗਿਆ ? ਓਸ ਨੇ ਕਹਾ ਮੈਂਨੇ ਤੋ ਸੁਣਾ ਨਹੀਂ ਮਹਾਰਾਜ, ਕਿਆ ਹੂਆ ? ਮਹਾਤਮਾ ਨੇ ਕਹਾ ਵੋ ਪਚਾਸ ਗਡੇ ਰੂਈ ਕੇ ਭਰੇ ਹੂਏ ਆਗ ਲਗਨੇ ਸੇ ਸੜ ਗਏ । ਪ੍ਰਸ਼ਨ–ਕਿਸ ਤਰਹ ਸੜੇ ? ਉਤਰ–ਜਬ ਪਚਾਸੋਂ ਗਡੇ ਵਹਾਂ ਸੇ ਲਾਈਨ ਬਾਂਧ ਕਰ ਚਲੇ, ਤਬ ਪਹਿਲੇ ਗਡੇ ਵਾਲਾ ਤਮਾਕੂ ਪੀਨੇ ਲਗਾ ਆਗ ਜਲਾਈ ਹਵਾ ਜ਼ੋਰ ਸੇ ਚਲ ਰਹੀ ਸੀ ਆਗ ਉਡ ਕਰ ਰੂਈ ਕੋ ਲਗ ਗਈ ਔਰ ਵੋ ਪਚਾਸ ਕੇ ਪਚਾਸ ਗਡੇ ਸੜ ਗਏ, ਆਦਮੀ ਔਰ ਬੈਲ ਬੜੀ ਮੁਸ਼ਕਲ ਸੇ ਬਚੇ, ਰਾਜਾ ਨੇ ਮੇਰੇ ਕੋ ਆ ਕਰ ਕਹਾ ਕਿ ਮੇਰਾ ਸੰਕਲਪ ਪ੍ਰਯਾਗ ਮੇਂ ਜਾਂ ਕਰ ਰੂਈ ਕੇ ਬਸਤਰ ਬਾਂਟਨੇ ਕਾ ਹਟ ਗਯਾ ਹੈ ਆਪ ਕਭੀ ਪੇਂਜੇ ਪਾਸ ਜਾਵੋ ਤੇ ਉਸ ਕੋ ਕਹਿ ਦੇਣਾ ਕਿ ਤੁਮ ਸੇ ਵੇਗਾਰ ਮੇਂ ਕਾਮ ਨਹੀਂ ਲੀਆ ਜਾਵੇਗਾ, ਰਾਜਾ ਕਾ ਖਿਆਲ ਹਟ ਗਯਾ ਤੂੰ ਆਪਣਾ ਕਾਮ ਕਰ ਇਤਨਾ ਸੁਣਤੇ ਹੀ ਉਸਕਾ ਭਰਮ ਦੂਰ ਹੋ ਗਯਾ ਔਰ ਵੋ ਆਪਣਾ ਕਾਮ ਉਸੀ ਤਰਹ ਕਰਨੇ ਲਗ ਗਯਾ, ਦ੍ਰਿੜ੍ਹ ਵਾਸ਼ਨਾ ਸੇ ਉਸ ਕੋ ਸੁਪਨੇ ਮੇਂ ਸਤਯਤਾ ਕਾ ਭਰਮ ਹੂਆ ਥਾ ਮਹਾਤਮਾ ਨੇ ਵਾਸ਼ਨਾ ਯਾਨੇ ਸੰਸਕਾਰ ਬਦਲਾਏ ਭਰਮ ਨਵਿਰਤ ਹੋ ਗਯਾ ਇਸ ਪ੍ਰਕਾਰ ਵਾਸ਼ਨਾ ਹੀ ਪੁਰਸ਼ ਕੋ ਚੋਰਾਸੀ ਲਖ ਜੋਨੀਓਂ ਮੇਂ ਘਟੀ ਯੰਤਰ ਕੀ ਨਿਆਈਂ ਭਰਮਣ ਕਰਾਤੀਆਂ ਹਨ ਯਾਂਤੇ ਵਾਸ਼ਨਾ ਬੰਧਨ ਹੈ । ਹੇ ਰਾਜਾ ਜਨਕ ਤੁਮ ਨੇ ਜੋ ਪੂਛਾ ਥਾ ਵੋਹ ਸਚਾ ਹੈ ਵਾ ਇਹੁ ਸਚਾ ਉਸਕਾ ਉਤਰ ਮੈਨੇ ਯਹ ਦੀਯਾ ਹੈ, ਕਿ ਵੋਹ ਭੀ ਝੂਠਾ ਹੈ ਔਰ ਯੇ ਭੀ ਝੂਠਾ ਹੈ, ਉਸ ਮੇਂ ਔਰ ਇਸ ਮੇਂ ਕੋਈ ਭੇਦ ਨਹੀਂ ਸਾਰ ਦੋਨੋਂ ਮੇਂ ਨਹੀਂ, ਦੋਨੋਂ ਹੀ ਅਸਾਰ ਹੈ, ਤਬ ਰਾਜਾ ਨੇ ਪੂਛਾ ਸਾਰ ਕਉਨ ਵਸਤੂ ਹੈ, ਤਬ ਅਸ਼ਟਾਵਕ੍ਰ ਜੀ ਕਹਿਨੇ ਲਗੇ ਦੋਨੋਂ ਵਸਤੂਓਂ ਕਾ ਦ੍ਰਿਸ਼ਟਾ (ਦੇਖਨੇ ਵਾਲਾ) ਆਤਮਾ ਹੀ ਸਾਰ ਹੈ, ਜਿਸ ਆਤਮਾ ਨੇ ਸ੍ਵਪਨ ਅਵਸਥਾ ਮੇਂ ਤੁਮਾਰੇ ਰਾਜ ਨਾਸ ਕੋ ਔਰ ਦਰਿਦਰ ਹੋਣੇ ਕੀ ਦਸ਼ਾ ਕੋ ਦੇਖਾ ਹੈ, ਔਰ ਤੁਮਾਰੇ ਜਾਗ੍ਰਿਤ ਹੋਨੇ ਪਰ ਤੁਮ ਕੋ ਫੂਲੋਂ ਕੀ ਸੇਜਾ ਪਰ ਸੋਏ ਹੂਏ ਕੇ ਦੇਖਾ ਹੈ, ਵੋ ਸਾਖੀ ਆਤਮਾ ਹੀ ਸਾਰ ਹੈ, ਸਤ ਹੈ, ਪੂਰਨ ਹੈ, ਅਬਿਨਾਸ਼ੀ ਹੈ ਵੋਹੀ ਮਾਯਾ ਨਾਲ ਮਿਲ ਕਰ ਸਗੁਣ ਈਸ਼੍ਵਰ

ਰੂਪ ਹੋ ਕਰ ਜਗਤ ਕੀ ਉਤਪਤੀ ਪਾਲਨ ਸੰਘਾਰ ਕਰਤਾ ਹੈ ਤਥਾ, ਅਵਿਦਯਾ ਅੰਤਹ-ਕਰਣ ਨਾਲ ਮਿਲ ਕਰ ਜੀਵ ਰੂਪ ਅਪਨੇ ਕੋ ਮਾਨ ਕਰ ਸੁਖ ਦੁਖ ਕੋ ਧਾਰਣ ਕਰਤਾ ਹੈ, ਮਾਯਾ ਅਵਿਦਯਾ ਕੋ ਛੋੜ ਕਰ ਅਸੰਗ ਨਿਰਵਿਕਾਰ ਰਹਿਤਾ ਹੈ ਵੋਹੀ ਸਤਚਿਤ ਆਨੰਦ ਸਾਰ ਵਸਤੂ ਹੈ ਰਾਜਾ ਏਹ ਬਚਨ ਸੁਣ ਸ਼ਰਣਾਗਤ ਹੂਆ, ਅਰ ਕਹਾ ਪੁਨ: ਮੇਰੇ ਕੋ ਤਤ ਵਸਤੂ ਕਾ ਉਪਦੇਸ਼ ਕਰੋ ਮੈਂ ਆਪ ਕਾ ਸ਼ਿਸ਼ ਹੂੰ ਆਪ ਮੇਰੇ ਸਤਿਗੁਰ ਹੋ ਤਬ ਅਸ਼ਟਾਵਕ੍ਰ ਜੀ ਕਹਿਨੇ ਲਗੇ ਤੁਮ ਨੇ ਅਬ ਤਕ ਕੋਈ ਗੁਰੂ ਦਖਣਾ ਨਹੀਂ ਦਿਤੀ ਪਹਿਲੇ ਗੁਰੂ ਦਖਣਾ ਦੇ ਦੇਵੋ, ਫੇਰ ਤੁਮ ਕੋ ਤਤ ਕਾ ਉਪਦੇਸ਼ ਕਰੇਂਗੇ, ਏਹ ਬਚਨ ਸੁਨ ਕਰ ਰਾਜਾ ਕੋ ਬੜੀ ਖੁਸ਼ੀ ਹੂਈ ਔਰ ਸੰਕਲਪ ਕਰ ਪ੍ਰਤਗਯਾ ਕਰਤਾ ਭਯਾ, ਮੇਰਾ ਤਨ ਮਨ ਧਨ ਸਰਵੰਸ ਆਪ ਕਾ ਹੈ, ਅਰ ਆਪ ਹਾਥ ਜੋੜ ਕਰ ਮੁਨੀ ਕੇ ਅਗ੍ਰ ਭਾਗ ਮੇਂ ਖੜਾ ਹੋ ਗਯਾ, ਜੋ ਆਗਯਾ ਹੈ ਸੋ ਕਰੂੰ ਮੁਨੀ ਨੇ ਕਹਾ ਮੇਰੇ ਮਨ ਸੇ ਤੂੰ ਕੋਈ ਸੰਕਲਪ ਨ ਕਰਨਾ ਨ ਇੰਦ੍ਰੀਯੋਂ ਸੇ ਕੋਈ ਕਾਮ ਲੇਨਾ ਠੂਠ ਕੀ ਨਿਆਈਂ ਚੁਪ ਚਾਪ ਖੜਾ ਰਹੁ ਰਾਜਾ ਵੈਸੇ ਹੀ ਖੜਾ ਰਹਾ ਇਤਨੇ ਮੇਂ ਰਾਜਦੁਵਾਰ ਪਰ ਪੁਕਾਰਤਾ ਚਿਲਾਤਾ ਹੂਆ ਏਕ ਬ੍ਰਹਮਣ ਆ ਕਰ ਕਹਿਨੇ ਲਗਾ ਹੇ ਰਾਜਾ ਜਨਕ ਮੇਰੀ ਰਖਯਾ ਕਰ ਮੈਂ ਦੁਖੀ ਹੂੰ, ਮੇਰਾ ਦੁਖ ਦੂਰ ਕਰ ਐਸੇ ਅਨੰਤ ਵਚਨ ਕਹੇ ਪਹਿਲੇ ਰਾਜਾ ਕੋ ਸੁਨ ਕਰ ਚਿਤ ਮੇਂ ਦਯਾ ਆਈ, ਖਿਆਲ ਕਰਾ ਇਸ ਸੇ ਪੂਛੂੰ ਕਿ ਕਿਆ ਦੁਖ ਹੈ, ਔਰ ਨਿਵਿਰਤ ਕਰੂੰ ਤਤਖਿਣ ਵਿਚਾਰ ਹੂਆ ਤਨ ਮਨ ਧਨ ਗੁਰੂ ਕਾ ਹੈ ਗੁਰੂ ਕੀ ਆਗਯਾ ਹੈ ਮੇਰੀ ਚੀਜ਼ ਸੇ ਕੋਈ ਕਾਮ ਨ ਲੇ ਠੂਠ ਵਤ ਖੜਾ ਰਹੇ ਇਸ ਵਾਸਤੇ ਮੇਰੇ ਕੋ ਗੁਰੂ ਕੀ ਆਗਯਾ ਹੀ ਪਾਲਨ ਕਰਨੀ ਚਾਹੀਯੇ, ਐਸਾ ਵਿਚਾਰ ਕਰ ਚੁਪ ਰਹਾ ਅਰ ਬ੍ਰਾਹਮਣ ਸੇ ਕੁਛ ਨ ਬੋਲਾ ਤਬ ਬ੍ਰਾਹਮਣ ਵਿਸ਼ੇਸ਼ ਵਿਰਲਾਪ ਕਰਨੇ ਲਗਾ ਕਹਿਨੇ ਲਗਾ ਮੈਂ ਰਿਣੀ ਹੂੰ ਮਹਾਜਨੋਂ ਨੇ ਮੇਰੀ ਸਰਵ ਸੰਪਤੀ ਜਬਤ ਕਰ ਲਈ ਹੈ ਮੇਰੇ ਪੁਤਰ ਇਸਤ੍ਰੀ ਕੁਟੰਬ ਕੇ ਲੋਗ ਭੂਖ ਪਿਆਸ ਸੇ ਤੜਫ ਰਹੇ ਹੈਂ ਐਸੀ ਲਾਚਾਰੀ ਹਾਲਤ ਮੇਂ ਮੈਂ ਤੁਮਾਰੇ ਸੇ ਪ੍ਰਾਰਥਨਾ ਕਰਤਾ ਹੂੰ ਤੂੰ ਮੇਰੇ ਵਚਨ ਸੁਨ ਕਰ ਭੀ ਨਿਰਦਯੋਂ ਕੀ ਤਰਾਂ ਖਿਆਲ ਨਹੀਂ ਕਰਤਾ ਯੇ ਵਚਨ ਸੁਨ ਰਾਜਾ ਕਾ ਚਿਤ ਨਰਮ ਹੂਆ ਅਰ ਖਿਆਲ ਹੂਆ ਕਿ ਖਜ਼ਾਨਚੀ ਕੋ ਕਹਿ ਕਰ ਇਸ ਕੋ ਧਨ ਦੇਕਰ ਦੁਖ ਦੂਰ ਕਰੂੰ ਪਰੰਤੂ ਫੇਰ ਵਿਚਾਰ ਹੂਆ, ਧਨ ਗੁਰੂ ਜੀ ਕਾ ਹੈ, ਮੇਰਾ ਨਹੀਂ, ਮੈਂ ਸਰਵੱਸ ਦੇ ਚੁਕਾ ਹੂੰ ਇਸ ਵਕਤ ਮੈਂ ਨਿਹਕੰਚਨ ਹੂੰ ਯਾਨੇ (ਕੰਗਾਲ) ਹੂੰ, ਔਰ ਗੁਰੂ ਕੀ ਆਗਯਾ ਭੰਗ ਹੋ ਗਈ ਮੈਂ ਸੰਕਲਪ ਕਰ ਬੈਠਾ ਹੂੰ ਐਸੇ ਅਪਨੇ ਕੋ ਧਿਕਾਰ ਕਰਨੇ ਲਗਾ ਔਰ ਚੁਪ ਹੋ ਗਯਾ ਵਹਾਂ ਸੇ ਬ੍ਰਾਹਮਣ ਕੋ ਜਬ ਕੋਈ ਜਵਾਬ ਨ ਮਿਲਾ ਅਰ ਪ੍ਰਾਰਥਨਾ ਕਰ ਕਰ ਥਕ ਗਯਾ, ਤਬ ਕ੍ਰੋਧ ਮੇਂ ਆ ਕਰ ਬਾਣੋਂ ਕੀ ਨਿਆਈਂ ਕਠੋਰ ਅਨੇਕ ਦੁਰਬਚਨ ਰਾਜਾ ਕੋ ਕਹਿਨੇ ਲਗਾ, ਸੁਨ ਕਰ ਰਾਜਾ ਅਡੋਲ ਰਹਾ ਬ੍ਰਾਹਮਣ ਨੇ ਪੁਨਹ ਐਸਾ ਕ੍ਰੋਧ ਕਰਾ ਜੋ ਸਾਰੀ ਸਭਾ ਕੰਬ ਗਈ, ਪਰ ਰਾਜਾ ਜਨਕ ਅਡੋਲ ਰਹਾ, ਤਬ ਅਸ਼ਟਾਵਕਰ ਮੁਨੀ ਬੜੇ ਪ੍ਰਸੰਨ ਹੂਏ ਅਰ ਜਨਕ ਕੋ



ਕਹਿਨੇ ਲਗੇ ਕਿ ਇਸ ਬ੍ਰਾਹਮਣ ਕੋ ਧਨ ਦੇਕਰ ਤੂੰ ਸੁਖੀ ਕਿਉਂ ਨਹੀਂ ਕਰਤਾ ਤਬ ਜਨਕ ਕਹਿਨੇ ਲਗਾ ਸਭ ਚੀਜ ਆਪ ਕੀ ਹੈ ਮੈਂ ਕੈਸੇ ਦੇ ਸਕਤਾ ਹੂੰ, ਮੇਰੀ ਕਿਸੀ ਚੀਜ ਮੇਂ ਮਮਤਾ ਨਹੀਂ, ਅਸ਼ਟਾਵਕ੍ਰ ਕਹਿਨੇ ਲਗੇ ਤੂੰ ਕਉਨ ਹੈਂ ਰਾਜਾ ਨੇ ਕਹਾ ਮੈਂ ਜਨਕ ਹੂੰ ਫੇਰ ਮੁਨੀ ਨੇ ਕਹਾ ਜਨਕ ਪਰ ਹਥ ਰਖ ਕੇ ਮੇਰੇ ਕੋ ਦਿਖਾ ਕਉਨ ਚੀਜ ਜਨਕ ਹੈ, ਰਾਜਾ ਕੁਛ ਨ ਦਿਖਾ ਸਕਾ ਮੁਨੀ ਨੇ ਕਹਾ ਜੈਸੇ ਤੂੰ ਕਹਤਾ ਹੈਂ ਜਨਕ ਹੂੰ ਪਰ ਦਿਖਾ ਨਹੀਂ ਸਕਤਾ, ਇਸ ਵਾਸਤੇ ਜਨਕ ਕੋਈ ਚੀਜ਼ ਹੈ ਨਹੀਂ, ਹੈ ਤੋ ਦਿਖਾ ਤੈਸੇ ਸਭ ਲੋਕ ਜਗਤ ੨ ਕਹਿਤੇ ਹੈਂ ਪਰ ਦਿਖਾ ਨਹੀਂ ਸਕਤੇ, ਤਾਂਤੇ ਜਗਤ ਹੈ ਨਹੀਂ ਰਾਜਾ ਫੇਰ ਚੁਪ ਹੋ ਗਯਾ ਤਬ ਮੁਨੀ ਕਹਿਨੇ ਲਗੇ ਜੈਸੇ ਅਕਾਸ਼ ਮੇਂ ਉਪਾਧੀ ਸਬੰਧ ਸੇ ਘਟਾ ਕਾਸ ਮਠਾ ਕਾਸ ਆਦਿ ਅਨੰਤ ਨਾਮ ਹੈਂ, ਪਰੰਤੂ ਕਲਪਨਾ ਮਾਤ੍ਰ ਹੈ, ਹੈਨ ਕੁਛ ਨਹੀਂ । ਤੈਸੇ ਮਾਯਾ ਔਰ ਅਵਿਦਯਾ ਰੂਪੀ ਉਪਾਧੀ ਕੇ ਸੰਬੰਧ ਸੇ ਤੁਮ ਸਚਿਦਾਨੰਦ ਪਰੀਪੂਰਣ ਬ੍ਰਹਮ ਕੇ ਜਨਕਾਦਿ ਅਨੰਤ ਨਾਮ ਹੈਂ, ਪਰੰਤੂ ਕਲਿਪਤ ਯਾਨੇ ਝੂਠੇ ਹੈਂ ਵਾਸਤਵ ਸੇ ਨਾਮ ਰੂਪ ਰਹਿਤ ਸਤ ਚਿਤ ਆਨੰਦ ਤੁਰੀ ਯਵਸਤੂ ਤੂੰ ਹੈਂ ਸੋ ਤੂੰ ਅਸੰਗ ਹੈਂ ਅਜਨਮਾ ਹੈ ਨਿਰਵਿਕਾਰ ਹੈਂ, ਪਰੀ ਪੂਰਣ ਹੈਂ ਐਸੇ ਆਤਮਾ ਕੋ ਨਿਸਚੇ ਕਰ ਕਿਰਤ ਕਿਰਤ ਹੋ ਜਾ, ਤਬ ਰਾਜਾ ਜਨਕ ਸਭ ਕਰਤੱਬੋਂ ਕੋ ਛੋਡ ਕਰ ਅਰ ਪ੍ਰਾਣ ਇੰਦ੍ਰੀਆਂ ਮਨ ਬੁਧੀ ਸਭ ਗੁਰੂ ਜੀ ਕੇ ਹੈਂ, ਮੈਂ ਇਨ ਸੇ ਕਾਮ ਨ ਲੇਉਂ ਐਸੇ ਨਿਸਚੇ ਕਰ ਸਭ ਬ੍ਰਿਤੀਓਂ ਕੋ ਰੋਕ ਕਰ ਨਿਸ਼ਫੁਰ ਦਸ਼ਾ ਕੋ ਪ੍ਰਾਪਤ ਹੂਆ ਔਰ ਉਸ ਦਸ਼ਾ ਮੇਂ ਮਹਾਨ ਆਨੰਦ ਜੋ ਬ੍ਰਹਮ ਅਨੰਦ ਸ਼ਾਸਤ੍ਰ ਮੇਂ ਸਰਵਣ ਕੀਆ ਥਾ ਉਸ ਕੋ ਵਾਰ ਵਾਰ ਅਨੁਭਵ ਕਰ ਜੀਵਨ ਮੁਕਤ ਦਸ਼ਾ ਕੋ ਪ੍ਰਾਪਤ ਹੂਆ ਬਹੁਤ ਦੇਰ ਤਕ ਉਸ ਆਨੰਦ ਕੋ ਅਨੁਭਵ ਕਰਤਾ ਰਹਾ ਤਬ ਅਸਟਾਵਕਰ ਮੁਨੀ ਨੇ ਰਾਜਾ ਜਨਕ ਕੋ ਸਮਾਧੀ ਸੇ ਉਥਾਨ ਕੀਆ ਯਾਨੇ ਉਠਾਇਆ ਅਰ ਕਹਿਣੇ ਲਗੇ ਜੋ ਆਨੰਦ ਤੈਂਨੇ ਅਨੁਭਵ ਕੀਆ ਯੇ ਹੀ ਪਰਮ ਤੱਤ੍ਰ ਹੈ ਯੇ ਹੀ ਆਤਮਾ ਬ੍ਰਹਮ ਹੈ ਇਸ ਮੇਂ ਚਿਤ ਕੀ ਇਸਥਿਤੀ ਕਰ ਔਰ ਅਬ ਪਹਿਲੇ ਦੂਰ ਦੂਰ ਦੇਸ ਸੇ ਬਹੁਤ ਕਾਲ ਕੇ ਆਏ ਹੂਏ ਜੋ ਬ੍ਰਾਹਮਣ ਲੋਗ, ਤਥਾ ਰਿਸ਼ੀ ਲੋਗ ਹੈਂ, ਉਨੋਂ ਕੋ ਸਨਮਾਨ ਦੇ ਕਰ ਘਰ ਜਾਨੇ ਕੀ ਆਗਿਆ ਦੇ, ਤਬ ਰਾਜਾ ਮੁਨੀ ਕੇ ਬਚਨ ਸੁਣ ਕਰ, ਸਭ ਬ੍ਰਾਹਮਣੋਂ ਕੋ ਧਨ ਔਰ ਮਾਨ ਸੇ ਪਰਸੰਨ ਕਰਤਾ ਹੂਆ, ਅਰ ਨਾਮ ਗੋਤਰ ਦੇਸ਼ ਪੂਛਤਾ ਹੂਆ, ਔਰ ਪਾਲਕੀਓਂ ਮੇਂ ਬੈਠਾ ਕਰ, ਆਪਨੇ ੨ ਘਰ ਕੋ ਭੇਜ ਦੇਤਾ ਭਯਾ, ਔਰ ਸਭ ਬ੍ਰਾਹਮਣ ਅਸਟਾਵਕਰ ਮੁਨੀ ਕੋ ਨਮਸਕਾਰ ਕਰ ਕਰ, ਧੰਨਵਾਦ ਦੇ ਦੇ ਕਰ ਘਰ ਕੋ ਜਾਤੇ ਭਏ, ਜਬ ਕਹੋਲ ਰਿਸ਼ੀ ਆਪਣਾ ਕੁਲ ਨਾਮ ਗੋਤਰ ਸੁਣਾ ਕਰ ਅਸਟਾਵਕਰ ਕੋ ਨਮਸ਼ਕਾਰ ਕਰਨੇ ਲਗਾ ਤਬ ਝਟਤ ਹੀ ਸਿੰਘਾਸਨ ਸੇ ਉਤਰ ਕਰ ਚਰਨੋਂ ਮੇਂ ਸੀਸ ਰਖ ਕਰ ਪ੍ਰੇਮ ਸਹਿਤ ਕਹੋਲ ਮੁਨੀ ਕੋ ਨਮਸਕਾਰ ਕਰਨੇ ਲਗਾ, ਤਬ ਸਾਰੀ ਸਭਾ ਦੇਖ ਕਰ ਆਸਚਰਜ ਕੋ ਪਰਾਪਤ ਹੂਈ, ਤਬ ਕਹੋਲ ਰਿਸ਼ੀ ਨੇ ਭੀ ਉਸ ਕਾ ਹਾਥ ਪਕੜ ਕਰ ਉਠਾਇਆ, ਔਰ ਪੂਛਾ ਆਪ ਕੌਣ ਹੋ।

ਅਸਟਾਵਕਰ ਨੇ ਅਪਨੀ ਮਾਤਾ ਤਥਾ ਅਪਨੇ ਨਾਨਾ ਮਾਮਾ ਕਾ ਨਾਮ ਬਤਾਇਆ। ਪੀਛੇ ਅਪਨਾ ਨਾਮ ਬਤਾਇਆ। ਕਹੋਲ ਮੁਨੀ ਨੇ ਅਸਟਾਵਕਰ ਕੋ ਪੁਤਰ ਸਮਝ ਗਲੇ ਨਾਲ ਲਗਾਇਆ। ਬੜਾ ਪਿਆਰ ਕੀਆ ਔਰ ਗਦਗਦ ਬਾਣੀ ਸੇ ਕਹਾ ਪੁਤਰ ਤੇਰੀ ਕਲਿਆਨ ਹੋ ਤੂੰ ਚਿਰੰਜੀਵ ਰਹਿ ਔਰ ਮੈਂ ਅਭਾਗੇ ਨੇ ਤੇਰਾ ਪਾਲਣ ਪੋਸਣ ਭੀ ਨਹੀਂ ਕੀਆ ਨਾ ਤੁਝੇ ਵਿਦਿਆ ਪ੍ਰਦਾਨ ਕੀ। ਉਲਟੋ ਤੇਰੇ ਅਸਟਾਵਕਰੋਂ ਕਾ ਕਾਰਣ ਭੀ ਮੈਂ ਹੀ ਹੂਆ। ਯੇਹ ਬਚਨ ਸੁਨ ਰਾਜਾ ਜਨਕ ਕੋ ਸੰਦੇਹ ਹੂਆ, ਔਰ ਪੂਛਾ ਕਿ ਗੁਰੂ ਜੀ ਕੇ ਅਸਟਾਵਕਰ ਹੋਣੇ ਮੇਂ ਆਪ ਕਾਰਣ ਕੈਸੇ ਹੂਏ ? ਕਹੋਲ ਰਿਸ਼ੀ ਬੋਲੇ ਜਬ ਯੇਹ ਮਾਤਾ ਕੇ ਗਰਭ ਮੇਂ ਥਾ। ਤਬ ਮੈਂ ਇਸ ਕੀ ਮਾਤਾ ਕੋ ਹਰ ਰੋਜ਼ ਵੇਦ ਪਾਠ ਸੁਨਾਇਆ ਕਰਤਾ ਥਾ। ਏਕ ਦਿਨ ਇਸਕੀ ਮਾਤਾ ਪਾਠ ਸੁਨਤੇ ਸੁਨਤੇ ਸੋ ਗਈ ਔਰ ਮੈਂ ਪਾਠ ਕਰ ਰਹਾ ਥਾ ਤੋ ਅਚਾਨਕ ਏਕ ਧੁਨੀ ਹੂਈ ਕਿ ਹੇ ਪਿਤਾ ਜੀ ਆਪ ਅਸ਼ੁਧ ਪਾਠ ਕਰ ਰਹੇ ਹੋ ਤਥਾ ਆਪ ਹਾਥ ਕਾ ਇਸ਼ਾਰਾ ਭੀ ਅਸ਼ੁਧ ਕਰ ਰਹੇ ਹੋ। ਯੇਹ ਵਚਨ ਸੁਨ ਮੇਰੇ ਕੋ ਕ੍ਰੋਧ ਆ ਗਿਆ ਔਰ ਇਸ ਕੀ ਮਾਤਾ ਦੁਆਰਾ ਪਤਾ ਲਗਾ ਕਿ ਅੰਦਰ ਗਰਭ ਮੇਂ ਬਾਲਕ ਬੋਲ ਰਹਾ ਹੈ ਤਬ ਮੈਂ ਨੇ ਕਹਾ ਅਰੇ ਬਾਲਕ ਤੂੰ ਅਭੀ ਜਨਮਾ ਭੀ ਨਹੀਂ ਔਰ ਪਿਤਾ ਕੇ ਪਾਠ ਕੋ ਅਸ਼ੁਧ ਕਹਿਤਾ ਹੈ। ਜਾ ਆਠੋਂ ਅੰਗੋਂ ਸੇ ਤੂੰ ਵਕ੍ਰਤ ਹੋਵੇਂ। ਇਸ ਵਾਸਤੇ ਜਨਮ ਸੇ ਹੀ ਮੇਰੇ ਸ਼ਾਪ ਕੇ ਕਾਰਣ ਯੇਹ ਆਠੋਂ ਅੰਗੋਂ ਸੇ ਵਕ੍ਰਤ ਹੂਆ ਹੈ। ਰਾਜਾ ਜਨਕ ਬਾਲਕ ਕੇ ਜਨਮਾਤਰੀ ਸੰਸਕਾਰੋਂ ਸੇ ਬਹੁਤ ਹੀ ਪਰਸੰਨ ਹੂਆ, ਔਰ ਅਸਟਾਵਕਰ ਮੁਨੀ ਕੇ ਚਰਨੋਂ ਮੇਂ ਪੜਾ। ਅਸਟਾਵਕਰ ਮੁਨੀ ਭੀ ਰਾਜਾ ਕੋ ਕਹਿਣੇ ਲਗੇ ਯਹ ਰਾਜਾਦਿ ਸਮਗ੍ਰੀ ਮੇਰੀ ਸਮਝ ਕਰ ਪੂਰਬ ਕੀ ਨਿਆਈਂ ਵਿਵਹਾਰ ਕਰੋ ਮੈਂ ਪਿਤਾ ਕੇ ਸਾਥ ਜਾਊਂਗਾ। ਰਾਜਾ ਚਾਹਤਾ ਨਹੀਂ ਸੀ ਕਿ ਗੁਰੂ ਜੀ ਜਾਵੇਂ, ਪਰੰਤੂ ਆਗਿਆ ਪਾਲਨ ਕਰਨੀ ਪੜੀ ਔਰ ਬਹੁਤ ਧਨ ਸਮਗ੍ਰੀ ਸੇ ਪੂਜਨ ਕਰ ਵਿਦਾ ਕੀਆ। ਅਸ਼ਟਾਵਕਰ ਮੁਨੀ ਆਪਣੇ ਪਿਤਾ ਕੋ ਸਾਥ ਲੇ ਮਾਤਾ ਪਾਸ ਆਨੇ ਲਗੇ ਰਸਤੇ ਮੇਂ ਮਧੂਵਿਤਾ ਨਾਮ ਕੀ ਏਕ ਨਦੀ ਆਈ, ਉਸ ਮੇਂ ਕਹੋਲ ਰਿਸ਼ੀ ਨੇ ਵਿਧੀ ਪੂਰਬਕ ਅਸਟਾਵਕਰ ਕੋ ਇਸ਼ਨਾਨ ਕਰਾਇਆ, ਜਿਸ ਸੇ ਉਸ ਕੇ ਸਭ ਅੰਗ ਸੀਧੇ ਹੋ ਗਏ। ਸਰੀਰ ਸ੍ਵਛ ਕਾਂਤੀਮਾਨ ਹੋ ਗਿਆ ਔਰ ਆ ਕਰ ਆਪਣੇ ਮਾਤਾ ਕੋ ਮਿਲੇ ਔਰ ਨਾਨਾ ਕੀ ਆਗਿਆ ਸੇ ਆਪਣੇ ਪੂਰਬਲੇ ਆਸ਼ਰਮ ਕੋ ਗਏ। ਇਸ ਦ੍ਰਿਸ਼ਟਾਂਤ ਕਾ ਭਾਵ ਯਹ ਹੈ ਕਿ ਰਾਜਾ ਜਨਕ ਕੋ ਵਾਸ਼ਨਾ ਕੇ ਵੇਗ ਸੇ ਸ੍ਵਪਨ ਮੇਂ ਸਤਯਤਾ ਕੀ ਭ੍ਰਾਂਤੀ ਹੂਈ ਅਰ ਆਪਣੇ ਕੋ ਦੂਖੀ ਸਮਝਾ ਔਰ ਬਾਵਲਾ ਹੋ ਗਯਾ ਥਾ, ਅਸਟਾਵਕਰ ਮੁਨੀ ਕੇ ਉਪਦੇਸ਼ ਸੇ ਭਰਮ ਟੂਟਾ ਔਰ ਕ੍ਰਿਤ ਕ੍ਰਿਤ ਹੂਆ। ਜੈਸੇ ਜਾਗ੍ਰਿਤ ਕੀ ਵਾਸ਼ਨਾ ਸੇ ਸੁਪਨ ਆਤੇ ਹੈਂ ਤੈਸੇ ਅੰਤ ਕਾਲ ਕੀ ਜੈਸੀ ਵਾਸ਼ਨਾ ਹੋਗੀ ਤੈਸਾ ਜਨਮ ਮਿਲਤਾ ਹੈ। ਯਾਂ ਤੇ ਵਾਸ਼ਨਾ ਸੇ ਬਧਾ ਹੂਆ ਜੀਵ ਅਨੇਕ ਜ਼ਨਮੋਂ ਕੋ ਪਾਤਾ ਹੈ ਵਾਸਨਾ ਸੇ ਸੁਪਨੇ ਆਤੇ ਹੈਂ ਇਸ ਮੇਂ ਲੌਕਿਕ ਦ੍ਰਿਸ਼ਟਾਂਤ ਕਹਿਤੇ ਹੈਂ। ਜੇਸੇ ਏਕ ਸ਼ਹਿਰ ਮੇਂ ਏਕ ਝੀਵਰ ਯਾਨੇ ਦਾਣੇ ਭੁਨਣੇ ਵਾਲਾ ਰਹਿਤਾ ਥਾ। ਉਸਨੇ ਕਭੀ ਰਾਜਾ ਕਾ ਦਰਸ਼ਨ



ਨਹੀਂ ਕੀਯਾ ਥਾ। ਏਕ ਦਿਨ ਰਾਜਾ ਸਾਹਿਬ ਕੀ ਸਵਾਰੀ ਯਾਨੇ ਜਲੂਸ ਬੜੇ ਧੂਮ ਧਾਮ ਕੇ ਸਾਥ ਆ ਰਹਾ ਥਾ ਜੋ ਜਾਕਰ ਏਕ ਬਾਗ਼ ਮੇਂ ਜਲੂਸ ਠਹਿਰਾ ਅਰ ਰਾਜਾ ਰਾਣੀ ਕਾ ਬੀਚ ਮੇਂ ਕੱਠਾ ਸਿਘਾਸਨ ਬਣਾਇਆ ਗਿਆ ਔਰ ਰਾਜਾ ਸਾਹਿਬ ਕੇ ਆਸ ਪਾਸ ਕਈ ਰਾਜ ਕੁਮਾਰ ਔਰ ਮੰਤ੍ਰੀ ਗਣ ਬੈਠਾਏ ਗਏ ਔਰ ਵੈਸ਼ਿਆਓਂ ਕਾ ਸਮੁਦਾਯ ਬਸਤ੍ਰ ਭੂਸ਼ਣ ਪਹਿਨ ਕਰ ਮਹਾਰਾਜਾ ਕੇ ਊਪਰ ਚੋਰ ਕਰ ਰਹੀ ਥੀਂ। ਕੋਈ ਮਧੁਰ ਸ੍ਵਰ ਸੇ ਗਾ ਰਹੀ ਥੀ ਇਤਿ ਆਦਿ ਸੁੰਦਰ ਸਮਾਜ ਯੇਹ ਭੜਭੂੰਜਾ ਏਕ ਬ੍ਰਿਖ ਕੇ ਉਪਰ ਚੜ੍ਹ ਕਰ ਦੇਖ ਰਹਾ ਥਾ। ਦੇਖ ਕਰ ਈਸ਼ਵਰ ਸੇ ਪ੍ਰਾਰਥਨਾ ਕਰਨੇ ਲਗਾ ਹੇ ਭਗਵਾਨ ! ਕਭੀ ਮੇਰੇ ਕੋ ਭੀ ਐਸਾ ਰਾਜਾ ਬਨਾਉਗੇ। ਰਾਜਾ ਕੇ ਸਮਾਜ ਕੋ ਬੜੀ ਪ੍ਰੀਤਿ ਪੂਰਬਕ ਦੇਖ ਰਹਾ ਥਾ ਔਰ ਉਨ ਕੇ ਮੀਠੇ ਮੀਠੇ ਬੋਲ ਕਾਨੋਂ ਸੇ ਸੁਣ ਰਹਾ ਥਾ। ਆਪਣਾ ਸਾਰਾ ਧਿਆਨ ਰਾਜਾ ਕੀ ਸਮਗ੍ਰੀ ਮੇਂ ਰਖਾ। ਰਾਜਾ ਕੇ ਚਲੇ ਜਾਣੇ ਬਾਦ ਭੀ ਯੇਹੀ ਸਮਰਣ ਕਰਤਾ ਰਹਾ ਕਿ ਮੈਂ ਰਾਜਾ ਹੋਵਾਂ ਮੈਂ ਰਾਜਾ ਹੋਵਾਂ। ਆਖਿਰ ਉਸ ਕੀਆਂ ਵਾਸ਼ਨਾਂ ਦ੍ਰਿੜ ਹੋ ਗਈਆਂ ਏਕ ਦਿਨ ਗਰਮੀ ਕੇ ਦਿਨੋਂ ਮੇਂ ਦੁਕਾਨ ਮੇਂ ਬੈਠਾ ਹੂਆ ਥਾ ਔਰ ਦੁਕਾਨ ਕੇ ਅੰਦਰ ਹੀ ਘਰ ਥਾ ਘਰ ਕੇ ਬੀਚ ਮੇਂ ਉਸਕੀ ਬੜੀ ਕੁਬੋਲ ਔਰ ਕੁਰੂਪ ਇਸਤ੍ਰੀ ਰਹਿਤੀ ਸੀ ਜੋ ਹਰ ਵਕਤ ਉਸਕੋ ਖੋਟੇ ਖੋਟੇ ਬਚਨ ਕਹਿਤੀ ਰਹਿਤੀ ਥੀ ਵਾਸ਼ਨਾ ਕੇ ਵੇਗ ਸੇ ਅਥਵਾ ਵਾਸ਼ਨਾ ਕੇ ਅਭਿਆਸ ਸੇ ਮੈਂ ਰਾਜਾ ਹੂੰ ਮੈਂ ਰਾਜਾ ਹੂੰ, ਇਸਕੇ ਦ੍ਰਿੜ੍ਹ ਅਭਿਆਸ ਸੇ ਉਸਕੋ ਨੀਂਦ ਆ ਗਈ ਔਰ ਸ੍ਵਪਨ ਆਯਾ ਔਰ ਸ੍ਵਪਨ ਮੇਂ ਆਪਣੇ ਕੋ ਰਾਜਾ ਦੇਖਾ। ਔਰ ਆਪਣੇ ਪਾਸ ਬੜੀਆਂ ਬੜੀਆਂ ਸੁੰਦਰ ਰਾਣੀਆਂ ਦੇਖੀਆਂ ਜੋ ਬੜੇ ਮੀਠੇ ਬਚਨੋਂ ਸੇ ਅਰ ਹਾਉ ਭਾਉ ਸੇ ਪ੍ਰੇਮ ਕਰ ਰਹੀਆਂ ਹਨ। ਉਨੋਂ ਕੇ ਸਾਥ ਮਿਲ ਕਰ ਬੜਾ ਸੁਖ ਅਨੁਭਵ ਕਰਾ, ਅਰ ਆਪਣੇ ਸਦ੍ਰਿਸ਼ ਰਾਜ ਕਮਾਰੋਂ ਕੋ ਪਾ ਕਰ ਤਥਾ ਅਨੁਕੂਲ ਵਜੀਰ ਚਤੁਰੰਗਿਨੀ ਸੈਨਾਂ, ਖਜ਼ਾਨੇ ਵਗੈਰਾ ਬਾਗ ਬਗੀਚੇ ਮੇਂ ਐਸ਼ ਆਰਾਮ ਕਰਤਾ ਹੂਆ, ਅਰ ਜਲ ਮੇਂ ਆਪਣੀ ਸੁੰਦਰ ਯੋਵਨ ਰਾਣੀਓਂ ਕੇ ਸਾਥ ਕਾਮ ਕਰੀੜਾ ਕਰਤਾ ਹੂਆ, ਬੜੇ ਸੁਖ ਕੋ ਅਨੁਭਵ ਕਰ ਰਹਾ ਥਾ। ਇਤਨੇ ਮੇਂ ਏਕ ਗਾਹਕ ਨੇ ਆ ਕਰ ਆਵਾਜ਼ ਕਰੀ, ਅਰੇ ਭੜਭੂੰਜੇ ! ਏਕ ਆਨੇ ਕੇ ਦਾਲ ਫੁਲੀਆਂ ਮੁਰਮੁਰੇ ਦਿਓ, ਪਰੰਤੂ ਸੁਖ ਮੇਂ ਮਗਨ ਹੂਏ ਉਸ ਨੇ ਨ ਸੁਣਾ, ਔਰ ਨ ਆਵਾਜ਼ ਦਿਤੀ। ਦੋਬਾਰਾ ਫੈਰ ਜ਼ੋਰ ਸੇ ਬੁਲਾਇਆ ਤਬ ਭੀ ਨ ਉਠਾ, ਤੀਸਰੀ ਵਾਰ ਆਵਾਜ਼ ਕਰੀ ਔਰ ਅੰਦਰ ਉਸਕੀ ਇਸਤ੍ਰੀ ਝੀਵਰੀ ਨੇ ਸੁਣੀ, ਔਰ ਬਾਹਰ ਦੌੜ ਆਈ ਔਰ ਕ੍ਰੋਧ ਸੇ ਕਹਾ ਤਥਾ ਲਾਤ ਮਾਰੀ ਔਰ ਗਾਲੀ ਦਿਤੀ ਕਹਾ ਗਾਹਕ ਖੜਾ ਹੈ ਤੂੰ ਉਠਤਾ ਨਹੀਂ ਲਾਤ ਮਾਰਨੇ ਸੇ ਉਸਕੋ ਜਾਗ ਆ ਗਈ ਜਾਗਨੇ ਸੇ ਸੁਪਨ ਕਾ ਸੁਖ ਸਮਾਜ ਸਭ ਦੂਰ ਹੋ ਗਯਾ। ਸੁਪਨ ਸੁਖ ਕੋ ਯਾਦ ਕਰ ਫੇਰ ਬੇਹੋਸ਼ ਹੋ ਗਯਾ, ਹੇ ਮੇਰੀ ਰਾਣੀ ਹੇ ਮੇਰੇ ਰਾਜ ਕੁਮਾਰ ! ਤੁਮ ਕਹਾ ਗਏ। ਐਸੇ ਕਹਿ ਰੋਤਾ ਭਯਾ। ਝੀਵਰੀ ਹੈਰਾਨ ਹੋਕਰ ਪੂਛਨੇ ਲਗੀ ਕਿਆ ਹੈ ਕਿਸ ਕੋ ਬੁਲਾ ਰਹਾ ਹੈ। ਉਸਨੇ ਕਹਾ ਮੈਂ ਰਾਜਾ ਹੂੰ ਮੈਂ

ਆਪਨੀ ਰਾਣੀ ਤਾ ਅਪਨੇ ਰਾਜ ਕੁਮਾਰੋਂ ਕੋ ਬੁਲਾ ਰਹਾ ਹੂੰ । ਤਬ ਝੀਵਰੀ ਨੇ ਜਾਨਾ ਕਿ ਇਸਕੋ ਕੋਈ ਸੁਪਨਾ ਆਯਾ ਹੈ ਔਰ ਅਪਨੇ ਝੀਵਰ ਭਾਉ ਕੋ ਭੂਲ ਗਯਾ ਹੈ ਇਸਕੋ ਜਗਾਈਏ । ਤਬ ਜ਼ੋਰ ਸੇ ਜਗਾਯਾ ਔਰ ਕਹਾ ਤੂੰ ਝੀਵਰ ਹੈਂ । ਧੀਰੇ ਧੀਰੇ ਉਸਕੋ ਹੋਸ਼ ਹੂਈ ਠੀਕ ਮੈਂ ਝੀਵਰ ਹੂੰ। ਤੈਸੇ ਅਵਿਦਿਆ ਨਿਦ੍ਰਾ ਮੇਂ ਸੋਏ ਹੂਏ ਪੁਰਖੋਂ ਕੋ ਮੈਂ ਜੀਵ ਹੂੰ ਐਸੇ ਸ੍ਵਪਨ ਹੋ ਰਹਾ ਹੈ। ਗੁਰੂ ਉਸ ਕੋ ਜਗਾਤੇ ਹੈਂ ਔਰ ਕਹਿਤੇ ਹੈਂ ਤੂੰ ਜੀਵ ਨਹੀਂ ਤੂੰ ਬ੍ਰਹਮ ਹੈਂ ਐਸੇ ਅਪਨੇ ਸਰੂਪ ਕੋ ਪਛਾਣ ਪ੍ਰਮਾਣ :-

**ਮਨ ਤੂੰ ਜੋਤਿ ਸਰੂਪੁ ਹੈ ਆਪਨਾ ਮੂਲੁ ਪਛਾਣੁ ॥** [ਆ: ਛੰ: ਮ: ੩ ਸਫਾ ੪੪੧

**ਤਥਾ-ਸੋ ਪ੍ਰਭੁ ਦੂਰਿ ਨਾਹੀ ਪ੍ਰਭਿ ਤੂੰ ਹੈ ॥** [ਆਸਾ ਮ: ੧ ਸਫਾ ੩੫੪

ਐਸੇ ਗੁਰੂ ਕੇ ਬਚਨ ਸੁਣ ਕੇ ਧੀਰੇ ਧੀਰੇ ਅਭਿਆਸ ਕਰਤਾ ਹੂਆ ਅਪਨੇ ਕੋ ਬ੍ਰਹਮ ਰੂਪ ਨਿਸਚੇ ਕਰ ਲੇਤਾ ਹੈ । ਜੀਵ ਕੀ ਭਾਵਨਾ ਸੇ ਜੀਵ ਹੋ ਜਾਤਾ ਹੈ । ਬ੍ਰਹਮ ਕੀ ਭਾਵਨਾ ਸੇ ਬ੍ਰਹਮ ਰੂਪ ਹੋ ਜਾਤਾ ਹੈ । ਜੈਸੀ ਭਾਵਨਾ ਤੈਸਾ ਸਰੂਪ ਹੋ ਜਾਤਾ ਹੈ। ਸ ਵਾਸ਼ਨਾ ਦੋ ਪ੍ਰਕਾਰ ਕੀ ਹੋਤੀ ਹੈਂ।

**ਵਾਸ਼ਨਾ ਦ੍ਵਿਵਿਧਾ ਪ੍ਰੋਕ੍ਤਾ ਸ਼ੁਭਾ ਚ ਮਿਲਿਨਾ ਤਥਾ ॥ ਮਲਿਨਾ ਜਨਮ ਹੇਤੂ: ਸਜਾਤ ਸ਼ੁਧਾ ਜਨਮ ਵਿਨਾਸ਼ਿਨੀ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖਜਪ੍ਰਕਰਣ

ਅਰਥ-ਵਾਸ਼ਨਾ ਦੋ ਪ੍ਰਕਾਰ ਕੀ ਕਹੀ ਹੈ ਏਕ ਸ਼ੁਧ ਦੂਸਰੀ ਮਲਿਨ । ਸ਼ੁਧ ਵਾਸ਼ਨਾ ਜਨਮ ਕੋ ਨਾਸ ਕਰਨੇ ਵਾਲੀ ਹੈ ਔਰ ਮਲਿਨ ਵਾਸ਼ਨਾ ਜਨਮ ਦੇਨੇ ਵਾਲੀ ਹੈ । ਯਾਂਤੇ ਜਗਿਆਸੂ ਕੋ ਮਲਿਨ ਵਾਸ਼ਨਾ ਦੂਰ ਕਰਨੀ ਚਾਹੀਏ, ਮਲਿਨ ਵਾਸ਼ਨਾ ਪੂਰਬ ਤੀਨ ਪ੍ਰਕਾਰ ਕੀ ਹੈ, ਪੁਤ੍ਰ ਵਾਸ਼ਨਾ, ਧਨ ਵਾਸ਼ਨਾ, ਲੋਕ ਵਾਸ਼ਨਾ । ਇਨ ਤੀਨੋਂ ਵਾਸ਼ਨਾ ਵਾਲੋਂ ਕੋ ਗਿਆਨ ਨਹੀਂ ਹੋਤਾ, ਜੈਸੇ ਸ੍ਰੀ ਮਦ ਭਾਗ੍ਵਤ ਮੇਂ ਏਕ ਪ੍ਰਸੰਗ ਆਤਾ ਹੈ, ਏਕ ਚਿਤ੍ਰ ਕੇਤੂ ਰਾਜਾ ਥਾ, ਉਸਕੀ ਏਕ ਕ੍ਰੋੜ ਰਾਣੀਆਂ ਥੀਂ, ਪਰ ਪੁਤ੍ਰ ਕਿਸੀ ਸੇ ਨ ਹੂਆ ਪੁਤ੍ਰ ਨ ਹੋਨੇ ਕੇ ਕਾਰਨ ਰਾਜਾ ਬੜਾ ਦੁਖੀ ਰਹਿਤਾ ਥਾ ਉਸ ਕੋ ਖਾਨ ਪਾਨ ਕੁਛ ਅਛਾ ਨਹੀਂ ਲਗਤਾ ਥਾ, ਅਨੇਕ ਰਿਸ਼ੀ ਮੁਨੀ ਆਤੇ ਰਾਜਾ ਕੋ ਸਮਝਾਤੇ ਪਰੰਤ ਰਾਜਾ ਕੀ ਪੁਤ੍ਰ ਵਾਸਨਾ ਦੂਰ ਨ ਹੂਈ। ਆਖਿਰ ਏਕ ਦਿਨ ਨਾਰਦ ਅੰਗਰਾ ਰਿਸ਼ੀ ਆਦਿ ਆਏ, ਔਰ ਰਾਜਾ ਕੋ ਦੁਖੀ ਦੇਖ ਕਰ ਅਨੇਕ ਤਰਹ ਸੇ ਸਮਝਾਯਾ ਪਰੰਤੂ ਜਬ ਰਾਜਾ ਕੀ ਤੀਬ੍ਰ ਪੁਤ੍ਰ ਇਛਾ ਦੇਖੀ, ਤਬ ਕਹਾ ਅਛਾ ਹਮ ਤੁਮ ਕੋ ਮੰਤ੍ਰ ਕੇ ਪ੍ਰਭਾਵ ਸੇ ਪੁਤ੍ਰ ਦੇਵੇਂਗਾ ਪਰੰਤੂ ਜਲਦੀ ਮਰ ਜਾਏਗਾ, ਰਾਜਾ ਨੇ ਕਹਾ ਬੇਸ਼ੱਕ ਜਲਦੀ ਮਰ ਜਾਵੇ ਪਰ ਏਕ ਵਾਰ ਮੈਂ ਪੁਤ੍ਰਵਾਨ ਕਹਾਊਂ ਤਬ ਉਨ੍ਹੋਂ ਨੇ ਫਲ ਮੰਤ੍ਰਿਤ ਕਰ ਦੀਆ ਅਰ ਫਲ ਰਾਣੀ ਕੋ ਖਿਲਾਯਾ ਰਾਣੀ ਕੋ ਗਰਭ ਹੂਆ ਪੁਤ੍ਰ ਪੈਦਾ ਹੂਆ ਤਬ ਰਾਜਾ ਬੜਾ ਖੁਸ਼ ਹੂਆ ਅਨੇਕ ਤਰਹ ਕੀਆਂ ਖੁਸ਼ੀਆਂ ਕੀਆਂ ਬੜੇ ਦਾਨ ਕੀਏ, ਪੁਤ੍ਰ ਕੋ ਗੋਦ ਮੇਂ ਲੇਕਰ ਬੜਾ ਗਦ ਗਦ ਹੋਵੇ



ਛੇ ਦਿਨ ਬੜਾ ਅਨੰਦ ਪਾਯਾ । ਛਠੀ ਕੀ ਰਾਤ ਕੋ ਦੂਸਰੀ ਸੌਂਕਣ ਰਾਣੀਓਂ ਨੇ ਜ਼ਹਿਰ ਦੇਕਰ ਬਾਲਕ ਕੋ ਮਾਰ ਦੀਆ । ਪੁਤ੍ਰ ਮਰਨੇ ਸੇ ਰਾਜਾ ਕੋ ਬੜਾ ਸ਼ੋਕ ਹੂਆ। ਬੜਾ ਵਿਰਲਾਪ ਕਰਨੇ ਲਗਾ । ਤਬ ਵੋਹੀ ਅੰਗਰਾ ਤਥਾ ਨਾਰਦ ਮੁਨੀ ਆਦਿਕ ਆਏ ਰਾਜਾ ਕੋ ਬੜਾ ਸਮਝਾਯਾ ਪਰੰਤੂ ਰਾਜਾ ਨ ਸਮਝਾ ਰਾਜ ਛੋਡ ਕਰ ਬਨ ਕੋ ਚਲਾ ਗਯਾ ਪਰ ਚਿਤ ਫਿਰ ਭੀ ਸ਼ਾਂਤ ਨ ਹੂਆ । ਤਾਂਤੇ ਪੁਤ੍ਰ ਵਾਸਨਾ ਦੁਖ ਰੂਪ ਹੈ ਯਹ ਜ਼ਰੂਰ ਤਿਆਗ ਕਰਨੀ ਚਾਹੀਏ ਔਰ ਪੁਤ੍ਰ ਸੇ ਸੁਖ ਭੀ ਹੋਵੇ ਨਹੀਂ ਜੈਸੇ ਪੰਚਦਸੀ ਬ੍ਰਹਮਾਨੰਦ ਆਤਮਾਨੰਦ ਪ੍ਰਕਰਣ ੧੨ ਮੇਂ ਸਲੋਕ ੬੫-੬੬-੬੭ ਮੇਂ ਲਿਖਾ ਹੈ।

**ਅਲਭਜਮਾਨਸ ਤਨਯ: ਪਿਤਰਉ ਕਿਲੇਸ਼ਯੇਚਿਰੰ ॥ ਲਬਧੋऽਪਿ ਗਰਭ ਪਾਤੇਨ ਪ੍ਰਸਵੇਨ ਚ ਬਾਧਤੇ ॥ ਜਾਤਸਜ ਗ੍ਰਹਰੋਗਾਦਿ ਕੁਮਾਰਸਜ ਚ ਮੂਰਖਤਾ ॥ ਉਪਨੀਤੇऽਪਯਵਿਦਜਤ੍ਵ ਮਨੁਦ੍ਵਹਸ੍ ਪੰਡਿਤੇ ॥ ਯੂਨਸ੍ ਪਰਦਾਰਾਦਿ: ਦਾਰਿਦ੍ਰੰ ਚ ਕੁਟੰਬਿਨ: ॥ ਪਿਤ੍ਰੋਰਦੁਖਸਜਨਾਸੁਯੰਤੋ ਧਨੀਚੇਨ ਮ੍ਰਿਯਤੇ ਤਦਾ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ

ਟੀਕਾ-ਜਬ ਸੰਤਾਨ ਨਹੀਂ ਹੋਤੀ ਤਬ ਮਾਤਾ ਪਿਤਾ ਕੋ ਬੜਾ ਦੁਖ-ਔਰ ਗਰਭ ਮੇਂ ਆਕੇ ਛਣ ਜਾਏ ਤੋ ਦੁਖ-ਜਨਮ ਕਾਲ ਮੇਂ ਮਾਤਾ ਕੋ ਵਿਯਮ (ਪ੍ਰਸੂਤ) ਕੀ ਵਾਯੂ ਸੇ ਦੁਖ-ਔਰ ਜਨਮਤੇ ਹੀ ਬਾਲਕ ਮਰ ਜਾਵੇ ਤੋ ਮਾਤਾ ਪਿਤਾ ਕੋ ਦੁਖ-ਜੀਨੇ ਪਰ ਭੀ ਨਵ ਗ੍ਰਹੋਂ ਮੇਂ ਕੋਈ ਗ੍ਰਹ ਬਿਗੜ ਜਾਵੇ ਤੋ ਮਾਤਾ ਪਿਤਾ ਕੋ ਦੁਖ, ਜੋ ਬਾਲਕ ਰੋਗੀ ਹੋ ਜਾਵੇ ਮਾਤਾ ਕੇ ਥਣ ਨ ਪੀਵੇ ਤੋ ਮਾਤਾ ਕੋ ਦੁਖ, ਜੋ ਬਾਲਕ ਕੋ ਸੀਤਲਾ ਨਿਕਲ ਆਵੇ ਤੋ ਉਸਕੇ ਆਰਾਧਨ ਮੇਂ ਮਾਤਾ ਪਿਤਾ ਕੋ ਚਿੰਤਾ ਔਰ ਇਸਨਾਨ ਕ੍ਰਿਆ ਸੇ ਰਹਿਤ ਹੋਕਰ ਮਲਿਨ ਰਹਿਣਾ ਅਰ ਗੋਦ ਮੇਂ ਚਣੇ ਪਾਕਰ ਸੀਤਲਾ ਕਾ ਵਾਹਨ ਜੋ ਗਧਾ ਉਸਕੋ ਚਰਾਨਾ ਅਨੇਕ ਪੀਰੋਂ ਫਕੀਰੋਂ ਕੋ ਪੂਜਨ ਕਰਨਾ ਇਤਯਾਦਿ ।

ਚੌਪਈ-**ਜਾਂਕੋ ਹਿੰਦੂ ਕਬਹੁੰ ਨਹਿ ਮਾਂਨੇ ॥ ਪੁਤ੍ਰ ਹੇਤ ਤਹਿ ਇਸ਼੍ਟ ਪਛਾਨੇ ॥ ਸੱਯਦ ਖਵਾਜਾ ਪੀਰ ਫਕੀਰਾ ॥ ਮਾਨਤ ਜੋਰਤ ਹਾਥ ਅਧੀਰਾ ॥ ਭੈਰਉ ਭੂਤ ਮਨਾਵਤ ਨਾਨਾ ॥ ਧਰਤ ਸ਼ਿਵਾਬਲ ਭੂਮੀ ਮਸ਼ਾਨਾ ॥ ਔਰ ਯੰਤ੍ਰ ਤਾਵੀਦ ਘਨੇਰੇ ॥ ਲਿਖ ਮੜਵਾਵੇ ਪੂਤ ਗਲ ਗੇਰੇ ॥** [ਵਿਚਾਰ ਸਾਗਰ

ਇਤਿਆਦਿ ਪੁਤ੍ਰ ਕੇ ਬੀਮਾਰ ਹੋਨੇ ਪਰ ਇਤਨੇ ਦੁਖ ਹੋਤੇ ਹੈਂ ਔਰ ਇਸ ਤਰਹ ਸੇ ਅਨੰਤ ਦੁਖੋਂ ਸੇ ਮਾਤਾ ਪਿਤਾ ਪੁਤ੍ਰ ਕਾ ਪਾਲਨ ਕਰਤੇ ਹੈਂ । ਭਲਾ ਪੁਤ੍ਰ ਬੜਾ ਭੀ ਹੋ ਜਾਵੇ ਤੋ ਮੂਰਖ ਰਹਿਨੇ ਪਰ ਮਾਤਾ ਪਿਤਾ ਕੋ ਬੜਾ ਕਸ਼ਟ ਔਰ ਜਵਾਨ ਤਥਾ ਪੰਡਿਤ ਹੋਣੇ ਪਰ ਭੀ ਸ਼ਾਦੀ ਨ ਹੋਵੇ ਤੋ ਮਾਤਾ ਪਿਤਾ ਕੋ ਬੜਾ ਕਸ਼ਟ-ਸ਼ਾਦੀ ਹੋਨੇ ਪਰ ਪੁਤ੍ਰ ਦਰਿਦ੍ਰੀ ਹੋ ਜਾਵੇ ਤੋ ਦੁਖ, ਦਰਿਦ੍ਰ ਹੋਨੇ ਪਰ ਕੁਟੰਬੀ ਔਰ ਘਾਨੇ ਬਹੁਤੇ ਖਚੇ ਹੋਵੇਂ ਤੋ

ਆਪਨੀ ਰਾਣੀ ਤਾ ਅਪਨੇ ਰਾਜ ਕੁਮਾਰੋਂ ਕੋ ਬੁਲਾ ਰਹਾ ਹੂੰ । ਤਬ ਝੀਵਰੀ ਨੇ ਜਾਨਾ ਕਿ ਇਸਕੋ ਕੋਈ ਸੁਪਨਾ ਆਯਾ ਹੈ ਔਰ ਅਪਨੇ ਝੀਵਰ ਭਾਉ ਕੋ ਭੂਲ ਗਯਾ ਹੈ ਇਸਕੋ ਜਗਾਈਏ । ਤਬ ਜ਼ੋਰ ਸੇ ਜਗਾਯਾ ਔਰ ਕਹਾ ਤੂੰ ਝੀਵਰ ਹੈਂ । ਧੀਰੇ ਧੀਰੇ ਉਸਕੋ ਹੋਸ਼ ਹੁਈ ਠੀਕ ਮੈਂ ਝੀਵਰ ਹੂੰ। ਤੈਸੇ ਅਵਿਦਿਆ ਨਿਦ੍ਰਾ ਮੇਂ ਸੋਏ ਹੂਏ ਪੁਰਖੋਂ ਕੋ ਮੈਂ ਜੀਵ ਹੂੰ ਐਸੇ ਸੁਪਨ ਹੋ ਰਹਾ ਹੈ। ਗੁਰੂ ਉਸ ਕੋ ਜਗਾਤੇ ਹੈਂ ਔਰ ਕਹਿਤੇ ਹੈਂ ਤੂੰ ਜੀਵ ਨਹੀਂ ਤੂੰ ਬ੍ਰਹਮ ਹੈਂ ਐਸੇ ਅਪਨੇ ਸਰੂਪ ਕੋ ਪਛਾਣ ਪ੍ਰਮਾਣ :-

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** [ਆ: ਛੰ: ਮ: ੩ ਸਫਾ ੪੪੧

**ਤਥਾ–ਸੋ ਪ੍ਰਭੁ ਦੂਰਿ ਨਾਹੀ ਪ੍ਰਭਿ ਤੂੰ ਹੈ ॥** [ਆਸਾ ਮ: ੧ ਸਫਾ ੩੫੪

ਐਸੇ ਗੁਰੂ ਕੇ ਬਚਨ ਸੁਣ ਕੇ ਧੀਰੇ ਧੀਰੇ ਅਭਿਆਸ ਕਰਤਾ ਹੂਆ ਅਪਨੇ ਕੋ ਬ੍ਰਹਮ ਰੂਪ ਨਿਸਚੇ ਕਰ ਲੇਤਾ ਹੈ । ਜੀਵ ਕੀ ਭਾਵਨਾ ਸੇ ਜੀਵ ਹੋ ਜਾਤਾ ਹੈ । ਬ੍ਰਹਮ ਕੀ ਭਾਵਨਾ ਸੇ ਬ੍ਰਹਮ ਰੂਪ ਹੋ ਜਾਤਾ ਹੈ । ਜੈਸੀ ਭਾਵਨਾ ਤੈਸਾ ਸਰੂਪ ਹੋ ਜਾਤਾ ਹੈ। ਸੋ ਵਾਸ਼ਨਾ ਦੋ ਪ੍ਰਕਾਰ ਕੀ ਹੋਤੀ ਹੈਂ।

**ਵਾਸ਼ਨਾ ਦ੍ਵਿਵਿਧਾ ਪ੍ਰੋਕ੍ਤਾ ਸ਼ੁਭਾ ਚ ਮਿਲਿਨਾ ਤਥਾ ॥ ਮਲਿਨਾ ਜਨਮ ਹੇਤੁ: ਸਜਾਤ ਸ਼ੁਧਾ ਜਨਮ ਵਿਨਾਸ਼ਿਨੀ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖਜਪ੍ਰਕਰਣ

ਅਰਥ–ਵਾਸ਼ਨਾ ਦੋ ਪ੍ਰਕਾਰ ਕੀ ਕਹੀ ਹੈ ਏਕ ਸ਼ੁਧ ਦੂਸਰੀ ਮਲਿਨ । ਸ਼ੁਧ ਵਾਸ਼ਨਾ ਜਨਮ ਕੋ ਨਾਸ ਕਰਨੇ ਵਾਲੀ ਹੈ ਔਰ ਮਲਿਨ ਵਾਸ਼ਨਾ ਜਨਮ ਦੇਨੇ ਵਾਲੀ ਹੈ । ਯਾਂਤੇ ਜਗਿਆਸੂ ਕੋ ਮਲਿਨ ਵਾਸ਼ਨਾ ਦੂਰ ਕਰਨੀ ਚਾਹੀਏ, ਮਲਿਨ ਵਾਸ਼ਨਾ ਪੂਰਬ ਤੀਨ ਪ੍ਰਕਾਰ ਕੀ ਹੈ, ਪੁਤ੍ਰ ਵਾਸ਼ਨਾ, ਧਨ ਵਾਸ਼ਨਾ, ਲੋਕ ਵਾਸ਼ਨਾ । ਇਨ ਤੀਨੋਂ ਵਾਸ਼ਨਾ ਵਾਲੋਂ ਕੋ ਗਿਆਨ ਨਹੀਂ ਹੋਤਾ, ਜੈਸੇ ਸ੍ਰੀ ਮਦ ਭਾਗ੍ਵਤ ਮੇਂ ਏਕ ਪ੍ਰਸੰਗ ਆਤਾ ਹੈ, ਏਕ ਚਿਤ੍ਰ ਕੇਤੂ ਰਾਜਾ ਥਾ, ਉਸਕੀ ਏਕ ਕ੍ਰੋੜ ਰਾਣੀਆਂ ਥੀਂ, ਪਰ ਪੁਤ੍ਰ ਕਿਸੀ ਸੇ ਨ ਹੂਆ ਪੁਤ੍ਰ ਨ ਹੋਨੇ ਕੇ ਕਾਰਨ ਰਾਜਾ ਬੜਾ ਦੁਖੀ ਰਹਿਤਾ ਥਾ ਉਸ ਕੋ ਖਾਨ ਪਾਨ ਕੁਛ ਅਛਾ ਨਹੀਂ ਲਗਤਾ ਥਾ, ਅਨੇਕ ਰਿਸ਼ੀ ਮੁਨੀ ਆਤੇ ਰਾਜਾ ਕੋ ਸਮਝਾਤੇ ਪਰੰਤੂ ਰਾਜਾ ਕੀ ਪੁਤ੍ਰ ਵਾਸਨਾ ਦੂਰ ਨ ਹੂਈ। ਆਖਿਰ ਏਕ ਦਿਨ ਨਾਰਦ ਅੰਗਰਾ ਰਿਸ਼ੀ ਆਦਿ ਆਏ, ਔਰ ਰਾਜਾ ਕੋ ਦੁਖੀ ਦੇਖ ਕਰ ਅਨੇਕ ਤਰਹ ਸੇ ਸਮਝਾਯਾ ਪਰੰਤੂ ਜਬ ਰਾਜਾ ਕੀ ਤੀਬ੍ਰ ਪੁਤ੍ਰ ਇਛਾ ਦੇਖੀ, ਤਬ ਕਹਾ ਅਛਾ ਹਮ ਤੁਮ ਕੋ ਮੰਤ੍ਰੋਂ ਕੇ ਪ੍ਰਭਾਵ ਸੇ ਪੁਤ੍ਰ ਦੇਵੇਂਗਾ ਪਰੰਤੂ ਜਲਦੀ ਮਰ ਜਾਏਗਾ, ਰਾਜਾ ਨੇ ਕਹਾ ਬੇਸ਼ੱਕ ਜਲਦੀ ਮਰ ਜਾਵੇ ਪਰ ਏਕ ਵਾਰ ਮੈਂ ਪੁਤ੍ਰਵਾਨ ਕਹਾਊਂ ਤਬ ਉਨੋਂ ਨੇ ਫਲ ਮੰਤ੍ਰਿਤ ਕਰ ਦੀਆ ਅਰ ਫਲ ਰਾਣੀ ਕੋ ਖਿਲਾਯਾ ਰਾਣੀ ਕੋ ਗਰਭ ਹੂਆ ਪੁਤ੍ਰ ਪੈਦਾ ਹੂਆ ਤਬ ਰਾਜਾ ਬੜਾ ਖੁਸ਼ ਹੂਆ ਅਨੇਕ ਤਰਹ ਕੀਆਂ ਖੁਸ਼ੀਆਂ ਕੀਆਂ ਬੜੇ ਦਾਨ ਕੀਏ, ਪੁਤ੍ਰ ਕੋ ਗੋਦ ਮੇਂ ਲੇਕਰ ਬੜਾ ਗਦ ਗਦ ਹੋਵੇ



ਛੇ ਦਿਨ ਬੜਾ ਅਨੰਦ ਪਾਯਾ । ਛਠੀ ਕੀ ਰਾਤ ਕੋ ਦੂਸਰੀ ਸੌਂਕਣ ਰਾਣੀਓਂ ਨੇ ਜ਼ਹਿਰ ਦੇਕਰ ਬਾਲਕ ਕੋ ਮਾਰ ਦੀਆ । ਪੁਤ੍ਰ ਮਰਨੇ ਸੇ ਰਾਜਾ ਕੋ ਬੜਾ ਸ਼ੋਕ ਹੂਆ। ਬੜਾ ਵਿਰਲਾਪ ਕਰਨੇ ਲਗਾ । ਤਬ ਵੋਹੀ ਅੰਗਰਾ ਤਥਾ ਨਾਰਦ ਮੁਨੀ ਆਦਿਕ ਆਏ ਰਾਜਾ ਕੋ ਬੜਾ ਸਮਝਾਯਾ ਪਰੰਤੂ ਰਾਜਾ ਨ ਸਮਝਾ ਰਾਜ ਛੋਡ ਕਰ ਬਨ ਕੋ ਚਲਾ ਗਯਾ ਪਰ ਚਿਤ ਫਿਰ ਭੀ ਸ਼ਾਂਤ ਨ ਹੂਆ । ਤਾਂਤੇ ਪੁਤ੍ਰ ਵਾਸਨਾ ਦੁਖ ਰੂਪ ਹੈ ਯਹ ਜ਼ਰੂਰ ਤਿਆਗ ਕਰਨੀ ਚਾਹੀਏ ਔਰ ਪੁਤ੍ਰ ਸੇ ਸੁਖ ਭੀ ਹੋਵੇ ਨਹੀਂ ਜੈਸੇ ਪੰਚਦਸੀ ਬ੍ਰਹਮਾਨੰਦ ਆਤਮਾਨੰਦ ਪ੍ਰਕਰਣ ੧੨ ਮੇਂ ਸਲੋਕ ੬੫–੬੬–੬੭ ਮੇਂ ਲਿਖਾ ਹੈ।

**ਅਲਭਜਮਾਨਸ ਤਨਯ: ਪਿਤਰਉ ਕਿਲੇਸ਼ਜੇਚਿਰੰ ॥ ਲਬਧੋऽਪਿ ਗਰਭ ਪਾਤੇਨ ਪ੍ਰਸਵੇਨ ਚ ਬਾਧਤੇ ॥ ਜਾਤਸਜ ਗ੍ਰਹਰੋਗਾਦਿ ਕੁਮਾਰਸਜ ਚ ਮੂਰਖਤਾ ॥ ਉਪਨੀਤੇऽਪਯਵਿਦਜਤ੍ਰ ਮਨੁਦ੍ਵਹਸ੍ਰ ਪੰਡਿਤੇ ॥ ਯੂਨਸ੍ਰ ਪਰਦਾਰਾਦਿ: ਦਾਰਿਦ੍ਰੰ ਚ ਕੁਟੰਬਿਨ: ॥ ਪਿਤ੍ਰੋਰਦੁਖਸਜਨਾਸ੍ਯੰਤੋ ਧਨੀਚੇਨ ਮ੍ਰਿਜਤੇ ਤਦਾ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖੇ ਪ੍ਰਕਰਣ

ਟੀਕਾ–ਜਬ ਸੰਤਾਨ ਨਹੀਂ ਹੋਤੀ ਤਬ ਮਾਤਾ ਪਿਤਾ ਕੋ ਬੜਾ ਦੁਖ–ਔਰ ਗਰਭ ਮੇਂ ਆਕੇ ਛਣ ਜਾਏ ਤੋ ਦੁਖ-ਜਨਮ ਕਾਲ ਮੇਂ ਮਾਤਾ ਕੋ ਵਿਯਮ (ਪ੍ਰਸੂਤ) ਕੀ ਵਾਯੂ ਸੇ ਦੁਖ–ਔਰ ਜਨਮਤੇ ਹੀ ਬਾਲਕ ਮਰ ਜਾਵੇ ਤੋ ਮਾਤਾ ਪਿਤਾ ਕੋ ਦੁਖ–ਜੀਨੇ ਪਰ ਭੀ ਨਵ ਗ੍ਰਹੋਂ ਮੇਂ ਕੋਈ ਗ੍ਰਹ ਬਿਗੜ ਜਾਵੇ ਤੋ ਮਾਤਾ ਪਿਤਾ ਕੋ ਦੁਖ, ਜੋ ਬਾਲਕ ਰੋਗੀ ਹੋ ਜਾਵੇ ਮਾਤਾ ਕੇ ਥਣ ਨ ਪੀਵੇ ਤੋ ਮਾਤਾ ਕੋ ਦੁਖ, ਜੋ ਬਾਲਕ ਕੋ ਸੀਤਲਾ ਨਿਕਲ ਆਵੇ ਤੋ ਉਸਕੇ ਆਰਾਧਨ ਮੇਂ ਮਾਤਾ ਪਿਤਾ ਕੋ ਚਿੰਤਾ ਔਰ ਇਸਨਾਨ ਕ੍ਰਿਆ ਸੇ ਰਹਿਤ ਹੋਕਰ ਮਲਿਨ ਰਹਿਣਾ ਅਰ ਗੋਦ ਮੇਂ ਚਣੇ ਪਾਕਰ ਸੀਤਲਾ ਕਾ ਵਾਹਨ ਜੋ ਗਧਾ ਉਸਕੋ ਚਰਾਨਾ ਅਨੇਕ ਪੀਰੋਂ ਫਕੀਰੋਂ ਕੋ ਪੂਜਨ ਕਰਨਾ ਇਤਯਾਦਿ ।

ਚੌਪਈ–**ਜਾਂਕੋ ਹਿੰਦੂ ਕਬਹੂੰ ਨਹਿ ਮਾਂਨੇ ॥ ਪੁਤ੍ਰ ਹੇਤ ਤਹਿ ਇਸ਼੍ਟ ਪਛਾਨੇ ॥ ਸੱਯਦ ਖਵਾਜਾ ਪੀਰ ਫਕੀਰਾ ॥ ਮਾਨਤ ਜੋਰਤ ਹਾਥ ਅਧੀਰਾ ॥ ਭੈਰਉ ਭੂਤ ਮਨਾਵਤ ਨਾਨਾ ॥ ਧਰਤ ਸ਼ਿਵਾਬਲ ਭੂਮੀ ਮਸ਼ਾਨਾ ॥ ਔਰ ਯੰਤ੍ਰ ਤਾਵੀਦ ਘਨੇਰੇ ॥ ਲਿਖ ਮੜਵਾਵੇ ਪੂਤ ਗਲ ਗੇਰੇ ॥** [ਵਿਚਾਰ ਸਾਗਰ

ਇਤਿਆਦਿ ਪੁਤ੍ਰ ਕੇ ਬੀਮਾਰ ਹੋਨੇ ਪਰ ਇਤਨੇ ਦੁਖ ਹੋਤੇ ਹੈਂ ਔਰ ਇਸ ਤਰਹ ਸੇ ਅਨੰਤ ਦੁਖੋਂ ਸੇ ਮਾਤਾ ਪਿਤਾ ਪੁਤ੍ਰ ਕਾ ਪਾਲਨ ਕਰਤੇ ਹੈਂ । ਭਲਾ ਪੁਤ੍ਰ ਬੜਾ ਭੀ ਹੋ ਜਾਵੇ ਤੋ ਮੂਰਖ ਰਹਿਨੇ ਪਰ ਮਾਤਾ ਪਿਤਾ ਕੋ ਬੜਾ ਕਸ਼ਟ ਔਰ ਜਵਾਨ ਤਥਾ ਪੰਡਤ ਹੋਣੇ ਪਰ ਭੀ ਸ਼ਾਦੀ ਨ ਹੋਵੇ ਤੋ ਮਾਤਾ ਪਿਤਾ ਕੋ ਬੜਾ ਕਸ਼ਟ–ਸ਼ਾਦੀ ਹੋਨੇ ਪਰ ਪੁਤ੍ਰ ਦਰਿਦ੍ਰੀ ਹੋ ਜਾਵੇ ਤੋ ਦੁਖ, ਦਰਿਦ੍ਰ ਹੋਨੇ ਪਰ ਕੁਟੰਬੀ [illegible] ਯਾਨੇ ਬਹੁਤੇ ਬਚੇ ਹੋਵੇਂ [illegible]

ਆਪਨੀ ਰਾਣੀ ਤਾ· ਅਪਨੇ ਰਾਜ ਕੁਮਾਰੋਂ ਕੋ ਬੁਲਾ ਰਹਾ ਹੂੰ । ਤਬ ਝੀਵਰੀ ਨੇ ਜਾਨਾ ਕਿ ਇਸਕੋ ਕੋਈ ਸੁਪਨਾ ਆਯਾ ਹੈ ਔਰ ਅਪਨੇ ਝੀਵਰ ਭਾਉ ਕੋ ਭੂਲ ਗਯਾ ਹੈ ਇਸਕੋ ਜਗਾਈਏ । ਤਬ ਜ਼ੋਰ ਸੇ ਜਗਾਯਾ ਔਰ ਕਹਾ ਤੂੰ ਝੀਵਰ ਹੈਂ । ਧੀਰੇ ਧੀਰੇ ਉਸਕੋ ਹੋਸ਼ ਹੁਈ ਠੀਕ ਮੈਂ ਝੀਵਰ ਹੂੰ। ਤੈਸੇ ਅਵਿਦਿਆ ਨਿਦ੍ਰਾ ਮੇਂ ਸੋਏ ਹੂਏ ਪੁਰਖੋਂ ਕੋ ਮੈਂ ਜੀਵ ਹੂੰ ਐਸੇ ਸੁਪਨ ਹੋ ਰਹਾ ਹੈ। ਗੁਰੂ ਉਸ ਕੋ ਜਗਾਤੇ ਹੈਂ ਔਰ ਕਹਿਤੇ ਹੈਂ ਤੂੰ ਜੀਵ ਨਹੀਂ ਤੂੰ ਬ੍ਰਹਮ ਹੈਂ ਐਸੇ ਅਪਨੇ ਸਰੂਪ ਕੋ ਪਛਾਣ ਪ੍ਰਮਾਣ :-

**ਮਨ ਤੂੰ ਜੋਤਿ ਸਰੂਪੁ ਹੈ ਆਪਨਾ ਮੂਲੁ ਪਛਾਣੁ ॥** [ਆ: ਛੰ: ਮ: ੩ ਸਫਾ ੪੪੧

**ਤਥਾ–ਸੋ ਪ੍ਰਭੁ ਦੂਰਿ ਨਾਹੀ ਪ੍ਰਭਿ ਤੂੰ ਹੈ॥** [ਆਸਾ ਮ: ੧ ਸਫਾ ੩੫੪

ਐਸੇ ਗੁਰੂ ਕੇ ਬਚਨ ਸੁਣ ਕੇ ਧੀਰੇ ਧੀਰੇ ਅਭਿਆਸ ਕਰਤਾ ਹੂਆ ਅਪਨੇ ਕੋ ਬ੍ਰਹਮ ਰੂਪ ਨਿਸਚੇ ਕਰ ਲੇਤਾ ਹੈ । ਜੀਵ ਕੀ ਭਾਵਨਾ ਸੇ ਜੀਵ ਹੋ ਜਾਤਾ ਹੈ । ਬ੍ਰਹਮ ਕੀ ਭਾਵਨਾ ਸੇ ਬ੍ਰਹਮ ਰੂਪ ਹੋ ਜਾਤਾ ਹੈ । ਜੈਸੀ ਭਾਵਨਾ ਤੈਸਾ ਸਰੂਪ ਹੋ ਜਾਤਾ ਹੈ। ਸ ਵਾਸ਼ਨਾ ਦੋ ਪ੍ਰਕਾਰ ਕੀ ਹੋਤੀ ਹੈਂ ।

**ਵਾਸ਼ਨਾ ਦ੍ਵਿਵਿਧਾ ਪ੍ਰੋਕ੍ਤਾ ਸ਼ੁਭਾ ਚ ਮਿਲਿਨਾ ਤਥਾ ॥ ਮਲਿਨਾ ਜਨਮ ਹੇਤੂ: ਸਜਾਤ ਸ਼ੁਧਾ ਜਨਮ ਵਿਨਾਸ਼ਿਨੀ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖਜਪ੍ਰਕਰਣ

ਅਰਥ–ਵਾਸ਼ਨਾ ਦੋ ਪ੍ਰਕਾਰ ਕੀ ਕਹੀ ਹੈ ਏਕ ਸੁਧ ਦੂਸਰੀ ਮਲਿਨ । ਸੁਧ ਵਾਸ਼ਨਾ ਜਨਮ ਕੋ ਨਾਸ ਕਰਨੇ ਵਾਲੀ ਹੈ ਔਰ ਮਲਿਨ ਵਾਸ਼ਨਾ ਜਨਮ ਦੇਨੇ ਵਾਲੀ ਹੈ । ਯਾਂਤੇ ਜਗਿਆਸੂ ਕੋ ਮਲਿਨ ਵਾਸ਼ਨਾ ਦੂਰ ਕਰਨੀ ਚਾਹੀਏ, ਮਲਿਨ ਵਾਸ਼ਨਾ ਪੂਰਬ ਤੀਨ ਪ੍ਰਕਾਰ ਕੀ ਹੈ, ਪੁਤ੍ਰ ਵਾਸ਼ਨਾ, ਧਨ ਵਾਸ਼ਨਾ, ਲੋਕ ਵਾਸ਼ਨਾ । ਇਨ ਤੀਨੋਂ ਵਾਸ਼ਨਾ ਵਾਲੋਂ ਕੋ ਗਿਆਨ ਨਹੀਂ ਹੋਤਾ, ਜੈਸੇ ਸ੍ਰੀ ਮਦ ਭਾਗ੍ਵਤ ਮੇਂ ਏਕ ਪ੍ਰਸੰਗ ਆਤਾ ਹੈ, ਏਕ ਚਿਤ੍ਰ ਕੇਤੂ ਰਾਜਾ ਥਾ, ਉਸਕੀ ਏਕ ਕ੍ਰੋੜ ਰਾਣੀਆਂ ਥੀਂ, ਪਰ ਪੁਤ੍ਰ ਕਿਸੀ ਸੇ ਨ ਹੂਆ ਪੁਤ੍ਰ ਨ ਹੋਨੇ ਕੇ ਕਾਰਨ ਰਾਜਾ ਬੜਾ ਦੁਖੀ ਰਹਿਤਾ ਥਾ ਉਸ ਕੋ ਖਾਨ ਪਾਨ ਕੁਛ ਅਛਾ ਨਹੀਂ ਲਗਤਾ ਥਾ, ਅਨੇਕ ਰਿਸ਼ੀ ਮੁਨੀ ਆਤੇ ਰਾਜਾ ਕੋ ਸਮਝਾਤੇ ਪਰੰਤ ਰਾਜਾ ਕੀ ਪੁਤ੍ਰ ਵਾਸਨਾ ਦੂਰ ਨ ਹੂਈ। ਆਖਿਰ ਏਕ ਦਿਨ ਨਾਰਦ ਅੰਗਰਾ ਰਿਸ਼ੀ ਆਦਿ ਆਏ, ਔਰ ਰਾਜਾ ਕੋ ਦੁਖੀ ਦੇਖ ਕਰ ਅਨੇਕ ਤਰਹ ਸੇ ਸਮਝਾਯਾ ਪਰੰਤੂ ਜਬ ਰਾਜਾ ਕੀ ਤੀਬ੍ਰ ਪੁਤ੍ਰ ਇਛਾ ਦੇਖੀ, ਤਬ ਕਹਾ ਅਛਾ ਹਮ ਤੁਮ ਕੋ ਮੰਤ੍ਰ ਕੇ ਪ੍ਰਭਾਵ ਸੇ ਪੁਤ੍ਰ ਦੇਵੇਂਗਾ ਪਰੰਤੂ ਜਲਦੀ ਮਰ ਜਾਏਗਾ, ਰਾਜਾ ਨੇ ਕਹਾ ਬੇਸ਼ੱਕ ਜਲਦੀ ਮਰ ਜਾਵੇ ਪਰ ਏਕ ਵਾਰ ਮੈਂ ਪੁਤ੍ਰਵਾਨ ਕਹਾਊਂ ਤਬ ਉਨੋਂ ਨੇ ਫਲ ਮੰਤ੍ਰਿਤ ਕਰ ਦੀਆ ਅਰ ਫਲ ਰਾਣੀ ਕੋ ਖਿਲਾਯਾ ਰਾਣੀ ਕੋ ਗਰਭ ਹੂਆ ਪੁਤ੍ਰ ਪੈਦਾ ਹੂਆ ਤਬ ਰਾਜਾ ਬੜਾ ਖੁਸ਼ ਹੂਆ ਅਨੇਕ ਤਰਹ ਕੀਆਂ ਖੁਸ਼ੀਆਂ ਕੀਆਂ ਬੜੇ ਦਾਨ ਕੀਏ, ਪੁਤ੍ਰ ਕੋ ਗੋਦ ਮੇਂ ਲੇਕਰ ਬੜਾ ਗਦ ਗਦ ਹੋਵੇ



ਛੇ ਦਿਨ ਬੜਾ ਅਨੰਦ ਪਾਯਾ । ਛਠੀ ਕੀ ਰਾਤ ਕੋ ਦੂਸਰੀ ਸੌਂਕਣ ਰਾਣੀਓਂ ਨੇ ਜ਼ਹਿਰ ਦੇਕਰ ਬਾਲਕ ਕੋ ਮਾਰ ਦੀਆ । ਪੁਤ੍ਰ ਮਰਨੇ ਸੇ ਰਾਜਾ ਕੋ ਬੜਾ ਸ਼ੋਕ ਹੂਆ। ਬੜਾ ਵਿਰਲਾਪ ਕਰਨੇ ਲਗਾ । ਤਬ ਵੋਹੀ ਅੰਗਰਾ ਤਥਾ ਨਾਰਦ ਮੁਨੀ ਆਦਿਕ ਆਏ ਰਾਜਾ ਕੋ ਬੜਾ ਸਮਝਾਯਾ ਪਰੰਤੂ ਰਾਜਾ ਨ ਸਮਝਾ ਰਾਜ ਛੋਡ ਕਰ ਬਨ ਕੋ ਚਲਾ ਗਯਾ ਪਰ ਚਿਤ ਫਿਰ ਭੀ ਸ਼ਾਂਤ ਨ ਹੂਆ । ਤਾਂਤੇ ਪੁਤ੍ਰ ਵਾਸਨਾ ਦੁਖ ਰੂਪ ਹੈ ਯਹ ਜ਼ਰੂਰ ਤਿਆਗ ਕਰਨੀ ਚਾਹੀਏ ਔਰ ਪੁਤ੍ਰ ਸੇ ਸੁਖ ਭੀ ਹੋਵੇ ਨਹੀਂ ਜੈਸੇ ਪੰਚਦਸੀ ਬ੍ਰਹਮਾਨੰਦ ਆਤਮਾਨੰਦ ਪ੍ਰਕਰਣ ੧੨ ਮੇਂ ਸਲੋਕ ੬੫-੬੬-੬੭ ਮੇਂ ਲਿਖਾ ਹੈ ।

**ਅਲਭਜਮਾਨਸ ਤਨਯ: ਪਿਤਰਊ ਕਿਲੇਸ਼ਯੇਚਿਰੰ ॥ ਲਬਧੋऽਪਿ ਗਰਭ ਪਾਤੇਨ ਪ੍ਰਸਵੇਨ ਚ ਬਾਧਤੇ ॥ ਜਾਤਸਜ ਗ੍ਰਹਰੋਗਾਦਿ ਕੁਮਾਰਸਜ ਚ ਮੂਰਖਤਾ ॥ ਉਪਨੀਤੇऽਪਯਵਿਦਜਤ੍ਵ ਮਨੁਦ੍ਵਹਸ੍ਰ ਪੰਡਿਤੇ ॥ ਯੂਨਸ੍ਰ ਪਰਦਾਰਾਦਿ: ਦਾਰਿਦ੍ਰੰ ਚ ਕੁਟੰਬਿਨ: ॥ ਪਿਤ੍ਰੋਰਦੁਖਸਜਨਾਸ੍ਯੰਤੋ ਧਨੀਚੇਨ ਮ੍ਰਿਯਤੇ ਤਦਾ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖੇ ਪ੍ਰਕਰਣ

ਟੀਕਾ–ਜਬ ਸੰਤਾਨ ਨਹੀਂ ਹੋਤੀ ਤਬ ਮਾਤਾ ਪਿਤਾ ਕੋ ਬੜਾ ਦੁਖ–ਔਰ ਗਰਭ ਮੇਂ ਆਕੇ ਛਣ ਜਾਏ ਤੋ ਦੁਖ-ਜਨਮ ਕਾਲ ਮੇਂ ਮਾਤਾ ਕੋ ਵਿਯਮ (ਪ੍ਰਸੂਤ) ਕੀ ਵਾਯੂ ਸੇ ਦੁਖ–ਔਰ ਜਨਮਤੇ ਹੀ ਬਾਲਕ ਮਰ ਜਾਵੇ ਤੋ ਮਾਤਾ ਪਿਤਾ ਕੋ ਦੁਖ–ਜੀਨੇ ਪਰ ਭੀ ਨਵ ਗ੍ਰਹੋਂ ਮੇਂ ਕੋਈ ਗ੍ਰਹ ਬਿਗੜ ਜਾਵੇ ਤੋ ਮਾਤਾ ਪਿਤਾ ਕੋ ਦੁਖ, ਜੋ ਬਾਲਕ ਰੋਗੀ ਹੋ ਜਾਵੇ ਮਾਤਾ ਕੇ ਥਣ ਨ ਪੀਵੇ ਤੋ ਮਾਤਾ ਕੋ ਦੁਖ, ਜੋ ਬਾਲਕ ਕੋ ਸੀਤਲਾ ਨਿਕਲ ਆਵੇ ਤੋ ਉਸਕੇ ਆਰਾਧਨ ਮੇਂ ਮਾਤਾ ਪਿਤਾ ਕੋ ਚਿੰਤਾ ਔਰ ਇਸਨਾਨ ਕ੍ਰਿਆ ਸੇ ਰਹਿਤ ਹੋਕਰ ਮਲਿਨ ਰਹਿਣਾ ਅਰ ਗੋਦ ਮੇਂ ਚਣੇ ਪਾਕਰ ਸੀਤਲਾ ਕਾ ਵਾਹਨ ਜੋ ਗਧਾ ਉਸਕੋ ਚਰਾਨਾ ਅਨੇਕ ਪੀਰੋਂ ਫਕੀਰੋਂ ਕੋ ਪੂਜਨ ਕਰਨਾ ਇਤਯਾਦਿ ।

ਚੌਪਈ–**ਜਾਂਕੋ ਹਿੰਦੂ ਕਬਹੁੰ ਨਹਿ ਮਾਂਨੇ ॥ ਪੁਤ੍ਰ ਹੇਤ ਤਹਿ ਇਸ਼੍ਰ ਪਛਾਨੇ ॥ ਸੱਯਦ ਖਵਾਜਾ ਪੀਰ ਫਕੀਰਾ ॥ ਮਾਨਤ ਜੋਰਤ ਹਾਥ ਅਧੀਰਾ ॥ ਭੈਰਉ ਭੂਤ ਮਨਾਵਤ ਨਾਨਾ ॥ ਧਰਤ ਸ਼ਿਵਾਬਲ ਭੂਮੀ ਮਸ਼ਾਨਾ ॥ ਔਰ ਯੰਤ੍ਰ ਤਾਵੀਜ਼ ਘਨੇਰੇ ॥ ਲਿਖ ਮੜਵਾਵੇ ਪੂਤ ਗਲ ਗੇਰੇ ॥** [ਵਿਚਾਰ ਸਾਗਰ

ਇਤਿਆਦਿ ਪੁਤ੍ਰ ਕੇ ਬੀਮਾਰ ਹੋਨੇ ਪਰ ਇਤਨੇ ਦੁਖ ਹੋਤੇ ਹੈਂ ਔਰ ਇਸ ਤਰਹ ਸੇ ਅਨੰਤ ਦੁਖੋਂ ਸੇ ਮਾਤਾ ਪਿਤਾ ਪੁਤ੍ਰ ਕਾ ਪਾਲਨ ਕਰਤੇ ਹੈਂ । ਭਲਾ ਪੁਤ੍ਰ ਬੜਾ ਭੀ ਹੋ ਜਾਵੇ ਤੋ ਮੂਰਖ ਰਹਿਨੇ ਪਰ ਮਾਤਾ ਪਿਤਾ ਕੋ ਬੜਾ ਕਸ਼ਟ ਔਰ ਜਵਾਨ ਤਥਾ ਪੰਡਤ ਹੋਣੇ ਪਰ ਭੀ ਸ਼ਾਦੀ ਨ ਹੋਵੇ ਤੋ ਮਾਤਾ ਪਿਤਾ ਕੋ ਬੜਾ ਕਸ਼ਟ–ਸ਼ਾਦੀ ਹੋਨੇ ਪਰ ਪੁਤ੍ਰ ਦਰਿਦ੍ਰੀ ਹੋ ਜਾਵੇ ਤੋ ਦੁਖ, ਦਰਿਦ੍ਰ ਹੋਨੇ ਪਰ ਕੁਟੰਬੀ [illegible] ਬਹੁਤੇ ਬਚੇ ਹੋਵੇਂ [illegible]

ਇਸਤ੍ਰੀ ਗਾਮੀ ਹੋਵੇ ਅਨਾਚਾਰੀ ਹੋਵੇ ਤੋ ਕੂਖ ਸੇ ਦੁਖ, ਧਨੀ ਹੋਨੇ ਪਰ ਭੀ ਅਗਤ ਪਰ ਇਸਤ੍ਰੀ ਗਾਮੀ ਹੋਵੇ ਅਨਾਚਾਰੀ ਹੋਵੇ ਤੋ ਦੁਖ, ਸਦਾਚਾਰੀ ਹੋਨੇ ਪਰ ਭੀ ਜਵਾਨ ਪੁਤ੍ਰ ਮਰ ਜਾਵੇ, ਤੋ ਮਾਤਾ ਪਿਤਾ ਕੋ ਮਹਾਨ ਦੁਖ, ਇਸ ਪ੍ਰਕਾਰ ਦੁਖ ਰੂਪ ਪੁਤਰ ਸੇ ਸੁਖ ਕੀ ਆਸ਼ਾ ਕਰਨੀ ਕੇਵਲ ਵਾਸ਼ਨਾ ਮਾਤ੍ਰ ਹੈ ਵਾਸ਼ਨਾ ਭੀ ਦੁਰਵਾਸ਼ਨਾ ਹੈ । ਯਾਂ ਤੇ ਮੁਮੁਖਸ਼ੂ ਕੋ ਪਹਿਲੇ ਇਸਕਾ ਤਿਆਗ ਕਰਨਾ ਚਾਹੀਏ।

ਦੂਸਰੀ ਵਿਤੇਸ਼ਣਾ ਯਾਨੇ ਧਨ ਕੀ ਇੱਛਾ।

**ਸਲੋਕ—ਅਰਥਾਨਾਂ ਅਰਜਨੇ ਕਲੇਸ਼ਃ ਤਥੈਵ ਪਰਿ ਪਾਲਨੇ ॥**
**ਨਾਸ਼ੇ ਦੁਖੰ ਵਿਅਏ ਦੁਖੰ ਧਿਗ ਅਰਥਾਨ ਕਲੇਸ਼ ਕਾਰਿਣਃ ॥**

[ਜੀਵਨ ਮੁਕਤੀ ਵਿਵੇਕ ਵਾਸ਼ਨਾ ਖੈ ਪ੍ਰਕਰਣ

ਟੀਕਾ—ਧਨ ਕੇ ਇਕੱਠੇ ਕਰਨੇ ਮੇਂ ਬੜਾ ਦੁਖ ਔਰ ਇਕੱਠਾ ਹੋ ਜਾਵੇ ਤੋ ਰਖਯਾ ਕਰਨੇ ਮੇਂ ਬੜਾ ਦੁਖ ਖਰਚ ਹੋਣੇ ਮੇਂ ਦੁਖ ਔਰ ਕਿਸੀ ਰੀਤਿ ਸੇ ਨਾਸ ਹੋ ਜਾਵੇ ਤੋ ਮ੍ਰਿਤਯੁ ਤਕ ਦੁਖ । ਐਸਾ ਕਲੇਸ਼ਕਾਰੀ ਜੋ ਧਨ ਪਦਾਰਥ ਹੈ ਉਸ ਕੋ ਧਿਕਾਰ ਹੈ ਔਰ ਯੇਹ ਧਨ ਦਿਲ ਕੋ ਕੰਜੂਸ ਕਰ ਦੇਤਾ ਹੈ ਧਰਮਾਦਿ ਕਰਨੇ ਨਹੀਂ ਦੇਤਾ ਨਰਕ ਕੇ ਦੇਣੇ ਵਾਲਾ ਹੈ। ਪ੍ਰਮਾਣ।

**ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥** [ਤਿਲੰਗ ਮ: ੫ ਸਫਾ ੭੨੩

**ਤਥਾ—ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥ ਦਾਨੁ ਪੁੰਨ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥ ੧ ॥ ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ॥ ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ ॥ ੨ ॥ ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ ॥ ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ ॥ ੩ ॥** [ਟੋਡੀ ਮ: ੫ ਸਫਾ ੭੧੨

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥**[ਆ: ਕ: ਸਫਾ ੪੭੯

ਇਸ ਮੇਂ ਏਕ ਸੂਮ ਕੀ ਕਥਾ:—

**ਪੰਦਰਾਂ ਕ੍ਰੋੜ ਸਾਤ ਲਾਖ ਤੇ ਹਜ਼ਾਰ ਬਾਰਾਂ, ਏਤਾ ਧਨ ਹੋਂਦੇ ਸੂਮ ਆਖੇ ਕਿਥੂੰ ਖਾਵਾਂਗੇ। ਪੁਤ੍ਰਾਂ ਨੂੰ ਆਖੇ ਲੇ ਆਓ ਮੁਢ ਤੇ ਵੱਟੋ ਵਾਣ, ਰਾਤਿ ਕੇ ਗੁਬਾਰੇ ਜੋਗੇ ਪੈਸੇ ਖਟ ਲਿਆਵਾਂਗੇ ।· ਡੁਲ ਗਿਆ ਤੇਲ, ਸੂਮ ਦਾੜੀ ਨੂੰ ਘਸਾਵੇ ਲੋਕੋ, ਇਤਨਾ ਹਰਜਾ ਅਸੀਂ ਕਿਉਂ ਕਰ ਜਰ ਜਾਵਾਂਗੇ। ਦਾਣਿਆਂ ਦੇ ਪੀਹਣ ਵਿਚੋਂ ਲੇ ਗਯਾ ਇਕ ਕੀੜਾ ਦਾਣਾ, ਤਿਸਦੇ ਅੰਦੇਸੇ ਨਾਲ ਰੋਟੀ ਨ ਪਕਾਵਾਂਗੇ।**



ਦੂਜ ਸੂਮ ਕੀ ਕਥਾ ਸੂਮ ਬਚਨ ਮਾਇਆ ਪ੍ਰਤਿ :—

**ਦਾਤਾ ਗ੍ਰਹਿ ਜਾਤੀ ਤੋ ਕਦਰ ਹੂੰ ਨ ਪਾਤੀ, ਕਬੀ ਮੇਰੇ ਘਰ ਆਈ ਤੋ ਵਧਾਈ ਗਾਉ ਬਾਵਰੀ। ਖਾਨੇ ਦਰ ਖਾਨੇ ਤੁਇਖਾਨੇ ਦਰਵਾਸ ਦੇਉਂ ਹੋਈਂ ਨ ਉਦਾਸ ਯੋਹ ਮਨ ਚਾਉਰੀ । ਖਾਊਂ ਨ ਖਿਲਾਊਂ ਮਰ ਜਾਊਂ ਤੋ ਸਿਖਾਇ ਜਾਊਂ, ਪੂਤ ਅਰ ਨਾਤੀ ਹੂੰ ਕੋ ਅਪਨੋ ਸੁਭਾਉਰੀ। ਚਮਰੀ ਉਤਾਰੇ ਤੋ ਦਮੜੀ ਨ ਦੇਹੂੰ ਕਾਹੂੰ, ਮਾਇਆ ਕੋ ਸੂਮ ਕਹੇ ਬੈਠੀ ਗੁਣ ਗਾਉਰੀ ॥**

ਇਸ ਪ੍ਰਕਾਰ ਸੂਮ ਕੋ ਧਨ ਸੇ ਸੁਖ ਨਹੀਂ। ਸੁਖ ਕੀ ਇਛਾ ਕੇਵਲ ਵਾਸ਼ਨਾ ਮਾਤ੍ਰ ਹੈ। ਮਾਇਆ ਮੇਂ ਤੋ ਕਿਸੀ ਕੋ ਸੁਖ ਨਹੀਂ।

**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ ੧ ॥ ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ ਦੇਹੀ ਮਹਿ ਜੋ ਰਹੈ ਅਲਿਪਤਾ ਤਿਸ ਜਨਕੀ ਪੂਰਨ ਘਾਲੀਐ ॥ ੨ ॥**

[ਮਾਰੂ ਮ: ੫ ਅੰਜੁਲੀਆ ਸਫਾ ੧੦੧੯

**ਪ੍ਰਮਾਣ—ਪ੍ਰਾਗਯਾ ਸੂਰਾ ਕ੍ਰਿਤਗਿਯਾਸ੍ਰ ਪੇਸ਼ਲਾ ਮ੍ਰਦਵਸ ਯੇ ਪਾਂਸੂ ਮੁਸ਼੍ਰੀ ਇਵਮਣਯਃ ਸ੍ਰਿਯਾ ਤੇ ਮਲਿਨੀ ਕ੍ਰਿਤਾਃ ॥੧॥ ਨ ਸ੍ਰੀ ਸੁਖਾਯਭਗਵਨਦੁਖਾਯੇਵ ਹੀ ਵਰਧਤੇ ਗੁਪ੍ਤੁਵਿਨਾਸ਼ਨਧਤੇਮ੍ਰਿਤੀਂ ਵਿਸ਼ਲਤਾਯਥਾ ॥ ੨ ॥**

[ਯੋਗ ਵਸਿਸ਼ਟ ਵੈਰਾਗਯ ਪ੍ਰਕਰਣ ਸਰਗ ੧੩

ਅਰਥ—ਬੜੇ ਬੁਧੀਮਾਨ ਸੂਰ ਕ੍ਰਿਤਗਯ ਉਪਕਾਰ ਕੋ ਮਾਨਨੇ ਵਾਲੇ ਸਭ ਸੇ ਪ੍ਰੀਤਿ ਰਖਨੇ ਵਾਲੇ, ਔਰ ਕੋਮਲ ਮਨੁਸਯੋਂ ਕੋ ਭੀ ਯਹ ਲਖਸ਼ਮੀ ਐਸੇ ਮਲਿਨ ਕਰ ਦੇਤੀ ਹੈ ਜੈਸੇ ਧੂਲੀ (ਮਿਟੀ) ਕੀ ਮੁਠੀ—ਰਤਨੋਂ ਕੋ ਮਲਿਨ ਕਰ ਦੇਤੀ ਹੈ ॥੧॥ ਹੇ ਭਗਵਨ ਜੇਹ ਲਖਸ਼ਮੀ ਸੁਖ ਕੇ ਲੀਏ ਨਹੀਂ ਕਿੰਤੂ ਦੁਖ ਕੇ ਲੀਏ ਹੀ ਬੜਤੀ ਹੈ, ਯਦੀ ਰਖਸ਼ਾ ਕਰੋ ਤੋ ਰਖਸ਼ਾ ਕਰਨੇ ਵਾਲੇ ਕਾ ਨਾਸ਼, ਇਸ ਪ੍ਰਕਾਰ ਕਰਤੀ ਹੈ ਜੈਸੇ ਵਿਖ ਕੀ ਲਤਾ ਖਾਨੇ ਵਾਲੇ ਕੋ ਨਾਸ ਕਰ ਦੇਤੀ ਹੈ ॥ ੨ ॥ ਕਾਰੂੰ ਬਾਦਸ਼ਾਹ ਨੇ ਬੜੇ ਜ਼ੁਲਮ ਕਰਕੇ ਚਾਲੀ ਗੰਜ ਧਨ ਕੇ ਜੋੜੇ, ਧਰਮ ਭੀ ਛੋੜਿਆ ਪਰ ਫੇਰ ਅੰਤ ਮੇਂ ਦੁਖੀ ਹੋ ਕਰ ਮਰ ਗਿਆ ਕੁਛ ਸਾਥ ਨ ਲੇ ਗਿਆ। ਪ੍ਰਮਾਣ।

**ਚਾਲੀ ਗੰਜ ਜੋੜੇ ਨ ਰਖਿਓ ਈਮਾਨ ॥ ਦੇਖੋ ਰੇ ਲੋਕੋ ਕਾਰੂ ਹੋਤਾ ਪਰੇਸ਼ਾਨ ॥**

[ਨਸੀਹਤਨਾਮਾ, ਤਿਲੰਗ ਮ: ੧

ਤਥਾ–ਸਿਕੰਦਰ ਬਾਦਸ਼ਾਹ ਭੀ ਪਾਪ ਕਰਕੇ ਧਨ ਇਕਤ੍ਰ ਕਰਕੇ ਅੰਤ ਮੇਂ ਰੋਤਾ ਗਿਆ, ਸੁਖ ਨਹੀਂ ਪਾਇਆ ।

**ਕੁਸਲੁ ਨ ਗ੍ਰਿਹ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥ ਝੂਠੇ ਲਾਲਚਿ ਜਨਮੁ ਗਵਾਇਆ ॥ ੧ ॥** [ਗਉੜੀ ਮ: ੫ ਸਫਾ ੧੭੫

**ਤਥਾ–ਅਸੁ ਪਵਨ ਹਸਤਿ ਅਸਵਾਰੀ ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ ॥ ਨਟ ਨਾਟਿਕ ਆਖਾੜੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥ ਤਖਤੁ ਸਭਾ ਮੰਡਪ ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥ ਅਖੇੜ ਬ੍ਰਿਤ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥ ੩ ॥** [ਗਉੜੀ ਮ: ੫ ਸਫਾ ੧੭੯

**ਤਥਾ–ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿਕਾ ਨਾਮ ਜਪਤ ਹੋਇ ਸੁਖੀਆ ॥** [ਗ: ਸੁਖ: ਮ: ੫ ਸਫਾ ੨੬੪

**ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥ ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥** [ਸ੍ਰੀ ਰਾਗ ਮ: ੩ ਸਫਾ ੨੬

ਇਸ ਪ੍ਰਕਾਰ ਇਸਤ੍ਰੀ ਰਾਜਾਦਿ ਵਿਸ਼ਯੋਂ ਮੇਂ ਭੀ ਸੁਖ ਨਹੀਂ ਤਾਂਤੇ ਵਿਸ਼ੇ ਦੇਹ ਵਾਸ਼ਨਾ ਭੀ ਦੂਰ ਵਾਸ਼ਨਾ ਹੈ ਮੁਮੁਖਸ਼ੂ ਕੋ ਤਿਆਗਨੇ ਲਾਇਕ ਹੈ। ਤਥਾ ਹੋਰ ਪ੍ਰਕਾਰ ਜੋ ਭੀ ਸ਼ਾਸਤ੍ਰ ਮੇਂ ਤੀਨ ਵਾਸ਼ਨਾ ਕਹੀਆਂ ਹਨ । ਲੋਕ ਵਾਸ਼ਨਾ, ਸ਼ਾਸ਼ਤ੍ਰ ਵਾਸ਼ਨਾ, ਦੇਹ ਵਾਸ਼ਨਾ ਯੇਹ ਭੀ ਗਿਆਨ ਨਹੀਂ ਹੋਣੇ ਦੇਵਣਗੀਆਂ ਤਾਂਤੇ ਮੁਮੁਖਸ਼ੂ ਕੋ ਤੀਨੋਂ ਵਾਸ਼ਨਾ ਤਿਆਗ ਕਰਨੇ ਯੋਗ ਹੈਂ ਤਥਾ ਪ੍ਰਮਾਣ ।

**ਲੋਕ ਵਾਸਨਯਾ ਜੰਤੋਃ ਦੇਹ ਵਾਸਨਯਾਪਿਚ । ਦੇਹ ਵਾਸਨਯਾ ਗਿਆਨੰ ਯਥਾ ਵਤ ਨਈਵ ਜਾਯਤੇ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ

ਅਰਥ–ਜੀਵੋਂ ਕੋ ਲੋਕ ਵਾਸ਼ਨਾ ਕਰਨੇ ਸੇ ਔਰ ਸ਼ਾਸ਼ਤ੍ਰ ਵਾਸ਼ਨਾ ਕਰਨੇ ਸੇ ਅਰ ਦੇਹ ਵਾਸ਼ਨਾ ਸੇ ਦ੍ਰਿੜ੍ਹ ਗਿਆਨ ਯਾਨੇ ਅਪਰੋਖਸ਼ ਅਨੁਭਵ ਨਹੀਂ ਹੋਗਾ ਤਾਂਤੇ ਤੀਨੋਂ ਵਾਸ਼ਨਾਏਂ ਤਿਆਗ ਕਰਨੀ ਚਾਹੀਏ। ਪਹਿਲੇ ਲੋਕ ਵਾਸ਼ਨਾ ਯਹ ਹੈ ਕਿ ਸਭ ਲੋਕ ਮੇਰੇ ਕੋ ਅਛਾ ਕਹੇਂ ਕੋਈ ਮੇਰੇ ਕੋ ਬੁਰਾ ਨ ਕਹੇ ਸਭ ਮੇਰੀ ਉਸਤਤਿ ਕਰੇਂ ਕੋਈ ਮੇਰੀ ਨਿੰਦਾ ਨ ਕਰੇ ਇਸ ਪਰਕਾਰ ਕੀ ਇਛਾ ਕਾ ਨਾਮ ਲੋਕ ਵਾਸ਼ਨਾ ਹੈ, ਕਿਉਂਕਿ ਵਿਧਾਤਾ ਨੇ ਐਸਾ ਕੋਈ ਉਪਾਯ ਨਹੀਂ ਬਣਾਇਆ ਜੋ ਸਭ ਲੋਕ ਉਸਤਤੀ ਕਰੇਂ । ਪ੍ਰਮਾਣ :–

**ਨ ਵਿਦਿਅਤੇ ਖਲੁ ਕਸਿਦ ਉਪਾਯਃ ਸਰਵ ਲੋਕ ਪਰਿਤੋਸ਼ਕਰੋਯਃ ॥ ਸਰਵਥਾ ਸੁਭਹਿਤਮਾਚਰਣੀਯ, ਕਿੰਕਰਿਸ਼ਜਤਿ ਜਨਾਨਾਂ ਬਹੁ ਜਲਪਃ ॥** [ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ



ਟੀਕਾ–ਸੰਸਾਰ ਮੰਡਲ ਮੇਂ ਐਸਾ ਕੋਈ ਉਪਾਯ ਵਿਧਾਤਾ ਨੇ ਨਹੀਂ ਬਣਾਇਆ ਜਿਸ ਸੇ ਸਰਬ ਲੋਕ ਪਰਸੰਨ ਰਹੇਂ । ਸਰਬ ਲੋਕੋਂ ਕੀ ਪਰਸੰਨਤਾ ਏਕ ਪਰ ਹੋਣੀ ਕਠਨ ਹੈ ਤਾਂਤੇ ਮਨੁਸਜ ਕੋ ਲੋਕੋਂ ਕੀ ਨਿੰਦਾ ਕਾ ਡਰ ਛੋਡ ਕਰ ਆਪਣੇ ਹਿਤ ਮਾਰਗ ਮੇਂ ਚਲਨਾ ਚਾਹੀਏ ਕਲਿਆਨ ਮਾਰਗ ਮੇਂ ਚਲਨੇ ਵਾਲੋਂ ਕੋ ਲੋਕੋਂ ਕੀ ਨਿੰਦਾ ਕਿਆ ਕਰ ਸਕਤੀ ਹੈ, ਭਾਵ ਕੁਛ ਨਹੀਂ ਲੋਕ ਤੋ ਸ੍ਰੇਸ਼ਟ ਪੁਰਖੋਂ ਕੀ ਭੀ ਨਿੰਦਾ ਕਰਤੇ ਹੀ ਰਹਿਤੇ ਹੈਂ। ਜੈਸੇ ਗੁਣੋਂ ਕੇ ਸਮੁੰਦਰ ਜੋ ਸ੍ਰੀ ਰਾਮ ਚੰਦਰ ਮਹਾਰਾਜ ਥੇ। ਧੋਬੀ ਆਦਿਕ ਲੋਕੋਂ ਨੇ ਉਨੋਂ ਕੀ ਨਿੰਦਾ ਕਰੀ । ਨਿੰਦਾ ਸੁਣ ਕਰ ਸ੍ਰੀ ਰਾਮ ਜੀ ਸ੍ਰੀ ਸੀਤਾ ਜੀ ਕੋ ਬਨਵਾਸ ਦੇਤੇ ਭਏ । ਫੇਰ ਲਛਮਣ ਕੋ ਕਹਿਨੇ ਲਗੇ ਹੁਣ ਤੋ ਸੀਤਾ ਜੀ ਕਾ ਤਿਆਗ ਕਰ ਦੀਆ, ਅਬ ਤੋ ਲੋਕ ਮੇਰੀ ਨਿੰਦਾ ਨਹੀਂ ਕਰੇਂਗੇ। ਫੇਰ ਏਕ ਦਿਨ ਲਛਮਣ ਜੀ ਕੋ ਸਾਥ ਲੇ ਕਰ ਸ਼ਿਕਾਰ ਕਰਤੇ ਏਕ ਮ੍ਰਿਗ ਕੇ ਪੀਛੇ ਦੌੜੇ ਮ੍ਰਿਗ ਦੂਰ ਲੇ ਗਯਾ । ਸ੍ਰੀ ਰਾਮ ਜੀ ਔਰ ਲਛਮਣ ਜੀ ਕੋ ਪਿਆਸ ਲਗੀ ਏਕ ਕੂਏ ਪਰ ਗਏ ਕਿਸਾਨ ਹਲ ਵਾਹ ਰਹਾ ਥਾ, ਪਰੰਤੂ ਉਸ ਕਿਸਾਨ ਕੋ ਔਰ ਬੈਲੋਂ ਕੇ ਗੋਡੇ ਗੋਡੇ ਤਕ ਲੋਹੇ ਕੇ ਬੂਟ ਪਹਿਨੇ ਹੂਏ ਥੇ ਔਰ ਸਰੀਰ ਕੇ ਊਪਰ ਭੀ ਲੋਹੇ ਕਾ ਕੋਟ ,ਔਰ ਸਿਰ ਪਰ ਲੋਹੇ ਕਾ ਟੋਪ ਪਹਿਰਾ ਦੇਖਾ । ਜਲ ਪੀ ਕਰ ਸ੍ਰੀ ਰਾਮ ਚੰਦਰ ਜੀ ਨੇ ਉਸ ਕਿਸਾਨ ਸੇ ਪੂਛਾ ਕਿ ਤੁਮ ਇਤਨੀ ਤਕਲੀਫ ਕਿਉਂ ਉਠਾਤੇ ਹੋ ਜੋ ਇਤਨਾ ਲੋਹਾ ਸਰੀਰ ਪਰ ਬਾਂਧਾ ਹੂਆ ਹੈ ਤਥਾ ਬੈਲੋਂ ਕੋ ਪਹਿਰਾਇਆ ਹੂਆ ਹੈ । ਕਿਸਾਨ ਬੋਲਾ ਮਹਾਰਾਜ ਇਸ ਭੂਮੀ ਮੇਂ ਬੜੇ ੨ ਬਿਛੂ ਰਹਿਤੇ ਹੈਂ ਜੋ ਪਥਰ ਕੋ ਡੰਗ ਮਾਰਨੇ ਸੇ ਸੰਖੀਆ ਬਣਾ ਦੇਤੇ ਹੈਂ ਉਨਕੇ ਭਯ ਸੇ ਲੋਹੇ ਕੇ ਬੂਟ ਪਹਿਰੇ ਹਨ, ਔਰ ਇਸ ਟੁਕੜੇ ਮੇਂ ਮਾਸਾਹਾਰੀ ਪੰਖੀ ਬੜੀ ਬੜੀ ਚੁੰਚ ਵਾਲੇ ਰਹਿਤੇ ਹੈਂ ਜੋ ਚੁੰਚ ਲਗਾਨੇ ਸੇ ਸਰੀਰ ਫੋੜ ਦੇਤੇ ਹੈਂ ਉਨਕੇ ਭਯ ਸੇ ਲੋਹੇ ਕਾ ਕੋਟ ਔਰ ਟੋਪ ਪਹਿਰਾ ਹੈ । ਸ੍ਰੀ ਰਾਮਚੰਦਰ ਜੀ ਉਨਕੋ ਕਹਿਣੇ ਲਗੇ ਅਗਰ ਐਸੇ ਹੈ ਤੋ ਇਸ ਭੂਮੀ ਕੋ ਛੋਡ ਕਿਉਂ ਨਹੀਂ ਦੇਤੇ ਜਿਸ ਮੇਂ ਇਤਨੇ ਦੋਸ਼ ਹੈਂ, ਕਿਸਾਨ ਨੇ ਕਹਾ ਮਹਾਰਾਜ ਆਪਣੀ ਇਸਤ੍ਰੀ ਵਾ ਭੂਮੀ ਮੇਂ ਕਿਤਨੇ ਭੀ ਦੋਸ਼ ਹੋਂ, ਤੋ ਭੀ ਤਿਆਗ ਕਰਨਾ ਨਾ ਚਾਹੀਏ, ਮੈਂ ਕੋਈ ਰਾਮਚੰਦਰ ਕੀ ਨਿਆਈਂ ਨਹੀਂ ਹੂੰ ਜਿਸਨੇ ਧੋਬੀ ਕੇ ਕਹਿਣੇ ਮਾਤਰ ਸੇ ਆਪਣੀ ਇਸਤ੍ਰੀ, ਸਤੀ ਸੀਤਾ ਕੋ ਤਿਆਗ ਕਰ ਦੀਆ । ਐਸੇ ਅਨੇਕ ਬਚਨ ਕਰ ਸ੍ਰੀ ਰਾਮਚੰਦਰ ਕੀ ਨਿੰਦਾ ਕੀ । ਪਛਾਣਿਆ ਨਹੀਂ ਕਿ ਯਹ ਹੀ ਰਾਮਚੰਦਰ ਹੈ । ਰਾਮਚੰਦਰ ਮਹਾਰਾਜ ਨੇ ਲਖਮਨ ਕੋ ਕਹਾ, ਦੇਖੋ ਲੋਕ ਕਿਸੀ ਸੂਰਤ ਭੀ ਛੋੜਤੇ ਨਹੀਂ । ਤਾਂਤੇ ਲੋਕੋਂ ਕੀ ਨਿੰਦਾ ਕੋ ਨ ਦੇਖ ਕਰ ਆਪਣੇ ਹਿਤ ਮਾਰਗ ਮੇਂ ਚਲਨਾ ਚਾਹੀਏ ਨਿੰਦਕ ਲੋਗ ਤੋ ਸਤ ਪੁਰਸ਼ੋਂ ਕੀ ਭੀ ਨਿੰਦਾ ਹੀ ਕਰਤੇ ਰਹਿਤੇ ਹੈਂ। [ਭਾਵਰਸਾਮ੍ਰਿਤ ਦੋਹਾ–

**ਗੁਣ ਮਾਰਗ ਸੂਧੇ ਚਲੋ ਖਲ ਨਿੰਦਾ ਡਰ ਡਾਰ । ਵਿਧਿ ਖਲ ਕੁਛ**

ਐਸੇ ਰਚੇ ਗੁਣ ਮੇਂ ਦੋਸ਼ ਉਚਾਰ।

ਸਵੈਯਾ-ਭਾਵਰ ਸਾਮ੍ਰਿਤ

੧. ਸੇਵ ਕਰੋ ਤੁ ਕਹੇਂ ਕੁਛ ਚਾਹਿਤ ਨਾਹਿ ਕਰੋ ਤੁ ਕਹੇਂ ਵਿਠਤਾਈ।
ਜੋ ਪਦ ਬੰਦਨ ਜਾਇ ਕਰੋਂ ਤੁ ਕਹੇਂ ਹਮ ਤੇ ਉਰ ਮਾਹਿੰ ਡਰਾਈ।
ਨਾਹਿ ਕਰੋ ਤੁ ਕਹੇਂ ਯਹਿ ਮੂਰਖ ਬ੍ਰਿਧ ਅਬ੍ਰਿਧ ਕੀ ਸਾਰ ਨ ਕਾਈ।
ਜਾਨਤ ਹੈ ਜਨ ਕਾਤਮਜਾਪਤਿ ਔਰ ਕਰੋਂ ਅਬ ਕਾਹਿ ਸੁਨਾਈ।
੨. ਜਗ ਲਾਜ ਜਹਾਂ ਜਹਾਜਕਹੇਂ ਜੜਤਾ ਬ੍ਰਤ ਧਾਰਣ ਤੇ ਖਲ ਦੰਭ ਉਚਾਰੇ।
ਰਣ ਸੂਰ ਕੋ ਕ੍ਰੂਰ ਕਹੇਂ ਜਗ ਮੇਂ ਰਿਜੁ ਭਾਵਹਿ ਬੁਧਿ ਬਿਹੀਨ ਪੁਕਾਰੇ।
ਮਧੁ ਬੈਨਨ ਦੀਨ ਕਹੇਂ ਨਰ ਕੋ ਜੁ ਬਖਾਨ ਕਰੈ ਸੁ ਬਚਾਲ ਬਿਚਾਰੇ।
ਗੁਣ ਕੌਨ ਅਹੇ ਗੁਣਵਾਨਨ ਕੋ ਖਲ ਦੋਖਨ ਤੇ ਜੋਇ ਨਾਹਿੰ ਲਤਾਰੇ।

ਦੂਸਰੀ ਸ਼ਾਸਤ੍ਰ ਵਾਸ਼ਨਾ ਸੋ ਤੀਨ ਪਰਕਾਰ ਕੀ ਹੈ, ਏਕ ਪਾਠ ਵਾਸ਼ਨਾ ਯਾਨੇ ਮੇਰਾ ਕੋਇਲ ਜੈਸਾ ਸੁੰਦਰ ਪਾਠ ਹੋਵੇ ਮੇਰੇ ਜੈਸਾ ਪਾਠੀ ਹੋਰ ਕੋਈ ਨ ਹੋਵੇ। ਦੂਸਰੀ ਅਧਯੈਨ ਵਾਸ਼ਨਾ ਕਿ ਮੈਂ ਸਭ ਸ਼ਾਸਤ੍ਰ ਪੜ੍ਹ ਲੂੰ। ਤੀਸਰੀ ਅਨੁਸਠਾਨ ਵਾਸ਼ਨਾ ਯਹ ਕਰਮ ਭੀ ਕਰੂੰ ਯਹ ਜਗ ਭੀ ਕਰੂੰ ਐਸੇ ਕਰਮ ਕਰਨ ਕੀ ਵਾਸ਼ਨਾ ਕੋ ਅਨੁਸਠਾਨ ਵਾਸ਼ਨਾ ਕਹਾ ਜਾਤਾ ਹੈ। ਯਹ ਤੀਨੋਂ ਪਰਕਾਰ ਕੀ ਵਾਸ਼ਨਾ ਸ਼ਾਸਤ੍ਰ ਵਾਸ਼ਨਾ ਕਹੀ ਜਾਤੀ ਹੈ। ਪਹਿਲੇ ਤੋ ਪਾਠ ਵਾਸ਼ਨਾ ਭੀ ਤਿਆਗ ਕਰਨੀ ਚਾਹੀਏ, ਕਿਉਂਕਿ ਸੁੰਦਰ ਕੰਠਾਦਿ ਹੋਣੇ ਆਪਣੇ ਅਧੀਨ ਨਹੀਂ ਈਸ਼ਵਰ ਅਧੀਨ ਹੈਂ। ਪ੍ਰਮਾਣ :-

ਆਖਣਿ ਜੋਰੁ ਚੁਪੈ ਨਹ ਜੋਰੁ ॥ [ਜਪੁਜੀ ਸਾਹਿਬ ਸਫਾ ੭

ਤਥਾ ਪ੍ਰਮਾਣ ਮੋਖ ਪੰਥ:-

ਬਹੁਤ ਅਸ਼ਕਯ ਹਿਰਦੇ ਮੇਂ ਮਾਨ। ਸਾਸਤ੍ਰ ਵਾਸ਼ਨਾ ਕਰੇ ਪ੍ਰਹਾਨ।
ਸੁੰਦਰ ਪਾਠ ਕਹਾਂ ਲੌ ਕਰੇ। ਕੰਠਾਦਿ ਨਹਿੰ ਵਸ ਅਨੁਸਰੇ।

ਜੈਸੇ ਪਾਠ ਵਾਸ਼ਨਾ ਭਾਰਦ੍ਵਾਜ ਮੁਨੀ ਕੋ ਹੋਤੀ ਭਈ, ਅਨੇਕ ਔਸ਼ਧੀਆਂ ਖਾਇ ਕਰ ਗਲੇ ਕੋ ਸਾਫ ਰਖਤਾ ਸੀ। ਹਰ ਵਕਤ ਪਾਠ ਮੇਂ ਖਿਆਲ ਰਖਤਾ ਥਾ ਬ੍ਰਹਮ ਚਿੰਤਨ ਨਹੀਂ ਕਰਤਾ ਥਾ। ਬ੍ਰਿਧਾ ਵਸਥਾ ਹੋ ਗਈ ਤੋ ਭੀ ਪਾਠ ਕੋ ਤਿਆਗ ਨਹੀਂ ਕਰਤਾ ਥਾ, ਏਕ ਸਮੇਂ ਉਸਕੇ ਪਾਸ ਇੰਦਰ ਆਇਆ ਅਰ ਕਹਾ ਅਗਰ ਮੈਂ ਤੇਰੇ ਕੋ ਹੋਰ ਆਯੂ ਦੇ ਦੂੰ ਕਿਆ ਕਰੇਂਗਾ ? ਮੈਂ ਪਾਠ ਹੀ ਕਰੂੰਗਾ ਯਹ ਉਸਨੇ ਕਹਾ, ਫੇਰ ਉਸਕੋ ਇੰਦਰ ਨੇ ਕਹਾ ਯਹ ਕੰਠਾਦਿ ਤੁਮਾਰੇ ਵਸ ਨਹੀਂ ਈਸ਼ਵਰ ਕੇ ਅਧੀਨ ਹੈ, ਇੰਦਰ ਕੇ ਕਹਿਣੇ ਪਰ ਪਾਠ ਵਾਸ਼ਨਾ ਤਿਆਗ ਕੇ ਸੁਖੀ ਹੋਤਾ ਭਯਾ। ਦੂਸਰੀ ਅਧਯੈਨ



ਵਾਸ਼ਨਾ ਨਾਰਦ ਕੋ ਔਰ ਦੁਰਬਾਸ਼ਾ ਰਿਖੀ ਕੋ ਹੋਤੀ ਭਈ। ਨਾਰਦ ਚੌਸਠ ਪਰਕਾਰ ਕੀ ਵਿਦਿਆ ਮੇਂ ਕੁਸ਼ਲ ਹੋਤਾ ਹੂਆ ਭੀ ਸ਼ੋਕ ਰਹਿਤ (ਸੁਖੀ) ਨਹੀਂ ਹੂਆ। ਸਨਤ ਕੁਮਾਰ ਰਿਸ਼ੀਓਂ ਕੋ ਜਾਕਰ ਨਾਰਦ ਕਹਿਣੇ ਲਗਾ, ਮਹਾਰਾਜ, ਮੈਂ ਦੁਖੀ ਹੂੰ ਮੇਰੇ ਕੋ ਸੁਖੀ ਕਰੋ, ਸਨਤ ਕੁਮਾਰ ਕਹਿਣੇ ਲਗੇ ਤੂੰ ਕੇਵਲ ਪੁਸਤਕ ਹੀ ਪੜ੍ਹਿਆ ਹੈਂ, ਤਤ੍ਵ ਕੋ ਨਹੀਂ ਜਾਣਿਆ, ਕੜਛੀ ਕੀ ਨਿਆਈ ਸੁਵਾ ਹੀ ਰਿਹਾ ਹੈਂ। ਪ੍ਰਮਾਣ:-

ਅਧੀਤਯ ਚਤੁਰੋ ਵੇਦਾਨ ਧਰਮ ਸ਼ਾਸਤ੍ਰਾਣੀਅਨੇ ਕਸ਼:।
ਬ੍ਰਹਮ ਤਤ੍ਵੰ ਨ ਜਾਨਾਤਿ ਦਰਵੀ ਪਾਕ ਰਸੰਤ ਥਾ।

[ਮੁਕਤੀਕ ਉਪਨਿਖਦ ਅ: ੨ ਸਲੋਕ ੬੫

ਅਰਥ-ਚਾਰੋਂ ਵੇਦੋਂ ਕੋ ਔਰ ਧਰਮਾਦਿ ਅਨੇਕ ਸ਼ਾਸਤਰੋਂ ਕੋ ਪੜ੍ਹ ਭੀ ਲੀਆ, ਪਰ ਆਤਮ ਤਤ੍ਵ ਕੋ ਨਹੀਂ ਜਾਣਿਆ ਤੋ ਸੁਖ ਸੇ ਖਾਲੀ ਰਹਿ ਗਿਆ। ਜੈਸੇ ਸਲੂਣੋਂ ਮੇਂ ਫਿਰਤੀ ਹੁਈ ਕੜਛੀ ਰਸ ਸੇ ਖਾਲੀ ਰਹਿ ਜਾਤੀ ਹੈ ਅਬ ਤੂੰ ਪੁਸਤਕੋਂ ਕੇ ਅਭਿਆਸ ਕੋ ਛੋੜ ਕੇ ਬ੍ਰਹਮ ਚਿੰਤਨ ਕਰ, ਕਿਉਂਕਿ ਬ੍ਰਹਮ ਸੁਖ ਰੂਪ ਹੈ। ਨਾਰਦ ਜੀ ਬਚਨ ਮਾਨ ਕਰ ਪੁਸਤਕ ਪੜ੍ਹਨੇ ਕੀ ਵਾਸ਼ਨਾ ਕੋ ਤਿਆਗ ਕਰ ਸੁਖੀ ਹੋ ਗਯਾ। ਫੇਰ ਨਾਰਦ ਕੋ ਏਕ ਦਿਨ ਦੁਰਬਾਸ਼ਾ ਮੁਨੀ ਰਸਤੇ ਮੇਂ ਮਿਲਾ, ਦੁਰਬਾਸ਼ਾ ਮੁਨੀ ਕੇ ਸਿਰ ਪਰ ਪੁਸਤਕੋਂ ਕਾ ਬੋਝ ਥਾ। ਨਾਰਦ ਨੇ ਦੇਖਕੇ ਦੁਰਬਾਸ਼ਾ ਰਿਸ਼ੀ ਕੋ ਹਾਸੀ ਕਰੀ ਔਰ ਕਹਾ।

ਭਾਰ ਵਾਹੀ ਗਰਦਭ ਆਗਤ: ॥

ਯਾਨੇ ਭਾਰ ਵਾਹਨੇ ਵਾਲਾ ਗਧਾ ਆ ਗਯਾ ਹੈ, ਅਰ ਕਹਾ ਮੇਰੀ ਨਿਆਈ ਤੇਰੇ ਕੋ ਭੀ ਅਧੈਨ ਵਾਸ਼ਨਾ ਹੂਈ ਹੈ, ਸੋ ਯਹ ਵਾਸ਼ਨਾ ਛੋਡਦੇ। ਪੁਸਤਕ ਬਹੁਤ ਹੈਂ ਤੂੰ ਕਿਤਨਾ ਕੁ ਪੜ ਸਕੇਗਾ। ਪ੍ਰਮਾਣ:-

ਅਨੇਕ ਸ਼ਾਸਤ੍ਰੰ ਬਹੁ ਵੇਦਿਤਵਯੰ ਅਲਪਸ਼ ਕਾਲੋ ਬਹਵਾਸ਼ ਵਿਘਨਾ ॥
ਯਹ ਸਾਰਭੂਤੰ ਤਦਉਪਾਸਿਤਵ੍ਯੰ ਹੰਸੋਯ ਥਾ ਖੀਰ ਮਿਵਾਂਬੂ ਮਧਜਾਤ ॥

[ਸੁਭਾਸਿਤ ਰਤਨ ਭਾਂਡਾਗਾਰ ਸਾਮਾਨਯ ਨੀਤੀ ਪ੍ਰਕਰਣ ਪ੍ਰਿਸ਼ਠ ੧੭

ਅਰਥ-ਸ਼ਾਸਤ੍ਰ ਅਨੇਕ ਹੈਂ, ਜਾਨਨੇ ਜੋਗਯ ਬ੍ਰਹਮ ਕਾ ਬੀ ਕੋਈ ਅੰਤ ਨਹੀਂ ਔਰ ਕਾਲ ਬਹੁਤ ਥੋੜਾ ਹੈ ਔਰ ਵਿਘਨ ਬਹੁਤ ਹੋਤੇ ਹੈਂ। ਪੁਸਤਕੋਂ ਮੇਂ ਜੋ ਸਾਰ ਵਸਤੂ ਹੈ ਉਸ ਕੋ ਹੀ ਗ੍ਰਹਣ ਕਰਨਾ ਚਾਹੀਏ ਜੈਸੇ ਹੰਸ ਪਾਨੀ ਮੇਂ ਸੇ ਦੂਧ ਕੋ ਗ੍ਰਹਣ ਕਰ ਲੇਤਾ ਹੈ।

ਸਮੁਦ੍ਰ ਵਤ ਵਿਆਕਰਣੰ ਮਹੇਸ਼੍ਵਰੇ ਤਦੰਬੂ ਕੁੰਭੋ ਧਰਣੰ ਬ੍ਰਿਹਸਪਤਉ ॥
ਤਦ ਭਾਗ ਭਾਗ ਸਤਸ਼ਤੰ ਪੁਰੇਂਦ੍ਰੇ ਕੁਸਾ ਅਗ੍ਰਬਿੰਦੂ ਗ੍ਰਥਿ ਤੋਹਿ ਪਾਣਿਨਿਨਾ ॥

ਅਰਥ-ਸਮੁਦ੍ਰ ਕੀ ਨਿਆਈ ਵਿਸਤ੍ਰਿਤ ਵਿਆਕਰਣ ਸ਼ਾਸਤ੍ਰ ਤੋ ਮਹਾਦੇਵ ਮੇਂ ਹੈ। ਔਰ ਸਮੁਦ੍ਰ ਸੇ ਘੜਾ ਭਰ ਲਈਏ ਇਤਨਾ ਵਿਆਕਰਣ ਸ਼ਾਸਤ੍ਰ ਬ੍ਰਿਹਸਪਤਿ ਮੇਂ

ਹ ਘੜੇ ਸੇ ਸੌ ਭਾਗ ਕੀਏ ਉਸ ਮੇਂ ਇਕ ਭਾਗ, ਜਿਤਨਾ ਵਿਆਕਰਣ ਸ਼ਾਸਤ੍ਰ ਇੰਦ੍ਰ ਮੇਂ ਹੈ। ਇੰਦ੍ਰ ਕੇ ਹਿਸੇ ਮੇਂ ਸੇ ਕੁਸ਼ਾ (ਦਭ) ਕੇ ਅਗ੍ਰ ਭਾਗ ਮੇਂ ਜਿਤਨਾ ਆ ਸਕਤਾ ਹੈ ਉਤਨਾ ਵਿਆਕਰਣ ਸ਼ਾਸਤ੍ਰ ਪਾਣੀਨੀਯ ਰਿਸ਼ੀ ਮੇਂ ਹੈ।

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਅਹਿ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥**

[ਆਸਾ ਵਾਰ ਮ: ੧ ਸਫਾ ੪੬੭

**ਸਾਸਤ ਸਿੰਮ੍ਰਿਤਿ ਵੇਦ ਚਾਰਿ ਮੁਖਾਗਰ ਬਿਚਰੇ ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥ ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ ੫ ॥**

[ਸ੍ਰੀ ਰਾਗ ਮ: ੫ ਸਫਾ ੭੦

**ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ॥**

[ਮਾਰੂ ਮ: ੧ ਸਫਾ ੧੦੩੨

**ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥ ਸਾਸਤ੍ਰ ਵੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥ ਖੋਇਓ ਮੂਲੁ ਲਾਭੁ ਕਹਿ ਪਾਵਸਿ ਦੁਰਮਤਿ ਗਿਆਨ ਵਿਹੂਣੇ ॥ ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥ ੪ ॥**

[ਭੈਰਉ ਮ: ੧ ਸਫਾ ੧੧੨੬

ਨਾਰਦ ਕੇ ਸਮਝਾਨੇ ਸੇ ਦਰਵਾਸਾ ਮੁਨੀ ਅਧਯੈਨ ਵਾਸ਼ਨਾ ਯਾਨੇ ਸ਼ਾਸਤ੍ਰ ਪੜ੍ਹਨੇ ਦੀ ਵਾਸ਼ਨਾ ਦੂਰ ਹੋ ਗਈ। ਬ੍ਰਹਮ ਵਿਚਾਰ ਕਰਕੇ ਸ਼ਾਂਤੀ ਕੋ ਪ੍ਰਾਪਤ ਹੋ ਗਯਾ। ਤੀਸਰੀ ਅਨੁਸ਼ਠਾਨ ਵਾਸ਼ਨਾ ਹੈ ਯਾਨੇ ਕਰਮ ਕਰਨੇ ਕੀ ਵਾਸ਼ਨਾ ਯਹ ਕਰਮ ਭੀ ਕਰਨੇ ਹੈਂ ਯਹ ਕਰਮ ਭੀ ਕਰਨੇ ਹੈਂ ਜੋ ਨਿਦਾਘ ਰਾਜਾ ਕੋ ਹੋਤੀ ਭਈ। ਵਿਸ਼ਨੂ ਪੁਰਾਨ ਮੇਂ ਪ੍ਰਸੰਗ ਆਤਾ ਹੈ। ਏਕ ਨਿਦਾਘ ਰਾਜਾ ਥਾ ਉਸ ਕੋ ਕਰਮ ਕਰਨੇ ਮੇਂ ਦ੍ਰਿੜ੍ਹਾ ਸ਼ਰਧਾ ਪੈਦਾ ਹੋ ਗਈ। ਸਾਰਾ ਦਿਨ ਕਰਮ ਕਰਤਾ ਰਹੇ ਈਸ਼੍ਵਰ ਧਿਆਨ ਔਰ ਸਤਿਸੰਗ ਕਰਨੇ ਕਾ ਉਸਕੋ ਕਈ ਸਮਾ ਨ ਮਿਲੇ ਰਿਭੂ ਮੁਨੀ ਨੇ ਰਾਜਾ ਕੋ ਪੁਨਹ ੨ ਸਮਝਾਯਾ ਅਰ ਕਹਾ ਕਰਮ ਸੇ ਫੇਰ ਫੇਰ ਜਨਮ ਪਾਏਂਗਾ। ਪ੍ਰਮਾਣ:-

**ਸਾਸਤੁ ਵੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ**



**ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰਕੈ ਭਾਰੀ ॥ ੨ ॥**

[ਸੋਰਠ ਮਹਲਾ ੧ ਸਫਾ ੬੩੫

**ਤਥਾ-ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥ ੧ ॥ ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮੁ ਤਤੁ ਬੀਚਾਰੀ ॥**

[ਸੋਰਠ ਮ: ੧ ਸਫਾ ੬੩੫

ਇਸ ਸ਼ਬਦ ਦਾ ਭਾਵਾਰਥ-ਹੇ ਕਰਮੋਂ ਕੇ ਕਰਨੇ ਵਾਲੇ ਪੰਡਿਤ ਸ੍ਰਵਣ ਕਰੋ ਜਿਸਕੇ ਚਿੰਤਨ ਕਰਨੇ ਸੇ ਸੁਖ ਪੈਦਾ ਹੋਤਾ ਹੈ ਸੋ ਆਤਮ ਤਤੁ ਵੀਚਾਰ ਹੈ। ਇਸ ਸੇ ਬਿਨਾਂ ਜੋ ਕਰਮ ਹੈ ਜਿਸਕੋ ਤੁਮ ਕਰਤੇ ਹੋ ਸੋ ਸੰਸਾਰ ਕੇ ਦੇਨੇ ਵਾਲੀ ਹੈ ਯਹ ਵਾਰਤਾ ਸ਼ਾਸਤ੍ਰ ਖੜਾ ਹੋਕੇ ਯਾਨੇ ਵਾਰ ਵਾਰ ਪੁਕਾਰ ਕਰ ਰਹਾ ਹੈ। ਇਸ ਪ੍ਰਕਾਰ ਸਾਰੇ ਸਬਦ ਕਾ ਭਾਵ ਹੈ। ਸੋ ਇਸ ਪ੍ਰਕਾਰ ਰਿਭੂ ਮੁਨੀ ਨਿਦਾਘ ਰਾਜਾ ਕੀ ਕਰਮੋਂ ਮੇਂ ਜੋ ਅੰਧ ਸ਼ਰਧਾ ਸੀ ਸੋ ਹਟਾ ਕਰ ਬ੍ਰਹਮ ਚਿੰਤਨ ਕਰਤਾ ਭਯਾ ਅਰ ਵਸ਼ਿਸ਼ਟ ਰਾਮਾਯਣ ਮੇਂ ਭੀ ਐਸਾ ਏਕ ਪ੍ਰਸੰਗ ਆਤਾ ਹੈ। ਦਾਸੂਰ ਕੋ ਕਰਮੋਂ ਮੇ ਅਤਯੰਤ ਅੰਧ ਸ਼ਰਧਾ ਸੀ ਔਰ ਕਰਮ ਕਰਨੇ ਵਾਸਤੇ ਦਾਸੂਰ ਸੁਧ ਭੂਮੀ ਖੋਜਤਾ ਭਯਾ। ਪਰੰਤੂ ਸੁਧ ਭੂਮੀ ਨਹੀਂ ਮਿਲੀ ਤਬ ਉਸਕੋ ਕਿਸੀ ਮਹਾਤਮਾ ਨੇ ਵੇਦ ਮੰਤ੍ਰ ਕਾ ਉਪਦੇਸ਼ ਕੀਆ ਔਰ ਕਹਾ ਏਹ ਕਰਮ ਜਿਨਕੋ ਤੂੰ ਕਰਨੇ ਕੀ ਇਛਾ ਕਰਤਾ ਹੈ ਯੇਹ ਜਨਮ ਕੇ ਹੇਤੂ ਹੈਂ। ਪ੍ਰਮਾਣ:-

**ਪਲਵਾਹਿਏਤੇ ਅਦ੍ਰਿੜਾ ਯਗਯਰੂਪਾ ਅਸ੍ਦਸੋਕਤਮਵਰੰ ਯੇਸ਼ੁ ਕਰਮ ॥ ਏਤਤਛ੍ਰੇਯੋ ਯੇਅਭਿਨੰਦੰਤਿ ਮੂਢਾਜਰਾਮ੍ਰਿਤ੍ਯੁੰ ਤੇ ਪੁਨਰੇਵਾਭਿਯੰਤਿ ॥ ੧ ॥ ਅਵਿਦਿਆਯਾਮੰਤਰੇ ਵਰਤਮਾਨਾ: ਸ੍ਵਯੰ ਧੀਰਾ: ਪੰਡਿਤੰ ਮਨਯਮਾਨਾ: ॥ ਜੰਘਨਜਮਾਨਾ: ਪਰਿਯੰਤਿ ਮੂਢਾ ਅੰਧੇਨੇਵਨੀਯਮਾਨਾ ਯਤਾ ਅੰਧਾ: ॥੨॥ ਅਵਿਦਿਆਯਾਂ ਬਹੁਧਾ ਵਰਤਮਾਨਾ ਵਯੰ ਕ੍ਰਿਤਾਰਥਾ ਇਤਯਭਿਮਨਯੰਤਿ ਬਾਲਾ: ॥ ਯਤ ਕਰਮਿਣੋਨ ਪ੍ਰਵੇਦਯੰਤਿ ਰਾਗਾਤੇਨਆਤੁਰਾ: ਖਜੀਣ ਲੋਕਾਸ੍ਚਯਵੰਤੇ ॥ ਇਸ੍ਟਾਪੂਰਤੰ ਮਨਯਮਾਨਾ ਵਰਿਸ੍ਟੰ ਨਾਨਯਛ੍ਰੇਯੋ ਵੇਦਯੰਤੇ ਪ੍ਰਮੂਢਾ: ॥ ਨਾਕਸਯਪ੍ਰਿਸ੍ਟੇ ਤੇ ਸੁਕ੍ਰਤੇਨਾਨੁਭੂਤ੍ਵੇਮੰ ਲੋਕੰ ਹੀਨਤਰੰ ਵਾਵਿਸ਼ੰਤਿ ॥**

[ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ

ਟੀਕਾ-ਇਹ ਯਗ ਰੂਪੀ ਨਉਕਾ ਯਾ ਪੁਲ ਚੁਕੀ ਹੈ ਜਿਸ ਮੇਂ ੧੬ ਬ੍ਰਾਹਮਣ ਰਿਤ੍ਵਿਜ ਔਰ ਦੋ ਯਜਮਾਨ ਹੋਤੇ ਹੈਂ । ਯਾਨੇ ੧੮ ਮਨੁਸ਼ਯੋਂ ਕਰਕੇ ਕੀਆ ਹੂਆ ਜੋ ਯਗ ਰੂਪੀ ਕਰਮ ਹੈ ਯਹ ਕਚਾ ਪੁਲ ਹੈ ਪਾਰ ਨਹੀਂ ਪਹੁੰਚਾਏਗਾ। ਯਹ ਕਰਮ ਹੀ ਕਲਿਆਨ ਕਰੇਗਾ, ਐਸਾ ਮਾਨ ਕਰਕੇ ਜੋ ਪਰਸੰਨ ਹੋਤੇ ਹੈਂ ਵੋਹ ਮੂਰਖ ਹੈ ਵੋਹ ਮੂੜ੍ਹ ਫੇਰ ਫੇਰ ਜਨਮ ਮਰਣ ਕੋ ਪਰਾਪਤ ਹੋਤੇ ਹੈਂ । ੨. ਅਵਿਦਿਆ ਰੂਪ ਕਰਮ ਮੇਂ ਜੋ ਰਾਤ ਦਿਨ ਲਗੇ ਹੂਏ ਹੈਂ ਔਰ ਫੇਰ ਆਪਣੇ ਕੋ ਧੀਰ ਔਰ ਪੰਡਿਤ ਮਾਨ ਕਰ ਅਭਿਮਾਨ ਕਰਨੇ ਵਾਲੇ ਹੈਂ। ਤਥਾ ਅਤਿਅੰਤ ਕੁਟਿਲ ਗਤਿ ਕੇ ਚਾਂਹਨੇ ਵਾਲੇ ਹੈਂ । ਵੋਹ ਨੀਚ ਗਤਿ ਕੋ ਪਰਾਪਤ ਹੋਤੇ ਹੈਂ ਜੈਸੇ ਅੰਧੇ ਕੋ ਸਾਥ ਜਾਣੇ ਵਾਲਾ ਅੰਧਾ ਜਿਸ ਗਤਿ ਕੋ ਪ੍ਰਾਪਤ ਹੋਤਾ ਹੈ। ੩. ਅਵਿਦਿਆ ਰੂਪ ਕਰਮ ਮੇਂ ਜੋ ਰਾਤਿ ਦਿਨ ਲਗੇ ਹੂਏ ਹੈਂ ਅਰ ਕਰਮ ਸੇ ਹੀ ਅਪਨੇ ਕੋ ਕ੍ਰਿਤਾਰਥ ਮਾਨਨੇ ਵਾਲੇ ਹੈਂ । ਵੋਹ ਮੁਢ ਹੈਂ, ਅਰ ਜਿਸ ਰਾਗ ਕੇ ਪ੍ਰਭਾਵ ਸੇ ਵੋਹ ਕਰਮੀ ਲੋਗ ਆਤਮ ਤਤ ਕੋ ਨਹੀਂ ਜਾਨਤੇ ਹੈਂ, ਵੋਹ ਅਗਿਆਨ ਕਰਕੇ ਜਲਦੀ ਨੀਚ ਲੋਕ ਮੇਂ ਗਿਰ ਜਾਤੇ ਹੈਂ । ੪. ਸੁਰਤੀ ਸਿੰਮ੍ਰਿਤਿ ਯਾਨੇ ਯਗਜ ਦਾਨ ਅਰ ਕੂਏਂ ਬਾਉਲੀ ਤਲਾਵ ਲਗਾਨੇ ਵਾਲੇ ਅਪਨੇ ਕੋ ਸ੍ਰੇਸ਼ਟ ਮਾਨਨੇ ਵਾਲੇ ਹੈਂ, ਔਰ ਇਸ ਸੇ ਪਰੇ ਹੋਰ ਕੋਈ ਕਲਿਆਨ ਕਾ ਸਾਧਨ ਨਹੀਂ ਐਸੇ ਮਾਨਨੇ ਵਾਲੇ ਮੂਰਖ ਹੈ । ਵੋਹ ਸੁਰਗ ਮੇਂ ਜਾ ਕਰ ਪੁੰਨ ਭੋਗ ਕਰ ਇਹਾਂ ਨੀਚ ਜਾਤੀਓਂ ਕੋ ਭੋਗਤੇ ਹੈਂ । ਸੋ ਦਾਸੂਰ ਕੀ ਮਹਾਤਮਾ ਨੇ ਕਰਮੋਂ ਮੇਂ ਸਰਧਾ ਹਟਾ ਕਰ, ਬ੍ਰਹਮ ਚਿੰਤਨ ਕਰਾਇਆ ਔਰ ਸੁਖੀ ਕਰ ਦੀਆ ਤੀਸਰੀ ਦੇਹ ਵਾਸ਼ਨਾ ਹੈ ਉਹ ਭੀ ਤੀਨ ਪ੍ਰਕਾਰ ਕੀ ਹੈ । ਪਹਿਲੀ ਦੇਹ ਕੋ ਆਤਮਾ ਸਮਝਨਾ ਦੂਸਰੀ ਦੇਹ ਕੇ ਦੋਸ਼ ਦੂਰ ਕਰਨ। ਤੀਸਰੀ ਦੇਹ ਮੇਂ ਗੁਣ ਧਾਰਣ ਕਰਨਾ । ਉਸ ਮੇਂ ਪਹਿਲੀ ਜੋ ਵਾਸ਼ਨਾਂ ਹੈ ਦੇਹ ਕੋ ਆਤਮਾ ਸਮਝਣਾ, ਯੇਹ ਦੂਰ ਵਾਸ਼ਨਾ ਹੈ ਕਿਉਂਕਿ ਦੇਹ ਆਤਮਾ ਨਹੀਂ, ਜੋੜੇ ਹੋਨੇ ਤੇ ਭੂਤੋਂ ਕਾ ਕਾਰਜ ਹੋਨੇ ਤੇ ਮਾਪ ਵਾਲੀ ਹੋਨੇ ਤੇ ਘਟ ਵਤ, ਯੇਹ ਅਨੁਮਾਨ ਜਾਣ ਲੈਣਾ ਯਾਨੇ ਦੇਹ ਆਤਮਾ ਨਹੀਂ ਹੈ, ਕਿਉਂਕਿ ਆਤਮਾ ਚੇਤਨ ਹੈ ਦੇਹ ਜੜ ਹੈ, ਆਤਮਾ ਅਜਰ ਅਮਰ ਹੈ ਅਜੂਨੀ ਹੈ, ਦੇਹ ਜਰਮਣੋ ਮਰਨੇ ਵਾਲੀ ਹੈ ਪੰਚ ਤਤੋਂ ਸੇ ਪੈਦਾ ਹੋਤੀ ਹੈ। ਪ੍ਰਮਾਣ।

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**
**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ ॥੧੧॥**

[ਸਲੋਕ ਮ: ੯ ਸਫਾ ੧੪੨੬

ਅਰ ਆਤਮਾ ਮਾਪ ਰਹਿਤ ਅਨੰਤ ਹੈ ਅਰ ਸ਼ਰੀਰ ਸਾਢੇ ਤੀਨ ਯਾ ਪੌਣੇ ਚਾਰ ਹਾਥ ਕਾ ਹੋਤਾ ਹੈ, ਇਸ ਵਾਸਤੇ ਸ਼ਰੀਰ ਆਤਮਾ ਨਹੀਂ, ਸ਼ਰੀਰ ਕੋ ਆਤਮਾ ਸਮਝਨਾ ਕੇਵਲ ਭਰਮ ਹੈ, ਤਾਂਤੇ ਦੇਹ ਆਤਮਾ ਹੈ ਯੇਹ ਵਾਸ਼ਨਾ ਹਟਾ ਦੇਣੀ ਚਾਹੀਏ । ਸਲੋਕ ।

**ਸਾ ਕਾਲ ਸੂਤ੍ਰ ਪਦਵੀ ਸਾ ਮਹਾ ਵੀਚਿ ਵਾਗੁਰਾ । ਸਾ ਅਸਿ ਪਤ੍ਰ**



**ਵਤ ਸ਼੍ਰੇਣੀ ਯਾ ਦੇਹੋ ਅਹੰ ਇਤਿ ਇਸਥਤਿ ਸਾਂਤਿਆਜਜ਼ਾ ਸਰਵ ਯਤਨੇਨ ਸਰਵ ਨਾਸ਼ੇਅਪੀ ਉਪਸਥੀਤੇ ॥ ਸਪ੍ਰਸ੍ਰਬਜ਼ਾ ਸਾ ਨ ਭਬਯੇਨ ਸ੍ਵ ਮਾਂਸੇਵ ਪੁਲਕਸੀ ॥ ਦੇ ਹੋ ਅਹੰ ਇਤਿ ਬੁਧਿਜੰ ਪਾਪੰ ਨ ਤਦ ਗੋ ਬਧ ਕੋਟਿ ਭਿ: ॥**

[ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ

ਅਰਥ-ਮੈਂ ਦੇਹ ਹੂੰ ਇਸ ਪ੍ਰਕਾਰ ਕੀ ਜੋ ਇਸਥਿਤੀ ਯਾਨੇ ਦ੍ਰਿੜ੍ਹ ਬੁੱਧੀ ਹੈ ਵੋ ਦ੍ਰਿੜ੍ਹ ਬੁੱਧੀ ਹੀ ਕਾਲ ਸੂਤ੍ਰ ਨਾਮ ਨਰਕ ਕੀ ਦੇਨੇ ਵਾਲੀ ਹੈ ਤਥਾ ਬੜੀ ਲਹਿਰਾਂ ਵਾਲੀ ਵੈਤਰਣੀ ਨਦੀ ਭੀ ਯੇਹੀ ਬੁੱਧੀ ਹੈ ਤਥਾ ਯਹੀ ਬੁੱਧੀ ਅਸੀ ਪਤ੍ਰ ਤਲਵਾਰ ਕੀ ਨਿਆਈਂ ਤਿੱਖੇ ਪੱਤੇ ਵਾਲੇ ਬ੍ਰਿਛੋਂ ਕੀ ਸ਼੍ਰੇਨੀ ਯਾਨੇ ਮਾਲ੍ਹਾ ਹੈ ਵੋ ਬੁੱਧੀ ਸਾਰਾ ਯਤਨ ਲਗਾ ਕੇ ਤਯਾਗ ਕਰਨੀ ਚਾਹੀਏ, ਬੁੱਧੀਮਾਨ ਪੁਰਸ਼ ਨੇ ਕਭੀ ਭੀ ਉਸ ਬੁੱਧੀ ਕੋ ਸਪਰਸ਼ ਨ ਕਰਨਾ, ਕੁੱਤੇ ਕੇ ਮਾਂਸ ਉਠਾਨੇ ਵਾਲੀ ਚੰਡਾਲਨੀ ਕੀ ਤਰਹ ਮੈਂ ਦੇਹ ਹੂੰ, ਇਸ ਦ੍ਰਿੜ੍ਹ ਬੁੱਧੀ ਕਰਨੇ ਸੇ ਜੋ ਪਾਪ ਹੋਤਾ ਹੈ ਵੋ ਕ੍ਰੋੜੋਂ ਗਊਓਂ ਕੇ ਮਾਰਨੇ ਸੇ ਭੀ ਨਹੀਂ ਹੋਤਾ । ਦੂਸਰੀ ਮਲ ਦੂਰ ਕਰਨਾ ਉਹ ਭੀ ਦੋ ਪ੍ਰਕਾਰ ਕੀ ਹੈ । ਏਕ ਲੌਕਿਕ ਏਕ ਵੈਦਿਕ। ਦੋਨੋਂ ਰੀਤਿ ਸੇ ਦੇਹ ਕੀ ਸ਼ੁਧੀ ਨਹੀਂ ਹੋ ਸਕਤੀ ਕਿਉਂਕਿ ਲਿਖਾ ਹੈ।

**ਅਸਥਾਨਾਤ ਬੀਜਾਤ ਓਪਸ਼੍ਰੰਭਾਤ ਸਿਯੰਦਨਾਤ ਨਿਧਨਾਦਪਿ ਕਾਯੇ ਮਾਂਧੇਯ ਸੋਚਤ੍ਵਾਤ ਪੰਡਿਤਾ ਹੀ ਅਸੁਚੀਂਵਿਦੂ: ।** [ਨੈਸ਼ਕਰਮ ਸਿੱਧੀ]

ਅਰਥ-ਮਾਤਾ ਕੀ ਕੁਖਿ ਰੂਪ ਸਥਾਨ ਕਰਕੇ ਭੀ ਦੇਹ ਅਸ਼ੁਧ ਹੈ । ਮਾਤਾ ਪਿਤਾ ਕਾ ਰਕਤ ਰੇਤੁ ਬੀਜ ਨਾਮ ਕਾਰਨ, ਉਸਸੇ ਭੀ ਦੇਹ ਅਸ਼ੁਧ, ਔਰ ਜਿਨੋਂ ਕੇ ਆਸਰੇ ਯਾਨੇ ਮਲ ਮੂਤ੍ਰ ਕੇ ਆਸਰੇ ਜੋ ਦੇਹ ਖੜੀ ਹੈ ਉਸ ਸੇ ਭੀ ਯੇਹ ਦੇਹ ਅਸ਼ੁਧ ਹੈ । ਔਰ ਜੋ ਨੌ ਦੁਆਰੋਂ ਸੇ ਚੀਜ਼ਾਂ ਨਿਕਲਤੀਆਂ ਰਹਿਤੀਆਂ ਹਨ ਉਨ ਕਰਕੇ ਭੀ ਦੇਹ ਅਸ਼ੁਧ ਹੈ, ਔਰ ਮਰਨ ਕਾਲ ਮੇਂ ਭੀ ਅਸ਼ੁਧ ਹੋਣੇ ਸੇ ਦੇਹ ਅਸ਼ੁਧ ਹੈ। ਇਨ ਪੰਜ ਹੇਤੂਓਂ ਸੇ ਪੰਡਿਤ ਲੋਗ ਇਸ ਕੋ ਅਸ਼ੁਧ ਕਹਿਤੇ ਹੈਂ। ਤਥਾ।

**ਅਤਯੰਤ ਮਲਿਨੋ ਦੇਹੋ ਦੇਹੀ ਚਾਤਯੰਤ ਨਿਰਮਲ । ਉਭਯੋਰੰਤਰੰ ਗਿਆਤ੍ਵਾ ਕਸਯ ਸੌਚੰ ਵਿਧੀਯਤੇ।**

[ਜੀਵਨ ਮੁਕਤੀ ਵਿਵੇਕ ਵਾਸਨਾ ਖੈ ਪ੍ਰਕਰਣ

ਅਰਥ-ਦੇਹ ਅਤਯੰਤ ਮੈਲਾ ਹੈ ਆਤਮਾ ਅਤਯੰਤ ਨਿਰਮਲ ਹੈ ਦੋਨੋਂ ਕਾ ਭਾਵ ਯਾਨੇ ਸਰੂਪ ਸਮਝਨੇ ਪਰ ਫਿਰ ਕਿਸ ਕੀ ਪਵਿਤ੍ਰਤਾ ਕਰੀ ਜਾਏਗੀ। ਤਥਾ।

**ਨਵਛਿਦ੍ਰ ਕ੍ਰਿਤਾ ਦੇਹਾ: ਸ੍ਰਵੰਤਿ ਘਟਿਕਾ ਇਵ । ਬਾਹਿਯ ਸੌਚਇਰ ਨ ਸ਼ੁਧਯੰਤਿ ਨਾਂਤ: ਸੋਚੰ ਤੁਵਿਦਿਅਤੇ ॥**

[ਜੀਵਨ ਮੁਕਤੀ ਵਿਵੇਕ ਵਾਸਨਾ ਖੈਪ੍ਰਕਰਣ

ਜਨਮ ਸਤਵਾਂ ਮਰਣ ਅਠਵਾਂ ਬੰਧਨ ਹੈ, ਇਨਕੀ ਨਵਿਰਤੀ ਭੀ ਗੁਰੂ ਦ੍ਵਾਰਾ ਗਿਆਨ ਸੇ ਹੀ ਹੋਵੇ ਹੈ। ਪ੍ਰਮਾਣ:-

**ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥**
**ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥**

[ਤੁਖਾਰੀ ਮ: ੪ ਸਫਾ ੧੧੧੬

**ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥**
**ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥**

[ਮਲਾਰ ਮ: ੫ ਸਫਾ ੧੦੭੧

ਅਰਥ-ਗੁਰੂ ਲੋਗ ਸ਼ਿਸ਼ਯ ਔਰ ਭਗਤ ਕੇ ਜਨਮ ਮਰਣ ਰੂਪ ਦੋਨੋਂ ਦੁਖੋਂ ਕੋ ਕਟ ਦੇਤੇ ਹੈਂ ਤਥਾ ਸੂਲੀ ਸੇ ਕੰਡਾ ਕਰ ਦੇਤੇ ਹੈਂ। ਸਾਖੀ ਸੁਕੇਤ ਮੰਡੀ ਵਾਲੇ ਰਾਜਾ ਕੀ, ਸੂਰਜ ਪ੍ਰਕਾਸ਼ ਰਾਸ ੨ ਅੰਸੂ ੩੨। ਜਬ ਭਾਈ ਕਲਿਆਨਾ ਮੰਡੀ ਵਾਲੇ ਰਾਜਾ ਕੋ ਗੁਰੂ ਜੀ ਕਾ ਦਰਸ਼ਨ ਕਰਾਨੇ ਲੇ ਆਇਆ, ਰਾਜਾ ਨੇ ਆ ਕਰ ਪ੍ਰੇਮ ਸੇ ਬਹੁਤ ਸਾਰੀ ਭੇਟ ਰਖ ਕਰ ਨਮਸ਼ਕਾਰ ਕਰੀ, ਦੂਸਰੇ ਦਿਨ ਫੇਰ ਦੀਵਾਨ ਮੇਂ ਆਇਆ ਔਰ ਦੀਵਾਨ ਮੇਂ ਤੁਕ ਸੁਣੀ :-

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥**

ਯੇਹ ਦਖਣੀ ਓਂਕਾਰ ਕੀ ਤੁਕ ਸੀ, ਇਹ ਤੁਕ ਸੁਣ ਕਰ ਰਾਜਾ ਕੇ ਚਿਤ ਮੇਂ ਵਿਚਾਰ ਹੋਇਆ ਜੋ ਕਰਤਾਰ ਕੇ ਲਿਖੇ ਹੂਏ ਲੇਖ ਨਹੀਂ ਮਿਟਤੇ ਤੋ ਗੁਰੂ ਕੇ ਪਾਸ ਆਣੇ ਕਾ ਕਿਆ ਲਾਭ ? ਯਹੀ ਬਚਨ ਰਾਜਾ ਨੇ ਗੁਰੂ ਜੀ ਕੋ ਕਹੇ, ਤੋ ਗੁਰੂ ਜੀ ਰਾਜਾ ਕੋ ਕਹਿਣੇ ਲਗੇ ਮਹਾਤਮਾ ਲੋਕ ਸੂਲੀ ਕੋ ਕੰਡਾ ਕਰ ਸਕਤੇ ਹੈਂ, ਯਾਨੀ ਬਹੁਤ ਕਾਲ ਵਾਲਾ ਦੁਖ ਥੋੜੇ ਕਾਲ ਮੇਂ ਭੁਗਾਇ ਦੇਤੇ ਹੈਂ, ਪਰ ਰਾਜਾ ਕੇ ਚਿਤ ਕੀ ਸ਼ੰਕਾ ਹਟੀ ਨਹੀਂ ਔਰ ਕਹਿਣੇ ਲਗਾ।

**ਚੌਪਈ ॥ ਲਿਖਿਓ ਭਾਗ ਜੋ ਭੋਗਹਿ ਪ੍ਰਾਨੀ। ਕਹਾ ਕਰੈ ਤਬ ਸ੍ਰੀ ਗੁਰ ਗਿਆਨੀ ॥ ਜੇ ਕਰ ਗੁਰ ਸਹਾਇਤਾ ਕੀਨ। ਲਿਖਿਓ ਭਾਗ ਮਿਟ ਕਰ ਹੋਇ ਛੀਨ।**

ਇਸ ਕਾ ਭਾਵ ਯੇਹ ਹੈ ਜੋ ਗੁਰੂ ਪਾਸ ਆ ਕਰਮ ਕਾ ਫਲ ਭੋਗਨਾ ਪੜਿਆ, ਤੋ ਗਿਆਨੀ ਗੁਰੂ ਨੇ ਕਿਆ ਸਹਾਇਤਾ ਕਰੀ, ਭਾਵ ਕੁਛ ਨਹੀਂ ਕਰੀ, ਜੋ ਗੁਰੂ ਨੇ ਸਹਾਇਤਾ ਨਹੀਂ ਕਰੀ, ਤੋ ਗੁਰੂਓਂ ਕੀ ਸੇਵਾ ਕਰਨੀ ਨਿਸਫਲ ਹੈ, ਔਰ ਜੇਕਰ ਗੁਰੂ ਨੇ ਸਹਾਇਤਾ ਕਰ ਕੇ ਲੇਖ ਮਿਟਾਇ ਦੀਆ, ਤੋ ਲੇਖ ਨ ਮਿਟਈ ਵਾਲੀ ਤੁਕ ਝੂਠੀ ਹੋਤੀ ਹੈ।



**ਚੌਪਈ-ਇਮ ਨਰਿੰਦ ਕੋ ਮਨ ਨਹੀਂ ਆਈ। ਕਹਿਤਕ ਦੋਨੋਂ ਬਿਧ ਬਨ ਆਈ। ਸ੍ਰੀ ਗੁਰ ਕਹਿਓ ਰਹੋ ਦਿਨ ਤੀਨ। ਜਿਮ ਹੋਇ ਦੋਨੋਂ ਤਿਮ ਲੇਉਂ ਚੀਨ।**

ਐਸੇ ਕਹਿ ਕਰ ਗੁਰੂ ਜੀ ਚੁਪ ਹੋ ਰਹੇ ਰਾਜਾ ਡੇਰੇ ਕੋ ਚਲਾ ਗਿਆ ਔਰ ਰਾਤ ਕੋ ਸੋ ਰਿਹਾ ਚਾਰੋਂ ਤਰਫ ਪਹਿਰੇਦਾਰ ਬੰਦੂਕੇਂ ਲੇ ਕਰ ਖੜੇ ਹਨ ਅਧੀ ਰਾਤ ਕੋ ਰਾਜਾ ਕੋ ਸੁਪਨ ਆਇਆ ਕਿ ਮੈਂ ਮਰ ਗਯਾ ਹੂੰ, ਮੇਰੇ ਮਰਣੇ ਪੀਛੇ ਰਾਣੀਆਂ ਔਰ ਰਾਜਕੁਮਾਰ ਰੋ ਰਹੇ ਹਨ, ਫੇਰ ਦੇਖਾ ਕਿ ਮੈਂਨੇ ਚੰਡਾਲ ਕੇ ਘਰ ਜਨਮ ਲੀਆ ਹੈ, ਚੰਡਾਲ ਸਰੀਰ ਮੇਂ ਮਾਤਾ ਪਿਤਾ ਬੜੇ ਲਾਡ ਨਾਲ ਪਾਲ ਰਹੇ ਹੈਨ, ਜਬ ਮੈਂ ਬੜਾ ਹੋ ਗਿਆ ਤ਼ਬ ਏਕ ਸੁੰਦਰ ਕੰਨਿਆਂ ਨਾਲ ਸ਼ਾਦੀ ਹੋ ਗਈ, ਉਸ ਮੇਂ ਸੇ ਪੁੱਤਰ ਕੰਨਿਆਂ ਬਹੁਤ ਪਰਵਾਰ ਹੂਆ ਆਖਰ ਮੈਂ ਬ੍ਰਿਧ ਹੋ ਕਰ ਚੰਡਾਲ ਦੇਹ ਮੇਂ ਮਰ ਗਿਆ, ਮੇਰੇ ਪੀਛੇ ਸੰਬੰਧੀ ਰੋ ਰਹੇ ਹਨ, ਔਰ ਬਾਹਰ ਜਾ ਕਰ ਮੇਰੇ ਕੋ ਧਰਤੀ ਮੇਂ ਗਡ ਆਏ, ਯੇਹ ਸੁਪਨ ਦੇਖ ਕਰ ਰਾਜਾ ਕੋ ਜਾਗ ਆ ਗਈ ਬੜਾ ਅਸਚਰਜ ਹੂਆ ਇਤਨੇ ਮੇਂ ਗੁਰੂ ਜੀ ਨੇ ਇਕ ਸਿਖ ਭੇਜਾ ਕਿ ਰਾਜਾ ਕੋ ਲੇ ਆਓ ਕਹੋ ਆਓ ਤੋ ਸ਼ਿਕਾਰ ਖੇਲਨੇ ਚਲੇਂ ਰਾਜਾ ਭੀ ਤਿਆਰ ਹੋ ਕਰ ਘੋੜੇ ਪਰ ਚੜ੍ਹ ਕਰ ਗੁਰੂ ਜੀ ਕੇ ਸਾਥ ਸ਼ਿਕਾਰ ਕੋ ਗਿਆ ਪਰ ਰਸਤੇ ਮੇਂ ਸੁਪਨੇ ਕੋ ਚਿੰਤਨ ਕਰਤਾ ਜਾ ਰਿਹਾ ਸੀ ਔਰ ਚਿੰਤਾ ਕਰ ਰਹਾ ਸੀ ਆਖਰ ਜਬ ਕੁਛ ਦੂਰ ਚਲੇ ਗਏ ਤੋ ਏਕ ਮਿਰਗ ਰਾਜਾ ਕੇ ਆਗੇ ਆਇਆ ਰਾਜਾ ਨੇ ਉਸ ਕੇ ਪੀਛੇ ਘੋੜਾ ਦੋੜਾਇਆ ਮਿਰਗ ਭਾਗ ਗਿਆ ਰਾਜਾ ਥਕ ਕਰ ਇਕ ਬ੍ਰਿਛ ਕੇ ਨੀਚੇ ਘੋੜਾ ਬਾਂਧ ਕਰ ਬੈਠ ਗਿਆ ਇਤਨੇ ਮੇਂ ਏਕ ਚੰਡਾਲ ਕਾ ਲੜਕਾ ਆਇਆ ਉਸ ਨੇ ੲ-ਪਛਾਣਾ ਕਿ ਯੇਹ ਤੋ ਹਮਾਰਾ ਬਾਬਾ ਹੈ ਮਰ ਗਿਆ ਥਾ ਜਿੰਦਾ ਕੈਸੇ ਹੋ ਗਿਆ ਘੋੜਾ ਕਹਾਂ ਖ ਸੇ ਲੇ ਆਇਆ, ਅਪਨੇ ਘਰ ਜਾਕਰ ਸਭ ਪਰਵਾਰ ਕੋ ਲੇ ਆਇਆ, ਸਭ ਨੇ ਆ ਕਰ ਰਾਜਾ ਕੋ ਪਕੜ ਲੀਆ, ਰਾਜਾ ਉਨ ਕੋ ਹ਼ਟਾਤਾ ਭੀ ਹੈ, ਔਰ ਅਨੁਭਵ ਭੀ ਕਰਤਾ ਹੈ ਸੁਪਨ ਮੇਂ ਜੋ ਲੀਲਾ ਦੇਖੀ ਸੀ, ਸੋ ਅਬ ਦੇਖ ਰਹਾ ਹੈ, ਉਨ ਕੋ ਪੀਛੇ ਹਟਾਤਾ ਹੈ ਵਹੁ ਹਟਤੇ ਨਹੀਂ, ਇਤਨੇ ਮੇਂ ਸ੍ਰੀ ਗੁਰੂ ਜੀ ਭੀ ਸਿਖੋਂ ਕੇ ਸਾਥ ਵਹਾਂ ਪਹੁੰਚ ਗਏ ਔਰ ਉਨਕਾ ਵਾਦ ਸੁਣਾ ਕੋਈ ਚਾਚਾ ਕਹੇ, ਬੜਾ ਝਗੜਾ ਹੂਆ, ਗੁਰੂ ਜੀ ਨੇ ਰਾਜਾ ਸੇ ਪੂਛਾ ਵਹੁ ਕੁਛ ਜਵਾਬ ਨ ਦੇ ਸਕਾ, ਫਿਰ ਗੁਰੂ ਜੀ ਨੇ ਚੰਡਾਲੋਂ ਕੋ ਕਹਾ ਤੁਮ ਕਬਰ ਖੋਦਕੇ ਦੇਖੋ, ਜੇ ਤੁਮਾਰਾ ਬਾਬਾ ਕਬਰ ਮੇਂ ਪੜਾ ਹੋਵੇ ਤੋ ਇਸ ਕੋ ਛੋਡ ਦੋ ਕਬਰ ਦੇਖੀ ਤੋ ਓਥੇ ਪੜਾ ਹੈ ਤਬ ਉਨੋਂ ਨੇ ਛੋਡ ਦੀਆ, ਔਰ ਗੁਰੂ ਜੀ ਉਸ ਕੋ ਸਾਥ ਵਾਪਸ ਲੇ ਆਏ, ਗੁਰੂ ਜੀ ਨੇ ਕਹਾ ਅਬ ਦੋਨੋਂ ਤੁਕਾਂ ਸਫਲ ਹੋਈਆਂ ਕਿ ਨਹੀਂ ? ਤੁਮਾਰਾ ਲੇਖ ਭੀ ਨ ਟਲਿਆ ਔਰ ਸੂਲੀ ਸੇ ਕੰਡਾ ਭੀ ਕਰ ਦੀਆ।

**ਜਨਮ ਪਾਵਨੋ ਘਰ ਚੰਡਾਲ। ਤੋਹਿ ਭਾਗ ਮੇ ਲਿਖਿਓ ਅਟਾਲ।**

**ਸਦਨ ਤਿਆਗ ਤੂੰ ਅਬ ਚਲ ਆਇਓ । ਸਤਿਗੁਰ ਆਗੇ ਸੀਸ ਨਿਵਾਇਓ। ਯਾਂਤੇ ਸਤਿਗੁਰ ਭਏ ਸਹਾਇ। ਸੁਪਨੇ ਮਹਿ ਸੁ ਦੀਨ ਬਤਾਇ। ਜਨਮ ਚੰਡਾਲ ਜੋ ਧਰਨੋ ਹੁਤੋ । ਸੋ ਇਹ ਜਨਮ ਮੈਂ ਧਰ ਬਿਤੋ। ਭਰਮ ਹੁਤੋ ਤੇਰੇ ਮਨ ਮਾਹੀਂ । ਲਿਖਿਆ ਮੇਟ ਸਕੇ ਕੋ ਨਾਹੀ। ਤੋ ਸਹਾਇਤਾ ਗੁਰੂ ਕਿਆ ਕਰੇ। ਨਿਹਫਲ ਇਮ ਸੰਸੇ ਤੂੰ ਧਰੇ । ਸੋ ਬਿਧ ਤੁਝ ਕੋ ਕਰ ਦਿਖਲਾਈ। ਇਮ ਸ੍ਰੀ ਸਤਿਗੁਰ ਹੋਇ ਸਹਾਈ।**

ਰਾਜਾ ਚਰਨੋਂ ਮੇਂ ਗਿਰਿਆ ਔਰ ਹਮੇਸ਼ ਕੇ ਲੀਏ ਚਰਨ ਸੇਵਕ ਬਨਾ, ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਰਾਜਾ ਕਾ, ਜਨਮ ਮਰਨ ਦੂਰ ਕੀਆ ਤੈਸੇ ਸਚੇ ਗੁਰੂ ਅਪਨੇ ਅਪਨੇ ਸ਼ਿਸ਼ੋਂ ਕਾ, ਤਥਾ ਸ਼ਰਣ ਮੇਂ ਆਏ ਜੀਵ ਜੰਤੂ ਕਾ ਭੀ ਜਨਮ ਮਰਣ ਕਾਟ ਦੇਤੇ ਹੈਂ ।

**ਹਰਿ ਕੇ ਭਜਨਿ ਕਉਨ ਕਉਨ ਨ ਤਾਰੇ ॥ ਖਗਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ ॥ ੧ ॥ ਰਹਾਉ ॥ ਦੇਵ ਕੁਲ ਦੈਤ ਕੁਲ ਜਖੵ ਕਿੰਨਰ ਨਰ ਸਾਗਰ ਉਤਰੇ ਪਾਰੇ ॥ ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾਕੇ ਦੂਖ ਬਿਦਾਰੇ ॥ ੧ ॥ ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥ ਦੀਨ ਦਇਆਲ ਜਪਹਿ ਕਰੁਣਾਮੈ ਨਾਨਕ ਸਦ ਬਲਿਹਾਰੇ ॥ ੨ ॥ ੯ ॥ ੧੩ ॥**

[ਮਲਾਰ ਮ: ੫ ਸਫਾ ੧੨੬੯

ਸੰਤੋ ਨੇ ਖਗ ਤਨ ਮੇਂ ਸੰਪਾਤੀ ਅਰ ਜਟਾਊ ਦੋਨੋਂ ਕੋ ਮੁਕਤ ਕਰਾ, ਸੰਪਾਤੀ ਔਰ ਜਟਾਯੂ ਦੋਨੋਂ ਪੰਖੀ ਭਾਈ ਸੀ, ਜਟਾਯੂ ਛੋਟਾ ਥਾ ਜਵਾਨੀ ਕੇ ਬਲ ਸੇ ਦੋਨੋਂ ਉਡਤੇ ਉਡਤੇ ਸੂਰਜ ਨਾਰਾਇਣ ਕੇ ਪਾਸ ਪਹੁੰਚੇ । ਜਟਾਯੂ ਸੂਰਜ ਨਾਰਾਇਣ ਕੇ ਤੇਜ ਸੇ ਦੁਖੀ ਹੂਆ ਤਬ ਸੰਪਾਤੀ ਨੇ ਉਸ ਕੋ ਅਪਨੇ ਪੰਖੋਂ ਕੇ ਨੀਚੇ ਕਰ ਲੀਆ। ਫਿਰ ਉਪਰ ਉਡੇ ਸੂਰਜ ਨਾਰਾਇਣ ਤੇ ਤੇਜ ਸੇ ਸੰਪਾਤੀ ਕੇ ਪੰਖ ਜਲ ਗਏ, ਜਟਾਯੂ ਬਚਾ ਰਹਾ ਸੰਪਾਤੀ ਸਮੁੰਦਰ ਕੇ ਤੀਰੇ ਏਕ ਪਹਾੜ ਪਰ ਆ ਗਿਰਾ ਤੀਨ ਦਿਨ ਬੇਹੋਸ਼ ਰਹਾ, ਚੌਥੇ ਦਿਨ ਹੋਸ਼ ਆਈ ਦੇਖਾ ਕਿ ਮੇਰੇ ਸਰੀਰ ਮੇਂ ਪੰਖ ਨਹੀਂ, ਔਰ ਪੰਖੋਂ ਬਿਨਾਂ ਮੇਰਾ ਜੀਵਨ ਨਹੀਂ ਆਯਾ ਤਾਂਤੇ ਸ਼ਰੀਰ ਕੋ ਤਿਆਗ ਦੇਵੇਂ, ਐਸੇ ਵਿਚਾਰ ਕਰ ਆਗੇ ਚਲਾ ਰਸਤੇ ਮੇਂ ਚੰਦਰ ਮੁਨੀ ਮਹਾਤਮਾ ਮਿਲੇ ਤਿਨਾਂ ਨੇ ਉਸ ਕੋ ਪਛਾਣਿਆ ਔਰ ਕਹਾ ਤੇਰੇ ਪੰਖ ਕਹਾਂ ਗਏ! ਉਸ ਨੇ ਕਹਾ ਜਵਾਨੀ ਕੀ ਅੰਧੇਰੀ ਕਰ ਉਡਾ ਸੂਰਜ ਨਾਰਾਇਣ ਤਕ ਪਹੁੰਚਾ, ਔਰ ਉਸ ਕੇ ਤੇਜ ਸੇ ਪੰਖ ਸੜ ਗਏ ਨੀਚੇ ਆ ਗਿਰਾ। ਅਬ ਮਰਨੇ ਕਾ ਵਿਚਾਰ ਕਰਤਾ ਹੂੰ, ਤਬ ਚੰਦ੍ਰ ਮੁਨੀ ਕੋ ਦਇਆ ਆਈ ਔਰ ਕਹਾ ਦੇਹ ਕੇ ਤਿਆਗ ਰੂਪ ਮਰਣ ਸੇ ਤੂ ਸੁਖੀ ਨਹੀਂ ਹੋ ਸਕਤਾ, ਤੇਰੇ ਦੁਖ ਦੂਰ ਨਹੀਂ ਹੋਵੇਂਗੇ ਜਬ ਤਕ ਦੁਖੋਂ ਕਾ ਕਾਰਣ ਅਗਿ-



ਆਨ ਤੇਰੇ ਹਿਰਦੇ ਮੇਂ ਹੈ, ਗਿਆਨ ਸੇ ਅਗਿਆਨ ਕੋ ਦੂਰ ਕਰ, ਅਗਿਆਨ ਕੇ ਸਾਥ ਅਗਿਆਨ ਕੇ ਕਾਰਯ ਕਰਮ ਭੀ ਸੜ ਜਾਏਂਗੇ, ਕਰਮੋਂ ਕੇ ਅਭਾਵ ਸੇ ਦੇਹ ਕਾ ਅਭਾਵ ਯਾਨੀ ਵਿਦੇਹ ਮੁਕਤੀ ਹੋਵੇਗੀ, ਵਿਦੇਹ ਮੁਕਤਿ ਸੁਖ ਕਾ ਸਾਧਨ ਹੈ, ਵਹੁ ਅਗਿਆਨ ਕੇ ਦੂਰ ਹੋਨੇ ਸੇ ਹੋਵੇਗਾ, ਤਾਂਤੇ ਪਹਿਲੇ ਤੂੰ ਅਗਿਆਨ ਕੋ ਦੂਰ ਕਰ। ਕਿਉਂਕਿ ਅਗਿਆਨੀ ਜੀਵ ਕਰਮਾਨੁਸਾਰ ਅਨੇਕ ਜਨਮੋਂ ਕੋ ਪਾਤੇ ਹੈਂ । ਸੁਰਗਾਦਿ ਊਚੇ ਲੋਕੋਂ ਮੇਂ ਜਾਕਰ ਫੇਰ ਭੀ ਗਿਰਾਏ ਜਾਤੇ ਹੈਂ, ਅਰ ਨਾਨਾ ਜੋਨੀਓਂ ਮੇਂ ਜਨਮ ਲੇਤੇ ਹੈਂ ਜਬ ਸੁਰਗ ਮੇਂ ਭੋਗ ਭੋਗ/ਕਰ ਜੀਵ ਨੀਚੇ ਗਿਰਾਇਆ ਜਾਤਾ ਹੈ, ਤੋ ਉਸ ਕੋ ਪਹਿਲੇ ਬਾਦਲੋਂ ਮੇਂ ਪਾਯਾ ਜਾਤਾ ਹੈ ਵਹਾਂ ਉਸਕਾ ਸਰੀਰ ਗਲ ਕਰ ਜਲ ਰੂਪ ਹੋ ਜਾਤਾ ਹੈ, ਜਲ ਪ੍ਰਿਥਵੀ ਮੇਂ ਗਿਰਤਾ ਹੈ, ਖੇਤੀ ਕੇ ਸਾਥ ਮਿਲ ਕਰ ਅੰਨ ਹੋ ਜਾਤਾ ਹੈ, ਫਿਰ ਉਸ ਕੋ ਇਸਤ੍ਰੀ ਪੁਰਸ਼ ਖਾਤੇ ਹੈਂ, ਤਬ ਵੁਹ ਜੀਵ ਇਸਤ੍ਰੀ ਕੇ ਸਰੀਰ ਮੇਂ ਰਕਤ ਰੂਪ ਔਰ ਪੁਰਸ਼ ਕੇ ਸਰੀਰ ਮੇਂ ਬੀਰਜ ਰੂਪ ਹੋ ਜਾਤਾ ਹੈ, ਜਵਾਨੀ ਮੇਂ ਇਸਤ੍ਰੀ ਪੁਰਸ ਕੇ ਮਿਲਨੇ ਸੇ ਗਰਭ ਹੋ ਜਾਤਾ ਹੈ, ਪੰਜ ਦਿਨ ਗਰਭ ਮੇਂ ਬੁਦਬੁਦੇ ਜੈਸਾ ਹੋ ਜਾਤਾ ਹੈ, ਪੰਜ ਮਹੀਨੇ ਕੇ ਅੰਦਰ ਉਸ ਮੇਂ ਸਭ ਅੰਗ ਨਿਕਲ ਆਤੇ ਹੈਂ, ਸਤਵੇਂ ਮਹੀਨੇ ਕੇ ਅੰਦਰ ਉਸ ਮੇਂ ਜੀਵ ਕਲਾ ਕਾ ਪਰਵੇਸ਼ ਹੋਤਾ ਹੈ, ਫਿਰ ਉਸ ਕੋ ਪਿਛਲੇ ਸੌ ਜਨਮ ਵ ਹਜਾਰ ਕਾ ਗਿਆਨ ਮਾਤਾ ਕੇ ਗਰਭ ਕੇ ਅੰਦਰ ਹੋਤਾ ਹੈ, ਬਾਹਰ ਨਿਕਲਨੇ ਪਰ ਗਿਆਨ ਭੂਲ ਜਾਤਾ ਹੈ। ਮਾਤਾ ਕੇ ਅੰਦਰ ਪੜਾ ਰਹਿਤਾ ਹੈ, ਬੜਾ ਦੁਖੀ ਹੋਤਾ ਹੈ ਉਸ ਵਕਤ ਉਸ ਕੋ ਭੂਖ ਪਿਆਸ ਭੀ ਸਤਾਤੀ ਹੈ, ਮਾਤਾ ਕੀ ਨਾੜੀ ਦਵਾਰਾ ਉਸ ਕੋ ਕੁਛ ਰਸ ਮਿਲਤਾ ਹੈ, ਔਰ ਦੁਖ ਸੇ ਪੀੜਤ ਹੋ ਕਰ ਪਰਮੇਸ਼ਰ ਸੇ ਬਾਰ ਬਾਰ ਪ੍ਰਾਰਥਨਾ ਕਰਤਾ ਹੈ ਕਿ ਮੇਰੇ ਕੋ ਅਬ ਨਿਕਾਲੋ । ਬਾਹਰ ਨਿਕਲ ਕਰ ਮੈਂ ਆਪ ਕਾ ਹੀ ਭਜਨ ਕਰੂੰਗਾ ਐਸੇ ਪੁਕਾਰ ਕਰਤੇ ਕਰਤੇ ਕੋ ਜਨਮ ਕਾ ਸਮਾਂ ਨੇੜੇ ਆ ਜਾਤਾ ਹੈ, ਜਨਮ ਕਾਲ ਕਾ ਜੋ ਦੁਖ ਬਾਲਕ ਕੋ ਹੋਤਾ ਹੈ ਸੋ ਕਹਾ ਨਹੀਂ ਜਾਤਾ, ਇਸ ਪਰਕਾਰ ਜੀਵ ਬਾਰੰਬਾਰ ਜਨਮਤਾ ਮਰਤਾ ਰਹਿਤਾ ਹੈ, ਦੁਖੋਂ ਕਾ ਸਾਖਯਾਤ ਕਾਰਨ ਕਰਮ ਹੈ ਪਰੰਪਰਾ ਕਾਰਨ ਅਗਿਆਨ ਹੈ, ਅਗਿਆਨ ਕੀ ਨਵਿਰਤੀ ਸੇ ਦੁਖੋਂ ਕੀ ਨਵਿਰਤੀ ਹੋਗੀ ਔਰ ਅਗਿਆਨ ਗਿਆਨ ਸੇ ਹੀ ਦੂਰ ਹੋਤਾ ਹੈ ਸੋ ਗਿਆਨ ਮੈਂ ਤੇਰੇ ਕੋ ਤੀਨ ਹਿਸੇ ਮੇਂ ਕਹਿਤਾ ਹੂੰ, ਪਹਿਲਾ ਹਿੱਸਾ ਕਿ ਜਗਤ ਕੋ ਝੂਠਾ ਸਮਝ, ਦੂਸਰਾ ਹਿੱਸਾ ਕਿ ਸਾਰੇ ਜਗਤ ਮੇਂ ਬ੍ਰਹਮ ਕੀ ਹੀ ਸਤਾ ਹੈ ਯੇਹ ਸਮਝ, ਤੀਸਰਾ ਤੂੰ ਆਪਣੇ ਆਪ ਕੋ ਪਰੀਪੂਰਨ ਬ੍ਰਹਮ ਸਮਝ, ਬਸ ਯਹੀ ਗਿਆਨ ਹੈ ਇਸ ਸੇ ਹੀ ਮੁਕਤੀ ਹੋਵੇਗੀ ਅਬ ਜਾ ਕਰ ਇਨ ਤੀਨੋਂ ਬਾਤੋਂ ਕਾ ਅਭਿਆਸ ਕਰ, ਜਬ ਸ੍ਰੀ ਰਾਮ ਚੰਦਰ ਅਵਤਾਰ ਲੇਂਗੇ ਪਿਤਾ ਕੀ ਆਗਿਆ ਮਾਨ ਕਰ ਬਨ ਮੇ ਆਵੇਂਗੇ, ਉਨ ਕੀ ਇਸਤ੍ਰੀ ਸ੍ਰੀ ਸੀਤਾ ਜੀ ਕੋ ਰਾਵਣ ਚੁਰਾ ਕਰ ਲੇ ਜਾਏਗਾ, ਰਾਮ ਚੰਦਰ ਜੀ ਹਨੂਮਾਨ ਆਦੀ ਅਨੇਕ ਬਾਂਨਰ ਸੀਤਾ ਜੀ ਕੋ ਢੂੰਡਨੇ ਕੋ ਭੇਜੇਂਗੇ, ਵੋ ਬਾਨਰ ਤੁਮਾਰੇ ਪਾਸ ਆਵੇਂਗੇ ਔਰ ਤੁਮ ਸੇ ਸੀਤਾ ਜੀ ਕਾ ਪਤਾ ਪੂਛੇਂਗੇ, ਜਬ ਤੁਮ ਉਨ ਕੋ ਪਤਾ ਬਤਾਓਗੇ ਤਬ ਤੁਮਾਰੇ ਪੰਖ ਨਵੇਂ ਹੋ ਜਾਏਂਗੇ, ਬਹੁਤ ਦਿਨ

ਸੰਸਾਰ ਮੇਂ ਵਿਚਰ ਫਿਰ ਦੇਹ ਛੋੜ ਕਰ ਤੁਮ ਮੁਕਤ ਹੋ ਜਾਓਗੇ, ਤੁਮਾਰਾ ਭਾਈ ਤੋ ਪਹਿੱਲੋਂ ਹੀ ਸ੍ਰੀ ਰਾਮਚੰਦਰ ਜੀ ਕਾ ਦਰਸ਼ਨ ਕਰਕੇ, ਉਨ ਕੇ ਹਾਥ ਸੇ ਮੁਕਤ ਹੋ ਜਾਏਗਾ, ਇਸ ਪਰਕਾਰ ਸੰਪਾਤੀ ਔਰ ਜਟਾਯੂ ਦੋਨੋਂ ਪੰਖੀ ਸੰਤੋਂ ਕੀ ਸੰਗਤ ਦ੍ਵਾਰਾ, ਜਨਮ ਮਰਨ ਸੇ ਰਹਿਤ ਹੋ ਗਏ, ਸ੍ਰੀ ਮਦ ਭਾਗਵਤ ਕੇ ਯਾਰ੍ਹਵੇਂ ਸਕੰਧ ਮੇਂ ਊਧਵ ਜੀ ਕੋ ਸ੍ਰੀ ਕ੍ਰਿਸ਼ਨ ਜੀ ਭੀ ਕਹਿਤੇ ਹੈਂ ॥ ਭਾਸ਼ਾ ਚੌਪਈ ॥

**ਗੋਪੀ ਗਾਇ ਮ੍ਰਿਗ ਨਗ ਨਾਗਾ ॥ ਔਰ ਮੂਢ ਬੁਧ ਜੇ ਵਡਭਾਗਾ ॥ ਜੁਗ ਜੁਗ ਜੇ ਸਤ ਸੰਗਤ ਆਏ ॥ ਤਿਨ ਹੀ ਤਿਨ ਮੇਰੇ ਪਦ ਪਾਏ ॥ ਊਧਵ ਸੰਤ ਅਰ ਮੈਂ ਦੋ ਨਾਹੀਂ ॥ ਮੈਂ ਹੀ ਬਸੂੰ ਸੰਤ ਰਿਦ ਮਾਹੀਂ ॥ ਕਿਨ ਹੀ ਮਿਲੂ ਧਾਰ ਕੇ ਤਨ ਕਉ ॥ ਮਿਲ ਕਰ ਸੋਧੂੰ ਤਿਨ ਕੇ ਮਨ ਕਉ॥ ਕਿਨਹਿੰ ਸੰਤ ਰੂਪ ਹੋਇ ਤਾਰਹੁੰ ॥ ਸੰਤਨ ਮੋਹਿ ਅਭੇਦ ਬਿਚਾਰਹੁ ॥**

ਇਸ ਪ੍ਰਕਾਰ ਖਗ ਤਨ ਮੇਂ ਬ੍ਰਹਮਵੇਤਾ ਚੰਦ੍ਰ ਮੁਨੀ ਨੇ, ਸੰਪਾਤੀ ਕਾ ਉਧਾਰ ਕੀਆ ਅਰ ਮੀਨ ਤਨ ਮੇਂ ਸ੍ਰੀ ਹਨੂੰਮਾਨ ਜੀ ਨੇ (ਧਾਨਮਾਲੀ) ਅਪਸਰਾ ਕੋ ਤਾਰਿਆ। ਯੇਹ ਕਥਾ ਰਾਮਾਯਣ ਮੇਂ ਪ੍ਰਸਿਧ ਹੈ, ਜਬ ਸ੍ਰੀ ਲਛਮਨ ਜੀ ਕੋ ਮੂਰਛਾ ਹੂਈ, ਔਰ ਸ੍ਰੀ ਹਨੂੰਮਾਨ ਜੀ ਸੰਜੀਵਨੀ ਬੂਟੀ ਲੇਨੇ ਗਏ, ਤਬ ਰਾਵਣ ਨੇ ਕਾਲਨੇਮੀ ਰਾਖਸ਼ ਕੋ ਵਿਘਨ ਕਰਨੇ ਹੇਤ ਭੇਜਾ । ਕਾਲਨੇਮੀ ਨੇ ਅਪਨੀ ਮਾਇਆ ਸੇ ਰਸਤੇ ਮੇਂ ਏਕ ਸੁੰਦਰ ਆਸ਼੍ਰਮ ਬਨਾਇਆ, ਅੰਦਰ ਤਲਾਓ ਔਰ ਸ਼ਿਵ ਜੀ ਕਾ ਮੰਦਰ ਬਨਾਇਆ ਔਰ ਆਪ ਪਰਮ ਤਪਸ੍ਵੀ ਕਾ ਰੂਪ ਧਾਰਨ ਕਰ ਲੀਆ, ਔਰ ਸੇਵਾ ਕਰਨੇ ਵਾਲੇ ਚੇਲੇ ਕਿਤਨੇ ਬਨਾ ਲੀਏ, ਜਿਸ ਆਸ਼੍ਰਮ ਕੋ ਦੇਖ ਕਰ ਹਰ ਇਕ ਕਾ ਚਿਤ ਮੋਹਤ ਹੋ ਜਾਤਾ ਥਾ ਪੂਰਾ ਪਖੰਡ ਰਚ ਕਰ ਹਨੂੰਮਾਨ ਜੀ ਕਾ ਰਸਤਾ ਰੋਕ ਲੀਆ ਹਨੂੰਮਾਨ ਜੀ ਭੀ ਉਸੀ ਰਸਤੇ ਆਏ ਹੋਰ ਕੋਈ ਰਸਤਾ ਨਾ ਦੇਖ ਕਰ ਆਸ਼੍ਰਮ ਕੇ ਅੰਦਰ ਆ ਗਏ ਔਰ ਮੁਨੀ ਕੋ ਨਮਸ਼ਕਾਰ ਕਰੀ, ਮੁਨੀ ਨੇ ਉਸ ਕੋ ਸਭ ਬ੍ਰਿਤਾਂਤ ਪਹਿਲੇ ਹੀ ਕਹਿ ਦੀਆ ਔਰ ਕਹਾ ਮੈਂ ਤਪੋ ਬਲ ਸੇ ਤੁਮਾਰਾ ਸਭ ਹਾਲ ਜਾਨਤਾ ਹੂੰ । ਰਾਵਣ ਨੇ ਲਛਮਣ ਕੋ ਬਰਛੀ ਮਾਰੀ ਹੈ ਲਛਮਨ ਮੂਰਛਾ ਹੋ ਗਏ, ਉਨ ਕੇ ਲੀਏ ਤੁਮ ਬੂਟੀ ਲੇਨੇ ਚਲੇ ਹੋ ਮੇਰੇ ਮੰਤਰ ਕੇ ਬਲ ਸੇ ਤੁਮ ਸੁਖ ਪੂਰਬਕ ਬੂਟੀ ਲਿਆ ਸਕਤੇ ਹੋ, ਮੈਂ ਪਰਉਪਕਾਰ ਦ੍ਰਿਸ਼ਟੀ ਸੇ ਤੇਰੇ ਕੋ ਮੰਤ੍ਰ ਦੇਤਾ ਹੂੰ, ਤੂੰ ਮੰਤਰ ਲੇ ਔਰ ਰਾਮ ਜੀ ਕਾ ਕਾਰਜ ਸਿਧ ਕਰ। ਹਨੂਮਾਨ ਜੀ ਕੋ ਸ਼ਰਧਾ ਹੂਈ ਪਰ ਪਿਆਸ ਬਹੁਤ ਲਗੀ ਹੂਈ ਸੀ, ਇਸ ਵਾਸਤੇ ਕਹਾ ਪੈਹਲੇ ਮੇਰੇ ਕੋ ਜਲ ਪਿਲਾਓ, ਫੇਰ ਸਾਵਧਾਨ ਹੋਕਰ ਮੰਤ੍ਰ ਲੂੰਗਾ ਉਨੋਂ ਨੇ ਚੇਲੇ ਕੋ ਬੁਲਾਇਆ ਔਰ ਕਹਾ ਹਨੂਮਾਨ ਜੀ ਕੋ ਤਲਾਓ ਦਿਖਾਓ ਪਾਣੀ ਪੀ ਲੇਂ, ਚੇਲੇ ਨੇ ਤਲਾਓ ਦਿਖਾਇਆ ਜਿਸ ਮੇਂ ਏਕ ਮੱਛੀ ਸ਼ਾਪ ਕੇ ਕਾਰਨ ਰਹਿਤੀ ਥੀ ਸੋ ਸ਼ਾਪ ਹਨੂਮਾਨ ਸੇ ਹੀ ਨਿਵਿਰਤ ਹੋਨਾ ਥਾ, ਜਬ ਹਨੂਮਾਨ ਜੀ ਤਾਲਾਬ ਮੇਂ ਪ੍ਰਵੇਸ਼ ਕਰ ਜਲ ਪੀਨੇ ਲਗੇ, ਤਬ ਉਸ ਮਕੜੀ ਯਾਨੇ



ਮਗਰ ਮੱਛ ਕੀ ਇਸਤ੍ਰੀ ਨੇ, ਹਨੂਮਾਨ ਜੀ ਕੋ ਪਕੜ ਲੀਆ, ਔਰ ਹਨੂਮਾਨ ਜੀ ਨੇ ਬਲ ਲਗਾ ਕਰ ਉਸ ਕੋ ਮਾਰ ਕਰ, ਮਕੜੀ ਦੇਹ ਸੇ ਮੁਕਤ ਕਰ ਦੀਆ, ਤਬ ਮਕੜੀ ਨੇ ਹਨੂਮਾਨ ਜੀ ਕੀ ਬੜੀ ਉਸਤਤੀ ਕਰੀ, ਔਰ ਕਹਾ ਕਿ ਆਪ ਕੀ ਬੜੀ ਕ੍ਰਿਪਾ ਹੂਈ ਜੋ ਮੈਂ ਇਸ ਮਛੀ ਕੇ ਜਨਮ ਸੇ ਛੂਟ ਕਰ ਮੁਕਤੀ ਪਾਈ, ਅਰ ਕਹਾ ਯਹ ਕਾਲਨੇਮੀ ਰਾਖਸ਼ਸ਼ ਹੈ, ਸੰਤ ਨਹੀਂ ਤੇਰੇ ਵਿਘਨ ਕਰਨੇ ਵਾਸਤੇ ਇਸਨੇ ਪਖੰਡ ਰਚਾ ਹੈ, ਯੇਹ ਕਥਾ ਲੰਕਾ ਕਾਂਡ ਮੇਂ ਲਿਖੀ ਹੂਈ ਹੈ ਸੰਖੇਪ ਸੇ ਯਹਾਂ ਲਿਖਤੇ ਹੈਂ ਧਾਨ ਮਾਲੀ ਅਪਸਰਾਂ ਕੋ ਅਪ੍ਰਾਧ ਕਰਤੀ ਕੋ, ਏਕ ਮੁਨੀ ਨੇ ਸ਼ਾਪ ਦੀਆ ਤੁਮ ਮਕੜੀ ਹੋ ਜਾ ਉਸ ਨੇ ਗਤੀ ਯਾਨੀ ਸ਼ਾਪ ਕਾ ਅੰਤ ਪੂਛਾ, ਮੁਨੀ ਨੇ ਕਹਾ ਜਬ ਹਨੂਮਾਨ ਜੀ ਤਾਲਾਬ ਮੇਂ ਪਾਣੀ ਪੀਨੇ ਆਵੇਂਗੇ ਤੁਮ ਉਸ ਕੇ ਚਰਨ ਪਕੜੋਗੀ, ਵਹੁ ਤੁਮ ਕੋ ਮਾਰੇਂਗੇ ਤੁਮ ਮੁਕਤ ਹੋਗੀ। ਦੋਹਾ-

**ਸਰ ਪੈਠਤ ਕਪੀ ਪਦ ਗਹਾ ਮਕਰੀ ਤਬ ਅਕੁਲਾਨ। ਮਾਰੀ ਸੋ ਧਰ ਦਿਬਯ ਤਨੁ ਚਲੀ ਗਗਨ ਚੜ ਯਾਨ ॥ ਚੌਪਈ ॥ ਕਪੀ ਤਵ ਦਰਸ ਭਈ ਨਿਸਪਾਪਾ। ਮਿਟਾ ਤਾਤ ਮੁਨਵਰ ਕਰ ਸ਼ਾਪਾ । ਮੁਨੀ ਨ ਹੋਇ ਯਹ ਨਿਸਚਰ ਘੋਰਾ ॥ ਮਾਨੋ ਸਤ ਬਚਨ ਪ੍ਰਭ ਮੋਰਾ। ਅਸ ਕਹਿ ਗਈ ਅਪਸਰਾ ਜਬ ਹੀ। ਨਿਸਚਰ ਨਿਕਟਿ ਗਇਓ ਕਪੀ ਤਬ ਹੀ। ਕਹਿ ਕਪਿ ਮੁਨ ਗੁਰ ਦੀਖਿਆ ਲੇਹੁ। ਪਾਛੇ ਹਮੀ ਮੰਤ੍ਰ ਤੁਮ ਦੇਹੂ।**

ਇਸ ਪ੍ਰਕਾਰ ਸ੍ਰੀ ਹਨੂਮਾਨ ਜ਼ੀ ਨੇ ਮੀਨ ਤਨ ਯਾਨੇ ਮਛੀ ਸਰੀਰ ਕਾ ਉਧਾਰ ਕੀਆ, ਐਸੇ ਮ੍ਰਿਗ ਤਨ ਬ੍ਰਾਹ ਤਨ ਕੀ ਕਥਾ ਭੀ ਸ਼ਾਸਤ੍ਰੋਂ ਮੇਂ ਲਿਖੀ ਹੈ ਜੋ ਸਤਸੰਗ ਮੇਂ ਆ ਕਰ ਤਰ ਗਏ, ਅਰ ਸ੍ਰੀ ਰਾਮਚੰਦ੍ਰ ਨੇ ਭੀ ਸਵਰੀ, ਗੀਧ, ਜਟਾਊ ਆਦਿਕ ਅਨੇਕਾਂ ਕੋ ਤਾਰਿਆ ਹੈ । ਸ੍ਰੀ ਕ੍ਰਿਸ਼ਨ ਜੀ ਨੇ ਕੰਸ ਕੇਸੀ ਆਦਿ ਪਾਪੀਓਂ ਕੋ ਤਾਰਿਆ ਹੈ ਤਥਾ ਤ੍ਰਿਣਾਵਰਤ, ਯੁਮਲਾ, ਅਰਜਨ, ਵਰਤਾਸੁਰ, ਅਘਾਸੁਰ ਬਕਾਸੁਰ ਆਦਿਕ ਅਨੇਕ ਦੈਤੋਂ ਕੋ ਤਾਰਾ ਹੈ ਤਥਾ ਪਾਪਨ ਪੂਤਨਾ ਕੋ ਤਾਰਾ ਹੈ।

**ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥**

[ਰਾਗ ਗੋਂਡ ਨਾਮਦੇਵ ਸਫਾ ੮੭੪

ਯੇਹ ਸਭ ਕਥਾ ਸ੍ਰੀ ਮਦ ਭਾਗਵਤ ਮੇਂ ਲਿਖੀ ਹੈ, ਤਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਰੂਪ ਧਾਰ ਕੇ ਅਨੇਕ ਪਾਪੀਓਂ ਕੋ ਤਾਰਾ ਹੈ, ਜੈਸੇ ਗੁਰੂ ਨਾਨਕ ਦੇਵ ਜ਼ੀ ਨੇ ਕੌਡਾ ਰਾਖਸ਼ ਸਜਨ ਠਗ ਆਦਿਕੋਂ ਕੋ ਤਾਰਾ ਹੈ ਅਰ ਠਗੋਂ ਕੇ ਗ੍ਰਾਮ ਮੇਂ ਪਹੁੰਚ ਕਰ ਏਕ ਪਾਪੀ ਕੋ ਤਾਰਾ ਜਿਸਕੋ ਚਿਖਾ ਮੇਂ ਸਾੜਨੇ ਲਗੇ ਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸਕੀ ਚਿਖਾ ਕਾ ਧੂਆਂ ਦੇਖਨੇ ਮਾਤਰ ਸੇ ਉਸ ਕੋ ਤਾਰ ਦੀਆ ਪ੍ਰਮਾਣ ਨਾਨਕ ਪ੍ਰਕਾਸ਼।

**ਕੌਣ ਅਹੇ ਸਿਵਕਾ ਪਰ ਜਾਵਤ ਪੂਰਬ ਸਾਸਨ ਦੇਵਨ ਜਾਹੀ।**

**ਦੂਤਨ ਬੈਨ ਭਣੇ ਇਹ ਪਾਪੀ ਥੋ ਦੇਨ ਬੜਾ ਦੁਖ ਲਾਇਕ ਆਹੀ।**
**ਧੂਮ ਚਿਖਾ ਪਿਖਿਓ ਗੁਰ ਨਾਨਕ ਹੋਇ ਪੁਨੀਤ ਗਇਓ ਛਿਨ ਮਾਹੀ।**
**ਸਾਸਨ ਤੇ ਛੁਟ ਪ੍ਰਾਪਤ ਭਾ ਸੁਖ ਕੀਨ ਜੁ ਪਾਪ ਰਹਾ ਇਕ ਨਾਹੀ।**

ਐਸੇ ਗੁਰੂ ਨਾਨਕ ਜੀ ਨੇ ਅਨੇਕ ਤਾਰੇ ਹੈਂ ਕਥਾ ਸਭ ਨਾਨਕ ਪ੍ਰਕਾਸ਼ ਮੇਂ ਲਿਖੀ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਨੇ ਭੀ ਏਕ ਵਿਖ ਦੇਨੇ ਵਾਲੀ ਦਾਈ ਕੋ ਤਾਰਿਆ ਥਾ, ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਜਬ ਅਵਤਾਰ ਧਾਰਿਆ ਥਾ, ਤੋ ਭਾਈ ਪ੍ਰਿਥੀ ਚੰਦ ਜੀ ਨੇ ਇਕ ਦਾਈ ਕੋ ਭੇਜਾ, ਕਿ ਤੁਮ ਗੁਰੂ ਹਰਿਗੋਬਿੰਦ ਸਾਹਿਬ ਕੋ ਮਾਰ ਆਉ ਤੁਮ ਕੋ ਬਹੁਤ ਇਨਾਮ ਦੇਂਗੇ, ਵੁਹ ਦਾਈ ਥਣੋਂ ਕੋ ਵਿਹੁ ਲਗਾ ਕਰ ਵਡਾਲੀ ਮੇਂ ਆਈ ਔਰ ਮਾਤਾ ਜੀ ਸੇ ਕਹਾ ਬਾਲਕ ਕਾ ਦਰਸ਼ਨ ਕਰਾਓ, ਮੈਂ ਭੀ ਗੋਦ ਮੇਂ ਲੇ ਲੂੰ, ਮਾਤਾ ਜੀ ਨੇ ਸਰਲ ਸੁਭਾਉ ਸੇ ਬਾਲਕ ਦੇ ਦੀਆ, ਅਰ ਵਹੁ ਦਾਈ ਗੋਦ ਮੇਂ ਬਿਠਾ ਕਰ ਬਸ਼ਤਰ ਕੇ ਪੜਦੇ ਮੇਂ ਵਿਖ ਲਾ ਲਾ ਥਣ ਪਿਲਾਨੇ ਲਗੀ ਗੁਰੂ ਜੀ ਥਣ ਨ ਪੀਵੇਂ, ਵਾਰ ਵਾਰ ਹਟਾਵੇਂ ਫਿਰ ਵਹ ਦਾਈ ਗੁਰੂ ਜੀ ਕਾ ਹਾਥ ਪਰੇ ਕਰੇ ਤਬ ਗੁਰੂ ਜੀ ਨੇ ਉਸ ਕੇ ਥਣੋਂ ਕੋ ਪਕੜ ਕਰ ਜ਼ੋਰ ਸੇ ਖੈਂਚਾ, ਔਰ ਵਹੁ ਪੂਤਨਾ ਕੀ ਤਰ੍ਹਾਂ ਹਾਇ ਹਾਇ ਕਰਨੇ ਲਗੀ, ਔਰ ਨੇਤਰੋਂ ਸੇ ਜਲ ਨਿਕਲ ਆਇਆ, ਛਡ ਦਿਉ ਛਡ ਦਿਉ, ਐਸੇ ਪੁਕਾਰਾ ਮਗਰ ਗੁਰੂ ਜੀ ਨੇ ਨਾ ਛੋਡਾ, ਆਖਰ ਸਭ ਕੇ ਸਾਮਨੇ ਪ੍ਰਿਥਵੀ ਪਰ ਗਿਰ ਗਈ ਉਸ ਕੇ ਮੂੰਹ ਸੇ ਝਗ ਨਿਕਲਨੇ ਲਗੀ ਪੀਲੀ ਪੜ ਗਈ ਔਰ ਮਰ ਗਈ, ਝਟ ਹੀ ਦੂਸਰੀ ਦੇਹ ਧਾਰਨ ਕਰੀ ਔਰ ਗੁਰੂ ਜੀ ਕੀ ਉਸਤਤੀ ਕਰਨੇ ਲਗੀ, ਔਰ ਕਹਿਨੇ ਲਗੀ ਮਹਾਰਾਜ ਆਪ ਧੰਨ ਹੋ ਮੇਰੇ ਕੋ ਤਾਰ ਦੀਆ ਸ਼ਾਪ ਸੇ ਛੁੜਾ ਦੀਆ ਗੁਰੂ ਜੀ ਕੋ ਉਸ ਨੇ ਅਪਨੇ ਪੂਰਬ ਜਨਮ ਕੀ ਕਥਾ ਸੁਨਾਈ ਮੈਂ ਗੰਧਰਵੀ ਸੀ ਬੜੀ ਰੂਪਵਤੀ ਸੀ, ਗਾਇਨ ਵਿਦਿਆ ਮੇਂ ਬੜੀ ਕੁਸ਼ਲ ਸੀ, ਏਕ ਦਿਨ ਦੇਵ ਰਾਜ ਇੰਦਰ ਕੀ ਸਭਾ ਮੇਂ ਮੈਂ ਗਾਇਨ ਕਰ ਰਹੀ ਸੀ ਉਸ ਸਮੇਂ ਦੇਵਰਾਜ ਇੰਦਰ ਕੇ ਗੁਰੂ ਬ੍ਰਹਸਪਤੀ ਜੀ ਆਏ, ਉਨ ਕੋ ਇੰਦਰ ਆਦ ਸਭ ਦੇਵਤਾਓਂ ਨੇ ਨਮਸ਼ਕਾਰ ਕਰੀ ਮੈਂਨੇ ਨਮਸਕਾਰ ਨ ਕਰੀ, ਤਬ ਬ੍ਰਹਸਪਤੀ ਨੇ ਮੇਰੇ ਕੋ ਸ਼ਾਪ ਦੀਆ ਜਾ ਹੰਕਾਰਨ ਮਾਤ ਲੋਕ ਮੇਂ ਜਾਕਰ ਨੀਚ ਜਨਮ ਪਾ ਕਰ, ਦਾਈ ਕਾ ਕਾਮ ਕਰ, ਗੁਰੂ ਹਰਿਗੋਬਿੰਦ ਸਾਹਿਬ ਤੇਰਾ ਉਧਾਰ ਕਰੇਂਗੇ, ਇਤਨਾ ਸੁਨਤੇ ਹੀ ਮੈਂ ਸ੍ਵਰਗ ਸੇ ਗਿਰ ਗਈ ਦਾਈ ਬਣੀ, ਪ੍ਰਿਥੀ ਚੰਦ ਔਰ ਉਸ ਕੀ ਇਸਤ੍ਰੀ ਕਰਮਾਂ ਇਨ ਦੋਨੋਂ ਕੀ ਪ੍ਰੇਰੀ ਹੂਈ ਮੈਂ ਆਪ ਕੋ ਮਾਰਨੇ ਕੋ ਆਈ, ਮੈਂ ਮੂੜ੍ਹ ਨੇ ਆਪ ਕਾ ਪ੍ਰਤਾਪ ਜਾਣਿਆਂ ਨਹੀਂ ਆਪ ਨੇ ਕ੍ਰਿਪਾ ਕਰ ਮੇਰੀ ਗਤੀ ਕਰੀ ਸ਼ਾਪ ਸੇ ਛੁਡਾ ਦੀਆ।

ਇਸੀ ਪ੍ਰਕਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਏਕ ਸਰੂਪ ਕਾ ਉਧਾਰ ਕੀਆ, ਭਾਈ ਪ੍ਰਿਥੀ ਚੰਦ ਨੇ ਇਕ ਸਪੇਲੇ ਯਾਨੀ ਸਰਪ ਰਖਨੇ ਵਾਲੇ, ਜੋਗੀ ਕੋ ਸਮਝਾ ਕਰ ਗੁਰੂ ਹਰਗੋਬਿੰਦ ਸਾਹਿਬ ਜੀ ਕੋ ਮਾਰਨੇ ਵਾਸਤੇ ਭੇਜਾ, ਔਰ ਕਹਾ ਤੇਰੇ ਕੋ



ਬਹੁਤ ਇਨਾਮ ਦੇਵੇਂਗੇ ਸਪੇਲੇ ਨੇ ਲਿਆ ਕਰ ਗੁਰੂ ਜੀ ਕੇ ਘਰ ਸਰਪ ਛੋੜ ਦੀਆ ਗੁਰੂ ਹਰਗੋਬਿੰਦ ਸਾਹਿਬ ਜੀ ਕੋ, ਮਾਤਾ ਗੰਗਾ ਜੀ ਗੋਦ ਮੇਂ ਲਡਾ ਰਹੀ ਸੀ ਗੁਰੂ ਜੀ ਗੋਦ ਮੇਂ ਟਿਕਤੇ ਨਹੀਂ ਸਨ, ਸਰਪ ਕੇ ਉਧਾਰ ਕਰਨੇ ਕਾ ਚਿਤ ਮੇਂ ਖਿਆਲ ਕਰਕੇ ਗੋਡਿਉਂ ਕੇ ਭਾਰ ਚਲਨੇ ਲਗੇ। ਮਾਤਾ ਬਾਲਕ ਕੋ ਖੇਲ ਮੇਂ ਦੇਖ ਕਰ ਅਪਨੇ ਕਾਮ ਮੇਂ ਲਗ ਗਈ, ਉਸ ਸਮੇਂ ਪਾਸ ਔਰ ਕੋਈ ਭੀ ਆਦਮੀ ਨਹੀਂ ਥਾ ਔਰ ਸਰਪ ਅਪਨੇ ਲੁਕਨੇ ਵਾਸਤੇ, ਖੁਡ ਖੋਜ ਰਹਾ ਥਾ ਪਰੰਤੂ ਖੁਡ ਮਿਲੀ ਨਹੀਂ ਇਤਨੇ ਮੇਂ ਗੁਰੂ ਜੀ ਨੇ ਉਸੇ ਹਥ ਪਾਇਆ ਸਰਪ ਨੇ ਭੀ ਫੁੰਕਾਰੇ ਮਾਰੇ, ਗੁਰੂ ਜੀ ਨੇ ਜ਼ੋਰ ਸੇ ਉਸ ਕਾ ਸੀਸ ਫੇਹ ਕੇ ਮਾਰ ਦਿਤਾ ਮਾਤਾ ਅਚਾਨਕ ਦੇਖ ਕਰ ਦੌੜੀ, ਬਾਲ ਕੋ ਗੋਦ ਮੇਂ ਉਠਾਇਆ ਇਤਨੇ ਮੇਂ ਗੁਰੂ ਅਰਜਨ ਦੇਵ ਜੀ ਭੀ ਪਹੁੰਚ ਗਏ, ਔਰ ਮਰਾ ਹੂਆ ਸਰਪ ਦੇਖਾ ਸਰਪ ਭੀ ਦਿਬ ਦੇਹ ਧਾਰਨ ਕਰ ਅਕਾਸ਼ ਕੋ ਜਾਨੇ ਲਗਾ, ਤੋ ਗੁਰੂ ਅਰਜਨ ਦੇਵ ਜੀ ਉਸ ਸੇ ਪੂਛਨੇ ਲਗੇ। ਪ੍ਰਮਾਣ ਸੂਰਜ ਪ੍ਰਕਾਸ਼ ਰਾਸ ੩ ਅੰਸੂ ੯ ਮੇਂ ਲਿਖਾ ਹੈ।

**ਬੂਝਨ ਕੀਨ ਤਿਸੈ ਕਹੁ ਕੌਨ ਤੂੰ ਕੈਸੇ ਭੁਯੰਗਮ ਕੋ ਤਨ ਪਾਯੋ। ਕਿਉਂ**
**ਮ੍ਰਿਤ ਭਾ ਕਿਮ ਦੇਹ ਲਈ ਅਸ ਕਿਉਂ ਕਹੁ ਕਾਰਨ ਯਹਿ ਚਲਿ ਆਇਓ॥**

ਇਤਿਆਦੀ ਗੁਰੂ ਅਰਜਨ ਦੇਵ ਜੀ ਔਰ ਸਰਪ ਕੇ ਪ੍ਰਸ਼ਨ ਉੱਤਰ ਲਿਖੇ ਹੈਂ ਭਾਵ ਯਹ ਹੈ, ਗੁਰੂ ਅਰਜਨ ਦੇਵ ਜੀ ਸਰਪ ਸੇ ਪੂਛਨੇ ਲਗੇ ਕਿ ਤੁਮ ਪਹਿਲੇ ਕੌਣ ਥਾ ਔਰ ਯੇਹ ਸਰਪ ਦੇਹ ਕਿਸ ਤਰ੍ਹਾਂ ਪਾਈ, ਕਿਸ ਕਾਰਨ ਯਹਾਂ ਆਇਆ ਕਿਸ ਤਰ੍ਹਾਂ ਮ੍ਰਿਤੂ ਹੂਆ, ਔਰ ਕਿਸ ਤਰ੍ਹਾਂ ਯੇਹ ਦੇਹ ਪਾਈ ? ਤਬ ਹਾਥ ਜੋੜ ਕਰ ਦਿਬ ਦੇਹ ਧਾਰੀ, ਸਰਪ ਕਹਿਣੇ ਲਗਾ ਮੈਂ ਪੂਰਬ ਜਨਮ ਮੇਂ ਬੜਾ ਭਾਰੀ ਵਿਦਵਾਨ ਮੁਨੀ ਰਾਜ ਥਾ, ਪ੍ਰੰਤੂ ਮੇਰੇ ਕੋ ਵਿਦਿਆ ਕਾ ਬੜਾ ਹੰਕਾਰ ਥਾ ਮੇਰੇ ਸਮਾਨ ਵੇਦ ਜਾਨਣੇ ਵਾਲਾ ਕੋਈ ਭੀ ਨਹੀਂ ਥਾ, ਏਕ ਸਮੇਂ ਘੂਮਤੇ ਘੂਮਤੇ ਨਾਰਦ ਜੀ ਮੇਰੇ ਪਾਸ ਆ ਗਏ ਹਮਾਰੀ ਔਰ ਨਾਰਦ ਕੀ ਬਹੁਤ ਆਪਸ ਮੇਂ ਗਿਆਨ ਚਰਚਾ ਹੂਈ, ਨਾਰਦ ਜੀ ਨੇ ਬੜੇ ਭਗਤੀ ਭਾਵ. ਕੇ ਪ੍ਰਸੰਗ ਸੁਨਾਏ ਪਰੰਤੂ ਮੈਂ ਨੇ ਨਾ ਮਾਨੇ, ਔਰ ਅਭਿਮਾਨ ਸੇ ਉਨ ਕਾ ਨਿਰਾਦਰ ਕੀਆ, ਨਾਰਦ ਜੀ ਨੇ ਤੀਨ ਵਾਰ ਮੇਰਾ ਨਿਰਾਦਰ ਸਹਿਨ ਕਰ ਲੀਆ ਔਰ ਚੌਥੀ ਵਾਰ ਨਿਰਾਦਰ ਕਰਨੇ ਪਰ ਮੇਰੇ ਕੋ ਸ਼ਾਪ ਦੀਆ ਅਰੇ ਮੂਰਖ ਅਭਮਾਨੀ ਸਰਪ ਕੀ ਨਿਆਈਂ ਫੁੰਕਾਰੇ ਮਾਰਨੇ ਵਾਲੇ, ਜਾ ਕੁਟਲ ਗਤੀ ਵਾਲਾ ਸਰਪ ਹੋ ਜਾ ਔਰ ਵਿਖ ਸੇ ਜਲਤਾ ਰਹੁ, ਨਾਰਦ ਜੀ ਕੇ ਸ਼ਾਪ ਸੇ ਮੈਂ ਸਰਪ ਹੋ ਗਿਆ ਨਾਰਦ ਜੀ ਕੇ ਚਰਨੋਂ ਮੇਂ ਗਿਰ ਕਰ ਸ਼ਾਪ ਕਾ ਅੰਤ ਪੂਛਾ, ਤੋ ਨਾਰਦ ਜੀ ਨੇ ਕਹਾ ਗੁਰੂ ਨਾਨਕ ਦੇਵ ਕੀ ਗੱਦੀ ਪਰ ਗੁਰੂ ਹਰਿਗੋਬਿੰਦ ਸਾਹਿਬ ਜੀ, ਤੇਰਾ ਉਧਾਰ ਕਰੇਂਗੇ, ਮੈਂ ਉਹ ਸਮਾਂ ਦੇਖਤਾ ਰਿਹਾ. ਸੋ ਆਜ ਪ੍ਰਿਥੀ ਚੰਦ ਕੇ ਪ੍ਰੇਰੇ ਹੋਏ ਸਪੇਲੇ ਨੇ ਮੇਰੇ ਕੋ ਪਕੜ ਕਰ ਆਪ ਕੇ ਅਸਥਾਨ ਪਰ ਛੋੜ ਦੀਆ ਹੈ ਔਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੇਰਾ ਕਲਿਆਣ ਕੀਆ, ਮੈਂ ਅਨਿਕ ਵਾਰ ਆਪ ਦੋਨੋਂ ਗੁਰੂਓਂ ਕੋ ਧੰਨਵਾਦ ਦੇਤਾ ਹੂੰ, ਜਿਸ ਤਰ੍ਹਾਂ ਆਪ ਨੇ

ਮੇਰਾ ਉਧਾਰ ਕੀਆ, ਐਸੇ ਕਹਿ ਵਿਮਾਨ ਪਰ ਬੈਠ ਕਰ ਵੈਕੁੰਠ ਕੋ ਗਿਆ ਐਸੇ ਅਨੇਕ ਜੀਵ ਗੁਰੂ ਜੀ ਨੇ ਤਾਰੇ ਤਥਾ ਦਸਮ ਗੁਰੂ ਜੀ ਨੇ ਭੀ ਅਨੇਕੋਂ ਕੋ ਤਾਰਾ ਹੈ ਜੈਸੇ ਗੁਰ ਪ੍ਰਤਾਪ ਸੂਰਜ ਰੁਤ ਪਹਿਲੀ ਅੰਸੂ ੮-੧੯ ਮੇਂ ਲਿਖਾ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਕੇ ਉਪਰ ਚੌਰ ਕਰਨੇ ਵਾਲਾ ਕੀਰਤਨੀਆਂ ਸਿਖ ਜੋ ਕੜਾਹ ਪ੍ਰਸ਼ਾਦ ਬਾਂਟਤੇ ਏਕ ਸਿਖ ਕੇ ਸ਼ਾਪ ਸੇ ਰਿਛ ਹੋ ਗਿਆ ਥਾ, ਉਸ ਕੋ ਦਸਮ ਪਾਤਸ਼ਾਹ ਜੀ ਨੇ ਕਲੰਦਰ ਸੇ ਮੁਲ ਲੇ ਕਰ ਕੜਾਹ ਪ੍ਰਸ਼ਾਦ ਬਨਵਾ ਕਰ ਅਪਨਾ ਸੀਤ ਪ੍ਰਸ਼ਾਦ ਕਰ ਖੁਲਾਇਆ ਤਬ ਵੋਹ ਰਿਛ ਦੇਹੀ ਕੋ ਛੋੜ ਕਰ ਗੁਰਪੁਰੀ ਕੋ ਪ੍ਰਾਪਤ ਹੂਆ, ਕਥਾ ਬੜੀ ਸੰਖੇਪ ਸੇ ਲਿਖਤੇ ਹੈਂ–

**ਦਿਵਸ ਬਿਤੀ ਤੋ ਜਾਮਨਿ ਛਾਵਾ । ਭਈ ਪ੍ਰਾਤ ਸਤਿਗੁਰ ਫਰਮਾਵਾ। ਮੋ ਕੋ ਪੰਚਾਂਮ੍ਰਤ ਕਰਵਾਵੋ। ਸੁਚ ਸੋਂ ਸੀਘਰ ਕਰ ਲੈ ਆਵੋ। ਰੁਚਰ ਬਨਾਇਓ ਆਨਿਓ ਪਾਸ। ਖੜੇ ਹੋਇ ਕੀਨਸ ਅਰਦਾਸ। ਸ੍ਰੀ ਸਤਿਗੁਰ ਲੇ ਕੇ ਨਿਜ ਪਾਨ। ਪੰਚਾਂਮ੍ਰਤ ਈਖਦ ਕਰ ਖਾਨ । ਸੀਤ ਪ੍ਰਸਾਦ ਰੀਛ ਕੋ ਦਇਓ। ਜਬ ਮੁਖ ਮੇਂ ਸੋ ਪਾਵਤ ਭਇਓ। ਗਇਓ ਉਦਰ ਮੇ ਤਤ ਛਿਨ ਮਰਿਓ। ਸ੍ਰਾਪ ਪਾਪ ਸਭਹਿ ਪਹਰਿਓ । ਉਤਮ ਗਤ ਕੋ ਪ੍ਰਾਪਤ ਹੋਆ। ਸਿਖਨ ਸਭਨ ਅਚੰਭਉ ਜੋਆ। 'ਧੰਨ 'ਧੰਨ ਸਤਿਗੁਰੂ' ਬਖਾਨੇ। ਅਪਨੀ ਗਤ ਤੁਮ ਆਪਹਿ ਜਾਨੇ।**

ਇਤਿਆਦੀ ਇਸ ਪ੍ਰਕਾਰ ਰਿਛ ਕੀ ਗਤੀ ਕਰੀ, ਫੇਰ ਗੁਰੂ ਜੀ ਘੂਮਤੇ ਘੂਮਤੇ ਨਾਹਨ ਵਾਲੇ ਰਾਜਾ ਕੇ ਬੁਲਾਨੇ ਪਰ ਪਾਉਂਟੇ ਸਾਹਿਬ ਪਹੁੰਚੇ ਤਬ ਸ੍ਰੀ ਨਗਰ ਕਾ ਰਾਜਾ ਫਤਹ ਸ਼ਾਹ ਨਾਹਨ ਕੇ ਰਾਜਾ ਮੇਦਨੀ ਪ੍ਰਕਾਸ਼ ਕਾ ਆਪਸ ਮੇਂ ਮੇਲ ਕਰਵਾਇਆ ਤਬ ਬੁਧੂ ਸ਼ਾਹ ਫਕੀਰ ਭੀ ਗੁਰੂ ਜੀ ਪਾਸ ਪਹੁੰਚ ਗਿਆ ਥਾ । ਇਕ ਦਿਨ ਦੀਵਾਨ ਲਗਾ ਹੂਆ ਥਾ ਤਬ ਰਾਜਾ ਫ਼ਤਹ ਸ਼ਾਹ ਨੇ ਪ੍ਰਾਰਥਨਾ ਕਰੀ ਕਿ ਗੁਰੂ ਜੀ ਨਾਹਨ ਕੇ ਜੰਗਲ ਮੇਂ ਬੜਾ ਭਾਰੀ ਸ਼ੇਰ ਰਹਿਤਾ ਹੈ ਜੋ ਕਿਸੀ ਤੋਪ ਗੋਲੀ ਸੇ ਭੀ ਮਰਤਾ ਨਹੀਂ, ਬੜੇ ਬੜੇ ਸ਼ਿਕਾਰੀ ਹਾਰ ਗਏ । ਗੁਰੂ ਜੀ ਕਹਿਨੇ ਲਗੇ ਚਲੋ ਅਸੀਂ ਚਲ ਕੇ ਉਸ ਕੋ ਦੇਖਤੇ ਹੈਂ। ਐਸੇ ਕਹਿ ਗੁਰੂ ਜੀ ਨੇ ਤਿਆਰੀ ਕਰੀ, ਦੋਨੋਂ ਰਾਜਾ ਔਰ ਸਭ ਸੰਗਤ ਸਾਥ ਥੀ, ਗੁਰੂ ਜੀ ਕੋ ਦੂਰ ਸੇ ਰਾਜਾ ਨੇ ਸ਼ੇਰ ਦਿਖਾਇਆ । ਗੁਰੂ ਜੀ ਇਕੱਲੇ ਹੀ ਸ਼ੇਰ ਕੇ ਪਾਸ ਗਏ ਔਰ ਊਚੇ ਪੁਕਾਰ ਕੋ ਕਹਾ, ਬਾਹਰ ਮੈਦਾਨ ਮੇਂ ਆ ਜਾ, ਆਜ ਤੁਮਾਰਾ ਹਮਾਰਾ ਜੰਗ ਹੈ। ਸ਼ੇਰ ਬੈਠਾ ਰਹਾ ਗੁਰੂ ਜੀ ਖੜੇ ਰਹੇ, ਦੋਨੋਂ ਰਾਜਾ ਸੈਨਾ ਸਹਿਤ ਦੂਰ ਸੇ ਤਮਾਸ਼ਾ ਦੇਖ ਰਹੇ ਥੇ । ਗੁਰੂ ਜੀ ਕੇ ਪੁਕਾਰਨੇ ਪਰ ਸ਼ੇਰ ਉਠਾ, ਫੇਰ ਦੂਸਰੀ ਵਾਰ ਗੁਰੂ ਜੀ ਨੇ ਉਸ ਕੋ ਯੇਹ ਬਚਨ ਕਹੇ। ਦਸਮੇਸ਼ ਵਾਚ:–(ਸੂਰਜ ਪ੍ਰਕਾਸ਼ ਰੁਤ ਪੈਹਲੀ ਅੰਸੂ ੫੧)



**ਗੀਦੀ ਕਹਾਂ ਬਨਿਓਂ ਸਮ ਸਿਆਲ। ਬੈਠਿਓ ਤਿਆਗ ਸਿੰਘ ਕੀ ਚਾਲ।**

ਇਤਿਆਦੀ ਬਚਨ ਸੁਨ ਕਰ ਸ਼ੇਰ ਕ੍ਰੋਧ ਸੇ ਉਠਾ ਔਰ ਗੁਰੂ ਜੀ ਕੇ ਸਨਮੁਖ ਹੂਆ, ਗੁਰੂ ਜੀ ਕੇ ਉਪਰ ਪੰਜਾ ਉਠਾਇਆ ਗੁਰੂ ਜੀ ਨੇ ਢਾਲ ਸੇ ਉਸ ਕਾ ਪੰਜਾ ਰੋਕ ਲੀਆ ਔਰ ਉਸ ਕੇ ਪੇਟ ਮੇਂ ਤਲਵਾਰ ਚਲਾਈ ! ਐਸੇ ਮਾਰਾ ਜੈਸੇ ਬਕਰਾ ਮਾਰੀਤਾ ਹੈ. ਸ਼ੇਰ ਕੇ ਮਰਨੇ ਪਰ ਸਭ ਲੋਕ ਔਰ ਰਾਜੇ ਧੰਨ ਧੰਨ ਕਹਿਨੇ ਲਗੇ ਔਰ ਗੁਰੂ ਜੀ ਸੇ ਸ਼ੇਰ ਕਾ ਪਿਛਲਾ ਹਾਲ ਪੂਛਨੇ ਲਗੇ ਤਬ ਗੁਰੂ ਜੀ ਨੇ ਸ਼ੇਰ ਕੇ ਪਿਛਲੇ ਜਨਮ ਕੀ ਕਥਾ ਇਸ ਤਰਾਂ ਸੁਨਾਈ:–

**ਸ੍ਰੀ ਕਲਗੀਧਰ ਤਬੈ ਸੁਨਾਇਓ । ਯੇਹ ਪਾਂਡੋ ਕੁਲ ਮੇਂ ਨਰ ਜਾਇਓ।**

ਇਤਿਆਦੀ ਬਚਨੋਂ ਸੇ ਯੇਹ ਸੁਨਾਇਆ ਕਿ ਯੇਹ ਪਿਛਲੇ ਜਨਮ ਮੇਂ ਪਾਂਡਵੋਂ ਕੇ ਕੁਲ ਮੇਂ ਪੈਦਾ ਹੂਆ ਥਾ ਔਰ ਮਹਾਂ ਭਾਰਤ ਕੇ ਯੁਧ ਮੇਂ ਕਾਇਰ ਹੋ ਕੇ ਮਰਾ ਥਾ ਇਸ ਵਾਸਤੇ ਇਸਨੇ ਅਨੇਕ ਜਨਮ ਪਾਏ ਅਬ ਅੰਤ ਕਾ ਜਨਮ ਥਾ, ਅਬ ਹਮਾਰੇ ਹਾਥ ਮੇਂ ਮਰਾ ਹੈ ਫੇਰ ਇਸ ਕੋ ਜਨਮ ਨਹੀਂ ਹੋਗਾ ਅਪਨੇ ਮੁਖ ਸੇ ਯੇਹ ਬਚਨ ਕਹਾ–

**ਅਬ ਮ੍ਰਿਤ ਹੋਇ ਭਲੀ ਗਤ ਲਹੀ, ਜਗ ਮੇਂ ਬਹੁਰ ਜਨਮ ਇਸਨਹੀਂ।**

ਗੁਰੂ ਜੀ ਨੇ ਸ਼ੇਰ ਕੋ ਮਾਰ ਕਰ ਤਾਰਾ, ਉਸ ਸ਼ੇਰ ਕੀ ਬਨਾਵਟੀ ਮੂਰਤੀ ਅਬ ਤਕ ਨਾਹਨ ਕੇ ਗੁਰਦਵਾਰੇ ਮੇਂ ਮੌਜੂਦ ਹੈ ਔਰ ਸੂਰਜ ਪ੍ਰਤਾਪ ਰਿਤੂ ੬ ਅੰਸੂ ੫੬ ਮੇਂ ਲਿਖਾ ਹੈ ਕਿ ਗੁਰੂ ਜੀ ਨੇ ਅਪਨਾ ਸੀਤ ਪ੍ਰਸਾਦ ਖੁਲਾ ਕਰ ਸਮੀਰ ਭਗਤ ਕੋ ਸੁਪਨ ਮੇਂ ਅਨੇਕ ਜਨਮ ਭੁਗਤਾ ਕਰ ਮੁਕਤ ਕਰ ਦੀਆ ਪ੍ਰਸੰਗ ਬੜਾ ਹੈ ਸੰਖੇਪ ਸੇ ਲਿਖਤੇ ਹੈਂ।

**ਇਕ ਦਿਨ ਬਹੁਰ ਸਮੀਰ ਕੋ ਕਰੁਣਾ ਕਰ ਬੋਲੇ। ਹੋਇ ਚਿਤ ਮੇਂ ਜੋ ਕਾਮਨਾ ਹਮ ਤੇ ਸੋ ਅਬ ਲੇ । ਬਿਨ ਸੰਕਾ ਯਾਚਨ ਕਰੋ ਕਹੋ ਉਰ ਅਭਿਲਾਖਾ। ਸੁਨ ਸਮੀਰ ਕਰ ਜੋੜ ਕੇ ਨਮਰੀ ਹੋਇ ਭਾਖਾ । ਮਿਟੇ ਚੌਰਾਸੀਹ ਕੋ ਭ੍ਰਮਣ ਭੌਜਲ ਦੁਖਦਾਈ । ਸਤਿਗੁਰੂ ਇਸ ਤ੍ਰਾਸ ਤੇ ਮੋਹਿ ਲੇਹੁ ਬਚਾਈ । ਸੁਣ ਸ੍ਰੀ ਮੁਖ ਤੇ ਤਬ ਭਨਿਓ ਤਵ ਜਨਮ ਘਨੇਰੇ। ਧਰਨੇ ਹੈਂ ਭੌਜਲ ਵਿਖੇ ਕਿਵ ਜਾਹਿੰ ਨਿਬੇਰੇ। ਕਹਿ ਲਗ ਕਰੈਂ ਬਚਾਇਯੋ ਜਾਚਹੁ ਵਥ ਆਨਾ। ਇਸ ਬਿਨ ਅਪਰ ਸੰਦੇਹ ਨਹਿ ਲੇਹੁ ਮਹਦ ਮਹਾਨਾ । ਸੁਨ ਕੇ ਕਹੇ ਸਮੀਰ ਪੁਨ ਗਤ ਕਰਹੁ ਕ੍ਰਿਪਾਲਾ। ਅਪਰ ਨ ਹੁਇ ਮਮ ਕਾਮਨਾ ਕਾਟਹੁ ਜਮਕਾਲਾ । ਗੁਰੂ ਜੀ ਭੌਜਲ ਤੇ ਰਖਹੁ ਕਟ ਦੇਹੁ ਚੌਰਾਸੀ । ਬਹੁਰ ਨ ਪਾਊਂ ਜਨਮ ਕੋ ਜਮ ਪਰੇ ਨ ਫਾਸੀ। ਹਸ ਬੋਲੇ ਦੇਹੈਂ ਇਹੀ ਪੁਨ ਆਵਹੁ ਪ੍ਰਾਤੀ। ਸੁਨ ਬੰਧਨ ਕੋ ਕਰ**

ਗਇਓ ਆਨੰਦ ਕਰ ਛਾਤੀ। ਸਕਲ ਰੀਤ ਕੀ ਸੇਵ ਕਰ ਨਿਸ ਮਹਿ ਪਰ ਸੋਆ। ਅਦਭੁਤ ਅਨਿਕ ਪ੍ਰਕਾਰ ਕੋ ਸੁਪਨਾ ਤਬ ਜੋਆ। ਕਾਕ, ਕੰਕ, ਕੇਕੀ, ਕੰਕਨ, ਕਲੀਬਿੰਦ ਮਰਾਲਾ। ਖਰ, ਮ੍ਰਿਗ, ਪਸ਼ੂ, ਪੰਖੀ, ਮਨੁਖ ਜਨਮਿਉਂ ਤਤਕਾਲਾ। ਕਾਟੀ, ਕੀਟਨ, ਭ੍ਰਿੰਗ, ਭ੍ਰਿਤ ਇਤਿਆਦ ਘਨੇਰੇ। ਭੋਗੀ ਜੂਨਾ ਜਨਮ ਧਰ ਮਰ ਮਰ ਬਹੁ ਬੇਰੇ। ਜਨਮ ਪਾਇ ਕਰ ਪੁਨ ਭਇਓ ਚੰਡਾਲ ਕਰਾਲਾ। ਜੰਗਲ ਦੇਸ਼ ਪ੍ਰਵੇਸ਼ ਪਾ ਚੰਡਾਲੀ ਨਾਲਾ। ਭਏ ਸੁਤਾ ਸੁਤ ਪੁੰਜਹੀ ਬਹੁ ਵਧਯੋ ਕੁਟੰਬਾ। ਦੇਸ਼ ਪਰਯੋ ਦੁਰਭਿਖ ਬਹੁ ਨਹਿ ਅੰਨ ਕਦੰਬਾ। ਛੁਧਤਿ ਰਹਤਿ ਦੁਖ ਸਹਤ ਹੋਇ ਬਨ ਵਿਖੇ ਪਧਾਰਾ। ਪੀਲੂ ਖੈਬੇ ਹੇਤ ਕੋ ਪਾਕੀ ਲਗ ਡਾਰਾ। ਕਿਤਕ ਸੁਤਾ ਸੁਤ ਸੰਗ ਲੇ ਗਮਨਿਓਂ ਬਨ ਮਾਹੀਂ। ਤੋਰਨ ਹਿਤ ਤਰ ਪਰ ਚੜ੍ਹਿਓ ਤਰੁ ਬਾਰਕ ਤਾਈਂ। ਤੋਰ ਤੋਰ ਤਰੁਪੇ ਤਰੇ ਗੇਰਤ ਸਿਸੁ ਖਾਵੈਂ। ਪੁਨ ਸ਼ਾਖਾ ਪਤਿਰਨ ਪਰਨਿਜ ਪਾਉਂ ਟਿਕਾਵੈਂ। ਤੋਰਨ ਕੋ ਲਾਲਚ ਲੰਗਿਓ ਝੁਕ ਹੋਇ ਅਗਾਰੀ। ਟੂਟ ਗਈ ਸਾਖਾ ਤਬੈ ਗਿਰ ਧਰਾ ਮੰਝਾਰੀ। ਚੋਟ ਲਗੀ ਪੈ ਜਾਗ ਕਰ ਜੁਗ ਨੈਨ ਉਘਾਰੇ। ਬਿਸਮਿਓਂ ਕਰਤ ਬਿਚਾਰ ਬਹੁ ਪਿਖ ਕੌਤਕ ਭਾਰੇ। ਪੀਲੂ ਖਾਏ ਪੇਟ ਭਰ ਵਿਸ਼ਟਾ ਤਬ ਆਈ। ਦੇਖਤ ਚਿੰਤਾ ਅਧਿਕ ਭੀ ਮਤ ਬਹੁ ਬਿਸਮਾਈ। ਭਈ ਸੌਚ ਉਠ ਕੇ ਬਹੁਰ ਹਿਤ ਮਜਨ ਬੈਸੇ। ਕਰਨ ਲਗਿਓ ਰਦ ਧਾਵਨਾ ਚਿਤਵਤ ਹੋ ਤੈਸੇ। ਤਬ ਦੰਦਨ ਮੈਂ ਅਟਕ ਜੋ ਪੀਲੂ ਕੇ ਬੀਜਮ। ਨਿਕਸੇ ਦਾਤਨ ਕਰੇ ਤੇ ਚਿਤ ਕੌਤਕ ਥੀਜਮ। ਕਹਾਂ ਭਈ ਯੇਹ ਵਾਰਤਾ ਮੁਝੇ ਸੁਪਨਾ ਹੋਆ। ਫੇਰ ਸਾਚ ਹੀ ਜਨਮ ਕੇ ਬਡ ਸੰਕਟ ਜੋਆ।

ਟੀਕਾ–ਭਟਾਤ ਸਮੀਰ ਪਰ ਗੁਰੂ ਜੀ ਪ੍ਰਸੰਨ ਹੋ ਬੋਲੇ ਜੋ ਮਾਂਗਨਾ ਹੈ ਸੋ ਮਾਂਗ ਤਬ ਸਮੀਰ ਨੇ ਕਹਾ ਮੇਰੀ ਚੋਰਾਸੀ ਕਟੋ ਐਸੇ ਬਾਰ ਬਾਰ ਕਹਿਨੇ ਪਰ ਗੁਰੂ ਜੀ ਨੇ ਕਹਾ ਅਛਾ ਐਸੇ ਹੀ ਹੋਗਾ, ਗੁਰੂ ਜੀ ਨੇ ਅਪਨਾ ਸੀਤ ਪ੍ਰਸਾਦ ਦੀਆ ਖਾ ਕਰ ਸੋ ਗਿਆ ਉਪਰ ਲਿਖੇ ਕਈ ਜਨਮ ਦੇਖੇ ਆਖਰ ਅੰਤ ਮੇਂ ਚੰਡਾਲ ਕਾ ਜਨਮ ਦੇਖਾ ਔਰ ਅਪਨਾ ਪ੍ਰਵਾਰ ਕੰਨਿਆਂ ਪੁਤਰ ਬਹੁਤ ਦੇਖੇ, ਔਰ ਭੂਖੇ ਪਿਆਸੇ ਦੇਖੇ, ਕੁਟੰਬ ਕੋ



ਲੇਕਰ ਬਹੁਤ ਜਗਾ ਫਿਰਾ ਪਰ ਕਹੀਂ ਅੰਨ ਨ ਮਿਲਾ, ਫਿਰ ਇਕ ਬਨ ਮੇਂ ਗਿਆ ਔਰ ਪੀਲੂ ਪਕੇ ਹੂਏ ਦੇਖੇ, ਤੋੜ ਤੋੜ ਨੀਚੇ ਫੈਂਕ ਕਰ ਬਚੋਂ ਕੋ ਖਿਲਾਤਾ ਰਹਾ ਆਪ ਭੀ ਬਹੁਤ ਖਾਏ ਫਿਰ ਪਤਲੀ ਟਹਿਣੀ ਪਰ ਪੈਰ ਰਖਨੇ ਸੇ ਟਾਹਨੀ ਟੂਟ ਗਈ ਨੀਚੇ ਗਿਰਾ ਨਿੰਦਰਾ ਖੁਲ੍ਹ ਗਈ ਜਾਗ ਪੜਾ ਸੁਪਨੇ ਮੇਂ ਅਪਨੇ ਜਨਮੋਂ ਕੋ ਯਾਦ ਕਰ ਕਰ ਹੈਰਾਨ ਹੂਆ, ਫਿਰ ਉਸ ਕੋ ਟੱਟੀ ਕਾ ਖਿਆਲ ਹੂਆ ਟੱਟੀ ਮੇਂ ਭੀ ਪੀਲੂ ਹੀ ਪੀਲੂ ਨਿਕਲੇ, ਫਿਰ ਜਬ ਦਾਤਨ ਕਰਨੇ ਲਗਾ ਤੋ ਪੀਲੂ ਕੇ ਬੀਜ ਮੂੰਹ ਸੇ ਨਿਕਲੇ ਹੈਰਾਨ ਹੋ ਕਰ ਗੁਰੂ ਜੀ ਕੋ ਸੁਨਾਇਆ ਔਰ ਸੁਪਨੇ ਕੀ ਸਭ ਕਥਾ ਸੁਨਾਈ ਤਬ ਗੁਰੂ ਜੀ ਕਹਿਨੇ ਲਗੇ ਪ੍ਰਮਾਨ:–ਸੂਰਜ ਪ੍ਰਕਾਸ਼

ਸ੍ਰੀ ਮੁਖ ਤੇ ਭਾਖਿਓ ਤਬੈ ਤਵ ਜਨਮ ਘਨੇਰੇ॥ ਸੁਪਨੇ ਵਿਖੇ ਭੁਗਾਇ ਦੀਏ ਸ਼ੁਧ ਭਾ ਇਸ ਬੇਰੇ॥ ਹਮ ਤੇ ਜਾਚਤ ਨਿਤ ਹੁਤੋ ਨਹਿ ਪਰੌਂ ਚੁਰਾਸੀ॥ ਸੋ ਨਿਸਚੇ ਤੋਕੋ ਦੀਓ ਕਟ ਗਈ ਜਮ ਫਾਸੀ॥ ਦੁਰਲਭ ਪਦ ਜੋਗਿਯਨ ਕੋ ਸੋ ਪ੍ਰਾਪਤ ਹੋਵੈ॥ ਭੌਜਲ ਦੀਓ ਤਰਾਇ ਕਰ ਨਹਿ ਸੰਕਟ ਜੋਵੈ॥

ਅਰਥ–ਗੁਰੂ ਜੀ ਕਹਿਨੇ ਲਗੇ ਤੂੰ ਹਮ ਸੇ ਮਾਂਗਤਾ ਥਾ ਕਿ ਹਮਾਰੀ ਚੋਰਾਸੀ ਕੱਟ ਦੇਵੋਂ ਸੋ ਸੁਪਨੇ ਮੇ ਤੁਮਾਂਰੀ ਚੌਰਾਸੀ ਕਟ ਦਿਤੀ ਸਾਰੇ ਜਨਮ ਭੁਗਾਇ ਦੀਏ, ਅਬ ਤੂੰ ਯੋਗੀਓਂ ਕੀ ਉਤਮ ਗਤੀ ਕੋ ਪ੍ਰਾਪਤ ਹੋਏਗਾ, ਉਸੀ ਵਕਤ ਦਿਆਲ ਪੁਰੇ ਦਾ ਇਕ ਤਰਖਾਨ ਹਾਥ ਜੋੜ ਕਰਕੇ ਗੁਰੂ ਜੀ ਕੋ ਕਹਿਨੇ ਲਗਾ, ਗੁਰੂ ਜੀ ਮੇਰੇ ਕੋ ਭੀ ਭਵਜਲ ਸੇ ਤਾਰੋਂ, ਗੁਰੂ ਜੀ ਨੇ ਉਸ ਪਰ ਭੀ ਕਿਰਪਾ ਕਰੀ ਔਰ ਕਹਾ ਸਮੀਰ ਕੇ ਸਾਥ ਤੂੰ ਭੀ ਅਪਨੇ ਪ੍ਰਾਣੋਂ ਕਾ ਤਿਆਗ ਕਰ ਤੋ ਜਨਮੋਂ ਸੇ ਛੁਟ ਜਾਏਂਗਾ।

ਪ੍ਰਮਾਣ–ਗੁਰ ਢਿਗ ਤਬੈ ਤਖਾਨ ਇਕ ਦਿਆਲ ਪੁਰੇ ਕੋ। ਸੋ ਬੋਲਿਓ ਕਰ ਜੋਰ ਕੇ ਨਿਜ ਮਸਤਕ ਟੇਕੋ। ਬੋਲਿਓ ਇਸ ਕੇ ਸੰਗ ਮੁਝ ਭੌਜਲ ਤੇ ਰਾਖੋ। ਦਾਸ ਜਾਨ ਕਰ ਆਪਨੋ ਦੇਹੁ ਵਰ ਜਿਮ ਕਾਂਖੇ। ਤੁਮ ਭੀ ਸੰਗ ਸਮੀਰ ਕੇ ਤਿਆਗੋ ਨਿਜ ਪ੍ਰਾਨਾ। ਨਿਕਟ ਹਮਾਰੇ ਪਹੁੰਚ ਕੇ ਕਰ ਬੰਧਨ ਹਾਨਾ।

ਇਸ ਪ੍ਰਕਾਰ ਗੁਰੂ ਜੀ ਨੇ ਤ੍ਰਖਾਨ ਕੇ ਭੀ ਜਨਮ ਕੱਟ ਦਿਤੇ ਇਸ ਪ੍ਰਕਾਰ, ਦਸਮੇਸ਼ ਜੀ ਨੇ ਇਕ ਤਿਤਰ ਕਾ ਭੀ ਉਧਾਰ ਕੀਆ ਥਾ ਕਥਾ:–ਏਕ ਦਿਨ ਦਸਮੇਸ਼ ਜੀ ਨੇ ਸ਼ਿਕਾਰ ਕੀ ਤਿਆਰੀ ਕਰੀ ਘੋੜੇ ਪਰ ਚੜ੍ਹ ਕਰ ਕੁਛ ਦੂਰ ਗਏ ਦੂਰ ਸੇ ਤਿੱਤਰ ਕੀ ਅਵਾਜ ਆਈ ਗੁਰੂ ਜੀ ਨੇ ਇਹ ਤੁਕ ਪੜ੍ਹੀ:-

ਭੂਮੀਆ ਭੂਮਿ ਊਪਰਿ ਨਿਤ ਲੁਝੇ। ਛੋਡ ਚਲੇ ਤ੍ਰਿਸਨਾ ਨਹੀ ਬੁਝੇ।

ਸਿਖੋਂ ਨੇ ਪੂਛਾ ਗੁਰੂ ਜੀ ! ਯੇਹ ਤੁਕ ਕਿਸ ਦੇ ਵਾਸਤੇ ਪੜ੍ਹੀ–ਗੁਰੂ ਜੀ ਕਹਿਨੇ

ਲਗੇ ਯੇਹ ਕਾਣਾ ਤਿਤਰ ਜੋ ਬੋਲ ਰਹਾ ਹੈ ਸੋ ਇਸ ਦੇਸ ਕਾ ਪਹਿਲੇ ਜਨਮ ਮੇਂ ਰਾਜਾ ਥਾ ਅਬ ਭੀ ਪਿਛਲੇ ਸੰਸਕਾਰੋਂ ਸੇ ਮੋਹ ਵਸ ਹੂਆ ਏਥੇ ਆ ਕੇ ਬੈਠਤਾ ਹੈ ਔਰ ਹਾਹੁਕੇ ਲੇਕਰ ਬੋਲਤਾ ਹੈ ਸਿਖੋਂ ਨੇ ਕਹਾ ਗੁਰੂ ਜੀ ਆਪ ਇਸ ਕਾ ਕਲਿਆਣ ਕਰੋ ਗੁਰੂ ਜੀ ਨੇ ਕਹਾ ਅਛਾ ਪਕੜ ਲਾਉ ਤਬ ਸਿਖੋਂ ਨੇ ਬੜੀ ਮੁਸ਼ਕਲ ਸੇ ਉਸੇ ਪਕੜਾ ਔਰ ਦੇਖਾ ਬਰਾਬਰ ਕਾਣਾ ਹੈ। ਤਬ ਗੁਰੂ ਜੀ ਕਹਿਨੇ ਲਗੇ:-

**ਸ੍ਰੀ ਪ੍ਰਭ ਕਹਿਓ ਜਨਮ ਬਹ ਧਾਰੇ । ਮਰ ਮਰ ਤਜੇ ਸਰੀਰ ਉਦਾਰੇ।**
**ਤਊ ਨ ਤਿਆਗਤ ਨਿਜ ਰਜਧਾਨੀ । ਬਢਿਓ ਫਾਸ ਸਨੇਹ ਮਹਾਨੀ।**
**ਅਬ ਦਰਸ਼ਨ ਤੇ ਪਾਤਕ ਟਰੇ । ਜਨਮ ਮਰਨ ਜਗ ਬੰਧਨ ਹਰੇ।**
**ਇਮ ਉਧਾਰ ਖਗ ਕੋ ਕਰ ਭਲੇ । ਆਗੇ ਹਿਤ ਅਖੇਰ ਕੇ ਚਲੇ।**

(ਗੁਰ ਪ੍ਰਤਾਪ ਸੂਰਜ ਐਨ ਪੈਹਲਾ, ਅੰਸੂ ਦੂਸਰੀ)

ਐਸੇ ਭਗਵਤ ਨਾਮ ਨੇ ਭੀ ਅਨੇਕ ਜੀਵ ਤਾਰੇ ਹੈਂ। ਪ੍ਰਮਾਣ।

**ਦੇਵਾ ਪਾਹਨ ਤਾਰੀਅਲੇ ਰਾਮ ਕਹਤ ਜਨ ਕਸ ਨ ਤਰੇ॥ ਤਾਰੀ ਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥ ਚਰਨ ਬਧਿਕ ਜਨ ਤੇਊ ਮੁਕਤਿ ਭਏ ਹਉ ਬਲਿ ਬਲਿ ਜਿਨ ਰਾਮ ਕਹੇ ॥੧॥ ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ॥੨॥੧॥**

[ਗਉੜੀ ਚੇਤੀ ਨਾਮਦੇਵ ਜੀ ਸਫਾ ੩੪੫

**ਰਖਿ ਨਾਰ ਤਰੀ ਕਪੀ ਰੀਛ ਤਰੇ ਸੁ ਲੰਗੂਰ ਤਰੇ ਜਿਹ ਨਾਮ ਉਚਾਰੇ।**
**ਬਨ ਭੀਲ ਸੁਤਾ ਜਿਹ ਨਾਮ ਤਰੀ ਸੁ ਜਟਾਊ ਬਿਹੰਗਮ ਜਾਂਹਿ ਉਧਾਰੇ।**
**ਅਬ ਚੇਤਨ ਬਾਤ ਕਹਾਂ ਕਹੀਏ ਜੜ ਭੂਦਰ ਨਾਮ ਤਰੇ ਨਿਧੀ ਖਾਰੇ।**
**ਅਿਬ ਔਸਰ ਨਾਮ ਭਜਿਓ ਮਨ ਰੇ ਦੁਖ ਮੇਟ ਤਰੋ ਭਵ ਸਾਗਰ ਖਾਰੇ॥**

[ਭਾਵਰ ਸਾਮ੍ਰਿਤ

**ਤਥਾ–ਨਾਮਨੋ ਅਸਤੀ ਯਾਵਤੀ ਸ਼ਕਤੀ ਪਾਪ ਨਿਰਹਰਣੇ ਹਰੇ।**
**ਤਾਵਤ ਕਰਤੁੰ ਨਹਿ ਸ਼ਕਨੋਤੀ ਪਾਤਕੰ ਪਾਤਕੀ ਜਨ:॥**

[ਵਿਸ਼ਨੂੰ ਪੁਰਾਣ

ਅਰਥ–ਭਗਵਾਨ ਕੇ ਨਾਮ ਮੇਂ ਜਿਤਨੀ ਪਾਪ ਨਾਸ਼ ਕਰਨੇ ਕੀ ਸ਼ਕਤੀ ਹੈ ਉਤਨੀ ਪਾਪੀਓਂ ਮੇਂ ਪਾਪ ਕਰਨੇ ਕੀ ਸ਼ਕਤੀ ਨਹੀਂ।

ਇਤਿ ਜਨਮ ਮਰਨ ਬੰਧਨ ਸਮਾਪਤੰ॥



# ਅਬ ਨਾਵਾਂ ਸਰੀਰ ਬੰਧਨ ਲਿਖਤੇ ਹੈਂ

ਨਾਵਾਂ ਦੇਹ ਅਧਿਆਸ ਭੀ ਜਗਯਾਸੂ ਕੋ ਭਗਤੀ ਗਿਆਨ ਔਰ ਮੁਕਤੀ ਮੇਂ ਰੁਕਾਵਟ ਕਰਤਾ ਹੈ, ਕੁਛ ਭੀ ਸਾਧਨ ਕਰਨੇ ਨਹੀਂ ਦੇਤਾ ਜੈਸੇ ਰਾਜਾ ਪ੍ਰੀਖਯਤ ਕੋ ਭਾਗਵਤ ਸ੍ਰਵਨ ਕਰਨੇ ਨਹੀਂ ਦੇਤਾ ਥਾ। ਕਥਾ ਇਸ ਤਰਾਂ ਹੈ:-

ਜਬ ਸੁਕਦੇਵ ਸ੍ਵਾਮੀ ਰਾਜਾ ਪ੍ਰੀਖਯਤ ਕੋ ਸ੍ਰੀ ਮਦ ਭਾਗਵਤ ਕਾ ਸਪਤਾਹ ਸ੍ਰਵਨ ਕਰਾਨੇ ਲਗ ਸੀ ਤੋ ਰਾਜਾ ਪ੍ਰੀਖਜਤ ਕਾ ਚਿੱਤ ਇਕਾਗਰ ਨਹੀ ਹੋਤਾ ਥਾ ਅਪਨੀ ਦੇਹ ਔਰ ਰਾਜ ਮੇਂ ਚਿੱਤ ਚਲਾ ਜਾਤਾ ਥਾ, ਸੁਕਦੇਵ ਸ੍ਵਾਮੀ ਨੇ ਬਹੁਤ ਸਮਝਾਇਆ ਤੋ ਭੀ ਰਾਜਾ ਕਾ ਦੇਹ ਅਧਯਾਸ ਨਾ ਟੂਟਾ ਤਬ ਸੁਕਦੇਵ ਸ੍ਵਾਮੀ ਨੇ ਵਿਚਾਰਾ ਕਿ ਇਸ ਤਰਾਂ ਤੋ ਕਥਾ ਨਹੀਂ ਸੁਣ ਸਕੇਗਾ, ਪਹਿਲੇ ਇਸ ਕਾ ਦੇਹ ਅਧਿਆਸ ਹਟਾਵੇਂ ਤਬ ਪ੍ਰੀਖਜਤ ਕੋ ਕਹਿਣੇ ਲਗੇ ਰਾਜਨ, ਮੈਂ ਤੇਰੇ ਸੇ ਏਕ ਇਨਸਾਫ ਪੂਛਨਾ ਚਾਹਤਾ ਹੂੰ ਸਚ ਧਰਮ ਕਾ ਨਿਆਇ ਕਰਨਾ। ਰਾਜਾ ਨੇ ਕਹਾ ਮੈਂ ਸਚ ਧਰਮ ਕਾ ਨਿਆਇ ਕਰੂੰਗਾ ਆਪ ਕਹੀਏ। ਸੁਕਦੇਵ ਜੀ ਕਹਿਨੇ ਲਗੇ ਤੁਮਾਰੇ ਜੈਸਾ ਏਕ ਪ੍ਰਤਾਪੀ ਰਾਜਾ ਥਾ ਵਹੁ ਏਕ ਦਿਨ ਸ਼ਿਕਾਰ ਖੇਲਨੇ ਗਿਆ, ਬਨ ਸੇ ਏਕ ਮ੍ਰਿਗ ਨਿਕਲਾ ਸ਼ਿਕਾਰੀਓਂ ਕੋ ਦੇਖ ਮ੍ਰਿਗ ਭਾਗਾ ਰਾਜਾ ਨੇ ਕਹਾ ਤੁਮ ਸਭ ਠਹਿਰੋ ਮੈਂ ਅਕੇਲਾ ਇਸ ਕੇ ਪੀਛੇ ਜਾਊਂਗਾ, ਰਾਜਾ ਉਸ ਕੇ ਪੀਛੇ ਗਿਆ ਮ੍ਰਿਗ ਰਾਜਾ ਕੋ ਦੂਰ ਲੈ ਗਿਆ, ਰਾਤ ਪੜ ਗਈ ਸਰਦੀ ਕੇ ਦਿਨ ਥੇ ਰਾਜਾ ਕੇ ਪਾਸ ਕਪੜਾ ਥੋੜਾ ਥਾ, ਔਰ ਗਹਿਬਰ ਜੰਗਲ ਥਾ ਖੋਫਨਾਕ ਜਾਨਵਰ ਬੋਲ ਰਹੇ ਸੀ, ਰਾਜਾ ਕੋ ਭੂਖ ਪਿਆਸ ਨੇ ਭੀ ਵਿਆਕੁਲ ਕਰਾ ਥਾ, ਔਰ ਪਾਸ ਕੋਈ ਸੇਵਾ ਕਰਨੇ ਵਾਲਾ ਸੇਵਕ ਭੀ ਨ ਥਾ, ਰਾਜਾ ਵਿਚਾਰ ਕਰਨੇ ਲਗਾ ਕਹਾਂ ਜਾਊਂ ਕਹਾਂ ਰਾਤ੍ਰੀ ਗੁਜ਼ਾਰੂੰ ਐਸਾ ਵਿਚਾਰ ਕਰਤਾ, ਰਾਜਾ ਤਲਾਸ਼ ਕਰਤੇ ਚੰਡਾਲ ਕੇ ਘਰ ਪਹੁੰਚਾ, ਉਸ ਕੇ ਘਰ ਕੇ ਬਾਹਰ ਅਨੇਕ ਪਸ਼ੂ ਮਰੇ ਪੜੇ ਥੇ, ਬੜੀ ਦੁਰਗੰਧੀ ਆ ਰਹੀ ਥੀ ਰਾਜਾ ਬਹੁਤ ਦੁਰਗੰਧੀ ਹੋਣੇ ਕਰਕੇ ਠਹਿਰ ਭੀ ਨ ਸਕਾ, ਪਰ ਲਾਚਾਰ ਰਾਤ ਕਟਣੀ ਹੈ ਔਰ ਸਰਦੀ ਤੰਗ ਕਰ ਰਹੀ ਹੈ, ਮਰ ਜਾਊਂਗਾ ਇਸ ਵਾਸਤੇ ਦੁਰਗੰਧੀ ਸਹਾਰਤਾ ਹੂਆ, ਚੰਡਾਲ ਕੋ ਕਹਿਨੇ ਲਗਾ ਮੇਰੇ ਕੋ ਅਪਨੇ ਘਰ ਮੇਂ ਰਾਤੀ ਰਹਿਨੇ ਦੇ, ਮੈਂ ਤੇਰਾ ਅਤਿਥੀ ਹੂੰ ਚੰਡਾਲ ਕਹਿਨੇ ਲਗਾ ਮੈਂ ਤੇਰੇ ਕੋ ਜਾਨਤਾ ਨਹੀਂ, ਤੂੰ ਕੌਣ ਹੈਂ ? ਔਰ ਸ਼ਾਸਤ੍ਰ ਕਹਿਤਾ ਹੈ ਕਿਸੀ ਕੋ ਜਾਨੇ ਬਿਨਾ ਘਰ ਨਹੀ ਰਹਿਨੇ ਦੇਨਾ ਚਾਹੀਏ, ਰਾਜਾ ਨੇ ਬਹੁਤ ਪ੍ਰਾਰਥਨਾ ਕਰੀ ਔਰ ਪ੍ਰਤਗਿਆ ਕਰੀ ਕਿ ਮੈਂ ਪ੍ਰਭਾਤ [illegible] ਹੋਤੇ ਹੀ ਚਲਾ ਜਾਊਂਗਾ, ਤਬ ਚੰਡਾਲ ਉਸ ਸੇ ਬਚਨ ਲੇ ਕਰ ਬੜੀ ਦੁਰਗੰਧੀ ਵਾ[illegible] ਜਗਾ ਰਾਤ ਭਰ ਰਹਿਨੇ ਵਾਸਤੇ ਰਾਜਾ ਕੋ ਦੇਤਾ ਭਇਆ, ਔਰ ਯਥਾ ਯੋਗ ਸਤਿਕਾਰ [illegible] ਕਰਾ, ਸੁਖ ਪੂਰਬਕ ਰਾਜਾ ਨੇ ਰਾਤ ਗੁਜਾਰੀ, ਪ੍ਰਾਤ ਹੋਨੇ ਪਰ ਚੰਡਾਲ ਨੇ ਰਾਜਾ ਕੋ ਕ[illegible] ਅਬ ਮੇਰਾ ਮਕਾਨ ਖਾਲੀ ਕਰ ਦੇਓ, ਜਲਦੀ ਚਲੇ ਜਾਓ, ਹੇ ਰਾਜਾ ਪ੍ਰੀਖਤ ਅਗਰ [illegible] ਰਾਜਾ ਚੰਡਾਲ ਸੇ ਝਗੜਾ ਕਰੇ ਕਿ ਮੈਂ ਮਕਾਨ ਨਹੀਂ ਛੋੜੂੰਗਾ, ਯੇਹ ਮਕਾਨ ਮੇਰੇ ਤਾ[illegible] ਅੰਦਰ ਹੈ, ਅਗਰ ਤੂੰ ਮੇਰੇ ਕੋ ਬਾਹਰ ਨਿਕਾਲੇਂਗਾ, ਤੋ ਮੈਂ ਤੇਰਾ ਮਕਾਨ ਜਲਾ [illegible]

ਇਸ ਪ੍ਰਕਾਰ ਜੋ ਰਾਜਾ ਹੋ ਕਰ ਚੰਡਾਲ ਕਾ ਘਰ ਨਾ ਛੋੜੇ, ਵੁਹ ਬੁਧੀਮਾਨ ਹੈ ਅਥਵਾ ਮੂਰਖ ਹੈ, ਰਾਜਾ ਪ੍ਰੀਖਯਤ ਕਹਿਣੇ ਲਗਾ ਵੁਹ ਰਾਜਾ ਮੂਰਖੋਂ ਸੇ ਭੀ ਮੂਰਖ ਕਹਾ ਜਾਏਗਾ, ਸੁਕਦੇਵ ਸੁਵਾਮੀ ਜੀ ਕਹਿਣੇ ਲਗੇ ਫਿਰ ਤੂੰ ਮੂਰਖੋਂ ਸੇ ਭੀ ਮੂਰਖ ਹੈ। ਪ੍ਰਮਾਨ:-

**ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥** [ਮਾਰੂ ਮ: ੧ ਸਫਾ ੧੦੧੫

ਅਰਥ-ਜੋ ਮਲ ਮੂਤਰ ਕੀ ਦੇਹ ਮੇਂ ਮਮਤਾ ਕਰਤਾ ਹੂਆ ਪਰਮੇਸ਼ਰ ਕੇ ਨਾਮ ਕਾ ਅਭਿਆਸ ਨਹੀਂ ਕਰਤਾ ਸ੍ਰਵਣ ਮੰਨਣ ਨਹੀਂ ਕਰਤਾ ਸੋ ਸਰੋਮਣੀ ਮੂਰਖ ਹੈ ਜੈਸੇ ਤੂੰ ਮਾਤਾ ਕੇ ਗਰਭ ਮੇਂ ਪੁਠਾ ਟੰਗਾ ਹੂਆ ਥਾ ਔਰ ਮਹਾਂ ਦੁਖੀ ਥਾ ਭਗਵਾਨ ਕੋ ਬਾਰ ਬਾਰ ਪ੍ਰਾਰਥਨਾ ਕਰਤਾ ਥਾ ਬਾਹਰ ਕੱਢੋ, ਮੈਂ ਭਜਨ ਕਰੂੰਗਾ, ਭਗਵਾਨ ਤੁਮਾਰੇ ਪਰ ਵਿਸ਼ਵਾਸ਼ ਨਹੀਂ ਕਰਤਾ ਥਾ, ਔਰ ਕਹਿਤਾ ਥਾ ਤੂੰ ਇਸ ਮਲ ਮੂਤਰ ਸੇ ਨਿਕਲ ਕਰ ਫੇਰ ਮਲ ਮੂਤਰ ਵਾਲੀ ਦੇਹ ਮੇਂ ਮਮਤਾ ਕਰੇਂਗਾ, ਔਰ ਦੇਹ ਕੇ ਪਾਲਨ ਪੋਸ਼ਨ ਮੇਂ ਹੀ ਪਰਸੰਨ ਰਹੇਂਗਾ, ਜੈਸੇ ਵਿਸ਼ਟਾ ਕਾ ਕੀੜਾ ਵਿਸ਼ਟਾ ਮੇਂ ਪਰਸੰਨ ਰਹਿਤਾ ਹੈ, ਪਰੰਤੂ ਤੁਮ ਨੇ ਉਸ ਵਕਤ ਬਹੁਤ ਸੁਗੰਧਾਂ ਖਾਧੀਆਂ, ਔਰ ਭਗਵਾਨ ਕੋ ਕਹਾ ਮੈਂ ਮਲ ਮੂਤਰ ਵਾਲੀ ਦੇਹ ਮੇਂ ਪ੍ਰੀਤੀ ਨਹੀਂ ਕਰੂੰਗਾ, ਤਬ ਭਗਵਾਨ ਨੇ ਤੇਰੇ ਪਰ ਵਿਸ਼ਵਾਸ਼ ਕਰ ਤੇਰੇ ਕੋ ਬਾਹਰ ਨਿਕਾਲਾ, ਅਤੇ ਮਰਨ ਕਾਲ ਮੇਂ ਭੀ ਤੂੰ ਪਰਮੇਸਰ ਕੀ ਕਥਾ ਇਕਾਗਰ ਚਿੰਤ ਕਰ ਨਹੀਂ ਸੁਣਤਾ, ਅਬ ਤੂੰ ਬੁਧੀਮਾਨ ਹੈਂ ਕਿ ਮੂਰਖ ਹੈਂ, ਤਬ ਰਾਜਾ ਪ੍ਰੀਖਤ ਕੋ ਸ਼ਰਮ ਹੂਆ ਔਰ ਦੇਹ ਮੇਂ ਮਮਤਾ ਛੋੜ ਇਕਾਗਰ ਚਿਤ ਕਰ, ਭਾਗਵਤ ਸ੍ਰਵਨ ਕਰ ਮੁਕਤ ਹੂਆ, ਤੋ ਇਸ ਪਰਕਾਰ ਦੇਹ ਅਧਿਆਸ ਬੰਧਨ ਕੋ ਗੁਰੂ ਦਵਾਰਾ ਦੂਰ ਕਰ ਕੇ ਮੁਕਤ ਹੋਣਾ ਚਾਹੀਏ ਗੁਰੂ ਜੀ ਲਿਖਤੇ ਹੈਂ।

**ਮਾਨਸ ਜਨਮ ਬਹੁਰਿ ਨਹਿ ਪਾਵਹਿ ਕਿਛੁ ਉਪਾਉ ਮੁਕਤਿ ਕਾ ਕਰੁਰੇ ॥**
[ਗਉੜੀ ਮ: ੯

ਬਿਦੇਹ ਮੁਕਤੀ ਮੇਂ ਦੇਹ ਰੁਕਾਵਟ ਹੈ ਦੇਹ ਛੂਟਨੇ ਪਰ ਹੀ ਵਿਦੇਹ ਮੁਕਤ ਯਾਨੀ ਬ੍ਰਹਮ ਰੂਪ ਹੋ ਸਕਤਾ ਹੈ, ਪਹਿਲੇ ਨਹੀਂ ਜੈਸੇ ਲਿਖਾ ਹੈ:-

**ਤਸਯ ਤਾਵਦੇਵ ਚਿਰੰ ਯਾਵਤ ਨ ਵਿਮੋਖਸ਼ੇ ਅਥ ਸੰਪਤਸੇ ॥**
[ਛਾਂਦੋਗਯੋਪਨਿਖਦ ਖੰਡ ੧੪ ਅਧਿਆਇ ੬ ਮੰਤ੍ਰ ੨

ਅਰਥ-ਤਿਸ ਵਿਦਵਾਨ ਕੋ ਬ੍ਰਹਮ ਰੂਪ ਹੋਨੇ ਮੇਂ ਤਬ ਤਕ ਦੇਰ ਹੈ ਜਬ ਤਕ ਦੇਹ ਕੋ ਛੋੜਤਾ ਨਹੀਂ ਦੇਹ ਛੂਟਨੇ ਸੇ ਪੀਛੇ ਬ੍ਰਹਮ ਗਿਆਨੀ ਬ੍ਰਹਮ ਮੇਂ ਲੀਨ ਹੋ ਜਾਤਾ ਹੈ।

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥**
[ਗਉੜੀ ਸੁਖਮਨੀ ਅਸਟਪਦੀ ਅਕ ੧੧



ਇਸ ਪ੍ਰਕਾਰ ਨੌ ਬੰਧਨ ਕਥਨ ਕਰੇ ਜਿਸ ਕੇ ਵਾਸਤੇ ਗੁਰੂ ਜੀ ਲਿਖਤੇ ਹੈਂ-

ਅਠੀ ਪਹਰੀ ਅਠ ਖੰਡ ਨਾਵਾ ਖੰਡ ਸਰੀਰ ॥

ਅਰਥ:-ਹੇ ਜਗਯਾਸੂ ਅਠ ਪਹਿਰ ਮੇਂ ਅੰਦਰ ਕੇ ਅਠ ਬੰਧਨ ਖੰਡਨ ਕਰ ਉਨ ਕੇ ਨਾਮ ਯੇਹ ਹੈਂ (੧) ਅਗਿਆਨ। (੨) ਜੀਵ ਭਾਵ। (੩) ਅਹੰਮਮ ਅਧਿਆਸ ਜਿਸ ਕੋ ਚਿਦ ਜੜ ਗ੍ਰੰਥੀ ਭੀ ਕਹਿਤੇ ਹੈਂ (੪) ਸੰਸੇ (੫) ਕਰਮ (੬) ਵਾਸ਼ਨਾ। (੭) ਜਨਮ। (੮) ਮਰਨ ਯੇਹ ਅਠ ਬੰਧਨ ਅੰਦਰ ਕੇ ਹੈਂ ਔਰ ਨਾਵਾਂ ਬੰਧਨ ਸ਼ਰੀਰ ਹੈ ਇਨ ਨੌ ਬੰਧਨੋ ਕੋ ਅਠ ਪਹਿਰੋਂ ਮੇਂ ਖੰਡਨ ਕਰ ਇਨ ਨੌ ਬੰਧਨੋ ਕੇ ਖੰਡਨ ਨਾਲ ਹੀ ਬਾਕੀ ਬੰਧਨ ਖੰਡਨ ਹੋ ਜਾਏਂਗੇ ਜੈਸੇ ਗੁਰੂ ਜੀ ਲਿਖਤੇ ਹੈਂ-

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥** ਜਪੁਜੀ ਸਫਾ ੨

ਅਰਥ:-ਵਿਦਵਾਨ ਕਾ ਚਿਤ ਨੌ ਬੰਧਨੋਂ ਕੇ ਖੰਡਨ ਵਿਚ ਹੀ ਲਗਾ ਹੋਇਆ ਜਾਣਾ ਜਾਤਾ ਹੈ, ਨੌ ਕੇ ਖੰਡਨ ਕਰਨੇ ਸੇ ਬਾਕੀ ਬੰਧਨ ਭੀ ਨਾਲ ਹੀ ਖੰਡਨ ਹੋ ਜਾਤੇ ਹੈਂ। ਪ੍ਰਸ਼ਨ:-ਦੂਸਰੇ ਬੰਧਨ ਕੌਣ ਹੈ ਜੋ ਇਨ ਨੌਂ ਕੇ ਸਾਥ ਹੀ ਖੰਡਨ ਹੋ ਜਾਏਂਗੇ। ਉੱਤਰ-

**ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥**

ਅਰਥ-ਮਾਤਾ ਪਿਤਾ, ਪੁਤਰ, ਧੀਆਂ, ਕਰਮ, ਧਰਮ, ਆਦਿਕ ਜਿਤਨੇ ਭੀ ਬੰਧਨ ਹੈ, ਸੋ ਨੌਂ ਕੇ ਸਾਥ ਹੀ ਖੰਡਨ ਹੋ ਜਾਤੇ ਹੈ। ਇਸ ਪ੍ਰਕਾਰ ਗੁਰੂ ਸ਼ਰਨ ਮੇਂ ਜਾ ਕੇ ਅਧਿਕਾਰੀ ਨੌਂ ਬੰਧਨੋਂ ਕਾ ਖੰਡਨ ਕਰੇ, ਇਸ ਪ੍ਰਕਾਰ ਅੱਠੀ ਪਹਿਰੀ ਅਠ ਖੰਡ ਨਾਵਾਂ ਖੰਡ ਸ਼ਰੀਰ ਕਾ ਪਹਿਲਾ ਅਰਥ ਸਮਾਪਤ ਹੂਆ।

ਅਠੀ ਪਹਰੀ ਅਠ ਖੰਡ ਨਾਵਾ ਖੰਡ ਸਰੀਰ ॥

ਇਸ ਕਾ ਪਹਿਲਾ ਅਰਥ ਆਪ ਜੀ ਕੇ ਮੁਖ ਸੇ ਸੁਣ ਕਰ ਸੰਤ ਤਥਾ ਭਗਤ ਬਹੁਤ ਖੁਸ਼ ਹੂਏ ਆਪ ਕੀ ਵਿਚਿਤ੍ਰ ਬੁਧੀ ਦੇਖ ਕਰ ਆਪ ਕੋ ਫੇਰ ਪ੍ਰਾਰਥਨਾ ਕਰਨੇ ਲਗੇ ਇਸੀ ਪੰਗਤੀ ਕਾ ਅਗਰ ਵੇਦਾਂਤ ਮੇਂ ਦੂਸਰਾ ਭੀ ਅਰਥ ਹੋਵੇ ਤੋ ਵਿਸਤਾਰ ਪੂਰਬਕ ਸੁਨਾਵੋ ਹਮਾਰੇ ਕੋ ਆਪ ਕੇ ਵਚਨ ਸੁਨਤੇ ਤ੍ਰਿਪਤੀ ਨਹੀਂ ਹੋਤੀ, ਸਭ ਕੀ ਤੀਬਰ ਸੁਣਨੇ ਕੀ ਜਗਯਾਸਾ ਦੇਖ ਕਰ ਆਪ ਇਸੀ ਪੰਗਤੀ ਕਾ ਦੂਸਰਾ ਅਰਥ ਕਰਨੇ ਲਗੇ, ਅਠੀ ਪਹਰੀ ਅਠ ਖੰਡ-ਖੰਡ ਪਦ ਕੇ ਦੇਹਲੀ ਦੀਪਕ ਨਯਾਇ ਸੇ ਦੋ ਅਰਥ ਕਰਨੇ, ਖੰਡ ਪਦ ਕਾ ਏਕ ਅਰਥ ਤੋ ਹਿਸਾ ਹੈ, ਦੂਸਰਾ ਅਰਥ "ਖੰਡਨ ਕਰ" ਹੈ, ਈਹਾਂ ਦੋਨੋਂ ਅਰਥ ਕਰਨੇ। ਸੋ ਇਸ ਤਰਹ ਕਰਨੇ ਆਠ ਪਹਿਰੋਂ ਮੇਂ ਆਠ ਹਿੱਸੇ ਵਾਲਾ ਕਾਰਨ ਸੂਖਸ਼ਮ ਸਰੀਰ ਹੈ, ਇਨ ਦੋਨੋਂ ਸਰੀਰੋਂ ਕਾ ਖੰਡਨ ਕਰ-ਇਨ ਦੋਨੋਂ ਮਿਲੇ ਹੂਏ ਸ਼ਰੀਰੋਂ ਕੋ ਪੁਰੀ ਅਸ਼ਟਕਾ ਭੀ ਕਹਿਤੇ ਹੈਂ, ਯੋਗ ਅਭਿਆਸੀ ਏਕ ਸਰੀਰ ਕੋ ਤਿਆਗ ਕਰ ਦੂਸਰੇ ਸਰੀਰ ਮੇਂ ਪੁਰੀ ਅਸਟਕਾ ਪਾਇ ਲੇਤ ਹੈਂ, ਔਰ ਜੋ ਕਾਮ ਕਰਨਾ ਹੋਤਾ ਹੈ ਸੋ ਕਰਤੇ ਹੈਂ ਜੈਸੇ ਮਛਿੰਦਰ ਨਾਥ ਜੀ ਪਹਿਲੇ ਸ਼ਰੀਰ ਸੇ ਪੁਰੀ ਅਸਟਕਾ

ਨਿਕਾਵ ਕਰ ਰਾਜਾ ਕੇ ਸ਼ਰੀਰ ਮੇਂ ਪੁਰੀ ਅਸ਼ਟਕਾ ਪਾਇ ਕਰ ਰਾਜ ਭੋਗ ਕਰਨੇ ਲਗੇ ਥੇ ਗੋਰਖ ਨਾਥ ਜੋ ਵਹਾਂ ਸੇ ਫੇਰ ਲੇ ਆਏ ਥੇ ਪੁਰੀ ਅਸਟਕਾ ਕਹੋ ਯਾ ਅਠ ਖੰਡ ਕਹੋ ਅਰਥ ਏਕ ਜੈਸਾ ਹੈ, ਭਾਵ ਯੇਹ ਹੂਆ ਕਿ ਆਠ ਖੰਡ ਯਾਨੀ ਪੁਰੀ ਅਸ਼ਟਕਾ ਯਾਨੇ ਆਠ ਪੁਰੀਆਂ ਵਾਲੇ ਕਾਰਨ ਸੂਪਸ਼ਮ ਸ਼ਰੀਰੋਂ ਕਾ ਖੰਡਨ ਆਠੋਂ ਪਹਿਰੋਂ ਮੇਂ ਕਰਤੇ ਰਹੋ ਆਠ ਖੰਡ ਯਾਨੀ ਪੁਰੀ ਅਸ਼ਟਕਾ ਯੇਹ ਹੈ, ਵਿਵੇਕ ਚੂੜਾਮਨੀ ਮੇਂ ਲਿਖਾ ਹੈ:-

## ਸਲੋਕ-ਵਾਗਾਦੀ ਪੰਚ, ਸ੍ਰਵਣਾਦੀ ਪੰਚ ਪ੍ਰਾਣਾਦੀ ਪੰਚਾਭ੍ਰ ਮੁਖਾਨੀ ਪੰਚ ॥ ਬੁਧਜਾਦੀ ਅਵਿਦਜਾਪਿ ਚੇ ਕਾਮ ਕਰਮਣੀ ਪੁਰਜਸਟਕੰ ਸੂਖਮ ਸ੍ਰੀਰ ਮਾਹੁ ॥

[ਵਿਵੇਕ ਚੂੜਾਮਣੀ ਸਲੋਕ ੯੮

ਅਰਥ-ਜੀਭਾ ਆਦਿ ਪੰਜ ਕਰਮ ਇੰਦ੍ਰਿਯਾ ਇਕ ਪੁਰੀ ਹੈ, ਕਾਨ ਆਦਿ ਪੰਜ ਗਿਆਨ ਇੰਦ੍ਰਿਯਾਂ ਦੂਸਰੀ ਪੁਰੀ ਹੈ । ਪੰਜ ਪ੍ਰਾਣ ਤੀਸਰੀ ਪੁਰੀ ਹੈ । ਪੰਜ ਸੂਖਮ ਭੂਤ ਚੌਥੀ ਪੁਰੀ ਹੈ। ਮਨ ਬੁਧੀ ਆਦਿ ਚਾਰ ਅੰਤਹ ਕਰਣ ਪੰਜਵੀਂ ਪੁਰੀ ਹੈ ਅਵਿਦਿਆ ਛੇਵੀਂ ਪੁਰੀ ਹੈ। ਕਾਮਨਾ ਯਾਨੇ ਵਾਸ਼ਨਾ ਸਤਵੀਂ ਪੁਰੀ ਹੈ। ਸ਼ੁਭ ਅਸ਼ੁਭ ਕਰਮ ਅਠਵੀਂ ਪੁਰੀ ਹੈ ।

ਇਨ ਮੇਂ ਜੋ ਤੁਮਰੀ ਆਤਸ ਬੁਧੀ ਹੋ ਰਹੀ ਹੈ, ਸੋ ਆਠੋਂ ਪਹਿਰੋਂ ਮੇਂ ਖੰਡਨ ਕਰ ਤਥਾ-ਨਾਵਾਂ ਖੰਡ ਸ਼ਰੀਰ ਯਹਾਂ ਭੀ ਖੰਡ ਪਦ ਕੇ ਪਹਿਲੀ ਤਰਾਂ ਹੀ ਦੋ ਅਰਥ ਕਰਨੇ, ਖੰਡ ਕਾ ਪਹਿਲਾ ਅਰਥ ਹਿਸਾ, ਦੂਸਰਾ ਅਰਥ ਖੰਡਨ ਕਰ ਯਾਨੇ ਨੌਂ ਹਿੱਸਿਆਂ ਵਾਲਾ ਜੋ ਅਸਥੂਲ ਸਰੀਰ ਉਸ ਕਾ ਭੀ ਖੰਡਨ ਕਰ, ਅਰਥ ਯੇਹ ਨਵਾਂ ਖੰਡਾਂ-ਨੌਂ ਹਿੱਸਿਆਂ ਵਾਲੇ ਸਰੀਰ ਮੇਂ ਜੋ ਆਤਮ ਬੁਧੀ ਹੋ ਰਹੀ ਹੈ, ਉਸ ਕਾ ਤੂੰ ਖੰਡਨ ਕਰ ਅਬ ਪਹਿਲੇ ਨੌਂ ਖੰਡਨ ਵਾਲੇ ਅਸਥੂਲ ਸ਼ਰੀਰ ਮੇਂ ਜੋ ਅਹੰਬੁਧੀ ਹੋ ਰਹੀ ਹੈ, ਉਸ ਕੋ ਦਿਖਾਤੇ ਹੈਂ । ਚਾਰ ਵਾਕੀ ਨਾਸਤਕ ਕਹਿਤੇ ਹੈਂ, ਯੇਹ ਅਸਥੂਲ ਸ਼ਰੀਰ ਹੀ ਆਤਮਾ ਹੈ, ਸਭ ਕੋ ਦੇਖਨੇ ਮੇਂ ਭੀ ਆਤਾ ਹੈ, ਕ੍ਰਿਉਂਕਿ ਹਮ ਏਕ ਪ੍ਰਤਜਖਸ ਹੀ ਪ੍ਰਮਾਣ ਮਾਨਤੇ ਹੈਂ ਜੋ ਵਸਤੂ ਦੇਖਨੇ ਮੇਂ ਨਹੀਂ ਆਤੀ ਵਹੁ ਵਸਤੂ ਹੈ ਹੀ ਨਹੀਂ ਅਸਥੂਲ ਸਰੀਰ ਜਿਸ ਮੇਂ ਸਭ ਅਵੈਵ ਪੂਰੇ ਹੈ ਸਭ ਕੋ ਦੇਖਨੇ ਮੇਂ ਆਤੇ ਹੈ ਯਹੀ ਆਤਮਾ ਹੈ ਕਿਉਂਕਿ ਸਭ ਲੋਕ ਕਹਿਤੇ ਹੈਂ ਮੈਂ ਬਾਲਕ ਹੂੰ, ਮੈਂ ਜਵਾਨ ਹੂੰ, ਮੈਂ ਬ੍ਰਿਧ ਹੂੰ, ਮੈਂ ਨਾਮ ਆਤਮਾ ਦਾ ਹੈ, ਬਾਲਕ, ਜਵਾਨ, ਬ੍ਰਿਧ ਸ਼ਰੀਰ ਹੀ ਹੈ ਯਾਤੇ ਯੇਹ ਅਸਥੂਲ ਸ਼ਰੀਰ ਹੀ ਆਤਮਾ ਹੈ, ਔਰ ਮੈਂ ਕਾਲਾ ਹੂੰ, ਮੈਂ ਗੋਰਾ ਹੂੰ, ਮੈਂ ਸਿਆਮ ਹੂੰ, ਮੈਂ ਬ੍ਰਹਮਣ ਹੂੰ, ਮੈਂ ਖਤਰੀ ਹੂੰ, ਮੈਂ ਵੈਸ਼ ਹੂੰ, ਮੈਂ ਮਰਦ ਹੂੰ, ਮੈਂ ਇਸਤਰੀ ਹੂੰ, ਮੈਂ ਮੋਟਾ ਹੂੰ, ਮੈਂ ਪਤਲਾ ਹੂੰ, ਮੈਂ ਲੰਬਾ ਹੂੰ, ਮੈਂ ਛੋਟਾ ਹੂੰ, ਇਤ ਆਦਿ ਜਿਤਨੀਆਂ ਮੈਂ ਮੈਂ ਯਾਨੇਂ ਅਹੰ ਅਹੰ ਬੁਧੀਆਂ ਹੋ ਰਹੀਆਂ ਹੈਂ, ਸੋ ਸਭ ਅਸਥੂਲ ਸ਼ਰੀਰ ਮੇਂ ਹੋ ਰਹੀਆਂ ਹਨ ਤਾਂਤੇ ਅਸਥੂਲ ਸ਼ਰੀਰ ਹੀ ਆਤਮਾ ਹੈ, ਸੋ ਹੇ ਜਗਯਾਸੂ ਯੇਹ ਚਾਰ ਵਾਕੋਂ ਕਾ ਮਤ ਪਹਿਲੇ ਖੰਡਨ ਕਰ । ਇਸ ਜੁਗਤੀ ਸੇ ਖੰਡਨ ਕਰਨਾ ਚਾਹੀਏ ਜੈਸੇ ਅਸਥੂਲ ਸਰੀਰ ਮੇਂ



ਅਹੰਤਾ (ਆਤਮਤਾ) ਹੋਤੀ ਹੈ ਤੈਸੇ ਮਮਤਾ (ਅਨਾਤਮਤਾ) ਭੀ ਅਸਥੂਲ ਸਰੀਰ ਮੇਂ ਹੀ ਹੋਤੀ ਹੈ, ਯਾਨੇ ਮੇਰਾ ਸਰੀਰ ਲੰਬਾ ਹੈ, ਮੇਰਾ ਸਰੀਰ ਛੋਟਾ ਹੈ, ਮੇਰਾ ਸ਼ਰੀਰ ਗੋਰਾ ਹੈ ਮੇਰਾ ਸ਼ਰੀਰ ਸ਼ਿਆਮ ਹੈ, ਮੇਰਾ ਸ਼ਰੀਰ ਬਾਲਕ ਹੈ, ਮੇਰਾ ਸ਼ਰੀਰ ਬਿਰਧ ਹੈ ਇਤਆਦਿ ਜਹਾਂ ਮਮਤਾ ਹੋਤੀ ਹੈ, ਵਹੁ ਆਤਮਾ ਨਹੀਂ ਹੋਤਾ ਉਸ ਸੇ ਆਤਮਾ ਨਿਆਰਾ ਹੋਤਾ ਹੈ, ਜਬ ਕਹਿਤਾ ਹੈ ਯੇਹ ਮੇਰਾ ਸ਼ਰੀਰ ਹੈ ਤਬ ਆਪ ਕੋ ਸਰੀਰ ਸੇ ਨਿਆਰਾ ਸਮਝਤਾ ਹੈ, ਜੈਸੇ ਯਹ ਮੇਰਾ ਘਰ ਹੈ ਐਸਾ ਕਹਿਨੇ ਵਾਲਾ ਭੀ ਅਪਨੇ ਆਪ ਕੋ ਘਰ ਸੇ ਨਿਆਰਾ ਸਮਝਤਾ ਹੈ ਤੈਸੇ ਮੇਰਾ ਸਰੀਰ ਹੈ ਐਸੇ ਕਹਿਨੇ ਵਾਲਾ ਭੀ ਅਪਨੇ ਆਪ ਕੋ ਸਰੀਰ ਸੇ ਨਿਆਰਾ ਕਹਿਤਾ ਹੈ। ਤਾਂਤੇ ਯੇਧ ਅਸਥੂਲ ਸਰੀਰ ਆਤਮਾ ਨਹੀਂ ਔਰ ਜਬ ਆਦਮੀ ਮਰ ਜਾਤਾ ਹੈ ਤਬ ਸਰੀਰ ਰੂਪ ਆਤਮਾ ਕੋ ਸਾੜਤੇ ਕਿਉਂ ਹੈ ? ਕਿਉਂਕਿ ਅਪਨੇ ਆਤਮਾ ਕੋ ਕੋਈ ਭੀ ਪੁਰਸ਼ ਸਾੜਤਾ ਨਹੀਂ ਔਰ ਆਤਮਾ ਅਜਰ ਹੈ ਅਮਰ ਹੈ ਐਸਾ ਸ਼ਾਸਤਰੋਂ ਮੇਂ ਸੁਣਾ ਜਾਤਾ ਹੈ। ਤਾਂਤੇ ਇਸ ਅਨਥੂਲ ਸਰੀਰ ਮੇਂ ਆਤਮਤਾ ਖੰਡਨ ਕਰ ਯੇਹ ਨਾਵਾਂ ਖੰਡ ਸ਼ਰੀਰ ਕਾ ਅਰਥ ਹੈ, ਯਾਨੇ ਨੌ ਖੰਡ ਨੌ ਦਰਵਾਜ਼ੇ ਵਾਲਾ ਜੋ ਅਸਥੂਲ ਸਰੀਰ ਹੈ, ਉਸ ਮੇਂ ਆਤਮ ਬੁਧੀ ਨ ਕਰ ਅਗਰ ਤੁਮਾਰੇ ਕੋ ਆਤਮ ਬੁਧੀ ਹੋ ਰਹੀ ਹੈ ਤੋ ਉਸ ਕੋ ਖੰਡਨ ਕਰ, ਕਿਉਂਕਿ ਯੇਹ ਸ਼ਰੀਰ ਆਤਮਾ ਕਾ ਕੋਸ਼ ਯਾਨੇ ਢਕਨਾ ਹੈ ਇਸ ਕੋ ਸ਼ਾਸ਼ਤਰੋਂ ਮੇਂ ਅਨਮਯ ਕੋਸ਼ ਕਹਿਤੇ ਹੈਂ, ਇਸ ਪਰਕਾਰ ਅਸਥੂਲ ਸਰੀਰ ਕਾ ਖੰਡਨ ਕਰਕੇ ਫ਼ੇਰ ਸੂਖਸ਼ਮ ਸਰੀਰ ਔਰ ਕਾਰਨ ਸਰੀਰ ਜੋ ਅਠ ਖੰਡ ਯਾਨੇ ਅੱਠ ਟੁਕੜੇ ਵਾਲੇ ਹੈਂ ਉਨ ਦੋਨੋਂ ਕਾ ਭੀ ਖੰਡਨ ਕਰ, ਉਨ ਦੋਨੋਂ ਮੇਂ ਭੀ ਪਹਿਲੇ ਸੂਖਸ਼ਮ ਸਰੀਰ ਕੋ ਖੰਡਨ ਕਰ, ਸੂਖਸ਼ਮ ਸਰੀਰ ਮੇਂ ਤੀਨ ਕੋਸ਼ ਹੈਂ ਏਕ ਪ੍ਰਾਣ ਮਯ ਕੋਸ਼, ਦੂਸਰਾ ਮਨ ਮਯ ਕੋਸ਼, ਤੀਸਰਾ ਵਿਗਿਆਨ ਮਯ ਕੋਸ਼ ਹੈ, ਇਨ ਤੀਨੋਂ ਮੇਂ ਜੋ ਪ੍ਰਾਣ ਮਯ ਕੋਸ਼ ਹੈ, ਕੋਈ ਉਸ ਕੋ ਹੀ ਆਤਮਾ ਮਾਨਤਾ ਹੈ, ਉਨ ਮੇਂ ਭੀ ਦੋ ਮਤ ਹੈ, ਏਕ ਤੋਂ ਇੰਦ੍ਰਿਓਂ ਕੋ ਹੀ ਆਤਮਾ ਮਾਨਤਾ ਹੈ, ਔਰ ਕਹਿਤਾ ਹੈ, ਮੈਂ ਦੇਖਤਾ ਹੂੰ ਮੈਂ ਸੁਣਤਾ ਹੂੰ ਮੈਂ ਲੇਤਾ ਹੂੰ ਮੈਂ ਚਲਤਾ ਹੂੰ ਇਸ ਪ੍ਰਕਾਰ ਮੈਂ ਯਾਨੇ ਅਹੰਗਤਾ ਯਾਨੇ ਆਤਮਤਾ ਇੰਦ੍ਰਿਓਂ ਮੇਂ ਮਾਲੂਮ ਹੋ ਰਹੀ ਹੈ, ਕਿਉਂਕਿ ਦੇਖਨੇ ਵਾਲੇ, ਸੁਣਨੇ ਵਾਲੇ, ਲੇਨੇ ਵਾਲੇ, ਚਲਨੇ ਵਾਲੇ ਇੰਦਰਿਯਾਂ ਹੀ ਹੈਂ ਔਰ ਇਨ ਮੇਂ ਹੀ ਮੇਂ ਯਾਨੇ 'ਅਹੰਤਾ' ਕਰਤਾ ਹੈ, ਪ੍ਰੰਤੂ ਯੇਹ ਉਸ ਕਾ ਕਹਿਨਾ ਭਰਮ ਹੈ ਸੋ ਤੂੰ ਖੰਡਨ ਕਰ, ਕਿਉਂਕਿ ਅਸਥੂਲ ਸ਼ਰੀਰ ਕੀ ਤਰ੍ਹਾਂ ਇਨ ਇੰਦ੍ਰਿਓਂ ਮੇਂ ਮਮਤਾ (ਅਨਾਤਮਤਾ) ਭੀ ਹੋਤੀ ਹੈ ਯਾਨੀ ਮੇਰਾ ਪਨ ਹਤਾ ਹੈ, ਤਬ ਹੀ ਲੋਕ ਕਹਿਤੇ ਹੈਂ ਮੇਰੇ ਨੇਤਰ ਖਰਾਬ ਹੈਂ ਮੇਰੇ ਕਾਨ ਬੋਲੇ ਹੈਂ ਮੇਰੇ ਹਾਥ ਕਾਮ ਨਹੀਂ ਕਰ ਸਕਤੇ, ਮੇਰੇ ਪੈਰ ਚਲਤੇ ਨਹੀਂ ਇਸ ਪ੍ਰਕਾਰ ਸਭ ਇੰਦ੍ਰਿਓਂ ਕੋ ਮੇਰੇ ਮੇਰੇ ਕਹਿਤਾ ਰਹਿਤਾ ਹੈ, ਸੋ ਆਪ ਉਨ ਸੇ ਅਪਨੇ ਕੋ ਜੁਦਾ ਕਰ ਕਹਿ ਰਹਾ ਹੈ, ਜੈਸੇ ਕੋਈ ਕਹੇ ਯਹ ਮੇਰਾ ਮਕਾਨ ਹੈ, ਤਬ ਵਹੁ ਕਹਿਨੇ ਵਾਲਾ ਅਪਨੇ ਆਪ ਕੋ ਮਕਾਨ ਸੇ ਜੁਦਾ ਕਰ, ਕਹਿ ਰਹਾ ਹੈ ਜਿਸ ਮੇਂ ਮੇਰ ਹੋਤੀ ਹੈ ਵੁਹ ਆਤਮਾ ਨਹੀਂ ਹੋਤਾ ਔਰ ਮੇਰੇ ਨੇਤਰ ਇਸ ਪ੍ਰਕਾਰ ਨੇਤ੍ਰਾਦੀ ਇੰਦ੍ਰਿਓਂ ਮੇਂ ਮੇਰ ਹੋ ਰਹੀ ਹੈ ਇਸ ਵਾਸਤੇ ਉਨ

ਮੇਂ ਆਤਮਤਾ ਨਹੀਂ ਹੈ ਅਗਰ ਤੁਮ ਕੋ ਇੰਦ੍ਰਿਓਂ ਮੇਂ ਆਤਮਤਾ ਹੈ, ਤੋ ਇਨ ਯੁਕਤੀਓਂ ਸੇ ਖੰਡਨ ਕਰ, ਜਬ ਇਸ ਪ੍ਰਕਾਰ ਇੰਦ੍ਰਿਓਂ ਮੇਂ ਆਤਮਤਾ ਖੰਡਨ ਕਰੀ ਤਬ ਪ੍ਰਾਣਵਾਦੀ ਕਹਿਨੇ ਲਗੇ ਠੀਕ ਇੰਦਰੇ ਆਤਮਾ ਨਹੀਂ ਪ੍ਰਾਣ ਹੀ ਆਤਮਾ ਹੈ, ਕਿਉਂਕਿ ਜਬ ਤਕ ਸਰੀਰ ਮੇਂ ਪਰਾਣ ਰਹਤੇ ਹੈਂ, ਤਬ ਤਕ ਸਭ ਵਿਵਹਾਰ ਹੋਤਾ ਰਹਿਤਾ ਹੈ, ਔਰ ਸ਼ਰੀਰ ਕਾ ਮਾਨ ਕਦਰ ਭੀ ਹੋਤਾ ਰਹਿਤਾ ਹੈ, ਜੈਸੇ ਰਾਜਾ ਕਰਕੇ ਰਾਜਾ ਕੇ ਨੌਕਰੋਂ ਕਾ ਭੀ ਮਾਨ ਹੋਤਾ ਰਹਿਤਾ ਹੈ, ਔਰ ਜਬ ਪ੍ਰਾਣ ਰੂਪ ਆਤਮਾ ਸਰੀਰ ਸੇ ਨਿਕਲ ਜਾਤਾ ਹੈ, ਤੋ ਸਰੀਰ ਇਕ ਦਮ ਗਿਰ ਜਾਤਾ ਹੈ ਮੁਰਦਾ ਹੋ ਜਾਤਾ ਹੈ, ਮੁਰਦਾ ਜਾਨ ਕਰ ਕੋਈ ਸਰੀਰ ਕੋ ਜਲਾ ਦੇਤੇ ਹੈਂ, ਕੋਈ ਜਲ ਮੇਂ ਡੁਬਾਤੇ ਹੈਂ ਕੋਈ ਕੁਤਿਆਂ ਕੋ ਖਿਲਾਤੇ ਹੈਂ, ਕੋਈ ਜਮੀਨ ਮੇਂ ਦਬਾਤੇ ਹੈਂ, ਪ੍ਰਾਣ ਸੇ ਬਿਨਾ ਇਸ ਪ੍ਰਕਾਰ ਸਰੀਰ ਕੀ ਦੁਰਦਸ਼ਾ ਹੋਤੀ ਹੈ, ਪ੍ਰਾਣ ਕੇ ਹੋਨੇ ਸੇ ਇਸ ਕੋ ਵਸਤ੍ਰ ਭੂਸ਼ਨ ਪਹਿਰਾਏ ਜਾਤੇ ਹੈਂ, ਖਾਨ ਪਾਨ ਸੇ ਪੁਸ਼ਟ ਕੀਆ ਜਾਤਾ ਹੈ, ਤਾਂਤੇ ਸ਼ਰੀਰ ਮੇਂ ਪ੍ਰਾਣ ਹੀ ਸਾਰ ਹੈਂ ਵੋਹੁ ਹੀ ਆਤਮਾ ਹੈਂ ਔਰ ਲੋਕ ਭੀ ਕਹਿਤੇ ਹੈਂ, ਮੈਂ ਭੂਖਾ ਹੂੰ, ਮੈਂ ਪਿਆਸਾ ਹੂੰ, ਭੂਖ ਪਿਆਸ ਪ੍ਰਾਣੋਂ ਕੋ ਹੀ ਲਗਤੀ ਹੈ, ਔਰ ਕਿਸੀ ਕੋ ਨਹੀਂ ਯਾਂਤੇ ਮੈਂ ਭੂਖਾ ਕਹਿਣੇ ਸੇ ਪ੍ਰਾਣ ਹੀ ਆਤਮਾ ਸਿਧ ਹੂਏ, ਤਾਂਤੇ ਪ੍ਰਾਣ ਹੀ ਆਤਮਾ ਹੈਂ ਤਿਸ ਕੋ ਭੀ ਹੇ ਅਧਿਕਾਰੀ ਤੂੰ ਖੰਡਨ ਕਰ ਕਿਉਂਕਿ ਅਹੰਤਾ (ਆਤਮਤਾ) ਕੀ ਤਰਾਂ ਮਮਤਾ (ਅਨਾਤਮਤਾ) ਭੀ ਪ੍ਰਾਣੋਂ ਮੇਂ ਦੇਖੀ ਜਾਤੀ ਹੈ, ਲੋਕ ਕਹਿਤੇ ਹੈਂ ਮੇਰੇ ਪ੍ਰਾਣ ਬੜੇ ਦੁਖੀ ਹੈਂ ਈਹਾਂ ਮੇਰੇ ਪ੍ਰਾਣ ਕਹਿਨੇ ਸੇ, ਪ੍ਰਾਣੋਂ ਸੇ ਅਪਨੇ ਆਪ ਕੋ ਜੁਦਾ ਕਹਿ ਰਹਾ ਹੈ, ਯਾਂਤੇ ਪ੍ਰਾਣ ਆਤਮਾ ਨਹੀਂ ਇਸ ਪ੍ਰਕਾਰ ਪ੍ਰਾਣ ਮਯ ਕੋਸ਼ ਕੋ ਭੀ ਖੰਡਨ ਕਰਨਾ ਚਾਹੀਏ, ਤਬ ਦੂਸਰਾ ਵਾਦੀ ਕਹਿਨੇ ਲਗਾ ਠੀਕ ! ਠੀਕ !! ਜੜ ਹੋਨੇ ਸੇ ਪ੍ਰਾਣ ਤੋ ਆਤਮਾ ਨਹੀਂ ਹੋ ਸਕਤੇ ਪ੍ਰੰਤੂ ਮਨ ਤੋ ਆਤਮਾ ਹੈ, ਕਿਉਂਕਿ ਮਨ ਬਿਨਾ ਇੰਦ੍ਰੀਓਂ ਮੇਂ ਕੋਈ ਗਿਆਨ ਨਹੀਂ ਹੋਤਾ ਆਦਮੀ ਕਹਿਤੇ ਭੀ ਹੈ, ਮਾਫ ਕਰਨਾ ਮੈਂ ਨੇ ਆਪ ਕੋ ਦੇਖਾ ਨਹੀਂ ਮੇਰਾ ਮਨ ਦੂਸਰੇ ਪਾਸੇ ਲਗਾ ਹੂਆ ਥਾ, ਔਰ ਸੁਖ ਦੁਖ ਕਾ ਗਿਆਨ ਭੀ ਮਨ ਕੋ ਹੀ ਹੋਤਾ ਹੈ, ਇੰਦਰੀ ਔਰ ਪ੍ਰਾਣੋਂ ਕੋ ਸੁਖ ਦੁਖ ਕਾ ਗਿਆਨ ਨਹੀਂ ਹੋ ਸਕਤਾ, ਔਰ ਸੁਖ ਦੁਖ ਮਨ ਕੇ ਹੀ ਧਰਮ ਹੈ, ਲੋਕ ਭੀ ਕਹਿਤੇ ਹੈਂ ਮੈਂ ਸੁਖੀ ਹੂੰ, ਮੈਂ ਦੁਖੀ ਹੂੰ, ਯਾਤੇ ਸੁਖੀ ਦੁਖੀ ਮਨ ਹੀ ਆਤਮਾ ਸਿਧ ਹੋਤਾ ਹੈ, ਔਰ ਬੰਧ ਮੋਖਸ਼ ਭੀ ਮਨ ਕੇ ਅਧੀਨ ਲਿਖਾ ਹੈ, ਯਾਂਤੇ ਭੀ ਮਨ ਹੀ ਆਤਮਾ ਸਿਧ ਹੋਤਾ ਹੈ, ਇਸ ਪ੍ਰਕਾਰ ਜੋ ਮਨ ਕੋ ਆਤਮਾ ਕਹਿਤੇ ਹੈਂ ਤੂੰ ਉਨ ਕੋ ਭੀ ਖੰਡਨ ਕਰ ਮਨ ਆਤਮਾ ਨਹੀਂ ਹੋ ਸਕਤਾ, ਕਿਉਂਕਿ ਮਮਤਾ ਭੀ ਮਨ ਮੇਂ ਹੀ ਹੋਤੀ ਹੈ, ਲੋਕ ਕਹਿਤੇ ਹੈਂ ਮੇਰਾ ਮਨ ਬੜਾ ਦੁਸ਼ਟ ਹੈ, ਮੇਰਾ ਮਨ ਕਹਿਨੇ ਵਾਲਾ ਅਪਨੇ ਆਪ ਕੋ ਮਨ ਸੇ ਜੁਦਾ ਜਣਾਤਾ ਹੈ, ਮੇਰੇ ਮਕਾਨ ਦੀ ਨਿਆਈਂ ਜੈਸੇ ਕੋਈ ਮੇਰਾ ਮਕਾਨ ਕਹੇ ਵਹੁ ਅਪਨੇ ਆਪ ਕੋ ਮਕਾਨ ਸੇ ਜੁਦਾ ਜਤਾਤਾ ਹੈ ਤਾਤੇ ਮਨ ਭੀ ਆਤਮਾ ਨਹੀਂ, ਜਬ ਮਨ ਕਾ ਖੰਡਨ ਕਰਾ ਤਬ ਵਿਗਿਆਨ ਵਾਦੀ ਬੋਧ ਕਹਿਨੇ ਲਗਾ ਠੀਕ ! ਠੀਕ !! ਮਨ ਆਤਮਾ ਨਹੀਂ ਪ੍ਰੰਤੂ ਵਿਗਿਆਨ ਯਾਨੀ ਬੁਧੀ ਹੀ ਆਤਮਾ ਹੈ, ਵੇਦ ਭਗਵਾਨ ਭੀ ਕਹਿਤਾ ਹੈ ।



## ਅਨਯੋ ਅੰਤਰ ਆਤਮਾ ਵਿਗਿਆਨ ਮਯ: ।

[ਤੈਤ੍ਰੇਯੋਪਨਿਖਦ ਬ੍ਰਹਮਾਨੰਦ ਵੱਲੀ ੪ ਅਨੁਵਾਕ

ਅਰਥ–ਯੇਹ ਹੈ ਇਸ ਮਨੋ ਮਯ ਸੇ ਨਿਆਰਾ, ਔਰ ਮਨੋ ਮਯ ਕੇ ਅੰਦਰ ਆਤਮਾ, ਵਿਗਿਆਨ ਮਯ ਹੈ ਯਾਨੀ ਬੁਧੀ ਹੈ, ਔਰ ਲੋਗ ਭੀ ਕਹਿਤੇ ਹੈਂ ਮੈਂ ਕਰਤਾ ਹੂੰ, ਮੈਂ ਭੋਗਤਾ ਹੂੰ, ਮੈਂ ਪ੍ਰਲੋਕ ਮੇਂ ਜਾਤਾ ਹੂੰ ਔਰ ਵਹਾਂ ਸੇ ਵਾਪਸ ਆਤਾ ਹੂੰ ਸੋ ਯੇਹ ਸਭ ਕਾਮ ਬੁਧੀ ਕਰਤੀ ਹੈ ਯਾਂਤੇ ਬੁਧੀ ਹੀ ਆਤਮਾ ਹੈ, ਐਸੇ ਮਾਨਨੇ ਵਾਲੇ ਕੋ ਭੀ ਹੇ ਜਗਿਆਸੂ ਤੂੰ ਖੰਡਨ ਕਰ ਕਿ ਬੁਧੀ ਆਤਮਾ ਨਹੀਂ ਹੈ, ਕਿਉਂਕਿ ਇਸ ਮੇਂ ਭੀ ਮਮਤਾ ਯਾਨੇ ਅਨਾਤਮਤਾ ਮਾਲੂਮ ਹੋ ਰਹੀ ਹੈ, ਸਭ ਲੋਕ ਕਹਿਤੇ ਹੈਂ ਕਿ ਮੇਰੀ ਬੁਧੀ ਬੜੀ ਮੰਦ ਹੈ ਦੂਸਰਾ ਕਹਿਤਾ ਹੈ, ਮੇਰੀ ਬੁਧੀ ਬੜੀ ਤੇਜ ਹੈ, ਮੇਰੀ ਮੇਰੀ ਕਹਿਨੇ ਸੇ ਬੁਧੀ ਮੇਂ ਭੀ ਅਨਾਤਮਤਾ ਹੈ ਔਰ ਵੇਦ ਭਗਵਾਨ ਭੀ ਕਹਿਤਾ ਹੈ ।

## ਅਨਯੋ ਅੰਤਰ ਆਤਮਾ ਆਨੰਦਮਯ: ॥

[ਤੈਤ੍ਰੇਯੋਪਨਿਖਦ ਬ੍ਰਹਮਾਨੰਦ ਵੱਲੀ ੫ ਅਨੁਵਾਕ

ਇਸ ਬੁਧੀ ਸੇ ਭਿੰਨ ਅਰ ਬੁਧੀ ਕੇ ਅੰਦਰ ਆਨੰਦਮਯ ਆਤਮਾ ਹੈ, ਯਾਂਤੇ ਬੁਧੀ ਆਤਮਾ ਨਹੀਂ ਤਬ ਕੋਈ ਵਾਦੀ ਕਹਿਨੇ ਲਗਾ ਠੀਕ ! ਠੀਕ !! ਬੁਧੀ ਆਤਮਾ ਨਹੀਂ ਆਨੰਦ ਮਯ ਹੀ ਆਤਮਾ ਹੈ, ਆਨੰਦ ਮਯ ਕੋ ਕਾਰਨ ਸਰੀਰ ਭੀ ਕਹਿਤੇ ਹੈਂ, ਅਗਿਆਨ ਭੀ ਕਹਿਤੇ ਹੈਂ, ਅਵਿਦਿਆ ਭੀ ਕਹਿਤੇ ਹੈਂ ਔਰ ਸਭ ਲੋਕ ਕਹਿਤੇ ਹੈਂ ਕਿ ਰਾਤ ਕੋ ਮੈਂ ਐਸੇ ਸੁਖ ਸੇ ਸੋਇਆ ਜੋ ਮੁਝ ਕੋ ਕੁਝ ਭੀ ਖਬਰ ਨ ਹੂਈ ਕੁਝ ਖਬਰ ਨ ਹੋਣਾ ਇਸ ਕਾ ਨਾਮ ਅਗਿਆਨ ਹੈ ਔਰ ਉਸ ਕੋ ਮਾਯਾ ਭੀ ਕਹਿਤੇ ਹੈਂ, ਯਾਨੇ ਮਾਇਆ ਰੂਪ ਅਗਿਆਨ ਹੀ ਆਤਮਾ ਹੈ, ਅਗਰ ਕੋਈ ਐਸਾ ਵਾਦੀ ਕਹੇ ਤੋ ਹੇ ਜਗਯਾਸੂ ਤੂੰ ਉਸ ਕਾ ਭੀ ਖੰਡਨ ਕਰ, ਔਰ ਉਸ ਕੋ ਕਹੁ ਅਗਿਆਨ ਆਤਮਾ ਨਹੀਂ, ਆਤਮਾ ਤੋ ਗਿਆਨ ਸਰੂਪ ਚੇਤਨ ਸਰੂਪ ਹੈ, ਤਥਾ ਮਾਯਾ ਕੋ ਸ਼ਾਸਤ੍ਰ ਮੇਂ ਅਸਤ ਰੂਪ, ਜੜ੍ਹ ਰੂਪ ਔਰ ਦੁਖ ਰੂਪ ਲਿਖਾ ਹੈ, ਔਰ ਆਤਮਾ ਕੋ ਸਚਿਦਾ ਨੰਦ ਸਰੂਪ ਕਹਾ ਹੈ, ਯਾਤੇ ਮਾਇਆ ਰੂਪ ਅਨੰਦ ਮਯ ਕੋਸ਼ ਭੀ ਆਤਮਾ ਨਹੀਂ, ਕਿੰਤੂ ਸੁਖੋਪਤਿ ਅਵਸਥਾ ਮੇਂ ਮਾਇਆ ਰੂਪ ਅਗਿਆਨ ਕੇ ਜਾਨਣੇ ਵਾਲਾ ਸਾਖੀ ਆਤਮਾ ਹੈ, ਵੋਹ ਅਜਰ ਅਮਰ ਪਰੀ ਪੂਰਨ ਬ੍ਰਹਮ ਸਰੂਪ ਹੈ, ਉਸ ਕੋ ਆਤਮਾ ਨਿਸਚੇ ਕਰ, ਐਸੇ ਆਤਮਾ ਕੇ ਨਿਸਚੇ ਕਰਨੇ ਵਾਸਤੇ ਔਰ ਆਤਮਾ ਕੇ ਉਪਰ ਆਏ ਜੋ ਤੀਨ ਸ਼ਰੀਰ ਰੂਪ ਪੜਦੇ ਹੈਂ, ਯਾਨੇ ਪੰਜ ਕੋਸ਼ ਹੈਂ ਉਨ ਕੇ ਖੰਡਨ ਵਾਸਤੇ ਗੁਰੂ ਜੀ ਨੇ ਯੇਹ ਤੁਕ ਲਿਖੀ ਹੈ ।

**ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥** [ਮਾਝ ਸ: ਮ: ੨ ਸਫਾ ੧੪੬

ਆਠ ਟੁਕੜੇ ਵਾਲਾ ਕਾਰਨ ਸਰੀਰ ਔਰ ਸੂਖਸ਼ਮ ਸਰੀਰ ਹੈ ਔਰ ਨੌਖੰਡ ਯਾਨੇ ਨੌ ਦਰਵਾਜੇ ਵਾਲਾ ਅਸਥੂਲ ਸਰੀਰ ਹੈ ਯੇਹ ਤੀਨੋਂ ਸਰੀਰ ਆਤਮਾ ਕੀ ਉਪਾਧੀ ਹੈ ਤਾਂਤੇ ਪ੍ਰਮੇਸ਼ਰ ਸੇ ਜੁਦਾ ਕਰਨੇ ਯਾਨੇ ਆਤਮਾ ਕੋ ਪ੍ਰਮਾਤਮਾ ਸੇ ਜੁਦਾ ਕਰਨੇ ਵਾਲੇ ਹੈਂ,

ਵਾਲ਼ੇ ਇਨ ਸਰੀਰੋਂ ਕਾ ਖੰਡਨ ਕਰਨਾ ਜ਼ਰੂਰੀ ਹੈ, ਇਨ ਤੀਨੋਂ ਸ਼ਰੀਰੋਂ ਕੋ ਖੰਡਨ ਕਰਕੇ, ਇਨ ਤੀਨੋਂ ਸ਼ਰੀਰੋਂ ਕਾ ਆਧਾਰ ਔਰ ਇਨ ਕਾ ਪ੍ਰਕਾਸ਼ਕ ਜੋ ਸਾਖੀ ਆਤਮਾ ਹੈ ਉਸ ਕੋ ਗੁਰੂ ਦਵਾਰਾ ਜਾਣ ਕਰ, ਮੁਕਤ ਹੋ ਜਾਓ ਯਹ ਗੁਰੂ ਜੀ ਕਾ ਤਾਤਪਰਜ ਹੈ। ਯਹ ਅਰਥ ਸੁਣ ਕਰ ਸੰਤ ਲੋਕ ਅਰ ਭਗਤ ਲੋਕ ਬਹੁਤ ਖੁਸ਼ ਹੋਏ ਔਰ ਪ੍ਰਾਰਥਨਾ ਸੇ ਕਹਿਨੇ ਲਗੇ, ਆਤਮਾ ਕੀ ਪਹਿਲੀ ਉਪਾਧੀ ਜੋ ਅਵਿਦਿਆ ਯਾਨੇ ਮਾਇਆ ਹੈ, ਉਸ ਕਾ ਕਿਆ ਸਰੂਪ ਹੈ ? ਤਬ ਆਪ ਕਹਿਣੇ ਲਗੇ ਮਾਇਆ ਕਾ ਸਰੂਪ ਅਨਰਵਚਨੀ ਹੈ ਯਾਨੇ ਅਸਾਂ ਮਾਯਾ ਕੋ ਨ ਸਤ ਕਹਿ ਸਕਤੇ ਹੈਂ ਨ ਅਸੱਤ ਕਹਿ ਸਕਦੇ ਹੈਂ, ਨ ਸਤ ਅਸੱਤ ਦੋਨੋਂ ਰੂਪ ਕਹਿ ਸਕਤੇ ਹੈਂ, ਨ ਮਾਯਾ ਕੋ ਬ੍ਰਹਮ ਸੇ ਭਿੰਨ ਕਹਿ ਸਕਤੇ ਹੈਂ, ਨ ਅਭਿੰਨ ਕਹਿ ਸਕਤੇ ਹੈਂ, ਨ ਭਿੰਨ ਅਭਿੰਨ ਦੋਨੋਂ ਰੂਪ ਕਹਿ ਸਕਤੇ ਹੈਂ, ਔਰ ਇਸ ਮਾਇਆ ਕੋ ਨ ਸਵੇਵ ਨਾ ਨਿਰਵੇਵ ਕਹਿ ਸਕਤੇ ਹੈਂ ਨ ਸਵੇਵ ਨਿਰਵੇਵ ਦੋਨੋਂ ਰੂਪ ਕਹਿ ਸਕਤੇ ਹੈਂ ਨ ਉਸ ਕੀ ਆਦਿ ਕਹਿ ਸਕਤੇ ਹੈਂ ਕਿ ਮਾਯਾ ਕਹਾਂ ਸੇ ਪੈਦਾ ਹੂਈ ਜਾਂਤੇ ਯੇਹ ਮਾਇਆ ਅਨਰਵਚਨੀ ਹੈ, ਜਾਂਨੇ ਕਹਿਨੇ ਸੇ ਬਾਹਿਰ ਹੈ, ਫਿਰ ਯੇਹ ਮਾਇਆ ਕੈਸੀ ਹੈ, ਜੋ ਬਾਤ ਕਿਸੀ ਸੂਰਤ ਸੇ ਨ ਬਣੇ ਉਸ ਕੋ ਮਾਯਾ ਬਣਾ ਭੀ ਦੇਤੀ ਹੈ ਜੈਸੇ ਬ੍ਰਹਮ ਅਖੰਡ ਹੈ, ਉਸ ਮੇਂ ਕੋਈ ਟੁਕੜਾ ਨਹੀਂ, ਪਰ ਇਸ ਮਾਯਾ ਨੇ ਉਸ ਬ੍ਰਹਮ ਕੋ ਭੀ ਤੀਨ ਟੁਕੜੇ ਕਰ ਦੀਆ ਬ੍ਰਹਮ ਕਾ ਪਹਿਲਾ ਟੁਕੜਾ ਈਸ਼ਵਰ ਹੈ ਦੂਸਰਾ ਜੀਵ ਹੈ, ਤੀਸਰਾ ਜਗਤ ਹੈ, ਐਸੇ ਤੀਨ ਟੁਕੜੇ ਕਰ ਦੀਏ ਐਸੇ ਅਗਿਆਨੀਓਂ ਕੋ ਯੇਹ ਤੀਨ ਟੁਕੜੇ ਦਿਖਾਈ ਦੇਤੇ ਹੈਂ, ਗਿਆਨੀਓਂ ਕੋ ਨਹੀਂ ਗਿਆਨੀਉਂ ਕੋ ਤੋ:-

## ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ ॥

ਇਹ ਮਾਇਆ ਈਸ਼ਵਰ ਕੋ ਤੋ ਨਹੀਂ ਭੁਲਾਤੀ, ਪਰ ਜੀਵ ਕੋ ਭੁਲਾ ਦੇਤੀ ਹੈ, ਜੀਵ ਤੋ ਆਪਣੇ ਆਪ ਸੇ ਭੀ ਭੂਲ ਜਾਤਾ ਹੈ, 'ਮਾਯਾ' ਇਸ ਪਦ ਕਾ ਅਖਰੀ ਅਰਥ ਇਹ ਹੈ, ਉਲਟਾ ਕਰਕੇ ਅਰਥ ਕਰਨਾ, ਯਾ ਔਰ ਮਾ, ਯਾ ਕਹੀਏ ਜੋ, ਮਾ ਕਹੀਏ ਨ ਹੋਵੇ ਔਰ ਪ੍ਰਤੀਤ ਹੋਵੇ ਯਾਨੇ ਦਿਖਾਈ ਆਵੇ, ਉਸਕਾ ਨਾਮ ਮਾਇਆ ਹੈ, ਉਸਕਾ ਸਰੂਪ ਅਚਰਜ ਭੀ ਹੈ । ਕਥਾ-ਸ੍ਰੀ ਗੁਰੂ ਨਾਨਕ ਦੇਵ ਜੀ ਘੂਮਤੇ ਘੂਮਤੇ ਜਬ ਲਾਹੌਰ ਮੇਂ ਪਹੁੰਚੇ, ਰਾਵੀ ਕੇ ਕਿਨਾਰ ਆ ਕਰ ਬੈਠ ਗਏ ਵਹਾਂ ਏਕ ਮੁਲਤਾਨੀ ਰਾਮ ਪ੍ਰੇਮੀ ਆਇਆ, ਜੋ ਹਰ ਏਕ ਸੰਤ ਕੀ ਸੇਵਾ ਕਰਤਾ ਥਾ, ਨਾਲ ਮਾਯਾ ਕਾ ਸਰੂਪ ਹਰ ਏਕ ਸੰਤ ਸੇ ਪੂਛਾ ਕਰਤਾ ਥਾ, ਔਰ ਸਾਥ ਹੀ ਕਹਿਤਾ ਥਾ ਵੋਹ ਮਾਇਆ ਮੇਰੇ ਕੋ ਦਿਖਾ ਭੀ ਦਿਓ, ਪਰੰਤੂ ਕਿਸੀ ਸੰਤ ਨੇ ਭੀ ਉਸ ਕੀ ਕਾਮਨਾ ਪੂਰੀ ਨਹੀਂ ਕਰੀ, ਮਾਇਆ ਕੇ ਦੇਖਨੇ ਕੀ ਉਸ ਕੋ ਤੀਬਰ ਇਛਾ ਹੋ ਰਹੀ ਥੀ, ਜਬ ਗੁਰੂ ਨਾਨਕ ਦੇਵ ਜੀ ਆਏ ਸੇਵਾ ਕਰੀ ਮਾਇਆ ਕੇ ਸੁਰੂਪ ਕੋ ਅਸਚਰਜ ਸੁਨ ਕਰ, ਗੁਰੂ ਜੀ ਸੇ ਪ੍ਰਾਰਥਨਾ ਕਰੀ ਕਿ ਵੋਹ ਮੁਝ ਕੋ ਦਿਖਾਓ, ਗੁਰੂ ਜੀ ਉਸ ਕੋ ਬਹੁਤ



ਟਾਲਤੇ ਰਹੇ, ਪ੍ਰੰਤੂ ਉਸ ਨੇ ਬਹੁਤ ਹਠ ਕਰਾ ਤਬ ਗੁਰੂ ਜੀ ਨੇ ਕਹਾ ਹਛਾ ਦਰਿਆ ਮੇਂ ਅਸ਼ਨਾਨ ਕਰੋ ਔਰ ਮਾਇਆ ਦੇਖ ਲੋ, ਵੋਹ ਕਪੜੇ ਉਤਾਰ ਕਰ ਅਪਨੀ ਮਾਲਾ ਲੋਟਾ ਸਭ ਸਾਮਿਗਰੀ ਬਾਹਰ ਰਖ ਕਰ ਟੁੱਬੀ ਲਗਾਨੇ ਗਿਆ ਤੋ ਕਿਆ ਦੇਖਾ ਕਿ ਮੇਰੇ ਕੋ ਮਗਰ ਮਛ ਨੇ ਪਕੜ ਲੀਆ ਹੈ, ਮਛ ਉਸ ਕੋ ਮੁਲਤਾਨ ਕੀ ਤਰਫ ਲੇ ਗਿਆ, ਮੁਲਤਾਨ ਕੇ ਲੋਕ ਭੀ ਦਰਿਆ ਤੇ ਨਿਮਾਣੀ ਇਕਾਦਸ਼ੀ ਦਾ ਇਸ਼ਨਾਨ ਕਰਨੇ ਆਏ, ਦਰਿਆ ਮੁਲਤਾਨ ਸੇ ਕੁਛ ਦੂਰ ਸੀ ਮੁਲਤਾਨ ਕਾ ਏਕ ਸ਼ਾਹੂਕਾਰ ਅਪਨੀ ਇਸਤ੍ਰੀ ਸਹਿਤ ਦਰਿਆ ਪਰ ਅਸ਼ਨਾਨ ਕਰਨੇ ਆਇਆ, ਜਬ ਮਛ ਨੇ ਮੁਲਤਾਨੀ ਰਾਮ ਕੋ ਪਕੜ ਲੀਆ ਥਾ ਉਸ ਵਕਤ ਮੁਲਤਾਨੀ ਰਾਮ ਕੀ ਉਮਰ ੨੧ ਬਰਸ ਕੀ ਥੀ ਔਰ ਘਰ ਮੇਂ ਮਾਤਾ ਪਿਤਾ, ਇਸਤ੍ਰੀ ਔਰ ਏਕ ਪੁਤਰ ਭੀ ਹੂਆ ਥਾ, ਮਾਯਾ ਰੂਪੀ ਮਛ ਨੇ ਨਿਗਲ ਕਰ ਮੁਲਤਾਨ ਮੇਂ ਜਾਕਰ ਉਸੀ ਵਕਤ ਗਰਭ ਸੇ ਨਿਕਲਾ ਬਾਲਕ ਬਨਾ ਕਰ ਆਪਨੇ ਮੂੰਹ ਸੇ ਬਾਹਰ ਕੱਢ ਦੀਆ ਬਾਲਕ ਕੋ ਦੇਖ ਕਰ ਸੇਠ ਸੇਠਾਨੀ ਬੜੇ ਪ੍ਰਸੰਨ ਹੂਏ, ਕਿਓਂ ਕਿ ਉਨ ਕੋ ਔਲਾਦ ਨਹੀਂ ਸੀ ਬਾਲਕ ਕੋ ਉਠਾ ਲੀਆ, ਖੁਸ਼ ਹੋਏ ਔਰ ਅਪਨਾ ਪੁਤਰ ਜਾਨ ਕਰ ਵਧਾਈਆਂ ਬਾਂਟਨੇ ਲਗੇ, ਛਠੀ ਕਰੀ ਨਾਮ ਮੁਲਤਾਨੀ ਰਾਮ ਰਖਾ, ਸਰਕਾਰੇ ਮੇਂ ਜਾਕਰ ਨਾਮ ਮੁਲਤਾਨੀ ਰਾਮ ਲਿਖਾ ਦੀਆ । ਫੇਰ ਬਾਲਕ ਕੋ ਪਾਲਤੇ ਰਹੇ, ਬੜਾ ਹੂਆ ਉਸ ਕੋ ਸਭ ਵਿਦਿਆ ਉਰਦੂ ਫਾਰਸੀ ਆਦਿ ਪੜ੍ਹਾਈ ਜਬ ਬੜਾ ਹੂਆ ਤਬ ਮੁਲਤਾਨੀ ਰਾਮ ਨੇ ਆਪਨੇ ਪਿਤਾ ਕੀ ਦੁਕਾਨ ਦਾ ਸਭ ਕਾਮ ਸੰਭਾਲ ਲੀਆ ਮੁਲਤਾਨੀ ਰਾਮ ਕਾ ਸੁਭਾ ਬੜਾ ਸੀਤਲ, ਸਾਧੂ ਸੇਵੀ, ਸਤਯਵਾਦੀ ਥਾ, ਜਬ ਇਕੀ ਸਾਲ ਕੀ ਅਵਸਥਾ ਮੁਲਤਾਨ ਮੇਂ ਰਹਿਤੇ ਹੋ ਗਈ, ਤੋ ਮਲਤਾਨ ਕੇ ਰਹਿਨੇ ਵਾਲਾ ਹਰੀ ਦਾਸ ਨਾਮੀ ਏਕ ਸਾਧੂ, ਵਾਂਸਲੀ ਮੇਂ ਸੌ ਪਉਂਡ ਲਿਆ ਕਰ ਮੁਲਤਾਨੀ ਰਾਮ ਕੇ ਪਾਸ ਅਮਾਨਤ ਰਖੀ, ਔਰ ਕਹਾ ਮੈਂ ਤੀਰਥ ਯਾਤਰਾ ਕਰਕੇ ਵਾਪਸ ਆ ਕਰ ਲੂੰਗਾ, ਉਸ ਕੀ ਵਾਂਸਲੀ ਤ੍ਰਿਜੌੜੀ ਕੇ ਨੀਚਲੇ ਖਾਨੇ ਮੇਂ ਰਖ ਲੀ ਸੰਤ ਹਰੀ ਦਾਸ ਜੀ ਤੀਰਥ ਯਾਤਰਾ ਕੋ ਚਲੇ ਗਏ । ਇਕੀ ਸਾਲ ਕੇ ਬਾਦ ਫੇਰ ਨਮਾਣੀ ਇਕਦਾਸ਼ੀ ਆਈ ਮੁਲਤਾਨੀ ਰਾਮ ਦਰਿਆ ਪਰ ਅਸ਼ਨਾਨ ਕਰਨੇ ਗਿਆ ਉਸੀ ਮਛ ਨੇ ਫੇਰ ਫੜ ਲੀਆ ਔਰ ਲਾ ਕਰ ਲਾਹੌਰ ਮੇਂ ਨਿਕਾਲ ਦੀਆ, ਬਾਹਰ ਨਿਕਲਾ ਤੋ ਵਹੁ ਪਹਿਲੇ ਰੂਪ ਮੇਂ ਹੀ ਯਾਨੇ ਇਕੀਸ ਬਰਸ ਦੀ ਉਮਰ ਮੇਂ ਹੀ ਬਾਹਰ ਨਿਕਲਾ ਕਿਆ ਦੇਖਤਾ ਹੈ ਕੇ ਵੁਹੀ ਗੁਰੂ ਨਾਨਕ ਬੈਠੇ ਹੈਂ, ਵੁਹੀ ਮਾਲਾ ਕਪੜੇ ਔਰ ਲੋਟਾ ਪੜਾ ਹੈ, ਮੁਲਤਾਨੀ ਰਾਮ ਸਭ ਕੋ ਦੇਖ ਕਰ ਭਰਮ ਗਿਆ ਕਿ ਯੇਹ ਕਪੜੇ ਮੇਰੇ ਹੈਂ ਯਾ ਔਰ ਕਿਸੀ ਕੇ ਹੈਂ ਉਨ ਕੇ ਪਾਸ ਲਾਹੌਰ ਵਾਲੇ ਮਿਤਰ ਖੜੇ ਸੀ, ਉਨ ਕੋ ਪੂਛਨੇ ਲਗਾ ਯੇਹ ਕਪੜੇ ਕਿਸ ਕੇ ਹੈਂ, ਵੁਹ ਕਹਿਨੇ ਲਗੇ ਕਿਆ ਤੂ ਪਾਗਲ ਹੈਂ ਜੋ ਪੂਛਤਾ ਹੈਂ ਕਿਸਕੇ ਕਪੜੇ ਹੈਂ ? ਤੇਰੇ ਹੈਂ ਔਰ ਕਿਸਕੇ ਹੈਂ ? ਤੋ ਵੁਹ ਕਹਿਨੇ ਲਗਾ ਮੈਂ ਕੌਣ ਹੂੰ ਔਰ ਕਹਾਂ ਕਾ ਰਹਿਨੇ ਵਾਲਾ ਹੂੰ?

ਕਹਿਨੇ ਲਗੇ ਤੂੰ ਮੁਲਤਾਨੀ ਰਾਮ ਲਾਹੌਰ ਕੇ ਰਹਿਨੇ ਵਾਲਾ ਹੈ । ਮੈਨੇ ਤੋ ਲਾਹੌਰ ਕਭੀ ਦੇਖਾ ਹੀ ਨਹੀਂ ਮੈਂ ਤੋ ਮੁਲਤਾਨ ਕੇ ਰਹਿਨੇ ਵਾਲਾ ਹੂੰ। ਲੋਕ ਉਸ ਕੋ ਪਕੜ ਕਰ ਲੇ ਗਏ, ਮੈਨੇ ਕਭੀ ਯੇਹ ਸ਼ਹਿਰ ਦੇਖਾ ਤੋ ਹੈ, ਪਰ ਆਇਆ ਤੋ ਕਭੀ ਨਹੀਂ ਫੇਰ ਕਹਿਨੇ ਲਗਾ ਮੇਰੇ ਕੋ ਚੂੰਡੀ ਮਾਰੋ ਮੈਂ ਸੋਇਆ ਤੋ ਨਹੀਂ ਜਾਗਤਾ ਹੂੰ, ਮੇਰੇ ਕੋ ਕਹਾਂ ਲੇ ਜਾ ਰਹੇ ਹੋ। ਮਿਤਰੋਂ ਨੇ ਕਹਾ ਤੁਮਾਰੇ ਕੋ ਤੁਮਾਰੇ ਘਰ ਲੇ ਜਾ ਰਹੇ ਹੈਂ । ਕਹਿਨੇ ਲਗਾ ਮੇਰਾ ਘਰ ਮੁਲਤਾਨ ਮੇਂ ਹੈ ਲਾਹੌਰ ਮੇਂ ਨਹੀਂ, ਵਹ ਕਹਿਨੇ ਲਗੇ ਅਰੇ ਪਾਗਲ ਮੁਲਤਾਨ ਤੋ ਤੇਰੇ ਬਾਪ ਦਾਦਾਂ ਨੇ ਭੀ ਨਹੀਂ ਦੇਖਾ ਤੈਨੇ ਕਬ ਦੇਖ ਲੀਆ ਕਿਆ ਭੰਗ ਤੋ ਨਹੀਂ ਪੀ ਲੀ ਕਹਿਨੇ ਲਗਾ ਨਹੀਂ ਮੈਂ ਮੁਲਤਾਨ ਮੇਂ ਦੁਕਾਨ ਕਰਤਾ ਹੂੰ ਮੇਰਾ ਵਹਾਂ ਘਰ ਹੈ ਇਸਤ੍ਰੀ ਹੈ ਪੁਤਰ ਹੈ, ਲੋਗੋਂ ਨੇ ਕਹਾ ਇਸ ਕਾ ਮਗਜ਼ ਹਿਲ ਗਿਆ ਹੈ, ਇਸ ਕੋ ਘਰ ਛੋੜ ਆਓ ਉਸ ਕੋ ਘਰ ਲੇ ਗਏ ਉਸਕੀ ਲਾਹੌਰ ਵਾਲੀ ਮਾਂ ਨੇ ਕਹਾ ਪੁਤਰ ਦਰਿਆ ਸੇ ਜਲਦੀ ਆ ਗਿਆ ਸੁਖ ਤੋ ਹੈ, ਆਗੇ ਤੋ ਦੇਰ ਸੇ ਆਤਾ ਥਾ ਇਸਤ੍ਰੀ ਕਹਿਨੇ ਲਗੀ ਤੁਸੀਂ ਅਜ ਦਰਿਆ ਤੇ ਨਹੀਂ ਗਏ ਕਿ ਜਲਦੀ ਆ ਗਏ ਹੋ ? ਵੁਹ ਕਹਿਨੇ ਲਗਾ ਤੁਸੀਂ ਮੇਰੇ ਕੀਹ ਲਗਦੇ ਹੋ ? ਮਾਂ ਨੇ ਕਹਾ ਮੈਂ ਤੇਰੀ ਮਾਂ ਹੂੰ ਯਹ ਤੇਰੀ ਵਹੁਟੀ ਹੈ ਕਿਆ ਭੂਲ ਗਿਆ ? ਕਹਿਨ ਲਗਾ ਮੇਰੀ ਵਹੁਟੀ ਤੋ ਮੁਲਤਾਨ ਮੇਂ ਹੈ, ਇਨ ਕੋ ਦੇਖਾ ਤੋ ਹੈ ਐਸਾ ਕਹਿ ਰੋਨੇ ਲਗ ਗਿਆ ਲੋਗ ਕਠੇ ਹੋ ਗਏ ਇਤਨੇ ਮੇਂ ਉਸ ਕਾ ਪਿਉ ਭੀ ਆ ਗਿਆ ਦੇਖਾ ਘਰ ਮੇਂ ਕਿਆ ਰੌਲਾ ਹੈ ? ਪੁਤਰ ਕੋ ਬੜਾ ਬੁਲਾਇਆ ਤੋ ਪੁਤਰ ਕਹਿਨੇ ਲਗਾ ਮੇਰਾ ਘਰ ਤੋ ਮੁਲਤਾਨ ਮੇਂ ਹੈ, ਯਹਾਂ ਨਹੀਂ ਮੈਂ ਤੁਮ੍ਹਾਰਾ ਪੁਤਰ ਨਹੀਂ, ਫੇਰ ਬੜੇ ਝਾੜੇ ਟੂਣੇ ਕਰਾਏ ਪਰ ਗੁਰੂ ਨਾਨਕ ਕੀ ਮਾਇਆ ਨਾ ਉਤਰੀ, ਮੁਲਤਾਨੀ ਰਾਮ ਕੋ ਮਾਇਆ ਨੇ ਬੜਾ ਵਿਆਕੁਲ ਕੀਆ, ਖਾਨ ਪਾਨ ਸਭ ਛੁਟ ਗਿਆ ਮੁਲਤਾਨ ਕੇ ਸਭ ਬੰਦੋਂ ਕੋ ਯਾਦ ਕਰ ਕਰ ਰੋਤਾ ਰਹਾ, ਬਹੁਤ ਦਿਨ ਤਕ ਲੋਕ ਸਮਝਾਤੇ ਰਹੇ ਕਿ ਤੂੰ ਲਾਹੌਰ ਕਾ ਰਹ਼ਿਨੇ ਵਾਲਾ ਹੈਂ ਇਹ ਤੇਰੀ ਦੁਕਾਨ ਹੈ, ਇਹ ਮਾਂ ਹੈ ਤੋ ਕਹਿਨੇ ਲਗਾ ਹਛਾ ਮੈਂ ਯਹਾਂ ਕਾ ਰਹਿਨੇ ਵਾਲਾ ਹੀ ਹੂੰ ਉਹ ਸ਼ਾਇਦ ਸੁਪਨੇ ਮੇਂ ਦੇਖਾ ਹੋਗਾ, ਔਰ ਲਾਹੌਰ ਕੀ ਦੁਕਾਨ ਮੈਂ ਮੁਲਤਾਨ ਕੇ ਕੁਲ ਸੰਬੰਧੀਓਂ ਕੋ ਭੂਲਾ ਕਰ ਨਿਸਚਿੰਤ ਹੋ ਕਰ ਕਾਮ ਕਰਨੇ ਲਗਾ ਅਬ ਮੁਲਤਾਨ ਕੀ ਵਾਰਤਾ ਸੁਣੋ ਜਬ ਲੋਕ ਅਸ਼ਨਾਨ ਕਰਕੇ ਸ਼ਹਿਰ ਮੇਂ ਗਏ ਤੋ ਲੋਗੋਂ ਨੇ ਕਹਾ, ਕਿ ਮੁਲਤਾਨੀ ਰਾਮ ਅਸ਼ਨਾਨ ਕਰਤਾ ਜਲ ਮੇਂ ਡੂਬ ਗਿਆ ਉਸ ਕੇ ਮਾਤਾ ਪਿਤਾ ਵਿਰਲਾਪ ਕਰ ਕੇ ਰੋਨੇ ਲਗੇ, ਇਸਤ੍ਰੀ ਨੇ ਸਿਰ ਮੇਂ ਮਿਟੀ ਪਾ ਲੀ ਵਿਧਵਾ ਵੇਸ ਬਣਾ ਲੀਆ, ਔਰ ਦਰਿਆ ਮੇਂ ਜਾਲ ਪਵਾ ਕਰ ਤਲਾਸ਼ ਕੀ ਪਟ ਮੁਲਤਾਨੀ ਰਾਮ ਨ ਮਿਲਾ ਤੋ, ਉਸ ਕੀ ਕਿਰਿਆ ਕਰਮ ਕਰਾਕੇ ਰੋ ਪਿਟ ਕਰ ਬੈਠ ਗਏ, ਫੇਰ ਕੁਛ ਦਿਨ ਬਾਦ ਸੰਤ ਹਰੀ ਦਾਸ ਜੀ ਜੋ ਮੋਹਰੋਂ ਕੀ ਵਾਂਸਲੀ ਰਖ ਗਏ ਸੀ, ਵੋਹ ਅਪਨੀ ਅਮਾਨਤ ਲੇਨੇ ਆਏ, ਪੂਛਾ ਮੁਲਤਾਨੀ ਰਾਮ ਕਹਾਂ ਹੈ ? ਮੈਂ ਸੰ ਗਿਨੀ ਅਮਾਨਤ ਰਖ ਗਿਆ ਥਾ ਦਿਓ ਵਹੀਆਂ ਦੇਖੀਆਂ ਤੋ ਵਹੀਆਂ ਮੇਂ ਅਮਾਨਤ ਨ ਨਿਕਲੀ, ਤ੍ਰਿਜੋੜੀ ਮੇਂ ਦੇਖਾ ਤੋ ਭੀ ਨ ਨਿਕਲੀ, ਉਨੋਂ ਨੇ



ਜਵਾਬ ਦੀਆ, ਤੂੰ ਝੂਠ ਬੋਲਦਾ ਹੈ, ਤੇਰੀ ਅਮਾਨਤ ਕੋਈ ਨਹੀਂ। ਤਬ ਹਰੀ ਦਾਸ ਨੇ ਜਾਕਰ ਸਰਕਾਰ ਮੇਂ ਰਪੋਟ ਕਰੀ ਕੇਸ ਚਲਤਾ ਰਹਾ, ਆਖਰ ਵੋਹ ਕੇਸ ਲਾਹੌਰ ਮੇਂ ਬੜੇ ਸੂਬੇ ਕੇ ਪਾਸ ਪਹੁੰਚਾ । ਸੰਤ ਹਰੀਦਾਸ ਮੁਕੱਦਮੇ ਕੀ ਪੈਰਵੀ ਕਰਨੇ ਲਾਹੌਰ ਆਇਆ, ਅਨਾਰਕਲੀ ਮੇਂ ਪਹੁੰਚਾ ਤੋ ਸਾਹਮਨੇ ਵਾਲੀ ਦੁਕਾਨ ਪਰ ਮੁਲਤਾਨੀ ਰਾਮ ਕੋ ਦੇਖ ਲੀਆ, ਸੰਤ ਬੜੇ ਪ੍ਰਸੰਨ ਹੋਏ ਮੁਲਤਾਨੀ ਰਾਮ ਕੋ ਕਹਾ ਤੂੰ ਤੋ ਮਰ ਗਿਆ ਥਾ, ਏਥੇ ਕੈਸੇ ਆ ਗਿਆ, ਕਹਿਨੇ ਲਗਾ ਮੈਂ ਭੀ ਹੈਰਾਨ ਹੂੰ ਕਈ ਦਿਨ ਰੋਤਾ ਰਿਹਾ ਹੂੰ ਮੁਲਤਾਨ ਮੁਲਤਾਨ ਕਹਿਤਾ ਰਹਾ ਹੂੰ ਸਭ ਲੋਕੋਂ ਨੇ ਮੇਰੇ ਕੋ ਪਕਾ ਕਰਾ ਹੈ ਕਿ ਤੂੰ ਲਾਹੌਰ ਕਾ ਹੈ ਅਬ ਦਸੋ ਕਿ ਮੈਂ ਲਾਹੌਰ ਕਾ ਹੂੰ ਕਿ ਮੁਲਤਾਨ ਕਾ ਹੂੰ, ਉਸ ਨੇ ਕਹਾ ਤੂੰ ਮੁਲਤਾਨ ਕਾ ਹੈਂ ਤੁਮ ਕੋ ਸੌ ਪਾਊਂਡ ਕੀ ਵਾਂਸਲੀ ਦਿਤੀ ਸੀ ਯਾਦ ਹੈ ਕਹਾਂ ਹੈ ? ਵੁਹ ਤੋ ਵਹਾਂ ਹੀ ਤ੍ਰਿਜੋੜੀ ਕੇ ਨੀਚਲੇ ਖਾਨੇ ਮੇਂ ਪੜੀ ਹੈ ਮੇਰੇ ਬਾਪ ਕੋ ਕਹੋ ਕਢ ਦੇਵੇ ਸੰਤ ਹਰੀ ਦਾਸ ਜੀ ਬੜੇ ਪ੍ਰਸੰਨ ਹੋਏ ਵਹਾਂ ਸੇ ਚਿਠੀ ਲਿਖਾ ਕਰ ਮੁਲਤਾਨ ਪਹੁੰਚੇ, ਚਿਠੀ ਦਿਖਾਈ ਉਨੋਂ ਨੇ ਕਿਹਾ ਅਖਰ ਤੋ ਮੇਰੇ ਪੁਤਰ ਕੇ ਹੈਂ, ਤੁਮ ਨੇ ਕਹਾਂ ਦੇਖਾ ? ਕਹਿਨੇ ਲਗਾ ਲਾਹੌਰ ਮੇਂ, ਉਸ ਨੇ ਕਹਾ ਹਮ ਕੋ ਦਿਖਾਓ, ਸੰਤ ਜੀ ਉਸ ਕੇ ਮਾਤਾ ਪਿਤਾ ਸਭ ਪ੍ਰਵਾਰ ਕੋ ਲੇਕਰ ਲਾਹੌਰ ਪਹੁੰਚੇ, ਮੁਲਤਾਨੀ ਰਾਮ ਕੋ ਦੇਖ ਕਰ ਬਹੁਤ ਖੁਸ਼ ਹੋਏ, ਅਬ ਮੁਲਤਾਨੀ ਰਾਮ ਸਭ ਕੋ ਪਛਾਨਤਾ ਹੈ, ਉਸ ਕੋ ਪਤਾ ਨਾ ਲਗੇ ਆਖਰ ਮੁਲਤਾਨ ਵਾਲੋਂ ਨੇ ਭੀ ਵਹਾਂ ਹੀ ਘਰ ਕਰਾਏ ਲੇ ਲੀਆ, ਕਿ ਧੀਰੇ ਧੀਰੇ ਸਮਝਾ ਕਰ ਲੈ ਜਾਵੇਂਗੇ, ਅਰ ਮੁਲਤਾਨੀ ਰਾਮ ਸੇ ਬੜਾ ਪ੍ਰੇਮ ਕਰਨੇ ਲਗੇ ਮੁਲਤਾਨੀ ਰਾਮ ਭੀ ਦਿਨ ਕੋ ਲਾਹੌਰ ਵਾਲੋਂ ਕੇ ਪਾਸ ਔਰ ਰਾਤ ਕੋ ਮੁਲਤਾਨ ਵਾਲੋਂ ਕੇ ਪਾਸ ਰਹਾ ਕਰੇ, ਉਸ ਕੀ ਸਮਝ ਮੇਂ ਕੁਛ ਨ ਆਵੇ, ਲਾਹੌਰ ਵਾਲੇ ਵਿਚਾਰਨੇ ਲਗੇ ਰਾਤ ਕੋ ਕਹਾਂ ਰਹਿਤਾ ਹੈ ? ਘਰ ਕਿਉਂ ਨਹੀਂ ਆਤਾ ? ਉਨੋਂ ਨੇ ਜਾਸੂਸ ਛੋੜੇ ਜਾਸੂਸ ਆ ਕਰ ਦੇਖ ਗਏ, ਔਰ ਭੇਦ ਪਾ ਕੇ ਉਸ ਕੇ ਮਾਤਾ ਪਿਤਾ ਕੋ ਦਸ ਦੀਆ ਕਿ ਫਲਾਨੀ ਜਗਾ ਬੈਠਾ ਹੈ, ਵਹਾਂ ਹੀ ਉਸ ਕੇ ਮਾਤਾ ਪਿਤਾ ਇਸਤ੍ਰੀ ਪਹੁੰਚ ਗਏ, ਵੁਹ ਕਹੇਂ ਹਮਾਰਾ ਲੜਕਾ ਹੈ ਯੇਹ ਕਹੇਂ ਹਮਾਰਾ ਹੈ, ਬੜਾ ਝਗੜਾ ਹੂਆ ਵੁਹ ਮੁਲਤਾਨੀ ਰਾਮ ਕੋ ਉਧਰ ਖੈਂਚੇ, ਯੇਹ ਇਧਰ ਖੈਂਚੇ ਖੂਬ ਲਾਠੀ ਚਲ ਪੜੀ, ਮੁਕੱਦਮਾ ਸ਼ੁਰੂ ਹੋ ਗਿਆ ਸੂਬੇ ਨੇ ਦੋਨੋਂ ਕੋ ਸਮਝਾਇਆ, ਪਰੰਤੂ ਫੈਸਲਾ ਕੁਛ ਨ ਹੂਆ ਵੁਹ ਮੁਕੱਦਮਾ ਬਾਦਸ਼ਾਹ ਕੇ ਪਾਸ ਗਿਆ, ਏਕ ਹੀ ਤਾਰੀਖ ਨਿਕਲ ਆਈ, ਜਨਮ ਕੀ ਸ਼ਾਦੀ ਕਾ ਭੀ ਏਕ ਹੀ ਦਿਨ ਨਿਕਲਾ ਬਾਦਸ਼ਾਹ ਨੇ ਕਈ ਨਜੂਮੀ ਜੋਤਸ਼ੀ ਬਿਠਾਏ, ਪਰ ਕੋਈ ਪਤਾ ਨ ਲਗਾ ਆਖਰ ਬਾਦਸ਼ਾਹ ਨੇ ਕਹਾ ਕਿ ਮੁਝ ਸੇ ਫੈਸਲਾ ਨਹੀਂ ਹੋਤਾ ਤੁਮ ਜਾਣੋ, ਬਾਲਕ ਕੋ ਇਕ ਪਾਸੇ ਸੇ ਲਾਹੌਰ ਵਾਲੇ ਖਿਚੇਂ ਦੂਸਰੇ ਪਾਸ਼ੇ ਮੁਲਤਾਨ ਵਾਲੇ ਖਿਚੇਂ, ਮੁਲਤਾਨੀ ਰਾਮ ਬੜਾ ਦੁਖੀ ਹੂਆ । ਤਬ ਮੁਲਤਾਨੀ ਰਾਮ ਨੇ ਗੁਰੂ ਜੀ ਕੋ ਬਾਰੰਬਾਰ ਪੁਕਾਰ ਕਰੀ, ਬਹੁਤ ਲੋਕ ਕਠੇ ਹੋ ਰਹੇ

ਹਨ ਬਾਲਕ ਕੋ ਦੋਨੋਂ ਤਰਫ ਸੰਬੰਧੀਓਂ ਨੇ ਪਕੜ ਰਖਾ ਹੈ, ਤਬ ਗੁਰੂ ਨਾਨਕ ਦੇਵ ਜੀ ਨੇ ਸਭ ਕੋ ਬਿਠਲਾਯਾ, ਔਰ ਦੋਨੋਂ ਸੰਬੰਧੀਓਂ ਕੇ ਬੀਚ ਮੇਂ ਲੜਕੇ ਕੋ ਬਿਠਲਾਇਆ ਔਰ ਸਭ ਕੋ ਕਹਾ ਕਿ ਅੱਖੀਆਂ ਮੀਟ ਲੋ, ਹਰੇ ਰਾਮ ਹਰੇ ਰਾਮ ਕੀ ਧੁਨੀ ਕਰੋ, ਸਭ ਨੇ ਅੱਖੀਆਂ ਮੀਟ ਲਈਆਂ ਹਰੇ ਰਾਮ ਕੀ ਧੁਨੀ ਕਰੀ, ਫੇਰ ਨੇਤ੍ਰ ਖੁਲਾਏ, ਸਭ ਨੇ ਦੇਖਾ ਦੋ ਮੁਲਤਾਨੀ ਰਾਮ ਬੈਠੇ ਹਨ, ਏਕ ਲਾਹੌਰ ਵਾਲੋਂ ਮੇਂ ਏਕ ਮੁਲਤਾਨ ਵਾਲੋਂ ਮੇਂ ਬੈਠਾ ਹੈ, ਸਭ ਹੈਰਾਨ ਹੂਏ ਕਹਿਨੇ ਲਗੇ ਯਹ ਕਿਆ ਹੂਆ, ਗੁਰੂ ਜੀ ਨੇ ਮੁਲਤਾਨੀ ਰਾਮ ਸੇ ਪੂਛਾ, ਮਾਇਆ ਦੇਖੀ ਤਾਂ ਮੁਲਤਾਨੀ ਰਾਮ ਕਹਿਨੇ ਲਗਾ, ਮਹਾਰਾਜ ਅਪਨੀ ਮਾਇਆ ਸਮਾਪਤ ਕਰੋ, ਆਪ ਕੀ ਮਾਯਾ ਨੇ ਸਭ ਕੋ ਭੁਲਾਇਆ ਹੈ, ਆਪ ਨੇ ਹੀ ਹਮਾਰੀ ਰਖਿਆ ਕਰੀ ਹੈ।

**ਮਾਇਆ ਮੋਹਿ ਸਭੇ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥ ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥**

[ਆਸਾ ਮ: ੫ ਸਫਾ ੩੯੪

ਜਬ ਸਭ ਅਪਨੇ ੨ ਘਰ ਚਲੇ ਗਏ, ਮੁਲਤਾਨੀ ਰਾਮ ਹੈਰਾਨ ਹੀ ਰਹਾ, ਦੂਸਰੇ ਦਿਨ ਲਾਹੌਰ ਵਾਲਾ ਮੁਲਤਾਨੀ ਰਾਮ ਫੇਰ ਗੁਰੂ ਜੀ ਪਾਸ ਆਯਾ ਤਬ ਉਸ ਨੇ ਆ ਕਰ ਗੁਰੂ ਜੀ ਕੋ ਨਮਸਕਾਰ ਕਰੀ, ਔਰ ਕਹਾ ਮਹਾਰਾਜ ਕਲ ਕਾ ਵਿਵਾਦ ਕਿਸ ਤਰ੍ਹਾਂ ਹੂਆ ਥਾ, ਗੁਰੂ ਜੀ ਨੇ ਕਹਾ ਯੇਹ ਮਾਇਆ ਥੀ, ਹੂਆ ਕੁਛ ਨਹੀਂ ਥਾ, ਤੂੰ ਯਹਾਂ ਕਾ ਯਹਾਂ ਹੀ ਬੈਠਾ ਰਹਾ, ਤੁਮ ਨੇ ਜੋ ਕਹਾ ਮਾਇਆ ਦਿਖਾਓ, ਸੋ ਆਧੀ ਘੜੀ ਮੇਂ ਸੁਪਨ ਕੀ ਨਿਆਈਂ ਤੁਮ ਕੋ ਮੁਲਤਾਨ ਮੇਂ ਜਨਮ ਸੇ ਲੇ ਪੁਤ੍ਰ ਪ੍ਰਜੰਤ ਔਰ ਲਾਹੌਰੀਓਂ ਕੇ ਸਾਥ ਝਗੜਾ ਕਰਨਾ ਪੰਚਾਇਤ ਕਠੀ ਕਰਨੀ, ਬਾਦਸ਼ਾਹੀ ਅਦਾਲਤ ਮੇਂ ਜਾਨਾ, ਔਰ ਘਸੀਟ ਕਰ ਤੇਰੇ ਕੋ ਈਹਾਂ ਮੇਰੇ ਪਾਸ ਲੈ ਆਨਾ, ਯੇਹ ਸਭ ਤੇਰੇ ਕੋ ਮਾਇਆ ਦੁਵਾਰਾ ਝੂਠਾ ਹੀ ਅਨਭਵ ਕਰਾਇਆ ਪਰ ਤੁਮ ਕੋ ਤੁਮ੍ਹਾਰੇ ਸਬੰਧੀਓਂ ਕੋ ਸਤ ਹੀ ਪਰਤੀਤ ਹੂਆ, ਪ੍ਰੰਤੂ ਸਭ ਕੁਛ ਨਹੀਂ ਥਾ, ਤੂੰ ਯਹਾਂ ਕਾ ਯਹਾਂ ਹੀ ਬੈਠਾ ਰਹਾ ਜੈਸੇ ਜਿਸ ਕੋ ਸੁਪਨੇ ਆਤਾ ਹੈ, ਵਹੁ ਆਪਨੇ ਘਰ ਮੇਂ ਪਲੰਘ ਪੁਰ ਹੀ ਸੋਯਾ ਰਹਿਤਾ ਹੈ, ਪਰੰਤੂ ਸੁਪਨਾ ਮੇਂ ਅਪਨੇ ਕੋ ਅਨੇਕ ਜਗਾ ਭਰਮਣ ਕਰਤਾ ਔਰ ਨਾਨਾ ਪ੍ਰਕਾਰ ਕਾ ਵਿਵਹਾਰ ਕਰਤਾ ਹੂਆ ਸੁਖੀ ਦੁਖੀ ਅਪਨੇ ਕੋ ਦੇਖਤਾ ਹੈ ਔਰ ਮੰਜੇ ਪਰ ਜੋ ਪੜਾ ਹੂਆ ਆਪ ਹੀ ਹੋਤਾ ਹੈ ਸੋ ਕ੍ਰਿਆ ਰਹਿਤ ਹੋਤਾ ਹੈ। ਪ੍ਰੰਤੂ ਸੁਪਨੇ ਕਾ ਅਨਭਵ ਉਸ ਕੋ ਸਭ ਹੋਤਾ ਹੈ, ਤੈਸੇ ਤੁਮ ਕੋ ਮੁਲਤਾਨ ਆਦਿ ਸਭ ਅਨਭਵ ਕਰਾ ਦੀਆ, ਵੋਹ ਸਭ ਸੁਪਨੰਤਰ ਮਾਇਆ ਸੀ ਇਸ ਮੇਂ ਤੂੰ ਭੂਲ ਗਿਆ, ਇਸ ਸੇ ਗੁਰੂ ਹੀ ਰਖਿਆ ਕਰ ਸਕਤੇ ਹੈਂ ਇਸ ਵਾਸਤੇ ਯੇਹ ਜੀਵ ਸਤਸੰਗ ਮੇਂ ਜਾ ਕਰ ਛੂਟ ਸਕਤਾ ਹੈ:-

**ਪ੍ਰਮਾਣ-ਮੋਹਨੀ ਮੋਹਤ ਰਹੈ ਨ ਹੋਰੀ ॥ ਸਾਧਿਕ ਸਿਧ ਸਗਲ ਕੀ ਪਿਆਰੀ ਟੂਟੈ ਨ ਕਾਹੂ ਕੀ ਤੋਰੀ ॥੧॥ ਰਹਾਉ ॥ ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ**



**ਨ ਛੋਰੀ ॥ ੧ ॥ ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥ ਸਾਧ ਸੰਗਤਿ ਨਾਨਕ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥ ੨ ॥ ੩੭ ॥ ੬੦ ॥**

[ਸਾਰਗ ਮ: ੫ ਸਫਾ ੧੨੧੬

ਗੁਰੂ ਜੀ ਕਹਿਨੇ ਲਗੇ ਹੇ ਮੁਲਤਾਨੀ ਰਾਮ ! ਜਿਸ ਤਰ੍ਹਾਂ ਮੁਲਤਾਨੀ ਸੰਬੰਧੀਓਂ ਕਾ ਆਧੀ ਘੜੀ ਕੇ ਅੰਦਰ ਤੇਰੇ ਕੋ ਮਾਯਾ ਦਵਾਰਾ ਇਕੀਸ ਬਰਸ ਕਾ ਝੂਠਾ ਹੀ ਅਨਭਵ ਹੂਆ ਹੈ, ਤੈਸੇ ਈਸ਼੍ਵਰ ਰਚਿਤ ਇਸ ਸਾਰੇ ਸੰਸਾਰ ਕਾ ਤਥਾ ਲਾਹੌਰ ਕੇ ਸੰਬੰਧੀਓਂ ਕਾ ਵਾਸ਼ਨਾ ਕੇ ਬੇਗ ਸੇ ਤੇਰੇ ਕੋ ਝੂਠਾ ਹੀ ਅਨਭਵ ਹੋ ਰਹਾ ਹੈ। ਸਭ ਸੰਸਾਰ ਝੂਠ। ਇਸ ਮੇਂ ਗੁਰੂ ਪ੍ਰਮਾਣ:-

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**

[ਆਸਾ ਵਾਰ ਮ: ੧ ਸਫਾ ੪੬੮

ਇਨ ਪ੍ਰਮਾਣੋਂ ਸੇ ਯੇਹ ਮਾਲੂਮ ਹੋ ਰਹਾ ਹੈ ਕਿ ਕੂੜੇ ਪਦਾਰਥ ਸਤ ਵਸਤੂ ਕੋ ਭੁਲਾ ਦੇਤੇ ਹੈਂ, ਜਿਸ ਤਰ੍ਹਾਂ ਮੁਲਤਾਨੀ ਰਾਮ ਤੇਰੇ ਕੋ ਆਧੀ ਘੜੀ ਮੇਂ ਪੈਦਾ ਹੋਏ ਮੁਲਤਾਨ ਕੇ ਸੰਬੰਧੀ ਪਿਆਰੇ ਲਗ ਰਹੇ ਥੇ, ਔਰ ਇਕੀਸ ਬਰਸ ਵਾਲੇ ਲਾਹੌਰ ਕੇ ਸਚੇ ਸੰਬੰਧੀ, ਤੇਰੇ ਕੋ ਭੁਲ ਗਏ ਸੀ ਤੈਸੇ ਮਾਇਆ ਕਰਕੇ ਇਸ ਜੀਵ ਕੋ-

**ਦਾਤਿ ਪਿਆਰੀ ਵਿਸਰਿਆ ਦਾਤਾਰਾ ॥**

[ਧਨਾਸਰੀ ਮ: ੫ ਸਫਾ ੬੭੬

ਇਹ ਮਾਇਆ ਹੈ ' ਪ੍ਰਮਾਨ :-

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥ ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ ॥**

[ਰਾਮ: ਮ: ੩ ਅਨੰਦ ਸਫਾ ੯੨੧

ਤਾਂਤੇ ਤੂੰ ਭੀ ਸੰਸਾਰ ਕੇ ਝੂਠੇ ਪਦਾਰਥੋਂ ਕਾ ਮੋਹ ਛੋੜ ਕਰ, ਗੁਰੂ ਸ਼ਰਨ ਮੇਂ ਜਾ ਕਰ ਪਰਮੇਸ਼ਰ ਕੇ ਵਾਸਤਵ ਸਰੂਪ ਯਾਨੇ ਅਦੁਤੀ ਭਾਵ ਕੋ ਨਿਸਚੇ ਕਰ। ਪ੍ਰਮਾਣ:-

**ਏਕੋ ਰੇ ਹਰਿ ਏਕੋ ਜਾਨ, ਏਕੋ ਰੇ ਗੁਰਮੁਖਿ ਜਾਨ ॥ ੧ ॥ ਰਹਾਉ ॥ ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ ॥ ੧ ॥ ਜਿਉ ਬੈਸੰਤਰੁ ਕਾਸਟ ਮਝਾਰਿ ॥ ਬਿਨੁ ਸੰਜਮ ਨਹੀ ਕਾਰਜ ਸਾਰਿ ॥ ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥ ਮਿਲਿ ਸੰਗਤਿ**

## ਤਜਿ ਅਭਿਮਾਨ ॥ ਕਹੁ ਨਾਨਕ ਪਾਏ ਹੈ ਪਰਮ ਨਿਧਾਨ ॥

ਦੇਵ ਗੰਧਾਰੀ ਮਹਲਾ ੫ ਸਫਾ ੫੩੫

ਇਸ ਪਰਕਾਰ ਨਿਰਉਪਾਸ਼ਕ ਆਤਮਾ ਏਕ ਹੋਤਾ ਹੂਆ ਭੀ ਉਪਾਧੀ ਸੰਬੰਧ ਸੇ ਨਾਨਾ ਭਾਵ ਕੋ ਭੀ ਵੁਹੀ ਪਰਾਪਤ ਹੋਤਾ ਹੈ। ਪਰਮਾਣ:-

## ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ ॥

[ਗਉ: ਮ: ੫ ਸੁਖਮਨੀ ਸਫਾ ੨੮੭

ਸੋ ਨਿਰਉਪਾਸ਼ਕ ਆਤਮਾ ਅਨੰਦ ਸਰੂਪ ਹੈ, ਉਸ ਆਨੰਦ ਰੂਪ ਆਤਮਾ ਕੇ ਗਿਆਨ ਸੇ ਹੀ ਜੀਵਨ ਮੁਕਤ ਹੋ ਕਰ ਬਿਦੇਹ ਮੁਕਤ ਹੋ ਜਾਤਾ ਹੈ, ਤਾਂਤੇ ਤੀਨੋਂ ਸ਼ਰੀਰੋਂ ਔਰ ਪੰਜ ਕੋਸ਼ੋਂ ਕੋ ਖੰਡਨ ਕਰਕੇ ਆਨੰਦ ਸਰੂਪ ਆਤਮਾ ਕੇ ਜਨਾਨੇ ਵਾਸਤੇ ਹੀ ਗੁਰੂ ਜੀ ਨੇ ਯਹ ਤੁਕ ਲਿਖੀ ਹੈ :-

## ਅਠੀ ਪਹਰੀ ਅਠ ਖੰਡ ਨਾਵਾ ਖੰਡ ਸਰੀਰ ॥

ਤੁਕ ਕਾ ਯਹ ਦੂਸਰਾ ਅਰਥ ਯਾਨੀ ਤੀਨ ਸਰੀਰ ਔਰ ਪੰਜ ਕੋਸ਼ ਕੇ ਖੰਡਨ ਕਾ, ਭਾਵ ਸੁਣ ਕਰ ਸਭ ਸੰਤ ਔਰ ਭਗਤ ਜਨ ਬਹੁਤ ਖੁਸ ਹੋਏ, ਔਰ ਸਿਰੀ ਨਾਰਾਇਣ ਹਰੀ ਜੀ ਕੇ ਮਨ ਬਾਨੀ ਸਰੀਰ ਸੇ ਧੰਨਜਵਾਦ ਦੇਣੇ ਲਗੇ । ਅਬ ਕੁੰਭ ਕਾ ਸਮਾਂ ਨੇੜੇ ਆ ਗਿਆ ਝਾੜੀ ਮੇਂ ਮਹਾਤਮਾਓਂ ਕੀ ਮੰਡਲੀਆਂ ਬਹੁਤ ਆ ਗਈਆਂ ਸ੍ਰੀ ੧੦੮ ਵਿਰੱਕਤ ਸ਼ਰੋਮਣੀ ਪੰਡਤ ਈਸ਼ਰ ਸਿੰਘ ਜੀ ਆਪਣੇ ਗੁਰ ਭ੍ਰਾਈ ਪੰਡਤ ਜੀਵਾ ਸਿੰਘ ਜੀ ਔਰ ਅਨੇਕ ਮਹਾਤਮਾਓਂ ਕੇ ਸਾਥ ਕਾਂਸੀ ਸੇ ਵਿਦਿਆ ਪੜ੍ਹ ਕਰ ਬੂੰਦੀ ਰਿਆਸਤ ਮੇਂ ਨੌਂ ਮਹੀਨੇ ਰਹਿ ਕਰ ਬੂੰਦੀ ਵਾਲੇ ਰਾਜਾ ਕੋ ਸਤਿਸੰਗੀ ਪ੍ਰੇਮੀ ਬਣਾ ਕਰ ਘੂਮਤੇ ਘੂਮਤੇ ਰਿਖੀਕੇਸ਼ ਮੇਂ ਆਏ ਔਰ ਆਪਣੇ ਚਾਚਾ ਗੁਰੂ ਸ੍ਰੀ ੧੦੮ ਮਹਾਰਾਜਾ ਬੁਧ ਸਿੰਘ ਜੀ ਕੇ ਚਰਨੋਂ ਮੇਂ ਨਮਸ਼ਕਾਰ ਕਰਤੇ ਭਏ, ਤਬ ਸ੍ਰੀ ਨਰਾਇਣ ਹਰੀ ਜੀ ਭੀ ਸ੍ਰੀ ਮਾਨ ਪੰਡਤ ਈਸ਼ਰ ਸਿੰਘ ਜੀ ਮਹਾਰਾਜ ਕੋ ਪੰਡਤ ਜੀਵਾ ਸਿੰਘ ਜੀ ਮਹਾਰਾਜ ਕੋ ਪਰੇਮ ਸੇ ਚਰਣੋਂ ਮੇਂ ਨਮਸ਼ਕਾਰ ਕਰਤੇ ਭਏ ਪਰਸਪਰ ਗੁਰ ਭ੍ਰਾਈਓਂ ਕੀ ਤਰਾਂ ਬੜਾ ਪ੍ਰੇਮ ਵਧਾ ਔਰ ਆਪਸ ਮੇਂ ਖੁਲ੍ਹਾ ਸਤਿਸੰਗ ਕਰਤੇ ਰਹੇ, ਥੋੜੇ ਦਿਨੋਂ ਮੇਂ ਕਥਾ ਵਾਲੇ ਸ੍ਰੀ ੧੦੮ ਪੰਡਤ ਹਰੀ ਸਿੰਘ ਜੀ ਮਹਾਰਾਜ ਜਿਨ ਕਾ ਆਗੇ ਭੀ ਸ੍ਰੀ ਅੰਮ੍ਰਿਤਸਰ ਠਾਕਰ ਦਿਆਲ ਸਿੰਘ ਜੀ ਕੇ ਡੇਰੇ ਔਰ ਰਿਖੀ ਕੇਸ਼ ਝਾੜੀ ਮੇਂ ਦਰਸ਼ਨ ਕਰਾ ਥਾ, ਔਰ ਪਹਿਲੇ ਹੀ ਉਨ ਕੇ ਸਾਥ ਪ੍ਰੇਮ ਥਾ ਵ੍ਹੁ ਕੀ ਸੰਤ ਮੰਡਲੀ ਸਹਿਤ ਹੀ ਰਿਸ਼ੀਕੇਸ਼ ਮੇਂ ਆਏ, ਉਨੋਂ ਸੇ ਭੀ ਆਪਨੇ ਬੜਾ ਪ੍ਰੇਮ ਕਰਾ ਔਰ ਪਰਸਪਰ ਅਨੇਕ ਸ਼ਾਸਤਰੋਂ ਕੇ ਵਿਚਾਰ ਕਰਤੇ ਰਹੇ ਇਸੀ ਤਰਾ ਕੁੰਭ ਕੇ ਸਮਾਗਮ ਮੇਂ ਅਨੇਕ ਮਹਾਤਮਾਓਂ ਕੇ ਦਰਸ਼ਨ ਹੂਏ ਭਗਤ ਲੋਕ ਭੀ ਬਹੁਤ ਕਠੇ ਹੂਏ ਥੇ ਔਰ ਝਾੜੀ ਮੇਂ ਸਤਸੰਗ ਕਾ ਲਾਭ ਲੇਤੇ ਰਹੇ ਫੇਰ ਸ੍ਰੀ ੧੦੮ ਮਹਾਰਾਜ ਬੁਧ ਸਿੰਘ ਜੀ ਸਭ ਸੰਤ ਮੰਡਲੀ ਕੇ ਸਾਥ ਕੁਛ ਦਿਨ ਵਾਸਤੇ ਹਰਿਦਵਾਰ ਗਏ, ਵਿਸਾਖੀ ਕਾ ਅਸ਼ਨਾਨ



ਕਰ ਸਭ ਮੰਡਲੀ ਕੇ ਸਾਥ ਵਾਪਸ ਰਿਸ਼ੀ ਕੇਸ਼ ਆ ਗਏ, ਸੁੰਦਰ ਸੰਤ ਸਮਾਗਮ ਕਾ ਮੌਕਾ ਦੇਖ ਕਰ ਆਪਨੇ ਸ਼ਰੀਰ ਕੋ ਛੋੜਨੇ ਕਾ ਸੰਕਲਪ ਕਰਤੇ ਭਏ ਔਰ ਸੰਤ ਸਮੁਦਾਇ ਮੇਂ ਸ੍ਰੀ ਨਾਰਾਇਣ ਹਰੀ ਜੀ ਕੋ ਬਹੁਤ ਸਿਖਿਆ ਦੇਤੇ ਭਏ, ਔਰ ਕਹਿਤੇ ਭਏ ਮੇਰੇ ਸਰੀਰ ਛੂਟਨੇ ਕਾ ਸਮਾਂ ਨੇੜੇ ਆ ਗਿਆ ਹੈ, ਤੁਮ ਨੇ ਸੰਤ ਸਮਾਜ ਮੇਂ ਰਹਿਣਾ ਔਰ ਦੇਸ਼ਾਰਟਨ ਕਰਨਾ ਸਭ ਕੋ ਸੱਚ ਉਪਦੇਸ਼ ਦੇਣਾ, ਵਿਰਕਤ ਰਹਿਣਾ ਇਸ ਪ੍ਰਕਾਰ ਕੇ ਬਹੁਤ ਸੇ ਉਪਦੇਸ਼ ਦੇਤੇ ਰਹੇ, ਪ੍ਰੇਮ ਮੇਂ ਮਗਨ ਗੁਰੂ ਭਗਤ ਸ੍ਰੀ ਨਰਾਇਣ ਹਰੀ ਜੀ ਕੇ ਨੇਤਰੋਂ ਮੇਂ ਜਲ ਆਗਿਆ, ਕੰਠ ਰੁਕ ਗਿਆ ਬਚਨ ਬੋਲਾ ਨ ਜਾਵੇ ਐਸੀ ਦਸਾ ਦੇਖ ਸ੍ਰੀ ਮਹਾਰਾਜ ਬੁਧ ਸਿੰਘ ਜੀ ਨੇ ਧੀਰਜ ਦੀਆ ਔਰ ਕਹਾ ਸਰੀਰ ਆਗਮਾ ਪਾਈ ਹੈ ਔਰ ਵਿਦੇਹ ਮੁਕਤੀ ਕੇ ਸੁਖ ਮੇਂ ਰੁਕਾਵਟ ਕਰਨੇ ਵਾਲਾ ਹੈ, ਅਬ ਹਮਾਰਾ ਪ੍ਰਾਰਬਧ ਪੂਰਾ ਹੋ ਗਿਆ ਹੈ, ਔਰ ਹਮ ਭੀ ਇਸ ਸਰੀਰ ਕੋ ਤਿਆਗ ਕਰ, ਅਪਨੇ ਸੁਖ ਸਰੂਪ ਮੇਂ ਅਭੇਦ ਹੋਣਾ ਚਾਹਤੇ ਹੈਂ, ਇਸ ਮੇਂ ਰੋਨੇ ਕਾ ਕਾਰਨ ਹੀ ਕਿਆ ਹੈ ? ਐਸੇ ਅਨੇਕ ਬਚਨ ਕਹਿ ਕਰ ਧੀਰਜ ਦੇ ਕਰ, ਸਭ ਸੰਤ ਮੰਡਲੀ ਕੋ ਬਚਨ ਬਿਲਾਸ ਸੁਣਾ ਕਰ, ਸਰੀਰ ਕੋ ਐਸੇ ਤਿਆਗ ਦੇਤੇ ਭਏ ਜੈਸੇ ਸਰਪ ਅਪਨੀ ਕੁੰਜ ਕੋ ਤਿਆਗ ਦੇਤਾ ਹੈ। ਸਭ ਸੰਤ ਲੋਕ ਦੇਖ ਕੇ ਅਸਚਰਜ ਹੋ ਗਏ, ਔਰ ਉਨਕਾ ਵਿਯੋਗ ਨ ਸਹਾਰਤੇ ਹੋਏ ਅਫਸੋਸ ਕਰਨੇ ਲਗੇ, ਤਬ ਮਹਾਰਾਜ ਨੰਗੇ ਸ਼ਾਮ ਸਿੰਘ ਜੀ ਨੇ ਸਭ ਕੋ ਧੀਰਜ ਦੀਆ, ਔਰ ਸ਼ਬਦ ਕੀਰਤਨ ਸ਼ੁਰੂ ਕਰਾਇਆ, ਔਰ ਸਤ ਭਗਤੋਂ ਕੇ ਸਾਥ ਮਿਲ ਕਰ ਮਹਾਰਾਜ ਬੁਧ ਸਿੰਘ ਜੀ ਕੇ ਸਰੀਰ ਕੋ ਜਲ ਪਰਵਾਹ ਕਰਾਇਆ । ਸ੍ਰੀ ਨਰਾਇਣ ਹਰੀ ਜੀ ਕਾ ਚਿਤ ਅਪਨੇ ਗੁਰਦੇਵ ਜੀ ਕੇ ਦੇਹਾਂਤ ਹੋਣੇ ਪਰ, ਬਹੁਤ ਉਦਾਸ ਹੂਆ ਪ੍ਰੰਤੂ ਸਭ ਸੰਤੋਂ ਨੇ ਉਨ ਕਾ ਚਿਤ ਖੁਸ਼ ਕਰਨੇ ਵਾਸਤੇ ਅਨੇਕ ਦ੍ਰਿਸ਼ਟਾਂਤ ਪ੍ਰਮਾਣ ਸੁਣਾਏ, ਔਰ ਕਹਾ ਕਨਖਲ ਚਲ ਕਰ ਗੁਰੂ ਤੀਸਰੀ ਪਾਤਸ਼ਾਹੀ ਕੇ ਗੁਰਦੁਆਰੇ ਮੇਂ ਮਹਾਰਾਜ ਬੁਧ ਸਿੰਘ ਜੀ ਕੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ ਪਾਠ ਰਖਾਓ, ਔਰ ਆਈ ਸੰਗਤ ਕੋ ਸਤਸੰਗ ਸੁਣਾਓ ਤਬ ਸ੍ਰੀ ਨਾਰਾਇਣ ਹਰੀ ਜੀ ਸਭ ਸੰਗਤ ਕੋ ਸਾਥ ਲੇ ਕਰ, ਕਨਖਲ ਆਏ ਗੁਰਦਵਾਰੇ ਮੇਂ ਪਾਠ ਰਖਾਇਆ ਸਤਾਰਹ ਦਿਨ ਸਤਸੰਗ ਸ਼ੁਰੂ ਰਖਾ, ਫੇਰ ਭੋਗ ਪਾ ਕਰ ਏਕ ਪਰੇਮੀ ਸੇ ਭੰਡਾਰਾ ਕਰਾਇਆ ਔਰ ਚਤਰ ਮਾਸ ਵਹਾਂ ਹੀ ਸੰਤੋਂ ਕੇ ਸਾਥ ਰਹੇ, ਫਿਰ ਪੈਦਲ ਘੂਮਤੇ ਘੂਮਤੇ ਸੰਤੋਂ ਕੋ ਸਾਥ ਦੀਪਮਾਲਾ ਕਾ ਮੇਲਾ ਕਰਨੇ ਕੇ ਵਾਸਤੇ, ਤਥਾ ਆਪਣੀ ਬਾਣੀ ਪੂਰੀ ਕਰਨੇ ਕੇ ਵਾਸਤੇ, ਔਰ ਮਾਤਾ ਕੇ ਦਰਸ਼ਨ ਕਰਨੇ ਕੇ ਵਾਸਤੇ, ਸ੍ਰੀ ਅੰਮ੍ਰਿਤਸਰ ਆ ਪਹੁੰਚੇ, ਔਰ ਜਹਾਂ ਬੜੇ ਬੜੇ ਵਿਰਕਤ ਸੰਤ ਉਤਰੇ ਹੋਏ ਥੇ ਵਹਾਂ ਆ ਕਰ ਆਸਣ ਲਗਾਇਆ ਆਸਣ ਕਰਕੇ ਸ੍ਰੀ ਅੰਮ੍ਰਿਤਸਰ ਸਰੋਵਰ ਮੇਂ ਮੱਜਨ ਕੀਆ ਫਿਰ ਹਰਿਮੰਦਰ ਮੇਂ ਗਏ ਸਭ ਗੁਰਦਵਾਰਿਓਂ ਕੀ ਯਾਤਰਾ ਕਰੀ ਫੇਰ ਆ ਕੇ ਆਪਨੇ ਮਾਤਾ ਪਿਤਾ ਕੇ ਚਰਨੋਂ ਮੇਂ ਨਮਸਕਾਰ ਕਰੀ, ਮਾਤਾ ਪਿਤਾ ਦੂਰ ਸੇ ਦੇਖ ਕਰ ਐਸੇ ਪ੍ਰਸੰਨ ਹੋਏ ਜੈਸੇ ਕਿਸੀ ਕੀ ਗਈ ਹੂਈ ਨਿਧਿ ਮਿਲ ਜਾਵੇ, ਮਾਤਾ ਪਿਤਾ ਪ੍ਰੇਮ ਮੇਂ ਆ ਕਰ ਫਿਰ ਫਿਰ ਪਿਆਰ ਕਰਤੇ ਹੈਂ, ਕਿਉਂਕਿ ਆਪ ਮਾਤਾ ਪਿਤਾ ਕੇ ਏਕ ਹੀ ਪੁਤਰ ਥੇ

ਦਰਸ਼ਨ ਕਰਤੇ ਨੇਤਰ ਤ੍ਰਿਪਤ ਨਹੀਂ ਹੋਤੇ ਆਪ ਕਾ ਆਨਾ ਸੁਣ ਕਰ ਬਹੁਤ ਲੋਕ ਕੱਠੇ ਹੋਏ, ਫਿਰ ਮਾਤਾ ਪਿਤਾ ਨੇ ਸੰਤੋਂ ਸਮੇਤ ਆਪ ਕੋ ਅਨੇਕ ਪ੍ਰਕਾਰ ਕੇ ਪਦਾਰਥ ਖੁਲਾਏ, ਵਹਾਂ ਸੇ ਉਠ ਕਰ ਅਪਨੇ ਆਸਨ ਪਰ ਆ ਗਏ ਅਬ ਸ਼ਹਿਰ ਮੇਂ ਪਤਾ ਲਗ ਗਿਆ ਆਠ ਬਰਸ ਕੇ ਬਾਦ, ਸ੍ਰੀ ਨਾਰਾਇਣ ਹਰੀ ਜੀ ਵਿਦਿਆ ਪੜ੍ਹ ਕਰ ਬੜੇ ਵਿਦਵਾਨ ਹੋ ਕਰ ਔਰ ਗੁਰ ਸੇਵਾ ਭੀ ਪੂਰੀ ਕਰਕੇ ਆਏ ਹੈਂ, ਯੇਹ ਸੁਣ ਕਰ ਆਪ ਕੇ ਪੁਰਾਨੇ ਮਿਤਰ ਗਣ, ਸੰਬੰਧੀ ਗਣ ਗੁਰਦਵਾਰੇ ਕੇ ਗ੍ਰੰਥੀ ਪੁਜਾਰੀ ਗਣ ਆ ਕਰ ਆਪ ਕੇ ਮਿਲਤੇ ਹੈਂ, ਆਪ ਬੜੇ ਸਤਿਕਾਰ ਸੇ ਨਿਮਰਤਾ ਸੇ ਸਭ ਕੋ ਮੀਠੇ ੨ ਬਚਨ ਸ੍ਰਵਣ ਕਰਾਤੇ ਹੈਂ, ਸਭ ਕੇ ਹਿਰਦੇ ਮੇਂ ਸ਼ਾਂਤੀ ਪਹੁੰਚਾਤੇ ਹੈਂ, ਆਪ ਕੇ ਸ਼ਾਂਤਮਈ ਬਚਨ ਸੁਣ ਕਰ ਸਭ ਕਾ ਚਿਤ ਖੁਸ਼ ਹੋਤਾ ਹੈ, ਆਪ ਕੋ ਔਰ ਆਪ ਕੇ ਮਾਤਾ ਪਿਤਾ ਕੋ ਸਭ ਲੋਕ ਧੰਨਵਾਦ ਕਰਤੇ ਹੈਂ, ਮਾਤਾ ਪਿਤਾ ਆਪ ਕੀ ਉਸਤਤੀ ਸਭ ਲੋਕੋਂ ਸੇ ਸੁਣ ਕਰ ਬੜੇ ਪ੍ਰਸੰਨ ਹੋਤੇ ਹੈਂ, ਔਰ ਸਮਝਤੇ ਹੈਂ ਹਮਾਰੇ ਕੁਲ ਕੇ ਸ਼ੁਸ਼ੋਭਤ ਕਰਨੇ ਵਾਲੇ ਅਹਿਲਾਦ ਦੇਨੇ ਵਾਲੇ ਕੁਲ ਕੇ ਚੰਦਰਮਾਂ ਹੈਂ, ਔਰ ਕੁਲ ਕਾ ਅੰਧੇਰਾ ਦੂਰ ਕਰਨੇ ਮੇਂ ਕੁਲ ਦੀਪਕ ਪੁਤਰ ਹੈਂ, ਇਨੋਂ ਨੇ ਸਾਡਾ ਕੁਲ ਤਾਰ ਦੀਆ ਲੋਕ ਭੀ ਕਹਿਨੇ ਲਗੇ ਤੁਹਾਡਾ ਕੁਲ ਪਵਿਤਰ ਹੋ ਗਿਆ, ਮਾਤਾ ਕੋ ਭੀ ਕਹਿਨੇ ਲਗੇ ਤੁਹਾਡੀ ਕੁਖ ਪਵਿਤ੍ਰ ਹੋ ਗਈ, ਜੋ ਐਸੇ ਪਰਮ ਵਿਚਾਰ ਵਾਲੇ ਬ੍ਰਹਮਨਿਸ਼ਠ ਸ਼ਾਂਤ ਆਤਮਾ ਪੁਤਰ ਪੈਦਾ ਹੂਏ, ਮਾਤਾ ਪਿਤਾ ਤੁਸੀਂ ਅਰ ਤੁਹਾਡਾ ਸਾਰਾ ਕੁਟੰਬ ਪ੍ਰਵਾਰ ਧੰਨ ਹੈ, ਐਸੇ ਸਭ ਧੰਨਵਾਦ ਕਰਤੇ ਭਏ ਫੇਰ ਏਕ ਦਿਨ ਬਹੁਤ ਸਾਧੂਓਂ ਕੇ ਸਾਥ ਮਿਲ ਕਰ ਪ੍ਰਕਰਮਾ ਮੇਂ ਅਠਸਠ ਤੀਰਥ ਕੇ ਕਿਨਾਰੇ, ਸਭ ਸੰਤ ਮੰਡਲੀ ਕੇ ਸਹਿਤ ਆਪ ਬੈਠੇ ਕਈ ਗੁਣੀ ਗਿਆਨੀ ਹੋਰ ਕਿਤਨੇ ਹੀ ਪ੍ਰੇਮੀ ਆ ਕਰ ਕਠੇ ਹੋ ਗਏ, ਔਰ ਸ੍ਰੀ ਨਾਰਾਇਣ ਹਰੀ ਜੀ ਕੋ ਵਿਦਵਾਨ ਸੁਣ ਕਰ ਉਨ ਕੇ ਮੁਖ ਸੇ ਕੁਛ ਬਚਨ ਸੁਣਨੇ ਕੀ ਬਹੁਤ ਲੋਕੋਂ ਕੋ ਅਭਲਾਸ਼ਾ ਹੂਈ, ਇਤਨੇ ਮੇਂ ਸ੍ਰੀ ਨਾਰਾਇਣ ਹਰੀ ਜੀ ਕੇ ਮਾਤਾ ਪਿਤਾ ਜੀ ਭੀ ਆ ਗਏ, ਉਨ ਕੋ ਸਭ ਨੇ ਸਤਕਾਰ ਸੇ ਬਠਾਇਆ, ਕਿਉਂਕਿ ਪਿਤਾ ਜੀ ਦੋਨੋਂ ਗੁਰੂ ਗ੍ਰੰਥ ਸਾਹਿਬ ਜੀ ਕੇ ਗਿਆਨੀ ਥੇ, ਬਚਨ ਬਿਲਾਸ ਚਲ ਪੜੇ ਗੁਰੂ ਗ੍ਰੰਥ ਸਾਹਿਬ ਜੀ ਕੀ ਤੁਕੋਂ ਕਾ ਭੀ ਅਛੀ ਤਰ੍ਹਾਂ ਵਿਸਤਾਰ ਸੇ ਨਿਰਨਯ ਹੋਤਾ ਰਹਾ, ਤਬ ਏਕ ਗੁਣੀ ਗਿਆਨੀ ਨੇ ਗੋੜੀ ਰਾਗ ਕੇ ੯ ਪਾਤਸ਼ਾਹੀ ਕੇ ਸ਼ਬਦ ਕੀ ਯੇਹ ਤੁਕ ਪੜੀ।

**ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥** [ਗਉੜੀ ਮ: ੯ ਸਫਾ ੨੧੯

ਇਸ ਕਾ ਪੂਛਨੇ ਕਾ ਭਾਵ ਯੇਹ ਹੈ ਕਿ ਸੁਖ ਦੁਖ ਮੇਂ ਮਾਨ ਅਪਮਾਨ ਮੇਂ ਸਮ ਯਾਨੇ ਹਰਖ ਸੋਗ ਸੇ ਰਹਿਤ ਕੈਸੇ ਰਹੇ ਯਾਨੇ ਉਹ ਕੌਣ ਯੁਕਤੀਆਂ ਹਨ ਜਿਸ ਕਰਕੇ ਚਿਤ ਅਡੋਲ ਰਹੇ, ਯੇਹ ਵਿਸਤਾਰ ਪੂਰਬਕ ਸੁਨਾਓ। ਸਭ ਨੇ ਸ੍ਰੀ ਨਾਰਾਇਣ ਹਰੀ ਜੀ ਕੀ ਤਰਫ ਦੇਖਾ, ਔਰ ਕਹਾ ਆਪ ਹੀ ਇਸ ਕੋ ਸ਼ਾਸਤਰ ਕੇ ਅਨੁਸਾਰ ਸੁਣਾ ਕਰ



ਠੰਢ ਪਾਓ, ਤਬ ਨਾਰਾਇਣ ਹਰੀ ਜੀ ਸਭ ਮਹਾਤਮਾ ਔਰ ਮਾਤਾ ਪਿਤਾ ਜੀ ਕੀ ਆਗਿਆ ਕੋ ਪਾ ਕਰ ਕਹਿਣੇ ਲਗੇ, ਸੁਖ ਦੁਖ ਆਦਕੋਂ ਮੇਂ ਚਿਤ ਕੋ ਸਮ ਰਖਣਾ ਅਡੋਲ ਰਖਣਾ ਇਸ ਮੇਂ ਹਮ ਨੇ ਆਠ ਯੂਕਤੀਆਂ ਸਰਵਨ ਕਰੀਆਂ ਹਨ ਵੋਹ ਮੈਂ ਯਥਾ ਮਤੀ ਕਹਿਤਾ ਹੂੰ, ਪਹਿਲੀ ਯੁਕਤੀ ਬ੍ਰਹਮ ਦ੍ਰਿਸ਼ਟੀ ਹੈ ਯਾਨੇ ਬ੍ਰਹਮ ਗਿਆਨੀ ਕੀ ਬੁਧੀ ਸਭ ਕੋ ਬ੍ਰਹਮ ਰੂਪ ਕਰ ਦੇਤੀ ਹੈ ਬ੍ਰਹਮ ਦ੍ਰਿਸ਼ਟੀ ਮੇਂ ਸੁਖ ਦੁਖ ਦੋਨੋਂ ਬ੍ਰਹਮ ਰੂਪ ਹੋਣੇ ਤੇ ਸਮ ਹੈਂ ਯਾਨੇ ਏਕ ਜੈਸੇ ਹੈਂ ਜੈਸੇ :-

**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥** [ਗਉੜੀ ਸੁਖਮਨੀ ਮ: ੫ ਸਫਾ ੨੭੨

**ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥੧੫॥** [ਸਲੋਕ ਮ: ੯ ਸਫਾ ੧੪੨੭

ਬ੍ਰਹਮ ਗਿਆਨੀ ਕੀ ਬੁਧੀ ਮੁਦਾਦਸ਼ਿਲਾ ਵਤ ਏਕ ਬ੍ਰਹਮ ਕੋ ਹੀ ਦੇਖਤੀ ਹੈ ਜੈਸੇ ਮੁਦਾਦ ਸ਼ਿਲਾ ਏਕ ਸੁਧ ਪਥਰ ਹੈ ਜਿਸ ਮੇਂ ਮੁਖ ਕਾ ਪ੍ਰਤੀਬਿੰਬ ਦਿਖਾਈ ਦੇਤਾ ਹੈ, ਵਹੁ ਮੁਦਾਦ ਸਿਲਾ ਕਹੀਂ ਬਨ ਮੇਂ ਪੜੀ ਥੀ ਸਭ ਬਨ ਕੇ ਜਾਨਵਰ ਔਰ ਪਖਸ਼ੀ ਆ ਕਰ ਆਪਣਾ ਮੁਖ ਦੇਖ ਕਰ ਖੁਸ਼ ਹੋਤੇ ਥੇ ਮੁਦਾਦ ਸ਼ਿਲਾ ਮੇਂ ਸਭ ਕੇ ਮੁਖ ਕੋ ਪ੍ਰਤੀਬਿੰਬ ਗ੍ਰਹਿਣ ਕਰਨੇ ਕੀ ਯੋਗਤਾ ਸੀ ਇਸ ਵਾਸਤੇ ਸਭ ਆਪਣਾ ੨ ਮੁਖ ਦੇਖ ਜਾਤੇ ਥੇ ਏਕ ਦਿਨ ਮੁਦਾਦ ਸ਼ਿਲਾ ਨੇ ਵਿਚਾਰ ਕੀਆ ਕਿ ਮੈਂ ਕਿਸੀ ਕੋ ਆਪਣਾ ਪ੍ਰੀਤਮ ਬਣਾਊਂ ਔਰ ਆਪਣੇ ਪ੍ਰੀਤਮ ਕਾ ਹੀ ਪ੍ਰਤੀਬਿੰਬ ਗ੍ਰਹਿਣ ਕਰੂੰ, ਤਬ ਉਸ ਨੇ ਬਨ ਕੇ ਸਭ ਪਸ਼ੂ ਪੰਖੀਓਂ ਕੇ ਗੁਣ ਦੋਸ਼ ਕੋ ਵਿਦਾਰ ਦ੍ਰਿਸ਼ਟੀ ਸੇ ਦੇਖਾ, ਸਭ ਮੇਂ ਦੂਖਨ ਨਿਕਾਲਤੇ ੨ ਮੋਰ ਪਰ ਦ੍ਰਿਸ਼ਟੀ ਠਹਿਰ ਗਈ, ਕਿ ਯੇਹ ਆਪ ਭੀ ਬਾਦਲੋਂ ਕੋ ਪ੍ਰੀਤਮ ਬਣਾ ਚੁਕਾ ਹੈ, ਔਰ ਬਾਦਲੋਂ ਕੇ ਆਗੇ ਪੈਲ ਪਾਤਾ ਹੈ ਨਚਤਾ ਹੈ ਇਸ ਕੇ ਪੰਖੋਂ ਮੇਂ ਸੁੰਦਰਤਾ ਭੀ ਹੈ, ਔਰ ਪ੍ਰੇਮ ਕੀ ਇਸ ਕੋ ਕਦਰ ਭੀ ਹੈ, ਇਸ ਲੀਏ ਮੋਰ ਕੋ ਪ੍ਰੀਤਮ ਬਣਾਊਂ ਔਰ ਮੋਰ ਕਾ ਹੀ ਧਿਆਨ ਕਰੂੰ ਐਸਾ ਖਿਆਲ ਕਰ ਮੋਰ ਕਾ ਧਿਆਨ ਕਰਤੇ ੨ ਦ੍ਰਿਸ਼ਟੀ ਪੱਕ ਗਈ ਔਰ ਉਸ ਮੇਂ ਜੋ ਜਾਨਵਰ ਜਾਂ ਪੰਖੀ ਮੂੰਹ ਦੇਖਤਾ ਥਾ ਉਸ ਕੋ ਆਪਣਾ ਪ੍ਰਤੀਬਿੰਬ ਦਿਖਾਈ ਨਹੀਂ ਆਤਾ ਥਾ, ਮੋਰ ਹੀ ਦਿਖਾਈ ਆਤਾ ਥਾ, ਤਬ ਬਨ ਕੇ ਸਭ ਪਸ਼ੂ ਪੰਖੀ ਕਠੇ ਹੋ ਗਏ ਔਰ ਆਪਣਾ ੨ ਮੂੰਹ ਦੇਖਤੇ ਰਹੇ, ਸਭ ਕੋ ਮੋਰ ਹੀ ਮਾਲੂਮ ਹੂਆ। ਤਬ ਸਭ ਨੇ ਵਿਚਾਰ ਕੀਆ ਕਿ ਯੇਹ ਮੋਰ ਕਾ ਧਿਆਨ ਕਰਕੇ ਸਭ ਕੋ ਮੋਰ ਰੂਪ ਦੇਖ ਰਹੀ ਹੈ। ਹਮ ਲੋਗ ਮੋਰ ਤੋਂ ਨਹੀਂ, ਪਰੰਤੂ ਯਹ "ਅਪਣੇ ਧਿਆਨ ਕੀ ਪਰਪਕਤਾ ਸੇ, ਮੋਰ ਕਾ ਸਰੂਪ ਹੀ ਹਮ ਕੋ ਦੇਖਤੀ ਹੈ, ਯੇਹ ਮੋਰ ਕੀ

ਪ੍ਰੇਮਣ ਹੈ, ਚਲੋ ਮੋਰ ਕੋ ਖਬਰ ਕਰੀਏ ਤਬ ਉਨੋਂ ਨੇ ਆ ਕਰ ਮੋਰ ਕੋ ਕਹਾ ਕਿ ਮੁਦਾਦ ਸ਼ਿਲਾ ਤੁਮਾਰੀ ਪ੍ਰੇਮਣ ਹੈ, ਮੋਰ ਸੁਣ ਕੇ ਜਬ ਉਸ ਕੇ ਸਨਮੁਖ ਆਇਆ, ਤਬ ਵਹੁ ਪ੍ਰੇਮ ਸੇ ਪਿਘਲ ਕਰ ਪਾਣੀ ਰੂਪ ਹੋ ਗਈ, ਔਰ ਮੋਰ ਨੇ ਝਟ ਵਹੁ ਪਾਣੀ ਪੀ ਲੀਆ ਔਰ ਆਪਣੇ ਨਾਲ. ਅਭੇਦ ਕਰ ਲੀਆ, ਇਸੀ ਪਰਕਾਰ ਬ੍ਰਹਮ ਗਿਆਨੀ ਕੀ ਬੁਧੀ ਰੂਪ ਮੁਦਾਦ ਸ਼ਿਲਾ ਮੇਂ ਸਰਬ ਪਦਾਰਥ ਕੇ ਪ੍ਰਤਿਬਿੰਬ ਕੋ ਗ੍ਰਹਿਣ ਕਰਨੇ ਕੀ ਯੋਗਤਾ ਹੈ, ਯਾਨੇ ਘਟ ਕੋ ਪਾ ਕਰ ਬੁਧੀ ਘਟਾਕਾਰ ਹੋਤੀ ਹੈ, ਜਲ ਕੋ ਪਾ ਕਰ ਜਲਾਕਾਰ ਹੋਤੀ ਹੈ, ਪਰੰਤੂ ਬ੍ਰਹਮ ਗਿਆਨੀ ਕੀ ਬੁਧੀ ਨੇ ਸਭ ਕੋ ਤਿਆਗ ਕਰ ਨਿਰਦੋਸ਼ ਏਕ ਬ੍ਰਹਮ ਹੀ ਹੈ, ਐਸੇ ਵਿਚਾਰ ਕਰ ਬ੍ਰਹਮ ਪ੍ਰਾਇਣ ਹੋ ਗਈ ਅਬ ਸਭ ਕੋ ਬ੍ਰਹਮ ਰੂਪ ਕਰ ਦੇਖਤੀ ਹੈ, ਪ੍ਰਮਾਣ:-

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥**

[ਬਿਹਾ: ਮ: ੫ ਸਫਾ ੮੪੬

ਅਬ ਸੁਖ ਦੁਖਾਇ ਸਭ ਪਦਾਰਥੋਂ ਕੋ ਸਮ ਯਾਨੇ ਬ੍ਰਹਮ ਰੂਪ ਕਰ ਕੇ, ਬ੍ਰਹਮ ਗਿਆਨੀ ਦੇਖਤੇ ਹੈਂ ਜੈਸੇ ਸੁਨਾਰ ਕੀ ਸ੍ਵਰਨ ਕੇ ਸਭ ਭੂਸ਼ਨੋਂ ਮੇਂ ਸਵਰਨ ਸ੍ਰਿਸ਼ਟੀ ਰਹਿਤੀ ਹੈ, ਭੂਸ਼ਨ ਦ੍ਰਿਸ਼ਟੀ ਨਹੀਂ ਰਹਿਤੀ, ਤੈਸੇ ਬ੍ਰਹਮ ਵੇਤਾਓਂ ਕੀ ਏਕ ਬ੍ਰਹਮ ਦ੍ਰਿਸ਼ਟੀ ਹੀ ਰਹਿਤੀ ਹੈ ਭੇਦ ਰੂਪ ਜਗਤ ਦ੍ਰਿਸ਼ਟੀ ਨਹੀਂ ਰਹਿਤੀ ਯਾਤੇ ਬ੍ਰਹਮ ਗਿਆਨ ਕਾਲ ਮੇਂ ਜਗਤ ਦ੍ਰਿਸ਼ਟੀ ਉਠ ਜਾਤੀ ਹੈ, ਬ੍ਰਹਮ ਦ੍ਰਿਸ਼ਟੀ ਹੀ ਰਹਿ ਜਾਤੀ ਹੈ ਉਸ ਕੋ ਸੁਖ ਦੁਖ ਬ੍ਰਹਮ ਰੂਪ ਕਰ ਕੇ ਸਮ ਦਿਖਾਈ ਆਤਾ ਹੈ, ਬ੍ਰਹਮ ਗਿਆਨੀ ਕੇ ਲਖਣੋਂ ਮੇਂ ਲਿਖਾ ਭੀ ਹੈ।

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ ॥ ਸੁਖ ਦੁਖ ਜਹਿ ਪਰਸੈ ਨਹੀ ਲੋਭ ਮੋਹ ਅਭਿਮਾਨ ॥ ਕਹੁ ਨਾਨਕ ਸੁਨਿ ਰੇ ਮਨਾ ਸੋ ਮੂਰਤਿ ਭਗਵਾਨ ॥**

[ਸਲੋਕ ਮ: ੯ ਸਫਾ ੧੪੨੬

**ਸ਼ਮ: ਸ਼ਤ੍ਰੂ ਚ ਮਿਤ੍ਰੇ ਚ ਤਥਾ ਮਾਨ ਅਪਮਾਨਯੋ ॥**
**ਸ਼ੀਤ ਉਸ਼ਣ ਸੁਖ ਦੁਖੇਸ਼ੂ ਸਮ: ਸੰਗ ਵਿਵਰਜਿਤਹ ॥**
**ਤੁਲ ਨਿੰਦਾ ਉਸਤੁਤੀਰਮੌਨੀ ਸੰਤੁਸ਼੍ਰੋ ਯੇਨ ਕੇਨ ਚਿਤ ॥**
**ਅਨਿਕੇਤ. ਇਸਥਿਰ ਮਤਿ: ਭਗਤੀ ਮਾਨ ਮੇਂ ਪ੍ਰਿਉ ਨਰ: ॥**

(ਭਗਵਤ ਗੀਤਾ ਅਧਿਆਇ ੧੨ ਸਲੋਕ ੧੮-੧੯)

ਅਰਥ-ਸ਼ਤਰੂ ਮਿਤਰ ਮੇਂ .ਮਾਨ ਅਪਮਾਨ ਮੇਂ ਜੋ ਸਮ ਹੈ ਤਥਾ ਸਰਦੀ ਗਰਮੀ



ਸੁਖ ਦੁਖ ਆਦਿ ਦ੍ਵੰਦੋ ਮੇਂ ਜੋ ਸਮ ਹੈ ਔਰ ਸਭ ਸੰਸਾਰ ਮੇਂ ਆਸ਼ਕਤੀ ਰਹਿਤ ਹੈ। ਨਿੰਦਾ ਉਸਤਤੀ ਕੋ ਸਮਾਨ ਸਮਝਨੇ ਵਾਲਾ ਔਰ ਈਸ਼੍ਵਰ ਕੇ ਸਰੂਪ ਕਾ ਹਮੇਸ਼ਾ ਧਿਆਨ ਕਰਨੇ ਵਾਲਾ ਜਿਸ ਕਿਸੀ ਪ੍ਰਕਾਰ ਸੇ ਭੀ ਸਰੀਰ ਕਾ ਨਿਰਬਾਹ ਹੋ, ਸਦਾ ਪ੍ਰਸੰਨ ਚਿਤ ਰਹਿਨੇ ਵਾਲਾ, ਅਰ ਜੋ ਸਭ ਅਸਥਾਨੋਂ ਮੇਂ ਰਹਿ ਕਰ ਭੀ, ਮਮਤਾ ਰਹਿਤ ਹੈ, ਵੋਹ ਇਸਥਿਰ ਬੁਧੀ ਵਾਲਾ ਭਗਤੀ ਮਾਨ ਪੁਰਸ਼ ਮੇਰੇ ਕੋ ਪ੍ਰਿਯ ਹੈ।

**ਤਥਾ—ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ ॥**
**ਕਹੁ ਨਾਨਕ ਸੁਨ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥**

[ਸਲੋਕ ਮ: ੯ ਸਫਾ ੧੪੨੭

ਤਥਾ ਭਗਵਾਨ ਕ੍ਰਿਸ਼ਨ ਜੀ ਅਰਜਨ ਕੋ ਕਹਿਤੇ ਭਏ:-

**ਜਿਤ ਆਤਮਨ: ਪ੍ਰਸ਼ਾਂਤਸਯ ਪ੍ਰਮਾਤਮਾਸਮਾਹਿਤ: । ਸ਼ੀਤੋਸ਼ਣ ਸੁਖ ਦੁਖੇਸ਼ੂ ਤਥਾ ਮਾਨਾਪਾਨਯੋ । ੭ । ਗਿਆਨ ਵਿਗਿਆਨ ਤ੍ਰਿਪਤਾਤਮਾ ਕੂਟਸਥੋਵਿਜਿਤੇਂਦ੍ਰਿਯ ਯੁਕਤ ਇਤੀ ਉਤਯਤੇ ਯੋਗੀ ਮਮ ਲੋਸ਼ਟਾਸਮ ਕਾਂਚਨ: । ੮ । ਸੁਹਿਰਨ ਮਿਤ੍ਰ ਅਰੀ ਉਦਾਸੀਨ ਮਧਯਸਥ ਦ੍ਵੇਸ਼ ਬੰਧੂਸ਼ੂ ਸਾਧੂਸ਼ੂ ਅਪੀਚ ਪਾਪੇਸ਼ੂ ਸਮ ਬੁਧਿਰ ਵਿਸ਼ਿਸ਼ਯਤੇ । ੯ ।**

[ਸ੍ਰੀ ਮਦ ਭਗਵਤ ਗੀਤਾ ਅਧਿਆਇ ੬ ਸ਼ਲੋਕ ੭-੮-੯

ਅਰਥ-ਸਰਦੀ ਗਰਮੀ ਮੇਂ ਸੁਖ ਦੁਖ ਮੇਂ ਔਰ ਮਾਨ ਅਪਮਾਨ, ਮੇਂ, ਜਿਨੋਂ ਕਾ ਚਿਤ ਨਿਰਵਿਕਾਰ ਯਾਨੇ ਸ਼ਾਂਤ ਰਹਿਤਾ ਹੈ, ਔਰ ਪ੍ਰਮਾਤਮਾ ਮੇਂ ਹੀ ਸਮਾਹਤ ਰਹਿਤਾ ਹੈ, ਯਾਨੇ ਪ੍ਰਮੇਸਰ ਸੇ ਬਿਨਾ ਔਰ ਹੈ ਹੀ ਨਹੀਂ, ਐਸੀ ਜਿਨੋਂ ਕੇ ਚਿਤ ਕੀ ਧਾਰਨਾ ਹੈ ਵਹੁ ਕਿਸੀ ਵਿਸ਼ੇ ਸੇ ਤ੍ਰਿਪਤ ਨਹੀਂ ਰਹਿਤੇ, ਸਰੂਪ ਕੇ ਅਨਭਵ ਮੇਂ ਹੀ ਜਿਨੋਂ ਕਾ ਚਿਤ ਤ੍ਰਿਪਤ ਰਹਿਤਾ ਹੈ, ਐਸਾ ਜੋ ਜਿਤੇਂਦ੍ਰਿਯ ਅਚਲ ਚਿਤ ਵਾਲਾ ਯੋਗੀ ਜੀਵਨ ਮੁਕਤ ਕਹਾਤਾ ਹੈ, ਜਿਸ ਕੋ ਮਿਟੀ, ਪਥਰ, ਸ੍ਵਰਨ ਸਮਾਨ ਹੈ ਯਾਨੇ ਏਕ ਜੈਸੇ ਹੈਂ ਔਰ ਸੁਹਿਰਦ ਮਿਤਰ ਮੇਂ ਤਥਾ ਵਰੀ ਮੇਂ ਤਥਾ ਉਦਾਸੀਨ ਮਨਜਸਥ ਮੇਂ ਦ੍ਵੇਸ਼ੀ ਮੇਂ ਬੰਧੂ ਗਣੋਂ ਮੇਂ, ਔਰ ਪਰਮਾਤਮਾ ਔਰ ਪਾਪੀਓਂ ਮੇਂ ਸਮ ਬੁਧੀ ਵਾਲਾ ਮਹਾਤਮਾ ਸਭ ਸੇ ਸ੍ਰੇਸ਼ਟ ਕਹਾ ਗਿਆ ਹੈ ॥੯॥ ਜੈਸੇ ਪਾਂਡਵੋਂ ਕੇ ਯਗ ਮੇਂ ਸਮ ਦ੍ਰਿਸ਼ਟੀ ਵਾਲਾ ਬਾਲਮੀਕ ਸੁਪਚ (ਚੰਡਾਲ) ਸਭ ਸੇ ਸ੍ਰੇਸ਼ਟ ਮਾਨਾ ਗਿਆ ਹੈ ਯੇ ਕਥਾ ਭਗਤ ਮਾਲਾਓਂ ਮੇਂ ਪ੍ਰਸਿਧ ਹੈ ਪ੍ਰੰਤੂ ਸੰਖੇਪ ਸ ਈਹਾਂ ਭੀ ਲਿਖਤੇ ਹੈ:-ਜਬ ਮਹਾਂ ਭਾਰਤ ਯੁਧ ਮੇਂ ਪਾਂਡੋ ਕੈਰੋਂ ਕੀ ਅਠਾਰਾ ਖੂਣੀ ਸੈਨਾਂ ਮਰ ਗਈ ਜਿਸ ਮੇਂ ਦਸ ਆਦਮੀ ਸਿਰਫ ਬਚੇ। ਸਾਤ ਪਾਂਡਵੋਂ ਕੇ ਬਚੇ ਅਰ ਤੀਨ ਕੈਰਵੋਂ ਕੇ। ਪਾਂਡਵੋਂ ਮੇਂ ਏਕ ਸ੍ਰੀ ਕ੍ਰਿਸ਼ਨ ਭਗਵਾਨ ਜੀ ਅਰ ਪੰਜ ਪਾਂਡਵ

ਸਤਵਾਂ ਸਾਤਕੀ, ਕੈਰੋਂ ਮੇਂ ਏਕ ਅਸ਼ਵਥਾਮਾ ਦੂਸਰਾ ਕਿਰਪਾ ਚਾਰਯ, ਤੀਸਰਾ ਕ੍ਰਿਤ ਵਰਮਾ, ਪਾਂਡਵੋਂ ਕੀ ਜੈ ਹੂਈ, ਧਰਮ ਰੂਪ ਯੁਧ ਮੇਂ ਪਾਂਡਵੋਂ ਕੋ ਭਰਮ ਹੂਆ ਕਿ ਹਮਾਰੇ ਕੋ ਯੁਧ ਮੇਂ ਬ੍ਰਹਮਣੋਂ ਕੇ ਮਾਰਨੇ ਸੇ ਬ੍ਰਹਮ ਹਤਿਆ ਅਰ ਕੁਲ ਨਾਸ਼ ਕਰਨੇ ਸੇ ਕੁਲ ਘਾਤ ਰੂਪ ਪਾਪ ਲਗਾ ਹੈ, ਇਸ ਪਾਪ ਕੀ ਨਵਿਰਤੀ ਕਰਨੀ ਚਾਹੀਏ, ਤਬ ਭਗਵਾਨ ਸੇ ਸਾਧਨ ਪੂਛਾ ਭਗਵਾਨ ਜੀ ਨੇ ਅਸ਼ਮੇਧ ਯਗ ਕਰਨੇ ਕੀ ਆਗਯਾ ਦਿਤੀ, ਯਗ ਸ਼ੁਰੂ ਹੋ ਗਿਆ ਅਰ ਬੜੇ ਬੜੇ ਰਿਸ਼ੀ ਮਹਿਰਿਸ਼ੀ ਬੁਲਾਏ ਗਏ, ਅਰ ਵਿਧੀ ਪੂਰਬਕ ਯਗ ਸਮਾਪਤ ਹੂਆ, ਤਬ ਭਗਵਾਨ ਜੀ ਨੇ ਬ੍ਰਹਮ ਭੋਜ ਕਰਨੇ ਕੀ ਆਗਿਆ ਦਿਤੀ । ਦੂਰ ਦੂਰ ਸੇ ਸਾਧੂ ਬ੍ਰਾਹਮਣੋਂ ਕੋ ਨਿਮੰਤ੍ਰਣ ਦੇਕੈ ਸਤਿਕਾਰ ਸੇ ਭੋਜਨ ਕੇ ਲੀਏ ਬੁਲਾਇਆ ਗਿਆ, ਸਭ ਆ ਗਏ ਅਰ ਸਭਾ ਮੇਂ ਏਕ ਘੰਟਾ ਮੰਤ੍ਰਤ ਕਰ ਰਖਾ ਗਿਆ, ਭਗਵਾਨ ਕ੍ਰਿਸ਼ਨ ਜੀ ਕਹਿਣੇ ਲਗੇ ਜਬ ਸੰਤੋਸ਼ੀ ਸਮਦਰਸ਼ੀ ਸਾਧੂ ਬ੍ਰਾਹਮਣ ਭੋਜਨ ਕਰ ਚੁਕੇਂਗੇ ਤਬ ਏਹ ਘੰਟਾ ਸ੍ਵਯੰ ਹੀ ਜੋਰ ਸੇ ਬਜੇਗਾ ਉਸ ਵਕਤ ਯਗ ਸਫਲਾ ਸਮਝਾ ਜਾਏਗਾ । ਭਗਵਾਨ ਕ੍ਰਿਸ਼ਨ ਚੰਦਰ ਜੀ ਨੇ ਪਾਂਡਵੋਂ ਕੋ ਬਹੁਤ ਸਮਝਾਯਾ ਕਿ ਭੋਜਨ ਕਰਾਨੇ ਵਕਤ ਕਿਸੀ ਮੇਂ ਭੀ ਅਰੁਚੀ ਨਾ ਕਰਨੀ । ਸਰਧਾ ਪ੍ਰੇਮ ਅਰ ਸਤਿਕਾਰ ਸੇ ਸਭ ਕੋ ਭੋਜਨ ਖਿਲਾਨਾ ਅਰ ਭਗਵਾਨ ਨੇ ਭੀ ਸ੍ਵਯੰ ਚਰਨ ਧੋਨੇ ਅਰ ਜੂਠੀਆਂ ਪਤਲਾਂ ਉਠਾਨੇ ਕੀ ਸੇਵਾ ਆਪਣੇ ਪਰ ਰਖੀ, ਸਭ ਵਿਧੀ ਪੂਰਬਕ ਸਾਧੂ ਬ੍ਰਾਹਮਣਾਂ ਕੋ ਭੋਜਨ ਖਿਲਾਯਾ ਗਿਆ, ਪਰੰਤੂ ਘੰਟਾ ਨ ਬਜਾ, ਤਬ ਪਾਂਡਵੋਂ ਕੋ ਬੜਾ ਦੁਖ ਹੂਆ ਕਿ ਹਮਾਰਾ ਯਗ ਸਫਲ ਨਾ ਹੂਆ, ਉਸੀ ਵਕਤ ਏਕ ਦੂਤ ਨੇ ਮਹਾਰਾਜਾ ਯੁਧਿਸਟਰ ਕੋ ਆ ਕਰ ਕਹਾ, ਕਿ ਇਕ ਨਿਵਲਾ ਆਪ ਕੇ ਯਗ ਕੀ ਨਿੰਦਾ ਕਰ ਰਹਾ ਹੈ, ਅਰ ਬ੍ਰਾਹਮਣ ਸਾਧੂਓਂ ਕੇ ਜੂਠੇ ਪਤਲੋਂ ਧਰ ਲੇਟ ਰਹਾ ਹੈ । ਮਹਾਰਾਜ ਯੁਧਿਸ਼ਟਰ ਜੀ ਨੇ ਕਹਾ ਕਿ ਉਸ ਕੋ ਪਕੜ ਕੇ ਮੇਰੇ ਪਾਸ ਲੈ ਆਓ । ਦੂਤ ਪਕੜ ਕੇ ਲੇ ਆਏ ਅਰ ਮਹਾਰਾਜ ਯੁਧਿਸ਼ਟਰ ਨੇ ਉਸ ਕੋ ਦੇਖਾ, ਕਿ ਉਸ ਕਾ ਆਧਾ ਸਰੀਰ ਸਵਰਣ ਸਾਦ੍ਰਿਸ਼ ਤੇਜਸ੍ਵੀ ਮਾਲੂਮ ਹੋ ਰਹਾ, ਹੈ, ਔਰ ਆਧਾ ਤੇਜ ਹੀਣ ਮਲਿਨ ਹੈ । ਨਿਵਲੇ ਸੇ ਕਾਰਣ ਪੂਛਾ, ਨਿਵਲੇ ਨੇ ਕਹਾ ਮਹਾਰਾਜ ਮੇਰਾ ਆਧਾ ਸਰੀਰ ਸ੍ਵਰਣ ਕੇ ਸਾਦਰਸ਼ ਪਹਿਲੇ ਹੀ ਥਾ, ਆਧੇ ਕੋ ਸ੍ਵਰਣ ਸਾਦ੍ਰਿਸ਼ ਕਰਨੇ ਕੇ ਲੀਏ ਆਪ ਕੇ ਯਗ ਮੇਂ ਆਯਾ ਥਾ, ਅਰ ਸਾਧੂ ਬ੍ਰਾਹਮਣੋਂ ਕੇ ਜੂਠੇ ਪਤਲੋਂ ਪਰ ਬਹੁਤ ਲੇਟਾ, ਤਉ ਬੀ ਮੇਰਾ ਸਰੀਰ ਸ੍ਵਰਣ ਸਾਦ੍ਰਿਸ਼ ਤੇਜਸ੍ਵੀ ਨਾ ਹੂਆ, ਇਸ ਵਾਸਤੇ ਮੈਂ ਕਹਿ ਰਹਾ ਹੂੰ ਆਪ ਕਾ ਯਗ ਏਕ ਬ੍ਰਾਹਮਣ ਕੇ ਏਕ ਸੇਰ ਸੱਤੂ ਕੇ ਦਾਨ ਬਰਾਬਰ ਭੀ ਨਹੀਂ । ਮਹਾਰਾਜ ਯੁਧਿਸ਼ਟਰ ਨੇ ਸੇਰ ਭਰ ਸਤੂ ਕੇ ਦਾਨ ਕੀ ਕਥਾ ਪੂਛੀ, ਤਬ ਨਿਉਲਾ ਸੁਨਾਨੇ ਲਗਾ । ਏਕ ਦੇਸ ਮੇਂ ਏਕ ਬ੍ਰਾਹਮਣ ਆਪਣੀ ਇਸਤ੍ਰੀ, ਪੁਤਰ ਬਹੂ ਕੇ ਸਾਥ ਸੰਤੋਸ਼ ਪੂਰਬਕ ਰਹਿਤਾ ਥਾ ਉਸ ਨੇ ਪ੍ਰਣ ਕਰਾ ਹੂਆ ਥਾ, ਕਿ ਅਤਿਥੀ ਕੋ ਭੋਜਨ ਕਰਾ ਕਰ ਹਮ ਭੋਜਨ ਕਰੇਂਗੇ। ਇਸ ਪ੍ਰਤਗਜਾ ਕੀ ਪ੍ਰੀਖਿਆ ਵਾਸਤੇ ਭਗਵਾਨ ਨੇ ਦੇਸ਼ ਭਰ ਮੇਂ ਕਾਲ ਪਾ ਦੀਆ ਕਹੀਂ ਸੇ ਭੀ ਅੰਨ ਨਾ ਮਿਲੇ, ਯਹ ਬ੍ਰਾਹਮਣ ਭੀ ਕੁਟੰਬ ਸਹਿਤ ਬਹੁਤ ਦਿਨ ਭੂਖਾ ਰਹਾ, ਫਿਰ



ਮਾਂਗਤੇ ਮਾਂਗਤੇ ਏਕ ਸੇਰ ਸੱਤੂ ਮਿਲੇ, ਅਰ ਕੁਟੰਬ ਕੋ ਬਾਂਟ ਕਰ ਖਾਨੇ ਕੀ ਤਿਆਰੀ ਕਰਨੇ ਲਗਾ, ਤਬ ਉਸ ਕੋ ਖਿਆਲ ਹੂਆ ਕਿ ਕੋਈ ਅਤਿਥੀ ਆਯਾ ਨਹੀਂ, ਹਮ ਕੈਸੇ ਭੋਜਨ ਕਰੇਂ ? ਅਰ ਭੂਖ ਭੀ ਸਤਾ ਰਹੀ ਹੈ ਅਨ ਅਕਾਰ ਬਿਰਤੀ ਹੋ ਰਹੀ ਹੈ। ਪ੍ਰਮਾਣ :-

## ਜੈਸੀ ਭੂਖੇ ਪ੍ਰੀਤਿ ਅਨਾਜ ॥

ਤਬ ਬ੍ਰਾਹਮਣ ਨੇ ਭਗਵਾਨ ਕਾ ਧਿਆਨ ਕਰਾ ਕਿ ਨਿਯਮ ਭੰਗ ਨ ਹੋ, ਕੋਈ ਅਤਿਥੀ ਭੇਜੋ ਜੋ ਉਸ ਕੋ ਖਿਲਾ ਕਰ ਹਮ ਭੀ ਭੋਜਨ ਕਰੇਂ, ਭਗਵਾਨ ਉਸਕੀ ਪ੍ਰੀਖਯਾ ਵਾਸਤੇ ਸ੍ਵਯੰ ਬ੍ਰਾਹਮਣ ਰੂਪ ਸੇ, ਅਤਿਥੀ ਬਣ ਕਰ ਉਸ ਕੇ ਦੁਵਾਰੇ ਪਰ ਆਯਾ, ਕਹਿਨੇ ਲਗਾ ਮੈਂ ਤੀਨ ਦਿਨ ਕਾ ਭੂਖਾ ਹੂੰ, ਔਰ ਏਕ ਹੀ ਜਗਾ ਏਕ ਹੀ ਵਾਰੀ ਭੋਜਨ ਕਰ ਲੇਤਾ ਹੂੰ, ਫੇਰ ਦਿਨ ਭਰ ਮੁਖ ਜੂਠਾ ਨਹੀਂ ਕਰਤਾ ਹੂੰ, ਇਸ ਵਾਸਤੇ ਤੁਮ ਹਮਾਰੇ ਕੋ ਤ੍ਰਿਪਤੀ ਪੂਰਬਕ ਭੋਜਨ ਕਰਵਾਓ । ਬ੍ਰਾਹਮਣ ਬੜਾ ਖੁਸ਼ ਹੂਆ ਅਰ ਸਤਿਕਾਰ ਸੇ ਬੈਠਾ ਕਰ, ਆਪਣਾ ਹਿੱਸਾ ਯਾਨੇ ਸੇਰ ਕਾ ਚੋਥਾ ਭਾਗ ਪ੍ਰੀਤੀ ਪੂਰਬਕ, ਪੱਤਲ ਪਰ ਪਾਕੇ ਬ੍ਰਾਹਮਣ ਕੇ ਆਗੇ ਰਖਾ, ਬ੍ਰਾਹਮਣ ਖਾ ਕਰ ਤ੍ਰਿਪਤ ਨਾ ਹੂਆ ਤਬ ਉਸ ਕੋ ਅਪਨੀ ਇਸਤ੍ਰੀ ਕਾ ਭਾਗ ਦੇਤਾ ਭਯਾ, ਤਬ ਭੀ ਬ੍ਰਾਹਮਣ ਸੰਤੁਸਟ ਨਾ ਹੂਆ, ਤਬ ਉਸ ਕੇ ਪੁਤਰ ਨੇ ਆਪਣਾ ਹਿੱਸਾ ਭੀ ਬ੍ਰਾਹਮਣ ਕੋ ਦੀਆ, ਤਬ ਭੀ ਬ੍ਰਾਹਮਣ ਭੂਖਾ ਹੀ ਰਹਾ ਤਬ ਪੁਤਰ ਕੀ ਇਸਤ੍ਰੀ (ਬਹੂ) ਨੇ, ਆਪਣਾ ਹਿੱਸਾ ਬ੍ਰਾਹਮਣ ਕੋ ਦੀਆ, ਬ੍ਰਾਹਮਣ ਸਭ ਸੱਤੂਓਂ ਕਾ ਭੋਜਨ ਪਾ ਕੇ ਤ੍ਰਿਪਤ ਹੂਆ, ਅਰ ਕਹਾ ਤੁਮਾਰਾ ਸੇਹ ਭਰ ਸੱਤੂ ਕਾ ਯੱਗ ਸਫਲ ਹੂਆ। ਉਸੀ ਵਕਤ ਬ੍ਰਾਹਮਣ ਨੇ ਅਤਿਥੀ ਕੋ ਆਸਣ ਪਰ ਸੁਲਾਇ ਕਰ ਮੁਠੀ ਚਾਪੀ ਆਦਿ ਸੇਵਾ ਕਰਨੇ ਲਗਾ, ਅਰ ਉਸ ਜੂਠੀ ਪੱਤਲ ਪਰ ਮੈਂ ਆਪਣੇ ਨਿਉਲੇ ਸੁਭਾਵ ਸੇ ਆ ਕਰ ਲੇਟਾ, ਉਸੀ ਵਕਤ ਹੀ ਮੇਰਾ ਆਧਾ ਸਰੀਰ ਸ੍ਵਰਣ ਕੀ ਨਿਆਈਂ ਤੇਜਸ੍ਵੀ ਹੋ ਗਿਆ, ਤਬ ਮੈਂਨੇ ਅਤਿਥੀ ਸੇ ਪ੍ਰਾਰਥਨਾ ਕਰੀ ਮੇਰਾ ਦੂਸਰਾ ਆਧਾ ਸਰੀਰ ਭੀ, ਸ੍ਵਰਣ ਕੀ ਤਰ੍ਹਾਂ ਤੇਜਸ੍ਵੀ ਹੋ ਜਾਵੇ ਆਪ ਮੇਰੇ ਤੇ ਕ੍ਰਿਪਾ ਕਰੋਂ, ਤਬ ਵੋ ਅਤਿ ਪ੍ਰਸੰਨ ਹੋ ਕਰ ਕਹਿਨੇ ਲਗੇ, ਮਹਾਰਾਜਾ ਯੁਧਿਸ਼ਟਰ ਯੱਗ ਕਰੇਗਾ ਬਹੁਤ ਸਾਧੂ ਬ੍ਰਾਹਮਣ ਭੋਜਨ ਕਰੇਂਗੇ, ਉਨ ਕੀ ਜੂਠੀ ਪਤਲੋਂ ਪਰ ਜਾਕਰ ਲੇਟਨੇ ਸੇ, ਬਾਕੀ ਤੁਮਾਰਾ ਆਧਾ ਭਾਗ ਭੀ ਸ੍ਵਰਨ ਜੈਸਾ ਤੇਜਸ੍ਵੀ ਹੋ ਜਾਏਗਾ। ਉਸੀ ਵਕਤ ਸੇ ਮੈਂ ਆਪ ਕੇ ਯਗ ਕੀ ਬੜੀ ਉਡੀਕ ਕਰ ਰਹਾ ਥਾ, ਜਬ ਆਪ ਕਾ ਯਗ ਹੋਣਾ ਸੁਨਾ ਮੈਨੇ ਆਕਰ ਯਗ ਕਾ ਦਰਸ਼ਨ ਕੀਆ, ਅਰ ਆਜ ਸਾਧੂ ਬ੍ਰਾਹਮਣੋਂ ਕੀ ਜੂਠੀ ਪਤਲੋਂ ਪਰ ਬਹੁਤ ਵਾਰੀ ਲੇਟਾ ਭੀ, ਪਰੰਤੂ ਮੇਰਾ ਆਧਾ ਸਰੀਰ ਸੁਵਰਨ ਕਾ ਨਾ ਹੂਆ ਇਸ ਵਾਸਤੇ ਮੈ- ਕਹਿ ਰਹਾ ਹੂੰ, ਕਿ ਆਪ ਕਾ ਯਗ ਸੇਰ ਭਰ ਸਤੂ ਕੇ ਦਾਨ ਬਰਾਬਰ ਭੀ ਨਹੀਂ, ਨਿਵਲੇ ਕੇ ਬਚਨ ਸੁਨ ਕਰ ਮਹਾਰਾਜਾ ਯੁਧਿਸਟਰ ਕੋ ਬੜਾ ਦੁਖ ਹੂਆ । ਇਤਨੇ ਮੇਂ ਭਗਵਾਨ ਕ੍ਰਿਸ਼ਨ ਚੰਦ੍ਰ ਜੀ ਭੀ ਆ ਗਏ, ਅਰ ਯੁਧਿਸ਼ਟਰ ਸੇ ਪੂਛਾ ਕਿਉਂ ਦੁਖੀ ਹੋ ਰਹੇ ਹੋ ? ਯੁਧਿਸ਼ਟਰ ਜੀ ਨੇ ਕਹਾ ਨਾ ਘੰਟਾ ਬਜਾ ਨਾ ਨਿਵਲੇ ਕਾ ਆਧਾ ਸਰੀਰ ਸੁਵਰਨ ਕਾ ਹੂਆ, ਮੇਰਾ ਯੱਗ ਨਿਸ਼ਫਲ ਹੋ ਗਿਆ ਨਾ ਮਾਲੂਮ ਕਿਆ ਵਿਘਨ ਪੜਾ, ਤਬ ਭਗਵਾਨ ਕਹਿਨੇ ਲਗੇ ਧੀਰਜ ਕਰੋ ਕੋਈ ਸਮਦਰਸੀ ਮਹਾਤਮਾ ਭੋਜਨ ਸੇ

ਬਿਨਾਂ ਭੂਖਾ ਰਹਿ ਗਿਆ ਹੈ, ਜਬ ਉਨ ਕੋ ਤੁਮ ਸ਼ਰਧਾ ਸੇ ਭੋਜਨ ਕਰਾਓਗੇ, ਤਬ ਤੁਮਾਰਾ ਯਗ ਸਫਲ ਹੋਗਾ, ਤਲਾਸ਼ ਕਰਨੇ ਪਰ ਪਤਾ ਲਗਾ ਬਾਲਮੀਕ ਚੰਡਾਲ ਕੋ ਕਿਸੀ ਨੇ ਨਹੀਂ ਬੁਲਾਇਆ, ਨਾ ਉਹ ਆਪਣੇ ਆਪ ਭੋਜਨ ਕਰਨੇ ਆਯਾ ਹੈ। ਭਗਵਾਨ ਨੇ ਕਹਾ ਜਾਓ ਉਸ ਕੋ ਸਤਿਕਾਰ ਸੇ ਲੇ ਆਓ, ਜ਼ਰੂਰ ਪ੍ਰੇਮ ਸੇ ਭੋਜਨ ਕਰਾਓਗੇ, ਤੋ ਯਗ ਸਫਲ ਹੋਗਾ, ਮਹਾਰਾਜਾ ਯੁਧਿਸ਼ਟਰ ਨੇ ਅਰਜਨ ਅਰ ਭੀਮਸੈਨ ਕੋ ਬਾਲਮੀਕ ਕੇ ਪਾਸ ਭੇਜਾ, ਉਨੋਂ ਨੇ ਬਾਲਮੀਕ ਕੋ ਭੋਜਨ ਕੇ ਵਾਸਤੇ ਬਹੁਤ ਕਹਾ ਪਰੰਤੂ ਬਾਲਮੀਕ ਨੇ ਬੜੀ ਨਿੰਮ੍ਰਤਾ ਸੇ ਭੀਮਸੈਨ ਅਰ ਅਰਜਨ ਕੋ ਕਹਾ, ਹਮ ਭੰਗੀ ਹੈਂ, ਆਪ ਕੀਆਂ ਜੂਠੀਆਂ ਪਤਲਾਂ ਉਠਾ ਕਰ ਖਾਨੇ ਵਾਲੇ ਹੈਂ ।ਸੋ ਮੈਂ ਜੂਠੀਆਂ ਪਤਲਾਂ ਉਠਾ ਕਰ ਖਾ ਲਊਂਗਾ ਆਪ ਕੋਈ ਖਿਆਲ ਨਾ ਕਰੇਂ। ਤਬ ਦੋਨੋਂ ਭਾਈਓਂ ਨੇ ਕਹਾ ਭਗਵਾਨ ਕੀ ਹਮ ਕੋ ਆਗਿਆ ਹੈ, ਕਿ ਗ੍ਰਿਹ ਮੇਂ ਲਿਆ ਕਰ ਸਤਿਕਾਰ ਪੂਰਬਕ ਬਾਲਮੀਕ ਕੋ ਭੋਜਨ ਕਰਾਓ, ਸੋ ਆਪ ਹਮਾਰੇ ਗ੍ਰਿਹ ਕੋ ਚਲ ਕਰ ਪਵਿਤ੍ਰ ਕਰੋ । ਤਬ ਬਾਲਮੀਕ ਕਹਿਨੇ ਲਗਾ ਮੈਂ ਸੂਦਰ ਹੂੰ ਤੀਨੋਂ ਵਰਨੋਂ ਕੀ ਸੇਵਾ ਕਰਨੇ ਵਾਲਾ ਹੂੰ, ਆਪ ਸੇ ਸੇਵਾ ਕੈਸੇ ਕਰਵਾਊਂਗਾ ਸ਼ਾਸਤਰ ਵਿਰੁਧ ਕਾਮ ਨ ਕਰੂੰਗਾ। ਐਸੇ ਕਹਿ ਕਰ ਦੋਨੋਂ ਭਾਈਓਂ ਕੋ ਲੋਟਾ ਦੀਆ । ਫੇਰ ਮਹਾਰਾਜਾ ਯੁਧਿਸ਼ਟਰ ਨੇ ਦੂਸਰੇ ਭਾਈ ਨਕੁਲ ਸਹਿਦੇਵ ਕੋ ਭੇਜਾ ਸਹਦੇਵ ਜੀ ਬੜੇ ਪੰਡਤ ਥੇ, ਉਨਕੋ ਕਹਾ ਅਨੇਕ ਯੁਕਤੀਓਂ ਸੇ ਉਨ ਕੋ ਪ੍ਰਸੰਨ ਕਰ ਕੇ ਲੇ ਆਨਾ, ਜਬਰਦਸਤੀ ਸੇ ਨਾ ਲੇ ਆਨਾ ਉਨ ਦੋਨੋਂ ਭਾਈਓਂ ਨੇ ਭੀ ਬੜੀ ਪ੍ਰਾਰਥਨਾ ਕਰੀ, ਪਰੰਤੂ ਬਾਲਮੀਕ ਨੇ ਉਨ ਕੋ ਭੀ ਯੇਹ ਉਤਰ ਦੀਆ ਕਿ ਮੈਂ ਜੂਠੀ ਪੱਤਲ ਲਿਆ ਕਰ ਈਹਾਂ ਖਾ ਲਊਂਗਾ, ਮੈਂ ਕੋਈ ਬ੍ਰਾਹਮਣ ਨਹੀਂ ਹੂੰ ਜੋ ਪੈਰ ਧੁਆ ਕਰ, ਆਸਣ ਤੇ ਬੈਠ ਕਰ ਭੋਜਨ ਕਰੂੰ । ਫੇਰ ਨਕੁਲ ਸਹਿਦੇਵ ਨੇ ਅਨੇਕ ਦ੍ਰਿਸ਼ਟਾਂਤ ਦੇ ਕਰਕੇ ਗ੍ਰਿਹਿ ਲੇ ਜਾਨੇ ਕੀ ਪ੍ਰਾਰਥਨਾ ਕਰੀ, ਤਬ ਬਾਲਮੀਕ ਜੀ ਨੇ ਕਹਾ ਮੈਂ ਧਰਮ ਸ਼ਾਸਤਰ ਸੇ ਵਿਰੁੱਧ ਕਾਮ ਕਰਨੇ ਲਗਾ ਹੂੰ, ਮੇਰੇ ਕੋ ਪਾਪ ਲਗੇਗਾ ਤੁਮ ਆਪਣਾ ਪੁੰਨ ਭੋਜਨ ਕੇ ਬਾਦ ਦਖਣਾ ਮੇਂ ਦੇਨੇ ਕੀ ਪ੍ਰਤਗਯਾ ਕਰੋ, ਤੋ ਮੈਂ ਤੁਮਾਰੇ ਸਾਥ ਚਲਤਾ ਹੂੰ । ਤਬ ਉਨ ਦੋਨੋਂ ਭਾਈਓਂ ਨੇ ਕਹਾ ਆਪ ਕਿਆ ਦਖਨਾ ਲੈਨਾ ਚਾਹਤੇ ਹੋ? ਉਸ ਨੇ ਕਹਾ ਏਕ ਅਸ਼ਮੇਧ ਯਗ ਕੀ ਦਖਨਾ ਮਾਂਗਤਾ ਹੂੰ, ਉਨੋਂ ਨੇ ਕਹਾ ਹਮ ਨੇ ਦੋ ਹੀ ਯਗ ਕਰੇ ਹੈਂ, ਪਹਿਲੇ ਏਕ ਰਾਜਸੂ ਯਗ ਕਰਾ ਥਾ, ਅਬ ਅਸ਼ਮੇਧ ਕਰਾ ਹੈ ਸੋ ਅਬੀ ਪੂਰਾ ਨਹੀਂ ਹੂਆ ਹੈ, ਸੋ ਆਪ ਕੋ ਪੂਰਾ ਹੋਨੇ ਸੇ ਪਹਿਲੇ ਹੀ ਕੈਸੇ ਦੇ ਸਕਤੇ ਹੈਂ ? ਫਿਰ ਬੜੇ ਭਾਈ ਮਹਾਰਾਜਾ ਯੁਧਿਸ਼ਟਰ ਦੀ ਆਗਿਆ ਬਿਨਾਂ ਕੈਸੇ ਦੇ ਸਕਤੇ ਹੈਂ ? ਤਬ ਬਾਲਮੀਕ ਜੀ ਕਹਿਨੇ ਲਗੇ ਅਗਰ ਆਪ ਨਹੀਂ ਦੇ ਸਕਤੇ, ਤੋ ਮੈਂ ਭੀ ਤੁਮਾਰੇ ਗ੍ਰਿਹ ਮੇਂ ਚਲ ਕਰ ਆਸਨ ਪਰ ਬੈਠ ਕਰ, ਭੋਜਨ ਨਹੀਂ ਕਰ ਸਕਤਾ । ਕਿਉਂਕਿ ਇਸ ਤਰਾਂ ਭੋਜਨ ਕਰਨਾ ਮੇਰਾ ਅਧਿਕਾਰ ਨਹੀਂ, ਐਸੇ ਕਹਿ ਕਰ ਉਨ ਦੋਨੋਂ ਭਾਈਓਂ ਕੋ ਭੀ ਵਾਪਸ ਕਰ ਦੀਆ, ਬਾਲਮੀਕ ਕੇ ਨਾ



ਆਨੇ ਸੇ ਪੰਜੋਂ ਪਾਂਡੋਂ ਕੋ ਬੜਾ ਦੁਖ ਹੂਆ, ਯਗ ਕੀ ਕਰੀ ਹੂਈ ਮਿਹਨਤ ਸਬ ਨਿਸ਼ਫਲ ਹੋ ਰਹੀ ਹੈ । ਬਾਲਮੀਕ ਜੀ ਆਤੇ ਨਹੀਂ ਕਿਆ ਕਰੇਂ ਤਬ ਭਗਵਾਨ ਜੀ ਨੇ ਦਰੋਪਦੀ ਕੋ ਸਤਿਸੰਗ ਕਾ ਮਹਾਤਮ ਸੁਣਾ ਕਰ ਕਹਾ, ਕਿ ਸੰਤਾਂ ਪਾਸ ਚਲ ਕਰ ਪੈਦਲ ਜਾਈਏ ਕਿਉਂਕਿ ਏਕ ਏਕ ਪਗ ਰਖਨੇ ਪਰ ਅਸ਼ਮੇਧ ਯਗ ਕਾ ਫਲ ਪ੍ਰਾਪਤ ਹੋਤਾ ਹੈ, ਐਸੇ ਬਚਨ ਬਾਲਮੀਕ ਕੋ ਕਹਿ ਕਰ ਲੇ ਆਨਾ। ਦਰੋਪਤੀ ਪੈਦਲ ਗਈ ਅਰ ਜਾਕਰ ਬੜੀ ਪ੍ਰਾਰਥਨਾ ਕਰੀ, ਉਨੋਂ ਨੇ ਦਰੋਪਤੀ ਸੇ ਭੀ ਏਕ ਯਗ ਕਾ ਫਲ ਮਾਂਗਾ । ਦਰੋਪਤੀ ਨੇ ਭਗਵਾਨ ਕੇ ਬਚਨ ਅਨੁਸਾਰ ਸੰਤੋਂ ਕੇ ਪਾਸ ਚਲ ਕਰ ਆਨੇ ਸੇ, ਪਗ ਪਗ ਚਲਨੇ ਪਰ ਏਕ ਏਕ ਯਗ ਕਾ ਮਹਾਤਮ ਹੋਤਾ ਹੈ, ਯੇ ਸੁਨਾ ਕਰ ਕਹਾ ਮੇਰੇ ਏਕ ਪਗ ਰਖਨੇ ਕਾ ਮਹਾਤਮ ਤੁਸੀਂ ਲੇ ਲਓ, ਬਾਕੀ ਮੇਰੇ ਕੋ ਦੇ ਦੇਨਾ। ਬਾਲਮੀਕ ਜੀ ਦਰੋਪਤੀ ਕੇ ਬਚਨ ਸੁਣ ਕਰ ਬੜੇ ਪ੍ਰਸੰਨ ਹੋਏ, ਔਰ ਉਸ ਕੇ ਸਾਥ ਚਲ ਕਰ ਪਾਂਡਵੋਂ ਕੇ ਯਗ ਮੇਂ ਆਏ, ਪਾਂਡਵ ਬੜੇ ਪ੍ਰਸੰਨ ਹੋਏ ਅਰ ਸਤਿਕਾਰ ਕਰਾ, ਉਸਤਤਿ ਕਰੀ, ਅਰ ਕਹਾ ਆਪ ਵਿਧੀ ਪੂਰਬਕ ਭੋਜਨ ਪਾ ਕਰ, ਹਮਾਰਾ ਯਗ ਸਫਲ ਕਰੋ । ਐਸੇ ਕਹਿ ਕਰ ਆਸਣ ਪਰ ਬੈਠਾਯਾ, ਅਰ ਦਰੋਪਤੀ ਨੇ ਛਤੀ ਪ੍ਰਕਾਰ ਕੇ ਭੋਜਨ ਆਪ ਪਰੋਸੇ, ਅਰ ਸਭ ਭੋਜਨੋਂ ਕੇ ਜੁਦੇ ਜੁਦੇ ਨਾਮ ਲੀਏ ਯੇ ਖੱਟੇ ਹੈਂ, ਯੇ ਮਿੱਠੇ ਹੈਂ, ਯੇ ਸਲੂਣੇ ਹੈਂ, ਆਪ ਇਨ ਕਾ ਜੁਦਾ ਜੁਦਾ ਰਸ ਲਓ, ਅਰ ਤ੍ਰਿਪਤੀ ਸੇ ਭੋਜਨ ਕਰੋ । ਬਾਲਮੀਕ ਜੀ ਨੇ ਜੁਦੇ ਜੁਦੇ ਪਰੋਸੇ ਹੂਏ ਭੋਜਨੋਂ ਕੋ ਦੇਖ ਕਰ ਕੁਛ ਵਕਤ ਚੁਪ ਰਹੇ, ਫੇਰ ਸਭ ਭੋਜਨੋਂ ਕੋ ਮਿਲਾ ਕਰ ਆਠ ਗ੍ਰਾਸ ਬਨਾ ਕਰ ਭੋਜਨ ਕਰ ਲੀਆ । ਦਰੋਪਦੀ ਦੇਖ ਰਹੀ ਸੀ, ਅਰ ਭੋਜਨ ਮਿਲਾਨੇ ਪਰ ਬੜੀ ਗਿਲਾਨੀ ਕਰੀ, ਅਰ ਕਹਾ ਫਿਰ ਭੀ ਚੰਡਾਲ ਹੀ ਹੈ ਨ ? ਅਗਰ ਉਤਮ ਜਾਤੀ ਵਾਲਾ ਹੋਤਾ, ਤੋ ਜੁਦਾ ਜੁਦਾ ਰਸ ਲੇਤਾ, ਮੇਰੀ ਸੇਵਾ ਕੋ ਸਫਲ ਕਰਤਾ, ਮੈਨੇ ਬੜਾ ਜਤਨ ਕਰਕੇ ਭੋਜਨ ਬਨਾਏ ਥੇ, ਇਸ ਚੰਡਾਲ ਨੇ ਸਭ ਭੋਜਨ ਮਿਲਾਕੇ ਮੇਰੀ ਮਿਹਨਤ ਕੋ ਨਿਸ਼ਫਲ ਕਰ ਦੀਆ । ਇਸ ਪ੍ਰਕਾਰ ਗਿਲਾਨੀ ਕਰੀ ਅਬ ਬਾਲਮੀਕ ਜੀ ਭੀ ਜਬ ਭੋਜਨ ਕਰ ਚੁਕੇ, ਤਬ ਘੰਟਾ ਬਜਾ ਤੋ ਸਹੀ ਪਰੰਤੂ ਮਧਮ ਸੁਰ ਸੇ ਬਜਾ, ਕਿਸੀ ਕੋ ਸੁਨਾਈ ਆਯਾ ਕਿਸੀ ਕੋ ਨਹੀਂ ਤਬ ਪਾਂਡਵ ਭਗਵਾਨ ਜੀ ਸੇ ਪੂਛਨੇ ਲਗੇ ਘੰਟਾ ਮਧਮ ਕਿਉਂ ਵਜਾ, ਅਬ ਤੋ ਆਪ ਕੇ ਕਹਿਨੇ ਸੇ ਹਮ ਰਾਜ਼ੀ ਹੋ ਕਰ ਕੇ ਭੀ, ਚੰਡਾਲੋਂ ਕੋ ਸਤਿਕਾਰ ਸੇ ਸ਼ਰਧਾ ਸੇ ਭੋਜਨ ਕਰਾਤੇ ਭਏ, ਫੇਰ ਘੰਟਾ ਮਧਮ ਕਿਉਂ ਵਜਾ ? ਭਗਵਾਨ ਸਰਵਗਯ ਦ੍ਰਿਸ਼ਟੀ ਸੇ ਜਾਨ ਕਰ ਕਹਿਨੇ ਲਗੇ, ਘੰਟੇ ਕੇ ਨ ਵਜਨੇ ਮੇਂ ਦਰੋਪਤੀ ਕੀ ਗਿਲਾਨੀ ਹੀ ਕਾਰਨ ਹੈ, ਦਰੋਪਤੀ ਨੇ ਬਾਲਮੀਕ ਕੇ ਭਾਵ ਕੋ ਨ ਸਮਝ ਕਰ ਭੋਜਨ ਖਵਾਨੇ ਵਕਤ ਗਿਲਾਨੀ ਕਰੀ ਹੈ। ਉਸ ਵਕਤ ਦਰੋਪਦੀ ਸੇ ਪੂਛਾ ਗਿਆ ਦਰੋਪਦੀ ਨੇ ਕਹਾ ਬਰਾਬਰ ਮੈਨੇ ਗਿਲਾਨੀ ਕਰੀ ਥੀ। ਭਗਵਾਨ ਜੀ ਨੇ ਕਹਾ ਪੁੰਨ ਕਰਮ ਕਰਨੇ ਮੇਂ ਜਿਤਨੀ ਸ਼ਰਧਾ ਅਧਿਕ ਹੋਵੇ, ਉਤਨਾ ਅਧਿਕ ਪੁੰਨ ਹੋਤਾ ਹੈ । ਅਬ ਦੂਸਰੀ ਵਾਰੀ ਫਿਰ ਨਿਮੰਤ੍ਰਨ ਦੇਕੇ, ਬਾਲਮੀਕ ਜੀ ਕੋ ਬੁਲਾਓ ਅਰ ਸ਼ਰਧਾ ਸੇ ਭੋਜਨ ਕਰਾਓ, ਤਬ ਤੁਮਾਰਾ.

ਘੰਟਾ ਬਜੇਗਾ । ਪਾਂਡਵੋਂ ਨੇ ਇਸ ਤਰ੍ਹਾਂ ਕਰਾ, ਦੂਬਾਰਾ ਭੋਜਨ ਸ਼ਰਧਾ ਸੇ ਕਰਾਇਆ, ਕਿਸੀ ਤਰ੍ਹਾਂ ਸੇ ਗਿਲਾਨੀ ਨਹੀਂ ਕਰੀ । ਭੋਜਨ ਕਰ ਜਾਨੇ ਪਰ ਬੜੇ ਜੋਰ ਸੇ ਘੰਟਾ ਵਜਾ, ਯਗ ਕੋ ਸਫਲ ਸਮਝ ਕਰ ਪਾਂਡਵ ਬੜੇ ਪ੍ਰਸੰਨ ਹੋਏ, ਪਰੰਤੂ ਭਗਵਾਨ ਨੇ ਵਿਚਾਰਾ ਘੰਟਾ ਵਜਨੇ ਕਾ ਕਾਰਨ, ਅਬੀ ਭੀ ਪਾਂਡਵੋਂ ਕੋ ਮਲੂਮ ਨਾ ਹੂਆ, ਇਨੋਂ ਕੋ ਬਾਲਮੀਕ ਦੁਵਾਰਾ ਹੀ ਘੰਟਾ ਵਜਨੇ ਕਾ ਕਾਰਨ ਬਤਾ ਦੇਣਾ ਚਾਹੀਏ । ਤਬ ਭਗਵਾਨ ਕ੍ਰਿਸ਼ਨ ਜੀ ਨੇ ਪੰਜ ਪਾਂਡਵ ਅਰ ਦਰੋਪਦੀ ਕੇ ਸਨਮੁਖ, ਬਾਲਮੀਕ ਕੋ ਕਹਾ ਕਿ ਦਰੋਪਦੀ ਕੇ ਚਿਤ ਮੇਂ ਸ਼ੰਕਾ ਹੈ, ਕਿ ਆਪ ਨੇ ਜੁਦੇ ਜੁਦੇ ਭੋਜਨ ਮਿਲਾਏ ਕਿਉਂ ? ਆਪ ਖੋਹਲ ਕਰ ਵਿਸਤਾਰ ਪੂਰਬਕ ਭੋਜਨ ਮਿਲਾਨੇ ਕਾ ਭਾਵ ਦਰੋਪਦੀ ਕੋ ਸੁਨਾਓ, ਤਬ ਬਾਲਮੀਕ ਜੀ ਕਹਿਨੇ ਲਗੇ ਭਗਵਾਨ ਆਪ ਤੋ ਸਰਬਗਜ ਹੋ, ਮੇਰੇ ਹਿਰਦੇ ਕਾ ਭਾਵ ਸਭ ਜਾਨਤੇ ਹੋ, ਆਪ ਇਨ ਕੋ ਸੁਨਾ ਸਕਤੇ ਹੋ ਪਰੰਤੂ ਮੇਰੇ ਕੋ ਆਗਯਾ ਕਰਤੇ ਹੋ, ਤੋ ਆਪ ਕੀ ਆਗਯਾ ਸੇ ਮੈਂ ਦਰੋਪਦੀ ਕੋ ਸੁਨਾਤਾ ਹੂੰ, ਭਗਵਾਨ ਕਹਿਨੇ ਲਗੇ ਮੇਰੀ ਆਗਯਾ ਹੈ, ਤੁਮ ਹੀ ਇਨ ਕੋ ਸੁਨਾਓ । ਤਬ ਬਾਲਮੀਕ ਜੀ ਪੰਜ ਪਾਂਡਵ ਅਰ ਦਰੋਪਦੀ ਕੋ ਕਹਿਨੇ ਲਗੇ ਅਗਰ ਮੈਂ, ਭੋਜਨ ਮਿਲਾ ਕੇ ਨਾ ਖਾਤਾ ਤੋ ਆਪ ਕਾ ਯਗ ਸਫਲਾ ਨਾ ਹੋਤਾ ਅਰ ਨਾ ਹੀ ਘੰਟਾ ਵਜਣਾ ਥਾ । ਕਿਉਂਕਿ ਭਗਵਾਨ ਨੇ ਘੰਟੇ ਬਜਨੇ ਮੇਂ ਯੇ ਨਿਯਮ ਰਖਾ ਥਾ, ਕਿ ਜੋ ਪੁਰਸ਼ ਬੇਦੋਂ ਕੇ ਤੀਨੋਂ ਕਾਂਡੋਂ ਕਾ ਭਾਵ ਰਖ ਕਰ, ਭੋਜਨ ਕਰੇਗਾ ਉਸ ਕੇ ਖਾਨੇ ਸੇ ਘੰਟਾ ਬਜੇਗਾ । ਬੇਦ ਕੇ ਤੀਨ ਕਾਂਡ ਯਹ ਹੈਂ:-ਏਕ ਕਰਮ ਕਾਂਡ, ਦੂਸਰਾ ਉਪਾਸ਼ਨਾ ਕਾਂਡ, ਤੀਸਰਾ ਗਿਆਨ ਕਾਂਡ, ਸੋ ਮੈਨੇ ਤੀਨੋਂ ਕਾਂਡੋਂ ਕਾ ਭਾਵ ਰਖ ਕਰ, ਭੋਜਨ ਕੀਆ ਤਬ ਘੰਟਾ ਬਜਾ । ਮੇਰੇ ਸੇ ਪਹਿਲੇ ਹਜਾਰੋਂ ਬ੍ਰਾਹਮਣ ਅਰ ਸਾਧੂਓਂ ਨੇ ਭੋਜਨ ਕਰਾ, ਪਰੰਤੂ ਭੋਜਨ ਮੇਂ ਕਿਸੀ ਨੇ ਏਕ ਕਾਂਡ ਕਾ ਭਾਵ ਰਖ ਕਰ ਭੋਜਨ ਕੀਆ, ਕਿਸੀ ਨੇ ਦੋ ਕਾਂਡ ਕਾ ਭਾਵ ਰਖ ਕਰ ਭੋਜਨ ਕੀਆ, ਇਸ ਵਾਸਤੇ ਘੰਟਾ ਨਾ ਬਜਾ ਅਰ ਤੁਮ ਦੁਖੀ ਹੋ ਗਏ ਥੇ । ਭਗਵਾਨ ਨੇ ਤੁਮਾਰੇ ਪਾਸ ਮੇਰਾ ਨਾਮ ਲੀਆ । ਮੇਰੇ ਕੋ ਬੁਲਾਯਾ ਮੈਂ ਆਤਾ ਨਹੀਂ ਥਾ ਤੁਮਾਰੇ ਪ੍ਰੇਮ ਵਸੂ ਆ ਗਿਆ, ਅਬ ਭਗਵਾਨ ਕੇ ਭਾਵ ਕੋ ਸਮਝ ਕਰ ਵੇਦ ਕੇ ਤੀਨੋਂ ਕਾਂਡੋਂ ਕੇ ਅਨੁਸਾਰ ਭੋਜਨ ਕਰਨੇ ਲਗਾ, ਤੋ ਬਿਨਾ ਮਿਲਾਏ ਤੀਨੋਂ ਕਾਂਡ ਸਿਧ ਨਹੀਂ ਹੋ ਸਕਤੇ, ਇਸ ਵਾਸਤੇ ਤੁਮਾਰੇ ਬਣਾਏ ਜੁਦਾ ਜੁਦਾ ਰਸੋਂ ਕੋ, ਮੈਂਨੇ ਲੇਕਰ ਪਾਂਡਵੋਂ ਕੇ ਯਗਜ ਸਫਲ ਕਰਨੇ ਵਾਸਤੇ ਭੋਜਨ ਮਿਲਾ ਲੀਆ, ਇਸ ਕਾ ਭਾਵ ਖੋਹਲ ਕਰ ਮੈਂ ਤੁਮਾਰੇ ਕੋ ਸੁਨਾਤਾ ਹੂੰ । ਹਰ ਏਕ ਪੁਰਸ਼ ਕੋ ਹਰ ਏਕ ਆਸ਼੍ਰਮੀ ਕੋ ਸ਼ਾਸਤਰ ਕੇ ਅਨੁਸਾਰ ਭੋਜਨ ਕਰਨਾ ਚਾਹੀਏ । ਰਸਨਾ ਕੇ ਅਧੀਨ ਹੋ ਕਰ ਸ਼ਾਸਤ੍ਰ ਮਰਯਾਦਾ ਕੋ ਨਾ ਤੋੜਨਾ ਚਾਹੀਏ, ਮਰਯਾਦਾ ਤੋੜਨੇ ਸੇ ਭੋਜਨ ਖਾਨੇ ਪਰ ਪਾਪ ਹੋਤਾ ਹੈ, ਚਿਤ ਮੇਂ ਵਿਕਾਰ ਪੈਦਾ ਹੋਤੇ ਹੈਂ :-

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰੁ ॥ ੧ ॥**

[ਸਿਰੀ ਰਾਗੁ ਮ: ੧ ਸਫਾ ੧੬



ਸ਼ਾਸਤਰ ਕੀ ਮਰਯਾਦਾ ਚਾਰੋਂ ਆਸ਼੍ਰਮੀਓਂ ਕੀ ਇਸ ਤਰ੍ਹਾਂ ਹੈ :-ਸਨਿਆਸੀ ਕੋ ਆਠ ਗ੍ਰਾਸ, ਵਾਨਪ੍ਰਸਤ ਕੋ ਸੋਲਾਂ ਗ੍ਰਾਸ, ਗ੍ਰਸਤ ਕੋ ਚੌਬੀਸ ਗ੍ਰਾਸ, ਵਿਦਿਆ ਪੜ੍ਹਨੇ ਵਾਲੇ ਬ੍ਰਹਮਚਾਰੀ ਕੋ ਬੱਤੀਸ ਗ੍ਰਾਸ ਦਿਨ ਮੇਂ ਭੋਜਨ ਕਰਨਾ ਚਾਹੀਏ, ਅਧਿਕ ਨਾ ਕਰਨਾ ਚਾਹੀਏ ਗ੍ਰਾਸ ਕਾ ਵਜਨ ਯਹ ਹੈ ਜਿਤਨਾ ਕੁ ਮੂੰਹ ਮੇਂ ਪਾ ਸਕੇ । ਪ੍ਰਮਾਣ ਧਰਮ ਸ਼ਾਸਤ੍ਰ:-

**ਸਲੋਕ—ਅਸ਼ਟਊ ਗ੍ਰਾਸਊ ਮੁਨੇਰਭਖਸ਼ਾ ਖੋੜਸ਼ਃ ਅਰਨਜਵਾਸੀਨਾਂ ॥ ਚਤ੍ਰਵਿੰਸਤੀ ਗ੍ਰਹਸਥਾਨਾਂ ਦ੍ਵਾਤ੍ਰਿੰਸ਼ਤ ਬ੍ਰਹਮਚਾਰੀਣਾਂ ॥**

[ਭਕਤੀ ਕੋਸਤੁਭ

ਅਰਥ–ਮੁਨੀ ਕੋ ਅਠ ਗ੍ਰਾਸ, ਵਾਨ ਪ੍ਰਸਥ ਕੋ ਸੋਲਾਂ ਗ੍ਰਾਸ, ਗ੍ਰਸਤ ਕੋ ਚੌਬੀਸ ਗ੍ਰਾਸ, ਅਰ ਬ੍ਰਹਮਚਾਰੀ ਕੋ ਬੱਤੀਸ ਗ੍ਰਾਸ ਭੋਜਨ ਕਰਨਾ ਚਾਹੀਏ, ਯੇ ਵੇਦ ਸ਼ਾਸਤ੍ਰ ਕੇ ਕਰਮ ਕਾਂਡ ਕੀ ਆਗਿਆ ਹੈ। ਅਗਰ ਹੇ ਦਰੋਪਤੀ ਮੈਂ ਤੁਮਾਰੇ ਪਰੋਸੇ ਹੋਏ ਛੱਤੀ ਪ੍ਰਕਾਰ ਕੇ ਭੋਜਨੋਂ ਕੋ, ਜੁਦਾ ਜੁਦਾ ਛੱਤੀ ਗ੍ਰਾਸੋਂ ਮੇਂ ਖਾਤਾ, ਤੋ ਘੰਟਾ ਕੈਸੇ ਬਜ ਸਕਤਾ ਥਾ ? ਕਿਉਂਕਿ ਛੱਤੀ ਗ੍ਰਾਸ ਖਾਨੇ ਕੀ ਆਗਿਆ ਕਿਸੀ ਆਸ਼੍ਰਮੀ ਕੋ ਨਹੀਂ । ਬ੍ਰਹਮਚਾਰੀ ਕੋ ਭੀ ਬੱਤੀਸ ਗ੍ਰਾਸੋਂ ਕੀ ਆਗਿਆ ਹੈ, ਛਤੀਸ ਕੀ ਨਹੀਂ । ਛੱਤੀਸ ਖਾਨੇ ਵਾਲੇ ਰਸਨਾ ਅਧੀਨ ਹੈਂ ਵਿਸ਼ਈ ਹੈਂ, ਪਾਪੀ ਹੈਂ, ਭੋਜਨ ਕਰਾਨੇ ਵਾਲੇ ਕੋ ਅਧੋ ਗਤੀ ਮੇਂ ਪਹੁੰਚਾਨੇ ਵਾਲੇ ਹੈਂ, ਇਸੀ ਵਾਸਤੇ ਮੈਨੇ ਕਰਮ ਕਾਂਡ ਕਾ ਹਿਸਾ ਰਖ ਕਰ, ਅਪਨਾ ਧਰਮ ਅੱਠ ਗ੍ਰਾਸ ਖਾਨੇ ਕਾ ਸਮਝ ਕਰ, ਭੋਜਨ ਮਿਲਾ ਕਰ ਅੱਠ ਗ੍ਰਾਸੋਂ ਮੇਂ ਸਭ ਭੋਜਨ ਕਰ ਲੀਆ, ਅਗਰ ਸਭ ਨਾ ਖਾਤਾ ਤੋ ਏਕ ਤੋ ਮੇਰੀ ਭੂਖ ਨਾ ਹਟਤੀ, ਦੂਸਰਾ ਜੂਠਾ ਅੰਨ ਛੋੜਨੇ ਸੇ ਘੰਟਾ ਨ ਬਜਤਾ, ਕਿਉਂਕਿ ਸ਼ਾਸਤ੍ਰ ਕੀ ਆਗਿਆ ਹੈ ਜੂਠਾ ਅੰਨ ਪੱਤਲ ਮੇਂ ਨ ਛੋੜੋ । ਏਕ ਤੋ ਇਸ ਭਾਵ ਸੇ ਭੋਜਨ ਮਿਲਾਇਆ, ਦੂਸਰਾ ਵੇਦ ਕਾ ਉਪਾਸ਼ਨਾ ਕਾਂਡ ਹੈ, ਉਸ ਕੀ ਆਗਿਆ ਯੇ ਹੈ ਕਿ ਪ੍ਰਮੇਸ਼ਵਰ ਕੋ ਭੋਗ ਲਗਾ ਕਰ ਫੇਰ ਮਨੁਸ਼ ਕੋ ਭੋਜਨ ਕਰਨਾ ਚਾਹੀਏ । ਜੋ ਪਾਪੀ ਪਰਮੇਸ਼ੁਰ ਕੋ ਭੋਗ ਨ ਲਗਾ ਕਰ ਖਾਤਾ ਹੈ, ਉਹ ਕੇਵਲ ਪਾਪੋਂ ਕਾ ਭੋਜਨ ਕਰਤਾ ਹੈ। ਇਸ ਵਾਸਤੇ ਜਬ ਮੈਂ ਭੋਜਨ ਕਰਤਾ ਹੂੰ ਤੋ ਪਹਿਲੇ ਗ੍ਰਾਸ ਮੇਂ ਭਗਵਾਨ ਕਾ ਖਿਆਲ ਕਰ, ਯਾਨੇ ਭਗਵਾਨ ਕੋ ਖਿਲਾ ਕਰ, ਭਗਵਾਨ ਕਾ ਸੀਤ ਪ੍ਰਸ਼ਾਦ ਸਮਝ ਕਰ, ਗ੍ਰਾਸੋਂ ਕੋ ਮੁਖ ਮੇਂ ਪਾਤਾ ਹੂੰ । ਜਬ ਤੁਮ ਨੇ ਛਤੀ ਪ੍ਰਕਾਰ ਕੇ ਭੋਜਨੋਂ ਕੋ ਮੇਰੇ ਸਾਹਮਣੇ ਰਖਾ, ਤਬ ਮੈਂਨੇ ਭਗਵਾਨ ਕੋ ਏਕ ਗ੍ਰਾਸ ਭੋਗ ਲਗਾਣਾ ਚਾਹਾ, ਏਕ ਕਟੋਰੀ ਸੇ ਏਕ ਗ੍ਰਾਸ ਜਬ ਨਿਕਾਲਨਾ ਚਾਹਾ, ਤਬ ਮਨ ਮੇਂ ਵਿਚਾਰ ਹੂਆ ਕਿ ਛਤੀ ਪ੍ਰਕਾਰ ਕੇ ਰਸੋਂ ਮੇਂ ਏਕ ਰਸ ਕਾ ਭਗਵਾਨ ਕੋ ਭੋਗ ਲਗੇਗਾ, ਬਾਕੀ ਪੈਂਤੀਸ ਰਸੋਂ ਕਾ ਸੀਤ ਪ੍ਰਸ਼ਾਦ ਹੂਆ ਨਹੀਂ, ਔਰ ਸੀਤ ਪ੍ਰਸ਼ਾਦ ਹੂਏ ਬਿਨਾਂ ਮੈਨੇ ਭੋਜਨ ਕਰਨਾ ਹੀ ਨਹੀਂ, ਏਕ ਤੋ ਯਹ ਬਾਤ । ਦੂਸਰੀ ਬਾਤ ਯਹ ਥੀ ਕਿ ਏਕ ਕਟੋਰੀ ਸੇ ਅਗਰ ਏਕ ਗ੍ਰਾਸ ਭਗਵਾਨ ਕੋ ਭੋਗ ਲਗਾਤਾ, ਤੋ ਸ਼ਾਇਦ

ਭਗਵਾਨ ਦੂਸਰੀ ਕਟੋਰੀ ਕੇ ਰਸ ਭੋਗ ਲਗਾਨੇ ਮੇਂ ਪ੍ਰਸੰਨ ਹੋਤਾ । ਦੂਸਰੀ ਮੇਂ ਹਥ ਪਾਯਾ ਤਬ ਖਿਆਲ ਹੂਆ ਸ਼ਾਇਦ ਭਗਵਾਨ ਕੀ ਰੁਚੀ ਤੀਸਰੀ ਕੇ ਰਸ ਲੇਨੇ ਮੇਂ ਹੋਗੀ, ਐਸੇ ਛੱਤੀ ਪ੍ਰਕਾਰ ਕੇ ਰਸੋਂ ਮੇਂ ਭਗਵਾਨ ਕੋ ਕੌਨ ਰਸ ਪ੍ਰਿਯ ਹੈ ? ਯੇ ਮੇਰੇ ਕੋ ਪਤਾ ਨਾ ਲਗਾ । ਅਬ ਮੇਰੇ ਚਿਤ ਮੇਂ ਯਹ ਖਿਆਲ ਹੂਆ, ਕਿ ਭਗਵਾਨ ਕੋ ਜੋ ਪ੍ਰਿਯ ਵਸਤੂ ਹੋਵੇ, ਉਸ ਕਾ ਭੋਗ ਲਗਾਨਾ ਚਾਹੀਏ । ਇਨ ਦੋਨੋਂ ਭਾਵੋਂ ਕ ਯਾਨੇ ਭਗਵਾਨ ਕੋ ਕਉਨ ਪ੍ਰਿਯ ਹੈ ? ਏਕ ਯਹ ਭਾਵ, ਦੂਸਰਾ ਭਾਵ ਯਹ ਹੈ ਕਿ ਅਗਰ ਏਕ ਕਟੋਰੀ ਕੇ ਰਸ ਸੇ ਭਗਵਾਨ ਕੋ ਭੋਗ ਲਗਾਯਾ, ਤੋ ਬਾਕੀ ਭੋਜਨ ਭਗਵਾਨ ਕਾ ਉਚਿਸ਼ਟ ਯਾਨੇ ਸੀਤ ਪ੍ਰਸ਼ਾਦ ਨਾ ਹੋਗਾ, ਇਸ ਵਾਸਤੇ ਸਭ ਭੋਜਨ ਮਿਲਾਨੇ ਸੇ ਦੋਨੋਂ ਭਾਵ ਸਿੱਧ ਹੋ ਜਾਏਂਗੇ । ਯਾਨੇ ਭਗਵਾਨ ਕੀ ਜਿਸ ਰਸ ਮੇਂ ਰੁਚੀ ਹੋਗੀ, ਸੋ ਭੀ ਰਸ ਭਗਵਾਨ ਕੋ ਮਿਲ ਜਾਏਗਾ, ਅਰ ਭੋਜਨ ਮਿਲਾ ਕਰ ਭਗਵਾਨ ਕੋ ਭੋਗ ਲਗਾਨੇ ਸੇ, ਸਭ ਭੋਜਨ ਸੀਤ ਪ੍ਰਸ਼ਾਦ ਭੀ ਹੋ ਜਾਏਂਗੇ, ਯੇਹ ਬੇਦ ਕੇ ਦੂਸਰੇ ਕਾਂਡ ਕਾ ਭਾਵ ਰਖ ਕਰ, ਭੀ ਮੈਨੇ ਭੋਜਨ ਮਿਲਾ ਲੀਏ । ਤੈਸੇ ਵੇਦ ਕਾ ਤੀਸਰਾ ਗਿਆਨ ਕਾਂਡ ਉਸਦਾ ਭਾਵ ਹਿਰਦੇ ਮੇਂ ਰਖ ਕਰ ਭੋਜਨ ਮਿਲਾ ਦੀਏ । ਵੇਦ ਕੇ ਗਿਆਨ ਕਾਂਡ ਕੀ ਆਗਿਆ ਹੈ, ਕਿ ਯਗ ਮੇਂ ਬ੍ਰਹਮ ਦ੍ਰਿਸ਼ਟੀ ਕਰੋ, ਭੋਜਨ ਮੇਂ ਭੀ ਬ੍ਰਹਮ ਦ੍ਰਿਸ਼ਟੀ ਕਰੋ, ਜੈਸੇ ਗੀਤਾ ਕੇ ਚੌਥੇ ਅਧਯਾਇ ਮੇਂ ਲਿਖਾ ਹੈ:-

**ਬ੍ਰਹਮਾਰਪਣੰ ਬ੍ਰਹਮਵੀਰ ਬ੍ਰਹਮਾਗਨੌ ਬ੍ਰਹਮਣਾ ਹੁਤੰ।**
**ਬ੍ਰਹਮਈਵਤੇਨ ਗੰਤਵਯੰ ਬ੍ਰਹਮ ਕਰਮ ਸਮਾਧਿਨਾ।**

[ਗੀਤਾ ਅਧਿਆਇ ੪ ਸ਼ਲੋਕ ੨੪

ਅਰਥ-ਜੱਗ ਕੀ ਸਗਲ ਸਮਗ੍ਰੀ ਮੇਂ ਬ੍ਰਹਮ ਦ੍ਰਿਸ਼ਟੀ ਕਰਕੇ ਜੋ ਯਗ ਕਰਤਾ ਹੈ, ਵੋਹ ਬ੍ਰਹਮ ਕੋ ਹੀ ਪ੍ਰਾਪਤ ਹੋਤਾ ਯਾਨੇ ਮੁਕਤ ਹੋ ਜਾਤਾ ਹੈ, ਅਰਪਣ ਯਾਨੇ ਸੂਵਾ ਜਿਸ ਕੋ ਚਮਚਾ, ਕੜਛੀ ਵੀ ਕਹਿਤੇ ਹੈਂ ਵੋ ਬੀ ਬ੍ਰਹਮ ਹੈ ਅਰ ਹਵੀ ਯਾਨੇ ਸਮਗ੍ਰੀ ਘੀ, ਜਲ, ਤਿਲ ਆਦੀ ਵੀ ਬ੍ਰਹਮ ਹੈ, ਅਰ ਅਗਨੀ ਵੀ ਬ੍ਰਹਮ ਹੈ, ਅਰ ਫੇਕਨਾ ਰੂਪ ਜੋ ਹਥ ਕੀ ਕਿਰਿਆ ਹੈ, ਉਹ ਬੀ ਬ੍ਰਹਮ ਹੈ । ਇਸ ਪ੍ਰਕਾਰ ਸਭ ਪਦਾਰਥ ਮੇਂ ਗਿਆਨ ਕਾਂਡ ਕਹਿਤਾ ਹੈ, ਬ੍ਰਹਮ ਦ੍ਰਿਸ਼ਟੀ ਕਰੋ ।

**ਆਪੇ ਸੁਰਿਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ॥**
**ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥**
**ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥**
**ਆਪੇ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪ ਸਿਆਣੀ॥**
**ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ ॥**

[ਵਾਰ ਬਿਹਾਗੜਾ ਮ: ੪ ਸਫਾ ੫੫੩



ਮੈਂ ਭੀ ਇਨ ਵਚਨੋਂ ਕੋ ਮਾਨ ਕਰ, ਹਰ ਏਕ ਕਰਮ ਮੇਂ ਬ੍ਰਹਮ ਦ੍ਰਿਸ਼ਟੀ ਕਰਤਾ ਹੂੰ। ਹੇ ਦਰੋਪਤੀ ਜਬ ਤੁਮ ਨੇ ਛੱਤੀ ਪਰਕਾਰ ਕੇ ਭੋਜਨ ਪਰੋਸੇ, ਅਰ ਜੁਦੇ ਜੁਦੇ ਨਾਮ ਲੀਏ ਯੇ ਖਟੇ ਹੈਂ, ਯੇ ਮਿਠੇ ਹੈਂ, ਤਬ ਮੇਰੇ ਚਿਤ ਮੇਂ ਨਾਮ ਸੁਨਤੇ ਭੇਦ ਦ੍ਰਿਸ਼ਟੀ ਪੈਦਾ ਹੋ ਗਈ। ਮੈਨੇ ਭੇਦ ਦ੍ਰਿਸ਼ਟੀ ਕੋ ਹਟਾਨੇ ਵਾਸਤੇ, ਅਰ ਸਾਸਤ੍ਰ ਕੀ ਆਗਜ਼ਾ ਪਾਲਨ ਕਰਨੇ ਵਾਸਤੇ, ਬ੍ਰਹਮ ਦ੍ਰਿਸਟੀ ਸੇ ਸਰਬ ਭੋਜਨ ਮਿਲਾਇ ਕਰ ਏਕ ਰੂਪ ਕਰ ਦੀਏ। ਜੈਸੇ ਜਾਤੀ ਪਾਰਸ ਸਭ ਧਾਤੂਓਂ ਕੋ, ਸੋਨਾ ਕਰ ਦੇਤਾ ਹੈ ਤੈਸੇ ਬ੍ਰਹਮ ਵੇਤਾਓਂ ਕੀ ਦ੍ਰਿਸ਼ਟੀ ਸਭ ਪਦਾਰਥੋਂ ਕੋ ਬ੍ਰਹਮ ਰੂਪ ਕਰ ਦੇਤੀ ਹੈ ਲਿਖਾ ਭੀ ਹੈ:-

**ਸਲੋਕ-ਦ੍ਰਿਸ਼ਟੀ ਗਯਾਨ ਮਈਂ ਕ੍ਰਿਤ੍ਵਾ ਪਸਯੇਤ ਬ੍ਰਹਮ ਮਯੰ ਜਗਤ ॥**
**ਸਾਦ੍ਰਿਸ਼੍ਰੀ ਪਰਮੋਦਾਰਾ ਨਾਸਾਗ੍ਰ ਅਵਲੋਕਨੀ ॥**

[ਤੇਜੋ ਬਿੰਦੂ ਉਪਨਿਖਦ ਅਧਿਆਇ ੧ ਸਲੋਕ ੨੯

ਅਰਥ-ਗਿਆਨ ਮਯ ਦ੍ਰਿਸ਼ਟੀ ਕਰਕੇ ਸਭ ਜਗਤ ਕੋ ਬ੍ਰਹਮ ਰੂਪ ਦੇਖੇ, ਯਿਹ ਗਿਆਨ ਦ੍ਰਿਸ਼ਟੀ ਸਭ ਦ੍ਰਿਸ਼ਟੀਓਂ ਸੇ ਸ੍ਰੇਸ਼ਟ ਹੈ, ਅਰ ਨਾਸਕਾ ਕੇ ਅਗਰ ਭਾਗ ਮੇਂ ਦ੍ਰਿਸ਼ਟੀ ਟਿਕਾਣੀ ਕੋਈ ਸਰੇਸ਼ਟ ਨਹੀਂ ਸੋ ਮੈਨੇ ਗਿਆਨ ਕਾਂਡ ਰੂਪ ਵੇਦ ਕੀ ਆਗਜ਼ਾ ਸੇ, ਸਭ ਭੋਜਨ ਮੇਂ ਬ੍ਰਹਮ ਦ੍ਰਿਸ਼ਟੀ ਕਰ ਮਿਲਾ ਕਰ ਖਾਇਆ। ਜਬ ਤੀਨੋਂ ਕਾਂਡੋਂ ਕਾ ਕਰਤਬ ਪੂਰੀ ਤਰਾਂ ਮੈਨੇ ਪਾਲਨ ਕਰਾ, ਤਬ ਉਸ ਪੁੰਨ ਸੇ ਤੁਮਾਰਾ ਘੰਟਾ ਬਜਾ, ਕਿਉਂਕਿ ਭਗਵਾਨ ਕਾ ਭਾਵ ਇਸੀ ਤਰਾਂ ਹੀ, ਘੰਟੇ ਵਜਨੇ ਮੇਂ ਭਰਾ ਹੂਆ ਥਾ। ਜਾ ਇਸ ਪ੍ਰਕਾਰ ਕੇ ਬਚਨ ਬਾਲਮੀਕ ਨੇ ਕਹੇ, ਤਬ ਪਾਂਚੋਂ ਪਾਂਡਵ ਅਰ ਦਰੋਪਤੀ ਆਪਨੇ [illegible] ਵਿਸਈ ਪਾਪੀ ਸਮਝਤੇ ਭਏ, ਅਰ ਬਾਲਮੀਕ ਕੋ ਧਰਮਾਤਮਾ ਸਮਝ ਕਰ, ਆਪਣੇ ਸੇ [illegible]ਤੁਮ ਮਾਨਤੇ ਭਏ, ਸਭ ਨੇ ਬਾਲਮੀਕ ਮੁਨੀ ਜੀ ਕਾ ਬੜਾ ਪੂਜਨ ਸਤਕਾਰ ਕਰ, ਉਨ ਕੋ ਆਪਣੇ ਆਸ਼ਰਮ ਮੇਂ ਛੋੜ ਆਏ। ਇਸ ਸਾਰੀ ਕਥਾ ਕਾ ਭਾਵ ਯੇਹ ਹੈ, ਕਿ ਬਾਲਮੀਕ ਮੁਨੀ ਸਮਦਰਸੀ ਥੇ ਯਾਨੇ, ਸੁਖ, ਦੁਖ, ਮਾਨ, ਅਪਮਾਨ, ਉਨ ਕੋ ਸਮ ਥਾ ਅਰ ਜੀਵਨ ਮੁਕਤ ਪਦਵੀ ਮੇਂ ਪ੍ਰਾਪਤ ਹੂਏ ਥੇ, ਐਸੇ ਜੀਵਨ ਮੁਕਤੋਂ ਕੇ ਲਖਣ, ਭਗਵਾਨ ਨੇ ਅਰਜਨ ਕੋ ਗੀਤਾ ਕੇ ਪੰਜਵੇਂ ਅਧਯਾਏ ਮੇਂ ਸੁਨਾਏ ਹੈਂ।

**ਇਹੈਵ ਤਈਰ ਜਿਤ: ਸਰਗੋ ਯੇਸ਼ਾਂ ਸਾਮਯੇ ਸਥਿਤ ਮਨ: ॥**
**ਨਿਰਦੋਸ਼ੰਹਿ ਸਮੰ ਬ੍ਰਹਮ ਤਸਮਾਤ ਬ੍ਰਹਮਨਿ ਤੇ ਸਥਿਤਾ: ॥**
**ਨ ਪ੍ਰਹ੍ਰਿਸ਼੍ਯੇਤ ਪ੍ਰਿਯੰ ਪ੍ਰਾਪਯ ਨੋਦ ਵਿਜੇਤ ਪ੍ਰਾਪਯ ਚ ਅਪ੍ਰਿਯੰ ਸਥਿਰ**
**ਬੁਧਿ ਰਸੰਮੂਢੋ ਬਹਮਵਿਦ ਬ੍ਰਹਮਣਿ ਸਥਿਤ: ॥**

[ਗੀਤਾ ਅਧਯਾਇ ੫ ਸਲੋਕ ੧੯ ਔਰ ੨੨

ਅਰਥ-ਜਿਨ ਕਾ ਮਨ ਸਮਤ੍ਵ ਭਾਵ ਮੇਂ ਇਸਥਿਤ ਹੈ ਤਿਨੋਂ ਨੇ ਇਸੀ ਜੀਵਤ

ਸਰੀਰ ਮੇਂ ਹੀ ਸੰਪੂਰਣ ਜਗਤ ਜੀਤ ਲੀਆ। ਉਨੋਂ ਨੇ ਨਿਰਦੋਸ਼ ਏਕ ਰਸ ਬ੍ਰਹਮ ਹੀ ਦੇਖਾ, ਇਸ ਵਾਸਤੇ ਬ੍ਰਹਮ ਪ੍ਰਾਇਣ ਹੀ ਰਹਿਤੇ ਹੈਂ। (੨੦) ਬ੍ਰਹਮਵੇਤਾ ਇਸਥਿਤ ਬੁਧੀ ਵਾਲੇ, ਸੰਸੇ ਰਹਿਤ ਹਰ ਸਮੇਂ ਬ੍ਰਹਮ ਮੇਂ ਇਸਥਿਤ ਰਹਿਤੇ ਹੈਂ, ਬਾਹਜ ਵਿਰਤੀ ਨਹੀਂ ਕਰਤੇ ਹੈਂ, ਇਸ ਵਾਸਤੇ ਪ੍ਰਿਯ ਵਸਤੂ ਪਾ ਕਰ ਖੁਸ਼ ਨਹੀਂ ਹੋਤੇ, ਔਰ ਅਪ੍ਰਿਯ ਵਸਤੂ ਪਾ ਕਰ ਦੁਖੀ ਨਹੀਂ ਹੋਤੇ, ਦੋਨੋਂ ਮੇਂ ਸਮ ਰਹਿਤੇ ਹੈਂ। ਭਗਵਾਨ ਸ੍ਰੀ ਕ੍ਰਿਸਨ ਜੀ ਨੇ ਭੀ ਅਰਜਨ ਕੋ, ਸੁਖ ਦੁਖ ਮੇਂ ਸਮ ਰਹਿ ਕਰ, ਯੁਧ ਕਰਨੇ ਔਰ ਰਾਜ ਕਰਨੇ ਕਾ ਉਪਦੇਸ਼ ਕੀਆ ਹੈ। ਪ੍ਰਮਾਣ:-

**ਯੰਹੀ ਨ ਵਿਅਥੰਤਯੇਤੇ ਪੁਰਸ਼ੰ ਪੁਰਸ਼ਰਸ਼ਭ ॥ ਸਮ ਦੁੱਖ ਸੁਖੰ ਧੀਰੰ**
**ਸੋ ਅੰਮ੍ਰਿਤਤ੍ਵਾਯ ਕਲਪਤੇ॥** [ਗੀਤਾ ਅਧਯਾਇ ੨ ਸ: ੧੫
**ਸੁਖ ਦੁੱਖੇ ਸਮੇਂ ਕ੍ਰਿਤ੍ਵਾ ਲਾਭ ਅਲਾਭਊ ਜਯ ਅਜਯਊ। ਤਤੋ ਯੁਧਾਯ**
**ਯੁਜਯਸ੍ਵ ਨਈਵੰ ਪਾਪੰ ਅਵਾਪਸਯਸਿ ॥** [ਗੀਤਾ ਅਧਯਾਇ ੨ ਸ: ੩੮

(੧੫) ਅਰਥ:-ਹੇ ਪੁਰਸ਼ੋਂ ਮੇਂ ਸ੍ਰੇਸ਼ਟ ਅਰਜਨ ਦੁਖ ਸੁਖ ਸਮਾਨ ਸਮਝਨੇ ਵਾਲੇ ਧੀਰ ਪੁਰਸ਼ ਕੋ, ਸੰਸਾਰਕ ਵਿਸ਼ਯ ਯਾਨੇ ਇਸਤ੍ਰੀ ਪੁਤ੍ਰ ਧਨ ਆਦਿਕ ਵਿਆਕੁਲ ਨਹੀਂ ਕਰਤੇ, ਵੋਹ ਪੁਰਸ਼ ਹੀ ਮੋਖ ਕਾ ਭਾਗੀ ਹੋਤਾ ਹੈ। (੩੮) ਅਰਥ-ਤਾਂਤੇ ਤੂੰ ਭੀ ਜਯ ਔਰ ਅਜਯ ਕੋ, ਲਾਭ ਅਰ ਹਾਨੀ ਕੋ, ਤਥਾ ਸੁਖ ਔਰ ਦੁਖ ਕੋ ਸਮਾਨ ਸਮਝ ਕਰ, ਧਰਮ ਰੂਪ ਯੁਧ ਕੇ ਵਾਸਤੇ ਤਿਆਰ ਹੋ ਜਾ, ਐਸੇ ਕਰਨੇ ਪਰ ਤੂੰ ਪਾਪ ਕੋ ਪਰਾਪਤ ਨਹੀਂ ਹੋਵੇਂਗਾ।

**ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ ਆਪੇ ਪਾਰਿ ਉਤਾਰਣਹਾਰਾ ॥**
[ਰਾਮਕਲੀ ਸਿਧ ਗੋਸਟ ਮ: ੧ ਸਫਾ ੯੪੩

**ਸੁਖੁ ਦੁਖੁ ਰਹਤ ਸਦਾ ਨਿਰਲੇਪਾ ਜਾਕਉ ਕਹਤ ਗੁਸਾਈ ॥**
**ਸੋ ਤੁਮਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥**
[ਸੋਰਠ ਮ: ੯ ਸਫਾ ੬੩੨

ਸੋ ਬ੍ਰਹਮਵੇਤਾ ਬ੍ਰਹਮ ਦ੍ਰਿਸ਼ਟੀ ਕਰਕੇ, ਯਾਨੇ ਜਿਸ ਤਰਹ ਬ੍ਰਹਮ ਸੁਖ ਦੁਖ ਰਹਿਤ ਨਿਰਲੇਪ ਹੈ, ਤੈਸੇ ਆਪਣੇ ਕੋ ਬ੍ਰਹਮ ਰੂਪ ਸਮਝ ਕਰ, ਤਥਾ ਸਰਬ ਪਰਪੰਚ ਕੋ ਬ੍ਰਹਮ ਰੂਪ ਦੇਖਤਾ ਹੈ, ਬ੍ਰਹਮ ਸੇ ਭਿੰਨ ਉਨ ਕੋ ਸੁਖ ਦੁਖ ਭਾਨ ਨਹੀਂ ਹੋਤਾ।

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥**
[ਆਸਾ ਸ੍ਰੀ ਨਾਮਦੇਵ ਜੀ ਸਫਾ ੪੮੫



ਅਰਥ-ਜੈਸੇ ਸੈਂਕੜੋਂ ਹਜ਼ਾਰੋਂ ਮਾਲਾ ਕੇ ਮਣਕੋਂ ਕਾ ਆਧਾਰ ਸੂਤਰ ਏਕ ਹੀ ਹੈ, ਤੈਸੇ ਸਰਬ ਜਗਤ ਕੇ ਅੰਦਰ ਬਾਹਰ, ਸਾਰੇ ਜਗਤ ਕਾ ਆਧਾਰ ਏਕ ਪਰਮਾਤਮਾ ਹੀ ਹੈ, ਸੋ ਬ੍ਰਹਮ ਦ੍ਰਿਸ਼ਟੀ ਕਰਕੇ ਸੁਖ ਦੁਖ ਦੋਨੋਂ ਸਮ ਜਾਨਤੇ ਹੈਂ।

**ਸੁਖੁ ਦੁਖੁ ਦੋਨੋ ਸਮਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
(ਗਉੜੀ ਮ: ੯ ਸਫਾ ੨੧੯

ਸੋ ਇਸ ਪ੍ਰਕਾਰ ਬ੍ਰਹਮਵੇਤਾ ਸੁਖ ਕੋ, ਦੁਖ ਕੋ, ਮਾਨ ਕੋ, ਅਪਮਾਨ ਕੋ, ਬ੍ਰਹਮ ਦ੍ਰਿਸ਼ਟੀ ਸੇ ਸਮਝ ਕਰ, ਹਰਖ ਸ਼ੋਕ ਸੇ ਰਹਿਤ ਹੋਕਰ ਜੀਵਨ ਮੁਕਤ ਹੋਕਰ ਵਿਚਰਤੇ ਹੈਂ। ਜੀਵਨ ਮੁਕਤੀ ਕੇ ਸੁਖ ਵਾਸਤੇ, ਕਿਤਨੇ ਜਗਯਾਸੂ ਗੁਰੂ ਕੀ ਸਰਣ ਮੇਂ ਜਾਕਰ, ਆਤਮ ਦਰਸ਼ਨ ਕਰਤੇ ਹੈਂ। ਜੈਸੇ ਤੈਤ੍ਰੇਯ ਉਪਨਿਸ਼ਦ ਮੇਂ ਲਿਖਾ ਹੈ, ਭ੍ਰਿਗੂ ਰਿਸ਼ੀ ਆਪਣੇ ਪਿਤਾ ਵਰਣ ਰਿਸ਼ੀ ਪਾਸ ਗਿਆ, ਅਰ ਕਹਾ ਮੈਂ ਆਪ ਕੀ ਸ਼ਰਣ ਹਾਂ ਮੇਰੇ ਕੋ ਬ੍ਰਹਮ ਦਰਸਨ ਕਰਾਓ। ਇਸੀ ਪ੍ਰਕਾਰ ਏਕ ਸ਼ਿਸ਼ ਗੁਰੂ ਸ਼ਰਣ ਮੇਂ ਆ ਕਰ ਕਹਿਨੇ ਲਗਾ, ਭਗਵਨ ਮੇਰੇ ਕੋ ਬ੍ਰਹਮ ਕੇ ਲਖਣ ਸੁਣਾਓ। ਜਿਸ ਸੇ ਮੈਂ ਬ੍ਰਹਮ ਕੋ ਅਨਭਵ ਕਰਕੇ ਜੀਵਨ ਮੁਕਤ ਹੋ ਕਰ, ਸੁਖ ਦੁਖ ਮੇਂ ਸਮ ਰਹੂੰ, ਯਾਨੇ ਮੇਰੇ ਚਿਤ ਮੇਂ ਹਰਖ ਸ਼ੋਕ ਪੈਦਾ ਨਾ ਹੋ, ਤਬ ਗੁਰੂ ਜੀ ਨੇ ਉਸ ਕੀ ਤੀਬਰ ਬੁਧੀ ਅਰ ਜਗਯਾਸਾ ਦੇਖ ਕਰ, ਬ੍ਰਹਮ ਕਾ ਯਹ ਲਖਣ ਸੁਨਾਯਾ:-

**ਯਤੋ ਵਾਇਮਾਨੀ ਭੂਤਾਨੀ ਜਾਯੰਤੇ॥**
(ਤੈਤ੍ਰੇਯ ਉਪਨਿਸ਼ਦ ਭ੍ਰਿਗੂ ਵੱਲੀ ਪ੍ਰਥਮ ਅਨੁਵਾਕ

ਅਰਥ-ਜਿਸ ਸੇ ਸਭ ਪ੍ਰਾਣੀ ਬ੍ਰਹਮਾ ਸੇ ਕੀਟੀ ਤਕ ਪੈਦਾ ਹੋਤੇ ਹੈਂ, ਪੈਦਾ ਹੋ ਕਰ ਜਿਸ ਮੇਂ ਇਸਥਿਤ ਹੋਤੇ ਹੈਂ, ਔਰ ਮਰ ਕਰ ਇਸ ਮੇਂ ਲੀਨ ਹੋ ਜਾਤੇ ਹੈਂ ਵਹੀ ਬ੍ਰਹਮ ਹੈ, ਵਹੀ ਆਤਮਾ ਹੈ, ਏਕਾਂਤ ਮੇਂ ਜਾਕਰ ਉਸਕਾ ਵਿਚਾਰ ਕਰ. ਗੁਰੂ ਕੇ ਬਚਨ ਸੁਣ ਕਰ ਸ਼ਿਸ਼ ਨੇ ਏਕਾਂਤ ਮੇਂ ਜਾਕਰ, ਜਗਤ ਕੇ ਕਾਰਣ ਕੋ ਵਿਚਾਰਤਾ ਹੂਆ ਯਹ ਨਿਸੰਚੇ ਕਰਾ:-

**ਅੰਨਾਤਹੀ ਏਵ ਇਮਾਨੀ ਭੂਤਾਨੀ ਜਾਯੰਤੇ॥**
(ਤੈਤ੍ਰੇਯ ਉਪਨਿਸ਼ਦ ਭ੍ਰਿਗੂ ਵੱਲੀ ਦ੍ਵਿਤੀਯੋ ਅਨੁਵਾਕ

ਅਰਥ-ਯਹ ਸਭ ਪ੍ਰਾਣੀ ਅੰਨ ਸੇ ਪੈਦਾ ਹੋਤੇ ਹੈਂ, ਅੰਨ ਕਰਕੇ ਹੀ ਜੀਤੇ ਹੈਂ, ਮਰ ਕਰ ਅੰਨ ਮੇਂ ਲਯ ਹੋ ਜਾਤੇ ਹੈਂ, ਅੰਨ ਹੀ ਬ੍ਰਹਮ ਹੈ। ਯਹ ਨਿਸਚੇ ਕਰ ਗੁਰੂ ਪਾਸ ਗਇਆ ਅਰ ਕਹਿਨੇ ਲਗਾ ਮੈਂ ਬ੍ਰਹਮ ਕਾ ਦਰਸ਼ਨ ਕਰ ਆਯਾ ਹੂੰ, ਅੰਨ ਹੀ ਬ੍ਰਹਮ ਹੈ ਔਰ ਸ਼ਾਸਤ੍ਰ ਮੇਂ ਭੀ ਲਿਖਾ ਹੈ:-

**ਅੰਨੰ ਬ੍ਰਹਮ ਇਤੀ ਵਯਾਜਾਨਾਤ॥**
(ਤੈਤ੍ਰੇਯ ਉਪਨਿਸ਼ਦ ਭ੍ਰਿਗੂ ਵੱਲੀ ਦ੍ਵਿਤੀਯੋ ਅਨੁਵਾਕ

ਅਰਥ-ਅੰਨ ਹੀ ਬ੍ਰਹਮ ਹੈ, ਐਸੀ ਭਾਵਨਾ ਕਰ ਇਸ ਵਚਨ ਸੇ ਭੀ ਅੰਨ ਹੀ ਬ੍ਰਹਮ ਮਾਲੂਮ ਹੋਤਾ ਹੈ, ਔਰ ਖਾਏ ਹੋਏ ਅੰਨ ਸੇ ਮਾਤਾ ਪਿਤਾ ਕੇ ਸਰੀਰ ਮੇਂ

ਰਕਤ ਰੇਤ ਪੈਦਾ ਹੋਤਾ ਹੈ, ਉਸ ਵਕਤ ਰੇਤ ਸੇ ਪ੍ਰਾਣੀਓਂ ਕੇ ਸਰੀਰ ਪੈਦਾ ਹੋਤੇ ਹੈਂ, ਤਾਂਤੇ ਭੀ ਜਗਤ ਕਾ ਕਾਰਣ ਅੰਨ ਹੀ ਹੈ । ਅਰ ਅੰਨ ਦਾ ਵਿਕਾਰ ਯਹ ਅਸਥੂਲ ਸ਼ਰੀਰ ਹੈ, ਇਸ ਕੋ ਅੰਨ ਮਯ ਕੋਸ਼ ਭੀ ਕਹਿਤੇ ਹੈਂ । ਯਹ ਅਸਥੂਲ ਸ਼ਰੀਰ ਹੀ ਆਤਮਾ ਬ੍ਰਹਮ ਹੈ, ਔਰ ਮੈਂ ਬ੍ਰਾਹਮਣ ਹੂੰ ਮੈਂ ਮਨੁਸ਼ ਹੂੰ, ਐਸੀ ਅਹੰ ਬੁਧੀ ਭੀ ਅਸਥੂਲ ਸ਼ਰੀਰ ਮੇਂ ਹੀ ਦੇਖੀ ਜਾਤੀ ਹੈ। ਜਾਂਤੇ ਵੀ ਅਸਥੂਲ ਸ਼ਰੀਰ ਹੀ, ਆਤਮਾ ਨਿਸਚੇ ਹੋਤਾ ਹੈ, ਤਬ ਗੁਰੂ ਜੀ ਨੇ ਕਹਾ ਫਿਰ ਏਕਾਂਤ ਮੇਂ ਜਾ ਕਰ ਵਿਚਾਰ ਕਰ। ਤਬ ਏਕਾਂਤ ਮੇਂ ਗਇਆ, ਨਦੀ ਕਿਨਾਰੇ ਪਰ ਏਕ ਮੁਰਦਾ ਦੇਖਾ, ਵਿਚਾਰਨੇ ਲਗਾ ਯਹ ਮੁਰਦਾ ਚੇਸ਼ਟਾ ਨਹੀਂ ਕਰਤਾ, ਇਸ ਅੰਦਰ ਕਉਨ ਚੀਜ ਥੀ, ਜੋ ਚੇਸ਼ਟਾ ਕਰਾਤੀ ਥੀ, ਤਬ ਵਿਚਾਰ ਕਰਾ ਇਸ ਮੇਂ ਪ੍ਰਾਣ ਹੀ ਚੇਸ਼ਟਾ ਕਰਾਤੇ ਹੈਂ, ਆਜ ਇਸ ਮੇਂ ਸੇ ਪ੍ਰਾਣ ਨਿਕਲ ਗਏ ਹੈਂ, ਤਬ ਯਹ ਸ਼ਰੀਰ ਮੁਰਦਾ ਹੋ ਗਿਆ ਹੈ, ਅਸਾਰ ਜਾਣ ਕਰ ਬਾਹਰ ਫੈਂਕਾ ਗਿਆ ਹੈ, ਇਸ ਕਾ ਸਾਰ ਪ੍ਰਾਣ ਹੀ ਹੈ । ਔਰ ਕਥਾ ਮੇਂ ਭੀ ਸੁਨਾ ਹੈ, ਬ੍ਰਹਮਾ ਜੀ ਪਾਸ ਇੰਦ੍ਰੀਓਂ ਔਰ ਪ੍ਰਾਣੋਂ ਨੇ ਆਪਣਾ ਝਗੜਾ ਸੁਨਾਯਾ ਥਾ, ਇੰਦ੍ਰੀਆਂ ਕਹਿਨੇ ਲਗੀਂ ਕਿ ਸਰੀਰ ਕਾ ਹਮ ਹੀ ਸਾਰ ਹੈਂ । ਪ੍ਰਾਣ ਕਹਿਣੇ ਲਗੇ ਹਮ ਸਾਰ ਹੈਂ (ਬੜੇ ਹੈਂ) । ਤਬ ਬ੍ਰਹਮਾ ਜੀ ਨੇ ਕਹਾ ਤੁਮ ਜੁਦਾ ਜੁਦਾ ਸ਼ਰੀਰ ਸੇ ਬਾਹਰ ਨਿਕਲਤੇ ਜਾਓ, ਜਿਸ ਕੇ ਬਾਹਰ ਨਿਕਲਨੇ ਸੇ ਸ਼ਰੀਰ ਗਿਰ ਜਾਵੇ, (ਮੁਰਦਾ ਹੋ ਜਾਵੇ) ਵੋਹੀ ਤੁਮਾਰਾ ਬੜਾ ਮਾਨਿਆ ਜਾਵੇਗਾ । ਯਹ ਫੈਸਲਾ ਸਭ ਨੇ ਮਾਨ ਲੀਆ ਪਹਿਲੇ ਨੇਤ੍ਰ ਸਰੀਰ ਕੋ ਛੋੜਕੇ ਬਾਹਰ ਨਿਕਲ ਗਏ, ਤਬ ਸ਼ਰੀਰ ਨਾ ਗਿਰਾ ਨਾ ਮੁਰਦਾ ਹੂਆ, ਅੰਧਾ ਹੋ ਕਰ ਜੀਤਾ ਰਹਾ, ਫਿਰ ਕਾਨ ਨਿਕਲ ਗਏ, ਬੋਲਾ ਹੋ ਕਰ ਭੀ ਜੀਤਾ ਰਹਾ, ਜਬਾਨ ਨਿਕਲ ਗਈ ਗੁੰਗਾ ਹੋ ਕਰ ਜੀਤਾ ਰਹਾ, ਮਤਲਬ ਇੰਦ੍ਰੀਓਂ ਕੇ ਬਾਹਰ ਨਿਕਲਨੇ ਪਰ ਸਰੀਰ ਨਾ ਗਿਰਾ। ਜਬ ਪ੍ਰਾਣ ਨਿਕਲਨੇ ਲਗੇ ਤਬ ਸ਼ਰੀਰ ਗਿਰਨੇ ਲਗਾ, ਮੁਰਦਾ ਹੋਨੇ ਲਗਾ, ਤਬ ਸਭ ਨੇ ਪ੍ਰਾਣੋਂ ਕੋ ਕਹਾ ਤੁਮ ਹੀ ਹਮਾਰੇ ਮੇਂ ਬੜੇ ਹੋ, ਸਾਰ ਹੋ ਸ੍ਰੇਸ਼ਟ ਹੋ। ਇਸ ਕਥਾ ਸੇ ਭੀ ਪ੍ਰਾਣ ਹੀ ਆਤਮਾ ਹੈਂ ਬ੍ਰਹਮ ਹੈਂ ਐਸੇ ਮਾਲੂਮ ਹੋਤਾ ਹੈ । ਔਰ ਸ੍ਰਿਸਟੀ ਭੀ ਪ੍ਰਾਣੋਂ ਸੇ ਹੀ ਹੋਵੇ ਹੈ । ਯਾਨੇ ਮਾਤਾ ਪਿਤਾ ਜਿੰਦੇ ਹੋਵੇਂ ਤੋ ਬਾਲਕ ਪੈਦਾ ਹੋਤਾ ਹੈ, ਮਰੇ ਸੇ ਨਹੀਂ ਤਾਂਤੇ ਭੀ ਪ੍ਰਾਣ ਹੀ ਜਗਤ ਕੇ ਕਾਰਨ ਹੈ । ਏਹ ਵਿਚਾਰ ਕਰ ਗੁਰੂ ਪਾਸ ਆਯਾ, ਆ ਕਰ ਕਹਾ ਗੁਰੂ ਜੀ ਮੈਂ ਬ੍ਰਹਮ ਕਾ ਦਰਸ਼ਨ ਕਰ ਆਯਾ ਹੂੰ, ਪ੍ਰਾਣ ਹੀ ਬ੍ਰਹਮ ਹੈਂ । ਗੁਰੂ ਜੀ ਨੇ ਕਹਾ ਪ੍ਰਾਣ ਅੰਦਰ ਜੋ ਸਾਰ ਵਸਤੂ ਹੈ, ਜੋ ਪ੍ਰਾਣੋਂ ਕੋ ਚੇਸ਼ਟਾ ਕਰਾਤਾ ਹੈ ਉਸ ਕੋ ਬ੍ਰਹਮ ਸਮਝ । ਤਬ ਸ਼ਿਸ਼ ਫਿਰ ਏਕਾਂਤ ਮੇਂ ਗਿਆ, ਏਕ ਸੋਇਆ ਹੂਆ ਆਦਮੀ ਦੇਖਾ, ਉਸਕੋ ਬੁਲਾਇਆ ਪਰੰਤੂ ਉਸ ਨੇ ਕੁਝ ਜਵਾਬ ਨਹੀਂ ਦੀਆ; ਫੇਰ ਉਸ ਕੇ ਊਪਰ ਕਾ ਵਸਤ੍ਰ ਧੀਰੇ ਸੇ ਉਤਾਰਾ, ਪਰੰਤੂ ਸੋਏ ਹੂਏ ਕੋ ਪਤਾ ਨਾ ਲਗਾ, ਤਬ ਵਿਚਾਰਨੇ ਲਗਾ ਇਸ ਮੇਂ ਪ੍ਰਾਣ ਤੋ ਹੈਂ, ਪਰੰਤੂ ਇਸ ਕੋ ਗਿਆਨ ਕੁਛ ਨਹੀਂ । ਇਨ ਪ੍ਰਾਣੋਂ ਕੋ ਚੇਸ਼ਟਾ ਕਰਾਨੇ ਵਾਲਾ ਭੀ ਕੋਈ ਦੂਸਰਾ ਹੀ ਹੈ, ਔਰ ਯੇਹ ਕਥਾ ਭੀ ਯਾਦ ਆ



ਗਈ:-ਵਸ਼ਿਸ਼ਟ ਜੀ ਰਾਮਚੰਦਰ ਜੀ ਮਹਾਰਾਜ ਕੋ ਕਹਿਤੇ ਹੈਂ ਯੇ ਮਨੁਸ਼ ਜੋ ਜੋ ਚੇਸ਼ਟਾ ਕਰਤਾ ਹੈ ਸੋ ਕਾਮਨਾ ਯਾਨੇ ਸੰਕਲਪ ਸੇ ਕਰਤਾ ਹੈ।

**ਯਤ ਯਤ ਹੀ ਕੁਰੁਤੇ ਜੰਤੂ ਤਤ ਤਤ ਕਾਮਸਯ ਚੇਸ੍ਰਿਤੰ ॥**

ਅਰਥ-ਯਹ ਜੀਵ ਜੋ ਜੋ ਕਾਮ ਕਰਤਾ ਹੈ ਸੋ, ਸੋ ਕਾਮਨਾ ਯਾਨੇ ਸੰਕਲਪ ਪੂਰਬਕ ਕਰਤਾ ਹੈ। ਏਕ ਜਗਾ ਸੇ ਉਠ ਕਰ ਦੂਸਰੀ ਜਗਾ ਬੈਠਨਾ, ਯਹ ਭੀ ਸੰਕਲਪ ਸੇ ਹੋਤਾ ਹੈ, ਬਿਨਾ ਸੰਕਲਪ ਸੇ ਕੋਈ ਕਾਮ ਨਹੀਂ ਹੋ ਸਕਤਾ। ਤਾਤੇ ਪ੍ਰਾਣੋਂ ਸੇ ਚੇਸ਼ਟਾ ਕਰਾਨੇ ਵਾਲਾ ਸੰਕਲਪ ਰੂਪ ਮਨ ਹੈ। ਤਾਂਤੇ ਸ਼ਰੀਰ ਮੇਂ ਪ੍ਰਾਣ ਸਾਰ ਨਹੀਂ ਮਨ ਹੀ ਸਾਰ ਹੈ ਬਦਾਮੋਂ ਮੇਂ ਬਦਾਮ ਰੋਗਨ ਕੀ ਨਿਆਈਂ। ਔਰ ਸ਼ਾਸਤਰੋਂ ਮੇਂ ਵੀ ਲਿਖਾ ਹੈ:-

**ਮਨੋ ਬ੍ਰਹਮ ਇਤਿ ਵਯਾਜਾਨਾਤ**

ਅਰਥ-ਮਨ ਕੋ ਬ੍ਰਹਮ ਰੂਪ ਜਾਣ ਕੇ ਉਪਾਸਨਾ ਕਰ, ਔਰ ਮਾਤਾ ਪਿਤਾ ਬਾਲਕ ਕੇ ਪੈਦਾ ਕਰਨੇ ਕੀ ਯੁਕਤੀ ਕੋ ਜਾਨਤੇ ਹੂਏ, ਬਾਲਕ ਕੋ ਪੈਦਾ ਕਰ ਸਕਤੇ ਹੈਂ । ਸੋਏ ਹੂਏ ਯਾ ਮੂਰਛਤ ਮਾਤਾ ਪਿਤਾ ਬਾਲਕ ਕੋ ਪੈਦਾ ਨਹੀਂ ਕਰ ਸਕਤੇ । ਤਾਂਤੇ ਮਨ ਸੇ ਹੀ ਸਭ ਸ੍ਰਿਸ਼ਟੀ ਹੋਤੀ ਹੈ, ਮਨ ਹੀ ਆਤਮਾ ਹੈ ਬ੍ਰਹਮ ਹੈ। ਐਸਾ ਵਿਚਾਰ ਕਰ ਗੁਰੂ ਜੀ ਕੋ ਆ ਕਰ ਕਹਿਨੇ ਲਗਾ, ਗੁਰੂ ਜੀ ਮੈਂ ਬ੍ਰਹਮ ਦਰਸ਼ਨ ਕਰ ਆਯਾ ਹੂੰ, ਮਨ ਹੀ ਬ੍ਰਹਮ ਹੈ। ਗੁਰੂ ਜੀ ਕਹਿਨੇ ਲਗੇ, ਫਿਰ ਏਕਾਂਤ ਮੇਂ ਜਾ ਕਰ ਵਿਚਾਰ ਕਰ। ਫਿਰ ਏਕਾਂਤ ਮੇਂ ਗਿਆ ਵਹਾਂ ਏਕ ਮੂੜ੍ਹ ਨਿਰਬੁਧ ਪੁਰਸ ਦੇਖਾ, ਜੋ ਅਮਰ ਫਲ ਕੋ ਕੌੜਾ ਜਾਣ ਕਰ ਫੇਂਕਤਾ ਜਾਤਾ ਥਾ, ਅਰ ਜਹਿਰ ਫਲ ਕੋ ਮਿਠਾ ਜਾਨ ਕਰ ਕੱਠਾ ਕਰਤਾ ਜਾਤਾ ਥਾ ਜੈਸੇ ਗੁਰੂ ਜੀ ਲਿਖਤੇ ਹੈਂ:-

**ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥ ਪਰ ਕੀ ਕਉ ਅਪਨੀ ਕਹੈ ਅਪੁਨੋ ਨਹੀ ਭਾਇਆ॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥**

(ਗਉੜੀ ਬੈਰਾਗਣ ਮ ੧ ਸਫਾ ੨੨੯

ਇਸ ਕਉ ਦੇਖ ਕਰ ਸ਼ਿਸ਼ ਵਿਚਾਰਨੇ ਲਗਾ, ਇਸ ਨਿਰਬੁਧ ਕਾ ਮਨ ਤੋ ਹੈ, ਕਿਉਂਕਿ ਫਲ ਸੰਕਲਪ ਪੂਰਬ ਕਠੇ ਕਰੇ ਜਾਤੇ ਹੈਂ, ਪ੍ਰੰਤੂ ਇਸ ਕੋ ਬੁਧੀ ਨਹੀਂ। ਸਰੀਰ ਮੇਂ ਬੁਧੀ ਹੀ ਸਾਰ ਵਸਤੂ ਹੈ, ਸੰਸਾਰੀ ਲੋਕ ਭੀ ਕਹਿਤੇ ਹੈਂ ਬੁੱਧੀ ਹੀਣ ਕਾ ਜੀਉਣਾ ਨਿਸਫਲ ਹੈ। ਔਰ ਸਾਸਤਰ ਕੇ ਬਚਨ ਭੀ ਯਾਦ ਆਏ ਕਿ ਬੁੱਧੀ ਸੇ ਮਨ ਕੀ ਪ੍ਰਵਿਰਤੀ ਹੋਤੀ ਹੈ, ਯਾਨੇ ਪਹਿਲੇ ਅਹੰ ਬ੍ਰਿਤੀ ਪੈਦਾ ਹੋਤੀ ਹੈ ਜਿਸ ਕੋ ਬੁੱਧੀ ਕਹਿਤੇ ਹੈਂ, ਫੇਰ ਅਹੰ ਬ੍ਰਾਹਮਣ ਅਹੰ ਮਨੁਸ ਅਹੰ ਬਾਲਾ, ਇਸ ਪ੍ਰਕਾਰ ਅਹੰ ਕੇ ਸਾਥ ਦੂਸਰੇ ਪਦ ਜੋੜਤਾ ਜਾਤਾ ਹੈ, ਜੈਸੇ ਅਹੰ ਸੁਖੀ ਅਹੰ ਦੁਖੀ ਇਤਿਆਦਿਕ ਜਬ ਤਕ ਫਕਤ

ਅਹੰ, ਇਤਨਾ ਏਕ ਪਦ ਰਹਿਤਾ ਹੈ ਉਸ ਕੋ ਬੁੱਧੀ ਕਹਿਤੇ ਹੈਂ ਦੂਸਰਾ ਏਕ, ਅਥਵਾ ਅਨੇਕ, ਪਦ ਅਹੰ ਕੇ ਸਾਥ ਜੋੜਨੇ ਸੇ ਮਨ ਕਹਿਲਾਤਾ ਹੈ। ਮਨ ਕੇ ਹਰੇਕ ਪਦ ਮੇਂ ਅਹੰ ਪਦ ਪੂਰਨ ਰਹਿਤਾ ਹੈ ਤਾਂਤੇ ਮਨ ਆਤਮਾ ਨਹੀਂ, ਬੁੱਧੀ ਹੀ ਆਤਮਾ ਹੈ। ਆਤਮਾ ਕੋ ਹੀ ਲੋਗ ਅਹੰ ਯਾ ਮੈਂ ਨਾਮ ਸੇ ਪੁਕਾਰਤੇ ਹੈਂ, ਤਾਂਤੇ ਅਹੰ ਯਾਨੇ ਬੁੱਧੀ ਹੀ ਆਤਮਾ ਬ੍ਰਹਮ ਹੈ। ਵੇਦ ਮੇਂ ਭੀ ਲਿਖਾ ਹੈ:–ਵਿਗਯਾਨਾਤ ਹੀ ਏਵ ਖਲੂ ਇਮਾਨੀ ਭੂਤਾਨੀ ਜਾਯੰਤੇ।

**ਪ੍ਰਗਯਾਨੰ ਬ੍ਰਹਮ ਇਤਿਵਯਾਜਾਨਾਤ ॥੧॥ ਪ੍ਰਗਯਾਨ ਮਾਨੰਦੰ ਬ੍ਰਹਮ ॥ ੨ ॥**

(ਤੈਤ੍ਰੇਯੋਪਨਿਖਦ ਭ੍ਰਿਗੂ ਵੱਲੀ ਅਨੁਵਾਕ ੫

ਅਰਥ–ਬ੍ਰਹਮ ਗਿਆਨ ਸਰੂਪ ਹੈ ॥ ੧ ॥ ਬ੍ਰਹਮ ਗਿਆਨ ਸਰੂਪ ਹੈ ਤਥਾ ਅਨੰਦ ਸਰੂਪ ਹੈ ॥ ੨ ॥ ਇਸ ਪ੍ਰਕਾਰ ਵਿਗਯਾਨ ਯਾਨੇ ਬੁਧੀ ਹੀ ਬ੍ਰਹਮ ਹੈ ਔਰ ਬੁੱਧੀਮਾਨ ਹੀ ਸ੍ਰਿਸ਼ਟੀ ਪੈਦਾ ਕਰ ਸਕਤਾ ਹੈ, ਮੂੜ੍ਹ ਨਹੀਂ ਕਰ ਸਕਤਾ, ਯਾਂਤੇ ਬੁੱਧੀ ਹੀ ਸ੍ਰਿਸ਼ਟੀ ਕਾ ਕਾਰਨ ਹੈ ਵਹੀ ਬ੍ਰਹਮ ਹੈ। ਸ਼ਿਸ਼ ਗੁਰੂ ਜੀ ਪਾਸ ਆਯਾ ਕਹਾ ਮੈਂ ਬ੍ਰਹਮ ਕੇ ਦਰਸ਼ਨ ਕਰ ਆਯਾ ਹੂੰ ਬੁੱਧੀ ਹੀ ਬ੍ਰਹਮ ਹੈ। ਗੁਰੂ ਜੀ ਨੇ ਕਹਾ ਏਕਾਂਤ ਮੇਂ ਜਾ ਕਰ ਵਿਚਾਰ ਕਰੋ। ਫੇਰ ਏਕਾਂਤ ਮੇਂ ਗਿਆ ਤਬ ਏਕ ਬੜਾ ਚਤੁਰ ਪੁਰਸ਼ ਰੋਤਾ ਹੂਆ ਦੇਖਾ ਜਿਸ ਕੋ ਆਗੇ ਅਛੀ ਤਰਾਂ ਜਾਨਤਾ ਥਾ ਕਿ ਯੇਹ ਸਭ ਸੇ ਬੁਧੀ ਮਾਨ ਹੈ ਰੋਤਾ ਕਿਉਂ ਹੈ ? ਐਸਾ ਉਸ ਸੇ ਪੂਛਾ ਉਸ ਨੇ ਕਹਾ ਮੈਂ ਬੜਾ ਦੁਖੀ ਹੂੰ ਸੰਸਾਰ ਮੇਂ ਮੇਰੇ ਕੋ ਕੋਈ ਆਨੰਦ ਨਹੀਂ। ਆਨੰਦ ਬਿਨਾ ਜੀਵਨੇ ਕੋ ਧਿਕਾਰ ਹੈ। ਖਿਆਲ ਹੈ ਇਸ ਨਦੀ ਮੇਂ ਡੂਬ ਕਰ ਮਰੂੰ ਤਬ ਉਸ ਕੋ ਉਪਦੇਸ਼ ਕਰ ਡੂਬਨੇ ਸੇ ਬਚਾਇਆ, ਪਰੰਤੂ ਸ਼ਿਸ਼ ਨੇ ਜਾਣਾ ਸੰਸਾਰ ਮੇਂ ਆਨੰਦ ਹੀ ਸਾਰ ਹੈ। ਵੇਦ ਮੇਂ ਲਿਖਾ ਹੈ:–

**ਆਨੰਦਾਤ ਹੀ ਏਵ ਖਲੂ ਇਮਾਨੀ ਭੂਤਾਨੀ ਜਾਯੰਤੇ ॥**

(ਤੈਤ੍ਰੇਯੋਪਨਿਖਦ ਭ੍ਰਿਗੂ ਵੱਲੀ ਅਨੁਵਾਕ ੬

ਅਰਥ–ਅਨੰਦ ਸੇ ਹੀ ਸ੍ਰਿਸ਼ਟੀ ਪੈਦਾ ਹੋਤੀ ਹੈ, ਆਨੰਦ ਮੇਂ ਹੀ ਇਸਥਿਤ ਹੈ। ਆਨੰਦ ਮੇਂ ਹੀ ਲੀਨ ਹੋ ਜਾਤੀ ਹੈ ਤਾਂਤੇ ਆਨੰਦ ਹੀ ਆਤਮਾ ਬ੍ਰਹਮ ਹੈ। ਵੇਦੋਂ ਮੇਂ ਭੀ ਲਿਖਾ ਹੈ:–

**ਆਨੰਦੋ ਬ੍ਰਹਮ ਇਤਿ ਵਯਾਜਾਨਾਤ ॥**

ਅਰਥ–ਆਨੰਦ ਸਰੂਪ ਹੀ ਬ੍ਰਹਮ ਸਮਝਣਾ। ਫੇਰ ਗੁਰੂ ਜੀ ਪਾਸ ਆਇਆ, ਆ ਕਰ ਕਹਿਣੇ ਲਗਾ ਮੈਂ ਬ੍ਰਹਮ ਕੋ ਦੇਖ ਆਯਾ ਹੂੰ ਆਨੰਦ ਹੀ ਬ੍ਰਹਮ ਹੈ। ਗੁਰੂ ਜੀ ਨੇ ਖਿਆਲ ਕਰਾ ਕਿਸੀ ਵਿਸ਼ੇ ਅਨੰਦ ਮੇਂ ਬ੍ਰਹਮ ਦ੍ਰਿਸ਼ਟੀ ਨ ਕਰੇ ਪਤਤ ਹੋ ਜਾਏਗਾ। ਫੇਰ ਕਹਾ ਏਕਾਂਤ ਮੇਂ ਜਾ ਕਰ ਵਿਚਾਰ ਕਰੋ, ਗਇਆ ਤੋ ਏਕ ਜੀਵਨ ਮੁਕਤ ਮਹਾਤਮਾ ਦੇਖਾ ਜੋ ਬੜੇ ਆਨੰਦ ਮੇਂ ਮਗਨ ਹੈਂ। ਆਨੰਦ ਮੇਂ ਮਗਨ ਦੇਖ ਕਰ ਵਿਚਾਰ ਕਰਤਾ ਹੈ, ਇਸ ਕੋ ਕਿਸ ਚੀਜ ਸੇ ਆਨੰਦ ਆ ਰਹਾ ਹੈ ਪਾਸ ਕੋਈ ਚੀਜ਼ ਭੀ ਨਹੀਂ, ਬਹੁਤ ਸੋਚਤਾ ਰਹਾ ਇਤਨੇਂ ਮੇਂ ਇੰਦਰ ਅਗਨੀ ਯਮਰਾਜ ਆਦਿਕ



ਦੇਵਤਾ, ਆਪਣੇ ਅਪਛਰਾਓਂ ਕੋ ਸਾਥ ਲੇ ਕਰ ਉਸ ਜੀਵਣ ਮੁਕਤ ਮਹਾਤਮਾ ਕੇ ਚਰਨੋਂ ਮੇਂ ਨਮਸਕਾਰ ਕਰਤੇ ਭਏ। ਭਗਤੋਂ ਕੇ ਯਮਰਾਜ ਆਦੀ ਨਮਸ਼ਕਾਰ ਕਰਤੇ ਹੈਂ, ਯਹ ਸ਼ਲੋਕ ੧੪੨ ਪੰਨੇ ਪਰ ਲਿਖਾ ਹੈ। ਨਮਸ਼ਕਾਰ ਕਰਕੇ ਇੰਦਰ ਆਦਿਕੋਂ ਨੇ ਕਹਾ, ਕਿ ਮਹਾਰਾਜ ਹਮ ਵਿਸ਼ਾ ਅਨੰਦ ਕੋ ਹੀ ਭੋਗਤੇ ਹੈਂ, ਬ੍ਰਹਮਾਨੰਦ ਸੇ ਬੇਮੁਖ ਰਹਿਤੇ ਹੈਂ ਆਪ ਧੰਨ ਹੋ ਜੋ ਵਿਸ਼ਾ ਅਨੰਦ ਤਿਆਗ ਕਰ, ਬ੍ਰਹਮਾਨੰਦ ਕੋ ਅਨਭਵ ਕਰਤੇ ਹੋ। ਐਸੇ ਦੇਵਤਾ ਲੋਗ ਅਨੇਕ ਵਾਰ ਧੰਨਵਾਦ ਕੇ ਸ਼ਬਦ ਕਹਿ ਕਰ, ਅਰ ਮਹਾਤਮਾ ਕੋ ਸੇਵਾ ਸੇ ਪਰਸੰਨ ਕਰ ਸੁਰਗ ਕੋ ਚਲੇ ਗਏ। ਦੇਵਤਾਓਂ ਕੇ ਜਾਣੇ ਪੀਛੇ ਵੁਹ ਸ਼ਿਸ਼ ਵਿਚਾਰ ਕਰਨੇ ਲਗਾ ਕਿ ਇਸ ਮਹਾਤਮਾ ਕੋ ਦੇਵਤਾਓਂ ਸੇ ਭੀ ਅਧਿਕ ਆਨੰਦ ਹੈ। ਸ਼ਾਸਤ੍ਰ ਕੇ ਬਚਨ ਭੀ ਯਾਦ ਆਏ ਵੁਹ ਯਹ ਹੈ:–

**ਨਚ ਸੁਖੰ ਦੇਵਰਾਜਸਯ ਨਚ ਸੁਖੰ ਚਕ੍ਰ ਵਰਤੀਨ: ॥**
**ਯਤ ਸੁਖੰ ਵੀਤਰਾਗਸਯ ਮੁਨੇਏਕਾਂਤ ਵਾਸਿਨ: ॥**

ਵੈਸਾ ਸੁਖ ਦੇਵ ਰਾਜ ਇੰਦਰ ਕੋ ਭੀ ਨਹੀਂ ਔਰ ਚਕ੍ਰਵਰਤੀ ਰਾਜਾ ਕੋ ਭੀ ਨਹੀਂ ਜੈਸਾ ਸੁਖ ਏਕਾਂਤ ਮੇਂ ਰਹਿਨੇ ਵਾਲੇ ਵਿਰਕਤ ਬ੍ਰਹਮ ਚਿੰਤਨ ਵਾਲੇ ਕੋ ਹੈ। ਇਨ ਵਚਨੋਂ ਕੋ ਯਾਦ ਕਰ ਵਿਚਾਰ ਕਰਨੇ ਲਗਾ, ਵੋਹ ਨਿਰਵਿਸ਼ੈਕ ਸੁਖ ਹੀ ਬ੍ਰਹਮ ਸੁਖ ਹੈ, ਔਰ ਏਕਾਗਰ ਬਿਰਤੀ ਮੇਂ ਪੁਰਸ਼ ਉਸ ਕੋ ਅਨੁਭਵ ਕਰ ਸਕਤਾ ਹੈ। ਇਹ ਵਿਚਾਰ ਕਰ ਸਭ ਇੰਦ੍ਰੀਓਂ ਕੋ ਰੋਕ ਕਰ, ਔਰ ਚਿਤ ਬ੍ਰਿਤੀ ਕੋ ਏਕਾਗਰ ਕਰ, ਨਿਹਸੰਕਲਪ ਹੋ ਕਰ ਬੈਠ ਗਿਆ, ਜਬ ਚਿਤ ਅਤਯੰਤ ਲੀਨ ਕਰਾ, ਤਬ ਉਸ ਕੋ ਨਿਰਵਿਸ਼ੈਕ ਬ੍ਰਹਮਾਨੰਦ ਸਮਾਧੀ ਕਾਲ ਮੇਂ ਅਨੁਭਵ ਹੂਆ, ਉਸ ਅਨੰਦ ਕੋ ਪਾ ਕਰ ਗਦ ਗਦ ਹੋ ਗਿਆ ਅਰ ਬਿਰਤੀ ਕੋ ਵਹਾਂ ਹੀ ਲੀਨ ਕਰਤਾ ਭਇਆ, ਸਾਰੀ ਰਾਤ ਬੀਤ ਗਈ ਗੁਰੂ ਜੀ ਪਾਸ ਨ ਪਹੁੰਚਾ, ਗੁਰੂ ਜੀ ਨੇ ਵਿਚਾਰਾ ਆਜ ਸ਼ਿਸ਼ ਆਯਾ ਨਹੀਂ। ਦੂਸਰੇ ਦਿਨ ਤਲਾਸ਼ ਕਰਕੇ, ਉਸ ਕੋ ਏਕਾਂਤ ਮੇਂ ਸਮਾਧੀ ਲਗਾਏ ਹੋਏ ਕੋ ਦੇਖਾ। ਗੁਰੂ ਜੀ ਨੇ ਬਹੁਤ ਵਾਰ ਬੁਲਾਯਾ ਭੀ, ਪਰੰਤੂ ਉਸ ਕੀ ਬਿਰਤੀ ਨਿਰਵਿਕਲਪ ਸਮਾਧੀ ਮੇਂ ਲੀਨ ਹੋ ਚੁਕੀ ਸੀ, ਇਸ ਵਾਸਤੇ ਬੁਲਾਨੇ ਪਰ ਭੀ ਨਾ ਬੋਲਾ। ਤਬ ਗੁਰੂ ਜੀ ਨੇ ਹਲੂਣਾ ਦੇ ਕਰ ਉਸ ਕੋ ਜਗਾਯਾ, ਜਬ ਜਾਗਾ ਗੁਰੂ ਜੀ ਕੇ ਚਰਨੋਂ ਮੇਂ ਪੜਾ, ਗੁਰੂ ਜੀ ਕਹਿਨੇ ਲਗੇ ਅਜ ਤੁਮ ਨੇ ਨਿਤ ਕਰਮ ਕਿਉਂ ਨਹੀਂ ਕੀਆ, ਉਠ ਕਰ ਨਿਤ ਕਰਮ ਕਰ। ਸ਼ਿਸ਼ ਕਹਿਣੇ ਲਗਾ ਆਜ ਮੈਂ ਕ੍ਰਿਤਯ ਕ੍ਰਿਤਯ ਹੋ ਚੁਕਾ ਹੂੰ, ਮੇਰੇ ਕੋ ਨਿਤ ਕਰਮ ਕਰਨੇ ਕੀ ਇਛਾ ਨਹੀਂ, ਜਿਸ ਕੋ ਸੁਰਗ ਲੋਕ ਕੀ ਇੱਛਾ ਹੋ ਉਹ ਨਿਤ ਕਰਮ ਕਰੇ। ਸਰਵ ਲੋਕ ਸਰੂਪ ਜੋ ਮੈਂ ਹੂੰ, ਵੁਹ ਸੁਰਗ ਕੀ ਇੱਛਾ ਸੇ ਕੈਸੇ ਕਰਮ ਕਰੂੰ। ਫੇਰ ਗੁਰੂ ਜੀ ਨੇ ਕਹਾ ਅਗਰ ਤੂੰ ਨਿਤ ਕਰਮ ਨਹੀਂ ਕਰਤਾ, ਤੋ ਆਤਮਾ ਕਾ ਸ੍ਰਵਣ ਮੰਨਣ ਹੀ ਕਰ, ਕਿਉਂਕਿ ਗ੍ਰਹਸਥੀਓਂ ਕਾ ਨਾਮ ਦਾਨ ਇਸ਼ਨਾਨ ਨਿਤ ਕਰਮ ਹੈ, ਸੰਤੋਂ ਕਾ ਆਤਮਾ ਸ੍ਰਵਣ ਮੰਨਣ ਹੀ ਨਿਤ ਕਰਮ ਹੈ। ਤੂੰ ਸੰਤੋਂ ਵਾਲਾ ਹੀ ਨਿਤ ਕਰਮ ਕਰ, ਤਬ ਸ਼ਿਸ਼

ਕਹਿਨੇ ਲਗਾ ਮੇਰੇ ਕੋ ਤੋ ਸ੍ਰਵਣ ਮੰਨਣ ਕੀ ਭੀ ਇੱਛਾ ਨਹੀਂ, ਔਰ ਸ੍ਰਵਣ ਮੰਨਣ ਵੁਹ ਕਰੇ, ਜਿਨਕੋ ਪ੍ਰਮਾਣ ਪ੍ਰਮੇਯ ਮੇਂ ਸੰਦੇਹ ਹੈ। ਸੰਦੇਹ ਰਹਿਤ ਨਿਸਚੇ ਰੂਪ ਸਦਾ ਹੀ ਅਪ੍ਰੋਖਸ਼ ਸ੍ਵਰੂਪ ਜੋ ਮੈਂ ਹੂੰ, ਸੋ ਕਿਸਕਾ ਸ੍ਰਵਣ ਮੰਨਣ ਕਰੂੰ ? ਮੇਰਾ ਆਤਮਾ ਸਦਾ ਹੀ ਅਪਰੋਖਸ਼ ਹੈ ਪ੍ਰਮਾਣ:-

**ਯਤ ਸਾਖਯਾਤ ਅਪ੍ਰੋਖਯਾਤ ਬ੍ਰਹਮ ॥**

ਗੁਰੂ ਪ੍ਰਮਾਣ:- **ਜ਼ਾਹਰਾ ਜ਼ਹੂਰ ਹੈ ਕਿ ਹਾਜਰਾ ਹਜ਼ੂਰ ਹੈ ॥** [ਪਾਤਸ਼ਾਹੀ ੧੦

ਅਰਥ-ਜੋ ਬ੍ਰਹਮ ਹਰ ਵਕਤ ਸਦਾ ਅਪਰੋਖਸ਼ ਹੈ। ਅਪਰੋਖਸ਼ ਵਸਤੂ ਮੇਂ ਸੰਦੇਹ ਨਹੀਂ ਹੋਤਾ, ਯਾਂਤੇ ਉਸ ਕੇ ਅਰਥ ਸ੍ਰਵਣ ਮੰਨਣ ਭੀ ਨਹੀਂ ਕਰਤਾ। ਤਬ ਗੁਰੂ ਜੀ ਨੇ ਕਹਾ ਨਿਧਧਿਆਸਨ ਹੀ ਕਰ। ਤਬ ਸ਼ਿਸ਼ ਕਹਿਣੇ ਲਗਾ ਜਿਸ ਕੋ ਆਪਣੇ ਸ੍ਵਰੂਪ ਮੇਂ ਭਰਮ ਹੋਵੇ, ਯਾਨੇ ਵਿਪ੍ਰੀਤ ਗਿਆਨ ਹੋਵੇ ਵਹਿ ਨਿਧਧਿਆਸਨ ਕਰੇ। ਭਰਮ ਰਹਿਤ ਜਾਨੇ ਵਿਪਰਯੇ ਰਹਿਤ ਜੋ ਮੈਂ ਹੂੰ, ਨਿਧਧਿਆਸਨ ਭੀ ਕੈਸੇ ਕਰੂੰ ? ਤਥਾ ਸ਼ਾਸਤ੍ਰ ਮੇਂ ਮੇਰਾ ਸ੍ਰੂਪ ਅਕ੍ਰੇ ਨਿਰੂਪਣ ਕਰਾ ਹੈ, ਤਾਂਤੇ ਭੀ ਮੇਰੇ ਮੇਂ ਕੁਛ ਕਰਤੱਬਯ ਨਹੀਂ। ਇਸ ਪ੍ਰਕਾਰ ਸ਼ਿਸ਼ ਕ੍ਰਿਤਯ ਕ੍ਰਿਤਯ ਦਸ਼ਾ ਕੋ ਪ੍ਰਾਪਤ ਹੋਕਰ, ਤ੍ਰਿਪੁਟੀ ਕੋ ਤਿਆਗ ਕਰ, ਅਫੁਰ ਦਸ਼ਾ ਕੋ ਪ੍ਰਾਪਤ ਹੋਤਾ ਭਇਆ। ਤਬ ਗੁਰੂ ਕੋ ਨਿਸਚੇ ਹੂਆ ਕਿ ਸ਼ਿਸ਼ ਕੋ ਅਬ ਨਿਰਸੰਦੇਹ ਬੋਧ ਪ੍ਰਾਪਤ ਹੂਆ ਹੈ। ਜਬ ਸ਼ਿਸ਼ ਸਮਾਧੀ ਸੇ ਉਠਾ ਤਬ ਗੁਰੂ ਜੀ ਕਹਿਨੇ ਲਗੇ ਸਮਾਧੀ ਮੇਂ ਤੁਮ ਨੇ ਕਿਆ ਦੇਖਾ। ਉਸ ਨੇ ਕਹਾ ਮੈਂ ਕੁਛ ਨਹੀਂ ਦੇਖਾ, ਯਾਨੇ ਸਰਵ ਕਾ ਅਭਾਵ ਹੀ ਦੇਖਾ। ਤਬ ਗੁਰੂ ਜੀ ਕਹਿਨੇ ਲਗੇ ਸਰਵ ਅਭਾਵ ਕਾ ਸਾਖੀ ਜੋ ਤੂੰ ਹੈਂ ਸੋ ਤੂੰ ਹੀ ਬ੍ਰਹਮ ਹੈਂ। ਪ੍ਰਮਾਣ-

**ਸੋ ਪ੍ਰਭ ਦੂਰ ਨਹੀ ਪ੍ਰਭ ਤੂ ਹੈ ॥**

ਇਨ ਵਚਨੋਂ ਸੇ ਤੂੰ ਅਪਨੇ ਕੋ ਬ੍ਰਹਮ ਸਮਝ, ਅਰ ਤੂੰਹੀ ਮਾਇਆ ਦ੍ਵਾਰਾ ਸਾਰੇ ਸੰਸਾਰ ਕੋ ਪੈਦਾ ਪਾਲਨ ਅਰ ਸ਼ੰਘਾਰ ਕਰਤਾ ਹੈਂ। ਤੂੰ ਅਵਿਦਯਾ ਨਾਲ ਮਿਲ ਕਰ ਸ੍ਵਪਨ ਸ੍ਰਿਸ਼ਟੀ ਕੋ ਪੈਦਾ ਪਾਲਨ ਸ਼ੰਘਾਰ ਕਰਤਾ ਹੈਂ। ਸੰਘਾਰ ਕਰ ਤੂੰਹੀ ਇਕੱਲਾ ਸ਼ੇਸ਼ ਰਹਿ ਜਾਤਾ ਹੈਂ। ਇਸ ਵਾਸਤੇ ਸਾਰੇ ਜਗਤ ਕਾ ਕਾਰਨ ਬ੍ਰਹਮ ਰੂਪ ਤੂੰ ਆਪਣੇ ਆਪ ਕੋ ਨਿਸ਼ਚੇ ਕਰ। ਜੀਵਨ ਮੁਕਤ ਹੋ ਵਿਚਰ। ਗੁਰੂ ਕੇ ਵਚਨੋਂ ਕੋ ਨਿਸਚੇ ਕਰ ਸੁਖ ਦੁਖ ਮੇਂ ਸ਼ਿਸ਼ ਸਮ ਦ੍ਰਿਸ਼ਟੀ ਵਾਲਾ ਹੋਤਾ ਭਇਆ, ਸੋ ਇਸ ਪਰਕਾਰ ਸੁਖ ਦੁਖ ਮੇਂ ਸਮ ਰਹਿਨੇ ਕੀ ਪਹਿਲੀ ਯੁਕਤੀ ਬ੍ਰਹਮ ਦ੍ਰਿਸ਼ਟੀ ਹੈ, ਅਗਰ ਬ੍ਰਹਮ ਦ੍ਰਿਸ਼ਟੀ ਨ ਹੋ ਸਕੇ ਤੋ ਦੂਸਰੀ ਯੁਕਤੀ, ਸੰਸਾਰ ਮੇਂ ਮਿਥਿਅਤ੍ਵ ਦ੍ਰਿਸ਼ਟੀ ਯਾਨੇ ਮਾਇਕ ਦ੍ਰਿਸ਼ਟੀ ਹੈ। ਸੰਸਾਰ ਮੇਂ ਮਿਥਿਅਤ੍ਵ ਦ੍ਰਿਸ਼ਟੀ ਜਿਸ ਕੋ ਦ੍ਰਿੜ ਹੋ ਜਾਤੀ ਹੈ, ਵੁਹ ਭੀ ਸੁਖ ਦੁਖ ਮੇਂ ਸਮ ਰਹਿਤਾ, ਯਾਨੇ ਹਰਖ ਸ਼ੋਕ ਨਹੀਂ ਕਰਤਾ। ਇਸ ਪ੍ਰਕਾਰ ਵ੍ਯਾਖਯਾਨ ਕਰਤੇ ਦਿਨ ਅਸਤ ਹੋ ਗਿਆ, ਸੰਗਤ ਨੇ ਸ੍ਰੀ ਨਾਰਾਇਣ ਹਰੀ ਜੀ ਕੀ ਤਥਾ ਉਨ ਕੇ ਮਾਤਾ ਪਿਤਾ ਕਾ ਧੰਨਵਾਦ ਕਰਾ।



ਅਰ ਪ੍ਰਾਰਥਨਾ ਸੇ ਕਹਾ ਕਲ ਦਿਨ ਇਸੀ ਜਗਾ ਹੀ ਫਿਰ ਸਤਸੰਗ ਹੋਵੇ, ਅਰ ਦੂਸਰੀ ਯੁਕਤੀ ਕੋ ਵਿਸਤਾਰ ਸੇ ਸੁਨਾਨਾ। ਐਸੇ ਕਹਿ ਸਭ ਆਪੋ ਆਪਣੇ ਅਸਥਾਨ ਕੋ ਚਲੇ ਗਏ। ਦੂਸਰੇ ਦਿਨ ਉਸੀ ਅਸਥਾਨ ਪਰ ਪਹਿਲੇ ਹੀ ਦੁਗਣੀ ਸਭਾ ਲਗ ਗਈ। ਮਹਾਤਮਾਓਂ ਕੋ ਸਭ ਲੋਕ ਉਡੀਕ ਰਹੇ ਹਨ ਇਤਨੇ ਮੇਂ ਮਹਾਤਮਾਓਂ ਕੀ ਮੰਡਲੀ ਭੀ ਦਰਬਾਰ ਸਾਹਿਬ ਜੀ ਕੀ ਯਾਤਰਾ ਕਰਕੇ ਵਹਾ ਆਈ, ਸਭ ਲੋਕੋਂ ਨੇ ਉਠ ਕਰ ਨਮਸਕਾਰ ਕਰੀ, ਪ੍ਰੇਮ ਸੇ ਬੈਠਾਇਆ ਪ੍ਰਾਰਥਨਾ ਕਰੀ, ਕਲ ਵਾਲਾ ਰਿਹਾ ਹੂਆ ਪ੍ਰਕਰਣ ਅਰੰਭ ਕਰੋ ਯਾਨੇ:-

**ਸੁਖ ਦੁਖ ਦੋਨੋ ਸਮ ਕਰ ਜਾਨੈ ਅਉਰ ਮਾਨ ਅਪਮਾਨਾ ॥**
**ਹਰਖ ਸੋਕ ਤੇ ਰਹੈ ਅਤੀਤਾ ਤਿਨ ਜਗ ਤਤ ਪਛਾਨਾ ॥**

ਇਸ ਸ਼ਬਦ ਕੇ ਭਾਵ ਮੇਂ ਦੂਸਰੀ ਯੁਕਤੀ ਆਪਨੇ ਜੋ ਕਲ ਸਾਮਾਨਯ ਸੇ ਕਹੀ ਥੀ, ਉਸ ਕੋ ਆਜ ਭੀ ਵਿਸਤਾਰ ਸੇ ਸੁਨਾਓ ਤਬ ਸ੍ਰੀ ਨਾਰਾਇਣ ਹਰੀ ਜੀ ਸ੍ਰੋਤਾਓਂ ਕੀ ਤੀਬਰ ਜਗਯਾਸਾ ਦੇਖ ਕਰ, ਦੂਸਰੀ ਮਿਤਯਤ੍ਵ ਦ੍ਰਿਸ਼ਟੀ ਸੁਨਾਨੇ ਲਗੇ ਅਰ ਕਹਿਣੇ ਲਗੇ ਸੁਖ ਦੁਖ ਦੋਨੋ ਮਿਥਯਾ ਹੈਂ, ਯਾਨੇ ਮਾਇਕ ਹੈਂ ਜੈਸੇ ਰੱਸੀ ਮੇਂ ਸਰਪ ਹੈ ਨਹੀਂ, ਪਰੰਤੂ ਪ੍ਰਤੀਤ ਹੋਵੇ ਹੈ। ਤੈਸੇ ਸੁਖ ਦੁਖ ਹੈ ਨਹੀਂ ਔਰ ਪ੍ਰਤੀਤ ਹੋਤੇ ਹੈਂ। ਜੈਸੇ ਸੁਪਨ ਕੇ ਪਦਾਰਥ ਹੈਨ ਨਹੀਂ, ਔਰ ਪ੍ਰਤੀਤ ਹੋਤੇ ਹੈਂ, ਉਨ ਕੋ ਸਤ ਨਿਸਚੇ ਕਰ ਜੀਵ ਸੁਪਨੇ ਮੇਂ ਹੀ ਹਰਖ ਸ਼ੋਕ ਕੋ ਪ੍ਰਾਪਤ ਹੋਤੇ ਹੈਂ, ਤੈਸੇ ਜਾਗ੍ਰਤ ਕੇ ਪਦਾਰਥ ਭੀ ਹੈਨ ਨਹੀਂ ਭਰਮ ਸੇ ਸਤ ਨਿਸਚੇ ਕਰ ਜੀਵ ਸੁਖੀ ਦੁਖੀ ਹੋਤੇ ਹੈ, ਗਿਆਨ ਸੇ ਜਬ ਭਰਮ ਦੂਰ ਹੋ ਜਾਤਾ ਹੈ ਤਬ ਇਨ ਕੋ ਮਿਥਯਾ ਮਾਨ ਕਰ ਯਾਨੇ ਸੁਪਨ ਤੁਲ ਸਮਝ ਕਰ ਹਰਖ ਸ਼ੋਕ ਸੇ ਰਹਿਤ ਹੋ ਜਾਤਾ ਹੈ, ਪ੍ਰਮਾਣ:-

**ਸੁਭ ਬਚਨ ਬੋਲਿ ਗੁਣ ਅਮੋਲ ॥ ਕਿੰਕਰੀ ਬਿਕਾਰ ॥ ਦੇਖੁ ਰੀ ਬੀਚਾਰ ॥ ਗੁਰ ਸਬਦੁ ਧਿਆਇ ਮਹਲੁ ਪਾਇ ॥ ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥ ੧ ॥ ਰਹਾਉ ॥ ਸੁਪਨ ਹੀ ਸੰਸਾਰੁ ॥ ਮਿਥਨੀ ਬਿਸਥਾਰੁ ॥ ਸਖੀ ਕਾਇ ਮੋਹਿ ਮੋਹਿਲੀ ਪ੍ਰਿਆ ਪ੍ਰੀਤਿ ਰਿਦੈ ਮੇਲ ॥**

[ਸਾਰੰਗ ਮ: ੫ ਸਫਾ ੧੨੨੯

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ॥ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ**

**ਆਪਸ ਊਪਰਿ ਕਰਤ ਗੁਮਾਨੁ ॥** [ਗਉੜੀ ਸੁਖਮਨੀ ਮ: ੫ ਸਫਾ ੨੬੮

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥ ਜਾਨਿਆਂ ॥**

[ਆਸਾ ਸ੍ਰੀ ਨਾਮਦੇਵ ਜੀ ਸਫਾ ੪੮੫

ਝੂਠੇ ਪਦਾਰਥੋਂ ਮੇਂ ਸਤਯਤਾ ਕਾ ਭਰਮ ਬਾਲਕੋਂ ਕੋ ਹੋਤਾ ਹੈ । ਜੈਸੇ ਵਸ਼ਿਸ਼ਟ ਮੁਨੀ ਜੀ ਨੇ ਰਾਮ ਜੀ ਕੋ ਕਹਾ ਹੈ:-

**ਸ਼ਲੋਕ-॥ ੧ ॥ ਸਾ ਬਾਲਸਯ ਵਿਨੋਦਾਯ, ਧਾਤ੍ਰੀ ਤਸਯ ਮਹਾਂ ਮਤੇ । ਆਖਯਾਯਕਾਂ, ਕਥਯਤਿ ਪ੍ਰਸਨ ਮਧੁਰ ਅਖਸ਼ਰਾਮ ॥ ੨ ॥ ਕ੍ਵਚਿਤ ਸੰਤੀ ਮਹਾਤਮਾਨੋ ਰਾਜ ਪੁਤ੍ਰਾ: ਤ੍ਰਯਾ: ਸ਼ੁਭਾ:, ਧਾਰਮਿਕਾ, ਸਊਰਿਯ ਮੁਦਿਤਾ ਅਤ੍ਯੰਤ, ਅਸਤਿ ਪਤਨੇ ॥ ੩ ॥ ਵਿਸਤੀਰਣੇ ਸ਼ੂਨਯ ਨਗਰੇ ਵਿਯੋਮਨੀ ਇਵ ਜਲਤਾਰਕਾ:, ਦ੍ਵਊ ਨ ਜਾਤਊ ਤਥਾ ਏਕ: ਤੂ ਗਰਭੇ ਏਵ ਨ ਸੰਸਥਿਤ: ॥ ੪ ॥ ਤੇ ਤਸਮਾਤ ਸ਼ੂਨਯ ਨਗਰਾਤ ਨਿਰਗਤਾ ਵਿਤਤ ਆਨਨਾ: ॥ ਗਗਨਾਤ ਇਵ ਸੰਸਲਿਸ੍ਰਾ: ਬੁਧ ਸ਼ੁਕ੍ਰ: ਸਨਿਸਰਾ: ॥ ੫ ॥ ਯਸਮਿਨ ਬ੍ਰਿਖਯ ਤ੍ਰਏ ਬ੍ਰਿਖਯਊ ਦ੍ਵਊ ਨ ਜਾਤਊ ਮਨਾਕ ਅਪਿ, ਬੀਜ ਮੇਵ ਤ੍ਰਿਤੀਯਸਯ ਸ੍ਯਾਰੋਹਸਯ ਨ ਵਿਦਯਤੇ ॥ ੬ ॥ ਫਲਾਨੀ ਅੰਮ੍ਰਿਤ ਕਲਪਾਨੀ ਭੁਕਤ੍ਵਾ ਪੀਤ੍ਵਾ ਚ ਤਤ ਰਸੰ, ਕ੍ਰਿਤ੍ਵਾ ਗੁਲਛਕਈ ਮਾਲਾਂ, ਚਿਰੰ ਵਿਸ੍ਰਮਯਤੇ ਯ ਯਯੁ: ॥ ੭ ॥ ਪੁਨਰ ਦੂਰਤਰੰ ਗਤ੍ਵਾ ਮਧਯਾਨੇ ਸਮ ਉਪਸਥਿਤੇ, ਸਰਤਿ ਤ੍ਰਿਤਯੰਆਸੇ, ਦੁਸਤਰੰਗ ਤਰਲਾਰਵੰ ॥ ੮ ॥ ਤਤ੍ਰਏਕਾ ਪਰਿ ਸ਼ੁਸ਼ਕਾ ਏਵ ਮਨਾਗ ਅਪਿ ਅੰਬੁ ਨ ਦ੍ਵਯੋ:, ਵਿਦਯਤੇ ਸਰਿਤੋ, ਦ੍ਰਿਸ਼੍ਰੀ ਅੰਧ ਲੋਚਨਯੋ: ਇਵ ॥ ੯ ॥ ਰਾਜਪੁਤ੍ਰਾ ਤ੍ਰਯੋ: ਨਦਯੋ ਭਵਿਸਯ ਨਗਰੇ ਯਥਾ, ਯਥਾ ਸੰਸਲਪ ਰਚਨਾ ਤਥੇਯੰ ਜਗਤ ਇਸਥਤੀ: ॥**

[ਯੋਗ ਵਸ਼ਿਸ਼ਟ ਪ੍ਰਕਰਣ ੩ ਸਰਗ ੧੦੧ ਸਲੋਕ ੩ ਸੇ ਸ਼ੁਰੂ

ਅਰਥ:-ਵਸ਼ਿਸ਼ਟ ਮੁਨੀ ਕਹਿਤੇ ਹੈਂ ਹੇ ਰਾਮ ਜੀ । ਏਕ ਧਾਤ੍ਰੀ ਯਾਨੇ ਦਾਈ ਏਕ ਰਾਜ ਕੁਮਾਰ ਕੋ ਬਗੀਚੇ ਮੈਂ ਸੈਲ ਕਰਾ ਰਹੀ ਥੀ, ਰਾਜ ਕੁਮਾਰ ਕਿਸੀ ਨਮਿਤ ਸੇ ਰੋਨੇ ਲਗਾ, ਤਬ ਦਾਈ ਬਾਲਕ ਕੋ ਖੁਸ਼ ਕਰਨੇ ਵਾਸਤੇ ਮਿਠੇ ਅੱਖਰੋਂ ਮੇਂ ਸੁਨਾਨੇ ਲਗੀ ਅਰ ਬਾਲਕ ਭੀ ਚੁਪ ਕਰ ਪ੍ਰੇਮ ਸੇ ਸੁਨਨੇ ਲਗਾ ॥ ੧੫ ॥ ਕਹਿਨੇ ਲਗੀ ਕਿਸੀ ਅਸੱਤ ਦੇਸ਼ ਮੇਂ ਏਕ ਚਕ੍ਰਵਰਤੀ ਰਾਜਾ ਕੇ,



ਤੀਨ ਪੁਤ੍ਰ ਸ੍ਰੇਸ਼ਟ ਧਰਮਾਤਮਾ ਔਰ ਸੂਰਬੀਰ ਹੋਤੇ ਭਏ ॥ ੨ ॥ ਉਸ ਸੂਨ ਨਗਰ ਮੇਂ ਐਸੇ ਫੈਲ ਗਏ ਜੈਸੇ ਅਕਾਸ਼ ਮੇਂ ਤਾਰੇ । ਉਨ ਤੀਨ ਰਾਜਕੁਮਾਰੋਂ ਮੇਂ ਸੇ ਦੋ ਤੋ ਜਨਮੇਂ ਹੀ ਨਹੀਂ, ਅਰ ਤੀਸਰਾ ਗਰਭ ਮੇਂ ਹੀ ਨਹੀਂ ਆਯਾ ॥ ੩ ॥ ਵੋਹ ਤੀਨੋਂ ਰਾਜ ਕੁਮਾਰ ਆਪਨੇ ਸੂੰਨ ਨਗਰ ਮੇਂ, ਪ੍ਰਸੰਨ ਬਦਨ ਹੂਏ ਐਸੇ ਫਿਰਤੇ ਰਹੇ ਜੈਸੇ ਆਕਾਸ਼ ਮੇਂ ਬੁਧ ਸੁਕਰ ਸਨੀ ਆਦਿਕ ਗ੍ਰੈਹ ਫਿਰਤੇ ਹੈਂ ॥ ੪ ॥ ਵੋਹ ਤੀਨੋਂ ਬਾਲਕ ਘੂਮਤੇ ਘੂਮਤੇ ਮਧਯਾਨ ਕੀ ਧੂਪ ਸੇ ਘਾਬਰੇ ਹੂਏ, ਤੀਨ ਬਿਰਖੋਂ ਕੇ ਨੀਚੇ ਆ ਕਰ ਬੈਠ ਜਾਤੇ ਭਏ । ਉਨ ਤੀਨ ਬਿਰਖੋਂ ਮੇਂ ਸੇ ਦੋ ਬਿਰਖ ਤੋ ਜਨਮੇ ਹੀ ਨਹੀਂ ਸੀ, ਅਰ ਤੀਸਰੇ ਬਿਰਖ ਕਾ ਬੀਜ ਬੀ ਨਹੀਂ ਬੋਇਆ ਸੀ ॥ ੫ ॥ ਐਸੇ ਬਿਰਖੋਂ ਕੇ ਅੰਮ੍ਰਿਤ ਮਈ ਫਲ ਪਾ ਕਰ, ਅਰ ਉਨ ਕਾ ਰਸ ਪੀ ਕਰ, ਅਰ ਉਨ ਬਿਰਖੋਂ ਕੇ ਫੂਲੋਂ ਕੀ ਮਾਲਾ ਗਲੇ ਮੇਂ ਪਾ ਕਰ, ਚਿਰ ਕਾਲ ਤਕ ਵਹਾਂ ਵਿਸਰਾਮ ਕਰਤੇ ਭਏ । ਫਿਰ ਵਹਾਂ ਸੇ ਉਠ ਕਰ ਮਧਯਾਨ ਮੇਂ ਦੂਰ, ਜਾ ਕਰ, ਤੀਨ ਨਦੀਓਂ ਕੇ ਕਿਨਾਰੇ ਪਹੁੰਚਤੇ ਭਏ, ਜਿਨ੍ਹੋਂ ਕਾ ਤਰਨਾ ਬੜਾ ਕਠਿਨ ਥਾ, ਉਨ ਤੀਨ ਨਦੀਓਂ ਮੇਂ ਏਕ ਨਦੀ ਤੋ ਸੁਕੀ ਥੀ, ਔਰ ਦੋ ਮੇਂ ਚੁਲੂ ਭਰ ਪਾਣੀ ਭੀ ਨਾ ਥਾ ॥ ੬ ॥ ਉਨ ਨਦੀਓਂ ਮੇਂ ਪਾਣੀ ਐਸੇ ਨ ਥਾ, ਜੈਸੇ ਅੰਧੇ ਕੇ ਨੇਤਰੋਂ ਮੇਂ ਦ੍ਰਿਸ਼ਟੀ ਨਹੀਂ ਹੋਤੀ । ਵਹਾ ਸੇ ਨਦੀ ਪਾਰ ਹੋ ਕਰ ਤੀਨੋਂ ਰਾਜ ਕੁਮਾਰ, ਆਪਣੇ ਭਵਿਸ਼ਯ ਨਗਰ ਮੇਂ ਅਬ ਤਕ ਬਿਰਾਜਮਾਨ ਹੈਂ । ਯੇਹ ਅਸਤ ਤੀਨ ਬਾਲਕੋਂ ਕੀ ਕਥਾ ਦਾਈ ਨੇ ਆਪਨੇ ਰਾਜ ਕੁਮਾਰ ਕੋ ਸੁਨਾਈ, ਅਰ ਰਾਜਕੁਮਾਰ ਸਤ ਜਾਨ ਕਰ ਪ੍ਰਸੰਨ ਹੋਤਾ ਭਇਆ, ਸੋ ਉਸ ਕੋ ਭਰਮ ਸੀ ਕਿਉਂਕਿ ਇਸ ਪ੍ਰਕਾਰ ਕੇ ਤੀਨ ਰਾਜਕੁਮਾਰ, ਤੀਨ ਬਿਰਖ ਤੀਨ ਨਦੀਆਂ ਕਹੀਂ ਭੀ ਨਹੀਂ । ਕੇਵਲ ਕਲਪਨਾ ਮਾਤਰ ਹੈ ਤੈਸੇ ਹੀ ਏਹ ਜਗਤ ਕਹੀਂ ਭੀ ਹੈ ਨਹੀਂ, ਕੇਵਲ ਬੁੱਧੀ ਕੀ ਕਲਪਨਾ ਹੈ । ਬੁਧੀ ਕਲਿਪਤ ਜਗਤ ਕੋ ਅਗਯਾਨੀ ਬਾਲਕ ਸੱਤ ਸਮਝ ਕਰ ਸੁਖੀ ਦੁਖੀ ਹੋਤੇ ਰਹਿਤੇ ਹੈਂ । ਪਰੰਤੂ ਗਿਆਨੀ ਲੋਕ ਇਸ ਜਗਤ ਕੋ ਝੂਠਾ ਸਮਝ ਕਰ ਸੁਖੀ ਦੁਖੀ ਹੋਤੇ ਨਹੀਂ । ਅਗਿਆਨੀ ਜੀਵੋਂ ਕੋ ਪ੍ਰਮੇਸ਼ਰੀ ਮਾਯਾ ਨੇ ਭਰਮ ਕਰਾ ਕਰ ਭੁਲਾ ਦੀਆ ਹੈ, ਅਬ ਭੂਲੇ ਹੂਏ ਜੀਵ ਜਗਤ ਕੋ ਸੱਤ ਸਮਝ ਕਰ ਹਰਖ ਸੋਕ ਕਰਤੇ ਰਹਿਤੇ ਹੈਂ । ਗੁਰੂ ਪ੍ਰਮਾਣ:-

**ਮਾਇਆ ਕਿਸਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥ ੬ ॥** [ਸਿਰੀ ਰਾਗ ਮ: ੩ ਸਫਾ ੬੭

**ਐਸੀ ਇਸਤ੍ਰੀ ਇਕ ਰਾਮ ਉਪਾਈ ॥ ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥ ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ ਗੁਰਮੁਖਿ ਨਾਮਿ**

**ਲਗੇ ਸੇ ਸੋਹਿਆ ॥ ੨ ॥ ਵਰਤ ਨੇਮ ਕਰਿ ਥਾਕੇ ਪੁਨਹ ਚਰਨਾ॥ ਤਟ ਤੀਰਥ ਭਵੇ ਸਭ ਧਰਨਾ॥ ਸੋ ਉਬਰੇ ਜਿਸ ਸਤਿਗੁਰ ਕੀ ਸਰਨਾ ॥ ੩ ॥**

[ਆਸਾ ਮ: ੫ ਸਫਾ ੩੯੪

**ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥ ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥ ਹਮ ਆਈ ਵਸਗਤਿ ਗੁਰਿ ਪਰਸਾਦੇ ॥੧॥ ਐਸਾ ਦੇਖਿ ਬਿਮੋਹਿਤ ਹੋਏ ॥ ਸਾਧਿਕ ਸਿਧ ਸੁਰਦੇਵ ਮਾਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥**

[ਆਸਾ ਮ: ੫ ਸਫਾ ੩੭੦

ਈਸ਼ਵਰ ਕੀ ਮਾਇਆ ਕਾ ਤੋ ਕਹਿਣਾ ਹੀ ਕਿਆ ਹੈ, ਜੀਵ ਕੀ ਮਾਇਆ ਭੀ ਬੜੋਂ ਬੜੋਂ ਕੋ ਭੁਲਾ ਦੇਤੀ ਹੈ, ਅਰ ਹਰਖ ਸ਼ੋਕ ਕਰਾ ਦੇਤੀ ਹੈ । ਕਥਾ–ਜੈਸੇ ਏਕ ਚਕ੍ਰਵਰਤੀ ਬੜਾ ਧਰਮਾਤਮਾ ਪਰਜਾ ਪਾਲਕ, ਔਰ ਏਕ ਇਸਤ੍ਰੀਬ੍ਰਤ ਰਾਜਾ ਥਾ, ਏਕ ਮਦਾਰੀ ਉਸ ਕੇ ਪਾਸ ਆਇਆ ਅਰ ਕਹਿਨੇ ਲਗਾ, ਮਹਾਰਾਜਾ ਅਧਿਰਾਜ ਮੈਂ ਅਛੇ ਅਛੇ ਤਮਾਸ਼ੇ ਜਾਨਨੇ ਵਾਲਾ ਮਦਾਰੀ ਹੂੰ, ਜੈਸਾ ਤਮਾਸ਼ਾ ਆਪ ਦੇਖਣਾ ਚਾਹੋਂ ਵੈਸੀ ਆਗਿਆ ਕਰੋ, ਮੈਂ ਦਿਖਾਊਂ ਔਰ ਆਪ ਸੇ ਇਨਾਮ ਪਾਊਂ । ਰਾਜਾ ਸਾਹਿਬ ਕਹਿਨੇ ਲਗੇ ਕਿ ਕੋਈ ਐਸਾ ਤਮਾਸ਼ਾ ਦਿਖਾਓ ਜੋ ਹੋਵੇ ਕੁਛ ਨਾ, ਪਰ ਪ੍ਰਤੀਤ ਯਾਨੇ ਅਨਭਉ ਸਭ ਹੋ ਜਾਵੇ । ਪ੍ਰੰਤੂ ਮੇਰੇ ਕੋ ਇੰਦਰ ਅਗਨੀ ਆਦੀ ਦੇਵਤਾਓਂ ਕੇ ਦਰਸ਼ਨ ਕਰਨੇ ਕੀ ਤੀਬਰ ਇੱਛਾ ਹੈ, ਅਗਰ ਤੂੰ ਦਰਸ਼ਨ ਕਰਾ ਸਕਤਾ ਹੈ ਤੋ ਕਰਾਓ, ਮੈਂ ਤੇਰੇ ਕੋ ਬੜਾ ਇਨਾਮ ਦੂੰਗਾ । ਮਦਾਰੀ ਕਹਿਣੇ ਲਗਾ ਮਹਾਰਾਜ ਅਗਰ ਮੇਰੇ ਕੋ ਆਗਿਆ ਦੇ ਦੋ,. ਤੋ ਸੁਰਗ ਮੇਂ ਜਾਕਰ ਇੰਦਰ ਅਗਨੀ ਆਦਿਕੋਂ ਸੇ ਯੁਧ ਕਰਕੇ, ਮੂਰਛਿਤ ਕਰ ਜਾਂ ਅੰਗ ਭੰਗ ਕਰਕੇ ਸਭ ਦੇਵਤਾਓਂ ਕੋ ਆਪ ਕੇ ਪਾਸ ਭੇਜ ਦੂੰ, ਅਰ ਦਰਸ਼ਨ ਕਰਾਊਂ । ਕਿਉਂਕਿ ਮੈਂ ਸੂਰਬੀਰ ਭੀ ਅਦ੍ਵਿਤੀਯ ਹੂੰ । ਰਾਜਾ ਕਹਿਣੇ ਲਗਾ ਇਸ ਸੇ ਬੜ ਕਰ ਔਰ ਕਿਆ ਅੱਛਾ ਹੋਗਾ । ਬੇਸ਼ਕ ਯੁਧ ਕਰੋ ਮੇਰੀ ਆਗਿਆ ਹੈ ਤਬ ਉਸ ਮਦਾਰੀ ਨੇ ਕਹਾ ਮਹਾਰਾਜ, ਮੇਰੇ ਸਾਥ ਏਕ ਮੇਰੀ ਪਤਿਬ੍ਰਤਾ ਇਸਤ੍ਰੀ ਹੈ, ਵੋਹ ਮੇਰੇ ਬਿਨਾਂ ਕਹੀਂ ਰਹਿ ਨਹੀਂ ਸਕਤੀ, ਔਰ ਮੈਂ ਯੁਧ ਕਰਨੇ ਚਲਾ ਹੂੰ ਉਸ ਕੋ ਸਾਥ ਕੈਸੇ ਲੇ ਜਾਊਂ ? ਅਗਰ ਉਸ ਕੋ ਸਾਰੀ ਸਭਾ ਸਹਿਤ ਆਪ ਆਪਣੀ ਕੰਨਿਆਂ ਕੇ ਤੁਲ ਸਮਝੇਂ, ਕੋਈ ਖੋਟੀ ਦ੍ਰਿਸ਼ਟੀ ਨਾ ਕਰੇ ਤੋ ਵੁਹ ਆਪ ਕੇ ਪਾਸ ਰਹਿ ਸਕਤੀ ਹੈ, ਇਸ ਬਿਧੀ ਸੇ ਉਸ ਕੋ ਰਖੇਂ ਤੋ ਮੈਂ ਤਮਾਸ਼ਾ ਦਿਖਾਊਂ, ਰਾਜਾ ਕਹਿਣੇ ਲਗਾ ਤੁਮਾਰੇ ਆਣੇ ਤਕ ਮੈਂ ਸਾਰੀ ਪਰਜਾ ਸਹਿਤ ਪ੍ਰਤਗਯਾ ਕਰਕੇ ਕਹਿਤਾ ਹੂੰ, ਕਿ ਉਸ ਕੋ ਕੰਨਿਆ ਭਾਵ ਸੇ ਸੰਭਾਲ ਰਖੇਂਗੇ, ਬੇਸ਼ਕ ਆਪਣੀ ਇਸਤ੍ਰੀ ਕੋ ਬੁਲਾਓ, ਤਬ ਉਹ ਮਦਾਰੀ ਓਥੇ ਹੀ ਖੜਾ ਹੋ ਕਰ ਪੁਕਾਰਨੇ ਲਗਾ, ਐ ਸ੍ਰੀ ਮਤੀ ! ਬਾਹਰ ਸੇ ਆਵਾਜ਼ ਆਈ ਜੀ ਮਹਾਰਾਜ ਕਿਆ



ਆਗਿਆ ਹੈ ? ਮਦਾਰੀ ਨੇ ਕਹਾ ਅੰਦਰ ਆ ਜਾਓ, ਫਿਰ ਬਾਹਰ ਸੇ ਆਵਾਜ ਆਈ ਅੰਦਰ ਤੋ ਵਿਭਚਾਰੀ ਦੁਸ਼ਟ ਪੁਰਸ਼ ਬੈਠੇ ਹੈਂ, ਪਤਿਬ੍ਰਤਾਓਂ ਕੇ ਸਤ ਭੰਗ ਕਰਨੇ ਵਾਲੇ ਹੈਂ, ਮੈਂ ਕੈਸੇ ਅੰਦਰ ਆਵਾਂ ਤਬ ਮਦਾਰੀ ਨੇ ਕਹਾ ਇਨ ਸਭੋਂ ਨੇ ਪ੍ਰਤਗਜਾ ਕਰੀ ਹੈ ਤੁਮਾਰੇ ਕੋ ਪੁਤਰੀ ਭਾਵ ਸੇ ਦੇਖੇਂਗੇ ਅੰਦਰ ਆ ਜਾਓ । ਤਬ ਵੁਹ ਅੰਦਰ ਆਈ ਔਰ ਮਦਾਰੀ ਕੇ ਚਰਨੋਂ ਮੇਂ ਨਮਸ਼ਕਾਰ ਕਰੀ । ਮਦਾਰੀ ਨੇ ਕਹਾ ਐ ਸ੍ਰੀ ਮਤੀ ! ਮੈਂ ਰਾਜਾ ਕੀ ਆਗਯਾ ਪਾ ਕਰ ਦੇਵਤਾਓਂ ਕੇ ਸਾਥ ਯੁਧ ਕਰਨੇ ਕੇ ਲੀਏ ਸਵਰਗ ਕੋ ਜਾ ਰਹਾ ਹੂੰ, ਤੁਮ ਯਹਾਂ ਰਹੋ ਯੇ ਸਭ ਲੋਕ ਤੁਮਾਰੇ ਕੋ ਪੁਤਰੀ ਭਾਵ ਸੇ ਪਾਲੇਂਗੇ । ਔਰ ਮੈਂ ਭੀ ਯੁਧ ਕਰਕੇ ਜਲਦੀ ਵਾਪਸ ਆ ਜਾਊਂਗਾ, ਸ੍ਰੀ ਮਤੀ ਮਾਨਤੀ ਨਹੀਂ ਥੀ ਪਰ ਰਾਜਾ ਪਰਜਾ ਨੇ, ਉਸ ਕੋ ਆਪਨੀ ਪ੍ਰਤਗਯਾ ਦਿਖਾ ਕਰ ਰਖਾ । ਰਾਜਾ ਨੇ ਕਹਾ ਤੂੰ ਹਮਾਰੀ ਪੁਤਰੀ (ਕੰਨਯਾਂ) ਹੈਂ ਹਮਾਰੀ ਕੰਨਯਾਂ ਕੇ ਸਾਥ ਰਹੁ, ਜਬ ਤਕ ਹਮਾਰੇ ਪ੍ਰਾਣ • ਹੈ ਤਬ ਤਕ ਹਮ ਤੁਮਾਰੇ ਕੋ ਕੰਨਯਾਂ ਭਾਵ ਸੇ ਰਖੇਂਗੇ । ਐਸਾ ਕਹਿ ਕਰ ਆਪਣੀ ਕੰਨਯਾਂ ਕੇ ਪਾਸ ਸ੍ਰੀ ਮਤੀ ਕੋ ਭੇਜ ਦੀਆ । ਤਬ ਮਦਾਰੀ ਨੇ ਏਕ ਸੂਤਰ ਕਾ ਗੋਲਾ ਨਿਕਾਲਾ, ਸੂਤਰ ਕੀ ਤੰਦ ਸੇ ਸ੍ਵਰਗ ਕੀ ਸੀੜੀ ਬਨਾਈ, ਅਰ ਰਾਜਾ ਕੋ ਨਮਸ਼ਕਾਰ ਕਰ ਉਸ ਸੀੜ੍ਹੀ ਦਵਾਰਾ ਉਪਰ ਚੜ੍ਹ ਗਿਆ, ਊਪਰ ਜਾ ਕਰ ਗੋਲੇ ਬਰਸਾਏ, ਬੜਾ ਭਾਰੀ ਸ਼ਬਦ ਹੂਆ, ਜਿਸ ਸੇ ਬਹੁਤ ਲੋਕ ਡਰ ਗਏ, ਅਰ ਮਾਲੂਮ ਹੂਆ ਕਿ ਯੁਧ ਸ਼ੁਰੂ ਹੋ ਗਿਆ ਹੈ, ਥੋੜੀ ਦੇਰ ਬਾਦ ਅਗਨੀ ਦੇਵਤਾ ਕਾ ਸਿਰ ਕਟ ਕਰ ਨੀਚੇ ਗਿਰਾ ਦੀਆ, ਉਸੀ ਤਰ੍ਹਾਂ ਮੁਖ ਸੇ ਲਾਟਾਂ ਨਿਕਲਨੇ ਲਗੀਆਂ, ਰਾਜਾ ਨੇ ਪ੍ਰੇਮ ਸੇ ਦਰਸ਼ਨ ਕੀਆ ਅਰ ਸਾਥ ਹੀ ਅਸਚਰਜ ਹੂਆ ਕਿ ਮਦਾਰੀ ਬੜਾ ਸੂਰਬੀਰ ਨਿਕਲਾ, ਇਤਨੇ ਮੇਂ ਇੰਦਰ ਕਾ ਵਾਯੂ ਕਾ ਮੁਕਟੋਂ ਸਹਿਤ ਸਿਰ ਨੀਚੇ ਗਿਰਾ ਦੀਆ, ਵਾਯੂ ਕੇ ਮੁਖ ਸੇ ਐਸੀ ਤੇਜ ਪਵਨ ਚਲੀ ਮਾਨੋਂ ਬੜੀ ਭਾਰੀ ਅੰਧੇਰੀ ਆ ਗਈ, ਲੋਕ ਕਾਂਪਨੇ ਲਗੇ, ਫੇਰ ਥੋੜੀ ਦੇਰ ਬਾਦ ਹੋਰ ਕਈ ਦੇਵਤਾ ਨੀਚੇ ਗਿਰਾ ਦੀਏ, ਜਿਨ ਕੇ ਬੜੇ ਬੜੇ ਸੁੰਦਰ ਸਰੂਪ ਔਰ ਬੜੇ ਬੜੇ ਸੁੰਦਰ ਭੂਸ਼ਨ ਬਸਤਰ ਪਹਿਰੇ ਹੂਏ ਥੇ, ਸਭ ਦੇਵਤਾਓਂ ਕਾ ਸਾਖਯਾਤ ਦਰਸ਼ਨ ਕਰਕੇ ਰਾਜਾ ਬੜਾ ਗਦਗਦ ਹੂਆ, ਮਦਾਰੀ ਕੀ ਉਸਤਤੀ ਕਰਨੇ ਲਗਾ, ਬੜਾ ਸੂਰਬੀਰ ਹੈ । ਥੋੜੀ ਦੇਰ ਬਾਦ ਮਦਾਰੀ ਕੇ ਅੰਗ ਕਟ ਕਰ ਨੀਚੇ ਆ ਪਏ । ਫਿਰ ਧੜ ਆਯਾ, ਸਿਰ ਭੀ ਨੀਚੇ ਆ ਪਿਆ ਮਦਾਰੀ ਕੀ ਇਸਤ੍ਰੀ ਸ੍ਰੀ ਮਤੀ ਪਤੀ ਕੋ ਨੀਚੇ ਗਿਰਾ ਦੇਖ ਅਰ ਮਰਾ ਸਮਝ ਕਰ ਰੋਣੇ ਲਗੀ, ਅਰ ਕਹਿਣੇ ਲਗੀ ਮੈਂ ਪਤੀ ਕੇ ਸਾਥ ਸਤੀ ਹੋ ਜਾਊਂਗੀ । ਲੋਕੋਂ ਨੇ ਬਹੁਤ ਸਮਝਾਇਆ ਪਰੰਤੂ ਉਸਨੇ ਨ ਮਾਨਾ, ਬੜੇ ਬੜੇ ਧਾਰਮਕ ਇਤਿਹਾਸ ਸੁਨਾ ਕਰ ਸਭ ਕੇ ਸਾਹਮਣੇ ਚਿਖਾ ਬਨਾ ਕਰ, ਪਤੀ ਕੇ ਸਭ ਅੰਗ ਚਿਖਾ ਮੇਂ ਰਖ ਕਰ, ਅਗਨੀ ਲਗਵਾ ਕਰ ਆਪ ਭੀ ਸਤੀ ਹੋ ਗਈ । ਰਾਜਾ ਪਰਜਾ ਬਹੁਤ ਦੁਖੀ ਹੂਏ ਅਰ ਕਹਿਨੇ ਲਗੇ ਮਦਾਰੀ ਤਮਾਸ਼ਾ ਦਿਖਾਤਾ ਹੂਆ, ਇਸਤ੍ਰੀ ਸਹਿਤ ਹੀ ਮਰ ਗਿਆ, ਇਨਾਮ ਭੀ ਨਾ ਪਾਯਾ । ਸਭ ਲੋਕ ਬੜਾ ਸ਼ੋਕ ਕਰ ਹੀ ਰਹੇ ਥੇ, ਇਤਨੇ

ਮੈਂ ਉਸੀ ਤੰਦ ਕੀ ਸੀੜ੍ਹੀ ਦਵਾਰਾ ਮਦਾਰੀ ਨੀਚੇ ਉਤਰ ਆਯਾ ਅਰ ਰਾਜਾ ਪਰਜਾ ਕੋ ਨਮਸਕਾਰ ਕਰਕੇ ਕਹਾ ਕਿ ਮੇਰੇ ਕੋ ਇਨਾਮ ਅਰ ਇਸਤ੍ਰੀ ਦਿਓ, ਮੇਰਾ ਤਮਾਸ਼ਾ ਆਪ ਕੋ ਅੱਛਾ ਲੱਗਾ ਹੋਗਾ। ਰਾਜਾ ਔਰ ਪਰਜਾ ਕੇ ਲੋਕ ਸਭ ਹੈਰਾਨ ਹੂਏ ਕਿ ਯੇਹ ਤੋ ਮਰ ਗਿਆ ਥਾ, ਇਸਤ੍ਰੀ ਸਭ ਕੇ ਸਾਹਮਣੇ ਸਤੀ ਹੋ ਗਈ ਹੈ ਇਨਾਮ ਤੋ ਦੇ ਦੇਵੇਂਗੇ, ਇਸਤ੍ਰੀ ਕਹਾਂ ਸੇ ਦੇਵੇਂਗੇ ? ਤਬ ਸਭੋਂ ਨੇ ਮਿਲ ਕਰ ਕਹਾ ਤੁਮਾਰੀ ਇਸਤ੍ਰੀ ਤੋਂ ਤੁਮਾਰੇ ਸਾਥ ਸਤੀ ਹੋ ਗਈ ਹੈ ਕਹਾਂ ਸੇ ਦੇਵੇਂਗੇ ? ਤਬ ਮਦਾਰੀ ਰੋਣੇ ਲਗਾ, ਮੈਂ ਤੋ ਮਰਾ ਹੀ ਨਹੀਂ ਕਿਸ ਕੇ ਸਾਥ ਸਤੀ ਹੋ ਗਈ ? ਮੈਂ ਗਰੀਬ ਕੀ ਇਸਤ੍ਰੀ ਕਿਰਪਾ ਕਰਕੇ ਦੇ ਦਿਓ ਆਪਣੇ ਬਚਨ ਸਤ ਕਰੋ। ਤੁਸਾਂ ਨੇ ਬਚਨ ਦੀਆ ਥਾ ਕਿ ਹਮ ਕੰਨਿਆ ਭਾਵ ਸੇ ਰਖੇਂਗੇ, ਅਬ ਮਹਿਲੋਂ ਮੇਂ ਤਾਲੇ ਲਗਾ ਕਰ ਕਿਉਂ ਛਪਾਈ ਹੈ ? ਰਾਜਾ ਪਰਜਾ ਕੋ ਧਰਮਾਤਮਾ ਹੋਣਾ ਚਾਹੀਏ । ਕਿਰਪਾ ਕਰਕੇ ਮੇਰੀ ਇਸਤ੍ਰੀ ਮੇਰੇ ਕੋ ਦੇ ਦਿਓ, ਤੋ ਰਾਜਾ ਅਰ ਪਰਜਾ ਕੇ ਲੋਕ ਕਹਿਣੇ ਲਗੇ ਹਮ ਸੁਗੰਧ ਖਾ ਕੇ ਸੱਤ ਕਹਿਤੇ ਹੈਂ, ਹਮਾਰੇ ਸਾਹਮਨੇ ਸਤੀ ਹੋ ਗਈ ਯਾਨੇ ਸੜ ਗਈ ਹੈ, ਕਿਸੀ ਨੇ ਲੁਕਾਈ ਨਹੀਂ, ਅਗਰ ਲੁਕਾਈ ਹੋਵੇ ਤੋ ਤੁਮ ਉਸ ਕੋ ਪਰਗਟ ਕਰੋ ਫਿਰ ਹਮਾਰੇ ਕੋ ਦੋਸ਼ੀ ਠਹਿਰਾਨਾ, ਤਬ ਮਦਾਰੀ ਨੇ ਊਚੇ ਪੁਕਾਰ ਕਰ ਬੁਲਾਇਆ, ਐ ਸ੍ਰੀ ਮਤੀ ! ਅੰਦਰ ਮਹਿਲੋਂ ਮੇਂ ਆਵਾਜ਼ ਆਈ ਜੀ ਮਹਾਰਾਜ ! ਮਦਾਰੀ ਨੇ ਕਹਾ ਕਿੱਥੇ ਹੈਂ ? ਅਗੋਂ ਆਵਾਜ਼ ਆਈ ਮਹਿਲ ਕੀ ਸੱਤਵੀਂ ਕੋਠੜੀ ਮੇਂ ਬੰਦ ਹੂੰ। ਦੁਸ਼ਟ ਰਾਜਾ ਨੇ ਪਰਜਾ ਸਹਿਤ ਧਰਮ ਛੋਡ ਕਰ, ਮੇਰੇ ਕੋ ਆਪਣੀ ਇਸਤ੍ਰੀ ਬਨਾਣੇ ਵਾਸਤੇ ਬੰਦ ਕਰ ਰਖਾ ਹੈ। ਇਹ ਅਵਾਜ਼ ਸਭ ਨੇ ਸੁਣੀ ਸਭ ਕੋ ਬੜੀ ਲਜਾ ਹੂਈ, ਸਭ ਕੇ ਗਰਦਨ ਸ਼ਰਮ ਕੇ ਮਾਰੇ ਨੀਚੇ ਹੋ ਗਏ ਮਦਾਰੀ ਕਹਿਣੇ ਲਗਾ, ਦੇਖੋ ਤੁਮ ਕਿਤਨੇ ਝੂਠ ਬੋਲ ਰਹੇ ਹੋ, ਰਾਜਾਓਂ ਕੋ ਇਹ ਧਰਮ ਨਹੀਂ ਜੋ ਵਿਸ਼ਵਾਸ਼ ਦੇ ਕਰ, ਪਰਾਈ ਚੀਜ ਕੋ ਆਪਣੀ ਕਰ ਲੈਣਾ, ਅਬ ਕਿਰਪਾ ਕਰੋ ਤਾਲੇ ਖੋਹਲੋ ਮੇਰੀ ਇਸਤਰੀ ਕੋ ਬਾਹਰ ਕਢੋ, ਰਾਜਾ ਨੇ ਕਹਾ ਹਮ ਨੇ ਤੋ ਕੋਈ ਤਾਲਾ ਨਹੀਂ ਮਾਰਾ, ਅਗਰ ਮਾਰਾ ਹੈ ਤੋ ਤੁਮ ਹੀ ਖੋਹਲ ਕਰ ਇਸਤਰੀ ਕੋ ਨਿਕਾਲ ਲਓ, ਤਬ ਮਦਾਰੀ ਰਾਜਾ ਕੇ ਮਹਿਲ ਮੇਂ ਬੜਾ ਮੋਟਾ ਤਾਲਾ ਲਾਗਾ ਦਿਖਾਤਾ ਭਯਾ, ਔਰ ਕੁੰਜੀ ਲਗਾ ਕਰ ਖੋਹਲਿਆ ਫੇਰ ਅੰਦਰ ਦੀ ਕੋਠੜੀ ਮੇਂ, ਦੂਸਰਾ ਤਾਲਾ ਖੁਲ੍ਹਵਾਇਆ, ਇਸ ਤਰ੍ਹਾਂ ਸਾਤ ਕੋਠੜੀਓਂ ਕੇ ਤਾਲੇ ਖੁਲ੍ਹਵਾ ਕਰ, ਆਪਣੀ ਇਸਤਰੀ ਕੋ ਬਾਹਰ ਨਿਕਾਲਾ। ਰਾਜਾ ਕੋ ਤਥਾ ਪਰਜਾ ਕੋ ਬਹੁਤ ਸ਼ਰਮਿੰਦਾ ਕਰਿਆ, ਰਾਜਾ ਕੀ ਤੋ ਐਸੀ ਹਾਲਤ ਹੋ ਗਈ, ਅਗਰ ਪ੍ਰਿਥਵੀ ਜਗਾ ਦੇਵੇ ਤੋ ਗਰਕ ਹੋ ਜਾਊਂ । ਰਾਜਾ ਕੋ ਇਸ ਤਰ੍ਹਾਂ ਦੁਖੀ ਦੇਖ ਕਰ ਮਦਾਰੀ ਕਹਿਣੇ ਲਗਾ ਮਹਾਰਾਜ, ਇਸ ਸਭ ਮੇਰੀ ਮਾਇਆ ਹੈ ਮੈਂ ਜੀਵ ਹੂੰ ਈਸ਼ਵਰ ਨਹੀਂ ਹੂੰ, ਮੇਰੀ ਮਾਇਆ ਨੇ ਸਭ ਕੋ ਐਸਾ ਭੁਲਾਇਆ ਹੈ, ਜੋ ਆਪ ਸਭ ਲੋਕ ਸੱਤ ਸਮਝ ਕਰ ਕਿਤਨੇ ਦੁਖੀ ਹੋ ਰਹੇ ਹੋ । ਤਥਾ ਦੇਵਤਾਓਂ ਕੇ ਦਰਸ਼ਨ ਕਰ ਕੈਸੇ ਪ੍ਰਸੰਨ ਹੋ ਰਹੇ ਥੇ ? ਯੇਹ ਹਰਖ ਸ਼ੋਕ ਤੁਮਾਰੇ ਕੋ ਮੇਰੀ ਮਾਇਆ ਨੇ ਭੁਲਾ ਕਰ, ਝੂਠੇ ਪਦਾਰਥੋਂ ਮੇਂ ਸੱਤ ਨਿਸਚੇ ਕਰਵਾ ਕਰ ਸੁਖੀ ਦੁਖੀ ਕਰਾ



ਹੈ, ਅਬ ਤੁਮ ਅਫਸੋਸ ਛੋੜੋ ਮੇਰੀ ਤਰਫ ਦੇਖੋ, ਮੈਂ ਅਕੇਲਾ ਹੀ ਹੂੰ ਮੈਨੇ ਅਭੀ ਤਕ ਸ਼ਾਦੀ ਕਰਾਈ ਨਹੀਂ, ਯੇ ਇਸਤ੍ਰੀ ਮੈਂ ਨੇ ਆਪਨੀ ਮਾਯਾ ਸੇ ਬਨਾਈ ਹੈ, ਔਰ ਯੇ ਦੇਵਤਾ ਲੋਕ ਜਿਨ ਕੋ ਦੇਖ ਕਰ ਤੁਮ ਪ੍ਰਸੰਨ ਹੋਏ ਥੇ, ਯੇ ਸਭ ਮੇਰੀ ਮਾਇਆ ਹੈ ਅਰ ਮੈਂ ਕਹੀਂ ਗਿਆ ਭੀ ਨਹੀਂ, ਈਹਾਂ ਕਾ ਈਹਾਂ ਹੀ ਖੜਾ ਹੂੰ, ਪਰੰਤੂ ਤੁਮ ਸਭ ਕੋ ਪ੍ਰਤੀਤ ਕਰਾ ਦੀਆ, ਸ੍ਵਰਗ ਮੇਂ ਗਿਆ, ਦੇਵਤਾਓਂ ਸੇ ਯੁਧ ਕਰਕੇ ਉਨ ਕੋ ਨੀਚੇ ਗਿਰਾਯਾ, ਫੇਰ ਆਪਨੇ ਕੋ ਗਿਰਾਯਾ ਸ੍ਰੀ ਮਤੀ ਕੋ ਸਤੀ ਕਰਾ ਫੇਰ ਕੋਠੜੀ ਮੇਂ ਲੁਕਾਯਾ ਸੱਤ ਤਾਲਿਓਂ ਸੇ ਬਾਹਰ ਕਢਾ, ਯੇਹ ਸਭ ਕੁਛ ਭੀ ਨਹੀਂ ਥਾ, ਪ੍ਰੰਤੂ ਆਪਨੀ ਮਾਯਾ ਸੇ ਤੁਹਾਨੂੰ ਪ੍ਰਤੀਤ ਕਰਾਏ ਦੀਆ। ਦੇਖੋ ਮੈਂ ਇਕੱਲੇ ਕਾ ਇਕੱਲਾ ਹੂੰ ਕੋਈ ਚੀਜ਼ ਮੇਰੇ ਪਾਸ ਨਹੀਂ, ਆਪ ਨੇ ਕਹਾ ਥਾ ਐਸਾ ਤਮਾਸ਼ਾ ਦਿਖਾਓ ਜੋ ਹੋਵੇ ਕੁਛ ਨਾ, ਅਰ ਪ੍ਰਤੀਤ ਹੋਵੇ ਸੋ ਵੈਸਾ ਹੀ ਮੈਂ ਨੇ ਦਿਖਾਇਆ, ਅਬ ਮੈਂ ਗਰੀਬ ਕੋ ਇਨਾਮ ਮਿਲਨਾ ਚਾਹੀਏ, ਮਗਰ ਕਹੋ ਤੋ ਇਸ ਤਮਾਸ਼ੇ ਕੀ ਸਾਰ ਅੰਸ ਭੀ ਆਪ ਕੋ ਸੁਨਾ ਦਿਊਂ । ਰਾਜਾ ਨੇ ਆਗਿਆ ਦਿਤੀ ਸੁਨਾਓ। ਮਦਾਰੀ ਕਹਿਨੇ ਲਗਾ ਜੈਸੇ ਮੈਂ ਇਕੱਲਾ ਹੂੰ, ਅਰ ਬਿਨਾਂ ਹੀ ਕਿਸੀ ਸਾਧਨ ਸੇ ਕੇਵਲ ਆਪਣੀ ਮਾਯਾ ਦਵਾਰਾ, ਤੁਹਾਨੂੰ ਸਭ ਪਦਾਰਥੋਂ ਕਾ ਅਨੁਭਵ ਕਰਾਇਆ, ਪਦਾਰਥ ਸਭ ਝੂਠੇ ਥੇ ਕੋਈ ਭੀ ਚੀਜ਼ ਥੀ ਨਹੀਂ, ਪ੍ਰੰਤੂ ਤੁਹਾਨੂੰ ਸਭ ਚੀਜ਼ ਜਿਉਂ ਕੀ ਤਿਉਂ ਦਿਖਾ ਦਿਤੀ, ਅਰ ਤੁਹਾਨੂੰ ਹਰਖ ਸ਼ੋਕ ਭੀ ਕਰਾ ਦੀਆ, ਤੈਸੇ ਈਸ੍ਵਰ ਭੀ ਏਕ ਹੈ, ਉਸ ਕੇ ਪਾਸ ਦੂਸਰਾ ਜਗਤ ਰਚਨੇ ਕਾ ਕੋਈ ਵੀ ਸਾਧਨ ਨਹੀਂ, ਵਕਤ ਆਪਣੀ ਮਾਇਆ ਸੇ ਈਸ੍ਵਰ ਨੇ ਐਸੀ ਝੂਠੀ ਸ੍ਰਿਸ਼ਟੀ ਬਨਾਈ ਹੈ, ਜੈਸੇ ਮੈਨੇ ਬਨਾਈ ਸੀ, ਪ੍ਰੰਤੂ ਸਭ ਲੋਕੋਂ ਕੋ ਐਸਾ ਭਰਮ ਹੋ ਰਹਾ ਹੈ, ਕਿ ਯੇਹ ਸ੍ਰਿਸ਼ਟੀ ਅਨਾਦੀ ਹੈ ਯਾਨੇ ਬਹੁਤ ਕਾਲ ਕੀ ਬਣੀ ਹੈ, ਪ੍ਰੰਤੂ ਬਹੁਤ ਕਾਲੋਂ ਕੀ ਬਣੀ ਹੂਈ ਨਹੀਂ ਹੈ, ਮੇਰੀ ਸ੍ਰਿਸ਼ਟੀ ਕੀ ਨਿਆਈਂ ਮਿਥਿਆ ਹੀ ਹੈ। ਜਿਨ ਲੋਗੋਂ ਕੋ ਭਰਮ ਹੂਆ ਹੈ ਵੋਹ ਇਸ ਸੰਸਾਰ ਕੋ ਸੱਤ ਸਮਝ ਕਰ, ਸੁਖ ਦੁਖ ਮਾਨਤੇ ਹੈਂ ਅਰ ਹਰਖ ਸ਼ੋਕ ਕਰਤੇ ਹੈਂ, ਜੋ ਇਸ ਕੋ ਮਿਥਿਆ ਸਮਝਤੇ ਹੈਂ ਵੋਹ ਨਾ ਸੁਖ ਦੁਖ ਮਾਨਤੇ ਹੈਂ, ਨਾ ਸੁਖ ਦੁਖ ਮੇਂ ਹਰਖ ਸ਼ੋਕ ਕਰਤੇ ਹੈਂ ਸਮ ਰਹਿਤੇ ਹੈਂ, ਯਾਂਤੇ ਸੁਖ ਦੁਖ ਮੇਂ ਸਮ ਰਹਿਣੇ ਕੀ ਦੂਸਰੀ ਯਹ ਮਿਥਿਅਤ੍ਵ ਦ੍ਰਿਸ਼ਟੀ ਹੈ । ਰਾਜਾ ਮਦਾਰੀ ਕੇ ਬਚਨ ਸੁਣ ਕਰ ਜਗਤ ਮੇਂ ਮਿਥਿਅਤ੍ਵ ਦ੍ਰਿਸ਼ਟੀ ਕਰਤਾ ਹੂਆ, ਸੁਖ ਦੁਖ ਮੇਂ ਸਮ ਰਹਿਣੇ ਲਗਾ ਅਰ ਜੀਵਨ ਮੁਕਤੀ ਕਾ ਦਰਜਾ ਪਾਇਆ । ਸੋ ਇਸ ਪ੍ਰਕਾਰ ਜੀਵ ਯਾਨੇ ਮਦਾਰੀ ਕੀ ਮਾਇਆ ਨੇ, ਜਬ ਐਸੇ ਐਸੇ ਰਾਜੋਂ ਕੋ ਭੁਲਾ ਦੀਆ, ਤੋ ਈਸ੍ਵਰ ਦੀ ਮਾਯਾ ਕਿਆ ਨਹੀਂ ਭੁਲਾਏਗੀ ? ਜ਼ਰੂਰ ਭੁਲਾਏਗੀ। ਈਸ੍ਵਰ ਦੀ ਮਾਇਆ ਨੇ ਰਿਸ਼ੀ ਮੁਨੀਓਂ ਕੋ ਭੁਲਾ ਦੀਆ ਹੈ । ਜੈਸੇ ਨਾਰਦ ਜੀ ਕੋ ਭੁਲਾ ਦੀਆ ਥਾ। ਏਕ ਸਮੇਂ ਮੇਂ ਭਗਵਾਨ ਵਿਸ਼ਨੂੰ ਜੀ ਕੇ ਸਾਥ ਨਾਰਦ ਜੀ ਦੇਸ਼ ਦੇਸਾਂਤਰ ਘੂਮਤੇ ਹੋਏ ਗ੍ਰਾਮ ਮੇਂ ਰਾਤ ਆ ਠਹਿਰੇ ਵਹਾਂ ਏਕ ਸ਼ਾਹੂਕਾਰ ਕੀ ਇਸਤ੍ਰੀ ਕੋ ਬੱਚਾ ਹੋਨੇ ਵਾਲਾ ਥਾ, ਪ੍ਰਸੂਤ ਕੀ ਵਾਯੂ ਸੇ ਉਸ ਕੋ ਬੜਾ ਦੁਖ ਹੋ ਰਹਾ ਥਾ, ਔਰ ਰੋ ਰਹੀ ਥੀ ਭਗਵਾਨ ਕੋ ਬਾਰੰਬਾਰ

ਪ੍ਰਾਰਥਨਾ ਕਰਤੀ ਥੀ, ਅਬ ਮੇਰੇ ਕੋ ਇਸ ਦੁਖ ਸੇ ਛੁੜਾਓ ਮੈਂ ਫੇਰ ਕਬੀ ਪਤੀ ਸੰਗਮ ਨਾ ਕਰੂੰਗੀ। ਯੇਹ ਉਸਕੀ ਪੁਕਾਰ ਭਗਵਾਨ ਔਰ ਨਾਰਦ ਜੀ ਸੁਣ ਰਹੇ ਥੇ। ਭਗਵਾਨ ਨੇ ਕੋਈ ਖਿਆਲ ਨਹੀਂ ਕੀਆ, ਨਾਰਦ ਜੀ ਕੋ ਬੜੀ ਦਇਆ ਆਈ, ਭਗਵਾਨ ਕੋ ਕਹਿਨੇ ਲਗੇ ਆਪ ਇਸ ਮਾਈ ਕੀ ਪੁਕਾਰ ਕਿਉਂ ਨਹੀਂ ਸੁਣਤੇ ? ਭਗਵਾਨ ਨੇ ਕਹਾ ਇਹ ਸਤਵਾਦਨ ਨਹੀਂ ਝੂਠ ਬੋਲਤੀ ਹੈ। ਨਾਰਦ ਜੀ ਨੇ ਕਹਾ ਮੈਂ ਜਾਕਰ ਉਸ ਕੋ ਪੂਛ ਆਤਾ ਹੂੰ। ਨਾਰਦ ਜੀ ਗਏ ਮਾਈ ਸੇ ਪੂਛਾ ਅਗਰ ਭਗਵਾਨ ਅਬ ਤੇਰੇ ਕੋ ਦੁਖ ਸੇ ਛੁੜਾਵੇ ਫਿਰ ਪਤੀ ਸੰਗਮ ਤੋ ਨਾਂ ਕਰੇਂਗੀ ? ਸਤ ਕਹਿਤੀ ਹੈਂ ? ਮਾਈ ਨੇ ਕਹਾ ਮੈਂ ਆਪਣੇ ਇਸ਼ਟ ਦੇਵ ਕੀ ਕਸਮ ਖਾਕੇ ਸੱਤ ਕਹਿਤੀ ਹੂੰ, ਫੇਰ ਪਤੀ ਸੰਗਮ ਕਬੀ ਨਾ ਕਰੂੰਗੀ। ਨਾਰਦ ਜੀ ਨੇ ਭਗਵਾਨ ਕੋ ਆਕਰ ਕਹਾ ਮੈ ਜਾਮਨ ਹੂੰ, ਵੁਹ ਸੱਤ ਕਹਿਤੀ ਹੈ ਆਪ ਉਸਕੋ ਦੁਖ ਸੇ ਛੁਡਾ ਦਿਓ। ਭਗਵਾਨ ਨੇ ਫੇਰ ਭੀ ਕਹਾ ਉਹ ਆਪਨਾ ਬਚਨ ਨਹੀਂ ਪਾਲੇਗੀ, ਪਰੰਤੂ ਨਾਰਦ ਜੀ ਨੇ ਹਠ ਕਰਾ ਅਰ ਭਗਵਾਨ ਕੋ ਕਹਿ ਕਰ, ਉਸਕਾ ਦੁਖ ਨਵਿਰਤ ਕਰਾ। ਮਾਈ ਕੇ ਬੱਚਾ ਪੈਦਾ ਹੋ ਗਿਆ, ਰਾਜ਼ੀ ਹੋ ਗਈ। ਦੂਸਰੇ ਦਿਨ ਭਗਵਾਨ ਅਰ ਨਾਰਦ ਜੀ ਵਹਾਂ ਸੇ ਚਲੇ ਗਏ। ਦਸ ਬਰਸ ਬਾਦ ਫੇਰ ਉਸੀ ਗ੍ਰਾਮ ਮੇਂ ਉਸੀ ਜਗਾ ਆਕਰ, ਰਾਤ ਰਹੇ ਉਸੀ ਤਰ੍ਹਾਂ ਮਾਈ ਕੇ ਤੀਸਰਾ ਗਰਭ ਥਾ ਬੱਚਾ ਪੈਦਾ ਹੋਨੇ ਵਾਲਾ ਥਾ ਪ੍ਰਸੂਤ ਕੀ ਵਾਯੂ ਸੇ ਦੁਖੀ ਹੋ ਰਹੀ ਥੀ, ਭਗਵਾਨ ਕੋ ਪੁਕਾਰ ਰਹੀ ਥੀ ਅਬ ਇਸ ਦੁੱਖ ਸੇ ਛੁੜਾਓ, ਫੇਰ ਕਬੀ ਪਤੀ ਸੰਗਮ ਨਾ ਕਰੂੰਗੀ ਭਗਵਾਨ ਜੀ ਨੇ ਨਾਰਦ ਜੀ ਕੋ ਕਹਾ, ਵੇਖ ਵੋਹੀ ਮਾਈ ਅਬ ਤੀਸਰਾ ਬੱਚਾ ਪੈਦਾ ਕਰ ਰਹੀ ਹੈ, ਔਰ ਰੋ ਰਹੀ ਹੈ ਤੂੰ ਜ਼ਾਮਨ ਪੜਾ ਥਾ ਅਬ ਤੂੰ ਬੀ ਝੂਠਾ ਹੂਆ। ਨਾਰਦ ਜੀ ਮਾਈ ਪਾਸ ਗਏ ਬਰਾਬਰ ਵੋਹੀ ਹੈ ਅਰ ਰੋ ਰਹੀ ਹੈ। ਨਾਰਦ ਜੀ ਨੇ ਕਹਾ ਮਾਈ ਤੂੰ ਤੋ ਕਹਿਤੀ ਥੀ ਕਿ ਬੱਚਾ ਪੈਦਾ ਹੋਣ ਤੇ ਪਤੀ ਸੰਗਮ ਨ ਕਰੂੰਗੀ, ਹੁਣ ਇਹ ਤੀਸਰਾ ਬੱਚਾ ਪੈਦਾ ਕਰ ਰਹੀ ਹੈਂ ਤੁਮਨੇ ਬਚਨ ਝੂਠਾ ਕਰ ਦੀਆ, ਆਪਨੇ ਇਸ਼ਟ ਦੇਵ ਕਾ ਭੀ ਤੇਰੇ ਕੋ ਡਰ ਨਾ ਰਹਾ, ਅਰ ਮੇਰੀ ਜ਼ਾਮਨੀ ਕਾ ਵੀ ਵਿਚਾਰ ਨਾ ਕਰਿਆ। ਮਾਈ ਕਹਿਣੇ ਲਗੀ ਨਾਰਦ ਜੀ ਅਸੀਂ ਗ੍ਰਹਸਤੀ ਹੋਏ, ਅਸੀਂ ਸੱਚੇ ਕੈਸੇ ਰਹਿ ਸਕਤੇ ਹੈਂ ? ਨਾਰਦ ਜੀ ਨੇ ਬਹੁਤ ਸਮਝਾਯਾ, ਪਰੰਤੂ ਮਾਈ ਅਪਨੀ ਪ੍ਰਤੱਗਜਾ ਸਤ ਨਾ ਕਰਤੀ ਭਈ। ਨਾਰਦ ਜੀ ਭਗਵਾਨ ਪਾਸ ਆਏ ਅਰ ਕਹਾ ਮਾਈ ਤੋ ਸਮਝਤੀ ਨਹੀਂ। ਤਬ ਭਗਵਾਨ ਕਹਿਨੇ ਲਗੇ ਕੈਸੇ ਸਮਝੇ ? ਕਿਉਂਕਿ ਮੇਰੀ ਮਾਯਾ ਨੇ ਉਸਕੋ ਮੋਹਿਤ ਕਰ ਦੀਆ ਹੈ, ਗੁਰੂ ਪ੍ਰਮਾਣ –

**ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥** [ਸ੍ਰੀ ਰਾਗ ਕਬੀਰ ਜੀ

ਨਾਰਦ ਜੀ ਕਹਿਨੇ ਲਗੇ ਅਗਰ ਮਾਯਾ ਨੇ ਮੋਹ ਲੀਆ ਹੈ ਤੋ ਵਿਚਾਰ ਸੇ ਦੂਰ ਕਰ ਦੇਵੇ। ਭਗਵਾਨ ਕਹਿਨੇ ਲਗੇ ਮੇਰੀ ਮਾਯਾ ਬੜੀ ਜ਼ਬਰਦਸਤ ਹੈ, ਵਿਚਾਰ ਕਰਨੇ ਦੇਗੀ ਹੀ ਨਹੀਂ ਫੇਰ ਵਿਸ਼ਿਓਂ ਕੀ ਤਰਫ ਚਿਤ ਲਗਾਏਗੀ। ਨਾਰਦ ਕਹਿਣੇ ਲਗਾ



ਮੇਰੇ ਕੋ ਅਗਰ ਆਪ ਕੀ ਮਾਯਾ ਭੁਲਾਵੇਗੀ ਤੋ ਮੈਂ ਕਬੀ ਨ ਭੂਲੂੰਗਾ। ਭਗਵਾਨ ਕਹਿਨੇ ਲਗੇ ਮੇਰੀ ਕਿਰਪਾ ਬਿਨਾਂ ਤੂੰ ਭੀ ਭੁਲ ਜਾਵੇਂਗਾ। ਨਾਰਦ ਨੇ ਕਹਾ ਭੁਲਾ ਕੇ ਦੇਖੋ। ਅਗਰ ਆਪ ਕੀ ਮਾਯਾ ਸੇ ਮੈਂ ਇਸਤ੍ਰੀ ਭੀ ਬਨ ਜਾਊਂ ਤੋ ਭੀ ਵਿਸੇ ਮੈਂ ਪ੍ਰੀਤੀ ਨਾਂ ਕਰੂੰਗਾ, ਬ੍ਰਹਮਚਾਰੀ ਬਨਾ ਰਹੂੰਗਾ, ਕਾਮ ਕੋ ਜੀਤ ਲਊਂਗਾ, ਭਗਵਾਨ ਕਹਿਨੇ ਲਗੇ ਅਗਰ ਤੂੰ ਇਸਤ੍ਰੀ ਬਨ ਜਾਵੇਂਗਾ, ਤੋ ਕਬੀ ਕਾਮ ਸੇ ਨਵਿਰਤ ਨਹੀਂ ਹੋਏਂਗਾ। ਇਹ ਮਾਈ ਤਾਂ ਦੋ ਚਾਰ ਬੱਚੇ ਪੈਦਾ ਕਰ ਕਾਮ ਸੇ ਨਵਿਰਤ ਹੋ ਜਾਏਗੀ, ਪਰ ਤੂੰ ਸਠ ਸੱਤਰ ਬੱਚੇ ਪੈਦਾ ਕਰ ਭੀ ਕਾਮ ਸੇ ਨਿਵਰਤ ਨਾ ਹੋਵੇਗਾ, ਰਾਤ ਦਿਨ ਕਾਨ ਪ੍ਰਾਇਣ ਰਹੇਂਗਾ ਮੈਂ ਬੀ ਤੁਮ ਕੋ ਭੁਲ ਜਾਊਂਗਾ। ਨਾਰਦ ਕਹਿਣੇ ਲਗਾ ਹਛਾ ਆਪ ਦੇਖ ਲੋ, ਮੈਂ ਕਬੀ ਨ ਭੂਲਾਂਗਾ ਦਿਖਾਓ ਆਪਣੀ ਮਾਯਾ। ਤਬ ਭਗਵਾਨ ਨਾਰਦ ਕੋ ਬਾਰੰਬਾਰ ਹਟਾਤੇ ਰਹੇ, ਪਰ ਜਬ ਨਾਰਦ ਨੇ ਬਹੁਤ ਹਠ ਕਰਾ, ਤਬ ਭਗਵਾਨ ਕਹਿਨੇ ਲਗੇ ਹਛਾ, ਤੂੰ ਇਸ ਸਰੋਵਰ ਮੈਂ ਇਸ਼ਨਾਨ ਕਰ ਇਸਨਾਨ ਕਰਤੇ ਹੀ ਭੁਲ ਜਾਏਂਗਾ। ਨਾਰਦ ਆਪਣੇ ਗਿਆਨ ਧਿਆਨ ਔਰ ਯੋਗ ਸ਼ਕਤੀਓਂ ਕੋ ਯਾਦ ਕਰ, ਇਸਨਾਨ ਕਰਨੇ ਲਗਾ ਜਿਉਂ ਚੁੱਬੀ ਲਗਾਈ, ਤਿਉਂ ਹੀ ਏਕ ਮੱਛ ਨੇ ਨਾਰਦ ਕੋ ਗ੍ਰਸ ਲੀਆ। ਨਾਰਦ ਮੱਛ ਕੇ ਪੇਟ ਮੇਂ ਚਲਾ ਗਿਆ ਉਸ ਮਾਯਾ ਰੂਪੀ ਮੱਛ ਨੇ ਨਾਰਦ ਕਾ ਸਭ ਗਿਆਨ ਧਿਆਨ ਭੁਲਾ ਦੀਆ, ਔਰ ਉਸ ਮਛ ਕੋ ਏਕ ਭੀਲ ਨੇ ਆਕਰ ਪਕੜਾ ਮੱਛ ਕੋ ਘਰ ਲੈ ਗਿਆ, ਪੇਟ ਚੀਰਾ ਤੋ ਸੁੰਦਰ ਕੰਨਿਆ ਰੂਪ ਸੇ ਨਾਰਦ ਜੀ ਨਿਕਲੇ ਉਸ ਕੰਨਿਆਂ ਕੋ ਭੀਲ ਨੇ ਪਾਲਾ, ਜਬ ਕੰਨਿਆ ਬੜੀ ਹੂਈ ਤਬ ਉਸ ਕੋ ਕਾਮ ਨੇ ਅਤੀ ਪੀੜਤ ਕੀਆ, ਰਾਤ ਦਿਨ ਪਤੀ ਕੀ ਇੱਛਾ ਕਰਤੀ ਰਹੇ। ਅਪਨਾ ਚੰਚਲ ਸੁਭਾ ਮਾਤਾ ਪਿਤਾ ਕੋ ਦਿਖਾਯਾ ਕਰੇ। ਮਾਤਾ ਪਿਤਾ ਨੇ ਲੜਕੀ ਕਾ ਚੰਚਲ ਸੁਭਾ ਦੇਖ, ਅਰ ਭਾਵ ਸਮਝ ਕਰ ਏਕ ਕੁਰੂਪ ਲੜਕੇ ਸਾਥ ਉਸ ਕੀ ਸਾਦੀ ਕਰ ਦਿਤੀ। ਕਾਮ ਦੇਵ ਨੇ ਇਤਨਾ ਜ਼ੋਰ ਪਾਯਾ ਜੋ ਰਾਤ ਦਿਨ ਮੇਂ, ਪਤੀ ਕੋ ਏਕ ਘੰਟਾ ਭੀ ਛੋੜਤੀ ਨਹੀਂ ਸੀ। ਆਖਰ ਸਾਠ ਪੁਤਰ ਔਰ ਬਾਰਾ ਕੰਨਿਆ ਪੈਦਾ ਹੋ ਗਈ, ਤਬ ਭੀ ਇੱਛਾ ਨਵਿਰਤ ਨਾ ਹੂਈ। ਬੱਚੋਂ ਕੀ ਮਲ ਮੂਤਰ ਸੇ ਹਰ ਵਕਤ ਉਸ ਕੇ ਕਪੜੇ ਭੀਗੇ ਰਹਿਤੇ ਥੇ, ਇਸਨਾਨ ਆਦਿ ਕਿਰਿਆ ਭੀ ਨਹੀਂ ਕਰਤੀ ਥੀ, ਮਲਨ ਰਹਿਤੀ ਥੀ ਕਿਤਨੇ ਕਿਤਨੇ ਦਿਨੋਂ ਸੇ ਪੀਛੇ ਬਚੋਂ ਕੇ ਕਪੜੇ ਧੋਣੇ ਜਾਇਆ ਕਰਤੀ ਥੀ, ਤਬ ਇਸਨਾਨ ਕਰਤੀ ਥੀ। ਇਕ ਦਿਨ ਬੱਚੋਂ ਕੇ ਕਪੜੇ ਧੋਣੇ ਵਾਸਤੇ ਤਲਾਵ ਪਰ ਆਈ, ਕਪੜੇ ਧੋ ਕਰ ਇਸਨਾਨ ਕਰਨੇ ਲਗੀ, ਉਸੀ ਤਰ੍ਹਾਂ ਮੱਛ ਨੇ ਫੇਰ ਪਕੜ ਲੀਆ, ਅਰ ਪਹਿਲਾ ਨਾਰਦ ਵਾਲਾ ਰੂਪ ਬਣਾ ਕਰ ਬਾਹਰ ਕਢ ਦੀਆ, ਨਾਰਦ ਨੇ ਬਾਹਰ ਨਿਕਲਤੇ ਹੀ ਭਗਵਾਨ ਕੋ ਦਾਤਨ ਕਰਤੇ ਹੂਏ ਦੇਖਾ। ਭਗਵਾਨ ਕਾ ਦਰਸਨ ਕਰਕੇ ਭੀ ਨਾਰਦ ਕੋ ਭਗਵਾਨ ਮੇਂ ਕਿੰਚਤ ਮਾਤ੍ਰ ਭੀ ਪ੍ਰੀਤੀ ਨ ਹੋਈ, ਆਪਨੇ ਪਤੀ ਪੁਤਰੋਂ ਕਾ ਨਾਮ ਲੇ ਲੇ ਕਰ ਰੋਣੇ ਲਗਾ, ਈਹਾਂ ਊਹਾਂ ਢੋੜਨੇ ਲਗਾ ਪ੍ਰੰਤੂ ਕੁਛ ਦਿਖਾਈ ਨਾ ਆਯਾ, ਰੋ ਰੋ ਕਰ ਬਹੁਤ ਵਿਆਕੁਲ ਹੋਇਆ, ਤਬ ਭਗਵਾਨ

ਨੇ ਉਸ ਕੋ ਸਮਝਾਯਾ, ਹੇ ਦੇਵ ਰਿਸ਼ੀ ਨਾਰਦ ਕਿਉਂ ਰੋਤਾ ਹੈਂ ? ਆਪਣੇ ਸਰੂਪ ਕੋ ਪਛਾਣ ਤੂੰ ਅਸੰਗ ਨਿਰਵਿਕਾਰ ਹੈਂ, ਤੇਰਾ ਦੇਹ ਕੇ ਸਾਥ ਤਥਾ ਪਤੀ ਪੁਤਰ ਆਦਿਕੋਂ ਕੇ ਸਾਥ ਕੋਈ ਸੰਬੰਧ ਨਹੀਂ ਹੈ। ਇਹ ਬਚਨ ਸੁਨ ਕਰ ਭੀ ਨਾਰਦ ਕੋ ਸਾਂਤੀ ਨਹੀਂ ਆਈ। ਭਗਵਾਨ ਕੋ ਕਹਿਨੇ ਲਗਾ ਏਕ ਵਾਰੀ ਮੇਰੇ ਕੋ ਪਰਵਾਰ ਕਾ ਦਰਸ਼ਨ ਕਰਾਓ। ਤਬ ਭਗਵਾਨ ਨੇ ਉਸਕਾ ਸਭ ਪ੍ਰਵਾਰ ਦਿਖਾਇਆ। ਨਾਰਦ ਦੇਖ ਕਰ ਬੜਾ ਪ੍ਰਸੰਨ ਹੂਆ, ਅਰ ਉਨੋਂ ਮੇਂ ਹੀ ਮੋਹ ਕਰਨੇ ਲਗਾ, ਭਗਵਾਨ ਨੇ ਬਹੁਤ ਗਿਆਨ ਉਪਦੇਸ਼ ਕਰਾ ਭੀ ਪ੍ਰੰਤੂ ਨਾਰਦ ਨੇ ਪ੍ਰਾਰਥਨਾ ਕਰੀ, ਮੇਰੇ ਬਚੋਂ ਕੋ ਪਹਿਲੇ ਉੱਤਮ ਪਦਵੀ ਦਿਓ, ਫੇਰ ਆਪ ਕੇ ਬ੍ਰਚਨ ਮਾਨੂੰਗਾ। ਭਗਵਾਨ ਨੇ ਨਾਰਦ ਕੋ ਕਹਾ ਇਹ ਤੁਮਾਰੇ ਪੁਤਰ ਅਰ ਕੰਨਯਾਂ ਮਾਇਕ ਹੈਂ, ਯਾਨੇ ਝੂਠੇ ਹੈਂ, ਦੋ ਘੜੀ ਕੇ ਅੰਦਰ ਅੰਦਰ ਪੈਦਾ ਹੂਏ ਹੈਂ, ਸੁਪਨ ਦੀ ਨਿਆਈਂ ਇਨ੍ਹ ਮੇਂ ਮਮਤਾ ਨ ਕਰ, ਪ੍ਰੰਤੂ ਨਾਰਦ ਨੇ ਕਹਾ ਇਨ ਕੋ ਜਰੂਰ ਉੱਤਮ ਪਦਵੀ ਦਿਓ। ਤਬ ਭਗਵਾਨ ਨੇ ਸਾਠ ਪੁਤਰੋਂ ਕੋ ਸਾਠ ਸੰਬਤ ਯਾਨੇ ਬਰਸੋਂ ਕਾਂ ਦੇਵਤਾ ਬਨਾਇਆ, ਅਰ ਬਾਰਾਂ ਕੰਨਿਆਓਂ ਕੋ ਬਾਰਾਂ ਰਾਸੀਆਂ ਯਾਨੇ ਮੇਖ, ਬ੍ਰਿਖ, ਕਰਕ ਆਦਿਕੋਂ ਕੀਆਂ ਦੇਵੀਆਂ ਬਨਾਈਆਂ, ਤਬ ਭਗਵਾਨ ਨਾਰਦ ਕੋ ਕਹਿਨੇ ਲਗੇ ਕਿਉਂ ਨਾਰਦ ਜੀ, ਮਾਇਆ ਨੇ ਤੁਮ ਕੋ ਭੁਲਾਇਆ ਕਿ ਨਹੀਂ ? ਤਬ ਨਾਰਦ ਜੀ ਕਹਿਨੇ ਲਗੇ ਪ੍ਰਭੂ ਆਪ ਕੀ ਮਾਇਆ ਬੜੀ ਪ੍ਰਬਲ ਹੈ। ਆਪ ਕੀ ਕ੍ਰਿਪਾ ਬਿਨਾਂ ਮਾਇਆ ਤਰਣੀ ਬੜੀ ਕਠਨ ਹੈ। ਅਬ ਮੇਰੇ ਤੇ ਆਪ ਕੋਈ ਖਾਸ ਕਿਰਪਾ ਕਰੋ ਜਿਸ ਸੇ ਮੇਰਾ ਚਿਤ ਸ਼ਾਂਤ ਰਹੇ, ਸੁਖ ਦੁਖ ਮੇਂ ਹਰਖ ਸ਼ੋਕ ਨਾ ਹੋਵੇ ਔਰ ਸਾਰੇ ਸੰਸਾਰ ਕੋ ਝੂਠਾ ਹੀ ਸਮਝੂੰ। ਭਗਵਾਨ ਕਹਿਨੇ ਲਗੇ ਅਬ ਤੁਮਾਰਾ ਚਿੱਤ ਨਿਰਅਭਿਮਾਨ ਹੂਆ ਹੈ, ਅਬ ਮੇਰੀ ਤੇਰੇ ਤੇ ਹਮੇਸ਼ ਕੇ ਲੀਏ ਕਿਰਪਾ ਹੀ ਰਹੇਗੀ। ਤੁਮਾਰਾ ਚਿਤ ਸੁਖ ਦੁਖ ਮੇਂ ਸਮ ਰਹੇਗਾ। ਐਸੇ ਕਹਿ ਕਰ ਭਗਵਾਨ ਆਪਣੇ ਵੈਕੁੰਠ ਪੁਰੀ ਕੋ ਚਲੇ ਗਏ, ਅਰ ਨਾਰਦ ਭੀ ਸ਼ਾਂਤ ਚਿੱਤ ਹੋ ਕਰ ਵਿਚਰਨੇ ਲਗਾ। ਬਹੁਤ ਕਾਲ ਪੀਛੇ ਨਾਰਦ ਜੀ ਕੋ ਭਗਵਾਨ ਕੇ ਦਰਸ਼ਨ ਫੇਰ ਹੋਏ, ਭਗਵਾਨ ਨੇ ਨਾਰਦ ਜੀ ਸੇ ਚਿਤ ਕੀ ਦਸ਼ਾ ਪੂਛੀ। ਨਾਰਦ ਕਹਿਨੇ ਲਗੇ ਆਪ ਦੀ ਕ੍ਰਿਪਾ ਸੇ ਅਬ ਚਿਤ ਸ਼ਾਂਤ ਰਹਿਤਾ ਹੈ। ਪਹਿਲੇ ਬੀ ਮੇਰਾ ਚਿਤ ਹੰਕਾਰ ਕੇ ਪ੍ਰਭਾਵ ਸੇ ਅਸ਼ਾਂਤ ਰਹਿਤਾ ਥਾ, ਹਰ ਵਕਤ ਸ਼ੋਕ ਚਿਤ ਮੇਂ ਬਣਾ ਰਹਿਤਾ ਥਾ ਤਬ ਮੈਂ ਸਨਤ ਕੁਮਾਰੋਂ ਕੇ ਪਾਸ ਗਿਆ ਥਾ, ਉਨੋਂ ਨੇ ਉਪਦੇਸ਼ ਦੇ ਕਰ ਮੇਰਾ ਚਿਤ ਸ਼ਾਂਤ ਕਰ ਦੀਆ ਥਾ, ਤਬ ਭੀ ਮੈਂ ਸੁਖ ਦੁਖ ਮੇਂ ਸਮ ਰਹਿਤਾ ਥਾ, ਜਬ ਮੇਰੇ ਕੋ ਦੱਖਛ ਨੇ ਸ਼ਾਪ ਦੀਆ ਅਰ ਅਨੇਕ ਦੁਰਬਚਨ ਕਟੂ ਬਚਨ ਕਹੇ, ਤਉ ਭੀ ਮੇਰਾ ਚਿਤ ਸਮ ਰਹਾ ਕਿੰਚਤ ਮਾਤ੍ਰ ਭੀ ਹਰਖ ਸ਼ੋਕ ਨ ਹੂਆ। ਭਗਵਾਨ ਜੀ ਕਹਿਨੇ ਲਗੇ ਦਖਛ ਨੇ ਤੁਮ ਕੋ ਸ਼ਾਪ ਕਿਸ ਕਾਰਨ ਸੇ ਦੀਆ ਥਾ, ਤਬ ਨਾਰਦ ਜੀ ਸ਼ਾਪ ਕਾ ਕਾਰਨ ਸੁਨਾਨੇ ਲਗੇ। ਕਥਾ–ਪੰਜ ਜੰਨਜ ਪ੍ਰਜਾ ਪਤੀ ਕੀ ਪੁਤ੍ਰੀ ਅਸ਼ਕਨੀ ਨਾਮ ਵਾਲੀ ਦਖਛ ਪ੍ਰਜਾਪਤੀ ਕੋ ਵਿਵਾਹੀ ਗਈ, ਔਰ ਦਖਛ ਪ੍ਰਜਾ ਪਤੀ ਕੋ ਮੇਰੇ ਪਿਤਾ ਬ੍ਰਹਮਾ ਜੀ ਨੇ ਆਗਯਾ ਕਰੀ, ਤੁਮ ਸ੍ਰਿਸਟੀ ਪੈਦਾ ਕਰੋ, ਤਬ ਦਖਛ



ਆਪਣੀ ਇਸਤ੍ਰੀ ਅਸ਼ਕਨੀ ਸੇ, ਹਰੀਅਸ੍ਵਾਦੀ ਦਸ ਹਜ਼ਾਰ ਪੁਤਰੋਂ ਕੋ ਪੈਦਾ ਕਰਤਾ ਭਇਆ, ਵੁਹ ਦਸ ਹਜ਼ਾਰ ਲੜਕੇ ਆਪਸ ਮੇਂ ਸਮਾਨ ਸੁਭਾਵ, ਆਕਾਰ, ਵਿਦਯਾ, ਪੁਰਸਾਰਥ ਮੇਂ ਏਕ ਜੈਸੇ ਥੇ, ਦਖਯ ਨੇ ਉਨੋਂ ਕੋ ਭੀ ਸ੍ਰਿਸਟੀ ਵਧਾਨੇ ਕੀ ਆਗਯਾ ਦਿਤੀ, ਉਨ੍ਹੋਂ ਨੇ ਕਹਾ ਹਮ ਤਪਸਯਾ ਕਰਕੇ ਬ੍ਰਹਮਚਰਜ ਪੂਰਾ ਕਰਕੇ, ਆਪ ਕੀ ਆਗਯਾ ਪਾਲਨ ਕਰੇਂਗੇ। ਐਸੇ ਕਹਿ ਕਰ ਪਿਤਾ ਜੀ ਸੇ ਆਗਯਾ ਲੇਕਰ, ਸਿੰਧੂ ਨਦੀ ਕੇ ਕਿਨਾਰੇ ਘੂਮਤੇ ਘੂਮਤੇ ਨਰਾਇਣ ਸਰੋਵਰ ਮੇਂ ਪਹੁੰਚ ਗਏ, ਵਹਾਂ ਤਪਸਯਾ ਕਰਕੇ ਚਿਤ ਕੋ ਸੁਧ ਕਰਤੇ ਭਏ। ਘੂਮਤਾ ਘੂਮਤਾ ਮੈਂ ਭੀ ਵਹਾਂ ਪਹੁੰਚ ਗਿਆ ਅਰ ਉਨਕੋ ਉੱਤਮ ਅਧਿਕਾਰੀ ਦੇਖ ਕਰ, ਗ੍ਰਹਸਥ ਆਸ੍ਰਮ ਸੇ ਗਿਲਾਨੀ ਕਰਾਕਰ, ਈਸ਼ਰ ਭਗਤੀ ਮੇਂ ਲਗਾ ਲੀਆ, ਔਰ ਵੁਹ ਭੀ ਮੇਰੇ ਬਚਨੋਂ ਮੇਂ ਦ੍ਰਿੜ ਵਿਸਵਾਸ ਕਰ ਵਹਾਂ ਹੀ ਤਪਸਯਾ ਕਰਨੇ ਲਗੇ, ਅਰ ਪਿਤਾ ਪਾਸ ਨਾ ਆਏ। ਦਖਯ ਨੇ ਆਕਰ ਉਨ ਕੋ ਬਹੁਤ ਸਮਝਾਯਾ, ਪਰੰਤੂ ਵੋਹ ਘਰ ਨਾ ਗਏ, ਤਦ ਦਖਯ ਕੋ ਮੇਰੇ ਉਪਰ ਬੜਾ ਕ੍ਰੋਧ ਹੂਆ। ਮੇਰੇ ਪਿਤਾ ਬ੍ਰਹਮਾ ਜੀ ਨੇ ਉਸਕਾ ਕ੍ਰੋਧ ਦੂਰ ਕੀਆ, ਅਰ ਕਹਾ ਹੋਰ ਪੁਤ੍ਰ ਪੈਦਾ ਕਰਕੇ ਪ੍ਰਜਾ ਦੀ ਬ੍ਰਿਧੀ ਕਰੋ। ਤਬ ਦਖਯ ਨੇ ਉਸੀ ਪਹਿਲੀ ਇਸਤ੍ਰੀ ਸੇ ਹੀ ਏਕ ਹਜ਼ਾਰ ਪੁਤ੍ਰ ਸ਼ਬਲਾਸ੍ਵ ਆਦੀ, ਨਾਮ ਵਾਲੇ ਪੈਦਾ ਕਰੇ। ਉਨ ਕੋ ਦਖਸ ਜੀ ਨੇ ਹਰ ਏਕ ਵਿਦਿਆ ਮੇਂ ਨਿਪੁਨ ਕਰ ਦੀਆ, ਅਰ ਉਨ ਕੋ ਆਗਿਆ ਕਰੀ ਤੁਮ ਤਪਸਯਾ ਕਰਕੇ ਜਲਦੀ ਵਾਪਸ ਆ ਜਾਓ, ਆਕਰ ਪ੍ਰਜਾ ਕੀ ਬ੍ਰਿਧੀ ਕਰੋ। ਤਬ ਵੋਹ ਭੀ ਨਾਰਾਯਣ ਸਰੋਵਰ ਮੇਂ ਜਾਕਰ ਤਪਸ੍ਯਾ ਕਰਤੇ ਭਏ। ਆਪਨੇ ਭਾਈਓਂ ਕਾ ਸ਼ਾਂਤ ਚਿਤ ਦੇਖ ਕਰ, ਇਨਕਾ ਚਿਤ ਭੀ ਸ੍ਰਿਸ਼ਟੀ ਪੈਦਾ ਕਰਨੇ ਸੇ ਕੁਛ ਨਵਿਰਤ ਹੋ ਗਿਆ ਥਾ, ਫਿਰ ਮੈਂ ਭੀ ਵਹਾਂ ਪਹੁੰਚ ਗਿਆ ਅਰ ਉਨੋਂ ਕੋ ਭੀ ਉਪਦੇਸ਼ ਦੇਕਰ ਤਪਸ੍ਵੀ ਬਣਾ ਲੀਆ ਘਰ ਨਾ ਜਾਣੇ ਦੀਆ, ਜਬ ਦਖਸ਼ ਕੋ ਪਤਾ ਲਗਾ ਤਬ ਦਖਸ਼ ਨੇ ਮੇਰੇ ਪਰ ਬੜਾ ਕੋਪ ਕੀਆ। ਔਰ ਮੈਂ ਭੀ ਉਸ ਕੇ ਪਾਸ ਅਚਾਨਕ ਪਹੁੰਚ ਗਿਆ, ਮੇਰੇ ਕੋ ਦੇਖ ਕਰ ਦਖਸ ਕੇ ਲਾਲ ਨੇਤ੍ਰ ਹੋ ਗਏ, ਅਰ ਬਹੁਤ ਕਟੂ ਬਚਨ ਕਹੇ ਅਰ ਸ਼ਾਪ ਦੀਆ, ਤੁਮਾਰਾ ਸਾਰਾ ਜੀਵਨ ਸੰਸਾਰ ਮੇਂ ਭ੍ਰਮਣ ਕਰਤੇ ਹੀ ਬਤੀਤ ਹੋਗਾ। ਤੂੰ ਏਕ ਜਗਾ ਕਹੀਂ ਭੀ ਠਹਿਰ ਨਹੀਂ ਸਕੇਂਗਾ ਫਿਰਤਾ ਹੀ ਰਹੇਗਾ, ਮੈਂ ਦਖਛ ਕੇ ਕਠੋਰ ਬਚਨ ਸੁਣ ਕਰ ਸਮਰਥ ਹੋਤੇ ਭੀ, ਦਖਛ ਕੋ ਕੁਛ ਨਾ ਕਹਾ ਹਸਤਾ ਹੀ ਰਹਾ ਅਰ ਪਰਸੰਨ ਬਦਨ ਹੋ ਕਰ ਦਖਯ ਕੇ ਸ਼ਾਪ ਕੋ ਸ੍ਵੀਕਾਰ ਕਰ ਲੀਆ, ਇਸ ਪਰਕਾਰ ਪਹਿਲੇ ਭੀ ਮੈਂ ਸਨਤ ਕੁਮਾਰੋਂ ਕੇ ਉਪਦੇਸ਼ ਸੇ ਸ਼ਾਂਤ ਚਿਤ ਹੋ ਗਿਆ ਥਾ, ਬੀਚ ਮੇਂ ਆਪ ਸੇ ਹਠ ਕਰਕੇ, ਮਾਯਾ ਸੇ ਮੋਹਿਤ ਹੋ ਕਰ ਅਸ਼ਾਂਤ ਹੋ ਗਿਆ ਥਾ, ਅਬ ਆਪ ਕੀ ਕਿਰਪਾ ਸੇ ਫੇਰ ਸ਼ਾਂਤ ਚਿਤ ਰਹਿਤਾ ਹੂੰ। ਇਹ ਨਾਰਦ ਜੀ ਕੀ ਕਥਾ ਸੁਕਦੇਵ ਸੁਆਮੀ ਨੇ ਰਾਜਾ ਪ੍ਰੀਖਯਤ ਕੋ ਭੀ ਸੁਣਾਈ ਥੀ, ਅਰ ਕਹਾ ਪ੍ਰੀਖਯਤ ਤੁਮ ਭੀ ਨਾਰਦ ਜੀ ਕੀ ਨਿਆਈਂ, ਸੰਸਾਰ ਕੋ ਝੂਠਾ ਸਮਝ ਕਰ ਦੁਖ ਸੁਖ ਕੇ ਆਨੇ ਪਰ ਭੀ ਹਰਖ ਸ਼ੋਕ ਨਾ ਕਰੋ। ਤਬ ਰਾਜਾ ਪ੍ਰੀਖਯਤ ਭੀ ਸੁਕਦੇਵ ਸਵਾਮੀ ਜੀ ਕੇ ਉਪਦੇਸ਼

ਸੇ, ਸੰਸਾਰ ਰਚਨਾ ਕੋ ਮਿਥਿਆ ਸਮਝ ਕਰ ਸੁਖ ਦੁਖ ਮੇਂ ਸਮ ਰਹਿਨੇ ਲਗਾ, ਅਰ ਚਿਤ ਕ ਇਕਾਗਰ ਕਰ ਸ੍ਰੀ ਮਦ ਭਾਗਵਤ ਕਾ ਸਪਤਾਹ ਸੁਣ ਕਰ ਮੁਕਤ ਹੋ ਗਿਆ, ਅਗਯਾਨ ਦਸ਼ਾ ਮੇਂ ਸਭ ਕਾ ਚਿਤ ਅਸ਼ਾਂਤ ਰਹਿਤਾ ਹੈ। ਗੁਰੂ ਦਵਾਰਾ ਗਿਆਨ ਪ੍ਰਾਪਤੀ ਕਰਨੇ ਸੇ ਹੀ ਚਿਤ ਸ਼ਾਂਤ ਹੋਤਾ ਹੈ। ਜੈਸੇ ਸਨਕਾਦੀ ਮੁਨੀਓਂ ਕਾ ਚਿਤ ਭੀ ਪਹਿਲੇ ਮਾਨ ਅਪਮਾਨ ਮੇਂ, ਹਰਖ ਸੋਕ ਕਰਤਾ ਥਾ ਇਸ ਬਾਤ ਕੋ ਵੇਦ ਵਿਆਸ ਜੀ ਨੇ, ਸ਼ਿਵ ਪੁਰਾਣ ਕੇ ਰੁਦਰ ਸੰਘਤਾ ਪਾਰਬਤੀ ਖੰਡ ਦੇ ਦੂਸਰੇ ਅਧਯਾਯ ਮੇਂ ਲਿਖਾ ਹੈ। ਪ੍ਰਸੰਗ ਇਸ ਤਰ੍ਹਾਂ ਹੈ :-

ਬ੍ਰਹਮਾ ਜੀ ਕੀ ਸਭਾ ਮੇਂ ਸਭ ਦੇਵ ਗਣ ਰਿਸ਼ੀ ਗਣ ਸਤਸੰਗ ਕਰਨੇ ਵਾਸਤੇ ਆਏ ਥੇ, ਨਾਰਦ ਜੀ ਪ੍ਰਸ਼ਨ ਕਰਤੇ ਜਾਤੇ ਥੇ ਬ੍ਰਹਮਾ ਜੀ ਉੱਤਰ ਦੇਤੇ ਜਾਤੇ ਥੇ। ਤਬ ਨਾਰਦ ਜੀ ਨੇ ਪਾਰਬਤੀ ਸੀਤਾ, ਰਾਧਾ ਇਨ ਤੀਨੋਂ ਕੇ ਪੂਰਬਲੇ ਜਨਮ ਕੀ ਕਥਾ ਪੂਛੀ। ਤਬ ਬ੍ਰਹਮਾ ਜੀ ਕਹਿਨੇ ਲਗੇ ਹੇ ਨਾਰਦ ਤੁਮਾਰੇ ਭਾਈ ਦਖਯ ਕੀ ਸਾਠ ਕੰਨਯਾਏਂ ਥੀ ਜੋ ਕਸਪ ਆਦੀ ਰਿਸ਼ੀਓਂ ਕੋ ਵਿਵਾਹੀ ਗਈ ਥੀਂ, ਉਨ ਮੇਂ ਸ੍ਵਧਾ ਨਾਮ ਕੀ ਏਕ ਕੰਨਯਾਂ ਕਾ ਵਿਵਾਹ ਪਿਤਰੀ ਦੇਵ ਕੇ ਸਾਥ ਹੂਆ। ਸ੍ਵਧਾ ਕੋ ਤੀਨ ਕੰਨਯਾਂ ਹੁਈਂ, ਬੜੀ ਕਾ ਨਾਮ ਮੇਨਾ, ਦੂਸਰੀ ਕਾ ਧੰਨਯਾਂ, ਤੀਸਰੀ ਕਾ ਕਲਾਵਤੀ ਨਾਮ ਥਾ। ਤੀਨੋਂ ਹੀ ਕੰਨਿਆ ਭਗਵਤ ਭਗਤੀ ਪ੍ਰਾਇਣ ਹੋਈਆਂ। ਜਹਾਂ ਸਤਿਸੰਗ ਹੋਤਾ ਥਾ ਤਹਾਂ ਚਲੀ ਜਾਤੀਆਂ ਥੀਆਂ, ਜਬ ਕੰਨਿਆਂ ਯੁਵਾ ਅਵਸਥਾ ਕੋ ਪਰਾਪਤ ਹੋ ਗਈਆਂ, ਤਬ ਹਿਰਦੇ ਮੇਂ ਭਗਵਾਨ ਵਿਸ਼ਨੂੰ ਕੇ ਦਰਸ਼ਨ ਕੀ ਅਭਿਲਾਸ਼ਾ ਕਰਤੀਆਂ ਭਈਆਂ। ਵੈਕੁੰਠ ਮੇਂ ਤਪ ਸੇ ਬਿਨਾਂ ਜਾ ਨਹੀਂ ਸਕਤੀਆਂ ਥੀਆਂ। ਏਕ ਸਮੇਂ ਸ੍ਵੇਤ ਦੀਪ ਮੇਂ ਭਗਵਾਨ ਕਾ ਆਗਮਨ ਸੁਣ ਕਰ, ਭਗਵਾਨ ਕੇ ਦਰਸ਼ਨ ਅਰਥ ਤੀਨੋਂ ਕੰਨਿਆਂ ਗਈਆਂ, ਦਰਸ਼ਨ ਕਰ ਤ੍ਰਿਪਤ ਚਿਤ ਹੋ ਕਰ ਚਿਤ ਬਿਰਤੀ ਕੋ, ਭਗਵਾਨ ਕੇ ਚਰਨੋਂ ਮੇਂ ਲਗਾ ਕਰ ਭਗਵਾਨ ਕੇ ਪਾਸ ਹੀ ਬੈਠੀਆਂ ਰਹੀਆਂ। ਇਤਨੇ ਮੇਂ ਸਨਤ ਕੁਮਾਰ ਰਿਸ਼ੀ ਭੀ ਪਹੁੰਚ ਗਿਆ, ਸਨਤ ਕੁਮਾਰ ਕੋ ਆਇਆ ਦੇਖ ਕਰ ਸਭ ਸਭਾ ਉਠ ਕਰ ਖੜੀ ਹੋ ਗਈ, ਅਰ ਸਨਤ ਕੁਮਾਰ ਕੋ ਨਮਸ਼ਕਾਰ ਕਰਨੇ ਲਗੀ, ਪਰੰਤੂ ਪਿਤ੍ਰੀ ਦੇਵ ਕੀ ਤੀਨੋਂ ਕੰਨਿਆਏਂ ਨਾ ਖੜੀ ਹੂਈਂ, ਔਰ ਨ ਨਮਸਕਾਰ ਕਰੀ, ਕਿਉਂਕਿ ਉਨ ਕਾ ਚਿਤ ਭਗਵਾਨ ਕੇ ਚਰਨੋਂ ਮੇਂ ਲਿਵਲੀਨ ਹੋ ਚੁਕਾ ਥਾ, ਤਥਾ ਕੁਆਰੀ ਜੁਆਨ ਅਵਸਥਾ ਆਪਣੀ ਸਮਝ ਕਰ, ਸ਼ਰਮ ਕੇ ਮਾਰੇ ਭੀ ਨਾ ਉਠੀਆਂ ਤਥਾ ਕੁਆਰੀ ਕੰਨਿਆਂ ਕੋ ਸ਼ਾਸਤ੍ਰ ਕੀ ਕੋਈ ਵਿਧੀ ਭੀ ਨਹੀਂ, ਇਸ ਵਾਸਤੇ ਭੀ ਨਾਂ ਉਠੀਆਂ, ਉਨ ਤੀਨੋਂ ਕੇ ਨਾ ਉਠਨੇ ਸੇ ਸਾਰੀ ਸਭਾ ਕੋ ਵਿਖੇਪ ਹੂਆ, ਅਰ ਸਨਤ ਕੁਮਾਰ ਕੋ ਭੀ ਵਿਖੇਪ ਹੂਆ। ਤਬ ਸਨਤ ਕੁਮਾਰ ਕ੍ਰੋਧ ਮੇਂ ਆ ਕਰ ਕਹਿਣੇ ਲਗੇ, ਹੇ ਲੜਕੀਓ ਤੁਮ ਅਤੀ ਮੂੜ੍ਹ ਹੋ, ਅਰ ਵੈਦਿਕ ਧਰਮ ਸੇ ਵੇਮੁਖ ਹੋ, ਆਪਣੇ ਬੜਿਓਂ ਕੇ ਆਗੇ ਨਾ ਉਠਤੀ ਹੀ ਹੋ ਅਰ ਨਾ ਨਮਸ਼ਕਾਰ ਆਦੀ ਕਰਤੀ ਹੋ, ਬੜੇ ਕੁਲ ਕੀ ਕੰਨਿਆਂ ਹੋਣੇ ਪਰ ਭੀ ਤੁਮ ਨੇ ਮਰਯਾਦਾ



ਬਿਗਾੜੀ ਹੈ, ਇਸ ਵਾਸਤੇ ਮੈਂ ਤੁਮ ਕੋ ਕੁਛ ਦੰਡ ਦੇਤਾ ਹੂੰ। ਕਾਲ ਪਾਇ ਕਰ ਤੁਮ ਸਵਰਗ ਸੇ ਗਿਰ ਜਾਓਗੇ, ਅਰ ਮਨੁਸ ਲੋਕ ਮੇਂ ਮਾਨਵ ਇਸਤ੍ਰੀ ਬਨ ਕਰ ਰਹੋਗੇ। ਕੰਨਿਆਏਂ ਇਹ ਸਰਾਪ ਸੁਣ ਚਰਨੋਂ ਮੇਂ ਗਿਰ ਪੜੀਂ ਅਰ ਸਨਤ ਕੁਮਾਰ ਕੋ ਬਹੁਤ ਵਾਰ ਕਹਾ ਖਿਮਾ ਕਰੋ ਖਿਮਾ ਕਰੋ। ਤਬ ਸਨਤ ਕੁਮਾਰ ਉਨ ਪਰ ਪਰਸੰਨ ਹੋ ਗਏ,ਅਰ ਕਹਾ ਹਛਾ ਮੈਂ ਤੁਮ ਕੋ ਵਰ ਭੀ ਦੇਤਾ ਹੂੰ। ਤੁਮ ਤੀਨੋਂ ਮੇਂ ਬੜੀ ਪਾਰਬਤੀ ਕਾ ਅਵਤਾਰ ਧਾਰਨ ਕਰੇਗੀ, ਸ਼ਿਵ ਜੀ ਕੇ ਸਾਥ ਵਿਆਹ ਕਰੇਗੀ, ਦੂਸਰੀ ਸੀਤਾ ਨਾਮ ਵਾਲੀ ਜਨਕ ਰਾਜਾ ਦੀ ਪੁਤ੍ਰੀ ਹੋਗੀ, ਅਰ ਸ੍ਰੀ ਰਾਮ ਚੰਦਰ ਜੀ ਕੇ ਸਾਥ ਵਿਵਾਹ ਕਰੇਗੀ। ਤੀਸਰੀ ਰਾਧਾ ਨਾਮ ਵਾਲੀ ਸ੍ਰੀ ਕ੍ਰਿਸ਼ਨ ਜੀ ਕੇ ਸਾਥ ਪ੍ਰੇਮ ਕਰਨੇ ਵਾਲੀ ਹੋਗੀ। ਤੁਮ ਅਪਨੇ ਅਪਨੇ ਪਤੀਓਂ ਕੇ ਸਾਥ ਮਿਲ ਕਰ ਪੂਜਨੇ ਲਾਇਕ ਹੋਗੇ, ਔਰ ਅਨੇਕ ਪ੍ਰਕਾਰ ਕੇ ਨਈਵੇਦ ਲੋਕ ਤੁਹਾਨੂੰ ਅਰਪਣ ਕਰੇਂਗੇ ਤੁਮਾਰੀਆ ਪੱਥਰ ਕੀਆਂ ਮੂਰਤੀਆਂ ਭੀ ਪੂਜਨੇ ਲਾਇਕ ਹੋ ਜਾਣਗੀਆ। ਯਹ ਵਰ ਦੇਕਰ ਸਨਤ ਕੁਮਾਰ ਕੰਨਯਾਓਂ ਕੋ ਪ੍ਰਸੰਨ ਕਰਤੇ ਭਏ, ਸਮਗਰ ਕਥਾ ਕਾ ਭਾਵ ਯਹ ਹੈ ਕਿ ਗੁਰੂ ਸਰਣ ਕੇ ਪਹਿਲੇ, ਸਨਤ ਕੁਮਾਰ ਜੀ ਕੋ ਭੀ ਮਾਨ ਅਪਮਾਨ ਹਰਖ ਸੋਕ ਹੋਤਾ ਭਇਆ, ਔਰ ਇਸ ਤਰ੍ਹਾਂ ਚਾਰੋਂ ਭਾਈਓਂ ਨੇ, ਜੈ ਵਿਜੈ ਵਿਸ਼ਨੂੰ ਭਗਵਾਨ ਕੇ ਦ੍ਵਾਰ ਪਾਲੋਂ ਕੋ ਭੀ ਸਾਪ ਦੀਆ ਥਾ, ਥੋੜੀ ਬਾਤ ਵਾਸਤੇ ਯਾਨੇ ਉਨੋਂ ਨੇ ਅੰਦਰ ਨਾ ਜਾਨੇ ਦੀਆ, ਤਬ ਉਨੋਂ ਨੇ ਕਹਾ ਰਾਖਸ਼ਸ ਹੋ ਜਾਓ ਅਰ ਵੈਰ ਭਾਵ ਰਖਤੇ ਭਗਵਾਨ ਕੇ ਹਾਥ ਸੇ ਮਰ ਕਰ ਤੀਨ ਜਨਮ ਭੋਗ ਕਰ ਫੇਰ ਇਸ ਪਦਵੀ ਕੋ ਪ੍ਰਾਪਤ ਹੋਵੋਂਗੇ। ਇਸ ਪ੍ਰਕਾਰ ਪਹਿਲੇ ਸਨਕਾਦਿਕੋਂ ਕੋ ਹਰਖ ਸੋਕ ਹੋ ਜਾਯਾ ਕਰਤਾ ਥਾ, ਫੇਰ ਜਦ ਹੰਸ ਅਵਤਾਰ ਦਵਾਰਾ ਨਿਤ੍ਯ ਅਨਿਤ੍ਯ ਕਾ ਵਿਚਾਰ ਹੂਆ, ਔਰ ਇਹ ਮਾਇਕ ਰਚਨਾ ਮਿਥਯਾ ਹੈ ਯਹ ਦ੍ਰਿੜ ਨਿਸਚੇ ਹੂਆ, ਤਬ ਸਨਤ ਕਮਾਰੋਂ ਕਾ ਚਿਤ ਸ਼ਾਂਤ ਹੂਆ, ਯਾਨੇ ਮਾਨ ਅਪਮਾਨ ਸੁਖ ਦੁਖ ਮੇਂ ਸਮ ਰਹਿਨੇ ਲਗੇ, ਏਕ ਪ੍ਰਸੰਗ ਐਸਾ ਆਤਾ ਹੈ। ਏਕ ਦਿਨ ਸਨਤ ਕੁਮਾਰ ਜੀ ਸਮਾਧੀ ਇਸਥਿਤ ਥੇ, ਅਰ ਆਸ ਪਾਸ ਕਿਤਨੇ ਰਿਸ਼ੀ ਮੁਨੀ ਆਪਨੇ ਆਪਨੇ ਸਾਧਨ ਸਾਧ ਰਹੇ ਥੇ, ਕੋਈ ਈਸ਼੍ਵਰ ਭਗਤੀ ਕਰ ਰਹਾ ਥਾ ਕੋਈ ਧਿਆਨ ਕੋਈ ਤਪ ਕਰ ਰਹਾ ਥਾ, ਕੋਈ ਗੰਗਾ ਕਿਨਾਰੇ ਮਿਲ ਕਰ ਸਤਸੰਗ ਕਰ ਰਹੇ ਥੇ, ਉਸੀ ਵਕਤ ਘੂਮਤੇ ਘੂਮਤੇ ਪਾਰਬਤੀ ਸਹਿਤ ਮਹਾਂਦੇਵ ਭੀ ਵਹਾਂ ਆ ਗਏ, ਸਭ ਰਿਸ਼ੀ ਉਠ ਕਰ ਖੜੇ ਹੋਏ ਸ਼ਿਵ ਜੀ ਕਾ ਸਨਮਾਨ ਪੂਜਨ ਕੀਆ, ਫਿਰ ਮਹਾਂਦੇਵ ਜੀ ਸਭ ਮਹਾਤਮਾਓਂ ਕੇ ਦਰਸ਼ਨ ਕਰਤੇ ਕਰਤੇ, ਸਨਤ ਕੁਮਾਰ ਪਾਸ ਪਹੁੰਚੇ ਸਨਤ ਕੁਮਾਰ ਸਮਾਧੀ ਇਸਥਿਤ ਥੇ ਬ੍ਰਿਤੀ ਲੀਨ ਥੀ, ਸ਼ਿਵ ਜੀ ਕੋ ਉਨੋਂ ਨੇ ਦੇਖਾ ਹੀ ਨਹੀਂ, ਸ਼ਿਵ ਜੀ ਭੀ ਦੂਰ ਸੇ ਹੀ ਪ੍ਰਣਾਮ ਕਰ ਪਰੇ ਚਲੇ ਗਏ। ਪਾਰਬਤੀ ਨੇ ਸਨਤ ਕੁਮਾਰੋਂ ਕੋ ਪਛਾਨ ਲੀਆ ਯੇ ਵੋਹੀ ਹੈਂ, ਜਿਨੋਂ ਨੇ ਹਮਾਰੇ ਕੋ ਕਨਯਾ ਭਾਵ ਮੇਂ ਨਾਂ ਉਠਨੇ ਪਰ ਸਾਪ ਦੀਆ ਥਾ, ਆਜ ਯਹ ਭੀ ਭਗਵਾਨ ਸ਼ਿਵ ਜੀ ਕੇ ਆਗੇ ਨਹੀਂ ਉਠੇ ਹੈਂ, ਇਨੋਂ ਨੇ ਭੀ ਮਰਯਾਦਾ ਤੋੜੀ ਹੈ ਮੈਂ ਭੀ ਇਨਕੋ ਸਾਪ ਦੇਊਂ। ਯਹ ਵਿਚਾਰ ਸਾਪ ਦੇਨੇ ਲਗੀ। ਮਹਾਂਦੇਵ ਜੀ ਨੇ ਪਾਰਬਤੀ ਕੋ ਬਹੁਤ ਤਕਾ ਭੀ, ਪਰੰਤੂ

ਪਾਰਬਤੀ ਕਾ ਕ੍ਰੋਧ ਨਾ ਰੁਕਾ, ਅਰ ਕਹਿਨੇ ਲਗੀ ਮਹਾਂਦੇਵ ਕੇ ਅਪਮਾਨ ਕਰਨੇ ਵਾਲੇ ਮੂੜ੍ਹ ਅਭਿਮਾਨੀ ਜਾ, ਤੂੰ ਨੀਚ ਸੂਦਰ ਜੋਨੀ ਅਸ਼੍ਵ ਪਾਲਕ ਯਾਨੇ ਘੋੜਿਓਂ ਕੀ ਸੇਵਾ ਕਰਨੇ ਵਾਲੇ, ਲਿਦ ਉਠਾਨੇ ਵਾਲੇ ਦੁਰਗੰਧੀ ਮੇਂ ਰਹਿਣੇ ਵਾਲੇ ਜਨਮ ਕੋ ਧਾਰਨ ਕਰ। ਐਸੇ ਕਹਿ ਕਰ ਹੋਰ ਭੀ ਬਹੁਤ ਦੁਰਬਚਨ ਕਹੇ, ਉਸ ਵਕਤ ਸਨਤ ਕੁਮਾਰ ਜੀ ਪਾਰਬਤੀ ਕੋ ਸ਼ਾਪ ਦੇਨੇ ਮੇਂ ਸਮ੍ਰਥ ਭੀ ਥੇ, ਪ੍ਰੰਤੂ ਸੱਤ ਅਸੱਤ ਕੇ ਵਿਵੇਕ ਸੇ ਉਨਕਾ ਚਿਤ ਸ਼ਾਂਤ ਹੋ ਚੁਕਾ ਥਾ, ਇਸ ਵਾਸਤੇ ਪਾਰਬਤੀ ਕਾ ਸ਼ਾਪ ਸ੍ਵੀਕਾਰ ਕਰ ਲੀਆ, ਚਿਤ ਮੇਂ ਕੋਈ ਹਰਖ ਸ਼ੋਕ ਨਾ ਹੂਆ ਝਟ ਹੀ ਪਹਿਲਾ ਸ਼ਰੀਰ ਛੋਡ ਕਰ, ਅਸ਼੍ਵਪਾਲੋਂ ਕਾ ਰੂਪ ਧਾਰ ਕਰ ਆਗੇ ਸੇ ਭੀ ਸੁਤੰਤ੍ਰ ਰਹਿਨੇ ਲਗੇ, ਯਾਨੇ ਸੌਚ ਇਸ਼ਨਾਨ ਆਦੀ ਨਿਤਕਰਮ ਕੀ ਵਿਧੀ ਸੇ ਭੀ ਰਹਿਤ ਹੋ ਗਏ। ਸੂਦਰ ਹੋਣੇ ਕਰ ਕਿਸੀ ਨਿਤ ਕਰਮ ਕਾ ਕ੍ਰਤਬਜ ਨ ਰਹਾ। ਅਬ ਦਿਨ ਰਾਤ ਅਨੰਦ ਮੇਂ ਰਹਿਣੇ ਲਗੇ। ਕੁਛ ਦਿਨ ਬਾਦ ਪਾਰਬਤੀ ਕੇ ਚਿਤ ਮੇਂ ਵਿਚਾਰ ਹੂਆ ਕਿ ਮੈਨੇ ਬੜਾ ਅਪ੍ਰਾਧ ਕਰਿਆ, ਜੋ ਨਿਸ਼ ਅਪ੍ਰਾਧ ਸਨਤਕੁਮਾਰ ਕੋ ਸ਼ਾਪ ਦੀਆ, ਅਬ ਚਲ ਕਰ ਉਨਕੀ ਖਬਰ ਤੋਂ ਲਊਂ, ਮਹਾਦੇਵ ਕੇ ਸਾਥ ਵਹਾਂ ਆਈ, ਜਹਾਂ ਸਨਤ ਕੁਮਾਰ ਅਸ਼੍ਵ ਸ਼ਾਲਾ ਕੇ ਦ੍ਵਾਰ ਪਰ ਅਨੰਦ ਮੇਂ ਮਗਨ ਹੋਏ ਪੜੇ ਥੇ, ਵਹਾਂ ਸਨਤ ਕੁਮਾਰ ਕੋ ਪ੍ਰਸੰਨ ਦੇਖ ਕਰ ਬੜੀ ਖੁਸ਼ ਹੂਈ, ਅਰ ਕਹਾ ਵਰ ਮਾਂਗੋ ਮੈਂ ਤੁਮਾਰੇ ਪਰ ਬੜੀ ਪ੍ਰਸੰਨ ਹੂੰ। ਸਨਤ ਕੁਮਾਰ ਕਹਿਨੇ ਲਗਾ ਮੇਰੇ ਪਰ ਤੋ ਆਪ ਕੀ ਪਹਿਲੇ ਹੀ ਬੜੀ ਕ੍ਰਿਪਾ ਹੈ, ਮੈਂ ਪਹਿਲੇ ਬ੍ਰਾਹਮਣ ਸ਼ਰੀਰ ਸੇ ਇਸ ਸੂਦ੍ਰ ਸਰੀਰ ਮੇਂ, ਸੌ ਗੁਣਾ ਜ਼ਿਆਦਾ ਸੁਖੀ ਹੂੰ ਪ੍ਰੰਤੂ ਥੋੜੀ ਸੀ ਤਕਲੀਫ ਇਸ ਸੂਦ੍ਰ ਸ਼ਰੀਰ ਮੇਂ ਭੀ ਮਾਨਤਾ ਹੂੰ, ਜੋ ਮਲ ਮੂਤ੍ਰ ਵਾਸਤੇ ਉਠ ਕਰ ਦੂਰ ਜਾਣਾ ਪੜਤਾ ਹੈ ਅਰ ਹਸਤ ਪਾਦ ਆਦੀ ਅੰਗ ਧੋਨੇ ਪੜਤੇ ਹੈਂ, ਐਸਾ ਕੋਈ ਸਰੀਰ ਕ੍ਰਿਪਾ ਕਰਕੇ ਦਿਓ ਜੋ ਖੜੇ ਖੜੇ ਬੈਠੇ ਬੈਠੇ ਹੀ, ਮਲ ਮੂਤ੍ਰ ਨਿਕਲ ਜਾਵੇ ਔਰ ਹਥ ਪੈਰ ਆਦੀ ਅੰਗ ਭੀ ਨਾ ਧੋਣੇ ਪੜੇਂ। ਯਹ ਬਚਨ ਸੁਣ ਕਰ ਪਾਰਬਤੀ ਕੋ ਬੜਾ ਕ੍ਰੋਧ ਹੂਆ, ਅਰ ਕਹਾ ਐਸੇ ਤੋ ਊਠ ਹੋਇਆ ਕਰਤੇ ਹੈਂ, ਜਾਹ ਊਠ ਹੋ ਜਾਹ ਝਟਤ ਹੀ ਤਥਾ ਅਸਤੁ ਕਹਿ ਕਰ ਊਠ ਹੋ ਗਏ, ਔਰ ਕਿਸੀ ਕੇ ਸਿਖਾਨੇ ਮਾਰਨੇ ਪੀਟਨੇ ਪਰ ਭੀ, ਕਾਮ ਨਾ ਕਰਾ ਕਰੇਂ। ਤਬ ਊਠੋਂ ਵਾਲੋਂ ਨੇ ਉਸ ਸੇ ਤੰਗ ਆਕਰ ਉਸਕੋ ਖੁਲ੍ਹਾ ਛੋਡ ਦੀਆ ਵੋਹ ਭੀ ਸੁਤੰਤ੍ਰ ਹਰੀ ਹਰੀ, ਬ੍ਰਿਖੋਂ ਕੀ ਟਾਹਣੀਓਂ ਖਾ ਕਰ ਅਰ ਗੰਗਾ ਜਲ ਪੀਕਰ, ਬੜੇ ਮਸਤ ਰਹਾ ਕਰੇਂ। ਅਬ ਤੋ ਪਸ਼ੂ ਸਰੀਰ ਮੇਂ ਸਭ ਵੈਦਿਕ ਕ੍ਰਿਯਾ ਕਾ ਅਭਾਵ ਹੈ, ਕੋਈ ਭੀ ਵਿਧੀ ਨਹੀਂ ਰਹੀ ਬੈਠ ਕਰ ਹੀ ਮਲ ਮੂਤ੍ਰ ਤਿਆਗ ਕਰ ਛੋਡਤੇ ਹੈਂ। ਐਸੇ ਕੁਝ ਕਾਲ ਬੀਤਨੇ ਪਰ ਪਾਰਬਤੀ ਜੀ ਕੋ ਫਿਰ ਖਿਆਲ ਹੂਆ, ਮਹਾਦੇਵ ਜੀ ਕੇ ਸਾਥ ਫਿਰ ਆਈ। ਦੇਖਾ ਆਗੇ ਸੇ ਭੀ ਜ਼ਿਆਦਾ ਮਗਨ ਹੈ, ਕਹਾ ਵਰ ਮਾਂਗੋ, ਸਨਤ ਕੁਮਾਰ ਨੇ ਕਹਾ ਜਬ ਤਕ ਮੇਰੀ ਪ੍ਰਾਰਬਧ ਹੈ, ਯੇ ਵਰ ਦਿਓ ਮੇਰੇ ਕੋ ਯਹ ਊਠ ਸ਼ਰੀਰ ਹੀ ਮਿਲਾ ਕਰੇ। ਤਬ ਪਾਰਬਤੀ ਨੇ ਕਹਾ ਖਿਮਾ ਕਰੋ ਕੁਛ ਔਰ ਵਰ ਮਾਂਗੋ। ਜਬ ਕੁਛ ਨਾ ਮਾਂਗਾ ਤਬ ਪਾਰਬਤੀ ਬੜੀ ਦੀਨ ਹੂਈ ਅਰ ਕਹਾ ਅਗਰ ਆਪ ਨਿਸ਼ਕਾਮ ਹੋ ਮੇਰੇ



ਸੇ ਵਰ ਨਹੀਂ ਮਾਂਗਤੇ ਹੋ ਤੋ ਆਪ ਮੁਝ ਕੋ ਪ੍ਰਸੰਨ ਹੋ ਕਰ ਵਰ ਦਿਓ, ਤਬ ਸਨਤ ਕੁਮਾਰ ਕਹਿਨੇ ਲਗੇ ਹਮ ਪ੍ਰਸੰਨ ਹੈਂ ਵਰ ਮਾਂਗ। ਪਾਰਬਤੀ ਨੇ ਕਹਾ ਮੇਰਾ ਵਰ ਯਹੀ ਹੈ ਕਿ ਤੂੰ ਹਮਾਰਾ ਪੁਤਰ ਹੋ ਜਾਹ। ਸਨਤ ਕੁਮਾਰ ਨੇ ਕਹਾ ਤਥਾ ਅਸਤੂ। ਫਿਰ ਆ ਕਰ ਪਾਰਬਤੀ ਕੇ ਪੁਤਰ ਬਣੇ। ਉਨਕਾ ਨਾਮ ਸ੍ਵਾਮੀ ਕਾਰਤਕ ਹੂਆ। ਦੂਸਰਾ ਸਿਕੰਧ ਭੀ ਉਨਕਾ ਨਾਮ ਹੈ ਤੀਸਰਾ ਕਾਮ ਜਿੱਤ ਬੀ ਉਨਕਾ ਨਾਮ ਹੈ। ਸੋ ਇਸ ਪ੍ਰਕਾਰ ਸਨਤ ਕੁਮਾਰ ਹੰਸ ਭਗਵਾਨ ਕੇ ਦਵਾਰਾ, ਨਿਤਯ ਅਨਿਤ ਕੇ ਵਿਵੇਕ ਪੀਛੇ ਐਸੇ ਅਡੋਲ ਚਿਤ ਰਹੇ।

**ਸ਼ਲੋਕ—ਮਾਯਾ ਮੇਘੋ ਜਗਤ ਨੀਰੰ ਵਰਸ਼ਤੂ ਏਸ਼ ਯਥ ਤਥਾ॥ ਚਿਦਾ ਕਾਸ਼ਸਜ ਨੋ ਹਾਨੀ ਨਵਾ ਲਾਭ ਇਤੀ ਸਥਿਤੀ॥**

[ਪੰਚਦਸੀ ਕੁਟਸ਼ਥ ਦੀਪ ਸਲੋਕ ੭੫

ਅਰਥ—ਹੇ ਮਾਯਾ ਤੂੰ ਮੇਘ ਬਣਕੇ ਭਾਵੇਂ ਅਨੇਕ ਪ੍ਰਕਾਰ ਕੇ ਸੁਖ ਦੁਖ ਰੂਪ ਜਲ ਦੀ ਬ੍ਰਿਸ਼ਟੀ ਕਰ, ਪਰ ਮੈਂ ਆਕਾਸ਼ ਕੀ ਨਿਆਈਂ ਅਸੰਗ ਹੂੰ, ਤੂੰ ਮੇਰੀ ਕਿਆ ਹਾਨੀ ਕਰ ਸਕੇਂਗੀ? ਇਨ ਵਚਨੋਂ ਕੇ ਭਾਵ ਅਨੁਸਾਰ ਸਨਤ ਕੁਮਾਰ ਜੀ ਅਡੋਲਚਿਤ ਰਹੇ। ਯਾਨੇ ਉਨੋਂ ਕੇ ਚਿਤ ਮੇਂ ਹਰਖ ਸ਼ੋਕ ਨਾ ਹੂਆ। ਇਸੀ ਤਰ੍ਹਾਂ ਹਨੂਮਾਨ ਜੀ ਭੀ ਮਹਾਰਾਜ ਰਾਮ ਚੰਦਰ ਜੀ ਕੀ ਸ਼ਰਣ ਮੇਂ ਆਕਰ ਕਹਿਣੇ ਲਗੇ ਹੇ ਭਗਵਾਨ, ਮੈਂ ਆਪ ਕਾ ਦਾਸ ਹੂੰ ਆਪ ਕੇ ਵਾਸਤਵ ਸਰੂਪ ਕੋ ਜਾਨਤਾ ਨਹੀਂ ਹੂੰ, ਇਸ ਵਾਸਤੇ ਸੁਖ ਦੁਖ ਮੇਂ ਹਰਖ ਸ਼ੋਕ ਕਰਤਾ ਹੂੰ ਮੇਰੇ ਤੇ ਕਿਰਪਾ ਕਰੋ, ਆਪਨੇ ਵਾਸਤਵ ਸਰੂਪ ਕਾ ਬੋਧ ਕਰਾਓ। ਤਬ ਰਾਮ ਚੰਦਰ ਜੀ ਸੀਤਾ ਜੀ ਕੋ ਮਾਇਆ ਕਾ ਅਵਤਾਰ ਜਾਨ ਕਰ, ਆਪਨੀ ਇਸਤ੍ਰੀ ਕੇ ਸਾਹਮਣੇ ਨਿੰਦਾ ਕਰਨੀ ਯੋਗ ਨਹੀਂ ਸਮਝੀ, ਅਰ ਮਾਇਆ ਕੀ ਨਿੰਦਾ ਯਾਨੇ ਨਿਸ਼ੇਧ ਕੀਏ ਬਿਨਾ ਹਨੂਮਾਨ ਜੀ ਮੇਰੇ ਅਸਲ ਤਤ ਕੋ ਨਹੀਂ ਸਮਝੇਂਗੇ, ਏਹ ਵਿਚਾਰ ਕਰਾ ਕਿ ਮਾਇਆ ਰੂਪ ਸੀਤਾ ਆਪਨਾ ਆਪ ਹੀ ਖੰਡਣ ਕਰੇ ਤੋ ਅੱਛਾ ਹੈ। ਤਥਾ ਮਾਇਆ ਰੂਪ ਸੀਤਾ ਆਪਨਾ ਸਰੂਪ ਆਪ ਹੀ ਕਹੇ, ਸਾਥ ਹੀ ਮੇਰਾ ਵਾਸਤਵ ਸਰੂਪ ਹਨੂਮਾਨ ਜੀ ਕੋ ਕਹਿ ਸੁਣਾਵੇ ਤੋ ਹਛਾ ਹੈ, ਐਸਾ ਵਿਚਾਰ ਕਰ ਰਾਮ ਚੰਦਰ ਜੀ ਜਾਨਕੀ ਕੋ ਕਹਿਨੇ ਲਗੇ ਹਨੂਮਾਨ ਜੀ ਆਪ ਕੇ ਸੇਵਕ ਹੈਂ, ਭਗਤ ਹੈਂ, ਗਿਆਨ ਕੇ ਪਾਤਰ ਹੈਂ ਇਸ ਕੋ ਮੇਰਾ ਸਰੂਪ ਔਰ ਆਪਣਾ ਸਰੂਪ ਜੁਦਾ ਜੁਦਾ ਕਰਕੇ ਸਮਝਾ ਦਿਓ, ਤਬ ਸੀਤਾ ਜੀ ਤਥਾ ਅਸਤੂ ਕਹਿ ਕਰ ਆਪਣਾ ਸਰੂਪ ਤਥਾ ਰਾਮ ਜੀ ਕਾ ਸਰੂਪ ਜੁਦਾ ਜੁਦਾ ਕਰਕੇ ਸੁਨਾਨੇ ਲਗੀ। ਯਹ ਕਥਾ ਅਧਿਆਤਮ ਰਮਾਇਣ ਕੇ ਰਾਮ ਰਿਦੇ ਮੇਂ ਵਿਸਤਾਰ ਸੇ ਲਿਖੀ ਹੈ ਸੰਕੋਚ ਸੇ ਯਹਾਂ ਭੀ ਲਿਖਤੇ ਹੈਂ :-

ਰਾਮੋਂ ਵਾਚ—**ਸੁ ਰਾਮ ਜਾਨਕੀ ਕਹਿਓ ਸੁ ਤਤ ਕੋ ਬਖਾਨੀਏ ਅਪਾਪ ਗਿਆਨ ਭਾਜਨੰ ਸੁ ਭਗਤ ਹੂੰ ਪਛਾਨੀਏ॥ ਵਿਦੇਹ ਜਾ ਤਥੇਹੀ ਪ੍ਰਾਹ ਰਾਮ ਤਤ੍ਵ ਨਿਸਚਿਤੰ। ਹਨੂਮਤੇ ਪ੍ਰਪੰਨ ਕੋ ਲੋਕ ਮੋਹਿਨੀ ਸਿਤੰ॥**

ਸੀਤੋ ਵਾਚ–**ਪਰਮ ਬ੍ਰਹਮ ਰੂਪੰ ਵਿਜਾਨੀਹਿ ਰਾਮੰ ॥ ਅਨਾਸ਼ੀ ਸਦਾ ਸਚਦਾ ਨੰਦ ਨਾਮੰ ॥ ਵਿਨਾ ਉਪਾਧਿ ਰੂਪੰ ਨ ਬਾਨੀ ਬਖਾਨੇ। ਅਨੰਦ ਸੁਸ਼ਾਂਤ ਮਲ ਹੀਨੰ ਮਾਨੇ। ਛੰਦ–ਨਿਰੰਜਨੰ ਵਿਕਾਰ ਹੀਨੰ ਵਿਆਪਕੰ ਪਛਾਨੀਏ ਸੁ ਆਤਮਾ ਅਕਲ ਮਿਖੰ ਪ੍ਰਕਾਸ਼ ਰੂਪ ਜਾਨੀਏ। ਜਗਤ ਮੂਲ ਕਾਰਣਮ ਪ੍ਰਕ੍ਰਿਤੀ ਮੋਹਿ ਮਾਨੀਏ। ਉਪਾਯ ਪਾਲ ਸੰਗ੍ਰਹੰ ਨ ਰਾਮ ਹੇਤੂ ਠਾਨੀਏ। ਸੁ ਰਾਮ ਸਨਧੀਸਤਾ ਸਿਰਜਾਮੀ ਮੈ ਨਿਰਾਲਸਾ। ਅਰੋਪ ਰਾਮ ਚੰਦ ਮੇਂ ਕਥੇ ਸੁ ਜੀਵ ਬਾਲਸਾ। ਸਕੇਤ ਜਨਮ ਰਾਮ ਕੋ ਪਤੰਗ ਵੰਸ਼ ਨਿਰਮਲੇ। ਸੁ ਗਾਧੀ ਪੂਤ ਯਾਗਪਾਲ ਸ਼ਤ੍ਰ ਮੰਡਲੰ ਦਲੇ। ਨਿਵਾਰ ਸ਼ਾਪ ਗੋਤਮਾ ਸੁ ਨਾਰ ਪਾਵਨੀ ਕਰੀ। ਮਹੇਸ਼ੰ ਚਾਪ ਤੋੜ ਰਾਮ ਪਾਣੀ ਜਾਨਕੀ ਹਰੀ। ਸੁਰੇਣੁਕਾ ਪ੍ਰਪੂਤ ਰਾਮ ਰਾਮ ਜੀ ਮਦੋਂ ਹਰੇ। ਸਕੇਤ ਵਾਸ ਮੇਂ ਸਮੰ ਸਮਾ ਦ੍ਵਾਦਸ਼ੰ ਕਰੇ। ਸੁ ਦੰਡਕਾ ਬਨਮ ਵਿਰਾਧ ਦਈਤ ਮਾਰਣੰ। ਮਰੀਚੀ ਪ੍ਰਾਣ ਛੇਦਨੰ ਕੁਰੰਗ ਰੂਪ ਧਾਰਣੰ। ਸੁ ਛਾਇ ਸੀਯ ਕੋ ਹਰੀ ਜਟਾਊ ਮੋਖ ਕੋਲ ਹੇ। ਕਬੰਧ ਦੈਤ ਮੋਖਯ ਕੈ ਸੁ ਭੀਲਨੀ ਫਲੰ ਗਹੇ। ਸੁਗ੍ਰੀਵ ਸੁ ਸਮਾਗਮੰ ਸੁ ਬਾਲੀ ਪ੍ਰਾਣ ਹਾਰਣੰ। ਵਿਦੇਹ ਜਾ ਪਰਸ਼ੋਧਨੰ ਸਮੁਦ੍ਰ ਸੇਤੁ ਕਾਰਣੰ। ਨਿਰੋਧ ਲੰਕ ਰਾਵਣੰ ਸਪੁਤ੍ਰ ਤਾਹਿ ਮਾਰਣੰ। ਵਿਭੀਸ਼ਣੰ ਬੁਲਾਇ ਭਾਲ ਰਾਜ ਟੀਕ ਕਾਰਣੰ। ਇਨੇ ਸੁ ਆਦਿ ਕਰਮ ਜੋ ਸਮਸਤ ਜਾਨਕੀ ਕਰੇ। ਅਰੋਪ ਰਾਮ ਚੰਦ ਮੇਂ ਸੁ ਲੋਕ ਮੂੜ ਹੂੰ ਕਰੇ।**

ਅਰਥ–ਸ਼੍ਰੀ ਸੀਤਾ ਜੀ ਹਨੂਮਾਨ ਜੀ ਕੋ ਕਹਿਨੇ ਲਗੀ ਕਿ ਹਨੂਮਾਨ, ਯਹ ਜੋ ਤੁਮ੍ਹਾਰੇ ਸਾਹਮਣੇ ਹਥ ਪੈਰ ਆਦੀ ਅੰਗੋਂ ਸਹਿਤ ਜੋ ਸ਼ਾਮ ਮੂਰਤੀ, ਸ੍ਰੀ ਦਸ਼ਰਥ ਦੁਵਾਰਾ ਕੋਸ਼ਲਯਾ ਕੇ ਪੇਟ ਸੇ ਪੈਦਾ ਹੂਈ ਹੈ ਇਹ ਰਾਮ ਨਹੀਂ ਹੈ, ਇਹ ਮਾਯਾ ਹੈ ਯਾਨੇ ਮੈਂ ਹੂੰ। ਰਾਮ ਤੋ ਇਸ ਕੇ ਅੰਦਰ ਸੂਖਸ਼ਮ ਦੇਖਨੇ ਸੇ ਰਹਿਤ, ਸਰਵ ਕੋ ਦੇਖਨੇ ਵਾਲਾ ਅਕ੍ਰੈ ਅਵਿਨਾਸ਼ੀ ਪਰੀਪੂਰਣ ਸਚਦਾਨੰਦ ਉਪਾਧੀ ਰਹਿਤ, ਮਾਤਾ ਪਿਤਾ ਰਹਿਤ ਪੁੰਨ ਪਾਪ ਰਹਿਤ ਨਿਰੰਜਨ ਵਿਕਾਰ ਹੀਨ ਸਭ ਕਾ ਆਤਮਾ ਸਰੂਪ ਹੈ। ਐਸੇ ਰਾਮ ਜੀ ਕੇ ਸਰੂਪ ਕੋ ਕਹਿ ਕਰ ਅਬ ਸੀਤਾ ਜੀ ਅਪਨਾ ਸਰੂਪ ਹਨੂਮਾਨ ਜੀ ਕੋ ਸੁਨਾਤੀ ਹੈ, ਹੇ ਹਨੂਮਾਨ ਜੀ ! ਮੇਰੇ ਕੋ ਸਾਰੇ ਜਗਤ ਕਾ ਉਪਾਦਾਨ ਕਾਰਨ ਮੂਲ



ਪ੍ਰਕ੍ਰਿਤੀ ਜਾਣ। ਜਗਤ ਕੋ ਪੈਦਾ ਭੀ ਮੈਂ ਕਰਤੀ ਹੂੰ ਪਾਲਤੀ ਭੀ ਮੈਂ ਹੂੰ, ਔਰ ਲੈ ਭੀ ਮੈਂ ਹੀ ਕਰਤੀ ਹੂੰ। ਸ੍ਰੀ ਰਾਮਚੰਦਰ ਜੀ ਕੀ ਸੱਤਾ ਲੇ ਕਰ, ਸਬ ਕਾਮ ਮੈਂ ਕਰਤੀ ਹੂੰ। ਪਰ ਅਗਯਾਨੀ ਬਾਲਕ ਰਾਮਚੰਦਰ ਮੇਂ ਅਰੋਪ ਯਾਨੇ ਕਲਪਤਨਾ ਕਰਤੇ ਹੈਂ, ਕਿ ਰਾਮ ਨੇ ਯੇਹ ਯੇਹ ਕਾਮ ਕੀਆ ਵਾਸਤਵ ਮੇਂ ਰਾਮ ਨੇ ਕੁਛ ਨਹੀਂ ਕੀਆ, ਸਭ ਕਾਮ ਮੈਂ ਹੀ ਕਰਤੀ ਹੂੰ, ਜੋ ਜੋ ਕਰਾ ਹੈ ਯਾ ਕਰ ਰਹੀ ਹੂੰ ਸੋ ਹਨੂਮਾਨ ਤੂੰ ਸੁਣ। ਅਯੁਧਿਆ ਮੇਂ ਸੂਰਜ ਵੰਸ਼ੋਂ ਮੇਂ ਸ਼ਿਆਮ ਸੁੰਦਰ ਰੂਪੀ ਯੇ ਦੇਹ ਰੂਪ ਜਨਮ ਭੀ, ਮੈਂਨੇ ਪਾਯਾ ਹੈ ਰਾਮ ਤੋ ਅਜਨਮਾ ਹੈ ਮੂੜ ਲੋਕ ਕਹਿਤੇ ਹੈਂ ਕਿ ਅਜ ਰਾਮ ਨੌਮੀ, ਯਾਨੇ ਰਾਮ ਕਾ ਜਨਮ ਦਿਨ ਹੈ, ਅਜਨਮਾ ਕਾ ਜਨਮ ਠਹਿਰਾਤੇ ਹੈਂ, ਅਰ ਅਕ੍ਰੇ ਰਾਮ ਕੀ ਕ੍ਰਿਆ ਕਲਪਨਾ ਕਰਤੇ ਹੈ, ਕਿ ਰਾਮ ਚੰਦਰ ਨੇ ਅਯੁਧਿਆ ਮੇਂ ਬਾਲ ਲੀਲ੍ਹਾ ਕਰੀ, ਅਰ ਵਿਸ਼੍ਵਾਮਿਤ੍ਰ ਕੇ ਯਗ ਕੀ ਰਖਿਆ ਕਰੀ, ਅਰ ਸ਼ਤ੍ਰੁਓਂ ਕੋ ਯਾਨੇ ਤਾੜਕਾ ਕੋ ਪੁਤਰੋਂ ਸਹਿਤ ਮਾਰਾ, ਪਰੰਤੂ ਰਾਮ ਨੇ ਕੋਈ ਕਾਮ ਨਹੀਂ ਕਰਿਆ " ਵੋਹ ਤੋ ਅਕ੍ਰੇ ਹੈਂ, ਸਭ ਕਾਮ ਕਰਨੇ ਵਾਲੀ ਮੈਂ ਹੂੰ, ਯਾਨੇ ਮੈਂਨੇ ਹੀ ਰਾਮ ਨੌਮੀ ਵਾਲੇ ਦਿਨ ਜਨਮ ਧਾਰਿਆ ਹੈ, ਬਾਲ ਲੀਲਾ ਕਰੀ ਹੈ, ਵਿਸ਼੍ਵਾਮਿਤ੍ਰ ਕੇ ਯਗ ਕੀ ਰਖਿਆ ਕਰੀ ਹੈ, ਅਰ ਤਾੜਕਾ ਕੋ ਪੁਤ੍ਰੋਂ ਸਹਿਤ ਮੈਂਨੇ ਮਾਰਾ ਹੈ। ਗੋਤਮ ਕੀ ਇਸਤਰੀ ਅਹਿਲਿਆ ਕੋ ਪੈਰ ਛੁਹਾ ਕਰ ਸ਼ਾਪ ਸੇ ਹਟਾ ਕਰ ਮੈਂਨੇ ਪਵਿਤ੍ਰ ਕਰਿਆ ਹੈ। ਰਾਜਾ ਜਨਕ ਕੀ ਸਭਾ ਮੇਂ ਸ਼ਿਵਜੀ ਕਾ ਧਨੁਸ਼ ਮੈਂਨੇ ਤੋੜਾ ਹੈ, ਸੀਤਾ ਜੀ ਕੇ ਸਾਥ ਸ਼ਾਦੀ ਭੀ ਮੈਂਨੇ ਕਰੀ ਹੈ, ਅਰ ਪਰਸਰਾਮ ਕਾ ਅਭਿਮਾਨ ਭੀ ਮੈਂਨੇ ਤੋੜਾ ਹੈ, ਸੀਤਾ ਕੋ ਵਿਆਹ ਕਰ ਘਰ ਮੇਂ ਬਾਰਾਂ ਬਰਸ ਸੁਖ ਮੈਂਨੇ ਭੋਗਾ ਹੈ। ਪਿਤਾ ਕੇ ਬਚਨ ਮਾਨ ਕਰ ਬਨ ਮੇਂ ਗਮਨ ਮੈਂਨੇ ਕਰਾ ਹੈ, ਵਿਰਾਧ ਦੈਂਤ ਕੋ ਭੀ ਮੈਂਨੇ ਮਾਰਾ ਹੈ, ਅਰ ਮਰੀਚ ਦੈਂਤ ਜੋ ਸੋਨੇ ਕਾ ਮਿਰਗ ਬਣਾ ਥਾ ਉਸ ਕੋ ਭੀ ਮੈਂਨੇ ਮਾਰਾ ਹੈ, ਛਾਇਆ ਕੀ ਸੀਤਾ ਜਬ ਰਾਵਣ ਲੇ ਗਿਆ ਥਾ, ਤੋ ਸੀਤਾ ਜੀ ਕੋ ਢੂੰਡਤੇ ਰੁਦਨ ਭੀ ਮੈਂਨੇ ਹੀ ਕਰਾ ਹੈ, ਜਟਾਯੂ ਕੀ ਗਤੀ ਭੀ ਮੈਂਨੇ ਕਰੀ ਹੈ, ਕਬੰਧ ਦੈਂਤ ਕੋ ਮਾਰ ਕਰ ਮੁਕਤ ਭੀ ਮੈਂਨੇ ਕਰਾ ਹੈ, ਭੀਲਨੀ ਕੇ ਬੇਰ ਭੀ ਮੈਂਨੇ ਖਾਏ ਹੈਂ ਸੁਗ੍ਰੀਵ ਕੇ ਸਾਥ ਮਿੱਤਰਤਾ ਭੀ ਮੈਂਨੇ ਕਰੀ ਹੈ, ਅਰ ਬਾਲੀ ਕੋ ਭੀ ਮੈਂਨੇ ਮਾਰਾ ਹੈ ਅਰ ਵਿਭੀਖਣ ਕੋ ਸ਼ਰਣ ਭੀ ਮੈਂਨੇ ਦੀ ਹੈ, ਅਰ ਲੰਕਾ ਕਾ ਰਾਜ ਭੀ ਮੈਂਨੇ ਉਸ ਕੋ ਦੀਆ ਹੈ, ਰਾਵਣ ਕੋ ਭੀ ਯੁਧ ਮੇਂ ਮੈਂਨੇ ਮਾਰਾ ਹੈ, ਔਰ ਸੀਤਾ ਕੋ ਲਿਆ ਕਰ ਰਾਜ ਸਿੰਘਾਸਣ ਤੇ ਭੀ ਮੈਂ ਬੈਠੀ ਹੂੰ। ਭਾਵ ਯਹ ਜੋ ਜੋ ਕਾਮ ਲੋਕ ਰਾਮ ਚੰਦਰ ਮੇਂ ਕਲਪਨਾਂ ਕਰਤੇ ਹੈਂ ਸੋ ਸਭ ਮੈਂਨੇ ਕਰੇ ਹੈਂ। ਰਾਮ ਤੋ ਅਕ੍ਰੇ ਹੈਂ ਯਾਨੇ ਕੁਛ ਭੀ ਨਹੀਂ ਕਰਤੇ ਹੈਂ। ਸਰਬ ਕੇ ਹਿਰਦੇ ਮੇਂ ਰਹਿ ਕਰ ਭੀ ਅਸੰਗ ਰਹਿਤੇ ਹੈਂ। ਤਾਂਤੇ ਹੇ ਹਨੂਮਾਨ ਜੀ ਸਰਬ ਕੇ ਹਿਰਦਿਓਂ ਕਾ ਪਰਕਾਸ਼ਕ, ਪਰੀ ਪੂਰਨ ਅਜਨਮਾ ਅਬਿਨਾਸ਼ੀ ਸਚਦਾ ਨੰਦ ਸਰੂਪ ਰਾਮ ਕੋ ਜਾਣ, ਅਰ ਸਾਹਮਣੇ ਜੋ ਯਹ ਰਾਮ ਜੀ ਕੀ ਸ਼ਿਆਮ ਸੁੰਦਰ ਮੂਰਤੀ ਹੈ, ਯੇਹ ਮਾਇਕ ਭੀ ਮੇਰਾ ਰੂਪ ਹੈ। ਇਸ ਪਰਕਾਰ ਸਤ ਮਿਥਿਆ ਕਾ ਵਿਚਾਰ ਕਰ, ਅਰ ਜੋ ਤੁਮ ਕੋ ਦਿਖਾਈ ਸੁਣਾਈ ਆਤਾ ਹੈ, ਸੋ ਸਭ

ਮਾਯਾ ਹੈ, ਐਸੇ ਨਿਸਚੇ ਕਰ। ਇਸ ਪਰਕਾਰ ਸੀਤਾ ਜੀ ਹਨੂਮਾਨ ਜੀ ਕੋ ਆਪਣਾ ਮਾਯਾ ਕਾ ਸਰੂਪ, ਤਥਾ ਰਾਮ ਜੀ ਕਾ ਸਰੂਪ ਜੁਦਾ ਜੁਦਾ ਕਰ ਕਹਿਤੀ ਭਈ। ਹਨੂਮਾਨ ਜੀ ਭੀ ਸੀਤਾ ਜੀ ਦੇ ਬਚਨ ਸਰਵਣ ਕਰ, ਸਭ ਸੰਸਾਰ ਕੋ ਮਾਇਕ ਯਾਨੇ ਮਿਥਿਆ ਸਮਝ ਕਰ, ਅਨਾਤਮ ਜਾਨ ਕਰ ਤਿਆਗ ਕਰਤਾ ਭਇਆ, ਔਰ ਮਾਯਾ ਕਾ ਅਧਿਸਠਾਨ ਯਾਨੇ ਆਧਾਰ ਸਚਿਦਾਨੰਦ ਸਰੂਪ ਕੋ, ਰਾਮ ਕਾ ਸਰੂਪ ਸਮਝ ਕਰ ਉਸ ਮੇਂ ਬਿਰਤੀ ਲੀਨ ਕਰਤਾ ਭਇਆ, ਅਰ ਹਰਖ ਸ਼ੋਕ ਮੇਂ ਸਮ ਰਹਿਤਾ ਭਇਆ। ਇਸ ਤੇ ਯਹ ਨਿਸਚੇ ਹੋਆ ਜੋ ਕੁਛ ਦਿਖਾਈ ਸੁਣਾਈ ਆਤਾ ਹੈ ਸੋ ਸਭ ਮਾਇਆ ਹੈ। ਗੁਰੂ ਪਰਮਾਣ :-

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥ ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨੁ ॥ ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥**

[ਆਸਾ ਦੀ ਵਾਰ ਮ: ੧ ਸਫਾ ੪੬੪

ਅਰਥ-ਈਹਾਂ ਕੁਦਰਤ ਨਾਮ ਮਾਯਾ ਹੈ, ਗੁਰੂ ਜੀ ਨੇ ਮਾਯਾ ਕਾ ਦੂਸਰਾ ਨਾਮ ਵਿਸਮਾਦ ਭੀ ਲਿਖਾ ਹੈ :-

**ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣ ਪੂਰੈ ਭਾਗਿ ॥**

[ਆਸਾ ਦੀ ਵਾਰ ਮ: ੧ ਸਫਾ ੪੬੩



ਭਾਵ-ਯਹ ਹੈ ਗੁਰੂ ਜੀ ਨੇ ਕੁਦਰਤ ਸ਼ਬਦ ਸੇ ਅਰ ਵਿਸਮਾਦ ਸ਼ਬਦ ਸੇ, ਸਾਰਾ ਸੰਸਾਰ ਮਾਇਕ ਯਾਨੇ ਝੂਠਾ ਸਮਝਾਯਾ ਹੈ, ਅਰ ਇਸੀ ਝੂਠੇ ਮਾਇਕ ਸੰਸਾਰ ਮੇਂ ਪ੍ਰਮਾਤਮਾ ਪੂਰਨ ਹੈ। ਜੈਸੇ ਬਦਾਮੋਂ ਮੇਂ ਬਦਾਮ ਰੋਗਨ, ਸਰਬ ਦੂਧੋਂ ਮੇਂ ਘੀ, ਸਰਬ ਪੁਸ਼ਪੋਂ ਮੇਂ ਸੁਗੰਧੀ, ਪਰੰਤੂ ਉਸ ਪ੍ਰਮਾਤਮਾ ਕੋ ਇਸ ਸੰਸਾਰ ਸੇ ਜੁਦਾ ਕਰਕੇ ਸਮਝਨੇ ਵਾਲਾ ਕੋਈ ਪੂਰਨ ਭਾਗਾਂ ਵਾਲਾ ਹੈ, ਜੋ ਸਮਝਣੇ ਵਾਲਾ ਹੈ ਉਸ ਕੇ ਚਿਤ ਮੇਂ ਹਰਖ ਸ਼ੋਕ ਨਹੀਂ ਹੋਤਾ। ਇਤਨਾ ਵਿਆਖਯਾਨ ਕਰਤੇ ਦਿਨ ਅਸਤ ਹੋ ਗਿਆ, ਸਭ ਲੋਕ ਸ੍ਰੀ ਨਰਾਇਣ ਹਰੀ ਜੀ ਕੋ ਧੰਨਵਾਦ ਦੇਤੇ ਭਏ, ਅਰ ਕਹਿਤੇ ਭਏ ਆਪ ਨੇ ਬੜਾ ਸੁੰਦਰ ਅਪੂਰਵ ਪ੍ਰਕਰਣ ਸੁਣਾ ਕਰ ਹਮਾਰੇ ਕੋ ਕ੍ਰਿਤਾਰਥ ਕੀਆ ਹੈ, ਧੰਨ ਆਪ ਹੈਂ ਧੰਨ ਆਪ ਕੇ ਮਾਤਾ ਪਿਤਾ ਹੈਂ। ਕਲ ਦਿਨ ਫੇਰ ਇਸੀ ਜਗਹ ਇਸੀ ਪੰਗਤੀ ਮੇਂ ਤੀਸਰੀ ਯੁਕਤੀ ਸੁਨਾ ਕਰ ਕ੍ਰਿਤਾਰਥ ਕਰਨਾ। ਸਭਾ ਵਿਸਰਜਨ ਹੋਈ ਸਭ ਲੋਕ ਆਪੋ ਆਪਣੇ ਅਸਥਾਨੋਂ ਮੇਂ ਚਲੇ ਗਏ, ਅਰ ਸ੍ਰੀ ਨਰਾਇੰਣ ਹਰੀ ਜੀ ਸੰਤੋਂ ਕੇ ਸਾਥ ਆਪਣੇ ਆਸਣ ਤੇ ਚਲੇ ਗਏ।

## ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰ ਮਾਨ ਅਪਮਾਨਾ ॥

ਇਸ ਮੇਂ ਤੀਸਰੀ ਯੁਕਤੀ ਲਿਖਤੇ ਹੈਂ। ਤੀਸਰੇ ਦਿਨ ਪਹਿਲੇ ਹੀ ਉਸੀ ਜਗਾ ਭਗਤ ਲੋਕ ਇਕਠੇ ਹੋ ਗਏ, ਅਰ ਸ੍ਰੀ ਨਾਰਾਇਣ ਹਰੀ ਜੀ ਕੇ ਮਾਤਾ ਪਿਤਾ ਗੁਣੀ ਗਿਆਨੀ ਭੀ ਇਕੱਠੇ ਹੋ ਗਏ, ਔਰ ਸ੍ਰੀ ਦਰਬਾਰ ਸਾਹਿਬ ਜੀ ਕੀ ਯਾਤ੍ਰਾ ਕਰਤੀ ਹੂਈ ਸੰਤ ਮੰਡਲੀ ਵੀ ਆ ਗਈ, ਸਭ ਨੇ ਉਠਕੇ ਨਮਸ਼ਕਾਰ ਕਰੀ ਸਤਕਾਰ ਸੇ ਬੈਠਾਯਾ, ਔਰ ਪ੍ਰਸੰਗ ਚਲਾਤੇ ਹੋਏ ਸ੍ਰੀ ਨਾਰਾਇਣ ਹਰੀ ਜੀ ਕੋ ਪ੍ਰਾਰਥਨਾ ਕਰੀ, ਕਿ ਕਲ ਵਾਲੇ ਪ੍ਰਕਰਣ ਕੋ ਫਿਰ ਚਲਾਓ, ਯਾਨੇ ਸੁਖ ਦੁਖ ਕੋ ਸਮ ਸਮਝਨੇ ਮੇਂ ਤੀਸਰੀ ਯੁਕਤੀ ਭੀ ਸੁਣਾਓ, ਤਬ ਸਭ ਕੀ ਤੀਬਰ ਜਗਯਾਸਾ ਦੇਖ ਕਰ ਸ੍ਰੀ ਨਾਰਾਇਣ ਹਰੀ ਜੀ ਤੀਸਰੀ ਯੁਕਤੀ ਕਹਿਣੇ ਲਗੇ, ਕਿ ਸੁਖ ਦੁਖ ਈਸ਼ੁਰ ਅਧੀਨ ਹੈ। ਜੀਵ ਕੇ ਅਧੀਨ ਕੁਛ ਨਹੀਂ, ਯਹ ਸਮਝ ਕਰ ਈਸ਼ਵਰ ਕੇ ਭਾਣੇ ਮੇਂ ਭਾਈ ਭਿਖਾਰੀ ਕੀ ਨਿਯਾਈਂ ਪ੍ਰਸੰਨ ਰਹਿਣਾ ਚਾਹੀਏ। ਪ੍ਰਮਾਣ :-

**ਹਰਿ ਕੀ ਗਤਿ ਨਹਿ ਕੋਊ ਜਾਨੈ ॥ ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥ ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥ ਰੀਤੇ ਭਰੇ ਭਰੇ ਸਖਨਾਵੈ ਯਹ ਤਾਕੋ ਬਿਵਹਾਰੇ ॥ ੧ ॥ ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨ ਹਾਰਾ ॥ ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥**

[ਰਾਗ ਬਿਹਾਗੜਾ ਮ: ੯ ਸਫਾ ੫੩੭

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ ॥ ਜੈਸਾ**

ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥ ੩ ॥ ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥ ੪ ॥ ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥ ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥ ੫ ॥ ੫ ॥ ੧੨੬ ॥ [ਰਾਗ ਗਉੜੀ ਮ: ੫ ਸਫਾ ੨੦੬

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ ਕਹੁ ਨਾਨਕ ਸੁਨ ਰੇ ਮਨਾ ਹਰਿ ਭਾਵੈ ਸੋ ਹੋਇ ॥ ੩੯ ॥ ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ ॥ ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮੁ ॥ ੪੦ ॥ [ਸਲੋਕ ਮ: ੯ ਸਫਾ ੧੪੨੮

ਸਵੈਯਾ ॥ ਇਕ ਦੇਵਹਿ ਬੰਦਤ ਹੂੰ ਭਵ ਮੇ ਜੋਇ ਕਾਤਰ ਕੇ ਪਲ ਸੇਵ ਕਰਾਏ ॥ ਜਗ ਭਿੱਛਕ ਖਿਣ ਏਕ ਭਏ ਮਹਿ ਮੰਡਲ ਰਾਜ ਕੋ ਸੁਖ ਭੁਗਾਏ ॥ ਮਹਿ ਮੰਡਲ ਕੇ ਪਤਿ ਕੋ ਖਿਣ ਮੈਂ ਦਰ ਹੀ ਦਰ ਮਾਹਿ ਸੁ ਭੀਖ ਮੰਗਾਏ ॥ ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੦ ॥ [ਭਾਵਰ ਸਾਮ੍ਰਿਤ

ਸਵੈਯਾ ॥ ਜਗ ਬੀਰਨ ਕੇ ਕਰ ਤੀਰ ਹਰੇ ਅਰ ਧੀਰਨ ਕੇ ਉਰ ਧੀਰ ਛੁਡਾਏ ॥ ਖਲ ਕਾਤੁਰ ਮਹਿ ਮਹਿਮੰਡਲ ਮੇ ਜਨ ਕੋਵਿਦ ਬੀਰਨ ਬੀਰ ਕਹਾਏ ॥ ਗ੍ਰੇਹ ਦੋ ਡਿਗ ਨਾਹਿੰ ਚਲੇ ਪਗ ਸੌਂ ਤਿਨ ਕੋ ਗਿਰ ਕੋਟਨ ਕੋਟ ਲੰਘਾਏ । ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੨ ॥ ਸੁਤ ਪੰਡ ਮਹੀਅਤਿ ਕੇ ਜਿਹਨੇ ਹਰ ਰਾਜਹਿ ਕਾਨਨ ਮਾਹਿ ਫਿਰਾਏ । ਛਿਨ ਮਾਹਿ ਸੁ ਛਤ੍ਰ ਛਿਨਾਏ ਲਏ ਦੁਰਯੋਧਨ ਕੇ ਤਨ ਭੂਮਿ ਰੁਲਾਏ ॥ ਨਲ ਸੇ ਮਹੀਪਾਲ ਸੇ ਰਾਜ ਹਰੇ ਹਰੀਸ਼ ਚੰਦ ਬਨਾਰਸ ਜਾਏ ਬਿਕਾਏ । ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩ ॥ ਸੁਰ ਕੇ ਪਤ ਕੋ ਗਹਿਕੇ ਜਿਹਨੇ ਮਹੀ ਮੰਡਲ ਮੇਂ ਗੜ ਲੰਕ ਦਿਖਾਏ। ਗੜ ਕਾਂਚਨ ਸਾਗਰ ਕੀ ਪਰਖਾ ਤਹਿ ਰਾਵਣ ਕੇ ਦਸ ਮੂੰਡ ਕਟਾਏ। ਅਬ ਔਰਨ ਬਾਤ



ਕਹਾਂ ਕਹੀਏ ਹਰਿ ਤਾਤਹਿ ਕੇ ਪਗ ਸੰਗਲ ਪਾਏ । ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥੪॥ [ਭਾਵਰ ਸਾਮ੍ਰਿਤ

ਇਨ ਸਾਰੇ ਸ਼ਬਦੋਂ ਕਾ ਭਾਵ ਯੇਹ ਹੈ ਕਿ ਸੁਖ ਦੁਖ ਪਰਮੇਸ਼ਰ ਕੇ ਅਧੀਨ ਹੈ, ਅਗਰ ਸੁਖ ਦੁਖ ਜੀਵ ਕ ਅਧੀਨ ਹੋਤਾ, ਤੋ ਚਾਰੋਂ ਸਵੈਯੋਂ ਮੇਂ ਜਿਨ ਜਿਨ ਕੇ ਨਾਮ ਲਿਖੇ ਹੈਂ, ਯਾਨੇ ਮਹਾਰਾਜਾ ਯੁਧਿਸ਼ਟਰ, ਦੁਰਯੋਧਨ, ਮਹਾਰਾਜਾ ਨਲ, ਹਰੀਸ਼ ਚੰਦਰ, ਦੇਵਰਾਜ ਇੰਦਰ, ਰਾਜਾ ਰਾਵਣ, ਭਗਵਾਨ ਕ੍ਰਿਸ਼ਨ ਜੀ ਕੇ ਮਾਤਾ ਪਿਤਾ, ਵਾਸੁਦੇਵ, ਦੇਵਕੀ, ਇਤਿਆਦਿਕ ਸਮਰਥ ਹੋਣੇ ਪਰ ਦੁਖ ਨਾ ਪਾਤੇ ਪਰ ਦੁਖ ਸਭੋਂ ਨੇ ਪਾਯਾ ਤਾਂਤੇ ਸੁਖ ਦੁਖ ਈਸ਼ਵਰ ਅਧੀਨ ਹੈ, ਯਾਨੇ ਹੁਕਮ ਮੇਂ ਹੈਂ ਯਹ ਸਮਝ ਕਰ ਹੁਕਮ ਮੇਂ ਪ੍ਰਸੰਨ ਰਹਿਣਾ ਚਾਹੀਏ, ਯਾਨੇ ਸੁਖ ਦੁਖ ਮੇਂ ਸਮ ਰਹਿਣਾ ਚਾਹੀਏ। ਅਗਰ ਸਮ ਨ ਰਹੇਗਾ ਤੋ ਭੀ ਜੋ ਈਸ਼ਵਰ ਚਾਹੇਗਾ ਸੋ ਹੋਗਾ। ਈਸ਼ਵਰ ਕੇ ਦਰਬਾਰ ਮੇਂ ਹਸਨੇ ਵਾਲੇ, ਰੋ ਕਰ ਆਤੇ ਹੈਂ ਅਰ ਰੋਨੇ ਵਾਲੇ ਹਸ ਕਰ ਜਾਤੇ ਹੈਂ। ਪ੍ਰਮਾਣ:-

ਰਾਜਾ ਸ੍ਰਮ ਮਿਤਿ ਨਹੀ ਜਾਨੀ ਤੇਰੀ ॥ ਤੇਰੇ ਸੰਤਨ ਕੀ ਹਉ ਚੇਰੀ ॥ ੧ ॥ ਰਹਾਉ ॥ ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ ਬਸਤੋ ਹੋਇ ਹੋਇ ਸੁ ਊਜਰੁ ਊਜਰੁ ਹੋਇ ਸੁ ਬਸੈ ॥ ੧ ॥ ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ ਧਰਤੀ ਤੇ ਆਕਾਸੁ ਚਢਾਵੈ ਚਢੇ ਆਕਾਸ ਗਿਰਾਵੈ ॥ ੨ ॥ ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ ॥ ੩ ॥ ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ ਕਹੁ ਕਬੀਰ ਸਾਧੂ ਕੋ ਪ੍ਰੀਤਮ ਤਿਸੁ ਮੂਰਤਿ ਬਲਿਹਾਰੀ ॥ ੪ ॥ ੨ ॥ [ਸਾਰੰਗ ਕਬੀਰ ਜੀ ਸਫਾ ੧੨੫੧

ਸਾਖੀ ਭਾਗਵਤ–ਜੈਸੇ ਯਾਦਵ ਛਪਨ ਕਰੋੜ ਹੋਨੇ ਪਰ ਅਭਿਮਾਨੀ ਹੋ ਗਏ ਸੀ। ਸਬ ਕੇ ਸਾਥ ਹਾਸੀ ਮਖੌਲ ਕਰਾ ਕਰਤੇ ਥੇ, ਏਕ ਦਿਨ ਦੁਰਬਾਸ਼ਾ ਕੋ ਦੇਖ ਕਰ ਹਾਸੀ ਕਰਨੇ ਵਾਸਤੇ ਸਾਂਭ ਜੋ ਜਾਮਵੰਤੀ ਕਾ ਲੜਕਾ ਥਾ, ਬੜਾ ਸੁੰਦਰ ਥਾ ਉਸ ਕੋ ਜਨਾਨੇ ਕਪੜੇ ਪਹਿਨਾ ਕਰ, ਔਰ ਪੇਟ ਤੇ ਬਹੁਤ ਕਪੜੇ ਬਾਂਧ ਕਰ ਦੂਸਰੇ ਮੁੰਡੇ ਭੀ ਇਸਤ੍ਰੀਓਂ ਕਾ ਰੂਪ ਧਾਰਣ ਕਰ, ਹਾਸੀ ਕਰਨੇ ਵਾਸਤੇ ਦੁਰਬਾਸ਼ਾ ਸੇ ਜਾਇ ਪੂਛਾ ਕਿ ਮਹਾਰਾਜ ! ਯੇਹ ਇਸਤਰੀ ਗਰਭਵਤੀ ਹੈ ਔਰ ਆਪ ਸੇ ਪੂਛਨੇ ਮੇਂ ਸ਼ਰਮ ਕਰਤੀ ਹੈ, ਇਸ ਵਾਸਤੇ ਹਮ ਪੂਛਤੇ ਹੈਂ ਕਿ ਇਸ ਕੋ ਕਿਆ ਜੰਮੇਗਾ ? ਤਬ ਦੁਰ-ਬਾਸ਼ਾ ਨੇ ਭਗਵਾਨ ਕ੍ਰਿਸ਼ਨ ਦੇ ਪੁਤਰੋਂ ਕੋ ਅਭਿਮਾਨੀ ਦੇਖ ਕਰ, ਔਰ ਰਿਸ਼ੀਓਂ ਪਰ ਠਠੋਲ ਮਸ਼ਕਰੀ ਕਰਤ ਦੇਖ ਕਰ ਕਹਿਨੇ ਲਗੇ, ਇਸ ਕੇ ਗਰਭ ਸੇ ਯਾਦਵੋਂ ਕੀ ਕੁਲ ਕਾ ਨਾਸ਼ ਕਰਨ ਵਾਲਾ ਏਕ ਮੂਸਲ ਨਿਕਲੇਗਾ। ਐਸਾ ਕ੍ਰੋਧ ਮਈ ਵਚਨ ਸੁਨ ਕਰ ਬਾਲਕ ਡਰ ਗਏ, ਔਰ ਉਸ ਕੇ ਪੇਟ ਸੇ ਕਪੜੇ ਖੋਹਲੇ

ਬਰਾਬਰ ਮੂਸਲ ਨਿਕਲਾ ਮੂਸਲ ਕੋ ਦੇਖ ਕਰ ਰੋਣੇ ਲਗੇ । ਔਰ ਭਗਵਾਨ ਕ੍ਰਿਸ਼ਨ ਕੋ ਸਭ ਹਾਲ ਸੁਨਾਯਾ। ਭਗਵਾਨ ਕ੍ਰਿਸ਼ਨ ਕਹਿਨੇ ਲਗੇ, ਈਸ਼ਵਰ ਇੱਛਾ ਐਸ ਹੀ ਹੋਨੀ ਥੀ । ਅਬ ਸਭ ਯਾਦਵੋਂ ਕਾ ਨਾਸ਼ ਹੋਗਾ । ਅਬ ਇਸ ਲੋਹੇ ਕੇ ਟੁਕੜੇ ਮੂਸਲ ਕੋ ਪੀਸ ਕਰ ਸਮੁੰਦਰ ਮੇਂ ਗੇਰ ਦੋ । ਉਨੋਂ ਨੇ ਪੀਸ ਕਰ ਗੇਰਾ ਏਕ ਥੋੜਾ ਸਾ ਟੁਕੜਾ ਥਾ ਉਸਕੋ ਮਛੀ ਨੇ ਨਿਗਲ ਲੀਆ, ਮਛੀ ਝੀਵਰ ਨੇ ਪਕੜੀ ਔਰ ਮਛੀ ਕੇ ਪੇਟ ਸੇ ਲੋਹਾ ਨਿਕਲਾ, ਉਸਕੋ ਆਪਣੇ ਬਾਣ ਕੀ ਮੁਖੀ ਪਰ ਲਗਾਯਾ ਅਰ ਉਹ ਬਾਣ ਸ੍ਰੀ ਕ੍ਰਿਸ਼ਨ ਜੀ ਦੇ ਚਰਨੋਂ ਮੇਂ ਬੱਧਕ ਨੇ ਮਾਰਾ, ਜਿਸ ਸੇ ਭਗਵਾਨ ਨੇ ਆਪਨਾ ਸਰੀਰ ਛੋਡ ਦੀਆ । ਅਰ ਬਾਕੀ ਛਪਨ ਕ੍ਰੋੜ ਯਾਦਵ ਜੋ ਸਮੁੰਦਰ ਮੇਂ ਚੂਰਾ ਕਰ ਫੈਂਕ ਦੀਆ ਥਾ, ਉਸ ਸੇ ਤੀਖਾ ਘਾਸ ਪੈਦਾ ਹੋ ਗਿਆ ਥਾ, ਫੇਰ ਸਭ ਯਾਦਵ ਪ੍ਰਭਾਸ ਖੇਤ੍ਰ ਮੇਂ ਜਾਕਰ ਸ਼ਰਾਬ ਪੀ ਕਰ ਆਪਸ ਮੇਂ ਲੜ ਪੜੇ। ਅਰ ਵੋਹੀ ਤੀਖਾ ਤੀਖਾ ਘਾਸ ਉਖਾੜ ਕਰ ਏਕ ਦੂਸਰੇ ਕੋ ਮਾਰਤੇ ਭਏ । ਇਸ ਪ੍ਰਕਾਰ ਸਾਰੇ ਯਾਦਵ ਮਰ ਗਏ । ਸੋ ਹਸਤੇ ਹਸਤੇ ਯਾਦਵ ਦੁਰਬਾਸ਼ਾ ਪਾਸ ਆਏ ਥੇ, ਅਬ ਰੋਤੇ ਰੋਤੇ ਚਲੇ ਗਏ। ਪ੍ਰਮਾਣ :-

**ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਇਹ ਫਲ ਪਾਏ ॥**

ਤਾਂਤੇ ਪ੍ਰਮੇਸ਼ਰ ਜੋ ਚਾਹੇ ਸੋ ਕਰਤਾ ਹੈ । ਜੀਵ ਦੇ ਅਧੀਨ ਕਿਛ ਨਹੀਂ ।

**ਬਸਤੋ ਹੋਇ ਹੋਇ ਸੁ ਊਜਰ ਊਜਰ ਹੋਇ ਸੁ ਬਸੈ ॥**

ਅਰਥ-ਪ੍ਰਮੇਸਰ ਚਾਹੇ ਤੋ ਬਸਤੇ ਗ੍ਰਾਮ ਕੋ ਉਜਾੜ ਦੇਵੇ ਅਰ ਉਜਾੜ ਮੇਂ ਚਾਹੇ ਤੋ ਬਸਤੀਆਂ ਬਨਾ ਦੇਵੇ । ਜਬ ਦਸਮੇਸ਼ ਪਾਤਸ਼ਾਹ ਜੀ ਕੋ ਖਬਰ ਹੂਈ ਕਿ ਦੋਨੋਂ ਸਾਹਿਬਜ਼ਾਦੇ, ਸਰਹੰਦ ਮੇਂ ਚੁਨਾਏ ਗਏ ਤਬ ਗੁਰੂ ਜੀ ਨੇ ਸ਼ਾਪ ਦੀਆ, ਕਿ ਸਰਹੰਦ ਸ਼ਹਿਰ ਉੱਜੜ ਜਾਵੇ, ਜੋ ਬੜਾ ਭਾਰੀ ਸ਼ਹਿਰ ਕਈ ਕੋਸੋਂ ਮੇਂ ਵਸਾ ਹੂਆ ਥਾ, ਬੰਦੇ ਬਹਾਦਰ ਨੇ ਆਕਰ ਸ਼ਹਿਰ ਕੋ ਉਜਾੜ ਦੀਆ, ਅਰ ਈਟ ਈਟ ਕਰ ਸ਼ਹਿਰ ਕੋ ਤੋੜ ਦੀਆ, ਤੋ ਪ੍ਰਮੇਸ਼ਵਰ ਚਾਹੇ ਤੋ ਬਸਤੀ ਕੋ ਉਜਾੜ ਕਰ ਦੇਤਾ ਹੈ, ਅਰ ਉਜੜੇ ਕੋ ਵਸਾ ਦੇਤਾ ਹੈ। ਸਾਖੀ:-ਮਾਲਵਾ ਦੇਸ ਜੋ ਉਜੜਿਆ ਹੋਇਆ ਸੀ ਯਾਨੇ ਜੰਗਲ ਸੀ, ਉਸਕੋ ਦਸਮੇਸ਼ ਗੁਰੂ ਜੀ ਨੇ ਵਰ ਦੇ ਕੇ ਵਸਾ ਦੀਆ ਅਬਾਦ ਕਰ ਦੀਆ, ਜਦ ਦਸਮੇਸ਼ ਗੁਰੂ ਜੀ ਮਾਲਵੇ ਗਏ ਤੋ ਸਰਦਾਰ ਡੱਲਾ ਸਿੰਘ ਨੇ, ਬੜੀ ਸੇਵਾ ਕਰਕੇ ਗੁਰੂ ਜੀ ਕੋ ਪ੍ਰਸੰਨ ਕੀਆ, ਗੁਰੂ ਜੀ ਪ੍ਰਸੰਨ ਹੋ ਕਰ ਕਹਿਣੇ ਲਗੇ ਦੇਖ ਡੱਲੇ ਕੈਸਾ ਪਾਣੀ ਚਮਕ ਰਹਾ ਹੈ, ਨਹਿਰਾਂ ਵਗ ਰਹੀਆਂ ਹਨ । ਡੱਲੇ ਨੇ ਕਹਾ ਪਾਤਸ਼ਾਹ ਇਹ ਤੋ ਮਿਰਗ ਜਲ ਹੈ, ਰੇਤਾ ਚਮਕ ਰਹਾ ਹੈ ਜਾਨੇ ਥਲ ਹੈ । ਫੇਰ ਦਸਮੇਸ਼ ਜੀ ਨੇ ਕਹਾ ਡੱਲੇ ਦੇਖ ਕੈਸੇ ਅੰਬ ਅਨਾਰ ਲਟਕ ਰਹੇ ਹਨ, ਡੱਲੇ ਨੇ ਕਹਾ ਪਾਤਸ਼ਾਹੁ ਜਹਾਂ ਅੱਕ ਅਰ ਕਿਕਰਾਂ ਹੈਂ । ਗੁਰੂ ਜੀ ਕਹਿਣੇ ਲਗੇ ਡੱਲਾ ਤੈਨੇ ਬਚਨ ਲੌਟਾਯਾ ਹੈ, ਨਹੀਂ ਤਾਂ ਸਭ ਕੁਛ ਹੁਣ ਹੀ ਹੋ ਜਾਣਾ ਥਾ, ਪਰ ਅਬ ਕਾਲ ਪਾਕੇ ਸਭ ਕੁਛ ਹੋ ਜਾਏਗਾ। ਸੋ ਮਾਲਵਾ



ਉਜਾੜ ਥਾ ਗੁਰੂ ਜੀ ਕੇ ਵਰ ਸੇ ਅਬਾਦ ਹੋ ਗਿਆ ਇਸਤਰਾਂ ਵਸਤਾ ਹੋਆ ਐਮਨਾਬਾਦ ਸ਼ਹਿਰ, ਸ੍ਰੀ ਗੁਰੂ ਨਾਨਕ ਦੇਵ ਜੀ ਕੇ ਸ਼ਾਪ ਸੇ ਉਜੜ ਗਿਆ । ਜਬ ਗੁਰੂ ਨਾਨਕ ਦੇਵ ਜੀ ਐਮਨਾਬਾਦ ਗਏ ਹਨ, ਤਾਂ ਭਾਈ ਮਰਦਾਨੇ ਕੋ ਭੁਖ ਲਗੀ ਹੈ, ਤਬ ਉਹ ਭੋਜਨ ਮਾਂਗਨੇ ਵਾਸਤੇ ਸ਼ਹਿਰ ਮੇਂ ਗਇਆ । ਪਠਾਣੋ ਕਾ ਵਿਵਾਹ ਥਾ ਸ਼ਰਾਬ ਪੀ ਕਰ ਮਸਤ ਹੋ ਰਹੇ ਥੇ, ਮਰਦਾਨੇ ਨੇ ਭੋਜਨ ਮਾਂਗਾ ਉਨੋਂ ਨੇ ਭੋਜਨ ਤੋ ਕਿਆ ਹੀ ਦੇਣਾ ਥਾ, ਉਲਟਾ ਮਰਦਾਨੇ ਕੋ ਪਕੜ ਕਰ ਬਹੁਤ ਮਾਰਾ, ਅਰ ਮਰਦਾਨਾ ਰੋਤਾ ਰੋਤਾ ਗੁਰੂ ਜੀ ਪਾਸ ਆਯਾ, ਗੁਰੂ ਜੀ ਨੇ ਤਦ ਕੋਪ ਕਰਕੇ ਪਠਾਣੋਂ ਕੇ ਵਾਸਤੇ ਯੇਹ ਸ਼ਬਦ ਉਚਾਰਿਆ :-

**ਜਿਨ ਸਿਰਿ ਸੋਹਨਿ ਪਟੀਆ ਮਾਗੀ ਪਾਇ ਸੰਧੂਰੁ ॥ ਸੇ ਸਿਰਿ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ ੧ ॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥ ੧ ॥ ਰਹਾਉ ॥ ਜਦਹੁ ਸੀਆਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨਿ ਬਹਿਠੀਆ ਇਕ ਲਖੁ ਲਹਨਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ ॥ ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ ॥ ੩ ॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥ ੪ ॥ ਅਗੋ ਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ ੫ ॥ ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨਾ ਏਹੋ ਲਿਖਿਆ ਬਹਿ ਬਹਿ ਰੋਵੈ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥ ੭ ॥ ੧੨ ॥**

[ਰਾਗ ਆਸਾ ਅਸਟਪਦੀਆ ਮ: ੧ ਸਫਾ ੪੧੭

ਇਸ ਪ੍ਰਕਾਰ ਪ੍ਰਮੇਸੁਰ ਚਾਹੇ ਤੋ ਵਸੇ ਹੋਏ ਕੋ ਉਜਾੜ ਸਕਤਾ ਹੈ, ਔਰ ਉਜੜਿਓਂ ਕੋ ਵਸਾ ਸਕਤਾ ਹੈ, ਸਭ ਕੁਛ ਪ੍ਰਮੇਸੁਰ ਕੇ ਹਥ ਹੈ। ਪ੍ਰੰਤੂ ਜੋ ਪ੍ਰਮੇਸੁਰ ਕੀ ਆਗਯਾ ਮੇਂ ਪ੍ਰਸੰਨ ਰਹਿਤਾ ਹੈ ਵੋਹੀ ਜੀਵਨ ਮੁਕਤ ਕਹਾਤੇ ਹੈਂ। ਪ੍ਰਮਾਣ:-

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥**

[ਗਉ: ਸੁਖਮਨੀ ਮ: ੫ ਸਫਾ ੨੭੫

## ਜਲ ਤੇ ਥਲ ਕਰ ਥਲ ਤੇ ਕੂਆ ਕੂਪ ਤੇ ਮੇਰ ਕਰਾਵੈ ॥

ਇਸਕਾ ਅਰਥ ਯੇਹ ਹੈ ਪ੍ਰਮਾਤਮਾ ਚਾਹੇ ਜਲ ਸੇ ਥਲ ਔਰ ਥਲ ਸੇ ਜਲ ਬਨਾ ਸਕਤਾ ਹੈ। ਜੈਸੇ ਪੰਜਾਬ ਮੇਂ ਪੰਜੇ ਸਾਹਿਬ ਸ਼ਹਿਰ ਮੇਂ ਊਪਰ ਪਹਾੜੀ ਪਰ, ਏਕ ਵਲੀ ਕੰਧਾਰੀ ਫਕੀਰ ਰਹਿਤਾ ਥਾ, ਉਸਕੇ ਪਾਸ ਪਹਾੜੀ ਪਰ ਹੀ ਜਲ ਕੀ ਤਲਾਈ ਭਰੀ ਰਹਿਤੀ ਥੀ। ਜਬ ਦੇਸ਼ ਰਟਨ ਕਰਤੇ, ਸ੍ਰੀ ਗੁਰੂ ਨਾਨਕ ਜੀ ਬਾਲਾ ਮਰਦਾਨਾ ਪੰਜੇ ਸਾਹਿਬ ਪਹਾੜੀ ਮੇਂ ਪਹੁੰਚੇ, ਮਰਦਾਨੇ ਕੋ ਪਿਆਸ ਲਗੀ ਨੀਚੇ ਥਲ ਹੀ ਥਾ,ਜਲ ਕਹੀਂ ਦਿਖਾਈ ਨਹੀਂ ਆਤਾ ਥਾ,ਤਬ ਗੁਰੂ ਜੀਕਹਿਨੇ ਲਗੇ ਊਪਰ ਵਲੀ ਕੰਧਾਰੀ ਕੇ ਪਾਸ ਜਲ ਕੀ ਤਲਾਈ ਹੈ, ਉਸ ਕੇ ਪਾਸ ਜਾਕੇ ਪੀ ਆ। ਮਰਦਾਨਾ ਊਪਰ ਪਹਾੜੀ ਤੇ ਗਿਆ ਫਕੀਰ ਸੇ ਜਲ ਮਾਂਗਾ, ਫਕੀਰ ਨੇ ਪੂਛਾ ਤੂੰ ਕਉਣ ਹੈਂ ਕਹਾਂ ਰਹਿਤਾ ਹੈਂ ? ਮਰਦਾਨੇ ਨੇ ਕਹਾ ਮੈਂ ਮੁਸਲਮਾਨ ਰਬਾਬੀ ਤਲਵੰਡੀ ਕੇ ਰਹਿਨੇ ਵਾਲਾ ਹੂੰ, ਇਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਪਾਸ ਰਹਿ ਕਰ ਕੀਰਤਨ ਕਰਤਾ ਹੂੰ, ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਕੀ ਬੜੀ ਉਸਤਤਿ ਕਰੀ,ਉਸਕੇ ਬਚਨ ਸੁਣ ਫਕੀਰ ਜਲ ਬਲ ਗਿਆ,ਅਰ ਕਹਾ ਕਾਫਰ ਮੁਸਲਮਾਨ ਹੋ ਕੇ ਹਿੰਦੂ ਪਾਸ ਰਹਿਤਾ ਹੈ ਅਰ ਹਿੰਦੂ ਕੀ ਉਸਤਤੀ ਕਰਤਾ ਹੈਂ ? ਜਾਹ ਚਲਾ ਜਾਹ ! ਹਮ ਪਾਣੀ ਨਹੀਂ ਦੇਤੇ ! ਆਪਣੇ ਗੁਰੂ ਸੇ ਜਾ ਕੇ ਪਾਣੀ ਲੇ । ਐਸੇ ਕਹਿ ਕਰ ਮਰਦਾਨੇ ਕੋ ਲੌਟਾ ਦੀਆ। ਮਰਦਾਨਾ ਗੁਰੂ ਜੀ ਪਾਸ ਆਯਾ, ਕਹਾ ਫਕੀਰ ਆਪ ਕੀ ਉਸਤਤੀ ਸੁਣ ਕਰ ਜਲ ਬਲ ਗਿਆ ਹੈ ਪਾਣੀ ਨਹੀਂ ਦੇਤਾ । ਗੁਰੂ ਜੀ ਨੇ ਦੂਸਰੀ ਵਾਰ ਮਰਦਾਨੇ ਕੋ ਭੇਜਾ, ਫਿਰ ਭੀ ਪਾਣੀ ਨਾ ਦੀਆ, ਫੇਰ ਤੀਸਰੀ ਵਾਰੀ ਭੇਜਾ, ਤਬ ਫਕੀਰ ਨੇ ਕਰੋਧ ਸੇ ਕਹਾ ਜਿਨ ਕੀ ਤੂੰ ਉਸਤਤੀ ਕਰਤਾ ਹੈ, ਕਿਆ ਓਹ ਤੇਰੇ ਕੋ ਪਾਣੀ ਭੀ ਨਹੀਂ ਪਿਲਾ ਸਕਤੇ ? ਜਾਹ ਚਲਾ ਜਾਹ। ਤਬ ਮਰਦਾਨਾ ਗੁਰੂ ਜੀ ਕੇ ਪਾਸ ਆਯਾ, ਅਰ ਕਹਿਣੇ ਲਗਾ ਕਿ ਪਾਣੀ ਤੋਂ ਬਿਨਾਂ ਮੇਰੇ ਪ੍ਰਾਣ ਚਲੇ ਜਾ ਰਹੇ ਹਨ, ਜਲਦੀ ਪਾਣੀ ਪਿਲਾਓ। ਤਬ ਗੁਰੂ ਜੀ ਨੇ ਬੈਠੇ ਬੈਠੇ ਹੀ ਪਹਾੜ ਕੋ ਹਾਥ ਕਾ ਪੰਜਾ ਲਗਾ ਦੀਆ, ਊਪਰ ਕਾ ਸਭ ਪਾਣੀ ਨੀਚੇ ਆ ਗਿਆ ਤਲਾਈ ਸੂਕ ਗਈ। ਮਰਦਾਨਾ ਪਾਣੀ ਪੀ ਬੜਾ ਪ੍ਰਸੰਨ ਹੋਇਆ। ਵਹਾਂ ਫਕੀਰ ਨੇ ਤਲਾਈ ਕਾ ਜਲ ਸੂਕਾ ਦੇਖਾ, ਗੁਰੂ ਜੀ ਕੋ ਸਮਰਥ ਸਮਝ ਕਰ ਚਰਨੋਂ ਮੇਂ ਆ ਪੜਾ। ਗੁਰੂ ਜੀ ਨੇ ਉਸ ਕੋ ਉਪਦੇਸ਼ ਦੇਕਰ ਚਿਤ ਸ਼ਾਂਤ ਕੀਆ। ਤਬ ਸੇ ਪਹਾੜੀ ਪਰ ਤਾਲਾਬ ਸੂਕਾ ਰਹਿਤਾ ਹੈ, ਅਰ ਨੀਚੇ ਜੋ ਥਲ ਥਾ ਵਹਾ ਜਲ ਹੋ ਗਿਆ ਹੈ। ਪ੍ਰਮੇਸੁਰ ਚਾਹੇ ਤੋ ਜਲ ਸੇ ਥਲ, ਅਰ ਥਲ ਸੇ ਜਲ ਕਰ ਸਕਦਾ ਹੈ। ਇਸੀ ਤਰ੍ਹਾਂ ਹੀ ਪ੍ਰਮੇਸੁਰ ਚਾਹੇ ਤਾਂ, ਕੂਪ ਤੇ ਮੇਰੂ ਕਰਾ ਸਕਤਾ ਹੈ ਭਾਵ, ਨੀਚੋਂ ਕੋ ਬੜਾ ਕਰ ਸਕਦਾ ਹੈ। ਜੈਸੇ ਗੁਰੂ ਨਾਨਕ ਜੀ ਬਾਲਾ ਮਰਦਾਨਾ, ਘੁਮਤੇ ਘੁਮਤੇ ਜਬ ਕਾਬਲ ਪਹੁੰਚੇ ਹੈਂ, ਤੋ ਕੂਪ ਕੇ ਸਾਦ੍ਰਿਸ਼ ਨੀਵੀਂ ਜੋ ਮਸੀਤ ਸੀ, ਉਸ ਕੋ ਉਠਾ ਕੇ ਮੇਰੂ ਸਾਦ੍ਰਿਸ ਊਚਾ ਲੇ ਗਏ ਥੇ, ਇਸ ਪ੍ਰਕਾਰ ਗੁਰੂ ਜੀ ਕਾਬਲ ਮੇਂ ਕੌਤਕ ਦਿਖਾ ਕਰ ਪੂਜਯ ਹੋ ਗਏ । ਅਬ ਤਕ ਕਾਬਲ ਕੇ ਲੋਗ ਗੁਰੂ ਜੀ ਕੋ ਆਪਨਾ ਗੁਰੂ ਮਾਨਤੇ ਹੈਂ। ਫਿਰ ਗੁਰੂ ਜੀ ਆਗੇ ਗਏ ਤੋ ਚਣਿਓਂ ਕਾ ਖੇਤ ਪੱਕਾ ਹੂਆ ਦੇਖਾ । ਮਰਦਾਨੇ ਕਾ ਚਿਤ ਖਾਨੇ ਕੋ ਕਰਾ, ਤਬ ਖੇਤ ਕਾ ਰਾਖਾ ਬਾਲਕ ਆਪ ਹੀ ਬੂਟੇ ਤੋੜ ਲਾਇਆ, ਅਰ ਅਗਨੀ ਜਲਾ ਮਰਦਾਨੇ ਕੋ ਚਣੇ ਖਿਲਾਤਾ ਰਹਾ। ਤਬ ਬਾਲਕ ਕੇ ਮਨ ਮੇਂ ਫੁਰਨਾ ਹੂਆ, ਕਿ ਗੁਰੂ ਨਾਨਕ ਦੇਵ ਜੀ ਵਾਸਤੇ ਕੋਈ ਪਕਵਾਨ ਲਿਆਵਾਂ, ਤਥਾ ਬਿਸਤਰਾ ਲਿਆਵਾਂ ਐਸਾ ਖਿਆਲ ਕਰ ਘਰ ਕੋ ਜਾਣੇ ਲਗਾ, ਤਬ ਮਰਦਾਨੇ ਨੇ ਗੁਰੂ ਜੀ ਕੋ ਕਹਾ ਕਿ ਇਸ ਬਾਲਕ ਉਪਰ ਕ੍ਰਿਪਾ ਕਰੋ, ਇਸ ਕੋ ਸੁਲਤਾਨ ਬਣਾ ਦਿਓ, ਤਬ ਗੁਰੂ ਨਾਨਕ ਦੇਵ ਬਾਲਕ ਕੋ ਬੁਲਾ ਕਰ ਕਹਿਣੇ ਲਗੇ, ਹਮਾਰੇ ਕੋ ਬਿਸਤਰੇ ਅਥਵਾ ਪਕਵਾਨ ਕੀ ਕੋਈ ਜ਼ਰੂਰਤ ਨਹੀਂ, ਤੁਮ ਪਰੇਮੀ ਹੋ ਭਗਤੀ ਮੇਂ ਰੱਤੇ ਹੂਏ ਹੋ ਆਜ ਤੂੰ ਬਾਦਸ਼ਾਹੀ ਤਖਤ ਪਰ ਬੈਠੇਂਗਾ, ਆ ਹਮਾਰੇ ਪਾਸ ਬੈਠ ਜਾਹ । ਪ੍ਰਮਾਣ ਨਾਨਕ ਪ੍ਰਕਾਸ਼ ਉਤ੍ਰਾਰਧ ਅਧਿਆਇ ॥ ੩੫ ॥

## ਸ੍ਰੀ ਗੁਰੋ ਵਾਚ-ਸੱਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ ॥ ਨਾਨਕ ਸਿਫਤੀ ਰਤਿਆ ਆਉ ਬਹੁ ਸੁਲਤਾਨ ॥

ਗੁਰੂ ਜੀ ਕਹਿਣੇ ਲਗੇ ਅਬ ਘਰ ਨਾ ਜਾਓ, ਸਵੇਰੇ ਇਸ ਦਰਵਾਜੇ ਸੇ ਸ਼ਹਿਰ ਮੇਂ ਜਾਨਾ, ਤੇਰੇ ਕੋ ਕਾਬਲ ਕੀ ਬਾਦਸ਼ਾਹੀ ਮਿਲੇਗੀ। ਕਾਬਲ ਕਾ ਬਾਦਸ਼ਾਹ ਉਸ ਵਕਤ ਮਰ ਚੁਕਾ ਥਾ,ਉਸਕੋ ਔਲਾਦ ਨਹੀਂ ਥਾ, ਵਜ਼ੀਰੋਂ ਨੇ ਸਲਾਹ ਕਰੀ ਥੀ, ਪ੍ਰਾਤਾਕਾਲ ਸ਼ਹਿਰ ਕੇ ਸ਼ਾਹੀ ਦਰਵਾਜੇ ਮੇਂ ਦਰਵਾਜ਼ਾ ਖੋਹਲਤੇ ਹੀ ਜੋ ਆਦਮੀ ਮਿਲੇਗਾ, ਉਸ ਕੋ ਬਾਦਸ਼ਾਹ ਬਨਾਏਂਗੇ। ਗੁਰੂ ਜੀ ਕੇ ਬਚਨ ਮਾਨ ਕਰ ਓਹ ਬਾਲਕ ਸਵੇਰੇ ਦਰਵਾਜੇ ਤੇ ਗਿਆ, ਦਰਵਾਜਾ ਖੁਲਤੇ ਹੀ ਪਹਿਲੇ ਓਹ ਹੀ ਮਿਲਾ, ਅਰ ਉਸ ਕੋ ਬਾਦਸ਼ਾਹ ਬਨਾਯਾ ਗਿਆ। ਇਸ ਪਰਕਾਰ ਪਰਮੇਸ਼ਰ ਚਾਹੇ ਕੂਪ ਕੀ ਨਿਆਈਂ ਜੋ ਅਤੀ ਨੀਵੇਂ ਜਾਨੇ ਦਰਿਦਰੀ ਹੈਂ, ਉਨੋ ਕੋ ਮੇਰੂ ਬਰਾਬਰ ਊਚਾ ਸ਼ਹਿਨਸ਼ਾਹ ਬਣਾ ਸਕਤਾ ਹੈ।

## ਧਰਤੀ ਤੇ ਆਕਾਸ ਚੜਾਵੈ ਚੜੇ ਆਕਾਸ ਗਿਰਾਵੈ ॥

ਪਰਮੇਸ਼ਵਰ ਚਾਹੇ ਤੋ ਧਰਤੀ ਯਾਨੇ ਮਾਤ ਲੋਕ ਮੇਂ ਰਹਿਨੇ ਵਾਲੋਂ ਕੋ ਆਕਾਸ਼

ਯਾਨੇ ਸਵਰਗ ਕਾ ਰਾਜਾ ਬਣਾ ਦੇਤਾ ਹੈ, ਅਰ ਸਵਰਗ ਸੇ ਧਰਤੀ ਮੇਂ ਗਿਰਾ ਦੇਤਾ ਹੈ। ਜੈਸੇ ਸਕੰਧ ਪੁਰਾਣ ਕਿਦਾਰ ਖੰਡ ਕੇ ਪੰਦਰਵੇਂ ਅਧਿਆਯ ਮੇਂ ਲਿਖਾ ਹੈ। ਏਕ ਸਮੇਂ ਇੰਦਰ ਕੋ ਅਭਿਮਾਨ ਹੂਆ ਮੈਂ ਤੇਤੀਸ ਕਰੋੜ ਦੇਵਤੋਂ ਕਾ ਰਾਜਾ ਹੂੰ, ਗੁਰੂ ਬ੍ਰਹਸਪਤੀ ਕੇ ਆਗੇ ਸਭਾ ਸਹਿਤ ਉਠ ਕਰ ਖੜਾ ਹੋ ਜਾਤਾ ਹੂੰ ਕਿਆ ਜਰੂਰਤ ਹੈ? ਬ੍ਰਹਸਪਤੀ ਮੇਰਾ ਕੀ ਸੁਧਾਰਤਾ ਹੈ? ਐਸਾ ਵਿਚਾਰ ਕਰ ਬ੍ਰਹਸਪਤੀ ਜੀ ਕੇ ਆਨੇ ਪਰ ਨ ਉਠਾ, ਅਰ ਨ ਨਮਸਕਾਰ ਕਰੀ। ਬ੍ਰਹਸਪਤੀ ਜੀ ਇੰਦਰ ਕੋ ਹੰਕਾਰੀ ਦੇਖ ਕਰ ਸਭਾ ਮੇਂ ਨਾ ਬੈਠੇ ਵਾਪਸ ਚਲੇ ਗਏ। ਇੰਦਰ ਨੇ ਉਨ ਕੋ ਬੁਲਾਯਾ ਭੀ ਨਹੀਂ ਅਰ ਨ ਹੀ ਮਨਾਯਾ। ਦੈਤੋਂ ਕੋ ਪਤਾ ਲਗਾ ਕਿ ਇੰਦਰ ਨੇ ਗੁਰੂ ਜੀ ਕੋ ਨਾਰਾਜ ਕਰ ਦੀਆ ਹੈ, ਅਬ ਗੁਰੂ ਜੀ ਉਸਕੇ ਰਖਯਕ ਨਹੀਂ ਹੋਵੇਂਗੇ। ਤਬ ਦੈਤੋਂ ਨੇ ਯੁਧ ਮੇਂ ਇੰਦਰ ਕੋ ਜੀਤਨੇ ਕੀ ਤਯਾਰੀ ਕਰੀ। ਇੰਦਰ ਤਬ ਭੀ ਗੁਰੂ ਬ੍ਰਹਸਪਤ ਜੀ ਕੋ ਮਨਾਨੇ ਨਾ ਗਿਆ, ਅਰ ਬ੍ਰਹਮਾ ਸੇ ਯੱਗ ਕਰਾਨੇ ਵਾਲਾ ਬ੍ਰਾਹਮਣ ਮਾਂਗਤਾ ਭਇਆ। ਤਬ ਬ੍ਰਹਮਾ ਜੀ ਨੇ ਇੰਦਰ ਕੋ ਬਹੁਤ ਸਮਝਾਇਆ ਕਿ ਆਪਣੇ ਗੁਰੂ ਬ੍ਰਹਸਪਤੀ ਕੋ ਮਨਾ ਲੋ, ਪਰੰਤੂ ਇੰਦਰ ਨੇ ਬ੍ਰਹਮਾ ਜੀ ਕੇ ਬਚਨ ਪਰੇਮ ਸੇ ਨ ਮਾਨੇ, ਅਰ ਕਹਾ ਕੋਈ ਦੂਸਰਾ ਬ੍ਰਾਹਮਣ ਦਿਓ। ਤਬ ਬ੍ਰਹਮਾ ਜੀ ਨੇ ਕਹਾ ਤ੍ਰਿਸ਼ਟਾ ਰਿਖੀ ਕਾ ਪੁਤਰ, ਵਿਸ੍ਵ ਰੂਪ ਨਾਮ ਵਾਲਾ ਬ੍ਰਾਹਮਣ ਬੜਾ ਵਿਦਵਾਨ ਹੈ, ਪਰੰਤੂ ਦੈਤੋਂ ਕਾ ਦੋਹਤਰਾ ਹੈ, ਯੱਗ ਕਰਾਤੇ ਸਮੇਂ ਤੂੰ ਖਿਆਲ ਰਖਣਾ ਕਿ ਆਪਣੇ ਨਾਨਕਿਓਂ ਕੀ ਬ੍ਰਿਧੀ ਕੇ ਲੀਏ ਬਲੀ ਨ ਦੇਵੇ। ਇੰਦਰ ਨੇ ਕਹਾ ਇਸ ਬਾਤ ਕਾ ਮੈਂ ਅਛੀ ਤਰ੍ਹਾਂ ਖਿਆਲ ਕਰੂੰਗਾ। ਤਬ ਇੰਦਰ ਨੇ ਵਿਸ੍ਵ ਰੂਪ ਸੇ ਯੱਗ ਕਰਾਨਾ ਸ਼ੁਰੂ ਕੀਆ, ਉਸ ਯੱਗ ਮੇਂ ਗੁਪਤ ਰੀਤੀ ਸੇ ਦੈਤੋਂ ਕੀ ਬ੍ਰਿਧੀ ਕੇ ਲੀਏ ਉਸ ਨੇ ਬਲੀ ਦਈ, ਤਬ ਇੰਦਰ ਕੋ ਪਤਾ ਲਗਨੇ ਪਰ ਕ੍ਰੋਧ ਹੂਆ। ਕ੍ਰੋਧ ਸੇ ਵਿਸ੍ਵ ਰੂਪ ਕੋ ਮਾਰ ਦੀਆ, ਬ੍ਰਾਹਮਣ ਕੇ ਮਾਰਨੇ ਸੇ ਇੰਦਰ ਕੋ ਬ੍ਰਹਮ ਹਤਯਾ ਚੰਬੜ ਗਈ, ਪੁੰਨ ਖੀਣ ਹੋ ਗਿਆ, ਆਪਣੇ ਕੋ ਪਾਪੀ ਸਮਝ ਕਰ ਛਿਪ ਕਰ ਜਲ ਮੇਂ ਰਹਿਣੇ ਲਗਾ, ਤਬ ਇੰਦਰ ਪਦਵੀ ਖਾਲੀ ਦੇਖ ਕਰ, ਸਭ ਦੇਵਤਾਓਂ ਔਰ ਰਿਸ਼ੀ ਲੋਕੋਂ ਨੇ, ਮਾਤ ਲੋਕ ਕੇ ਰਾਜਾ ਨਿਹੋਸ਼ ਕੋ, ਸਵਰਗ ਕਾ ਰਾਜਾ ਬਨਾਯਾ, ਇਸ ਸੇ ਲਿਖਾ ਹੈ "ਧਰਤੀ ਤੇ ਆਕਾਸ ਚੜਾਵੈ", ਫੇਰ ਨਿਹੋਸ਼ ਰਾਜਾ ਨੇ ਇੰਦ੍ਰਾਣੀ ਕੋ ਬੁਲਾਯਾ, ਇੰਦ੍ਰਾਣੀ ਕਹਿਣੇ ਲਗੀ ਮੇਰਾ ਪਤੀ ਇੰਦ੍ਰ ਅਬੀ ਮਰਾ ਨਹੀਂ, ਇਸ ਵਾਸਤੇ ਮੈਂ ਤੁਮਾਰੀ ਇਸਤ੍ਰੀ ਨਹੀਂ ਹੋ ਸਕਤੀ। ਨਿਹੋਸ਼ ਨੇ ਜ਼ਬਰਦਸਤੀ ਸੇ ਇੰਦ੍ਰਾਣੀ ਕੋ ਮੰਗਵਾਣਾ ਚਾਹਾ, ਤਬ ਇੰਦ੍ਰਾਣੀ ਗੁਰੂ ਬ੍ਰਹਸਪਤੀ ਪਾਸ ਗਈ, ਕਹਾ ਕ੍ਰਿਪਾ ਕਰਕੇ ਮੇਰੇ ਧਰਮ ਕੀ ਰਖਯਾ ਕਰੋ, ਤਬ ਬ੍ਰਹਸਪਤੀ ਨੇ ਇੰਦ੍ਰਾਣੀ ਕੋ ਕਹਾ ਨਿਹੋਸ਼ ਰਾਜਾ ਕੀ ਬੁਧੀ ਭ੍ਰਸ਼ਟ ਹੋ ਗਈ ਹੈ, ਮੇਰਾ ਭੀ ਕਹਾ ਨਹੀਂ ਮਾਨੇਂਗਾ, ਤੁਮ ਉਸ ਕੋ ਐਸਾ ਕਹੋ ਕਿ ਸਪਤ ਰਿਸ਼ੀਓਂ ਕੋ ਆਪਨੀ ਪਾਲਕੀ ਮੇਂ ਜੋੜ ਕਰ, ਮੇਰੇ ਮੰਦਰ ਮੇਂ ਆ ਜਾਓ ਤਬ ਮੈਂ ਤੁਮ ਕੋ ਪਤੀ ਰੂਪ ਸੇ ਅੰਗੀਕਾਰ ਕਰੂੰਗੀ। ਰਾਜਾ ਨਿਹੋਸ ਸੁਣ ਕਰ ਖੁਸ ਹੋ ਗਿਆ। ਅਰ ਹੁਕਮ ਦੀਆ ਸਪਤ ਰਿਸ਼ੀਓਂ ਕੋ ਲੇ ਆਓ



ਦੂਤ ਜਾਕਰ ਸਪਤ ਰਿਸ਼ੀਓਂ ਕੋ ਪਕੜਕੇ ਆਏ, ਉਨ ਕੋ ਪਾਲਕੀ ਮੇਂ ਜੋੜਾ ਰਿਸੀਓਂ ਨੇ ਕਬੀ ਪਾਲਕੀ ਉਠਾਈ ਨਹੀਂ ਸੀ, ਇਸ ਵਾਸਤੇ ਇਕ ਤੋ ਧੀਰੇ ਧੀਰੇ ਚਲਨੇ ਲਗੇ, ਦੂਸਰਾ ਉਰੇ ਨੀਵੇਂ ਪੈਰ ਰਖਣੇ ਲਗੇ, ਤਬ ਰਾਜਾ ਨਿਰੋਸ ਕੋ ਕੋਪ ਹੂਆ ਅਰ ਅੰਗਰਾ ਰਿਸੀ ਕੋ ਲਾਤ ਮਾਰ ਕਹਾ, "ਸਰਪ" ਯਾਨੇ ਸੀਘਰ ਚਲ, ਤਬ ਰਿਸ਼ੀਓਂ ਨੇ ਕਹਾ ਜਾਹ ਦੁਸਟ ਸਰਪ ਹੀ ਹੋ ਜਾਹ। ਰਿਸ਼ੀਓਂ ਕੇ ਸ਼ਾਪ ਸੇ ਸ਼ੀਘਰ ਹੀ ਰਾਜਾ ਕੀ ਦੇਹ ਛੋੜ ਕਰ, ਪ੍ਰਿਥੀ ਮੇ ਆਕਰ ਸਰਪ ਕੀ ਦੇਹ ਕੋ ਪ੍ਰਾਪਤ ਹੂਆ। ਪਾਂਡਵੋਂ ਨੇ ਉਸ ਕੋ ਸਰਪ ਦੇਹ ਸੇ ਛੁੜਾਯਾ ਥਾ। ਇਸ ਵਾਸਤੇ ਲਿਖਾ ਹੈ:-"ਚੜੇ ਆਕਾਸ਼ ਗਿਰਾਵੈ"। ਇਸ ਮੇਂ ਏਕ ਦੂਸਰਾ ਪ੍ਰਸੰਗ ਯਯਾਤੀ ਰਾਜਾ ਕਾ ਭੀ ਹੈ। ਯਯਾਤੀ ਰਾਜਾ ਨੇ ਬਹੁਤ ਯੱਗ ਕੀਏ ਥੇ ਯਯਾਤੀ ਰਾਜਾ ਧਨੁਸ ਤੇ ਚਾੜ੍ਹ ਕਰ ਬਾਣ ਫੇਂਕਤਾ ਥਾ, ਜਹਾਂ ਬਾਣ ਜਾਕਰ ਗਿਰਤਾ ਥਾ, ਤਹਾਂ ਥੰਭਾ ਗਡ ਕੇ ਯੱਗ ਕਰਤਾ ਥਾ। ਐਸੇ ਪ੍ਰਿਥਵੀ ਭਰ ਮੇਂ ਬਾਣ ਚਲਾ ਕਰ, ਯੱਗ ਕੀਏ ਉਸ ਪੁੰਨ ਕੇ ਪ੍ਰਭਾਵ ਸੇ ਸ੍ਵਰਗ ਮੇਂ ਗਿਆ ਅਰ ਇੰਦਰ ਨੇ ਆਪਣੇ ਸਿੰਘਾਸਣ ਪਰ ਬੈਠਾਯਾ, ਪਰ ਇੰਦਰ ਉਸ ਕਾ ਤੇਜ ਸਹਾਰ ਨ ਸਕਾ। ਤਬ ਇੰਦਰ ਨੇ ਉਸ ਕੀ ਸਭਾ ਮੇਂ ਬੜਾਈ ਕਰੀ, ਅਰ ਉਹ ਭੀ ਹੰਕਾਰ ਮੇਂ ਆ ਕਰ ਆਪਣੇ ਯਗੋਂ ਕੀ ਬੜਾਈ ਕਰਨੇ ਲਗਾ, ਆਪਣੇ ਆਪ ਬੜਾਈ ਕਰਨੇ ਸੇ ਪੁੰਨ ਖੀਣ ਹੋ ਜਾਤੇ ਹੈਂ, ਬੜਾਈ ਕਰਨੇ ਸੇ ਉਸ ਕੇ ਪੁੰਨ ਖੀਨ ਹੋ ਗਏ, ਅਰ ਸ੍ਵਰਗ ਸੇ ਗਿਰਾਇਆ ਗਿਆ। ਸੋ ਪ੍ਰਮੇਸੁਰ ਨੇ ਪਹਿਲੇ ਯਯਾਤੀ ਰਾਜਾ ਕੋ ਯੱਗ ਕਰਾ ਕਰ ਧਰਤੀ ਸੇ ਅਕਾਸ਼ ਮੇਂ ਭੇਜਿਆ, ਫੇਰ ਹੰਕਾਰ ਕਰਾ ਕਰ ਆਕਾਸ਼ ਸੇ ਯਾਨੇ ਸ੍ਵਰਗ ਸੇ, ਧਰਤੀ ਮੇਂ ਗੇਰ ਦੀਆ। ਇਸ ਤਰ੍ਹਾਂ ਰਾਜਾ ਹਰੀਸ ਚੰਦਰ ਕੋ ਦਾਨ ਕਰਾ ਕਰ ਸ੍ਵਰਗ ਸੇ ਭੇਜਾ, ਅਰ ਹੰਕਾਰ ਕਰਾ ਕਰ ਸ੍ਵਰਗ ਸੇ ਨੀਚੇ ਗਿਰਾ ਦੀਆ। ਸੋ ਸਭ ਬਾਤ ਪ੍ਰਮੇਸ਼ਵਰ ਅਧੀਨ ਹੈ, ਜੀਵ ਕੇ ਅਧੀਨ ਨਹੀਂ, ਤਾਤ ਸੁਖ ਦੁਖ ਈਸ਼ਵਰ ਕੀ ਆਗਿਆ ਸੇ ਮਿਲਤਾ ਹੈ। ਹੁਕਮ ਸਮਝ ਕਰ ਸੁਖ ਦੁਖ ਮੇਂ ਸਮ ਰਹਿਣਾ ਚਾਹੀਏ। ਯਾਨੇ ਹਰਖ ਸ਼ੋਕ ਨਾ ਕਰਨਾ ਚਾਹੀਏ। ਵਸਿਸਟ ਮੁਨੀ ਨੇ ਭੀ ਭਰਤ ਜੀ ਕੋ ਸਮਝਾਇਆ, ਆਪਣੀ ਮਾਤਾ ਕੇਕਈ ਕੋ ਦੋਸ਼ ਨਾ ਲਗਾਓ, ਕੇਕਈ ਪ੍ਰਾਧੀਨ ਹੈ। ਯਾਨੇ ਈਸ਼ਵਰ ਅਧੀਨ ਹੈ, ਈਸ਼ਵਰ ਨੇ ਜਿਸਤਰਾਂ ਇਸ ਸੇ ਕਰਾਯਾ ਤੈਸੇ ਹੀ ਇਸ ਨੇ ਕਰਾ ਹੈ। ਹੇ ਭਰਤ ਜੀ ਈਸ਼੍ਵਰ ਕਾ ਹੁਕਮ ਬੜਾ ਪ੍ਰਬਲ ਹੈ, ਪ੍ਰਮਾਣ ਤੁਲਸੀ ਰਾਮਾਇਣ ਵਸਿਸਟੋ ਵਾਚ-

**ਸੁਣੋ ਭਰਤ ਭਾਵੀ ਪ੍ਰਬਲ ਬਿਲਪ ਕਹਿਓ ਮੁਨੀ ਨਾਥ। ਹਾਨੀ ਲਾਭ ਜੀਵਨ ਮਰਨ ਜਸ ਅਪਜਸ ਬਿਧ ਹਾਥ।**

**ਤਥਾ-ਜਿਸ ਹਥ ਜੋਰ ਕਰਿ ਵੇਖੈ ਸੋਇ॥ ਨਾਨਕ ਉਤਮ ਨੀਚ ਨ ਕੋਇ॥**

ਇਹ ਬਚਨ ਸੁਨ ਕਰ ਭਰਤ ਜੀ ਕਾ ਚਿਤ ਸ਼ਾਂਤ ਹੋਆ। ਤਥਾ-

**ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ॥** [ਸਾਰੰਗ ਕਬੀਰ ਸਫਾ ੧੨੫੨

ਪ੍ਰਮੇਸਵਰ ਚਾਹੇ ਭਿਖਾਰੀ ਕੋ ਰਾਜਾ ਕਰ ਦੇਤਾ ਹੈ ਅਰ ਰਾਜਾ ਕੋ ਭੇਖਾਰੀ ਬਨਾ ਦੇਤਾ ਹੈ। ਇਸ ਪਰ ਏਕ ਪ੍ਰਸੰਗ ਐਸਾ ਸੁਨਾ ਜਾਤਾ ਹੈ:-ਏਕ ਤਪਸਵੀ ਬਨ ਮੇਂ ਰਹਿ ਕਰ ਅਰ ਭੀਖ ਮਾਂਗ ਕਰ ਆਪਣਾ ਨਿਰਬਾਹ ਕਰਤਾ ਥਾ, ਅਰ ਪੁੱਠਾ ਲਟਕ ਕਰ ਤਪਸਜਾ ਕਰਤਾ ਥਾ, ਏਕ ਦਿਨ ਉਸ ਨੇ ਰਾਜਾ ਕੀ ਸਵਾਰੀ ਧੂਮ ਧਾਮ ਸੇ ਜਾਤੀ ਦੇਖੀ, ਚਿਤ ਮੇਂ ਖਿਆਲ ਹੋਆ ਮੈਂ ਬੀ ਇਸ ਰਾਜ ਸੁਖ ਕਾ ਅਨੁਭਵ ਕਰੂੰ । ਵਹਾਂ ਰਾਜਾ ਨੇ ਭੀ ਤਪਸਵੀ ਕੋ ਤਪਸਜਾ ਕਰਤੇ ਦੇਖਾ, ਤਬ ਰਾਜਾ ਕੇ ਚਿਤ ਮੇਂ ਭੀ ਖਿਆਲ ਹੋਆ ਮਨੁਖ ਦੇਹੀ ਪਾ ਕਰ ਮੈਨੇ ਐਸੀ ਤਪਸਯਾ ਨਾ ਕਰੀ, ਰਾਜ ਛੋੜ ਕਰ ਤਪਸਜਾ ਕਰੂੰ, ਐਸਾ ਵਿਚਾਰ ਕਰ ਤਪਸਵੀ ਪਾਸ ਆਇਆ ਅਰ ਤਪਸਵੀ ਕੋ ਕਹਾ ਆਪ ਮੇਰੀ ਜਗਾ ਰਾਜ ਕਰੋ, ਮੈਂ ਆਪ ਕੀ ਜਗਾ ਤਪਸਿਆ ਕਰਤਾ ਹੂੰ । ਤਪਸਵੀ ਨੇ ਮਾਨ ਲੀਆ । ਤਪਸਵੀ ਭਿਖਾਰੀ ਰਾਜ ਕਰਨੇ ਲਗਾ ਅਰ ਰਾਜਾ ਭਿਖਾਰੀ ਬਣ ਕਰ ਤਪਸਜਾ ਕਰਨੇ ਲਗਾ। ਪ੍ਰਮੇਸ਼ਵਰ ਜੋ ਚਾਹੇ ਸੋ ਕਰ ਸਕਤਾ ਹੈ । ਇਸ ਪਰ ਇਕ ਦੂਸਰਾ ਪ੍ਰਸੰਗ ਭੀ ਸੁਨਾ ਗਿਆ ਹੈ । ਏਕ ਮਹਾਤਮਾ ਵਿਚਰਤੇ ਹੂਏ ਏਕ ਰਾਜਾ ਕੀ ਰਾਜਧਾਨੀ ਮੇਂ ਪਹੁੰਚੇ, ਵਹਾਂ ਆ ਕਰ ਸਤਿਸੰਗ ਕਾ ਪ੍ਰਚਾਰ ਕਰਨੇ ਲਗੇ, ਉਨੋਂ ਕੇ ਸਤਿਸੰਗ ਸੇ ਬਹੁਤੋਂ ਕਾ ਚਿਤ ਸ਼ਾਂਤ ਹੂਆ । ਰਾਜਾ ਨੇ ਭੀ ਉਨੋਂ ਕਾ ਸਤਸੰਗ ਸੁਨਾ ਚਿਤ ਮੇਂ ਵੈਰਾਗ ਹੂਆ, ਮਹਾਤਮਾ ਕੋ ਗੁਰੂ ਬਨਾਇਆ ਆਪਣਾ ਤਨ, ਮਨ ਧਨ ਅਰਪਣ ਕਰਾ, ਵੈਰਾਗ ਮੇਂ ਆ ਕਰ ਮਹਾਤਮਾ ਕੋ ਕਹਾ ਮੈਂ ਤੀਰਥ ਯਾਤਰਾ ਕਰ ਆਊਂ, ਤਬ ਤਕ ਆਪ ਰਾਜ ਕਰੋ । ਮਹਾਤਮਾ ਮਾਨਤੇ ਨਹੀਂ ਥੇ, ਪਰੰਤੂ ਰਾਜਾ ਨੇ ਹਠ ਕਰਾ ਚਰਨ ਪਕੜੇ, ਆਖਰ ਮਹਾਤਮਾ ਕੋ ਰਾਜ ਦੇ ਕਰ ਆਪ ਬਨ ਕੋ ਚਲਾ ਗਿਆ । ਇਸ ਤੇ ਬੀ ਲਿਖਾ ਹੈ 'ਭੇਖਾਰੀ ਤੇ ਰਾਜ ਕਰਾਵੈ ਰਾਜਾ ਤੇ ਭੇਖਾਰੀ' ॥ ਸੰਸਾਰ ਮੇਂ ਜੋ ਕੁਛ ਵਿਹਾਰ ਹੋ ਰਹਾ ਹੈ ਸੋ ਸਭ ਈਸ਼ਵਰ ਕੇ ਅਧੀਨ ਹੈ, ਯੇ ਸਮਝ ਕਰ ਚਿਤ ਕੋ ਸਮ ਜਾਨੇ ਸ਼ਾਂਤ ਰਖਣਾ ਚਾਹੀਏ । ਅਗਰ ਪਰਮੇਸਵਰ ਚਾਹੇ ਮਹਾਂ ਮੂਰਖ ਕੋ ਪੰਡਤ ਕਰ ਦੇਵੇ, ਅਰ ਪੰਡਤ ਕੋ ਮੂਰਖ ਬਨਾ ਦੇਵੇ, ਜੈਸੇ ਏਕ ਕਥਾ ਸੁਣੀ ਜਾਤੀ ਹੈ । ਕਿਸੀ ਰਾਜਾ ਕਾ ਏਕ ਪਰੋਹਤ ਥਾ ਉਸ ਕੇ ਘਰ ਮੇਂ ਏਕ ਕੰਨਯਾਂ ਪੈਦਾ ਹੂਈ ਉਸ ਕਾ ਨਾਮ ਵਿਦਜਾਵਤੀ ਰਖਾ, ਜਬ ਵਿਦਿਆ ਪੜ੍ਹ ਕਰ ਬੜੀ ਵਿਦਵਾਨ ਹੋ ਗਈ, ਪਰੰਤੂ ਚਿਤ ਮੇਂ ਅਭਿਮਾਨ ਰਖਤੀ ਥੀ, ਏਕ ਦਿਨ ਗੀਤਾ ਪਾਠ ਕਰਤੇ ਇਸ ਕੇ ਪਿਤਾ ਏਕ ਤੁਕ ਭੂਲ ਗਏ । ਕੰਨਜਾਂ ਨੇ ਹਾਸੀ ਔਰ ਤਰਕ ਕਰੀ ਪਿਤਾ ਕੋ ਕ੍ਰੋਧ ਹੂਆ ਅਰ ਕਹਾ ਤੇਰੀ ਮਹਾਂ ਮੂਰਖ ਕੇ ਸਾਥ ਸ਼ਾਦੀ ਕਰਾਊਂਗਾ। ਕੰਨਜਾ ਪਿਤਾ ਕੋ ਬਰਾਬਰ ਉੱਤਰ ਦੇਤੀ ਰਹੀ, ਪਿਤਾ ਕੋ ਜ਼ਿਆਦਾ ਕ੍ਰੋਧ ਹੂਆ, ਕੋਈ ਮੂਰਖ ਲੜਕਾ ਢੂੰਢਨੇ ਲਗਾ, ਢੰਢਤੇ ਢੂੰਢਤੇ ਕਾਲੀ ਦਾਸ ਜੋ ਮਹਾਂ ਮੂਰਖ ਬ੍ਰਾਹਮਣ ਥਾ, ਵੋਹ ਬ੍ਰਿਖ ਕੀ ਏਕ ਟਾਹਣੀ ਪਰ ਖੜਾ ਹੋ ਕਰ ਉਸੀ ਟਾਹਣੀ ਕੋ ਕਰਾ ਰਹਾ ਥਾ, ਪ੍ਰੋਹਤ ਨੇ ਜਬ ਉਸ ਕੋ ਦੇਖਾ ਬਹੁਤ ਸਮਝਾਇਆ ਭੀ, ਪਰੰਤੂ ਮੂਰਖ ਹੋਣੇ ਕਰ ਉਸ ਨੇ ਨਾ ਮਾਨਾ ਔਰ ਉਸ ਕੇ ਦੇਖਤੇ ਟਾਹਣੀ ਸਾਥ ਗਿਰ ਗਿਆ । ਤਬ ਉਸ ਕੋ ਮੂਰਖ



ਬ੍ਰਾਹਮਣ ਸਮਝ ਕਰ, ਆਪਣੀ ਕੰਨਜਾਂ ਕੇ ਸਾਥ ਉਸ ਕੀ ਸ਼ਾਦੀ ਕਰਾਈ। ਕੰਨਜਾਂ ਨੇ ਉਸ ਕੋ ਮੂਰਖ ਸਮਝ ਕਰ ਬਾਰੀ ਮੇਂ ਬੈਠੇ ਕੋ ਕ੍ਰੋਧ ਮੇਂ ਆਕਰ ਧੱਕਾ ਦੀਆ, ਨੀਚੇ ਦੇਵੀ ਕਾ ਥੜਾ ਥਾ, ਉਸਕਾ ਮੂੰਹ ਦੇਵੀ ਕੇ ਥੜੇ ਤੇ ਆ ਗਿਰਾ ਮੂੰਹ ਸੇ ਲਹੂ ਨਿਕਲ ਕਰ ਦੇਵੀ ਕੀ ਮੂਰਤੀ ਪਰ ਚੜ ਗਿਆ, ਦੇਵੀ ਪ੍ਰਸੰਨ ਹੋ ਗਈ, ਕਹਾ ਵਰ ਮਾਂਗ ! ਉਸਨੇ ਕਹਾ ਵਿਦਿਆ । ਦੇਵੀ ਨੇ ਕਹਾ ਅੱਛਾ ਸੁਰਸਤੀ ਤੇਰੀ ਜ਼ਬਾਨ ਮੇਂ ਰਹੇਗੀ । ਵਹਾਂ ਬੈਠੇ ਬੈਠੇ ਹੀ ਸਲੋਕ ਬੋਲਨੇ ਲਗ ਗਿਆ, ਇਸਤ੍ਰੀ ਸੁਣ ਕਰ ਖੁਸ਼ ਹੋ ਗਈ ਘਰ ਲਿਆਈ ਸੇਵਾ ਕਰੀ, ਅਪ੍ਰਾਧ ਕੀ ਖਿਮਾ ਮਾਂਗੀ, ਉਹ ਕਾਲੀਦਾਸ ਐਸਾ ਪ੍ਰਸਿਧ ਨਾਮੀ ਵਿਦਵਾਨ ਹੂਆ, ਜੋ ਰਾਜਾ ਭੋਜ ਕੀ ਸਭਾ ਮੇਂ ਚੋਦਾਂ ਸੋ ਪੰਡਿਤ ਰਹਿਤੇ ਥੇ ਉਨੋਂ ਸੇ ਭੀ ਸ਼ਿਰੋਮਣੀ ਵਿਦਵਾਨ ਹੂਆ । ਸੋ ਪਰਮੇਸ਼ਵਰ ਚਾਹੇ ਮੂਰਖ ਕੋ ਪੰਡਤ ਕਰ ਦੇਤਾ ਹੈ । ਇਸ ਪਰ ਦੂਸਰਾ ਯਹ ਭੀ ਪ੍ਰਸੰਗ ਹੈ:-ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਕੇ ਪਾਸ ਏਕ ਪੰਡਤ ਆਕਰ, ਹਿਰਦੇ ਮੇਂ ਕੁਤਰਕ ਕਰਤਾ ਭਇਆ ਇਨਕੀ ਉਮਰ ਛੋਟੀ ਨਾਮ ਗੁਰੂ ਨਾਲੇ ਹਰੀ ਕ੍ਰਿਸ਼ਨ ! ਇਨ ਸੇ ਸ਼ਾਸਤ੍ਰਾਰਥ ਕਰਕੇ ਇਨਕੀ ਵਿਦਿਆ ਦੇਖੂੰ । ਪੰਡਿਤ ਇਸ ਭਾਵ ਸੇ ਗੁਰੂ ਜੀ ਪਾਸ ਆਯਾ ਅਰ ਕਹਾ ਅਗਰ ਆਪ ਹਰੀ ਕ੍ਰਿਸ਼ਨ ਕਹਾਤੇ ਹੋ, ਤੋ ਕ੍ਰਿਸ਼ਨ ਜੀ ਨੇ ਗੀਤਾ ਬਨਾਈ ਹੈ ਆਪ ਭੀ ਕ੍ਰਿਸ਼ਨ ਹੋ ਤੋ ਗੀਤਾ ਕੇ ਏਕ ਸ਼ਲੋਕ ਕਾ ਅਰਥ ਹੀ ਸੁਨਾ ਦਿਓ, ਗੁਰੂ ਜੀ ਕਹਿਣੇ ਲਗੇ ਹਮਾਰੇ ਮੂਰਖ ਤੇ ਮੂਰਖ ਸਿਸ਼ ਭੀ, ਮੇਰੀ ਕ੍ਰਿਪਾ ਸੇ ਸੁਨਾ ਸਕਤੇ ਹੈਂ, ਤਬ ਉਹ ਪੰਡਿਤ ਏਕ ਝੀਵਰ ਕੋ ਲੇ ਆਯਾ, ਜੋ ਮਹਾਂ ਮੂਰਖ ਅਰ ਗੂੰਗਾ ਥਾ ਕਹਾ, ਇਸ ਸੇ ਅਰਥ ਕਰਾਓ । ਗੁਰੂ ਜੀ ਨੇ ਪ੍ਰਸੰਨ ਹੋਕਰ ਝੀਵਰ ਕੇ ਸਿਰ ਪਰ ਆਪਣੇ ਹਥ ਕੀ ਛੜੀ ਰਖੀ, ਤਬ ਉਹ ਚਾਰ ਵੇਦ ਖਟ ਸ਼ਾਸਤਰ ਅਰ ਗੀਤਾ ਕੇ ਸਲੋਕੋਂ ਕੇ ਸਮਗਰ ਭਾਵ ਕਹਿਨੇ ਲਗ ਗਿਆ । ਪੰਡਿਤ ਦੇਖ ਕਰ ਹੈਰਾਨ ਹੂਆ ਅਰ ਚੁਪ ਕਰ ਗਿਆ । ਗੁਰੂ ਕ੍ਰਿਪਾ ਕਾ, ਸ਼ਾਸਤ੍ਰਕਾਰੋਂ ਨੇ ਐਸਾ ਹੀ ਫਲ ਲਿਖਾ ਹੈ ਪ੍ਰਮਾਣ:-

**ਮੂਕ ਉਚਰੇ ਸ਼ਾਸਤ੍ਰ ਖਟ ਪਿੰਗ ਗਿਰਨ ਚੜ ਜਾਇ ॥ ਅੰਧ ਲਖੇ ਬਦਰੋ ਸੁਨੇ ਜੋ ਕਾਲ ਕ੍ਰਿਪਾ ਕਰਾਇ ॥ ਤਥਾ-ਖਲ ਮੂਰਖ ਤੇ ਪੰਡਿਤ ਕਰਬੋ ਪੰਡਿਤ ਤੇ ਮੁਗਧਾਰੀ ॥**

[ਸਾਰੰਗ ਭਗਤ ਕਬੀਰ ਸਫਾ ੧੨੫੨

ਪਰਮੇਸ਼ਵਰ ਚਾਹੇ ਤੋ ਪੰਡਿਤ ਕੋ ਭੀ ਮੂਰਖ ਕਰ ਸਕਤਾ ਹੈ । ਜੈਸੇ ਅਜਾਮਲ ਬੜਾ ਭਾਰੀ ਪੰਡਿਤ ਥਾ, ਪਰੰਤੂ ਮੂਰਖੋਂ ਸੇ ਭੀ ਨਸਿਧ ਕਰਮ ਕਰਨੇ ਲਗਾ ਤਥਾ ਏਕ ਦੂਸਰਾ ਪ੍ਰਸੰਗ ਐਸਾ ਭੀ ਸੁਨਾ ਗਿਆ। ਏਕ ਬੜਾ ਭਾਰੀ ਪੰਡਿਤ ਵਿਦਜਾ ਪੜ੍ਹ ਕਰ ਬੜਾ ਅਭਿਮਾਨੀ ਹੋ ਗਿਆ ਥਾ, ਜਗਾ ਜਗਾ ਸਾਸਤ੍ਰਾਰਥ ਕਰਤਾ ਹੂਆ, ਸਭ ਕੋ ਜੈ ਕਰਤਾ ਹੂਆ ਕਾਸ਼ੀ ਮੇਂ ਪਹੁੰਚਾ, ਕਾਸ਼ੀ ਕੇ ਸਭ ਪੰਡਤ ਵਿਦਵਾਨ ਉਸ ਸੇ ਡਰਤੇ ਥੇ, ਪੰਡਿਤ ਨੇ ਰਾਜਾ ਕੋ ਕਹਾ ਮੈਂ ਕਾਂਸ਼ੀ ਕੇ ਪੰਡਿਤੋਂ ਸਾਥ ਸ਼ਾਸਤ੍ਰਾਰਥ ਕਰਨਾ ਚਾਹਤਾ ਹੂੰ ਕੋਈ ਭੀ ਕਰੇ । ਤਬ ਪੰਡਿਤੋਂ ਨੇ ਏਕ ਗਾਗੇ [illegible] ਕੋ ਤਿਆਰ ਕਰਿਆ, ਅਰ ਉਸਕੋ ਪੰਡਿਤੋਂ ਜੈਸੇ ਬਸਤ੍ਰ ਪਹਿਰਾ ਕਰ ਸਭਾ ਮੇਂ ਲਿਆਨੇ ਲਗੇ,

ਗਾਂਗਾ ਤੇਲੀ ਕਾਣਾ ਥਾ, ਔਰ ਉਸ ਕੋ ਬਹੁਤ ਮੋਲ ਕਾ ਜੂਤਾ ਪਹਿਰਾਯਾ ਹੂਆ ਥਾ, ਕੁਛ ਕੁਛ ਸੰਸਕ੍ਰਿਤ ਸ਼ਬਦ ਭੀ ਸਮਝਾਏ ਥੇ, ਤਬ ਵੁਹ ਆਪਨੇ ਜੂਤੇ ਕੋ ਆਪਨੇ ਸੁੰਦਰ ਬਸਤਰ ਮੇਂ ਲਪੇਟ ਕਰ, ਅਰ ਜੂਤਾ ਬਗਲ ਮੇਂ ਲੇਕਰ ਸਭਾ ਮੇਂ ਆਇਆ, ਜੂਤਾ ਇਸ ਵਾਸਤੇ ਬਗਲ ਮੇਂ ਲੀਆ ਥਾ, ਕਿ ਸਭਾ ਮੇਂ ਗਵਾਚ ਨਾ ਜਾਏ, ਜਬ ਗਾਂਗਾ ਤੇਲੀ ਆਪ ਦੇ ਜੂਤੇ ਕੋ ਬਗਲ ਮੇਂ ਲੇ ਆਪਣੀ ਕੁਰਸੀ ਤੇ ਆਇਆ, ਤਬ ਪੰਡਿਤ ਜੀ ਨੇ ਨਮਸਕਾਰ ਕਰਤੇ ਪੂਛਾ ਕਿਮ ਇਦਮ ਪੁਸਤਕੰ ? ਉੱਤਰ ਦੀਆ:–ਕੰਟਕ ਚੂਰਨੰ ਇਤੀ। ਉਸਨੇ ਪੂਛਾ ਥਾ ਯੇਹ ਕੌਨ ਪੁਸਤਕ ਹੈ ? ਉੱਤਰ ਦੀਆ ਇਸ ਕਾ ਨਾਮ ਕੰਟਕ ਚੂਰ ਹੈ । ਪੰਡਿਤ ਜੀ ਨੇ ਖਿਆਲ ਕਰਾ ਕੰਟਕ ਚੂਰ ਪੁਸਤਕ ਮੈਨੇ ਕਬੀ ਪਤਾ ਸੁਣਾ ਨਹੀਂ, ਸ਼ਾਇਦ ਕੁਤਰਕੋਂ ਰੂਪ ਕੰਟਕੋਂ ਕੇ ਚੂਰਨ ਕਰਨੇ ਵਾਲਾ ਯਹ ਪੁਸਤਕ ਹੋਗਾ, ਇਸ ਪੁਸਤਕ ਦੀ ਯੁਕਤੀ ਮੈਨੇ ਪੜੀ ਨਹੀਂ ਅਗਰ ਪੂਛੇਗਾ, ਤੋ ਮੈਂ ਹਾਰ ਜਾਵਾਂਗਾ, ਇਸ ਵਾਸਤੇ ਬੋਲ ਚਾਲ ਸੇ ਸ਼ਾਸਤ੍ਰਾਰਥ ਨ ਹੋ, ਸੈਨਤ ਸੇ ਹੋ ਰਾਜਾ ਕੋ ਮਧਜਸਥ (ਇਨਸਾਫ ਕਰਨੇ ਵਾਲਾ) ਬਨਾ ਕਰ ਕਹਾ ਗਿਆ ਸੈਨਤ ਸੇ ਹੀ ਸ਼ਾਸਤ੍ਰਾਰਥ ਹੋਗਾ, ਰਾਜਾ ਨੇ ਸਵੀਕਾਰ ਕਰ ਲੀਆ, ਅਰ ਪੰਡਿਤ ਜੀ ਕੋ ਕਹਾ ਗਿਆ ਪਹਿਲੇ ਆਪ ਸੈਨਤ ਕਰੋ, ਤਬ ਪੰਡਿਤ ਜੀ ਨੇ ਏਕ ਉਂਗਲੀ ਉਠਾਈ । ਗਾਂਗੇ ਨੇ ਦੋ ਉਠਾਈਂ, ਪੰਡਿਤ ਜੀ ਨੇ ਫੇਰ ਪੰਜ ਉਂਗਲੀਆਂ ਉਠਾਈਂ ਯਾਨੇ ਪੰਜਾ ਕਰਿਆ, ਗਾਂਗੇ ਨੇ ਪੰਜ ਉਂਗਲੀਆਂ ਮੀਟ ਕਰ ਮੁੱਕਾ ਵੱਟ ਦੀਆ, ਤਬ ਪੰਡਿਤ ਚੁਪ ਹੋ ਗਿਆ, ਤਾੜੀ ਵੱਜ ਗਈ ਪੰਡਿਤ ਹਾਰ ਗਿਆ, ਗਾਂਗਾ ਤੇਲੀ ਜੈ ਕਰ ਗਿਆ । ਪੰਡਿਤ ਜੀ ਸੇ ਪੂਛਾ ਗਿਆ ਆਪ ਚੁਪ ਕਿਉਂ ਹੋ ਗਏ ? ਆਪ ਨੇ ਕਿਆ ਇਸ਼ਾਰਾ ਕਰਿਆ ਅਰ ਉਸ ਨੇ ਕਿਆ ਜਵਾਬ ਦੀਆ ? ਖੋਹਲਕੇ ਸਮਝਾਓ। ਤਬ ਪੰਡਿਤ ਜੀ ਕਹਿਣ ਲਗੇ–ਮੈਨੇ ਏਕ ਉਂਗਲੀ ਉਠਾ ਕਰ ਕਹਾ ਕਿ ਇਸ ਸੰਸਾਰ ਰਚਨਾ ਮੇਂ ਏਕ ਅਦੁਤੀ ਬ੍ਰਹਮ ਹੀ ਪੂਰਨ ਹੈ ਤਬ ਉਸ ਨੇ ਦੋ ਉਂਗਲੀਆਂ ਉਠਾ ਕਰ ਮੇਰੇ ਕੋ ਜਵਾਬ ਦੀਆ। ਇਸ ਸੰਸਾਰ ਰਚਨਾ ਮੇਂ ਬ੍ਰਹਮ ਕੀ ਨਿਆਈਂ ਦੂਸਰੀ ਮਾਇਆ ਭੀ ਪੂਰਨ ਹੈ। ਯਾਨੇ ਸੰਸਾਰ ਰਚਨਾ ਮੇਂ ਦੋ ਵਸਤੂ ਹੈਂ, ਅਸਤੀ ਭਾਂਤੀ ਪ੍ਰਿਯ ਯਹ ਤੋ ਬ੍ਰਹਮ ਹੈ, ਅਰ ਨਾਮ ਰੂਪ ਯੇਹ ਮਾਇਆ ਹੈ, ਦੋਨੋਂ ਸੰਸਾਰ ਮੇਂ ਪੂਰਨ ਹੈ। ਲਿਖਾ ਭੀ ਹੈ:–

## ਦ੍ਰਿਕ ਦ੍ਰਿਸ਼ ਦ੍ਵਉ ਪਦਾਰਥਊ ਪਰਸਪਰ ਵਿਲਖਣਊ ਦ੍ਰਿਸ਼ੋ ਮਿਥਯਾ ਦ੍ਰਿਕ ਸਤਯੰ ਇਤੀ ਵੇਦਾਂਤ ਡਿੰਡਮਃ ॥

ਅਰਥ ਯੇਹ ਹੈ–ਦ੍ਰਿਸ਼ਟਾ ਯਾਨੇ ਬ੍ਰਹਮ ਦ੍ਰਿਸ਼ ਯਾਨੇ ਮਾਇਆ ਯਹ ਦੋ ਪਦਾਰਥ ਹੈਂ, ਉਨ ਮੇਂ ਦ੍ਰਿਸ਼ ਯਾਨੇ ਮਾਇਆ ਮਿਥਯਾ ਹੈ, ਔਰ ਦ੍ਰਿਸ਼ਟਾ ਬ੍ਰਹਮ ਸਤ ਹੈ । ਯਹ ਵੇਦਾਂਤ ਸ਼ਾਸਤਰ ਦਾ ਢੰਡੋਰਾ ਹੈ, ਤੋ ਹਮ ਦੋ ਪਦਾਰਥ ਮਾਨਣੇ ਵਾਲੇ ਹੈਂ । ਸੋ ਇਸ ਨੇ ਦੋ ਉਂਗਲੀਆਂ ਉਠਾ ਕਰ ਠੀਕ ਹੀ ਕਹਾ ਫੇਰ ਹਮ ਨੇ ਪਾਂਚ ਉਂਗਲੀਆਂ ਉਠਾ ਕਰ, ਯੇਹ ਇਸ਼ਾਰਾ ਕਰਿਆ ਸੰਸਾਰ ਰਚਨਾ ਪੰਜ ਤੱਤੋਂ ਸੇ ਪੈਦਾ ਹੋਤੀ ਹੈ।



## ਪਾਂਚ ਤਤ ਕੋ ਤਨ ਰਚਿਓ ਜਾਨਹੁ ਚਤੁਰ ਸੁਜਾਨ ॥

ਤਬ ਉਸ ਨੇ ਪੰਜ ਉਂਗਲੀਆਂ ਮਿਲਾ ਕੇ ਮੁੱਕਾ ਵੱਟਿਆ, ਅਰ ਸੈਨਤ ਸੇ ਯਹ ਉੱਤਰ ਦੀਆ, ਕਿ ਜੁਦੇ ਜੁਦੇ ਤੱਤੋਂ ਸੇ ਸੰਸਾਰ ਰਚਨਾ ਪੈਦਾ ਨਹੀਂ ਹੋਤੀ, ਕਿੰਤੂ ਪੰਜੋਂ ਤੱਤੋਂ ਕੇ ਮਿਲਾਨੇ ਸੇ, ਸ੍ਰਿਸ਼ਟੀ ਪੈਦਾ ਹੋਤੀ ਹੈ, ਸੋ ਭੀ ਇਸ ਨੇ ਠੀਕ ਹੀ ਕਹਾ ਇਸ ਸੇ ਮੈਂ ਚੁਪ ਹੋ ਗਿਆ। ਜਬ ਪੰਡਿਤ ਜੀ ਚਲੇ ਗਏ ਤਬ ਗਾਂਗੇ ਤੇਲੀ ਸੇ ਪੂਛਾ ਗਿਆ, ਤੁਮ ਨੇ ਕਿਆ ਪ੍ਰਸ਼ਨ ਸਮਝਾ, ਅਰ ਕਿਆ ਉੱਤਰ ਦੀਆ ? ਗਾਂਗੇ ਨੇ ਕਹਾ ਜਬ ਉਸ ਨੇ ਏਕ ਉਂਗਲੀ ਉਠਾਈ, ਤਬ ਮੇਨੇ ਸਮਝਾ ਯੇ ਕ੍ਰੋਧ ਮੇਂ ਆ ਕਰ, ਮੇਰੇ ਕੋ ਕਹਿਤਾ ਹੈ ਤੂੰ ਕਾਣਾ ਹੈ, ਤੇਰੀ ਰਹਿਤੀ ਹੂਈ ਏਕ ਅੱਖ ਭੀ ਨਿਕਾਲ ਦੇਉਂਗਾ। ਮੈਨੇ ਕਰੋਧ ਸੇ ਦੋ ਉਂਗਲੀਆਂ ਉਠਾ ਕਰ ਕਹਾ, ਮੈਂ ਤੇਰੇ ਦੋਨੋਂ ਨੇਤਰ ਨਿਕਾਲ ਦੇਉਂਗਾ। ਜਬ ਉਸ ਨੇ ਪੰਜਾ ਉਠਾਯਾ ਮੈਨੇ ਸਮਝਾ ਵੋਹ ਕਹਿਤਾ ਹੈ ਚਪੇੜ ਮਾਰੰਗਾ, ਮੈਨੇ ਕਰੋਧ ਮੇਂ ਪੰਜੇ ਉਂਗਲੀਆਂ ਮਿਲਾ ਕੇ ਮੁੱਕਾ ਵਟ ਲੀਆ, ਅਰ ਸੈਨਤ ਸੇ ਸਮਝਾਇਆ ਅਗਰ ਤੂੰ ਚਪੇੜ ਮਾਰੇਂਗਾ ਤੋ ਮੈਂ ਤੇਰੇ ਕੋ ਮੁੱਕਾ ਮਾਰੂੰਗਾ, ਪੰਡਿਤ ਚੁਪ ਹੋ ਗਿਆ ਅਰ ਮੇਰੀ ਜੈ ਹੋ ਗਈ । ਸੋ ਇਸ ਪ੍ਰਕਾਰ ਈਸ਼ਵਰ ਚਾਹੇ ਤੋ ਪੰਡਿਤ ਕੋ, ਸਭਾ ਮੇਂ ਨਿਰਉੱਤਰ ਮੂਰਖ ਕਰ ਦੇਤਾ ਹੈ । ਪੰਡਤ ਤੇ ਮੁਗਧਾਰੀ ਕਾ ਯੇਹ ਅਰਥ ਹੂਆ। ਤਥਾ:–

## ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ ਤੇ ਜੋ ਨਾਰੀ ॥

[ਸਾਰੰਗ ਕਬੀਰ ਸਫਾ ੧੨੫੨

ਪ੍ਰਮੇਸ਼ਵਰ ਚਾਹੇ ਇਸਤ੍ਰੀ ਕੋ ਪੁਰਸ਼ ਕਰ ਦੇਤਾ ਹੈ, ਅਰ ਪੁਰਸ਼ ਕੋ ਇਸਤਰੀ ਕਰ ਦੇਤਾ ਹੈ । ਕਥਾ ਇਸ ਤਰ੍ਹਾਂ ਹੈ–ਰਾਜਾ ਮਨੂੰ ਕੇ ਔਲਾਦ ਨਹੀਂ ਹੋਤੀ ਥੀ ਵਸਿਸ਼ਟ ਮੁਨੀ ਸੇ ਪੁਤਰਇਸ਼ਟੀ ਯਗ ਕਰਾਯਾ ਕਿ ਪੁਤਰ ਹੋ, ਰਾਣੀ ਕੋ ਕੰਨਯਾ ਕੀ ਇੱਛਾ ਥੀ, ਉਸ ਨੇ ਉਸੀ ਯਗ ਕੋ ਕਰਾਨੇ ਵਾਲੇ ਦੂਸਰੇ ਬ੍ਰਾਹਮਣੋ ਕੋ ਧਨ ਦੇ ਕਰ, ਕੰਨਿਆਂ ਨਮਿਤ ਅਹੂਤੀਆਂ ਪਵਾਈਆਂ ਰਾਣੀ ਕੇ ਗਰਭ ਠਹਿਰ ਗਿਆ, ਅਰ ਕੰਨਿਆਂ ਪੈਦਾ ਹੋਈ, ਰਾਜਾ ਨੇ ਵਸਿਸ਼ਟ ਮੁਨੀ ਜੀ ਕੋ ਕਹਾ ਇਹ ਉਲਟਾ ਕਿਉਂ ਹੋ ਗਿਆ, ਵਸਿਸ਼ਟ ਜੀ ਨੇ ਯੋਗ ਸ਼ਕਤੀ ਸੇ ਦੇਖ ਕਰ ਰਾਜਾ ਕੋ ਕਹਾ, ਤੁਮਾਰੀ ਰਾਣੀ ਨੇ ਬ੍ਰਹਮਣਾਂ ਕੋ ਧਨ ਦੇ ਕਰ ਕੰਨਿਆਂ ਨਮਿਤ ਅਹੂਤੀਆਂ ਪਵਾਈਆਂ ਹਨ ਇਸ ਵਾਸਤੇ ਕੰਨਿਆਂ ਪੈਦਾ ਹੂਈ ਹੈ । ਰਾਜਾ ਕੋ ਬੜਾ ਦੁਖ ਹੂਆ ਅਰ ਵਸਿਸ਼ਟ ਜੀ ਕੋ ਬਾਰ ਬਾਰ ਕਹਿਨੇ ਲਗਾ, ਮੈਨੇ ਤੋ ਪੁਤਰ ਵਾਸਤੇ ਯਗ ਕਰਾ ਥਾ, ਆਪ ਕੋ ਬੁਲਾਇਆ ਥਾ, ਮੇਰਾ ਆਪ ਨੇ ਕਾਮ ਪੂਰਾ ਨਹੀਂ ਕਰਾ, ਤਬ ਵਸਿਸ਼ਟ ਜੀ ਨੇ ਆਪਣੀ ਸ਼ਕਤੀ ਸੇ ਕੰਨਿਆਂ ਸੇ ਪੁਤਰ ਕਰ ਦੀਆ । ਰਾਜਾ ਕਾ ਚਿਤ ਪਰਸੰਨ ਹੂਆ । ਉਸ ਕਾ ਨਾਮ ਸੁਧਯ ਮਨ ਰਖਾ । ਉਹ ਬੜਾ ਬੁਧੀਨਾਮ

ਹੂਆ। ਏਕ ਦਿਨ ਸ਼ਿਕਾਰ ਖੇਲਤਾ ਹੂਆ ਹਿਮਾਂਚਲ ਕੇ ਬਨ ਮੇਂ ਚਲਾ ਗਿਆ, ਜਿਸ ਬਨ ਮੇਂ ਪਾਰਬਤੀ ਕਾ ਸ਼ਾਪ ਥਾ ਜੋ ਪੁਰਸ਼ ਈਹਾਂ ਆਏਗਾ ਇਸਤ੍ਰੀ ਹੋ ਜਾਏਗੀ। ਸ਼ਾਪ ਕਾ ਕਾਰਣ ਏਹ ਥਾ ਕਿਸੀ ਸਮੇਂ ਮੇਂ ਪਾਰਬਤੀ ਸ਼ਿਵਜੀ ਕੇ ਸਾਥ ਕਾਮਚੇਸ਼ਟਾ ਕਰ ਰਹੀ ਸੀ, ਅਚਾਨਕ ਹੀ ਸਨਕਾਦੀ ਵਹਾਂ ਆ ਗਏ, ਉਨ ਕੋ ਦੇਖ ਕਰ ਪਾਰਬਤੀ ਕੋ ਬੜੀ ਲਜਾ ਹੂਈ, ਅਰ ਪਾਰਬਤੀ ਨੇ ਸ਼ਾਪ ਦੀਆ ਜੋ ਜੋ ਪੁਰਸ਼ ਇਸ ਬਨ ਮੇਂ ਪਰਵੇਸ਼ ਕਰੇਗਾ, ਸੋ ਪੁਰਸ਼ ਸੇ ਨਾਰੀ ਹੋ ਜਾਏਗਾ। ਸੁਧਜਮਨ ਕੋ ਇਸ ਸ਼ਾਪ ਕਾ ਪਤਾ ਨਹੀਂ ਥਾ, ਘੋੜੇ ਤੇ ਚੜ੍ਹ ਇਕੱਲਾ ਹੀ ਉਸ ਬਨ ਮੇਂ ਸ਼ਿਕਾਰ ਕੇ ਨਮਿੱਤ ਗਇਆ, ਔਰ ਆਪਣੇ ਕੋ ਇਸਤ੍ਰੀ ਸਰੂਪ ਮੇਂ ਦੇਖਾ, ਅਰ ਘੋੜੇ ਕੋ ਘੋੜੀ ਦੇਖਾ। ਇਸਤ੍ਰੀ ਬਣਨੇ ਕੇ ਕਾਰਨ ਕੁਛ ਪਤਾ ਨਾ ਲਗਾ, ਅਰ ਲੱਜਾ ਕੇ ਮਾਰੇ ਘਰ ਭੀ ਨਾ ਆਯਾ। ਵਹਾਂ ਸੇ ਦੂਸਰੇ ਦੇਸ਼ ਮੇਂ ਚਲਾ ਗਿਆ। ਤਬ ਚੰਦ੍ਰਮਾਂ ਕਾ ਪੁਤਰ ਬੁਧਿ ਸੇ ਮੇਲ ਹੂਆ ਆਪਸ ਮੇਂ ਗੰਧਰਬ ਵਿਵਾਹ ਕਰਾ, ਅਰ ਪਰੂਰਵਾ ਪੁਤਰ ਪੈਦਾ ਹੂਆ। ਊਹਾਂ ਸੇ ਮਨੂੰ ਜੀ ਨੇ ਆਪਣੇ ਪੁਤਰ ਦੀ ਤਲਾਸ਼ ਕਰੀ, ਪਤਾ ਲਗਾ ਉਹ ਇਸਤ੍ਰੀ ਹੋ ਕਰ ਬੁਧ ਕੇ ਪਾਸ ਰਹਿਤਾ ਹੈ। ਤਬ ਉਸ ਕੋ ਮਨੂੰ ਘਰ ਲੈ ਆਯਾ। ਵਸ਼ਿਸ਼ਟ ਜੀ ਸੇ ਪ੍ਰਾਰਥਨਾ ਕਰੀ, ਆਗੇ ਭੀ ਆਪ ਨੇ ਇਸ ਕੋ ਕੰਨਿਆਂ ਸੇ ਪੁਤਰ ਬਣਾਇਆ ਥਾ ਅਬ ਭੀ ਕਿਰਪਾ ਕਰੋ, ਇਸਤ੍ਰੀ ਸੇ ਪੁਰਸ਼ ਬਣਾ ਦਿਓ, ਤਬ ਵਸ਼ਿਸ਼ਟ ਜੀ ਨੇ ਸ਼ਿਵਜੀ ਸੇ ਪ੍ਰਾਰਥਨਾ ਕਰੀ, ਸ਼ਿਵਜੀ ਨੇ ਪਾਰਬਤੀ ਕੋ ਕਹਾ ਪਾਰਬਤੀ ਨੇ ਕਹਾ ਏਕ ਮਾਸ ਇਸਤ੍ਰੀ ਹੋ ਕੇ ਰਹੇ ਏਕ ਮਾਸ ਪੁਰਸ਼ ਹੋ ਕੇ ਰਹੇ। ਅਰ ਦੋਨੋਂ ਸੰਤਾਨ ਪੈਦਾ ਕਰੇ ਸੋ ਐਸੇ ਹੀ ਹੂਆ। ਇਸ ਵਾਸਤੇ ਲਿਖਾ ਹੈ:-

**ਨਾਰੀ ਤੇ ਜੋ ਪੁਰਖ ਕਰਾਵੈ ਪੁਰਖਨ ਤੇ ਜੋ ਨਾਰੀ ॥**

[ਸਾਰੰਗ ਕਬੀਰ ਸਫਾ ੧੨੫੨

ਐਸਾ ਹੀ ਪ੍ਰਸੰਗ ਮਹਾਂ ਭਾਰਥ ਮੇਂ ਵਿਸਥਾਰ ਸੇ ਲਿਖਾ ਹੈ ਈਹਾਂ ਸੰਖੇਪ ਸੇ ਲਿਖਤੇ ਹੈਂ ਭੀਸ਼ਮ ਪਿਤਾਮਾ ਨੇ ਕਾਸ਼ੀ ਰਾਜਾ ਕੀ ਤੀਨ ਕੰਨਿਆਏਂ ਜਿਨਕੇ ਨਾਮ ਏਕ ਅੰਬਾ, ਦੂਸਰੀ ਅੰਬਕਾ, ਤੀਸਰੀ ਅੰਬਾਲਕਾ, ਇਨ ਤੀਨੋਂ ਕੰਨਿਆਂ ਕੋ ਸਵੰਬਰ ਵਿਚੋਂ ਜਬਰਨ ਉਠਾ ਲੇ ਆਏ, ਅਰ ਆਪਣੇ ਛੋਟੇ ਭਾਈ ਵਚਿਤ੍ਰ ਵੀਰਯ ਕੇ ਸਾਥ ਸ਼ਾਦੀ ਕਰਾਨੇ ਲਗਾ, ਪਰੰਤੂ ਦੋਂਹ ਨੇ ਸ਼ਾਦੀ ਕਰਾਈ ਅੰਬਾ ਨੇ ਸ਼ਾਦੀ ਨਾ ਕਰਾਈ, ਉਸਨੇ ਭੀਸ਼ਮ ਕੋ ਕਹਾ, ਤੂੰ ਮੇਰੇ ਕੋ ਲੇ ਆਯਾ ਹੈਂ ਤੁਮਾਰੇ ਸੇ ਹੀ ਸ਼ਾਦੀ ਕਰੂੰਗੀ, ਭੀਸ਼ਮ ਜੀ ਨੇ ਪ੍ਰਣ ਕਰਾ ਥਾ, ਕਿ ਮੈਂ ਸਾਰੀ ਉਮਰ ਬ੍ਰਹਮਚਾਰੀ ਰਹੂੰਗਾ ਸ਼ਾਦੀ ਨਾ ਕਰਾਊਂਗਾ, ਜਬ ਭੀਸ਼ਮ ਜੀ ਨੇ ਨ ਮਾਨਾ ਤਬ ਉਹ ਭੀਸ਼ਮ ਕੇ ਵਿਦਿਆ ਗੁਰੂ ਪਰਸਰਾਮ ਪਾਸ ਗਈ, ਪਰਸ ਰਾਮ ਨੇ ਭੀਸ਼ਮ ਕੋ ਬਹੁਤ ਸਮਝਾਯਾ, ਪਰੰਤੂ ਭੀਸ਼ਮ ਨੇ ਸ਼ਾਦੀ ਕਰਨਾ ਨਾ ਮਾਨਾਂ। ਤਬ ਪਰਸ ਰਾਮ ਨੇ ਭੀਸ਼ਮ ਕੋ ਕਹਾ, ਅਗਰ ਸ਼ਾਦੀ ਕਰਨਾ ਨਹੀਂ ਮਾਨਤਾ ਤੋ ਮੇਰੇ ਸਾਥ ਯੁਧ ਕਰ, ਤਦ ਭੀਸ਼ਮ ਕਹਿਨੇ ਲਗਾ ਗੁਰੂ ਸਾਥ ਯੁਧ ਕਰਨਾ ਭੀ ਯੋਗ ਨਹੀਂ, ਅਗਰ ਗੁਰੂ ਹਾਰ ਗਿਆ ਤੋ ਭੀ ਮੇਰੀ ਹਾਨੀ ਹੈ। ਤਬ ਪਰਸ ਰਾਮ ਨੇ ਕਹਾ ਦੋਨੋਂ ਮੇਂ ਏਕ ਬਾਤ ਕਰ, ਯਾਂ ਸ਼ਾਦੀ



ਕਰ ਯਾਂ ਯੁਧ ਕਰ। ਤਬ ਭੀਸ਼ਮ ਨੇ ਕਹਾ ਸ਼ਾਦੀ ਕਰਨਾ ਮੇਰਾ ਧਰਮ ਨਹੀਂ, ਯੁਧ ਕਰਨਾ ਮੇਰਾ ਧਰਮ ਹੈ। ਤਬ ਦੋਨੋਂ ਕਾ ਬੜਾ ਘੋਰ ਭਯੰਕਰ ਯੁਧ ਹੂਆ, ਤੇਈਸ ਦਿਨ ਤਕ ਯੁਧ ਹੋਤਾ ਰਹਾ, ਆਖਰ ਦੇਵਤਾਓਂ ਨੇ ਨਾਰਦ ਜੀ ਕੋ ਭੇਜ ਕਰ ਪਰਸਰਾਮ ਕੋ ਯੁਧ ਸੇ ਹਟਾਯਾ। ਤਬ ਪਰਸਰਾਮ ਨੇ ਕੰਨਿਆਂ ਕੋ ਕਹਾ ਮੈਂ ਅਪਨਾ ਸਾਰਾ ਜ਼ੋਰ ਲਗਾਇਆ, ਪਰ ਭੀਸ਼ਮ ਨਹੀਂ ਮਾਨਤਾ, ਮੈਂ ਕਿਆ ਕਰੂੰ ਜੋ ਅਬ ਤੁਮਾਰੀ ਮਰਜੀ ਹੈ ਸੋ ਕਰੋ। ਤਬ ਕੰਨਿਆ ਭੀਸ਼ਮ ਕੇ ਮਾਰਨੇ ਵਾਸਤੇ ਤਪਸਯਾ ਕਰਤੀ ਭਈ। ਔਰ ਦ੍ਰੁਪਦ ਰਾਜਾ ਕੇ ਘਰ ਆ ਜਨਮੀ। ਦ੍ਰੁਪਤ ਰਾਜਾ ਨੇ ਪੁਤਰ ਨਾਮ ਸੇ ਮਸ਼ਹੂਰ ਕਰੀ ਅਰ ਨਾਮ ਸਿਖੰਡੀ ਰਖਾ। ਜਬ ਸਿਖੰਡੀ ਬੜਾ ਹੂਆ ਤੋ ਏਕ ਆਪਣੇ ਸੇ ਬੜੇ ਰਾਜਾ ਕੀ ਕੰਨਿਆਂ ਕੇ ਸਾਥ ਉਸ ਕੀ ਸ਼ਾਦੀ ਕਰਾਈ, ਜਿਸ ਕੰਨਿਆਂ ਕੇ ਸਾਥ ਸ਼ਾਦੀ ਕਰਾਈ ਉਸ ਕੰਨਿਆ ਨੇ ਆਪਣੇ ਪਿਤਾ ਕੋ ਕਹਾ ਭੇਜਾ, ਆਪ ਨੇ ਮੇਰੀ ਪੁਰਸ਼ ਕੇ ਸਾਥ ਸ਼ਾਦੀ ਨਹੀਂ ਕਰਾਈ ਕੰਨਿਆਂ ਕੇ ਸਾਥ ਸ਼ਾਦੀ ਕਰਾਈ ਹੈ। ਤਬ ਸਿਖੰਡੀ ਕਾ ਸਹੁਰਾ ਕ੍ਰੋਧ ਕਰਕੇ ਸ਼ਿਖੰਡੀ ਕੋ ਮਾਰਨੇ ਕਾ, ਤਥਾ ਦਰੋਪਦ ਰਾਜਾ ਕੋ ਪਕੜਨੇ ਕਾ, ਯਤਨ ਕਰਨੇ ਲਗਾ, ਦਰੋਪਦ ਰਾਜਾ ਸੁਣ ਕਰ ਰਾਣੀ ਨਾਲ ਮਿਲ ਕਰ ਚਿੰਤਾ ਕਰਨੇ ਲਗਾ। ਸਿਖੰਡੀ ਮਾਤਾ ਪਿਤਾ ਕੋ ਦੁਖੀ ਦੇਖ ਕਰ ਭਾਗ ਗਿਆ ਅਰ ਕੁਬੇਰ ਬਨ ਮੇਂ ਜਾ ਕਰ ਲੁਕਾ, ਆਪਣਾ ਸਾਰਾ ਦੁਖ ਕਬੇਰ ਕੇ ਮਾਲੀ ਕੋ ਸੁਨਾਇਆ, ਮਾਲੀ ਨੇ ਕਹਾ ਮੈਂ ਯੋਗ ਸ਼ਕਤੀ ਜਾਨਤਾ ਹੂੰ, ਯੋਗ ਬਲ ਸੇ ਆਪਨਾ ਪੁਰਸ਼ ਭਾਵ ਤੇਰੇ ਕੋ ਦੇਤਾ ਹੂੰ, ਅਰ ਤੇਰਾ ਇਸਤ੍ਰੀ ਭਾਵ ਮੈਂ ਲੇਤਾ ਹੂੰ। ਯੇਹ ਪੁਰਸ਼ ਭਾਵ ਤੂੰ ਆਪਣੇ ਸਹੁਰੇ ਆਦਿ ਕੋ ਦਿਖਾ ਕਰ ਤਸੱਲੀ ਦੇ ਕਰ, ਫੇਰ ਆ ਕਰ ਬਦਲਾ ਜਾਣਾ। ਸਿਖੰਡੀ ਨੇ ਐਸੇ ਹੀ ਕੀਆ ਯਾਨੇ ਆਪਣੇ ਸਹੁਰੇ ਕੋ ਆ ਮਿਲਾ। ਉਸਕਾ ਸਹੁਰਾ ਉਸ ਕਾ ਪੁਰਸ਼ਪਣਾ ਦੇਖ ਕਰ ਬੜਾ ਖੁਸ਼ ਹੂਆ, ਅਰ ਆਪਣੀ ਕੰਨਿਆਂ ਕੋ ਦੰਡ ਦੇਤਾ ਭਇਆ। ਵਹਾਂ ਇਕ ਦਿਨ ਕੁਬੇਰ ਬਾਗ ਮੇਂ ਆਇਆ, ਮਾਲੀ ਸ਼ਰਮ ਕਰਕੇ ਉਸ ਕੋ ਨ ਮਿਲਾ, ਕੁਬੇਰ ਨੇ ਦੂਸਰੇ ਨੌਕਰੋਂ ਸੇ ਪੂਛਾ ਉਨੋਂ ਨੇ ਸਭ ਹਾਲ ਸੁਨਾਇਆ, ਤਬ ਕਬੇਰ ਨੇ ਮਾਲੀ ਕੋ ਮੰਗਾ ਕਰ ਸ਼ਾਪ ਦੀਆ, ਤੂੰ ਅਬ ਸੇ ਇਸਤ੍ਰੀ ਬਣੀ ਰਹੁ, ਅਰ ਉਹ ਪੁਰਸ਼ ਹੀ ਬਣਾ ਰਹੇ। ਤਬ ਸੇ ਸਿਖੰਡੀ ਪੁਰਸ਼ ਹੀ ਬਣਾ ਰਹਾ, ਅਰ ਮਹਾਭਾਰਤ ਯੁਧ ਮੇਂ ਭੀਸ਼ਮ ਪਿਤਾਮਾ ਕੋ ਮਾਰ ਦੇਤਾ ਭਇਆ, ਸੋ ਇਸ ਪ੍ਰਕਾਰ ਪ੍ਰਮੇਸੁਰ ਚਾਹੇ ਤੋ ਪੁਰਸ਼ ਕੋ ਨਾਰੀ, ਅਰ ਨਾਰੀ ਕੋ ਪੁਰਸ਼ ਬਣਾ ਦੇਤਾ ਹੈ। ਤੀਸਰੀ ਯੁਕਤੀ ਸੁਖ ਦੁਖ ਕੇ ਸਮ ਮੇਂ ਈਸ੍ਵਰ ਅਧੀਨਤਵ ਹੈ।

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ ਖਿਨ ਮਹਿ ਥਾਪਿ ਉਥਾਪਨ ਹਾਰਾ ਆਪਨ ਹਾਥਿ ਮਤਾਂਤ ॥੧॥ ਸਿਆਨਪ ਕਾਹੂੰ ਕਾਮਿ ਨ ਆਤ ॥ ਜੋ ਅਨਰੂਪਿਓ ਠਾਕੁਰ ਮੇਰੈ ਹੋਇ ਰਹੀ ਉਹ ਬਾਤ ॥੧॥ ਰਹਾਉ ॥ ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥ ਲਸਕਰ ਨੇਬ ਖਵਾਸ ਸਭ ਤਿਆਗੇ ਜਮਪੁਰਿ ਊਠਿ ਸਿਧਾਸ ॥** [ਗੂਜਰੀ ਮ. ੫ ਸਫਾ ੪੯੬

ਕਬਹੂ ਖੀਰਿ ਖਾਡ ਘੀਉ ਨ ਭਾਵੈ ॥ ਕਬਹੂ ਘਰ ਘਰ ਟੂਕ ਮਗਾਵੈ ॥ ਕਬਹੂ ਕੂਰਨੁ ਚਨੇ ਬਿਨਾਵੈ ॥ ੧ ॥ ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥ ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧ ॥ ਰਹਾਉ ॥ ਕਬਹੂ ਤੁਰੇ ਤਰੰਗ ਨਚਾਵੈ ॥ ਕਬਹੂ ਪਾਇ ਪਨਹੀਓ ਨ ਪਾਵੈ ॥ ੨ ॥ ਕਬਹੂ ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ ਪੈਆਰੁ ਨ ਪਾਵੈ ॥ ੩ ॥

[ਭੈਰਉ ਨਾਮਦੇਵ ਸਫਾ ੧੧੬੪

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ਤਥਾ–ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ [ਗਉੜੀ ਸੁ: ਮ: ੫ ਸਫਾ ੨੭੬

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪ ਕਰੈ ਆਪਨ ਬੀਚਾਰੈ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥ ਤਥਾ–

[ਗਉੜੀ ਸੁਖਮਨੀ ਮ: ੫ ਸਫਾ ੨੭੭

ਕਹਾ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥ ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਕਬਹੂ ਊਚ ਨੀਚ ਮਹਿ ਬਸੈ ॥ ਕਬਹੂ ਸੋਗ ਹਰਖ ਰੰਗਿ ਹਸੈ ॥ ਕਬਹੂ ਨਿੰਦ ਚਿੰਦ ਬਿਉਹਾਰ ॥ ਕਬਹੂ ਊਭ ਅਕਾਸ ਪਇਆਲ ॥ ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪਿ ਮਿਲਾਵਣਹਾਰ ॥ ੫ ॥ ਕਬਹੂ ਨਿਰਤਿ ਕਰੈ ਬਹੁ ਭਾਤਿ ॥ ਕਬਹੂ ਸੋਇ ਰਹੈ ਦਿਨੁ ਰਾਤਿ ॥ ਕਬਹੂ ਮਹਾ ਕ੍ਰੋਧ ਬਿਕਰਾਲ ॥ ਕਬਹੂੰ ਸਰਬ ਕੀ ਹੋਤ ਰਵਾਲ ॥ ਕਬਹੂ ਹੋਇ ਬਹੈ ਬਡਰਾਜਾ ॥ ਕਬਹੂ ਭੇਖਾਰੀ ਨੀਚ ਕਾ ਸਾਜਾ ॥ ਕਬਹੂ ਅਪਕੀਰਤਿ ਮਹਿ ਆਵੈ ॥ ਕਬਹੂ ਭਲਾ ਭਲਾ ਕਹਾਵੈ ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ ਗੁਰ



ਪ੍ਰਸਾਦਿ ਨਾਨਕ ਸਚੁ ਕਹੈ ॥ ੬ ॥ ਕਬਹੂ ਹੋਇ ਪੰਡਿਤ ਕਰੇ ਬਖ੍ਯਾਨੁ ॥ ਕਬਹੂ ਮੋਨਿ ਧਾਰੀ ਲਾਵੈ ਧਿਆਨੁ ॥ ਕਬਹੂ ਤਟ ਤੀਰਥ ਇਸਨਾਨ ॥ ਕਬਹੂ ਸਿਧ ਸਾਧਿਕ ਮੁਖਿ ਗਿਆਨ ॥ ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥ ਅਨਿਕ ਜੋਨਿ ਭਰਮੈ ਭਰਮੀਆ ॥ ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥੭॥ [ਗਉੜੀ ਸੁਖ: ਸਫਾ ੨੭੭

ਇਸ ਪ੍ਰਕਾਰ ਸੁਖਮਨੀ ਸਾਹਿਬ ਮੇਂ ਸਤਯਵਕਤਾ, ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਤਿਗਿਆ ਕਰਕੇ ਕਹਿਤੇ ਹੈਂ, ਕਿ ਜੀਵ ਕਾ ਸਭ ਬਿਵਹਾਰ ਈਸ੍ਵਰਾਧੀਨ ਹੈ। ਇਸ ਵਾਸਤੇ ਜਿਸ ਤਰ੍ਹਾਂ ਈਸ਼ਵਰ ਕੋ ਭਾਵੇ ਉਸ ਮੇਂ ਹੀ ਪਰਸੰਨ ਰਹੇ।

**ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥**

[ਮਾਝ ਮ: ੫ ਸਫਾ ੧੦੮

**ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨੁ ॥**

[ਗਉੜੀ ਸੁਖਮਨੀ ਮ: ੫ ਸਫਾ ੨੮੩

ਇਸ ਸੁਖਮਨੀ ਸਾਹਿਬ ਕੀ ਪੰਕਤੀ ਪਰ ਏਕ ਸੰਤ ਮਸਤ ਹੋ ਗਏ, ਕਿ ਪਰਮਾਤਮਾ ਜੋ ਕੁਛ ਕਰੇਗਾ ਉਸੀ ਮੇਂ ਹੀ ਸੁਖੀ ਰਹੂੰਗਾ, ਵਹਿ ਮਹਾਤਮਾ ਹਰ ਏਕ ਬਾਤ ਮੇਂ ਪਰਸੰਨ ਰਹਿਨੇ ਲਗਾ, ਔਰ ਸਭ ਬਾਤ ਈਸ਼ਵਰ ਕੀ ਪ੍ਰੇਰਨਾ ਸੇ ਹੋਤੀ ਹੈ ਯਹ ਨਿਸਚੇ ਕਰ, ਆਪ ਬਿਲਕੁਲ ਨਿਹਸੰਕਲਪ ਹੋ ਕਰ ਬੈਠਾ ਰਹਾ ਕਰੇ, ਜੈਸੇ ਬਿਲੀ ਕਾ ਬੱਚਾ ਆਪ ਕੁਛ ਯਤਨ ਨਹੀਂ ਕਰਤਾ, ਬਿਲੀ ਉਠਾ ਕਰ ਜਹਾਂ ਮਰਜੀ ਹੋ ਰਖ ਦੇਵੇ ਬੱਚਾ ਵਹਾਂ ਹੀ ਪੜਾ ਰਹਿਤਾ ਹੈ ਤੈਸੇ ਹੀ ਯੇਹ ਮਹਾਤਮਾ ਖਾਨ ਪਾਨ ਆਦਿ ਕਾ ਕੁਛ ਖਿਆਲ ਨ ਕਰੇਂ, ਐਸਾ ਵਿਚਾਰ ਕਿ ਜਹਾ ਪਰਮਾਤਮਾ ਰਖੇਗਾ, ਔਰ ਜਿਸ ਤਰ੍ਹਾਂ ਰਖੇਗਾ ਉਸੀ ਤਰ੍ਹਾਂ ਹੀ ਸੁਖ ਦੁਖ ਮੇਂ ਪਰਸੰਨ ਰਹੂੰਗਾ, ਏਕ ਸੰਤੋਂ ਕੀ ਮੰਡਲੀ ਰਸਤੇ ਮੇਂ ਜਾ ਰਹੀ ਥੀ, ਉਨ ਕੇ ਸਾਥ ਯੇਹ ਮਹਾਤਮਾ ਭੀ ਚਲ ਪੜੇ ਘੂਮਤੇ ਘੂਮਤੇ ਏਕ ਨਦੀ ਕੇ ਕਿਨਾਰੇ ਪਹੁੰਚੇ ਜਹਾਂ ਬ੍ਰਿਛੋਂ ਕੀ ਬੜੀ ਸੰਘਨੀ ਛਾਇਆ ਥੀ, ਅਤੇ ਥੋੜੀ ਦੂਰ ਪਰ ਏਕ ਸ਼ਹਿਰ ਭੀ ਥਾ, ਵਹਾ ਸੁੰਦਰ ਅਸਥਾਨ ਦੇਖ ਕਰ ਸੰਤ ਮੰਡਲੀ ਨੇ ਬ੍ਰਿਛੋਂ ਕੇ ਨੀਚੇ ਆਸਣ ਲਗਾ ਦੀਏ, ਵਹੁ ਸੰਤੋਖੀ ਸੈਤ ਭੀ ਨਦੀ ਕੇ ਪਾਰ ਏਕਾਂਤ ਮੇਂ ਬ੍ਰਿਛੋਂ ਕੀ ਛਾਇਆ ਮੇਂ ਬੈਠ ਗਏ, ਪਹਿਲੇ ਦਿਨ ਤੋ ਭੋਜਨ ਕਰ ਆਏ ਥੇ, ਕੋਈ ਜਰੂਰਤ ਨਹੀਂ ਸੀ ਸ਼ਾਮ ਕੋ ਸ਼ਹਿਰ ਕੇ ਸਤਿਸੰਗੀ ਲੋਕ, ਕੁਛਕੁ ਵਹਾਂ ਪਹੁੰਚ ਗਏ ਔਰ ਸੰਤ ਮੰਡਲੀ ਕੋ ਨਿਮੰਤ੍ਰਣ ਦੀਆ ਕਿ ਮਹਾਰਾਜ, ਕਲ ਹਮ ਯਹਾਂ ਹੀ ਭੋਜਨ ਆਪ ਸਭ ਕੇ ਲੀਏ ਲੇ ਆਵੇਂਗੇ ਕਿ ਆਪ ਨੇ ਭਿਛਿਆ ਕੋ ਨਾ ਜਾਣਾ, ਉਨ ਸਤਸੰਗੀਓਂ ਮੇਂ ਏਕ ਸਤ ਕਰੋੜ ਕਾ

ਸ਼ਾਹੂਕਾਰ ਥਾ, ਪਰੰਤੂ ਉਸ ਕੇ ਘਰ ਸੰਤਾਨ ਨਹੀਂ ਸੀ ਇਸ ਵਾਸਤੇ ਉਸ ਨੇ ਖਿਆਲ ਕੀਤਾ, ਕਿ ਇਹ ਸਤ ਕਰੋੜ ਰੁਪਏ ਕਿਸੀ ਪਰਮਾਰਥ ਮੇਂ ਲਗ ਜਾਵੇਂ ਤੋਂ ਅਛਾ ਹੈ, ਐਸਾ ਵਿਚਾਰ ਕਰ ਆਪਣੇ ਮਿਤਰੋਂ ਸੇ ਪੂਛਾ ਕਿ ਮੇਰੇ ਘਰ ਔਲਾਦ ਤੋ ਹੈ ਨਹੀਂ, ਇਸ ਵਾਸਤੇ ਮੈਂ ਆਪਣਾ ਸਭ ਰੁਪਿਆ ਪਰਮਾਰਥ ਮੇਂ ਲਗਾਨਾ ਚਾਹੁੰਦਾ ਹਾਂ, ਉਸ ਕੇ ਮਿਤਰੋਂ ਨੇ ਸਲਾਹ ਦਿਤੀ ਕਿ ਕੋਈ ਬ੍ਰਹਮਵੇਤਾ ਕ੍ਰੋਧ ਰਹਿਤ ਸ਼ਾਂਤ ਚਿਤ ਮਹਾਤਮਾ ਮਿਲੇ, ਤੋ ਉਸੇ ਗੁਰੂ ਬਣਾ ਕਰ ਗੁਰੂ ਦਖਣਾ ਮੇਂ ਆਪਣਾ, ਤਨ ਮਨ ਧਨ ਸਰਵਸ੍ਵ ਅਰਪਣ ਕਰ ਦੇਣਾ, ਇਸ ਸੇ ਪਰੇ ਹੋਰ ਕੋਈ ਉਤਮ ਪੁੰਨ ਨਹੀਂ ਕਿਉਂਕਿ ਲਿਖਾ ਹੈ:–

**ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕੁ ਬੀਚਾਰੁ ॥**

[ਵਾ: ਤੋਂ ਵ: ਮ: ੪ ਸਫਾ ੧੪੨੨

**ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥**

[ਗ: ਵਾਰ ਮ: ੫ ਸਫਾ ੩੨੦

**ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਿਗੁਰੁ ਸੇਵਾ ਲਾਏ ॥**

[ਰਾਮਕਲੀ ਮ: ੪ ਸਫਾ ੮੮੦

ਇਸ ਪ੍ਰਕਾਰ ਮਿਤਰੋਂ ਨੇ ਸਲਾਹ ਦਿਤੀ ਕਿ ਪਹਿਲੇ ਪੂਰੇ ਸਤਿਗੁਰ ਕੀ ਤਲਾਸ਼ ਕਰੋ ਅਤੇ ਉਨਾਂ ਦਾ ਗਿਆਨ, ਸ਼ਾਂਤੀ, ਧੀਰਜ, ਵਿਵੇਕ ਆਦਿ ਦੇਖੋ ਫਿਰ ਉਨੋਂ ਕੋ ਗੁਰੂ ਬਨਾ ਕਰ ਸਰਵਸ ਦੇ ਦਿਓ, ਮਿਤਰੋਂ ਕੀ ਸਲਾਹ ਉਸ ਨੂੰ ਪਸੰਦ ਆਈ, ਅਤੇ ਸ਼ਾਂਤ ਚਿਤ ਮਹਾਤਮਾਓਂ ਕੋ ਢੂੰਡਨੇ ਲਗਾ, ਔਰ ਉਨਕੇ ਸ਼ਾਂਤੀ ਆਦੀ ਗੁਣੋਂ ਕੀ ਪ੍ਰੀਖਿਆ ਕਰਨੇ ਲਗਾ, ਔਰ ਐਸੇ ਐਸੇ ਕਾਮ ਕਰਨੇ ਲਗਾ ਜਿਨੋਂ ਸੇ ਮਹਾਤਮਾ ਕੋ ਕਿਸੀ ਨ ਕਿਸੀ ਤਰ੍ਹਾਂ ਕਰੋਧ ਆ ਜਾਏ, ਜਿਸ ਮਹਾਤਮਾ ਕੋ ਕਰੋਧ ਆ ਜਾਤਾ ਥਾ ਉਸ ਕੇ ਪਾਸ ਨਹੀਂ ਜਾਤਾ ਥਾ, ਏਕ ਦਿਨ ਵੁਹ ਸੇਠ ਅਪਨੇ ਮਿਤਰੋਂ ਕੋ ਸਾਥ ਲੇਕਰ, ਮਹਾਤਮਾਓਂ ਕੀ ਮੰਡਲੀ ਕੋ ਨਿਮੰਤ੍ਰਣ ਦੇ ਆਇਆ, ਔਰ ਉਨਕੀ ਸ਼ਾਂਤੀ ਕੀ ਪ੍ਰੀਖਿਆ ਕਰਨੇ ਵਾਸਤੇ ਬਹੁਤ ਦੇਰੀ ਕਰਕੇ, ਦਿਨ ਛਿਪਨੇ ਕੇ ਕਰੀਬ ਭੋਜਨ ਲਾਇਆ, ਇਤਨੀ ਦੇਰੀ ਕਰਨੇ ਪਰ ਕਿਸੀ ਸੰਤ ਨੇ ਭੀ ਕ੍ਰੋਧ ਨ ਕੀਆ, ਸਾਰੀ ਸੰਤ ਮੰਡਲੀ ਕੋ ਸ਼ਾਂਤ ਦੇਖ ਕਰ ਸੇਠ ਬੜਾ ਪ੍ਰਸੰਨ ਹੂਆ, ਔਰ ਪਰੇਮ ਸੇ ਸਭ ਕੋ ਭੋਜਨ ਕਰਾਨੇ ਲਗਾ, ਜਬ ਸੰਤ ਭੋਜਨ ਕਰਨੇ ਲਗੇ ਤੋ ਉਸ ਪ੍ਰੇਮੀ ਕੋ ਕਹਾ, ਕਿ ਹਮਾਰੇ ਕੋ ਭੋਜਨ ਦੇਕਰ ਵੁਹ ਜੋ ਪਾਰ ਏਕ ਮਹਾਤਮਾ ਬੈਠੇ ਹੈਂ ਜੋ ਹਮਾਰੇ ਹੀ ਸਾਥ ਹੈਂ, ਵੁਹ ਬੜੇ ਏਕਾਂਤ ਵਾਸੀ ਔਰ ਸ਼ਾਂਤ ਚਿਤ ਹੈਂ, ਉਨ੍ਹੋਂ ਕੋ ਪਾਰ ਹੀ ਭੋਜਨ ਖਿਲਾਨਾ, ਧਨੀ ਯੇਹ ਬਚਨ ਸੁਣ ਕਰ ਫਿਰ ਪੂਛਨੇ ਲਗਾ ਕਿ ਸਚ ਮੁਚ ਵੋਹ ਸ਼ਾਂਤ ਚਿਤ ਔਰ ਸੰਤੋਸ਼ੀ ਹੈਂ ? ਤੋ ਹਮ ਉਨ ਕੇ ਜਰੂਰ ਦਰਸ਼ਨ ਕਰੇਂਗੇ ਔਰ ਪਾਰ ਹੀ ਉਨ ਕੋ ਭੋਜਨ ਖਿਲਾਏਂਗੇ, ਇਸ ਪ੍ਰਕਾਰ ਕਹਿ ਕਰ ਪਹਿਲੇ



ਸਭ ਸੰਤ ਮੰਡਲੀ ਕੋ ਭੋਜਨ ਕਰਾਇਆ, ਫਿਰ ਨਦੀ ਕੇ ਪਾਰ ਗਏ ਔਰ ਸੰਤ ਕੀ ਪ੍ਰੀਖਿਆ ਕਰਨੇ ਲਗੇ, ਕਿ ਦੇਖੇਂ ਕਹਾਂ ਤਕ ਇਨ ਕੇ ਚਿਤ ਮੇਂ ਸ਼ਾਂਤੀ ਹੈ ? ਉਸ ਸੰਤ ਕੇ ਨਜਦੀਕ ਜਾ ਕਰ ਬੜਾ ਰੌਲਾ ਪਾਨੇ ਲਗੇ, ਔਰ ਬੈਠ ਕਰ ਭੋਜਨ ਖਾਨ ਲਗੇ, ਆਪ ਭੋਜਨ ਖਾ ਕਰ ਬਾਕੀ ਭੋਜਨ ਮਛੀਓਂ ਔਰ ਕਊਓਂ ਕੋ ਡਾਲ ਦੀਆ, ਮਹਾਤਮਾ ਵਾਸਤੇ ਕੁਛ ਭੀ ਭੋਜਨ ਨ ਰਖਾ, ਵੁਹ ਮਹਾਤਮਾ ਭੀ ਈਸ਼ਵਰ ਕੇ ਭਜਨ ਮੇਂ ਮਸਤ ਹੋ ਕਰ ਬੈਠੇ ਰਹੇ, ਉਨ ਕੀ ਤਰਫ ਆਂਖ ਉਠਾ ਕਰ ਭੀ ਨ ਦੇਖਾ, ਸ਼ਾਂਤੀ ਪੂਰਵਕ ਬੈਠੇ ਰਹੇ ਵੁਹ ਭਗਤ ਮੰਡਲੀ ਭੋਜਨ ਖਾ ਕਰ ਬਰਤਨ ਨੌਕਰੋਂ ਕੇ ਹਾਥ ਘਰ ਭੇਜ ਕਰ, ਖਾਲੀ ਹਾਥ ਉਸ ਮਹਾਤਮਾ ਕੇ ਪਾਸ ਆ ਬੈਠੇ, ਔਰ ਊਪਰ ਸੇ ਨਿਊਣੀ ਨਿਊਣੀ ਕਰਕੇ ਕਹਿਨੇ ਲਗੇ, ਕਿ ਮਹਾਰਾਜ ਬੜਾ ਦੂਖ ਹੂਆ, ਹਮ ਸਭ ਸੰਤ ਮੰਡਲੀ ਕੇ ਵਾਸਤੇ ਭੋਜਨ ਲਾਏ ਭੀ ਥੇ, ਔਰ ਉਨ ਮਹਾਤਮਾਓਂ ਨੇ ਹਮ ਕੋ ਕਹਾ ਭੀ ਥਾ, ਕਿ ਪਾਰ ਏਕ ਮਹਾਤਮਾ ਹੈਂ ਉਨ ਕੋ ਭੀ ਭੋਜਨ ਖੁਲਾ ਦੇਨਾ, ਪ੍ਰੰਤੂ ਹਮ ਅੰਧੇ ਅਗਿਆਨੀ ਭੂਲ ਗਏ, ਹਮ ਸਭ ਨੇ ਭੋਜਨ ਖਾਇਆ ਔਰ ਬਚਾ ਹੂਆ ਮਛੀਓਂ ਔਰ ਕਊਓਂ ਕੋ ਡਾਲਾ, ਪਰੰਤੂ ਆਪ ਕਲ ਕੇ ਭੂਖੇਂ ਕੋ ਭੋਜਨ ਨਹੀਂ ਦੀਆ, ਮਹਾਰਾਜ ਭੋਜਨ ਪਕੇ ਕਚੇ ਦੋਨੋਂ ਨਮੂਨੇ ਕੇ ਥੇ ਮਾਲਪੂੜੇ, ਦਹੀਂ ਭਲੇ, ਪਾਪੜ, ਚਾਵਲ, ਕਚੌਰੀਆਂ, ਫੁਲਕੇ ਤਥਾ ਨਾਨਾ ਪ੍ਰਕਾਰ ਕੀ ਭਾਜੀਆਂ, ਤਥਾ ਖੱਟੀ ਮਿੱਠੀ ਚਟਨੀਆ ਇਤਿਆਦੀ ਬਹੁਤ ਪ੍ਰਕਾਰ ਕੇ ਭੋਜਨ ਬਨਾਏ ਥੇ, ਪਰੰਤੂ ਬੜੇ ਦੁਖ ਅਰ ਅਫਸੋਸ ਕੀ ਬਾਤ ਹੈ, ਕਿ ਆਪ ਭੂਖੇ ਹੀ ਬੈਠੇ ਰਹੇ, ਉਨ ਕੀ ਯਹ ਸਭ ਬਾਤੇਂ ਸੁਨ ਕਰ ਮਹਾਤਮਾ ਬੜੀ ਸ਼ਾਂਤੀ ਔਰ ਧੀਰਜ ਸੇ ਬੋਲੇ, ਕਿ ਇਹ ਸ਼ਰੀਰ ਕੀ ਕੋਈ ਚਿੰਤਾ ਨ ਕਰੋ, ਯਹ ਸਰੀਰ ਈਸ਼ਰ ਅਧੀਨ ਹੈ ਈਸ਼ਵਰ ਕੀ ਪ੍ਰੇਰਨਾ ਹੀ ਅਭੀ ਨਹੀਂ ਹੂਈ, ਹਮੇਂ ਤੋ ਈਸ਼ਵਰ ਖੁਲਾਏਗਾ ਤੋ ਖਾਏਂਗੇ, ਨ ਖੁਲ਼ਾਏਗਾ ਤੋ ਸ਼ਾਂਤੀ ਮੇਂ ਪੜੇ ਰਹੇਂਗੇ, ਇਸ ਲੀਏ ਤੁਮ ਖਾਣ ਪਾਨ ਕੀ ਵਾਰਤਾ ਕੋ ਛੋੜ ਕਰ, ਕੋਈ ਪ੍ਰਮੇਸ਼ਵਰ ਸੰਬੰਧੀ ਵਾਰਤਾ ਚਲਾਓ, ਜਿਸ ਸੇ ਤੁਮਾਰਾ ਭਲਾ ਹੋ, ਫਿਰ ਸਭ ਭਗਤ ਕਹਿਣੇ ਲਗੇ ਕਿ ਮਹਾਰਾਜ, ਹਮਾਰਾ ਭਲਾ ਤੋ ਆਪ ਲੋਗੋਂ ਕੀ ਸੇਵਾ ਕਰਨੇ ਸੇ ਹੀ ਥਾ, ਪ੍ਰੰਤੂ ਹਮ ਐਸੇ ਪਾਪੀ ਔਰ ਅਪਰਾਧੀ ਹੈਂ, ਕਿ ਆਪ ਕੇ ਪਾਸ ਬੈਠ ਕਰ ਹਮ ਖਾਤੇ ਰਹੇ, ਔਰ ਆਪ ਸੇ ਪੂਛਾ ਭੀ ਨਹੀਂ, ਇਸ ਵਾਸਤੇ ਹਮਾਰੇ ਚਿੱਤ ਮੇਂ ਬੜਾ ਦੂਖ ਹੂਆ ਹੈ, ਅਬ ਤੋ ਹਮਾਰਾ ਚਿੱਤ ਤਬ ਪ੍ਰਸੰਨ ਹੋਗਾ ਜਬ ਕਲ ਕੋ ਹਮਾਰਾ ਨਿਮੰਤਣ ਮਾਨੋਂ, ਅਗਰ ਹੋਰ ਕੋਈ ਪ੍ਰੇਮੀ ਖਾਨੇ ਵਾਸਤੇ ਕੋਈ ਚੀਜ ਲੇ ਭੀ ਆਵੇ, ਪਰੰਤੂ ਆਪ ਨੇ ਮੂੰਹ ਮੇਂ ਨਾ ਡਾਲਨਾ, ਔਰ ਨਾ ਹੀ ਆਪ ਨੇ ਭਿਛਿਆ ਮਾਂਗਨੇ ਜਾਣਾ, ਜੋ ਚੀਜ ਆਪ ਕਹੋ ਔਰ ਜਿਸ ਵੇਲੇ ਕਹੋ ਹਮ ਉਸ ਸਮੇਂ ਆਪ ਕੇ ਪਾਸ ਲੇ ਆਵੇਂਗੇ, ਮਹਾਤਮਾ ਨੇ ਕਹਾ ਅੱਛਾ ਜੈਸੇ ਤੁਮ ਕਹਿਤੇ ਹੋ ਵੈਸੇ ਹੀ ਕਰੂੰਗਾ, ਔਰ ਜਿਸ ਸਮੇਂ ਜੋ ਚੀਜ ਲੇ ਆਓਗੇ ਖਾਲੂੰਗਾ, ਐਸੇ ਸੰਤੋਂ ਸੇ ਬਚਨ ਲੇ ਕਰ ਵੋਹ ਪ੍ਰੇਮੀ ਚਲੇ ਗਏ, ਦੂਸਰੇ ਦਿਨ ਫਿਰ ਛਤੀਸ ਪ੍ਰਕਾਰ ਕੇ ਭੋਜਨ ਬਨਾਏ, ਔਰ ਸਾਥ ਹੀ ਦੋ ਰੋਟੀਆ ਚਣਿਓਂ ਕੀ ਬੜੀ ਮੋਟੀ ੨ ਪਕਾ ਕਰ, ਖੁਸ਼ਕ ਹੀ ਰਖ ਲੀਂ ਔਰ ਸਭ ਸੰਤ ਮੰਡਲੀ

ਕੋ ਭੋਜਨ ਖਿਲਾਇਆ, ਬਾਕੀ ਜੋ ਭੋਜਨ ਬਚਾ ਵੋਹ ਥੋੜੀ ਦੂਰ ਨਦੀ ਕੇ ਕਿਨਾਰੇ ਪਰ ਬੈਠ ਕਰ ਸਭ ਭਗਤੋਂ ਨੇ ਖਾ ਲੀਆ, ਔਰ ਬਾਕੀ ਮਛਲੀਓਂ ਕੋ ਡਾਲ ਕਰ ਵੋਹ ਦੋ ਖੁਸ਼ਕ ਰੋਟੀਆਂ ਨਦੀ ਪਾਰ ਲੇ ਗਏ, ਔਰ ਮਹਾਤਮਾ ਸੇ ਕਹਿਨੇ ਲਗੇ ਮਹਾਰਾਜ ਸੇਠ ਜੀ ਕੋ ਕੋਈ ਕਾਮ ਪੜ ਗਿਆ ਥਾ, ਇਸ ਲੀਏ ਉਨ੍ਹੋਂ ਨੇ ਹਮਾਰੇ ਕੋ ਭੋਜਨ ਖਿਲਾਨੇ ਭੇਜਾ, ਔਰ ਹਮੇਂ ਅੱਛੀ ਤਰ੍ਹਾਂ ਸਮਝਾਇਆ ਭੀ, ਕਿ ਸਭ ਸੰਤ ਮੰਡਲੀ ਕੋ ਭੋਜਨ ਖਿਲਾ ਕਰ ਜੋ ਨਦੀ ਪਾਰ ਸੰਤ ਰਹਿਤੇ ਹੈਂ ਉਨ ਕੋ ਬੜੇ ਪ੍ਰੇਮ ਸੇ ਜਾ ਕਰ ਭੋਜਨ ਖਿਲਾਨਾ, ਕਿਉਂਕਿ ਵੋਹ ਦੋ ਦਿਨ ਕੇ ਭੂਖੇ ਬੈਠੇ ਹੈਂ, ਇਸ ਤਰ੍ਹਾਂ ਬਾਰੰਬਾਰ ਸੇਠ ਜੀ ਨੇ ਹਮੇਂ ਸਮਝਾਇਆ ਭੀ ਥਾ, ਔਰ ਸੰਤ ਮੰਡਲੀ ਨੇ ਭੀ ਕਹਾ ਥਾ ਕਿ ਪਾਰ ਵਾਲੇ ਸੰਤੋਂ ਕੋ ਪ੍ਰੇਮ ਪੂਰਵਕ ਭੋਜਨ ਖਿਲਾਨਾ, ਪ੍ਰੰਤੂ ਹਮ ਭੂਲ ਗਏ ਔਰ ਵਹਾਂ ਹੀ ਮਛਲੀਆਂ ਦੇਖਣੇ ਲਗ ਗਏ, ਆਪ ਭੋਜਨ ਖਾਤੇ ਰਹੇ ਔਰ ਮਛਲੀਓਂ ਕੋ ਭੀ ਖੁਲਾਤੇ ਰਹੇ, ਪਰੰਤੂ ਆਪ ਵਾਸਤੇ ਕੁਛ ਭੀ ਨ ਰਖਾ ਹੇ ਭਗਵਨ ! ਆਜ ਤੋ ਕਲ ਸੇ ਭੀ ਬਹੁਤ ਅਛੇ ੨ ਭੋਜਨ ਸੇਠਾਣੀ ਜੀ ਨੇ ਖੁਦ ਅਪਨੇ ਹਾਥੋਂ ਸੇ ਬਨਾ ਕਰ ਭੇਜੇ ਥੇ, ਜੈਸੇ ਰਬੜੀ, ਮਲਾਈ, ਕਸਾਰ, ਪਿਸਤੇ ਤਥਾ ਬਦਾਮੋਂ ਵਾਲੀ ਖੀਰ, ਗੁਲਾਬ ਜਾਮਨ, ਅੰਮ੍ਰਤੀਆਂ, ਘੇਵਰ ਇਤਿਆਦੀ ਬਹੁਤ ਸਮਾਨ ਆਪ ਕੋ ਖਿਲਾਨੇ ਕੇ ਲੀਏ ਭੇਜਾ ਥਾ ਪਰੰਤੂ ਹਮ ਪਾਪੀਓਂ ਨੇ ਆਪ ਕੋ ਕੁਛ ਭੀ ਨਹੀਂ ਖਿਲਾਇਆ, ਔਰ ਅਭੀ ਸੇਠ ਜੀ ਭੀ ਆਨੇ ਵਾਲੇ ਹੈਂ ਹਮ ਉਨ੍ਹੋਂ ਕੋ ਕਿਆ ਜਵਾਬ ਦੇਂਵੇਗੇ ? ਮਹਾਤਮਾ ਨੇ ਫਿਰ ਬੜੇ ਧੈਰਯ ਤਥਾ ਅਨੇਕ ਮੀਠੇ ਬਚਨੋਂ ਸੇ ਉਨ ਕੋ ਕਹਾ, ਕਿ ਸੰਤੋਂ ਪਾਸ ਜਾਈਏ ਤੋ ਬ੍ਰਹਮ ਚਰਚਾ ਹੀ ਕਰਨੀ ਚਾਹੀਏ, ਖਾਨ ਪਾਨ ਆਦਿ ਕੀ ਵਾਰਤਾ, ਤਥਾ ਦੇਸ਼ ਵਾਰਤਾ, ਔਰ ਬਿਵਹਾਰ ਕੀ ਵਾਰਤਾ ਨ ਕਰਨੀ ਚਾਹੀਏ, ਔਰ ਹਮ ਤੋ ਈਸ਼ਵਰ ਕੇ ਭਰੋਸੇ ਪਰ ਬੈਠੇ ਹੈਂ, ਜਬ ਈਸ਼੍ਵਰ ਖੁਲਾਏਗਾ ਤੋ ਖਾ ਲੇਂਗੇ, ਅਗਰ ਨ ਖੁਲਾਏਗਾ ਤੋ ਕੁਛ ਚਿੰਤਾ ਭੀ ਨਹੀਂ, ਫਿਰ ਵਹੁ ਬੜੇ ਸੰਕੋਚ ਸੇ ਕਹਨੇ ਲਗੇ ਕਿ ਮਹਾਰਾਜ ! ਹਮੇਂ ਯੇਹ ਕਹਿਤੇ ਬੜੀ ਸ਼ਰਮ ਲਗਦੀ ਹੈ, ਕਿ ਕੁਤਿਓਂ ਵਾਸਤੇ ਖੁਸ਼ਕ ਚਨੋਂ ਕੀ ਦੋ ਰੋਟੀਆਂ ਲੇ ਆਏ ਥੇ ਵਹੁ ਅਭੀ ਹਾਜ਼ਰ ਹੈ, ਪ੍ਰੰਤੂ ਦੇਨੇ ਮੇਂ ਹਮੇਂ ਬੜੀ ਸ਼ਰਮ ਲਗਤੀ ਹੈ, ਕਿਉਂਕਿ ਆਪ ਕੋ ਸੇਠ ਜੀ ਨੇ ਨਿਮੰਤਣ ਦੀਆ ਹੂਆ ਥਾ, ਔਰ ਦੀਆਂ ਸੁਕੀਆਂ ਰੋਟੀਆਂ, ਸੰਤ ਕਹਿਨੇ ਲਗੇ ਕੋਈ ਸ਼ਕ ਨ ਕਰੋ, ਅਗਰ ਤੁਮ ਵਹੁ ਦੋਗੇ ਤੋ ਖੁਸ਼ੀ ਸੇ ਲੇ ਲੇਂਗੇ ਸੰਤ ਘਰ ਘਰ ਮੇਂ ਕੁਤੇ ਕੀ ਤਰ੍ਹਾਂ ਟੁਕੜਾ ਮਾਂਗਤੇ ਰਹਿਤੇ ਹੈਂ ।

ਪ੍ਰਮਾਣ:-**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ** [ਆਸਾ ਮ: ੯ ਸਫਾ ੪੧੧

ਇਸ ਵਚਨ ਅਨੁਸਾਰ ਹਮਾਰੀ ਕੁਤਿਓਂ ਕੀ ਨਿਆਈਂ ਬ੍ਰਿਤੀ ਗੁਰੂ ਜੀ ਲਿਖਤੇ ਹੈਂ, ਤੁਮ ਸੁਕ ਟੁਕੜੇ ਹੀ ਲਾਓ ਹਮ ਖਾ ਲੇਂਗੇ ਵਹੁ ਕਹਿਨੇ ਲਗੇ ਮਹਾਰਾਜ ! ਕਿਸ ਚੀਜ਼ ਸੇ ਖਾਓਗੇ ? ਸਾਗ ਭਾਜੀ ਤੋ ਕੁਛ ਹੈ ਨਹੀਂ ਔਰ ਰੋਟੀਆਂ ਬਹੁਤ ਖੁਸ਼ਕ ਹੈਂ, ਮਹਾਤਮਾ ਨੇ ਕਹਾ ਕਿ ਜਲ ਕੇ ਘੁੰਟ ਸੇ ਖਾ ਲੇਂਗੇ, ਪਰੰਤੂ ਵਹੁ ਜਾਣ ਜਾਣ ਕਰ ਦੇਰੀ ਕਰਤੇ ਹੈਂ ਕਿਉਂਕਿ ਸੇਠ ਜੀ ਨੇ ਪਹਿਲੇ ਸਮਝਾ ਦੀਆ ਥਾ, ਕਿ ਮੈਂ ਏਕ ਬਨਾਵਟੀ ਭੂਖਾ ਅਤਿਥਿ ਭੇਜੂੰਗਾ, ਉਸ ਕੇ ਆਨੇ ਪਰ ਮਹਾਤਮਾ ਕੋ ਖੁਸ਼ਕ ਰੋਟੀਆਂ ਦੇਕਰ



ਫਿਰ ਪ੍ਰੀਖਿਆ ਕਰੇਂਗੇ ਕਿ ਵਹੁ ਦੋ ਦਿਨ ਕਾ ਭੂਖਾ ਸੰਤ, ਰੋਟੀਆਂ ਦੇਨੇ ਕੀ ਉਦਾਰਤਾ ਰਖਤਾ ਹੈ ਕਿ ਨਹੀਂ, ਜਬ ਭਗਤੋਂ ਨੇ ਵਹੁ ਅਤਿਥੀ ਨਜ਼ਦੀਕ ਆਇਆ ਦੇਖਾ, ਤਬ ਦੋਨੋਂ ਖੁਸ਼ਕ ਰੋਟੀਆਂ ਉਠਾ ਕੇ, ਸੰਤ ਕੇ ਹਾਥੋਂ ਪਰ ਰਖ ਦੀਂ, ਰੋਟੀਓਂ ਕੋ ਦੇਖਤੇ ਹੀ ਬਨਾਵਟੀ ਅਤਿਥਿ ਨੇ ਪੁਕਾਰ ਕਰੀ, ਕਿ ਸੰਤ ਜੀ ਆਪ ਰੋਟੀ ਨ ਖਾਨਾ, ਮੈਂ ਤੀਨ ਦਿਨ ਕਾ ਭੂਖਾ ਹੂੰ, ਔਰ ਭੂਖ ਕੇ ਮਾਰੇ ਬੜਾ ਵਿਆਕੁਲ ਹੋ ਰਹਾ ਹੂੰ, ਮੇਰੇ ਪ੍ਰਾਣ ਬਚਾਓ, ਸੰਤ ਨੇ ਬੜੇ ਪਰੇਮ ਸੇ ਉਠ ਕਰ ਉਸ ਕੋ ਦੋਨੋਂ ਰੋਟੀਆਂ ਜਾਕਰ ਦੇਦੀਂ, ਔਰ ਜਲ ਕੀ ਸੇਵਾ ਭੀ ਕਰੀ, ਇਤਨੇ ਮੇਂ ਸੇਠ ਜੀ ਭੀ ਪਹੁੰਚ ਗਏ, ਅਪਨੇ ਆਦਮੀਓਂ ਸੇ ਪੂਛਾ, ਮਹਾਰਾਜ ਕੋ ਤ੍ਰਿਪਤੀ ਸੇ ਭੋਜਨ ਕਰਾਇਆ, ਵਹੁ ਬਨਾਵਟੀ ਰੋਨੇ ਲਗੇ ਅਰ ਕਹਿਨੇ ਲਗੇ, ਹਮ ਭੂਲ ਗਏ, ਮਹਾਰਾਜ ਜੀ ਨੇ ਕੁਛ ਭੋਜਨ ਨਹੀਂ ਕੀਆ, ਦੋ ਰੋਟੀਆਂ ਲੇ ਆਏ ਸੋ ਭੀ ਇਨ ਸੇ ਇਸ ਅਤਿਥੀ ਨੇ ਮਾਂਗ ਲੀਂ ਹੈ, ਆਪ ਬਿਲਕੁਲ ਭੂਖੇ ਬੈਠੇ ਹੈ, ਹਮ ਇਨੋਂ ਸੇ ਅਪਨੇ ਅਪਰਾਧ ਕੀ ਖਿਮਾਂ ਮਾਂਗ ਰਹੇ ਹੈਂ, ਸੇਠ ਯੇਹ ਬਾਤ ਸੁਣ ਕਰ ਆਪਨੇ ਆਦਮੀਓਂ ਪਰ, ਬੜਾ ਬਨਾਵਟੀ ਤੌਰ ਪਰ, ਨਾਰਾਜ਼ ਹੂਆ, ਔਰ ਕਹਿਨੇ ਲਗਾ ਅਰੇ ਮੂਰਖੋ ! ਤੁਮ ਨੇ ਹਮਾਰਾ ਸਭ ਪੁੰਨਯ ਖੀਣ ਕਰ ਦੀਆ, ਕਿਉਂਕਿ ਤੋ ਨਮੰਤਣ ਦੇਕਰ ਭੀ ਮਹਾਰਾਜ ਕੋ ਭੋਜਨ ਨ ਖਿਲਾਇਆ ਯਹਿ ਪਾਪ ਕਿਸਕੇ ਸਿਰ ਪਰ ਚੜੇਗਾ ਤੀਨ ਦਿਨ ਕੇ ਮਹਾਰਾਜ ਭੂਖੇ ਬੈਠੇ ਹੈਂ ਔਰ ਅਬ ਰਾਤਰੀ ਪੜ ਗਈ ਹੈ, ਇਸ ਵਾਸਤੇ ਰਾਤਰੀ ਕੋ ਸੰਤੋਂ ਨੇ ਭੋਜਨ ਖਾਣਾ ਨਹੀਂ, ਇਸ ਬਾਤ ਕਾ ਮੁਝੇ ਬੜਾ ਦੁਖ ਹੂਆ ਹੈ, ਐਸੇ ਕਹਿ ਕਰ ਅਪਨੇ ਆਦਮੀਓਂ ਕੋ ਝੂਠਾ ਹੀ ਮਾਰਨੇ ਲਗਾ, ਤਬ ਸੰਤੋਂ ਨੇ ਸੇਠ ਕੋ ਬੜਾ ਧੀਰਜ ਦੀਆ, ਔਰ ਕਹਾ ਕੁਛ ਖਿਆਲ ਨ ਕਰੋ, ਮੈਂ ਬੜੇ ਅਨੰਦ ਮੇਂ ਮਗਨ ਹੂੰ, ਤੁਮ ਭੀ ਸਭ ਸ਼ਾਂਤੀ ਪੂਰਵਕ ਰਹੋ, ਔਰ ਅਪਨੇ ਘਰ ਜਾਓ ਤਬ ਸੇਠ ਜੀ ਕਹਿਨੇ ਲਗਾ ਕਿ ਮਹਾਰਾਜ ! ਅਬ ਤੋ ਹਮ ਘਰ ਕੋ ਤਬ ਜਾਏਂਗੇ, ਜਬ ਆਪ ਹਮਾਰੇ ਘਰ ਮੇਂ ਆਕਰ ਭੋਜਨ ਪਾਨੇ ਕਾ ਵਚਨ ਦੋਗੇ, ਕਿਉਂਕਿ ਹਮ ਨੇ ਕਲ ਸਭ ਸੰਤੋਂ ਕੇ ਵਾਸਤੇ ਭੰਡਾਰਾ ਕਰਨੇ ਕਾ ਖਿਆਲ ਕੀਆ ਹੈ, ਸਭ ਮਹਾਤਮਾ ਹਮਾਰੇ ਘਰ ਆਏਂਗੇ, ਆਪ ਜੀ ਨੇ ਭੀ ਹਮਾਰੇ ਘਰ ਬੈਠ ਕੇ, ਤ੍ਰਿਪਤਿ ਪੂਰਵਕ ਭੋਜਨ ਕਰਨਾ, ਤਬ ਮਹਾਤਮਾ ਨੇ ਕਹਾ ਕਿ ਅੱਛਾ ਤੁਮ ਪ੍ਰਸੰਨ ਰਹੋ, ਹਮ ਤੁਮਾਰੇ ਘਰ ਆਪ ਹੀ ਆ ਜਾਏਂਗੇ ਫਿਰ ਸੇਠ ਜੀ ਨੇ ਕਹਾ ਮਹਾਰਾਜ ਜੀ ! ਔਰ ਕਿਸੀ ਜਗਾ ਆਪ ਨੇ ਕੁਝ ਭੀ ਨ ਖਾਣਾ ਸੁਚੇ ਮੂੰਹ ਆਨਾ, ਹਮਾਰੇ ਘਰ ਹੀ ਆਕਰ ਮੂੰਹ ਚੋਲਨਾ, ਤਬ ਸੰਤ ਜੀ ਨੇ ਕਹਾ ਅੱਛਾ ! ਐਸੇ ਹੀ ਕਰੇਂਗੇ !! ਸੇਠ ਜੀ ਨੇ ਕਹਾ ਮਹਾਰਾਜ 'ਸਾਧ ਬਚਨ ਅਟਲਾਧਾ' ਗੁਰੂ ਸਾਹਿਬ ਜੀ ਨੇ ਲਿਖਾ ਹੈ ਇਸ ਲੀਏ ਅਪਨੇ ਬਚਨ ਪਰ ਕਾਇਮ ਰਹਿਨਾ, ਤਬ ਸੰਤੋਂ ਨੇ ਕਹਾ ਅਛਾ ਤਬ ਸੇਠ ਜੀ ਮਹਾਤਮਾ ਜੀ ਕੋ ਨਮਸਕਾਰ ਕਰਕੇ, ਔਰ ਅਪਨੇ ਘਰ ਕਾ ਨਿਸ਼ਾਨ ਪਤਾ ਸਭ ਬਤਲਾਕਰ, ਅਪਨੇ ਘਰ ਕੋ ਚਲਾ ਆਇਆ, ਦੂਸਰੇ ਦਿਨ ਅਪਨੀ ਬਰਾਦਰੀ ਬੁਲਾਈ, ਔਰ ਅਨੇਕ ਪ੍ਰਕਾਰ ਕੇ ਭੋਜਨ ਤਿਆਰ ਕਰਵਾਏ, ਔਰ ਘਰ ਕੇ ਦਰਵਾਜ਼ੇ ਪਰ ਲਾਠੀਆਂ ਵਾਲੇ ਪਹਿਰੇਦਾਰ ਬੈਠਾ ਦੀਏ,

ਔਰ ਸਭ ਪਹਿਰੇਦਾਰੋਂ ਕੋ ਕਹਿ ਦੀਆ ਕਿ ਹੋਰ ਸਭ ਮਹਾਤਮਾਓਂ ਕੋ ਅੰਦਰ ਆ ਜਾਣੇ ਦੇਣਾ, ਪਰੰਤੂ ਪਾਰ ਵਾਲਾ ਸੰਤ ਜਬ ਆਵੇ ਤੋ ਉਸ ਕੋ ਦੁਰਬਚਨ ਕਹਿ ਕਰ ਅਨੇਕ ਪ੍ਰਕਾਰ ਕਾ ਤ੍ਰਿਸਕਾਰ ਕਰਨਾ ਕਿਸੀ ਪ੍ਰਕਾਰ ਸੇ ਭੀ ਉਸੇ ਅੰਦਰ ਨ ਆਨੇ ਦੇਨਾ ਅਗਰ ਮੇਰਾ ਨਾਮ ਭੀ ਲੇ ਤੋ ਭੀ ਉਸੇ ਦੁਰਵਚਨ ਕਹਿਨੇ, ਔਰ ਠਹਿਰਨੇ ਨ ਦੇਣਾ ਸ਼ਹਿਰ ਸੇ ਬਾਹਰ ਨਿਕਾਲ ਦੇਣਾ ਫਿਰ ਦੇਖਨਾ ਕਿ ਉਸ ਕੋ ਕ੍ਰੋਧ ਹੋਤਾ ਹੈ ਯਾ ਨਹੀਂ ! ਪਰੰਤੂ ਯਹਿ ਬਾਤ ਯਾਦ ਰਖਨਾ, ਕਿ ਉਸ ਕੋ ਫਕਤ ਤਾੜਨਾ ਹੀ ਹੈ ਮਾਰਨਾ ਨਹੀਂ, ਦੂਸਰੇ ਦਿਨ ਜਬ ਵਹਿ ਸੰਤ ਸੇਠ ਕੇ ਬਤਲਾਏ ਹੂਏ ਪਤੇ ਪਰ ਉਸਕੇ ਦਵਾਰ ਪਰ ਪਹੁੰਚਾ, ਔਰ ਸੇਠ ਜੀ ਕਾ ਨਾਮ ਲੀਆ, ਤਬ ਛੜੀਦਾਰੋਂ ਨੇ ਉਸਕਾ ਬੜਾ ਤ੍ਰਿਸਕਾਰ ਕੀਆ । ਸੰਤੋਂ ਨੇ ਕਹਾ ਹਮਾਰੇ ਕੋ ਸੇਠ ਜੀ ਕਹਿ ਆਏ ਹੈਂ, ਹਮ ਤੋ ਅਪਨੀ ਬਾਣੀ ਪੂਰੀ ਕਰਨੇ ਕੇ ਲੀਏ ਆਏ ਹੈਂ, ਏਕ ਬਾਰ ਮੁਝੇ ਸੇਠ ਸੇ ਮਿਲਾਓ ਤੋ ਮੈਂ ਸੱਚਾ ਹੋ ਜਾਊਂ, ਕਿਉਂਕਿ ਸੇਠ ਜੀ ਕਹਿ ਆਏ ਥੇ ਕਿ 'ਸਾਧ ਬਚਨ ਅਟਲਾਧਾ।' ਇਸ ਪ੍ਰਕਾਰ ਬਹੁਤ ਕਹਾ ਪਰੰਤੂ ਛੜੀਦਾਰੋਂ ਨੇ ਉਸ ਕੀ ਏਕ ਬਾਤ ਭੀ ਨ ਸੁਣ ਕਰ, ਸ਼ਹਿਰ ਸੇ ਬਾਹਰ ਨਿਕਾਲ ਦੀਆ, ਇਤਨਾ ਤ੍ਰਿਸਕਾਰ ਹੋਨੇ ਪਰ ਭੀ ਉਸ ਮਹਾਤਮਾ ਕਾ ਚਿਤ ਪ੍ਰਸੰਨ ਹੀ ਦੇਖਾ। ਪ੍ਰਮਾਣ:-

**ਅਦ੍ਵੇਸ਼੍ਟਾ ਸਰਬ ਭੂਤਾਨਾਂ ਮੈਤ੍ਰ: ਕਰੁਣ ਏਵਚ ॥ ਨਿਰਮਮੋ ਨਿਰਹੰਕਾਰ: ਸਮ ਦੁਖ ਸੁਖ: ਛਮੀ ॥**

[ਗੀਤਾ ਧਿਆਇ ੧੨ ਸਲੋਕ ੧੩

ਅਰਥ–ਸਭ ਭੂਤੋਂ ਮੇਂ ਦ੍ਵੈਸ਼ ਭਾਵ ਸੇ ਰਹਿਤ ਔਰ ਸ੍ਵਾਰਥ ਰਹਿਤ ਸਭ ਕਾ ਪਰੇਮੀ, ਔਰ ਹੇਤੂ ਰਹਿਤ ਦਯਾਲੂ ਤਥਾ ਮਮਤਾ ਸੇ ਰਹਿਤ, ਔਰ ਹੰਕਾਰ ਸੇ ਰਹਿਤ, ਸੁਖ ਦੁਖ ਕੀ ਪ੍ਰਾਪਤੀ ਮੇਂ ਸਮ ਔਰ ਖਿਮਾਵਾਨ ਹੈ, ਯਾਨੇ ਅਪਰਾਧ ਕਰਨੇ ਵਾਲੋਂ ਕੋ ਭੀ ਅਭੈ ਦੇਨੇ ਵਾਲਾ ਹੈ ਐਸੀ ਦਸ਼ਾ ਦੇਖ ਕਰ ਸੇਠ ਜੀ ਬਾਜਾ ਗਾਜਾ ਮੋਟਰ ਟਾਂਗੇ ਲੇ ਜਾਕਰ, ਤਥਾ ਫੂਲੋਂ ਕੀ ਮਾਲਾ ਮਹਾਤਮਾ ਕੇ ਗਲੇ ਮੇਂ ਪਹਿਨਾ ਕਰ, ਬੜੀ ਧੂਮ ਧਾਮ ਕੇ ਸਾਥ ਸਭ ਸੰਤ ਮੰਡਲੀ ਸਹਿਤ ਉਸ ਮਹਾਤਮਾ ਕੋ, ਘਰ ਲੇ ਆਏ ਔਰ ਵਿਧੀ ਪੂਰਬਕ ਉਸ ਮਹਾਤਮਾ ਕੋ ਗੁਰੂ ਬਨਾਇਆ, ਔਰ ਤਨ, ਮਨ, ਧਨ ਅਰਪਣ ਕੀਆ ਔਰ ਕਹਾ ਕਿ ਮਹਾਰਾਜ ਯਹ ਸਾਤ ਕਰੋੜ ਰੁਪਇਆ ਆਪ ਕੀ ਸੇਵਾ ਕੇ ਲੀਏ ਹੈ, ਜਹਾਂ ਆਪ ਕੀ ਮਰਜੀ ਹੋ ਵਹਾਂ ਖਰਚ ਕਰੋ, ਯਹਿ ਆਪ ਕੀ ਹੀ ਚੀਜ਼ ਹੈ, ਪਰੰਤੂ ਵੋਹ ਮਹਾਤਮਾ ਉਦਾਸਨੀ ਹੀ ਰਹੇ, ਔਰ ਸਾਰਾ ਵਿਵਹਾਰ ਈਸ਼ਵਰ ਅਧੀਨ ਸਮਝ ਕਰ, ਔਰ ਉਸ ਕੋ ਈਸ਼ਵਰ ਕਾ ਭੇਜਾ ਹੂਆ ਸਮਝ ਕਰ, ਸੇਠ ਕੋ ਸਦ ਉਪਦੇਸ਼ ਦੇ ਕਰ ਉਸਕਾ ਚਿਤ ਸ਼ਾਂਤ ਕੀਆ, ਔਰ ਉਸ ਕੋ ਯਹ ਸਿਖਿਆ ਦੀ ਕਿ ਈਸ਼ਵਰ ਕੇ ਭਾਣੇ ਮੇਂ ਪ੍ਰਸੰਨ ਰਹਿਨਾ–

**ਨਰ ਚਾਹਤ ਕਛ ਅਉਰ ਅਉਰੈ ਕੀ ਅਉਰੈ ਭਈ ॥ ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥**

[ਸਲੋਕ ਮਹਲਾ ੯ ਸਫਾ ੧੪੨੮



**ਜੀਵ ਇਛਾ ਸਮੋ ਨਾਸਤਿ ਈਸ਼੍ਵਰ ਇਛਾ ਪ੍ਰਵਰਤਤੇ ॥ ਰਾਜ ਕੰਨਿਆ ਰਾਜ ਦਵਾਰੇ ਬ੍ਰਾਹਮਣਹ ਭਾਲੂਨਾ ਭਖਸ਼ਿਤਹ ॥**

ਕਥਾ ਏਕ ਰਾਜ ਕੰਨਿਆ ਕਾ ਹਾਥ ਦੇਖ ਕਰ ਏਕ ਜੋਤਸ਼ੀ ਬ੍ਰਾਹਮਣ ਮੋਹਿਤ ਹੋ ਗਿਆ, ਔਰ ਉਸ ਕੇ ਪਿਤਾ ਕੋ ਕਹਾ ਕਿ ਇਸ ਕੰਨਿਆਂ ਕੋ ਵਸਤਰ ਭੂਸ਼ਣ ਪਹਿਨਾ ਕਰ, ਸੰਦੂਕ ਮੇਂ ਬੰਦ ਕਰ ਕੇ ਨਦੀ ਮੇਂ ਰੋੜ੍ਹ ਦਿਓ, ਅਗਰ ਐਸਾ ਨਹੀਂ ਕਰੋਗੇ ਤੋ ਤੁਮਾਰਾ ਰਾਜ ਨਸ਼ਟ ਹੋ ਜਾਏਗਾ। ਰਾਜਾ ਨੇ ਰਾਜ ਨਸਟ ਕੇ ਭੈ ਸੇ ਐਸਾ ਹੀ ਕੀਆ, ਵਹਿ ਸੰਦੂਕ ਕਿਸੀ ਦੂਸਰੇ ਰਾਜਾ ਨੇ, ਨਦੀ ਕੇ ਕਿਨਾਰੇ ਸ਼ਿਕਾਰ ਖੇਲਤੇ ਹੂਏ ਦੇਖਾ, ਔਰ ਅਪਨੇ ਨੌਕਰੋਂ ਸੇ ਉਸੇ ਬਾਹਰ ਨਿਕਲਵਾ ਲੀਆ, ਉਸ ਕੰਨਿਆ ਕੇ ਸਾਥ ਉਸ ਰਾਜਾ ਨੇ ਸ਼ਾਦੀ ਕਰ ਲੀ ਔਰ ਏਕ ਜੰਗਲੀ ਰਿਛ ਉਸ ਸੰਦੂਕ ਮੇਂ ਬੰਦ ਕਰਕੇ ਨਦੀ ਮੇਂ ਰੋੜ੍ਹ ਦੀਆ, ਬ੍ਰਾਹਮਣ ਨੇ ਰਾਜ ਕੰਨਿਆਂ ਸਮਝ ਕਰ ਸੰਦੂਕ ਪਕੜ ਲੀਆ, ਔਰ ਏਕਾਂਤ ਮੇਂ ਜਾ ਕਰ ਸੰਦੂਕ ਖੋਲਨੇ ਲਗਾ, ਤਬ ਭੂਖੇ ਰਿੱਛ ਨੇ ਨਿਕਲਤੇ ਹੀ ਉਸ ਬ੍ਰਾਹਮਣ ਕੋ ਮਾਰ ਕਰ ਖਾ ਲੀਆ, ਇਸ ਸੇ ਸਿੱਧ ਹੂਆ ਕਿ ਸੁਖ ਦੁਖ ਈਸ੍ਵਰ ਧੀਨ ਹਨ।

**ਮ੍ਰਿਗੀ ਪੇਖੰਤ ਬਧਿਕਪ੍ਰਹਾਰੇਣ ਲਖ੍ ਆਵਧਹ ॥ ਅਹੋ ਜਸ੍ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ ॥ ੬ ॥ ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ ॥ ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥ ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ ॥੭॥**

[ਸਲੋਕ ਸਹਸਕ੍ਰਿਤੀ ਮ: ੫ ਸਫਾ ੧੩੫੪

ਅਰਥ–॥ ੧ ॥ ਸ੍ਰੀ ਗੁਰੂ ਅਰਜਨ ਦੇਵ ਜੀ ਸਿਖੋਂ ਕੋ ਸਾਥ ਲੇਕਰ, ਘੂਮਤੇ ਘੂਮਤੇ ਬਾਹਰ ਏਕ ਮੈਦਾਨ ਮੇਂ ਜਾ ਬੈਠੇ, ਵਹਾਂ ਪਰ ਏਕ ਗਰਭਵਤੀ ਹਰਣੀ ਘਾਸ ਚੁਗ ਰਹੀ ਥੀ, ਉਸਕੋ ਦੇਖ ਬਧਿਕ ਨੇ ਏਕ ਪਾਸੇ ਕੁਤਾ, ਦੂਸਰੇ ਪਾਸੇ ਜਾਲ, ਤੀਸਰੇ ਪਾਸੇ ਅਗਨੀ, ਲਗਾ ਦਿਤੀ, ਚੌਥੇ ਪਾਸੇ ਬਾਣ ਲੇਕੇ ਆਪ ਖੜਾ ਹੂਆ, ਮ੍ਰਿਗੀ ਕੋ ਲਖਯ ਰਖ ਕਰ ਬਾਣ ਛੋੜਾ। ਸਾਮਨੇ ਕੁਤੇ ਕੋ ਜਾ ਲਗਾ, ਹਵਾ ਨੇ ਜਾਲ ਉਡਾ ਕਰ ਅਗਨੀ ਮੇਂ ਪਾ ਦੀਆ। ਏਕ ਸਰਪ ਨੇ ਡੰਗ ਮਾਰ ਕਰ ਬਧਿਕ ਕੋ ਗਿਰਾ ਦੀਆ। ਹਰਣੀ ਉਸੀ ਤਰਹ ਆਨੰਦ ਮੇਂ ਖੜੀ ਰਹੀ ਜਿਸਕਾ ਭਗਵਾਨ ਰਖਯਕ ਹੋ, ਉਸ ਕਾ ਕੋਈ ਰੋਮ ਭੀ ਛੇਦਨ ਨਹੀਂ ਕਰ ਸਕਤਾ ॥ ੨ ॥ ਔਰ ਜਿਸ ਕੋ ਮਾਰਣੇ ਕੀ ਪ੍ਰਮੇਸ਼ਵਰ ਕੋ ਇੱਛਾ ਹੋ ਜਾਵੇ, ਕੀੜੀ ਭੀ ਉਸ ਕੇ ਸ੍ਵਾਸ ਖਿੱਚ ਲੇਤੀ ਹੈ ਜੈਸੇ ਰਾਜਾ ਪ੍ਰੀਖਤ ਨੇ ਜੀਵਨੇ ਵਾਸਤੇ ਬੜੇ ਯਤਨ ਕਰੇ, ਸ੍ਰੀ ਗੰਗਾ ਜੀ ਮੇਂ ਸੀਸ ਮਹਿਲ ਬਨਾ ਕਰ, ਉੱਚੀ ਅਟਾਰੀ ਮੇਂ ਬੜੇ ਬੜੇ ਜੋਧਿਓਂ ਸੇ ਰਖਯਤ ਹੂਆ ਭੀ ਮਰ ਗਿਆ।

ਇਸ ਪ੍ਰਕਾਰ ਨਿਸਚੇ ਕਰਾਤੇ ਭਏ ਕਿ ਤੂੰ ਪਕਾ ਭਰੋਸਾ ਰਖ, ਕਿ ਜੋ ਦੁਖ ਸੁਖ ਮਿਲ ਰਹਾ ਹੈ ਸੋ ਈਸ਼ਵਰ ਕੀ ਪ੍ਰੇਰਨਾ ਸੇ ਹੀ ਮਿਲਤਾ ਹੈ, ਐਸੇ ਜਾਣ ਕਰ ਸੁਖ ਦੁਖ ਮੇਂ ਸਮ ਰਹ ਕਰ, ਹਰਖ ਸੋਗ ਕੋ ਛੋੜ ਕਰ ਅਪਨਾ ਚਿਤ ਏਕ ਰਸ ਰਖ, ਕਿਉਂਕਿ ਸੁਖ ਦੁਖ ਦੋਨੋਂ ਈਸ਼ਵਰਾਧੀਨ ਹੈਂ, ਯਹ ਤੀਸਰੀ ਯੁਕਤੀ ਸੁਖ ਦੁਖ ਮੇਂ ਸਮ ਰਹਿਨੇ ਕੀ ਕਥਨ ਕੀ, ਇਤਨੇ ਬਚਨ ਸੁਣ ਕਰ ਸਭ ਸੰਗਤ ਨਿਹਾਲ ਹੂਈ, ਅਬ ਸਾਯੰ ਕਾਲ ਹੋ ਗਿਆ, ਨਾਰਾਇਣ ਹਰਿ ਜੀ ਕੋ ਬਹੁਤ ਧੰਨਵਾਦ ਦੇਕਰ ਸਭ ਪ੍ਰੇਮੀ ਅਪਨੇ ਅਪਨੇ ਘਰੋਂ ਕੋ ਗਏ, ਔਰ ਸ੍ਰੀ ਨਾਰਾਇਣ ਹਰੀ ਜੀ ਸੰਤ ਮੰਡਲੀ ਸਹਿਤ ਬਾਹਰ ਆਪਣੇ ਆਸਣੋਂ ਪਰ ਆ ਗਏ । ਚੌਥੇ ਦਿਨ ਸਭ ਸਤ ਸੰਗੀ ਪਹਿਲੇ ਹੀ ਆ ਕਰ ਬੈਠ ਗਏ । ਅਬ ਸਭ ਕੀ ਕਥਾ ਸੁਨਨੇ ਮੇਂ ਬੜੀ ਰੁਚੀ ਹੋ ਰਹੀ ਥੀ, ਕਿ ਕਬ ਮਹਾਤਮਾ ਆਏਂ ਅਰ ਅੰਮ੍ਰਿਤ ਮਈ ਬਚਨੋਂ ਕੀ ਬ੍ਰਿਸ਼ਟੀ ਕਰਕੇ ਹਮਾਰੇ ਹਿਰਦਿਓਂ ਮੇਂ ਠੰਢ ਪਾ ਕਰ, ਹਿਰਦਿਓਂ ਕੋ ਸ਼ੀਤਲ ਕਰੇ ਕਿਉਂਕਿ ਲਿਖਾ ਹੈ:-

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਂਵਨ ਚੰਦਨਹ ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥**

[ਸਲੋਕ ਸਹਸਕ੍ਰਿਤੀ ਮ: ੫ ਸਫਾ ੧੩੫੭

ਅਰਥ :-ਚੰਦ੍ਰ ਦੇਵਤਾ ਭੀ ਇਤਨਾ ਸੀਤਲ ਨਹੀਂ, ਅਰ ਬਾਵਨ ਚੰਦਨ ਭੀ ਇਤਨਾ ਠੰਢਾ ਨਹੀਂ, ਅਰ ਸਰਦ ਰਿਤੂ ਭੀ ਇਤਨੀ ਸੀਤਲ ਨਹੀਂ, ਜੈਸੇ ਕਿ ਸਭ ਕੇ ਸੱਜਨ ਸਭ ਕੇ ਪ੍ਰਿਯ, ਸਾਧੂ ਸਜਨ ਸੀਤਲ ਹੋਤੇ ਹੈਂ । ਸੰਤਾਂ ਕੇ ਬਰਾਬਰ ਦੁਨੀਆਂ ਮੇਂ ਕੋਈ ਵਸਤੂ ਸੀਤਲ ਨਹੀਂ ਕਿਉਂਕਿ ਲਿਖਾ ਹੈ ।

**ਆਗ ਲਗੀ ਅਕਾਸ ਮੇ ਝੜ ਝੜ ਪੈਣ ਅੰਗਾਰ ॥**
**ਸੰਤ ਨ ਹੋਤੇ ਜਗਤ ਮੇ ਜਲ ਮਰਤਾ ਸੰਸਾਰ ॥**

ਤਥਾ-ਸੰਤੋਂ ਕੇ ਗੁਣ ਲਖਛਣ ਅਰ ਮਹਿਮਾ:-

**ਆਠ ਪਹਰ ਨਿਕਟਿ ਕਰ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥ ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥੧॥ ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ ੧ ॥ ਰਹਾਉ ॥ ਵਰਤਣਿ ਜਾਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸਰਾਮ ॥ ਮਿਤ੍ਰ ਸਤ੍ਰ ਜਾਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ ॥ ੨ ॥ ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰ ਕਰਨ ਜੀਅ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥ ੩ ॥ ਤਾਕਾ ਸੰਗਿ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾਕੀ ਸੇਵ ॥ ਕਰ ਜੋੜਿ ਨਾਨਕੁ ਕਰੇ ਅਰਦਾਸਿ ॥ ਮੋਹਿ ਸੰਤ ਟਹਲ ਦੀਜੈ ਗੁਣ ਤਾਸ ॥**

[ਆਸਾ ਮ: ੫ ਸਫਾ ੩੯੨

ਇਸ ਪ੍ਰਕਾਰ ਸੰਤੋਂ ਕੀ ਮਹਿਮਾ ਕਰ ਰਹੇ ਥੇ ਇਤਨੇ ਮੇਂ ਸੰਤ ਮੰਡਲੀ ਭੀ ਆ ਗਈ, ਸਭ ਨੇ ਉਠ ਕਰ ਨਮਸਕਾਰ ਕੀ, ਪਰੇਮ ਸੇ ਬੈਠਾਇਆ, ਪ੍ਰਸੰਗ ਚਲਾਤੇ ਹੋਏ ਫਿਰ ਪ੍ਰਾਰਥਨਾ ਕਰੀ ਕਿ ਮਹਾਰਾਜ:-

**ਸੁਖ ਦੁਖ ਦੋਨੋ ਸਮਕਰਿ ਜਾਨੈ ਅਉਰ ਮਾਨ ਅਪਮਾਨਾ ॥**

ਇਸ ਮੇਂ ਚੋਥੀ ਯੁਕਤੀ ਭੀ ਸੁਨਾਓ। ਤਬ ਸ੍ਰੀ ਨਾਰਾਇਣ ਹਰੀ ਜੀ ਕਹਿਣੇ ਲਗੇ ਚੋਥੀ ਯੁਕਤੀ ਗੁਣ ਅਧੀਨਤਾ ਹੈ ਯਾਨੇ ਸੁਖ ਦੁਖ ਗੁਣੋਂ ਸੇ ਹੋਤੇ ਹੈਂ । ਸਤੋਗੁਣ ਸੇ ਸੁਖ ਹੋਤਾ ਹੈ ਅਰ ਰਜੋ ਗੁਣ ਤਮੋਂ ਗੁਣ ਸੇ ਦੁਖ ਹੋਤਾ ਹੈ । ਭਗਵਾਨ ਜੀ ਅਰਜਨ ਕੇ ਪ੍ਰਤੀ ਕਹਿਤੇ ਹੈਂ-

**ਸਤੂੰ ਸੁਖੇ ਸੰਜਯਤੀ ਰਜ: ਕਰਮਣੀ ਭਾਰਤ ਗਯਾਨੰ ਮਾਬ੍ਰਿਤਯ ਤੂ ਤਮ: ਪ੍ਰਮਾਦੇ ਸੰਜਯਤੀ ਉਤ ॥**

[ਗੀਤਾ ਅਧਯਾਯ ੧੪ ਸ: ੯

ਅਰਥ-ਹੇ ਅਰਜਨ ਸਤੋ ਗੁਣ ਪੁਰਸ ਕੋ ਸੁਖ ਮੇਂ ਜੋੜਤਾ ਹੈ ਔਰ ਰਜੋ ਗੁਣ ਕਰਮ ਮੇਂ ਜੋੜਤਾ ਹੈ । ਤਮੋਂ ਗੁਣ ਗਿਆਨ ਕੋ ਆਛਾਦਨ ਕਰਕੇ ਯਾ ਢੱਕ ਕਰਕੇ ਪੁਰਸ ਕੋ ਭਰਮ ਮੇਂ ਲਗਾ ਕਰ ਦੁਖੀ ਕਰ ਦੇਤਾ ਹੈ ॥੯॥ ਸਤੋਗੁਣ ਵਾਲਾ ਪੁਰਸ ਯਹਾ ਭੀ ਸੁਖੀ ਰਹਿਤਾ ਹੈ ਅਰ ਮਰ ਕਰ ਉੱਤਮ ਅਰ ਨਿਰਮਲ ਲੋਗੋਂ ਮੇਂ ਜਾ ਕਰ ਮਹਾਨ ਸੁਖ ਕੋ ਭੋਗਤਾ ਹੈ ਅਰ ਰਜੋ ਗੁਣ ਯਹਾਂ ਭੀ ਦੁਖ ਰੂਪ ਪ੍ਰਵਿਰਤੀ ਮੇਂ ਲਗਾਤਾ ਹੈ ਔਰ ਰਜੋ ਗੁਣ ਮੇਂ ਮਰ ਕਰ ਪੁਰਸ ਕਰਮ ਕਰਨੇ ਵਾਲੇ ਲੋਗੋਂ ਮੇਂ ਪੈਦਾ ਕਰਾਤਾ ਹੈ ਯਾਨੇ ਜਨਮ ਦੇਤਾ ਹੈ ਔਰ ਤਮੋਂ ਗੁਣ ਯਹਾਂ ਭੀ ਦੁਖ ਮੇਂ ਡਾਲਤਾ ਹੈ ਔਰ ਤਮੋ ਗੁਣ ਕੇ ਹਿਤ ਮੇਂ ਚਲਨੇ ਪਰ ਮਰਾ ਹੂਆ ਮਨੁਸ ਕੀਟ ਪਤੰਗ ਪਸੂ ਪੰਖੀ ਆਦਿ ਯੋਨੀਓਂ ਕੋ ਪ੍ਰਾਪਤ ਹੋਤਾ ਹੈ। ਤੀਨੋ ਗੁਣ ਪੁਰਸ ਕੋ ਜਨਮ ਹੀ ਦੇਨੇ ਵਾਲੇ ਹੈਂ । ਯੇਹ ਗੀਤਾ ਕੇ ਚੋਦਵੇਂ ਅਧਿਆਇ ਕੇ ਆਠਵੇਂ ਸੇ ਸੋਲ੍ਹਵੇਂ ਸਲੋਕ ਤਕ ਕਾ ਭਾਵ ਲਿਖਾ ਹੈ। ਤਥਾ ਗੁਰੂ ਪ੍ਰਮਾਣ -

**ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥ ੩ ॥ ਕਹੁ ਨਾਨਕ ਜੋ ਲਾਇਆ ਨਾਮ ॥ ਸਫਲ ਜਨਮ ਤਾਕਾ ਪਰਵਾਨ ॥**

[ਆਸਾ ਮ: ੫ ਸਫਾ ੩੯੧

**ਸਾਕਤ ਮਾਇਆ ਕਉ ਬਹੁ ਧਾਵੈ ॥ ਨਾਮ ਵਿਸਾਰ ਕਹਾ ਸੁਖ ਪਾਵਹਿ ॥ ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰ ਉਤਾਰਾ ਹੇ ॥ ੧੪ ॥ ਕੂਕਰ ਸੂਕਰ ਕਹੀਅਹਿ ਕੂੜਿਆਰਾ ॥ ਭਉਕਿ ਮਰਹਿ ਭਉ ਭਉ**

ਭਉ ਆਰਾ ॥ ਮਨਿ ਤਨਿ ਝੂਠੇ ਕੂੜ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥ ੧੫ ॥ ਸਤਿਗੁਰ ਮਿਲੇ ਤ ਮਨੂਆ ਟੇਕੈ ॥ ਰਾਮ ਨਾਮ ਕੇ ਸਰਣਿ ਪਰੇਕੈ ॥ ਹਰਿ ਧਨ ਨਾਮ ਅਮੋਲਕੁ ਦੇਵੈ ਹਰਿ ਜਸ ਦਰਗਹ ਪਿਆਰਾ ਹੇ ॥ ੧੬ ॥

[ਮਾਰੂ ਮ: ੧ ਸਫਾ ੧੦੨੯

ਤ੍ਰੈਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰ ॥ ਮੁਕਤਿ ਕਦੇ ਨ ਹੋਵਈ ਨ ਹਉ ਪਾਇਨਿ ਮੋਖ ਦੁਆਰ ॥ ਬਿਨੁ ਸਤਿਗੁਰ ਬੰਧਨੁ ਨ ਟੂਟਹੀ ਨਾਮ ਨ ਲਗੈ ਪਿਆਰੁ ॥ ੬ ॥ [ਮਲਾਰ ਮ: ੩ ਅ: ਸਫਾ ੧੨੭੭

ਤ੍ਰੈਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਸਾਹਿਬ ਭਾਵੈ ਸੋ ਥੀਐ ਪਈਐ ਕਿਰਤਿ ਫਿਰਾਹਿ ॥ [ਮਲਾਰ ਮ: ੩: ਚਉਪਦੇ ਸਫਾ ੧੨੫੮

ਤ੍ਰੈਗੁਣ ਸਰਬ ਜੰਜਾਲੁ ਹੈ ਨਾਮਿ ਨ ਧਰਹਿ ਪਿਆਰੁ ॥ ਗੁਣ ਛੋਡਿ ਅਉਗੁਣੁ ਕਮਾਵਦੇ ਦਰਗਹਿ ਹੋਹਿ ਖੁਆਰੁ ॥ ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥ [ਵਾਰ ਮਲਾ: ੧ ਪਉੜੀ ੧੩ ਸਫਾ ੧੨੮੪

ਤ੍ਰਿਹੁ ਗੁਣ ਉਪਜੈ ਬਿਨਸੈ ਦੂਰੈ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟਹਿ ਗੁਰਮੁਖਿ ਦਾਰੂ ਗੁਣ ਗਾਇ ॥ ੩ ॥ [ਬਿ: ਅਸ: ਮ: ੧ ਸਫਾ ੮੩੨

ਵਾਦੁ ਪੜਹਿ ਰਾਗੀ ਜਗੁ ਭੀਜੈ ॥ ਤ੍ਰੈਗੁਣ ਬਿਖਿਆ ਜਨਮ ਮਰੀਜੈ ॥ ਰਾਮ ਨਾਮ ਬਿਨੁ ਦੁਖੀ ਸਹੀਜੈ ॥ ੨ ॥ (ਰਾਮਕਲੀ ਮ: ੧ ਅਸ: ਸਫਾ ੯੦੫

ਤ੍ਰੈਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥ ਬਾਝੁ ਗੁਰੂ ਗੁਬਾਰਾ ॥ ਮਿਲ ਸਤਿਗੁਰ ਨਿਸਤਾਰਾ ॥ ੨ ॥ ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥ ਮੇਰੀ ਮੇਰੀ ਧਾਰੀ ॥ ਓਹਾ ਪੈਰ ਲੋਹਾਰੀ ॥ ਸੋ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥ ੩ ॥ [ਮਾਰੂ ਮ: ੫ ਸਫਾ ੧ ੦੪

ਕਈ ਕੋਟਿ ਰਾਜਸ ਤਾਮਸ ਸਾਤਕ ॥ (ਗਉੜੀ ਸੁਖਮਨੀ ਮ: ੫ ਸਫਾ ੨੭੬

ਤ੍ਰਿਹੁ ਗੁਣ ਬਧੀ ਦੇਹੁਰੀ ਜੋ ਆਇਆ ਜਗਿ ਸਿਉ ਮੇਲ ॥ ਵਿਜੋਗੀ ਦੁਖਿ



ਵਿਛੁੜੇ ਮਨਮੁਖਿ ਲਹਹਿ ਨ ਮੇਲ ॥ ੪ ॥ [ਸਿਰੀ ਰਾਗ ਮ: ੧ ਸਫਾ ੨੧

ਇਨ ਪ੍ਰਮਾਣੋਂ ਕਾ ਯਹ ਭਾਵ ਹੈ ਕਿ ਸੁਖ ਦੁਖ ਗੁਣੋਂ ਕੇ ਅਧੀਨ ਹੈ। ਜਬ ਯਹ ਪੁਰਸ਼ ਤ੍ਰਿਗੁਣ ਅਤੀਤ ਹੋਗਾ ਯਾਨੇ ਤੀਨੋਂ ਗੁਣੋਂ ਸੇ ਤਰ ਜਾਏਗਾ ਤਬ ਜੀਵਨ ਮੁਕਤ ਪਦ ਕੋ ਪ੍ਰਾਪਤ ਹੋਗਾ, ਅਰ ਸੁਖ ਦੁਖ ਮੇਂ ਸਮ ਰਹੇਗਾ। ਤੀਨ ਗੁਣ ਜੀਵ ਕੋ ਬੰਧਨ ਹੈਂ ਮੁਕਤ ਨਹੀਂ ਹੋਣੇ ਦੇਤੇ। ਪ੍ਰਮਾਣ :-

ਸਤ੍ਵੰ ਰਜਸ ਤਮ ਇਤੀ ਗੁਣਾ ਪ੍ਰਕ੍ਰਿਤੀ ਸੰਭਵਾ: । ਨਿਬਧਨੰਤੀ ਮਹਾ ਬਾਹੋ ਦੇਹਿ ਦੇਹੀਨੰ ਅਬਯੰ ॥ [ਗੀਤਾ ਅਧਯਾਇ ੧੪ ਸਲੋਕ ੫

ਅਰਥ ਹੇ ਮਹਾਂ (ਬੜੀ ਭੁਜਾ ਵਾਲੇ) ਅਰਜਨ ਸਤੋ ਗੁਣ ਰਜੋ ਗੁਣ ਤਮੋ ਗੁਣ ਯੇ ਤੀਨੋਂ ਗੁਣ ਪ੍ਰਕ੍ਰਿਤੀ ਅਰਥਾਤ ਮਾਯਾ ਸੇ ਉਤਪਨ ਹੋ ਕਰ ਅਬਿਨਾਸ਼ੀ ਜੀਵ ਆਤਮਾ ਕੋ ਦੇਹ ਮੇਂ ਬਾਂਧ ਲੇਤੇ ਹੈਂ । ਅਰ ਇਨ ਤੀਨ ਗੁਣੋਂ ਕੇ ਭੇਦ ਸੇ ਸਰਧਾ ਭੀ ਤੀਨ ਪ੍ਰਕਾਰ ਕੀ ਹੈ। ਪ੍ਰਮਾਣ:-

ਤ੍ਰਿਵਧਾ ਭਵਤੀ ਸ਼ਰਧਾ ਦੇਹੀ ਨਾਂ ਸਾ ਸ੍ਵਭਾਵਜਾ ॥ ਸਾਤ੍ਵਿਕੀ ਰਾਜਸੀ ਚਈਵ ਤਾਮਸੀ ਚ ਇਤੀ ਤਾਂ ਸ਼੍ਰਿਣੂ ॥ [ਗੀਤਾ ਅਧਯਾਯ ੧੭ ਸਲੋਕ ੨

ਹੇ ਅਰਜਨ ਮਨੁਖੋਂ ਕੋ ਸ਼ਾਸਤਰ ਸੰਸਕਾਰੋਂ ਸੇ ਬਿਨਾਂ ਕੇਵਲ ਸੁਭਾਵ ਸੇ ਸ਼ਰਧਾ ਤੀਨ ਪ੍ਰਕਾਰ ਕੀ ਹੋਤੀ ਹੈ ਕਿਸੀ ਕੋ ਸਾਤਕੀ, ਕਿਸੀ ਕੋ ਰਾਜਸੀ, ਕਿਸੀ ਕੋ ਤਾਮਸੀ ਜੈਸੀ ਸ਼ਰਧਾ ਯਾਨੇ ਭਾਵਨਾ ਤੈਸਾ ਹੀ ਦੇਵ ਪੂਜਨ ਪ੍ਰਮਾਣ:-ਯਜੰਤੇ ਸਾਤ੍ਵਿਕਾ ਦੇਵਾਨ ਯਖਯ ਰਖਯਾਂਸੀ ਰਾਜਸਾ: ਪ੍ਰੇਤਾਨ ਭੂਤਗਣਾਂ ਸਚਾਨਯੇ ਯਜੰਤੇ ਤਾਮਸਾ ਜਨਾ: ॥

[ਗੀਤਾ ਅਧਯਾਯ ੧੭ ਸਲੋਕ ੪

ਅਰਥ-ਜਬ ਮਨੁਸ਼ ਕੇ ਹਿਰਦੇ ਮੇਂ ਸਤੋ ਗੁਣ ਆਤਾ ਹੈ ਤਬ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਉੱਤਮ ਦੇਵਤਾਓਂ ਕੇ ਪੂਜਨ ਮੇਂ ਲਗਤਾ ਹੈ ਅਰ ਰਜੋ ਗੁਣ ਸੇ ਯਖਯ ਰਾਖਸ਼ੋਂ ਕੇ ਪੂਜਨ ਮੇਂ ਲਗਤਾ ਹੈ, ਅਰ ਤਾਮਸੀ ਲੋਕ ਤਮੋਗੁਣ ਕੇ ਪ੍ਰਭਾਵ ਸੇ ਭੂਤ ਪਰੇਤੋਂ ਕੋ ਪੂਜਤੇ ਹੈਂ । ਇਸੀ ਪ੍ਰਕਾਰ ਦੁਨੀਆ ਮੇਂ ਜੋ ਭੀ ਕਾਮ ਹੋ ਰਹਾ ਹੈ ਸੋ ਤੀਨੋਂ ਗੁਣੋਂ ਸੇ ਹੀ ਹੋਤਾ ਹੈ । ਗੁਣੋਂ ਕੇ ਭੇਦ ਸੇ ਤਪ ਭੀ ਤੀਨ ਪ੍ਰਕਾਰ ਕਾ ਹੈ, ਆਹਾਰ ਭੀ ਤੀਨ ਪ੍ਰਕਾਰ ਕਾ ਹੈ, ਯੱਗ ਭੀ ਤੀਨ ਪ੍ਰਕਾਰ ਕਾ ਹੈ, ਦਾਨ ਭੀ ਤੀਨ ਪ੍ਰਕਾਰ ਕਾ ਹੈ, ਯੇ ਗੀਤਾ ਕੇ ਸਤਰਾਵੇਂ ਅਧਯਾਯ ਮੇਂ ਵਿਸਤਾਰ ਸੇ ਲਿਖਾ ਹੈ। ਸੰਖੇਪ ਸੇ ਅਰਥ ਮਾਤਰ ਈਹਾਂ ਲਿਖਤੇ ਹੈਂ-ਪ੍ਰਿਥਮ ਆਹਾਰ ਤੀਨ ਪ੍ਰਕਾਰ ਕਾ ਲਿਖਤੇ ਹੈਂ ਜੋ ਆਹਾਰ ਉਮਰ, ਬੁਧੀ ਔਰ ਬਲ ਔਰ ਤੰਦਰੁਸਤੀ ਤਥਾ ਸੁਖ ਅਰ ਚਿਤ ਕੀ ਪ੍ਰਸੰਨਤਾ ਕੋ ਵਧਾਤੇ ਹੈਂ ਅਰ ਰਸ ਵਾਲੇ ਹੈਂ, ਚਿਕਨੇ ਹੈਂ, ਜਿਹਨੋਂ ਕਾ ਰਸ ਸਰੀਰ ਮੇਂ ਬਹੁਤ ਕਾਲ ਤਕ ਰਹਿਤਾ ਹੈ ਅਰ ਜੋ ਅਹਾਰ ਸੁਭਾਵ ਸੇ ਹੀ ਚਿਤ ਕੋ ਪਿਆਰੇ ਲਗਤੇ ਹੈਂ

ਐਸੇ ਸਾਤਕੀ ਅਹਾਰ ਹੈਂ । ਅਰ ਸਾਤਕ ਪੁਰਸ਼ੋਂ ਕੋ ਹੀ ਪਿਆਰੇ ਲਗਤੇ ਹੈਂ ਦੂਸਰੇ ਜੋ ਰਜੋ ਗੁਣੀ ਅਹਾਰ ਯਾਨੇ ਖਾਨੇ ਯਹ ਹੈ ਜੋ ਕਉੜੇ ਹੋਵੇਂ, ਸਲੂਣੇ ਹੋਵੇਂ, ਗਰਮ ਹੋਵੇਂ, ਤੀਖਣ ਹੋਵੇਂ, ਰੁਖੇ ਅਰ ਦਾਹਕਾਰਕ ਤਥਾ ਦੁਖ, ਚਿੰਤਾ ਔਰ ਰੋਗ ਕੇ ਉਤਪੰਨ ਕਰਨੇ ਵਾਲੇ ਹਾਰ ਹੈਂ ਔਰ ਰਾਜਸ ਪੁਰਸ਼ੋਂ ਕੋ ਪਿਆਰੇ ਲਗਤੇ ਹੈਂ । ਜੋ ਭੋਜਨ ਅਧ-ਪਕੇ ਹੈਂ ਜਾਂ ਕਚੇ ਹੈਂ ਯਾ ਬਿਲਕੁਲ ਸੜੇ ਹੂਏ ਹੈਂ ਯਾ ਬਦਬੂ ਵਾਲੇ ਹੈਂ, ਬਾਸੀ ਅਥਵਾ ਜੂਠੇ ਹੈਂ ਜਾਂ ਅਪਵਿਤ੍ਰ ਹੈ ਐਸੇ ਭੋਜਨ ਤਾਮਸੀ ਹੈਂ ਔਰ ਤਾਮਸ ਪੁਰਸ਼ੋਂ ਕੋ ਹੀ ਪਿਆਰੇ ਲਗਤੇ ਹੈਂ । ਇਸ ਪ੍ਰਕਾਰ ਗੁਣੋਂ ਕੇ ਭੇਦ ਸੇ ਭੋਜਨ ਤੀਨ ਪ੍ਰਕਾਰ ਕਾ ਕਹਿ ਕਰ ਅਬ ਯਗਯ ਤੀਨ ਪ੍ਰਕਾਰ ਕਾ ਕਹਿਤੇ ਹੈਂ ਜੋ ਯਗਯ ਸ਼ਾਸਤ੍ਰ ਵਿਹਤ ਹੋ ਤਥਾ ਮੇਰੇ ਕੋ ਕਰਤਬਯ ਹੈਂ ਇਸ ਬੁਧੀ ਸੇ ਮਨ ਕੋ ਸਾਵਧਾਨ ਕਰਕੇ ਫਲ ਇਛਾ ਸੇ ਰਹਿਤ ਕੀਆ ਜਾਵੇ ਵੋਹ ਯਗ ਸਾਤ੍ਵਿਕ ਕਹਾ ਜਾਤਾ ਹੈ ਔਰ ਹੇ ਅਰਜਨ ਦੰਭ ਯਾਨੇ ਲੋਕੋਂ ਕੋ ਦਿਖਾਨੇ ਵਾਸਤੇ ਔਰ ਫਲ ਕੀ ਇਛਾ ਸੇ ਜੋ ਕੀਆ ਜਾਵੇ ਉਸਕੋ ਰਾਜਸੀ ਯਗਯ ਕਹਿਤੇ ਹੈਂ ਔਰ ਜੋ ਸ਼ਾਸਤ੍ਰ ਵਿਧੀ ਸੇ ਰਹਿਤ ਹੋ ਅੰਨ ਦਾਨ ਤਥਾ ਮੰਤਰ ਸੇ ਰਹਿਤ ਹੋ, ਦਖਨਾਂ ਸੇ ਬਿਨਾਂ ਔਰ ਸ਼ਰਧਾ ਸੇ ਰਹਿਤ ਜੋ ਯਗਯ ਕੀਆ ਜਾਵੇ ਉਸ ਕੋ ਤਾਮਸੀ ਯਗਯ ਕਹਿਤੇ ਹੈਂ ਅਬ ਗੁਣੋਂ ਕੇ ਭੇਦ ਸੇ ਤਪ ਤੀਨ ਪ੍ਰਕਾਰ ਕਾ ਕਹਿਤੇ ਹੈਂ, ਦੇਵਤਾ ਬ੍ਰਾਹਮਣ ਗੁਰੂ ਤਥਾ ਗਿਆਨੀ ਜਨੋਂ ਕਾ ਪੂਜਨ ਕਰਨਾ, ਪਵਿਤਰ ਰਹਿਣਾ, ਸਰਲ ਸੁਭਾਵ ਤਥਾ ਬ੍ਰਹਮਚਰਯ ਮੇਂ ਰਹਿਨਾ, ਹਿੰਸਾ ਨਾ ਕਰਨੀ ਯਹ ਸਰੀਰ ਕਾ ਤਪ ਕਹਿਲਾਤਾ ਹੈ ਔਰ ਕਿਸੀ ਕੋ ਕੌੜਾ ਬਚਨ ਨ ਕਹਿਣਾ ਪ੍ਰਿਯ ਔਰ ਹਿਤ ਕਾਰਕ ਔਰ ਸਤਯ ਬਚਨ ਬੋਲਣਾ ਔਰ ਵੇਦ ਸ਼ਾਸਤਰੋਂ ਕਾ ਪਠਨ ਪਾਠਨ ਔਰ ਈਸ਼ਵਰ ਕੇ ਨਾਮ ਕਾ ਅਭਿਆਸ ਕਰਨਾ ਯਹ ਬਾਣੀ ਸੰਬੰਧੀ ਤਪ ਕਹਾ ਜਾਤਾ ਹੈ, ਮਨ ਕੀ ਪ੍ਰਸੰਨਤਾ ਔਰ ਸ਼ਾਂਤੀ ਭਾਵ ਔਰ ਭਗਵਤ ਚਿੰਤਨ ਕਰਨੇ ਕਾ ਸੁਭਾਵ ਮਨ ਕੇ ਰੋਕਨੇ ਕਾ ਸੁਭਾਉ ਔਰ ਪਵਿਤਰ ਭਾਵਨਾ ਰਖਣੀ ਯਹ ਮਾਨਸੀ ਤਪ ਕਹਾ ਜਾਤਾ ਹੈ, ਅਬ ਇਨੋਂ ਕੋ ਗੁਣੋਂ ਕੇ ਭੇਦ ਸੇ ਤੀਨ ਪ੍ਰਕਾਰ ਕਾ ਕਹਿਤੇ ਹੈਂ, ਫਲ ਕੀ ਇਛਾ ਰਹਿਤ ਔਰ ਨਿਸ਼ਕਾਮ ਤਥਾ ਸ਼ਰਧਾ ਸੇ ਕੀਆ ਹੂਆ, ਤੀਨੋ ਪ੍ਰਕਾਰ ਕਾ ਯਾਨੇ ਮਨ ਬਾਣੀ ਸਰੀਰ ਕਾ ਤਪ ਸਾਤ੍ਵਿਕ ਕਹਾ ਜਾਤਾ ਹੈ, ਔਰ ਸਤਿਕਾਰ ਮਾਣ, ਪੂਜਾ ਤਥਾ ਦੰਭ ਕੇ ਵਾਸਤੇ ਜੋ ਕੀਆ ਜਾਤਾ ਹੈ, ਤੀਨੋਂ ਪ੍ਰਕਾਰ ਕਾ ਤਪ ਹੈ ਵੋਹ ਰਾਜਸ ਕਹਾ ਜਾਤਾ ਹੈ, ਔਰ ਜੋ ਹਠ ਸੇ ਔਰ ਮਨ, ਬਾਣੀ ਸਰੀਰ ਕੋ ਪੀੜਤ ਕਰਕੇ ਤਥਾ ਦੂਸਰੇ ਕੋ ਦੁਖ ਦੇਨੇ ਵਾਸਤੇ, ਜੋ ਤੀਨੋ ਪ੍ਰਕਾਰ ਕਾ ਯਾਨੀ ਮਨ ਬਾਣੀ ਸਰੀਰ ਸੇ ਜੋ ਤਪ ਕੀਆ ਜਾਤਾ ਹੈ, ਵੋਹ ਤਾਮਸ ਤਪ ਕਹਿਲਾਤਾ ਹੈ । ਇਸ ਪ੍ਰਕਾਰ ਤਪ ਕੋ ਕਹਿ ਕਰ ਅਬ ਗੁਣੋ ਕੇ ਭੇਦ ਸੇ ਤੀਨ ਪ੍ਰਕਾਰ ਕਾ ਦਾਨ ਕਹਿਤੇ ਹੈਂ, ਜੋ ਦਾਨ ਮੇਰੇ ਕੋ ਦੇਨਾ ਹੀ ਚਾਹੀਏ, ਇਸ ਭਾਵ ਸੇ ਔਰ ਉਤਮ ਪਾਤਰ ਮੇਂ, ਫਿਰ ਜਿਸ ਕੋ ਦੀਆ ਜਾਵੇ ਉਸ ਕੋ ਨਿਸ਼ਕਾਮ ਦੀਆ ਜਾਵੇ, ਯਾਨੇ ਉਸ ਕੋ ਦਾਨ ਦੇਕਰ ਕੋਈ ਕਾਮ ਨ ਕਰਾਇਆ ਜਾਵੇ, ਔਰ ਉਤਮ ਦੇਸ ਉਤਮ ਕਾਲ ਮੇਂ ਦੀਆ ਜਾਵੇ ਵੋਹ ਦਾਨ ਸਾਤ੍ਵਿਕ ਕਹਾ ਜਾਤਾ ਹੈ, ਔਰ ਜੋ ਦਾਨ ਦੁਖ ਪਾ ਕਰ ਦੀਆ ਜਾਵੇ, ਤਥਾ ਜਿਸ ਕੋ ਦੀਆ ਜਾਵੇ ਉਸ ਸੇ ਕੋਈ ਕਾਮ ਲੀਆ ਜਾਵੇ,



ਅਥਵਾ ਫਲ ਕੀ ਇਛਾ ਸੇ ਜੋ ਦਾਨ ਦੀਆ ਜਾਵੇ, ਵੋਹ ਦਾਨ ਰਾਜਸ ਕਹਾ ਜਾਤਾ ਹੈ, ਜੋ ਦਾਨ ਸਤਕਾਰ ਸੇ ਬਿਨਾ ਤ੍ਰਿਸਕਾਰ ਪੂਰਬਕ ਦੀਆ ਜਾਵੇ, ਔਰ ਅਯੋਗ ਦੇਸ ਕਾਲ ਮੇਂ ਦੀਆ ਜਾਵੇ, ਯਾ ਕੁਪਾਤ੍ਰ ਮੇਂ ਦੀਆ ਜਾਵੇ, ਵੋਹ ਦਾਨ ਤਾਮਸ ਕਹਿਲਾਤਾ ਹੈ। ਇਸ ਪ੍ਰਕਾਰ ਕੇ ਭੇਦ ਸੇ ਤਿਆਗ ਭੀ ਤੀਨ ਪ੍ਰਕਾਰ ਕਾ ਹੋਤਾ ਹੈ । ਹੇ ਅਰਜਨ ਜੋ ਨਿਤ ਕਰਮ ਹੈਂ, ਔਰ ਜਿਨਕਾ ਤਿਆਗ ਕਰਨਾ ਨਹੀਂ ਬਣਤਾ, ਪਰੰਤੂ ਪ੍ਰਮਾਦ ਸੇ ਜੋ ਤਿਸ ਕਾ ਤਿਆਗ ਕਰਤਾ ਹੈ, ਵੋਹ ਤਿਆਗ ਤਾਮਸੀ ਕਹਾ ਜਾਤਾ ਹੈ, ਔਰ ਜੋ ਯੇਹ ਕਰਮ ਦੁਖ ਰੂਪ ਹੈ, ਵਾ ਇਸ ਕੇ ਕਰਨੇ ਸੇ ਸ਼ਰੀਰ ਕੋ ਕਲੇਸ਼ ਹੋਗਾ, ਇਸ ਬੁਧੀ ਸੇ ਜੋ ਤਿਆਗ ਕਰਤਾ ਹੈ ਵੋਹ ਰਾਜਸੀ ਤਿਆਗ ਹੈ, ਉਸ ਤਿਆਗ ਕਾ ਫਲ ਚਿਤ ਕੀ ਸੁਧੀ ਅਥਵਾ ਮੋਖਸ਼ ਉਸ ਕੋ ਨਹੀਂ ਮਿਲੇਗੀ, ਔਰ ਜੋ ਕਰਮ ਸ਼ਾਸਤਰ ਨੇ ਨਿਯਤ ਕੀਆ ਹੂਆ ਹੈ, ਔਰ ਮੁਝੇ ਕਰਨਾ ਹੀ ਯੋਗਯ ਹੈ, ਇਸ ਬੁਧੀ ਸੇ ਜੋ ਕਰਤਾ ਹੈ, ਫਲ ਕੀ ਇਛਾ ਔਰ ਮਮਤਾ ਸੇ ਰਹਿਤ ਜੋ ਕਰਤਾ ਹੈ, ਵੋਹ ਸਾਤ੍ਵਿਕ ਤਿਆਗ ਹੈ । ਔਰ ਜੋ ਪੁਰਸ਼ ਦੁਖਦਾਈ ਕਰਮੋਂ ਮੇਂ ਦਵੇਸ਼ ਨਹੀਂ ਕਰਤਾ, ਔਰ ਸੁਖਦਾਈ ਕਰਮੋਂ ਮੇਂ ਪ੍ਰੀਤੀ ਨਹੀਂ ਕਰਤਾ, ਸੰਸੇ ਰਹਿਤ ਸਤੋਗੁਣ ਯੁਕਤ ਹੋ ਕਰ ਕਰਤਾ ਹੈ, ਵੋਹੀ ਸਚਾ ਤਿਆਗੀ ਹੈ, ਔਰ ਉਸੀ ਕੋ ਤਿਆਗ ਕਾ ਫਲ ਪ੍ਰਾਪਤ ਹੋਤਾ ਹੈ, ਇਸੀ ਤਰਹਿ ਸਤੋ ਰਜੋ ਤਮੋ ਇਨ ਤੀਨੋਂ ਗੁਣੋਂ ਕੇ ਭੇਦ ਸੇ, ਗਿਆਨ ਕਰਮ ਔਰ ਕਰਤਾ ਤੀਨ ਤੀਨ ਪ੍ਰਕਾਰ ਕੇ, ਸਾਂਖ ਸ਼ਾਸਤਰ ਮੇਂ ਕਹੇ ਹੈ, ਉਨੋਂ ਕਾ ਭੇਦ ਹੈ, ਅਰਜਨ ਤੂੰ ਯਥਾ ਵਤ ਸ਼੍ਰਵਣ ਕਰ, ਜਿਸ ਗਿਆਨ ਸੇ ਮਨੁਸ਼ ਜੁਦਾ ਜੁਦਾ ਚਰਾਚਰ ਸਰਵ ਭੂਤੋਂ ਮੇਂ, ਵਿਆਪਕ ਏਕ ਅਬਿਨਾਸ਼ੀ ਪ੍ਰਮਾਤਮਾ ਕੋ ਸ੍ਵ ਮੇਂ ਸਮ ਦੇਖਤਾ ਹੈ, ਵਹੁ ਗਿਆਨ ਸਾਤ੍ਵਿਕ ਜਾਨਣਾ । ਔਰ ਜਿਸ ਗਿਆਨ ਸੇ ਮਨੁਸ਼ ਸਰਵ ਭੂਤੋਂ ਮੇਂ, ਜੁਦਾ ਜੁਦਾ ਅਨੇਕ ਪਦਾਰਥੋਂ ਕੋ ਨਿਆਰਾ ਨਿਆਰਾ ਕਰਕੇ ਜਾਣਤਾ ਹੈ, ਉਸ ਗਿਆਨ ਕੋ ਰਾਜਸ ਜਾਨਣਾ । ਔਰ ਜਿਸ ਗਿਆਨ ਕਰ ਕੇ ਕਾਰਯ ਰੂਪ ਏਕ ਸ਼ਰੀਰ ਮੇਂ ਆਸਕਤ ਹੋ ਕਰ, ਔਰ ਬਿਨਾਂ ਯੁਕਤੀ ਸੇ, ਔਰ ਤਤ੍ਵ ਅਰਥ ਸੇ ਰਹਿਤ, ਔਰ ਤੁਛ ਸ਼ਰੀਰ ਮੇਂ ਪਰਿ ਪੂਰਣ ਆਤਮ ਭਾਵ ਨਿਸਚੇ ਕਰਤਾ ਹੈ, ਵੋਹ ਗਿਆਨ ਤਾਮਸ ਕਹਾ ਗਿਆ ਹੈ, ਇਸ ਪਰਕਾਰ ਗੁਣੋਂ ਕੇ ਭੇਦ ਸੇ ਗਿਆਨ ਤੀਨ ਪਰਕਾਰ ਕਾ ਕਹਿ ਕਰ, ਅਬ ਕਰਮ ਤੀਨ ਪਰਕਾਰ ਕਾ ਕਹਿਤੇ ਹੈਂ । ਜੋ ਕਰਮ ਸ਼ਾਸਤਰ ਨੇ ਵਿਧਾਨ ਕੀਆ ਹੈ, ਵੋਹ ਕਰਮ ਅਭਿਮਾਨ ਰਹਿਤ ਔਰ ਫਲ ਇਛਾ ਸੇ ਰਹਿਤ, ਰਾਗ ਦਵੇਸ਼ ਸੇ ਬਿਨਾਂ ਕੀਆ ਹੂਆ, ਜੋ ਕਰਮ ਵੋਹ ਕਰਮ ਸਾਤ੍ਵਿਕ ਕਹਾ ਜਾਤਾ ਹੈ । ਔਰ ਜੋ ਕਰਮ ਬਹੁਤ ਤਕਲੀਫ ਸੇ ਕੀਆ ਜਾਵੇ ਤਥਾ ਫਲ ਇਛਾ ਸੇ ਔਰ ਹੰਕਾਰ ਸੇ ਕੀਆ ਜਾਵੇ, ਵਹੁ ਕਰਮ ਰਾਜਸ ਕਹਾਤਾ ਹੈ। ਔਰ ਜੋ ਕਰਮ ਬੰਧਨ ਕਰਨੇ ਵਾਲਾ ਹੋਵੇ, ਹਿੰਸਾ ਵਾਲਾ ਹੋਵੇ, ਔਰ ਜਿਸ ਕਾ ਫਲ ਜਲਦੀ ਨਾਸ ਹੋ ਜਾਨੇ ਵਾਲਾ ਹੋਵੇ, ਔਰ ਅਪਨੇ ਸਾਮਰਥ ਕੋ ਨ ਵਿਚਾਰ ਕਰ ਕੀਆ ਜਾਵੇ, ਵਹੁ ਕਰਮ ਤਾਮਸ ਕਹਾਤਾ ਹੈ । ਇਸ ਪ੍ਰਕਾਰ ਕਰਮ ਤੀਨ ਪ੍ਰਕਾਰ ਕਾ ਕਹਿ ਕਰ, ਅਬ ਕਰਤਾ ਤੀਨ ਪ੍ਰਕਾਰ ਕਾ ਕਹਿਤੇ ਹੈਂ, ਜੋ ਪੁਰਸ਼ ਫਲ ਇਛਾ ਰਹਿਤ ਤਥਾ ਹੰਕਾਰ ਰਹਿਤ ਹੈ,

ਧੈਰਯ ਤਥਾ ਸ਼ਰਧਾ ਯੁਕਤਿ ਹੈ, ਔਰ ਕਰਮ ਕੇ ਸਿਧ ਹੋਨੇ ਪਰ ਖੁਸ਼ ਨਹੀਂ ਹੋਤਾ, ਔਰ ਨਾ ਸਿਧ ਹੋਨੇ ਪਰ ਸ਼ੋਕ ਨਹੀਂ ਕਰਤਾ, ਵਹੁ ਕਰਤਾ ਸਾਤ੍ਵਿਕ ਕਹਾ ਜਾਤਾ ਹੈ, ਔਰ ਜੋ ਪੁਰਸ਼ ਮਮਤਾ ਯੁਕਤ ਹੈ, ਔਰ ਕਰਮ ਫਲ ਕੋ ਚਾਹਨੇ ਵਾਲਾ ਹੈ, ਤਥਾ ਲੋਭੀ ਹੈ, ਔਰ ਦੂਸਰੋਂ ਕੋ ਕਸ਼ਟ ਦੇਨੇ ਕੇ ਸੁਭਾਉ ਵਾਲਾ ਹੈ, ਦੁਰਾਚਾਰੀ ਹੈ, ਔਰ ਹਰਖ ਸੋਗ ਸੇ ਲਿਪਾਇਮਾਨ ਹੋ ਜਾਤਾ ਹੈ, ਵਹੁ ਕਰਤਾ ਰਾਜਸ ਕਹਾ ਗਿਆ ਹੈ, ਔਰ ਜੋ ਮਨੁਸ਼ ਵਿਖਿਪਤ ਚਿਤ ਵਾਲਾ ਹੈ, ਔਰ ਗੁਰੂ ਸ਼ਾਸਤਰ ਕੀ ਸਿਖਿਆ ਸੇ ਰਹਿਤ ਹੈ, ਹੰਕਾਰੀ ਔਰ ਧੂਰਤ ਹੈ, ਦੂਸਰੇ ਕੀ ਰੋਜ਼ੀ ਮਾਰਨੇ ਵਾਲਾ ਹੈ, ਹਰ ਵਕਤ ਰੋਨੇ ਪਿਟਨੇ ਕੇ ਸੁਭਾਉ ਵਾਲਾ ਹੈ, ਆਲਸੀ ਹੈ, ਔਰ ਥੋੜੇ ਕਾਮ ਕੋ ਭੀ ਜਲਦੀ ਨਹੀਂ ਕਰ ਸਕਤਾ, ਜੋ ਐਸਾ ਦੀਰਘ ਸੂਤ੍ਰੀ ਹੋਵੇ, ਵਹੁ ਕਰਤਾ ਤਾਮਸ ਕਹਾ ਜਾਤਾ ਹੈ, ਅਬ ਤੀਨ ਪ੍ਰਕਾਰ ਕੀ ਬੁਧੀ ਔਰ ਤੀਨ ਪ੍ਰਕਾਰ ਕਾ ਧੈਰਯ ਗੁਣੋਂ ਕੇ ਭੇਦ ਸੇ ਕਹਿਤੇ ਹੈਂ। ਹੇ ਅਰਜਨ ਜੋ ਬੁਧੀ ਪ੍ਰਵਿਰਤੀ ਮਾਰਗ ਕੋ, ਤਥਾ ਨਵਿਰਤੀ ਮਾਰਗ ਕੋ, ਕਰਤਬਜ ਅਕ੍ਰਤਬਜ ਕੋ, ਭਯ ਅਭਯ ਕੋ ਤਥਾ ਬੰਧ ਮੋਖਸ਼ ਕੋ, ਯਥਾਰਥ ਜਾਨਣੇ ਵਾਲੀ ਹੈ, ਵਹੁ ਬੁਧਿ ਸਾਤ੍ਵਿਕੀ ਹੈ, ਔਰ ਹੇ ਅਰਜਨ ਜਿਸ ਬੁਧੀ ਦਵਾਰਾ ਮਨੁਸ਼ ਧਰਮ ਅਧਰਮ ਕੋ, ਕਰਤਬਜ ਅਕ੍ਰਤਬਜ ਕੋ, ਬੰਧ ਮੋਖਸ਼ ਕੋ ਯਥਾਰਥ ਨ ਜਾਨ ਸਕੇ, ਸੰਸ਼ੇਵਾਨ ਹੋ ਜਾਵੇ ਵਹੁ ਬੁਧੀ ਰਾਜਸੀ ਕਹਾਤੀ ਹੈ, ਔਰ ਹੇ ਅਰਜਨ ਤਮੋ ਗੁਣ ਸੇ ਯੁਕਤ ਬੁਧੀ ਕਰ ਕੇ, ਜੋ ਮਨੁਸ਼ ਧਰਮ ਕੋ ਅਧਰਮ ਸਮਝਤਾ ਹੈ, ਔਰ ਅਧਰਮ ਕੋ ਧਰਮ ਸਮਝਤਾ ਹੈ, ਐਸੇ ਸਭ ਪਦਾਰਥੋਂ ਕੋ ਉਲਟਾ ਹੀ ਸਮਝਤਾ ਹੋਵੇ, ਵਹੁ ਬੁਧੀ ਤਾਮਸ ਕਹੀ ਜਾਤੀ ਹੈ, ਹੇ ਅਰਜਨ ਧਿਆਨ ਯੋਗ ਦਵਾਰਾ ਜਿਸ ਨਿਰੰਤਰ ਧਾਰਨਾ ਸੇ, ਮਨੁਸ਼ ਅਪਨੇ ਮਨ, ਪ੍ਰਾਣ, ਇੰਦ੍ਰੀਓਂ ਕੀ ਕ੍ਰਿਯਾ ਕੋ ਸੰਜਮ ਮੇਂ ਰਖਤਾ ਹੈ ਵਹੁ, ਸਾਤ੍ਵਿਕ ਧੈਰਯ ਕਹਾਤਾ ਹੈ ਔਰ ਹੇ ਅਰਜਨ ਫਲ ਕੀ ਇਛਾ ਸੇ, ਔਰ ਮਮਤਾ ਸੇ ਜਿਸ ਧੈਰਯ ਕਰਕੇ, ਧਰਮਾਰਥ ਕਾਮ ਕੋ ਹਿਰਦੇ ਮੇਂ ਧਾਰਣ ਕਰਤਾ ਹੈ। ਵਹੁ ਰਾਜਸੀ ਧੈਰਯ ਹੈ, ਔਰ ਹੇ ਅਰਜਨ ਦੁਸ਼ਟ ਬੁਧੀ ਵਾਲਾ ਮਨੁਸ਼, ਜਿਸ ਧੈਰਯ ਕਰਕੇ ਨਿਦ੍ਰਾ, ਭਯ, ਚਿੰਤਾ, ਦੁਖ ਔਰ ਮਦ ਕੋ ਭੀ ਨਹੀਂ ਛੋੜਤਾ, ਵਹੁ ਤਾਮਸੀ ਧੈਰਯ ਕਹਾ ਜਾਤਾ ਹੈ, ਅਬ ਹੇ ਅਰਜਨ ਤੀਨ ਪ੍ਰਕਾਰ ਕਾ ਸੁਖ ਭੀ ਸ੍ਰਵਨ ਕਰ, ਸੁਖ ਦਾ ਅਭਿਆਸ ਕਰਕੇ ਦੁਖ ਸੇ ਨਿਵਿਰਤ ਹੋ ਜਾਏਗਾ, ਜੋ ਸੁਖ ਸਾਧਨ ਕਰਨੇ ਕਾਲ ਮੇਂ ਵਿਖ ਸਦ੍ਰਿਸ਼ ਭਾਸਤਾ ਹੈ, ਪਰੰਤੂ ਪੀਛੇ ਫਲ ਕਾਲ ਮੇਂ ਅੰਮ੍ਰਿਤ ਕੇ ਸਾਮਾਨ ਭਾਸਤਾ ਹੈ, ਔਰ ਪਰਮਾਤਮ ਵਿਸ਼ਾਇਕ ਗਿਆਨ ਕੇ ਪ੍ਰਸਾਦ ਸੇ ਉਤਪਨ ਹੂਆ ਜੋ ਸੁਖ ਹੈ, ਵਹੁ ਸੁਖ ਸਾਤ੍ਵਿਕ ਕਹਾ ਜਾਤਾ ਹੈ, ਔਰ ਜੋ ਵਿਸ਼ਯ ਸੁਖ ਇੰਦ੍ਰੀਓਂ ਕੇ ਸਜੋਗ ਸੇ ਹੋਤਾ ਹੈ, ਵੁਹ ਭੋਗ ਕਾਲ ਮੇਂ ਅੰਮ੍ਰਿਤ ਕੇ ਸਮਾਨ ਭਾਸਤਾ ਹੈ, ਔਰ ਪੀਛੇ ਫਲ ਕਾਲ ਮੇਂ ਵਿਖ ਕੀ ਨਿਆਈਂ ਭਾਸਤਾ ਹੈ, ਵਹੁ ਸੁਖ ਰਾਜਸ ਕਹਾ ਜਾਤਾ ਹੈ, ਜੋ ਸੁਖ ਭੋਗ ਕਾਲ ਮੇਂ ਤਥਾ ਫਲ ਕਾਲ ਮੇਂ ਮੋਹਨ ਕਰਨੇ ਵਾਲਾ, ਤਥਾ ਨਿਦ੍ਰਾ ਆਲਸ ਪ੍ਰਮਾਦ ਸੇ ਉਤਪਨ ਹੋਨੇ ਵਾਲਾ ਜੋ ਸੁਖ ਹੈ, ਵਹੁ ਤਾਮਸ ਕਹਾ ਜਾਤਾ ਹੈ, ਔਰ ਹੇ ਅਰਜਨ ਇਸ ਪ੍ਰਿਥਵੀ ਲੋਕ ਮੇਂ ਤਥਾ ਸੁਰਗ ਮੇਂ ਔਰ ਸਰਬ ਦੇਵਤਾਓਂ ਮੇਂ ਐਸਾ ਕੋਈ ਭੀ ਪ੍ਰਾਣੀ



ਨਹੀਂ ਹੈ, ਜੋ ਇਸ ਪ੍ਰਕਿਰਤੀ ਸੇ ਉਤਪਨ ਹੂਏ ਤੀਨੋਂ ਗੁਣੋਂ ਸੇ ਛੂਟਾ ਹੂਆ ਹੋਵੇ।

**ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ ਸਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥ ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥ ੧ ॥**

[ਬਿਲਾਵਲ ਕੀ ਵਾਰ ਮਹਲਾ ੪ ਸਫਾ ੮੫੨

**ਬ੍ਰਹਮਾ ਬਿਸਨ ਮਹੇਸੁ ਵੀਚਾਰੀ ॥ ਤ੍ਰੈਗੁਣ ਬਧਿਕ ਮੁਕਤਿ ਨਿਰਾਰੀ ॥**

[ਮਾਰੂ ਸੋਲਹੇ ਮ: ੩ ਸਫਾ ੧੦੪੮

**ਤ੍ਰੈਗੁਣ ਬਾਣੀ ਬੇਦੁ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥ ਮਰਿ ਜਨਮਹਿ ਫਿਰ ਹੋਹਿ ਖੁਆਰੁ ॥ ਗੁਰਮੁਖ ਤੁਰੀਆ ਗੁਣ ਉਰਿਧਾਰੁ ॥**

[ਮਲਾਰ ਮ: ੩ ਸਫਾ ੧੨੬੨

**ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥ ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥ ੧ ॥ ਰਹਾਉ ॥ ਤ੍ਰੈਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥ ਤੁਰੀਆ ਗੁਣ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥**

[ਮਲਾਰ ਮ: ੩ ਸਫਾ ੧੨੬੦

**ਤ੍ਰੈਗੁਣ ਮਾਈ ਮੋਹਿਆਈ ਕਹੰਉ ਬੇਦਨ ਕਾਹਿ ॥ ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਤਿ ਲਾਹਿ ॥ ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥**

[ਮਲਾਰ ਮ: ੫ ਸਫਾ ੧੨੭੨

**ਪ੍ਰਸ਼ਨ–ਬਿਨੁ ਦੰਤਾ ਕਿਉ ਖਾਈਐ ਸਾਰੁ ॥ ਨਾਨਕ ਸਾਚਾ ਕਰਹੁ ਬੀਚਾਰੁ ॥**
**ਉਤਰ–ਤ੍ਰੈਗਣ ਮੇਟੈ ਖਾਈਐ ਸਾਰੁ ॥ ਨਾਨਕ ਤਾਰੇ ਤਾਰਣਹਾਰੁ ॥**

[ਰਾਮਕਲੀ ਮ: ੧ ਸਿਧ ਗੋਸਟ ਸਫਾ ੯੪੦

ਇਸ ਪਰ ਏਕ ਕਥਾ ਹੈ ਕਿ ਜੀਵ ਆਤਮਾ ਕੇ ਪਾਸ ਸਾਰ ਆਤਮ ਧਨ ਹੈ, ਉਸ ਆਤਮ ਧਨ ਕੋ ਚੁਰਾਨੇ ਵਾਲੇ ਤੀਨ ਗੁਣ ਹੈਂ। ਜਗਜਾਸੂ ਕੋ ਇਨ ਤੀਨ ਗੁਣ ਰੂਪੀ ਚੋਰੋਂ ਸੇ ਬਚਨਾ ਚਾਹੀਏ, ਜੈਸੇ ਏਕ ਸ਼ਾਹੂਕਾਰ ਅਪਨੀ ਕਮਰ ਕੇ ਸਾਥ ਬਹੁਤ ਧਨ ਬਾਂਧ ਕਰ ਕਿਸੀ ਗ੍ਰਾਮ ਕੋ ਜਾ ਰਹਾ ਥਾ, ਰਸਤੇ ਮੇਂ ਜੁਦਾ ੨ ਕੁਛ ੨ ਫਾਸਲੇ ਪਰ ਤੀਨ ਚੋਰ ਮਿਲੇ, ਉਨ੍ਹੋਂ ਨੇ ਪੂਛਾ ਸੇਠ ਜੀ ਕਹਾ ਜਾ ਰਹੇ ਹੋ ? ਤਬ ਸੇਠ ਨੇ ਕਹਾ

ਅਮੁਕੇ ਸ਼ਹਿਰ ਕੋ ਜਾ ਰਹਾ ਹੂੰ, ਚੋਰੋਂ ਨੇ ਕਹਾ ਹਮ ਨੇ ਭੀ ਵਹਾਂ ਹੀ ਜਾਨਾ ਹੈ, ਸੇਠ ਨੇ ਸਮਝਾ ਕਿ ਯੇਹ ਚੋਰ ਹੈਂ, ਔਰ ਮੇਰੇ ਧਨ ਕੋ ਲੂਟਨੇ ਕੇ ਵਾਸਤੇ ਮੇਰੇ ਸਾਥ ਚਲਤੇ ਹੈਂ, ਪਰੰਤੂ ਯੁਕਤੀ ਸੇ ਮੁਝ ਕੋ ਇਨ ਸੇ ਬਚਨਾ ਚਾਹੀਏ, ਤਬ ਰਸਤੇ ਮੇਂ ਜਾਤੇ ਜਾਤੇ ਸੇਠ ਨੇ ਉਨ ਤੀਨੋਂ ਸੇ ਪੂਛਾ ਕਿ ਤੁਮ ਕਿਸ ੨ ਜਾਤੀ ਕੇ ਹੋ ? ਤਬ ਉਨੋਂ ਮੇਂ ਸੇ ਏਕ ਨੇ ਕਹਾ ਮੈਂ ਬ੍ਰਾਹਮਣ ਹੂੰ, ਦੂਸਰੇ ਨੇ ਕਹਾ ਮੈਂ ਖਯਤ੍ਰੀ ਹੂੰ, ਤੀਸਰੇ ਨੇ ਕਿਹਾ ਮੈਂ ਸੂਦਰ ਹੂੰ, ਰਾਸਤੇ ਮੇਂ ਚਲਤੇ ਚਲਤੇ ਏਕ ਬ੍ਰਿਛ ਕੀ ਠੰਡੀ ਛਾਇਆ ਮੇਂ ਬੈਠ ਕਰ, ਸੂਦਰ ਕੋ ਕਹਾ ਕਿ ਸਾਮਣੇ ਕੂਏਂ ਸੇ ਜਲ ਭਰ ਕਰ ਲਾਓ, ਜਲ ਪਾਨ ਕਰਕੇ ਆਗੇ ਚਲੇਂਗੇ, ਜਬ ਵਹੁ ਜਲ ਲੇਨੇ ਗਿਆ, ਤਬ ਸ਼ਾਹੂਕਾਰ ਨੇ ਬ੍ਰਾਹਮਣ ਔਰ ਖਯਤ੍ਰੀ ਇਨ ਦੋਨੋਂ ਚੋਰੋਂ ਕੋ ਕਹਾ, ਕਿ ਮੈਂ ਜਾਨਤਾ ਹੂੰ ਤੁਮ ਤੀਨੋਂ ਹੀ ਚੋਰ ਹੋ, ਔਰ ਮੇਰਾ ਧਨ ਲੂਟ ਕਰ ਤੁਮ ਤੀਨ ਹਿਸੇ ਕਰੋਗੇ, ਔਰ ਮੇਰੇ ਕੋ ਰਸਤੇ ਮੇਂ ਲੂਟਨੇ ਸੇ ਤੁਮਾਰੇ ਕੋ ਪਾਪ ਹੋਗਾ, ਔਰ ਪਰਲੋਕ ਮੇਂ ਤੁਮਾਰੇ ਕੋ ਦੰਡ ਮਿਲੇਗਾ, ਅਬ ਮੈਂ ਏਕ ਐਸੀ ਯੁਕਤੀ ਤੁਮ ਕੋ ਕਹੂੰ, ਜਿਸ ਸੇ ਪਰਲੋਕ ਮੇਂ ਦੰਡ ਭੀ ਨਾ ਮਿਲੇ ਔਰ ਪਾਪ ਭੀ ਨਾ ਹੋਵੇ, ਤਥਾ ਧਨ ਭੀ ਤੁਮ ਕੋ ਮਿਲ ਜਾਵੇ, ਚੋਰੋਂ ਨੇ ਕਹਾ ਵੋਹ ਯੁਕਤੀ ਕਹੋ, ਸ਼ਾਹੂਕਾਰ ਨੇ ਕਹਾ ਜੋ ਮੇਰੇ ਪਾਸ ਧਨ ਹੈ ਉਸ ਕੇ ਤੀਨ ਹਿਸੇ ਕਰੇਂਗੇ, ਹੇ ਬ੍ਰਾਹਮਣ ਦੇਵ ਏਕ ਹਿਸਾ ਤੋ ਤੁਮ ਕੋ ਸੰਕਲਪ ਕਰਕੇ ਦਾਨ ਦੇਵੇਂਗੇ, ਔਰ ਯਹ ਛਤ੍ਰੀ ਭਾਈ ਹੈ ਇਸਕੋ ਭੀ ਭਾਈ ਕੀ ਮਦਦ ਮੇਂ ਦੇਵੇਂਗੇ, ਔਰ ਏਕ ਹਿਸਾ ਹਮ ਲੇ ਲੇਂਗੇ ਵੋਹ ਸ਼ੂਦਰ ਪਾਣੀ ਲੈਣੇ ਗਿਆ ਹੂਆ ਹੈ ਉਸ ਕੋ ਕਿਊਂ ਦੇਵੇਂ ਉਨੋਂ ਨੇ ਕਹਾ ਬਹੁਤ ਅੱਛਾ ਜਬ ਸੂਦਰ ਜਲ ਲੇ ਆਇਆ ਤਬ ਬ੍ਰਾਹਮਣ ਨੇ ਕਹਾ ਅਰੇ ਸ਼ੂਦਰ ! ਤੁਮ ਚਲੇ ਜਾਓ ! ਯਹ ਸਾਹੂਕਾਰ ਤੋ ਹਮਾਰਾ ਜਜਮਾਨ ਹੈ, ਛਤਰੀ ਕਹਿਨੇ ਲਗਾ ਕਿ ਹਮਾਰੀ ਬਰਾਦਰੀ ਮੇਂ ਸੇ ਭਾਈ ਹੈ, ਹਮ ਇਸਕੋ ਨਹੀਂ ਲੂਟੇਂਗੇ, ਬਲਕਿ ਇਸਕੋ ਗਾਊਂ ਤਕ ਛੋੜ ਆਵੇਂਗੇ, ਸੂਦਰ ਨੇ ਭਾਵ ਸਮਝ ਲੀਆ ਔਰ ਵਿਚਾਰਾ ਕਿ ਯਹ ਤੀਨ ਹੈਂ, ਮੈਂ ਇਕੇਲਾ ਹੂੰ, ਇਨਕੋ ਕਿਆ ਕਰ ਸਕੂੰਗਾ ? ਐਸਾ ਵਿਚਾਰ ਕਰ ਵਾਪਸ ਚਲਾ ਗਿਆ, ਫਿਰ ਅਗੇ ਗਏ ਤੋ ਵਹਿ ਸ਼ਾਹੂਕਾਰ ਖਤਰੀ ਕੋ ਜੁਦਾ ਕਰ ਕੇ, ਬ੍ਰਾਹਮਣ ਕੋ ਕਹਿਣੇ ਲਗਾ ਹੇ ਬ੍ਰਾਹਮਣ ਦੇਵ ਹਮ ਤੀਨ ਹਿਸੇ ਭੀ ਕਿਉਂ ਕਰੇਂ, ਦੋ ਹਿਸੇ ਹੀ ਕਿਉਂ ਨ ਕਰ ਲੇਵੇਂ ਔਰ ਇਸ ਖਤਰੀ ਕੋ ਹਟਾ ਦੇਵੇਂ, ਇਸ ਤਰਾਂ ਆਧਾ ਧਨ ਤੇਰਾ ਔਰ ਆਧਾ ਮੇਰਾ ਹੋ ਜਾਏਗਾ, ਬ੍ਰਾਹਮਣ ਕਹਿਨੇ ਲਗਾ ਅੱਛਾ, ਇਸਤਰਾਂ ਖਤਰੀ ਕੋ ਭੀ ਹਟਾ ਦੀਆ, ਫਿਰ ਬ੍ਰਾਹਮਣ ਕੇ ਸਾਥ ਮਿਲ ਕਰ ਸ਼ਹਿਰ ਕੇ ਨਜ਼ਦੀਕ ਪਹੁੰਚੇ; ਤੋ ਬ੍ਰਾਹਮਣ ਕੋ ਦਿਲਾਸਾ ਦੀਆ ਕਿ ਤਲਾਊ ਪਰ ਇਸ਼ਨਾਨ ਕਰ, ਤੇਰੇ ਕੋ ਆਧਾ ਧਨ ਸੰਕਲਪ ਕਰਕੇ ਦੂੰਗਾ, ਉਸ ਤਾਲਾਬ ਪਰ ਉਸ ਸ਼ਾਹੂਕਾਰ ਕੇ ਬਹੁਤ ਮਿਤਰ ਇਸ਼ਨਾਨ ਕਰ ਰਹੇ ਥੇ, ਸੇਠ ਨੇ ਉਨ ਕੋ ਕਹਾ ਅਰੇ ਭਾਈ ਯਹ ਚੋਰ ਮੇਰਾ ਧਨ ਲੂਟਨੇ ਕੇ ਲੀਏ ਮੇਰੇ ਪੀਛੇ ਪੜਾ ਹੈ, ਮੁਝੇ ਇਸ ਸੇ ਬਚਾਓ ! ਜਬ ਵੋਹ ਆਦਮੀ ਦੌੜ ਕਰ ਆਏ ਤਬ ਵੋਹ ਚੋਰ ਡਰ ਕੇ ਮਾਰੇ ਭਾਗ ਗਿਆ । ਇਸ ਪ੍ਰਕਾਰ ਯੁਕਤੀ ਸੇ ਸੇਠ ਨੇ ਅਪਨਾ ਧਨ ਚੋਰੋਂ ਸੇ ਬਚਾ ਲੀਆ। ਇਸੀ ਪ੍ਰਕਾਰ ਜੀਵਾਤਮਾ ਕੇ ਪਾਸ ਆਨੰਦ ਧਨ ਹੈ, ਯਾਨੇ ਸੁਖ ਦੁਖ ਮੇਂ



ਮਾਨ ਅਪਮਾਨ ਮੇਂ ਸਮ ਰਹਿਣਾ, ਹਰਖ ਸੋਗ ਨ ਕਰਨਾ, ਯਹੀ ਧਨ ਹੈ ਇਸ ਧਨ ਕੇ ਚੁਰਾਨੇ ਵਾਸਤੇ, ਤੀਨ ਗੁਣ ਰੂਪੀ ਚੋਰ ਜੀਵ ਰੂਪੀ ਸ਼ਾਹੂਕਾਰ ਕੇ ਪੀਛੇ ਪੜੇ ਹੂਏ ਹੈਂ, ਇਨੋਂ ਸੇ ਯੁਕਤੀ ਦਵਾਰਾ ਅਪਨੇ ਧਨ ਕੋ ਬਚਾਵੇ, ਪਹਿਲੇ ਤੋ ਸਤੋਗੁਣ ਔਰ ਰਜੋਗੁਣ ਕੀ ਮਦਦ ਸੇ ਤਮੋਗੁਣ ਕੋ ਦੂਰ ਕਰੇ, ਫਿਰ ਸਤੋਗੁਣ ਕੀ ਮਦਦ ਸੇ ਰਜੋਗੁਣ ਕੋ ਭੀ ਨਵਿਰਤ ਕਰੇ, ਫਿਰ ਸਤਸੰਗ ਮੇਂ ਆਕਰ ਪੁਕਾਰ ਕਰੇ, ਕਿ ਸਤੋਗੁਣ ਕਾ ਅਭਿਮਾਨ ਮੇਰੇ ਕੋ ਲੂਟ ਰਹਾ ਹੈ, ਬਚਾਉ ਹੇ ਸੰਤੋ ਬਚਾਉ, ਸੰਤੋ ਕੇ ਉਪਦੇਸ਼ ਸੇ ਸਤੋਗੁਣ ਕਾ ਅਭਿਮਾਨ ਭੀ ਦੂਰ ਹੋ ਜਾਤਾ ਹੈ, ਔਰ ਬ੍ਰਿਤੀ ਸ਼ਾਂਤ ਰਹਿਤੀ ਹੈ, ਯਾਨੀ ਹਰਖ ਸੋਗ ਨਹੀਂ ਹੋਤਾ, ਤਬ ਯਹ ਤ੍ਰਿਗੁਣ ਅਤੀਤ ਕਹਾਤਾ ਹੈ, ਯਾਨੀ ਜੀਵਨ ਮੁਕਤ ਕਹਿਲਾਤਾ ਹੈ, ਜੈਸੇ ਅਰਜਨ ਨੇ ਸ੍ਰੀ ਭਗਵਾਨ ਜੀ ਸੇ ਪੂਛਾ ਕਿ ਹੇ ਭਗਵਾਨ, ਯਹ ਪੁਰਸ਼ ਜੀਵਨ ਮੁਕਤ ਕਬ ਬਣ ਸਕਤਾ ਹੈ ? ਔਰ ਤੀਨ ਗੁਣੋਂ ਸੇ ਕੈਸੇ ਛੂਟ ਸਕਤਾ ਹੈ ? ਪ੍ਰਸ਼ਨ :-

**ਕਈਰ ਲਿੰਗਈਸ ਤ੍ਰੀਨ ਗੁਣਾਨੇਤਾਨਤੀਤੋ ਭਵਤਿ ਪ੍ਰਭੋ॥ ਕਿਮਾਚਾਰ: ਕਥੰ ਚਏਤਾਂਸਤ੍ਰੀਨ ਗੁਣਾਨਤਿਵਰਤਤੇ॥** [ਗੀਤਾ ਅਧਿਆਇ ੧੪

ਅਰਥ:-ਅਰਜਨ ਪੂਛਤਾ ਹੈ ਕਿ ਹੇ ਭਗਵਨ ਇਨ ਤੀਨ ਗੁਣੋਂ ਸੇ ਅਤੀਤ ਹੋਣੇ ਪਰ ਪੁਰਸ਼ ਕਿਨ ਲਖਛਣੋਂ ਯੁਕਤ ਹੋਤਾ ਹੈ, ਔਰ ਕਿਸ ਪ੍ਰਕਾਰ ਕੇ ਅਚਾਰ ਵਾਲਾ ਹੋਤਾ ਹੈ, ਅਰ ਹੇ ਪ੍ਰਭੋ ਕਿਸ ਉਪਾਇ ਸੇ ਇਨ ਤੀਨ ਗੁਣੋ ਸੇ ਰਹਿਤ ਹੋਤਾ ਹੈ ॥ ੨੧ ॥

ਉੱਤਰ-**ਪ੍ਰਕਾਸ਼ੰ ਚ ਪ੍ਰਵ੍ਰਿਤਿੰਚ ਮੋਹ ਮੇਵ ਚ ਪਾਂਡਵਨ ਦ੍ਵੇਸ਼੍ਰਿ ਸੰਪ੍ਰਵ੍ਰਿਤਾਨਿ ਨ ਨਿਵਿਰਤਾਨਿ ਕਾਂਖਯਤਿ ॥ ੨੨ ॥ ਉਦਾਸੀਨ ਵਦਾਸੀਨੋ ਗੁਣਈਰ ਯੋ ਨ ਵਿਚਾਲਯਤੇ । ਗੁਣਾ ਵਰਤੰਤ ਇਤਯੇਵ ਯੋ ਅਵਤਿਸ਼੍ਰਤਿ ਨੇ ਗਤੇ ॥ ੨੩ ॥ ਸਮ ਦੁਖ ਸੁਖ: ਸ੍ਵਸਥ: ਸਮ ਲੋਸ਼੍ਰਾਸ਼ਮ ਕਾਂਚਨ। ਤੁਲਯ ਪਿਯਾਪ੍ਰਿਯੋ ਧੀਰ: ਤੁਲਯ ਨਿੰਦਾਤਮ ਸੰਸਤੁਤਿ ॥ ੨੪ ॥ ਮਾਨ ਅਪਮਾਨਯੋ: ਤੁਲਯ: ਤੁਲਯ: ਮਿਤ੍ਰਾਰਿ ਪਖਯਯੋ:ਸਰਵ ਆਰੰਭ ਪਰਿ ਤਯਾਗੀ ਗੁਣਤੀਤ: ਸ ਉਚਯਤੇ ॥੨੫॥** [ਗੀਤਾ ਅਧਿਆਇ ੧੪

ਅਰਥ:-ਸ੍ਰੀ ਭਗਵਾਨ ਕਹਿਨੇ ਲਗੇ ਹੇ ਅਰਜਨ ਸਤੋਗੁਣ ਕੇ ਕਾਰਜ ਪ੍ਰਕਾਸ਼ ਕੇ, ਰਜੋਗੁਣ ਕੇ ਕਾਰਜ ਪ੍ਰਵਿਰਤਿ ਕੇ, ਤਮੋਗੁਣ ਕੇ ਕਾਰਯ ਮੋਹ ਕੇ, ਪ੍ਰਵਿਰਤਿ ਹੋਨੇ ਪਰ ਭੀ ਬੁਰਾ ਨਹੀਂ ਸਮਝਤਾ, ਔਰ ਨਵਿਰਤ ਹੋਨੇ ਕੀ ਇਛਾ ਭੀ ਨਹੀਂ ਕਰਤਾ॥ ੨੨॥ ਜੋ ਉਦਾਸੀਨੋਂ ਦੀ ਸਦ੍ਰਿਸ਼ ਰਹਿ ਕਰ ਗੁਣੋਂ ਕਰ ਚਲਾਇਮਾਨ ਨਹੀਂ ਹੋਤਾ, ਯਾਨੇ ਆਪ ਅਸੰਗ ਰਹਿਤਾ ਹੈ, ਔਰ ਗੁਣ ਇੰਦ੍ਰਯ ਹੀ ਵਿਸ਼ਿਓਂ ਮੇਂ ਪ੍ਰਵਿਰਤ ਹੋਤੇ ਹੈਂ ਐਸਾ ਸਮਝ ਕਰ, ਪ੍ਰਮਾਤਮ ਭਾਵ ਮੇਂ ਇਸਥਿਤ ਰਹਿਤਾ ਹੈ, ਔਰ ਉਸ ਇਸਥਿਤੀ ਸੇ

ਚਲਾਇਮਾਨ ਨਹੀਂ ਹੋਤਾ ॥ ੨੩ ॥ ਨਿਰੰਤਰ ਆਤਮ ਭਾਵ ਮੇਂ ਇਸਥਿਤ ਹੂਆ ਹੂਆ ਸੁਖ ਦੁਖ ਕੋ ਸਮਾਨ ਸਮਝਣੇ ਵਾਲਾ, ਮਿੱਟੀ ਪੱਥਰ ਸਵਰਨ ਮੇਂ ਸਮ ਭਾਵ ਵਾਲਾ ਐਸਾ ਜੋ ਧੈਰਯਵਾਨ ਤਥਾ, ਇਸਟ ਅਨਿਸ਼ਟ ਮੇਂ ਸਮ ਬੁਧੀ ਵਾਲਾ, ਤਥਾ ਅਪਨੀ ਨਿੰਦਾ ਉਸਤਤਿ ਮੇਂ ਔਰ ਮਾਨ ਅਪਮਾਨ ਮੇਂ, ਔਰ ਮਿਤਰ ਸ਼ਤ੍ਰ ਮੇਂ ਬਰਾਬਰ ਰਹਿਨੇ ਵਾਲਾ, ਯਾਨੇ ਹਰਖ ਸੋਗ ਨਾ ਕਰਨੇ ਵਾਲਾ, ਔਰ ਸਰਵ ਆਰੰਭੋਂ ਮੇਂ ਕਰਤਾਪਨ ਕੇ ਅਭਿਮਾਨ ਸੇ ਰਹਿਤ ਪੁਰਸ਼, ਗੁਣਅਤੀਤ ਕਹਾ ਜਾਤਾ ਹੈ ॥ ੨੪ ॥ ੨੫ ॥

**ਮਾਂਮ ਯੋ ਅਵਿਯਭਿਚਾਰੇਣ ਭਕ੍ਤਿ ਯੋਗੇਨ ਸੇਵਤੇ ॥ ਸ ਗੁਣਾਨ ਸਮ ਤੀਤਯੈ ਤਾਨ ਬ੍ਰਹਮ ਭੂਯਾਯ ਕਲਪਤੇ ॥ ੨੬ ॥**

**ਗੁਣਾਨੇਤਾਨ ਅਤੀਤਯ ਤ੍ਰੀਨ ਦੇਹੀ ਦੇਹ ਸਮੁਦ ਭਵਾਨ ॥ ਜਨਮ ਮ੍ਰਿਤ੍ਯੁ ਜਰਾ ਦੁਖੈ: ਵਿਮੁਕ੍ਤੋ ਅੰਮ੍ਰਿਤਮਸ਼ਨੁਤੇ ॥ ੨੭ ॥**

ਅਰਥ-ਜੋ ਪੁਰਸ਼ ਨਿਰੰਤਰ ਭਗਤੀ ਯੋਗ ਸੇ ਮੇਰੇ ਕੋ ਸੇਵਨ ਕਰਤਾ ਹੈ, ਵਹੁ ਇਨ ਤੀਨੋਂ ਗੁਣੋਂ ਕੋ ਜਲਦੀ ਹੀ ਉਲੰਘਨ ਕਰਕੇ, ਮੇਰੇ ਸਤ ਚਿਤ ਆਨੰਦ ਬ੍ਰਹਮ ਭਾਵ ਮੇਂ ਅਭੇਦ ਹੋਨੇ ਕੇ ਯੋਗਯ ਹੋ ਜਾਤਾ ਹੈ। ੨੬ ॥ ਜੋ ਪੁਰਸ਼ ਅਸਥੂਲ ਸਰੀਰ ਕੀ ਉਤਪਤੀ ਕੇ ਕਾਰਨ ਰੂਪ, ਇਨ ਤੀਨੋ ਗੁਣੋ ਕੋ ਉਲੰਘਨ ਕਰਕੇ ਜਨਮ ਮ੍ਰਿਤ੍ਯੁ, ਔਰ ਜਰਾ ਯਾਨੇ ਬਿਰਧ ਅਵਸਥਾ, ਔਰ ਸਭ ਪ੍ਰਕਾਰ ਕੇ ਦੁਖੋਂ ਸੇ ਮੁਕਤ ਹੂਆ ਹੂਆ, ਪਰਮਾਨੰਦ ਪਾਰਬ੍ਰਹਮ ਕੋ ਪ੍ਰਾਪਤ ਹੋਤਾ ਹੈ ॥ ੨੭ ॥ ਪ੍ਰਮਾਣ:-

**ਤ੍ਰੈਗੁਣ ਮੇਟੇ ਚਉਥੈ ਚਿਤੁ ਲਾਇਆ ॥**
**ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥**

[ਗਉੜੀ ਮ: ੩ ਸਫਾ ੨੩੧

**ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥**
**ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥**
**ਮਨੂਆ ਅਸਥਿਰੁ ਸਬਦੇ ਰਾਤਾ ਏਹ ਕਰਣੀ ਸਾਰੀ ॥**

[ਰਾਮਕਲੀ ਮ: ੧ ਸਫਾ ੯੦੮

**ਜੀਵਨੁ ਮੁਕਤੁ ਗੁਰਮੁਖਿ ਕੋ ਹੋਈ ॥ ਪਰਮ ਪਦਾਰਥੁ ਪਾਵੈ ਸੋਈ ॥**
**ਤ੍ਰੈਗੁਣ ਮੇਟੇ ਨਿਰਮਲੁ ਹੋਈ ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥**

[ਗਉੜੀ ਮ: ੩ ਸਫਾ ੨੩੨

**ਤ੍ਰੈਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥**
**ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥**

[ਰਾਮਕਲੀ ਮ: ੧ ਸਿਧ ਗੋਸਟ ਸਫਾ ੯੪੪



**ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥ ਤ੍ਰੈਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥**

[ਆਸਾ ਮਹਲਾ ੫ ਸਫਾ ੩੭੦

**ਤ੍ਰਈ ਗੁਣਯ ਵਿਸ਼ਯਾ ਵੇਦਾ ਨਿਸ ਤ੍ਰਈ ਗੁਣਯੋ ਭਵ ਅਰਜੁਨ ॥**
**ਨਿਰਦ੍ਵੰਦੋ ਨਿਤ੍ਯ ਸਤ੍ਵਸਥੁ ਨਿਰਯੋਗ ਖ੍ਯੇਮ ਆਤਮਵਾਨ ॥**

[ਗੀਤਾ ਅਧਯਾਇ ੨ ਸਲੋਕ ੧੫

ਅਰਥ-ਹੇ ਅਰਜਨ ਸਭ ਵੇਦ ਤੀਨੋਂ ਗੁਣੋਂ ਤੇ ਕਾਰਯ ਸੰਸਾਰ ਕੋ ਹੀ ਕਹਿਨੇ ਵਾਲੇ ਹੈਂ, ਔਰ ਤੂੰ ਤ੍ਰਿਗੁਣ ਅਤੀਤ ਅਰਥਾਤ ਅਸੰਸਾਰੀ ਅਸੰਗ ਹੈਂ, ਔਰ ਨਿਰਦ੍ਵੰਦ ਯਾਨੇ ਸੁਖ ਦੁਖ ਮਾਨ ਅਪਮਾਨ, ਹਰਖ ਸੋਗ ਸੇ ਰਹਿਤ ਹੈਂ, ਔਰ ਅਬਿਨਾਸੀ ਵਸਤੂ ਮੇਂ ਇਸਥਿਤ ਹੋਕਰ, ਆਤਮ ਪ੍ਰਾਇਣ ਹੋਂ। ਔਰ ਸ਼ਰੀਰ ਕੇ ਪਾਲਨ ਪੋਸਨ ਕੀ ਇਛਾ ਸੇ ਰਹਿਤ ਹੋ ॥ ੪੫ । ਪ੍ਰਮਾਣ:-

**ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ ॥**

[ਮਾਰੂ ਸੋਲਹੇ ਮ: ੫ ਸਫਾ ੧੦੭੫

## ਕਥਾ ਜੜ ਭਰਥ ਕੀ

ਜੜ ਭਰਥ ਮਹਾਤਮਾ ਕੀ ਧਾਰਣਾ ਇਸ ਪ੍ਰਕਾਰ ਸੁਣੀ ਜਾਤੀ ਹੈ, ਜੈਸੇ ਕਿਸੀ ਮਹਾਤਮਾ ਨੇ ਕਬਿਤ ਲਿਖਾ ਹੈ ਕਿ ਜੜ ਭਰਤ ਐਸੀ ਦਸ਼ਾ ਮੇਂ ਰਹਿਤੇ ਥੇ।

**ਆਏ ਕੋ ਹਰਖ ਨਹੀਂ ਗਏ ਕੋ ਸ਼ੋਕ ਨਹੀਂ, ਕੈਸੋ ਨਿਰਦ੍ਵੰਦ ਭਯੋ ਸਮਝਨੇ ਕੀ ਬਾਤ ਹੈ। ਦੇਹ ਨੇਹੁ ਨੇਰੇ ਨਹੀਂ ਲਖਮੀ ਕੋ ਹੇਰੇ ਨਹੀਂ ਮਨ ਕਹੂੰ ਫੇਰੇ ਨਹੀਂ ਪਾਹਨ ਸਮ ਗਾਤ ਹੈ। ਲੋਗਨ ਕੀ ਰੀਤ ਨਹੀਂ ਕਾਹੂੰ ਸੋ ਪ੍ਰੀਤਿ ਨਹੀਂ ਹਾਰ ਨਹੀਂ ਜੀਤ ਨਹੀਂ ਵਰਣ ਹੈ ਨ ਜਾਤ ਹੈ। ਐਸੋ ਜਬ ਗਿਆਨ ਹੋਤ ਤਬਹਿ ਕੁਛ ਧਿਆਨ ਹੋਤ ਬ੍ਰਹਮ ਕੇ ਸਮਾਨ ਹੋਤ ਬ੍ਰਹਮ ਮੈਂ ਸਮਾਤ ਹੈ।**

ਐਸੀ ਦਸ਼ਾ ਮੇਂ ਜੜ ਭਰਥ ਮਹਾਤਮਾ ਰਹਾ ਕਰਤੇ ਥੇ, ਅਨੇਕ ਜਗਯਾਸੂ ਉਨ ਕੇ ਦਰਸ਼ਨ ਕੀ ਇਛਾ ਕਰਤੇ ਰਹਿਤੇ ਥੇ ਮਨੁਸ਼ਯੋਂ ਕੀ ਤੋ ਕਥਾ ਹੀ ਕਿਆ ਹੈ, ਪਸ਼ੂ ਪੰਖੀ ਭੀ ਉਨਕੇ ਉਪਦੇਸ਼ ਕੋ ਸੁਨ ਕਰ ਤਰ ਜਾਤੇ ਥੇ, ਜੈਸੇ ਕਿਸੀ ਦੇਸ਼ ਕਾ ਕੋਈ ਰਾਜਾ ਥਾ ਵੋ ਸੰਤਾਨ ਹੀਨ ਥਾ, ਸੰਤਾਨ ਨ ਹੋਨੇ ਸੇ ਸਦਾ ਦੁਖੀ ਰਹਿਤਾ ਥਾ, ਅਨੇਕ ਉਪਾਯ ਕਰੇ ਤੋ ਭੀ ਸੰਤਾਨ ਨ ਹੂਈ, ਏਕ ਦਿਨ ਉਸ ਨੇ ਅਪਨੇ ਵਜ਼ੀਰ ਸੇ ਪੁਤ੍ਰ ਉਤਪਤੀ ਕਾ ਉਪਾਯ ਪੂਛਾ, ਤਬ ਵਜ਼ੀਰ ਨੇ ਸੰਤ ਸੇਵਾ ਬਤਲਾਈ। ਕਿ ਸੰਤੋਂ ਕੇ ਨਿਮਿਤ ਨਦੀ ਕਿਨਾਰੇ ਆਸ਼੍ਰਮ ਬਨਵਾਵੇ, ਔਰ ਅੰਨ ਵਸਤ੍ਰ ਸੇ ਸੰਤੋਂ ਕੀ ਸੇਵਾ ਕਰੇ, ਕੋਈ

ਮਹਾਤਮਾ ਆਸ਼ੀਰਵਾਦ ਦੇਵੇਗਾ ਤੋ ਤੁਮਾਰੇ ਘਰ ਪੁਤਰ ਹੋ ਜਾਵੇਗਾ, ਰਾਜਾ ਨੇ ਐਸੇ ਹੀ ਕੀਆ ਸੰਤੋਂ ਵਾਸਤੇ ਏਕ ਬੜਾ ਸੁੰਦਰ ਆਸ਼ਰਮ ਬਨਵਾਇਆ, ਉਸ ਮੇਂ ਸਾਧੂ ਲੋਗ ਆਨੇ ਲਗੇ, ਰਾਜਾ ਭੀ ਰਾਣੀ ਸਹਿਤ ਸੇਵਾ ਕਰਨੇ ਲਗਾ, ਮਹਾਤਮਾ ਉਨ ਕੀ ਸੇਵਾ ਸੇ ਪ੍ਰਸੰਨ ਹੂਏ, ਔਰ ਵਰ ਦਾਨ ਦੀਆ ਕਿ ਤੁਸਾਰੇ ਦੋ ਪੁੱਤਰ ਹੋਵੇਂਗੇ, ਏਕ ਕੋ ਗ੍ਰਹਸਥ ਮੇਂ ਰਖਨਾ ਦੂਸਰੇ ਕੋ ਸੰਤ ਬਨਾਨਾ, ਔਰ ਤੁਮ ਭੀ ਲੜਕੇ ਕੋ ਰਾਜ ਦੇ ਕਰ ਜੀਵਨ ਮੁਕਤ ਹੋ ਕਰ ਵਿਚਰਨਾ, ਕੁਛ ਕਾਲ ਕੇ ਬਾਦ ਰਾਜਾ ਕੇ ਘਰ ਮੇਂ ਦੋ ਲੜਕੇ ਪੈਦਾ ਹੂਏ, ਤਬ ਰਾਜਾ ਕੀ ਸੰਤੋਂ ਮੇਂ ਬੜੀ ਸ਼ਰਧਾ ਹੂਈ ਔਰ ਸਤਸੰਗ ਕਰਨੇ ਲਗਾ, ਸਤਸੰਗ ਕਰਤੇ ਕਰਤੇ ਰਾਜਾ ਕੋ ਗਿਆਨ ਪ੍ਰਾਪਤ ਹੂਆ ਔਰ ਚਿਤ ਸ਼ਾਂਤ ਹੂਆ, ਅਬ ਅਧਿਕ ਸੁਖ ਜੀਵਨ ਮਕਤੀ ਕੇ ਆਨੰਦ ਕੀ ਰਾਜਾ ਕੋ ਇਛਾ ਹੂਈ, ਔਰ ਸ਼ਾਸਤ੍ਰ ਮੇਂ ਜੀਵਨ ਮੁਕਤ ਕੇ ਲਖਣ ਪੜੇ, ਐਸੇ ਲਖਣੋਂ ਵਾਲੇ ਮਹਾਤਮਾ ਕੀ ਤਲਾਸ਼ ਕਰਨੇ ਲਗਾ, ਤਲਾਸ਼ ਕਰਤੇ ਕਰਤੇ ਪਤਾ ਚਲਾ ਕਿ ਜੜ ਭਰਤ ਮਹਾਤਮਾਂ ਐਸੇ ਲਖਣੋ ਵਾਲੇ ਹੈਂ, ਔਰ ਖਾਸ ਨਿਸ਼ਾਨੀ ਜੜ ਭਰਤ ਕੀ ਯੇ ਹੈ ਕਿ ਉਨ ਕੋ ਕਿਸੀ ਬਾਤ ਮੇਂ ਭੀ ਆਗ੍ਰਹ ਯਾਨੇ ਹਠ ਨਹੀਂ, ਔਰ ਹਰ ਸਮਯ ਆਤਮ ਚਿੰਤਨ ਕਰਤੇ ਰਹਤੇ ਹੈਂ, ਔਰ ਜੀਵਨ ਮੁਕਤੀ ਕੇ ਜੋ ਪਾਂਚ ਪ੍ਰਕਾਰ ਕੇ ਫਲ ਹੈਂ, ਵੋ ਉਨ ਕੋ ਪ੍ਰਾਪਤ ਹੈਂ, ਵੋ ਪਾਂਚ ਫਲ ਯਹ ਹੈ ॥ ੧ ॥ ਗਿਆਨ ਰਖਯਾ ਯਾਨੇ ਕਿਤਨੇ ਵਿਵਹਾਰ ਕਰਨੇ ਪਰ ਭੀ ਈਸ਼ਵਰ ਕੀ ਨਿਆਈਂ ਅਪਨੇ ਤਤ੍ਵ ਸੇ ਭੂਲਤੇ ਨਹੀਂ ॥ ੨ ॥ ਦੂਸਰਾ ਫਲ ਤਪ ਹੈ ਯਾਨੇ ਤ੍ਰਿਸ਼ਨਾ ਵਾਸ਼ਨਾ ਸੇ ਰਹਿਤ ਹੋਨਾ ਯੇ ਪਰਮ ਤਪਸਯਾ ਹੈ, ਉਨਕੋ ਕਿਸੀ ਵਸਤੂ ਕੀ ਵਾਸ਼ਨਾ ਨਹੀਂ ਪਰਮ ਵਿਰਕਤ ਹੈ॥ ੩ ॥ ਤੀਸਰਾ ਫਲ ਵਿਸਮਾਦ ਅਭਾਵ ਹੈ, ਯਾਨੇ ਕਿਸੇ ਸੇ ਵਾਦ ਵਿਵਾਦ ਨਹੀਂ ਕਰਤੇ ਹੈ, ਜੋ ਜਿਸ ਤਰਹ ਕਹੇ ਉਸੀ ਪ੍ਰਕਾਰ ਸਮਝਤੇ ਹੈਂ, ਕਿਸੀ ਪ੍ਰਕਾਰ ਕਾ ਹਠ ਨਹੀਂ ਕਰਤੇ ਹੈਂ ॥ ੪ ॥ ਜੀਵਨ ਮੁਕਤੀ ਕਾ ਫਲ ਦੁਖ ਅਭਾਵ ਹੈ, ਕਿਸੀ ਪ੍ਰਕਾਰ ਕਾ ਉਨੋਂ ਕੋ ਦੁਖ ਭਾਨ ਨਹੀਂ ਹੋਤਾ, ਇਸ ਮੇਂ ਗੁਰੂ ਪ੍ਰਮਾਣ:-

**ਜੋ ਨਰੁ ਦੁਖ ਮੇ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥**

[ਸੋਰਠ ਮ: ੩ ਸਫਾ ੬੩੩

ਪੰਜਵਾਂ ਫਲ ਸੁਖ ਕਾ ਆਵਰ ਭਾਵ ਹੈ ਯਾਨੀ ਹਰ ਵਕਤ ਖੁਸ਼ੀ ਬਣੀ ਰਹੇ ਆਨੰਦ ਮੇਂ ਮਸਤ ਰਹਿਤੇ ਹੈਂ ਪ੍ਰਮਾਣ:-

**ਗਾਵੀਐ ਸੁਣੀਐ ਮਨ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

[ਜਪੁਜੀ ਸਾਹਿਬ ਸਫਾ ੨

ਇਸ ਪ੍ਰਕਾਰ ਜੀਵਨ ਮੁਕਤੀ ਕੇ ਪਾਂਚੋਂ ਹੀ ਫਲ ਜੜ ਭਰਥ ਮੇਂ ਦਿਖਾਈ ਆਤੇ ਥੇ, ਰਾਜਾ ਕੋ ਜਬ ਜੜ ਭਰਥ ਕੇ ਦਰਸ਼ਨ ਕੀ ਤੀਬਰ ਇਛਾ ਹੂਈ, ਔਰ ਜੜ ਭਰਥ ਕੀ



ਨਿਸ਼ਾਨੀ ਪਰਖਨੇ ਵਾਸਤੇ ਏਕ ਨੀਮ ਕਾ ਬ੍ਰਿਖ ਥਾ, ਉਸ ਮੇਂ ਨਿਮੋਲੀਆਂ ਲਗੀ ਹੂਈਂ ਥੀ, ਉਸ ਬ੍ਰਿਖ ਕੋ ਰਾਜਾ ਜੋ ਨਵਾਂ ਸੰਤ ਆਤਾ ਥਾ ਉਸ ਕੋ ਕਹਿਤਾ ਥਾ ਮਹਾਰਾਜ ! ਇਸ ਅੰਬ ਮੇਂ ਅਬ ਛੋਟੀ ੨ ਅੰਬੀਆਂ ਲਗੀ ਹੈਂ, ਫਲ ਪਕਨੇ ਪਰ ਸੇਰ ਸੇਰ ਕੇ ਆਮ ਹੋ ਜਾਤੇ ਹੈਂ, ਆਪਨੇ ਯਹ ਫਲ ਖਾਕੇ ਜਾਣਾ ਜਲਦੀ ਨਾ ਕਰਨੀ, ਕਿਤਨੇ ਮਹਾਤਮਾ ਹਠ ਕਰਤੇ ਥੇ ਕਿ ਯਹਿ ਅੰਬ ਨਹੀਂ ਨੀਮ ਹੈ, ਤੋ ਰਾਜਾ ਜਾਣ ਲੇਤਾ ਥਾ ਕਿ ਯੇਹ ਥੀ ਜੜ ਭਰਥ ਨਹੀਂ, ਔਰ ਰਾਜਾ ਨੇ ਏਕ ਤੋਤਾ ਰਖਾ ਹੂਆ ਥਾ ਜੋ ਆਏ ਗਏ ਸੰਤ ਕੋ ਔਰ ਰਾਜਾ ਕੋ ਬੜੇ ਮਿਠੇ ੨ ਬਚਨੋਂ ਸੇ ਸਤਿਕਾਰ ਕਰਤਾ ਥਾ, ਔਰ ਨਵੇਂ ਸੰਤ ਕੋ ਪ੍ਰਾਰਥਨਾ ਕਰਤਾ ਥਾ ਕਿ ਸੰਤ ਜੀ ਮੈਨੇ ਨਾਮ ਕਾ ਮਹਾਤਮ ਸੁਣਾ ਹੈ ਕਿ ਨਾਮ ਜਨਮ ਮਰਨ ਆਦਿ ਬੰਧਨ ਭੀ ਕਟ ਦੇਤਾ ਹੈ ਪਰੰਤੂ ਮੇਰਾ ਤੋਂ ਲੋਹੇ ਕਾ ਪਿੰਜਰਾ ਜੋ ਮੇਰੇ ਵਾਸਤੇ ਬੰਧਨ ਹੈ ਉਸ ਕੋ ਭੀ ਨਹੀਂ ਕਟਤਾ ਮੈਂ ਰਾਤ ਦਿਨ ਨਾਮ ਲੇਤਾ ਰਹਿਤਾ ਹੂੰ ਆਪ ਕੋਈ ਯੁਕਤੀ ਸੁਣਾਓ ਜਿਸ ਸੇ ਮੇਰਾ ਬੰਧਨ ਟੂਟ ਜਾਏ, ਮਹਾਤਮਾਓਂ ਨੇ ਅਨੇਕ ਯੁਕਤੀਆਂ ਬਤਾਈਆਂ ਭੀ ਪਰੰਤੂ ਉਸ ਕਾ ਪਿੰਜਰਾ ਰੂਪ ਬੰਧਨ ਨਾ ਟੂਟਾ, ਤਬ ਏਕ ਦਿਨ ਘੁਮਤੇ ੨ ਜੜ ਭਰਥ ਜੀ ਭੀ ਵਹਾਂ ਬਾਗ ਕੇ ਅੰਦਰ ਆਏ, ਦਰਵਾਜੇ ਮੇਂ ਜਾਤੇ ਵਕਤ ਹੀ ਤੋਤੇ ਨੇ ਬੜਾ ਸਤਿਕਾਰ ਕਰਿਆ, ਔਰ ਵੁਹੀਂ ਪ੍ਰਸ਼ਨ ਕਰਾ ਕਿ ਮਹਾਰਾਜ ਕੋਈ ਯੁਕਤੀ ਬਤਾਓ, ਜੋ ਲੋਹੇ ਕਾ ਪਿੰਜਰਾ ਟੂਟ ਜਾਏ, ਜੜ ਭਰਥ ਨੇ ਇਸ਼ਾਰਾ ਕਰਾ ਮਨ ਇੰਦ੍ਰੀਓਂ ਕੋ ਰੋਕ ਕਰ ਮੁਰਦੇ ਕੀ ਨਿਆਈਂ ਪੜ ਜਾ, ਅਭੀ ਪਿੰਜਰਾ ਟੂਟ ਜਾਏਗਾ। ਤੋਤੇ ਕਾ ਹਿਰਦਾ ਸੁਧ ਹੋ ਚੁਕਾ ਥਾ, ਇਸ਼ਾਰਾ ਸਮਝਕੇ ਮਨ ਇੰਦ੍ਰੇ ਪ੍ਰਾਣੋਂ ਕੋ ਰੋਕ ਕਰ ਪੜ ਗਿਆ, ਜਬ ਰਾਜਾ ਆਇਆ, ਤੋਤੇ ਨੇ ਆਗੇ ਕੀ ਤਰ੍ਹਾਂ ਮੀਠੇ ਬਚਨ ਬੋਲ ਕਰ ਸਤਕਾਰ ਨ ਕਰਾ, ਰਾਜਾ ਨੇ ਪੂਛਾ ਤੋਤਾ ਕਹਾਂ ਹੈ ਆਜ ਬੋਲਤਾ ਨਹੀਂ ? ਨੌਕਰ ਨੇ ਦੇਖਾ ਸੋਇਆ ਪੜ੍ਹਾ ਹੈ, ਤਬ ਰਾਜਾ ਨੇ ਤੋਤੇ ਕਾ ਪਿੰਜਰਾ ਮੰਗਾ ਕਰ ਤੋਤੇ ਕੋ ਪਿੰਜਰੇ ਸੇ ਬਾਹਰ ਕਰਾ, ਤੋਤੇ ਕੇ ਪਿੰਡੇ ਪਰ ਹਥ ਫੇਰਾ, ਗੁਲਾਬ ਅਤਰ ਛਿੜਕੇ ਪਰ ਤੋਤੇ ਨੇ ਅਖ ਭੀ ਨਾ ਖੋਲ੍ਹੀ, ਰਾਜਾ ਅਨੇਕ ਉਪਾਇ ਕਰ ਹਾਰ ਗਿਆ, ਔਰ ਕਹਾ ਤੋਤੇ ਕੋ ਖੁਲ੍ਹੀ ਹਵਾ ਮੇਂ ਰਖ ਦਿਓ, ਔਰ ਅਪਨਾ ੨ ਕਾਮ ਕਰੋ, ਤੋਤੇ ਕੋ ਖੁਲ੍ਹੀ ਹਵਾ ਮੇਂ ਰਖ ਕਰ ਸਭ ਲੋਕ ਅਪਨੇ ੨ ਕਾਮ ਮੇਂ ਲਗ ਗਏ, ਤੋਤੇ ਨੇ ਮੌਕਾ ਦੇਖਾ ਅਬ ਕੋਈ ਆਦਮੀ ਨਹੀਂ, ਇਕ ਦਮ ਉਡ ਕਰ ਬੜੇ ਬ੍ਰਿਖ ਕੀ ਊਚੀ ਟਾਹਨੀ ਪਰ ਜਾਇ ਬੈਠਾ, ਔਰ ਜੜ ਭਰਥ ਕੋ ਧੰਨਵਾਦ ਦੇਨੇ ਲਗਾ ਧੰਨ ਸਤਿਗੁਰੂ ! ਧੰਨ ਮਹਾਤਮਾ !! ਜਿਨੋਂ ਨੇ ਇਸ਼ਾਰੇ ਮਾਤਰ ਸੇ ਮੇਰੀ ਮੁਕਤੀ ਕਰ ਦਿਤੀ, ਰਾਜਾ ਤੋਤੇ ਕੀ ਹਾਲਤ ਦੇਖ, ਔਰ ਬਚਨ ਸੁਣ ਕਰ ਹੈਰਾਨ ਹੂਆ, ਵਿਚਾਰ ਕਰਨੇ ਲਗਾ ਯੇਹ ਕੌਣ ਮਹਾਤਮਾ ਆਏ ਜਿਨੋਂ ਨੇ ਤੋਤੇ ਕੋ ਭੀ ਮੁਕਤ ਕਰ ਦੀਆ, ਰਾਜਾ ਭੀ ਆ ਕਰ ਜੜ ਭਰਥ ਕੇ ਚਰਨੋਂ ਮੇਂ ਗਿਰ ਪੜਾ, ਅਨੰਦ ਕੁਸ਼ਲ ਪੂਛ ਕਰ ਰਾਜਾ ਕਹਿਨੇ ਲਗਾ ਮਹਾਰਾਜ, ਇਸ ਆਂਬ ਕੇ ਬਿਰਖ ਕੇ ਫਲ ਪਕ ਕੇ ਸੇਰ ਸੇਰ ਕੇ ਹੋ ਜਾਤੇ ਹੈਂ, ਔਰ ਬੜੇ ਮਿਠੇ ਹੋ ਜਾਤੇ ਹੈਂ ਆਪ ਫਲ ਖਾਕੇ ਜਾਣਾ, ਜਲਦੀ ਨ ਜਾਣਾ ਜੜ ਭਰਥ ਨੇ ਕਿਸੀ ਪ੍ਰਕਾਰ ਕਾ ਭੀ ਹਠ ਨ ਦਿਖਾਇਆ, ਰਾਜਾ ਨੇ ਅਨੇਕ ਪ੍ਰਕਾਰ ਕੀਆ

ਪ੍ਰੀਖਿਆ ਕਰੀਆਂ ਪਰ ਜੜ ਭਰਥ ਕੋ ਉਦਾਸ ਹੀ ਦੇਖਾ, ਤਬ ਰਾਜਾ ਬੜੇ ਪਰੇਮ ਸੇ ਸੇਵਾ ਕਰਨੇ ਲਗਾ, ਨਾਮ ਪੂਛਨੇ ਪਰ ਉਹਨੋਂ ਨੇ ਕਹਾ ਇਸ ਸ਼ਰੀਰ ਕੋ ਜੜ ਭਰਥ ਕਹਿਤੇ ਹੈਂ, ਨਾਮ ਸੁਣ ਕਰ ਰਾਜਾ ਬੜਾ ਪ੍ਰਸੰਨ ਹੂਆ, ਅਨੇਕ ਬਰਸੋਂ ਸੇ ਦਰਸ਼ਨ ਕੀ ਇਛਾ ਕਰ ਰਹਾ ਥਾ, ਫੇਰ ਰਾਜਾ ਨੇ ਪ੍ਰਾਰਥਨਾ ਕਰੀ ਐਸੀ ਕੋਈ ਯੁਕਤੀ ਬਤਾਓ, ਜੋ ਮੈਂ ਭੀ ਘਰ ਮੇਂ ਰਹਿ ਕਰ ਹੀ, ਸੁਖ ਦੁਖ ਆਨੇ ਪਰ ਹਰਖ ਸੋਕ ਨ ਕਰੂੰ, ਜੀਵਨ ਮੁਕਤੀ ਕਾ ਆਨੰਦ ਲਊਂ ਤਬ ਜੜ ਭਰਥ ਨੇ ਕਹਾ ਤੁਮ ਤੀਨ ਗੁਣੋਂ ਸੇ ਅਤੀਤ ਹੋ ਜਾ, ਤੀਨ ਗੁਣ ਹੀ ਪੁਰਸ਼ ਕੋ ਸੁਖੀ ਦੁਖੀ ਕਰ ਦੇਤੇ ਹੈਂ, ਤੁਮਾਰਾ ਤੀਨ ਗੁਣੋਂ ਕੇ ਸਾਥ ਕੋਈ ਸੰਬੰਧ ਨਹੀਂ ਹੈ, ਤੇਰਾ ਸਰੂਪ ਨਿਰਗੁਣ ਹੈ, ਜੈਸੇ ਬਦਾਮ ਰੋਗਣ ਕਾ, ਬਾਦਾਮ ਬ੍ਰਿਖ ਕੇ ਸਾਥ ਤਥਾ ਪਤੇ, ਟਾਹਣੀਆਂ, ਫੂਲ ਫਲ ਕੇ ਸਾਥ ਸਬੰਧ ਨਹੀਂ ਹੈ ਬਲਕਿ ਬਾਦਾਮ ਕੇ ਉਪਰਲੇ ਛਿਲਕੇ ਕੋ, ਤੋੜ ਕਰ ਔਰ ਅੰਦਰਲੀ ਗਿਰੀ ਕੋ ਕੂੰਡੇ ਡੰਡੇ ਮੇਂ ਪਾਕਰ, ਡੰਡੇ ਸੇ ਰਗੜ ਕਰ ਉਸ ਮੇਂ ਸੇ ਬਦਾਮ ਰੋਗਣ ਕਢ ਕਰ, ਬਾਕੀ ਕੋ ਫੋਗ ਸਮਝ ਕਰ ਫੈਂਕਾ ਜਾਤਾ ਹੈ ਤੈਸੇ ਹੀ ਯਹ ਤੀਨ ਗੁਣ ਔਰ ਤੀਨੋਂ ਸ਼ਰੀਰ ਅਸਾਰ ਯਾਨੀ ਫੋਗ ਰੂਪ ਹੈ, ਤੇਰੇ ਸੰਗ ਸੇ ਸਾਰ ਪਰਤੀਤ ਹੋ ਰਹੇ ਹੈਂ ਤੂੰ ਇਨੋਂ ਮੇਂ ਰਹਿਤਾ ਹੂਆ ਭੀ ਅਸੰਗ ਹੈਂ, ਜੈਸੇ ਫੋਗ ਨੇ ਬਾਦਾਮ ਰੋਗਨ ਕੋ ਅਪਨੇ ਮੇਂ ਛਪਾ ਰਖਾ ਹੈ, ਦਰਸ਼ਨ ਨਹੀਂ ਕਰਨੇ ਦੇਤਾ ਫੋਗ ਬਾਦਾਮ ਰੋਗਨ ਕਾ ਬੰਧਨ ਹੈ, ਤੈਸੇ ਫੋਗ ਰੂਪ ਅਸਾਰ ਤੀਨੋਂ ਸਰੀਰ ਤੀਨੋਂ ਗੁਣੋਂ ਨੇ ਤੇਰੇ ਸਰੂਪ ਕੋ ਛਿਪਾ ਰਖਾ ਹੈ, ਤਾਂਤੇ ਯਹਿ ਸਭ ਤੇਰੇ ਬੰਧਨ ਹੈਂ, ਵਿਚਾਰ ਦਵਾਰਾ ਇਨ ਸਭ ਕੋ ਤਿਆਗ ਕਰ ਮੁਕਤ ਹੋ ਜਾ। ਸੋ ਵਿਚਾਰ ਯਹ ਹੈ ਪਹਿਲੇ ਤੋ ਸਰੀਰ ਕੇ ਸੰਬੰਧੀ, ਜੋ ਮਾਤਾ ਪਿਤਾ ਇਸਤ੍ਰੀ ਪੁਤਰ ਆਦਿ ਹੋਂ, ਜਿਨੋਂ ਮੇਂ ਤੇਰੀ ਮਮਤਾ ਹੋ ਰਹੀ ਹੈ ਇਨਕੋ ਅਸਾਰ ਸਮਝ ਕਰ ਤਿਆਗ ਦੇ ਯੇਹ ਤੇਰੇ ਸਬੰਧੀ ਨਹੀਂ ਸ਼ਰੀਰ ਕੇ ਸੰਬੰਧੀ ਹੈਂ। ਇਨੋਂ ਕੋ ਤਿਆਗ ਕਰ ਫੇਰ ਸ਼ਰੀਰ ਕੇ ਅਸਾਰ ਸਮਝ ਕਰ, ਇਸ ਮੇਂ ਭੀ ਮਮਤਾ ਛੋੜ ਦੇ, ਫੇਰ ਅਸਥੂਲ ਸ਼ਰੀਰ ਕਾ ਸਾਰ ਪ੍ਰਾਣ ਹੈਂ, ਪਰ ਮਨ ਕਾ ਸਾਰ ਨਹੀਂ ਜੜ ਹੋਨੇ ਤੇ, ਉਨ ਮੇਂ ਭੀ ਮਮਤਾ ਛੋਡਦੇ, ਮਨ ਪ੍ਰਾਣੋਂ ਕਾ ਸਾਰ ਹੈ, ਬੁਧੀ ਕਾ ਸਾਰ ਨਹੀਂ ਚੰਚਲ ਔਰ ਵਿਖੇਪ ਰੂਪ ਸਮਝ ਕਰ, ਉਸ ਕੋ ਭੀ ਤਿਆਗ ਦੇ, ਫੇਰ ਬੁਧੀ ਮਨ ਕਾ ਸਾਰ ਹੈ, ਪਰੰਤੂ ਮਾਯਾ ਯਾਨੀ ਆਨੰਦ ਮਯ ਕਾ ਸਾਰ ਬੁਧੀ ਨਹੀਂ, ਔਰ ਸੁਖੋਪਤੀ ਅਵਸਥਾ ਮੇਂ ਬੁਧੀ ਰਹਿਤੀ ਭੀ ਨਹੀਂ, ਯਾਂਤੇ ਬੁਧੀ ਕੋ ਭੀ ਅਸਾਰ ਸਮਝ ਕਰ, ਉਸ ਮੇਂ ਭੀ ਮਮਤਾ ਛੋਡ ਦੇ, ਫੇਰ ਤ੍ਰਿਗੁਣ ਆਤਮਕ ਜੋ ਮਾਇਆ ਹੈ ਵੋਹ ਭੀ ਬੁਧੀ ਕਾ ਸਾਰ ਹੈ, ਆਤਮਾ ਕਾ ਸਾਰ ਨਹੀਂ, ਸਾਰ ਤੋ ਆਤਮਾ ਹੀ ਹੈ, ਜੋ ਨਿਰਗੁਣ ਹੈ। ਤੂੰ ਵਿਚਾਰ ਰੂਪੀ ਡੰਡੇ ਕੂੰਡੇ ਨਾਲ ਆਤਮਾ ਰੂਪੀ ਬਾਦਾਮ ਰੋਗਨ ਕੋ ਨਿਕਾਲ ਕਰ, ਤ੍ਰਿਗੁਣ ਸਰੂਪ ਮਾਇਆ ਕੋ ਫੋਗ ਜਾਨ ਕਰ, ਯਾਨੇ ਅਸਾਰ ਸਮਝ ਕਰ ਫੈਂਕ ਦੇ, ਜਬ ਤੂੰ ਮਾਇਆ ਰੂਪ ਤੀਨ ਗੁਣੋਂ ਕੋ ਛੋਡ ਦੇਵੇਗਾ, ਤਬ ਤੂੰ ਤ੍ਰਿਗੁਣ ਅਤੀਤ ਤੁਰੀਆ ਵਸਤੂ ਕੋ, ਅਪਨਾ ਸਰੂਪ ਨਿਸਚੇ ਕਰ ਜੀਵਨ ਮੁਕਤ ਹੋ ਜਾਏਂਗਾ, ਰਾਜਾ ਜੜ ਭਰਥ ਕੇ ਉਪਦੇਸ਼ ਕੋ ਸੁਨ ਕਰ, ਤੀਨੋਂ ਗੁਣੋਂ ਕੋ ਤਿਆਗ ਕਰ ਸੁਖ ਦੁਖ ਮੇਂ ਸਮ ਹੋਕਰ ਰਹਿਨੇ ਲਗਾ, ਯਾਨੀ ਕਿਸੀ ਪ੍ਰਕਾਰ ਕਾ ਹਰਖ ਸ਼ੋਕ ਨ ਕਰਤਾ ਭਇਆ, ਇਸ ਪ੍ਰਕਾਰ



ਸੁਖ ਦੁਖ ਮੇਂ ਸਮ ਰਹਿਨੇ ਕੀ ਤੀਸਰੀ ਯੁਕਤੀ ਕਹੀ। ਇਤਨੇ ਮੇਂ ਦਿਨ ਅਸਤ ਹੋ ਗਿਆ ਸਭ ਨੇ ਸ੍ਰੀ ਨਾਰਾਇਣ ਹਰੀ ਜੀ ਕੋ ਧੰਨਵਾਦ ਕਹੀ, ਔਰ ਪ੍ਰਾਰਥਨਾ ਕਰੀ ਇਸੀ ਪ੍ਰਕਾਰ ਇਸੀ ਅਸਥਾਨ ਪਰ, ਕਲ ਕੋ ਫੇਰ ਦਰਸ਼ਨ ਦੇਨਾ ਔਰ ਅੰਮ੍ਰਿਤ ਮਈ ਬਚਨ ਸੁਨਾ ਕਰ ਕ੍ਰਿਤਾਰਥ ਕਰਨਾ, ਐਸਾ ਕਹਿ ਕਰ ਸਭ ਲੋਕ ਅਪਨੇ ਅਪਨੇ ਅਸਥਾਨ ਕੋ ਚਲੇ ਗਏ। ਅਗਲੇ ਦਿਨ ਉਸੀ ਅਸਥਾਨ ਪਰ ਫੇਰ ਸਭਾ ਇਕਠੀ ਹੂਈ, ਔਰ ਨਿਤ ਅੰਮ੍ਰਿਤ ਮਈ ਬਚਨ ਸੁਣ ਕਰ, ਸਭ ਕਾ ਸੰਤੋਂ ਮੇਂ ਬੜਾ ਪਰੇਮ ਵਧ ਗਿਆ ਇਸੀ ਵਾਸਤੇ ਸੰਤੋਂ ਕੋ ਪ੍ਰੇਮ ਭਰੀ ਨਿਗਾਹੋਂ ਸੇ ਦੇਖ ਰਹੇ ਹੈਂ, ਇਤਨੇ ਮੇਂ ਸੰਤ ਮੰਡਲੀ ਭੀ ਆ ਗਈ, ਤੋ ਸਭ ਨੇ ਉਠ ਕਰ ਨਮਸਕਾਰ ਕੀਤੀ, ਔਰ ਪਰੇਮ ਸੇ ਬੈਠਾਇਆ, ਫੇਰ ਸਭ ਨੇ ਪ੍ਰਾਰਥਨਾ ਕਰੀ ਕਿ ਮਹਾਰਾਜ, ਸੁਖ ਦੁਖ ਮੇਂ ਸਮ ਰਹਿਨੇ ਕੀ ਚਾਰ ਯੁਕਤੀਆਂ, ਤੋ ਹਮ ਸ੍ਰਵਨ ਕਰ ਚੁਕੇ ਹੈਂ, ਅਬ ਕੋਈ ਹੋਰ ਯੁਕਤੀ ਹੋ ਤੋ ਵਹੁ ਭੀ ਕਿਰਪਾ ਕਰਕੇ ਸੁਣਾਓ, ਤਬ ਸ੍ਰੀ ਮਾਨ ੧੦੮ ਨਾਰਾਇਨ ਹਰੀ ਜੀ ਪ੍ਰਕ੍ਰਿਤੀ ਅਧੀਨਤ੍ਰ, ਯਾਨੀ ਸੁਭਾਉ ਅਧੀਨ ਸੁਖ ਦਖ ਹੋਤਾ ਹੈ, ਸੁਭਾਉ ਕੋ ਰੋਕਨੇ ਸੇ ਹਰਖ ਸੋਗ ਤੇ ਰਹਿਤ ਹੋ ਜਾਤਾ ਹੈ, ਵਹੁ ਸੁਭਾਉ ਵਸਤੂ ਸੁਭਾਉ ਭੇਦ ਸੇ ਅਨੇਕ ਪ੍ਰਕਾਰ ਕਾ ਹੈ, ਜੈਸੇ ਅਗਨੀ ਕਾ ਗਰਮ ਸੁਭਾਵ ਹੈ, ਜਲ ਕਾ ਸੀਤਲ, ਇਸਤਰਾਂ ਹਰ ਇਕ ਪਦਾਰਥ ਕਾ ਅਪਨਾ ਅਪਨਾ ਨਿਆਰਾ ਸੁਭਾਉ ਹੈ, ਉਸ ਸੁਭਾਉ ਕੋ ਹੀ ਪ੍ਰਕਿਰਤੀ ਕਹਿਤੇ ਹੈਂ, ਇਸ ਸਵਭਾਉ ਕਾ ਰੋਕਨਾ ਬੜਾ ਹੀ ਕਠਨ ਹੈ, ਸਭ ਪੁਰਸ਼ੋਂ ਕੇ ਸੁਭਾਵ ਅਨੁਸਾਰ ਜੁਦੇ ਜੁਦੇ ਕਰਮ ਭਗਵਾਨ ਨੇ ਕਹੇ ਹੈਂ :— ਗੀਤਾ ਅਧਿਆਇ ੧੮

**ਬ੍ਰਾਹਮਣ, ਛਤ੍ਰੀਯ, ਵਿਸ਼ਾਮ, ਸ਼ੁਦ੍ਰਾਣਾਂ ਚ ਪਰੰਤਪ ॥ ਕਰਮਾਣਿ ਪਵਿ-ਭਕ੍ਰਾਨਿ ਸ੍ਵਭਾਵ ਪਰਭਵਈਰ ਗੁਣਈ: ॥ ੪੧ ॥ ਸ਼ਮੋ ਦਮ: ਤਪ: ਸ਼ਊਚੰ ਸ਼ਾਂਤਿ: ਆਰਜਵਮੇਵਚ ॥ ਗਿਆਨੰ ਵਿਗਿਆਨੰ ਆਸਤਿਕਜੰ ਬ੍ਰਹਮ ਕਰਮ ਸ੍ਵਭਾਵਜੰ ॥੪੨॥ ਸ਼ਊਰਯੰ ਤੇਜੋ ਧ੍ਰਿਤਿਰ ਦਾਖਜੰ ਯੁੱਧੇ ਚ ਅਪੀ ਅਪਲਾਯਨੰ ॥ ਦਾਨਮ ਈਸ਼੍ਵਰ ਭਾਵਸਚ ਖਜਾਤ੍ਰੰ ਕਰਮ ਸ੍ਵਭਾਵਜੰ॥ ੪੩ ॥ ਕ੍ਰਿਸ਼ਿ ਗੋਰਖਜ ਵਾਣਿਜਜੰ ਵੈਸ਼ਜ ਕਰਮ ਸ੍ਵਭਾਵਜੰ ॥ ਪਰਿਚਰਯਾਤਮਕ ਕਰਮ ਸ਼ੂਦ੍ਰਸਜ ਸ੍ਵਭਾਵਜੰ ॥ ੪੪ ॥ ਸ੍ਵੇ ਸ੍ਵੇ ਕਰਮਣਿ ਅਭਿਰਤ: ਸੰ ਸਿਧਿੰ ਲਭਤੇ ਨਰ: ॥ ਸ੍ਵਕਰਮ ਨਿਰਤ: ਸਿਧਿੰ ਯਥਾ ਵਿਦਤਿ ਤਤ ਸ਼੍ਰਿਣੁ ॥ ੪੫ ॥**

ਅਰਥ—ਹੇ ਪਰੰਤਪ ਅਰਜਨ ਬ੍ਰਾਹਮਣ, ਖਜਤ੍ਰੀ, ਵੈਸ਼ਯ ਤਥਾ ਸੂਦਰ ਕੇ ਕਰਮ ਸੁਭਾਵਸੇ ਉਤਪਨ ਹੂਏ ਗੁਣੋਂ ਕਰਕੇ ਜੁਦਾ ਜੁਦਾ ਕੀਏ ਗਏ ਹੈਂ ॥ ੧੪ ॥

ਜੈਸੇ ਬ੍ਰਾਹਮਣ ਕੇ ਸੁਭਾਉ ਕਰਮ ਯੇਹ ਹੈ, "ਸਮ" ਯਾਨੈ ਮਨ ਕੋ ਰੋਕਨਾ, 'ਦਮ' ਯਾਨੇ ਇੰਦ੍ਰੀਓਂ ਕੋ ਰੋਕਨਾ, ਪਵਿਤਰ ਰਹਿਨਾ, 'ਤਪ' ਯਾਨੀ ਧਰਮ ਕੇ ਲੀਏ ਕਸਟ ਸਹਿਨ ਕਰਨਾ, ਖਿਮਾ ਰਖਨੀ, ਸਰਲ ਰਹਿਨਾ, ਆਸਤਿਕ ਹੋਨਾ, ਸ਼ਾਸਤਰ ਕਾ ਪੂਰਾ ਗਿਆਤਾ ਹੋਨਾ, ਸ਼ਾਸਤ੍ਰ ਕੇ ਅਨੁਸਾਰ ਅਪਨਾ ਅਨਭਵ ਯਾਨੀ ਧਾਰਨਾ ਹੋਨੀ, ਯਹ ਬ੍ਰਾਹਮਣ ਕੇ ਸੁਭਾਵਕ ਯਾਨੇ ਯਤਨ ਸੇ ਬਿਨਾ ਕਰਮ ਹੈਂ ॥ ੪੨ ॥ ਸੂਰਬੀਰ, ਤੇਜਸਵੀ, ਧੈਰਯ, ਚਤੁਰਾਈ, ਯੁਧ ਮੇਂ ਸਨਮੁਖ ਰਹਿਣਾ ਦਾਨੀ ਹੋਣਾ, ਹਕੂਮਤ ਕਰਨੇ ਕਾ ਸਵਭਾਵ ਹੋਣਾ, ਯਹ ਖਤ੍ਰੀਓਂ ਕੇ ਸੁਭਾਵਕ ਕਰਮ ਹੈਂ ॥ ੪੩ ॥ ਅਬ ਵੈਸ਼ਯ ਕੇ ਸੁਭਾਵਕ ਕਰਮ ਕਹਿਤੇ ਹੈਂ, ਖੇਤੀ ਕਰਨੀ, ਗਊਏਂ ਪਾਲਨੀ ਵਿਯਪਾਰ ਕਰਨਾ ਯੇਹ ਵੈਸ਼ਯ ਕੇ ਸੁਭਾਵਕ ਕਰਮ ਹੈਂ ਤੀਨੋਂ ਵਰਣੋਂ ਕੀ ਸੇਵਾ ਕਰਨੀ ਯਹ ਸ਼ੂਦਰ ਕਾ ਸੁਭਾਵਕ ਕਰਮ ਹੈ ॥੪੪॥ ਅਪਨੇ ਅਪਨੇ ਸੁਭਾਵਕ ਕਰਮ ਮੇਂ ਪ੍ਰੀਤੀ ਕਰਤਾ ਹੂਆ ਪੁਰਸ਼ ਭਗਵਤ ਕੀ ਪ੍ਰਾਪਤਿ ਰੂਪੀ ਪਰਮ ਸਿਧਿ ਕੋ ਪ੍ਰਾਪਤਿ ਹੋਤਾ ਹੈ, ਜਿਸ ਤਰਹ ਪ੍ਰਾਪਤਿ ਹੋਤਾ ਹੈ ਵਹੁ ਬਿਧਿ ਤੂੰ ਮੇਰੇ ਸੇ ਸ੍ਰਵਨ ਕਰ।

**ਸਹਜੰ ਕਰਮ ਕੌਂਤੇਯ ਸਦੋਸੰ ਅਪਿ ਨ ਤ੍ਯਜੇਤ ॥ ਸਰਵਾਰੰਭਾਹੀ ਦੋਸ਼ੇਣ ਧੂਮੇਨਾਗਨਿ ਇਵਾਵ੍ਰਿਤਾ : ॥ ੪੮ ॥**

ਅਰਥ–ਹੇ ਅਰਜਨ ਅਪਨੇ ਸਵਭਾਵ ਜਨ੍ਯ ਕਰਮ ਦੋਸ਼ ਵਾਲਾ ਭੀ ਹੋ ਤੋ ਭੀ ਤਿਆਗ ਕਰਨਾ ਨਹੀਂ ਚਾਹੀਏ, ਕਿਉਂਕਿ ਸਭ ਹੀ ਕਰਮ ਦੋਸ ਯੁਕਤ ਹੋਤੇ ਹੈਂ ਜੈਸੇ ਅਗਨਿ ਹਮੇਸ਼ ਧੂਏਂ ਰੂਪ ਹੋਤੀ ਹੈ, ਤਾਂਤੇ ਤੂੰ ਛਤਰੀ ਸੁਭਾਵਸੇ ਪ੍ਰਾਪਤ ਯੁਧ ਰੂਪ ਕਰਮ ਕਰ।

**ਯਦ ਹੰਕਾਰਮਾਸ਼੍ਰਿਤ੍ਯ ਨ ਯੋਤਸ੍ਯ: ਇਤਿ ਮੰਨ੍ਯਸੇ ॥ ਮਿਥਯੈਸਿ ਵਿਯਵਸਾਯਸ੍ਤੇ ਪ੍ਰਕ੍ਰਿਤਿਸਤ੍ਵਾਮ ਨਿਯੋਖ੍ਯਤਿ ॥ ੫੯ ॥ ਸ੍ਵਭਾਵਜੇਨ ਕੌਂਤੇਯ ਨਿਬੱਧ: ਸ੍ਵੇਨ ਕਰਮਣਾ ॥ ਕਰਤੂੰਨੇਛਸਿ ਯਤ ਮੋਹਾਤ ਕਰਿਸ਼੍ਯਸ੍ਯਵਸੋ ਅਪਿ ਤਤ ॥ ੬੦ ॥**

ਅਰਥ–ਔਰ ਜੋ ਤੂੰ ਹੰਕਾਰ ਕੇ ਪ੍ਰਭਾਵ ਸੇ ਮਾਨੇਗਾ ਕਿ ਮੈਂ ਯੁਧ ਨ ਕਰੂੰਗਾ ਸੋ ਯੇਹ ਤੇਰਾ ਨਿਸਚਾ ਔਰ ਹੰਕਾਰ ਝੂਠਾ ਹੈ ਕਿਉਂਕਿ ਜਬ ਬਾਣ ਚਲੇਂਗੇ ਤਬ ਤੁਮ ਸੇ ਰਹਾ ਨਹੀਂ ਜਾਏਗਾ ਔਰ ਤੇਰਾ ਖਤ੍ਰੀਪਨ ਕਾ ਸੁਭਾਵ ਤੁਮਾਰੇ ਕੋ ਜ਼ਬਰਦਸਤੀ ਯੁਧ ਮੇਂ ਲਗਾ ਦੇਗਾ ॥ ੫੯ ॥ ਹੇ ਅਰਜਨ ! ਜਿਸ ਕਰਮ ਕੋ ਤੂੰ ਕਿਸੀ ਤਰ੍ਹਾਂ ਭੀ ਨਹੀਂ ਕਰਨਾ ਚਾਹਤਾ ਜੈਸੇ ਮੋਹ ਸੇ ਸੰਬੰਧੀਓਂ ਕੋ ਨਹੀਂ ਮਾਰਨਾ ਚਾਹਤਾ ਪਰੰਤੂ ਸੁਭਾਵ ਸੇ ਬਧਾ ਹੂਆ ਵਹੁ ਕਰਮ ਤੂੰ ਅਵਸ਼੍ਯ ਕਰੇਂਗਾ ਯਾਨੇ ਤੁਮਾਰਾ ਸੁਭਾਵ ਤੁਮਾਰੇ ਕੋ ਜ਼ਰੂਰ ਯੁਧ ਕਰਾਵੇਗਾ ॥ ੬੦ ॥ ਸੁਭਾਵ ਸੇ ਹੀ ਅਥਵਾ ਬੋਲ ਚਾਲ ਸੇ ਜਾਤੀ



ਕੀ ਪ੍ਰੀਖ੍ਯਾ ਹੋ ਜਾਤੀ ਹੈ, ਜੈਸੇ ਰਾਜਾ ਭੋਜ ਕੀ ਸਭਾ ਮੇਂ ਚੰਪਾਵਤੀ ਨਗਰੀ ਕੇ, ਉਤਮ ਕੁਲੋਂ ਕੀ ਕੰਨਿਆਂ, ਕਾਸੀ ਮੇਂ ਪੜ੍ਹ ਕਰ ਬੜੀ ਵਿਦੂਸੀ ਹੋ ਕਰ, ਅਨੇਕ ਦੇਸ਼ੋਂ ਮੇਂ ਪੰਡਤੋਂ ਕੋ ਜ੍ਯ ਕਰਤੀ ਹੂਈ, ਔਰ ਕਿਸੀ ਵਿਦਵਾਨ ਕੋ ਪਤੀ ਬਨਾ ਕਰ, ਸੇਵਾ ਕਰਨੇ ਕਾ ਸੰਕਲਪ ਕਰਤੀ ਹੂਈ, ਰਾਜਾ ਭੋਜ ਕੀ ਸਭਾ ਮੇਂ ਆ ਗਈ, ਔਰ ਅਪਨਾ ਸਭ ਬ੍ਰਿਤਾਂਤ ਰਾਜਾ ਭੋਜ ਕੋ ਸੁਣਾਇਆ, ਔਰ ਰਾਜਾ ਕੋ ਕਹਾ ਕਿ ਆਪ ਕੇ ਪਾਸ ਜੋ ਸੇ ਪੰਡਤ ਹੈਂ, ਜੋ ਹਰ ਸਮੇਂ ਆਪ ਕੀ ਸਭਾ ਮੇਂ ਤਰਾਂ ਤਰਾਂ ਕੇ ਵਿਚਾਰ ਕਰਤੇ ਹੈਂ, ਔਰ ਹਮ ਚਾਰੋਂ ਏਕ ਅਵਸਥਾ, ਔਰ ਏਕ ਜੈਸਾ ਪਹਿਰਾਵਾ ਔਰ ਏਕ ਜੈਸੀ ਵਿਦਿਆ ਹੋਨੇ ਪਰ ਭੀ, ਹਮ ਏਕ ਜਾਤੀ ਕੀ ਨਹੀਂ ਹੈਂ, ਹਮ ਚਾਰੋਂ ਕੀ ਭਿੰਨ ਭਿੰਨ ਜਾਤੀ ਹੈ, ਜੋ ਵਿਦਵਾਨ ਹਮ ਚਾਰੋਂ ਕੀ ਜਾਤੀ ਬਿਨਾ ਪੂਛੇ ਅਥਵਾ ਵਾਰਤਾ ਕੀਏ ਬਿਨਾ ਹੀ ਬਤਲਾਵੇਗਾ, ਤਥਾ ਹਮਾਰੇ ਪ੍ਰਸ਼ਨੋਂ ਕਾ ਜੋ ਉਤਰ ਦੇ ਦੇਵੇਗਾ, ਉਸ ਕੀ ਹਮ ਚਾਰੋਂ ਹੀ ਦਾਸੀਆਂ ਬਨੇਂਗੀ, ਅਗਰ ਕੋਈ ਉਤਰ ਨ ਦੇਗਾ ਤੋ ਉਸ ਪੰਡਤ ਕਾ, ਸਭ ਮਾਲ ਜ਼ਬਤ ਕੀਆ ਜਾਵੇ, ਔਰ ਉਸ ਕੋ ਦੇਸ਼ ਨਿਕਾਲਾ ਦੀਆ ਜਾਵੇ, ਰਾਜਾ ਨੇ ਸਭ ਪੰਡਤੋਂ ਕੋ ਬੁਲਾ ਕਰ ਹੁਕਮ ਦੀਆ, ਕਿ ਪ੍ਰਿਥਮ ਇਨ ਕੰਨਿਆਓਂ ਕੀ ਜਾਤੀ ਪਛਾਣੋਂ ਫਿਰ ਇਨ ਕੇ ਪ੍ਰਸ਼ਨੋਂ ਕੇ ਉਤਰ ਦਿਓ, ਨਹੀਂ ਤੋ ਤੁਮ ਸਭ ਕੋ ਦੇਸ ਨਿਕਾਲਾ ਦੀਆ ਜਾਵੇਗਾ, ਤਬ ਸਭ ਪੰਡਤੋਂ ਕੋ ਬੜਾ ਫਿਕਰ ਹੂਆ, ਤਬ ਉਸੀ ਸਮਯ ਕਾਲੀ ਦਾਸ ਜੀ ਦੇਵੀ ਕੇ ਮੰਦਰ ਮੇਂ ਜਾ ਕਰ ਦੇਵੀ ਕਾ ਆਰਾਧਣ ਕਰਨੇ ਲਗਾ, ਦੇਵੀ ਨੇ ਵਰ ਦੀਆ ਕਿ ਤੁਮ੍ਹਾਰਾ ਕਾਰਜ ਸਿਧ ਹੋ ਜਾਏਗਾ, ਔਰ ਉਨ ਕੇ ਮੰਦਰ ਮੇਂ ਜਾਕਰ ਉਨ ਕੰਨਿਆਓਂ ਕੀ ਬਾਤੇਂ ਸੁਨ ਕਰ ਜਾਤੀ ਪਛਾਨ ਲੋ, ਕਾਲੀਦਾਸ ਜੀ ਦੇਵੀ ਕੇ ਬਚਨ ਸੁਣ ਕਰ, ਗੁਪਤ ਰੀਤੀ ਸੇ ਕੰਨਿਆਓਂ ਕੇ ਮੰਦਰ ਮੇਂ ਛਿਪ ਕਰ ਬੈਠ ਗਿਆ, ਰਾਤ੍ਰੀ ਭਰ ਉਨ ਕੰਨਿਆਓਂ ਨੇ ਆਪਸ ਮੇਂ ਕੋਈ ਬਾਤ ਚੀਤ ਨ ਕਰੀ, ਜਬ ਸੂਰਜ ਉਦੇ ਹੋਨੇ ਲਗਾ, ਤਬ ਵੋ ਕੰਨਿਆਂ ਆਪਸ ਮੇਂ ਬੋਲਨੇ ਲਗੀ, ਪਹਿਲੀ ਨੇ ਕਹਾ ਭੈਣੋਂ ਦੇਖੋ ਤੋ ਸਹੀ, ਕਿ ਸੂਰਜ ਨਾਰਾਇਨ ਕੇ ਉਦੇ ਹੋਨੇ ਸੇ ਪੂਰਬ ਦਿਸਾ ਐਸੀ ਪੀਲੀ ਹੋ ਗਈ ਹੈ, ਜੈਸੇ ਸੁਵਰਨ ਕੇ ਯੋਗ ਸੇ ਪਾਰਾ ਪੀਲਾ ਹੋ ਜਾਤਾ ਹੈ, ਕਾਲੀਦਾਸ ਨੇ ਉਸ ਕਾ ਚਿਨ੍ਹ ਚਕਰ ਦੇਖ ਲੀਆ, ਔਰ ਸਮਝਾ ਕਿ ਯਹ ਸੁਨਾਰ ਕੀ ਕੰਨਿਆ ਹੈ। ਤਬ ਦੂਸਰੀ ਬੋਲੀ, ਸੂਰਜ ਨਾਰਾਇਨ ਕੇ ਉਦੇ ਹੋਨੇ ਸੇ ਚੰਦ੍ਰਮਾ ਕੀ ਕਾਂਤਿ, ਐਸੀ ਹੋ ਗਈ ਹੈ ਜੈਸੇ ਮੂਰਖੋਂ ਕੀ ਸਭਾ ਮੇਂ ਪੰਡਤੋਂ ਕੀ ਗਤੀ ਹੋਤੀ ਹੈ, ਕਾਲੀ ਦਾਸ ਨੇ ਉਸ ਕੋ ਬ੍ਰਾਹਮਣ ਕੀ ਕੰਨਿਆ ਸਮਝਾ, ਔਰ ਉਸ ਕੇ ਭੀ ਚਿਨ੍ਹ ਚੱਕਰ ਅਛੀ ਤਰਾਂ ਦੇਖ ਲੀਏ। ਤੀਸਰੀ ਬੋਲੀ ਕਿ ਸੂਰਜ ਨਾਰਾਇਣ ਕੇ ਉਦੇ ਹੋਨੇ ਸੇ ਤਾਰੋਂ ਕੀ ਜਯੋਤੀ ਐਸੇ ਮੰਦ ਹੋ ਗਈ ਹੈ, ਜੈਸੇ ਪਰਮਾਦੀ ਆਲਸੀ ਰਾਜਾ ਕਾ ਰਾਜਯਖੀਣ ਹੋ ਜਾਤਾ ਹੈ, ਕਾਲੀਦਾਸ ਨੇ ਉਸ ਕੋ ਖਤ੍ਰੀਓਂ ਕੀ ਕੰਨਿਆ ਸਮਝਾ, ਔਰ ਪਹਿਚਾਨਣੇ ਕੇ ਵਾਸਤੇ ਕਿਸੀ ਅੰਕ ਪਰ ਚਿਨ੍ਹ ਦੇਖ ਲੀਆ। ਚੌਥੀ ਬੋਲੀ, ਕਿ ਸੂਰਜ ਨਾਰਾਇਣ ਕੇ ਉਦੇ ਹੋਨੇ ਸੇ ਦੀਪਕ ਕੀ ਸੋਭਾ ਐਸੇ ਮੰਦ ਹੋ ਗਈ ਜੈਸੇ

ਵਿਉਪਾਰ ਸੇ ਬਿਨਾ, ਦ੍ਰਵਯ ਰਹਿਤ ਪੁਰਸ਼ ਕੇ ਘਰ ਕੀ ਸੋਭਾ ਨਸ਼ਟ ਹੋ ਜਾਤੀ ਹੈ. ਕਾਲੀ ਦਾਸ ਨੇ ਉਸ ਕੋ ਵੈਸ਼ਯ ਕੀ ਕੰਨਿਆਂ ਸਮਝ ਕਰ, ਉਸੇ ਭੀ ਅਛੀ ਤਰਾਂ ਪੈਹਚਾਨ ਲੀਆ. ਤੀਨ ਦਿਨ ਕੀ ਮੁਹਲਤ ਥੀ ਜਬ ਤੀਸਰੇ ਦਿਨ, ਸਭ ਪੰਡਤੋਂ ਕੋ ਸਭਾ ਮੇਂ ਬੁਲਾਇਆ ਗਿਆ, ਤਬ ਸਭ ਪੰਡਤ ਕਾਂਪਨੇ ਲਗੇ, ਪਰੰਤੂ ਕਾਲੀਦਾਸ ਖੁਸ ਪ੍ਰਸੰਨ ਰਹਾ, ਔਰ ਕਨਿਆਓਂ ਕੇ ਨਿਸ਼ਾਨ ਦੇਖ ਕਰ ਔਰ ਉਨੋਂ ਕੇ ਕਹੇ ਹੂਏ ਬਚਨੋਂ ਕੇ ਅਨੁਸਾਰ, ਸ਼ਲੋਕ ਬਨਾ ਕਰ ਸਭ ਕੀ ਜੁਦਾ ਜੁਦਾ ਜਾਤੀ ਬਤਲਾਈ. ਕਿ ਯਹ ਸੁਨਾਰ ਕੀ ਕੰਨਿਆਂ ਹੈ, ਯਹ ਬ੍ਰਾਹਮਣ ਕੀ ਔਰ ਯਹ ਖਤਰੀ ਕੀ, ਔਰ ਯਹ ਵੈਸ਼ਯ ਕੀ ਕੰਨਿਆਂ ਹੈ, ਤਬ ਵੋ ਚਾਰੋਂ ਕੰਨਿਆਂ ਬੜੀ ਪ੍ਰਸੰਨ ਹੂਈਂ, ਔਰ ਕਹਿਨੇ ਲਗੀ ਕਿ ਅਗਰ ਆਪ ਹਮਾਰੇ ਪ੍ਰਸ਼ਨੋਂ ਕੇ ਉੱਤਰ ਭੀ ਦੇਵੇਂਗੇ, ਤੋ ਹਮ ਚਾਰੋਂ ਤੁਮ੍ਹਾਰੀ ਦਾਸੀ ਬਨ ਜਾਏਂਗੀ. ਕਾਲੀ ਦਾਸ ਨੇ ਕਹਾ ਪ੍ਰਸ਼ਨ ਕਰੋ, ਤਬ ਏਕ ਚੰਦਰ ਚਕੋਰੀ ਨਾਮ ਵਾਲੀ ਸੁਨਾਰ ਕੀ ਕੰਨਿਆਂ ਬੋਲੀ, ਏਕ ਸ਼ਲੋਕ ਮੇਂ ਤੀਨ ਪ੍ਰਸ਼ਨ ਕੀਏ। ਪ੍ਰਸ਼ਨ ੧ ਪੁਰਸ਼ ਕੋ ਕਰਣਾ ਕੀ ਚਾਹੀਏ? ਉੱਤਰ ੧ ਪੁਰਸ਼ ਕੋ ਬ੍ਰਹਮ ਚਿੰਤਨ ਹੀ ਕਰਨਾ ਚਾਹੀਏ, ਹੋਰ ਕੁਛ ਭੀ ਨਹੀਂ। ਪ੍ਰਸ਼ਨ ੨ ਬਸੰਤ ਰਿਤੂ ਕਿਨ ਚੀਜਾਂ ਕੇ ਸਾਥ ਮਿਲ ਕਰ ਸੁਖਦਾਈ ਮਾਨੀ ਗਈ ਹੈ? ਉੱਤਰ ੨ ਸੀਤਲ ਮੰਦ ਔਰ ਸੁਗੰਧਤ ਪਵਨ ਔਰ ਖਿਲੇ ਹੋਏ ਫਲ ਫੂਲੋਂ ਕੇ ਸਾਥ ਤਥਾ ਝੂਲਿਓਂ ਪਰ, ਝੂਟਤੇ ਹੋਏ ਵਰ ਨਾਰੀ ਕੇ ਸਾਥ ਸੁਖਦਾਈ ਹੋਤੀ ਹੈ। ਪ੍ਰਸ਼ਨ ੩ ਧਰਮਾਤਮਾ ਰਾਜਾਓਂ ਕੋ ਕੌਣ ੨ ਵਸਤੂ ਤਿਆਗਨੀ ਯੋਗ ਹੈ? ਉੱਤਰ ੩ ਮਧ ਪਾਨ ਪਰ ਇਸਤ੍ਰੀ ਸੰਗ, ਕਠੋਰ ਬਚਨ, ਭਯਾਨਕ ਦੰਡ, ਗਰੀਬੋਂ ਪਰ ਜ਼ੁਲਮ ਔਰ ਜਿਨ ਕਾਮੋਂ ਮੇਂ ਧਨ ਨਸ਼ਟ ਹੋਤਾ ਹੋਵੇ ਵਹੁ ਸਭ ਤਿਆਗਨੇ ਯੋਗ ਹੈਂ। ਤਬ ਦੂਸਰੀ ਬ੍ਰਾਹਮਣੀ ਚੰਦ੍ਰ ਪ੍ਰਭਾ ਨਾਮ ਵਾਲੀ ਬੋਲੀ। ਪ੍ਰਸ਼ਨ ੧ ਮੁਕਤੀ ਕਾ ਮੁਖ ਸਾਧਨ ਕੌਣ ਹੈ? ਉੱਤਰ ੧ ਈਸ਼ਵਰ ਸਰਨ, ਗੁਰੂ ਸ਼ਰਨ ਦਵਾਰਾ ਸ਼ੁਧ ਚਿਤ ਮੇਂ ਆਤਮ ਗਿਆਨ। ਪ੍ਰਸਨ ੨ ਹੇਮੰਤ ਰਿਤੂ ਕਿਨ ਕਿਨ ਪਦਾਰਥੋਂ ਕੇ ਸਾਥ ਮਿਲ ਕਰ ਸੁਖਦਾਈ ਹੋਤੀ ਹੈ? ਉੱਤਰ ੨ ਹਵਾ ਰਹਿਤ ਬੰਦ ਮਕਾਨ, ਗਰਮ ਵਸਤਰ, ਗਰਮ ਭੋਜਨ ਔਰ ਅਨੁਕੂਲ ਇਸਤ੍ਰੀ ਆਦੀ ਉਤਮ ਭੋਗੋਂ ਸੇ ਮਿਲ ਕਰ ਹੇਮੰਤ ਰਿਤੂ ਸੁਖਦਾਈ ਹੋਤੀ ਹੈ ਪ੍ਰਸਨ ੩ ਅਧਰਮ ਯਾਨੇ ਪਾਪ ਕੇ ਕਿਤਨੇ ਸਾਧਨ ਹੈਂ? ਉੱਤਰ ੩ ਕ੍ਰੋਧ, ਭੂਖ, ਲੋਭ, ਭਯ, ਕਾਮ, ਪਰਮਤ, ਉਨਮਤ ਔਰ ਬਿਨਾਂ ਵਿਚਾਰੇ ਜਲਦੀ ਕਾਮ ਕਰਨਾ ਔਰ ਸ਼ਾਂਤੀ ਯਾਨੇ ਥਕਾਵਟ ਔਰ ਕੁਮਤਿ ਯਹ ਦਸ ਪਾਪ ਕੇ ਕਰਾਨੇ ਵਾਲੇ ਹੈਂ। ਤਬ ਤੀਸਰੀ ਰਾਜ ਕੁਮਾਰੀ ਬੋਲੀ। ਪ੍ਰਸਨ ੧ ਨਿਤ ਪਦਾਰਥ ਕੌਨ ਹੈਂ ਔਰ ਕਿਤਨੇ ਹੈਂ? ਉੱਤਰ ੧ ਏਕ ਬ੍ਰਹਮ ਚੇਤਨ ਹੀ ਨਿਤ ਹੈ ਦੂਸਰਾ ਕੋਈ ਨਹੀਂ। ਪ੍ਰਸਨ ੨ ਅਨਿਤ ਯਾਨੀ ਝੂਠਾ ਕੌਣ ਹੈ? ਉੱਤਰ ੨ ਮਾਇਆ ਔਰ ਮਾਇਆ ਕਾ ਕਾਰਜ ਸਭ ਸੰਸਾਰ ਝੂਠਾ ਹੈ। ਪ੍ਰਸ਼ਨ ੩- ਸੁਰਗ ਕਾ ਸਾਧਨ ਕੌਣ ਕੌਣ ਕਰਮ ਹੈ? ਉੱਤਰ ੩-ਸਚ ਬੋਲਨਾ, ਵਿਦਿਆ ਪੜ੍ਹਨੀ ਪੜ੍ਹਾਨੀ, ਦਾਨ ਦੇਣਾ, ਸਦਾਚਾਰ, ਸੂਰਬੀਰਤਾ, ਅਗਨੀ ਹੋਤਰ, ਅਸ੍ਵਮੇਧਾਦਿ ਯੱਗ ਯਹ ਸਭ ਸਵਰਗ ਕੇ ਸਾਧਨ ਹੈਂ। ਪ੍ਰਸਨ ੪-ਸ਼ਿਸ਼ਰ ਰਿਤੂ ਕੈਸੇ ਸੁਖਦਾਈ ਹੈ? ਉੱਤਰ



੪-ਸੁੰਦਰ ਬਾਗ ਮੇਂ ਫੂਲੋਂ ਕੀ ਸੇਜਾ ਵਿਛੀ ਹੋ ਚੰਦ੍ਰਮਾ ਕੀ ਚਾਂਦਨੀ ਮੇਂ ਅਨੁਕੂਲ ਯੁਵਾ ਇਸਤ੍ਰੀ ਪਾਸ ਹੋ ਤਬ ਸੁਖਦਾਈ ਹੈ। ਚੌਥੀ ਚਿਤ੍ਰ ਰੇਖਾ ਵਾਲੀ ਵੈਸ਼ਯ ਕੰਨਿਆਂ ਬੋਲੀ। ਪ੍ਰਸ਼ਨ ੧-ਸੰਸਾਰ ਮੇਂ ਉਸਤਿਤ ਯੋਗ ਉਤਮ ਪੁਰਸ਼ ਕੌਣ ਹੈ? ਉੱਤਰ ੧-ਰਾਗ ਦਵੇਸ਼ ਸੇ ਰਹਿਤ ਜੀਵਨ ਮੁਕਤ ਪੁਰਸ਼। ਪ੍ਰਸਨ ੨-ਇਸਤ੍ਰੀਓਂ ਕਾ ਸੁਭਾਵਕ ਸ਼ਿੰਗਾਰ ਕਿਆ ਹੈ? ਉੱਤਰ ੨-ਹਰ ਏਕ ਅੰਗੋਂ ਕੀ ਸੁੰਦਰਤਾ ਯਾਨੇ ਚੰਦਰਮਾ ਕੇ ਸਮਾਨ ਖਿਤਿਆ ਮੁਖ ਹੋਵੇ। ਮਿਰਗ ਕੇ ਸਮਾਨ ਨੇਤਰ, ਸਰਪ ਕੇ ਸਮਾਨ ਕਾਲੇ ਵਾਲ ਇਤਿਆਦਿ। ਪ੍ਰਸ਼ਨ ੩-ਪ੍ਰਾਰਬਧ ਔਰ ਪੁਰਸਾਰਥ ਕਿਸ ੨ ਜਗਾ ਪ੍ਰਧਾਨ ਹੋਤੇ ਹੈਂ। ਉੱਤਰ ੩- ਭੋਗ ਮੇਂ ਪ੍ਰਾਰਬਧ ਪ੍ਰਧਾਨ ਹੈ, ਔਰ ਮੋਖਸ਼ ਮੇਂ ਪੁਰਸਾਰਥ ਪ੍ਰਧਾਨ ਹੈ। ਐਸੇ ਕਾਲੀ ਦਾਸ ਨੇ ਸਭ ਉੱਤਰ ਦੀਏ, ਤਬ ਚਾਰੋਂ, ਕੰਨਿਆਂ ਖੁਸ਼ ਹੋ ਗਈਆਂ, ਔਰ ਦਾਸੀ ਬਣ ਕਰ ਸੇਵਾ ਕਰਨੇ ਲਗੀਯਾਂ, ਜੈਸੇ ਇਨ ਕੰਨਿਆਓਂ ਨੇ ਅਪਨੀ ਅਪਨੀ ਜਾਤੀ ਗੁਪਤ ਭੀ ਰਖੀ, ਤੋ ਭੀ ਸੁਭਾਉ ਸੇ ਪ੍ਰਗਟ ਹੋ ਗਈ ਸੁਭਾਉ ਗਿਆ ਨਹੀਂ, ਤੈਸੇ ਅੰਤਹਕਰਣ ਕਾ ਸੁਭਾਉ ਹੀ ਸੁਖ ਦੁਖ ਹੈ, ਅੰਤਹਕਰਣ ਮੇਂ ਅਧਿਆਸ ਛੋੜੇ ਬਿਨਾਂ ਸੁਖ ਦੁਖ ਮੇਂ ਸਮ ਨਹੀਂ ਰਹਿ ਸਕਤਾ, ਤਾਂਤੇ ਅਪਨੇ ਆਪ ਕੋ ਅਸੰਗ ਸਮਝ ਕਰ, ਔਰ ਸੁਖ ਦੁਖ ਅੰਤਹਕਰਣ ਕਾ ਸੁਭਾਉ ਯਾਨੇ ਧਰਮ ਸਮਝ ਕਰ, ਸੁਖ ਦੁਖ ਮੇਂ ਸਮ ਰਹਿਣਾ ਚਾਹੀਏ, ਸੁਖ ਦੁਖ ਅੰਤਹਕਰਣ ਕਾ ਸਹਿਜ ਧਰਮ ਹੈ, ਯਾਨੇ ਜਬ ਤਕ ਅੰਤਹਕਰਣ ਬਨਾ ਰਹੇਗਾ, ਯਾਨੇ ਅੰਤਹਕਰਣ ਮੇਂ ਮਮਤਾ ਬਨੀ ਰਹੇਗੀ, ਤਬ ਤਕ ਅੰਤਹਕਰਣ ਕਾ ਸੁਭਾਵਕ ਧਰਮ ਸੁਖ ਦੁਖ, ਸਮਾਧੀ ਬਿਨਾ ਦੂਰ ਨਹੀਂ ਹੋਗਾ, ਕਿਉਂਕਿ ਵਸਤੂ ਕਾ ਸੁਭਾਉ ਬਿਨਾ ਯਤਨ ਕੀਏ ਜਾ ਨਹੀਂ ਸਕਤਾ, ਜੈਸੇ ਏਕ ਚੂਹੀ ਨੇ ਅਪਨਾ ਸੁਭਾਉ ਬੜੇ ਅਸਥਾਨੋਂ ਮੇਂ ਪਹੁੰਚ ਕਰ ਭੀ ਨਾ ਬਦਲਾ, ਯਹਿ ਕਥਾ ਪੰਚ ਤੰਤਰ ਕੇ ਤ੍ਰਿਤਯ ਤੰਤਰ ਕੀ ਬਾਹਰਵੀਂ ਕਥਾ ਮੇਂ ਲਿਖੀ ਹੈ, ਕਿ ਉਤਰਾ ਖੰਡ ਮੇਂ ਸ੍ਰੀ ਗੰਗਾ ਜੀ ਕੇ ਪਵਿਤਰ ਤਟ ਪਰ, ਇਸਤ੍ਰੀ ਸਹਿਤ ਏਕ ਵਾਨ ਪ੍ਰਸਥ ਰਾਜ ਰਿਸ਼ੀ ਤਪਸਿਆ ਕਰ ਰਹਾ ਥਾ, ਜੋ ਕਿ ਫਲ ਫੂਲ ਪਰ ਨਿਰਬਾਹ ਕਰਤਾ ਥਾ, ਔਰ ਬ੍ਰਿਛੋਂ ਕੇ ਛਾਲ ਕੀ ਕੋਪੀਨ ਮਾਤਰ ਸੇ ਨਿਰਬਾਹ ਕਰਤਾ ਥਾ. ਔਰ ਸਿਧੀ ਸੰਪੰਨ ਥਾ. ਏਕ ਦਿਨ ਗੰਗਾ ਕਿਨਾਰੇ ਪਰ ਸਨਾਨ ਕਰ ਕੇ, ਆਚਮਣ ਲੇਕਰ ਮੰਤਰ ਪੜ੍ਹਨੇ ਲਗਾ, ਤੋ ਏਕ ਬਾਜ ਕੇ ਮੁਖ ਸੇ ਗਿਰੀ ਹੂਈ ਚੂਹੀ ਮੂਰਛਿਤ ਹੋ ਕਰ, ਉਸ ਬਾਨ ਪ੍ਰਸਥ ਕੇ ਹਾਥ ਪਰ ਆ ਗਿਰੀ, ਰਿਸ਼ੀ ਕੋ ਦਇਆ ਆਈ ਔਰ ਉਸ ਕੀ ਜਲ ਕੇ ਛੀਟੋਂ ਸੇ ਮੂਰਛਾ ਹਟਾਈ, ਔਰ ਅਪਨੇ ਤਪ ਬਲ ਸੇ ਸੁੰਦਰ ਮਾਨਸੀ ਕੰਨਿਆ ਬਨਾ ਕਰ ਅਪਨੇ ਆਸ੍ਰਮ ਮੇਂ ਲੈ ਆਏ, ਔਰ ਸੰਤਾਨ ਰਹਿਤ ਅਪਨੀ ਇਸਤ੍ਰੀ ਕੋ ਯਹਿ ਕੰਨਿਆਂ ਪਾਲਨੇ ਵਾਸਤੇ ਦੇ ਦੀ, ਉਸ ਨੇ ਭੀ ਬੜੇ ਪਰੇਮ ਸੇ ਕੰਨਿਆ ਕੋ ਪਾਲਾ, ਜਦ ਕੰਨਿਆਂ ਬਾਰਾਂ ਬਰਸ ਕੀ ਹੋ ਗਈ, ਤੋ ਇਸਤਰੀ ਨੇ ਉਸ ਕੇ ਵਿਵਾਹ ਵਾਸਤੇ ਕਹਾ, ਯਹ ਬਾਤ ਸੁਣ ਕਰ ਰਿਸ਼ੀ ਵਿਚਾਰ ਕਰਨੇ ਲਗਾ -

**ਸ਼ਲੋਕ-ਕੁਲੰਚ ਸ਼ੀਲੰਚ, ਸਨਾਥਤਾਚ॥ ਵਿਦਿਆਚ ਵਿੱਤੰਚ ਵਪੁਰ**

**ਵਯੰਚ ॥ ਏਤਾਨ ਗੁਣਾਨ ਸਪਤ ਵਿਚਿੰਤਜ ਦੇਯਾ ॥ ਕੰਨਜਾ ਬੁਧੈ: ਸ਼ੇਸ਼ਮਚਿੰਤਨੀਯੰ ॥** [ਪੰਚ ਤੰਤ੍ਰ ਕਾਕੋਲੂਕੀਯ ਪ੍ਰਕਰਣ ਸਲੋਕ ੨੨੦

ਅਰਥ–ਕੁਲ ਚਰਿਤ੍ਰ ਸਹਾਇ ਅਰ ਵਿਦਿਆ, ਧਨ, ਸਰੀਰ ਔਰ ਉਮਰ ਯਹ ਸਤ ਗੁਣ ਵਿਚਾਰ ਕਰ ਬੁਧੀਮਾਨੋਂ ਕੋ ਕੰਨਿਆਂ ਦੇਨੀ ਚਾਹੀਏ, ਔਰ ਭਵਤਬਜ ਨ ਵਿਚਾਰਨਾ ਚਾਹੀਏ । ਐਸਾ ਵਿਚਾਰ ਕਰ ਉਸ ਰਿਸ਼ੀ ਨੇ ਅਪਨੀ ਇਸਤ੍ਰੀ ਸੇ ਕਹਾ, ਹਮ ਛਤ੍ਰੀਯ ਕੁਲ ਮੇਂ ਪ੍ਰਿਥਮ ਸਾਰੇ ਜਗਤ ਕਾ ਪ੍ਰਕਾਸ਼ਕ ਸੂਰਜ ਨਰਾਇਣ ਹੈ, ਜਿਸ ਸੇ ਸੂਰਜਵੰਸੀ ਛਤਰੀ ਚਲੇ ਹੈਂ ਮੈਂ ਉਨੋਂ ਕੋ ਮੰਤਰ ਬਲ ਸੇ ਬੁਲਾ ਸਕਤਾ ਹੂੰ, ਅਗਰ ਕੰਨਿਆਂ ਉਨ ਕੋ ਸਵੀਕਾਰ ਕਰੇਗੀ ਤੋ ਯਹ ਕੰਨਿਆਂ ਮੈਂ ਉਨ ਕੋ ਦੇ ਦਿਆਂਗਾ, ਇਸਤ੍ਰੀ ਨੇ ਕਹਾ ਇਸ ਸੇ ਪਰੇ ਔਰ ਕਿਆ ਅਛਾ ਹੋਗਾ ? ਤੁਸੀਂ ਸੂਰਜ ਨਾਰਾਇਣ ਕਾ ਆਵਾਹਣ ਕਰੋ ਵਹੁ ਆ ਜਾਵੇਂ, ਤੋ ਕੰਨਿਆਂ ਭੀ ਉਨ ਕੇ ਦਰਸਨ ਕਰ ਲੇਵੇ, ਰਿਸ਼ੀ ਨੇ ਸੂਰਜ ਨਾਰਾਇਣ ਕਾ ਆਵਾਹਨ ਕੀਆ, ਸੂਰਜ ਨਾਰਾਇਣ ਜੀ ਆਏ, ਕੰਨਿਆਂ ਕੋ ਦਿਖਲਾਇਆ ਪਰੰਤੂ ਕੰਨਿਆਂ ਨੇ ਇਨਕਾਰ ਕੀਤਾ, ਕਿ ਇਨੋਂ ਮੇਂ ਤੇਜ ਅਧਿਕ ਹੈ ਔਰ ਇਨੋਂ ਕੀ ਪਹਿਲੀ ਇਸਤ੍ਰੀ ਨੇ, ਅਧਿਕ ਤੇਜ ਹੋਨੇ ਕੇ ਕਾਰਨ ਇਨਕੋ ਤਿਆਗ ਕਰ ਦੀਆ, ਇਸ ਲੀਏ ਮੈਂ ਇਨ ਕੋ ਨਹੀਂ ਵਰੂੰਗੀ, ਇਨੋਂ ਸੇ ਕੋਈ ਦੂਸਰਾ ਬਲਵਾਨ ਹੋਵੇ, ਉਸ ਕੇ ਸਾਥ ਮੈਂ ਸ਼ਾਦੀ ਕਰੂੰਗੀ, ਰਿਸ਼ੀ ਨੇ ਸੂਰਜ ਨਾਰਾਇਨ ਸੇ ਕਹਾ ਕਿ ਆਪ ਕਾ ਅਧਿਕ ਤੇਜ ਹੋਨੇ ਕੇ ਕਾਰਨ, ਹਮਾਰੀ ਕੰਨਿਆਂ ਆਪ ਕੋ ਸਵੀਕਾਰ ਨਹੀਂ ਕਰਤੀ, ਔਰ ਅਗਰ ਆਪ ਸੇ ਕੋਈ ਅਧਿਕ ਬਲਵਾਨ ਹੈ, ਤੋ ਉਸਕਾ ਨਾਮ ਹਮੇਂ ਬਤਲਾਓ, ਸੂਰਜ ਨਾਰਾਇਣ ਨੇ ਕਹਾ ਮੇਰੇ ਸੇ ਭੀ ਮੇਘ ਬਲਵਾਨ ਹੈ, ਰਿਸ਼ੀ ਨੇ ਅਪਨੇ ਤਪੋ ਬਲ ਸੇ ਮੇਘ ਦੇਵਤਾ ਕੋ ਬੁਲਾਇਆ ਔਰ ਕੰਨਿਆਂ ਕੋ ਦਿਖਾਇਆ । ਕੰਨਿਆਂ ਨੇ ਕਹਾ ਯਹ ਤੋ ਕਾਲਾ ਹੈ ਔਰ ਯਹ ਭੀਗਤਾ ਭੀ ਰਹਿਤਾ ਹੈ, ਇਸ ਸੇ ਭੀ ਕੋਈ ਬੜਾ ਬਲਵਾਨ ਹੋਵੇ ਤਬ ਮੇਘ ਸੇ ਪੂਛਾ ਕਿ ਤੇਰੇ ਸੇ ਕੋਈ ਬਲਵਾਨ ਹੈ ਤੋ ਬਤਲਾਓ, ਉਸ ਨੇ ਕਹਾ ਮੇਰੇ ਸੇ ਵਾਯੂਦੇਵ ਬਲਵਾਨ ਹੈ ਰਿਸ਼ੀ ਨੇ ਵਾਯੂ ਦੇਵਤਾ ਕੋ ਬੁਲਾਇਆ, ਔਰ ਉਸ ਕੋ ਕਹਾ ਮੈਨੇ ਯਹ ਕੰਨਿਆਂ ਪੜ੍ਹਾ ਕਰ ਹੁਸ਼ਿਆਰ ਕੀ ਹੈ, ਅਗਰ ਆਪ ਕੋ ਸਵੀਕਾਰ ਕਰੇ ਤੋ ਅਛਾ ਹੈ, ਕੰਨਿਆਂ ਕੋ ਵਾਯੂ ਦੇਵਤਾ ਕਾ ਦਰਸ਼ਨ ਕਰਾਇਆ, ਔਰ ਕਹਾ ਯੇ ਵਰ ਪਸੰਦ ਹੈ ? ਉਸ ਨੇ ਕਹਾ ਯਹ ਤੋ ਉਡਾਤਾ ਜਾਂਦਾ ਹੈ ਬੜਾ ਚੰਚਲ ਹੈ, ਇਸ ਸੇ ਭੀ ਕੋਈ ਦੂਸਰਾ ਬਲਵਾਨ ਹੋ, ਤਬ ਉਸ ਨੇ ਕਹਾ ਮੇਰੇ ਸੇ ਭੀ ਬਲਵਾਨ ਸੁਮੇਰੂ ਹੈ, ਤਬ ਰਿਸ਼ੀ ਨੇ ਸੁਮੇਰੂ ਕੋ ਬੁਲਾ ਕਰ ਅਪਨੀ ਕੰਨਿਆਂ ਕੋ ਦਿਖਾਇਆ । ਤਬ ਕੰਨਿਆਂ ਨੇ ਕਹਾ ਯੇਹ ਤੋ ਕਠੋਰ ਹੈ, ਮੇਰੇ ਕੋ ਯਹ ਭੀ ਪਸੰਦ ਨਹੀਂ ਇਸ ਸੇ ਭੀ ਕੋਈ ਬਲਵਾਨ ਹੋ, ਸੁਮੇਰੂ ਸੇ ਪੂਛਾ ਕਿ ਤੇਰੇ ਸੇ ਭੀ ਕੋਈ ਬਲਵਾਨ ਹੈ ? ਉਸ ਨੇ ਕਹਾ ਮੇਰੇ ਸੇ ਬਲਵਾਨ ਚੂਹਾ ਹੈ ਜੋ ਮੇਰੇ ਕੋ ਖੋਦ ਕਰ ਬਿਲ ਬਨਾ ਲੇਤਾ ਹੈ, ਤਬ ਰਿਸ਼ੀ ਨੇ ਚੂਹੇ



ਕੋ ਬੁਲਾਇਆ, ਵੁਹ ਕੰਨਿਆਂ ਚੂਹੇ ਕੋ ਦੇਖ ਕਰ ਔਰ ਸਜਾਤੀ ਜਾਣ ਕਰ ਬੜੀ ਪ੍ਰਸੰਨ ਹੂਈ, ਔਰ ਕਹਿਨੇ ਲਗੀ ਅਹੋ ਯਹ ਬੜਾ ਸੁੰਦਰ ਹੈ, ਔਰ ਸ੍ਰੀ ਗਣੇਸ ਜੀ ਕਾ ਵਾਹਨ ਹੈ, ਰੋਜ ਇਸਕੋ ਲਡੂਓਂ ਕਾ ਭੋਗ ਲਗਤਾ ਹੈ ਮੈਂ ਭੀ ਲਡੂ ਖਾਇਆ ਕਰੂੰਗੀ, ਮੇਰੇ ਕੋ ਇਸ ਕੇ ਸਾਥ ਬਿਵਾਹ ਦੋ, ਤਬ ਰਿਸ਼ੀ ਨੇ ਉਸਕਾ ਪਹਿਲਾ ਜਨਮ ਚੂਹੀ ਕਾ ਸਮਰਣ ਕਰ ਕਹਾ, ਕਿ ਤੁਮ ਨੇ ਇਤਨੀ ਉਤਮ ਪਦਵੀ ਪਾ ਕਰ ਭੀ, ਅਪਣਾ ਜਾਤੀ ਸੁਭਾਉ ਨਹੀਂ ਛੋਡਾ, ਜਾ ਚੂਹੀ ਹੋ ਚੂਹੀ ਬਨਾ ਕਰ ਚੂਹੇ ਕੇ ਸਾਥ ਸ਼ਾਦੀ ਕਰਾ ਦਿਤੀ:–

**ਸ਼ਲੋਕ–ਸੂਰਯੰ ਭਰਤਾਰਮੁਤਸ੍ਰਿਜਯ ਪਰਜਨਯੇ ਮਾਰੁਤੰ ਗਿਰਿੰ ਸ੍ਵਜਾਤਿੰ ਮੂਸ਼ਿਕਾ ਪ੍ਰਾਪਤਾ ਸ੍ਵ ਜਾਤਿਰ ਦੁਰਤਿਤਿ ਕ੍ਰਮਾ ॥** [ਪੰਚ ਤੰਤ੍ਰ ਕਾਕੋਲੂਕੀਯੰਪ੍ਰਕਰਣ

ਅਰਥ–ਸੂਰਜ, ਮੇਘ, ਵਾਯੂ ਪਰਬਤ ਕੋ ਭਰਤਾ ਬਨਾਨਾ ਛੋਡ ਕਰ, ਚੂਹੀ ਅਪਨੇ ਜਾਤੀ ਵਾਲੇ ਕੋ ਹੀ ਪਰਾਪਤ ਹੂਈ, ਅਪਨੀ ਜਾਤੀ ਕੋ ਮੂੜ ਛੋੜਤੇ ਨਹੀਂ ਹੈ। ਦੂਸਰੀ ਕਥਾ–ਏਕ ਮਹਾਤਮਾ ਨੇ ਏਕ ਕੁਤੀ ਕੋ ਪਾਲਾ, ਔਰ ਕੁਤੀ ਕੋ ਪਾਸ ਬੈਠਾ ਕਰ ਕਥਾ ਕਰ ਰਹੇ ਥੇ, ਏਕ ਰਾਜਾ ਦਰਸ਼ਨ ਕੇ ਲੀਏ ਆਇਆ, ਔਰ ਕਥਾ ਸੁਣਨੇ ਬੈਠ ਗਿਆ, ਕੁਤੀ ਅਪਨੇ ਸ਼ਰੀਰ ਕੋ ਖੁਜਲੀ ਕਰ ਰਹੀ ਥੀ, ਰਾਜਾ ਕੋ ਬੜੀ ਗਿਲਾਨੀ ਹੂਈ, ਪਰੰਤੂ ਮੁਨੀ ਕੇ ਭੈ ਸੇ ਨ ਤੋ ਉਠ ਹੀ ਸਕਾ, ਔਰ ਨ ਹੀ ਚਿਤ ਦੇਕਰ ਕਥਾ ਹੀ ਸੁਣ ਸਕਾ, ਕਥਾ ਸਮਾਪਤੀ ਕੇ ਬਾਦ ਮਹਾਤਮਾ ਨੇ ਰਾਜਾ ਸੇ ਪੂਛਾ ਕਿ ਕਥਾ ਸੁਨੀ ! ਕੁਛ ਅਛੀ ਲਗੀ !! ਤਬ ਰਾਜਾ ਨੇ ਕਹਾ ਮਹਾਰਾਜ ! ਮੇਰਾ ਖਿਆਲ ਤੋ ਕੁਤੀ ਮੇਂ ਰਹਾ, ਕਿਉਂਕਿ ਇਸ ਕੋ ਖੁਜਲੀ ਪੜੀ ਹੂਈ ਹੈ, ਇਸ ਵਾਸਤੇ ਮੇਰੇ ਕੋ ਭੈ ਹੂਆ ਕਿ ਇਸ ਕੇ ਸਬੰਧ ਸੇ ਮੇਰੇ ਕੋ ਭੀ ਖੁਜਲੀ ਨ ਹੋ ਜਾਏ, ਤਬ ਮਹਾਤਮਾ ਨੇ ਕਹਾ ਅੱਛਾ ਕਲ ਕੋ ਯਹ ਕੁਤੀ ਪਾਸ ਬੈਠੀ ਨ ਦੇਖੋਂਗੇ, ਕਥਾ ਸੁਣਨੇ ਵਾਸਤੇ ਆ ਜਾਇਆ ਕਰੋ ਰਾਜਾ ਕਹਿਨੇ ਲਗਾ ਬਹੁਤ ਅੱਛਾ ਮਹਾਰਾਜ ! ਮਹਾਤਮਾ ਨੇ ਕੁਤੀ ਕੋ ਹਾਥ ਫੇਰਾ ਵਹ ਕੁਤੀ ਮੁਰਗੀ ਬਨ ਗਈ, ਅਰ ਵਹੁ ਮਹਾਤਮਾ ਕੇ ਬਾਗ ਮੇਂ ਸੇ ਫਲ ਫੂਲ ਖਾਇਆ ਕਰੇ, ਤੋ ਮਹਾਤਮਾ ਨੇ ਉਸ ਕੋ ਬੰਦ੍ਰੀ ਬਨਾਇਆ, ਪਰੰਤੂ ਫਿਰ ਚੰਚਲਤਾ ਬਹੁਤ ਕੀਆ ਕਰੇ, ਤਬ ਮਹਾਤਮਾ ਨੇ ਹੰਸਨੀ ਬਨਾ ਦੀਆ, ਹੰਸਨੀ ਬਣਕੇ ਪਰ ਹੰਸਨੀ ਕੇ ਦਰਸਨਾਰਥ ਬਹੁਤ ਲੋਕ ਆਇਆ ਕਰੇਂ, ਔਰ ਖਾਨ ਪਾਨ ਕਰਕੇ ਜੂਠੇ ਪਤਲ ਆਦੀ ਫੇਂਕ ਜਾਇਆ ਕਰੇਂ, ਤੋ ਮਹਾਤਮਾ ਨੇ ਅਪਨੇ ਤਪੋ ਬਲ ਸੇ ਮਾਨੁਸ਼ੀ ਕੰਨਿਆਂ ਬਨਾਈ, ਖੋੜਸ ਬਰਸ ਕੀ ਬੜੀ ਅੰਗ ੨ ਮੇਂ ਸੁੰਦਰ ਬਨਾ ਕਰ ਕਥਾ ਕਰਤੇ ਸਮੇਂ ਪਾਸ ਬੈਠਾ ਲੀਆ, ਦੇਵ ਗਤੀ ਸੇ ਰਾਜਾ ਭੀ ਉਸ ਦਿਨ ਆ ਗਿਆ, ਔਰ ਕੰਨਿਆਂ ਕੋ ਦੇਖ ਕਰ ਮੁਹਿਤ ਹੋ ਗਿਆ, ਔਰ ਵਿਚਾਰ ਕਰਨੇ ਲਗਾ ਕਿ ਯਹਿ ਕੋਈ ਰਾਜ ਕੰਨਿਆਂ, ਅਥਵਾ ਦੇਵ ਕੰਨਿਆਂ ਹੈ ? ਮਹਾਤਮਾ ਕੇ ਪਾਸ ਐਸੀ ਸੁੰਦਰ ਕੰਨਿਆਂ ਸ਼ੋਭਾ ਨਹੀਂ ਪਾਤੀ, ਅਗਰ ਮੇਰੇ ਸਾਥ ਇਸਕੀ ਸ਼ਾਦੀ ਕਰਦੇਂ ਤੋ ਬਹੁਤ [illegible] ਐਸੇ ਖਿਆਲ ਕਰਤੇ ਕਰਤੇ ਕਥਾ ਸਮਾਪਤ ਹੂਈ, ਤਬ ਮਹਾਤਮਾ ਨੇ [illegible]

ਪੂਛਾ ਕਿ ਕਥਾ ਸੁਣ ਕਰ ਕੁਛ ਅਨੰਦ ਆਇਆ, ਤੋ ਉਸ ਰਾਜਾ ਨੇ ਕਹਾ ਮੇਰਾ ਚਿਤ
ਤੋ ਇਸ ਖੋੜਸ ਬਰਸ ਕੀ ਰਾਜ ਕੰਨਿਆ ਪਰ ਚਲਾ ਗਿਆ ਹੈ, ਔਰ ਮੇਰਾ ਮਨ
ਮੋਹਿਤ ਹੋ ਗਿਆ, ਅਗਰ ਆਪ ਮੇਰੇ ਸਾਥ ਇਸ ਕੰਨਿਆ ਕੀ ਸਾਦੀ ਕਰਾ ਦੋ ਤੋ ਮੈਂ
ਆਪ ਕਾ ਬੜਾ ਧੰਨਵਾਦੀ ਹੂੰਗਾ, ਤਬ ਮਹਾਤਮਾ ਨੇ ਸੁਭ ਮਹੂਰਤ ਦੇਖ ਕਰ ਕੰਨਿਆ
ਰਾਜਾ ਕੋ ਦੇਈ, ਜਬ ਰਾਜਾ ਵਿਵਾਹ ਕਰ ਅਪਨੇ ਘਰ ਲੇ ਆਇਆ, ਔਰ ਰਾਤ੍ਰੀ
ਕੋ ਜਿਸ ਸਮੇਂ ਰਾਜਾ ਸੋ ਗਿਆ, ਤੋ ਰਾਜਾ ਕੇ ਮੰਦਰ ਮੇਂ ਜੋ ਮੀਠੇ ਤੇਲ ਕਾ ਏਕ ਬੜਾ
ਦੀਵਾ ਰਾਤ ਭਰ ਜਲਤਾ ਰਹਿਤਾ ਥਾ, ਆਧੀ ਰਾਤ ਕੋ ਜਬ ਰਾਜਾ ਕੋ ਗਹਿਰੀ ਨੀਂਦ
ਆ ਗਈ, ਤਬ ਉਸ ਦੀਵੇ ਕੇ ਤੇਲ ਕੋ ਕੁਤੀ ਕੀ ਤਰਹ ਜਿਹਵਾ ਸੇ ਚਾਟਨੇ ਲਗੀ,
ਅਚਾਨਕ ਰਾਜਾ ਕੀ ਨੀਂਦ ਖੁਲ ਗਈ, ਔਰ ਦੇਖਾ ਕਿ ਰਾਣੀ ਕੁਤੀ ਕੀ ਤਰਹ ਜਿਹਵਾ
ਸੇ ਦੀਵੇ ਕਾ ਤਲ ਚਾਟ ਰਹੀ ਹੈ, ਤਬ ਰਾਜਾ ਕੋ ਬੜਾ ਭੈ ਹੂਆ ਔਰ ਸੋਚਨੇ ਲਗਾ
ਕਿ ਪਤਾ ਨਹੀਂ ਯਹ ਕਿਆ ਬਲਾ ਹੈ ? ਪ੍ਰਾਤਕਾਲ ਹੋਤੇ ਹੀ ਵਹੁ ਇਸਤਰੀ ਸੰਤੋਂ
ਕੇ ਪਾਸ ਛੋੜ ਆਇਆ ਔਰ ਰਾਤ੍ਰੀ ਕੋ ਦੀਵੇ ਕਾ ਤੇਲ ਪੀਨੇ ਕੀ ਕਥਾ ਮਹਾਤਮਾ
ਕੋ ਸੁਣਾਈ, ਤਬ ਮਹਾਤਮਾ ਨੇ ਕੋਪ ਕਰ ਕੇ ਉਸ ਕੰਨਿਆਂ ਕੋ ਕਹਾ ਕਿ, ਤੂੰ ਸੰਤੋਂ ਕੇ
ਕ੍ਰਿਪਾ ਕੀ ਅਧਿਕਾਰੀ ਨਹੀਂ, ਤੇਰੇ ਕੋ ਕਿਸ ਦਰਜੇ ਪਰ ਪਹੁੰਚਾਇਆ ਅਰਥਾਤ ਕੁਤੀ
ਸੇ ਰਾਣੀ ਬਨਾ ਕਰ, ਤੁਝ ਕੋ ਰਾਜ ਮਹਿਲੋਂ ਮੇਂ ਪਹੁੰਚਾਇਆ, ਪਰੰਤੂ ਫੇਰ ਭੀ ਤੈਨੇ ਪਿਛਲਾ
ਕੁਤੀ ਕਾ ਸੁਭਾਵ ਨਹੀਂ ਛੋੜਾ, ਜਾਹ ਕੁਤੀ ਹੋ ਜਾਹ ਤਬ ਵੋਹ ਕੁਤੀ ਹੋ ਗਈ, ਡੰਡਾ ਲਗਾ
ਕਰ ਬਾਹਰ ਨਿਕਾਲ ਦੀਆ।

**ਸ਼ਲੋਕ–ਸ੍ਵਨੀ ਮ੍ਰਿਗੀ ਕਪੀ ਹੰਸੀ ਰਾਜ ਕੰਨਿਆਂ ਕੁਮਾਰਿਕਾ॥**
**ਜਨਮਾਨਿ ਏਤਾਨਿ ਭੁਕਾਤ੍ਵਾਪਿ ਜਨਮ ਭਾਵੰ ਨ ਮੁੰਚਸਿ॥**

ਅਰਥ–ਕੁਤੀ, ਹਰਣੀ, ਬੰਦਰੀ, ਹੰਸੀ ਔਰ ਰਾਜ ਕੰਨਿਆਂ ਹੋ ਕਰ ਇਤਨੇ ਜਨਮ
ਭੋਗ ਕਰ ਭੀ ਤੂੰ ਕੁਤੀ ਯਾਨੇ ਅਪਨੇ ਜਨਮ ਸੁਭਾਓ ਕੋ ਨਹੀਂ ਛੋਡਤੀ, ਇਸ ਪ੍ਰਕਾਰ
ਸੁਭਾਵ ਕੇ ਅਨੁਸਾਰ ਹੀ ਸਭ ਜੀਵੋਂ ਕੀ ਚੇਸ਼ਟਾ ਹੋਤੀ ਹੈ, ਔਰ ਨਿਆਇਕਾਰੀ ਰਾਜਾ
ਲੋਕ ਭੀ ਸੁਭਾਵ ਕੇ ਅਨੁਸਾਰ ਹੀ ਦੰਡ ਦੀਆ ਕਰਤੇ ਹੈਂ, ਜੈਸੇ ਮਹਾਰਾਜਾ ਵਿਕ੍ਰਮਾਦਿਤ
ਨੇ ਸੁਭਾਵ ਅਨੁਸਾਰ ਦੰਡ ਦੀਆ ਥਾ, ਜੈਸੇ ਸੰਗ ਕੁਸੰਗ ਮੇਂ ਆਕਰ ਭਲੇ ਬੁਰੇ ਚਾਰ
ਆਦਮੀ ਏਕ ਜੈਸੇ ਅਪ੍ਰਾਧ ਮੇਂ ਪਕੜੇ ਗਏ, ਦਰਿਆਫਤ ਕਰਨੇ ਪਰ ਚਾਰੋਂ ਕਾ ਏਕ
ਜੈਸਾ ਹੀ ਅਪਰਾਧ ਨਿਕਾਲਾ, ਚਾਰੋਂ ਕੋ ਅਪਰਾਧੀ ਬਨਾ ਕਰ ਮਹਾਰਾਜ ਵਿਕ੍ਰਮ ਕੇ ਆਗੇ ਦੰਡ
ਦੇਨੇ ਕੇ ਵਾਸਤੇ ਹਾਜਰ ਕੀਆ ਗਿਆ, ਮਹਾਰਾਜਾ ਵਿਕ੍ਰਮ ਨੇ ਸੁਭਾਵ ਕੇ ਅਨੁਸਾਰ ਏਕ
ਜੈਸਾ ਅਪਰਾਧ ਹੋਨੇ ਪਰ ਭੀ, ਵਿਖਮ ਦੰਡ ਦੀਆ ਏਕ ਕੋ ਅਪਨੇ ਪਾਸ ਬੁਲਾ ਕਰ, ਧੀਰਜ
ਸੇ ਕਹਾ ਕਿ ਫਿਰ ਐਸਾ ਕਾਮ ਨ ਕਰਨਾ, ਦੂਸਰੇ ਕੋ ਤੀਨ ਵਾਰ ਧਿੱਕਾਰ ਕਹਿ ਕਰ
ਛੋਡ ਦੀਆ। ਤੀਸਰੇ ਕੋ ਦੋ ਚਾਰ ਜੂਤੇ ਲਗਾ ਕਰ ਛੋਡ ਦੀਆ, ਔਰ ਚੌਥੇ ਕੋ ਪਹਿਲੇ
ਤੋ ਜੂਤੇ ਲਗਾਏ ਫਿਰ ਕਾਲਾ ਮੂੰਹ ਕਰਾ ਕੇ ਗਧੇ ਪਰ ਚੜ੍ਹਾ ਕਰ, ਨਗਰ ਕੇ ਚਾਰੋਂ ਤਰਫ



ਘੁਮਾ ਕਰ ਫਿਰ ਛੋੜ ਦੀਆ, ਸਭ ਲੋਕ ਇਸ ਬਾਤ ਪਰ ਨਿੰਦਾ ਕਰਨੇ ਲਗੇ, ਕਿ ਰਾਜਾ ਨੇ ਯਹ ਅੱਛਾ ਕਾਮ ਨਹੀਂ ਕੀਆ, ਇਸ ਵਾਸਤੇ ਬਹੁਤ ਲੋਕ ਇਕੱਠੇ ਹੋ ਕਰ ਮਹਾਰਾਜਾ ਵਿਕ੍ਰਮ ਕੇ ਪਾਸ ਆਏ, ਔਰ ਕਹਾ ਮਹਾਰਾਜ ! ਅਪ੍ਰਾਧ ਤੋ ਚਾਰੋਂ ਕਾ ਏਕ ਜੈਸਾ ਹੈ ਪਰੰਤੂ ਦੰਡ ਵੱਖੋ ਵੱਖ ਦੀਆ ਇਸ ਕਾ ਕਿਆ ਕਾਰਨ ਹੈ ? ਰਾਜਾ ਨੇ ਕਹਾ ਮੈਨੇ ਚਾਰੋਂ ਕੋ ਸੁਭਾਵ ਕੇ ਅਨੁਸਾਰ ਦੰਡ ਦੀਆ ਹੈ, ਅਬ ਚਾਰੋਂ ਕੀ ਜਾਕਰ ਹਾਲਤ ਦੇਖ ਲੋ, ਜਿਸ ਕੋ ਹਮ ਨੇ ਧੀਰੇ ਸੇ ਕਹਾ ਥਾ ਕਿ ਫਿਰ ਐਸਾ ਕਾਮ ਨ ਕਰਨਾ, ਉਸ ਕੋ ਤੋ ਐਸੀ ਲੱਜਿਆ ਆਈ, ਕਿ ਘਰ ਜਾਤੇ ਹੀ ਜਹਿਰ ਖਾ ਕਰ ਮਰ ਗਿਆ ਹੈ। [ਗੀਤਾ ਅ. ੨ ਸਲੋਕ ੩੪

**ਸ਼ਲੋਕ–ਸੰਭਾਵਿਤਸਯਚਾਕੀਰਤਿਰ ਮਰਣਾਦਤਿ ਰਿਚਯਤੇ॥** [ਗੀਤਾ
**ਯਥਾ–ਰਾਜਾ ਕ੍ਰਿਤੇ ਦੰਡੇ ਲੱਜਾਲੂ: ਕਥਿਤੋ ਮਿਤ੍ਰ:॥**

ਅਰਥ–ਲੋਗੋਂ ਮੇਂ ਮਾਨਨੀਯ ਪੁਰਸ਼ ਕੇ ਅਪਜਸ ਹੋਨੇ ਸੇ ਉਸ ਕੋ ਮਰਨੇ ਸੇ ਭੀ ਅਧਿਕ ਦੁਖ ਹੋਤਾ ਹੈ, ਜੈਸੇ ਰਾਜਾ ਵਿਕ੍ਰਮ ਕੇ ਦੰਡ ਦੇਨੇ ਸੇ ਲੱਜਾਲੂ ਆਦਮੀ ਕੀ ਵਿਖ ਖਾ ਕਰ ਮੌਤ ਕਥਨ ਕੀ, ਔਰ ਦੂਸਰਾ ਜਿਸ ਕੋ ਤੀਨ ਬਾਰ ਧਿੱਕਾਰ ਕਹਾ ਥਾ ਵੋਹ ਦੇਸ ਛੋੜ ਕਰ ਚਲਾ ਗਿਆ ਹੈ, ਔਰ ਤੀਸਰਾ ਜਿਸ ਕੋ ਜੂਤੇ ਲਗਵਾਏ ਥੇ ਵੋਹ ਲੱਜਾ ਕੇ ਮਾਰੇ ਘਰ ਸੇ ਬਾਹਰ ਹੀ ਨਹੀਂ ਨਿਕਲਤਾ ਥਾ, ਔਰ ਚੌਥਾ ਜਿਸਕਾ ਕਾਲਾ ਮੂੰਹ ਕਰਕੇ ਗਧੇ ਪਰ ਚੜ੍ਹਾ ਕਰ, ਸ਼ਹਿਰ ਕੀ ਪ੍ਰਕਰਮਾ ਕਰਾ ਰਹੇ ਥੇ ਰਸਤੇ ਮੇਂ ਉਸ ਕਾ ਘਰ ਆ ਗਿਆ, ਉਸ ਨੇ ਆਪਨੀ ਇਸਤਰੀ ਕੋ ਬੁਲਾ ਕਰ ਕਹਾ ਅਰੀ ਰਾਂਡ, ਥੋੜਾ ਪਾਣੀ ਤੋ ਪਿਲਾ ਦੇ, ਤਬ ਇਸਤ੍ਰੀ ਬੋਲੀ ਅਰੇ ਭੜੂਏ ! ਰੋਟੀ ਲਾ ਦੇਤੀ ਹੂੰ ਖਾਤਾ ਜਾ, ਉਸ ਨੇ ਕਹਾ ਥੋੜਾ ਸਾ ਬਾਕੀ ਰਹਿਤਾ ਹੈ ਅਭੀ ਲੋਟ ਕਰ ਆਤਾ ਹੂੰ, ਗਰਮ ਪਾਣੀ ਕਰ ਛੋੜਨਾ ਹਾਥ ਮੂੰਹ ਧੋ ਕਰ ਖਾਊਂਗਾ, ਪ੍ਰਜਾ ਕੇ ਲੋਗ ਯਹ ਇਨਸਾਫ ਦੇਖ ਕਰ ਬੜੇ ਪਰਸੰਨ ਹੂਏ, ਔਰ ਨਿਆਇ ਕਾਰੀ ਜਾਣ ਕਰ, ਰਾਜਾ ਕੋ ਧੰਨਵਾਦ ਦੇਤੇ ਭਏ, ਯਾਤੇ ਸੁਭਾਵ ਕੇ ਅਨੁਸਾਰ ਹੀ ਇਨਸਾਫ ਹੂਆ ਕਰਤਾ ਹੈ। ਅਬ ਵਿਸ਼ਯੋਂ ਕਾ ਸੁਭਾਉ ਭੀ ਸ੍ਵਨ ਕਰੋ, ਵਿਸ਼ਿਓਂ ਮੇਂ ਦੋ ਸੁਭਾਵ ਹੋਤੇ ਹੈਂ ਏਕ ਤੋ ਵਿਸ਼ਿਓਂ ਮੇਂ ਰਾਗ ਦਵੈਸ਼ ਪੈਦਾ ਕਰਨੇ ਕਾ ਸੁਭਾਓ ਹੈ, ਦੂਸਰਾ ਸੁਭਾਵ ਅੱਤ੍ਰਿਪਤਿ ਹੈ, ਇਸ ਲੀਏ ਵਿਸ਼ਿਓਂ ਕਾ ਤਿਆਗ ਰੂਪੀ ਉਪਦੇਸ਼ ਹੀ ਸਭ ਨੇ ਕੀਆ ਹੈ ਜੈਸੇ –

**ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿ ਆਇਓ ਪਸੂਆ ॥੧॥ ਰਹਾਉ ॥ ਜੋ ਜਾਨਹਿ ਤੂੰ ਅਪਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ *ਤਸੂਆ ॥ ਨਾਗੋ**

*ਇੰਚ ਕਾ ਚੌਬੀਸਵਾਂ ਹਿੱਸਾ।

ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥ ੧ ॥
ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥
ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥
੨ ॥ ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ* ਉਕਤਿ ਤਨੁ
ਖੀਨਸੂਆ ॥ ਜਿਉ ਮੋਹਿਓ ਉਨ ਮੋਹਨੀ ਬਾਲਾ ਉਸ ਤੇ ਘਟੈ ਨਾਹੀ
ਰੁਚ ਚਸੂਆ ॥੩ ॥ ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ
ਪਰਿਓ ਤਜਿ ਗਰਬਸੂਆ ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ
ਨਾਨਕਦਾਸ ਭਗਤਿ ਹਰਿ ਜਸੂਆ ॥੪॥੬॥੧੨੭॥ [ਗ: ਮ: ੫ ਸਫਾ ੨੦੬
ਬਿਖਿਆ ਬਿਖ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰ ਨਾਨਕ ਜਨ
ਕਹਿ ਪੁਕਾਰ ਅਉਸਰੁ ਬਿਹਾਤੁ ਹੈ ॥ [ਜੈਜਾਵੰਤੀ ਮ: ੯ ਸਫਾ ੧੩੫੨
ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ ॥ ਜਿਉ ਪਾਵਕੁ ਈਧਨ
ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ [ਧਨਾਸਰੀ ਮ: ੫ ਸਫਾ ੬੭੨
ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥ ਗੋਬਿੰਦੁ ਨ ਭਜੈ ਅਹੰਬੁਧਿ
ਮਾਤਾ ਜਨਮੁ ਜੂਐ ਜਿਉ ਹਾਰੈ ॥ [ਸਾਰੰਗ ਮ: ੫ ਸਫਾ ੧੨੦੫

ਕਥਾ ਏਕ ਕਾਲ ਮੇਂ ਇੰਦਰ ਕੇ ਚਿਤ ਮੇਂ ਵਿਚਾਰ ਹੂਆ ਕਿ ਵਿਸ਼ਿਓਂ ਮੇਂ ਰਾਗ ਦਵੇਸ਼ ਔਰ ਅਤ੍ਰਿਪਤੀ ਹਮ ਕੋ ਹੀ ਮਲੂਮ ਹੋਤੀ ਹੈ ਅਥਵਾ ਸਬ ਕੋ, ਐਸਾ ਵਿਚਾਰ ਕਰ ਯੇਹ ਖਿਆਲ ਕਰਾ ਕਿ ਯਹਿ ਸਨਕਾਦਿ ਜੋ ਚਾਰ ਮੁਨੀ ਹੈਂ, ਇਨ ਕੋ ਵਿਸ਼ਿਓਂ ਮੇਂ ਰਾਗ ਦਵੇਸ਼ ਹੈ ਯਾ ਨਹੀਂ, ਜਰਾ ਪ੍ਰੀਖਿਆ ਕਰਕੇ ਤੋ ਦੇਖ ਲੇਂ, ਐਸਾ ਵਿਚਾਰ ਕਰ ਸਵਰਗ ਕੇ ਚਾਰ ਫਲ ਲੇਕਰ ਜਹਾਂ ਚਾਰੋਂ ਭਾਈ ਬਨ ਮੇਂ ਤਪਸਿਆ ਕਰ ਰਹੇ ਥੇ, ਇੰਦਰ ਨੇ ਆਕਰ ਦੇਖਾ ਕਿ ਚਾਰੋਂ ਭਾਈਓਂ ਕੀ ਸਮਾਧੀ ਲਗੀ ਹੂਈ ਹੈ, ਇਸ ਲੀਏ ਥੋੜੇ ਫਾਸਲੇ ਪਰ ਬੈਠਾ ਰਹਾ ਜਬ ਉਨਕੀ ਸਮਾਧੀ ਖੁਲੀ, ਤਦ ਚਾਰੋਂ ਫਲ ਆਗੇ ਰਖ ਕਰ ਨਮਸਕਾਰ ਕੀ, ਉਨੋਂ ਨੇ ਫਲ ਦੇਖ ਲੀਏ ਔਰ ਇੰਦਰ ਕੋ ਅਸ਼ੀਰਵਾਦ ਕਰੀ, ਪਰੰਤੂ ਜਲਦੀ ਹੀ ਫਿਰ ਸਮਾਧੀ ਮੇਂ ਲੀਣ ਹੋ ਗਏ ਤਬ ਇੰਦਰ ਅਵਕਾਸ ਪਾ ਕਰ ਏਕ ਫਲ ਕੋ ਉਠਾਕਰ ਉਨੋਂ ਕੇ ਸਮੀਪ ਹੀ ਬ੍ਰਿਖੋਂ ਕੀ ਓਟ ਮੇਂ ਛਿਪ ਕਰ ਬੈਠ ਗਿਆ, ਔਰ ਫਲ ਕੇ ਉਠਾਏ ਜਾਨੇ ਸੇ ਉਨ ਕੇ ਮਨ ਮੇਂ ਕਿਆ ੨ ਸੰਕਲਪ ਫੁਰਤੇ ਹੈਂ, ਇਸ ਬਾਤ ਕੇ ਸੁਣਨੇ ਕੀ ਇਛਾ ਕਰਤਾ ਭਇਆ ਜਬ ਸਨਕਾਦਕੋਂ ਕੀ ਫਿਰ ਸਮਾਧੀ ਖੁਲੀ, ਦੇਖੇਂ ਤੋ ਏਕ ਫਲ ਹੈ ਨਹੀਂ ਤਬ ਆਪਸ ਮੇਂ ਚਾਰੋਂ ਭਾਈ ਝਗੜਨੇ ਲਗੇ,

*ਕਹਿਣ ਸ।



ਕਿ ਫਲ ਚਾਰ ਥੇ ਏਕ ਕਹਾਂ ਗਿਆ ? ਏਕ ਦੂਸਰੇ ਪਰ ਸਕ ਕਰਤੇ ਹੂਏ ਆਪਸ ਮੇਂ ਪੂਛਨੇ ਲਗੇ, ਕਿ ਬਤਾਉ ਚਾਰ ਫਲੋਂ ਮੇਂ ਸੇ ਏਕ ਫਲ ਕਿਸ ਨੇ ਖਾਇਆ ਹੈ ? ਜਬ ਚਾਰੋਂ ਨੇ ਕਹਾ ਕਿ ਹਮ ਨੇ ਨਹੀਂ ਖਾਇਆ, ਤਬ ਆਪਸ ਮੇਂ ਕਹਿਨੇ ਲਗੇ ਕਿ ਯਹਾਂ ਜੰਗਲ ਮੇਂ ਔਰ ਤੋ ਕੋਈ ਆਇਆ ਨਹੀਂ ਔਰ ਫਲ ਭੀ ਚਾਰ ਹੀ ਹਮ ਸਭ ਨੇ ਦੇਖੇ ਥੇ ਫਿਰ ਏਕ ਕਹਾਂ ਗਿਆ ? ਸ਼ੱਕ ਹੈ । ਖਾਨੇ ਵਾਲਾ ਅਪਨਾ ਅਪਨਾ ਦੋਸ਼ ਕਹੇ ! ਤਬ ਏਕ ਕਹਿਨੇ ਲਗਾ ਯਦਿ ਮੈਂ ਨੇ ਫਲ ਖਾਇਆ ਹੋਵੇ, ਤੋ ਮੇਰਾ ਸਰੀਰ ਅਤਿ ਮੋਟਾ ਹੋ ਜਾਵੇ ਔਰ ਸ਼ਰੀਰ ਯਾਤਰਾ ਭੀ ਅਪਨੇ ਸੇ ਨ ਹੋ ਸਕੇ, ਮਲ ਮੂਤਰ ਕੇ ਤਿਆਗ ਸਮੇਂ ਦੂਸਰਾ ਆਦਮੀ ਹੀ ਕ੍ਰਿਯਾ ਕਰਾਵੇ, ਐਸਾ ਪਰਾਧੀਨ ਪਤੰਤ੍ਰਤਾ ਕਾ ਦੁਖ ਅਨੁਭਵ ਕਰਾਂ, ਅਗਰ ਮੈਂ ਫਲ ਖਾਇਆ ਹੋਵੇ, ਦੂਸਰਾ ਕਹਿਨੇ ਲਗਾ ਅਗਰ ਮੈਂ ਫਲ ਖਾਇਆ ਹੋ ਤੋ ਕਲਯੁਗ ਕਾ ਮੈਂ ਰਾਜਾ ਬਨੂੰ, ਪਰਜਾ ਕੋ ਪੀੜਤ ਕਰਕੇ ਦੁਖੀ ਕਰੂੰ, ਤਥਾ ਪਰਜਾ ਕੇ ਪਾਪ ਕਾ ਭਾਗੀ ਮੈਂ ਬਨੂੰ । ਤੀਸਰਾ ਭਾਈ ਬੋਲਾ ਅਗਰ ਮੈਂ ਫਲ ਖਾਇਆ ਹੋਵੇ, ਤੋ ਕਾਸ਼ੀ ਮੇਂ ਵਿਸ਼ਵ ਨਾਥ ਕੇ ਮੰਦਰ ਕਾ ਪੁਜਾਰੀ ਹੋ ਜਾਊਂ, ਕਿਉਂਕਿ ਮੈਂ ਨੇ ਏਕ ਪੁਜਾਰੀ ਕੀ ਹਾਲਤ ਦੇਖੀ ਥੀ, ਜਿਸ ਨੇ ਸ੍ਰੀ ਰਾਮ ਚੰਦਰ ਜੀ ਕੇ ਰਾਜ ਮੇਂ ਏਕ ਸਾਧੂ ਕੋ ਯਹ ਦੰਡ ਦੇਤੇ ਹੂਏ ਅਪਨੀ ਕਥਾ ਸੁਨਾਈ ਥੀ, ਵਹ ਕਥਾ ਐਸੇ ਹੈ:-ਸ੍ਰੀ ਰਾਮ ਚੰਦਰ ਜੀ ਕੇ ਰਾਜਜ ਮੇਂ ਮਨੁਸ਼ੋਂ ਕੋ ਪਸੂ ਪੰਖੀ ਆਦਿਕੋਂ ਕੀ, ਸਭ ਬੋਲੀਆਂ ਸਿਖਾਈਆਂ ਜਾਂਦੀਆ ਸੀ, ਔਰ ਸਭ ਕਾ ਇਨਸਾਫ ਕਰਨੇ ਵਾਸਤੇ ਹਾਕਮ ਬੈਠਾਏ ਜਾਤੇ ਥੇ, ਜੋ ਸਭ ਕੀ ਫਰਿਆਦ ਸੁਨ ਕਰ ਧਰਮ ਕਾ ਨਿਆਇ ਕਰੇਂ, ਤਬ ਕੁਤੇ ਨੇ ਏਕ ਸਾਧੂ ਸੇ ਝਗੜਤੇ ਹੂਏ ਆ ਕਰ ਫਰਿਆਦ ਕੀ, ਕਿ ਇਸ ਸਾਧੂ ਨੇ ਮੁਝ ਬੇਗੁਨਾਹ ਕੋ ਲਾਠੀ ਮਾਰੀ ਹੈ, ਉਸੀ ਸਮੇਂ ਸਾਧੂ ਕੋ ਬੁਲਾਇਆ ਗਿਆ, ਔਰ ਪੂਛਾ ਕਿ ਆਪ ਨੇ ਇਸ ਨਿਰਅਪ੍ਰਾਧ ਕੁਤੇ ਕੋ ਕਿਉਂ ਲਾਠੀ ਮਾਰੀ ਹੈ ? ਤਬ ਸਾਧੂ ਨੇ ਕਹਾ ਕਿ ਮੈਂ ਅਪਨੇ ਧਿਆਨ ਜਲਾ ਜਾ ਰਹਾ ਥਾ, ਯੇਹ ਚੌਰਸਤੇ ਮੇਂ ਬੈਠਾ ਹੂਆ ਥਾ, ਮੁਝੇ ਜਾਤਾ ਹੂਆ ਦੇਖ ਕਰ ਮੇਰੇ ਪੀਛੇ ਦੌੜਾ ਔਰ ਭੌਂਕਨੇ ਲਗਾ, ਤਬ ਮੈਂ ਲਾਠੀ ਮਾਰ ਕਰ ਇਸ ਸੇ ਅਪਨਾ ਪੀਛਾ ਛੁਡਾਇਆ, ਕੁਤੇ ਸੇ ਪੂਛਾ ਕਿ ਤੂੰ ਇਸ ਕੇ ਪੀਛੇ ਜਾ ਕਰ ਕਿਉਂ ਭੌਂਕਾ ? ਕੁਤੇ ਨੇ ਕਹਾ ਮੈਂ ਭੌਂਕਾ ਨਹੀਂ ਪਰੰਤੂ ਮੈਂ ਨੇ ਅਪਨੀ ਬੋਲੀ ਮੇਂ ਇਸ ਕੋ ਕੁਛ ਉਪਦੇਸ਼ ਕੇ ਬਚਨ ਕਹੇ ਹੈਂ, ਔਰ ਭਾਵ ਨ ਸਮਝ ਕਰ ਇਸ ਨੇ ਮੁਝੇ ਮਾਰਾ ਹੈ, ਕੁਤੇ ਸੇ ਪੂਛਾ ਕਿ ਤੁਮ ਨੇ ਇਸ ਕੋ ਕਿਆ ਉਪਦੇਸ਼ ਕੀਆ ? ਤਬ ਕੁੱਤੇ ਨੇ ਕਹਾ ਕਿ ਮੈਂ ਇਸ ਕੋ ਯਹ ਉਪਦੇਸ਼ ਕੀਆ ਹੈ, ਕਿ ਤੂੰ ਅਸਥਾਨ ਧਾਰੀ ਹੋ ਕਰ ਕਿਉਂ ਰਹਿਤਾ ਹੈ ? ਮਮਤਾ ਸੇ ਰਹਿਤ ਹੋ ਕਰ ਰਹੋ ਜੈਸੇ ਮੈਂ ਚੌਰਸਤੇ ਮੇਂ ਪੜਾ ਰਹਿਤਾ ਹੂੰ, ਜਿਸ ਮੇਂ ਕਿਸੀ ਕੀ ਮਮਤਾ ਨਹੀਂ ਐਸੀ ਜਗਾ ਕਿਉਂ ਨਹੀਂ ਰਹਿਤਾ । ਦੂਸਰੀ ਬਾਤ ਯਹ ਥੀ ਕਿ ਘਰ ਬਾਰ ਛੋਡ ਕਰ ਜਬ ਤੁਮ ਨੇ ਪਰਮੇਸ਼ਵਰ ਕੀ ਸ਼ਰਨ ਲੀ ਹੈ, ਤੋ ਤੂੰ ਪਰਮੇਸਰ ਕੇ ਅਧਾਰ ਕਿਉਂ ਨਹੀਂ ਰਹਿਤਾ ? ਘਰ ਘਰ ਕਿਉਂ ਭਿਖਿਆ ਮਾਗਨੇ ਜਾਤਾ ਹੈ ? ਮੈਂ ਅਪਨੇ ਮਾਲਕ ਕੋ ਛੋੜ

ਕਰ ਕਹੀਂ ਭੀ ਨਹੀਂ ਜਾਤਾ ਹੂੰ, ਮਾਲਕ ਬੇਸ਼ਕ ਥੋੜਾ ਦੇਵੇ ਅਥਵਾ ਬਹੁਤਾ ਦੇਵੇ ਮੈਂ ਉਸ ਮੇਂ ਹੀ ਸੰਤੁਸ਼ਟ ਰਹਿਤਾ ਹੂੰ, ਤੁਮ ਕੋ ਭੀ ਲੋਗੋਂ ਕਾ ਆਸਰਾ ਛੋੜ ਕਰ ਏਕ ਪਰਮੇਸ਼ਰ ਕੇ ਆਸਰੇ ਰਹਿਣਾ ਚਾਹੀਏ:-ਗੁਰੂ ਪ੍ਰਮਾਣ

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥ ਬਹੁਰ ਨ ਤ੍ਰਿਸਨਾ ਲਾਗੈ ਆਇ ॥**

[ਗਉੜੀ ਸੁਖਮਨੀ ਮ: ੫ ਸਫਾ ੨੮੧

ਯਹ ਦੂਸਰੀ ਬਾਤ ਸਾਧੂ ਕੋ ਕਹੀ, ਲਾਠੀ ਮਾਰਨੇ ਪਰ ਫਿਰ ਭੌਂਕ ਕਰ ਤੀਸਰੀ ਬਾਤ ਕਹੀ ਕਿ ਆਪ ਸਾਧੂ ਹੈਂ, ਆਪ ਕੋ ਕਰੋਧ ਨਹੀਂ ਕਰਨਾ ਚਾਹੀਏ ਔਰ ਲਾਠੀ ਨਹੀਂ ਮਾਰਨੀ ਚਾਹੀਏ, ਸੰਤੋਂ ਕੋ ਸੁਖ ਦੁਖ ਸਹਿਨ ਕਰਨਾ ਚਾਹੀਏ। ਗੁਰੂ ਪ੍ਰਮਾਣ:-

**ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥ ਤਥਾ-ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨ ਸੰਤਨਾ ਕੀ ਰੀਤਿ ॥** [ਮਾਰੂ ਮ: ੫ ਸਫਾ ੧੦੧੭

**ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥ ਆਪਨੜੈ ਘਰ ਜਾਈਐ ਪੈਰ ਤਿਨਾ ਦੇ ਚੁੰਮਿ ॥** [ਸਲੋਕ ਫਰੀਦ ਸਫਾ ੧੩੭੮

ਯਹ ਵਚਨ ਕਹਿਨੇ ਪਰ ਇਸ ਨੇ ਦੂਸਰੀ ਲਾਠੀ ਮਾਰੀ, ਇਸ ਵਾਸਤੇ ਇਸ ਕੋ ਸਜ਼ਾ ਦੇਨੀ ਚਾਹੀਏ, ਤਬ ਸੰਤ ਕੋ ਪੂਛਾ ਕਿ ਯਹ ਬਾਤ ਠੀਕ ਹੈ ? ਤਬ ਉਸ ਨੇ ਕਹਾ ਐਸਾ ਹੀ ਹੋਗਾ। ਤਬ ਕੁਤੇ ਸੇ ਪੂਛਾ ਕਿ ਯਹ ਸਾਧੂ ਮਹਾਤਮਾ ਹੈ ਇਸ ਕੋ ਕੈਸੀ ਸਜ਼ਾ ਦੇਨਾ ਚਾਹਤਾ ਹੈਂ ? ਤਬ ਕੁਤੇ ਨੇ ਕਹਾ ਇਸਕੋ ਕਾਸ਼ੀ ਵਿਸ਼ਨਾਥ ਮੰਦਰ ਕਾ ਪੁਜਾਰੀ ਬਨਾ ਦੋ। ਹਾਕਮ ਨੇ ਕਹਾ ਯਹ ਕੋਈ ਸਜ਼ਾ ਹੈ ? ਕੁਤੇ ਨੇ ਕਹਾ ਯਹ ਬੜੀ ਭਾਰੀ ਸਜ਼ਾ ਹੈ ਕਿਉਂਕਿ ਵਹਾਂ ਪੁਜਾਰੀ ਹੋਕਰ ਰਹੇਗਾ, ਔਰ ਸ਼ਿਵਜੀ ਪਰ ਚੜੇ ਹੂਏ ਪਦਾਰਥ ਖਾਏਗਾ ਤੋ ਅਨੇਕ ਜਨਮ ਨੀਚ ਯੋਨੀਓਂ ਕੋ ਪਾਏਗਾ, ਮੁਝ ਸੇ ਆਰਤੀ ਕਰਤੇ ਹੂਏ ਬੱਤੀ ਗਿਰ ਗਈ ਥੀ, ਵੋਹ ਬੱਤੀ ਮੈਂ ਨੇ ਹਾਥ ਸੇ ਉਠਾ ਕਰ ਸੀਧੀ ਕਰੀ, ਉਸ ਸੇ ਬੱਤੀ ਕਾ ਘੀ ਮੇਰੇ ਨਖ ਮੇਂ ਪ੍ਰਵੇਸ਼ ਕਰ ਗਿਆ, ਹਾਥ ਧੋਨੇ ਪਰ ਭੀ ਵੋਹ ਘੀ ਨਖੋਂ ਸੇ ਨ ਨਿਕਲਾ ਬੀਚ ਮੇਂ ਹੀ ਜਮ ਗਿਆ, ਘਰ ਜਾਕਰ ਜਬ ਮੈਂ ਨੇ ਗਰਮ ਗਰਮ ਭੋਜਨ ਪਾਇਆ, ਤੋ ਭੋਜਨ ਕੇ ਪਰਸੰਗ ਸੇ ਘੀ ਪਿਘਲ ਗਿਆ, ਔਰ ਭੋਜਨ ਕੇ ਸਾਥ ਵਹੁ ਭੀ ਅੰਦਰ ਚਲਾ ਗਿਆ, ਉਸ ਸ਼ਰੀਰ ਕੇ ਛੂਟਨੇ ਸੇ ਪੀਛੇ ਉਸ ਪਾਪ ਕਾ ਦੰਡ ਮੇਰੇ ਕੋ ਯਹ ਕੁਤਾ ਸ਼ਰੀਰ ਮਿਲਾ ਹੈ, ਸੋ ਮੈਂ ਨੇ ਇਸ ਕੋ ਬੜਾ ਭਾਰੀ ਦੰਡ ਦੀਆ ਹੈ। ਇਸ ਪ੍ਰਕਾਰ ਤੀਸਰੇ ਭਾਈ ਨੇ ਕਹਾ ਮੇਰੇ ਕੋ ਵੈਸਾ ਹੀ ਦੰਡ ਮਿਲੇ, ਯਾਨੇ ਵਿਸਵਨਾਥ ਕਾ ਪੁਜਾਰੀ ਹੋ ਜਾਊਂ ਅਗਰ ਮੈਂ ਨੇ ਫਲ ਖਾਇਆ ਹੋਵੇ। ਚੌਥਾ ਭਾਈ ਬੋਲਾ ਯਦਿ ਮੈਂ ਫਲ ਖਾਇਆ ਹੋ, ਵਿਵੇਕੀਓਂ ਕੀ ਦ੍ਰਿਸ਼ਟੀ ਸੇ ਅਤਿ ਨੀਚ, ਭੋਗ ਪ੍ਰਾਇਣ ਔਰ ਪਰਮੇਸਵਰ ਸੇ



ਵਿਮੁਖ ਕਰਨੇ ਵਾਲੀ ਇੰਦਰ ਪਦਵੀ, ਮੇਰੇ ਕੋ ਮਿਲੇ, ਯਹ ਬਾਤ ਸੁਣ ਕਰ ਇੰਦਰ ਬੜਾ ਹੈਰਾਨ ਹੂਆ, ਕਿ ਏਕ ਫਲ ਕੇ ਪੀਛੇ ਚਾਰੋਂ ਭਾਈਓਂ ਮੇਂ ਇਤਨਾ ਵਿਵਾਦ ਹੂਆ ਹੈ, ਕਿ ਜਿਸ ਮੇਂ ਮੇਰੀ ਯਾਨੀ ਇੰਦਰ ਪਦਵੀ ਭੀ ਨੀਚ ਗਿਣੀ ਗਈ ਹੈ, ਤਬ ਸਨਕਾਦਿ ਚਾਰੋਂ ਭਾਈਓਂ ਨੇ ਊਚੇ ਸੁਰ ਸੇ ਪੁਕਾਰ ਕਰ ਕਹਾ, ਹਮਾਰੇ ਮੇਂ ਵਿਰੋਧ ਪਾਨੇ ਵਾਲੇ ਜਿਸ ਦੁਸ਼ਟ ਨੇ ਯਹ ਫਲ ਉਠਾਇਆ ਹੈ, ਵਹੁ ਸਾਮਨੇ ਹੋ ਜਾਵੇ ਨਹੀਂ ਤੋ ਹਮ ਸ਼ਾਪ ਦੇਤੇ ਹੈਂ, ਤਬ ਇੰਦਰ ਡਰਤਾ ਹੁਆ ਫਲ ਹਾਥ ਮੇਂ ਲੇਕਰ ਆਕਰ ਚਰਨੋਂ ਮੇਂ ਪੜਾ, ਔਰ ਕਹਾ ਮਹਾਰਾਜ ਸ਼ਾਪ ਨ ਦੇਨਾ ਫਲ ਮੈਂ ਨੇ ਹੀ ਉਠਾਇਆ ਹੈ, ਤਬ ਸਨਕਾਦਕੋਂ ਨੇ ਪੂਛਾ ਤੁਮ ਨੇ ਕਿਸ ਵਾਸਤੇ ਫਲ ਉਠਾਇਆ ਥਾ ? ਤਬ ਇੰਦਰ ਕਹਿਨੇ ਲਗਾ ਕਿ ਮੇਰੇ ਕੋ ਰਾਗ ਦਵੇਸ਼ ਤਥਾ ਹਰਖ ਸੋਗ ਹੋਤਾ ਰਹਿਤਾ ਹੈ, ਆਪ ਲੋਗੋਂ ਕੋ ਰਾਗ ਦਵੇਸ ਆਦਿ ਹੋਤਾ ਹੈ ਯਾ ਨਹੀਂ, ਇਸ ਕੀ ਪਰੀਖਿਆ ਕਰਨੇ ਕੇ ਲੀਏ ਮੈਂ ਨੇ ਫਲ ਉਠਾਇਆ ਥਾ ? ਤਬ ਸਨਕਾਦੀ ਕਹਿਨੇ ਲਗਾ ਕਿ ਪਦਾਰਥੋਂ ਮੇਂ ਰਾਗ ਦਵੇਸ ਰਹਿਤਾ ਹੀ ਹੈ, ਕਿਉਂਕਿ ਉਨਕਾ ਸਹਿਜ ਸੁਭਾਉ ਹੀ ਹੈ, ਪਰੰਤੂ ਵਿਦਵਾਨ ਕੋ ਅਭਾਸ ਮਾਤਰ ਅਲਪ ਕਾਲ ਰਹਿਤਾ ਹੈ, ਔਰ ਅਗਿਆਨੀ ਕੋ ਹਰ ਸਮੇਂ ਬਨਾ ਹੀ ਰਹਿਤਾ ਹੈ, ਇਸ ਵਾਸਤੇ ਭਗਵਾਨ ਨੇ ਅਰਜਨ ਕੋ ਗੀਤਾ ਕੇ ਤ੍ਰਿਤੀਯ ਅਧਯਾਇ ਕੇ ਚਉਤੀਸਵੇਂ ਸਲੋਕ ਮੇਂ ਕਹਾ ਹੈ:-

**ਸ਼ਲੋਕ-ਇੰਦ੍ਰਿਯਸਯ ਇੰਦ੍ਰਿਯਸਯਾਰਥੇ ਰਾਗ ਦ੍ਵੇਸ਼ੌ ਵਿਵਸਿਥਤੌ, ਤਯੋਰਨ ਵਸਮਾਗਛੇਤ ਤੌ ਹੀ ਅਸਯ ਪਰਿ ਪੰਥਿਨੌ ॥**

[ਗੀਤਾ ਅਧਯਾਯ ੩ ਸ਼ਲੋਕ ੩੪

**ਯਤਤੋ ਹੀ ਆਪਿ ਕੌਂਤੇਯ ਪੁਰਸ਼ਸਯ ਵਿਪਸ੍ਰਿਤ ਇੰਦ੍ਰਿਯਾਣਿ ਪ੍ਰਮਾਥੀਨਿ ਹਰੰਤਿ ਪ੍ਰਸਭੰਮਨ: ॥**

[ਗੀਤਾ ਅਧਯਾਇ ੨ ਸਲੋਕ ੬੦

ਅਰਥ-ਇੰਦ੍ਰਿਯ ਔਰ ਇੰਦ੍ਰਿਯ ਕੇ ਵਿਸ਼ਯ ਮੇਂ ਰਾਗ ਦਵੇਸ਼ ਇਸਥਿਤ ਹੈਂ ਮਨੁਸ਼ ਉਨ ਕੇ ਵਸ ਮੇਂ ਨ ਹੋਵੇ, ਕਿਉਂਕਿ ਰਾਗ ਦਵੇਸ ਕਲਯਾਣਕਾਰੀ ਮਾਰਗ ਮੇਂ ਵਿਘਨ ਕਰਨੇ ਵਾਲਾ ਮਹਾਂ ਸ਼ਤ੍ਰੂ ਹੈ। ਅਰਜੁਨ ਯਤਨ ਕਰਤੇ ਹੂਏ ਗਿਆਨੀ ਪੁਰਸ ਕੇ ਭੀ ਮਨ ਕੋ ਮਧਾਨੀ ਕੀ ਤਰਾਂ, ਮਥਨ ਸਵਭਾਵ ਵਾਲੀ ਇੰਦ੍ਰਿਯਾ ਜਬਰਦਸਤੀ ਵਿਸ਼ਯ ਮਾਰਗ ਮੇਂ ਲੇ ਜਾਤੀ ਹੈਂ। ਇਸ ਲੀਯੇ ਹੇ ਇੰਦ੍ਰ ਇਨ ਵਿਸ਼ਯੋਂ ਕਾ ਸਵਭਾਵ ਹੀ ਐਸਾ ਹੈ, ਜੋ ਇੰਦ੍ਰਿਯੋਂ ਦਵਾਰਾ ਮਨ ਕੋ ਖੈਂਚ ਲੇਤੇ ਹੈਂ, ਪਰੰਤੂ ਅਗਿਆਨੀ ਲੋਗ ਮੈਂ ਕਰਤਾ ਹੂੰ ਐਸੇ ਅਭਿਮਾਨ ਕਰ ਲੇਤੇ ਹੈਂ, ਗਿਆਨੀ ਲੋਗ ਜਾਨਤੇ ਹੈਂ ਕਿ ਇੰਦ੍ਰੀਓਂ ਔਰ ਵਿਸ਼ਯੋਂ ਕਾ ਆਪਸ ਮੇਂ ਵਿਵਹਾਰ ਹੈ, ਯਹ ਜਾਨ ਕਰ ਲਿਪਾਯਮਾਨ ਨਹੀਂ ਹੋਤੇ ਹੈਂ ਯਹ ਬਾਤ ਭਗਵਾਨ ਨੇ ਅਰਜਨ ਕੋ ਭੀ, ਗੀਤਾ ਕੇ ਤੀਸਰੇ ਅਧਿਆਇ ਕੇ ਸਤਾਈਸਮੇਂ ਸਲੋਕ ਮੇਂ ਕਹੀ ਹੈ॥

**ਪ੍ਰਿਕਿਤੇ: ਕ੍ਰਿਯਮਾਣਾਨਿ ਗੁਣਈ: ਕਰਮਾਣੀ ਸਰਵਸ਼: ਅਹੰਕਾਰ**

**ਵਿਮੂਣਾਤਮਾ ਕਰਤਾ ਹੰ ਇਤਿ ਮਨਯਤੇ ॥ ੨੭ ॥ ਤਤ੍ਵ ਵਿਤ੍ਹਮਹ ਬਾਹੋ ਗੁਣ ਕਰਮ ਵਿਭਾਗਯੋ: ॥ ਗੁਣਾ ਗੁਣੇਸ਼ੂ ਵਰਤੰਤੇ ਇਤਿ ਮਤ੍ਵਾ ਨ ਸਜੱਤੇ ॥ ੨੮ ॥ ਸਦ੍ਰਿਸ਼ੰ ਚੇਸ੍ਟਤੇ ਸ੍ਵਸਯਾ: ਪ੍ਰਕ੍ਰਿਤੇਰ ਗਿਆਨ ਵਾਨਪਿ ਪ੍ਰਿਕ੍ਰਿਤੀਂ ਯਾਂਤਿ ਭੂਤਾਨਿ ਨਿਗ੍ਰਹ ਕਿੰ ਕਰਿਸ਼ਯਤਿ ॥ ੩੩ ॥**

ਅਰਥ–ਹੇ ਅਰਜਨ ਸੰਪੂਰਣ ਕਰਮ ਪ੍ਰਿਕ੍ਰਿਤੀ (ਮਾਯਾ ਸੁਭਾਵ) ਕੇ ਗੁਣੋਂ ਦਵਾਰਾ ਕੀਯੇ ਹੂਏ ਹੈਂ, ਤੋ ਭੀ ਅਹੰਕਾਰ ਸੇ ਮੋਹਿਤ ਹੂਆ ਮੂਢ ਪੁਰਸ਼ ਮੈਂ ਕਰਤਾ ਹੂੰ ਐਸੇ ਮਾਨ ਲੇਤਾ ਹੈ। ਪਰੰਤੂ ਹੇ ਮਹਾ ਭੁਜਾ ਵਾਲੇ ਅਰਜਨ ਗੁਣ ਵਿਭਾਗ ਔਰ ਕਰਮ ਵਿਭਾਗ ਕੇ ਮਰਮ ਕੋ ਜਾਨਨੇ ਵਾਲੇ, ਗਿਆਨੀ ਪੁਰਸ਼ ਇੰਦ੍ਰੀਓਂ ਵਿਸ਼ਯੋਂ ਮੇਂ ਪ੍ਰਵਰਤ ਹੋਤੇ ਹੈਂ, ਐਸੇ ਮਾਨ ਕਰ ਲਿਪਾਯਮਾਨ ਨਹੀਂ ਹੋਤੇ, ਜਾਨੇ ਮੈਂ ਕਰਤਾ ਹੂੰ ਐਸੇ ਨਹੀਂ ਮਾਨਤੇ, ਸੁਭਾਵ ਅਨੁਸਾਰ ਚੇਸਟਾ ਸਭ ਕੀ ਹੋਤੀ ਹੈ, ਪਰੰਤੂ ਭੇਦ ਇਤਨਾ ਹੈ ਕਿ ਅਗਿਆਨੀ ਜਾਨਤਾ ਹੈ ਯਹ ਚੇਸਟਾ ਮੇਰੀ ਹੈ, ਔਰ ਗਿਆਨੀ ਜਾਨਤਾ ਹੈ ਯਹ ਚੇਸਟਾ ਇੰਦ੍ਰੀਓ ਨੇ ਕੀ ਹੈ ॥ ੩੩ ॥ ਸਭੀ ਪ੍ਰਾਣੀ ਪ੍ਰਿਕ੍ਰਿਤੀ ਕੋ ਪ੍ਰਾਪਤ ਹੋਤੇ ਹੈਂ ਅਰਥਾਤ ਅਪਨੇ ਸੁਭਾਵ ਕੇ ਅਧੀਨ ਕਰਮ ਕਰਤੇ ਹੈਂ, ਗਿਆਨਵਾਨ ਭੀ ਕਦਾਚਿਤ ਅਪਨੇ ਸੁਭਾਵ ਕੇ ਅਨੁਸਾਰ ਹੀ ਚੇਸਟਾ ਕਰਤਾ ਹੈ, ਫੇਰ ਇਸ ਮੇਂ ਕਿਸੀ ਕਾ ਹਠ ਹੀ ਕਿਆ ਹੈ। ਇਸ ਲੀਯੇ ਹੇ ਇੰਦ੍ਰ ਵਿਸ਼ੇ ਵਿਵਹਾਰ ਮੇਂ ਕਦਾਚਿਤ ਗਿਆਨੀ ਭੀ, ਤਤ੍ਵ ਸੇ ਭੂਲ ਜਾਤੇ ਹੈ ਪਰੰਤੂ ਥੋੜਾ ਕਾਲ, ਔਰ ਅਗਿਆਨੀ ਸਦਾ ਹੀ ਬੇਮੁਖ ਰਹਿਤਾ ਹੈ, ਹਮ ਨੇ ਜੋ ਏਕ ਫਲ ਕੇ ਨਿਮਿਤ ਇਤਨਾ ਵਿਵਾਦ ਕੀਯਾ, ਕਿ ਹਮ ਚਾਰੋਂ ਭਾਈਯੋਂ ਮੇਂ ਚੋਰ ਨ ਹੋਵੇ ਤਥਾ ਝੂਠ ਬੋਲਣੇ ਵਾਲਾ ਨ ਹੋਵੇ, ਵੋ ਕੇਵਲ ਇਸੀ ਵਾਸਤੇ ਹੀ ਵਿਵਾਦ ਕੀਯਾ ਹੈ, ਔਰ ਰਾਗ ਦਵੇਸ਼ ਕਰਨੇ ਕਾ ਵਿਸ਼ਯੋਂ ਕਾ ਸੁਭਾਵ ਹੀ ਹੈ। ਪਰੰਤੂ ਵਿਵੇਕੀ ਜਨ ਥੋੜੇ ਕਾਲ ਮੇਂ ਹੀ ਫਿਰ ਆਪਣੇ ਸ੍ਵਰੂਪ ਕੋ ਪਰਾਪਤ ਹੋ ਜਾਤੇ ਹੈਂ, ਜੈਸੇ ਵਿਸ਼ਯ ਇੰਦ੍ਰੀਓਂ ਕਾ ਸੁਭਾਵ ਆਪਸ ਮੇਂ ਮਿਲਕਰ ਰਾਗ ਦਵੇਸ਼ ਕਰਨੇ ਕਾ ਹੈ, ਤੈਸੇ ਮਨ ਕਾ ਸੁਭਾਵ ਭੀ ਰਾਗ ਦਵੇਸ਼ ਕਰਾਨੇ ਕਾ ਹੈ, ਸੁਭਾਵ ਨਾਮ ਸੁਭਾਵਿਕ ਧਰਮ ਕਾ ਹੈ, ਜੈਸੇ ਨੀਮ ਕਾ ਸੁਭਾਵ ਕਟੂ ਰਹਿਣੇ ਕਾ ਹੈ, ਤੈਸੇ ਮਨ ਕਾ ਸੁਭਾਵ ਵੀ ਹਰਖ ਸੋਗ ਰਾਗ ਦਵੇਸ਼ ਕਰਨੇ ਕਾ ਹੈ, ਜੈਸੇ ਕਬੀਰ ਜੀ ਨੇ ਏਕ ਭੇਖੀ ਯੋਗੀ ਕੋ ਉਪਦੇਸ਼ ਕੀਆ ਹੈ:–

**ਮਨ ਕਾ ਸੁਭਾਉ ਮਨਹਿ ਬਿਆਪੀ ॥ ਮਨਹਿ ਮਾਰਿ ਕਵਨ ਸਿਧਿ ਥਾਪੀ ॥੧॥ ਕਵਨੁ ਸੁ ਮੁਨਿ ਜੋ ਮਨੁ ਮਾਰੈ ॥ ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥੧॥ ਰਹਾਉ ॥ ਮਨ ਅੰਤਰਿ ਬੋਲੈ ਸਭੁ ਕੋਈ ॥ ਮਨ ਮਾਰੇ ਬਿਨੁ ਭਗਤਿ ਨ ਹੋਈ ॥ ੨ ॥ ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥** [ਗਉੜੀ ਕਬੀਰ ਜੀ ਸਫਾ ੩੨੯



ਮਨ ਕੋ ਮਧਸੂਦਨ ਤ੍ਰਿਭਵਣ ਦੇਵ ਮੇਂ ਹੀ ਲੀਨ ਕਰਨੇ ਸੇ, ਥੋ ਪੁਰਸ਼ ਹਰਖ ਸ਼ੋਕ ਰਾਗ ਦਵੇਸ਼ ਮੇਂ ਸਮ ਰਹਿਤਾ ਹੈ, ਔਰ ਪ੍ਰਮਾਤਮਾ ਮੇਂ ਮਨ ਲੀਨ ਕੀਏ ਬਿਨਾ ਅਨੇਕ ਸਾਧਨ ਕਰਨੇ ਪਰ ਭੀ, ਮਨ ਅਪਨੇ ਸੁਭਾਵ ਰਾਗ ਦਵੇਸ ਆਦੀ ਕੋ ਨਹੀਂ ਛੋੜਤਾ। ਜੈਸੇ ਕਬੀਰ ਜੀ ਨੇ ਕਹਾ ਹੈ–

**ਅੰਮ੍ਰਿਤ ਲੇ ਲੇ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥ ਤਥਾ–ਕਹਾ ਸੁਆਨ ਕਉ ਸਿਮ੍ਰਿਤ ਸੁਨਾਏ ॥ ਕਹਾ ਸਾਕਤ ਪਹਿ ਹਰਿ ਗੁਨ ਗਾਏ ॥ ੧ ॥ ਰਾਮ ਰਾਮ ਰਾਮ ਰਮੇ ਰਮਿ ਰਹੀਐ ॥ ਸਾਕਤ ਸਿਉ ਭੂਲਿ ਨਹੀ ਕਹੀਐ ॥ ੧ ॥ ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥ ੨ ॥ ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ ੩ ॥ ਸਾਕਤ ਸੁਆਨੁ ਸਭੁ ਕਰਹਿ ਕਰਾਇਆ ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥**

[ਆਸਾ ਕਬੀਰ ਜੀ ਸਫਾ ੪੮੧

ਅਰਥ–ਨੀਮ ਕੋ ਸ੍ਵਰਗੀਯ ਅੰਮ੍ਰਿਤ ਵ ਗੰਗਾ ਜਲ ਰੂਪੀ ਅੰਮ੍ਰਿਤ, ਵ ਮਿਸਰੀ ਪਾ ਕੇ ਮੀਠਾ ਕੀਆ ਹੂਆ ਜਲ ਰੂਪੀ ਅੰਮ੍ਰਿਤ ਸੇ ਨੀਮ ਕੋ ਸੀਚੋ, ਤੋ ਭੀ ਨੀਮ ਕਾ ਸੁਭਾਉ ਯਾਨੇ ਕਉੜਾਪਨ ਦੂਰ ਹੋ ਜਾਵੇਗਾ ? ਕਿੰਤੂ ਨਹੀਂ ਜਾਏਗਾ। ਐਸੇ ਹੀ ਕੁਤੇ ਕੋ ਧਰਮ ਸ਼ਾਸਤ੍ਰ ਰੂਪੀ ਸਿਮ੍ਰਤੀਆ ਸੁਨਾਣ ਸੇ ਕੁੱਤਾ ਕਿਆ ਬ੍ਰਹਮਚਰਯ ਰੱਖੇਗਾ ? ਕੁੱਤੀ ਕੇ ਪਾਸ ਨਾ ਦੌੜੇਗਾ ? ਕਿੰਤੂ ਜਰੂਰ ਦੌੜੇਗਾ। ਕਿਉਂਕਿ ਉਸ ਦਾ ਸੁਭਾਵ "ਭੀ ਸੋ ਕੁੱਤੀ ਧਾਤ" ਇਸ ਵਾਕ ਅਨੁਸਾਰ ਕੁੱਤੀ ਪਾਸ ਹੀ ਦੌੜਨੇ ਕਾ ਹੈ, ਬ੍ਰਹਮਚਰਯ ਨਹੀਂ ਰਖੇਗਾ ਇਸ ਵਾਸਤੇ ਉਸ ਕੋ ਧਰਮ ਸ਼ਾਸਤ੍ਰ ਸਨਾਣਾ ਨਿਸ਼ਫਲ ਹੈ। ਜੈਸੇ ਕਉਏ ਕੋ ਕਪੂਰ ਖਿਲਾਨੇ ਸੇ ਕਊਆ ਵਿਸ਼ਟਾ ਖਾਨੇ ਸੇ ਹਟੇਗਾ ਨਹੀਂ, ਕਿੰਤੂ ਵਿਸ਼ਟਾ ਹੀ ਖਾਏਗਾ ਅਰ ਆਪਣਾ ਸੁਭਾਵ ਨਹੀਂ ਛੋਡੇਗਾ। ਔਰ ਜੈਸੇ ਬਿਖ ਧਰ ਸਰਪ ਕੋ ਦੂਧ ਪੀਆਈਏ ਤੋ ਕਿਆ ਨਹੀਂ ਕਾਟੇਗਾ ? ਕਿੰਤੂ ਕਾਟੇਗਾ ਅਰ ਆਪਨਾ ਸੁਭਾਵ ਨਹੀਂ ਛੋੜੇਗਾ। ਤੈਸੇ ਮਨਮੁਖ ਅਪਨਾ ਸੁਭਾਵ ਨਹੀਂ ਛੋੜਤੇ। ਗੁਰ ਪ੍ਰਮਾਣ–

**ਕਹਾ ਸਾਕਤ ਪਹਿ ਹਰਿ ਗੁਨ ਗਾਏ ॥** [ਆਸਾ ਕਬੀਰ ਸਫਾ ੪੮੧

ਮਨਮੁਖ ਕੋ ਹਰੀ ਗੁਨ ਗਾ ਕਰ ਸੁਨਾਨੇ ਸੇ ਕਿਆ ਵੋਹੀ ਪਰੇਮੀ ਭਗਤ ਬਨ ਜਾਏਗਾ ? ਕਿੰਤੂ ਨਹੀਂ ਇਸ ਲੀਏ–**ਸਾਕਤ ਸਿਉ ਭੂਲ ਨ ਕਹੀਏ ॥**

**ਸ਼ਲੋਕ ॥ ਉਪਦੇਸ਼ੋ ਨ ਦਾਤਬਯੋ ਯਾਦ੍ਰਿਸ਼ੇ ਤਾਦ੍ਰਿਸ਼ੇ ਜਨੇ ਪਸ਼ਯਵਾਨਰ ਮੂਰਖੇਣ ਸੁਗ੍ਰਹ ਨਿਗ੍ਰਹੀ ਕ੍ਰਿਤਹ ॥ ੧ ॥ ਹਸਤ ਪਾਦ**

**ਸਮੁਪੇਤੋ ਦ੍ਰਿਸ਼ਜਸੇ ਪੁਰਸਾਕ੍ਰਿਤੀ ਸ਼ੀਤੇਨ ਭਿਦਜਸੇ ਮੂੜ ਕਥੰ ਨ ਕੁਰੁਸ਼ੇ ਗ੍ਰਹੰ ॥ ੪੨੨ ॥ ਸੂਚੀ ਮੁਖੀ ਦੁਰਾਚਾਰਾ: ਰੰਡਾ ਪੰਡਿਤ ਵਾਦਿਨੀ ॥ ਨਾਸ਼ੰਕਤੇ ਪ੍ਰਜਲਪੰਤਿ ਤਤ ਕਿੰ ਏਨਾਂ ਨ ਹਨਜਮਿ ਅਹੰ ॥੩॥** [ਪੰਚ ਤੰਤ੍ਰ

ਅਰਥ:–ਜੈਸੇ ਤੈਸੇ ਮਨੁਸ ਕੋ ਉਪਦੇਸ਼ ਨਾ ਦੇਣਾ ਚਾਹੀਏ। ਦੇਖੋ ਏਕ ਮੂਰਖ ਬਾਂਦਰ ਨੇ ਉੱਤਮ ਘਰ ਮੇਂ ਰਹਿਨੇ ਵਾਲੀ ਚਿੜੀ ਕੋ ਨਸ਼ਟ ਭ੍ਰਸ਼ਟ ਕਰ ਦੀਆ ॥੧॥ ਚਿੜੀ ਕਹਿਤੀ ਹੈ ਕਿ ਹੇ ਬਾਂਦਰ ਹਾਥ ਪੈਰ ਸੇ ਯੁਕਤ ਹੂਆ, ਤੂੰ ਪੁਰਸ ਆਕਾਰ ਦੀਖਤਾ ਹੈਂ ਔਰ ਹੇ ਮੂਰਖ ਐਸੇ ਹੋਤੇ ਭੀ ਠੰਢ ਸੇ ਦੁਖ ਪਾਤਾ ਹੂਆ, ਤੂੰ ਆਪਨੇ ਰਹਿਨੇ ਕੇ ਲੀਏ ਘਰ ਕਿਉਂ ਨਹੀਂ ਬਨਾਤਾ ॥ ੨ ॥ ਬਾਂਦਰ ਕਹਿਤਾ ਹੈ ਹੇ ਤਿਖੇ ਮੂੰਹ ਵਾਲੀ ਦੁਰਾਚਾਰ ਰੰਡੀਏ ਬਿਰਥਾ ਬਕਵਾਦ ਨਾ ਕਰ, ਆਪਣੇ ਆਪ ਨੂੰ ਪੰਡਿਤਾ ਬਣਨ ਵਾਲੀ ਇਤਨਾ ਬੋਲਤੀ ਹੁਈ ਤੂੰ ਡਰਦੀ ਨਹੀਂ। ਸੋ ਮੈਂ ਇਸ ਕੋ ਕਿਉਂ ਨਾ ਨਸ਼ਟ ਕਰੂੰ। ਬਾਦਰ ਨੇ ਐਸਾ ਕਹਿ ਕਰ ਚਿੜੀਆ ਕਾ ਘਰ ਆਦੀ ਨਸ਼ਟ ਕਰ ਦੀਆ। ਮਨਮੁਖ ਪਰ ਦੂਸਰਾ ਦ੍ਰਿਸਟਾਂਤ ਕਹਿਤੇ ਹੈਂ। ਗੁਰੂ ਪ੍ਰਮਾਣ:–

**ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ ਲੋਹਾ ਮਾਰਣਿ ਪਾਈਐ ਢਹਹਿ ਨ ਹੋਇ ਕਪਾਸ ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥ ੧ ॥**

[ਮਾਝ ਵਾਰ ਮ: ੪ ਸਫਾ ੧੪੩

**ਤਥਾ–ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥ ੧ ॥ ਕਾਂਇਆ ਮਾਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾ ॥ ੧ ॥ ਰਹਾਉ ॥ ਲਉਕੀ ਅਠਸਠਿ ਤੀਰਥ ਨਾਈ ॥ ਕਉਰਾਪਨੁ ਤਊ ਨ ਜਾਈ ॥ ੨ ॥** [ਸੋਰਠ ਕਬੀਰ ਜੀ ਸਫਾ ੬੫੬

ਭਾਵ ਅਰਥ:–ਜੈਸੇ ਕੜਵੀ ਤੂੰਬੀ ਕੋ ਅਠਸਠ ਤੀਰਥੋਂ ਮੇਂ ਜਾ ਕਰ, ਇਸਨਾਨ ਭੀ ਕਰਾਵੇ ਤੋ ਭੀ ਉਸਕਾ ਕਟੂ ਸੁਭਾਵ ਨਹੀਂ ਜਾਏਗਾ। ਇਸ ਤਰਾਂ ਮਨਮੁਖ ਸਰੀਰ ਕੋ ਬਾਹਰ ਸੇ ਕਿਤਨੀ ਭੀ ਸੁਧੀ ਕਰੇ, ਤੋ ਭੀ ਉਸਕਾ ਸੁਭਾਵ ਯਾਨੀ ਦੁਰਚਾਰ ਨਹੀਂ ਜਾਏਗਾ। ਦੁਰਚਾਰੀ ਹੀ ਬਨਾ ਰਹੇਗਾ। ਔਰ ਗੁਰਮੁਖ ਲੋਕ ਬ੍ਰਹਮ ਵੇਤਾ ਗੁਰੂ ਕੇ ਪਾਸ ਜਾ ਕਰ ਆਪਣੇ ਸੁਭਾਵ ਕੋ ਬਦਲ ਲੇਤੇ ਹੈਂ। ਸਤਸੰਗ ਰੂਪੀ ਪ੍ਰਯਾਗਰਾਜ ਤੀਰਥ ਮੇਂ



ਸ਼ਨਾਨ ਕਰਕੇ ਤਤਕਾਲ ਫਲ ਪਾ ਲੇਤੇ ਹੈਂ।

**ਲਹੈਂ ਚਾਰ ਫਲ ਅੱਛਤ ਤਨ ਸਾਦੂ ਸਮਾਜ ਪ੍ਰਯਾਗ ॥**

**ਚੌਪਈ:–ਮੁਦ ਮੰਗਲ ਮਯਸੰਤਸਮਾਜੂ ॥ ਜੋ ਜਗ ਜੰਗਮ ਤੀਰਥ ਰਾਜੂ ॥ ਮਜਨ ਫਲ ਦੇਖੀਏ ਤਤਕਾਲਾ ॥ ਕਾਕ ਹੋਇ ਪਿਕ ਬਕਹੁ ਮਰਾਲਾ ॥**

ਪ੍ਰਮਾਣ ਤੁਲਸੀ ਰਾਮਾਇਣ:–

ਅਰਥ–ਸੰਟਹੁ ਕੇ ਸੰਗ ਰੂਪੀ ਤੀਰਥ ਮੇਂ ਇਸਨਾਨ ਕਰਨੇ ਸੇ ਤਤਕਾਲ ਹੀ ਫਲ ਦੇਖਾ ਜਾਤਾ ਹੈ। ਕਊਏ ਕੀ ਨਿਆਈਂ ਕਾਂ ਕਾਂ ਕਰਨੇ ਵਾਲੇ ਯਾਨੇ ਬਿਅਰਥ ਬਕਵਾਦ ਕਰਨੇ ਵਾਲੇ ਪੁਰਸ਼, ਕੋਇਲ ਕੀ ਤਰਹ ਮੀਠੇ ਬਚਨ ਬੋਲਨੇ ਵਾਲੇ ਹੋ ਜਾਤੇ ਹੈਂ, ਔਰ ਬਗੁਲੇ ਕੀ ਤਰਹ ਪਖੰਡੀ ਤਥਾ ਦੰਭੀ, ਹੰਸ ਕੇ ਸਮਾਨ ਸਦਾਚਾਰੀ ਹੋ ਜਾਤੇ ਹੈਂ। ਤੁਲਸੀ ਦਾਸ ਜੀ ਉਨ ਕੇ ਨਾਮ ਲੇ ਲੇ ਕਰ ਕਹਿਤੇ ਹੈਂ।

**ਚੌਪਈ–ਸੁਨ ਅਸਚਰਜ ਕਰਹਿ ਜਿ ਨ ਕੋਈ। ਸਤਸੰਗਤ ਮਹਿਮਾ ਨਹਿ ਗੋਈ*। ਬਾਲਮੀਕ ਨਾਰਦ ਘਟ ਯੋਨੀ()। ਨਿਜ ਨਿਜ ਮੁਖਨ ਕਹੀ ਨਿਜ ਹੋਨੀ। ਜਲ ਚਰ ਥਲ ਚਰ ਨਭ ਚਰ ਨਾਨਾ ॥ ਜੇ ਜੜ ਚੇਤਨ ਜੀਵ ਜਹਾਨਾ। ਮਤਿ ਕੀਰਤਿ ਗਤਿ ਭੂਤਿ ਭਲਾਈ। ਜਬ ਮਹਿ ਯਤਨ ਜਹਾਂ ਜਹਿ ਪਾਈ ॥ ਸੋ ਜਾਨਵ ਸਤਿਸੰਗ ਪ੍ਰਭਾਊ। ਲੋਕਹੁ ਵੇਦ ਨ ਆਨ ਉਪਾਊ।**

ਤਥਾ ਗੁਰ ਪ੍ਰਮਾਣ:–

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰਬ ਕੀਤਾ ॥ ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥ ਰਹਾਉ ॥**

ਸਤਿਸੰਗਤ ਕਾ ਮਹਾਤਮ ਕਹਿ ਕਰ ਅਬ ਭਗਤੀ ਕਾ ਮਹਾਤਮ ਕਹਿਤੇ ਹੈਂ–

**ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥ ਸਿੰਘ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥ ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰਸ ਰੀਤਾ[] ॥ ੨ ॥ ੭ ॥ ੩੭ ॥**

[ਬਿਲਾਵਲ ਮ: ੫ ਸਫਾ ੮੧੦

*ਛਿਪੀ ਹੋਈ। ()ਅਗਸਤ। ਖਾਲੀ[ ]।

**ਸ਼ਲੋਕ–ਮਦੋਪ ਸ਼ਮਨੰ ਸ਼ਾਸਤ੍ਰੰ ਖਲਾਨਾਂ ਕੁਰਵਤੇ ਮਦ: ॥ ਚਖਸ਼ੂ ਪ੍ਰਕਾਸ਼ਕੰ ਤੇਜ: ਉਲੂਕਾ ਨਾਂ ਅੰਧਤਾਮਿਵ ॥**

[ਸੁਭਾਸਿਤ ਰਤਨ ਭਾਂਡਾਗਾਰ ਪ੍ਰਿਸਟ ੪੧ ਸਲੋਕ ੧੧

ਅਰਥ–ਸ਼ਾਸਤ੍ਰ ਔਰ ਸਤਿਸੰਗ ਹੰਕਾਰ ਨਾਸ਼ਕ ਹੈਂ, ਪਰੰਤੂ ਮਨਮੁਖ ਕੇ ਹਿਰਦੇ ਮੇਂ ਹੰਕਾਰ ਪੈਦਾ ਕਰਤੇ ਹੈਂ। ਜੈਸੇ ਸੂਰਜ ਨੇਤਰੋਂ ਕੋ ਪ੍ਰਕਾਸ ਦੇਣੇ ਵਾਲਾ ਹੈ, ਪਰੰਤੂ ਉੱਲੂ ਕੇ ਨੇਤਰੋਂ ਮੇਂ ਅੰਧਕਾਰ ਦੇਨੇ ਵਾਲਾ ਹੈ।

**ਸ਼ਲੋਕ–ਯਸਯ ਨਾਸਤਿ ਸ੍ਵਯੰ ਪ੍ਰਗਯਾ ਸ਼ਾਸਤ੍ਰ ਤਸਯ ਕਰੋਤਿ ਲੋਚਨਾ ਭਯਾਂ ਹੀਨਸਯਦਰਪਣੰ ਕਿੰ ਕਰਿਸ਼ਯਤਿ ॥**

ਅਰਥ–ਜਿਸ ਨੂੰ ਆਪਣੀ ਬੁਧੀ ਨਹੀਂ ਸਾਸਤ੍ਰ ਔਰ ਗੁਰੂ ਉਸ ਕੋ ਕੁਛ ਬੋਧ ਨਹੀਂ ਕਰ ਸਕਤੇ, ਜੈਸੇ ਦੋਨੋਂ ਨੇਤਰੋਂ ਸੇ ਹੀਨ ਪੁਰਸ਼ ਕੋ ਦਰਪਣ ਕਿਆ ਕੁਛ ਦਿਖਾ ਸਕਤਾ ਹੈ? ਭਾਵ ਕੁਛ ਭੀ ਨਹੀਂ। ਇਸ ਲੀਏ ਸਤਿਸੰਗ ਮੇਂ ਜਾ ਕਰ ਗੁਰਮੁਖ ਕੋ ਹੀ ਲਾਭ ਹੋਤਾ ਹੈ । ਪਰੰਤੂ ਮਨਮੁਖ ਕੋ ਹਾਨੀ ਹੋਤੀ ਹੈ, ਜੈਸੇ ਸ੍ਵਾਤੀ ਨਛਤ੍ਰ ਕੀ ਬੂੰਦ ਸਿਪੀ ਮੇਂ ਪੜ ਕਰ ਮੋਤੀ ਪੈਦਾ ਕਰਤੀ ਹੈ, ਅਰ ਵੋਹੀ ਸਰਪ ਕੇ ਮੁਖ ਮੇਂ ਪੜ ਕਰ ਵਿਖ ਵਰਧਕ ਹੋ ਜਾਤੀ ਹੈ । ਯਦਪਿ ਸਤਿਸੰਗ ਮੇਂ ਮਨਮੁਖ ਔਰ ਗੁਰਮੁਖ ਦੋਨੋਂ ਹੀ ਇਕੱਠੇ ਰਹਿਤੇ ਹੈਂ ਪਰੰਤੂ ਫਲ ਭਿੰਨ ਭਿੰਨ ਹੋਤਾ ਹੈ।

**ਚੌਪਈ–ਉਪਜਹਿੰ ਏਕ ਸੰਗ ਜਲ ਮਾਹੀ ॥ ਜਲਜ ਜੋਕ ਜਿਮ ਗੁਣ ਵਿਲ ਗਾਹੀ ॥ ਸੁਧਾ ਸੁਰਾ ਸਮ ਸਾਧੁ ਅਸਾਧੂ ॥ ਜਨਕ ਏਕ ਜਗ ਜਲਧਿ ਅਗਾਧੂ ॥**

[ਤੁਲਸੀ ਰਾਮਾਇਣ

ਅਰਥ–ਜੈਸੇ ਜਲ ਮੇਂ ਜੋਕ ਔਰ ਕੰਵਲ ਕੱਠੇ ਪੈਦਾ ਹੋਤੇ ਹੈਂ, ਤਥਾ ਏਕ ਹੀ ਸਮੁੰਦਰ ਸੇ ਵਿਖ ਔਰ ਅੰਮ੍ਰਿਤ ਕੱਠੇ ਨਿਕਲੇ ਹੈਂ, ਤੈਸੇ ਏਕ ਹੀ ਈਸ਼ਵਰ ਸੇ ਸਾਧੂ ਅਸਾਧੂ ਪੈਦਾ ਹੂਏ ਹੈਂ, ਪਰੰਤੂ ਸੁਭਾਵ ਨਿਆਰਾ ਨਿਆਰਾ ਹੈ।

**ਸੁਧਾ ਸੁਧਾਕਰ ਸੁਰਸਰੀ ਸਾਧੂ ॥ ਗਰਲ ਅਨਲ ਕਲਿਮਲ ਸਰਿ ਵਿਆਧੂ ॥**

[ਤੁਲਸੀ ਰਾਮਾਇਣ

ਪਰੰਤੂ 'ਸੁਧਾ' ਅੰਮ੍ਰਿਤ 'ਸੁਧਾਕਰ' ਚੰਦ੍ਰਮਾ 'ਸੁਰਸਰਿ' ਗੰਗਾ ਔਰ ਸਾਧੂ ਲੋਕ ਅਪਨੇ ਕਰਤਬਯ ਸੇ ਭਲੇ ਕਹਿਲਾਤੇ ਹੈਂ ਔਰ 'ਗਰਲ' ਬਿਖ ਅਗਨੀ ਔਰ ਕਰਮ ਨਾਸ਼ਾ ਨਦੀ ਤਥਾ ਦੁਸਟ ਲੋਕ ਯੇ ਅਪਨੀ ਕਰਨੀ ਸੇ ਮੰਦ ਕਹਿਲਾਤੇ ਹੈਂ।

**ਦੋਹਾ–ਭਲੇ ਭਲਾਈ ਪੈ ਲਹਹਿ ਲਹਹਿ ਨੀਚਾਈ ਨੀਚ ॥**
**ਸੁਧਾ ਸਰਾਹੀ ਅੰਮ੍ਰਿਤਾ ਗਰਲ ਸਰਾਹੀਏ ਮੀਚ ॥** [ਤੁਲਸੀ ਰਾਮਾਇਣ



ਭਾਵ ਅਰਥ–ਕਮਲ ਜੜ ਹੈ ਔਰ ਜੋਕ ਚੇਤਨ ਹੈ, ਕੰਵਲ ਜਲ ਸੇ ਉਤਪੰਨ ਹੋ ਕਰ ਜਲ ਕੋ ਨਹੀਂ ਜਾਣ ਸਕਤਾ, ਔਰ ਨਾ ਜਲ ਮੇਂ ਲਿਪਾਇਮਾਨ ਹੋਤਾ ਹੈ। ਐਸੇ ਹੀ ਸੰਤ ਸੰਸਾਰ ਮੇਂ ਉਤਪੰਨ ਹੋ ਕਰ ਸੰਸਾਰ ਕੋ ਜਾਣਤੇ ਨਹੀਂ, ਯਾਨੇ ਮਿਥਿਆ ਸਮਝਤੇ ਹੈਂ ਔਰ ਨਿਰਲੇਪ ਰਹਿਤੇ ਹੈਂ। ਪ੍ਰਮਾਣ ਤੁਲਸੀ ਰਾਮਾਇਣ:–

**ਜਿ ਵਿਰੰਚ ਨਿਰਲੇਪ ਉਪਾਏ ॥ ਪਦਮ ਪਤ੍ਰ ਜਿਮ ਜਗ ਜਲ ਜਾਏ ॥**

ਔਰ ਖਲ ਜੋਕ ਕੇ ਬਰਾਬਰ ਹੈ ਜੋ ਕਿ ਜਗਤ ਕੇ ਦੁਖ ਕੋ ਜਾਨ ਕਰ ਵੀ ਜਗਤ ਮੇਂ ਪੜੇ ਰਹਿਤੇ ਹੈਂ। ਕਿਸੀ ਪੁੰਨ ਵਿਸੇਸ ਕੇ ਪ੍ਰਭਾਵ ਸੇ ਮਨਮੁਖ ਸਤਿਸੰਗ ਮੇਂ ਚਲੇ ਵੀ ਜਾਵੇ, ਤਉ ਭੀ ਉਨਕਾ ਸੁਭਾਵ ਨਹੀਂ ਬਦਲਤਾ। ਪ੍ਰਮਾਣ ਤੁਲਸੀ ਰਾਮਾਇਣ:–

**ਖਲਹੁ ਕਰੈ ਭਲ ਪਾਇ ਸੁ ਸੰਗੂ ॥ ਮਿਟਹਿ ਨ ਮਲਿਨ ਸੁਵਾਉ ਅਭੰਗੂ ॥ ਲਖ ਸੁਵੇਸ ਜਗ ਵੰਚਕ ਜੇਊ ॥ ਵੇਖ ਪ੍ਰਤਾਪ ਪੂਜੀਅਤ ਤੇਊ ॥ ਉਗਰਹਿ ਅੰਤ ਨ ਹੋਇ ਨਿਬਾਹੂ ॥ ਕਾਲ ਨੇਮੀ ਜਿਮ ਰਾਵਣ ਰਾਹੂ ॥**

ਮਨਮੁਖ ਕਿਤਨਾ ਵੀ ਊਪਰ ਸੇ ਅੱਛਾ ਵੇਸ ਧਾਰਨ ਕਰੇ, ਤੋ ਭੀ ਉਸ ਕਾ ਪਾਜ ਅੰਤ ਮੇਂ ਖੁਲ ਜਾਏਗਾ ਰਹੇਗਾ ਨਹੀਂ। ਪਖੰਡ ਸੇ ਮਨੁਸ਼ ਲੋਗੋਂ ਮੇਂ ਪੂਜਯ ਭੀ ਹੋ ਜਾਏਗਾ, ਪਰੰਤੂ ਉਸ ਕਾ ਚਿਤ ਸਾਂਤ ਨਹੀਂ ਹੋਏਗਾ।

**ਸ਼ਲੋਕ–ਅੰਤ: ਸਾਰ ਵਿਹੀਨਸਯ ਸਹਾਯ: ਕਿੰ ਕਰਿਸ਼ਯਤਿ ॥ ਮਲਯੇ ਅਪੀ ਇਸਥਿਤੋ ਵੇਣੁ ਨ ਵੇਣੁ ਸ ਚੰਦਨਾਯਤੇ ॥**

[ਚਾਣਕਯ ਨੀਤੀ

ਅਰਥ–ਅੰਦਰ ਵਿਚਾਰ ਰਹਿਤ ਪੁਰਸ ਕੋ ਸਹਾਇਕ ਕਿਆ ਕਰ ਸਕਤੇ ਹੈਂ, ਮਲਯ ਪਰਬਤ ਪਰ ਇਸਥਿਤ, ਭੀ ਬਾਂਸ ਚੰਦਨ ਨਹੀਂ ਹੋ ਸਕਤਾ। ਔਰ ਗੁਰਮੁਖ ਬਾਹਰ ਲੋਗੋਂ ਮੇਂ ਪੂਜਯ ਨਾ ਭੀ ਹੋਗਾ, ਤੋ ਭੀ ਅੰਦਰ ਸੇ ਸਾਂਤ ਚਿਤ ਰਹੇਗਾ । ਵੁਹ ਮਨਮੁਖ ਸੇ ਕਈ ਗੁਣਾ ਅੱਛਾ ਹੈ ।

**ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥**

ਗੁਰਮੁਖ ਸੇ ਸਭ ਕੋ ਲਾਭ ਪਹੁੰਚਤਾ ਹੈ, ਔਰ ਮਨਮੁਖ ਸੇ ਸਭ ਕੋ ਹਾਨੀ ਹੋਤੀ ਹੈ ਪ੍ਰਮਾਣ ਤੁਲਸੀ ਰਾਮਾਇਣ:–

**ਚੌਪਈ–ਹਾਨਿ ਕੁਸੰਗ ਸੁ ਸੰਗਤਿ ਲਾਹੂ ॥ ਲੋਕਹੁ ਵੇਦ ਵਿਦਤ ਸਭ ਕਾਹੂ ॥ ਗਗਨ ਚੜੇ ਰਜ ਪਵਨ ਪ੍ਰਸੰਗਾ ॥ ਕੀਚਹਿ ਮਿਲਹਿ ਨੀਚ ਜਲ ਸੰਗਾ ॥ ਸਾਧੁ ਅਸਾਧੂ ਸਦਨ ਸ਼ੁਕ ਸਾਰੀ ॥ ਸਮਰਹਿ ਰਾਮ ਦੇਹ ਗਣ ਗਾਰੀ ॥ ਧੂਮ ਕੁਸੰਗਤਿ ਕਾਰਖ ਹੋਈ ॥ ਲਿਖਣਿ ਪੁਰਾਣ ਮੰਜੁ ਮਸਿ ਸੋਹੀ ॥ ਸੋ ਜਲ ਅਨਲ ਅਨਿਲ ਸੰਘਾਤਾ ॥ ਹੋਇ ਜਲਧਿ ਜਗ ਜੀਵਨ ਦਾਤਾ ॥**

ਦੋਹਾ—ਗ੍ਰੈਹ ਭੇਖਜ ਜਲ ਪਵਨ ਪਟ ਪਾਇ ਕੁਜੋਗ ਸਜੋਗ ॥ ਹੋਹਿ ਕੁਵਸਤੁ ਸੁਵਸਤੁ ਜਗ ਲਖੈ ਸੁਲੱਖਣ ਲੋਗ ॥

ਦੋਹ ਕਾ ਭਾਵ ਅਰਥ-ਨਵਗ੍ਰੈਹ ਔਰ ਔਸ਼ਧੀ, ਜਲ, ਵਾਯੂ ਵਸਤਰ ਯੇ ਪਾਂਚੋਂ ਵਸਤੂ ਭਲੇ ਕੇ ਸੰਗ ਸੇ ਸੁਖਦਾਈ, ਬੁਰੇ ਕੇ ਸੰਗ ਸੇ ਦੁਖਦਾਈ ਹੋਤੇ ਹੈਂ। ਭਾਵ ਇਹ ਹੈ ਗੁਰਮੁਖ ਲੋਗ ਸਤਸੰਗ ਮੇਂ ਆ ਕਰ, ਆਪਨਾ ਸੁਭਾਵ ਬਦਲਾ ਕੇ ਆਪ ਭੀ ਸੁਖੀ ਰਹਿਤੇ ਹੈਂ ਔਰ ਦੂਸਰੋਂ ਕੋ ਭੀ ਸੁਖ ਪਹੁੰਚਾਤੇ ਹੈਂ। ਔਰ ਮਨਮੁਖ ਲੋਗ ਅਪਨਾ ਸੁਭਾਵ ਨਾ ਬਦਲਾਤੇ ਹੂਏ, ਆਪ ਭੀ ਦੁਖੀ ਰਹਿਤੇ ਹੈਂ ਔਰ ਦੂਸਰੋਂ ਕੋ ਭੀ, ਦੁਖ ਹੀ ਪਹੁੰਚਾਤੇ ਹੈਂ ਗੁਰੂ ਪ੍ਰਮਾਣ-

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁ ਕਾਰੇ॥
ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ॥
ਲੋਭ ਲਹਰਿ ਸਭੁ ਸੁਆਨ ਹਲਕ ਹੈ ਹਲਕਿਓ ਸਭਹਿ ਬਿਗਾਰੇ॥
[ਨਟ ਨਾਰਇਨ ਅਸਟਪਦੀ ਮ: ੪ ਸਫਾ ੯੮੩

ਤਥਾ—ਚਉਰਾਸੀਹ ਨਰਕ ਸਾਕਤੁ ਭੋਗਾਈਐ ॥ ਜੈਸਾ ਕੀਚੈ ਤੈਸੋ ਪਾਈਐ॥
[ਮਾਰੂ ਸੋ: ਮਹਲਾ ੧ ਸਫਾ ੧੦੨੮

ਤਥਾ—ਜੇ ਮੂਰਖ ਸਮਝਾਈਐ ਸਮਝੈ ਨਾਹੀ ਛਾਵ ਨ ਧੂਪਾ॥ ਮੂਰਖ ਨਾਲ ਚੰਗੇਰੀ ਚੂਪਾ॥
[ਵਾਰ ਭਾ: ਗੁਰਦਾਸ ਪਉੜੀ ੨੦

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥ ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥ ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ ਬਿਖੁ ਮਹਿ ਅੰਮ੍ਰਿਤ ਸਿੰਚੀਐ ਬਿਖੁ ਕਾ ਫਲੁ ਪਾਇਆ ॥ ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥ ੬ ॥
[ਸਾਰਗ ਵਾਰ ਮ: ੫ ਸਫਾ ੧੨੪੪

ਤਥਾ—ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ ਮਨਿਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥ ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ ॥
[ਵਾਰ ਮਾਝ ਸਲੋਕ ਮ: ੫ ਸਫਾ ੧੪੭

ਇਸ ਪ੍ਰਕਾਰ ਮਨਮੁਖ ਆਪਣਾ ਸੁਭਾਵ ਨਹੀਂ ਛੋੜਤੇ, ਗੁਰਮੁਖ ਆਪਣਾ ਸੁਭਾਵ ਛੋੜ ਕਰ, ਪ੍ਰਮੇਸਵਰ ਕੇ ਸਾਥ ਅਭੇਦ ਹੋ ਜਾਤੇ ਹੈਂ॥



ਤਥਾ—ਗੰਗਾ ਕੇ ਸੰਗ ਸਲਿਤਾ ਬਿਗਰੀ ॥ ਸੋ ਸਲਿਤਾ ਗੰਗਾ ਹੋਇ ਨਿਬਰੀ ॥ ੧ ॥ ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥ ੧ ॥ ਰਹਾਉ ॥ ਚੰਦਨ ਕੇ ਸੰਗਿ ਤਰਵਰੁ ਬਿਗਰਿਓ ॥ ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥ ਪਾਰਸ ਕੇ ਸੰਗ ਤਾਂਬਾ ਬਿਗਰਿਓ ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥ ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥ ੪ ॥ ੫ ॥
[ਭੈਰਉ ਬਾਣੀ ਕਬੀਰ ਜੀ ਸਫਾ ੧੧੫੮

ਇਸ ਪਰਕਾਰ ਗੁਰਮੁਖ ਲੋਕ ਅਪਣਾ ਸੁਭਾਵ ਬਦਲ ਕਰ, ਆਪ ਭੀ ਸੁਖੀ ਰਹਿਤੇ ਹੈਂ ਦੂਸਰੋਂ ਕੋ ਭੀ ਸੁਖ ਪਹੁੰਚਾਤੇ ਹੈਂ। ਭਾਵ ਇਹ ਹੈ ਕਿ ਸੁਖ ਦੁਖ ਪ੍ਰਿਕ੍ਰਿਤੀ ਅਰਥਾਤ ਪੁਰਸ਼ ਕੇ ਸੁਭਾਵ ਕੇ ਅਧੀਨ ਹੈ. ਕਿਸੀ ਕਾ ਸੁਭਾਵ ਸਦਾ ਹੀ ਸਕ ਵਾਲਾ ਹੋਤਾ ਹੈ, ਅਰ ਵੋਹ ਰੋਤਾ ਹੀ ਰਹਿਤਾ ਹੈ, ਕਿਸੀ ਕਾ ਸਭਾਵ ਹਸਨੇ ਵਾਲਾ ਹੋਤਾ ਹੈ, ਵੋਹ ਸਦਾ ਹੀ ਪਰਸੰਨ ਪਰਸੰਨ ਰਹਿਤਾ ਹੈ। ਵੋਹ ਭੀ ਮੂਰਖੋਂ ਮੇਂ ਹੀ ਗਿਣੇ ਜਾਤੇ ਹੈਂ ਮੂਰਖ ਕੇ ਖਟ ਲਖਛਣ -

ਦੋਹਰਾ॥ ਅਤਯਾਚਾਰੀ ਅਨਾਚਾਰੀ ਅਤ ਨਿੰਦਾ ਅਤ ਊਪ॥ ਮੂਰਖ ਕੇ ਲਖਛਣ ਯਹੀ ਅਤਿ ਹਾਸੀ ਅਤਿ ਚੂਪ।

ਸ਼ਲੋਕ॥ ਮੂਰਖਸਜ ਪਚ ਚਿਨ੍ਹਾਨਿ ਗਰਵੋ ਦੁਰਵਚਨ ਮੁਖੇ, ਹਠੀ ਚਈਵ ਵਿਸ਼ਾਦੀ ਚ ਸਦੋਕਤੰ ਨਈਵ ਮਨਯਤੇ ॥ ੧ ॥ ਅਮਿਤ ਕੁਰਵਤੇ ਮਿਤ੍ਰ ਮਿਤ੍ਰ ਦ੍ਵੇਸ਼ਿ ਹਿਨਸ੍ਰਿ ਚ। ਕਰਮਆਰੰਭ: ਤਤੋ ਦੁਸਟੰ ਤਮਾਹੂ: ਮੂਢੰ ਚੇਤਸ ॥ ੨ ॥ ਅਨਾਹੂਤ: ਪ੍ਰਵਿਸਤੀ ਹੀ ਅਪ੍ਰਿਸ਼੍ਟ ਬਹੁ ਭਾਸ਼ਤੇ। ਅਵਿਸ਼੍ਵਸੇ ਵਿਸ਼੍ਵਸ੍ਰਿ ਮੂਢਚੇਤਾਨ ਧਰਮ: ॥ ੯ ॥

ਅਰਥ-ਮੂਰਖ ਕੀ ਪਾਂਚ ਨਿਸ਼ਾਨੀ ਹੋਤੀ ਹੈਂ, ਅਹੰਕਾਰ, ਮੁਖ ਸੇ ਕਟੂ ਵਚਨ ਹਠ, ਵਿਸ਼ਾਦ (ਝੂਰਨਾ) ਸਰਸ਼ੇਟ ਪੁਰਸ਼ੋਂ ਕਾ ਉਪਦੇਸ਼ ਨ ਮਾਨਨਾ ॥ ੧ ॥ ਮਿਤਰੋਂ ਕੇ ਸਾਥ ਦ੍ਵੇਸ਼ ਤਥਾ ਹਾਂਸੀ ਕਰਨਾ, ਦੁਸ਼ਟ ਕਰਮੋਂ ਕਾ ਆਰੰਭ ਕਰਨਾ ਐਸੇ ਪੁਰਸ਼ ਕੋ ਮੂੜ੍ਹ ਕਹਿਤੇ ਹੈਂ ॥ ੨ ॥ ਬਿਨਾਂ ਬੁਲਾਏ ਕਿਸੀ ਕੇ ਘਰ ਜਾਨਾ ਬਿਨਾਂ ਪੂਛੇ ਬਹੁਤ ਬੋਲਨਾ ਔਰ ਅਵਿਸ੍ਵਾਸ਼ੀ ਪਰ ਵਿਸ਼ਵਾਸ਼ ਕਰਨੇ ਵਾਲੇ ਕੋ ਮੂਰਖ ਕਹਿਤੇ ਹੈਂ ॥ ੩ ॥ ਗੁਰੂ ਪ੍ਰਮਾਣ -

ਮੂਰਖੁ ਭੋਗੇ ਭੋਗੁ ਦੁਖ ਸਬਾਇਆ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ

**ਗਣਾਇ ਝਗੜਾ ਪਾਇਆ ॥** [ਮਾਝ ਵਾਰ ਮ: ੧ ਸਫਾ ੧੩੫

ਗੁਰਮੁਖ ਆਪਣੀ ਪਰਕਿਰਤੀ ਅਰਥਾਤ ਸੁਭਾਵ ਕੋ ਭੀ ਬਦਲ ਦੇਤਾ ਹੈ ਔਰ ਸੁਖ ਦੁਖ ਮੇਂ ਸਮ ਰਹਿਤਾ ਹੈ ਹਰਖ ਸ਼ੋਕ ਨਹੀਂ ਕਰਤਾ । ਗੁਰੂ ਪ੍ਰਮਾਣ:-

**ਪਰਹਰਿ ਪਾਪ ਪਛਾਣੈ ਆਪੁ ॥ ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥**

ਆਤਮ ਵਿਚਾਰ ਕਰਕੇ ਕਿ ਮਨ ਕਾ ਧਰਮ ਹਰਖ ਸ਼ੋਕ ਹੈ ਔਰ ਮੈਂ ਮਨ ਸੇ ਅਲੱਗ ਅਸੰਗ, ਅਨੰਦ ਸਰੂਪ ਹੂੰ ਮੇਰੇ ਮੇਂ ਹਰਖ ਸ਼ੋਕ ਨਹੀਂ ਐਸਾ ਜਾਣ ਕਰ ਸੁਖ, ਦੁਖ, ਮਾਨ ਅਪਮਾਨ ਮੇਂ ਸਮ ਰਹਿਤਾ ਹੈ ਹਰਖ ਸ਼ੋਕ ਨਹੀਂ ਕਰਤਾ ਹੈ ਗੁਰਮੁਖ ਮਮੁਖਸ਼ੂ ਵਿਚਾਰ ਕਰਤਾ ਹੈ ਕਿ ਜਬ ਮੈਂ ਅਪਨੀ ਮਹਿਮਾ ਮੇਂ ਅਸਥਿਤ ਹੂੰ ਤਬ ਕਹਾਂ ਆਤਮਾ ਔਰ ਕਹਾਂ ਅਨਾਤਮਾ ਹੈ ? ਕਹਾਂ ਸੁਭ ਹੋ ਕਹਾਂ ਅਸ਼ੁਭ ਹੋ ? ਕਹਾਂ ਚਿੰਤਾ ਔਰ ਕਹਾਂ ਅਚਿੰਤਾ ਹੈ ? ਜੈਸੇ ਯਹ ਬਾਤ ਅਸਟਾਵਕਰ ਮੁਨੀ ਰਾਜਾ ਜਨਕ ਕੋ ਕਹਿਤੇ ਭਏ ।

**ਸ਼ਲੋਕ—ਕ੍ਵ ਧਰਮ: ਕ੍ਵ ਚ ਵਾ ਕਾਮ: ਕ੍ਵ ਚ ਅਰਥ ਕ੍ਵ ਵਿਵੇਕਿਤਾ ॥ ਕ੍ਵ ਦ੍ਵੈਤ ਕ੍ਵ ਚ ਅਦ੍ਵੈਤਮ ਸ੍ਵ ਮਹਿਮਿਨੀ ਇਸਥਿਤਸਯ ਮੇ ॥ ੧ ॥ ਕ੍ਵ ਭੂਤੰ ਕ੍ਵ ਭਵਿਸ਼ਯਤ ਵਾ ਵਰਤਮਾਨੰ ਅਪੀਕ੍ਵਵਾ ॥ ਕ੍ਵ ਦੇਸ ਕ੍ਵ ਚ ਵਾ ਨਿਤਯੰ ਸ੍ਵ ਮਹਿਮਨੀ ਇਸਥਿਤਸਯ ਮੇ ॥੨॥ ਕ੍ਵ ਚ ਆਤਮਾ ਕ੍ਵ ਚ ਵਾ ਨ ਆਤਮਾ ਕ੍ਵ ਸ਼ੁਭੰ ਕ੍ਵ ਅਸ਼ੁਭੰ ਤਥਾ । ਕ੍ਵ ਚਿੰਤਾ ਕ੍ਵ ਚ ਵਾ ਅਚਿੰਤਾ ਸ੍ਵ ਮਹਿਮਨੀ ਇਸਤਿਥਸਯ ਮੇ ॥੩॥ ਕ੍ਵ ਸ੍ਵਪਨ: ਕ੍ਵ ਸ਼ੁਸ਼ੁਪਤੀ ਵਾ ਕ੍ਵ ਚ ਜਾਗਰਣੰ ਤਥਾ । ਕ੍ਵ ਤੁਰੀਯੰ ਭਯੰ ਵਾ ਅਪਿ ਸ੍ਵ ਮਹਿਮਿਨੀ ਇਸਥਿ-ਤਸਯ ਮੇ ॥੪॥ ਕ੍ਵ ਦੂਰੰ ਕ੍ਵ ਸਮੀਪੰ ਵਾ ਬਾਹਯੰ ਕ੍ਵ ਅਭਯੰਤਰੰ ਕ੍ਵ ਵਾ। ਕ੍ਵ ਅਸਥੂਲੰ ਕ੍ਵ ਚ ਵਾ ਸੂਖਸਮੰ ਸ੍ਵ ਮਹਿਮਿਨੀ ਇਸਥਿਤਸਯ ਮੇ ॥੫॥ ਕ੍ਵ ਚ ਮ੍ਰਿਤਯੂ: ਜੀਵਤਿੰ ਵਾ ਕ੍ਵ ਲੋਕਾਅਸਯ ਕ੍ਵ ਲੌਕਿਕਾ । ਕ੍ਵ ਲਯ ਕ੍ਵ ਸਮਾਧੀ ਵਾ ਸ੍ਵ ਮਹਿਮਨੀ ਇਸਥਿਤਸਯ ਮੇ ॥ ੬ ਅਲੰ ਤ੍ਰਈਵਰਗ ਕਥਯਾ ਯੋਗਸਯ ਕਥਯਾ ਅਪੀ ਅਲੰ । ਅਲੰ ਵਿਗਿਆਨ ਕਥਯਾ ਵਿਸ੍ਰਾਂਤਸਯ ਮਮ ਆਤਮਨੀ ॥ ੭ ॥** [ਅਸਟਾ ਵਕ੍ਰ ਗੀਤਾ ਪ੍ਰਕਰਣ ੧੯

ਅਪਨੀ ਮਹਿਮਾ ਮੇਂ ਅਰਥਾਤ ਅਸੰਗ ਨਿਰਵਿਕਾਰ ਨਿਰੰਜਨ ਨਿਰਵਿਕਲਪ ਸੁਭਾਵ ਮੇਂ ਇਸਥਿਤ ਜੋ ਮੈਂ ਹੂੰ, " ਉਸ ਇਸਥਿਤ " ਮੇਰੇ ਮੇਂ ਕਹਾਂ ਧਰਮ ਹੈ ? ਕਹਾਂ ਕਾਮ ਹੈ ? ਕਹਾਂ ਅਰਥ ਹੈ ? ਕਹਾਂ ਦ੍ਵੈਤ ਹੈ ? ਕਹਾਂ ਅਦ੍ਵੈਤ ਹੈ ॥ ੧ ॥ ਕਹਾਂ ਯਹ ਤੀਨੋਂ ਪ੍ਰਕਾਰ ਕਾ ਭੂਤ ਭਵਿਸ਼ਯਤ ਵਰਤਮਾਨ ਕਾਲ ਹੈ ॥ ੨ ॥ ਕਹਾਂ ਦੇਸ



ਹੈ ? ਕਹਾਂ ਯੇਹ ਨਿਤਯ ਅਕਾਸ਼ ਹੈ ? ਕਹਾਂ ਆਤਮਾ ਹੈ ? ਕਹਾਂ ਅਨਾਤਮਾ ਹੈ ? ਕਹਾਂ ਸ਼ੁਭ ਹੈ ? ਕਹਾਂ ਅਸ਼ੁਭ ਹੈ ? ਕਹਾ ਚਿੰਤਾ ਹੈ ? ਕਹਾ ਅਚਿੰਤਾ ਹੈ ? ਕਹਾ ਸ੍ਵਪਨ ਹੈ ? ਕਹਾਂ ਸੁਖੋਪਤੀ ਹੈ ? ॥ ੪ ॥ ਕਹਾਂ ਜਾਗਰਤ ਹੈ ? ਕਹਾ ਤੁਰੀਆ ਹੈ ? ਕਹਾ ਭੈ ਹੈ ? ਕਿਆ ਦੂਰ ਹੈ ? ਕਿਆ ਸਮੀਪ ਹੈ ? ॥ ੫ ॥ ਕਿਆ ਬਾਹਰ ਹੈ ? ਕਿਆ ਅੰਦਰ ਹੈ ? ਕਹਾਂ ਅਸਥੂਲ ਹੈ ? ਕਹਾ ਸੂਖਮ ਹੈ ? ॥ ੬ ॥ ਕਹਾ ਮ੍ਰਿਤਯੂ ਹੈ ? ਕਹਾ ਜੀਵਤ ਹੈ ? ਕਹਾਂ ਲੋਕ ਹੈ ? ਕਹਾਂ ਲੋਕੋਂ ਮੇਂ ਰਹਿਨੇ ਵਾਲੇ ਹੈਂ ? ॥ ੮ ॥ ਕਹਾਂ ਲਯ ਹੈ ? ਕਹਾ ਸਮਾਧਿ ਹੈਂ ? ਭਾਵ ਕੁਛ ਭੀ ਨਹੀਂ ਕੇਵਲ ਮੈਂ ਹੀ ਮੈਂ ਹੂੰ ॥ ੩ ॥ ਤਹਾ ਤ੍ਰਿਲੋਕੀ ਕੀ ਕਥਾ ਭੀ ਸਮਾਪਤਿ ਹੈ, ਯੋਗ ਕੀ ਕਥਾ ਭੀ ਸਮਾਪਤਿ ਹੈ ਔਰ ਵਿਗਿਆਨ ਕੀ ਕਥਾ ਭੀ ਸਮਾਪਤਿ ਹੈ ਔਰ ਅਵਿਗਿਆਨ ਕੀ ਕਥਾ ਭੀ ਸਮਾਪਤਿ ਹੈ, ਜਬ ਮੈਂ ਅਪਨੇ ਆਤਮਾ ਮੇਂ ਇਸਥਿਤ ਹੂੰ । ਗੁਰ ਪ੍ਰਮਾਣ :-

**ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥ ਆਪਨੁ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥ ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥ ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥ ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥ ੨ ॥ ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥ ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥ ਜਬ ਅਬਿਗਤ ਅਗੋਚਰ ਪ੍ਰਭੁ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥ ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥ ੩ ॥ ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥ ਜਹ ਨਿਰੰਜਨ ਨਿਰੰਕਾਰ ਨਿਰਬਾਨ ॥ ਤਹ ਕਉਨ ਕਉ ਮਾਨ ਕਉਨ ਅਭਿਮਾਨ ॥ ਜਹ ਸਰੂਪ ਕੇਵਲ ਜਗਦੀਸ ॥ ਤਹਿ ਛਲ ਛਿਦ੍ਰ ਲਗਤ ਕਹੁ ਕੀਸ ॥**

**ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥ ਕਰਨ ਕਰਾਵਨ ਕਰਨੈ ਹਾਰੁ ॥ ਨਾਨਕ ਕਰਤੇ ਕਾ ਨਾਹੀ ਸੁਮਾਰ ॥੪॥ ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥ ਤਬ ਕਵਨ ਮਾਇ ਬਾਪ ਮਿਤ੍ਰੁ ਸੁਤ ਭਾਈ ॥ ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ ॥ ਜਬ ਆਪਨ ਆਪੁ ਆਪਿ ਉਰਿਧਾਰੈ ॥ ਤਬ ਸਗਨ ਅਪਸਗਨ ਕਹਾ ਬੀਚਾਰੈ ॥ ਜਹ ਆਪਨ ਊਚ ਆਪਿ ਨੇਰਾ ॥ ਤਹ ਕਉਨ ਠਾਕੁਰ ਕਉਨੁ ਕਹੀਐ ਚੇਰਾ ॥ ਇਤਿ ਆਦਿ ॥**

[ਗਉੜੀ ਸੁਖਮਨੀ ਮ: ੫ ਸਫਾ ੨੯੧

ਜੇਕਰ ਆਤਮ ਸੁਭਾਉ ਸੇ ਦੇਖੀਏ ਤੋ ਭੀ ਜਗਤ ਹੈ ਨਹੀਂ ਔਰ ਅਨਾਤਮ ਸੁਭਾਉ ਸੇ ਦੇਖੀਏ ਤੋ ਭੀ ਜਗਤ ਹੈ ਨਹੀਂ, ਕਿਉਂਕਿ ਅਨਾਤਮਾ ਕੀ ਕੋਈ ਸੱਤਾ ਹੀ ਨਹੀਂ ਦੋਨੋਂ ਪ੍ਰਕਾਰ ਸੇ ਜਗਤ ਕੈਸੇ ਨਹੀਂ ਹੈ ? ਜੈਸੇ ਏਕ ਗ੍ਰਾਮ ਮੇਂ ਏਕ ਜ਼ਿਮੀਦਾਰ ਰਹਿਤਾ ਥਾ ਉਸ ਕੇ ਪਾਸ ਗਊਆਂ, ਭੈਂਸਾਂ, ਘੋੜੇ, ਬੈਲ ਇਤਿਆਦਿ ਬਹੁਤ ਮਾਲ ਥਾ ਉਸ ਮਾਲ ਕੇ ਚੋਰ ਕਈ ਦਿਨ ਸੇ ਤਕ ਰਹੇ ਥੇ ਉਸ ਮਾਲ ਮੇਂ ਏਕ ਪੂਛ ਕਟਾ ਲੰਡਾ ਝੋਟਾ ਯਾਨੇ ਸੰਢਾ ਭੀ ਥਾ ਚੋਰੋਂ ਨੇ ਉਸ ਕੋ ਭੀ ਦੇਖਾ ਹੂਆ ਥਾ, ਏਕ ਦਿਨ ਸਲਾਹ ਕਰਕੇ ਚੋਰ ਮਾਲ ਚੁਰਾਨੇ ਵਾਸਤੇ ਘਰ ਸੇ ਚਲੇ ਰਾਸਤੇ ਮੇਂ ਏਕ ਦੇਵੀ ਕਾ ਮੰਦਰ ਆਇਆ, ਚੋਰੋਂ ਨੇ ਮੰਦਰ ਮੇਂ ਜਾਕਰ ਦੇਵੀ ਕੀ ਪ੍ਰਾਰਥਨਾ ਕਰੀ, ਔਰ ਸੁਖਨਾ ਸੁਖੀ ਕਿ ਹੇ ਮਾਤੇਸ੍ਵਰੀ ਅਗਰ ਆਜ ਵਾਲਾ ਮਾਲ ਸਾਨੂੰ ਫਬ ਗਿਆ, ਤੋ ਲੰਡਾ ਝੋਟਾ ਤੇਰੀ ਭੇਟ ਕਰੇਂਗੇ । ਐਸੇ ਜਾਕਰ ਜ਼ਿਮੀਦਾਰ ਕੀ ਚੋਰੀ ਕਰੀ ਔਰ ਸਭ ਮਾਲ ਲੈ ਗਏ ਜਬ ਜ਼ਿਮੀਦਾਰ ਕੋ ਜਾਗ ਆਈ ਤੋ ਦੇਖਾ ਕਿ ਮਾਲ ਕੋਈ ਚੁਰਾ ਲੇ ਗਿਆ ਹੈ ਤਬ ਵੋਹ ਚੋਰੋਂ ਕੇ ਪੀਛੇ ਪੜਾ, ਔਰ ਰਸਤੇ ਮੇਂ ਵੋਹੀ ਦੇਵੀ ਕਾ ਮੰਦਰ ਆਇਆ, ਜਿਮੀਦਾਰ ਨੇ ਉਸ ਮੰਦਰ ਕੇ ਅੰਦਰ ਜਾਕਰ ਦੇਵੀ ਕੀ ਪ੍ਰਾਰਥਨਾ ਕਰੀ, ਕਿ ਹੇ ਮਾਤਾ, ਅਗਰ ਮੁਝੇ ਮੇਰਾ ਸਭ ਮਾਲ ਮਿਲ ਗਿਆ, ਤੋ ਲੰਡਾ ਝੋਟਾ ਤੇਰੀ ਭੇਟਾ ਕਰੂੰਗਾ ਅਬ ਦ੍ਰਿਸਟਾਂਤ ਕਾ ਭਾਵ ਯਹ ਨਿਕਲਾ, ਕਿ ਮਾਲ ਚੋਰੋਂ ਕੇ ਘਰ ਮੇਂ ਰਹੇ ਅਥਵਾ ਮਾਲਿਕ ਜ਼ਿਮੀਦਾਰ ਕੇ ਘਰ ਮੇਂ ਰਹੇ। ਦੋਨੋਂ ਪ੍ਰਕਾਰ ਸੇ ਸੰਢਾ ਜੀਵਤ ਨਹੀਂ ਰਹੇਗਾ, ਜੈਸੇ ਲੰਡੇ ਝੋਟੇ ਕੀ ਸੱਤਾ ਨਹੀਂ ਹੈ ਇਸੀ ਪ੍ਰਕਾਰ ਅਨਾਤਮ ਦ੍ਰਿਸ਼ਟੀ ਸੇ ਦੇਖੀਜੇ, ਤਥਾ ਆਤਮ ਦ੍ਰਿਸ਼ਟੀ ਸੇ ਦੇਖੀਏ, ਤੋ ਭੀ ਜਗਤ ਕੀ ਸੱਤਾ ਹੈ ਨਹੀਂ ਕਿਉਂਕਿ ਜਗਤ ਸੱਤ ਨਹੀਂ, ਔਰ ਅਸੱਤ ਭੀ ਨਹੀਂ, ਦੋਨੋਂ ਪਰਕਾਰ ਸੇ ਜਗਤ ਹੈ ਨਹੀਂ, ਜਬ ਜਗਤ ਹੀ ਨਹੀਂ ਤੋ ਹਰਖ ਸੋਗ ਕਹਾਂ ਹੋਗਾ ? ਤਾਂਤੇ ਗੁਰਮੁਖ ਵਿਵੇਕੀ ਲੋਕ ਸੁਖ ਦੁਖ ਮੇਂ ਮਾਨ ਅਪਮਾਨ ਮੇਂ ਸਮ ਰਹਿਤੇ ਹੈ, ਕਿਉਂਕਿ ਸਾਂਖ ਕਾਰਕਾ ਮੇਂ ਲਿਖਾ ਹੈ।

**ਨ ਆਨੰਦੰਅਪਿ ਨਿਰਆਨੰਦੰ ॥ ੧ ॥ ਅਦੁਖੰ ਅਸੁਖੰ ਬ੍ਰਹਮ ਭੂਤ**



**ਭਬਿਯ ਭਾਵ ਆਤਮਕੰ ॥ ੨ ॥**

ਅਰਥ–ਆਤਮਾ ਮੇਂ ਨ ਦੁਖ ਹੈ ਨ ਸੁਖ ਹੈ ॥ ੧ ॥ ਭੂਤ ਭਵਿਸ਼ਯਤ ਵਰਤਮਾਨ ਤੀਨੋਂ ਕਾਲੋਂ ਮੇਂ ਰਹਿਨੇ ਵਾਲੇ ਬ੍ਰਹਮ ਮੇਂ, ਨ ਦੁਖ ਹੈ ਨ ਸੁਖ ਹੈ ਦੁਖ ਸੁਖ ਅੰਤਹਕਰਣ ਕੇ ਧਰਮ ਹੈਂ, ਇਸ ਸੇ ਅਪਨੇ ਕੋ ਅਸੰਗ ਜਾਨ ਕਰ ਸੁਖ ਦੁਖ ਨੇਂ ਸਮ ਰਹਿਨਾ ਚਾਹੀਏ, ਇਸ ਪ੍ਰਕਾਰ ਸੁਖ ਦੁਖ ਮੇਂ ਸਮ ਰਹਿਨੇ ਕੀ, ਪਾਂਚਵੀਂ ਯੁਕਤੀ ਯਾਨੇ ਸੁਭਾਵ ਅਧੀਨਤ੍ਵ ਸੁਖ ਦੁਖ ਹੈ, ਐਸਾ ਪ੍ਰਸੰਗ ਕਹਿਤੇ ਦਿਨ ਸਮਾਪਤ ਹੋ ਗਿਆ, ਔਰ ਪ੍ਰੇਮੀ ਲੋਗ ਸੁਣ ਕਰ ਗਦ ਗਦ ਹੋ ਗਏ, ਔਰ ਸ੍ਰੀ ਨਾਰਾਇਣ ਜੀ ਕੋ ਪੁਨਾ ਧੰਨਵਾਦ ਦੇਤੇ ਭਏ, ਸੰਤ ਉਠ ਖੜੇ ਹੂਏ ਔਰ ਪਰੇਮੀ ਭੀ ਅਪਨੇ ਅਪਨੇ ਘਰੋਂ ਕੋ ਚਲੇ ਗਏ। ਛੇਵੇਂ ਦਿਨ ਫਿਰ ਅਗੇ ਸੇ ਭੀ ਅਧਿਕ ਸਭਾ ਜੁੜ ਗਈ, ਔਰ ਸਭ ਕੀ ਬਿਰਤੀ ਸੰਤੋਂ ਕੀ ਤਰਫ ਲਗ ਰਹੀ ਥੀ, ਇਤਨੇ ਮੇਂ ਸੰਤ ਮੰਡਲੀ ਆ ਗਈ ਤੋ ਸਭ ਨੇ ਉਠ ਕਰ ਨਮਸਕਾਰ ਕਰੀ, ਸੰਤੋਂ ਕੋ ਆਦਰ ਸਤਿਕਾਰ ਸੇ ਬਿਠਲਾਇਆ । ਸ੍ਰੀ ੧੦੮ ਨਾਰਾਇਣ ਹਰੀ ਜੀ ਕੇ ਮਾਤਾ ਪਿਤਾ ਭੀ ਆ ਗਏ ਉਨ ਕੋ ਆਪ ਜੀ ਨੇ ਨਮਸਕਾਰ ਕਰਕੇ ਪਾਸ ਬਿਠਲਾਇਆ, ਵੋਹ ਭੀ ਗਦਗਦ ਹੂਏ, ਫਿਰ ਸਭ ਸਤਸੰਗੀਓਂ ਨੇ ਪ੍ਰਾਰਥਨਾ ਕਰੀ ਮਹਾਰਾਜ ! ਸੁਖ ਦੁਖ ਦੋਨੋਂ ਸਮ ਕਰ ਜਾਣੇ ਔਰ ਮਾਨ ਅਪਮਾਨਾ ।'' ਇਸ ਮੇਂ ਕੋਈ ਔਰ ਯੁਕਤੀ ਹੋਵੇ ਤੋ ਵੁਹ ਭੀ ਕ੍ਰਿਪਾ ਕਰਕੇ ਸ੍ਰਵਣ ਕਰਾਓ । ਤਬ ਸ੍ਰੀ ੧੦੮ ਨਾਰਾਇਣ ਹਰੀ ਜੀ ਇਸ ਮੇਂ ਛੇਵੀਂ ਯਕਤੀ ਕਰਮ ਅਧੀਨਤ੍ਵ ਹੈ ਯਾਨੇ ਭਾਵੀ ਅਧੀਨ ਹੈ ਔਰ ਭਾਵੀ ਅਮੇਟ ਹੈ ਐਸੇ ਜਾਨ ਕਰ, ਸੁਖ ਦੁਖ ਕੇ ਆਨੇ ਪਰ ਹਰਖ ਸੋਗ ਨ ਕਰਨਾ ਚਾਹੀਏ ਜੈਸੇ ਸ਼ਾਸਤ੍ਰ ਮੇਂ ਲਿਖਾ ਹੈ।

**ਸਲੋਕ–ਸੁਖਸਯ ਦੁਖਸਯ ਨ ਕੋਪਿ ਦਾਤਾ। ਪਰੋਦਦਾਤੀਤਿ ਕੁਬੁਧਿਰੇਸਾ ॥ ਅਹੰ ਕਰੋਮੀਤਿਬ੍ਰਿਥਾਭਿਮਾਨ: ॥ ਸ੍ਵਕਰਮ ਸੂਤ੍ਰੇ ਗ੍ਰਥੀ ਤੋਹਿ ਲੋਕਾ: ॥**

[ਅਧਿਆਤਮ ਰਾਮਾਯਣ ਅਯੋਧਿਆ ਕਾਂਡ ਸਰਗ ੬

ਅਰਥ–ਸੁਖ ਤਥਾ ਦੁਖ ਕੇ ਦੇਨੇ ਵਾਲਾ ਦੂਸਰਾ ਕੋਈ ਨਹੀਂ, ਜੋ ਕੋਈ ਦੂਸਰੇ ਕੋ ਦੋਸ਼ ਲਗਾਤਾ ਹੈ, ਕਿ ਅਮੁਕੇ ਨੇ ਮੇਰੇ ਕੋ ਦੁਖ ਦੀਆ ਵਹੁ ਕਬੁਧਿ ਯਾਨੇ ਮਨਮਤਿ ਹੈ, ਕਿਉਂਕਿ ਅਭਿਮਾਨ ਪੂਰਬਕ ਕੀਏ ਹੂਏ, ਕਰਮ ਰੂਪੀ ਸੂਤਰ ਸੇ ਜੀਵ ਬੰਧਾ ਹੂਆ ਹੈ, ਔਰ ਕਰਮੋਂ ਕਾ ਫਲ ਸੁਖ ਦੁਖ ਭੋਗਤਾ ਹੈ, ਔਰ ਤੀਬਰ ਪ੍ਰਾਰਬਧ ਕਰਮ ਕਿਸੀ ਸੇ ਭੀ ਬਿਨਾ ਭੋਗੇ ਨਹੀਂ ਮਿਟੇਗਾ।

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** [ਰਾਮ: ਓਅੰ: ਸਫਾ ੯੩੭

**ਕਬਿੱਤ ॥ ਸੁਖ ਦੁਖ ਹਾਨ ਮ੍ਰਿਤੁ ਲਿਖਤ ਲੇਖ ਜੰਤਰ ਕੇ, ਵਸ ਕੁਛ ਨਾਹੀ ਜੰਤ੍ਰੀ ਜਗਦੀਸ਼ ਹੈ ॥ ਭੋਗਤ ਵਿਵਸ਼ ਹੋਇ ਕਰਮ ਕ੍ਰਿਤ ਗਤਿ, ਇਸ ਪਰ ਕਰਤੋਸ਼ ਕਾਰਣ ਤੋ ਈਸ਼ ਹੈ ॥ ਕਰਤਾ ਪਰਧਾਨ ਕਿਧੋ ਕਰਮ ਕਿਧੋਂ ਹੈ ਜੀਵ ਘਾਟ ਵਾਧ ਕੌਨ ਕੌਨ ਬਿਸਵਾ ਬੀਸ ਹੈ ॥**

**ਉਸਤਤਿ ਨਿੰਦਾ ਕਹਾਂ ਬਿਆਪਤ ਹਰਖ ਸੋਗ ਹੋਨਹਾਰ ਕਹੋ ਕਹਾਂ ਗਾਰ ਅਰ ਅਸੀਸ ਹੈ ॥ ਨਰਾਜ ਛੰਦ ॥ ਪਤਾਲ ਮੇਂ ਪ੍ਵੇਸ਼ ਹੈ ਇੰਦਰ ਲੋਕ ਮੇਂ ਪ੍ਵੇਸ਼ ਹੋਵੇ ॥ ਗਰਿੰਦ ਜੋ ਸੁਮੇਰੁ ਚਾਹੇ ਤਾਹੇਂ ਪੈ ਨਵੇਸ਼ ਹੋਵੇ ॥ ਧੁਮੰਤ੍ਰ ਭੇਖਜੰ ਕਰੇ ਬਿਆਧ ਹਾਰ ਕਾਰਣੰ ॥ ਜੋ ਹੋਣਾ ਹੋਵੇ ਸੁ ਹੋਵੇ ਅਤ੍ਰ ਹੇਤੁ ਨ ਵਿਚਾਰਣੰ ॥**

**ਸਲੋਕ ॥ (੧) ਭਵਿਤਵ੍ਯੰ ਭਵਿਤੀਏਵ ਨਾਰਿਕੇਲ ਫਲਾਂਬੁਵਤ ॥ ਗੰਤਬ੍ਯੰ ਗਤੰ ਇਤਿਏਵ ਗਜ ਭੁਕਾ ਕਪਿਥਵਤ ॥** [ਸੁਭਾਸਿਤ ਰਤਨ ਭਾਂਡਾਗਾਰ

**(੨) ਅਵਸ੍ਯ ਮੇਵ ਭੋਕਤਬ੍ਯੰ ਕ੍ਰਿਤਮ ਕਰਮ ਸ਼ਭਾਸ਼ਭੰ । ਨਾਭੁਕਤੰ ਖੀਯਤੇ ਕਰਮ ਕਲਪ ਕੋਟਿ ਸਤਈ: ਅਪਿ ॥** [ਭਗਵਤ ਗੀਤਾ

(੧) ਅਰਥ ਜੋ ਬਾਤ ਹੋਨੇ ਵਾਲੀ ਹੋਤੀ ਹੈ ਵਹੁ ਅਵਸ਼੍ਯ ਹੋਤੀ ਹੈ, ਜੈਸੇ ਊਚੇ ਨਾਰਿਯਲ ਕੇ ਫਲ ਮੇਂ ਜਲ ਨੇ ਅਵਸ਼੍ਯ ਹੋਣਾ ਹੈ, ਸਦਾ ਨੀਚੇ ਗਮਨ ਕਰਨੇ ਵਾਲਾ ਜਲ ਭੀ ਭਾਵੀ ਵਸ, ਉਪਰ ਫਲ ਮੇਂ ਪਹੁੰਚ ਜਾਤਾ ਹੈ ਔਰ ਜੋ ਚੀਜ ਜਾਨੇ ਵਾਲੀ ਹੈ, ਉਸ ਨੇ ਅਵਸ਼੍ਯ ਜਾਣਾ ਹੈ ਰਹਿਣਾ ਹੀ ਨਹੀਂ, ਜੈਸੇ ਹਾਥੀ ਕੇ ਖਾਨੇ ਪਰ ਭੀ ਕਪਿਥ (ਕੈਥਾ) ਯਾਨੇ ਕਵੀਤ ਫਲ, ਹਾਥੀ ਕੇ ਪੇਟ ਮੇਂ ਰਹਿਤਾ ਨਹੀਂ ਲਿਦ ਦਵਾਰਾ ਸਾਬਤ ਹੀ ਬਾਹਰ ਨਿਕਲ ਜਾਤਾ ਹੈ । (੨) ਅਗਿਆਨੀ ਪੁਰਸ਼ੋਂ ਕਾ ਕੀਆ ਹੋਆ ਸ਼ੁਭਾਸ਼ੁਭ ਕਰਮ ਅਵਸ਼ ਹੀ ਭੋਗਨਾ ਪੜਤਾ ਹੈ, ਸੈਂਕੜੇ ਕਰੋੜੋਂ ਕਲਪ ਬੀਤ ਜਾਣੇ ਪਰ ਭੀ ਬਿਨਾ ਭੋਗੇ ਨਾਸ਼ ਨਹੀਂ ਹੋਤਾ ਭੋਗਨਾ ਹੀ ਪੜਤਾ ਹੈ ।

(ਕਥਾ ਰਾਵਣ ਕੇ ਕੰਨਯਾ ਕੀ)

ਰਾਵਣ ਕੇ ਜੀਵਨ ਚਰਿਤਰ ਮੇਂ ਐਸੇ ਲਿਖਾ ਹੈ ਕਿ ਮਹਾਰਾਜਾ ਜਨਕ, ਰਾਤ੍ਰੀ ਕੇ ਤੀਸਰੇ ਪਹਿਰ ਮੇਂ ਵੀਰ ਯਾਤਰਾ ਕਰ ਰਹਾ ਥਾ, ਯਾਨੇ ਸਿਪਾਹੀਓਂ ਕੇ ਵੇਸ ਮੇਂ ਫਿਰ ਰਹਾ ਥਾ ਕਿ ਮੇਰੇ ਰਾਜ੍ਯ ਮੇਂ ਕੋਣ ਸੁਖੀ ਔਰ ਕੌਣ ਦੁਖੀ ਹੈ ? ਘੂਮਤੇ ਘੁਮਤੇ ਏਕ ਜਗ੍ਹਾ ਆਇਆ ਤੋ ਏਕ ਮਾਈ ਕਾ ੬ ਮਾਸ ਕਾ ਬਚਾ, ਅਪਨੀ ਮਾਤਾ ਕੇ ਅਸਥਾਨ ਫੇਰ ਫੇਰ ਮੂੰਹ ਮੇਂ ਪਾਤਾ ਹੈ ਛੋੜਤਾ ਨਹੀਂ, ਮਾਤਾ ਜਬ ਛੁੜਾਤੀ ਥੀ ਤੋ ਬਚਾ ਰੁਦਨ ਕਰਨੇ ਲਗ ਪੜਤਾ ਥਾ, ਐਸੇ ਵਾਰ ਵਾਰ ਮਾਤਾ ਕੇ ਥਣ ਪਕੜ ਕੇ ਮੂੰਹ ਮੇਂ ਪਾਤੇ ਕੋ ਦੇਖ ਕਰ, ਏਕ ਪਤੀ ਬ੍ਰਤਾ ਮਾਈ ਹਸਤੇ ਮੇਂ ਜਾਤੇ ਜਾਤੇ ਬਾਲਕ ਕੀ ਚੇਸ਼ਟਾ ਕੋ ਦੇਖ ਕਰ ਹਸਨੇ ਲਗੀ, ਸਿਪਾਹੀ ਕੇ ਵੇਸ਼ ਮੇਂ ਰਾਜਾ ਜਨਕ ਨੇ ਉਸ ਕੇ ਹਸਨੇ ਕਾ ਕਾਰਨ ਪੂਛਾ, ਤਬ ਵਹੁ ਪਤੀਬ੍ਰਤਾ ਕਹਿਨ ਲਗੀ ਕਿ ਮੇਰੇ ਕੋ ਇਤਨਾ ਸਮਯ ਨਹੀਂ, ਜੋ ਮੈਂ ਇਸ ਬਾਲਕ ਔਰ ਮਾਈ ਕੀ ਕਥਾ ਸੁਣਾ ਸਕੂੰ, ਰਾਜਾ ਨੇ ਸਮਯ ਨਾ ਹੋਨੇ ਕਾ ਕਾਰਣ ਪੂਛਾ, ਤਬ ਵਹੁ ਕਹਿਨੇ ਲਗੀ ਕਿ ਅਜ ਮੇਰੇ ਮਰਣੇ ਕਾ ਦਿਨ ਹੈ, ਇਸ ਵਾਸਤ ਅਬ ਮੈਂ ਨਦੀ ਪਰ ਅਸ਼ਨਾਨ ਕਰਨੇ ਜਾਤੀ ਹੂੰ,



ਔਰ ਅਸ਼ਨਾਨ ਕਰਕੇ ਪਤੀ ਕੇ ਲੀਏ ਜਲ ਕੀ ਗਾਗਰ ਭਰ ਕਰ, ਜਬ ਘਰ ਮੇਂ ਪਹੁੰਚੂੰਗੀ ਤੋ ਮੇਰੇ ਊਪਰ ਮਕਾਨ ਕੀ ਛੱਤ ਗਿਰ ਜਾਏਗੀ, ਔਰ ਮੈ ਮ੍ਰਿਤ੍ਯੂ ਹੋ ਜਾਊਂਗੀ, ਇਸ ਵਾਸਤੇ ਮੈਂ ਕੁਛ ਈਸ਼੍ਵਰ ਸਿਮਰਣ ਕਰ ਲੂੰ, ਔਰ ਕਥਾ ਸੁਨਾਨੇ ਮੇਂ ਸਮਾਂ ਨ ਦੂੰਗੀ, ਐਸੇ ਕਹਿ ਕਰ ਵਹਿ ਚਲ ਪੜੀ, ਰਾਜਾ ਜਨਕ ਉਸ ਕੇ ਪੀਛੇ ੨ ਚਲ ਪੜਾ ਔਰ ਕਹਾ ਕਿ ਮੈਂ ਰਾਜਾ ਜਨਕ ਹੂੰ, ਮੈਂ ਯੇਹ ਪੂਛਤਾ ਹੂੰ ਕਿ ਤੁਝੇ ਕੈਸੇ ਪਤਾ ਚਲਾ ਕਿ ਮੇਰੇ ਪਰ ਅਬ ਛੱਤ ਗਿਰ ਜਾਏਗੀ ? ਪਤਿਬ੍ਰਤਾ ਨੇ ਕਹਾ ਮੈਂ ਪਤਿਬ੍ਰਤਾ ਧਰਮ ਕੇ ਪ੍ਰਭਾਵ ਸੇ ਸਭ ਹਾਲ ਜਾਣਤੀ ਹੂੰ, ਤਬ ਰਾਜਾ ਜਨਕ ਨੇ ਫਿਰ ਪੂਛਾ ਕਿ ਉਸ ਸੇ ਤੁਮ ਬਚ ਕਿਉਂ ਨਹੀਂ ਜਾਤੀ, ਅਰ ਘਰ ਜਾਤੀ ਹੀ ਕਿਉਂ ਹੈ ? ਤਬ ਉਸ ਨੇ ਕਹਾ ਭਾਵੀ ਅਮੇਟ ਹੈ, ਭਾਵੀ ਕੇ ਆਗੇ ਕਿਸੀ ਕਾ ਬਲ ਨਹੀਂ ਚਲਤਾ, ਰਾਜਾ ਨੇ ਕਹਾ ਕਿਸੀ ਰਾਜਾ ਮਹਾਰਾਜਾ ਕਾ ਦੇਵ ਦਨੁਜ ਕਾ, ਈਸ਼ਰ ਕੋਟੀ ਮੇਂ ਆਏ ਹੂਏ ਬ੍ਰਹਮਾਂ ਵਿਸ਼ਨੂੰ, ਸ਼ਿਵ ਆਦਿਕੋਂ ਕਾ ਤੋ ਬਲ ਚਲ ਜਾਤਾ ਹੋਗਾ, ਅਰਥਾਤ ਵੋਹ ਤੋ ਭਾਵੀ ਕੋ ਮੇਟ ਦੇਤੇ ਹੋਂਗੇ, ਪਤਿਬ੍ਰਤਾ ਕਹਿਨੇ ਲਗੀ ਭਾਵੀ ਕੇ ਆਗੇ ਕਿਸੀ ਕਾ ਬਲ ਨਹੀਂ ਚਲ ਸਕਤਾ ।

**ਸਵੈਯਾ ॥ ਸ਼ੇਸ਼ ਸੁਰੇਸ਼ ਮਹੇਸ਼ ਥਕੇ ਬਿਧ ਨਾਹਿ ਕਿਸੀ ਸੇ ਲਿਖੀ ਉਲਟੀ ।**
**ਰਘੁ ਸੋਂ, ਨ੍ਰਿਗ ਸੋਂ ਬਲਿ ਬਾਵਨ ਸੋਂ ਮਹੀਰਾਵਣ ਸੋਂ ਤਿਨ ਸੋਂ ਨ ਹਟੀ ।**
**ਪੁਨ ਪਾਂਡਵ ਸੋਂ, ਦੁਰਯੋਧਨ ਸੋਂ, ਕਛ ਨਾਂਹਿ ਚਲੇ ਜਬ ਔਧ ਘਟੀ ।**
**ਕੰਫਣਾ ਸ਼ਿਸ਼ੁਪਾਲ ਕੇ ਹਾਥ ਰਹਿਓ ਬਿਧਨਾ ਕਛੁ ਔਰ ਕੀ ਔਰ ਠਟੀ ।**

ਭਾਵ ਯਹ ਹੈ ਕਿ ਕਈ ਬਾਤਾਂ ਹੋ ਗਈ ਹੈਂ ਔਰ ਕਈ ਆਨੇ ਵਾਲੀ ਹੈਂ ਭਾਵੀ ਕਿਸੀ ਸੇ ਨਹੀਂ ਟਲੇਗੀ ਤਬ ਰਾਜਾ ਕਹਿਣੇ ਲਗਾ ਅਬ ਭੀ ਕਿਸੀ ਪਰਭਾਵੀ ਆਨੇ ਵਾਲੀ ਹੈ ਜੋ ਉਪਾਇ ਕਰਨੇ ਪਰ ਭੀ ਨ ਟਲੇਗੀ, ਪਤੀਬ੍ਰਤਾ ਨੇ ਕਹਾ ਹਾਂ ! ਰਾਵਣ ਪਰ ਆਨੇ ਵਾਲੀ ਹੈ, ਰਾਵਣ ਕੇ ਘਰ ਏਕ ਲੜਕੀ ਜੰਮੇਗੀ, ਵਹੁ ਭੰਗੀ ਕੇ ਲੜਕੇ ਸਾਥ ਬਿਵਾਹੀ ਜਾਏਗੀ, ਅਨੇਕ ਉਪਾਵ ਕਰਨੇ ਪਰ ਭੀ ਯਹ ਭਾਵੀ ਨ ਟਲੇਗੀ, ਅਗਰ ਤੁਮਾਰੇ ਕੋ ਸ਼ਕ ਹੋ ਤੋ ਜਾ ਕਰ ਦੇਖ ਲੇ, ਐਸਾ ਕਹਿ ਕਰ ਪਤਿਬ੍ਰਤਾ ਮਾਈ ਨੇ ਜਨਕ ਕੋ ਕਹਾ, ਕਿ ਅਬ ਮੁਝੇ ਨ ਬੁਲਾਣਾ, ਰਾਜਾ ਜਨਕ ਐਸੀ ਭਵਿਸ਼ ਕੀ ਬਾਤੇਂ ਸੁਣ ਕਰ ਬੜਾ ਹੈਰਾਨ ਹੂਆ, ਔਰ ਪਤੀਬ੍ਰਤ ਧਰਮ ਕੀ ਸ਼ਲਾਘਾ ਕਰਤਾ ਉਸ ਮਾਈ ਕੇ ਪੀਛੇ ਪੀਛੇ ਚਲ ਪੜਾ। ਮਾਈ ਨਦੀ ਮੇਂ ਜਾ ਕਰ ਇਸ਼ਨਾਨ ਕਰ ਕੇ ਜਲ ਕੀ ਗਾਗਰ ਭਰ ਕਰ, ਘਰ ਕੋ ਚਲ ਪੜੀ ਰਾਜਾ ਜਨਕ ਭੀ ਉਸ ਕੇ ਪੀਛੇ ਪੀਛੇ ਚਲ ਪੜੇ, ਉਸ ਮਾਈ ਨੇ ਘਰ ਮੇਂ ਪਤੀ ਕੇ ਸ਼ਨਾਨ ਵਾਸਤੇ, ਗਾਗਰ ਰਖ ਦੀ ਔਰ ਆਪ ਕਿਸੀ ਕਾਮ ਕੇ ਲੀਏ ਘਰ ਕੇ ਅੰਦਰ ਗਈ, ਤੋ ਅਚਾਨਕ ਛੱਤ ਗਿਰ ਪੜੀ ਔਰ ਮਾਈ ਨੀਚੇ ਆ ਕਰ ਮਰ ਗਈ, ਰਾਜਾ ਜਨਕ ਬਾਹਰ ਖੜਾ ਹੀ ਐਸੀ ਪਤੀਬ੍ਰਤਾ ਕੇ ਮਰਣੇ ਕੋ ਦੇਖ ਕਰ ਬੜਾ ਦੁਖੀ ਹੂਆ, ਪਰੰਤੂ ਭਾਵੀ ਕੇ ਆਗੇ ਪੇਸ਼ ਨਹੀਂ ਗਈ, ਫਿਰ ਰਾਜਾ ਉਸ

ਪਤਿਬ੍ਰਤਾ ਕੀ ਵਾਰਤਾ ਕੋ ਸਿਮਰਣ ਕਰ ਰਾਵਣ ਕੀ ਰਾਜਧਾਨੀ ਮੇਂ ਪਹੁੰਚਾ, ਰਾਵਣ ਨੇ ਬੜਾ ਸਤਿਕਾਰ ਕੀਆ ਔਰ ਆਨੇ ਕਾ ਕਾਰਨ ਪੂਛਾ, ਤਬ ਰਾਜਾ ਜਨਕ ਨੇ ਪਤੀਬ੍ਰਤਾ ਮਾਈ ਕੀ ਸਭ ਕਥਾ ਸੁਣਾਈ, ਤਬ ਰਾਵਣ ਨੇ ਸਭ ਜੋਤਸ਼ੀ ਗਣ, ਦੇਵ ਗਣ, ਰਿਸ਼ੀ ਗਣ ਤਥਾ ਸ੍ਰੀ ਬ੍ਰਹਮਾ ਜੀ ਕੋ ਬੁਲਾਇਆ ਔਰ ਸਿਵਜੀ ਔਰ ਪਾਰਬਤੀ ਜੀ ਕੋ, ਭੀ ਬੁਲਾਇਆ ਫਿਰ ਸਭ ਕੋ ਪ੍ਰਾਰਥਨਾ ਕਰੀ ਕਿ ਇਸ ਭਾਵੀ ਕੋ ਹਟਾਓ, ਤਬ ਸਭ ਨੇ ਜਵਾਬ ਦੇ ਦੀਆ ਕਿ ਭਾਵੀ ਯਾਨੇ ਕਰਮ ਰੇਖ, ਬਦਲਾਨੇ ਮੇਂ ਹਮ ਅਸਮਰਥ ਹੈਂ, ਅਗਰ ਸੂਰਜ ਨਾਰਾਇਣ ਪੂਰਬ ਕੋ ਛੋੜ ਕਰ ਪਛਮ ਸੇ ਉਦੇ ਹੋ ਜਾਵੇ, ਅਗਨਿ ਉਸਨਤਾ ਕੋ ਛੋੜ ਕਰ ਠੰਡੀ ਹੋ ਜਾਵੇ, ਅਚੱਲ ਸੁਮੇਰੂ ਭੀ ਅਗਰ ਗਿਰ ਜਾਵੇ ਪਥਰ ਪਰ ਫੂਲ ਪੈਦਾ ਹੋ ਜਾਏਂ ਯਹ ਸਭ ਵਸਤੂਏਂ ਅਗਰ ਅਪਨਾ ਅਪਨਾ ਸੁਭਾਉ ਬਦਲ ਲੇਂ ਤੋ ਸਚ ਹੈ ਪਰੰਤੂ ਕਰਮ ਰੇਖਾ ਨਹੀਂ ਬਦਲੇਗੀ ਜਬ ਰਾਵਣ ਕੋ ਸਭ ਨੇ ਜਵਾਬ ਦੇ ਦੀਆ ਤਬ ਰਾਵਣ ਕੋ ਬੜਾ ਕਰੋਧ ਹੂਆ ਔਰ ਕਹਿਨੇ ਲਗਾ ਅਛਾ ਜਬ ਲੜਕੀ ਜਨਮੇਗੀ ਤਬ ਮੈਂ ਖੁਦ ਕਰਮ ਰੇਖ ਲਿਖਨੇ ਵਾਲੀ ਬਿਧਾਤਾ ਸੇ ਲੜਾਈ ਕਰੂੰਗਾ, ਜਬ ਸਮਯ ਆਇਆ ਤੋ ਲੜਕੀ ਕਾ ਜਨਮ ਹੂਆ, ਛਠੀ ਵਾਲੀ ਰਾਤ੍ਰੀ ਕੋ ਰਾਵਣ ਤਲਵਾਰ ਲੇਕਰ ਦਰਵਾਜੇ ਪਰ ਖੜਾ ਰਹਾ ਇਤਨੇ ਮੇਂ ਵਿਧਾਤ੍ਰੀ ਕਰਮ ਫਲ ਦਾਤ੍ਰੀ ਲੇਖ ਲਿਖਨੇ ਆਈ ਤਬ ਰਾਵਣ ਨੇ ਉਸ ਕੋ ਕਹਾ ਕਿਆ ਲੇਖ ਲਿਖੇਗੀ? ਉਸ ਨੇ ਕਹਾ ਕਿ ਮੈਂ ਪਹਿਲੇ ਕੁਛ ਨਹੀਂ ਕਹਿ ਸਕਤੀ ਹੂੰ ਕਿਉਂਕਿ ਜਬ ਮੈਂ ਮਸਤਕ ਪਰ ਕਲਮ ਰਖਤੀ ਹੂੰ ਤਬ ਜੈਸੇ ਜੈਸੇ ਅੰਤ੍ਰਯਾਮੀ ਪ੍ਰੇਰਨਾ ਕਰੇਂਗੇ ਵੈਸੇ ਹੀ ਲੇਖ ਲਿਖਾ ਜਾਏਗਾ, ਲਿਖੇ ਜਾਨੇ ਕੇ ਬਾਦ ਮੈਂ ਬਤਾ ਸਕਤੀ ਹੂੰ, ਤੋ ਰਾਵਣ ਨੇ ਕਹਾ ਮੇਰੇ ਸਾਹਮਣੇ ਮਸਤਕ ਪਰ ਕਲਮ ਰਖੋ ਉਸ ਨੇ ਕਲਮ ਰਖੀ ਔਰ ਲੇਖ ਲਿਖਾ ਗਿਆ ਰਾਵਣ ਨੇ ਕਹਾ ਪੜ੍ਹ ਕਰ ਸੁਣਾਓ ਵਿਧ੍ਰਾਤੀ ਨੇ ਸੁਣਾਇਆ ਕਿ ਕੰਨਿਆਂ ਬੜੀ ਸੁੰਦਰ, ਪ੍ਰਤਿਬ੍ਰਤਾ, ਸਦਗੁਣ ਸੰਪੰਨ, ਸੀਲਵੰਤੀ ਹੋਵੇਗੀ, ਪਰੰਤੂ ਜੋ ਤੁਮਾਰੇ ਮਹਿਲੋਂ ਕੀ ਸਫਾਈ ਕਰਤਾ ਹੈ ਉਸ ਭੰਗੀ ਕੇ ਲੜਕੇ ਕੇ ਸਾਥ ਉਸ ਕੀ ਸ਼ਾਦੀ ਹੋਵੇਗੀ ਯਹ ਬਾਤ ਸੁਣ ਕਰ ਰਾਵਨ ਬੜਾ ਕਰੋਧ ਯੁਕਤ ਹੂਆ ਪਰੰਤੂ ਵਿਧਾਤ੍ਰੀ ਨੇ ਉਸ ਕੋ ਕਰਮ ਫਲ ਅਮੇਟ ਸਮਝਾ ਬੁਝਾ ਕਰ ਸ਼ਾਂਤ ਕੀਆ ਵਿਧਾਤ੍ਰੀ ਕੇ ਚਲੇ ਜਾਣੇ ਕੇ ਪੀਛੇ ਫਿਰ ਰਾਵਣ ਕੋ ਕਰੋਧ ਹੂਆ ਔਰ ਉਸ ਭੰਗੀ ਕੇ ਲੜਕੇ ਕੋ ਮੰਗਵਾਇਆ ਜੋ ਕਿ ਛੇ ਮਾਸ ਕਾ ਬੱਚਾ ਥਾ, ਰਾਵਣ ਉਸਕੋ ਦੇਖਤੇ ਹੀ ਝਟ ਉਸ ਪਰ ਤਲਵਾਰ ਚਲਾਣੇ ਲਗਾ ਪਰੰਤੂ ਪਰਜਾ ਸਭ ਬਿਗੜ ਉਠੀ ਔਰ ਕਹਾ ਕਿ ਹਮ ਨਿਸ਼ ਅਪ੍ਰਾਧ ਬਾਲ ਕੋ ਮਾਰਨੇ ਨ ਦੇਂਗੇ ਹਾਂ ਦੇਸ਼ ਨਿਕਾਲਾ ਬੇਸਕ ਦੇਦੋ, ਤਬ ਰਾਵਣ ਨੇ ਨਿਸ਼ਾਨੀ ਕੇ ਵਾਸਤੇ ਉਸ ਕੇ ਪੈਰੋਂ ਕੀ ਉਂਗਲੀਆਂ ਕਟਵਾ ਦੀਂ, ਔਰ ਉਸਕੋ ਜਹਾਜ਼ ਮੇਂ ਬੈਠਾ ਕਰ ਸਮੁੰਦਰ ਸੇ ਪਾਰ ਕਿਸੀ ਜੰਗਲ ਮੇਂ ਫੇਂਕ ਦੀਆ ਉਸ ਜੰਗਲ ਮੇਂ ਕਿਸੀ ਪ੍ਰਕਾਰ ਕੀ ਭੀ ਆਬਾਦੀ ਨਹੀਂ ਥੀ, ਯਹ ਖਿਆਲ ਕੀਆ ਕਿ ਇਸ ਜਗਾ ਬਾਲਕ ਭੂਖ ਕੇ ਮਾਰੇ ਅਪਨੇ ਆਪ ਮਰ ਜਾਇਗਾ, ਪਰੰਤੂ ਬਾਲਕ ਕਾ ਦਈਵ



ਰਖਯਕ ਹੈ ਵੋਹ ਕੈਸੇ ਮਰ ਸਕਤਾ ਹੈ। ਜੈਸੇ ਪੰਚ ਤੰਤ੍ਰ ਮੇਂ ਲਿਖਾ ਹੈ।

**ਸ਼ਲੋਕ-ਅਰਖਜਤੰ ਤਿਸ੍ਟਤੀ ਦਈਵ ਰਖਜਤੰ: ਸੁਰਖਜਤੰ ਦਈਵ ਹਤੰ ਵਿਨਸ਼ਜਤਿ ॥**

[ਸ੍ਰੀ ਮਦ ਭਾਗਵਤ ਸਕੰਦ ੭ ਅਧਿਆਇ ੨

ਅਰਥ-ਮਨੁਸੋਂ ਸੇ ਨ ਰਖਿਆ ਕੀਆ ਹੂਆ ਭੀ ਦਈਵ ਸੇ ਰਖਿਆ ਕੀਆ ਹੂਆ ਰਹਿ ਸਕਤਾ ਹੈ ਔਰ ਮਨੁਸੋਂ ਸੇ ਸੁਰੱਖਿਆ ਕੀਆ ਹੂਆ ਭੀ ਦਈਵ ਹਤ (ਮਰ) ਜਾਤਾ ਹੈ, ਜੈਸੇ ਈਸ੍ਵਰ ਕਰਕੇ ਰਖਿਆ ਕੀਆ ਹੂਆ ਬਾਲਕ ਬਨ ਮੇਂ ਭੀ ਜੀਤਾ ਰਹਾ ਔਰ ਦਈਵ ਕੇ ਮਾਰੇ ਹੁਏ ਪੁਰਸ ਘਰ ਮੇਂ ਭੀ ਮਰ ਜਾਤੇ ਹੈਂ, ਉਸ ਬਾਲਕ ਕੋ ਜਬ ਰਾਵਣ ਬਨ ਮੇਂ ਛੋੜ ਆਇਆ ਤਬ ਤੀਨ ਦਿਨ ਤਕ ਬਾਲਕ ਭੂਖਾ ਰਹਾ ਔਰ ਆਪਨੇ ਹਾਥ ਕਾ ਅੰਗੂਠਾ ਮੂੰਹ ਮੇਂ ਚੂਸਤਾ ਰਹਾ ਤੀਨ ਦਿਨ ਕੇ ਭੂਖੇ ਰਹਿਣੇ ਸੇ ਬ੍ਰਹਮ ਲੋਕ ਤਕ ਪੁਕਾਰ ਪਹੁੰਚੀ ਕਿ ਬਾਲਕ ਕਿਉਂ ਭੂਖਾ ਰਹਿ ਗਿਆ ਹੈ ਫਿਰ ਸਭ ਨੇ ਵਿਚਾਰ ਕਰ ਵਿਧਾਤ੍ਰੀ ਕੋ ਆਗਿਆ ਦੀ ਕਿ ਤੁਮ ਉਸ ਬਾਲਕ ਕੋ ਦੂਧ ਪਿਲਾ ਕਰ ਪਾਲਨਾ ਕਰੋ, ਉਸ ਬਾਲਕ ਕੇ ਵਾਸਤੇ ਵਿਧਾਤ੍ਰੀ ਵਹਾਂ ਆਇਆ ਕਰਤੀ ਔਰ ਉਸ ਕਾ ਅਛੀ ਤਰ੍ਹਾਂ ਪਾਲਣ ਕਰਤੀ ਔਰ ਸਿਖਿਆ ਦੀਆ ਕਰਤੀ ਇਸ ਪ੍ਰਕਾਰ ਵਿਧਾਤ੍ਰੀ ਬਚੇ ਕਾ ਪਾਲਣ ਕਰਤੀ ਰਹੀ ਜਬ ਬਚਾ ਕੁਛ ਬੜਾ ਹੂਆ ਤੋ ਉਸ ਕੋ ਜਲ ਮੇਂ ਤੈਰਨੇ ਔਰ ਬੇੜੀ ਤਥਾ ਜਹਾਜ਼ ਬਣਾਨਾ ਭੀ ਸਿਖਾ ਦੀਆ ਔਰ ਸਾਸਤ੍ਰ ਵਿਦਿਆ ਭੀ ਪੜ੍ਹਾ ਦੀ, ਜਬ ਬਾਲਕ ਸਭ ਤਰ੍ਹਾਂ ਸੇ ਹੋਸ਼ਿਆਰ ਹੋ ਗਿਆ ਔਰ ਧਰਮ ਨਿਪੁਣ ਹੋ ਗਿਆ ਔਰ ਉਮਰ ਉਸ ਕੀ ਅਠਾਰਾਂ ਸਾਲ ਕੀ ਹੋ ਗਈ ਤਬ ਵਿਧਾਤ੍ਰੀ ਨੇ ਉਸ ਕੋ ਬਣਾਏ ਹੂਏ ਜਹਾਜ਼ ਪਰ ਬੈਠਾ ਕਰ ਦੂਸਰੇ ਟਾਪੂ ਮੇਂ ਭੇਜ ਦੀਆ ਕਿਉਂਕਿ ਵਹਾਂ ਕਾ ਰਾਜਾ ਬਿਨਾਂ ਔਲਾਦ ਮਰ ਗਿਆ ਥਾ ਔਰ ਰਾਜ ਮੰਤ੍ਰੀਓਂ ਨੇ ਸਲਾਹ ਕੀ ਕਿ ਜੋ ਅਮੁਕੇ ਦਿਨ ਪ੍ਰਾਤਾਕਾਲ ਸ਼ਾਹੀ ਦਰਵਾਜਾ ਖੋਲਤੇ ਹੀ ਪ੍ਰਿਥਮ ਮਿਲੇਗਾ ਉਸ ਕੋ ਰਾਜ ਗਦੀ ਕਾ ਮਾਲਕ ਬਣਾਇਆ ਜਾਏਗਾ, ਇਸ ਨਿਯਮ ਅਨੁਸਾਰ ਯਹ ਹੀ ਪਹਿਲੇ ਮਿਲਾ ਔਰ ਇਸ ਕੋ ਰਾਜ ਗੱਦੀ ਪਰ ਬੈਠਾ ਕਰ ਇਸ ਕਾ ਨਾਮ ਦੇਵਗਤੀ ਰਖਾ। ਦੇਵਗਤੀ ਵਿਧਾਤ੍ਰੀ ਕੀ ਸਿਖਿਆ ਪਾ ਚੁਕਾ ਥਾ, ਇਸ ਵਾਸਤੇ ਵਹੁ ਰਾਜ ਪਾਲਣ ਮੇਂ ਬੜਾ ਨਿਪੁਣ ਹੂਆ, ਔਰ ਇਸ ਕਾ ਯਸ਼ ਚਾਰੋਂ ਦਿਸਾਓਂ ਮੇਂ ਫੈਲ ਗਿਆ, ਉਸ ਕਾ ਯਸ ਰਾਵਣ ਔਰ ਰਾਵਣ ਕੀ ਕੰਨਿਆਂ ਕੋ ਭੀ ਲੋਗੋਂ ਦਵਾਰਾ ਸਰਵਨ ਹੂਆ, ਔਰ ਉਸ ਕੇ ਜਹਾਂ ਕਹਾਂ ਫੋਟੋ ਭੀ ਛਪੇ ਹੂਏ ਪਹੁੰਚ ਗਏ, ਉਸ ਕੇ ਫੋਟੋ ਮੇਂ ਜਬ ਰਾਵਣ ਔਰ ਉਸ ਕੀ ਲੜਕੀ ਨੇ ਸੁੰਦਰਤਾ ਦੇਖੀ ਤਬ ਰਾਵਣ ਕੇ ਚਿਤ ਮੇਂ ਖਿਆਲ ਹੂਆ ਕਿ ਇਸ ਰਾਜ ਕੁਮਾਰ ਕੇ ਸਾਥ ਅਪਣੀ ਕੰਨਿਆਂ ਕੀ ਸ਼ਾਦੀ ਕਰ ਦੇਂ ਵਹਿ ਕੰਨਿਆਂ ਭੀ ਮਨ ਹੀ ਮਨ ਮੇਂ ਦੇਵਗਤੀ ਕੋ ਆਪਣਾ ਪਤੀ ਨਿਸ਼ਚੇ ਕਰ ਚੁਕੀ ਸੀ, ਰਾਵਣ ਭੀ ਇਸ ਕੇ ਆਸ਼ਯ ਕੋ ਸਮਝ ਗਿਆ ਥਾ, ਇਸ ਵਾਸਤੇ ਰਾਵਣ ਨੇ ਆਪਣਾ ਵਜ਼ੀਰ ਭੇਜਾ, ਪ੍ਰੰਤੂ ਦੇਵਗਤੀ ਨੇ ਸ਼ਾਦੀ ਸੇ ਇਨਕਾਰ ਕਰ ਦੀਆ, ਫਿਰ ਰਾਵਣ ਆਪ ਉਸ ਕੇ ਪਾਸ ਕੰਨਿਆਂ ਲੈ

ਕਰ ਗਿਆ, ਔਰ ਜਬਰਦਸਤੀ ਉਸ ਕੇ ਸਾਥ ਸ਼ਾਦੀ ਕਰਾ ਦੀ, ਸ਼ਾਦੀ ਕਰਾ ਕਰ ਪ੍ਰਸੰਤਾ ਪੂਰਬਕ ਜਬ ਘਰ ਆਇਆ ਤਬ ਸਭ ਦੇਵਤਾਉਂ ਕੋ ਬੁਲਾ ਕਰ ਕਹਾ ਕਿ ਆਪ ਤੋ ਕਹਿਤੇ ਥੇ ਕਿ ਕੰਨਿਆ ਭੰਗੀ ਕੇ ਲੜਕੇ ਕੇ ਸਾਥ ਵਿਵਾਹੀ ਜਾਏਗੀ, ਭਲਾ ਕਹੀਂ ਰਾਜ ਕੰਨਿਆ ਭੀ ਭੰਗੀ ਕੇ ਸਾਥ ਵਿਵਾਹੀ ਜਾ ਸਕਤੀ ਹੈ? ਰਾਜ ਕੰਨਿਆਂ ਰਾਜ ਕੁਮਾਰ ਕੇ ਸਾਥ ਵਿਵਾਹੀ ਜਾ ਸਕਤੀ ਹੈ, ਤਬ ਦੇਵਤਾਓਂ ਨੇ ਕਹਾ ਜੋ ਤੁਮ ਨੇ ਪੈਰੋਂ ਕੀ ਨਿਸ਼ਾਨੀ ਕਰੀ ਥੀ, ਵਹੁ ਦੇਖੀ ? ਨਿਸ਼ਾਨ ਦੇਖਨੇ ਪਰ ਲੜਕਾ ਵੁਹੀ ਨਿਕਲਾ, ਤਬ ਦੇਵਤਾਓਂ ਨੇ ਰਾਵਣ ਕੋ ਸਮਝਾਇਆ ਕਿ ਕਰਮ ਰੇਖ ਕਭੀ ਨਹੀਂ ਮਿਟ ਸਕਤੀ, ਇਸ ਤਰ੍ਹਾਂ ਰਾਵਣ ਭਾਵੀ ਕੋ ਅਮਿਟ ਸਮਝ ਕਰ ਹਰਖ ਸ਼ੋਕ ਸੇ ਰਹਿਤ ਹੋ ਗਿਆ।

ਅਬ ਰਾਜਾ ਜਨਕ ਜੋ ਪਤੀਬ੍ਰਤਾ ਕੀ ਪਰੀਖਿਆ ਕਰਨੇ ਕੇ ਲੀਏ ਰਾਵਣ ਕੇ ਪਾਸ ਆਇਆ ਥਾ, ਵਹੁ ਭੀ ਭਾਵੀ ਕੋ ਅਮਿਟ ਸਮਝ ਕਰ ਹਰਖ ਸੋਗ ਸੇ ਅਤੀਤ ਹੋਕਰ ਰਾਜ ਮੇਂ ਹੀ ਜੀਵਨ ਮੁਕਤਿ ਕਾ ਅਨੰਦ ਅਨਭਵ ਕਰਤਾ ਭਯਾ। ਭਗਤ ਤ੍ਰਿਲੋਚਨ ਨੇ ਭੀ ਅਪਨੀ ਇਸਤ੍ਰੀ ਕੋ "ਨਾਰਾਇਣ ਨਿੰਦਸ ਕਾਏ" ਇਸ ਸ਼ਬਦ ਮੇਂ ਅਨੇਕ ਦ੍ਰਿਸਟਾਂਤ ਦੇ ਕਰ ਸਮਝਾਇਆ ਹੈ ਪਹਿਲੇ ਨਾਰਾਇਣ ਸ਼ਬਦ ਕਾ ਅਰਥ ਸੁਣਾਇਆ ਹੈ।

**ਸਲੋਕ–ਨਾਰਾਇਣ ਪਰੰਪ੍ਰਬ੍ਰਹਮ ਤਤੰ ਨਾਰਾਇਣ: ਪਰ:। ਨਾਰਾਇਣ ਪਰੋਂ ਧਯਾਤ੍ਵਾ ਧਯਾਨੰ ਨਾਰਾਇਣ: ਪਰ: ॥ ੧ ॥ ਯੱਚ ਕਿੰਚਤ ਜਗਤ ਸਰਵੰ ਦ੍ਰਿਸ਼ਯਤੇ ਸ਼੍ਰੂਯਤੇ ਅਪਿਵਾ ॥ ਅੰਤਰ ਬਹਿਸਚ ਤਤ ਸਰਵੰ ਵ੍ਯਾਪਯ ਨਾਰਾਇਣ ਇਸਥਿਤਾ: ॥੨॥ ਨਮਾਮਿ ਨਾਰਾਇਣ ਪਾਦ ਪੰਕਜੰ ਕਰੋਮਿ ਨਾਰਾਇਣ ਪੂਜਨੰ ਸਦਾ ॥ ਵਦਾਮਿ ਨਾਰਾਇਣ ਨਾਮ ਨਿਰਮਲੰ ॥ ਸਿਮਰਾਮਿ ਨਾਰਾਯਣ ਤਤ੍ਵ ਮਬਯਯੰ ॥੩॥ ਨਿਰਗੁਣੰ ਨਿਸ਼ਕ੍ਰਿਯੰ ਨਿਰਮਲੰ ਨਿਰਾਵੇਵੰ ਨਿਰੰਜਨੰ ਨਿਰਾਕਾਰੰ॥ਨਿਰਾਸ੍ਰਯੰ ਨਿਰੱਤਸ਼ਯ ਅਦ੍ਵੈਤ ਪਰਮਾਨੰਦ ਲਖਯਣੰ ਆਦਿ ਨਾਰਾਯਣੰ ॥੪॥ ਓਅੰ ਨਮੋ ਨਾਰਾਯਣਾਯ ਇਤਿ ਤਾਰਕੰ ਚਿਤਾਤਮਕਾਂ ॥ ਇਤਿ ਉਪਾਸਿਤਬਯੰ, ਓਮ ਨਮੋ ਨਾਰਾਯਣਾਯ ਇਤੀ ਮੰਤ੍ਰ ਉਪਾਸ਼ਕੋ ਵੈਕੁੰਠ ਭਵਨੰ ਗਮਿਸ਼ਯਤੀ ॥ ੫ ॥**

ਅਰਥ–ਸ੍ਰੀ ਨਾਰਾਇਣ ਹੀ ਪਰੰਬ੍ਰਹਮ ਹੈ ਨਾਰਾਇਣ ਹੀ ਪਰੰਤਤ੍ਵ ਹੈ, ਨਾਰਾਇਣ ਹੀ ਪਰੰ ਧਿਆਨ ਹੈ, ਨਾਰਾਇਣ ਹੀ ਸਭ ਸੇ ਉਤਕ੍ਰਿਸਟ (ਸ੍ਰੇਸਟ) ਹੈ ॥ ੧ ॥ ਜਗਤ ਮੇਂ ਜੋ ਕੁਛ ਵੀ ਦੇਖਾ ਸੁਨਾ ਜਾਤਾ ਹੈ ਸੋ ਸਰਵ ਅੰਦਰ ਬਾਹਰ ਨਾਰਾਇਣ ਹੀ ਪੂਰਨ ਹੋਕਰ ਇਸਥਿਤ ਹੈ ॥ ੨ ॥ ਨਾਰਾਇਣ ਹੀ ਨਿਰਗੁਣ ਹੈ ਨਾਰਾਇਣ ਹੀ



ਸਰਗੁਣ ਹੈ, ਮੈਂ ਸਰਗੁਣ ਨਾਰਾਇਣ ਕੇ ਚਰਨੋਂ ਮੇਂ ਨਮਸਕਾਰ ਕਰਤਾ ਹੂੰ ਔਰ ਨਾਰਾਇਣ ਕਾ ਹੀ ਸਦਾ ਪੂਜਨ ਕਰਤਾ ਹੂੰ। ਤਥਾ ਨਾਰਾਇਣ ਕੇ ਨਿਰਮਲ ਨਾਮ ਕੋ ਉਚਾਰਨ ਕਰਤਾ ਹੂੰ। ਤਥਾ ਪਾਪ ਕੇ ਨਾਸ਼ ਕਰਨੇ ਵਾਲੇ ਨਾਰਾਇਣ ਕੋ ਹਿਰਦੇ ਮੇਂ ਚਿੰਤਨ ਕਰਤਾ ਹੂੰ ॥ ੩ ॥ ਜੋ ਨਾਰਾਇਣ ਨਿਰਗੁਣ ਸਰੂਪ ਹੈ ਨਿਸ਼ਕ੍ਰਿਯ ਹੈ, ਨਿਰਮਲ ਹੈ, ਨਿਰਦੋਸ ਹੈ, ਨਿਰੰਜਨ ਹੈ, ਨਿਰਾਕਾਰ ਹੈ, ਨਿਰਾਧਾਰ ਹੈ, ਨਿਤ ਅਤਸਯ ਯਾਨੇ ਛੋਟੇ ਬੜੇ ਸੇ ਰਹਿਤ ਹੈ, ਪੂਰਣ ਹੈ, ਅਦੁਤੀਯ ਹੈ, ਏਕ ਹੈ, ਸਰਵ ਕਾ ਆਦਿ ਹੈ, ਪਰਮਾਨੰਦ ਹੈ, ਇਹ ਨਾਰਾਇਣ ਕੇ ਲਖਛਣ ਹੈਂ ॥ ੪ ॥ ਓਮ ਨਮੋ ਨਾਰਾਇਣਾਯ ਇਹ ਤਾਰਕ ਮੰਤ੍ਰ ਗਿਆਨ ਰੂਪ ਚਿੰਤਨ ਕਰਨੇ ਕੇ ਯੋਗ ਹੈ, ਇਹ ਮੰਤ੍ਰ ਜਪਨੇ ਵਾਲੇ ਉਪਾਸਕ ਕੋ ਵੈਕੁੰਠ ਭਵਨ ਮੇਂ ਪ੍ਰਾਪਤ ਕਰਤਾ ਹੈ। ਐਸੇ ਨਾਰਾਇਣ ਕੀ ਤੂੰ ਨਿੰਦਾ ਨਾ ਕਰ। ਐਸੇ ਭਗਤ ਤ੍ਰਿਲੋਚਨ ਜੀ ਆਪਣੀ ਇਸਤ੍ਰੀ ਕੋ ਸਮਝਾਤੇ ਹੈਂ। ਪ੍ਰਮਾਣ:-

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮ ਰੀ ॥ ੧ ॥ ਰਹਾਉ ॥ ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ ਕੁਲ ਜਨ ਮਧੇ ਮਿਲ੍ਯਿੋ ਸਾਰਗਪਾਨ ਰੇ ॥ ਕਰਮ ਕਰਿ ਕਲੰਕ ਮਫੀਟਸਿ ਰੀ ॥ ੧ ॥ ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਂਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥ ੨ ॥ ਅਨਿਕ ਪਾਤਿਕ ਹਰਤਾ ॥ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ ਕਰਮ ਕਰਿ ਕਪਾਲੁ ਮਫੀਟਸਿ ਰੀ ॥ ੩ ॥ ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ ਕਰਮ ਕਰਿ ਖਾਰੁ ਮਫੀਟਸਿ ਰੀ ॥ ੪ ॥ ਦਾਧੀ ਲੇ ਲੰਕਾ ਗੜੁ ਉਪਾੜੀ ਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥ ੫ ॥ ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ ਬਦਤਿ ਤ੍ਰਿਲੋਚਨ ਰਾਮ ਜੀ ॥ ੬ ॥ ੧ ॥**

[ਧਨਾਸਰੀ ਸ੍ਰੀ ਤ੍ਰਿਲੋਚਨ ਜੀ ਸਫਾ ੬੯੫

ਤ੍ਰਿਲੋਚਨ ਭਗਤ ਜੀ ਆਪਣੀ ਇਸਤ੍ਰੀ ਕੋ ਕਰਮ ਕਾ ਫਲ ਸੁਖ ਦੁਖ ਹੈ, ਐਸੇ ਸਮਝਾਤੇ ਹੂਏ ਹਰਖ ਸੋਗ ਸੇ ਰਹਿਤ ਕਰ ਰਹੇ ਹਨ। ਕਿਉਂਕਿ ਗੁਰੂ ਸਾਹਿਬ ਜੀ ਲਿਖਤੇ ਹੈਂ-

**ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ ॥** [ਰਾ: ਵਾ: ਮ: ੩ ਸਫਾ ੯੫੩

ਯਾਨੇ ਕੋਈ ਪਿਆਰਾ ਖੂਹੇ ਮੇਂ ਗਿਰ ਜਾਇ ਤੋ ਉਸ ਕੋ ਨਿਕਾਲਨਾ ਚਾਹੀਏ, ਸੋ ਇਸਤ੍ਰੀ ਪਤਿਬ੍ਰਤਾ ਹੋਣੇ ਕੇ ਕਾਰਨ ਭਗਤ ਤ੍ਰਿਲੋਚਨ ਕੋ ਅਤੀ ਪਿਆਰੀ ਹੈ, ਔਰ

ਹਰਖ ਸੋਗ ਰੂਪੀ ਕੂਏਂ ਮੇਂ ਗਿਰ ਰਹੀ ਹੈ, ਤੋ ਭਗਤ ਤ੍ਰਿਲੋਚਨ ਜੀ ਅਨੇਕ ਦ੍ਰਿਸ਼ਟਾਂਤ ਪ੍ਰਮਾਣ ਤਥਾ ਯੁਕਤੀਓਂ ਦਵਾਰਾ, ਉਸ ਕੋ ਬਾਹਰ ਨਿਕਾਲ ਰਹੇ ਹਨ। ਭਗਤ ਤ੍ਰਿਲੋਚਨ ਕੀ ਇਸਤ੍ਰੀ ਛਿਨ ਛਿਨ ਮੇਂ ਹਰਖ ਸ਼ੋਕ ਕਰਨੇ ਵਾਲੀ ਥੀ, ਔਰ ਕਰੋਧੀ ਸੁਭਾਵ ਵਾਲੀ ਥੀ, ਤਥਾ ਪੁਤਰ ਕੀ ਤੀਬਰ ਇੱਛਾ ਵਾਲੀ ਥੀ, ਔਰ ਨੌਕਰੋਂ ਕੋ ਠਹਿਰਾਨੇ ਨਹੀਂ ਦੇਤੀ ਥੀ। ਔਰ ਭਗਤ ਜੀ ਕੋ ਰਾਤ ਦਿਨ ਯੇਹੀ ਕਹਿਤੀ ਥੀ ਕਿ ਆਪ ਜੋ ਆਠੋਂ ਪਹਿਰ ਪ੍ਰਮਾਤਮਾ ਕਾ ਭਜਨ ਕਰਤੇ ਹੋ, ਵੁਹ ਪ੍ਰਮਾਤਮਾ ਹਮੇਂ ਪੁਤਰ ਤੋ ਦੇਤਾ ਨਹੀਂ ਇਸਤਰਾਂ ਪੁਤਰ ਕੀ ਇੱਛਾ ਸੇ, ਭਗਤ ਕੋ ਰੋਜ ਰੋਜ ਸਤਾਇਆ ਕਰਤੀ ਥੀ, ਭਗਤ ਉਸ ਕੋ ਸਮਝਾਇਆ ਕਰਤਾ ਥਾ, ਕਿ ਪੁਤਰ ਸੇ ਕਦਾਚਿਤ ਵੀ ਸੁਖ ਨਹੀਂ ਮਿਲਤਾ। ਔਰ ਪੁਤਰ ਆਦਿ ਸਾਮਗ੍ਰੀ ਕਰਮੋਂ ਸੇ ਮਿਲਤੀ ਹੈ, ਤੇਰੇ ਕਰਮੋਂ ਮੇਂ ਪੁਤ੍ਰ ਕਾ ਸੁਖ ਨਹੀਂ, ਤੁਮ ਪੁਤਰ ਕੀ ਇੱਛਾ ਛੋੜ ਦੇ, ਤਬ ਵੁਹ ਕਹਿਨੇ ਲਗੀ ਅੱਛਾ ਮੇਰੇ ਕੋ ਏਕ ਸੁਸ਼ੀਲ ਨੌਕਰ ਰਖ ਦੋ, ਕਿਉਂਕਿ ਧਨ ਬਹੁਤ ਹੈ ਇਸ ਧਨ ਸੇ ਕੁਛ ਸੁਖ ਤੋ ਲੇਵੇਂ, ਤਬ ਭਗਤ ਜੀ ਨੇ ਉਸ ਕੋ ਨੌਕਰ ਰਖ ਦੀਆ, ਤਬ ਮਾਈ ਆਪਣੇ ਕਰੋਧੀ ਸੁਭਾਵ ਸੇ ਨੌਕਰ ਕੋ ਤੰਗ ਕੀਆ ਕਰੇ। ਨੌਕਰ ਤੰਗ ਹੋ ਕਰ ਭਾਗ ਜਾਵੇ, ਭਗਤ ਦੂਸਰਾ ਰਖ ਦੇਵੇ। ਇਸ ਤਰਾਂ ਅਨੇਕ ਨੌਕਰ ਰਖੇ, ਪਰੰਤੂ ਮਾਈ ਪਾਸ ਕੋਈ ਰਹਿ ਨ ਸਕਾ, ਤਬ ਭਗਤ ਨੇ ਆਪਣੀ ਇਸਤਰੀ ਕੋ ਬਹੁਤ ਸਮਝਾਯਾ, ਕਿ ਤੇਰੇ ਕ੍ਰੋਧ ਕੇ ਕਾਰਨ ਕੋਈ ਨੌਕਰ ਭੀ ਤੇਰੇ ਪਾਸ ਨਹੀਂ ਠਹਿਰਤਾ, ਇਸ ਵਾਸਤੇ ਤੂੰ ਕਰੋਧ ਛੋੜ ਦੇ। ਆਖਰ ਭਗਵਾਨ ਨੇ ਵਿਚਾਰ ਕੀਆ, ਕਿ ਮੈਂ ਹੀ ਨੌਕਰ ਬਣ ਕਰ ਭਗਤ ਕੀ ਇਸਤਰੀ ਕੋ ਸੁਖ ਦੂੰ, ਤਬ ਨੌਕਰ ਕੇ ਰੂਪ ਮੇਂ ਭਗਵਾਨ ਆਏ, ਔਰ ਉਸ ਮਾਈ ਸੇ ਕਹਾ ਕਿ ਮੈਂ ਨੌਕਰ ਰਹਿਣਾ ਚਾਹਤਾ ਹੂੰ, ਮਾਈ ਨੇ ਕਹਾ ਕਿਆ ਲੇਗਾ ? ਭਗਵਾਨ ਨੇ ਕਹਾ ਮਾਇਆ ਤੋ ਲੂੰਗਾ ਨਹੀਂ, ਸਿਰਫ ਰੋਟੀ ਕਪੜਾ ਲੂੰਗਾ ਰੋਟੀ ਭੀ ਜਿਤਨੀ ਦੇਵੇਂਗੀ ਉਸ ਮੇਂ ਹੀ ਖੁਸ਼ ਕਰੂੰਗਾ। ਪਰੰਤੂ ਕਾਮ ਕਰਤੇ ਕਰਤੇ ਭੀ ਅਗਰ ਤੂੰ ਮੇਰੀ ਨਿੰਦਾ ਕਰੇਂਗੀ, ਤੋ ਮੈਂ ਚਲਾ ਜਾਊਂਗਾ। ਮਾਈ ਨੇ ਸਭੀ ਬਾਤੇਂ ਮਨਜ਼ੂਰ ਕਰ ਲਈਂ, ਭਗਵਾਨ ਉਨ ਕੇ ਘਰ ਮੇਂ ਨੌਕਰ ਰੂਪ ਮੇਂ ਰਹਿਣੇ ਲਗੇ, ਅਰ ਮਾਈ ਕੋ ਬੜਾ ਖੁਸ਼ ਰਖਣੇ ਲਗੇ, ਕਿਉਂਕਿ ਮਾਈ ਜੋ ਚਿੰਤਨ ਕਰਤੀ ਥੀ ਭਗਵਾਨ ਵੋਹੀ ਚੀਜ ਉਸ ਕੇ ਕਹੇ ਬਿਨਾ ਪਹਿਲੇ ਹੀ ਬਣਾ ਕਰ ਰਖ ਦੇਤੇ ਥੇ। ਤਾਤਪਰਯ ਯਹ ਕਿ ਮਾਈ ਕੋ ਹਰ ਤਰ੍ਹਾਂ ਸੇ ਸੁਖੀ ਰਖਣੇ ਲਗੇ। ਇਸ ਵਾਸਤੇ ਮਾਈ ਗਦਗਦ ਤਥਾ ਪ੍ਰਸੰਨ ਬਦਨ ਰਹਿਣੇ ਲਗੀ, ਏਕ ਦਿਨ ਮਾਈ ਉਸ ਕੀ ਸੇਵਾ ਸੇ ਬੜੀ ਪ੍ਰਸੰਨ ਹੂਈ, ਔਰ ਕਹਿਣੇ ਲਗੀ ਕਿ ਕਭੀ ਭੀ ਇਸ ਵਿਚਾਰੇ ਕੋ ਰਜਾ ਕਰ ਭੋਜਨ ਨਹੀਂ ਖਿਲਾਯਾ, ਆਜ ਇਸ ਕੋ ਰਜਾ ਕਰ ਖਿਲਾਊਂਗੀ, ਐਸਾ ਖਿਆਲ ਕਰਕੇ ਨੌਕਰ ਰੂਪ ਮੇਂ ਭਗਵਾਨ ਕੋ ਕਹਿਨੇ ਲਗੀ, ਆਜ ਤੁਮਾਰੇ ਕੋ ਰਜਾ ਕਰ ਭੋਜਨ ਖਿਲਾਊਂਗੀ, ਬੈਠ ਕਰ ਜਿਤਨਾ ਖਾ ਸਕੋ ਖਾਓ ਭਗਵਾਨ ਕਹਿਨੇ ਲਗੇ, ਕਿ ਮੈਂ ਛਠੀ ਕਾ ਭੂਖਾ ਹੂੰ ਮੇਰੇ ਕੋ ਅਭੀ ਤਕ ਕਿਸੇ ਨਹੀਂ ਰਜਾਇਆ



**ਕਬਿੱਤ ॥ ਕੀਰਤਿ ਮ੍ਰਗੇਸ਼ ਜਨ ਨਾਰ ਹੂ ਨ ਪਾਯੋ ਭੇਦ ਪ੍ਰਲਯ ਦਿਨ ਖਾਇ ਸਭ ਤਬ ਨ ਅਘਾਇ ਹੈਂ ॥ ਸ਼ਿਵ ਔਰ ਬਿਰੰਚ ਪੁਨਿ ਸ਼ਕ੍ਰ ਹੂੰ ਤੇ ਆਦਿ ਲੇ ਕੇ ਸਭ ਹੀ ਸੁਰ ਇਨ ਹੀ ਕੇ ਪੇਟ ਮੇਂ ਸਮਾਏ ਹੈਂ। ਵੇਦ ਅਰ ਪੁਰਾਣ ਨੇਤ ਨੇਤ ਹੀ ਪੁਕਾਰੇ ਜਾਕੋ ਸੋਊ ਦਾਸ ਭੇਖ ਧਾਰ ਮੇਰੇ ਗ੍ਰਿਹ ਆਏ ਹੈ। ਭੋਰੀ ਤੀਅ ਕਹਾਂ ਜਾਨੇ ਹਰਿ ਜੂ ਕੇ ਖੇਲਨ ਕੌ ਕਈ ਬਾਰ ਧਾਤਾ ਸ਼ਿਵ ਨਾਰਦ ਭੁਲਾਏ ਹੈਂ ॥**

ਇਸ ਪ੍ਰਕਾਰ ਪਤੀ ਨੇ ਬਹੁਤ ਸਮਝਾਯਾ ਭੀ, ਪਰ ਇਸਤ੍ਰੀ ਨੇ ਕਹਾ ਮੈਂ ਤੋ ਇਸ ਕੋ ਜ਼ਰੂਰ ਰਜਾ ਕਰ ਖਿਲਾਊਂਗੀ। ਭਗਵਾਨ ਨੇ ਕਹਾ ਕਿ ਮੈਂ ਰਜਨੇ ਮੇਂ ਨਹੀਂ ਆਊਂਗਾ, ਇਸ ਪ੍ਰਕਾਰ ਆਪਣੇ ਵੈਰਾਟ ਰੂਪ ਕੇ ਅਨੇਕ ਇਸ਼ਾਰੇ ਕੀਤੇ, ਫਿਰ ਭੀ ਮਾਈ ਨੇ ਨਾ ਸਮਝਾ ਔਰ ਹਠ ਕੀਆ ਕਿ ਮੈਂ ਜ਼ਰੂਰ ਰਜਾ ਕਰ ਖਿਲਾਊਂਗੀ। ਔਰ ਕਹਿਣੇ ਲਗੀ ਕਿ ਦੋ ਚਾਰ ਮਣ ਖਾ ਲੇਗਾ ਔਰ ਕਿਤਨਾ ਕੁ ਖਾਲੇਂਗਾ। ਭਗਵਾਨ ਨੇ ਕਹਾ ਮੈਂ ਦੋ ਚਾਰ ਮਣ ਸੇ ਨਹੀਂ ਰਜੂੰਗਾ, ਪਰੰਤੂ ਮਾਈ ਨੇ ਹਠ ਕਰ ਕੇ ਪੰਜ ਸਤ ਮਣ ਭੋਜਨ ਬਨਾ ਕਰ ਰਖ ਲੀਆ, ਖੀਰ ਮਾਹਲਪੂੜੇ ਆਦੀ ਅਨੇਕ ਵਜੰਜਨ ਬਨਾਏ। ਅਰ ਭਗਵਾਨ ਕੋ ਕਹਾ ਕਿ ਅਬ ਬੈਠ ਕਰ ਭੋਜਨ ਕਰੋ। ਭਗਵਾਨ ਬੈਠ ਕਰ ਭੋਜਨ ਕਰਨੇ ਲਗੇ ਤੋ ਮਾਈ ਪਕਾਤੀ ਔਰ ਪਰੋਸਤੀ ਹੂਈ ਅਕ ਗਈ, ਅਰ ਭਗਵਾਨ ਕੋ ਖਿਲਾ ਖਿਲਾ ਕਰ ਬਹੁਤ ਥਕਤ ਹੋ ਗਈ, ਪਰੰਤੂ ਭਗਵਾਨ ਨਾ ਰੱਜੇ। ਐਸੀ ਦਸ਼ਾ ਦੇਖ ਕਰ ਲਗੀ ਭਗਵਾਨ ਕੀ ਨਿੰਦਾ ਕਰਨੇ। ਤਬ ਭਗਵਾਨ ਕਹਿਨੇ ਲਗੇ ਬਸ ਅਬ ਮੈਂ ਜਾਤਾ ਹੂੰ, ਕਿਉਂਕਿ ਤੂੰ ਨੇ ਆਪਣੀ ਪ੍ਰਤੱਗਿਆ ਭੰਗ ਕੀ ਹੈ। ਐਸਾ ਕਹਿ ਕਰ ਭਗਵਾਨ ਅੰਤਰ ਧਿਆਨ ਹੋ ਗਏ। ਮਾਈ ਕੇ ਸਭ ਸੁਖ ਦੂਰ ਹੋ ਗਏ। ਔਰ ਮਾਈ ਪਹਿਲੇ ਸੇ ਭੀ ਜ਼ਿਆਦਾ ਨਿੰਦਾ ਕਰਨੇ ਲਗੀ। ਤਬ ਭਗਵਾਨ ਕੀ ਨਿੰਦਾ ਸੁਣ ਕਰ ਭਗਤ ਆਪਣੀ ਇਸਤ੍ਰੀ ਕੋ ਤਾੜ ਕਰ ਉਪਦੇਸ਼ ਕਰਨੇ ਲਗਾ। ਅਰੀ ਮੂੜ ਗਵਾਰ ਉਸਤਤੀ ਕੇ ਲਾਇਕ ਨਾਰਾਇਣ ਕੀ ਨਿੰਦਾ ਕਰ ਰਹੀ ਹੈਂ ?

**ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ ॥ ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥** [ਗਉੜੀ ਮ: ੫ ਸਫਾ ੨੭੫

**ਪਿਤਾ ਮੇਰੋ ਬਡੋ ਧਨੀ ਅਗਮਾ ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥ ੧ ॥ ਰਹਾਉ ॥ ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ ॥ ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ ॥ ੨ ॥ ਸੂਰਨ ਮਹਿ ਤੂੰ ਸੂਰਾ ਕਹੀਅਹਿ ਭੋਗਨ ਮਹਿ ਭੋਗੀ ॥ ਗ੍ਰਹਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ ॥**

੩ ॥ ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ ॥ ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ ॥ ੪ ॥ ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ ॥ ਲਖਿਮੀ ਕੇਤਕ ਗਨੀ ਨ ਜਾਈਐ ਗਣਿ ਨ ਸਕਉ ਸੀਕਾ ॥ ੫ ॥ ਨਾਮਨ ਮਹਿ ਤੇਰੋ ਪ੍ਰਭੁ ਨਾਮਾ ਗਿਆਨਨ ਮਹਿ ਗਿਆਨੀ ॥ ਜੁਗਤਨ ਮਹਿ ਤੇਰੀ ਪ੍ਰਭੁ ਜੁਗਤਾ ਇਸਨਾਨਨ ਮਹਿ ਇਸਨਾਨੀ ॥ ੬ ॥ ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਉ ਕਰਮਾ ॥ ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥ ੭ ॥...

[ਗੂਜਰੀ ਮ: ੫ ਸਫਾ ੫੦੭

ਤਥਾ—ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥

[ਬਿਲਾਵਲ ਮ: ੫ ਸਫਾ ੮੨੨

ਤਥਾ—ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਣੁ ਨ ਜਾਇ ॥

[ਸਲੋਕ ਕਬੀਰ ਜੀ ਸਫਾ ੧੩੬੮

ਤਥਾ—ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ
ਨਾਨਕ ਬਲਿਹਾਰੀਆ ॥ ੧ ॥

[ਫੁਨਹੇ ਮ: ੫ ਸਫਾ ੧੩੬੧

ਤਥਾ—ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂੰ ਕਦਕਾ ॥
ਨਾਨਕ ਦਾਸੁ ਤਾਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥

[ਤੁਖਾਰੀ ਛੰਤ ਮ: ੫ ਸਫਾ ੧੧੧੭

ਐਸੇ ਉਸਤਤਿ ਕਰਨੇ ਲਾਇਕ ਜੋ ਨਾਰਾਇਣ ਹੈ ਉਨ ਕੀ ਤੂੰ ਨਿੰਦਾ ਕਰਤੀ ਹੈਂ ਨਿੰਦਾ ਤੋ ਕਿਸੀ ਕੀ ਅਛੀ ਨਹੀਂ ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥

[ਸੂਹੀ ਮ: ੩ ਸਫਾ ੭੫੫

ਤਥਾ—ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥... ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥... ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ



ਧਿਆਈਐ ਧਿਆਵਨ ਜੋਗ ॥ ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਤਾਕਾ ਜਸੁ ਗਾਵੀਜੈ... ॥ ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ... ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾਕੈ ॥ ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥

[ਗਉੜੀ ਸੁਖਮਨੀ ਮ ੫ ਸਫਾ ੨੬੯

ਇਤਆਦੀ ਵਚਨੋਂ ਸੇ ਪ੍ਰਮੇਸ਼ੁਰ ਕੇ ਉਪਕਾਰ ਯਾਦ ਕਰ ਉਸਤਤਿ ਕਰਨੀ ਚਾਹੀਏ। ਅਰੀ ਭੂਲੀ ਅਗਰ ਤੂੰ ਉਸਤਤਿ ਨਹੀਂ ਕਰਤੀ ਤੋ ਨਿੰਦਾ ਭੀ ਨਾ ਕਰ, ਨਿੰਦਾ ਕਰਨੇ ਵਾਲਾ ਮਨਮੁਖ ਨਰਕ ਕੋ ਜਾਤਾ ਹੈ, ਤਾਂ ਤੇ ਤੂੰ ਨਰਕ ਕੀ ਅਧਿਕਾਰਿਣ ਨ ਬਣ। ਤਬ ਇਸਤ੍ਰੀ ਨੇ ਕਹਾ ਨਾਰਾਇਣ ਨੇ ਸਾਨੂੰ ਕੀ ਸੁਖ ਦੀਆ ਨਾ ਪੁੱਤ੍ਰ ਦੀਆ ਹੈ, ਨਾ ਨੌਕਰ ਰਹਿਣੇ ਦੇਤਾ ਹੈ ਨਾਰਾਇਣ ਕੋ ਨਾ ਕਹਾਂ ਤੋ ਔਰ ਕਿਸ ਕੋ ਕਹਾਂ ? ਤਬ ਭਗਤ ਜੀ ਕਹਿਣੇ ਲਗੇ—"ਸੁਖ ਦੂਖ ਥਾਰੋ ਕਰਮੁ ਰੀ ॥" ਯਾਨੇ ਸੁਖ ਦੁਖ ਤੇਰੇ ਕਰਮ ਕਾ ਫਲ ਹੀ ਹੈ । ਨਾਰਾਇਣ ਕਿਸੀ ਕੋ ਸੁਖ ਦੁਖ ਦੇਣੇ ਵਾਲਾ ਨਹੀਂ, ਕਿਉਂਕਿ ਭਗਵਾਨ ਜੀ ਕਹਿਤੇ ਹੈਂ:—

ਨ ਕਰ ਤ੍ਰਿਤੂੰ ਨ ਕਰਮਾਣਿ ਲੋਕਸ੍ਯ ਸ੍ਰਿਜਤਿ ਪ੍ਰਭੁ: । ਨ ਕਰਮ ਫਲ ਸੰਜੋਗੰ ਸ੍ਵਭਾਵਸਤੁ ਪ੍ਰਵਰਤਤੇ ॥ ਨਾਦੱਤੇ ਕਸ੍ਯਚਿਤ ਪਾਪੰ ਨ ਚਈਵੰ ਸੁਕ੍ਰਿਤੰਵਿਭੁ: ਅਗ੍ਯਾਨੇਨ ਆਬ੍ਰਿਤੰ ਗ੍ਯਾਨੰ ਤੇਨਮੁਹ੍ਯੰਤੀ ਜੰਤਵ: ॥

[ਗੀਤਾ ਅਧਯਾਯ ੫, ਸਲੋਕ ੧੪–੧੫

ਅਰਥ—ਭਗਵਾਨ ਕਹਿਤੇ ਹੈਂ ਹੇ ਅਰਜਨ ਪ੍ਰਮੇਸ਼ੁਰ ਲੋਕੋਂ ਕੇ, ਕਰਤਾਪਨ ਕੋ ਔਰ ਕਰਮ ਕੋ ਤਥਾ ਕਰਮ ਫਲ ਕੋ ਨਹੀਂ ਰਚਤਾ ਹੈ, ਕਿੰਤੂ ਸੁਭਾਵ ਯਾਨੇ ਪ੍ਰਕ੍ਰਿਤੀ ਹੀ ਬਨਾਤੀ ਹੈ । ਭਾਵ ਇੰਦ੍ਰੀਆਂ ਵਿਸ਼ਯੋਂ ਮੇਂ ਪ੍ਰਵਿਰਤ ਹੋਤੀਆਂ ਹਨ। ਅਰ ਜੀਵ ਅਭਿਮਾਨ ਕਰਕੇ ਬਧ ਜਾਤਾ ਹੈ ॥ ੧੪ ॥ ਔਰ ਸਰਬ ਵਿਆਪੀ ਪ੍ਰਮਾਤਮਾ ਤੋ ਨਾ ਕਿਸੀ ਕੇ ਪਾਪ ਕਰਮ ਕੋ, ਨਾ ਕਿਸੀ ਕੇ ਪੁੰਨ ਕਰਮ ਕੋ ਹੀ ਗ੍ਰਹਿਣ ਕਰਤਾ ਹੈ, ਪਰੰਤੂ ਅਗਯਾਨ ਸੇ ਜਿਨੋਂ ਕਾ ਗਿਆਨ ਅਵਿਰਤ ਹੋ ਗਿਆ, ਭਾਵ ਢਕ ਗਿਆ ਹੈ ਵੁਹ ਜੀਵ ਮੋਹ ਕੋ ਪ੍ਰਾਪਤ ਹੋਕਰ ਕਹਿਤੇ ਹੈਂ, ਕਿ ਪ੍ਰਮਾਤਮਾ ਕੋ ਯਹ ਕਰਮ ਮੈਨੇ ਅਰਪਣ ਕੀਆ। ਔਰ ਪ੍ਰਮੇਸ਼ੁਰ ਨੇ ਮੇਰੇ ਕੋ ਸੁਖ ਦੁਖ ਦੀਆ ਪਰੰਤੂ ਯਹ ਅਗਯਾਨ ਹੈ, ਭਗਤ ਤ੍ਰਿਲੋਚਨ ਜੀ ਕਹਿਤੇ ਹੈਂ ਕਿ ਹੇ ਇਸਤ੍ਰੀਏ ਤੇਰੇ ਕੋ ਭੀ ਯਹ ਅਗਯਾਨ ਹੋ ਰਹਾ ਹੈ, ਕਿ ਸੁਖ

ਦੁਖ ਪ੍ਰਮੇਸ਼ੁਰ ਦੇਤਾ ਹੈ, ਇਸ ਵਾਸਤੇ ਉਸ ਕੀ ਨਿੰਦਾ ਕਰਤੀ ਹੈਂ। ਸੁਖ ਦੁਖ ਕੇ ਦੇਨੇ ਵਾਲੇ ਕਰਮ ਹੈਂ। ਮਹਾਂ ਭਾਰਥ ਮੇਂ ਲਿਖਾ ਹੈ:-

**ਸ਼ਲੋਕ-ਕਰਮ ਦਾਯਾਦ ਵਤ ਲੋਕੇ ਕਰਮ ਸਬੰਧੀ ਬਾਂਧਵਾ: । ਕਰਮਾਣੀ ਨੋਦਯੰਤਿ ਈਹ ਪੁਰਸ਼ੰ ਸੁਖ ਦੁਖਯੋ ॥੧॥ ਦੇਵਤ੍ਵੰ ਅਥ ਮਾਨੁਸ੍ਯੰ ਪਸ਼ੁਤ੍ਵੰ ਪਖੀਤਾਂ ਤਥਾ। ਤ੍ਰਿਯਕਤ੍ਵੰ ਅਸਥਾਵਰਤ੍ਵੰ ਚ ਯਾਤੀ ਜੰਤੂ ਸ੍ਵ ਕਰਮਭਿ: ॥ ੨॥ ਯਥਾ ਧੇਨੂ ਸਹਸ੍ਰੇਸ਼ੁ ਵਤਸੋ ਵਿੰਦਤੇ ਮਾਤਰੰ ॥ ਤਥਾ ਸ਼ੁਭ ਅਸ਼ੁਭੰ ਕਰਮ ਕਰਤਾਰੰ ਅਨੁਗਛਤੀ ॥੩॥ ਉਪ ਭੋਗਾਦ ਰਿਤੇ ਯਸ੍ਯ ਨਾਸ਼ ਏਵ ਨ ਵਿਦ੍ਯਤੇ । ਪ੍ਰਾਕ ਤਨੰ ਬਲਵਤ ਕਰਮ ਕੋ ਅਨ੍ਯਥਾ ਕਰਤ੍ਵੰ ਅਰਹਤੀ ॥੪॥ ਉਪਤਿਸ੍ਟਤੀ ਤਿਸ਼੍ਟੰਤੰ ਅਛੰਤੰ ਅਨੁਗਛਤੀ ਕਰੋਤੀ ਕੁਰੁਵਤ: ਕਰਮ ਛਾਯਾਇਵ ਅਨੁਗਤੰ ਹੀ ਤਤ ॥੫॥** [ਮਹਾ ਭਾਰਤ

ਅਰਥ-ਕਰਮ ਹੀ ਲੋਕ ਮੇਂ ਧਨ ਆਦੀ ਸਮਗ੍ਰੀ ਬਨ ਜਾਤਾ ਹੈ, ਤਥਾ ਕਰਮ ਹੀ ਸੰਬੰਧੀ ਬਾਂਧਵ ਬਨ ਜਾਤਾ ਹੈ, ਔਰ ਕਰਮ ਹੀ ਯਹਾਂ ਮਨੁਸ਼ ਕੋ ਸੁਖ ਦੁਖ ਮੇਂ ਪ੍ਰੇਰਨਾ ਕਰਤਾ ਹੈ ॥੧॥ ਦੇਵ, ਮਨੁਸ਼, ਪਸੁ ਪਖਸ਼ੀ, ਤ੍ਰਿਯਕ ਅਰਥਾਤ ਬਿੱਛੂ ਸ੍ਰਪਾਦਿ ਅਸਥਾਵਰ ਪਰਬਤ ਆਦੀ ਯੋਨੀਓਂ ਕੋ ਯਹ ਜੀਵ ਕਰਮ ਸੇ ਹੀ ਪ੍ਰਾਪਤ ਹੋਤਾ ਹੈ ॥ ੨ ॥ ਬਿਨਾਂ ਭੋਗ ਕੇ ਜਿਸ ਤਰਾਂ ਕਰਮ ਕਾ ਨਾਸ਼ ਨਹੀਂ ਹੋਤਾ, ਪੂਰਬ ਜਨਮ ਕੇ ਕੀਏ ਹੁਏ ਬਲਵਾਨ ਕਰਮ ਕੇ ਬਦਲਨੇ ਮੇਂ ਕੌਨ ਸਮਰਥ ਹੈ ? ਭਾਵ ਕੋਈ ਨਹੀਂ। ਜੈਸੇ ਹਜਾਰ ਗਊਓਂ ਮੇਂ ਬਛੜਾ ਆਪਣੀ ਮਾਤਾ ਕੋ ਪਹਿਚਾਨ ਕਰ, ਉਸ ਕੇ ਪਾਸ ਚਲਾ ਜਾਤਾ ਹੈ ਤੈਸੇ ਸ਼ੁਭਾਸ਼ੁਭ ਕਰਮ ਕਰਤਾ ਕੇ ਪਾਸ ਚਲਾ ਜਾਤਾ ਹੈ। ਪੁਰਸ਼ ਕੇ ਖੜੇ ਹੋਣੇ ਸੇ ਕਰਮ ਸਾਥ ਸਾਥ ਹੀ ਖੜੇ ਹੋ ਜਾਤੇ ਹੈਂ । ਔਰ ਜਾਨੇ ਸੇ ਸਾਥ ਹੀ ਚਲੇ ਜਾਤੇ ਹੈਂ। ਔਰ ਪੁਰਸ਼ ਕੇ ਕਰਮ ਕਰਨੇ ਕੇ ਸਾਥ ਹੀ ਕਰਨੇ ਲਗ ਜਾਤੇ ਹੈਂ, ਤਾਤਪਰਯ ਯਹ ਹੈ ਕਿ ਜੈਸੇ ਪੁਰਸ਼ ਕੀ ਛਾਯਾ ਪੁਰਸ਼ ਕੇ ਸਾਥ ਹੀ ਰਹਿਤੀ ਹੈ, ਉਸੀ ਤਰਾਂ ਕਰਮ ਭੀ ਸਾਥ ਹੀ ਰਹਿਤੇ ਹੈਂ । ਮਹਾਂਭਾਰਤ ਮੇਂ ਐਸੇ ਕਰਮ ਕਾ ਕਥਨ ਕਰਕੇ ਭੀਸ਼ਮ ਪਿਤਾਮਾ ਯੁਧਿਸ਼ਟਰ ਮਹਾਰਾਜ ਕਾ ਚਿੱਤ ਸ਼ਾਂਤ ਕਰਤੇ ਭਯੇ । ਇਸ ਲੀਏ ਹੇ ਇਸਤ੍ਰੀ ਤੂ ਭੀ ਕਰਮ ਕਾ ਫਲ ਸਮਝ ਕਰ, ਆਪਨੇ ਚਿੱਤ ਕੋ ਸ਼ਾਂਤ ਕਰ। ਤਦ ਇਸਤ੍ਰੀ ਨੇ ਆਪਨੇ ਪਤੀ ਕੋ ਹਾਥ ਜੋੜ ਕਰ ਕਹਾ ਕਿ ਪਹਿਲੇ ਮੇਰੀ ਸ਼ੰਕਾ ਕੋ ਦੂਰ ਕਰੋ । ਫੇਰ ਮੈਂ ਆਪ ਕਾ ਬਚਨ ਮਾਨੂੰਗੀ । ਸ਼ੰਕਾ-ਇਸਤ੍ਰੀ ਨੇ ਕਹਾ ਆਪ ਜੋ ਕਹਿਤੇ ਹੈਂ ਕਰਮ ਕਾ ਫਲ ਅਮੇਟ ਹੈ ਬਿਨਾਂ ਭੋਗੇ ਟਲਤਾ ਨਹੀਂ । ਕਿਆ ਦੇਵਤਾਓਂ ਕੋ ਭੀ ਕਰਮ ਕਾ ਫਲ ਭੋਗਨਾ ਪੜਤਾ ਹੈ ? ਉੱਤਰ-ਪਸ਼ੂ ਪਖਸ਼ੀ ਕੋ, ਜੜ ਚੇਤਨ ਕੋ, ਭਗਤੋਂ ਕੋ ਔਰ ਈਸ਼ੂਰ ਕੋਟੀ ਮੇਂ ਅਸਥਿਤ ਦੇਵਤਾਓਂ ਕੋ ਭੀ ਕਰਮ ਕਾ ਫਲ



ਭੋਗਨਾ ਪੜਤਾ ਹੈ। ਪ੍ਰਮਾਣ:-

**ਚਿਤ ਚਾਹੁੰਦਾ ਕਰਾਂ ਮੈਂ ਬਾਦਸ਼ਾਹੀ, ਕਿਸਮਤ ਆਖਦੀ ਕਰਾਂ ਫਕੀਰ ਤੈਨੂੰ । ਚਿਤ ਚਾਹੁੰਦਾ ਖੁਸ਼ੀ ਹਮੇਸ਼ ਦੇਖਾਂ, ਕਿਸਮਤ ਆਖਦੀ ਕਰਾਂ ਦਿਲਗੀਰ ਤੈਨੂੰ । ਚਿਤ ਚਾਹੁੰਦਾ ਵਿੱਚ ਅਕਾਸ਼ ਉਡਸਾਂ, ਕਿਸਮਤ ਆਖਦੀ ਮਾਰਾਂ ਮੈਂ ਹੇਠ ਤੈਨੂੰ । ਚਿਤ ਚਾਹੁੰਦਾ ਤਰਦਿਆਂ ਪਾਰ ਲੰਘਾਂ, ਕਿਸਮਤ ਆਖਦੀ ਡੋਬਾਂ ਵਿਚ ਨੀਰ ਤੈਨੂੰ । ਚਿਤ ਚਾਹੁੰਦਾ ਰਹਾਂ ਆਜ਼ਾਦ ਹਰਦਮ, ਕਿਸਮਤ ਆਖਦੀ ਪਵੇ ਜ਼ੰਜੀਰ ਤੈਨੂੰ।**

ਇਸ ਲੀਏ ਬਹੁਤ ਜਤਨ ਕਰਨੇ ਪਰ ਭੀ ਕਰਮ ਰੇਖਾ ਨਹੀਂ ਟਲਤੀ । ਸਭ ਕੋ ਕਰਮ ਫਲ ਭੋਗਨਾ ਪੜਤਾ ਹੈ । ਇਸਤ੍ਰੀ ਨੇ ਕਹਾ ਅਗਰ ਐਸਾ ਹੀ ਹੈ ਤੋ ਉਨ ਕੇ ਦ੍ਰਿਸ਼ਟਾਂਤ ਦੇਕਰ ਮੇਰੇ ਕੋ ਸਮਝਾਉ। ਤਬ ਭਗਤ ਜੀ ਏਕ ਏਕ ਦੇਵਤਾ ਆਦੀ ਕਾ ਦ੍ਰਿਸ਼ਟਾਂਤ ਦੇਕਰ ਸਮਝਾਤੇ ਭਏ, ਸੰਧਯਾ ਕਾ ਸਮਾਂ ਥਾ ਚੰਦ੍ਰਮਾਂ ਉਦੇ ਹੋ ਚੁਕਾ ਥਾ ਤਬ ਭਗਤ ਜੀ ਕਹਿਨੇ ਲਗੇ ਹੇ ਇਸਤ੍ਰੀ ਦੇਖ, ਆਜ ਤੀਜ ਕਾ ਚੰਦ੍ਰਮਾਂ ਹੈ ਅਰ ਕਲ ਦੂਜ ਤਿਥੀ ਵਿਤੀਤ ਹੋ ਚੁਕੀ ਹੈ । ਦੂਜ ਕੇ ਦਿਨ ਚੰਦ੍ਰਮਾ ਕੋ ਦੇਵਤਾ ਸਮਝ ਕਰ ਸਭ ਲੋਕ ਨਮਸਕਾਰ ਕਰਤੇ ਹੈਂ, ਅਰ ਕਲ ਕੋ ਜੋ ਦਿਨ ਆਵੇਗਾ ਵੋਹ ਭਾਦ੍ਰਵ ਸੁਦੀ ਚੌਥ ਕਾ ਦਿਨ ਹੋਵੇਗਾ, ਜਿਸ ਕੋ ਪਥਰ ਚੌਥ ਭੀ ਕਹਿਤੇ ਹੈਂ ਸਭ ਲੋਕ ਚੰਦ੍ਰਮਾ ਕੋ ਪੱਥਰ ਮਾਰੇਂਗੇ। ਕੋਈ ਭੀ ਦਰਸ਼ਨ ਨਾ ਕਰੇਗਾ । ਜਿਸ ਕੋ ਦਰਸ਼ਨ ਹੋ ਜਾਏਗਾ ਉਸ ਕੋ ਕਲੰਕ ਲਗੇਗਾ, ਕਿਉਂਕਿ ਯਹ ਆਪ ਹੀ ਕਰਮ ਫਲ ਸੇ ਕਲੰਕਤ ਹੈ । ਅਨੇਕ ਉਪਾਇ ਕਰਨੇ ਪਰ ਭੀ ਕਲੰਕ ਦੂਰ ਨ ਹੂਆ, ਕਿਉਂਕਿ ਯਹ ਕਰਮ ਅਮੇਟ ਹੈ। ਜੋ ਜੋ ਯਤਨ ਇਸਨੇ ਕਰਮ ਦੂਰ ਕਰਨੇ ਕੇ ਲੀਏ ਕੀਏ ਹੈਂ ਵੋਹ ਕਹਿਤੇ ਹੈਂ 'ਸ਼ੰਕਰੋ ਮਸਤਕ ਬਸਤਾ' ਸਕੰਧ ਪੁਰਾਣ ਮੇਂ ਲਿਖਾ ਹੈ ਕਿ ਚੰਦ੍ਰਮਾ ਨੇ ਹਿਮਾਲਯ ਮੇਂ ਜਾਕਰ, ਅਪਨੇ ਕਲੰਕ ਧੋਨੇ ਕੇ ਲੀਏ ਸ਼ਿਵ ਜੀ ਕਾ ਬੜਾ ਅਰਾਧਨ ਕੀਆ, ਜਿਨ ਸ਼ਿਵ ਜੀ ਮਹਾਰਾਜ ਨੇ ਕਾਸ਼ੀ ਮੇਂ ਮਰਨੇ ਵਾਲੋਂ ਕੇ ਲੀਏ ਮੁਕਤੀ ਕਾ ਛੇਤ੍ਰ ਖੋਹਲ ਰਖਾ ਹੈ । ਮਰਣ ਸਮੇਂ ਤਾਰਕ ਮੰਤ੍ਰ ਕਾ ਉਪਦੇਸ਼ ਕਰਤੇ ਹੈਂ, ਔਰ ਸ਼ਿਵ ਜੀ ਹਰ ਸਮੇਂ ਸਮਦਰਸੀ ਰਹਿਤੇ ਹੈਂ, ਪਰਮ ਦਿਆਲੂ ਹੈਂ ਇਨ ਕਾ ਨਾਮ ਹੀ ਭੋਲਾ ਨਾਥ ਹੈ।

**ਸ਼ਲੋਕ-ਗਣਯਤੀ ਨ ਕਥੰ ਸ਼ੰਕਰ: ਕਾਸ਼ਕਾਯਾਂ ਅਯੰ ਈਹ ਮਮ ਭਗੋ ਬ੍ਰਾਹਮਣੋ ਪੁਸ਼ਪਕੋਵਾ । ਉਪਦਿਸ਼ਤੀ ਸਦਾ ਅੰਤੇ ਵਾਕਯੰ ਏਕੰ ਆਤਮਨਿਸ਼ਠੰ ਦ੍ਵਿਜ ਕੁਲ ਨਿਰਪੇਖ੍ਯ ਭਬ੍ਯ ਤਤ੍ਰ ਅਧਿਕਾਰੰ ॥**

[ਕਾਸ਼ੀ ਮਹਾਤਮ

ਅਰਥ-ਸ਼ਿਵ ਜੀ ਕਾਸ਼ੀ ਮੇਂ ਰਹਿ ਕਰ ਯਹ ਖਿਆਲ ਨਹੀਂ ਕਰਤੇ ਕਿ ਯੇ ਮੇਰਾ

ਭਗਤ ਹੈ, ਯੇ ਬ੍ਰਾਹਮਣ ਹੈ, ਯਹ ਸੂਦ੍ਰ ਹੈ, ਸਰਬਦਾ ਸਰਬ ਪੁਰਸ਼ੋਂ ਕੋ ਮਰਣ ਸਮਯ ਆਤਮਨਿਸ਼ਠਾ ਕਾ ਉਪਦੇਸ ਕਰਤੇ ਹੈਂ । ਬ੍ਰਾਹਮਣ ਕੁਲ ਕੀ ਅਪੇਖਸ਼ਾ ਨਾ ਕਰਤੇ ਹੂਏ ਸਭ ਕੋ ਤਾਰਕ ਮੰਤ੍ਰ ਕਾ ਅਧਿਕਾਰੀ ਸਮਝਤੇ ਹੈਂ । ਵੋਹ ਤਾਰਕ ਮੰਤ੍ਰ ਯਹ ਹੈ:-

**ਸ਼ਲੋਕ–ਨੇਯੰ ਗੰਗਾ ਨਾ ਕਾਸ਼ੀ ਨ ਚ ਤ੍ਵਮਪੀ ਹਰੀ: ਨਈਵ ਮੁਕਤੀ: ਨ ਚਾਹੰ। ਸਰਵੰ ਚੇਤਨਯ ਮਾਤ੍ਰੰ ਜਗਤ ਇਦੰ ਅਖਿਲੰ ਸੁਪ੍ਨਵਤ ਚਿਦ ਵਿਵਰਤ: ॥ ੧ ॥ ਓਮ ਵਾਰਾਣਸਯਾਮ ਪੁਰਾਰੀ ਪਰਮ ਕਰੁਣਯਾ ਮੁਕ੍ਤੀਦੋ ਵਿਸ਼ਣੂ ਭਕੰ ਗੰਗਾਯਾਂ ਅਰਧ ਦੇਹੰ ਹਰ ਹਰੀ ਸੁਕਵੀਂ ਪ੍ਰਾਹਕਰਣੇ ਕਿਲਾਇਦੰ ॥ ੨॥** [ਕਾਸੀ ਮਹਾਤਮ

ਅਰਥ–ਕਾਸ਼ੀ ਪੁਰੀ ਮੇਂ ਸ਼ਿਵਜੀ ਅਪਨੀ ਪਰਮ ਕ੍ਰਿਪਾ ਸੇ ਵਿਸਨੂੰ ਭਗਤੋਂ ਕੋ ਮੁਕਤੀ ਦੇਣੇ ਵਾਲੇ ਹੈਂ, ਗੰਗਾ ਮੇਂ ਅਧਾ ਸਰੀਰ ਅਰਥਾਤ ਚਰਨ ਡਾਲੇ ਹੂਏ ਹਰ ਹਰੀ ਕੇ ਭਗਤੋਂ ਕੋ, ਨਿਸਚੇ ਕਰਕੇ ਕਾਨ ਮੇਂ ਤਾਰਕ ਮੰਤ੍ਰ ਕਹਿਤੇ ਹੈਂ, ਹੇ ਅਧਿਕਾਰੀ ਤੂੰ ਨਿਸਚੇ ਕਰਕੇ ਵਾਸਤਵ ਮੇਂ ਏਕ ਚੇਤਨ ਹੀ ਸਤ ਹੈ। ਅਰ ਚੇਤਨ ਸੇ ਭਿੰਨ ਕੋਈ ਵਸਤੂ ਸਤ ਨਹੀਂ । ਵਾਸਤਵਿਕ ਨਾ ਯਹ ਗੰਗਾ ਹੈ, ਨ ਕਾਸ਼ੀ ਹੈ, ਨ ਤੂੰ ਹੈ, ਨ ਵਿਸ਼ਨੂੰ ਭਗਵਾਨ ਹੈ ਨ ਕੋਈ ਮੁਕਤੀ ਹੈ, ਨ ਮੈਂ ਹੂੰ ਸਰਵ ਚੇਤਨ ਮਾਤ੍ਰ ਹੈ ਔਰ ਯਹ ਸਾਰਾ ਜਗਤ ਸੁਪਨ ਕੀ ਤਰਹ ਚੇਤਨ ਕਾ ਹੀ ਬਿਵਰਤ ਸਰੂਪ ਹੈ, ਜੈਸੇ ਰਜੂ ਕਾ ਕਲਪਤ ਸਰੂਪ ਡੰਡ ਧਾਰਾ ਮਾਲਾ ਹੋਤੇ ਹੈਂ, ਤੈਸੇ ਸਭ ਜਗਤ ਚੇਤਨ ਕਾ ਸਰੂਪ ਹੈ। ਐਸੇ ਜੋ ਪਰਮ ਕ੍ਰਿਪਾਲੂ ਮਹਾਂ ਦੇਵ ਜੀ ਹੈਂ, ਚੰਦ੍ਰਮਾ ਉਨ ਕੀ ਉਪਾਸਨਾ ਕਰਤਾ ਭਇਆ। ਜਬ ਮਹਾਂ ਦੇਵ ਜੀ ਪ੍ਰਸੰਨ ਹੂਏ ਤੋ ਕਹਾ ਵਰੰਬ੍ਰਹੀ (ਵਰ ਮਾਗ) ਚੰਦ੍ਰਮਾ ਨੇ ਕਹਾ ਕਿ ਮੇਰਾ ਕਲੰਕ ਦੂਰ ਕਰੋ, ਮਹਾ ਦੇਵ ਨੇ ਕਹਾ ਕਿ ਹਮ ਪ੍ਰਾਰਬਧ ਕੋ ਦੂਰ ਨਹੀਂ ਕਰ ਸਕਤੇ, ਔਰ ਕੋਈ ਵਰ ਮਾਂਗ ਹਮ ਤੇਰੇ ਕੋ ਦੇਣੇ ਕੇ ਲੀਏ ਤਿਆਰ ਹੈ । ਤਬ ਚੰਦ੍ਰਮਾਂ ਨੇ ਕਹਾ ਕਿ ਅਛਾ ਅਪਣੇ ਮਸਤਕ ਮੇਂ ਮੇਰੇ ਕੋ ਨਿਵਾਸ ਦੋ ਤਬ ਮਹਾ ਦੇਵ ਨੇ ਕਹਾ ਕਿ ਅਗਰ ਦੂਤੀਆਂ ਦੀ ਤਿਥੀ ਰੂਪ ਮੇਂ ਰਹਿਣਾ ਹੈ ਤੋ ਰਹੋ । ਪ੍ਰੰਤੂ ਕਲੰਕ ਰੂਪ ਸੇ ਹਮ ਰਹਿਨੇ ਨਹੀਂ ਦੇਂਗੇ । ਤਬ ਦੂਤੀਆ ਕਾ ਚੰਦ੍ਰਮਾਂ ਹੋ ਕਰ ਮਹਾਂ ਦੇਵ ਜੀ ਕੇ ਮਸਤਕ ਮੇਂ ਰਹਿਨੇ ਲਗਾ । ਇਸ ਕਾ ਕਾਰਣ ਯਹ ਥਾ ਕਿ ਮਹਾਂ ਦੇਵ ਜੀ ਕੇ ਮਸਤਕ ਮੇਂ ਗੰਗਾ ਜੀ ਹੈਂ, ਉਸ ਗੰਗਾ ਜੀ ਕੇ ਦਰਸ਼ਨ ਇਸ਼ਨਾਨ ਅਰ ਪਾਨ ਕਰਨੇ ਸੇ, ਕਈ ਜਨਮੋਂ ਕੇ ਪਾਪ ਦੂਰ ਹੋ ਜਾਤੇ ਹੈਂ, ਜੈਸੇ ਸ੍ਰੀ ਗੰਗਾ ਜੀ ਕੇ ਮਹਾਤਮ ਪਦਮ ਪੁਰਾਣ ਕੇ ਪਾਤਾਲ ਖੰਡ ਪ੍ਰਯਾਗ ਮਹਾਤਮ ਮੇਂ ਲਿਖਾ ਹੈ ।

**ਸ਼ਲੋਕ ॥ ਦ੍ਰਿਸ੍ਟਾ ਜਨਮ ਸ਼ਤੰ ਪਾਪੰ ਪੀਪਾ ਜਨਮ ਸ਼ਤ ਦ੍ਵਯੰ ॥ ਸ਼ਨਾਤਾ ਜਨਮ ਸਹਸ੍ਰਾਣਿ ਹੰਤੀ ਗੰਗਾ ਕਲਊਯੁਗੇ ॥** [ਗੰਗਾ ਮਹਾਤਮ



ਅਰਥ–ਸਰਧਾ ਭਗਤੀ ਆਦਿ ਨਿਯਮ ਪੂਰਬਕ ਜੋ ਗੰਗਾ ਜੀ ਕਾ ਦਰਸਨ ਕਰਤਾ ਹੈ ਉਸ ਕੇ ਸੋ ਜਨਮ ਕੇ ਪਾਪ ਦੂਰ ਕਰਤੀ ਹੈ । ਔਰ ਪੀਣ ਸੇ ਦੋ ਸੋ ਜਨਮ ਕੇ ਪਾਪ ਨਾਸ਼ ਕਰਤੀ ਹੈ। ਔਰ ਇਸ਼ਨਾਨ ਕਰਨੇ ਸੇ ਹਜ਼ਾਰ ਜਨਮੋਂ ਕੇ ਪਾਪੋਂ ਕਾ ਨਾਸ ਕਰਤੀ ਹੈ । ਇਤਨਾ ਮਹਾਤਮ ਗੰਗਾ ਜੀ ਕਾ ਕਲਿਜੁਗ ਮੇਂ ਹੈ। ਔਰ ਵੇਦਾਂਤ ਸ਼ਾਸਤ੍ਰ ਮੇਂ ਭੀ ਗੰਗਾ ਕਾ ਇਸ਼ਨਾਨ ਔਰ ਈਸ਼ਵਰ ਕਾ ਨਾਮ ਯਹ ਦੋ ਸਾਧਾਰਨ ਪ੍ਰਾਸਚਿਤ ਲਿਖੇ ਹੈ । ਜਨਮਾਤ੍ਰੀ ਸਰਬ ਪਾਪੋਂ ਕੇ ਨਾਸ ਕਾ ਸਾਧਾਰਣ ਪ੍ਰਾਸਚਿਤ ਕਹਿਤਾ ਹੈ । ਸ੍ਰੀ ਗੁਰੂ ਗਰੰਥ ਸਾਹਿਬ ਜੀ ਮੇਂ ਭੀ ਦੋ ਹੀ ਸਾਧਾਰਣ ਪ੍ਰਾਸਚਿਤ ਲਿਖੇ ਹੈ

**ਗੰਗਾ ਜਲੁ ਗੁਰ ਗੋਵਿੰਦ ਨਾਮ ॥ ਜੋ ਸਿਮਰਹਿ ਤਿਸਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨ ਭ੍ਰਮਾਮ ॥** [ਭੈਰਉ ਮ: ੫ ਸਫਾ ੧੧੩੭

ਅਰਥ–ਗੁਰੂ ਦਵਾਰਾ ਗੋਬਿੰਦ ਕਾ ਨਾਮ ਸਿਮਰਣ ਕਰਨੇ ਵਾਲੇ ਕੀ ਗਤਿ ਹੋਤੀ ਹੈ ਅਰਥਾਤ ਮੁਕਤੀ ਹੋਤੀ ਹੈ । ਔਰ ਗੰਗਾ ਜਲ ਪੀਣੇ ਵਾਲਾ ਫਿਰ ਜਨੋਓਂ ਮੇਂ ਭ੍ਰਮਣ ਨਹੀਂ ਕਰਤਾ । ਪਦਮ ਪੁਰਾਣ ਕੇਦਾਰ ਖੰਡ ਪ੍ਰਯਾਗ ਮਹਾਤਮ ਮੇਂ ਗੰਗਾ ਜੀ ਕਾ ਮਹਾਤਮ ਲਿਖਾ ਹੈ –

**ਸ਼ਲੋਕ ॥ ਗੰਗਾ ਗੰਗੇਤਿ ਯੋ ਬ੍ਰਯਾਤ ਯੋਜਨਾਨਾਂ ਸਤੈਰਪਿ ਮੁਚਯਤੇ ਸਰਵ ਪਾਪੇਭਿਓ ਕਿੰ ਤਯਾ ਸਾਦ੍ਰਿੰਸੋ ਭਵੇਤ ॥ ੧॥ ਗੰਗਾਯਾਂ ਗਿਆਨਤੇ ਮ੍ਰਿਤ੍ਵਾ ਮੁਕ੍ਤੀ ਮਾਪਨੋਤੀ ਮਾਨਵ: । ਅਗਿਆਨਾਤ ਬ੍ਰਹਮਲੋਕ ਯਾਤੀ ਨਾਸ੍ਤੀ ਅਤ੍ਰ ਸੰਸ਼ਯ: ॥ ੨ ॥ ਯਾਵਤ ਅਸਥੀਨੀ ਗੰਗਾਯਾਂ ਤਿਸ਼ਤੀ ਹੀ ਪ੍ਰਾਣੀਨ: ॥ ਤਾਵਦ ਵਰਸ਼ ਸਹਸ੍ਰਾਣੀ ਸ੍ਵਰਗ ਲੋਕੇ ਮਹੀਯਤੇ ॥ ੩॥ ਯਤ੍ਰਸਨਾਤਾ ਮਹਾਤਮਾ ਪਿਤ੍ਰੀ ਮਾਤ੍ਰੀ ਕੁਲਾਨੀ ਚ ॥ ਸਹਸ੍ਰਾਣੀ ਸਮਉਧ੍ਰਿਤਯ ਵਿਸ਼ਣੂ ਲੋਕੇ ਬ੍ਰਜੰਤੀ ਤੇ ॥ ੪॥ ਯਤ ਮਜਨ ਮਹਾਂ ਪੁਨਯੰ ਦੁਰਲਭੰ ਤ੍ਰੀ ਦਿਵਊਕਸਾਂ ॥ ਸਾਰੂਪਯੰ ਦਾਯਕੰ ਵਿਸ਼ਣੋਕਿੰ ਅਨਯਕਥਯਤੋਪਰੰ ॥** [ਗੰਗਾ ਮਹਾਤਮ

ਅਰਥ–ਹੇ ਗੰਗੇ ! ਹੇ ਗੰਗੇ ! ਐਸੇ ਚਾਰ ਕੋਸ ਕੀ ਦੂਰੀ ਪਰ ਜੋ ਨਾਮ ਉਚਾਰਨ ਕਰਤਾ ਹੈ ਵੁਹ ਪੁਰਸ਼, ਸਭ ਪਾਪੋਂ ਸੇ ਮੁਕਤ ਹੋ ਜਾਤਾ ਹੈ ਉਸ ਕੇ ਬਰਾਬਰ ਔਰ ਕੋਈ ਨਹੀਂ ॥ ੧ ॥ ਗੰਗਾ ਮੇਂ ਜਾਣ ਬੂਝ ਕਰ ਮਰ ਕੇ ਮਨੁਸ਼ ਮੁਕਤੀ ਕੋ ਪ੍ਰਾਪਤ ਹੋਤਾ ਹੈ, ਔਰ ਬਿਨਾਂ ਜਾਣ ਬੂਝ ਕੇ ਮਰਨੇ ਸੇ ਬ੍ਰਹਮ ਲੋਕ ਕੋ ਪ੍ਰਾਪਤ ਹੋਤਾ ਹੈ ਇਸ ਮੇਂ ਸੰਦੇਹ ਨਹੀਂ ॥ ੨ ॥ ਜਬ ਤਕ ਗੰਗਾ ਮੇਂ ਪ੍ਰਾਣੀਓਂ ਕੀ ਹੱਡੀ ਰਹਿਤੀ ਹੈ ਉਤਨੇ ਹਜ਼ਾਰ ਬਰਸ ਸ੍ਵਰਗ ਮੇਂ ਸੁਖ ਭੋਗਤਾ ਹੈ ॥ ੩ ॥ ਜਿਸ ਮੇਂ ਇਸ਼ਨਾਨ ਕਰਤੇ

ਹੂਏ ਮਹਾਤਮਾ ਲੋਕ ਆਪਣੇ ਮਾਤਾ ਪਿਤਾ ਕੇ ਹਜ਼ਾਰੋਂ ਕੁਲੋਂ ਕਾ ਉਧਾਰ ਕਰਕੇ ਵਿਸ਼ਨੂੰ ਲੋਕ ਮੇਂ ਜਾਤੇ ਹੈਂ ॥ ੪ ॥ ਜਿਸਕੇ ਇਸ਼ਨਾਨ ਕਾ ਮਹਾਂ ਪੁੰਨ ਹੈ। ਔਰ ਦੇਵਤਾਓਂ ਕੋ ਭੀ ਵੁਹ ਪੁੰਨਜ ਰੂਪੀ ਇਸ਼ਨਾਨ ਦੁਰਲਭ ਹੈ। ਵੁਹ ਪੁੰਨ ਵਿਸ਼ਨੂੰ ਕੇ ਸਰੂਪ ਮੁਕਤੀ ਕੋ ਦੇਣੇ ਵਾਲਾ ਹੈ, ਇਸ ਸੇ ਬੜਾ ਔਰ ਕਿਸਕਾ ਮਹਾਤਮ ਹੋਗਾ, ॥ ੫ ॥ ਇਸ ਪ੍ਰਕਾਰ ਚੰਦ੍ਰਮਾਂ ਨੇ ਗੰਗਾ ਕਾ ਮਹਾਤਮ ਸੁਣਾ ਔਰ ਦੇਖਾ ਥਾ ਐਸਾ ਵਿਚਾਰ ਕਰ ਮਹਾਦੇਵ ਕੇ ਮਸਤਕ ਮੇਂ ਅਗਰ ਮੈਂ ਰਹੂੰਗਾ ਤੋ ਨਿਤ ਇਸ਼ਨਾਨ ਕਰੂੰਗਾ ਮੇਰਾ ਕਲੰਕ ਦੂਰ ਹੋ ਜਾਏਗਾ। ਕਿਤਨੇ ਹੀ ਬਰਸ ਤਕ ਮਹਾਦੇਵ ਜੀ ਕੇ ਮਸਤਕ ਮੇਂ ਰਹਿ ਕਰ ਗੰਗਾ ਜੀ ਕਾ ਇਸ਼ਨਾਨ ਕਰਤਾ ਰਹਾ। ਤਬ ਗੰਗਾ ਉਸਕੀ ਸ਼ਰਧਾ ਭਗਤੀ ਵਾ ਪ੍ਰੇਮ ਪਰ ਪ੍ਰਸੰਨ ਹੋ ਕਰ ਕਹਾ ਕਿ ਵਰੰਬ੍ਰਹੀ (ਵਰ ਮਾਂਗ) ਤਬ ਚੰਦ੍ਰਮਾਂ ਨੇ ਕਹਾ ਕਿ ਮੇਰਾ ਕਲੰਕ ਦੂਰ ਕਰੋ, ਗੰਗਾ ਨੇ ਕਹਾ ਕਿ ਤੀਬਰ ਪ੍ਰਾਰਬਧ ਕੋਟੀ ਮੇਂ ਆਏ ਹੂਏ ਕਲੰਕ ਮੈਂ ਕੋ ਦੂਰ ਨਹੀਂ ਕਰ ਸਕਤੀ ਔਰ ਕੋਈ ਵਰ ਮਾਂਗ, ਤਬ ਚੰਦ੍ਰਮਾਂ ਨੇ ਕਹਾ ਕਿ ਮੇਰੇ ਕੋ ਅਨਿੰਨ ਭਗਤੀ ਦੇ (ਤਥਾ ਅਸਤੂ), ਐਸਾ ਗੰਗਾ ਨੇ ਕਹਾ। ਤਬ ਚੰਦ੍ਰਮਾਂ ਵਿਸ਼ਨੂੰ ਭਗਵਾਨ ਕਾ ਅਨੰਦਯ-ਦਤ ਚਿਤ ਸੇ ਧਿਆਨ ਕਰਨੇ ਲਗਾ। ਕਿਉਂਕਿ ਭਗਵਾਨ ਕਾ ਅਨੰਦ ਸੁਭਾਵ ਚੰਦ੍ਰਮਾਂ ਨੇ ਸ੍ਰਵਣ ਕਰ ਰਖਾ ਥਾ, ਜੈਸੇ ਕਿ ਗੀਤਾ ਮੇਂ ਲਿਖਾ ਹੈ:–

**ਸ਼ਲੋਕ–ਅਪੀਚੇਤ੍ਰ ਸੁ ਦੁਰਾਚਾਰੋ ਭਜ ਤੇ ਮਾਮ ਅਨੰਨਯ ਭਾਗ ਸਾਧੂ ਰੇਵ ਸ ਮੰਤਬਯ ਸਮਯਗ੍ਰ ਵਿਯਵਾਸਥਿਤੋਹਿ ਸਹ: ॥ ੩੦ ॥ ਖਿਪਰੰ ਭਵਤੀ ਧਰਮਾਤਮਾ ਸ਼ਸ਼੍ਰਤ ਸ਼ਾਂਤਿੰ ਨਿਗਛਤੀ ॥ ਕੌਂਤੇਯ ਪ੍ਰਤਿਯਾਨੀ ਹੀ ਨਮੇ ਭਗਤ: ਪ੍ਰਣਸ਼ਯਤੀ ॥ ੩੧ ॥ ਮਾਂਹੀ ਪਾਰਥ ਵਯਪਾਸ੍ਰਿਤਯ ਯੇਪੀ ਸਯੁ: ਪਾਪ ਯੋਨਯ: ॥ ਇਸਤ੍ਰਿਯੋ ਵੈਸ਼ੁਯਾਸ਼ਤਥਾ ਸ਼ੂਦ੍ਰਾ: ਤੇਪੀਯਾਂਤੀ ਪਰਾਂਗਤੀ ॥ ੩੨ ॥**

[ਗੀਤਾ ਅਧਯਾਯ ੯

ਅਰਥ–ਹੇ ਅਰਜਨ ਯਦੀ ਕੋਈ ਅਤਿਸੇ ਦੁਰਾਚਾਰੀ ਭੀ ਅਨੰਨ ਭਾਵ ਸੇ ਮੇਰੇ ਕੋ ਨਿਰੰਤ੍ਰ ਭਜਤਾ ਹੈ ਵੋਹ ਸਾਧੂ ਭੀ ਮਾਨਨੇ ਯੋਗ ਹੈ, ਕਿਉਂਕਿ ਵਹਿ ਯਥਾਰਥ ਨਿਸ਼ਚੇ ਵਾਲਾ ਹੈ ॥ ੧ ॥ ਔਰ ਸ਼ੀਘਰ ਹੀ ਵਹਿ ਧਰਮਾਤਮਾ ਹੋ ਜਾਤਾ ਹੈ ਔਰ ਸਦੈਵ ਰਹਿਨੇ ਵਾਲੀ ਪਰਮ ਸ਼ਾਂਤੀ ਕੋ ਪ੍ਰਾਪਤ ਹੋਤਾ ਹੈ। ਔਰ ਹੇ ਅਰਜਨ ਨਿਸ਼ਚੇ ਜਾਨ ਕਿ ਭਗਤ ਨਸ਼ਟ ਨਹੀਂ ਹੋ ਸਕਤਾ। ੨ ॥ ਹੇ ਅਰਜਣ ਮੇਰੀ ਸ਼ਰਣ ਕੋ ਪ੍ਰਾਪਤ ਹੋਕਰ ਇਸਤ੍ਰੀਆਂ, ਥੈਸ਼, ਸ਼ੂਦ੍ਰ ਤਥਾ ਕਈ ਕੁਪਾਪ ਯੋਨੀ ਵਾਲੇ ਔਰ ਭੀ ਮੇਰੀ ਸ਼ਰਨ ਲੇਤੇ ਹੈਂ ਔਰ ਪਰਮਗਤੀ ਕੋ ਪ੍ਰਾਪਤ ਹੋਤੇ ਹੈਂ ॥ ੩੨ ॥ ਐਸਾ ਵਿਚਾਰ ਕਰ ਚੰਦ੍ਰਮਾ ਭਗਵਾਨ ਕੋ ਅਨੰਨ ਚਿਤ ਸੇ ਚਿੰਤਨ ਕਰਤਾ ਭਇਆ, ਜਬ ਬਹੁਤ ਤਪ ਕੀਆ ਤੋ ਭਗਵਾਨ ਪ੍ਰਸੰਨ ਹੂਏ ਔਰ ਕਹਿਣੇ ਲਗੇ ਕਿ ਬਰੰਬਰਹੀ (ਵਰ ਮਾਂਗ) ਲੋ, ਤਬ ਚੰਦ੍ਰਮਾ ਵਿਚਾਰ ਕਰ



ਕਹਿਣੇ ਲਗਾ ਕਿ ਅਗਰ ਪ੍ਰਥਮ ਹੀ ਭਗਵਾਨ ਸੇ ਕਲੰਕ ਉਤਾਰਨੇ ਕਾ ਵਰ ਮਾਂਗੂੰਗਾ, ਤੋ ਸ਼ਾਇਦ ਭਗਵਾਨ ਭੀ ਗੰਗਾ ਔਰ ਸ਼ਿਵ ਜੀ ਕੀ ਤਰਹ ਜਵਾਬ ਨ ਦੇਂਦੇ, ਇਸ ਲੀਏ ਪਹਿਲੇ ਕੋਈ ਦੂਸਰਾ ਵਰ ਮਾਂਗੂੰ, ਐਸੇ ਵਿਚਾਰ ਭਗਵਾਨ ਕੋ ਕਹਾ ਕਿ ਮਹਾਰਾਜ, ਆਪ ਹਮਾਰੇ ਵੰਸ਼ ਮੇਂ ਅਵਤਾਰ ਲੋ, ਅਰਥਾਤ ਚੰਦ੍ਰ ਵੰਸੀ ਕਹਿਲਾਓ। ਭਗਵਾਨ ਨੇ ਕਹਾ ਤਥਾ ਅਸ੍ਰੁਤ। ਹਮ ਕ੍ਰਿਸ਼ਨ ਨਾਮ ਸੇ ਤੁਮਾਰੇ ਕੁਲ ਮੇਂ ਅਵਤਾਰ ਲੇਂਗੇ; ਜਬ ਭਗਵਾਨ ਕ੍ਰਿਸ਼ਨ ਰੂਪ ਸੇ ਚੰਦ੍ਰ ਵੰਸ਼ ਮੇਂ ਅਵਤਾਰ ਹੂਏ, ਤੋ ਚੰਦ੍ਰਮਾਂ ਆ ਕਰ ਕਹਿਣੇ ਲਗਾ ਕਿ ਮਹਾਰਾਜ ਮੇਰਾ ਕਲੰਕ ਦੂਰ ਕਰੋ, ਭਗਵਾਨ ਕਹਿਨੇ ਲਗੇ ਕਿ ਪ੍ਰਾਰਬਧ ਕੋਟੀ ਮੇਂ ਆਏ ਹੂਏ ਕਰਮ ਕੋ, ਮੈਂ ਬੀ ਦੂਰ ਨਹੀਂ ਕਰ ਸਕਤਾ। ਉਲਟਾ ਮੈਂ ਭੀ ਤੁਮਾਰੇ ਦਰਸ਼ਨ ਸੇ ਕਲੰਕਿਤ ਹੋ ਜਾਊਂਗਾ। ਭਗਵਾਨ ਕੋ ਭੀ ਏਕ ਦਿਨ ਭਾਦਰੋਂ ਸੁਦੀ ਚਤੁਰਥੀ ਕੋ ਚੰਦ੍ਰਮਾਂ ਕਾ ਦਰਸ਼ਨ ਹੋ ਗਿਆ, ਤੋ ਸਤ੍ਰਾਜਿਤ ਜਾਦਵ ਨੇ ਮਣੀ ਚੁਰਾਨੇ ਕਾ ਕਲੰਕ ਭਗਵਾਨ ਕੋ ਲਗਾਯਾ, ਯਹ ਕਥਾ ਸ੍ਰੀ ਮਦ ਭਗਵਤ ਮੇਂ ਪ੍ਰਸਿਧ ਹੈ। ਤਬ ਭਗਵਾਨ ਜਾਮਵੰਤ ਰੀਛ ਸੇ ਯੁਧ ਕਰਕੇ ਮਣੀ ਲਾ ਕਰ ਸਤ੍ਰਾਜਿਤ ਕੋ ਦੀ, ਔਰ ਆਪਣਾ ਕਲੰਕ ਦੂਰ ਕੀਆ ਤਬ ਸਤ੍ਰਾਜਿਤ ਨੇ ਆਪਣੀ ਕੰਨਿਆਂ ਸਤਭਾਮਾ, ਅਰ ਜਾਮਵੰਤ ਨੇ ਆਪਣੀ ਕੰਨਿਆਂ ਜਾਮਵੰਤੀ, ਭਗਵਾਨ ਕੋ ਵਿਆਹ ਦੀ ਥੀ, ਅਰ ਮਣੀ ਭੀ ਦਹੇਜ ਮੇਂ ਭਗਵਾਨ ਕੋ ਦੀ ਇਸ ਪ੍ਰਕਾਰ ਇਤਨੇ ਉਪਾਯ ਕਰਨੇ ਪਰ ਭੀ ਚੰਦ੍ਰਮਾਂ ਕਾ ਕਲੰਕ ਦੂਰ ਨ ਹੂਆ ਤਬ ਤ੍ਰਿਲੋਚਨ ਭਗਤ ਕੀ ਇਸਤ੍ਰੀ ਪੂਛਤੀ ਭਈ, ਕਿ ਹੇ ਸ੍ਵਾਮਨਿ ਚੰਦ੍ਰਮਾਂ ਕੋ ਕਿਸ ਪ੍ਰਕਾਰ ਕਲੰਕ ਲਗਾ ਥਾ? ਤਬ ਭਗਤ ਤ੍ਰਿਲੋਚਨ ਜੀ ਕਹਿਣੇ ਲਗੇ ਕਿ ਚੰਦਰਮਾ ਔਰ ਦੇਵਤਾਓਂ ਕੇ ਸਾਥ, ਦੇਵ ਗੁਰੂ ਬ੍ਰਹਸਪਤੀ ਕੇ ਪਾਸ ਵਿਦਿਆ ਪੜ੍ਹਤੇ ਭਏ, ਔਰ ਵਿਦਿਆ ਅਧੈਨ ਕਾਲ ਮੇਂ ਬ੍ਰਹਸਪਤੀ ਜੀ ਕੇ ਘਰ ਸੇਵਾ ਭੀ ਕੀਆ ਕਰਤੇ ਥੇ, ਘਰ ਮੇਂ ਆਨੇ ਜਾਨੇ ਸੇ ਚੰਦਰਮਾਂ ਕੇ ਸੁੰਦਰ ਸਰੂਪ ਕੋ ਦੇਖ ਕਰ, ਬ੍ਰਹਸਪਤੀ ਕੀ ਇਸਤ੍ਰੀ ਤਾਰਾ ਮੋਹਿਤ ਹੋ ਗਈ, ਔਰ ਚੰਦਰਮਾਂ ਕੋ ਬਹੁਤ ਵਾਰ ਕਹਿ ਕਰ ਮੇਲ ਕਰ ਲੀਆ, ਤੋ ਉਸ ਸੇ ਏਕ ਪੁਤਰ ਪੈਦਾ ਹੂਆ, ਜਬ ਵਹ ਬੜਾ ਹੂਆ ਤੋ ਚੰਦਰਮਾਂ ਆਪਨੀ ਗੋਦ ਮੇਂ ਬਿਠਲਾ ਕਰ ਆਪਣਾ ਪੁਤਰ ਸਮਝ ਕਰ ਉਸਕਾ ਪਾਲਨ ਕਰਨੇ ਲਗਾ, ਤਬ ਬ੍ਰਹਸਪਤੀ ਚੰਦਰਮਾਂ ਕੋ ਤਾੜਨੇ ਲਗੇ, ਤਬ ਚੰਦਰਮਾਂ ਕਹਿਣੇ ਲਗਾ ਯੇ ਆਪ ਕਾ ਪੁਤਰ ਨਹੀਂ ਮੇਰਾ ਪੁਤਰ ਹੈ। ਤਬ ਬ੍ਰਹਸਪਤੀ ਜੀ ਨੇ ਕਹਾ ਕਿ ਮੇਰੇ ਪਾਸ ਰਹਿ ਕਰ ਵਿਦਿਆ ਪੜ੍ਹ ਕਮ, ਤੂੰ ਮੇਰੀ ਇਸਤ੍ਰੀ ਸੇ ਪੁਤਰ ਪੈਦਾ ਕੀਆ ਹੈ, ਇਸ ਲੀਏ ਤੂੰ ਗੁਰੂ ਇਸਤ੍ਰੀ ਗਾਮੀ ਮਹਾਂ ਪਾਪੀ ਹੈ। ਤਬ ਬ੍ਰਹਸਪਤੀ ਜੀ ਨੇ ਕਰੋਧਤ ਹੋ ਕਰ ਬ੍ਰਹਮਾ ਜੀ ਕੇ ਪਾਸ, ਪੁਤਰ ਨਿਸਚੇ ਨਮਿਤ ਸਭ ਦੇਵਤਾਓਂ ਕੀ ਸਭਾ ਲਗਾਈ। ਚੰਦਰਮਾਂ ਕਹੇ ਕਿ ਪੁਤਰ ਮੇਰਾ ਹੈ, ਬ੍ਰਹਸਪਤੀ ਕਹੇ ਕਿ ਪੁਤਰ ਮੇਰਾ ਹੈ,. ਐਸਾ ਪਰਸਪਰ ਵਿਵਾਦ ਹੋਤੇ ਹੂਏ ਜਬ ਕੁਛ ਨਿਸਚੇ ਨ ਕਰ ਸਕੇ, ਤਬ ਬ੍ਰਹਸਪਤੀ ਨੇ ਤਾਰਾ ਕੋ ਬੁਲਾ ਕਰ ਪੂਛਾ ਕਿ ਯਹ ਕਿਸ ਕਾ ਪੁਤਰ ਹੈ? ਤਬ ਵਹ ਲਜਿਆ ਕੀ ਮਾਰੀ ਕੁਛ ਉਤਰ ਨਾ

ਦੇ ਸਕੀ । ਤਦ ਬ੍ਰਹਮਾ ਜੀ ਨੇ ਬੱਚੇ ਕੇ ਮਸਤਕ ਪਰ ਹਥ ਰਖ ਕਰ ਕਹਾ, ਹੇ ਪੁਤਰ ਤੂੰ ਆਪਣੇ ਪਿਤਾ ਕੀ ਗੋਦ ਮੇਂ ਜਾ ਬੈਠ, ਤਬ ਵਹ ਬੱਚਾ ਚੰਦਰਮਾ ਕੀ ਗੋਦ ਮੇਂ ਜਾ ਕਰ ਬੈਠ ਗਿਆ । ਤਬ ਸਭ ਦੇਵਤਾਓਂ ਨੇ ਕਹਾ ਕਿ ਲੜਕਾ ਬੜਾ ਬੁਧੀਮਾਨ ਹੈ । ਇਸ ਲੀਏ ਇਸਕਾ ਨਾਮ ਬੁਧ ਪੜ ਗਿਆ । ਤਬ ਸਭਾ ਮੇਂ ਬ੍ਰਹਸਪਤੀ ਜੀ ਕਾ ਬਹੁਤ ਅਪਮਾਨ ਹੂਆ । ਤਬ ਬ੍ਰਹਮਾ ਜੀ ਨੇ ਚੰਦਰਮਾਂ ਕੋ ਬਹੁਤ ਕ੍ਰੋਧਤ ਹੋ ਕਰ ਸ਼ਾਪ ਦੀਆ ਕਿ ਜਬ ਤਕ ਤੂੰ ਜੀਤਾ ਰਹੇਂਗਾ ਤੂੰ ਕਲੰਕੀ ਹੀ ਰਹੇਂਗਾ। ਔਰ ਜੋ ਤੇਰਾ ਦਰਸ਼ਨ ਕਰੇਗਾ ਵਹ ਭੀ ਕਲੰਕੀ ਹੋ ਜਾਏਗਾ। ਤਬ ਚੰਦਰਮਾ ਆਪਣੇ ਘਰ ਛੁਪ ਕਰ ਬੈਠ ਗਿਆ ਔਰ ਬਾਹਰ ਨਾ ਨਿਕਲਾ । ਜਬ ਕਿਸੀ ਸਮੇਂ ਬਾਹਰ ਨਿਕਲੇ ਭੀ ਤੋ ਲੋਕ ਕਲੰਕ ਕੇ ਭੈ ਸੇ, ਆਪਣੇ ਆਪਣੇ ਘਰੋਂ ਮੇਂ ਛਿਪ ਜਾਏਂ ਔਰ ਕੋਈ ਦਰਸ਼ਨ ਨਾ ਕਰੇ । ਤਬ ਚੰਦਰਮਾ ਕੋ ਬਹੁਤ ਲਜਿਆ ਹੂਈ, ਔਰ ਬਾਹਰ ਨਿਕਲਨਾ ਬਿਲਕੁਲ ਛੋੜ ਦੀਆ । ਚੰਦਰਮਾ ਕੇ ਬਾਹਰ ਨ ਨਿਕਲਨੇ ਸੇ ਖੇਤੀਓਂ ਔਰ ਫਲੋਂ ਮੇਂ ਰਸ ਬਣਨਾ ਬੰਦ ਹੋ ਗਿਆ, ਔਰ ਰਾਤ੍ਰੀ ਕੋ ਚੋਰ ਲੋਗੋਂ ਕੋ ਬਹੁਤ ਸਤਾਯਾ ਕਰੇਂ, ਇਸ ਲੀਏ ਸਭ ਲੋਗੋਂ ਨੇ ਦੁਖੀ ਹੋ ਕਰ ਬ੍ਰਹਮਾ ਜੀ ਕੋ ਬਿਨਤੀ ਕੀ, ਤਬ ਬ੍ਰਹਮਾ ਜੀ ਨੇ ਫਿਰ ਸਭਾ ਕੀ ਕਿ ਆਜ ਕੇ ਦਿਨ ਭਾਦੋਂ ਸੁਦੀ ਚਤੁਰਥੀ ਕੋ, ਜੋ ਤੇਰਾ ਦਰਸ਼ਨ ਕਰੇਗਾ ਵਹ ਕਲੰਕੀ ਹੋ ਜਾਯਾ ਕਰੇਗਾ, ਹੇ ਚੰਦ੍ਰਮਾ ਬਾਕੀ ਸਭ ਤੇਰੇ ਕੋ ਮਾਫ ਕਰ ਦੀਆ । ਇਸ ਲੀਏ ਵਹ ਕਲੰਕ ਪ੍ਰਾਰਬਧ ਕੋਟੀ ਮੇਂ ਆ ਜਾਨੇ ਸੇ, ਅਬ ਤਕ ਨਹੀਂ ਦੂਰ ਹੂਆ ਇਸ ਲੀਏ ਕਰਮ ਕਾ ਫਲ ਦੇਵਤਾਓਂ ਕੋ ਭੀ ਭੋਗਨਾ ਪੜਤਾ ਹੈ । ਏਕ ਦ੍ਰਿਸ਼ਟਾਂਤ ਕਹਿ ਕਰ ਅਬ ਦੂਸਰਾ ਦ੍ਰਿਸ਼ਟਾਂਤ ਕਹਿਤੇ ਹੈਂ । ਹੇ ਇਸਤ੍ਰੀ ! ਦੇਖ ਸਾਰੇ ਜਗਤ ਕਾ ਦੀਪਕ ਰੂਪ ਸੂਰਜ ਨਾਰਾਇਣ, ਜੋ ਕਿ ਈਸ਼੍ਵਰ ਕੋਟੀ ਮੇਂ ਗਿਣਾ ਗਿਆ ਹੈ, ਔਰ ਸੂਰਯੋ ਉਪਨਿਸ਼ਦ ਮੇਂ ਜਿਸ ਸੇ ਸਰਬ ਸ੍ਰਿਸ਼ਟੀ ਕੀ ਉਤਪਤੀ ਕਹੀ ਹੈ ਜੋ ਸਰਬ ਰੂਪ ਕਹਾ ਗਿਆ ਹੈ । ਪ੍ਰਮਾਣ:-

**ਸੂਰਯੋ ਯਥਾ ਸਰਬ ਲੋਕਸਯ ਚਖਸ਼ੂ ਨ ਲਿਖਯਤੇ ਚਾਖਸ਼ੂਸ਼ਈਰ ਵਾਹਯ ਦੋਸਈ: ॥**

(ਕਠੋਪਨਿਖਦ ਵੱਲੀ ੫ ਸਲੋਕ ੧੧

**ਸੂਰਯਾ ਦੇਵਹੀ ਖਲੂ ਈਮਾਨੀ ਭੂਤਾਨੀ ਜਾਯੰਤੇ ਸੂਰਯਾਤ ਯਗਯ ਪ੍ਰਯੰਨਯੋ ਅਨੰਆਤਮਾ ਨਮਸਤਾਦਿਤਯ ਤ੍ਵਮੇਵ ਪ੍ਰਤਖੰ ਕਰਤਾ ਸੀ ॥ ਤ੍ਵਮੇਵ ਪ੍ਰਤਖਯੰ ਬ੍ਰਹਮਾ ਸੀ ਤ੍ਵਮੇਵ ਪ੍ਰਤਖਯੰ ਵਿਸ਼ਨੂੰ ਰਸੀ ॥ ਤ੍ਵਮੇਵ ਪ੍ਰਤਖਯੰ ਰੁਦ੍ਰੋਸੀ ਤ੍ਵਮੇਵ ਪ੍ਰਤਖਯੰ ਰਿਗਸੀ ਤ੍ਵਮੇਵ ਪ੍ਰਤਖਯੰ ਯਜੁਰਸੀ ਤ੍ਵਮੇਵ ਪ੍ਰਤਖਯੰ ਸਾਮਾ ਸੀ ਤ੍ਵਮੇਵ ਪ੍ਰਤਖਯੰ ਅਥਰਵਾਸੀ**



**ਤ੍ਵਮੇਵ ਸਰਵੰ ਛੰਦੋਸੀ ਆਦਿਤਯਾਤ੍ ਵਾਯੂ: ਜਾਯਤੇ ॥ ਆਦਿਤਯਾਤ੍ ਭੂਮੀ: ਜਾਯਤੇ ਆਦਿਤਯਾਤ੍ ਆਪੋ ਜਾਯੰਤੇ ॥ ਆਦਿਤਯਾਤ੍ ਜਯੋਤਿ: ਜਾਯਤੇ ਆਦਿਤਯਾਤ੍ ਵਿਯੋਮੁਦਿਸ਼ੋ ਜਾਯੰਤੇ ॥ ਆਦਿਤਯਾਤ੍ ਦੇਵਾ ਜਾਯੰਤੇ ॥ ਆਦਿਤਯਾਤ੍ ਵੇਦਾ ਜਾਯੰਤੇ ॥ ਆਦਿਤਯੋ ਵਾ ਏਸ਼: ਏਤਦ ਮੰਡਲੰ ਤਪਤੀ ਅਸਉ ਆਦਿਤਯੋ ਬ੍ਰਹਮੋਂ ਆਦਿਤਯੋ ਅੰਤ: ਕਰਣ ਮਨੋ ਬੁਧੀ ਚਿਤ ਅਹੰਕਾਰ: ਆਦਿਤਯੋ ਵੈ ਵਿਯਾਨ ਸਮਾਨ ਉਦਾਨ ਅਪਾਨ ਪ੍ਰਾਣ ॥ ਆਦਿਤਯੋ ਵੈ ਸ਼੍ਰੋਤ੍ਰ ਤ੍ਵਕ ਚਖਸ਼ੂ ਪ੍ਰਾਣ ਰਸਨ ਘ੍ਰਾਣ ॥ ਆਦਿਤਯੋ ਵੈ ਪਾਕ ਪਾਣਿ ਪਾਦ ਪਾਯੂ ਉਪਸਥ ਆਦਿਤਯੋ ਸ਼ਬਦ ਸਪਰਸ਼ ਰੂਪ ਰਸ ਗੰਧ: ਆਦਿਤਯੋ ਵੈ ਵਚਨ ਆਦਾਨ ਗਮਨ ਵਿਸਰਗ ਆਨੰਦ: ਆਨੰਦ ਮਯੋ ਵਿਗਯਾਨ ਮਯੋ ਵਿਗਯਾਨ ਘਨ ਆਦਿਤਯ: ॥**

[ਸੂਰਯ ਉਪਨਿਖਦ

ਟੀਕਾ-ਸੂਰਜ ਨਾਰੰਾਇਣ ਸੇ ਨਿਸਚੇ ਕਰਕੇ ਯਹ ਸਰਵ ਭੂਤ ਪੈਦਾ ਹੋਤੇ ਹੈਂ, ਤਥਾ ਸੂਰਜ ਸੇ ਹੀ ਯਗ, ਮੇਘ, ਅੰਨ ਜੀਵਾਤਮਾ ਪੈਦਾ ਹੋਤੇ ਹੈਂ, ਹੇ ਆਦਿਤਯ ਆਪ ਕੋ ਨਮਸ਼ਕਾਰ ਹੈ। ਤੂੰ ਪ੍ਰਤਖ ਸਰਵ ਜਗਤ ਕਾ ਕਰਤਾ ਹੈਂ । ਤੂੰ ਹੀ ਪ੍ਰਤਖਯ ਬ੍ਰਹਮਾ ਹੈ, ਤੂੰ ਹੀ ਪ੍ਰਤਖਯ ਵਿਸ਼ਨੂੰ ਹੈਂ ਤੂੰ ਹੀ ਪ੍ਰਤਖਯ ਰੁਦ੍ਰ ਹੈਂ ਤੂੰ ਹੀ ਪ੍ਰਤੱਖਯ ਰਿਗਵੇਦ ਹੈਂ, ਤੂੰ ਹੀ ਪ੍ਰਤਖਯ ਯਜੁਰ ਵੇਦ ਹੈਂ ਤੂੰ ਹੀ ਪ੍ਰਤਖਯ ਸ਼ਾਮਵੇਦ ਹੈਂ, ਤੂੰ ਹੀ ਪ੍ਰਤਖਯ ਅਥਰਵ ਵੇਦ ਹੈਂ, ਤੂੰ ਹੀ ਪ੍ਰਤਖਯ ਸਾਰੇ ਗਾਇਤ੍ਰੀ ਆਦੀ ਛੰਦ ਰੂਪ ਹੈਂ । ਤ੍ਥਾ ਆਦਿਤਯ ਸੇ ਵਾਯੂ ਭੂਮੀ, ਜਲ ਅਗਨੀ ਅਕਾਸ਼ ਦਿਸ਼ਾ ਪੈਦਾ ਹੋਤੇ ਹੈਂ ਤਥਾ ਦੇਵਤਾ ਆਦਿ ਪੈਦਾ ਹੋਤੇ ਹੈਂ, ਯੇ ਅਦਿਤਯ ਹੀ ਇਸ ਪ੍ਰਿਥਵੀ ਮੰਡਲ ਕੋ ਤਪਾਤਾ ਹੈ, ਯਹ ਆਦਿਤਯ ਹੀ ਬ੍ਰਹਮ ਹੈ, ਯਹ ਸੂਰਜ ਨਾਰਾਯਨ ਹੀ ਮਨ, ਬੁਧੀ, ਚਿਤ, ਅਹੰਕਾਰ ਚਾਰੋਂ ਅੰਤਹਕਰਣ ਰੂਪ ਹੈ ਯਹ ਸੂਰਜ ਹੀ ਪੰਜ ਪ੍ਰਾਣ, ਪੰਜ ਗਯਾਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆ ਰੂਪ ਹੈ। ਤਥਾ ਪੰਜ ਗਿਆਨ ਇੰਦ੍ਰੀਓਂ ਔਰ ਪੰਜ ਕਰਮ ਇੰਦ੍ਰੀਆਂ ਕਾ ਵਿਸ਼ਯ ਭੀ ਸੂਰਜ ਨਾਰਾਯਣ ਹੀ ਹੈ। ਤਥਾ ਅਨੰਦ ਮਯ ਵਿਗਯਾਨ ਮਯਾ ਪੰਚ ਕੋਸ਼ ਭੀ ਸੂਰਜ ਨਾਰਾਯਣ ਹੀ ਹੈ। ਤਥਾ ਇਨ ਸਭ ਕਾ ਸਾਖੀ ਚੇਤਨ ਸਰੂਪ ਭੀ ਸੂਰਜ ਨਾਰਾਯਣ ਹੈ । ਇਤਿਆਦੀ ਸਾਰੀ ਸੂਰਜ ਉਪਨਿਸ਼ਧ ਸੂਰਜ ਨਾਰਾਯਣ ਕਾ ਜਸ ਗਾਇਨ ਕਰਤੀ ਹੈ । ਯਹ ਹੀ ਪ੍ਰਾਤਾਕਾਲ ਮੇਂ ਤੁਮਾਰੇ ਸਾਹਮਣੇ ਸੂਰਜ ਨਾਰਾਯਣ ਦਿਖਾਈ ਆ ਰਹਾ ਹੈ । ਯਹ ਸਾਰੇ ਸੰਸਾਰ ਕਾ ਪ੍ਰਕਾਸ਼ਕ ਹੈ, ਔਰ ਸਾਰੇ ਸੰਸਾਰ ਕਾ ਪ੍ਰੇਰਕ ਹੈ । ਇਸ ਸੂਰਜ ਨਾਰਾਯਣ ਕਾ ਰਥ ਚਲਾਣੇ ਵਾਲਾ ਅਰੁਣ ਹੈ । ਅਰ ਵ੍ਹ ਅਰੁਣ ਪੰਖੀਓਂ ਕਾ ਰਾਜਾ ਜੋ ਗਰੁੜ ਹੈ, ਉਸ

ਕਾ ਬੜਾ ਭਾਈ ਹੈ । ਔਰ ਕਸ਼ਪ ਰਿਸ਼ੀ ਕਾ ਪੁਤ੍ਰ ਹੈ, ਇਸ ਕੀ ਮਾਤਾ ਕਾ ਨਾਮ ਬਿਨਤਾ ਹੈ, ਪਰੰਤੂ ਕਰਮ ਕਰ ਕੇ ਅਰੁਣ ਪਿੰਗਲਾ ਹੀ ਰਹਾ ਇਸ ਨੇ ਰਥ ਚਲਾਤੇ ਚਲਾਤੇ ਸੂਰਜ ਨਾਰਾਯਣ ਕੋ ਅਨੇਕ ਵਾਰ ਪ੍ਰਸੰਨ ਭੀ ਕੀਆ, ਔਰ ਗਰੁੜ ਨੇ ਭੀ ਅਨੇਕ ਵਾਰ ਵਿਸ਼ਨੂੰ ਭਗਵਾਨ ਕੋ ਪ੍ਰਸੰਨ ਕਰਕੇ ਪ੍ਰਾਰਥਨਾ ਕਰੀ, ਕਿ ਕਿ ਮੇਰਾ ਬੜਾ ਭਾਈ ਅਰੁਣ ਪਿੰਗਲਾ ਹੈ ਉਸ ਕੋ ਆਪ ਲਤਾਂ ਦੇ ਦੋ, ਪਰੰਤੂ ਅਰੁਣ ਕੋ ਸੂਰਜ ਨਾਰਾਯਣ ਨੇ ਜਵਾਬ ਦੇ ਦੀਆ ਅਰ ਗਰੜ ਕੋ ਵਿਸ਼ਨੂੰ ਭਗਵਾਨ ਨੇ ਜਵਾਬ ਦੇ ਦੀਆ, ਕਿ ਪ੍ਰਾਰਬਧ ਕੋਟੀ ਮੇਂ ਆਯਾ ਹੂਆ ਜੋ ਕਰਮ ਹੈ, ਉਸ ਕੋ ਹਮ ਨਹੀਂ ਮਿਟਾ ਸਕਤੇ। ਜਬ ਭਗਤ ਨੇ ਆਪਣੀ ਇਸਤ੍ਰੀ ਕੋ ਯਹ ਕਥਾ ਸੁਣਾਈ, ਤਬ ਇਸਤ੍ਰੀ ਕਹਿਨੇ ਲਗੀ ਅਰੁਣ ਕਿਸ ਕਰਮ ਕਰਕੇ ਪਿੰਗਲਾ ਹੂਆ ? ਤਬ ਭਗਤ ਤ੍ਰਿਲੋਚਨ ਕਹਿਨੇ ਲਗੇ ਯਹ ਅਰੁਣ ਪੂਰਬ ਜਨਮ ਮੇਂ ਮਨੁਸ਼ ਥਾ, ਔਰ ਆਪਣੇ ਚੰਚਲ ਸੁਭਾਵ ਸੇ ਇਕ ਦਿਨ ਭੰਬੀਰੀ ਕੋ ਪਕੜਾ, ਔਰ ਉਸ ਦੀਆਂ ਲਤਾਂ ਤੋੜ ਦਿਤੀਆਂ । ਵੁਹ ਕਰਮ ਇਸ ਕੇ ਪ੍ਰਾਰਬਧ ਕੋਟੀ ਮੇਂ ਆ ਗਿਆ ਥਾ, ਇਸ ਵਾਸਤੇ ਯਹ ਪਿੰਗਲਾ ਹੋ ਗਿਆ । ਕਸ਼ਜਪ ਰਿਸ਼ੀ ਪਾਸ ਉਸ ਕੀ ਇਸਤ੍ਰੀ ਬਿਨਤਾ ਸੰਤਾਨ ਵਾਸਤੇ ਗਈ ਥੀ, ਰਿਸ਼ੀ ਨੇ ਉਸ ਕੋ ਕਹਾ ਦੋ ਬੱਚੇ ਤੁਮਾਰੇ ਕੋ ਹੋਂਗੇ ਦੋ ਅੰਡੇ ਨਿਕਲੇਂਗੇ, ਉਨ ਦੋਨੋਂ ਅੰਡੋਂ ਕੋ ਹਜਾਰ ਬਰਸ ਸੰਭਾਲ ਕਰ ਰਖਣਾ । ਫੇਰ ਅੰਡੋਂ ਕੋ ਤੋੜਨਾ, ਪਹਿਲੇ ਨ ਤੋੜਨਾ। ਜਬ ਗਰਭ ਸੇ ਅੰਡੇ ਪੈਦਾ ਹੂਏ ਔਰ ਸਤਿਜੁਗ ਕਾ ਸਮਾਂ ਥਾ ਪੰਜ ਸੌ ਬਰਸ ਅੰਡੋਂ ਕੋ ਰਖੇ ਹੂਏ ਬਤੀਤ ਹੋ ਗਏ । ਤਬ ਮਾਤਾ ਕੋ ਮੋਹ ਜਾਗਾ ਔਰ ਕਹਿਨੇ ਲਗੀ ਸ਼ਾਇਦ ਮਰ ਨ ਗਏ ਹੋਵੇਂ । ਏਕ ਕੋ ਤੋੜਕੇ ਦੇਖਾ ਤੋ ਉਸ ਸੇ ਪਿੰਗਲਾ ਅਰੁਣ ਨਿਕਲਾ। ਮਾਤਾ ਕੋ ਕਹਿਣੇ ਲਗਾ ਤੁਮ ਨੇ ਬੜਾ ਬੁਰਾ ਕੀਆ ਜੋ ਪੰਜ ਸੌ ਬਰਸ ਪਹਿਲੇ ਹੀ ਮੇਰੇ ਕੋ ਨਿਕਾਲ ਲੀਆ । ਮਾਤਾ ਬੜੀ ਘਬਰਾਈ, ਪਰੰਤੂ ਕਸ਼ਜਪ ਨੇ ਧੀਰਜ ਦੀਆ ਕਿ ਭਾਵੀ ਅਧੀਨ ਹੈ ਜੋ ਹੋਣਾ ਥਾ ਹੋ ਗਿਆ। ਅਬ ਦੂਸਰੇ ਅੰਡੇ ਕੋ ਨਾ ਤੋੜਨਾ। ਦੂਸਰੇ ਕੋ ਹਜਾਰ ਬਰਸ ਕੇ ਬਾਦ ਫੋੜਾ ਤੋ ਉਸ ਮੇਂ ਸੇ ਗਰੜ ਨਿਕਲਾ, ਔਰ ਅਰੁਣ ਕਾ ਪਿੰਗਲਾ ਪਨ ਹਟਾਨੇ ਕੇ ਲੀਏ ਅਨੇਕ ਯਤਨ ਭੀ ਕਰੇ, ਪਰੰਤੂ ਅਰੁਣ ਪਿੰਗਲਾ ਹੀ ਰਹਾ । ਸੋ ਹੇ ਇਸਤ੍ਰੀ ! ਕਰਮ ਕਾ ਫਲ ਅਮਿਟ ਹੈ। ਇਸ ਵਾਸਤੇ ਤੂੰ ਹਰਖ ਸ਼ੋਕ ਤੇ ਰਹਿਤ ਹੋ ਜਾ। ਇਸ ਪਰਕਾਰ ਦੂਸਰਾ ਦ੍ਰਿਸ਼ਟਾਂਤ ਦੇਕਰ ਆਪਣੀ ਇਸਤ੍ਰੀ ਕਾ, ਚਿਤ ਸ਼ਾਂਤ ਕਰਤੇ ਭਏ। ਅਬ ਤੀਸਰਾ ਦ੍ਰਿਸਟਾਂਤ ਕਹਿਤੇ ਹੈ:-

**ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁਰੀ ॥ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁਰੀ ॥ ਕਰਮ ਕਰਿ ਕਪਾਲੁ ਮਫੀਟਸਿਰੀ ॥**

ਦੇਖੋ ਅਨੇਕ ਪਾਤਕੋਂ ਕੋ ਨਾਸ਼ ਕਰਨੇ ਵਾਲਾ ਤਥਾ ਤੀਨ ਭਵਨੋਂ ਕੇ ਨਾਥ, ਜੋ ਸ੍ਰੀ ਮਹਾਂਦੇਵ ਜੀ ਹੈਂ ਭਾਵ ਐਸੇ ਪਾਪ ਨਾਸ਼ਕ ਹੈਂ ।



**ਮਹਾਦੇਵ ਮਹਾਦੇਵ ਮਹਾਦੇਵ ਇਤਿ ਯੋ ਵਦੇਤ ਏਕੇਨ ਏਵ ਭਵੇਤ੍ਰ ਮੁਕਤਿ ਦ੍ਵਾਭਯਾਂ ਸ਼ੰਭੂ: ਰਿਣੀ ਭਵੇਤ੍ਰ ॥**

ਜੋ ਪੁਰਸ਼ ਤੀਨ ਵਾਰੀ ਮਹਾਂਦੇਵ ਐਸੇ ਕਹੇ ਤੋ ਏਕ ਵਾਰ ਕਹਿਨੇ ਸੇ ਮੁਕਤੀ ਦੇਤੇ ਹੈਂ, ਦੋ ਵਾਰ ਕਹਿਨੇ ਸੇ (ਰਿਣੀ) ਕਰਜਾਈ ਹੋ ਜਾਤੇ ਹੈਂ । ਪ੍ਰਮਾਣ ਸ਼ਿਵ ਅਸਤੋਤ੍ਰ:-

**ਸ਼ਿਵ ਸ਼ਿਵ ਜਪਤ ਮਹਾ ਅਨੰਦ ॥ ਜਿਨਹਿ ਸਿਮ੍ਰਿਤ ਬਿਘਨ ਨਸ਼ੰਤ ॥ ਕਟਤ ਜਮ ਕੀ ਫੰਧ ॥**

**ਤੀਨ ਲੋਕ ਦਯਾਲਾ ਦਾਤਾ ਹਰਹੋ ਦੁਖ ਅਰ ਦੂੰਦ । ਸਖਾ ਭੂਤ ਬੈਤਾਲ ਭੈਰਉ ਆਦਿ ਜਟਾਧਾਰੀ ਗੰਗ ॥ ਓਢਨਾ ਬਾਘੰਬਰ ਸਫਟਕ ਮਣੀ ਮਕਰੰਦ ਭੋਜਨ ਭਾਂਗ ਆਕ ਧਤੂਰਾ ਔਰ ਬਨ ਕੇ ਕੰਦ ॥ ਤੀਨ ਨੈਨ ਬਿਸ਼ਾਲ ਸ਼ੋਭਤ ਭਸਮ ਸ਼ੋਭਤ ਅੰਗ ॥ ਕਾਨ ਮੁੰਦਰਾ ਭਸਮ ਝੋਲੀ ਭੂਤ ਗਣ ਲੀਨੋ ਸੰਗ ॥ ਪਾਰਬਤੀ ਪਤੀ ਸਰਣ ਤਵ ਗੀਤ ਗਾਵਤ ਪਰਮਾ ਨੰਦ ॥**

ਅਰਥ-ਅਨਿਕ ਪਾਤਕ ਹਰਤਾ ਮਹਾ ਦੇਵ ਜੀ ਅਨੇਕ ਜੀਵੋਂ ਕੇ ਅਨੇਕ ਪਾਤਕ ਹਰਤਾ ਹੈਂ, ਜੈਸੇ ਅਵਾਤਕਾ ਉਜੈਨ ਮਹਾਤਮ ਮੇਂ ਲਿਖਾ ਹੈ । ਜਿਸ ਉਜੈਨ ਪੁਰੀ ਮੇਂ ਸੋਮੇਸ੍ਵਰ ਮਹਾਦੇਵ ਹੈਂ, ਔਰ ਜਹਾਂ ਖਿਪਰਾ ਨਦੀ ਹੈ ਉਸ ਕੋ ਉਜੈਨੀ ਭੀ ਕਹਿਤੇ ਹੈਂ । ਉਤਜੈਨੀ, ਉਜੈਨੀ, ਉਤਕ੍ਰਿਸਟ ਜਯ ਸਾਲਿਨੀ ਪੁਰੀ । ਇਸ ਪੁਰੀ ਮੇਂ ਸੋਮੇਸ੍ਵਰ ਮਹਾਂਦੇਵ ਪ੍ਰਸਿਧ ਹੈ, ਜੋ ਜਯੋਤਿ ਲਿੰਗੋਂ ਮੇਂ ਗਿਨਾ ਜਾਤਾ ਹੈ । ਇਸ ਪੁਰੀ ਮੇਂ ਬੈਠ ਕੇ ਪਸੁਪਤਿ ਅਸਤ੍ਰ ਸੇ ਤ੍ਰਿਪੁਰ ਕੋ ਜਯ ਕਰਾ ਹੈ । ਤ੍ਰਿਪੁਰ ਕੋ ਜਯ ਕਰਕੇ ਤ੍ਰਿਲੋਕੀ ਕੋ ਸੁਖੀ ਕਰਾ ਹੈ, ਇਸ ਵਾਸਤੇ ਇਸ ਕਾ ਨਾਮ ਉਜੈਨੀ ਪੜਾ ਹੈ । ਇਸ ਕਾ ਦੂਸਰਾ ਨਾਮ ਅਵੰਤੀ ਯਾ ਅਵੰਤਕਾ ਭੀ ਹੈ 'ਅਵਤਿ ਪਾਲਾਯਤਿਤਿ ਅਵੰਤਿਕਾ' ਪ੍ਰਤਿਕਲਪ ਮੇਂ ਦੇਵਤਾਉਂ ਸਹਿਤ ਸਭ ਜੀਵੋਂ ਕਾ ਪਾਲਨ ਯਹਾਂ ਹੋਤਾ ਹੈ । ਇਸ ਵਾਸਤੇ ਇਸ ਕੋ ਅਵੰਤਿਕਾ ਕਹਿਤੇ ਹੈਂ । ਮਹਾਰਾਜ ਵਿਕ੍ਰਮ ਈਹਾਂ ਕਾ ਰਾਜਾ ਥਾ ਔਰ ਬਾਰਾਂ ਬਰਸ ਬਾਦ ਯਹਾਂ ਕੁੰਭ ਭੀ ਲਗਤਾ ਹੈ । ਇਸ ਪੁਰੀ ਕਾ ਨਾਮ ਪਦਮਾਵਤੀ ਭੀ ਹੈ । ਸਮੁੰਦਰ ਮਥਨ ਕਰਨੇ ਸੇ ਲਖਮੀ ਨਿਕਲੀ ਸੀ । ਲਖਮੀ ਕੋ ਦੇਵ ਦੈਤਯ ਦੋਨੋਂ ਚਾਹਤੇ ਥੇ । ਤਬ ਸਭ ਨੇ ਵਿਚਾਰ ਕਰਾ ਕਿ ਪਹਿਲੇ ਅੰਮ੍ਰਿਤ ਨਿਕਾਲੋ ਪੀਛੇ ਇਸ ਕਾ ਵਿਚਾਰ ਕਰੇਂਗੇ । ਤਬ ਤਕ ਲਛਮੀ ਉਜੈਨ ਮੇਂ ਰਹੇਗੀ । ਲਛਮੀ ਕੇ ਰਹਿਣੇ ਸੇ ਇਸ ਪੁਰੀ ਕਾ ਨਾਮ ਪਦਮਾਵਤੀ ਪੜ ਗਿਆ, ਔਰ ਇਸ ਪੁਰੀ ਕੋ ਕੁਸ ਅਸਥਲੀ ਭੀ ਕਹਿਤੇ ਹੈਂ, ਬ੍ਰਹਮਾ ਜੀ ਕੀ ਪ੍ਰਾਰਥਨਾ ਸੇ ਸ੍ਰੀ ਵਿਸ਼ਨੂੰ ਭਗਵਾਨ ਕੁਸ਼ਾ ਕਾ ਆਸਨ ਬਿਛਾ ਕਰ, ਸਭ ਕੋ ਇਸ਼ਨਾਨ ਕਰਾ ਕਰ ਸਿਖਯਾ

ਦੇਤੇ ਥੇ ਤਬ ਸੇ ਇਸ ਕਾ ਨਾਮ ਕੁਸ਼ ਅਸਥਲੀ ਹੂਆ । ਅਰ ਇਸ ਕਾ ਨਾਮ ਜੂਰਘਨੀ ਭੀ ਹੈ। ਯਾਨੇ ਜੂਰ ਕੀ ਪੀੜਾ ਕੋ ਨਾਸ਼ ਕਰਨੇ ਵਾਲੀ ਹੈ । ਈਹਾ ਹੀ ਗੌਤਮ ਰਿਸ਼ੀ ਕੇ ਸ਼ਾਪ ਸੇ ਇੰਦਰ ਕੇ ਸ਼ਰੀਰ ਮੇਂ ਹਜਾਰ ਭਗ ਹੂਏ ਥੇ, ਉਸ ਕਰ ਕੇ ਇੰਦ੍ਰ ਬੜਾ ਦੁਖੀ ਰਹਿਤਾ ਥਾ ਔਰ ਬੜਾ ਲਜਿਤ ਭੀ ਰਹਿਤਾ ਥਾ, ਔਰ ਯਹਾ ਬੈਠ ਕਰ ਸਭ ਦੇਵਤਾਓਂ ਸਹਿਤ ਇੰਦਰ ਨੇ ਸੋਮੇਸ਼ੁਰ ਸ਼ਿਵਜੀ ਕਾ ਆਰਾਧਨ ਕੀਆ, ਤਬ ਸੇ ਸੋਮਾਵਤੀ ਅਮਾਵਸ ਕੋ ਖਿਪ੍ਰਾ ਨਦੀ ਕਾ ਬੜਾ ਮਹਾਤਮ ਹੈ । ਸ੍ਰੀ ਸਨਤ ਕੁਮਾਰ ਸ੍ਰੀ ਵਿਯਾਸ ਜੀ ਪ੍ਰਤੀ ਐਸੇ ਕਹਿਤੇ ਹੈ:-

**ਖਿਪ੍ਰਾ ਸੋਮ ਜਲੰ ਵਿਯਾਸ, ਕੋਟੀ ਤੀਰਥ ਫਲ ਪ੍ਰਦੰ। ਅਮਾ ਸੋਮ ਸਮਾਯੋਗੇ ਪਿਤ੍ਰੀ ਤੀਰਥ ਸਮੰ ਸਿਮ੍ਰਿਤੰ ॥ ੧ ॥**

ਅਰਥ–ਹੇ ਵਯਾਸ ਜੀ ! ਖਿਪ੍ਰਾ ਨਦੀ ਕਾ ਜੋ ਅੰਮ੍ਰਿਤ ਜਲ ਹੈ ਸੋ ਕ੍ਰੋੜੋਂ ਤੀਰਥੋਂ ਕੇ ਫਲ ਕੋ ਦੇਨੇ ਵਾਲਾ ਹੈ । ਅਗਰ ਸੋਮਾਵਤੀ ਅਮਾਵਸ ਕਾ ਯੋਗ ਹੋਵੇ ਤੋ ਪਿਤ੍ਰੀ ਤੀਰਥ ਯਾਨੇ ਗਯਾ ਕੇ ਬਰਾਬਰ ਹੈ।

**ਅਮਾਯਾਮ ਸੋਮਵਾਰਸ੍ਰੇਤ੍ਰ ਵਿਯਤੀਪਾਤੋ ਸਦਾ ਭਵੇਤ੍ਰ ॥ ਸਤ ਗੁਣੰ ਗਯਾਯਾਸ ਸੋਮਵਤਯਾਂ ਪ੍ਰਕੀਰਤਿਤ: ॥ ੨ ॥**

ਅਰਥ–ਸੋਮਾਵਤੀ ਅਮਾਵਸ ਮੇਂ ਵਿਤੀਪਾਤ ਯੋਗ ਯਦੀ ਆ ਜਾਵੇ, ਤੋ ਗਯਾ ਸੇ ਸੌ ਗੁਣਾ ਜ਼ਿਆਦਾ ਸ਼ਿਪ੍ਰਾ ਇਸ਼ਨਾਨ ਕਾ ਫਲ ਹੈ।

**ਸਰਵਤ੍ਰ ਦੁਰਲਭਾ ਖਿਪ੍ਰਾ ਸੋਮੇ ਸੋਮ ਗ੍ਰਹੇ ਤਥਾ । ਸ਼ੋਮੇਸ਼੍ਵਰ: ਸੋਮਾਵਾਰਸ੍ਰ ਸਕਾਰਾ ਪੰਚ ਦੁਰਲਭਾ: ॥ ੩ ॥**

ਅਰਥ–ਸਾਰੇ ਜਗਤ ਮੇਂ ਪਹਿਲੇ ਤੋ ਸੋਮਾ ਸਹਿਤ ਖਿਪ੍ਰਾ ਨਦੀ ਦੁਰਲਭ ਹੈ । ਪਹਿਲੇ ਤੋ ਸੋਮਾਨਦੀ ਹੋਵੇ ਫੇਰ ਸੋਮਵਤੀ ਹੋਵੇ ਫੇਰ ਸੋਮ ਗ੍ਰਹ ਹੋਵੇ ਤਥਾ ਸੋਮੇਸ਼ੁਰ ਮਹਾਦੇਵ ਕਾ ਸੋਮਵਾਰ ਕੋ ਦਰਸ਼ਨ ਹੋਵੇ, ਯੇ ਪੰਚ ਸਕਾਰ ਦੁਰਲਭ ਹੈਂ ।

**ਗੋਤਮਯੇਨ ਪੁਰਾ ਯਤ੍ਰ ਇੰਦ੍ਰ ਸ਼ਾਪਾਤ੍ਰ ਭਸੀ ਕ੍ਰਿਤ: । ਭਗ ਬ੍ਰੀੜਾ ਯੁਤ ਸ਼ਕ੍ਰ ਗਤ੍ਵਾ ਵਨ ਉਤਮੰ ॥ ੪ ॥ ਤੁਸਯੇਨ ਸ਼ੰਭੁਨਾ ਵਿਪ੍ਰ ਯੇ ਭਗਾ ਤਤ ਸ਼ਰੀਰ ਗਾ ਗੋਸਹਸ੍ਰ ਕ੍ਰਿਤਯੇਨ ਗੋਪੀ ਇੰਦ੍ਰ ਤੇਨ ਕਥਯਤੇ ॥ ੫ ॥**

ਅਰਥ–ਗੋਤਮ ਨੇ ਪਹਿਲੇ ਇੰਦ੍ਰ ਕੋ ਸ਼ਾਪ ਦੇਕਰ ਉਸ ਕਾ ਸਰੀਰ ਹਜਾਰ ਭਗੋਂ ਵਾਲਾ ਕਰ ਦੀਆ, ਭਗ ਲਜਾ ਸੇ ਯੁਕਤ ਇੰਦ੍ਰ ਤਸਪਯਾ ਕਰਨੇ ਵਾਸਤੇ ਉਤਮ ਬਨ



ਕੋ ਚਲਾ ਗਿਆ, ਤਬ ਇੰਦ੍ਰ ਕੀ ਉਸ ਤਪਸਯਾ ਸੇ ਮਹਾਦੇਵ ਜੀ ਪ੍ਰਸੰਨ ਹੋ ਗਏ । ਹੇ ਬ੍ਰਾਹਮਣ ਵਿਯਾਸ ਜੀ ! ਪ੍ਰਸੰਨ ਹੂਏ ਮਹਾਦੇਵ ਨੇ ਇੰਦ੍ਰ ਕੇ ਸਰੀਰ ਮੇਂ ਜੋ ਭਗ ਸੀ ਉਹ ਸਹਸ੍ਰ ਨੇਤ੍ਰ ਬਨਾ ਦੀਏ, ਤਿਸ ਕਰਕੇ ਮਹਾਦੇਵ ਦਾ ਨਾਮ ਗੋਪੀ ਇੰਦ੍ਰ ਹੋ ਗਿਆ। ਇਸ ਪ੍ਰਕਾਰ ਅਨੇਕ ਪਾਪੋਂ ਕੇ ਨਾਸ ਕਰਨੇ ਵਾਲੇ ਮਹਾਦੇਵ ਹੈਂ । ਤ੍ਰਿਭਵਣ ਨਾਥ ਭੀ ਸਿਕੰਧ ਉਪਨਿਸ਼ਦ ਮੇਂ ਲਿਖਾ ਹੈ ਕਿ ਮਹਾਦੇਵ ਪਰਮ ਬ੍ਰਹਮ ਹੈ, ਬਿਸਨੂੰ ਰੂਪ ਭੀ ਹੈ ਔਰ ਜੀਵ ਰੂਪ ਭੀ ਹੈਂ ।

**ਸਲੋਕ–ਚਿਤ੍ਰ ਜੜਾਨਾਂ ਤੂ ਯੋ ਦ੍ਰਸ੍ਟਾ ਸੁ ਅਚਯੁਤ ਗਯਾਨ ਵਿਗ੍ਰ: ॥ ਸਏਵ ਹੀ ਮਹਾ ਹਰੀ:ਸ ਏਵ ਜਯੋਤੀਸਾਂ ਜਯੋਤੀ ਸ ਏਵ ਪਰਮੇਸ੍ਵਰ: ॥ ਸਏਵ ਪਰੰ ਬ੍ਰਹਮ ਤਤ੍ਰ ਬ੍ਰਹਮਾਹੰ ਨ ਸੰਸਯ: ॥** [ਸਕੰਧ ਉਪਨਿਖਦ ਸਲੋਕ ੪

ਅਰਥ–ਜੜ ਚੇਤਨੋਂ ਕਾ ਜੋ ਦ੍ਰਿਸਟਾ ਹੈ ਯਾਨੇ ਅਸਥਾਵਰ ਜੰਗਮ ਕਾ ਜੋ ਦੇਖਨੇ ਵਾਲਾ ਹੈ, ਅਰ ਆਪ ਅਬਿਨਾਸੀ ਚੇਤਨ ਸਰੂਪ ਹੈ ਸੋਈ ਮਹਾਦੇਵ ਹੈ, ਸੋਈ ਮਹਾਂ ਵਿਸ਼ਨੂੰ ਹੈ, ਸੋਈ ਪ੍ਰਕਾਸ਼ਕੋਂ ਕਾ ਪ੍ਰਕਾਸ਼ਕ ਹੈ, ਸੋਈ ਪਾਰਬ੍ਰਹਮ ਹੈ, ਸੋ ਪਾਰਬ੍ਰਹਮ ਮੈਂ ਹੀ ਹੂੰ ਇਸ ਮੇਂ ਸੰਦੇਹ ਨਹੀਂ ਹੈ।

**ਸ਼ਲੋਕ–ਜੀਵੋ ਸ਼ਿਵ: ਸਿਵੋ ਜੀਵ: ਸ ਜੀਵ: ਕੀਵਲ: ਸ਼ਿਵ:। ਤੁਖਯੇਣ ਬਧੋ ਬ੍ਰੀਹੀ ਸਯਾਤ੍ਰ ਤੁਖਯਾ ਭਾਵੇਨ ਤੰਡੁਲ: ॥ ੬ ॥** [ਸਕੰਦ ਉਪਨਿਖਦ

**ਏਵੰ ਬਧੋਸ ਤਥਾ ਜੀਵ: ਕਰਨ ਨਾਸ਼ੇ ਸਦਾ ਸ਼ਿਵ: । ਪਾਸ਼ ਬਧੋ ਤਥ ਜੀਵ: ਪਾਸ ਮੁਕ੍ਤੋ ਸਦਾ ਸ਼ਿਵ: ॥ ੨ ॥**

ਅਰਥ–ਜੀਵ ਸ਼ਿਵ ਹੈ ਸ਼ਿਵ ਜੀਵ ਹੈ, ਸੋ ਜੀਵ ਕੇਵਲ ਸ਼ਿਵ ਸਰੂਪ ਹੀ ਹੈ। ਉਪਾਧੀ ਕਰਕੇ ਨਾਮੋਂ ਕਾ ਭੇਦ ਹੈ ਵਾਸਤਵ ਕਰਕੇ ਨਹੀਂ । ਜੈਸੇ ਤੁਖੋਂ ਨਾਲ ਮਿਲੇ ਹੂਏ ਚਾਵਲ ਬ੍ਰਿਹੀ ਯਾ (ਸਾਰਿਓਂ) ਕਹਿਲਾਤੇ ਹੈਂ ਔਰ ਤੁਖ ਲਾਹ ਦਿਓ ਤੋ ਵੋਹੀ (ਸਾਰਿਓਂ) ਚਾਵਲ ਕਹਿਲਾਤੇ ਹੈ । ਐਸੇ ਹੀ ਕਰਮ ਨਾਲ ਬੰਧਾ ਹੂਆ ਜੀਵ ਕਹਾਤਾ ਹੈ ਔਰ ਕਰਮੋਂ ਕੇ ਨਾਸ਼ ਹੋਨੇ ਤੇ ਸ਼ਿਵ ਕਹਾਤਾ ਹੈ । ਪਾਸ (ਫਾਹੀ) ਨਾਲ ਬੱਧਾ ਹੂਆ ਜੀਵ ਹੈ ਪਾਸ ਮੁਕਤ ਸੋ ਸ਼ਿਵ ਹੈ। ਜੈਸੇ ਪ੍ਰਮਾਣ:-

**ਯਥਾ ਸ਼ਿਵ ਨਯੋ ਵਿਸ਼ਣੁ: ਏਵੰ ਵਿਸ਼ਣੂ ਮਯੋ ਸ਼ਿਵ: । ਯਥਾ ਅਨਯੰ ਨ ਪਸ਼ਯਾਮਿ ਤਥਾ ਮੇ ਸ੍ਵਸ੍ਤੀਂ ਆਯੁਸ਼ੇ ॥ ੯ ॥**

ਅਰਥ–ਜੈਸੇ ਸ਼ਿਵ ਸਰੂਪ ਵਿਸ਼ਨੂੰ ਹੈ ਐਸੇ ਵਿਸ਼ਨੂੰ ਸਰੂਪ ਸ਼ਿਵ ਹੈ, ਜਿਸ ਵਾਸਤੇ ਮੈਂ ਭੇਦ ਕੋ ਦੇਖਨੇ ਵਾਲਾ ਨਹੀਂ ਇਸ ਵਾਸਤੇ ਮੇਰੇ ਕਲਯਾਨ ਕੀ ਬ੍ਰਿਧੀ ਹੋ ਔਰ ਬ੍ਰਾਹ ਉਪਨਿਸ਼ਧ ਮੇਂ ਭੀ ਲਿਖਾ ਹੈ:-

ਦੇਤੇ ਥੇ ਤਬ ਸੇ ਇਸ ਕਾ ਨਾਮ ਕੁਸ਼ ਅਸਥਲੀ ਹੂਆ । ਅਰ ਇਸ ਕਾ ਨਾਮ ਜੁਰਘਨੀ ਭੀ ਹੈ। ਯਾਨੇ ਜੁਰ ਕੀ ਪੀੜਾ ਕੋ ਨਾਸ਼ ਕਰਨੇ ਵਾਲੀ ਹੈ । ਈਹਾਂ ਹੀ ਗੋਤਮ ਰਿਸੀ ਕੇ ਸ਼ਾਪ ਸੇ ਇੰਦਰ ਕੇ ਸ਼ਰੀਰ ਮੇਂ ਹਜਾਰ ਭਗ ਹੁਏ ਥੇ, ਉਸ ਕਰ ਕੇ ਇੰਦ੍ਰ ਬੜਾ ਦੁਖੀ ਰਹਿਤਾ ਥਾ ਔਰ ਬੜਾ ਲਜਿਤ ਭੀ ਰਹਿਤਾ ਥਾ, ਔਰ ਯਹਾ ਬੈਠ ਕਰ ਸਭ ਦੇਵਤਾਓ ਸਹਿਤ ਇੰਦਰ ਨੇ ਸੋਮੇਸ੍ਵਰ ਸ਼ਿਵਜੀ ਕਾ ਆਰਾਧਨ ਕੀਆ, ਤਬ ਸੇ ਸੋਮਾਵਤੀ ਅਮਾਵਸ ਕੋ ਖਿਪ੍ਰਾ ਨਦੀ ਕਾ ਬੜਾ ਮਹਾਤਮ ਹੈ । ਸ੍ਰੀ ਸਨਤ ਕੁਮਾਰ ਸ੍ਰੀ ਵਿਯਾਸ ਜੀ ਪ੍ਰਤੀ ਐਸੇ ਕਹਿਤੇ ਹੈਂ:-

**ਖਿਪ੍ਰਾ ਸੋਮ ਜਲੰ ਵਿਯਾਸ, ਕੋਟੀ ਤੀਰਥ ਫਲ ਪ੍ਰਦੰ । ਅਮਾ ਸੋਮ ਸਮਾਯੋਗੇ ਪਿਤ੍ਰੀ ਤੀਰਥ ਸਮੰ ਸਿਮ੍ਰਿਤੰ ॥ ੧ ॥**

ਅਰਥ-ਹੇ ਵਯਾਸ ਜੀ ! ਖਿਪ੍ਰਾ ਨਦੀ ਕਾ ਜੋ ਅੰਮ੍ਰਿਤ ਜਲ ਹੈ ਸੋ ਕ੍ਰੋੜਾਂ ਤੀਰਥੋਂ ਕੇ ਫਲ ਕੋ ਦੇਨੇ ਵਾਲਾ ਹੈ । ਅਗਰ ਸੋਮਾਵਤੀ ਅਮਾਵਸ ਕਾ ਯੋਗ ਹੋਵੇ ਤੋ ਪਿਤ੍ਰੀ ਤੀਰਥ ਯਾਨੇ ਗਯਾ ਕੇ ਬਰਾਬਰ ਹੈ ।

**ਅਮਾਯਾਮ ਸੋਮਵਾਰਸ੍ਯੈਤ੍ਰ ਵਿਯਤੀਪਾਤੇ ਸਦਾ ਭਵੇਤ੍ ॥ ਸਤ ਗੁਣੰ ਗਯਾਯਾਸ ਸੋਮਵਤਯਾਂ ਪ੍ਰਕੀਰਤਿਤ: ॥ ੨ ॥**

ਅਰਥ-ਸੋਮਾਵਤੀ ਅਮਾਵਸ ਮੇਂ ਵਿਤੀਪਾਤ ਯੋਗ ਯਦੀ ਆ ਜਾਵੇ, ਤੋ ਗਯਾ ਸੇ ਸੌ ਗੁਣ ਜ਼ਿਆਦਾ ਸ਼ਿਪ੍ਰਾ ਇਸਨਾਨ ਕਾ ਫਲ ਹੈ।

**ਸਰਵਤ੍ਰ ਦੁਰਲਭਾ ਖਿਪ੍ਰਾ ਸੋਮੇ ਸੋਮ ਗ੍ਰਹੇ ਤਥਾ । ਸ਼ੋਮੇਸ਼੍ਵਰ: ਸੋਮਾਵਾਰਸ੍ਯ ਸਕਾਰਾ ਪੰਚ ਦੁਰਲਭਾ: ॥ ੩ ॥**

ਅਰਥ-ਸਾਰੇ ਜਗਤ ਮੇਂ ਪਹਿਲੇ ਤੋ ਸੋਮਾ ਸਹਿਤ ਖਿਪ੍ਰਾ ਨਦੀ ਦੁਰਲਭ ਹੈ । ਪਹਿਲੇ ਤੋ ਸੋਮਾਨਦੀ ਹੋਵੇ ਫੇਰ ਸੋਮਵਤੀ ਹੋਵੇ ਫੇਰ ਸੋਮ ਗ੍ਰਹਿ ਹੋਵੇ ਤਥਾ ਸੋਮੇਸ੍ਵਰ ਮਹਾਦੇਵ ਕਾ ਸੋਮਵਾਰ ਕੋ ਦਰਸ਼ਨ ਹੋਵੇ, ਯੇ ਪੰਚ ਸਕਾਰ ਦੁਰਲਭ ਹੈਂ ।

**ਗੋਤਮਯੇਨ ਪੁਰਾ ਯਤ੍ਰ ਇੰਦ੍ਰ ਸ਼ਾਪਾਤ੍ ਭਸੀ ਕ੍ਰਿਤ: । ਭਗ ਬ੍ਰੀੜਾ ਯੁਤ ਸ਼ਕ੍ਰ ਗਤ੍ਵਾ ਵਨ ਉਤਮੰ ॥ ੪ ॥ ਤੁਸਯੇਨ ਸ਼ੰਭੁਨਾ ਵਿਪ੍ਰ ਯੇ ਭਗਾ ਤਤ ਸ਼ਰੀਰ ਗਾ ਗੋਸਹਸ੍ਰ ਕ੍ਰਿਤਯੇਨ ਗੋਪੀ ਇੰਦ੍ਰ ਤੇਨ ਕਥਯਤੇ ॥ ੫ ॥**

ਅਰਥ-ਗੋਤਮ ਨੇ ਪਹਿਲੇ ਇੰਦ੍ਰ ਕੋ ਸ਼ਾਪ ਦੇਕਰ ਉਸ ਕਾ ਸਰੀਰ ਹਜਾਰ ਭਗੋਂ ਵਾਲਾ ਕਰ ਦੀਆ, ਭਗ ਲਜਾ ਸੇ ਯੁਕਤ ਇੰਦ੍ਰ ਤਸਪਯਾ ਕਰਨੇ ਵਾਸਤੇ ਉਤਮ ਬਨ



ਕੋ ਚਲਾ ਗਿਆ, ਤਬ ਇੰਦ੍ਰ ਕੀ ਉਸ ਤਪਸਯਾ ਸੇ ਮਹਾਦੇਵ ਜੀ ਪ੍ਰਸੰਨ ਹੋ ਗਏ । ਹੇ ਬ੍ਰਾਹਮਣ ਵਿਯਾਸ ਜੀ ! ਪ੍ਰਸੰਨ ਹੁਏ ਮਹਾਦੇਵ ਨੇ ਇੰਦ੍ਰ ਕੇ ਸਰੀਰ ਮੇਂ ਜੋ ਭਗ ਸੀ ਉਹ ਸਹਸ੍ਰ ਨੇਤ੍ਰ ਬਨਾ ਦੀਏ, ਤਿਸ ਕਰਕੇ ਮਹਾਂਦੇਵ ਦਾ ਨਾਮ ਗੋਪੀ ਇੰਦ੍ਰ ਹੋ ਗਿਆ। ਇਸ ਪ੍ਰਕਾਰ ਅਨੇਕ ਪਾਪੋਂ ਕੇ ਨਾਸ ਕਰਨੇ ਵਾਲੇ ਮਹਾਂਦੇਵ ਹੈਂ । ਤ੍ਰਿਭਵਣ ਨਾਥ ਭੀ ਸਿਕੰਧ ਉਪਨਿਸ਼ਦ ਮੇਂ ਲਿਖਾ ਹੈ ਕਿ ਮਹਾਦੇਵ ਪਰਮ ਬ੍ਰਹਮ ਹੈ, ਜਿਸਨੂੰ ਰੂਪ ਭੀ ਹੈਂ ਔਰ ਜੀਵ ਰੂਪ ਭੀ ਹੈਂ ।

**ਸਲੋਕ-ਚਿਤ੍ ਜੜਾਨਾਂ ਤੂ ਯੋ ਦ੍ਰਸ੍ਟਾ ਸੁ ਅਚਯੁਤ ਗਯਾਨ ਵਿਗ੍ਰ: ॥ ਸਏਵ ਹੀ ਮਹਾ ਹਰੀ:ਸ ਏਵ ਜਯੋਤੀਸਾਂ ਜਯੋਤੀ ਸ ਏਵ ਪਰਮੇਸ੍ਵਰ: ॥ ਸਏਵ ਪਰੰ ਬ੍ਰਹਮ ਤਤ੍ ਬ੍ਰਹਮਾਹੰ ਨ ਸੰਸਯ: ॥** [ਸਕੰਧ ਉਪਨਿਖਦ ਸਲੋਕ ੪

ਅਰਥ-ਜੜ ਚੇਤਨੋਂ ਕਾ ਜੋ ਦ੍ਰਿਸਟਾ ਹੈ ਯਾਨੇ ਅਸਥਾਵਰ ਜੰਗਮ ਕਾ ਜੋ ਦੇਖਨੇ ਵਾਲਾ ਹੈ, ਅਰ ਆਪ ਅਬਿਨਾਸੀ ਚੇਤਨ ਸਰੂਪ ਹੈ ਸੋਈ ਮਹਾਂਦੇਵ ਹੈ, ਸੋਈ ਮਹਾਂ ਵਿਸ਼ਨੂੰ ਹੈ, ਸੋਈ ਪ੍ਰਕਾਸ਼ਕੋਂ ਕਾ ਪ੍ਰਕਾਸਕ ਹੈ, ਸੋਈ ਪਾਰਬ੍ਰਹਮ ਹੈ, ਸੋ ਪਾਰਬ੍ਰਹਮ ਮੈਂ ਹੀ ਹੂੰ ਇਸ ਮੇਂ ਸੰਦੇਹ ਨਹੀਂ ਹੈ ।

**ਸ਼ਲੋਕ-ਜੀਵੋ ਸ਼ਿਵ: ਸਿਵੋ ਜੀਵ: ਸ ਜੀਵ: ਕੇਵਲ: ਸ਼ਿਵ:। ਤੁਖਯੇਣ ਬਧੋ ਬ੍ਰੀਹੀ ਸਯਾਤ੍ ਤੁਖਯਾ ਭਾਵੇਨ ਤੰਡੁਲ: ॥ ੬ ॥** [ਸਕੰਦ ਉਪਨਿਖਦ

**ਏਵੰ ਬਧੋਸ ਤਥਾ ਜੀਵ: ਕਰਨ ਨਾਸ਼ੇ ਸਦਾ ਸ਼ਿਵ: । ਪਾਸ਼ ਬਧੋ ਤਥ ਜੀਵ: ਪਾਸ ਮੁਕ੍ਤੋ ਸਦਾ ਸ਼ਿਵ: ॥ ੨ ॥**

ਅਰਥ-ਜੀਵ ਸ਼ਿਵ ਹੈ ਸ਼ਿਵ ਜੀਵ ਹੈ, ਸੋ ਜੀਵ ਕੇਵਲ ਸ਼ਿਵ ਸਰੂਪ ਹੀ ਹੈ। ਉਪਾਧੀ ਕਰਕੇ ਨਾਮੋਂ ਕਾ ਭੇਦ ਹੈ ਵਾਸਤਵ ਕਰਕੇ ਨਹੀਂ । ਜੈਸੇ ਤੁਖੋਂ ਨਾਲ ਮਿਲੇ ਹੁਏ ਚਾਵਲ ਬ੍ਰਿਹੀ ਯਾ (ਸਾਰਿਓਂ) ਕਹਿਲਾਤੇ ਹੈਂ ਔਰ ਤੁਖ ਲਾਹ ਦਿਓ ਤੋ ਵੋਹੀ (ਸਾਰਿਓਂ) ਚਾਵਲ ਕਹਿਲਾਤੇ ਹੈ । ਐਸੇ ਹੀ ਕਰਮ ਨਾਲ ਬੰਧਾ ਹੂਆ ਜੀਵ ਕਹਾਤਾ ਹੈ ਔਰ ਕਰਮੋਂ ਕੇ ਨਾਸ ਹੋਨੇ ਤੇ ਸ਼ਿਵ ਕਹਾਤਾ ਹੈ । ਪਾਸ (ਫਾਹੀ) ਨਾਲ ਬੱਧਾ ਹੂਆ ਜੀਵ ਹੈ ਪਾਸ ਮੁਕਤ ਸੇ ਸ਼ਿਵ ਹੈ। ਜੈਸੇ ਪ੍ਰਮਾਣ:-

**ਯਥਾ ਸ਼ਿਵ ਨਯੋ ਵਿਸ਼ਣੁ: ਏਵੰ ਵਿਸ਼ਣੂ ਮਯੋ ਸ਼ਿਵ: । ਯਥਾ ਅਨਯੰ ਨ ਪਸ਼ਯਾਮਿ ਤਥਾ ਮੇ ਸ੍ਵਸ੍ਤੀ ਆਯੁਸ਼ੇ ॥ ੯ ॥**

ਅਰਥ-ਜੈਸੇ ਸ਼ਿਵ ਸਰੂਪ ਵਿਸ਼ਨੂੰ ਹੈ ਐਸੇ ਵਿਸ਼ਨੂੰ ਸਰੂਪ ਸ਼ਿਵ ਹੈ, ਜਿਸ ਵਾਸਤੇ ਮੈਂ ਭੇਦ ਕੇ ਦੇਖਨੇ ਵਾਲਾ ਨਹੀਂ ਇਸ ਵਾਸਤੇ ਮੇਰੇ ਕਲਯਾਨ ਕੀ ਬ੍ਰਿਧੀ ਹੋ ਔਰ ਬ੍ਰਾਹ ਉਪਨਿਸ਼ਧ ਮੇਂ ਭੀ ਲਿਖਾ ਹੈ:-

**ਸਲੋਕ–ਸਰਬ ਭੂਤ ਅੰਤਰਸਥਾਯ ਨਿਤਯ ਮੁਕ੍ਤ: ਚਿਦਾਤਮਨੇ। ਪ੍ਰਤਯਕ ਚੇਤਨ ਰੂਪਾਯ ਮਹੇਸ਼੍ਵਰਾਯ ਨਮੋ ਨਮ: ॥ ੧ ॥ ਤ੍ਵੰ ਵਾਅਹੰ ਅਸਮੀ ਭਗਵੋ ਦੇਵਤੇ ਅਹੰ ਵਾ ਤ੍ਵੰ ਅਸਿ, ਤੁਭਯੰ ਮਹਿਯੰ ਅਨੰਤਾਯ ਮਹਿਯੰ ਤੁਭਯੰ ਚਿਦਾਤਮਨੇ ॥ ੨ ॥**

[ਵਰਾਹ ਉਪਨਿਖਦ ਸਲੋਕ ੩੨–੩੩ ਅਧਿਆਇ ੨

**ਸਲੋਕ ॥ ਨਮੋ ਮਹਿਯੰ ਪਰੇਸ਼ਾਯ ਨਮ: ਤੁਭਯੰ ਸ਼ਿਵਾਯ ਚ ॥ ਕਿੰ ਕਰੋਮਿ ਕ੍ਵ ਗਛਾਮਿ ਕਿੰਗ੍ਰਹਣਾਮੀ ਤ੍ਯਜਾਮਿ ਕਿੰਯਨ ਮਯਾ ਪੂਰਿਤੰ ਵਿਸ਼੍ਵੰ ਮਹਾ ਕਲਪ ਅੰਬੁਨਾਯਥਾ ॥**

[ਸਿਕੰਦ ਉਪਨਿਖਦ

ਅਰਥ–ਸਰਬ ਜੀਵੋਂ ਕੇ ਅੰਤਰ ਇਸਥਿਤ ਨਿਤਯ ਮੁਕਤ ਚਿਦਾਤਮਾ ਸਾਖੀ ਰੂਪ ਮਹਾਂਦੇਵ ਕੋ ਹੀ ਨਮਸਕਾਰ ਹੈ । ਹੇ ਭਗਵਨ ਸਰਬ ਕਾ ਪ੍ਰਕਾਸ਼ਕ ਸ਼ਿਵ ਤੂੰ ਮੈਂ ਹੂੰ ਮੈਂ ਤੂੰ ਹੈਂ, ਹੇ ਅਨੰਤ ਤੇਰੇ ਕੋ ਮੇਰੇ ਕੋ ਹੇ ਚਿਦਾਤਮਨ ਮੇਰੇ ਕੋ ਤੇਰੇ ਕੋ ਨਮਸ਼ਕਾਰ ਹੈ। ਮੈਂ ਪਸੇਸ਼ਰ ਕੋ ਨਮਸ਼ਕਾਰ ਹੈ ਤੂੰ ਸ਼ਿਵ ਕੋ ਨਮਸ਼ਕਾਰ ਹੈ । ਹਮ ਦੋਨੋਂ ਇਕ ਰੂਪ ਹੈਂ ਔਰ ਜਿਸ ਮੈ ਨੇ ਸਾਰਾ ਜਗਤ ਪੂਰਨ ਕਰ ਰਖਾ ਹੈ । ਜੈਸੇ ਪ੍ਰਲੈ ਕਾਲ ਮੇਂ ਜਲ, ਜਬ ਸਾਰੇ ਮੇਂ ਹੀ ਮੈਂ ਹੂੰ ਤੋ ਕਿਆ ਕਰੂੰ, ਕਹਾਂ ਜਾਂਊਂ ਕਿਆ ਗ੍ਰਹਿਨ ਕਰੂੰ ਔਰ ਕਿਸਕੋ ਛੋੜਦੂੰ । ਮਤਲਬ ਸ਼ਿਵ ਰੂਪ ਹੋਨੇ ਸੇ ਉਪਾਧੀ ਰਹਿਤ ਮੇਰੇ ਮੇਂ ਆਨਾ ਜਾਨਾ ਬਨਤਾ ਨਹੀਂ ਤਥਾ ਭਰਥਰੀ ਜੀ ਭੀ ਸ਼ਿਵ ਜੀ ਕੋ ਪ੍ਰਾਰਥਨਾ ਕਰਤੇ ਹੈਂ:–

**ਕਬਿਤ:–ਕਾਸ਼ੀ ਗੰਗਾ ਕੇ ਕਿਨਾਰੇ ਭਵ ਤੇ ਕਿਨਾਰੇ ਹੋਕੇ ਕਦੋਂ ਬਸੇ ਬਸਨ ਕੌਪੀਨ ਏਕ ਧਾਰ ਕੇ । ਦੋਊ ਹਾਥ ਜੋਰ ਕਰ ਨਾਇ ਮਾਥ ਨਮੋ ਕਰੂੰ ਮਿਰਦੂ ਬਾਣੀ ਸਾਥ ਰਟੂੰ ਨਾਮ ਸਮਰਾਰੀ ਕੇ ॥ ਭੋ ਪ੍ਰਭੋ ਭਵਾਨੀ ਵਰ ਸ਼ੰਕਰ ਤ੍ਰਿਨੇਤ੍ਰ ਹਰ ਤ੍ਰਿਪੁਰਾਰੀ ਚੰਦ੍ਰ ਧਰ ਭਵ ਭੈ ਹਾਰ ਕੇ। ਖਿਣ ਸਮ ਦਿਨ ਸਭ ਮੇਰੇ ਬੀਤ ਜਾਵੇਂ ਜਬ ਐਸੋ ਅਹਿ ਆਵੇਂ ਕਬ ਕਹੋ ਕ੍ਰਿਪਾ ਧਾਰ ਕੇ।**

[ਵੈਰਾਗ ਸ਼ਤਕ

ਭਾਵ–ਯਹਿ ਰਾਜਾ ਭਰਥਰੀ ਜੀ ਸ੍ਰੀ ਮਹਾਦੇਵ ਜੀ ਕੋ ਪ੍ਰਾਰਥਨਾ ਕਰਤੇ ਹੈਂ, ਹੇ ਭਗਵਨ ਵੁਹ ਦਿਨ ਕਬ ਆਏਂਗੇ ? ਜਬ ਸੰਸਾਰ ਸੇ ਵਿਰਕਤ ਹੋਕਰ ਏਕ ਕੋਪੀਨ ਮਾਤ੍ਰ ਪਹਿਨ ਕਰ, ਕਾਸ਼ੀ ਮੇਂ ਈਹਾਂ ਗੰਗਾ ਕਿਨਾਰੇ ਵਿਚਰ ਕਰ ਦੋਨੋਂ ਹਾਥ ਜੋੜ ਕਰ, ਸਿਰ ਕੋ ਨਿਵਾਇ ਕਰ ਪ੍ਰੇਮ ਮਈ ਮਿਠੀ ਬਾਣੀ ਸੇ, ਆਪ ਕੇ ਨਾਮ ਜਪੇਂਗੇ । ਹੇ ਪ੍ਰਭੋ ਹੇ ਭਵਾਨੀ ਵਰ, ਹੇ ਸ਼ੰਕਰ, ਹੇ ਤ੍ਰਿਨੇਤ੍ਰ ਹਰ, ਹੇ ਤ੍ਰਿ-ਪੁਰਾਰੀ, ਹੇ ਚੰਦ੍ਰ ਧਰ ਐਸੇ ਆਪ ਕੇ ਨਾਮ ਉਚਾਰਨ ਕਰਤੇ ਇਕ ਖਿਣ ਕੇ ਬੀਰ



ਮੇਂ ਸਭ ਦਿਨ, ਕਬ ਬੀਤ ਜਾਏਂਗੇ । ਇਸ ਪਰਕਾਰ ਸ਼ਿਵਜੀ ਤ੍ਰਿਭਵਣ ਨਾਥ ਹੈਂ ਪਰੰਤੂ ਐਸੇ ਈਸ਼ਰੋਂ ਪਰ ਭੀ ਕਰਮਗਤੀ ਭਾਵੀ ਨ ਹਟੀ । ਯਾਨੇ ਕਰਮ ਕਾ ਫਲ ਜੋ ਕਪਾਲੀ ਥੀ ਵੋਹ ਹਾਥ ਮੇਂ ਚਿੰਬੜੀ ਰਹੀ ਨਾ ਹਟੀ । ਤਥਾ ਭੀਖ ਮਾਂਗਕੇ ਖਾਣਾ ਭੀ ਨਾ ਹਟਾ । ਭਗਤ ਕੀ ਇਸਤ੍ਰੀ ਨੇ ਪੂਛਾ ਕਿ ਮਹਾਦੇਵ ਪਰ ਭਾਵੀ ਆਨੇ ਕੀ ਕਥਾ ਕੈਸੀ ਹੈ ? ਭਗਤ ਕਹਿਣੇ ਲਗਾ ਐਸਾ ਸੁਣਾ ਜਾਤਾ ਹੈ:–ਸ੍ਰੀ ਬ੍ਰਹਮਾ ਜੀ ਆਪਣੀ ਕੰਨਯਾਂ ਸ਼ਤਰੂਪਾ ਜੋ ਮਨੂ ਕੋ ਵਿਵਾਹੀ ਗਈ ਹੈ, ਉਸ ਕੋ ਕਾਮ ਦ੍ਰਿਸ਼ਟੀ ਸੇ ਦੇਖਤੇ ਭਏ ਕੰਨਿਆਂ ਪਿਤਾ ਕਾ ਚਿਤ ਕਾਮਾਤੁਰ ਦੇਖ ਕਰ, ਖਯਾਲ ਬਦਲਾਣੇ ਵਾਸਤੇ ਦੂਸਰੇ ਪਾਸੇ ਹੋ ਗਈ । ਬ੍ਰਹਮਾ ਜੀ ਨੇ ਆਪਣੀ ਸ਼ਕਤੀ ਸੇ ਉਸਕੋ ਦੇਖਣੇ ਵਾਸਤੇ ਦੂਸਰਾ ਮੁਖ ਬਣਾਇਆ । ਕੰਨਯਾਂ ਤੀਸਰੀ ਤਰਫ ਹੋ ਗਈ, ਤੀਸਰਾ ਮੁਖ ਬਣਾਇਆ । ਚੌਥੀ ਦਿਸ਼ਾ ਕੀ ਤਰਫ ਹੋ ਗਈ, ਚੌਥਾ ਮੁਖ ਬਣਾਇਆ, ਜਬ ਅਕਾਸ਼ ਕੋ ਉਡਨੇ ਲਗੀ ਤਬ ਬ੍ਰਹਮਾ ਨੇ ਪਾਂਚਵਾਂ ਮੁਖ ਬਣਾਇਆ, ਇਹ ਦਸ਼ਾ ਦੇਖ ਕਰ ਸ਼ਿਵ ਜੀ ਕੋ ਕ੍ਰੋਧ ਹੂਆ ਅਰ ਰੋਕ ਨ ਸਕਾ । ਔਰ ਤ੍ਰਿਸੂਲ ਸੇ ਬ੍ਰਹਮਾ ਜੀ ਕਾ ਪਾਂਚਵਾਂ ਸਿਰ ਕਾਟ ਡਾਲਾ। ਵੋਹ ਸਿਰ ਯਾਨੇ ਕਪਾਲੀ ਹਾਥ ਕੋ ਚਿੰਬੜ ਗਈ । ਬ੍ਰਹਮਾ ਜੀ ਨੇ ਸ਼ਾਪ ਦੀਆ ਕਿ ਯਹ ਕਪਾਲੀ ਹਾਥ ਮੇਂ ਚਿੰਬੜੀ ਰਹੇਗੀ ਔਰ ਭੀਖ ਮੰਗ ਕੇ ਖਾਏਂਗਾ । ਵੋਹ ਕਰਮ ਕਾ ਫਲ ਕਪਾਲੀ ਨਾ ਹਟੀ। ਗੁਰੂ ਜੀ ਲਿਖਤੇ ਹੈ:–

**ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁਰੀ ॥ ਕਰਮ ਕਰਿ ਕਪਾਲੁ ਮਫੀਟਸਿਰੀ ॥**

ਅਰਥ–ਅਨੇਕ ਤੀਰਥ ਭ੍ਰਮਨੇ ਕਰ ਭੀ ਸ਼ਿਵਜੀ ਕੇ ਹਥ ਸੇ ਕਪਾਲੀਂ ਨਾ ਹਟੀ ਬ੍ਰਹਮਾ ਜੀ ਕਾ ਕੰਨਿਆਂ ਪਰ ਮੋਹਿਤ੍ਰ ਹੋਣਾ ਪ੍ਰਬੋਧ ਚੰਦ੍ਰ ਨਾਟਕ ਮੇਂ ਲਿਖਾ ਹੈ:–

**ਬੇਦ ਪਠੇ ਚਤਰਾਨ ਜੁ ਰਤ ਕੇ ਹਿਤ ਸੋਂ ਦੁਹਿਤਾ ਪ੍ਰਤਿ ਧਾਯੋ ॥**

ਯਾਨੇ ਚਾਰੋਂ ਬੇਦੋਂ ਕੇ ਪੜ੍ਹਨੇ ਵਾਲੇ ਜੋ ਬ੍ਰਹਮਾ ਜੀ ਹੈਂ ਵੁਹ ਭੀ ਕਾਮ ਦ੍ਰਿਸ਼ਟੀ ਸੇ ਆਪਣੀ ਪੁਤਰੀ ਸ਼ਤਰੂਪਾ ਪਰ ਮੋਹਿਤ ਹੋਤੇ ਭਏ। ਕਹੀਂ ਤਿਲੋਤਮਾ ਨਾਮ ਕੰਨਿਆਂ ਲਿਖੀ ਹੈ, ਔਰ ਸ਼ਿਵਜੀ ਸੇ ਬ੍ਰਹਮਾ ਕਾ ਸਿਰ ਕਾਟਨਾ ਭੀ ਪਰਬੋਧ ਚੰਦਰ ਨਾਟਿਕ ਮੇਂ ਲਿਖਾ ਹੈ:–

**ਸ਼ਿਵ ਸੀਸ ਬਿਰੰਚ ਕੇ ਕਾਟ ਬਿਗਾਏ ॥**

ਸ਼ਿਵਜੀ ਨੇ ਬ੍ਰਹਮਾ ਕਾ ਸਿਰ ਕਾਟ ਡਾਲਾ । ਔਰ ਸ੍ਰੀ ਸਨਤ ਕੁਮਾਰ ਰਿਸ਼ੀ ਬਿਆਸ ਜੀ ਕੋ ਸ਼ਿਪ੍ਰਾ ਮਹਾਤਮ ਗ੍ਰੰਥ ਮੇਂ ਕਹਿ ਰਹੇ ਹੈਂ :–

**ਬ੍ਰਹਮ ਕਪਾਲੰ ਆਦਾਯ ਭਿਖਯਾਰਥੰ ਬਿਚਰਤ ਮਹੀਂ । ਮਹਾਦੇਵੋ ਵਿਸ਼ੁਧਾਤਮਾ ਸਰਵ ਲੋਕੇਸ਼ੂ ਸਰਵਤ : ॥**

[ਖਪ੍ਰਾ ਮਹਾਤਮ

**ਸਲੋਕ–ਸਰਬ ਭੂਤ ਅੰਤਰਸਥਾਯ ਨਿਤਯ ਮੁਕ੍ਤ ਚਿਦਾਤਮਨੇ। ਪ੍ਰਤਯਕ ਚੇਤਨ ਰੂਪਾਯ ਮਹੇਸ਼੍ਵਰਾਯ ਨਮੋ ਨਮ: ॥ ੧ ॥ ਤ੍ਵੰ ਵਾਅਹੰ ਅਸਮੀ ਭਗਵੋ ਦੇਵਤੇ ਅਹੰ ਵਾ ਤ੍ਵੰ ਅਸਿ, ਤੁਭਯੰ ਮਹਿਯੰ ਅਨੰਤਾਯ ਮਹਿਯੰ ਤੁਭਯੰ ਚਿਦਾਤਮਨੇ ॥ ੨ ॥**

[ਵਰਾਹ ਉਪਨਿਖਦ ਸਲੋਕ ੩੨–੩੩ ਅਧਿਆਇ ੨

**ਸਲੋਕ ॥ ਨਮੋ ਮਹਿਯੰ ਪਰੇਸ਼ਾਯ ਨਮ. ਤੁਭਯੰ ਸ਼ਿਵਾਯ ਚ ॥ ਕਿੰ ਕਰੋਮਿ ਕ੍ਵ ਗਛਾਮਿ ਕਿੰਗ੍ਰਹਣਾਮੀ ਤ੍ਯਜਾਮਿ ਕਿੰਯਨ ਮਯਾ ਪੂਰਿਤੰ ਵਿਸ਼੍ਵੰ ਮਹਾ ਕਲਪ ਅੰਬੁਨਾਯਥਾ ॥**

[ਸਿਕੰਦ ਉਪਨਿਖਦ

ਅਰਥ–ਸਰਬ ਜੀਵੋਂ ਕੇ ਅੰਤਰ ਇਸਥਿਤ ਨਿਤਯ ਮੁਕਤ ਚਿਦਾਤਮਾ ਸਾਖੀ ਰੂਪ ਮਹਾਂਦੇਵ ਕੋ ਹੀ ਨਮਸਕਾਰ ਹੈ। ਹੇ ਭਗਵਨ ਸਰਬ ਕਾ ਪ੍ਰਕਾਸ਼ਕ ਸ਼ਿਵ ਤੂੰ ਮੈਂ ਹੂੰ ਮੈਂ ਤੂੰ ਹੈਂ, ਹੇ ਅਨੰਤ ਤੇਰੇ ਕੋ ਮੇਰੇ ਕੋ ਹੇ ਚਿਦਾਤਮਨ ਮੇਰੇ ਕੋ ਤੇਰੇ ਕੋ ਨਮਸਕਾਰ ਹੈ। ਮੈਂ ਪਸੇਸ਼ਰ ਕੋ ਨਮਸ਼ਕਾਰ ਹੈ ਤੂੰ ਸ਼ਿਵ ਕੋ ਨਮਸ਼ਕਾਰ ਹੈ। ਹਮ ਦੋਨੋਂ ਇਕ ਰੂਪ ਹੈਂ ਔਰ ਜਿਸ ਮੈ ਨੇ ਸਾਰਾ ਜਗਤ ਪੂਰਨ ਕਰ ਰਖਾ ਹੈ। ਜੈਸੇ ਪ੍ਰਲੈ ਕਾਲ ਮੇਂ ਜਲ, ਜਬ ਸਾਰੇ ਮੈਂ ਹੀ ਮੈਂ ਹੂੰ ਤੋ ਕਿਆ ਕਰੂੰ, ਕਹਾਂ ਜਾਊਂ ਕਿਆ ਗ੍ਰਹਿਨ ਕਰੂੰ ਔਰ ਕਿਸਕੋ ਛੋੜਦੂੰ। ਮਤਲਬ ਸ਼ਿਵ ਰੂਪ ਹੋਨੇ ਸੇ ਉਪਾਧੀ ਰਹਿਤ ਮੇਰੇ ਮੇਂ ਆਨਾ ਜਾਨਾ ਬਨਤਾ ਨਹੀਂ ਤਥਾ ਭਰਥਰੀ ਜੀ ਭੀ ਸ਼ਿਵ ਜੀ ਕੋ ਪ੍ਰਾਰਥਨਾ ਕਰਤੇ ਹੈਂ:–

**ਕਬਿਤ:–ਕਾਸ਼ੀ ਗੰਗਾ ਕੇ ਕਿਨਾਰੇ ਭਵ ਤੇ ਕਿਨਾਰੇ ਹੋਕੇ ਕਦੋਂ ਬਸੇ ਬਸਨ ਕੌਪੀਨ ਏਕ ਧਾਰ ਕੇ। ਦੋਊ ਹਾਥ ਜੋਰ ਕਰ ਨਾਇ ਮਾਥ ਨਮੋ ਕਰੂੰ ਮਿਰਦੁ ਬਾਣੀ ਸਾਥ ਰਰੂੰ ਨਾਮ ਸਮਰਾਰੀ ਕੇ ॥ ਭੋ ਪ੍ਰਭੋ ਭਵਾਨੀ ਵਰ ਸ਼ੰਕਰ ਤ੍ਰਿਨੇਤ੍ਰ ਹਰ ਤ੍ਰਿਪੁਰਾਰੀ ਚੰਦ੍ਰ ਧਰ ਭਵ ਭੋ ਹਾਰ ਕੇ। ਖਿਣ ਸਮ ਦਿਨ ਸਭ ਮੋਰੇ ਬੀਤ ਜਾਵੇਂ ਜਬ ਐਸੇ ਅਹਿ ਆਵੇਂ ਕਬ ਕਹੋ ਕ੍ਰਿਪਾ ਧਾਰ ਕੇ।**

[ਵੈਰਾਗ ਸ਼ਤਕ

ਭਾਵ–ਯਹਿ ਰਾਜਾ ਭਰਥਰੀ ਜੀ ਸ੍ਰੀ ਮਹਾਦੇਵ ਜੀ ਕੋ ਪ੍ਰਾਰਥਨਾ ਕਰਤੇ ਹੈਂ, ਹੇ ਭਗਵਨ ਵੋਹ ਦਿਨ ਕਬ ਆਏਂਗੇ? ਜਬ ਸੰਸਾਰ ਸੇ ਵਿਰਕਤ ਹੋਕਰ ਏਕ ਕੋਪੀਨ ਮਾਤ੍ਰ ਪਹਿਨ ਕਰ, ਕਾਸ਼ੀ ਮੇਂ ਈਹਾਂ ਗੰਗਾ ਕਿਨਾਰੇ ਵਿਚਰ ਕਰ ਦੋਨੋਂ ਹਾਥ ਜੋੜ ਕਰ, ਸਿਰ ਕੋ ਨਿਵਾਇ ਕਰ ਪ੍ਰੇਮ ਮਈ ਮਿਠੀ ਬਾਣੀ ਸੇ, ਆਪ ਕੇ ਨਾਮ ਜਪੇਂਗੇ। ਹੇ ਪ੍ਰਭੋ ਹੇ ਭਵਾਨੀ ਵਰ, ਹੇ ਸ਼ੰਕਰ, ਹੇ ਤ੍ਰਿਨੇਤ੍ਰ ਹਰ, ਹੇ ਤ੍ਰਿ-ਪੁਰਾਰੀ, ਹੇ ਚੰਦ੍ਰ ਧਰ ਐਸੇ ਆਪ ਕੇ ਨਾਮ ਉਚਾਰਨ ਕਰਤੇ ਇਕ ਖਿਣ ਕੇ ਬੀਚ



ਮੈਂ ਸਭ ਦਿਨ, ਕਬ ਬੀਤ ਜਾਏਂਗੇ। ਇਸ ਪਰਕਾਰ ਸ਼ਿਵਜੀ ਤ੍ਰਿਭਵਨ ਨਾਥ ਹੈਂ ਪਰੰਤੂ ਐਸੇ ਈਸ਼ਰੋਂ ਪਰ ਭੀ ਕਰਮਗਤੀ ਭਾਵੀ ਨ ਹਟੀ। ਯਾਨੇ ਕਰਮ ਕਾ ਫਲ ਜੋ ਕਪਾਲੀ ਥੀ ਵੋਹ ਹਾਥ ਮੇਂ ਚਿੰਬੜੀ ਰਹੀ ਨਾ ਹਟੀ। ਤਥਾ ਭੀਖ ਮਾਂਗ ਕੇ ਖਾਣਾ ਭੀ ਨਾ ਹਟਾ। ਭਗਤ ਕੀ ਇਸਤ੍ਰੀ ਨੇ ਪੂਛਾ ਕਿ ਮਹਾਦੇਵ ਪਰ ਭਾਵੀ ਆਨੇ ਕੀ ਕਥਾ ਕੈਸੀ ਹੈ? ਭਗਤ ਕਹਿਣੇ ਲਗਾ ਐਸਾ ਸੁਣਾ ਜਾਤਾ ਹੈ:–ਸ੍ਰੀ ਬ੍ਰਹਮਾ ਜੀ ਆਪਣੀ ਕੰਨਯਾਂ ਸਤਰੂਪਾ ਜੋ ਮਨੂ ਕੋ ਵਿਵਾਹੀ ਗਈ ਹੈ, ਉਸ ਕੋ ਕਾਮ ਦ੍ਰਿਸ਼ਟੀ ਸੇ ਦੇਖਤੇ ਭਏ ਕੰਨਿਆਂ ਪਿਤਾ ਕਾ ਚਿਤ ਕਾਮਾਤੁਰ ਦੇਖ ਕਰ, ਖਯਾਲ ਬਦਲਾਣੇ ਵਾਸਤੇ ਦੂਸਰੇ ਪਾਸੇ ਹੋ ਗਈ। ਬ੍ਰਹਮਾ ਜੀ ਨੇ ਆਪਣੀ ਸ਼ਕਤੀ ਸੇ ਉਸਕੇ ਦੇਖਣੇ ਵਾਸਤੇ ਦੂਸਰਾ ਮੁਖ ਬਣਾਇਆ। ਕੰਨਯਾਂ ਤੀਸਰੀ ਤਰਫ ਹੋ ਗਈ, ਤੀਸਰਾ ਮੁਖ ਬਣਾਇਆ। ਚੌਥੀ ਦਿਸ਼ਾ ਕੀ ਤਰਫ ਹੋ ਗਈ, ਚੌਥਾ ਮੁਖ ਬਣਾਇਆ, ਜਬ ਅਕਾਸ਼ ਕੋ ਉਡਨੇ ਲਗੀ ਤਬ ਬ੍ਰਹਮਾ ਨੇ ਪਾਂਚਵਾਂ ਮੁਖ ਬਣਾਇਆ, ਇਹ ਦਸ਼ਾ ਦੇਖ ਕਰ ਸ਼ਿਵ ਜੀ ਕੋ ਕ੍ਰੋਧ ਹੂਆ ਅਰ ਰੋਕ ਨ ਸਕਾ। ਔਰ ਤ੍ਰਿਸੂਲ ਸੇ ਬ੍ਰਹਮਾ ਜੀ ਕਾ ਪਾਂਚਵਾਂ ਸਿਰ ਕਾਟ ਡਾਲਾ। ਵੋਹ ਸਿਰ ਯਾਨੇ ਕਪਾਲੀ ਹਾਥ ਕੋ ਚਿੰਬੜ ਗਈ। ਬ੍ਰਹਮਾ ਜੀ ਨੇ ਸ਼ਾਪ ਦੀਆ ਕਿ ਯਹ ਕਪਾਲੀ ਹਾਥ ਮੇਂ ਚਿੰਬੜੀ ਰਹੇਗੀ ਔਰ ਭੀਖ ਮੰਗ ਕੇ ਖਾਏਂਗਾ। ਵੋਹ ਕਰਮ ਕਾ ਫਲ ਕਪਾਲੀ ਨਾ ਹਟੀ। ਗੁਰੂ ਜੀ ਲਿਖਤੇ ਹੈ:–

**ਤੀਰਥਿ ਤੀਰਤਿ ਭ੍ਰਮਤਾ ਲਹੈ ਨ ਪਾਰੁਗੀ ॥ ਕਰਮ ਕਰਿ ਕਪਾਲੁ ਮਫੀਟਸਿਰੀ ॥**

ਅਰਥ–ਅਨੇਕ ਤੀਰਥ ਭ੍ਰਮਨੇ ਕਰ ਭੀ ਸ਼ਿਵਜੀ ਕੇ ਹਥ ਸੇ ਕਪਾਲੀਂ ਨਾ ਹਟੀ ਬ੍ਰਹਮਾ ਜੀ ਕਾ ਕੰਨਿਆਂ ਪਰ ਮੋਹਿਤ ਹੋਣਾ ਪ੍ਰਬੋਧ ਚੰਦ੍ਰ ਨਾਟਕ ਮੇਂ ਲਿਖਾ ਹੈ:–

**ਬੇਦ ਪਠੇ ਚਤਰਾਨ ਜੁ ਰਤ ਕੇ ਹਿਤ ਸੌਂ ਦੁਹਿਤਾ ਪ੍ਰਤਿ ਧਾਯੋ ॥**

ਯਾਨੇ ਚਾਰੋਂ ਬੇਦੋਂ ਕੇ ਪੜ੍ਹਨੇ ਵਾਲੇ ਜੋ ਬ੍ਰਹਮਾ ਜੀ ਹੈਂ ਵੁਹ ਭੀ ਕਾਮ ਦ੍ਰਿਸ਼ਟੀ ਸੇ ਆਪਣੀ ਪੁਤਰੀ ਸ਼ਤਰੂਪਾ ਪਰ ਮੋਹਿਤ ਹੋਤੇ ਭਏ। ਕਹੀਂ ਤਿਲੋਤਮਾ ਨਾਮ ਕੰਨਿਆਂ ਲਿਖੀ ਹੈ, ਔਰ ਸ਼ਿਵਜੀ ਸੇ ਬ੍ਰਹਮਾ ਕਾ ਸਿਰ ਕਾਟਨਾ ਭੀ ਪਰਬੋਧ ਚੰਦਰ ਨਾਟਿਕ ਮੇਂ ਲਿਖਾ ਹੈ:–

**ਸ਼ਿਵ ਸੀਸ ਬਿਰੰਚ ਕੇ ਕਾਟ ਬਿਗਾਏ ॥**

ਸ਼ਿਵਜੀ ਨੇ ਬ੍ਰਹਮਾ ਕਾ ਸਿਰ ਕਾਟ ਡਾਲਾ। ਔਰ ਸ੍ਰੀ ਸਨਤ ਕੁਮਾਰ ਰਿਸ਼ੀ ਬਿਆਸ ਜੀ ਕੋ ਸ਼ਿਪ੍ਰਾ ਮਹਾਤਮ ਗ੍ਰੰਥ ਮੇਂ ਕਹਿ ਰਹੇ ਹੈਂ:–

**ਬ੍ਰਹਮ ਕਪਾਲੰ ਆਦਾਯ ਭਿਖਯਾਰਥੰ ਬਿਚਰਤ ਮਹੀਂ। ਮਹਾਦੇਵੋ ਵਿਸ਼੍ਵਧਾਤਮਾ ਸਰਵ ਲੋਕੇਸ਼ੂ ਸਰਵਤ: ॥**

[ਖਪ੍ਰਾ ਮਹਾਤਮ

ਅਰਥ–ਮਹਾ ਦੇਵ ਜੀ ਬ੍ਰਹਮ ਕਪਾਲਾ ਯਾਨੇ ਬ੍ਰਹਮਾ ਜੀ ਕਾ ਜੋ ਪਾਂਚਵਾਂ ਸਿਰ, ਉਸ ਕੋ ਲੇਕਰ ਭਿਖਯਾ ਅਰਥ ਪ੍ਰਿਥਵੀ ਮੇਂ ਬਿਚਰਤੇ ਰਹੇ, ਜੋ ਮਹਾਦੇਵ ਸਰਵ ਲੋਕੋਂ ਮੇਂ ਸਭ ਪਰਕਾਰ ਸੇ ਪਵਿੱਤਰ ਆਤਮਾ ਹੈਂ।

**ਅਪ੍ਰਾਪਤ ਭਿਖਯੋ ਭਿਖਯਾਰਥੰ ਵੈਕੁੰਠ ਅਗਮਤ ਵਿਭੂ ॥ ਗਤਸ੍ਤੂ ਅਤਿਥੀ ਵੇਲਾਯਾਂ ਭਰਮਦ ਦੇਵੋ ਯਤ: ਤਤ: ॥ ੧ ॥ ਲੋਕ ਨਿੰਦਾ ਪਰ: ਕ੍ਰੁਧ:, ਖਯੁਧਿਤੋ ਬਹੂ ਵਾਸਰੈ ॥ ਭਿਖਯਾ ਦੇਹੀਤਿ ਭੋ ਬ੍ਰਹਮਨ ਖਯੁਧਿਤੋ ਅਹੰ ਸਮਾਹਿਤ:॥ ੨ ॥ ਕਪਾਲੰ ਚ ਕਰੇ ਕ੍ਰਿਤ੍ਵਾ ਇਤਿ ਉਵਾਚ ਪੁਨ: ਪੁਨ: ॥ ਗ੍ਰਹੀਤਾਂ ਹਰ ਭਿਖਯਾਂ ਤੇ ਦਦਾਮੀਤਿ ਹਰੀ: ਤਦਾ ॥ ੩ ॥ ਇਤੀ ਉਕਤ੍ਵਾ ਕਰੰ ਉਦਿਸ੍ਯ ਤਰਜਨੀ ਅੰਗੁਲੀਂ ਅਦਰਸਯਤ ॥ ਤਦਾ ਰੁਦ੍ਰ ਸਮਾਗਮਯ ਸਾ ਤ੍ਰਿਸੂਲੇਨ ਅਹਨਯਤ ਰੁਸ਼ਾ ॥ ੪ ॥ ਤਦਾਅੰਗੁਲੀ ਸਮੁਦਭੂਤੰਬਹੂ ਸ਼ੁਸ੍ਰਾਵ ਸ਼ੋਣਿਤੰ ॥ ਪੂਰਣ ਪਾਤ੍ਰੰ ਚ ਤੇਨ ਆਸ਼ੂ ਸੰਕਰਸ੍ਯ ਕਰ ਇਸਥਿਤੰ ॥ ੫ ॥ ਸਰਤਿ ਸੋਮਾ ਸਮੁਤਪੱਨਾ ਵਿਯਾਸ ਤੇਨ ਏਵ ਤੇਜਸਾ ॥ ਪ੍ਰਵਿਸ਼੍ਯਾ ਸਾ ਨਦੀਂ ਖਿਪ੍ਰਾਂ ਅਮ੍ਰਿਤੇਨ ਅਤੀਪੂਰਤਾਂ ॥ ੬ ॥ ਖਯਾਤਾ ਚ ਤ੍ਰੀਸ਼ੂ ਲੋਕੇਸ਼ੂ ਪਾਪੀਨਾਂ ਪੁਨਯ ਦਾਇਨੀ ॥ ਬ੍ਰਹਮਹਾ ਸੁਰਾਪੋਵਾ ਇਸਤੇਨਯੋ ਵਾ ਗੁਰੂ ਤਲਪਗਾ ॥ ੭ ॥ ਚਤ੍ਵਾਰੋਪੀ ਅਤ੍ਰ ਪਾਪੀਨ: ਮੁਚਯੰਤੇ ਦਰਸ਼ਨਾਤ ਧ੍ਰੁਵੰ ॥ ਅਮਾਂ ਸੋਮਊ ਯਦਾ ਯੁਕਤਊ ਸੋਮਵਤਯਾਂ ਤਦਾ ਮੁਨਿ: ॥ ੮ ॥ ਸ਼ਨਾਨੰ ਦਾਨੰ ਚ ਯੋਧੀਮਾਨ੍ ਜਪੰ ਹੋਮੰ ਸਮਾਚਰੇਤ੍ ॥ ਅਖਯਯੰ ਤਸਯ ਤਤ੍ ਸਰਵੰ ਯਾਵਤ੍ ਚੰਦ ਦਿਵਾਕਰਊ ॥ ੯ ॥**

[ਖਿਪ੍ਰਾ ਮਹਾਤਮ ਵਾ ਉਜੈਨ ਮਹਾਤਮ

ਅਰਥ–ਮਹਾਦੇਵ ਕਾ ਪ੍ਰਾਰਬਧ ਕਰਮ ਕਪਾਲੀ ਅਰ ਭਿਖਸ਼ਾ ਦੋਨੋਂ ਨਹੀਂ ਹਟੇ। ਏਕ ਕਾਲ ਮੇਂ ਭਿਖਸ਼ਾ ਕਹੀਂ ਪ੍ਰਾਪਤ ਨਾ ਹੂਈ, ਤਬ ਭਿਖਸ਼ਾਰਥੀ ਹੋ ਕੇ ਮਹਾਦੇਵ ਬੈਕੁੰਠ ਮੇਂ ਜਾਤੇ ਭਏ, ਭਿਖਯਾ ਕਾ ਵੇਲਾ ਗੁਜ਼ਰ ਗਿਆ ਥਾ, ਅਬ ਸ਼ੰਕਰ ਦੇਵ ਜਹਾਂ ਕਹਾਂ ਭ੍ਰਮਣ ਕਰਨੇ ਲਗੇ, ਪ੍ਰੰਤੂ ਭਿਖਯਾ ਨਾ ਮਿਲੀ ॥੧॥ ਤਬ ਬਹੁਤ ਦਿਨੋਂ ਕੇ ਭੂਖੇ ਰਹਿਨੇ ਸੇ ਮਹਾਦੇਵ ਕ੍ਰੋਧਵਾਨ ਹੋ ਗਏ, ਔਰ ਲੋਕੋਂ ਕੇ ਨਿੰਦਾਪ੍ਰਾਇਣ ਹੋ ਗਏ ਕਿ ਮੂੜ ਲੋਕ ਅਤਿਥੀ ਸਤਕਾਰ ਕੋ ਭੀ ਨਹੀਂ ਜਾਨਤੇ ਹੈਂ। ਤਦ ਕ੍ਰੋਧ ਪੂਰਬਕ ਵਿਸ਼ਨੂੰ ਭਗਵਾਨ ਕੇ ਦੁਆਰੇ ਪਰ ਪਹੁੰਚੇ ॥ ੨ ॥ ਔਰ ਕਪਾਲ ਹਾਥ ਮੇਂ ਲੇ ਕਰਕੇ ਕਹਾ ਹੇ ਬ੍ਰਾਹਮਣ ਭਿਖਯਾ ਦੇਹ, ਭਿਖਯਾ ਦੇਹ ਮੇਂ ਬੜਾ ਭੂਖਾ ਹੂੰ ਐਸੇ ਪੁਨਹ ਪੁਨਹ ਕਹਿਨੇ ਲਗੇ। ਤਬ ਵਿਸ਼ਨੂੰ



ਭਗਵਾਨ ਕਹਿਣੇ ਲਗੇ ਆ ਮਹਾਦੇਵ ਮੈਂ ਤੇਰੇ ਕੋ ਭਿਖਯਾ ਦੂੰ, ਲੇ ਭਿਖਯ ॥ ੪ ॥ ਐਸੇ ਤਰਕ ਸੇ ਕਹਿ ਕਰ ਤਰਜਨੀ (ਡਸਣੀ) ਅੰਗੁਲੀ ਹਾਥ ਸੇ ਦਿਖਾਨੇ ਲਗੇ। ਤਬ ਮਹਾਦੇਵ ਉਸ ਅੰਗੁਲੀ ਕੋ ਕ੍ਰੋਧ ਸੇ ਤ੍ਰਿਸੂਲ ਮਾਰਤਾ ਭਇਆ, ਤਬ ਅੰਗੁਲੀ ਸੇ ਬਹੁਤ ਰੁਦਰ ਗਿਰਤਾ ਭਇਆ ॥ ਔਰ ਮਹਾਦੇਵ ਕੇ ਹਥ ਮੇਂ ਜੋ ਕਪਾਲ ਥਾ ਵੁਹ ਉਸ ਲੋਹੂ ਨਾਲ ਪੂਰਣ ਹੋਤਾ ਭਇਆ । ਸਨਕਾਦਿ ਕਹਿਤੇ ਹੈਂ ਬਯਾਸ ਜੀ ! ਫੇਰ ਵਹ ਰੁਦ੍ਰ (ਲੋਹੂ) ਨੀਚੇ ਗਿਰਤਾ ਭਇਆ, ਔਰ ਉਸ ਤੇਜ ਰੂਪ ਲੋਹੂ ਸੇ ਸੋਮਾ ਨਦੀ ਪੈਦਾ ਹੋਤੀ ਭਈ। ਜੋ ਉਜੈਨ ਮੇਂ ਖਿਪ੍ਰਾ ਨਦੀ ਮੇਂ ਆ ਕੇ ਗਿਰਤੀ ਭਈ। ਤਬ ਵੁਹ ਪੁੰਨ ਕੇ ਦੇਨੇ ਵਾਲੀ ਸੋਮਾ ਨਦੀ ਖਿਪ੍ਰਾ ਨਾਮ ਸੇ ਪ੍ਰਸਿਧ ਹੋਤੀ ਭਈ । ਸੋਮਾ ਨਦੀ ਯੁਕਤ ਖਿਪ੍ਰਾ ਕੇ ਦਰਸ਼ਨ ਸੇ ਪਾਪ ਦੂਰ ਹੋ ਜਾਤੇ ਹੈਂ, ਜੋ ਪਾਪੀਓਂ ਕੋ ਪੁੰਨ ਦੇਨੇ ਵਾਲੀ ਤੀਨੋਂ ਲੋਕੋਂ ਮੇਂ ਪ੍ਰਸਿਧ ਹੈ, ਔਰ ਜਿਸ ਕੇ ਦਰਸਨ ਮਾਤ੍ਰ ਸੇ ਨਿਸਚੇ ਬ੍ਰਹਮ ਹਤਯਾਰਾ, ਸਰਾਬੀ, ਸੁਰਣ ਕੀ ਚੋਰੀ ਕਰਨੇ ਵਾਲਾ ਔਰ ਗੁਰੂ ਇਸਤ੍ਰੀ ਗਾਮੀ, ਚਾਰੋਂ ਪ੍ਰਕਾਰ ਕੇ ਪਾਪੀ ਪਾਪ ਸੇ ਮੁਕਤ ਹੋ ਜਾਤੇ ਹੈਂ। ਅਮਾਵਸ ਕੋ ਸੋਮਵਾਰ ਕਾ ਜੋਗ ਹੋਨੇ ਸੇ ਯਾਨੇ ਸੋਮਾਵਤੀ ਕਾ ਯੋਗ ਹੋਨੇ ਸੇ ਹੇ ਮੁਨੀ ਬਿਆਸ, ਜੋ ਬੁਧੀਮਾਨ ਮਨੁਸ਼ ਇਸਨਾਨ, ਦਾਨ, ਹੋਮ ਯੱਗ ਤਪ ਕਰਤਾ ਹੈ, ਤਿਸਕਾ ਵੋਹ ਸਰਬ ਅਖੈਪੁੰਨ ਹੋ ਜਾਤਾ ਹੈ, ਔਰ ਜਬ ਤਕ ਸੂਰਜ ਚੰਦ੍ਰਮਾ ਰਹੇਂਗੇ, ਤਬ ਤਕ ਉਸ ਕਾ ਵੋਹ ਪੁੰਨ ਰਹੇਗਾ। ਮਹਾਦੇਵ ਜੀ ਕੀ ਭਿਖਸ਼ਾ ਮੰਗਨ ਰੂਪ ਭਾਵੀ ਭੀ ਨਾ ਹਟੀ।

**ਏਕਦਾ ਰੁਦ੍ਰੋ ਭਿਖਯਾ ਅਰਥੰ ਨਾਗ ਲੋਕੇ ਬਭੁਖਤ: । ਕਰੇ ਕਪਾਲੰ ਆਦਾਯ ਭੋਗ ਵਤਯਾਂ ਸਮ ਆਗਤ: ॥ ੧ ॥ ਭਿਖਯਾਂ ਦੇਹੀ ਵਚੋ ਦੀਨੰ ਵਾਚਿਤ੍ਵਾ ਗ੍ਰਹੇ ਗ੍ਰਹੇ । ਭਿਖਯ: ਕੇਨ ਅਪੀ, ਨੋ ਦਤਾ ਖਯੁਧਿਤਸਯ ਚ ਧੂਰ ਜਟੇ ॥ ੨ ॥ ਤਦਾ ਕ੍ਰੁਧਾ ਅਭੀ ਰਕ੍ਤਾ ਅਖਯਮਾ ਸੂਲ ਪਾਣੀ ਖਯੁਧਾ ਅਰਧਿਤ: ਭ੍ਰਮਿਤ੍ਵਾ ਚ ਪੁਰੀ ਸਰਵਾਂ ਸ਼ਨੈਰ ਬਹਿ: ਵਿਨਰ ਯਯੂ ॥ ੩ ॥ ਏਕ ਵਿੰਸਤੀ ਕੁੰਜਾਨਿਵ ਪੀਯੂਸ਼ਸਯ ਦ੍ਵਿਜੋਤਮ: । ਯਤ੍ਰ ਤਿਸ਼੍ਟੰਤਿ ਸਰ-ਵਾਣਿ ਨਾਗ ਲੋਕਸਯ ਰਖਯਣ: ॥ ੧ ॥ ਤਤ੍ਰ ਗਤ੍ਵਾ ਸ ਭਗਵਾਨ: ਸ਼ੰਭੂ ਸਰਵਾਤਮ ਸੰਭਵ: ॥ ਅਪਿਬਯਤ ਨੇਤ੍ਰ ਮਾਰਗੇਣ ਤ੍ਰਿਤੀਯੇਨ ਚ ਸ਼ੰਕਰ: ॥ ੫ ॥**

[ਖਿਪ੍ਰਾ ਮਹਾਤਮ

ਅਰਥ–ਏਕ ਕਾਲ ਮੇਂ ਮਹਾਦੇਵ ਜੀ ਭੂਖੇ ਹੋਨੇ ਕੇ ਕਾਰਣ ਭਿਖਿਆ ਅਰਥ ਪਾਤਾਲ ਮੇਂ ਜਾਤੇ ਭਏ ਜਹਾਂ ਸਰਪ ਔਰ ਨਾਗ ਕੰਨਿਆਂ ਰਹਿਤੀ ਥੀ, ਹਾਥ ਮੇਂ ਕਪਾਲ ਲੇਕਰ ਘਰ ਘਰ ਮੇਂ ਦੀਨ ਬਾਣੀ ਸੇ ਕਹਿਣੇ ਲਗੇ ਭਿਖਿਆ ਦੋ ! ਭਿਖਿਆ ਦੋ !! ਪਰੰਤੂ

ਬੂਖੇ ਮਹਾਦੇਵ ਕੋ ਕਿਸੀ ਨੇ ਭੀ ਭਿਖਿਆ ਨਾ ਦਿਤੀ, ਤਬ ਸੁਧਾ ਕੇ ਦੁਖ ਸੇ ਪੀੜਤ ਹੂਏ ਮਹਾਦੇਵ ਨੇ ਕ੍ਰੋਧ ਸੇ ਨੇਤਰ ਲਾਲ ਕਰ ਲੀਏ, ਸਾਰੀ ਪੁਰੀ ਮੇਂ ਭ੍ਰਮਣ ਕਰਤੇ ੨ ਬਾਹਰ ਨਿਕਲ ਗਏ, ਪੁਰੀ ਕੇ ਬਾਹਰ ਇਕੀਸ ਅੰਮ੍ਰਿਤ ਕੇ ਕੁੰਡ ਥੇ, ਜਿਨ ਸੇ ਹੇ ਵਿਆਸ ਜੀ ਸਾਰੇ ਨਾਗ ਲੋਕੋਂ ਕੀ ਰਖਿਆ ਹੋਤੀ ਥੀ, ਤਹਾਂ ਭਗਵਾਨ ਸਿਵ ਜੋ ਸਰਬ ਕੇ ਪੈਦਾ ਕਰਨੇ ਵਾਲੇ ਹੈਂ ਵੁਹ ਅੰਮ੍ਰਿਤ ਕੇ ਕੁੰਡੋਂ ਪਰ ਪਹੁੰਚ ਗਏ ਔਰ ਤੀਸਰੇ ਨੇਤਰ ਕੇ ਮਾਰਗ ਸੇ ਸਭ ਕੁੰਡੋਂ ਕੇ ਅੰਮ੍ਰਿਤ ਕੋ ਪੀ ਜਾਤੇ ਭਏ, ਯਹਿ ਕਥਾ ਖਿਪਰਾ ਮਹਾਤਮ ਕੇ ਇਕਾਸਠਵੇਂ ਅਧਯਾਇ ਮੇਂ ਲਿਖੀ ਹੈ। ਇਸ ਪ੍ਰਕਾਰ ਕਪਾਲ ਹਾਥ ਮੇਂ ਲੇ ਕਰ ਭਿਖਿਆ ਮਾਂਗਤੇ ਹੂਏ, ਮਹਾਦੇਵ ਜੀ ਆਪ ਭੀ ਦੁਖੀ ਹੋਤੇ ਥੇ, ਔਰ ਦੂਸਰੋਂ ਕੋ ਭੀ ਦੁਖ ਪਹੁੰਚਾਤੇ ਥੇ, ਔਰ ਭਾਵੀ ਹਟਾਨੇ ਮੇਂ ਆਪਨੇ ਭੀ ਬੜੇ ਯਤਨ ਕੀਏ, ਔਰ ਦੂਸਰੋਂ ਸੇ ਭੀ ਯਤਨ ਕਰਾਏ, ਫਿਰ ਭੀ ਭਿਖਿਆ ਮਾਂਗਨੇ ਕੀ ਭਾਵੀ ਨ ਟਲੀ ਜੈਸੇ ਲਿਖਾ ਹੈ:-

**ਸਲੋਕ ॥ ਸ੍ਵਯੰ ਮਹੇਸ ਸ੍ਵਸ਼ੁਰੋ ਨਿਗੇਸ਼: ਤਨਯੋ ਗਨੇਸ਼: ਸਖਾ ਧਨੇਸ਼: ਤਥਾਪਿ ਭਿਖਿਆਂ ਅਟਮੇਵ ਸ਼ੰਭੋ ਬਲੀ ਅਸੀ ਕੇਵਲੰ ਈਸ਼੍ਵਰੇਛਾ ॥**

[ਸਭਾਸਿ: ਰਤਨ ਭਾਂਡਾਗਾਰ

ਮਹਾਂਦੇਵ ਜੀ ਆਪ ਸਰਬ ਸ਼ਕਤੀ ਸੰਪਨ ਥੇ ਔਰ ਬੜੇ ਬੜੇ ਉਪਾਇ ਭੀ ਕੀਏ, ਪ੍ਰੰਤੂ ਭਾਵੀ ਨ ਟਲੀ ਫਿਰ ਪਾਰਬਤੀ ਨੇ ਅਪਨੇ ਪਿਤਾ ਹਿਮਾਚਲ ਕੋ ਕਹਿ ਕਰ, ਨਿਮੰਤ੍ਰਣ ਦਿਲਾ ਭੇਜਾ ਕਿ ਸੁਸਰਾਲ ਕੇ ਘਰ ਮੇਂ ਆ ਕਰ ਰਹੋ, ਕਿਉਂਕਿ ਸੁਸਰਾਲ ਕੇ ਘਰ ਮੇਂ ਕਿਸੀ ਕੋ ਭੀ ਭਿਖਿਆ ਮਾਂਗ ਕਰ ਨਹੀਂ ਖਾਣੀ ਪੜਤੀ ਇਸ ਵਾਸਤੇ ਮਹਾਂਦੇਵ ਜੀ ਹਿਮਾਚਲ ਕੇ ਪਾਸ ਗਏ,ਪ੍ਰੰਤੂ ਵਹਾਂ ਹਰਿ ਕਰ ਉਨ ਕੋ ਅੰਨ ਹੀ ਨ ਪਚੇ ਔਰ ਬੀਮਾਰ ਹੋ ਗਏ, ਜਬ ਕਭੀ ਬਾਹਰ ਸੇ ਭਿਛਿਆਂ ਮਾਂਗ ਕਰ ਖਾ ਆਵੇ ਤੋ ਰਾਜੀ ਰਹੇ, ਹਿਮਾਂਚਲ ਕੇ ਘਰ ਆ ਜਾਏਂ ਤੋ ਫਿਰ ਉਸੀ ਤਰਾ ਬੀਮਾਰ ਹੋ ਜਾਏਂ, ਹਿਮਾਂਚਲ ਨੇ ਕਈ ਤਰਾਂ ਕੀ ਜੜੀ ਬੂਟੀਆਂ ਖਿਲਾ ਕਰ, ਰੋਗ ਨਵਿਰਤੀ ਕਰਨੀ ਚਾਹੀ ਪ੍ਰੰਤੂ ਭਾਵੀ ਨ ਮਿਟੀ, ਔਰ ਦਿਨ ਬਦਿਨ ਰੋਗ ਬੜ੍ਹਤਾ ਹੀ ਜਾਏ, ਫਿਰ ਪਾਰਬਤੀ ਨੇ ਅਪਨੇ ਪੁਤਰ ਗਣੇਸ਼ ਕੋ ਕਹਾ, ਕਿ ਤੂੰ ਰਿਧੀਓਂ ਕਾ ਸਿਧੀਓਂ ਕਾ ਮਾਲਕ ਹੈ, ਔਰ ਤੇਰਾ ਪਿਤਾ ਭੀਖ ਮਾਂਗ ਕਰ ਖਾਤਾ ਫਿਰਤਾ ਹੈ। ਤੁਮ ਪਹਿਲੇ ਅਪਨੇ ਪਿਤਾ ਕਾ ਯਹੀ ਦੁਖ ਦੂਰ ਕਰੋ, ਗਣੇਸ ਜੀ ਨੇ ਭੀ ਬੜੇ ੨ ਯਤਨ ਕੀਏ, ਪ੍ਰੰਤੂ ਭਾਵੀ ਨ ਟਲੀ। ਫਿਰ ਕੁਬੇਰ ਜੀ ਜੋ ਕਿ ਮਹਾਦੇਵ ਜੀ ਕੇ ਮਿਤਰ ਥੇ, ਉਨੋਂ ਨੇ ਮਹਾਂਦੇਵ ਜੀ ਕੋ ਅਪਨੇ ਪਾਸ ਬੁਲਾਇਆ ਔਰ ਭਿਖਿਆ ਕੇ ਅੰਨ ਸੇ ਬਿਨਾ ਦੂਸਰਾ ਅੰਨ ਪਚ ਜਾਵੇ, ਇਸ ਵਾਸਤੇ ਅਨੇਕ ਯਤਨ ਕੀਤੇ ਪ੍ਰੰਤੂ ਮਹਾਦੇਵ ਕੀ ਭਿਛਿਆ ਰੂਪ ਭਾਵੀ ਕੇ ਟਾਲਨੇ ਮੇਂ ਕੋਈ ਸਮਰਥ ਨਹੀਂ ਹੂਆ, ਤਾਤਪ੍ਰਯ ਯਹ ਹੈ ਕਿ ਭਾਵੀ ਅਮੇਟ ਹੈ। ਇਸ ਵਾਸਤੇ ਭਗਤ ਤ੍ਰਿਲੋਚਨ ਜੀ ਅਪਨੀ ਇਸਤ੍ਰੀ ਕੋ ਕਹਿਤੇ ਹੈਂ।



**ਕਰਮ ਕਰਿ ਕਪਾਲ ਮਫੀਟਸਰੀ ॥ ਅੰਮ੍ਰਿਤ ਸਸੀਅ ਧੇਨ ਲਖਮੀ ਕਲ-ਪਤਰ ਸਿਖਰ ਸੁਨਾਗਰ ਨਦੀਚੇ ਨਾਥੰ ਕਰਮ ਕਰ ਖਾਰੁ ਮਫੀਟਸਰੀ ॥**

ਦੇਖੋ ਹੇ ਇਸਤ੍ਰੀ ਵਰਣ ਦੇਵ ਕਾ ਸਰੂਪ ਯਹ ਸਮੁੰਦਰ, ਜਿਸ ਮੇਂ ਦੇਵਤਾ ਅਰ ਦੈਤਯੋਂ ਕੇ ਰਿੜਕਣੇ ਸੇ, ਚੌਦਾਂ ਰਤਨ ਨਿਕਲੇ ਜੈਸੇ ਏਕ ਅੰਮ੍ਰਿਤ ਨਿਕਲਾ, ਜਿਸ ਕੀ ਏਕ ਬੂੰਦ ਸੇ ਆਦਮੀ ਅਮਰ ਹੋ ਜਾਤਾ ਹੈ, ਔਰ ਮਰਾ ਹੂਆ ਆਦਮੀ ਭੀ ਜੀਵਤ ਹੋ ਜਾਤਾ ਹੈ, ਔਰ ਖਾਰੇ ਕੋ ਮੀਠਾ ਬਨਾ ਦੇਤਾ ਹੈ, ਔਰ ਦੂਸਰਾ ਅੰਮ੍ਰਿਤ ਚੰਦ੍ਰਮਾ ਮੇਂ ਹੈ ਔਰ ਕਲਪਬ੍ਰਿਛ, ਕਾਮਧੇਨੂ ਯਹ ਦੋਨੋਂ ਸਰਬ ਕਾਮਨਾਓਂ ਕੇ ਪੂਰਨ ਕਰਨੇ ਵਾਲੇ ਹੈਂ, ਔਰ ਜਿਸ ਵਰਣ ਦੇਵ ਨੇ ਅਪਨੇ ਸੰਬੰਧੀ ਭੀ ਬੜੇ ੨ ਬਨਾ ਲੀਏ ਥੇ, ਜੈਸੇ ਵਿਸਨੂ ਭਗਵਾਨ ਕੋ ਲਛਮੀ, ਔਰ ਦੇਵਰਾਜ ਇੰਦਰ ਕੋ ਰੰਭਾ, ਦੇਕਰ ਅਪਨਾ ਜਵਾਈ ਬਣਾ ਲੀਆ ਥਾ, ਔਰ ਫਿਰ ਇੰਦਰ ਕੋ ਕਾਮਧੇਨੂ ਕਲਪ ਬਿਰਛ ਆਦਿ ਅਨੇਕ ਪਦਾਰਥ ਦੇਕਰ ਅਪਨਾ ਹਿਤਕਾਰੀ ਸੰਬੰਧੀ ਬਨਾ ਲੀਆ ਥਾ, ਤਥਾ ਬ੍ਰਹਮਾ ਜੀ ਕੋ ਕੰਵਲ ਔਰ ਮਹਾਦੇਵ ਜੀ ਕੋ ਚੰਦ੍ਰਮਾ, ਔਰ ਸੂਰਜ ਕੋ ਸਪਤਮੁਖੀ ਘੋੜਾ ਦੇਕਰ ਅਪਨੇ ਮਿਤਰ ਬਨਾ ਲੀਏ ਥੇ, ਔਰ ਸਭ ਸੇ ਬਚਨ ਲੇ ਲੀਆ ਥਾ ਕਿ ਕਦਾਚਿਤ ਮੇਰੇ ਪਰ ਵਿਪੱਤੀ ਆ ਜਾਂਵੇ ਤੋ ਆਪ ਨੇ ਮੇਰੀ ਰਖਯਾ ਕਰਨੀ, ਪ੍ਰੰਤੂ ਜਬ ਸਮੁੰਦਰ ਪਰ ਭਾਵੀ ਰੂਪੀ ਵਿਪਤੀ ਆਈ, ਤਬ ਸਮੁੰਦਰ ਕੀ ਕਿਸੀ ਨੇ ਭੀ ਸਹਾਇਤਾ ਨਾ ਕਰੀ। ਜੈਸੇ ਲਿਖਾ ਹੈ -

**ਜਿਨ ਕੀ ਹੈ ਸੁਤਾ ਹਰਿ ਕੇ ਗ੍ਰਿਹਿ ਸੁੰਦਰ ਈਸ਼ ਕੇ ਸੀਸ ਮੇਂ ਚੰਦ੍ਰ ਪ੍ਰਬੀਨਾ ॥ ਇੰਦਰ ਗਜਿੰਦਰ ਦੀਉ ਹੈ ਭਾਨੂ ਕੋ ਕਮਲ ਕੋ ਦਾਨ ਪ੍ਰਜਾ-ਪਤਿ ਦੀਨਾ ॥ ਸ੍ਰੀ ਮੁਨੀਯੋਂ ਸੇ ਬਿਗੜੀ ਜਬ ਹੀ ਅਰਧ ਦੋਇ ਚੁਲੂ ਤਿਸ ਕਾ ਭਰ ਲੀਨਾ ॥ ਐਸੇ ਵਿਪਤ ਪੜੀ ਵਡਿਓਂ ਪਰ, ਸਿੰਧੁ ਸਹਾਇ ਕਿਨਹੂੰ ਨਹੀਂ ਕੀਨਾ ॥**

ਤਥਾ ਕਿਸੀ ਮਹਾਤਮਾ ਨੇ ਭੀ ਐਸੇ ਲਿਖਾ ਹੈ -

**ਸ੍ਰੀ ਮਣਿ ਸ਼ਾਰੰਗ ਸ਼ੰਖ ਦੀਓ ਹਰਿ ਚੰਦ੍ਰ ਹਲਾਹਲ ਰੁਦ੍ਰ ਦੀਓ ਹੈ। ਐਰਾਵਤ ਰੰਭਾ ਕਲਪਤਰੁ ਇਨਸਾਥ ਸੁਧਾ ਇੰਦਰ ਕੋ ਦੀਓ ਹੈ। ਹੈ ਰਵਿ ਕੋ ਮਦੁ ਦੈਤਨ ਕੋ ਅਰ ਧੇਨੁ ਰਿਖੀਸਰ ਲੇ ਜੁ ਗਇਓ ਹੈ ॥ ਧਨੰਤਰ ਕਾਢ ਦੀਉ ਜਗ ਕਾਰਣ ਦੁਖ ਰੋਗ ਬਿਦਾਰਣ ਵੈਦ ਭਇਓ ਹੈ।**

ਤਾਤਪ੍ਰਯ ਯਹ ਹੈ ਕਿ ਸਮੁੰਦਰ ਨੇ ਵਿਸਨੂੰ ਭਗਵਾਨ ਕੋ ਲਛਮੀ ਔਰ ਕੌਸਤੁਭਮਣੀ ਧਨਸ਼ ਔਰ ਸ਼ੰਖ ਦੀਏ ਹੈਂ, ਵਿਖ ਔਰ ਚੰਦਰਮਾ ਮਹਾਦੇਵ ਕੋ ਦੀਏ ਹੈਂ, ਐਰਾਵਤ ਹਾਥੀ, ਰੰਭਾ ਕੰਨਿਆ, ਕਲਪ ਬ੍ਰਿਛ ਔਰ ਅੰਮ੍ਰਿਤ ਇੰਦਰ ਕੋ ਦੀਏ ਹੈਂ।

ਸੂਰਜ ਕੋ ਸਪਤਮੁਖੀ ਘੋੜਾ ਔਰ ਦੈਂਤੋਂ ਕੋ ਸ਼ਰਾਬ, ਰਿਸ਼ੀ ਲੋਗੋਂ ਕੋ ਕਾਮਧੇਨੂ ਔਰ ਧਨੰਤ੍ਰ ਵੈਦਯ, ਮਨੁਸ਼ੋਂ ਕੇ ਦੁਖ ਦੂਰ ਕਰਨੇ ਵਾਸਤੇ ਸਭ ਸੰਸਾਰ ਕੋ ਦੀਆ ਹੈ, ਮਤਲਬ ਯਹ ਹੈ ਕਿ ਸਭ ਕੋ ਕੁਛ ਨ ਕੁਛ ਦੇਕਰ ਬਚਨ ਲੇ ਲੀਆ ਥਾ, ਕਿ ਮੇਰੀ ਦੁਖ ਮੇਂ ਸਹਾਇਤਾ ਕਰਨੀ ਪ੍ਰੰਤੂ ਜਬ ਭਾਵੀ ਆਈ ਤਬ ਕਿਸੀ ਨੇ ਭੀ ਸਹਾਇਤਾ ਨ ਕੀ, ਤਬ ਇਸਤ੍ਰੀ ਕਹਿਨੇ ਲਗੀ ਕਿ ਸਮੁੰਦਰ ਨੇ ਕਿਆ ਪਾਪ ਕਰਾ ਜਿਸ ਕਰਕੇ ਵਹੁ ਖਾਰਾ ਹੋ ਗਿਆ ? ਭਗਤ ਤ੍ਰਿਲੋਚਨ ਜੀ ਕਹਿਨੇ ਲਗੇ ਕਿ ਪਹਿਲੇ ਸਮੁੰਦਰ ਮਿਠਾ ਥਾ, ਔਰ ਸਭ ਰਿਸ਼ੀ ਮੁਨੀ ਸਮੁੰਦਰ ਕੇ ਕਿਨਾਰੇ ਕੁਟੀਆ ਬਨਾ ਕਰ ਰਹਿਤੇ ਥੇ, ਜੈਸੇ ਅਬ ਸ੍ਰੀ ਗੰਗਾ ਜੀ ਕੇ ਕਿਨਾਰੇ ਰਹਿਤੇ ਹੈਂ ਇਸੀ ਤਰਾਂ ਸਮੁੰਦਰ ਕੇ ਕਿਨਾਰੇ ਸਭ ਰਿਸ਼ੀ ਮੁਨੀ ਰਹਿਤੇ ਥੇ, ਜਬ ਸਮੁੰਦਰ ਨੇ ਸਭ ਸੇ ਮਿੱਤ੍ਰਤਾ ਕਰ ਲਈ ਤੋ ਉਸੇ ਬੜਾ ਅਭਿਮਾਨ ਹੋ ਗਿਆ, ਔਰ ਇਸੀ ਅਭਿਮਾਨ ਮੇਂ ਆ ਕਰ ਸਮੁੰਦਰ ਕੇ ਕਿਨਾਰੇ ਰਹਿਨੇ ਵਾਲੇ ਰਿਸ਼ੀਓਂ ਕੀ ਪ੍ਰੀਖਿਆ ਕਰਨੇ ਲਗਾ, ਕਿ ਯਹਿ ਮਹਾਤਮਾ ਮੇਰੇ ਕਿਨਾਰੇ ਪਰ ਆਏ ਹੂਏ ਯਾਤਰੂਓਂ ਕੇ ਦੀਏ ਹੂਏ, ਪਦਾਰਥ ਹੀ ਖਾਨੇ ਵਾਲੇ ਹੈਂ ਅਥਵਾ ਕੁਛ ਭਜਨ ਭੀ ਕਰਤੇ ਹੈਂ ? ਔਰ ਇਨ ਸੰਤੋਂ ਮੇਂ ਕੁਛ ਸ਼ਕਤੀ ਬਲ ਭੀ ਹੈ ਕਿ ਨਹੀਂ ? ਅਗਰ ਸ਼ਕਤੀ ਸਮਰਥ ਹੈ ਤੋ ਕਿਤਨੀ ਕੁ ਹੈ ? ਯਹ ਭੀ ਦੇਖ ਲੂੰ ਐਸਾ ਵਿਚਾਰ ਕਰ ਆਧੀ ਰਾਤ ਕੋ, ਅਪਨੀ ਮਿਰਯਾਦਾ ਕਾ ਉਲੰਘਨ ਕਰਕੇ ਸੋਏ ਹੂਏ ਰਿਸ਼ੀਓਂ ਕੀ ਕੁਟੀਓਂ ਕੋ ਬਹਾਨੇ ਲਗਾ, ਕਿਤਨੇ ਰਿਸ਼ੀ ਤੋ ਡੂਬ ਕਰ ਮਰ ਗਏ ਔਰ ਕਈ ਗੋਤੇ ਖਾਤੇ ਹੂਏ, ਬਾਹਰ ਨਿਕਲ ਆਏ, ਇਸ ਪ੍ਰਕਾਰ ਕੇ ਅਨੇਕੋਂ ਦੁਖ ਰਿਸ਼ੀਓਂ ਨੇ ਸਹਿਨ ਕਰੇ, ਫਿਰ ਦੂਸਰੇ ਦਿਨ ਸਮੁੰਦਰ ਅਪਨੀ ਮ੍ਰਿਯਾਦਾ ਮੇਂ ਆ ਗਿਆ, ਤਬ ਸਭ ਰਿਸ਼ੀ ਲੋਕ ਇਕਠੇ ਹੋ ਕਰ ਵਿਚਾਰ ਕਰਨੇ ਲਗੇ ਕਿ ਸਮੁੰਦਰ ਨੇ ਅਪਨੀ ਮ੍ਰਿਯਾਦਾ ਕਿਉਂ ਭੰਗ ਕਰੀ, ਤਬ ਰਿਸ਼ੀਓਂ ਨੇ ਅਪਨੀ ੨ ਸਰਵੱਗਯਤਾ ਦਵਾਰਾ ਸਮੁੰਦਰ ਕਾ ਸਭ ਭਾਵ ਸਮਝ ਲੀਆ, ਔਰ ਕਹਿਨੇ ਲਗੇ ਯੇਹ ਹੰਕਾਰੀ ਸੰਤ ਦ੍ਰੋਹੀ ਹੈ, ਕਈ ਸ਼ਾਂਤ ਚਿਤ ਮਹਾਤਮਾ ਕਹਿਨੇ ਲਗੇ ਕਿ ਹਛਾ ਇਸ ਕਾ ਅਪ੍ਰਾਧ ਖਿਮਾ ਕਰ ਦੀਜੀਏ, ਕਿਉਂਕਿ ਹਮ ਇਸ ਕੇ ਤੀਰੇ ਪਰ ਕਈ ਬਰਸੋਂ ਸੇ ਵਾਸ ਕਰਤੇ ਹੈਂ, ਔਰ ਇਸ ਸੇ ਕਈ ਸੁਖ ਲੇ ਚੁਕੇ ਹੈਂ, ਇਸ ਲਈ ਇਸ ਕਾ ਅਪ੍ਰਾਧ ਖਿਮਾ ਕਰਨਾ ਚਾਹੀਏ, ਔਰ ਕਈ ਗਰਮ ਸੁਭਾਉ ਵਾਲੇ ਮਹਾਤਮਾ ਕਹਿਨੇ ਲਗੇ, ਕਿ ਇਸ ਅਪ੍ਰਾਧੀ ਕੋ ਦੰਡ ਦੇਨਾ ਹੀ ਯੋਗ ਹੈ, "ਮੂਰਖ ਗੰਢ ਪਵੈ ਮੁਹਿ ਮਾਰ" ਇਸ ਬਚਨ ਅਨੁਸਾਰ ਯੇਹ ਮੂਰਖ ਸਮੁੰਦਰ ਮਾਰ ਖਾਣੇ ਪਰ ਹੀ ਸੁਧਰੇਗਾ, ਅਗਰ ਆਜ ਹਮ ਇਸ ਕੋ ਛੋੜ ਦੇਂਗੇ ਤੋ ਕਲ ਕਿਸੀ ਔਰ ਕੋ ਦੁਖ ਦੇਗਾ, ਐਸਾ ਕਹਿ ਕਰ ਅਗਸਤ ਮੁਨੀ ਜੋ ਕਿ ਵੈਰਾਟ ਭਗਵਾਨ ਕੇ ਉਪਾਸਕ ਥੇ, ਉਨ੍ਹੋਂ ਨੇ ਆਪਨੇ ਉਪਾਸ਼ਯ ਦੇਵ ਕਾ ਸਿਮਰਣ ਕਰਕੇ, ਔਰ ਅਪਨਾ ਵਿਰਾਟ ਸਰੂਪ ਬਨਾ ਕਰ ਸਮੁੰਦਰ ਕੋ ਤਾੜਨਾ ਕਰੀ, ਔਰ ਕਹਾ ਅਰੇ ਸੰਤ ਦ੍ਰੋਹੀ ! ਤੂੰ ਅਭੀ ਅਪਨੇ ਕੁਕਰਮ ਕਾ ਫਲ ਪਾ ਲੇ ਮੈਂ ਤੇਰੇ ਕੋ ਅਢਾਈ ਚੁਲੀਓਂ ਮੇਂ ਪਾਨ ਕਰ ਜਾਊਂਗਾ, ਫਿਰ ਭੀ ਸਮੁੰਦਰ ਨਰਮ ਨ ਹੂਆ ਤਬ ਅਗਸਤ ਮੁਨੀ ਨੇ, ਅਢਾਈ ਚੁਲੀਓਂ ਮੇਂ ਸਾਰਾ ਸਮੁੰਦਰ ਪੀ



ਲੀਆ, ਸਮੁੰਦਰ ਕੇ ਸੁਕ ਜਾਨੇ ਪਰ ਜਲ ਮੇਂ ਰਹਿਣੇ ਵਾਲੀ ਬਿਆਲੀਸ ਲਖ ਯੋਨੀਉਂ ਕੇ ਜੀਵ ਬਹੁਤ ਤੜਫਨੇ ਲਗੇ, ਤਬ ਸਮੁੰਦਰ ਨੇ ਸਭ ਦੇਵਤਾਓਂ ਸੇ ਮਦੱਦ ਮਾਗੀ, ਤਬ ਸਭ ਦੇਵਤਾਓਂ ਨੇ ਕਹਾ ਕਿ ਜਿਨ ਮਹਾਤਮਾਓਂ ਕਾ ਤੁਮ ਨੇ ਅਪ੍ਰਾਧ ਕੀਆ ਹੈ, ਉਨ ਸੇ ਹੀ ਅਪਨਾ ਅਪ੍ਰਾਧ ਖਿਮਾ ਕਰਾਓ! ਇਸ ਪ੍ਰਕਾਰ ਸਮੁੰਦਰ ਨੇ ਦੇਵਤਾਓਂ ਸੇ ਨਿਰਾਸ ਹੋ ਕਰ, ਮਹਾਤਮਾਓਂ ਕੀ ਸ਼ਰਣ ਮੇਂ ਆਕਰ ਪ੍ਰਾਰਥਨਾ ਕੀ ਤਬ ਅਗਸਤ ਮੁਨੀ ਨੇ, ਪੀਆ ਹੂਆ ਜਲ ਲਘੀ ਰਸਤੇ ਸੇ ਨਿਕਾਲ ਕਰ ਖਾਰਾ ਕਰ ਦੀਆ, ਔਰ ਅਗਸਤ ਮੁਨੀ ਨੇ ਸਮੁੰਦਰ ਕੋ ਸ਼ਾਪ ਦੀਆ, ਕਿ ਤੂੰ ਅਬ ਖਾਰਾ ਰਹੇਂਗਾ ਕੋਈ ਭੀ ਤੇਰੇ ਕੋ ਮੀਠਾ ਕਰਨੇ ਮੇਂ ਸਮਰਥ ਨਾ ਹੋਗਾ, ਯੇਹ ਤੇਰੀ ਪ੍ਰਾਰਬਧ ਬਨ ਚੁਕੀ ਹੈ ਬੇਸ਼ਕ ਕਿਤਨੇ ਭੀ ਯਤਨ ਕਰ, ਯਹ ਨਹੀਂ ਟਲੇਗੀ। ਤਬ ਸਮੁੰਦਰ ਨੇ ਸਭ ਦੇਵਤਾਓਂ ਕੋ ਬੁਲਾ ਬੁਲਾ ਕਰ ਕਹਾ, ਕਿ ਮੇਰਾ ਖਾਰਾ ਪਣ ਹਟਾਓ, ਪ੍ਰੰਤੂ ਵਿਸ਼ਨੂ ਭਗਵਾਨ ਆਦਿ ਸਭ ਦੇਵਤਾਓਂ ਨੇ ਜਵਾਬ ਦੀਆ, ਕਿ ਏਕ ਤੋ ਪ੍ਰਾਰਬਧ ਕਰਮ ਕੋ ਹਟਾਨੇ ਮੇਂ ਅਸਮ੍ਰਥ ਹੈਂ, ਦੂਸਰਾ ਸੰਤੋਂ ਕੇ ਸਾਥ ਤੁਮਾਰਾ ਬਿਗਾੜ ਹੋ ਚੁਕਾ ਹੈ, ਇਸ ਵਾਸਤੇ ਹਮ ਕੁਛ ਭੀ ਮਦਦ ਨਹੀਂ ਕਰ ਸਕਤੇ, ਕਿਉਂਕਿ ਤੂੰ ਸੰਤੋਂ ਮੇਂ ਦੋਸ਼ ਅਰੋਪਨ ਕਰਤਾ ਹੈ ਔਰ ਸੰਤ ਦ੍ਰੋਹੀ ਹੈਂ।

**ਸੰਤ ਕੈ ਦੂਖਨਿ ਤੇਜ ਸਭ ਜਾਇ ॥ ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਕਾ ਨਿੰਦਕੁ ਮਹਾ ਅਤਤਾਈ ॥ ਸੰਤ ਕਾ ਨਿੰਦਕੁ ਖਿਨ ਟਿਕਨੁ ਨ ਪਾਈ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥**

[ਗਉੜੀ ਸੁਖਮਨੀ ਮ: ੫ ਸਫਾ ੨੭੯

ਸੋ ਇਸ ਪ੍ਰਕਾਰ ਸਭ ਨੇ ਜਵਾਬ ਦੇ ਦੀਆ, ਇਸ ਲੀਏ ਸਮੁੰਦਰ ਕਾ ਜਲ ਖਾਰਾ ਹੀ ਰਹਾ, ਯਾਂਤੇ ਭਾਵੀ ਅਮੇਟ ਹੈ। ਤਾਂਤੇ ਹੇ ਇਸਤ੍ਰੀ ! ਤੂੰ ਭੀ ਭਾਵੀ ਅਧੀਨ ਸੁਖ ਦੁਖ ਸਮਝ ਕਰ ਸ਼ਾਂਤੀ ਮੇਂ ਰਹ, ਅਬ ਇਸ ਮੇਂ ਪਾਂਚਵਾਂ ਦ੍ਰਿਸ਼ਟਾਂਤ ਦੇਤੇ ਹੈ :-

**ਦਾਧੀ ਲੇ ਲੰਕਾ ਗੜ ਉਪਾੜੀਲੇ ਰਾਵਨ ਬਨ, ਸਲਿ ਬਿਸਲ ਆਨ ਤੋਖੀ ਲੇ ਹਰੀ, ਕਰਮ ਕਰ ਕਛੌਟੀ ਮਫੀਟਸਰੀ॥**

ਹੇ ਇਸਤ੍ਰੀ! ਸ੍ਰੀ ਰਾਮ ਚੰਦ੍ਰ ਜੀ ਕੇ ਅਨੰਨਯ ਭਗਤ ਪਰ ਭਾਵੀ ਆਈ, ਔਰ ਨ ਟਲੀ, ਹਨੂਮਾਨ ਜੀ ਨੇ ਭਾਵੀ ਟਾਲਨੇ ਕੇ ਲੀਏ ਸ੍ਰੀ ਰਾਮ ਚੰਦ੍ਰ ਜੀ ਕੀ ਸ਼ਰਨ ਲੇਕਰ ਅਨੰਨਯ ਭਾਵ ਸੇ ਸੇਵਾ ਕਰੀ, ਜੈਸੇ ਲੰਕਾ ਕਾ ਕਿਲਾ ਅਕੇਲੇ ਨੇ ਜਾਕਰ ਸਾੜ ਦੀਆ, ਤਥਾ ਰਾਵਣ ਕਾ ਅਸ਼ੋਕ ਬਨ ਉਖਾੜ ਦੀਆ, ਔਰ ਸ੍ਰੀ ਸੀਤਾ ਜੀ ਕੋ ਸ੍ਰੀ ਰਾਮ ਚੰਦ੍ਰ ਜੀ ਕਾ ਸਮਾਚਾਰ ਸੁਣਾ ਕਰ, ਸ੍ਰੀ ਸੀਤਾ ਜੀ ਕਾ ਸਭ ਸਮਾਚਾਰ ਸ੍ਰੀ ਰਾਮ ਚੰਦ੍ਰ ਜੀ ਕੋ ਆ ਸੁਣਾਇਆ, ਔਰ ਸ੍ਰੀ ਲਛਮਨ ਜੀ ਕੇ ਮੂਰਛਿਤ ਹੋਨੇ ਪਰ ਸੰਜੀਵਨੀ ਬੂਟੀ ਲਾ ਕਰ ਭਗਵਾਨ ਸ੍ਰੀ ਰਾਮ ਚੰਦਰ ਜੀ ਕੋ ਪਰਸੰਨ ਕੀਆ, ਸ੍ਰੀ ਰਾਮ ਚੰਦਰ ਜੀ ਨੇ ਸਭ ਬਾਨਰਯੂਥ ਕੋ ਯਹ ਕਹਾ, ਕਿ ਜੋ ਮੇਰੇ ਭਾਈ ਕੋ ਜੀਵਤ ਕਰ ਦੇਗਾ ਮੈਂ

ਉਸ ਕੋ ਸਰਵਾਸ ਦੇ ਦੂੰਗਾ, ਹਨੂੰਮਾਨ ਜੀ ਜਬ ਬੂਟੀ ਲੇ ਆਏ ਔਰ ਲਛਮਨ ਜੀ ਕੋ ਜੀਵਤ ਕੀਆ, ਉਸ ਸਮੇਂ ਸ੍ਰੀ ਰਾਮਚੰਦਰ ਜੀ ਸਮੁੰਦਰ ਕੇ ਕਿਨਾਰੇ, ਪ੍ਰਾਤਹਕਾਲ ਇਸ਼ਨਾਨ ਕਰਨੇ ਕੇ ਲੀਏ ਗਏ ਹੂਏ ਥੇ, ਔਰ ਸਭ ਕਪੜੇ ਉਤਾਰ ਕਰ ਏਕ ਕਛ ਪਹਿਰ ਕਰ, ਔਰ ਏਕ ਦੂਸਰੀ ਕੱਛ ਬਦਲਾਨੇ ਵਾਸਤੇ ਲੇ ਗਏ ਥੇ, ਔਰ ਕੋਈ ਕਪੜਾ ਉਸ ਸਮੇਂ ਉਨ ਕੇ ਪਾਸ ਨ ਥਾ ਤਬ ਹਨੂੰਮਾਨ ਨੇ ਜਾਕਰ ਭਗਵਾਨ ਰਾਮਚੰਦਰ ਜੀ ਕੇ ਚਰਣੋਂ ਮੇਂ ਸੀਸ ਰਖਾ, ਔਰ ਕਹਾ ਮਹਾਰਾਜ ! ਸੰਜੀਵਨੀ ਬੂਟੀ ਲਾ ਕਰ ਆਪ ਕੇ ਭਾਈ ਕੋ ਜੀਵਤ ਕਰ ਦੀਆ, ਤਬ ਸ੍ਰੀ ਰਾਮ ਚੰਦਰ ਜੀ ਹਨੂੰਮਾਨ ਪ੍ਰਤਿ ਕਹਿਨੇ ਲਗੇ:-

**ਚੌਪਈ ॥ ਸੁਣ ਕਪਿ ਤੋਹਿ ਸਮਾਨ ਉਪਕਾਰੀ ॥ ਨਹਿ ਕੋਈ ਸੁਰ ਨਰ ਮੁਨ ਤਨ ਧਾਰੀ ॥ ਪ੍ਰਤਿ ਉਪਕਾਰ ਕਰੂੰ ਕਾ ਤੋਰਾ ॥ ਸਨਮੁਖ ਹੋਇ ਨ ਸਕਤ ਮਨ ਮੋਰਾ ॥**

[ਤੁਲਸੀ ਰਾਮਾਇਣ

ਐਸਾ ਕਹਿ ਕਰ ਫਿਰ ਕਹਨੇ ਲਗੇ ਕਿ ਮੇਰੇ ਪਾਸ ਤੋ ਏਕ ਕੱਛ ਹੀ ਇਸ ਮੌਕੇ ਸਰਵੰਸ ਹੈ ਯਹ ਤੂੰ ਲੇ ਲੇ, ਕਿਉਂਕਿ ਤੇਰੀ ਪ੍ਰਾਰਬਧ ਮੇਂ ਏਕ ਕੱਛ ਹੀ ਲਿਖੀ ਹੈ, ਔਰ ਭਾਵੀ ਅਮੇਟ ਹੈ ਇਸ ਵਾਸਤੇ ਤੂੰ ਕੋਈ ਹੋਰ ਵਰ ਮਾਂਗ, ਮੈਂ ਤੁਝੇ ਖੁਸ਼ੀ ਸੇ ਦੂੰਗਾ ਤਬ ਸ੍ਰੀ ਹਨੂੰਮਾਨ ਜੀ ਭਾਵੀ ਅਮੇਟ ਸਮਝਤੇ ਹੂਏ, ਭਗਵਾਨ ਕੀ ਭਗਤੀ ਮਾਂਗਤੇ ਭਏ । ਹਨੂਮਾਨ ਵਾਚ ॥ ਚੌਪਈ ॥ ਤੁਲਸੀ ਰਮਾਇਣ ॥

**ਪ੍ਰਭੁ ਪਦ ਪੰਕਜ ਕਪਿ ਕਰ ਸੀਸਾ ॥ ਸੁਮਰ ਸੁ ਦਸ਼ਾ ਮਗਨ ਗੌਰੀਸ਼ਾ ॥ ਨਾਥ ਭਗਤ ਤਵ ਅਤਿ ਅਨ ਪਾਇਨੀ ॥ ਦੇਹ ਦਇਆ ਕਰ ਸ਼ਿਵ ਮਨ ਭਾਇਨੀ ॥ ਪਾਪਾ ਪਹਾਰੀ ਨਰਕ ਅੰਤ ਕਾਰੀ ਨਿਸਤਾਰ ਕਾਰੀ ਯਮਭੀਤ ਕਾਰੀ ॥ ਸੰਸਾਰ ਵਾਰਾਂ ਨਿਧੇ ਕਰਣ ਧਾਰੀ ਚਿਤ ਸਦਾ ਉਦੇਤੂ ਸਮੇ ਮੁਰਾਰੀ ॥**

ਅਰਥ-ਹਨੂਮਾਨ ਜੀ ਸ੍ਰੀ ਰਾਮ ਚੰਦਰ ਜੀ ਕੇ ਚਰਨੋਂ ਮੇਂ ਸੀਸ ਰਖ ਕਰ ਪੜੇ ਰਹੇ, ਉਸ ਦਸ਼ਾ ਕੋ ਸਿਮਰਣ ਕਰ ਮਹਾਂਦੇਵ ਜੀ ਮਗਨ ਹੋ ਗਏ ਫਿਰ ਹਨੂਮਾਨ ਜੀ ਕਹਨੇ ਲਗੇ ਹੇ ਨਾਥ ! ਆਪ ਦਇਆ ਕਰਕੇ ਅਪਨੀ ਅਨੁਪਾਇਨੀ ਭਗਤੀ ਜੋ ਸ਼ਿਵ ਜੀ ਕੇ ਮਨ ਮੇਂ ਪਿਆਰੀ ਲਗਤੀ ਹੈ, ਵਹੁ ਭਗਤੀ ਮੁਝੇ ਦੋ ਜੋ ਕਿ ਪਾਪੋਂ ਕੋ ਦੂਰ ਕਰਨੇ ਵਾਲੀ, ਔਰ ਨਰਕ ਕੋ ਦੂਰ ਕਰਨੇ ਵਾਲੀ, ਔਰ ਕਲਯਾਨਕਾਰੀ ਯਮਰਾਜ ਕੋ ਭਯ ਦੇਨੇ ਵਾਲੀ, ਸੰਸਾਰ ਸਮੁੰਦਰ ਸੇ ਤਾਰਨੇ ਵਾਲੀ, ਹੇ ਮੁਰਾਰੀ ਵਹੁ ਭਗਤੀ ਮੇਰੇ ਮੇਂ ਸਦਾ ਹੀ ਪ੍ਰਗਟ ਰਹੇ, ਇਸ ਪ੍ਰਕਾਰ ਹਨੂਮਾਨ ਜੀ ਰਾਮ ਚੰਦਰ ਜੀ ਕੇ ਅਨਿਨਜ ਭਗਤ ਹੋਤੇ ਭਏ, ਆਗੇ ਹਨੂਮਾਨ ਜੀ ਕਹਿਤੇ ਹੈਂ:-



**ਕਾਹੂੰ ਕੇ ਸਾਰਸਤੀ ਵਰ ਪੂਰਣ ਕਾਹੂੰ ਕੇ ਹੈ ਸ਼ਿਵ ਸੇ ਵਰ ਦਾਈਆ ।**
**ਕਾਹੂੰ ਕੇ ਚਤੁਰਾਨਨ ਕੋ ਬਲ ਕੋਊ ਗਜਾਨਨ ਆਸ ਬਸਈਆ ।**
**ਕਾਨ ਸੁਨੇ ਪਹਿਚਾਨ ਨ ਕਾਹੂੰ ਸੋ ਸਾਚ ਕਹੇ ਕਵਿ ਰਾਮ ਕਹਈਆ ।**
**ਜਾਨਤ ਸ੍ਰੀ ਰਘੁਬੀਰ ਕੇ ਨਾਮਹਿ ਜਾ ਸੁਨੀਏ ਸਭ ਹੋਇ ਸਹੀਆ ।**

ਅਰਥ-ਹਨੂਮਾਨ ਜੀ ਕਹਿਤੇ ਹੈਂ ਕਿਸੀ ਕੋ ਸੁਰਸ੍ਵਤੀ ਵਰ ਦੇਕੇ ਪੂਰਨ ਕਰਤੀ ਹੈ ਕਿਸੀ ਕੋ ਸ਼ਿਵਜੀ, ਕਿਸੀ ਕੋ ਬ੍ਰਹਮਾ ਜੀ, ਕਿਸੀ ਕੋ ਗਨੇਸ਼ ਜੀ, ਮੈਂ ਕਾਨੋਂ ਸੇ ਸੁਣਤਾ ਹੂੰ ਪ੍ਰੰਤੂ ਪਹਿਚਾਨ ਕਿਸੀ ਸੇ ਨਹੀਂ, ਯਹ ਸਚੀ ਬਾਤ ਕਹਿਤਾ ਹੂੰ, ਮੈਂ ਤੋ ਏਕ ਰਾਮਚੰਦਰ ਜੀ ਕੋ ਜਾਣਤਾ ਹੂੰ, ਜਿਸਕੇ ਨਾਮ ਸੁਣਨੇ ਸੇ ਸਭ, ਤਰਾਂ ਕੀ ਸਹਾਇਤਾ ਹੋ ਜਾਤੀ ਹੈ । ਹਨੂੰਮਾਨ ਜੀ ਰਾਮ ਚੰਦਰ ਜੀ ਕੇ ਐਸੇ ਅਨਿਨ ਭਗਤ ਹੂਏ ਹੈਂ ਜਿਨੋਂ ਨੇ ਸ੍ਰੀ ਕ੍ਰਿਸ਼ਨ ਭਗਵਾਨ ਕਾ ਭੀ ਦਰਸ਼ਨ ਨਹੀਂ ਕੀਆ, ਹਨੂਮਾਨ ਨੇ ਭਗਵਾਨ ਸ੍ਰੀ ਕ੍ਰਿਸ਼ਨ ਕੋ ਕਹਾ, ਅਗਰ ਆਪ ਸੀਤਾ ਰਾਮ ਰੂਪ ਮੇਂ ਦਰਸ਼ਨ ਦੋ ਤੋ ਮੈਂ ਆਪ ਕੇ ਦਰਸ਼ਨ ਕਰੂੰਗਾ ਐਸੇ ਨਹੀਂ, ਇਸ ਸ੍ਵਰੂਪ ਮੇਂ ਨਹੀਂ ਗੁਰੂ ਨਾਨਕ ਦੇਵ ਜੀ ਭੀ ਜਬ ਲੰਕਾ ਮੇਂ ਗਏ, ਤਬ ਹਨੂਮਾਨ ਨੇ ਕਹਿਲਾ ਭੇਜਾ ਅਗਰ ਆਪ ਸ੍ਰੀ ਰਾਮ, ਲਖਮਨ ਸੀਤਾ ਰੂਪ ਮੇਂ ਤੀਨੋਂ ਆਉਗੇ ਤਬ ਮੈਂ ਆਪ ਕੇ ਦਰਸ਼ਨ ਕਰੂੰਗਾ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਬ ਸ੍ਰੀ ਰਾਮ ਚੰਦਰ ਜੀ ਕਾ ਸਰੂਪ ਦਿਖਾਇਆ, ਤਬ ਹਨੂਮਾਨ ਨੇ ਚਰਨੋਂ ਮੇਂ ਪੜ ਕਰ ਨਮਸਕਾਰ ਕਰੀ, ਐਸੇ ਅਨਿਨ ਭਗਤ ਹਨੂਮਾਨ ਜੀ ਥੇ ਔਰ ਸ੍ਰੀ ਰਾਮ ਚੰਦਰ ਜੀ ਭੀ ਗੁਣੋਂ ਕੀ ਨਿਧੀ ਥੇ, ਪ੍ਰੰਤੂ ਭਾਵੀ ਫਿਰ ਭੀ ਨ ਟਲੀ, ਸ੍ਰੀ ਰਾਮ ਚੰਦਰ ਕੇ ਗੁਣ ਲਿਖਤੇ ਹੈਂ:-

**ਸਲੋਕ-ਧਰਮੇ ਤਤ ਪਰਤਾ ਮੁਖੇ ਮਧੁਰਤਾ ਦਾਨੇ ਸਮੁਤ ਸਾਹਿਤਾ ।**
**ਮਿਤ੍ਰੇ ਅਵੰਚਕਤਾ ਗੁਰਊ ਵਿਨਯਤਾ ਚਿੱਤੇ ਅਤਿ ਗੰਭੀਰਤਾ ॥ ੧ ॥**
**ਆਚਾਰੇ ਸੁਚੇਤਤਾ ਗੁਣੇ ਰਸਕਤਾ, ਸ਼ਾਸਤ੍ਰੇਸ਼ੁ ਵਿਗਿਆਤਤਾ ।**
**ਰੂਪੇ ਸੁੰਦਰਤਾ ਸ਼ਿਵੇ ਭਜਨਤਾ, ਤ੍ਵਈ ਅਸ੍ਰਿ ਭੋ ਰਾਘਵ ॥ ੨ ॥**

[ਹਨੂਮਾਨ ਨਾਟਕ

ਅਰਥ-ਹੇ ਰਾਮਚੰਦਰ ਜੀ ਆਪ ਮੇਂ ਹੀ ਐਸੇ ਗੁਣ ਹੋ ਸਕਤੇ ਹੈਂ ਆਪ ਸਦਾ ਧਰਮ ਮੇਂ ਤਤਪਰ ਰਹਿਤੇ ਹੈਂ । ਮੀਠੀ ਜ਼ਬਾਨ ਆਪ ਕੇ ਮੁਖ ਮੇਂ ਰਹਿਤੀ ਹੈ, ਦਾਨ ਮੇਂ ਉਤਸਾਹ, ਮਿਤ੍ਰੋਂ ਮੇਂ ਸਚਾਈ, ਗੁਰੂਓਂ ਮੇਂ ਨਿਮ੍ਰਤਾ, ਚਿਤ ਮੇਂ ਗੰਭੀਰਤਾ, ॥ ੧ ॥ ਆਚਾਰ ਮੇਂ ਪਵਿੱਤਰਤਾ, ਗੁਣ ਮੇਂ ਰਸਕਤਾ, ਸ਼ਾਸਤਰ ਮੇਂ ਨਿਪੁਣਤਾ, ਰੂਪ ਮੇਂ

ਸੁੰਦਰਤਾ, ਸ਼ਿਵ ਮੇਂ ਭਜਨਤਾ ਯਾਨੇ ਭਗਤੀ ਗੁਣ ਆਪ ਮੇਂ ਹੀ ਹੈਂ ਬਾਲਮੀਕ ਜੀ ਕਹਿਤੇ ਹੈਂ :-

**ਸਲੋਕ–ਰਾਮ ਤਵ ਨਾਮ ਮਹਿਮਾ ਵਰਣਤੇ ਕੇਨਵਾ ਕਥਾ ॥ ਯਤ ਪ੍ਰਭਾਵਾਤ੍ ਅਹੰ ਸਾਖਜਾਤ ਬ੍ਰਹਮ ਰਿਸ਼ਿਤ੍ਵੰ ਅਵਾਪਤਵਾਨ ।**

[ਬਾਲਮੀਕੀ ਰਾਮਾਯਣ

ਅਰਥ–ਹੇ ਰਾਮ ਤੇਰੇ ਨਾਮ ਕੀ ਮਹਿਮਾ ਕਿਸਨੇ ਔਰ ਕਿਸ ਪ੍ਰਕਾਰ ਕਥਨ ਕਰੀ ਹੈ ? ਭਾਵ ਬੇਅੰਤ ਹੈ, ਜਿਸ ਨਾਮ ਕੇ ਪਰਤਾਪ ਸੇ ਮੈਂ ਖੁਦ ਬ੍ਰਹਮ ਰਿਸ਼ੀ ਭਾਵ ਕੋ ਪ੍ਰਾਪਤ ਹੋ ਗਿਆ ਹੂੰ ॥ ਪ੍ਰਮਾਣ:-

**ਉਲਟਾ ਨਾਮ ਜਪਤ ਜਗ ਜਾਨਾ ॥ ਬਾਲਮੀਕ ਭਏ ਬ੍ਰਹਮਸਮਾਨਾ**

[ਤੁਲਸੀ ਰਾਮਾਯਣ

ਹੇ ਈਸ਼ੁਰ ਰੂਪ ਰਾਮ ਤੇਰੇ ਗੁਣੋਂ ਕਾ ਅੰਤ ਨਹੀਂ:-

**ਸ਼ਲੋਕ ॥ ਅਸ੍ਰ ਗਿਰਿ ਸਮੰ ਸਜਾਤ, ਕਜਲੰ ਸਿੰਧੂ ਪਾਤ੍ਰੇ ਸੁਰ ਤਰਵਰ ਸ਼ਾਖਾ ਲੇਖਿਨੀ ਪਤ੍ਰੰ ਉਰਵੀ, ਲਿਖਤੀ ਯਦਿ ਚ ਗ੍ਰਿਹੀਤ੍ਵਾ ਸ਼ਾਰਦਾ ਸਰਵ ਕਾਲੰ, ਤਦਪੀ ਤਵ ਗੁਣਾਨਾਂ ਈਸ ਪਾਰੰ ਨ ਯਾਤੇ ॥**

ਅਰਥ–ਅਸਥਾਚਲ ਪਰਬਤ ਮਸ ਕਰੀਏ ਔਰ ਸਮੁੰਦਰ ਕੋ ਦਵਾਤ ਬਨਾਈਏ ਕਲਪ ਬ੍ਰਿਛ ਕੋ ਲੇਖਨੀ ਬਨਾਈਏ, ਪ੍ਰਿਥਵੀ ਕੋ ਕਾਗਜ ਬਨਾਈਏ, ਸੁਰਸ੍ਵਤੀ ਸਰਬਦਾ ਕਾਲ ਲਿਖਤੀ ਭੀ ਰਹੇ, ਤੋ ਭੀ ਆਪ ਕੇ ਗੁਣੋਂ ਕਾ ਅੰਤ ਨਹੀਂ ਪਾਇਆ ਜਾਏਗਾ, ਐਸੇ ਗੁਣ ਨਿਧੀ ਸ੍ਰੀ ਰਾਮ ਚੰਦਰ ਜੀ ਕੀ ਪ੍ਰਸੰਨਤਾ ਹੋਨੇ ਪਰ ਭੀ, ਹਨੂਮਾਨ ਜੀ ਕੀ ਕਛੋਟੀ ਨ ਹਟੀ । ਯਾਨੇ ਕਛ ਸੇ ਅਧਿਕ ਵਸਤ੍ਰ ਹਨੂਮਾਨ ਕੋ ਨ ਮਿਲਾ । ਇਸਤ੍ਰੀ ਨੇ ਹਨੂਮਾਨ ਜੀ ਕੀ ਭਾਵੀ ਕਾ ਕਾਰਣ ਪੂਛਾ, ਤਬ ਭਗਤ ਤ੍ਰਿਲੋਚਨ ਜੀ ਕਹਿਨੇ ਲਗੇ, ਕਿ ਹਨੂਮਾਨ ਜੀ ਪੂਰਬ ਜਨਮ ਮੇਂ ਮਨੁਸ਼ਜ ਥੇ, ਪ੍ਰੰਤੂ ਕੁਸੰਗਤ ਮੇਂ ਆ ਕਰ ਚੋਰੀ ਕਾ ਨਸ਼ਿਧ ਕਰਮ ਕਰਤੇ ਥੇ, ਜੋ ਲੋਗ ਨਦੀ ਕਿਨਾਰੇ ਕਪੜੇ ਉਤਾਰ ਕਰ ਅਸ਼ਨਾਨ ਕਰਨੇ ਜਾਤੇ ਥੇ, ਉਨ ਕੇ ਭੂਸ਼ਨ ਵਸਤ੍ਰ ਯਹ ਲੇਕਰ ਭਾਗ ਜਾਤਾ ਥਾ, ਏਕ ਦਿਨ ਏਕ ਬੜੇ ਤੇਜ ਵਾਲੇ ਤਪਸ੍ਵੀ ਕਪੜੇ ਉਤਾਰ ਕਰ ਨਦੀ ਮੇਂ ਇਸ਼ਨਾਨ ਕਰਨੇ ਗਏ, ਇਸ ਚੋਰ ਨੇ ਉਸ ਰਿਸ਼ੀ ਕੇ ਕਪੜੇ ਉਠਾ ਲੀਏ ਔਰ ਭਾਗ ਗਿਆ । ਤਪਸ੍ਵੀ ਅਸ਼ਨਾਨ ਕਰਕੇ ਜਲਦੀ ਹੀ ਬਾਹਰ ਆ ਗਏ, ਔਰ ਦੇਖਾ ਕਿ ਮੇਰੇ ਕਪੜੇ ਉਠਾ ਕਰ ਏਕ ਆਦਮੀ ਭਾਗਾ ਜਾਤਾ ਹੈ, ਮਹਾਤਮਾ ਨੇ ਉਸ ਕੋ ਊਂਚੇ ਸੁਰ ਸੇ ਪੁਕਾਰ ਕਰ ਕਹਾ ਕਿ ਮੇਰੇ ਕਪੜੇ ਦੇ ਦੋ, ਪ੍ਰੰਤੂ ਉਸਨੇ ਨਾ ਦੀਏ ਤਬ ਰਿਸ਼ੀ ਨੇ ਕ੍ਰੋਧ ਮੇਂ ਆ ਕਰ ਸ਼ਾਪ ਦੀਆ, ਕਿ ਜੈਸੇ



ਮੇਰੇ ਸਰੀਰ ਮੇਂ ਏਕ ਕੱਛ ਹੀ ਤੁਮ ਨੇ ਛੋੜੀ ਹੈ, ਐਸੇ ਤੇਰੇ ਕੋ ਭੀ ਅਗਲੇ ਜਨਮ ਮੇਂ ਏਕ ਕਛ ਹੀ ਮਿਲੇਗੀ, ਬੇਸ਼ਕ ਤੂੰ ਪ੍ਰਮਾਤਮਾ ਕਾ ਅਨੰਨਯ ਭਗਤ ਭੀ ਬਨ ਜਾਵੇਂ, ਫਿਰ ਭੀ ਤੇਰੇ ਕੋ ਕਛ ਸੇ ਅਧਿਕ ਬਸਤਰ ਨ ਮਿਲੇਗਾ, ਇਸ ਲੀਏ ਸ੍ਰੀ ਰਾਮ ਚੰਦਰ ਜੀ ਕੀ ਸੇਵਾ ਕਰਨੇ ਪਰ ਭੀ, ਪ੍ਰਾਰਬਧ ਕੋਟੀ ਮੇਂ ਆਈ ਹੂਈ ਨ ਹਟੀ ਇਸ ਲੀਏ ਭਗਤ ਜੀ ਲਿਖਤੇ ਹੈਂ :-

**ਕਰਮ ਕਰਿ ਕਛਉਟੀ ਮਫੀਟਸਿਰੀ ॥ ਪੁਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮਚੇ ਨਾਮੰ ॥ ਬਦਤਿ ਤ੍ਰਿਲੋਚਨ ਰਾਮ ਜੀ ॥**

ਅਰੀ ਘਰ ਕੀ ਗੈਹਣ ਨਾਮ ਇਸਤ੍ਰੀ ਪੂਰਬਲਾ ਕੀਆ ਹੂਆ ਜੋ ਕਰਮ ਹੈ, ਵਹੁ ਨਹੀਂ ਮਿਟ ਸਕਤਾ ਭੋਗਨਾ ਹੀ ਪੜਤਾ ਹੈ, ਤਾਂਤੇ ਉਸ ਮੇਂ ਹੀ ਪਰਸੰਨ ਰਹਿਨਾ ਚਾਹੀਏ ਇਸ ਵਾਸਤੇ ਮੈਂ ਪ੍ਰਸੰਨ ਹੋ ਕਰ ਰਾਮ ਕਾ ਨਾਮ ਜਪਤਾ ਹੂੰ, ਤੂੰ ਭੀ ਜਪ। ਇਸ ਪ੍ਰਕਾਰ ਅਪਨੀ ਇਸਤ੍ਰੀ ਕੇ ਚਿਤ ਕੋ ਸ਼ਾਂਤ ਕਰ ਭਗਤੀ ਮੇਂ ਲਗਾਤਾ ਭਇਆ।

**ਸ਼ਲੋਕ ॥ ਅਵਸ਼੍ਯੰ ਭਾਵੀ ਭਾਵਨਾਂ ਪ੍ਰਤਿਕਾਰੋ ਭਵੇਤ੍ਯਦਿ ॥**
**ਤਦਾ ਦੁਖਈਰ ਨਿਪਯੇਰਨ੍ ਨਲ ਰਾਮ ਯੁਧਿਸ੍ਰਰਾ: ॥**

ਅਰਥ–ਭਾਵੀ ਅਵਸ਼ਜ ਹੋਤੀ ਹੈ ਉਸ ਕੋ ਕੋਈ ਬਦਲਾ ਨਹੀਂ ਸਕਤਾ, ਅਗਰ ਭਾਵੀ ਕੋ ਕੋਈ ਬਦਲਾ ਸਕਤਾ ਹੋਤਾ ਤੋ ਸਤਜੁਗ ਮੇਂ ਨਲ, ਔਰ ਤ੍ਰੇਤਾ ਮੇਂ ਸ੍ਰੀ ਰਾਮ ਚੰਦ੍ਰ ਜੀ, ਔਰ ਦ੍ਵਾਪਰ ਮੇਂ ਧਰਮ ਪੁਤ੍ਰ ਯੁਧਿਸਟਰ, ਰਾਜਾ ਦੁਖੀ ਨਾ ਹੋਤੇ । ਕੈਸਾ ਰਾਜਾ ਨਲ ਹੂਆ ਹੈ ? ਕਿ ਜਿਸ ਕੇ ਸਿਮਰਨ ਕਰਨੇ ਸੇ ਕਲਜੁਗ ਕੇ ਪਾਪ ਨਾਸ ਹੋ ਜਾਤੇ ਹੈਂ।

**ਸ਼ਲੋਕ–ਕਰਕੋਟਕਸਜ ਨਾਗਸਜ ਦਮਯੰਤਜਾ ਨਲਸਜ ਚ ਰਿਤੂ ਪ੍ਰਣਸਜ ਰਾਜ ਰਿਸ਼ੇ ਕੀਰਤਨੰ ਕਲਿ ਨਾਸ਼ਨੰ ॥**

[ਪੰਚਦਸੀ ਤ੍ਰਿਪਤੀ ਦੀਪ

ਅਰਥ–ਕਰਕੋਟਕ ਨਾਗ ਕੀ ਜੋ ਨਲ ਦਮਯੰਤੀ ਸੰਬੰਧੀ ਕਥਾ ਹੈ, ਤਥਾ ਰਿਤੂ ਪਰਣ ਰਾਜ ਰਿਸ਼ੀ ਕੀ ਜੋ ਨਲ ਸੰਬੰਧੀ ਕਥਾ ਹੈ, ਉਸ ਕੇ ਸਿਮਰਣ ਕਰਨੇ ਸੇ ਕਲਯੁਗ ਕੇ ਪਾਪ ਨਾਸ਼ ਹੋ ਜਾਤੇ ਹੈਂ। ਐਸੇ ਧਰਮਾਤਮਾ ਰਾਜਾਉਂ ਸੇ ਭੀ ਭਾਵੀ ਨ ਟਲੀ, ਉਨੋਂ ਕੋ ਅਵਸ਼ਜ ਭੋਗਨੀ ਹੀ ਪੜੀ, ਅਗਰ ਭਾਵੀ ਮਿਟ ਸਕਤੀ ਹੋਤੀ, ਤੋ ਇਤਨੇ ਬੜੇ ੨ ਸਾਮਰਥ ਵਾਲੇ ਜੋ ਕਿ ਇੰਦ੍ਰਾਦਿ ਤ੍ਰਿਲੋਕੀ ਕੇ ਰਾਜਾ ਹੈਂ, ਵੋਹ ਇਸ ਭਾਵੀ ਸੇ ਦੁਖੀ ਨ ਹੋਤੇ, ਪਰੰਤੂ ਦੁਖੀ ਹੂਏ ਹੈਂ। ਜੈਸੇ ਗੁਰੂ ਸਾਹਿਬ ਜੀ ਲਿਖਤੇ ਹੈਂ :-

**ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸਰਾਮੁ ਰੋਵੈ ਘਰਿ ਆਇਆ ॥ ਜੈਅਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ**

**ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨਿ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵੈ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥** [ਰਾਮ: ਵਾਰ: ਮ. ੩ ਸਫਾ ੯੫੩

ਪੂਰਬੋਕਤ ਸਭ ਨੇ ਭਾਵੀ ਕੇ ਆਨੇ ਪਰ ਦੁਖ ਉਠਾਇਆ ਪ੍ਰੰਤੂ ਉਸ ਕੇ ਦੂਰ ਕਰਨੇ ਮੇਂ ਕੋਈ ਭੀ ਸਾਮਰਥ ਨਹੀਂ ਹੋ ਸਕਾ, ਇਨ ਸਭ ਕੀ ਕਥਾਏਂ ਪੁਸਤਕ ਕੇ ਵਿਸਤਾਰ ਕੇ ਭਯ ਸੇ ਯਹਾਂ ਨਹੀਂ ਲਿਖੀਂ ਔਰ ਦੁਖ ਸੁਖ ਕੋ ਭਾਵੀ ਅਧੀਨ ਸਮਝ ਕਰ ਸਮ ਰਹਿਣਾ ਚਾਹੀਏ । ਜੈਸੇ ਗੁਰੂ ਅਰਜਨ ਦੇਵ ਜੀ ਕਾ ਗੁਜਰਾਤ ਸ਼ਹਿਰ ਮੇਂ ਰਹਿਣੇ ਵਾਲਾ ਭਾਈ ਭਿਖਾਰੀ ਨਾਮ ਵਾਲਾ ਸਿਖ ਥਾ, ਗੁਰੂ ਅਰਜਨ ਦੇਵ ਸਾਹਿਬ ਜੀ ਕੇ ਪਾਸ ਕਿਸੀ ਸਿਖ ਨੇ ਪ੍ਰਸ਼ਨ ਕੀਆ ਕਿ ਆਪ ਕਾ ਕੋਈ ਸਿਖ ਸੁਖ ਦੁਖ ਮੇਂ ਸਮ ਰਹਿਣੇ ਵਾਲਾ ਔਰ ਭਾਵੀ ਕੇ ਮੰਨਣੇ ਵਾਲਾ ਹੋਵੇ ਤੋ ਉਸ ਕਾ ਦਰਸ਼ਨ ਕਰਾਉ ਤਬ ਗੁਰੂ ਜੀ ਨੇ ਉਸ ਸਿਖ ਕੋ ਗੁਜਰਾਤ ਮੇਂ ਭਾਈ ਭਿਖਾਰੀ ਜੀ ਕੇ ਪਾਸ ਭੇਜਾ ਜੋ ਕਿ ਸਿੜੀ ਬਨਾ ਰਹਾ ਥਾ ਜਬ ਵਹ ਸਿਖ ਪਹੁੰਚਾ ਤਬ ਭਾਈ ਭਿਖਾਰੀ ਜੀ ਨੇ ਉਸਕਾ ਸਤਿਕਾਰ ਕੀਆ, ਔਰ ਘਰ ਮੇਂ ਜਾਕਰ ਅਪਨੇ ਪੁਤਰ ਕੀ ਸ਼ਾਦੀ ਕੀ ਸਭ ਸਮਗਰੀ ਦਿਖਾਈ ਕਿ ਯਹ ਹਲਵਾਈ ਮਿਠਾਈ ਬਨਾ ਰਹੇ ਹੈਂ, ਇਧਰ ਸੁਨਾਰ ਜ਼ੇਵਰ ਭੂਸ਼ਨ ਬਣਾ ਰਹੇ ਹੈਂ, ਔਰ ਇਸ ਤਰਫ ਦਰਜੀ ਕਪੜੇ ਸਿਉਂ ਰਹੇ ਹੈਂ, ਇਤਯਾਦੀ ਅਨੇਕ ਪ੍ਰਕਾਰ ਕੀ ਸ਼ਾਦੀ ਕੀ ਸਮਗਰੀ ਦਿਖਾਈ ਔਰ ਵਿਵਾਹ ਤਕ ਸਿਖ ਕੋ ਬੜੇ ਪ੍ਰੇਮ ਔਰ ਖਿਚਿ ਸੇ ਅਪਨੇ ਘਰ ਰਖਾ ਉਸ ਸਿਖ ਨੇ ਪੂਛਾ ਯਹ ਸਿੜੀ ਕਿਉਂ ਬਨਾਈ ਹੈ ? ਯਹ ਕਿਸ ਕਾਮ ਆਵੇਗੀ ? ਭਾਈ ਭਿਖਾਰੀ ਜੀ ਨੇ ਕਹਾ ਕਿ ਇਸ ਕਾ ਜਬ ਸਮਾਂ ਆਵੇਗਾ ਤਬ ਬਤਲਾਵਾਂਗੇ, ਫਿਰ ਬੜੀ ਧੂਮ ਧਾਮ ਕੇ ਸਾਥ ਲੜਕੇ ਕੀ ਸ਼ਾਦੀ ਹੂਈ, ਔਰ ਮਿਤਰ ਸੰਬੰਧੀ ਬਹੁਤ ਇਕੱਠੇ ਹੂਏ, ਸ਼ਾਦੀ ਕਰਾ ਕਰ ਜਬ ਘਰ ਆਏ ਤਬ ਰਾਤ੍ਰੀ ਕੋ ਅਚਾਨਕ ਲੜਕੇ ਕੇ ਪੇਟ ਮੇਂ ਦਰਦ ਹੂਈ ਪ੍ਰਾਤਾਕਾਲ ਹੋਤੇ ਹੀ ਭਾਈ ਭਿਖਾਰੀ ਜੀ ਕਾ ਲੜਕਾ ਮਰ ਗਿਆ, ਤਬ ਉਸੀ ਸੀੜੀ ਪਰ ਲੜਕੇ ਕੋ ਮਸਾਨ ਮੇਂ ਲੇ ਗਏ ਔਰ ਬੜੀ ਧੀਰਜ ਕੇ ਸਾਥ ਪਰਮੇਸ਼੍ਵਰ ਕਾ ਭਾਣਾ ਮੰਨ ਕਰ



ਲੜਕੇ ਕਾ ਮ੍ਰਿਤਕ ਸੰਸਕਾਰ ਕੀਆ. ਔਰ ਸਿਖ ਕੋ ਕਹਾ ਕਿ ਇਸੀ ਵਾਸਤੇ ਯੇਹ ਸੀੜੀ ਬਨਾਈ ਥੀ. ਸਿਖ ਬੜਾ ਹੈਰਾਨ ਹੂਆ ਔਰ ਕਹਿਨੇ ਲਗਾ, ਅਗਰ ਆਪ ਕੋ ਇਸ ਬਾਤ ਕਾ ਪਹਿਲੇ ਹੀ ਪਤਾ ਥਾ ਕਿ ਲੜਕਾ ਮਰ ਜਾਏਗਾ ਤੋ ਇਤਨਾ ਰੁਪਿਆ ਖਰਚ ਕਰਕੇ ਇਸ ਕੀ ਸ਼ਾਦੀ ਹੀ ਕਿਉਂ ਕੀ ? ਔਰ ਇਸ ਕੀ ਇਸਤ੍ਰੀ ਕੋ ਕੰਨਿਆਂ ਹੀ ਕਿਉਂ ਨ ਰਹਿਨੇ ਦੀਆ, ਦੇਖੋ ਅਬ ਯਹ ਵਿਚਾਰੀ ਵਿਧਵਾ ਹੋ ਗਈ ਹੈ. ਇਸ ਲੀਏ ਯਹ ਸਾਰੀ ਉਮਰ ਦੁਖੀ ਰਹੇਗੀ, ਅਗਰ ਪੁੱਤਰ ਕੀ ਸਾਦੀ ਕਰਾਨੀ ਹੀ ਥੀ, ਤੋ ਗੁਰੂ ਅਰਜਨ ਦੇਵ ਜੀ ਸੇ ਉਸ ਕੀ ਦੀਰਘ ਆਯੂ ਮਾਂਗ ਲੇਨਾ ਥਾ, ਤਬ ਭਾਈ ਭਿਖਾਰੀ ਜੀ ਕਹਿਨੇ ਲਗੇ ਕਿ ਯੇਹ ਸਭ ਕਾਮ ਭਾਵੀ ਨੇ ਕਰਾਇਆ ਹੈ, ਮੈਂ ਨੇ ਕੁਛ ਨਹੀਂ ਕੀਆ ਔਰ ਭਾਵੀ ਅਮੇਟ ਹੈ। ਇਸ ਵਾਸਤੇ ਗੁਰੂ ਜੀ ਪਾਸ ਭੀ ਮਾਂਗਨੇ ਨਹੀਂ ਗਿਆ, ਫਿਰ ਗੁਰੂ ਜੀ ਸੇ ਪੁੱਤਰ ਧਨ ਆਦਿ ਅਨਾਤਮ ਪਦਾਰਥ ਮਾਂਗਨੇ ਹੀ ਨਹੀਂ ਚਾਹੀਏ, ਗੁਰੂ ਜੀ ਸੇ ਤੋ ਕੇਵਲ ਈਸ਼੍ਵਰ ਨਾਮ ਕੀ ਹੀ ਯਾਚਨਾ ਕਰਨੀ ਚਾਹੀਏ, ਔਰ ਹਮ ਪਰਮੇਸ਼੍ਵਰ ਕੇ ਭਾਣੇ ਮੇਂ ਪ੍ਰਸੰਨ ਹੈਂ ਇਸ ਵਾਸਤੇ ਪੁੱਤਰ ਕੇ ਮਰਣੇ ਕਾ ਹਮੇਂ ਕਈ ਦੁਖ ਨਹੀਂ, ਔਰ ਇਸ ਕੀ ਇਸਤ੍ਰੀ ਭੀ ਸ਼ਾਦੀ ਕਰਾ ਕਰ ਹੀ ਰਾਜੀ ਥੀ, ਕਨਿਆ ਰਹਿਨੇ ਮੇਂ ਖੁਸ਼ ਨਹੀਂ ਥੀ, ਬੇਸ਼ਕ ਸ਼ਾਦੀ ਕਰਾਤੇ ਹੀ ਇਸਕਾ ਪਤੀ ਮਰ ਗਿਆ ਹੈ, ਪ੍ਰੰਤੂ ਅਬ ਭੀ ਇਸ ਸੇ ਪੁਛ ਕਰ ਦੇਖ ਲੋ, ਇਸ ਨੇ ਭੀ ਪਤੀ ਮਰਨੇ ਕਾ ਕੋਈ ਦੁਖ ਨਹੀਂ ਮਨਾਇਆ। ਤਬ ਉਸ ਸਿਖ ਨੇ ਲੜਕੇ ਕੀ ਇਸਤ੍ਰੀ ਸੇ ਪੂਛਾ ਕਿ ਤੁਮ ਕੋ ਪਤੀ ਮਰਨੇ ਕਾ ਕੋਈ ਸ਼ੋਕ ਨਹੀਂ ? ਉਸ ਨੇ ਕਹਾ ਮੈਂ ਬੜੀ ਪ੍ਰਸੰਨ ਹੂੰ, ਕਿਉਂਕਿ ਮੇਰੀ ਇਤਨੀ ਹੀ ਅਭਿਲਾਸ਼ਾ ਥੀ ਕਿ ਮੈਂ ਇਸ ਕੇ ਸਾਥ ਸਾਦੀ ਕਰੂੰ, ਸੋ ਵੋਹ ਮੇਰਾ ਪਿਛਲੇ ਜਨਮ ਕਾ ਯਤਨ ਅਭੀ ਫਲੀਭੂਤ ਹੋ ਗਿਆ ਹੈ, ਇਸ ਲੀਏ ਮੁਝੇ ਕੋਈ ਸ਼ੋਕ ਨਹੀਂ, ਉਸ ਸਿਖ ਨੇ ਕਹਾ ਕਿ ਮੁਝੇ ਭੀ ਅਪਨੀ ਔਰ ਅਪਨੇ ਪਤੀ ਕੀ ਪਿਛਲੇ ਜਨਮ ਕੀ ਕਥਾ ਸੁਣਾਓ, ਤਬ ਵੋਹ ਕਹਿਨੇ ਲਗੀ ਕਿ ਮੈਂ ਪਿਛਲੇ ਜਨਮ ਮੇਂ ਰਾਜ-ਕੁਮਾਰੀ ਥੀ, ਔਰ ਬੜੀ ਵਿਦੂਸੀ ਤਥਾ ਬ੍ਰਹਮਚਾਰਣੀ ਥੀ, ਔਰ ਯਹ ਮੇਰਾ ਪਤੀ ਬ੍ਰਾਹਮਣ, ਤਪਸ੍ਵੀ ਤਥਾ, ਨੈਸ਼ਿਟਕ ਬ੍ਰਹਮਚਾਰੀ ਥਾ, ਨੈਸ਼ਿਟਕ ਬ੍ਰਹਮਚਾਰੀ ਉਸ ਕੋ ਕਹਿਤੇ ਹੈਂ, ਜੋ ਸਾਰੀ ਉਮਰ ਬ੍ਰਹਮਚਾਰਯ ਮੇਂ ਹੀ ਰਹੇ ਸਾਦੀ ਨਾ ਕਰਾਏ, ਜਬ ਮੈਂ ਖੋੜਸ ਬਰਸ ਕੀ ਹੂਈ ਤਬ ਮੇਰੇ ਮਾਤਾ ਪਿਤਾ ਨੇ ਮੇਰੀ ਸ਼ਾਦੀ ਕਰਨੇ ਕਾ ਖਿਆਲ ਕੀਆ, ਪਰੰਤੂ ਮੈਂਨੇ ਇਨਕਾਰ ਕੀਆ ਕਿ ਮੈਂ ਬ੍ਰਹਮਚਾਰਣੀ ਰਹੂੰਗੀ, ਜਬ ਕੁਛ ਸਮਾਂ ਗੁਜ਼ਰ ਗਿਆ, ਤੋ ਫਿਰ ਮੁਝੇ ਮਾਤਾ ਪਿਤਾ ਨੇ ਸ਼ਾਦੀ ਕਰਨੇ ਕੇ ਲੀਏ ਬਹੁਤ ਤੰਗ ਕੀਆ, ਔਰ ਕਹਾ ਕਿ ਹਮ ਤੇਰੇ ਕੋ ਕੁਆਰੀ ਨਹੀਂ ਰਹਿਨੇ ਦੇਂਗੇ, ਤਬ ਮੈਂਨੇ ਪ੍ਰਤਿਗਿਆ ਕੀ ਕਿ ਸ੍ਵੰਬਰ ਮੇਂ ਮੈਂ ਉਸਕੋ ਪਤੀ ਬਨਾਊਂਗੀ ਕਿ ਜਿਸ ਕੇ ਨੇਤ੍ਰੋਂ ਸੇ ਨੇਤਰ ਮਿਲਾਨੇ ਸੇ, ਮੇਰੇ ਨੇਤਰ ਡਰ ਕਰ ਨੀਵੇਂ ਹੋ ਜਾਵੇਂ, ਉਸ ਕੋ ਮੈਂ ਅਪਨਾ ਪਤੀ ਬਨਾਊਂਗੀ, ਜਾਤੀ ਕਾ ਕੁਛ ਭੀ ਵਿਚਾਰ ਨਾ ਕਰੂੰਗੀ। ਪਿਤਾ ਮਾਤਾ ਨੇ ਮੇਰੀ ਇਸ ਪ੍ਰਤਿਗਿਆ ਕੋ ਸ੍ਵੀਕਾਰ ਕਰ ਲੀਆ, ਔਰ ਸ੍ਵੰਬਰ ਰਚਾ ਪ੍ਰੰਤੂ ਜਿਸ ਕੇ ਸਾਥ

ਮੈਂ ਨੇਤਰ ਮਿਲਾਊਂ, ਮੇਰੇ ਨੇਤ੍ਰੋਂ ਸੇ ਡਰ ਕਰ ਉਸ ਕੇ ਨੇਤਰ ਨੀਚੇ ਹੋ ਜਾਏਂ, ਇਸ ਵਾਸਤੇ ਮੈਨੇ ਸ੍ਵੰਬਰ ਮੇਂ ਕਿਸੀ ਕੋ ਭੀ ਪਤੀ ਨ ਬਨਾਇਆ, ਫਿਰ ਮੈਂ ਪਤੀ ਕੀ ਖੋਜ ਮੇਂ ਮਾਤਾ ਪਿਤਾ ਕੋ ਸਾਥ ਲੇਕਰ ਤੀਰਥ ਯਾਤਰਾ ਕਰਨੇ ਲਗੀ, ਤੋ ਗੰਗਾ ਕੇ ਕਿਨਾਰੇ ਮੇਰੇ ਪਤੀ ਦੇਵ ਬ੍ਰਾਹਮਣ ਸਰੀਰ ਮੇਂ ਤਪਸਿਆ ਕਰ ਰਹੇ ਥੇ, ਜਬ ਇਨ ਕੇ ਬੜੇ ਤੇਜਵਾਨ ਨੇਤਰ ਮੈਨੇ ਦੇਖੇ ਤੋ ਮੇਰੇ ਨੇਤਰ ਡਰ ਗਏ, ਔਰ ਮੇਰੇ ਮਾਤਾ ਪਿਤਾ ਨੇ ਭੀ ਇਸ ਕੋ ਪਸੰਦ ਕਰ ਲੀਆ, ਫਿਰ ਹਮ ਸਭ ਨੇ ਮਿਲ ਕਰ ਉਸ ਬ੍ਰਾਹਮਣ ਕੋ ਸ਼ਾਦੀ ਕੇ ਲੀਏ ਕਹਾ, ਪ੍ਰੰਤੂ ਵਹੁ ਬ੍ਰਾਹਮਣ ਨਾ ਮਾਨਾ, ਤਬ ਮੈਨੇ ਪ੍ਰਤਗਜਾ ਕੀ ਕਿ ਮੈਂ ਭੀ ਆਪ ਕੋ ਹੀ ਪਤੀ ਬਨਾਊਂਗੀ, ਏਕ ਜਨਮ ਅਥਵਾ ਦੋ ਜਨਮ ਗੁਜਰ ਜਾਨੇ ਪਰ ਭੀ ਮੈਂ ਆਪ ਕੋ ਹੀ ਪਤੀ ਬਨਾਊਂਗੀ, ਐਸਾ ਕਹਿ ਕਰ ਥੋੜੀ ਦੂਰ ਗੰਗਾ ਕੇ ਤੀਰੇ ਮੇਂ ਭੀ ਤਪਸਜਾ ਕਰਨੇ ਲਗ ਪੜੀ, ਉਸ ਤਰ੍ਹਾਂ ਮੈਨੇ ਭੀ ਪ੍ਰਤਗਜਾ ਕਰੀ ਜਿਸਤਰ੍ਹਾਂ ਪਾਰਬਤੀ ਜੀ ਨੇ ਪ੍ਰਣ ਕੀਆ ਥਾ। ਪ੍ਰਮਾਣ-ਤੁਲਸੀ ਰਾਮਾਯਣ

**ਕੋਟਿ ਜਨਮ ਲੌ ਰਗੜ ਹਮਾਰੀ। ਵਰੂੰ ਸ਼ੰਭੂ ਨਹੀਂ ਰਹੂੰ ਕੰਵਾਰੀ।**

ਪਾਰਬਤੀ ਜੀ ਕਹਿਤੀ ਹੈ ਕਿ ਕ੍ਰੋੜੋਂ ਜਨਮ ਤਕ, ਯਹਿ ਹਮਾਰੀ ਰਗੜ ਯਾਨੀ ਪ੍ਰਤਗਜਾ ਹੈ, ਕਿ ਸ਼ਿਵਜੀ ਕੋ ਹੀ ਪਤੀ ਬਨਾਊਂਗੀ ਨਹੀਂ ਤੋ ਕੁਮਾਰੀ ਹੀ ਰਹੂੰਗੀ। ਤੈਸੇ ਹੀ ਮੈਂ ਭੀ ਆਪ ਸੇ ਸ਼ਾਦੀ ਕਰੂੰਗੀ, ਨਹੀਂ ਤੋ ਕਈ ਜਨਮ ਤਕ ਕੁਮਾਰੀ ਹੀ ਰਹੂੰਗੀ, ਆਖਰ ਉਸ ਬ੍ਰਾਹਮਣ ਨੇ ਨਾ ਹੀ ਮਾਨਾ ਤਬ ਮੈਂ ਤਪ ਮੇਂ ਇਸਥਿਤ ਹੋ ਗਈ, ਜਬ ਮੇਰੇ ਕੋ ਘੋਰ ਤਪਸਿਆ ਕਰਤੇ ਕੁਛ ਸਮਯ ਵਤੀਤ ਹੂਆ, ਔਰ ਇਸ ਬ੍ਰਾਹਮਣ ਕੋ ਭੀ ਅਨੇਕ ਰਿਸ਼ੀਓਂ ਮੁਨੀਓਂ ਨੇ ਔਰ ਮੇਰੇ ਪਿਤਾ ਰਾਜਾ ਨੇ ਬਹੁਤ ਸਮਝਾਇਆ, ਕਿ ਯਹ ਆਪ ਕਾ ਤੀਬਰ ਭੋਗ ਹੈ ਭੋਗਨਾ ਹੀ ਪੜੇਗਾ, ਬਿਨਾ ਭੋਗੇ ਨਿਵਿਰਤ ਨਹੀਂ ਹੋਗਾ। ਜੈਸੇ ਨਾਰਦ ਜੀ ਕੋ ਸੰਨਯਾਸ ਆਸ਼੍ਰਮ ਧਾਰਨੇ ਸਮੇਂ ਭਗਵਾਨ ਵਿਸ਼ਨੂੰ ਨੇ ਕਹਾ, ਕਿ ਤੁਮਾਰੀ ਪ੍ਰਾਰਬਧ ਮੇਂ ਗ੍ਰਹਸਥ ਆਸ਼੍ਰਮ ਕਾ ਲੇਖ ਹੈ। ਆਪ ਕੋ ਪਤੀ ਬਨਾਨੇ ਕੇ ਲੀਏ ਮਹਾਰਾਜਾ ਸ੍ਰਿੰਜਯ ਕੀ ਪੁਤ੍ਰੀ, ਸ੍ਵਰਨ ਗ੍ਰੀਵਾ ਨਾਮ ਵਾਲੀ ਤਪਸਜਾ ਕਰ ਰਹੀ ਹੈ, ਔਰ ਤਪਸਜਾ ਕਰਕੇ ਤੁਮ੍ਹਾਰੇ ਕੋ ਪਤੀ ਬਨਾਨੇ ਕਾ ਵਰ ਦਾਨ ਲੇ ਚੁਕੀ ਹੈ। ਔਰ ਵਿਧਾਤਾ ਕੇ ਲੇਖ ਉਲਟੇ ਨਹੀਂ ਹੋ ਸਕੇਂਗੇ, ਤਾਂਤੇ ਤੁਮ ਪਹਿਲੇ ਗ੍ਰਹਸਥ ਆਸ਼੍ਰਮ ਕਰੋ, ਪੀਛੇ ਜੋ ਇੱਛਾ ਹੈ ਸੋ ਕਰਨਾ। ਇਸ ਪ੍ਰਕਾਰ ਸੇ ਭਗਵਾਨ ਵਿਸ਼ਨੂੰ ਜੀ ਕੇ ਬਚਨ ਸੁਣ ਕਰ ਵ੍ਰਹ-ਪਰਬਤ ਰਿਸ਼ੀ ਕੋ ਸਾਥ ਲੇ ਕਰ ਤੁਰਤ ਮਹਾਰਾਜਾ ਸ੍ਰਿੰਜਯ ਕੇ ਰਾਜ ਭਵਨ ਮੇਂ ਗਏ, ਵਹਾਂ ਸ੍ਵਰਨ ਗ੍ਰੀਵਾ ਕੀ ਸੇਵਾ ਪਰ ਪ੍ਰਸੰਨ ਹੋ ਕਰ, ਅਰ ਸੁੰਦਰ ਸੁਭਾਵ ਦੇਖ ਕਰ ਸ੍ਵਰਣ ਗ੍ਰੀਵਾ ਕੇ ਸਾਥ ਸ਼ਾਦੀ ਕਰਤੇ ਭਏ ਭਾਵੀ ਨ ਟਲੀ। ਯਹ ਕਥਾ ਮਹਾਂ ਭਾਰਤ ਤਥਾ ਬ੍ਰਹਮਵਈ ਵਰਤ ਪੁਰਾਣ ਮੇਂ ਲਿਖੀ ਹੈ:-

**ਸਲੋਕ-ਨਾਰਾਯਣ: ਵਚ: ਸ੍ਰੁਤ੍ਵਾ ਹ੍ਰਿਦਯੇਨ ਵਿਦੂਯਤਾ, ਪ੍ਰਣਮਯ ਪ੍ਰਯਯਉ ਸ਼ੀਘ੍ਰ ਨਾਰਦ: ਸ੍ਰਿੰਜਪਾਲਯੰ ॥ ੧ ॥ ਨਾਰਦ: ਤੂ ਮੁਨਿ ਸ੍ਰੇਸ਼੍ਠੋ ਬਾਧਿਤ: ਪੂਰਵ ਕਰਮਣਾ, ਯਸਯ ਯਤ ਪ੍ਰਾਕਤਨੰ ਬਿਪ੍ਰ ਤਤ ਕੇਨ ਵਿਨਿਵਾਰਯਤੇ ॥ ੨ ॥**

[ਮਹਾਭਾਰਤ ਤਥਾ ਬ੍ਰਹਮ ਵੈਵਰਤ ਪੁਰਾਣ



ਅਰਥ-ਨਾਰਾਯਣ ਕੇ ਐਸੇ ਵਚਨ ਸੁਣ ਕਰ ਨਾਰਦ ਜੀ ਹਿਰਦੇ ਮੇਂ ਬੜੇ ਦੁਖੀ ਹੂਏ, ਔਰ ਸ਼ੀਘਰ ਹੀ ਕਰਮ ਫਲ ਭੋਗਨੇ ਕੇ ਨਮਿਤ ਰਾਜਾ ਸ੍ਰਿੰਜਯ ਕੇ ਘਰ ਗਏ ਔਰ ਸ੍ਵਰਣ ਗ੍ਰੀਵਾ ਕੇ ਸਾਥ ਸ਼ਾਦੀ ਕਰਤ ਭਏ। ਨਾਰਦ ਮੁਨਿਯੋਂ ਮੇਂ ਜੋ ਸ੍ਰੇਸ਼ਟ ਹੈਂ ਪੂਰਬ ਕਰਮੋਂ ਸੇ ਪੀੜਤ ਹੋਤਾ ਭਯਾ, ਜੋ ਜਿਸਕਾ ਪੂਰਬਲਾ ਤੀਖਰ ਕਰਮ ਹੋਤਾ ਹੈ ਸੋ ਹੇ ਬ੍ਰਾਹਮਣ ਵਹਿ ਕਿਸ ਨੇ ਹਟਾਯਾ ਹੈ? ਭਾਵ ਕਿਸੀ ਨੇ ਨਹੀਂ ਹਟਾਯਾ। ਤਾਂਤੇ ਭੋਗਨਾ ਹੀ ਪੜੇਗਾ ਇਸ ਪ੍ਰਕਾਰ ਮੇਰੇ ਪਿਤਾ ਭੀ ਕਹਿਣੇ ਲਗੇ ਕਿ ਹੇ ਤਪਸ੍ਵੀ ਬ੍ਰਾਹਮਣ ਏਕ ਬਾਰ ਮੇਰੀ ਕੰਨਯਾਂ ਸੇ ਆਪ ਸ਼ਾਦੀ ਕਰਲੋ ਫੇਰ ਜੈਸੇ ਇਛਾ ਹੋ ਵੈਸੇ ਕਰਨਾ। ਤਬ ਉਸ ਬ੍ਰਾਹਮਣ ਨੇ ਕਹਾ-ਅਛਾ ਮੈਂ ਸਾਦੀ ਤੋ ਕਰ ਲੂੰਗਾਂ ਪ੍ਰੰਤੂ ਮੈਂ ਸੰਬੰਧ ਨਹੀਂ ਕਰੂੰਗਾ। ਮੈਨੇ ਕਹਾ ਅਛਾ ਹਮ ਇਸ ਮੇਂ ਭੀ ਪ੍ਰਸੰਨ ਹੈਂ। ਏਕ ਬਾਰ ਮੈਂ ਆਪ ਕੋ ਪਤੀ ਜ਼ਰੂਰ ਬਨਾਊਂਗੀ। ਸੋ ਉਸ ਬ੍ਰਾਹਮਣ ਨੇ ਔਰ ਮੈਂਨੇ ਆਪਣੇ ਆਪਣੇ ਸਰੀਰ ਕੋ ਛੋਡ ਕਰ, ਇਸ ਸਰੀਰ ਮੇਂ ਆ ਕਰ ਸ਼ਾਦੀ ਕੀ, ਪ੍ਰਤਗਜਾਨੁਸਾਰ ਸੰਬੰਧ ਤੋ ਹੋਣਾ ਹੀ ਨਹੀਂ ਥਾ, ਪ੍ਰੰਤੂ ਹਮ ਦੋਨੋਂ ਕੇ ਬਚਨ ਪੂਰੇ ਹੋ ਗਏ। ਔਰ ਹਮਾਰੇ ਸਸ ਸਹੁਰੇ ਭੀ ਗੁਰਮੁਖ ਹੈਂ, ਕਿਉਂਕਿ ਭਾਵੀ ਅਮੇਟ. ਸਮਝ ਕਰ ਦੁਖ ਸੁਖ ਮੇਂ ਸਮ ਰਹਿਤੇ ਹੈਂ।

**ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥**
**ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥ ੧ ॥**

[ਸੋਰਠਿ ਮ: ੧ ਸਫਾ ੫੯੮

ਸੋ ਸੁਖ ਦੁਖ ਕਰਮੋਂ ਕੇ ਅਧੀਨ ਜਾਣ ਕਰ ਚਿਤ ਕੋ ਸਮ ਰਖਣਾ ਚਾਹੀਏ, ਹਰਖ ਸੋਗ ਨ ਕਰਨਾ ਚਾਹੀਏ। ਇਤਨੇ ਮੇਂ ਸਾਯੰਕਾਲ ਹੋ ਗਿਆ, ਕਥਾ ਸਮਾਪਤ ਹੂਈ। ਸਭ ਪ੍ਰੇਮੀ ਨਮਸਕਾਰ ਕਰਕੇ ਆਪਣੇ ਆਪਣੇ ਘਰੋਂ ਕੋ ਚਲੇ ਗਏ। ਅਗਲੇ ਦਿਨ ਫਿਰ ਉਸ ਜਗਹ ਸੰਗਤ ਇਕੱਠੀ ਹੂਈ ਔਰ ਸਰਬ ਕੋ ਸੰਤੋਂ ਕੇ ਦਰਸਨ ਕਾ ਅਰ ਬਚਨ ਸੁਨਨੇ ਕਾ ਉਤਸ਼ਾਹ ਹੋ ਰਹਾ ਥਾ, ਇਤਨੇ ਮੇਂ ਸੰਤ ਮੰਡਲੀ ਭੀ ਆ ਗਈ। ਸਭ ਨੇ ਉਠ ਕੇ ਨਮਸਕਾਰ ਕਰੀ ਅਰ ਪ੍ਰੇਮ ਸੇ ਬੈਠਾਯਾ, ਪੂਰਬ ਕੀ ਨਯਾਈਂ ਸ੍ਰੀ ੧੦੮ ਨਾਰਾਯਣ ਹਰੀ ਜੀ ਕੋ ਸਭ ਨੇ ਪ੍ਰਾਰਥਨਾ ਕਰੀ ਕਿ ਸੁਖ ਦੁਖ ਮੇਂ ਸਮ ਰਹਿਣੇ ਮੇਂ ਕੋਈ ਹੋਰ ਭੀ ਯੁਕਤੀ ਹੋਵੇ ਤੋ ਸ੍ਰਵਣ ਕਰਾਓ। ਤਬ ਸ੍ਰੀ ਨਾਰਾਯਣ ਹਰੀ ਜੀ ਕਹਿਣੇ ਲਗੇ ਸਾਤਵੀਂ ਯੁਕਤੀ ਕਾਲ ਅਧੀਨਤ੍ਵ ਹੈ। ਯਾਨੇ ਸਭ ਪਦਾਰਥ ਆਗਮਾ ਪਾਈ ਹੈਂ ਯਾਨੇ ਉਤਪਤੀ ਨਾਸ਼ ਵਾਲੇ ਹੈਂ। ਕਿਸੀ ਕਾਲ ਮੇਂ ਪੈਦਾ ਹੋਤੇ ਹੈਂ ਕਿਸੀ ਕਾਲ ਮੇਂ ਨਸ਼ਟ ਹੋ ਜਾਤੇ ਹੈਂ:-

**ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥**
**ਕਾਲ ਪਾਇ ਕਰ ਬਿਸਨ ਪ੍ਰਕਾਸਾ॥ਸਕਲ ਕਾਲ ਕਾ ਕੀਆ ਤਮਾਸਾ ॥...**

ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭਮਾਨਯੋ ॥
ਕਾਲ ਹੀ ਪਾਇ ਸਦਾ ਸਿਵਜੂ ਸਭ ਦੇਸ ਬਦੇਸ ਭਯਾ ਹਮ ਜਾਨਯੋ ॥
ਕਾਲ ਹੀ ਪਾਇ ਭਇਓ ਮਿਟਗਯੋਜਗਜਾਹੀ ਤੇ ਤਾਹੀ ਸਭੈ ਪਹਿਚਾਨਯੋ ॥
ਬੇਦ ਕਤੇਬ ਔ ਭੇਦ ਸਭੈ ਤਜ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ ॥
ਜਾਲ ਬਧੇ ਸਭ ਹੀ ਮ੍ਰਿਤੁ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ॥
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿੱਖ ਉਪਾਇ ਮਿਟਾਏ ॥
ਅੰਤ ਮਰੇ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥
ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹਿ ਨ ਪਾਇਨ ਧਾਏ ॥

[ਸ੍ਵਈਏ ਸ੍ਰੀ ਮੁਖਵਾਕ ਪਾਤਸਾਹੀ ੧੦

ਤਥਾ—ਅਨਜ ਕਵੀਂਓਂ ਨੇ ਭੀ ਲਿਖਾ ਹੈ:-

ਬੇਣੂ ਮਾਨਧਾਤਾ ਪ੍ਰਿਥੂ ਪਾਲਕਦਲੀਪ ਦਖਛ ਸਗਲੇ ਸਗਰ ਕੇ ਧਰਾਹੀ ਬੀਚ ਬੀਚ ਆ ਗਏ ॥ ੧ ॥ ਪ੍ਰਿਯ ਬ੍ਰਿਤ ਪਰੀਖਜਤ ਔ ਕਰਣ ਘੋਖ ਵਿਕ੍ਰਮ ਸੇ ਅਨਿਕ ਸੋ ਨਗਨ ਆਏ ਨਗਨ ਹੂੰ ਸਮਾਇ ਗਏ । ਹਰੀਸ਼ ਚੰਦ੍ਰ ਭਗੀਰਥ, ਰਾਵਣ, ਯਯਾਤੀ, ਰਘੂ, ਕੰਸ ਔ ਦੁਰਯੋਧਨ ਕੋ ਕਾਲ ਹੂੰ ਖਪਾਇ ਗਏ। ਸਮਾ ਰਹਿਯੋ ਥਿਰ ਨ ਰਹੇ ਭੀਮ ਭੀਸ਼ਮ ਸੇ ਬਾਲੀ ਔਰ ਬਲੀ ਸੇ ਵਿਰੋਲੇ ਜਿਉਂ ਉਡਾਇ ਗਏ ॥ ੧ ॥ ਐਸੇ ਭਏ ਰਾਜਾ ਤੀਨ ਲੋਕ ਮੇਂ ਨਗਾਰਾ ਬਾਜਾ ਜਾਂਕੇ ਰਥ ਪਹੀਅਨ ਸੋ ਸਾਤੋਂ ਸਿੰਧੂ ਖਾਟੇ ਹੈਂ। ਅਰਬ ਖਰਬ ਦਰਬ ਜਾਕਾ ਕੋਟ ਬਰਸ ਆਰਜਾ ਸੀ ਏਕ ਬਾਣ ਲੀਏ ਹਾਥ ਬੈਰੀ ਸਭ ਡਾਟੇ ਹੈਂ। ਵੋਹ ਭੀ ਮਰ ਗਏ ਵਾਕਾਂ ਨਾਮ ਹੂੰ ਨ ਲੇਤ ਕੋਊ ਕਹੂੰ ਕਹੂੰ ਸਿੰਮ੍ਰਤੀ ਅਰ ਪੁਰਾਨਨ ਮੇਂ ਆਤੇ ਹੈਂ ॥ ਜੋ ਤੂੰ ਕਹੇਂ ਮੇਰੀ ਮੇਰੀ ਤੇਰੀ ਭੀ ਨ ਭਈ ਸਹੀ ਤੇਰੇ ਜੈਸੇ ਕੰਗਲੇ ਹਜ਼ਾਰੋਂ ਕਾਲ ਕਾਟੇ ਹੈਂ ॥ ੨ ॥ ਬਣੇ ਰਹੇ ਬਟਣੇ ਬਨਾਏ ਰਹੇ ਜੇਵਰ ਸਭ ਅਤਰਨ ਫੁਲੇਲਨ ਕੀ ਸ਼ੀਸ਼ੀ ਸਭ ਭਰੀ ਰਹੀ ॥ ਤਨੀ ਰਹੀ ਚਾਨਣੀ ਸੁਹਾਏ ਰਹੇ ਸੇਜ ਫੂਲ ਮਖਮਲ ਕੇ ਤਕੀਅਨ ਕੀ ਪੰਗਤੀ ਧਰੀ ਰਹੀ ॥ ਆਯੋ ਜਬ ਕਾਲ ਤਬ ਚਲਤ ਭਯੋ ਨਗਨ ਪਾਹਿੰ ਨਾਹ ਨਾਹ ਕਰਤ ਪਾਸ



ਸੁੰਦਰੀ ਖੜੀ ਰਹੀ ॥ ਧੂਰ ਮੇਂ ਮਿਲਾਇ ਗਯੋ ਚੂਰ ਹੋਇ ਮਸਾਣ ਖੇਤ ਖੇਲ ਗਯੋ ਖੇਲ, ਖਾਲੀ ਖੋਪਰੀ ਪੜੀ ਰਹੀ ॥ ੩ ॥

ਕਾਹੇ ਗਰਬ ਕਰੇ ਨਰ ਮੂਰਖ ਯਹਿ ਸਭ ਦੁਨੀਆਂ ਫਾਨੀ ਹੈ ॥ ਬਿਨਸ ਜਾਇ ਸੁਪਨੇ ਕੀ ਮਾਯਾ ਜਿਮ ਅੰਜੁਲੀ ਕਾ ਪਾਨੀ ॥ ਬ੍ਰਹਮਾ ਰੁਦ੍ਰ ਭੀ ਜਲ ਜਾਵੇਂਗੇ ਕਿਆ ਤੇਰੀ ਜਿੰਦਗਾਨੀ ਹੈ ॥ ਪਲ ਮੇਂ ਨਾਸ਼ ਹੋਵੇ ਯਹਿ ਕਾਇਆ ਬਿਅਰਥ ਬਨਾ ਅਭਿਮਾਨੀ ਹੈ ॥ ੧ ॥ ਕਹਾਂ ਗਏ ਵੋ ਹਿਰਣ ਕੱਸ਼ਪ ਜੋ ਦਈਤ ਬੀਰ ਬਲਵਾਨ ਬੜੇ ॥ ਸਗਲ ਜਗਤ ਕੇ ਰਾਜੇ ਜੀਤ ਕਰ ਮਨ ਮੇਂ ਬਹੁ ਅਭਿਮਾਨ ਭਰੇ ॥ ਕਹਾਂ ਗਏ ਵੋਹ ਬਲੀ ਰਾਜਾ ਜਿਨ ਰਣ ਮੇਂ ਇੰਦ੍ਰ ਹਰਾਯਾ ਥਾ ॥ ਸੁਰਗ ਲੋਕ ਪਾਤਾਲ ਜਿਮੀ ਪਰ ਅਪਨਾ ਰਾਜ ਚਲਾਯਾ ਥਾ ॥ ਕਹਾਂ ਗਏ ਵੋਹ ਦਸ ਸਿਰ ਰਾਵਣ ਤੀਨ ਲੋਕ ਵਸ ਕੀਨੇ ਥੇ ॥ ਕਠਨ ਤਪਸਯਾ ਕਰਕੇ ਜਿਸਨੇ ਸ਼ੰਕਰ ਸੇ ਵਰ ਲੀਨੇ ਥੇ ॥ ਮਾਲ ਖਜਾਨੇ ਸੈਨਾ ਭਾਰੀ ਸੁੰਦਰ ਮਹਿਲ ਨਗੀਨੇ ਥੇ ॥ ਇੰਦ੍ਰ ਕੁਬੇਰ ਵਰਣ ਯਮ ਰਾਜਾ ਜਿਨ ਕੇ ਸਭ ਅਧੀਨੇ ਥੇ ॥

ਇਸ ਪ੍ਰਕਾਰ ਕੇ ਬਚਨ ਰਾਜਾ ਜਨਕ ਨੇ ਭੀ ਕਹੇ:-

ਸਲੋਕ ॥ ਅਦਯ ਜੇ ਮਹਤਾਂ ਮੂਰਧਨੀ ਤੇ ਦਿਨੈਰ ਨਿਪਤੰਤੀ ਅਧ: ॥ ਹੰਤ ਚਿਤ ਮਹਤਾਯਾ ਕਾ ਏਸ਼ਾ ਵਿਸ਼੍ਰਸਤਤਾ ਤਵ ॥ ੧ ॥ ਕ੍ਵ ਧਨਾਨਿ ਮਹੀਪਾਨਾਂ ਬ੍ਰਹਮਣ: ਕ੍ਵ ਜਗੰਤੀ ਵਾ ॥ ਪ੍ਰਾਕਤਨਾਨੀ ਪ੍ਰਯਾਤਾਨੀ ਕੇਯਮ ਵਿਸ੍ਰਸਤਤਾ ਤਵ ॥ ੨ ॥ ਕੋਟਯੋ ਬ੍ਰਹਮਣੋ ਯਾਤਾ ਗਤਾ: ਸਰਗ ਪਰੰਪਰਾ: ॥ ਪਰਯਾਤਾ ਪਸੂਵਤ ਭੂਪਾ ਕਾ ਧ੍ਰਿਤਿ: ਮਮ ਜੀਵਨੇ ॥ ੩ ॥ ਯੇਸ਼ਾਂ ਨਿਮੇਸ਼ ਉਨਮੇਸ਼ਊ ਜਗਤਾਂ ਪ੍ਰਲਯੋਦਯਊ ॥ ਤਾਦ੍ਰਸ਼ਾ ਪੁਰਸ਼ਾ ਨਸ਼੍ਰਾ ਮਾਦ੍ਰਿਸ਼ਾਂ ਗਣਨਾ ਏਵਕਾ ॥ ੪ ॥

[ਯੋਗ ਵਾਸਿਸਟ ਉਪਸ਼ਮ ਪ੍ਰਕਰਣ ਸਰਗ ੬

ਅਰਥ—ਆਜ ਜੋ ਬੜਿਓਂ ਕੇ ਸ਼੍ਰੋਮਣੀ ਕਹਾਤੇ ਹੈਂ ਥੋੜੇ ਦਿਨੋਂ ਮੇਂ ਹੀ ਨੀਚੇ ਗਿਰ ਜਾਤੇ ਹੈਂ ਅਰੇ ਚਿੱਤ ਤੇਰੀ ਮਹੱਤਤਾ ਕਾ ਕਿਆ ਵਿਸ੍ਵਾਸ ਹੈ ? ॥ ੧ ॥ ਪੂਰਬਲੇ ਰਾਜਾਓਂ ਕੇ ਧਨ ਆਜ ਕਹਾਂ ਹੈਂ ? ਔਰ ਬ੍ਰਹਮਾਦਿਕ ਜੋ ਜਗਤ ਕੇ ਰਚਨੇ ਵਾਲੇ ਥੇ ਵੋ ਕਹਾਂ ਹੈਂ ! ਜਬ ਪੂਰਬਲੇ ਬੜੇ ਬੜੇ ਸਭ ਨਸ਼ਟ ਹੋ ਗਏ ਤੋ ਤੁਮਾਰੇ ਥਿਰ ਰਹਿਣੇ ਕਾ ਕਿਆ ਵਿਸ਼ਵਾਸ਼ ਹੈ ? ॥ ੨ ॥ ਕਰੋੜੋਂ ਬ੍ਰਹਮਾ ਚਲੇ ਗਏ ਔਰ ਸ੍ਰਿਸਟੀਆ ਕਿਤਨੀਆ

ਹੀ ਨਸਟ ਹੋ ਚੁਕੀਆਂ ਹਨ ਮਿਟੀ ਕੇ ਕਿਣਕੇ ਕੀ ਨਿਆਈਂ ਅਸੰਖਿਆਤ ਹੀ ਰਾਜਾ ਮਰ ਗਏ ਤੋ ਮੇਰੇ ਜੀਵਣੇ ਕਾ ਕਿਆ ਵਿਸ੍ਵਾਸ ਹੈ ॥ ੩ ॥ ਜਿਨੋਂ ਕੇ ਨੇਤ੍ਰ ਖੋਹਲਨੇ ਸੇ ਜਗਤ ਕੀ ਪੈਦਾਇਸ਼ ਔਰ ਬੰਦ ਕਰਨੇ ਸੇ ਜਗਤ ਕੀ ਪ੍ਰਲਯ ਹੋਤੀ ਥੀ ਐਸੇ ਪੁਰਸ ਜਬ ਨਸ਼ਟ ਹੋ ਗਏ ਤਬ ਹਮ ਲੋਕੋਂ ਕੀ ਗਿਣਤੀ ਹੀ ਕਿਆ ਹੈ। ਇਸ ਪ੍ਰਕਾਰ ਰਾਜਾ ਜਨਕ ਸਭ ਪਦਾਰਥੋਂ ਕੋ ਆਗਮਾ ਪਾਈ ਯਾਨੇ ਉਤਪਤੀ ਨਾਸ਼ ਵਾਲੇ ਨਿਸ਼ਚੇ ਕਰ ਆਪਨੇ ਮਨ ਕੋ ਸ਼ਾਂਤ ਕਰਤਾ ਭਇਆ ਅਰ ਸਭ ਲੋਕ ਉਸ ਕੋ ਵਿਦੇਹ ਜਨਕ ਕਹਿਣੇ ਲਗੇ। ਇਸ ਪ੍ਰਕਾਰ ਕੀ ਇਕ ਨਿਰਮੋਹੀ ਰਾਜਾ ਕੀ ਸਾਸਤ੍ਰ ਮੇਂ ਕਥਾ ਪ੍ਰਸਿਧ ਹੈ। ਕਥਾ ਯਹ ਹੈ ਕਿ ਵਿਸ੍ਵਾ ਵਸੂ ਗੰਧ੍ਰਬ ਕੀ ਮਦਾਲਸਾ ਨਾਮ ਕੰਨਿਆਂ ਬੜੀ ਖੂਬਸੂਰਤ ਥੀ ਉਸ ਪਰ ਮੋਹਤ ਹੋ ਕਰ ਪਤਾਲ ਕੇਤੂ ਰਾਖਸ਼ ਉਠਾ ਕਰ ਏਕ ਗੁਫਾ ਮੇਂ ਲੇ ਗਿਆ ਪ੍ਰੰਤੂ ਮਦਾਲਸਾ ਨੇ ਆਪਣਾ ਸਤ ਕਾਇਮ ਰਖਾ। ਜਬ ਗਾਲਬ ਮੁਨੀ ਯਗ ਕਰਨੇ ਲਗਾ ਤਬ ਪਤਾਲ ਕੇਤੂ ਯਗ ਮੇਂ ਹੱਡੀਉਂ ਕੀ ਬਰਸਾਤ ਕਰਤਾ ਥਾ ਯਗ ਨਹੀਂ ਕਰਨੇ ਦੇਤਾ ਥਾ ਗਾਲਬ ਮੁਨੀ ਕਾਸ਼ੀ ਰਾਜਾ ਸ਼ਤ੍ਰ ਜਿਤ ਕੇ ਪਾਸ ਆ ਕਰ ਉਸ ਕਾ ਪੁਤ੍ਰ ਰਿਤੂ ਧੁਜ ਨਾਮ ਵਾਲਾ ਯਗ ਕੀ ਰਖ੍ਯਾ ਵਾਁਸਤੇ ਮਾਂਗਨੇ ਲਗਾ ਜੈਸੇ ਵਿਸ੍ਵਾਮਿਤ੍ਰ ਰਿਸ਼ੀ ਮਹਾਰਾਜ ਦਸਰਥ ਸੇ ਸ੍ਰੀ ਰਾਮ ਚੰਦਰ ਕੋ ਯਗ ਰਖ੍ਯਾ ਅਰਥ ਮਾਂਗਨੇ ਆਇਆ ਥਾ ਰਾਜਾ ਸ਼ਤ੍ਰ ਜਿਤ ਨੇ ਗਾਲਬ ਮੁਨੀ ਕੇ ਬਹੁਤ ਮਾਂਗਨੇ ਪਰ ਆਪਣੇ ਪੁਤ੍ਰ ਰਿਤੂ ਧੁਜ ਕੋ ਭੇਜ ਦੀਆਁ ਤਬ ਗਾਲਬ ਮੁਨੀ ਨੇ ਦੇਵਤਾਉਂ ਦਵਾਰਾ ਮਿਲਾ ਹੂਆ ਕੋਲਾਸ਼ ਨਾਮ ਵਾਲਾ ਘੋੜਾ ਔਰ ਸ਼ਸਤ੍ਰ ਪਾਤਾਲ ਕੇਤੂ ਰਾਖਸ਼ ਕੇ ਜਯ ਵਾਸਤੇ ਦੀਏ। ਰਿਤੂ ਧੁਜ ਭੀ ਘੋੜੇ ਪਰ ਸਵਾਰ ਹੋਕਰ ਪਤਾਲ ਕੇਤੂ ਕੀ ਗੁਫਾ ਮੇਂ ਗਿਆ ਅਰ ਪਤਾਲ ਕੇਤੂ ਰਾਖਸ਼ ਕੋ ਯੁਧ ਮੇਂ ਮਾਰ ਲੀਆ ਮਦਾਲਸਾ ਭੀ ਰਿਤੂ ਧੁਜ ਦਾ ਨਾਮ ਸੁਣ ਚੁਕੀ ਸੀ ਅਰ ਮਨੋ ਮਨ ਉਸ ਕੋ ਪਤੀ ਬਨਾ ਚੁਕੀ ਸੀ ਇਸ ਵਾਸਤੇ ਰਾਜਾ ਮਦਾਲਸਾ ਕੋ ਵਹਾਂ ਸੇ ਸ਼ਾਦੀ ਕਰ ਘਰ ਲੇ ਆਇਆ ਪ੍ਰੰਤੂ ਮਦਾਲਸਾ ਨੇ ਰਿਤੂ ਧੁਜ ਰਾਜਾ ਕੋ ਕਹਾ ਸੰਤਾਨ ਮੇਰੇ ਅਧੀਨ ਰਹੇਗੀ ਕਿਉਂਕਿ ਮੈਂ ਪ੍ਰਤਗਯਾ ਕਰ ਚੁਕੀ ਹੂੰ ਜੋ ਮੇਰੇ ਗਰਭ ਸੇ ਬਾਲਕ ਪੈਦਾ ਹੋਗਾ ਉਸ ਕੋ ਮੈਂ ਬ੍ਰਹਮ ਗਿਆਨੀ ਬਨਾਊਂਗੀ। ਰਾਜਾ ਨੇ ਉਸ ਕਾ ਬਚਨ ਮਾਨ ਲੀਆ ਅਰ ਉਸ ਕੋ ਘਰ ਲੇ ਆਇਆ ਉਸ ਸੇ ਜਬ ਛੇ ਪੁਤ੍ਰ ਪੈਦਾ ਹੂਏ ਤਬ ਰਾਣੀ ਨੇ ਲੋਰੀ ਦੇ ਕਰ ਉਨ ਛੇਓਂ ਕੋ ਹੀ ਬਨ ਮੇਂ ਭੇਜ ਦੀਆ ਜਬ ਸਾਤਵਾਂ ਪੁਤ੍ਰ ਅਲਰਕ ਨਾਮ ਵਾਲਾ ਪੈਦਾ ਹੂਆ ਤਬ ਰਾਜਾ ਨੇ ਰਾਣੀ ਕੋ ਕਹਾ ਇਸ ਕੋ ਰਾਜ ਕਰਨੇ ਵਾਸਤੇ ਘਰ ਮੇਂ ਰਹਿਣੇ ਦੇਹ। ਤਬ ਰਾਣੀ ਪੁਤ ਕੋ ਬਾਲਕ ਅਵਸਥਾ ਤਕ ਲੋਰੀ ਦੇਤੀ ਭਈ ਫੇਰ ਲੋਰੀ ਲਿਖ ਕਰ ਸੋਨੇ ਮੇਂ ਮੜ੍ਹਾ ਕਰ ਉਸ ਕੇ ਗਲੇ ਮੇਂ ਪਵਾਤੀ ਭਈ। ਲੋਰੀ ਯਹ ਸੀ। ਸ਼ਲੋਕ:-

**ਸ਼ੁੱਧੋ ਸੀ ਬੁੱਧੋ ਸੀ, ਨਿਰੰਜਨੋਸੀ ਸੰਸਾਰ ਮਾਯਾ ਪਰੀਵਰਜਤੋਸੀ॥**
**ਸੰਸਾਰ ਸੁਪਨਾ ਤਜਜ ਮੋਹ ਨਿਦ੍ਰਾਂ ਮਦਾਲਸਾ ਵਾਕਯੰ ਉਵਾਚ ਪੁਤ੍ਰੰ॥**

ਅਰਥ-ਤੂੰ ਸੁੱਧ ਸਰੂਪ ਹੈਂ, ਗਯਾਨ ਸਰੂਪ ਹੈਂ, ਮਾਯਾ ਰਹਿਤ ਹੈਂ ਸੰਸਾਰਕ



ਮਾਯਕ ਮੋਹ ਸੇ ਰਹਿਤ ਹੈਂ, ਸੰਸਾਰ ਸੁਪਨੇ ਕੀ ਨਯਾਈਂ ਝੂਠਾ ਹੈ, ਮੋਹ ਰੂਪੀ ਨਿੰਦ੍ਰਾ ਕੋ ਛੋੜ ਦੇਹ ਇਸ ਪ੍ਰਕਾਰ ਕੇ ਵਾਕਯ ਮਦਾਲਸਾ ਆਪਣੇ ਪੁਤ੍ਰ ਕੋ ਕਹਿਤੀ ਭਈ। ਉਸਕਾ ਸਾਤਵਾਂ ਪੁਤ੍ਰ ਆਪਨੇ ਛੇ ਭਾਈਉਂ ਕੇ ਉਪਦੇਸ਼ ਸੇ ਗਯਾਨਵਾਨ ਹੋਕਰ ਨਿਰਮੋਹ ਰਾਜਾ ਕਹਿਲਾਤਾ ਭਯਾ ਆਪਣੇ ਸਰਬ ਪਰਵਾਰ ਕੋ ਉਪਦੇਸ਼ ਦੇ ਕੇ ਨਿਰਮੋਹ ਕਰ ਦੀਆ ਥਾ। ਏਕ ਦਿਨ ਉਸ ਅਲਰਕ ਰਾਜਾ ਕਾ ਲੜਕਾ ਸ਼ਿਕਾਰ ਖੇਲਤਾ ਹੂਆ ਏਕ ਤਪਸ੍ਵੀ ਕੇ ਅਸਥਾਨ ਮੇਂ ਪਾਣੀ ਪੀਣੇ ਆਯਾ, ਤਪਸ੍ਵੀ ਨੇ ਪੂਛਾ ਤੂੰ ਕਿਸ ਕਾ ਪੁਤ੍ਰ ਹੈਂ ? ਉਸ ਨੇ ਕਹਾ ਮੈਂ ਨਿਰਮੋਹੀ ਰਾਜਾ ਕਾ ਪੁਤ੍ਰ ਹੂੰ। ਰਿਸ਼ੀ ਨੇ ਕਹਾ ਨਾਲੇ ਰਾਜਾ ਨਾਲੇ ਨਿਰਮੋਹੀ ! ਯਹ ਬਾਤ ਨਹੀਂ ਬਨਤੀ। ਰਾਜਕੁਮਾਰ ਨੇ ਕਹਾ ਬੇਸ਼ਕ ਪ੍ਰੀਖ੍ਯਾ ਕਰ ਲੋ। ਰਿਸ਼ੀ ਨੇ ਕਹਾ ਅਛਾ ਮੇਰੇ ਆਨੇ ਤਕ ਤੁਮ ਯਹਾਂ ਠਹਿਰੋ ਮੈਂ ਤੁਮ੍ਹਾਰੇ ਸਭ ਸਬੰਧੀਓ ਕੀ ਪ੍ਰੀਖ੍ਯਾ ਕਰ ਆਤਾ ਹੂੰ, ਐਸਾ ਕਹਿ ਕਰ ਰਿਸ਼ੀ ਰਾਜ ਮਹਿਲੋਂ ਮੇਂ ਆਯਾ ਪਹਿਲੇ ਰਾਜ ਕੁਮਾਰ ਕੀ ਦਾਸੀ ਯਾਨੇ ਚੇਰੀ ਮਿਲੀ। ਤਬ ਤਪਸ੍ਵੀ ਚੇਰੀ ਕੋ ਕਹਿਨੇ ਲਗਾ:-

**ਦੋਹਾ-ਤੂੰ ਸੁਣ ਚੇਰੀ ਸਿਯਾਮ ਕੀ ਬਾਤ ਸੁਨਾਊਂ ਤੋਹਿ॥**
**ਕੰਵਰ ਬਿਨਾਸਯੋ ਸਿੰਘ ਨੇ ਆਸਨ ਪਰਯੋ ਮੋਹਿ॥**

ਉਤਰ ਚੇਰੀ ਕਾ-

**ਦੋਹਾ-ਨਾ ਮੈ ਚੇਰੀ ਸ਼ਿਯਾਮ ਕੀ ਨਾ ਕੋ ਮੇਰਾ ਸ਼ਿਯਾਮ॥**
**ਪ੍ਰਾਰਬਧ ਵਸ਼ ਮੇਲ ਯਹ ਸੁਨੋ ਰਿਸ਼ੀ ਅਭਿਰਾਮ॥**

ਜਬ ਰਿਸ਼ੀ ਨੇ ਦੇਖਾ ਕਿ ਦਾਸੀ ਕੋ ਤੋ ਕੋਈ ਮੋਹ ਹੂਆ ਹੀ ਨਹੀਂ ਤਬ ਰਾਜਕੁਮਾਰ ਕੀ ਇਸਤ੍ਰੀ ਪਾਸ ਆ ਕਰ ਕਹਿਨੇ ਲਗਾ:-

**ਦੋਹਾ-ਤੂੰ ਸੁਨ ਚਾਤੁਰ ਸੁੰਦਰੀ ਅਬਲਾ ਯੋਵਨ ਵਾਨ॥**
**ਦੇਵੀ ਵਾਹਨ ਦਲ ਮਲਯੋ ਤੁਮਰੋ ਸ੍ਰੀ ਭਗਵਾਨ॥**

ਤਬ ਰਾਜਕੁਮਾਰ ਕੀ ਇਸਤ੍ਰੀ ਉਤਰ ਕਹਿਨੇ ਲਗੀ:-

**ਦੋਹਾ-ਤਪਿਆ ਪੂਰਬ ਜਨਮ ਕੀ ਕਿਆ ਜਾਨਤ ਹੈ ਲੋਗ॥**
**ਮਿਲੈ ਕਰਮ ਵਸ਼ ਆਨਹਮ ਅਬ ਵਿਧਿ ਕੀਨ ਵਿਯੋਗ॥**

ਰਿਸ਼ੀ ਨੇ ਦੇਖਾ ਇਸ ਨੇ ਭੀ ਮੋਹ ਨਹੀਂ ਕੀਆ ਚਲੋ ਰਾਜਕੁਮਾਰ ਕੀ ਮਾਤਾ ਪਾਸ ਚਲੀਏ। ਤਬ ਰਿਸ਼ੀ ਰਾਣੀ ਪਾਸ ਆ ਕਰ ਕਹਿਣੇ ਲਗਾ:-

**ਦੋਹਾ-ਰਾਣੀ ਤੁਮ ਕੋ ਵਿਪਤ ਅਤਿ ਸੁਤ ਖਾਯੋ ਮ੍ਰਿਗ ਰਾਜ॥**
**ਹਮਨੇ ਭੋਜਨ ਨਾ ਕੀਓ ਤਿਸ ਮ੍ਰਿਤਕ ਕੇ ਕਾਜ॥**

ਜਵਾਬ ਮਾਤਾ ਕਾ:-

**ਦੋਹਾ—ਏਕ ਬਿਰਖ ਡਾਲੇ ਘਨੇ ਪੰਖੀ ਬੈਠੇ ਆਇ।**
**ਪਹੁ ਫਾਟੀ ਪੀਅਰੀ ਭਈ ਉਡ ਉਡ ਚਹੂੰ ਦਿਸ ਜਾਇ।**

ਤਬ ਰਿਸ਼ੀ ਨੇ ਦੇਖਾ ਅੱਛਾ ਰਾਜਾ ਕੋ ਮੋਹ ਹੋਗਾ ਕਿਉਂਕਿ ਉਸ ਕਾ ਏਕ ਹੀ ਪੁਤ੍ਰ ਹੈ ਤਬ ਰਿਸ਼ੀ ਨੇ ਰਾਜਾ ਕੇ ਪਾਸ ਆ ਕਰ ਕਹਾ:-

**ਦੋਹਾ--ਰਾਜਾ ਮੁਖ ਤੇ ਰਾਮ ਕਹੁ ਪਲ ਪਲ ਘੜੀ ਘੜੀ ॥**
**ਸੁਤ ਖਾਯੋ ਮ੍ਰਿਗ ਰਾਜ ਨੇ ਮੇਰੇ ਪਾਸ ਮੜ੍ਹੀ ॥**

ਜਵਾਬ ਰਾਜੇ ਕਾ :-

**ਦੋਹਾ—ਤਪੀਆ ਤਪ ਕਿਉਂ ਛੋਡਯੋ ਈਹਾਂ ਤਨਕ ਨਹੀਂ ਸੋਗ ॥**
**ਵਾਸਾ ਜਗਤ ਸਰਾਇ ਕਾ ਸਭੀ ਮੁਸਾਫ਼ਿਰ ਲੋਗ ॥**

ਰਿਸ਼ੀ ਸਭ ਸਬੰਧੀਓਂ ਕੋ ਨਿਰਮੋਹ ਦੇਖ ਕਰ ਬੜਾ ਖੁਸ਼ ਹੂਆ, ਅਰ ਕਹਿਣੇ ਲਗਾ ਕਿ ਈਸ੍ਵਰ ਕੀ ਇਨ ਪਰ ਕ੍ਰਿਪਾ ਹੈ। ਤਬ ਰਿਸ਼ੀ ਨੇ ਏਕ ਦੋਹਾ ਕਹਾ:-

**ਦੋਹਾ—ਕਿਆ ਰਾਜਾ ਕਿਆ ਰੰਕ ਹੈ ਕੌਣ ਤਪੀ ਸੰਨਿਆਸ।**
**ਜਾਂ ਪਰ ਪ੍ਰਭੁ ਕ੍ਰਿਪਾ ਕਰੇ ਤਾਂਕੇ ਰਿਦੇ ਪ੍ਰਗਾਸ।**

ਇਸ ਪ੍ਰਕਾਰ ਤਪਸ੍ਵੀ ਪ੍ਰਸੰਨ ਹੋ ਕਰ ਰਾਜਾ ਕੋ ਅਸੀਰਵਾਦ ਦੇਕਰ ਵਹਾਂ ਸੇ ਚਲਾ ਆਪਨੀ ਕੁਟੀਆ ਮੇਂ ਆਯਾ ਅਰ ਰਾਜਕੁਮਾਰ ਕੋ ਕਹਾ, ਕਿ ਤੁਮਾਰੇ ਸ਼ਿਕਾਰ ਜਾਨੇ ਕੇ ਪੀਛੇ ਦੂਸਰੇ ਸ਼ਤ੍ਰ ਰਾਜ ਨੇ, ਤੁਮਾਰੇ ਪਿਤਾ ਕੋ ਯੁਧ ਮੇਂ ਮਾਰ ਦੀਆ।

**ਰਿਸ਼ੀਓ ਵਾਚ॒ ਦੋਹਾ—ਸੁਨਨ੍ਰਿਪ ਨੰਦਨ ਬਾਤ ਮਮ ਮਹਾ ਸ਼ੋਕਕੀ ਖਾਨ ॥**
**ਨਿਕਸੇ ਪਾਛੇ ਯੁਧ ਮੇ ਭਈ ਤਵ ਕੁਲ ਕੀ ਹਾਨ ॥**

**ਉਤਰ ਰਾਜ ਕੁਮਾਰ, ਦੋਹਾ—ਏਕ ਦਿਨ ਲੋਕ ਕੁਟੰਬ ਤੇ ਆਖਰ ਬਿਛੜਨ ਹੋਇ ॥ ਤਾਂਤੇ ਹਮ ਪਹਿਲੇ ਤਜੇ ਸੰਗਿ ਨ ਕਰਹੁ ਕੋਇ ॥**

**ਦੋਹਾ ॥ ਚਲਤੇ ਮਾਰਗ ਏਕ ਮੇਂ ਮਿਲੇ ਬਟਾਊ ਸਾਥ ॥ ਭਾਵੇ ਅਬ ਹੀ ਬੀਛੁਰੇ ਭਾਵੇਂ ਕੋਸ ਪਚਾਸ ॥ ਕਿਆ ਗਹੀਏ ਕਿਆ ਛੋੜੀਏ ਥੋੜੇ ਜੀਵਨ ਕਾਜ ॥ ਛੋਡ ਛੋਡ ਸਭ ਜਾਤ ਹੈਂ ਧਨ ਘਰ ਬੰਧੂ ਰਾਜ ॥**

ਸੋ ਇਸ ਪ੍ਰਕਾਰ ਅਲਰਕ ਰਾਜਾ ਕੁਟੰਬ ਸਹਿਤ ਕਾਲ ਅਧੀਨ ਸਭ ਪਦਾਰਥੋਂ ਕੋ ਜਾਨ ਕਰ ਸੁਖ ਦੁਖ ਮੇਂ ਸਮ ਹੋਤਾ ਭਇਆ। ਸੁਖ ਦੁਖ ਕਾਲ ਆਧੀਨ ਹੈਂ। ਯੇ ਬਾਤ ਸ੍ਰੀ ਰਾਮ ਚੰਦ੍ਰ ਲਖਮਨ ਜੀ ਪ੍ਰਤੀ ਕਹਿਤੇ ਹੈ :-

**ਸ਼ਲੋਕ ॥ ਪਸ਼੍ਯ ਲਖ੍ਯਮਣ ਕਾਲਸ੍ਯ ਪ੍ਰਤਿ ਕੂਲਾਨੁ ਕੂਲਤੇ ॥**



**ਬਨਵਾਸੋ ਪਿਤਾ ਹੇਤੂ ਸਮੁਦ੍ਰ ਸੰਤਰਣੇ ਸ਼ਿਲਾ॥** [ਅਧਿਆਤਮ ਰਾਮਾਯਣ

ਅਰਥ—ਹੇ ਲਖਛਮਣ ਜੀ ! ਕਾਲ ਕੀ ਅਨਕੂਲਤਾ ਪ੍ਰਤੀਕੂਲਤਾ ਯਾਨੇ ਭਲਾ ਬੁਰਾਪਨ ਦੇਖਾ ਜਬ ਕਾਲ ਬੁਰਾ ਯਾਨੇ ਪ੍ਰਤੀਕੂਲ ਹੂਆ ਤੋ ਮਾਤਾ ਪਿਤਾ ਨੇ ਭੀ ਬਨ ਕੋ ਭੇਜ ਦੀਆ। ਜਬ ਕਾਲ ਭਲਾ ਯਾਨੇ ਅਨੁਕੂਲ ਆਯਾ ਤੋ ਸਮੁਦ੍ਰ ਮੇਂ ਪੱਥਰ ਭੀ ਤਰਨੇ ਲਗੇ ਸਭ ਬਾਤ ਕਾਲ ਕੇ ਅਧੀਨ ਹੈ।

ਇਸ ਮੇਂ ਏਕ ਪ੍ਰਸੰਗ ਹੋਰ ਮਹਾਤਮਾ ਦ੍ਵਾਰਾ ਸੁਨਾ ਹੈ, ਜਿਸ ਕੋ ਯਹਾਂ ਲਿਖਤੇ ਹੈਂ, ਵੇਦ ਵਯਾਸ ਜੀ ਭਗਵਾਨ ਕਾਰਕ ਹੈਂ, ਉਨ ਕੀ ਏਕ ਕਲਪ ਉਮਰ ਹੈ ਯਾਨੇ ਚਾਰੋਂ ਯੁਗ ਹਜ਼ਾਰ ਵਾਰੀ ਬੀਤ ਜਾਵੇਂ ਇਤਨੀ ਉਮਰ ਹੈ। ਵੋਹ ਅਪਨੀ ਸੇਵਾ ਵਾਸਤੇ ਯੋਗ ਸੇਵਕ ਚਾਹਤੇ ਥੇ। ਏਕ ਬ੍ਰਹਮਚਾਰੀ ਉਨੋਂ ਕੋ ਯੋਗ ਮਿਲਾ ਜੋ ਇਸ਼ਾਰਾ ਕਰਨੇ ਮਾਤ੍ਰ ਸੇ ਸਾਰੀ ਸੇਵਾ ਪ੍ਰੀਤੀ ਪੂਰਬਕ ਕਰਨੇ ਲਗਾ। ਵਯਾਸ ਜੀ ਉਸ ਪਰ ਬੜੇ ਪ੍ਰਸੰਨ ਹੂਏ। ਅਰ ਵਿਚਾਰਨੇ ਲਗੇ ਕਿ ਇਸ ਕੀ ਆਯੂ ਭੀ, ਮੇਰੀ ਆਯੂ ਬਰਾਬਰ ਹੋਵੇ ਤੋ ਅਛਾ ਹੈ ਐਸਾ ਸੇਵਕ ਮਿਲਨਾ ਕਠਿਨ ਹੈ। ਬ੍ਰਹਮਾ ਜੀ ਕੋ ਕਹਿ ਕਰ ਇਸ ਕੀ ਭੀ ਇਕ ਕਲਪ ਕੀ ਉਮਰ ਕਰਾ ਦੇਈਏ। ਐਸਾ ਵਿਚਾਰ ਕਰ ਬ੍ਰਹਮਾ ਜੀ ਪਾਸ ਆਏ। ਬ੍ਰਹਮਾ ਜੀ ਨੇ ਸਤਕਾਰ ਕਰਿਆ ਅਰ ਕਹਾ ਮਹਾਰਾਜ ਕੈਸੇ ਆਏ ? ਬਯਾਸ ਜੀ ਨੇ ਆਪਣਾ ਸਭ ਸਮਾਚਾਰ ਸੁਨਾਇਆ, ਅਰ ਕਹਾ ਇਸ ਕੀ ਏਕ ਕਲਪ ਮੇਰੇ ਜੈਸੀ ਆਯੂ ਕਰ ਦਿਓ। ਬ੍ਰਹਮਾ ਜੀ ਨੇ ਵਿਚਾਰਾ ਅਗਰ ਮੈਂ ਜਵਾਬ ਦੇਊਂਗਾ ਰਿਸ਼ੀ ਕੁਪਿਤ ਹੋ ਜਾਏਂਗੇ ਯੁਕਤੀ ਸੇ ਹਟਾ ਦੇਈਏ। ਤਬ ਕਹਾ ਮਹਾਰਾਜ ਸ਼ਿਵ ਜੀ ਕੋ ਭੀ ਕਹਿ ਆਈਏ, ਮੈਂ ਭੀ ਸਾਥ ਚਲਤਾ ਹੂੰ। ਕਿਉਂਕਿ ਮਾਰਨੇ ਵਾਲੇ ਓਹੀ ਹੈਂ। ਤਬ ਉਹ ਸਾਰੇ ਸ਼ਿਵ ਜੀ ਕੇ ਪਾਸ ਆਏ। ਸ਼ਿਵ ਜੀ ਨੇ ਸਤਕਾਰ ਸਹਿਤ ਬੈਠਾਯਾ ਅਰ ਆਣੇ ਕਾ ਕਾਰਨ ਪੂਛਾ। ਉਨੋਂ ਨੇ ਸ਼ਿਵਜੀ ਕੋ ਭੀ ਸਭ ਹਾਲ ਸੁਨਾਯਾ ਅਰ ਕਹਾ ਇਸਕੋ ਮਾਰਨਾ ਨਹੀਂ, ਤਬ ਸ਼ਿਵ ਜੀ ਵੀ ਯੁਕਤੀ ਸੇ ਕਹਿਣੇ ਲਗੇ ਅਗਰ ਮੈਂ ਨਾਂ ਭੀ ਮਾਰੂੰ ਤੋ ਭੀ ਭੂਖ ਸੇ ਆਦਮੀ ਆਪਨੇ ਆਪ ਮਰ ਜਾਤਾ ਹੈ। ਔਰ ਰੋਜ਼ੀ ਪਹੁੰਚਾਨੇ ਵਾਲੇ ਭਗਵਾਨ ਵਿਸ਼ਨੂੰ ਹੈਂ ਉਨੋਂ ਕੋ ਭੀ ਸੂਚਨਾ ਕਰਨੀ ਚਾਹੀਏ। ਚਲੋ ਹਮ ਭੀ ਸਾਥ ਹੀ ਚਲਤੇ ਹੈਂ ਐਸਾ ਵਿਚਾਰ ਕਰ ਕੇ ਸਾਰੇ ਇਕੱਠੇ ਹੋ ਕੇ ਵਿਸ਼ਨੂੰ ਜੀ ਪਾਸ ਆਏ। ਵਿਸ਼ਨੂੰ ਜੀ ਨੇ ਸਭ ਦਾ ਸਵਾਗਤ ਕਰਕੇ ਆਣੇ ਕਾ ਕਾਰਨ ਪੂਛਾ, ਉਨੋਂ ਨੇ ਵਿਸ਼ਨੂੰ ਭਗਵਾਨ ਕੋ ਭੀ ਸਾਰਾ ਸਮਾਚਾਰ ਸੁਣਾਯਾ। ਵਿਸ਼ਨੂੰ ਭਗਵਾਨ ਭੀ ਯੁਕਤੀ ਸੇ ਕਹਿਣੇ ਲਗੇ ਯਮ ਰਾਜਾ ਅਰ ਚਿਤ੍ਰ ਗੁਪਤ ਕੋ ਭੀ ਯਹ ਖਬਰ ਪਹੁੰਚਾਣੀ ਚਾਹੀਏ ਚਲੋ ਹਮ ਭੀ ਸਾਥ ਚਲਤੇ ਹੈਂ ਉਨੋਂ ਕੋ ਭੀ ਕਹਿ ਆਵੇਂ। ਤਬ ਸਾਰੇ ਧਰਮ ਰਾਜਾ ਪਾਸ ਆਏ ਧਰਮ ਰਾਜਾ ਉਨ ਕੋ ਸਾਥ ਲੇਕਰ ਚਿਤ੍ਰ ਗੁਪਤੋਂ ਕੇ ਪਾਸ ਆਯਾ ਉਸ ਵਕਤ ਵਿਆਸ ਜੀ ਕੇ ਸ਼ਿਸ਼ ਬ੍ਰਹਮਚਾਰੀ ਕੋ ਸੌਚ ਹੋਨੇ ਕਾ ਖਿਆਲ ਹੋ ਗਿਆ ਵੋਹ ਆਗਯਾ ਲੇਕਰ ਸੌਚ ਚਲਾ ਗਯਾ ਅਰ ਸਾਰੇ ਦੇਵਤਾ ਚਿਤ੍ਰ ਗੁਪਤੋਂ ਪਾਸ ਆ ਕਰ ਬੈਠ ਗਏ ਬ੍ਰਹਮਚਾਰੀ ਕੋ ਪੇਟ ਸੂਲ ਹੋ ਗਿਆ ਆਤੇ ਵਕਤ

ਦਰਵਾਜੇ ਤਕ ਪਹੁੰਚਤੇ ਪਹੁੰਚਤੇ ਮ੍ਰਿਤੂ ਹੋ ਗਿਆ । ਤਬ ਚਿਤ੍ਰ ਗੁਪਤ ਕਹਿਨੇ ਲਗੇ ਕਾਲ ਕੇ ਪ੍ਰੇਰੇ ਹੋਏ ਆਪ ਸਭ ਦੇਵਤਾ ਲੋਕ ਇਸ ਕੇ ਮਾਰਨੇ ਵਾਸਤੇ ਮੇਰੇ ਅਸਥਾਨ ਮੇਂ ਇਕਠੇ ਹੋਏ ਹੋ, ਇਸਕੇ ਮ੍ਰਿਤੂ ਕਾ ਨਮਿਤ ਯਹੀ ਥਾ ਆਪ ਨੇ ਸ੍ਰਵੱਗ ਦ੍ਰਿਸਟੀ ਸੇ ਦੇਖਣਾ ਤੋ ਥਾ ਅਬ ਯਹ ਜੀ ਨਹੀਂ ਸਕੇਗਾ, ਤੋ ਵਿਆਸ ਜੀ ਕੋ ਦੁਖ ਹੂਆ । ਪਰੰਤੂ ਸਭ ਦੇਵਤਾਉਂ ਨੇ ਵਿਆਸ ਜੀ ਕੋ ਧੀਰਜ ਦੀਆ, ਅਰ ਕਹਾ ਸੁਖ ਦੁਖ ਕਾਲ ਅਧੀਨ ਹੈ । ਐਸੇ ਸਮਝ ਕਰ ਆਪ ਪ੍ਰਸੰਨ ਰਹੋ । ਉਸ ਦਿਨ ਸੇ ਸ੍ਰੀ ਵਿਆਸ ਜੀ ਸਭ ਪਦਾਰਥ ਕਾਲ ਅਧੀਨ ਸਮਝ ਕਰ, ਤਥਾ ਆਪਨੇ ਆਤਮਾ ਕੋ ਗਿਆਨ ਦ੍ਰਿਸਟੀ ਸੇ ਅਕਾਲ ਯਾਨੇ ਕਾਲ ਰਹਿਤ ਨਿਸਚੇ ਕਰ ਸੁਖ ਦੁਖ ਮੇਂ ਸਮ ਹੋਤੇ ਭਏ । ਦੁਨੀਆਂ ਮੇਂ ਜੋ ਭੀ ਬਿਵਹਾਰ ਹੋ ਰਹਾ ਹੈ ਸੋ ਸਭ ਕਾਲ ਅਧੀਨ ਹੋ ਰਹਾ ਹੈ ਇਸ ਮੇਂ ਭੀ ਏਕ ਕਥਾ ਹੈ। ਏਕ ਧਰਮਾਤਮਾ ਰਾਜਾ ਕੀ ਸਭਾ ਮੇਂ ਬੜੇ ਬੜੇ ਪੰਡਿਤ ਲੋਕ ਸਾਸਤ੍ਰ ਵਿਚਾਰ ਕਰਾ ਕਰਤੇ ਥੇ, ਇਸ ਸਭਾ ਮੇਂ ਏਕ ਬ੍ਰਾਹਮਣ ਜੋ ਕਾਲਵਾਦੀ ਥਾ ਯਾਨੇ ਸਾਰੇ ਸੰਸਾਰ ਕਾ ਕਾਰੋਬਾਰ ਲੋਕ ਪ੍ਰਲੋਕ ਤਕ ਜੋ ਬਿਵਹਾਰ ਹੋ ਰਹਾ ਹੈ, ਸੋ ਕਾਲ ਸੇ ਹੀ ਹੋਤਾ ਹੈ ਐਸੇ ਮਾਨਨੇ ਵਾਲਾ ਥਾ, ਵੁਹ ਰਾਜਾ ਕੀ ਸਭਾ ਮੇਂ ਆ ਕਰ ਕਹਿਨੇ ਲਗਾ ਹੇ ਰਾਜਨ ! ਆਪ ਯਾ ਆਪ ਕੀ ਸਭਾ ਮੇਂ ਰਹਿਣੇ ਵਾਲੇ ਪੰਡਿਤ ਲੋਕ ਉਨ ਪੰਦ੍ਰਹ ਕੰਨਿਆਓਂ ਕੋ ਅਗਰ ਜਾਨਤੇ ਹੈਂ ਤੋ ਮੇਰੇ ਤਾਈਂ ਕਹੋ, ਉਨ ਪੰਦਰਹ ਕੰਨਜਾਓਂ ਮੇਂ ਪੰਜ ਕੰਨਿਆਂ ਮੀਅੰਤ ਨਾਮ ਵਾਲੀ ਹੈਂ, ਯਾਨੇ ਉਨਕੇ ਨਾਮ ਕੇ ਅੰਤ ਕਾ ਅੱਖਰ ਮੀ ਹੈ, ਔਰ ਪੰਜ ਕੰਨਿਆਂ ਸੀਅੰਤ ਨਾਮ ਵਾਲੀਆਂ ਹੈਂ, ਯਾਨੇ ਉਨ ਕੇ ਨਾਮ ਕੇ ਅੰਤ ਮੇਂ ਸੀ ਅੱਖਰ ਆਤਾ ਹੈ, ਔਰ ਪੰਜ ਕੰਨਿਆਂ ਕੇ ਨਾਮ ਅਲੈਹਦਾ ਅਲੈਹਦਾ ਅਖਰੋਂ ਵਾਲੀਆਂ ਹੈਂ । ਯਹ ਪੰਦ੍ਰਹ ਕੰਨਿਆਂ ਸਾਰੇ ਬ੍ਰਹਿਮਾਂਡ ਮੇਂ ਪੂਰਨ ਹੈਂ ਜੋ ਜੋ ਕਾਮ ਹੋਤਾ ਹੈ ਸੋ ਇਨੋਂ ਦਵਾਰਾ ਹੋਤਾ ਹੈ, ਅਗਰ ਆਪ ਕੀ ਸਭਾ ਮੇਂ ਇਨ ਕੰਨਿਆਓਂ ਕੋ ਕੋਈ ਜਾਨਤਾ ਹੈ ਤੋ ਮੇਰੇ ਤਾਈਂ ਕਹੋ । ਨਹੀਂ ਤੋ ਸ਼ਾਪ ਦੇਕਰ ਆਪ ਕਾ ਰਾਜ ਨਸ਼ਟ ਕਰ ਦੂੰਗਾ । ਰਾਜਾ ਬ੍ਰਾਹਮਣ ਕੇ ਬਚਨ ਸੁਣ ਕਰ ਘਬਰਾ ਗਿਆ, ਔਰ ਆਪਣੀ ਸਭਾ ਮੇ ਬ੍ਰਾਹਮਣੋਂ ਕੋ ਬਹੁਤ ਧਨ ਦੇਤਾ ਭਇਆ ਔਰ ਕਹਿਤਾ ਭਇਆ ਏਕ ਮਹੀਨੇ ਕੇ ਅੰਦਰ ਇਸ ਬ੍ਰਾਹਮਣ ਕੇ ਪ੍ਰਸ਼ਨ ਕਾ ਉੱਤਰ ਦਿਓ ਕਿ ਵੁਹ ਕੌਣ ਪੰਦ੍ਰਹ ਕੰਨਿਆਵਾਂ ਹੈਂ । ਅਗਰ ਉੱਤਰ ਨਾ ਦਿਓਗੇ ਤੋ ਮੈਂ ਸਭ ਬ੍ਰਾਹਮਣੋਂ ਕੋ ਕਤਲ ਕਰਵਾ ਦੂੰਗਾ। ਰਾਜਾ ਕਾ ਹੁਕਮ ਸੁਣ ਸਭ ਬ੍ਰਾਹਮਣ ਵੇਦ ਸਾਸਤ੍ਰ ਪੁਰਾਣ ਤਲਾਸ਼ ਕਰਨੇ ਲਗੇ, ਪ੍ਰੰਤੂ ਕੰਨਿਆਓਂ ਕੇ ਨਾਮੋਂ ਕਾ ਪਤਾ ਨ ਲਗਾ । ਜਬ ਏਕ ਦਿਨ ਬਾਕੀ ਰਹਿ ਗਿਆ ਤਬ ਸਭ ਬ੍ਰਾਹਮਣੋਂ ਕੋ ਚਿੰਤਾ ਹੂਈ ਕਿ ਕਲ ਸਭ ਕਤਲ ਹੋ ਜਾਏਂਗੇ। ਰਾਜ ਪ੍ਰੋਹਤ ਕੋ ਜ਼ਿਆਦਾ ਚਿੰਤਾ ਹੂਈ ਔਰ ਘਰ ਸੇ ਬਾਹਰ ਨਿਕਲ ਗਿਆ । ਇਕ ਬਟ ਕੇ ਨੀਚੇ ਭਗਵਾਨ ਕੇ ਅਰਾਧਨ ਕਰਨੇ ਲਗਾ, ਜਬ ਆਧੀ ਰਾਤ ਹੂਈ ਉਸ ਬਟ ਮੇਂ ਏਕ ਭੂਤ ਭੂਤਨੀ ਰਹਿਤੇ ਥੇ, ਭੂਤਨੀ ਨੇ ਭੂਤ ਕੋ ਕਹਾ ਮੈਂ ਗਰਭਵਤੀ ਹੂੰ ਮਨੁਸ ਕਾ ਮਾਂਸ ਖਾਨੇ ਕੋ ਚਿਤ ਕਰਤਾ ਹੈ ਮਨੁਸ਼ ਭੀ ਬ੍ਰਾਹਮਣ ਹੋ ਵਿਦ੍ਵਾਨ ਹੋ।



ਭੂਤ ਨੇ ਕਹਾ-ਕਲ ਕੋ ਰਾਜਾ ਨੇ ਬੜੇ ਬੜੇ ਵਿਦ੍ਵਾਨ ਬ੍ਰਾਹਮਣ ਕਤਲ ਕਰਾਣੇ ਹੈਂ, ਮੈਂ ਤੁਮ ਕੋ ਬਹੁਤ ਮੁਰਦੇ ਲਿਆ ਦਿਆਂਗਾ ਜੋ ਕਈ ਦਿਨ ਤਕ ਖਾਂਦੀ ਰਹੀਂ । ਭੂਤਨੀ ਨੇ ਪੂਛਾ ਰਾਜਾ ਨੇ ਬ੍ਰਾਹਮਣੋਂ ਕੋ ਕਿਉਂ ਕਤਲ ਕਰਨਾ ਹੈ ? ਭੂਤ ਨੇ ਕਹਾ ਏਕ ਬ੍ਰਾਹਮਣ ਨੇ ਪੰਦਰਹ ਕੰਨਜਾਓਂ ਕਾ ਸੁਆਲ ਪੂਛਾ ਹੈ ਕਲ ਮਹੀਨੇ ਕਾ ਮੁੱਦਾ ਪੂਰਾ ਹੋਵੇਗਾ ਕਿਸੀ ਕੋ ਉਤਰ ਆਵੇਗਾ ਨਹੀਂ, ਇਸ ਵਾਸਤੇ ਰਾਜਾ ਬ੍ਰਾਹਮਣੋਂ ਕੋ ਕਤਲ ਕਰਵਾਏਗਾ। ਭੂਤਨੀ ਨੇ ਪੂਛਾ ਆਪ ਉਨ ਪੰਦ੍ਰਹ ਕੰਨਜਾਓਂ ਕੋ ਜਾਨਤੇ ਹੋ ? ਭੂਤ ਨੇ ਕਹਾ ਮੈਂ ਆਪਣੇ ਗੁਰੂਓਂ ਸੇ ਯਹ ਪ੍ਰਸੰਗ ਸੁਣਾ ਥਾ ਇਸ ਵਾਸਤੇ ਜਾਨਤਾ ਹੂੰ । ਭੂਤਨੀ ਨੇ ਕਹਾ ਉਹ ਪ੍ਰਸੰਗ ਮੇਰੇ ਕੋ ਸੁਨਾਉ ਕਿ ਵੁਹ ਪੰਦ੍ਰਹ ਕੰਨਜਾਏ ਕਉਣ ਹੈਂ ? ਭੂਤ ਕਹਿਣੇ ਲਗਾ ਪੰਦ੍ਰਹ ਤਿਥੀਆਂ ਹੀ ਪੰਦ੍ਰਹ ਕੰਨਜਾ ਹੈਂ । ਉਨ ਮੇਂ ਪੰਚਮੀ, ਸੱਤਮੀ, ਅਸ਼ਟਮੀ, ਨੌਮੀਂ, ਦਸਮੀ, ਯੇਹ ਮੀਅੰਤ ਨਾਮ ਵਾਲੀਆਂ ਹਨ । ਯਾਨੇ ਇਨੋਂ ਕੇ ਅੰਤ ਮੇਂ 'ਮੀ' ਅਖਛਰ ਹੈ ਔਰ ਏਕਾਦਸੀ ਦੁਆਦਸੀ ਤ੍ਰਿਯੋਦਸੀ, ਚਤੁਰਦਸੀ, ਪੂਰਨਮਾਸੀ, ਇਹ ਪੰਜ ਤਿਥੀਆਂ ਸੀ ਅੰਤ ਵਾਲੀਆਂ ਹਨ ਯਾਨੇ ਉਨ ਕੇ ਅੰਤ ਮੇਂ ਸੀ ਅਖਛਰ ਹੈ ਅਰ ਏਕਮ, ਦੂਜ, ਤੀਜ, ਚਤਰਥੀ, ਸਸਟੀ ਇਹ ਭਿੰਨ ਭਿੰਨ ਨਾਮ ਵਾਲੀਆਂ ਹਨ, ਬਸ ਇਨ ਪੰਦ੍ਰਹ ਤਿਥੀਓਂ ਕੇ ਅੰਦਰ ਸਭ ਸੰਸਾਰ ਕਾ ਲੌਕਿਕ ਵੈਦਿਕ ਕਾਰਯ ਚਲਤਾ ਹੈ ਇਹ ਤਿਥੀਆ ਕਾਲ ਕਾ ਹਿਸਾ ਹੈ । ਸਾਰਾ ਵਿਵਹਾਰ ਕਾਲ ਅਧੀਨ ਹੈ ਬਾਲਕੋਂ ਕਾ ਜਨਮ ਮਰਨ ਭਾਗ ਸਭ ਕਾਲ ਅਧੀਨ ਹੈ । ਯਾਨੇ ਜਬ ਬਾਲਕ ਜਨਮਤਾ ਹੈ ਤੋ ਬ੍ਰਾਹਮਣ ਲੋਕ ਲਗਨ ਕਾ ਵਿਚਾਰ ਕਰਤੇ ਹੈਂ, ਜਿਸ ਲਗਨ ਮੇਂ ਜਨਮ ਹੋਵੇ ਵੈਸਾ ਉਸ ਕਾ ਫਲ ਬਤਾਤੇ ਹੈਂ । ਜੈਸੇ ਅਕਬਰ ਪਾਤਸਾਹ ਕੇ ਪਾਸ ਬੀਰਬਲ ਬ੍ਰਾਹਮਣ ਵਜ਼ੀਰ ਥਾ ਵੋਹ ਮਾਤਾ ਕੀ ਬੜੇ ਪ੍ਰੇਮ ਸੇ ਸੇਵਾ ਕਰਤਾ ਥਾ । ਏਕ ਸਮੇਂ ਮਾਤਾ ਬੀਮਾਰ ਹੋ ਗਈ ਕਈ ਦਿਨ ਤਕ ਆਪਣੇ ਹਾਥੋਂ, ਮਲ ਮੂਤਰ ਉਠਾਤਾ ਰਹਾ। ਏਕ ਦਿਨ ਆਪਣੀ ਮਾਤਾ ਕੋ ਪੂਛਨੇ ਲਗਾ ਤੁਮ ਨੇ ਹਮਾਰੇ ਕੋ ਗਰਭ ਮੇਂ ਰਖਾ, ਬਾਹਰ ਨਿਕਲਨੇ ਪਰ ਮਲ ਮੂਤਰ ਉਠਾਯਾ, ਬੜਾ ਕੀਯਾ ਪਾਲਾ ਉਸ ਕਾ ਬਦਲਾ ਮੇਰੀ ਸੇਵਾ ਸੇ ਲਹਿ ਗਿਆ ਹੋਗਾ ਮਾਤਾ ਕਹਿਣੇ ਲਗੀ ਮੇਰੀ ਏਕ ਰਾਤ ਕੇ ਦੁਖ ਕਾ ਬਦਲਾ ਭੀ ਤੇਰੀ ਸਾਰੀ ਸੇਵਾ ਨਹੀਂ ਹੈ। ਮੈਂ ਤੁਮਾਰੇ ਕੋ ਇਕ ਰਾਤ ਕੇ ਦੁਖ ਕੀ ਕਥਾ ਸੁਨਾਤੀ ਹੂੰ ਜਿਸ ਦਿਨ ਤੁਮ ਨੇ ਜਨਮ ਲੇਨਾ ਥਾ ਉਸ ਦਿਨ ਮੇਰੇ ਕੋ ਪ੍ਰਸੂਤ ਕੀ ਵਾਯੂ ਨੇ ਬੜਾ ਤੰਗ ਕਰਾ ਥਾ ਉਸ ਵਕਤ ਏਕ ਜੋਤਸ਼ੀ ਬ੍ਰਾਹਮਣ ਤੁਮਾਰੇ ਪਿਤਾ ਕੇ ਮਿਤ੍ਰ ਥੇ ਵੋ ਹਮਾਰੇ ਘਰ ਆ ਗਏ । ਮੈਨੇ ਤੁਮਾਰੇ ਜਨਮ ਕਾ ਲਗਨ ਪੂਛਾ ਉਸ ਨੇ ਕਹਾ ਅਗਰ ਦਿਨ ਕੇ ਲਗਨੋਂ ਮੇਂ ਬਾਲਕ ਜਨਮੇਂਗਾ ਤੋ ਵੋ ਬਾਲਕ ਬੜਾ ਦਰਿਦ੍ਰੀ ਦੁਖੀ ਰੋਗੀ ਹੋਗਾ। ਅਗਰ ਬਾਲਕ ਸਾਯੰਕਾਲ ਕੋ ਜਨਮ ਲੇਗਾ ਤੋ ਧਨੀ ਬਣੇਗਾ । ਅਗਰ ਰਾਤ੍ਰੀ ਕੇ ਦਸ ਵਜੇ ਬਾਦ ਜਨਮ ਲੇਗਾ । ਤੋ ਬੜਾ ਬੁਧੀ ਮਾਨ ਰਾਜਾ ਕਾ ਵਜ਼ੀਰ ਹੋਗਾ । ਅਗਰ ਰਾਤ੍ਰੀ ਕੇ ਬਾਰਹ ਵਜੇ ਕੇ ਬਾਦ ਜਨਮ ਲੇਗਾ ਤੋ ਯਹਿ ਬਾਲਕ ਸ਼ਹਿਨਸ਼ਾਹ ਬਾਦਸਾਹ ਹੋਗਾ । ਜੋਤਸ਼ੀ ਕੇ ਯਹ ਬਚਨ ਸੁਣ ਕਰ

ਮੈਂ ਤੁਮਾਰੇ ਕੋ ਸ਼ਹਿਨਸ਼ਾਹ ਬਨਾਣੇ ਕਾ ਖਿਆਲ ਕਰਤੀ ਭਈ, ਔਰ ਪ੍ਰਸੂਤ ਕੀ ਵਾਯੂ ਜ਼ੋਰ ਸੇ ਤੁਮਾਰੇ ਕੋ ਗਰਭ ਸੇ ਬਾਹਰ ਕਰਨੇ ਲਗੀ ਤਬ ਮੈਂ ਤੁਮਾਰੇ ਕੋ ਸ਼ਹਿਨਸ਼ਾਹ ਬਨਾਣੇ ਕੇ ਲਾਲਚ ਸੇ ਅਪਨੇ ਆਪ ਕੋ ਪੁਠਾ ਟੰਗਾ ਲੀਆ, ਤਾਂਕਿ ਬਾਲਕ ਬਾਹਰ ਨਾ ਨਿਕਲੇ ਤਬ ਪ੍ਰਸੂਤ ਕੀ ਵਾਯੂ ਨੇ, ਮੇਰੇ ਕੋ ਇਤਨਾ ਤੰਗ ਕਰਿਆ ਜੋ ਮੈਂ ਮੂਰਛਿਤ ਹੋ ਗਈ। ਪ੍ਰਾਣ ਨਿਕਲਨੇ ਲਗੇ ਇਤਨੇ ਮੇਂ ਰਾਤ੍ਰੀ ਕੇ ਦਸ ਵਜ ਗਏ ਔਰ ਤੁਮਾਰੇ ਪਿਤਾ ਨੇ ਮੇਰੇ ਕੋ ਨੀਚੇ ਉਤਾਰਾ, ਔਰ ਪ੍ਰਸੂਤ ਕੀ ਵਾਯੂ ਨੇ ਇਕ ਦਮ ਤੇਰੇ ਕੋ ਬਾਹਰ ਕਰ ਦੀਆ ਤਬ ਤੂੰ ਲਗਨ ਕੇ ਅਨੁਸਾਰ ਵਜ਼ੀਰ ਬਣਿਆ, ਪਰੰਤੂ ਮੇਰੀ ਇਕ ਰਾਤ ਕੇ ਬਰਾਬਰ ਦੁਖ ਉਠਾ ਕੇ ਸੇਵਾ ਨਹੀਂ ਕਰੀ। ਇਸ ਕਥਾ ਸੇ ਯਹ ਭਾਵ ਨਿਕਲਾ ਕਿ ਬਾਲਕ ਕਾ ਜਨਮ ਭਾਗ ਸਭ ਲਗਨੋਂ ਕੇ ਹਿਸਾਬ ਸੇ ਹੋਤਾ ਹੈ, ਵੋਹ ਲਗਨ ਕੋਈ ਤੀਨ ਕੋਈ ਚਾਰ ਕੋਈ ਪੰਜ ਕੋਈ ਛੇ ਘੜੀ ਰਹਿਤ ਹੈਂ। ਘੜੀ ਭੀ ਕਾਲ ਕਾ ਹੀ ਹਿਸਾ ਹੈ ਤਾਤੇ ਜੋ ਕੁਛ ਹੋ ਰਹਾ ਹੈ ਸੋ ਇਸ ਪੰਦ੍ਰਹ ਤਿਥੀਓਂ ਕੇ ਅੰਦਰ ਹੋ ਰਹਾ ਹੈ। ਬ੍ਰਿਤ ਕੇ ਯਹ ਬਚਨ ਬਟ ਕੇ ਨੀਚੇ ਬੈਠੇ ਹੂਏ ਪੰਡਿਤ ਜੀ ਨੇ ਬੀ ਸੁਣ ਲੀਏ, ਅਰ ਆਕਰ ਰਾਜਾ ਕੀ ਸਭਾ ਮੇਂ ਬ੍ਰਾਹਮਣ ਕੋ ਉੱਤਰ ਦੀਆ। ਬ੍ਰਾਹਮਣ ਸੁਣ ਕਰ ਬੜਾ ਪ੍ਰਸੰਨ ਹੂਆ। ਸੋ ਇਸ ਪ੍ਰਕਾਰ ਕਾਲਵਾਦੀ ਕਾਲ ਕੋ ਹੀ ਜਗਤ ਕਾ ਕਾਰਣ ਕਹਿਤੇ ਹੈਂ ਔਰ ਸੁਖ ਦੁਖ ਵੀ ਕਾਲ ਯਾਨੇ ਸਮੇਂ ਅਨੁਸਾਰ ਮਿਲਤਾ ਹੈ, ਜੈਸੇ ਬ੍ਰਿਖੋਂ ਮੇਂ ਫਲ ਸਮੇਂ ਅਨੁਸਾਰ ਹੋਤੇ ਹੈਂ, ਤੈਸੇ ਸਮੇਂ ਅਨੁਸਾਰ ਦੁਖ ਸੁਖ ਹੋਤਾ ਹੈ ਯਹ ਸਮਝ ਕਰ ਸੁਖ ਦੁਖ ਮੇਂ ਸਮ ਰਹਿਣਾ ਚਾਹੀਏ। ਕਿਸੀ ਕਵੀ ਨੇ ਲਿਖਾ ਹੈ:-

**ਕਬਿਤ-ਕਾਲ ਕਾ ਚਕ੍ਰ ਸਦਾ ਚਲ ਰਿਹਾ ਜਗ ਉਤੇ ਰਾਤ ਦਿਨੇ ਜੀਵ ਕੀ ਅਵਧ ਘਟ ਜਾਂਵਦੀ ॥ ਜਾਂਵਦੀ ਹੈ ਰਾਤ ਦਿਨ ਸਮਝੇ ਨਾ ਮੂੜ ਜਨ ਖਿਨ ਖਿਨ ਪਲ ਪਲ ਅਵਧ ਬਿਹਾਂਵਦੀ ॥ ਕਈ ਤੁਰ ਗਏ ਕਈ ਤੁਰਨ ਨੂੰ ਤਿਆਰ ਹੋਏ ਮੌਤ ਕਿਸੇ ਜੀਵ ਦਾ ਲਿਹਾਜ ਨ ਰਖਾਂਵਦੀ ॥ ਰਖੀਏ ਪਿਆਰ ਤਾਂਤੇ ਏਕ ਹੀ ਅਕਾਲ ਨਾਲ ਕਰਕੇ ਭਗਤਿ ਦੇਹੀ ਸਫਲ ਸਦਾਂਵਦੀ ॥**

**ਯਥਾ-ਜਲ ਕਹਾਂ ਬਲ ਕਹਾਂ ਗਗਨ ਕੇ ਗਉਨ ਕਹਾਂ ਕਾਲ ਕੇ ਬਨਾਏ ਸਭ ਕਾਲ ਹੀ ਚਬਾਹਿਗੇ ॥** ਸ੍ਰੀ ਮੁਖਵਾਕ ਪਾਤਸ਼ਾਹੀ ੧੦

**ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ ॥ ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥ ੧ ॥ ਧਨਵੰਤਾ ਅਰੁ ਨਿਰਧਨ ਮਨਈ ਤਾਕੀ ਕਛੂ ਨ ਕਾਨੀ ਰੇ ॥ ਰਾਜਾ ਪਰਜਾ ਸਮਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥ ੨ ॥** [ਬਿਲਾਵਲ ਕਬੀਰ ਸਫਾ ੮੫੫



**ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥ ਆਇ ਪਰੇ ਧਰਮਰਾਇ ਕੇ ਬੀਚਹਿ ਧੂਮਾ ਧਾਮ ॥** [ਸਲੋਕ ਕਬੀਰ ਸਫਾ ੧੩੭੨

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥ ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥ ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥ ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥** [ਸਲੋਕ ਫਰੀਦ ਸਫਾ ੧੩੭੭

**ਸਲੋਕ-ਨ ਮੰਤ੍ਰਾ ਨ ਤਪੋ ਦਾਨੰ ਨ ਮਿਤ੍ਰਾਣੀ ਨ ਬਾਂਧਵਾ: ॥ ਸ਼ਕੁਵੰਤਿ ਪਰਿਤ੍ਰਾਤੁੰ ਨਰ ਕਾਲੇਨ ਕ੍ਰੀੜਿਤੰ ॥** [ਪਦਮਪੁਰਾਣ ਭੂਮੀ ਖੰਡ ਅਧਿ: ੮੧ ਸਲੋਕ ੩੪

**ਏਹ ਭੂਪਤਿ ਰਾਣੇ ਰੰਗ ਦਿਨ ਚਾਰ ਸੁਹਾਵਣਾ ॥ ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥ ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥ ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥ ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥ ੬ ॥**

[ਸੋਰਠ ਕੀ ਵਾਰ ਮ: ੪ ਸਫਾ ੬੪੫

**ਗੀਆ ਮਾਲਤੀ ਛੰਦ ਸ੍ਰੀ ਮਤ ਕਨਕ ਗਿਰਿ ਦ੍ਰਿੜ ਜਬ ਪ੍ਰਲਯ ਅਗਿਨੀ ਕਰ ਗਿਰ ਪੜੇ ॥ ਮਕਰਾਦਿ ਜੰਤ ਅਨੰਤ ਕੇ ਘਰ ਜਲਧਿ ਸੂਕੇ ਤਹਿ ਕਰੇ ॥ ਜਬ ਸ਼ੇਸ਼ ਨਾਗ ਸਿਰਨ ਕਰਕੇ ਧਰਤ ਅਪਿ ਧਰਣੀ ਜਰੇ ਕਰੀ ਕਰਭਕੇ ਕਰੁਣਾਗਵਤ ਚਲਕਾਇ ਕੀ ਤਬ ਕਿਆ ਕਰੇ ॥**

ਜਬ ਸੋਨੇ ਕੇ ਪਹਾੜ ਸੁਮੇਰ ਪਰਬਤ ਭੀ ਪ੍ਰਲਯ ਅਗਨੀ ਕਰਕੇ ਗਿਰ ਜਾਵੇਂਗੇ ਔਰ ਉਸ ਪ੍ਰਲਯ ਅਗਨੀ ਕਰ ਮਕਰਾਦਿ ਅਨੇਕ ਜੰਤੂਓਂ ਕਾ ਘਰ ਜੋ ਸਮੁੰਦ੍ਰ ਹੈ ਉਹ ਭੀ ਸੁਕ ਜਾਵੇ ਔਰ ਸ਼ੇਸ਼ਨਾਗ ਕੇ ਸਿਰੋਂ ਪਰ ਧਾਰਣ ਕੀ ਹੂਈ ਧਰਤੀ ਭੀ ਜਬ ਜਲ ਜਾਤੀ ਹੈ ਤਬ ਹਾਥੀ ਕੇ ਬਚੇ ਕੀ ਸੁੰਡ ਕੀ ਨਿਆਈਂ ਇਸ ਚੰਚਲ ਸ਼ਰੀਰ ਕੀ ਤੋ ਕਿਆ ਹੀ ਕਥਾ ਹੈ। ਭਾਵ ਅਤਿ ਖਣ ਭੰਗਰ ਹੈ ਅਰ ਰਾਜਾ ਭੋਜ ਨੇ ਆਪਣੇ ਚਾਚਾ ਮੁੰਜ ਕੋ ਸਭ ਪਦਾਰਥ ਖਿਣਭੰਗਰ ਹੈ ਐਸਾ ਉਪਦੇਸ਼ ਕਰਕੇ ਪਾਪ ਸੇ ਬਚਾਯਾ। ਮੁੰਜ ਰਾਜਾ ਭੋਜ ਕਾ ਚਾਚਾ ਥਾ। ਰਾਜਾ ਭੋਜ ਜਬ ਬੱਚਾ ਹੀ ਥਾ ਤੋ ਉਸ ਕਾ ਪਿਤਾ ਮਰ ਗਿਆ ਅਰ ਅਪਨੇ ਭਾਈ ਮੁੰਜ ਕੇ ਸਪੁਰਦ ਰਾਜਾ ਭੋਜ ਕੋ ਕਰ ਗਿਆ। ਲੋਭ ਸੇ ਮੁੰਜ ਰਾਜਾ ਭੋਜ ਕੋ ਮਰਵਾਨੇ ਲਗਾ, ਵਜ਼ੀਰ ਅਮੀਰ ਔਰ ਸੰਬੰਧੀਓਂ ਨੇ ਬਹੁਤ ਸਮਝਾਯਾ ਪਰੰਤੂ ਨ ਸਮਝਾ। ਆਖਰ ਜਲਾਦੋਂ ਕੋ ਕਹਾ ਕਿ ਜੰਗਲ ਮੇਂ ਜਾ ਕਰ ਇਸਕੋ ਮਾਰ ਕਰ ਇਸ ਕਾ ਰੁਦ੍ਰ (ਲੋਹੂ) ਮੇਰੇ ਪਾਸ ਲੇ ਆਓ। ਜਬ ਭੋਜ ਕੋ ਜਲਾਦ

ਜੰਗਲ ਮੇਂ ਲੇ ਗਏ ਤਬ ਜਲਾਦੋਂ ਕੇ ਚਿਤ ਮੇਂ ਦਇਆ ਆਈ ਔਰ ਕਹਿਨੇ ਲਗੇ ਕਿ ਹਮੇਂ ਤੁਝਕੋ ਮਾਰਨੇ ਕਾ ਹੁਕਮ ਹੈ ਪਰੰਤੂ ਤੁਮਾਰਾ ਸ਼ੀਲ ਸੁਭਾਵ ਤਥਾ ਸੁੰਦਰਤਾ ਦੇਖ ਕਰ ਮਾਰਨੇ ਕੋ ਚਿਤ ਨਹੀਂ ਚਾਹਤਾ। ਤਬ ਭੋਜ ਨੇ ਕਹਾ ਕਿ ਮੁਝੇ ਮਤ ਮਾਰੋ ਮੇਰੀ ਛੋਟੀ ਅੰਗੁਲੀ ਕਟ ਕਰ ਰੁਦ੍ਰ ਨਾਲ ਲਬੇੜ ਕਰ ਲੇ ਜਾਓ ਔਰ ਏਕ ਸ਼ਲੋਕ ਭੀ ਮੈਂ ਲਿਖ ਦੇਤਾ ਹੂੰ ਵੋਹ ਭੀ ਲੇਜਾ ਕਰ ਰਾਜਾ ਮੁੰਞ ਕੋ ਦੇ ਦੇਣਾ।

**ਸ਼ਲੋਕ ॥ ਮਾਂਧਾਤਾ ਸੁ ਮਹੀਪਤਿ ਕ੍ਰਿਤਜੁਗੇ ਅਲੰਕਾਰ ਭੂਤੋ ਗਤ: ॥ ਸੇਤੁਰਯੇਨ ਮਹੋਦਧਉ ਵਿਰਚਤਾ ਕ੍ਵਾਸੋ ਦਸ਼ਾ ਅਸ੍ਯਾਤੰਕ: ॥ ਅਨਯੇ ਯੇ ਚਾਪਿ ਯੁਧਿਸ੍ਰਿਰ ਪ੍ਰਭ੍ਰਿਤਯੋ ਯਾਂਤਾਦਿਵੰ ਭੂਪਤ ॥ ਨੈਕੇਨਾਪਿ ਸਮੰਗਤਾ ਵਸੁਮਤੀ ਮੁੰਞਸਤ੍ਵਯਾ ਯਾਸ੍ਯਸਿ ॥** [ਭੋਜ ਪ੍ਰਬੰਧ

ਅਰਥ–ਹੇ ਚਾਚਾ ਮੁੰਞ ਸਤਯੁਗ ਮੇਂ ਮਾਨਧਾਤਾ ਜੈਸੇ ਪ੍ਰਤਾਪੀ ਰਾਜੇ ਹੂਏ, ਜੋ ਪ੍ਰਿਥਵੀ ਮੰਡਲ ਕੇ ਭੂਸ਼ਣ ਥੇ ਵੋਹ ਭੀ ਆਜ ਕਲ ਦਿਖਾਈ ਨਹੀਂ ਦੇਤੇ ਚਲੇ ਗਏ, ਉਨਕੇ ਨਾਮ ਨਿਸ਼ਾਨ ਤਕ ਭੀ ਨਹੀਂ ਰਹੇ। ਤਥਾ ਤ੍ਰੇਤਾ ਮੇਂ ਸ੍ਰੀ ਰਾਮਚੰਦ੍ਰ ਜੀ ਮਹਾਰਾਜ ਜਿਨ੍ਹੋਂ ਨੇ ਸਮੁੰਦ੍ਰ ਪਰ ਪੁਲ ਬਾਂਧ ਕਰ ਕੁਲ ਸਹਿਤ ਦਸ ਸਿਰ ਵਾਲੇ ਰਾਵਣ ਕੋ ਮਾਰਾ ਵੋਹ ਭੀ ਨਾ ਰਹੇ ਔਰ ਦ੍ਵਾਪਰ ਮੇਂ ਜੋ ਸ੍ਰੀ ਯੁਧਿਸ਼ਟਰ ਆਦੀ ਬੜੇ ਬੜੇ ਰਾਜਾ ਥੇ ਵੋਹ ਭੀ ਨਾ ਰਹੇ ਔਰ ਨਾ ਹੀ ਪ੍ਰਿਥਵੀ ਤਥਾ ਰਾਜਯ ਸਮੱਗ੍ਰੀ ਕੋ ਸਾਥ ਲੇ ਗਏ। ਹੇ ਮੁੰਞ ਮੈਂ ਜਾਨਤਾ ਹੂੰ ਸ਼ਾਇਦ ਤੂੰ ਰਹਿ ਜਾਇੰਗਾ ਅਥਵਾ ਪ੍ਰਿਥਵੀ ਅਰ ਰਾਜਯ ਕੋ ਸਾਥ ਲੇ ਜਾਇਗਾ ਜੋ ਨਿਰਦੋਸ਼ ਬਾਲਕੋਂ ਕੇ ਮਾਰਣੇ ਆਦੀ ਪਾਪ ਕਰਤਾ ਹੈਂ। ਯਹ ਪਤ੍ਰ ਪੜ੍ਹਤੇ ਹੀ ਮੁੰਞ ਕੇ ਦਿਲ ਮੇਂ ਵਿਚਾਰ ਔਰ ਵੈਰਾਗ ਹੂਆ ਤੋ ਝਟਿਤ ਹੀ ਜਲਾਦੋਂ ਕੋ ਇਨਾਮ ਦੇ ਕਰ ਭੋਜ ਕੋ ਮੰਗਵਾ ਕਰ ਰਾਜ ਸਿੰਘਾਸਨ ਦੇਕਰ ਆਪ ਬਨ ਕੋ ਚਲਾ ਗਿਆ ਔਰ ਸੁਖ ਦੁਖ ਮੇਂ ਸਮ ਰਹਿਣੇ ਲਗਾ। ਇਸ ਪ੍ਰਕਾਰ ਬੁਧੀਮਾਨ ਕੋ ਵਿਚਾਰ ਦੁਆਰਾ ਸੁਖ ਦੁਖ ਮੇਂ ਸਮ ਰਹਿਣਾ ਚਾਹੀਏ। ਕਿਉਂਕਿ ਕਾਲ ਅਧੀਨ ਹੀ ਸੁਖ ਹੈ ਔਰ ਕਾਲ ਅਧੀਨ ਹੀ ਦੁਖ ਹੈ। ਕਾਲ ਅਧੀਨਤ੍ਵ ਦੋਨੋਂ ਮੇਂ ਏਕ ਜੈਸਾ ਹੈ ਸੁਖ ਦੁਖ ਆਦੀ ਸਾਰਾ ਸੰਸਾਰ ਆਨੇ ਜਾਨੇ ਵਾਲਾ ਹੈ ਇਸਥਿਰ ਰਹਿਣੇ ਵਾਲਾ ਨਹੀਂ।

**ਧਰਤਿ ਆਕਾਸੁ ਪਤਾਲੁ ਹੈ ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਹਿ ਡੇਰੇ ਜਾਸੀ ॥ ਰੰਗ ਤੁਰੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ ਬੰਦਾ ਅਬਿਨਾਸੀ ॥ ੧੭ ॥ ਤਟ ਤੀਰਥ**



**ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥ ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥ ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥ ਪੋਥੀ ਪੰਡਿਤ ਗੀਤ ਕਵਿਤ ਕਵਿਤੇ ਭੀ ਜਾਸੀ ॥ ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥ ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥ ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥ ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥ ੧੮ ॥**

[ਮਾਰੂ ਡਖਣੇ ਵਾਰ ਮ: ੫ ਸਫਾ ੧੧੦੦

**ਭਜਨ (ਟੇਕ) ਸਭ ਦਿਨ ਹੋਤ ਨ ਏਕ ਸਮਾਨ ॥ ਇਕ ਦਿਨ ਰਾਜਾ ਹਰੀ ਚੰਦ੍ਰ ਘਰ ਸੰਪਤਿ ਮੇਰੁ ਸਮਾਨ ॥ ਇਕ ਦਿਨ ਜਾਇ ਸ੍ਵਪਚ ਘਰ ਸੇਵਤ ਅੰਬਰ ਰਹਤ ਮਸਾਨ ॥ ਇਕ ਦਿਨ ਦੂਲਹੁ ਬਨਤ ਬਰਾਤੀ ਚਹੁੰਦਿਸ ਝੁਲਤ ਨਿਸ਼ਾਨ ॥ ਇਕ ਦਿਨ ਡੇਰਾ ਹੋਤ ਜੰਗਲ ਮੇਂ ਕਰ ਸੂਧੇ ਪਗ ਤਾਨ ॥ ਇਕ ਦਿਨ ਸੀਤਾ ਰੁਦਨ ਕਰਤ ਹੈ ਮਹਾਂ ਵਿਪਤਿ ਉਦ੍ਯਾਨ ॥ ਇਕ ਦਿਨ ਰਾਮਚੰਦ੍ਰ ਸੋਂ ਮਿਲ ਕਰ ਵਿਚਰਤ ਪੁਸ਼ਪ ਵਿਵਾਨ ॥ ਇਕ ਦਿਨ ਰਾਜਾ ਰਾਜ ਯੁਧਿਸ਼ਟਰ ਅਨੁਚਰ ਸ੍ਰੀ ਭਗਵਾਨ ॥ ਇਕ ਦਿਨ ਦ੍ਰੋਪਤਾ ਨਗਨ ਕਰਤ ਹੈ ਚੀਰ ਦੁਸਾਸਨ ਹਾਨ ॥ ਪਰਗਟ ਹੋਤ ਪੂਰਬ ਕੀ ਕਰਣੀ ਤਨ ਮਨ ਕੋ ਅਭਿਮਾਨ ॥ ਸੂਰਦਾਸ ਗੁਨ ਕਹਿ ਲਗ ਬਰਣਉ ਬਿਧ ਕੇ ਅੰਕ ਪ੍ਰਮਾਨ ॥** [ਗੁਰ ਪ੍ਰਮਾਣ:-

**ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥ ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥ ਤਿਨਾਂ ਪਿਆਰਿਆਂ ਭਾਈਆਂ ਅਗੈ ਦਿਤੇ ਬੰਨਿ ॥ ਵੇਖਹੁ ਬੰਦਾ ਚਲਿਆ ਚਹੁ ਜਣਿਆਂ ਦੈ ਕੰਨਿ ॥ ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥ ੧੦੦ ॥** [ਸਲੋਕ ਸੇਖ ਫਰੀਦ ਜੀ ਸਫਾ ੧੩੮੩

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥** [ਆਸਾ ਸੇਖ ਫਰੀਦ ਜੀ ਸਫਾ ੪੮੮

ਸੋ ਕਾਲ ਭੂਤ, ਭਾਵੀ, ਵਰਤਮਾਨ ਭੇਦ ਸੇ ਤੀਨ ਪ੍ਰਕਾਰ ਕਾ ਹੈ ਵਰਤਮਾਨ ਕਾਲ ਥੋੜਾ ਹੋਤਾ ਹੈ। ਏਕ ਦਿਨ, ਏਕ ਘੜੀ, ਏਕ ਪਹਿਰ, ਏਕ ਮਿੰਟ ਯਹ ਕਾਲ ਬੀਤ ਜਾਨੇ ਪਰ ਭੂਤ ਕਾਲ ਕਹਿਲਾਤਾ ਹੈ ਉਸ ਕਾਲ ਮੇਂ ਭੀ ਦੁਖ ਨਹੀਂ। ਕਿਉਂਕਿ ਵੋਹ ਬੀਤ ਚੁਕਾ ਹੈ ਔਰ ਬੀਤੀ ਹੂਈ ਵਸਤੂ ਕੇ ਸਾਥ ਫੇਰ ਮੇਲ (ਚਿੱਤ ਬ੍ਰਿਤੀ ਸੰਬੰਧ) ਨਹੀਂ ਹੋਤਾ ਜੈਸੇ ਗੁਰੂ ਜੀ ਲਿਖਤੇ ਹੈਂ :-

**ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥**

ਇਸ ਵਾਸਤੇ ਬੀਤੇ ਹੂਏ ਪਦਾਰਥੋਂ ਕਾ ਸ਼ੋਕ ਨਹੀਂ ਕਰਨਾ ਚਾਹੀਏ ਔਰ ਅਨਾਗਤ ਯਾਨੇ ਭਵਿਸ਼ ਪਦਾਰਥ ਵਰਤਮਾਨ ਕਾਲ ਮੇਂ ਹੈ ਨਹੀਂ, ਇਸ ਲੀਏ ਵੋਹ ਭੀ ਅਸੋਚਯ ਹੈਂ, ਸ਼ੋਕ ਕਰਨੇ ਕੇ ਲਾਈਕ ਨਹੀਂ, ਇਸ ਵਾਸਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਗੀਤਾ ਮੇਂ ਅਰਜਨ ਪ੍ਰਤੀ ਕਹਿਤੇ ਹੈਂ :-

**ਅਸ਼ੋਚਯਾਨਨ੍ਵ ਸ਼ੋਚਸਤ੍ਵੰ ਪ੍ਰਗਯਾਵਾਦਾਂਸ ਭਾਸ਼ਸੇ ॥ ਗਤਾਸੂਨ ਗਤਾਸੂੰਸ਼ ਨਾਨੂ ਸੋਚੰਤਿ ਪੰਡਿਤਾ: ॥**
[ਗੀਤਾ ਅਧਯਾਯ ੨ ਸ਼ਲੋਕ ੧੧

ਅਰਥ-ਹੇ ਅਰਜਨ ਤੂੰ ਅਸੋਚਯ ਬਾਂਧਵੋਂ ਕਾ ਸ਼ੋਕ ਕਰਤਾ ਹੈਂ ਯਾਨੇ ਜੋ ਸ਼ੋਕ ਕੇ ਲਾਇਕ ਨਹੀਂ ਉਨਕਾ ਸ਼ੋਕ ਕਰਤਾ ਹੈ ਔਰ ਪੰਡਿਤੋਂ ਕੀ ਨਿਆਈਂ ਬੋਲਤਾ ਹੈਂ ਪ੍ਰੰਤੂ ਤੂੰ ਪੰਡਿਤ ਨਹੀਂ ਪੰਡਿਤ ਲੋਗ ਦੋਨੋਂ ਤਰਹ ਸੇ ਸ਼ੋਕ ਨਹੀਂ ਕਰਤੇ। ਜੈਸੇ ਸੰਬੰਧੀਓਂ ਕੇ ਮਰ ਜਾਨੇ ਪਰ ਸੰਸਾਰੀ ਲੋਕ ਰੋਤੇ ਹੈਂ ਔਰ ਸ਼ੋਕ ਮਨਾਤੇ ਹੈਂ ਇਸ ਤਰਹ ਪੰਡਤ ਨਹੀਂ ਕਰਤੇ। ਔਰ ਜੀਤੇ ਹੂਏ ਬਾਂਧਵੋਂ ਕੇ ਦੁਰਾਚਾਰੀ ਹੋਣੇ ਪਰ ਦੂਸਰੇ ਸਾਸਤ੍ਰੀ ਲੋਗ ਸੋਕ ਕਰਤੇ ਹੈਂ ਕਿ ਹਮਾਰੇ ਕੁਲ ਮੇਂ ਯਹ ਦੁਰਾਚਾਰੀ ਕਿਉਂ ਹੂਆ। ਇਸ ਪਰ ਸਾਸਤ੍ਰੀ ਲੋਗ ਦੁਰਾਚਾਰੀ ਹੋਣੇ ਪਰ ਸ਼ੋਕ ਕਰਤੇ ਹੈਂ, ਪਰੰਤੂ ਸੰਬੰਧੀਓਂ ਕੇ ਮਰਨੇ ਪਰ ਭੀ ਸ਼ੋਕ ਨਹੀਂ ਕਰਤੇ, ਪਰੰਤੂ ਵਿਦਵਾਨ ਲੋਗ ਸਬੰਧੀਓਂ ਕੇ ਮਰ ਜਾਨੇ ਅਰ ਦੁਰਾਚਾਰੀ ਹੋਣੇ ਪਰ ਭੀ ਸੋਕ ਨਹੀਂ ਕਰਤੇ। ਔਰ ਤੂੰ ਸੋਕ ਕਰਤਾ ਹੈਂ, ਯਾਂਤੇ ਤੂੰ ਪੰਡਿਤ ਯਾਨੇ ਵਿਦਵਾਨ ਨਹੀਂ। ਫੇਰ ਤੂੰ ਅਸੋਚੋਂ ਕਾ ਸੋਕ ਕਰਤਾ ਹੈ ਯਾਨੇ ਤੁਮਾਰੇ ਸੰਬੰਧੀ ਭੀਸ਼ਮ ਦ੍ਰੋਣਾਚਾਰਯ ਆਦੀ ਮਰੇ ਨਹੀਂ ਔਰ ਦੁਰਾਚਾਰੀ ਭੀ ਨਹੀਂ ਹੂਏ ਇਸ ਵਾਸਤੇ ਸੋਕ ਕਰਨੇ ਕੇ ਲਾਇਕ ਹੀ ਨਹੀਂ ਅਗਰ ਮਰ ਜਾਤੇ ਤੋ ਤੂੰ ਸੰਸਾਰੀਓਂ ਕੀ ਨਿਆਈਂ ਰੋਤਾ, ਦੁਰਾਚਾਰੀ ਹੋ ਜਾਤੇ ਤੋ ਤੂੰ ਸ਼ਾਸਤ੍ਰੀਓਂ ਕੀ ਤਰਹ ਸੋਕ ਕਰਤਾ, ਦੋਨੋਂ ਪਰਕਾਰ ਸੇ ਸੋਕ ਲਾਇਕ ਨਹੀਂ ਤਾਂਤੇ ਤੂੰ ਬੁਧੀਮਾਨ ਨਹੀਂ। ਇਸ ਪਰਕਾਰ ਬਧੀਮਾਨ ਅਨਾਗਤ ਪਦਾਰਥੋਂ ਕਾ ਭੀ ਸੋਕ ਨਹੀਂ ਕਰਤੇ, ਕਿਉਂਕਿ ਅਨਾਗਤ ਪਦਾਰਥ ਅਸੋਚ ਹੈਂ, ਸੋਕ ਲਾਇਕ ਨਹੀਂ। ਜੋ ਅਨਾਗਤ ਯਾਨੇ ਭਵਿਸ਼ਯਤ ਪਦਾਰਥੋਂ ਕੀ ਚਿੰਤਾ ਕਰਤਾ ਹੈ, ਵੁਹ ਸੇਖ ਚਿੱਲੀ ਕੀ ਨਿਆਈਂ ਤਥਾ ਸੋਮਸ਼ਰਮਾ ਕੇ ਪਿਤਾ ਕੀ ਨਿਆਈਂ ਦੁਖ ਕੋ ਪਰਾਪਤ ਹੋਤਾ ਹੈ।



**ਅਨਾਗਤ ਵਤੀਂ ਚਿਤਾਂ ਅਸੰਭਾਬਯਾਂ ਕਰੋਤਿ ਯ: । ਸ ਏਵ: ਪਾਂਡੂਰ: ਸ਼ੇਤੇ ਸੋਮਸ਼ਰਮਾ ਪਿਤਾ ਯਥਾ ॥**
[ਅਪਰੀਖਤ ਕਾਰਕ ਪ੍ਰਕਰਣ ਪੰਚ ਤੈਤਰ

ਅਰਥ-ਸ਼ੇਖ ਚਿਲੀ ਕੀ ਔਰ ਸੋਮਸ਼ਰਮਾ ਕੇ ਪਿਤਾ ਕੀ ਕਥਾ ਏਕ ਜੈਸੀ ਹੀ ਹੈ। ਅਨਾਗਤ ਪਦਾਰਥ ਕੀ ਚਿੰਤਾ ਕਰਨੀ ਯੋਗਯ ਨਹੀਂ, ਪਰੰਤੂ ਜੋ ਚਿੰਤਾ ਕਰਤਾ ਹੈ ਸੋ ਐਸਾ ਪੀਤ ਰੰਗ ਵਾਲਾ ਯਾਨੇ ਦੁਖੀ ਹੋ ਜਾਤਾ ਹੈ ਜੈਸੇ ਸੋਮਸ਼ਰਮਾ ਕਾ ਪਿਤਾ। ਏਕ ਨਗਰ ਮੇਂ ਏਕ ਕਿਰਪਣ ਬ੍ਰਾਹਮਣ ਰਹਿਤਾ ਥਾ ਏਕ ਦਿਨ ਭਿਖਸ਼ਾ ਮੇਂ ਬਹੁਤ ਸੇ ਸੱਤੂ ਮਾਂਗ ਕਰ ਲੇ ਆਯਾ ਔਰ ਘੜਾ ਭਰ ਕਰ ਖੂੰਟੀ ਪਰ ਲਟਕਾ ਦੀਆ, ਔਰ ਆਪ ਖਟੀਆ ਪਰ ਲੇਟ ਗਿਆ, ਫਿਰ ਵਿਚਾਰ ਕਰਨੇ ਲਗਾ ਕਿ ਜਬ ਦੁਰਭਿਖਯ ਪੜ ਜਾਵੇਗਾ ਤੋ ਯਹ ਘੜਾ ਸੌ ਰੁਪੈ ਕਾ ਬੇਚ ਲੂੰਗਾ, ਉਸ ਸੌ ਰੁਪੈ ਸੇ ਪਸ਼ੂਓਂ ਕਾ ਵਪਾਰ ਕਰੂੰਗਾ ਯਾਨੇ ਬੱਕਰੀ, ਗਊ, ਭੈਂਸ, ਘੋੜੇ ਆਦੀ ਖਰੀਦੂੰਗਾ ਉਨ ਕੋ ਬੇਚ ਕਰ ਬਹੁਤ ਧਨ ਕਮਾਊਂਗਾ। ਫਿਰ ਉਸ ਧਨ ਸੇ ਸੁੰਦਰ ਮਕਾਨ ਬਨਾਊਂਗਾ, ਫਿਰ ਕਿਸੀ ਵਿਦਵਾਨ ਕੀ ਕੰਨਿਆ ਕੇ ਸਾਥ ਸ਼ਾਦੀ ਕਰੂੰਗਾ। ਉਸ ਸੇ ਪੁਤਰ ਹੋਗਾ ਤਬ ਉਸਕਾ ਨਾਮ ਸੋਮ ਸਰਮਾ ਰਖੂੰਗਾ ਫਿਰ ਪੁਤਰ ਕੋ ਗੋਦ ਮੇਂ ਲੇਕਰ ਇਸਤ੍ਰੀ ਕੋ ਪਾਸ ਬੁਲਾਊਂਗਾ। ਵੋਹ ਮਾਨ ਸੇ ਨ ਆਵੇਗੀ ਤੋ ਫਿਰ ਬੁਲਾਊਂਗਾ ਜਬ ਆਵੇਗੀ ਤਬ ਕ੍ਰੋਧ ਸੇ ਐਸੇ ਲਾਤ ਮਾਰੂੰਗਾ। ਇਸ ਤਰਹ ਖਿਆਲ ਕਰਕੇ ਜੋਰ ਸੇ ਲਾਤ ਚਲਾਈ ਲਾਤ ਕੇ ਪਰਿਹਾਰ ਸੇ ਘੜਾ ਦੂਰ ਜਾ ਪੜਾ ਔਰ ਟੂਟ ਗਿਆ। ਸੁਭ ਸੱਤੂ ਮਿਟੀ ਮੇਂ ਮਿਲ ਗਏ। ਵਹਿ ਬ੍ਰਾਹਮਣ ਰੋਨੇ ਲਗਾ, ਔਰ ਕਹਿਣੇ ਲਗਾ ਕਿ ਮੇਰਾ ਸਾਰਾ ਕੁਟੰਬ ਨਸ਼ਟ ਹੋ ਗਿਆ। ਇਸੀ ਪ੍ਰਕਾਰ ਕੀ ਕਥਾ ਸ਼ੇਖ ਚਿਲੀ ਕੀ ਹੈ। ਤਾਂਤੇ ਅਨਾਗਤ ਕੀ ਜੋ ਚਿੰਤਾ ਕਰਤਾ ਹੈ ਵੁਹ ਮਰਖ ਕਹਾਤਾ ਹੈ। ਜੈਸੇ ਭੂਤ ਭਵਿਸ਼ਤ ਕਾਲ ਕੀ ਚਿੰਤਾ ਮੂਰਖ ਕਰਤੇ ਹੈਂ ਤੈਸੇ ਵਰਤਮਾਨ ਕਾਲ ਕੇ ਪਦਾਰਥੋਂ ਕੀ ਚਿੰਤਾ ਭੀ ਮੂਰਖ ਹੀ ਕਰਤੇ ਹੈਂ।

**ਪ੍ਰਾਪ੍ਤਬਯਮਰਥੰ ਲਭਤੇ ਮਨੁਸ਼ਯੋ ਦੇਵੋ ਅਪਿਤੰ ਲੰਘਿਯਿਤੁੰ ਨ ਸ਼ਕਤ: ਤਸਮਾਤ ਨ ਸ਼ੋਚਾਮਿ ਨ ਵਿਸਮਯੋ ਮੇ ਯਦਸਦੀਯੰ ਨਹਿਤਤ ਪਰੇਸ਼ਾਂ॥**
[ਪੰਚ ਤੰਤ੍ਰ ਮਿਤ੍ਰ ਸਮ ਪ੍ਰਾਪਤੀ ੨

ਅਰਥ-ਮਨੁਸ਼ਯ ਪ੍ਰਾਰਬਧ ਕੇ ਅਧੀਨ ਭੋਗੇ ਪਦਾਰਥ ਕੋ ਅਵੱਸ਼ ਪਾਤਾ ਹੈ। ਪ੍ਰਮੇਸ਼ੁਰ ਭੀ ਤਿਸ ਪ੍ਰਾਰਬਧ ਭੋਗ ਕੋ ਹਟਾਨੇ ਮੇਂ ਸਮਰਥ ਨਹੀਂ। ਇਸ ਲੀਏ ਨ ਮੇਰੇ ਕੋ ਸ਼ੋਕ ਹੈ ਅਰ ਨ ਖੁਸ਼ੀ ਹੈ ਕਿਉਂਕਿ ਜੋ ਹਮਾਰਾ ਹੈ, ਉਸ ਕੋ ਕੋਈ ਦੂਸਰਾ ਭੋਗ ਹੀ ਨਹੀ ਸਕਤਾ, ਜੈਸੇ ਸਾਗਰ ਦੱਤ ਬਨੀਏ ਕਾ ਪੁਤ੍ਰ ਯਹ ਕਥਾ ਪੜ੍ਹ ਕਰ ਹਰਖ ਸੋਗ ਸੇ ਰਹਿਤ ਹੋ ਗਿਆ। ਸਾਗਰ ਦੱਤ ਕਾ ਲੜਕਾ ਬੜਾ ਸਤਿਸੰਗੀ ਥਾ, ਵੁਹ ਏਕ ਮਹਾਤਮਾ ਕੀ ਸ਼ਰਨ ਮੇਂ ਗਿਆ ਔਰ ਸੰਤੋਂ ਕੀ ਸੇਵਾ ਕਰਕੇ ਉਨ ਕੋ ਪ੍ਰਸੰਨ ਕਰ ਲੀਆ, ਫਿਰ ਪ੍ਰਸ਼ਨ ਕੀਆ ਕਿ ਕੋਈ ਐਸਾ ਸ਼ਲੋਕ ਸੁਨਾਓ ਜੋ ਹਰ ਸਮੇਂ ਚਿਤ

ਮੇਂ ਧੀਰਜ ਬਤਾ ਰਹੇ । ਦੁਖ ਦੁਖ ਮਾਲੂਮ ਨਾ ਹੋਵੇ । ਤਬ ਸੰਤੋਂ ਨੇ ਵਿਚਾਰ ਕੀਆ ਕਿ ਅਗਰ ਇਸਕੋ ਸਲੋਕ ਸੁਨਾਉਂ ਤੋ ਯਹ ਸਲੋਕ ਕੀ ਕਿਆ ਕਦਰ ਕਰੇਗਾ । ਔਰ ਹਮਾਰੇ ਬਚਨ ਅਮੁਲਯ ਹੈ, ਐਸਾ ਵਿਚਾਰ ਕਰ ਮਹਾਤਮਾ ਨੇ ਕਹਾ ਕਿ ਸੌ ਰੁਪਯਾ ਲੇ ਆਉ ਤਬ ਏਕ ਸਲੋਕ ਸੁਨਾਊਂਗਾ । ਵੁਹ ਲੜਕਾ ਆਪਣੇ ਪਿਤਾ ਕੇ ਪਾਸ ਗਿਆ ਔਰ ਕਹਾ ਕਿ ਮੁਝੇ ਏਕ ਸੌ ਰੁਪਯਾ ਦੇ ਦੋ ਮੈਂ ਏਕ ਅਮੋਲਕ ਚੀਜ਼ ਖਰੀਦ ਲਾਊਂ । ਪ੍ਰੰਤੂ ਪਿਤਾ ਨੇ ਨਾ ਦੀਆ, ਵੁਹ ਬਾਲਕ ਭੀ ਹਠ ਕਰਕੇ ਰੁੱਸ ਬੈਠਾ, ਆਖਰ ਮਾਤਾ ਸੇ ਸੌ ਰੁਪਯਾ ਲੇਕਰ ਸਲੋਕ ਲਿਖਾ ਕਰ ਲੇ ਆਯਾ ਔਰ ਸਤੋਂ ਨੇ ਉਸ ਸਲੋਕ ਕਾ ਟੀਕਾ ਟਿਪਣੀ ਕਰਕੇ ਉਸ ਬਾਲਕ ਕੀ ਬੁਧੀ ਮੇਂ ਅਛੀ ਤਰਹ ਦ੍ਰਿੜ ਕਰਾ ਦੀਆ, ਵੁਹ ਬਾਲਕ ਭੀ ਪੁਨਾ ਪੁਨਾ ਸਲੋਕ ਸਿਮਰਣ ਕਰਕੇ ਸੋਕ ਰਹਿਤ ਪ੍ਰਸੰਨ ਬਦਨ ਹੋ ਗਿਆ । ਜਬ ਘਰ ਆਯਾ ਤੋ ਉਸ ਕੇ ਮਾਤਾ ਪਿਤਾ ਨੇ ਪੂਛਾ ਕਿਆ ਅਮੁਲਯ ਵਸਤੂ ਲੇ ਆਯਾ ਹੈਂ ? ਤਬ ਉਸ ਲੜਕੇ ਨੇ ਕਹਾ ਮਹਾਤਮਾ ਕਾ ਵਚਨ ਰੂਪੀ ਸਲੋਕ । ਪਿਤਾ ਕੋ ਯਹ ਬਾਤ ਸੁਨ ਕਰ ਬੜਾ ਕ੍ਰੋਧ ਹੂਆ ਔਰ ਲੜਕੇ ਕੋ ਬਹੁਤ ਮਾਰਾ ਔਰ ਹਮੇਸ਼ ਕੇ ਲੀਏ ਘਰ ਸੇ ਨਿਕਾਲ ਦੀਆ ਕਿ ਤੂੰ ਮੇਰਾ ਪੁਤ੍ਰ ਨਹੀਂ । ਬਾਲਕ ਪ੍ਰਸੰਨ ਬਦਨ ਹੋ ਕਰ ਪਿਤਾ ਕੀ ਆਗਯਾ ਮਾਨ ਕਰ ਦੇਸਾਤ੍ਰ ਕੋ ਚਲਾ ਗਿਆ ਔਰ ਵਹਾਂ ਜਾਕਰ (ਪ੍ਰਾਪਤਬਜਮਰਥੰ ਲਭਤੇ ਮਨੁਸ਼ਯੋ) ਇਸ ਸ਼ਲੋਕ ਕਾ ਅਭਯਾਸ ਕਰਨੇ ਲਗਾ, ਜੋ ਕੋਈ ਭੀ ਪੂਛਤਾ ਥਾ ਕਿ ਤੁਮਾਰਾ ਨਾਮ ਕਿਆ ਹੈ ਉਸ ਕੇ ਆਗੇ (ਪ੍ਰਾਪਤਬਜਰਥਮ) ਕਹਿ ਦੇਤਾ ਥਾ । ਲੋਗੋਂ ਨੇ ਉਸਕਾ ਨਾਮ ਪ੍ਰਾਪਤਬਜਮਰਥ ਹੀ ਰਖ ਦੀਆ: ਅਬ ਵੋਹ ਨਿਡਰ ਹੋਕਰ ਸ਼ਹਿਰੋਂ ਔਰ ਜੰਗਲੋਂ ਮੇਂ ਰਹਿਣੇ ਲਗਾ । ਦਿਨ ਸ਼ਹਿਰ ਮੇਂ ਤੋ ਰਾਤ੍ਰੀ ਜੰਗਲ ਮੇਂ, ਕਭੀ ਦਿਨ ਜੰਗਲ ਮੇਂ ਔਰ ਰਾਤ੍ਰੀ ਸ਼ਹਿਰ ਮੇਂ । ਇਸ ਪ੍ਰਕਾਰ ਨਿਰਭੈ ਹੋਕਰ ਵਿਚਰਨੇ ਲਗਾ ਏਕ ਦਿਨ ਉਸ ਸ਼ਹਿਰ ਮੇਂ ਏਕ ਸ਼ਾਹੂਕਾਰ ਕੀ ਕੰਨਯਾਂ ਕੀ ਸ਼ਾਦੀ ਥੀ। ਔਰ ਰਤਨ ਜੜਤ ਮੰਡਪ ਤਥਾ ਵੇਦੀ ਬਣੀ ਹੋਈ ਥੀ, ਜੰਞ ਆ ਰਹੀ ਥੀ, ਔਰ ਬਿਜਲੀਆਂ ਖੂਬ ਜਲ ਰਹੀਂ ਥੀਂ ਔਰ ਬਹੁਤ ਲੋਕ ਇਕੱਠੇ ਹੋ ਰਹੇ ਥੇ। ਯਹ ਲੜਕਾ ਭੀ ਸੁਭਾਵਕ ਵਹਾਂ ਚਲਾ ਗਿਆ ਜਬ ਜੰਞ ਦਰਵਾਜੇ ਪਰ ਆਈ ਤਬ ਏਕ ਮਸਤ ਹਾਥੀ ਮਹਾਵਤ ਸੇ ਬਿਗੜ ਗਿਆ ਔਰ ਲਗਾ ਲੋਗੋਂ ਕੋ ਮਾਰਨੇ, ਵਰ ਔਰ ਜਾਂਞੀ ਤਥਾ ਹੋਰ ਤਮਾਸ਼ਬੀਨ ਲੋਗ ਸਭ ਆਪਨੀ ਆਪਨੀ ਜਾਨ ਲੇਕਰ ਭਾਗ ਗਏ। ਉਸ ਮੰਡਪ ਮੇਂ ਕੇਵਲ ਸਖੀ ਸਮੇਤ ਵੁਹ ਕੰਨਯਾਂ ਰਹਿ ਗਈ ਔਰ ਹਾਥੀ ਚਿੱਲਾਤਾ ਹੂਆ ਕੰਨਯਾਂ ਕੀ ਤਰਫ ਆਯਾ। ਤਬ ਕੰਨਯਾ ਡਰ ਕਰ ਪੁਕਾਰਨੇ ਲਗੀ ਕਿ ਰਖਯਾ ਕਰੋ ਰਖਯਾ ਕਰੋ, ਪਰੰਤੂ ਮੌਤ ਕੇ ਭਯ ਸੇ ਕੰਨਯਾਂ ਕੀ ਰਖਯਾ ਨਿਮਿਤ ਕੋਈ ਨਾ ਪਹੁੰਚਾ ਤਬ ਪ੍ਰਾਪਤਬਜਮਰਥ ਕੋ ਦਯਾ ਆਈ ਔਰ ਕਹਾ ਕਿ ਮਤ ਡਰੋ, ਐਸੇ ਕਹਿ ਕਰ ਵਹਿ ਦੌੜਕੇ ਕੰਨਯਾਂ ਕੇ ਪਾਸ ਚਲਾ ਗਿਆ ਔਰ ਹਾਥੀ ਕੋ ਹਟਾਯਾ ਤਬ ਕੰਨਯਾਂ ਭਯਭੀਤ ਹੋ ਕਰ ਉਸ ਕੇ ਗਲੇ ਸਾਥ ਲਿਪਟ ਗਈ। ਔਰ ਕਹਾ ਕਿ ਤੂੰ ਹੀ ਮੇਰਾ ਪਤੀ ਹੈਂ ਜਿਸਨੇ ਮੁਝੇ ਪ੍ਰਾਨ ਦਾਨ ਦੀਏ ਹੈਂ । ਹਾਥੀ ਕੇ ਹਟ ਜਾਣੇ ਪੀਛੇ ਫਿਰ ਵਰ ਔਰ ਜਾਂਞੀ ਆ ਕਰ



ਇਕਠੇ ਹੁਏ ਔਰ ਵਿਵਾਹ ਕੀ ਤਿਆਰੀ ਕਰਨੇ ਲਗੇ । ਤਬ ਕੰਨਯਾਂ ਬੋਲੀ ਕਿ ਮੈਂ ਤੋ ਇਸਕੇ ਸਾਥ ਹੀ ਸਾਦੀ ਕਰੂੰਗੀ ਜਿਸ ਨੇ ਮੇਰੇ ਪ੍ਰਾਣ ਬਚਾਏ । ਤਬ ਪਿਤਾ ਨੇ ਭੀ ਕੰਨਯਾਂ ਕਾ ਬਚਨ ਮਾਨ ਕਰ ਪ੍ਰਾਪਤਬਯਮਰਥ ਕੇ ਸਾਥ ਸ਼ਾਦੀ ਕਰ ਦਿਤੀ, ਪਰੰਤੂ ਪ੍ਰਾਪਤਬਜਮਰਥ ਨੇ ਕਹਾ ਕਿ ਮੈਂ ਸੁਤੰਤ੍ਰ ਰਹੂੰਗਾ, ਬਨ ਮੇਂ ਰਹੂੰ ਚਾਹੇ ਸ਼ਹਿਰ ਮੇਂ ਰਹੂੰ, ਕੰਨਯਾਂ ਨੇ ਸਭ ਸ੍ਵੀਕਾਰ ਕਰ ਲੀਆ ਤਬ ਕੰਨਯਾਂ ਨੇ ਪਤੀ ਕੀ ਬਹੁਤ ਸੇਵਾ ਕਰ ਕੇ ਪਤੀ ਕੋ ਪ੍ਰਸੰਨ ਕੀਆ ਔਰ ਆਪਣੇ ਪਿਤਾ ਕੋ ਹਰ ਵਕਤ ਆਪਣੇ ਪਤੀ ਕੇ ਗੁਣ ਸੁਨਾਤੀ ਰਹਿਤੀ ਥੀ । ਏਕ ਦਿਨ ਪ੍ਰਾਪਤਬਜਮਰਥ ਕਾ ਸਹੁਰਾ ਯਾਨੇ ਕੰਨਯਾਂ ਕਾ ਬਾਪ ਪ੍ਰਾਪਤਬਜ-ਮਰਥ ਕੋ ਕਹਿਨੇ ਲਗਾ ਕਿ ਮੈਂ ਜਹਾਜ਼ ਭਰ ਕਰ ਸੌਦਾਗਰੀ ਕਰਨੇ ਕੇ ਲੀਏ ਕਿਸੀ ਰਾਜਾ ਕੇ ਦੇਸ਼ ਮੇਂ ਜਾਊਂਗਾ ਆਪ ਭੀ ਚਲੋ ਤੋ ਅਛਾ ਹੈ। ਪ੍ਰਾਪਤਬਜਮਰਥ ਕਹਿਣੇ ਲੱਗਾ ਹੱਛਾ ਚਲੇਂਗੇ । ਸਭ ਪ੍ਰੀਵਾਰ ਨੇ ਤਿਆਰੀ ਕਰੀ ਔਰ ਏਕ ਰਾਜਾ ਕੇ ਰਾਜ ਮੇਂ ਪਹੁੰਚੇ । ਵਹਾਂ ਢੰਡੋਰਾ ਫਿਰ ਰਹਾ ਥਾ ਕਿ ਸ਼ਾਹੀ ਦਰਵਾਜੇ ਪਰ ਲਿਖੇ ਹੂਏ ਜੋ ਅਖਰ ਹੈਂ ਉਨ ਕੋ ਜੋ ਪੜੇਗਾ ਉਸ ਕੋ ਰਾਜ ਕੰਨਯਾਂ ਤਥਾ ਵਜ਼ੀਰ ਕੰਨਯਾਂ ਕੇ ਸਾਥ ਸ਼ਾਦੀ ਕਰਾਈ ਜਾਏਗੀ । ਅਗਰ ਨਾ ਪੜ੍ਹ ਸਕੇਗਾ ਤੋ ਉਸਕਾ ਸਭ ਮਾਲ ਜ਼ਬਤ ਕਰਕੇ ਕੈਦ ਕਰਾ ਜਾਵੇਗਾ, ਫੀਸ ਲੇਕਰ ਟਿਕਟ ਦੇ ਕਰ ਅੰਦਰ ਜਾਣੇ ਦੇਤੇ ਥੇ ਜਬ ਸ਼ਹਿਰ ਘੂਮਣੇ ਗਏ ਤੋ ਪ੍ਰਾਪਤਬਜਮਰਥ ਕਾ ਸਹੁਰਾ ਜੋ ਬੜਾ ਵਿਦਵਾਨ ਔਰ ਕਈ ਪਰਕਾਰ ਕੇ ਅਖਰ ਜਾਣਤਾ ਥਾ ਉਸ ਕੋ ਖਿਆਲ ਹੂਆ ਕਿ ਮੈਂ ਜ਼ਰੂਰ ਪੜ੍ਹ ਲਊਂਗਾ ਔਰ ਦੋਨੋਂ ਲੜਕੀਓਂ ਕੇ ਸਾਥ ਸ਼ਾਦੀ ਕਰਾ ਲਊਂਗਾ, ਤਬ ਅਪਨੀ ਔਰ ਪ੍ਰਾਪਤਬਯਮਰਥ ਕੀ ਭੀ ਫੀਸ ਦੇ ਕਰ ਅੰਦਰ ਗਏ, ਪਹਿਲੇ ਪ੍ਰਾਪਤਬਯਮਰਥ ਕਾ ਸਹੁਰਾ ਅਖਰ ਪੜ੍ਹਨੇ ਕੇ ਵਾਸਤੇ ਗਿਆ ਪਰੰਤੂ ਵੋਹ ਨ ਪੜ੍ਹ ਸਕਾ ਤਬ ਦੀਵਾਨ ਨੇ ਉਸਕੋ ਗ੍ਰਿਫਤਾਰ ਕਰ ਲੀਆ, ਫਿਰ ਪ੍ਰਾਪਤਬਯਮਰਥ ਕੋ ਕਹਿਣੇ ਲਗੇ ਕਿ ਤੁਮ ਭੀ ਪੜ੍ਹੋ ਉਸ ਨੇ ਵੋਹੀ ਸਲੋਕ ਪੜ੍ਹਾ :–

**ਪ੍ਰਾਪਤਬਜਮਰਥੰ ਲਭਤੇ ਮਨੁਸ਼ਯੋ ਦੇਵੋ ਅਪਿਤੰ ਲੰਘਯਿਤੁੰ ਨ ਸ਼ਕਤ:**
**ਤਸਮਾਤ ਨ ਸ਼ੋਚਾਮਿ ਨ ਵਿਸਮਯੋਮੇ ਯਦਸਮ ਦੀਯੰ ਨਹਿਤਤ ਪਰੇਸ਼ਾਂ॥**

ਠੀਕ ਯਹੀ ਸਲੋਕ ਲਿਖਾ ਹੂਆ ਥਾ ਰਾਜਾ ਸੁਣ ਕਰ ਬੜਾ ਪਰਸੰਨ ਹੂਆ ਤਬ ਉਸ ਕੇ ਸਹੁਰੇ ਕੋ ਭੀ ਛੋੜ ਦੀਆ, ਔਰ ਦੋਨੋਂ ਲੜਕੀਓਂ ਕੀ ਸ਼ਾਦੀ ਕੀ ਤਿਆਰੀ ਕਰੀ, ਤਬ ਪ੍ਰਾਪਤਬਯਮਰਥ ਨੇ ਆਪਣੇ ਮਾਤਾ ਪਿਤਾ ਕੋ ਬੁਲਾਇਆ ਔਰ ਸੌ ਰੁਪਏ ਕੇ ਸਲੋਕ ਕਾ ਮਹਾਤਮ ਦਿਖਲਾਇਆ । ਰਾਜਾ ਨੇ ਦੋਨੋਂ ਲੜਕੀਓਂ ਕੀ ਸ਼ਾਦੀ ਪ੍ਰਾਪਤਬਯਮਰਥ ਨਾਲ ਕਰ ਦਿਤੀ। ਔਰ ਰਾਜ ਭੀ ਦਾਜ ਮੇਂ ਦੇ ਦਿਤਾ, ਕਿਉਂਕਿ ਰਾਜਾ ਕੇ ਘਰ ਕੇਵਲ ਯਹ ਏਕ ਹੀ ਕੰਨਯਾਂ ਥੀ, ਅਬ ਰਾਜਾ ਏਕਾਤ ਮੇਂ ਬੈਠ ਕਰ ਭਜਨ ਕਰਨੇ ਲਗਾ। ਉਨ ਦੋਨੋਂ ਕੰਨਯਾਓਂ ਕੀ ਕਥਾ ਐਸੇ ਹੈ, ਰਾਜਾ ਕੀ ਰਾਣੀ ਔਰ ਵਜ਼ੀਰ ਕੀ ਇਸਤ੍ਰੀ ਆਪਸ ਮੇਂ ਸਹੇਲੀ ਥੀ, ਉਨ੍ਹੋਂ ਨੇ ਪ੍ਰਣ ਕੀਆ ਥਾ ਕਿ ਜੋ ਭੀ ਹਮਾਰੀ ਔਲਾਦ ਹੋਵੇ

ਵੋਹ ਭੀ ਇਕੱਠੇ ਹੀ ਰਹੇ, ਅਗਰ ਤੁਮ ਕੋ ਲੜਕਾ ਔਰ ਹਮ ਕੋ ਲੜਕੀ ਹੋਗੀ, ਅਥਵਾ ਤੁਮ ਕੋ ਲੜਕੀ ਔਰ ਹਮ ਕੋ ਲੜਕਾ ਹੋਗਾ ਤੋ ਆਪਸ ਮੇਂ ਉਨ ਦੋਨੋਂ ਕੀ ਸ਼ਾਦੀ ਹੋਗੀ ਅਗਰ ਦੋਨੋਂ ਕੋ ਕੰਨਜਾਂ ਹੀ ਪੈਦਾ ਹੂਈ ਤੋ ਉਨ ਦੋਨੋਂ ਕੋ ਏਕ ਪਤੀ ਦੀਆ ਜਾਵੇਗਾ, ਅਗਰ ਦੋਨੋਂ ਕੋ ਪੁਤਰ ਹੀ ਹੂਏ ਤੋ ਆਪਸ ਮੇਂ ਦੋਨੋਂ ਰਾਜਾ ਵਜ਼ੀਰ ਹੋਕਰ ਰਹੇਂਗੇ, ਦੇਵਗਤੀ ਸੇ ਦੋਨੋਂ ਕੋ ਕੰਨਿਆਂ ਹੀ ਹੂਈ, ਔਰ ਪਿਤਾਉਂ ਨੇ ਸੰਤੋਂ ਸੇ ਪੂਛਾ ਸੰਤੋਂ ਨੇ ਯਹ ਸਲੋਕ ਕਹਾ ਔਰ ਰਾਜਾ ਕੋ ਕਹਾ ਕਿ ਦਰਵਾਜ਼ੇ ਪਰ ਉਲਟੇ ਅਖਰੋਂ ਮੇਂ ਲਿਖਵਾ ਦੋ ਜੋ ਇਸ ਸ਼ਲੋਕ ਕੋ ਪੜ੍ਹੇਗਾ ਉਸ ਕੋ ਯਹ ਦੋਨੋਂ ਕੰਨਿਆਂ ਵਿਵਾਹ ਦੇਣਾ, ਸੋ ਪ੍ਰਾਪਤਬਜ ਮਰਥ ਨੇ ਸ਼ਲੋਕ ਪੜ੍ਹ ਕਰ ਦੋਨੋਂ ਕੰਨਜਾਓਂ ਕੇ ਸਾਥ ਸ਼ਾਦੀ ਕਰ ਲੀ, ਪ੍ਰਾਪਤਬਜਮਰਥ ਕੀ ਅਪਨੇ ਉੱਦਮ ਸੇ ਬਿਨਾਂ ਕੇਵਲ ਪ੍ਰਾਰਬਧ ਕਰਮ ਸੇ ਤੀਨੋਂ ਕੰਨਿਆਓਂ ਸੇ ਸ਼ਾਦੀ ਹੂਈ ਸੋ ਬੁਧੀਮਾਨ ਪੁਰਸ਼ ਵਰਤਮਾਨ ਕਾਲ ਮੇਂ ਭੀ ਰਾਗ-ਦ੍ਵੈਸ਼ ਹਰਖ-ਸੋਗ ਸੇ ਰਹਿਤ ਹੋ ਕਰ ਪ੍ਰਾਰਬਧ ਅਧੀਨ ਚੇਸ਼ਟਾ ਕਰਤੇ ਹੈਂ ਤਾਂਤੇ ਭੂਤ ਭਵਿਸ਼ਜਤ ਵਰਤਮਾਨ ਤੀਨੋਂ ਕਾਲੋਂ ਮੇਂ ਵਿਚਾਰ ਦਵਾਰਾ ਸਮ ਰਹਿਨਾ ਚਾਹੀਏ, ਹਰਖ ਸੋਗ ਨ ਕਰਨਾ ਚਾਹੀਏ, ਇਸ ਪ੍ਰਕਾਰ ਕਾ ਉਪਦੇਸ਼ ਨਾਰਦ ਜੀ ਭੀ ਮਹਾਰਾਜਾ ਯੁਧਿਸ਼ਟਰ ਕੋ ਕਰਤੇ ਭਏ ਜਿਸ ਵਕਤ ਸ੍ਰੀ ਵਿਦੂਰ ਜੀ ਨੇ ਕੋਰਵੋਂ ਕੇ ਮਾਤਾ ਪਿਤਾ ਧਰਿਤ੍ਰਾਸ਼ਟ੍ਰ ਔਰ ਗੰਧਾਰੀ ਕੋ ਵੈਰਾਗ ਉਪਦੇਸ਼ ਕਰ ਬਿਨਾਂ ਖਬਰ ਕੀਏ ਹੀ ਬਨ ਕੋ ਲੇ ਗਿਆ ਤਬ ਮਹਾਰਾਜਾ ਯੁਧਿਸਟ੍ਰ ਨਿਤ ਨਿਯਮ ਕਰ ਦੇਵ ਮੰਦ੍ਰ ਕੀ ਯਾਤਰਾ ਕਰ ਗੁਰੂ ਜੀ ਕੋ ਨਮਸ਼ਕਾਰ ਕਰ ਹਰ ਰੋਜ਼ ਅਪਨੇ ਚਾਚਾ ਚਾਚੀ ਕੋ ਆ ਕਰ ਨਮਸਕਾਰ ਕੀਆ ਕਰਤੇ ਥੇ ਉਸ ਦਿਨ ਭੀ ਨਮਸਕਾਰ ਕਰਨੇ ਕੇ ਲੀਏ ਚਾਚਾ ਚਾਚੀ ਕੇ ਘਰ ਆਏ ਔਰ ਚਾਚਾ ਚਾਚੀ ਕੋ ਘਰ ਮੇਂ ਨ ਦੇਖ ਕਰ ਰੁਦਨ ਕਰਨੇ ਲਗੇ ਔਰ ਕਹਿਨੇ ਲਗੇ ਕਿ ਹਮ ਨੇ ਯੁਧ ਮੇਂ ਉਨ ਕੇ ਸੌ ਪੁਤਰ ਮਾਰੇ ਹੋਰ ਸੰਬੰਧੀ ਭੀ ਮਾਰੇ ਹੈਨ ਇਸ ਦੋਸ਼ ਸੇ ਹਮਾਰੇ ਪਾਸ ਨ ਰਹਿ ਕਰ ਕਹਾਂ ਚਲੇ ਗਏ ਏਕ ਤੋ ਨੇਤਰ ਹੀਨ ਹੈਂ ਦੂਸਰੇ ਬ੍ਰਿਧ ਹੈਂ ਤੀਸਰੇ ਪੁਤਰ ਰਹਿਤ ਹੈਂ ਚੋਥਾ ਨਿਰਧਨ ਹੈਂ। ਨਾ ਮਾਲੂਮ ਉਨੋਂ ਨੇ ਅਪਨੇ ਸ਼ਰੀਰ ਕੀ ਕਿਆ ਦਸ਼ਾ ਕਰੀ ਹੋਗੀ ਹਮ ਕੋ ਧਿੱਕਾਰ ਹੈ ਜੋ ਐਸੇ ਦੁਖ ਕਾਲ ਮੇਂ ਭੀ ਉਨ ਕੀ ਸੇਵਾ ਨ ਕਰੀ ਐਸੇ ਪ੍ਰਤਿ ਦਿਨ ਰੁਦਨ ਕੀਆ ਕਰਤੇ ਥੇ ਕੁਛ ਦਿਨ ਬਾਦ ਨਾਰਦ ਜੀ ਆ ਗਏ, ਮਹਾਰਾਜਾ ਯੁਧਿਸ਼ਟਰ ਨੇ ਭਾਈਓਂ ਸਹਿਤ ਪੂਜਾ ਕੀ ਤਥਾ ਅਪਨਾ ਦੁਖ ਸੁਨਾਇਆ। ਤਬ ਸ੍ਰੀ ਨਾਰਦ ਜੀ ਕਹਿਨੇ ਲਗੇ, ਤੁਮ ਕਿਸੀ ਬਾਤ ਕੀ ਚਿੰਤਾ ਨ ਕਰੋ, ਜਗਤ ਕੇ ਪਦਾਰਥ ਆਗਮਾ ਪਾਈ ਹੈਂ, ਯਾਨੇ ਕਿਸੀ ਕਾਲ ਮੇਂ ਸੁਖਦਾਈ ਹੈਂ ਔਰ ਕਿਸੀ ਮੇਂ ਦੁਖਦਾਈ ਹੈਂ, ਸਭ ਪ੍ਰਾਣੀਓਂ ਕਾ ਸੰਜੋਗ ਵਿਜੋਗ ਕਾਲ ਕੇ ਅਧੀਨ ਹੈ, ਇਸ ਮੇਂ ਚਿੰਤਾ ਨ ਕਰਨੀ ਚਾਹੀਏ। ਆਪਕੇ ਚਾਚਾ ਚਾਚੀ ਵਿਦੂਰ ਜੀ ਕੇ ਸਹਿਤ ਹਰਿਦੁਆਰ ਸਤ ਸਰੋਵਰ ਤੀਰਥ ਪਰ ਤਪਸਜਾ ਕਰ ਰਹੇ ਹੈਂ, ਸਤ ਸਰੋਵਰ ਵੋਹ ਹੈ ਜਹਾਂ ਸਪਤ ਰਿਸ਼ੀਓਂ ਕੀ ਪ੍ਰਸੰਨਤਾ ਕੇ ਲੀਏ ਗੰਗਾ ਜੀ ਸਤ ਧਾਰਾਓਂ ਮੇਂ ਵਹੀ ਹੈ, ਵਹਾਂ ਰਿਸ਼ੀਓਂ ਕੇ ਉਪਦੇਸ਼ ਸੇ ਉਨੋਂ ਕਾ ਚਿੱਤ ਪਰਮ ਸ਼ਾਂਤੀ ਕੋ ਪਰਾਪਤ ਹੂਆ ਹੈ ਉਨ ਕੋ ਕਿਸੀ ਪਦਾਰਥ ਕੀ ਅਬ ਇੱਛਾ ਨਹੀਂ, ਅਬ ਤੁਮ ਵਹਾਂ ਮਤ ਜਾਓ,



ਉਨ ਕੀ ਸਮਾਧੀ ਮੇਂ ਵਿਘਨ ਪੜੇਗਾ, ਆਜ ਸੇ ਪਾਂਚਵੇਂ ਦਿਨ ਮਹਾਰਾਜਾ ਧ੍ਰਿਤਰਾਸ਼ਟਰ ਜੀ ਅਪਨੇ ਸਰੀਰ ਕੋ ਤਿਆਗ ਦੇਂਗੇ ਔਰ ਉਨਕੀ ਇਸਤ੍ਰੀ ਗੰਧਾਰੀ ਪਤੀ ਕੇ ਸਾਥ ਸਤੀ ਹੋ ਜਾਏਗੀ ਔਰ ਉਨਕਾ ਕਿਰਿਆ ਕਰਮ ਕਰਾਕੇ ਵਿਦੂਰ ਜੀ ਤੀਰਥ ਯਾਤਰਾ ਕੋ ਚਲੇ ਜਾਏਂਗੇ, ਇਸ ਪ੍ਰਕਾਰ ਬੀਤੀ ਹੂਈ ਬਾਤ ਕਾ ਸ਼ੋਕ ਨ ਕਰ ਔਰ ਭਵਿਸ਼ਜ ਬਾਤ ਕਾ ਭੀ ਸ਼ੋਕ ਨ ਕਰਨਾ, ਤੁਮਾਰੇ ਕੋ ਭਵਿਸ਼ਜਤ ਭੀ ਸੁਨਾਤੇ ਹੈਂ ਕਿ ਥੋੜੇ ਦਿਨੋਂ ਮੇਂ ਦੁਰਵਾਸ਼ਾ ਮੁਨੀ ਕੇ ਸ਼ਾਪ ਸੇ ਭਗਵਾਨ ਕ੍ਰਿਸਨ ਜੀ ਜਾਦਵੋਂ ਕਾ ਸ਼ੰਘਾਰ ਕਰਾ ਕਰ ਆਪ ਭੀ ਪਰਮ ਧਾਮ ਕੋ ਚਲੇ ਜਾਏਂਗੇ ਔਰ ਅਰਜਨ ਰੋਤਾ ਹੂਆ ਵਾਪਸ ਆਵੇਗਾ ਔਰ ਤੁਮਾਰੇ ਕੋ ਤਰ੍ਹਾਂ ੨ ਕੇ ਅਪਸ਼ਗਨ ਮਾਲੂਮ ਹੋਂਗੇ ਪ੍ਰੰਤੂ ਤੁਮ ਨੇ ਧੀਰਜ ਰਖਨਾ, ਹਰਖ ਸੋਗ ਨ ਕਰਨਾ ਕਿਉਂਕਿ ਕਾਲ ਕੀ ਪ੍ਰੇਰਨਾ ਸੇ ਯਹ ਸਭ ਕਾਮ ਹੋ ਰਹਾ ਹੈ ਔਰ ਕਾਲ ਨੇ ਸਭ ਕੋ ਮਾਰਨਾ ਹੀ ਹੈ ਕੋਈ ਇਸਥਿਰ ਨ ਰਹੇਗਾ ਤਾਂਤੇ ਹਰਖ ਸੋਗ ਨ ਕਰਨਾ ਐਸੇ ਕਹਿ ਕਰ ਦੇਵ ਰਿਸ਼ੀ ਨਾਰਦ ਜੀ ਚਲੇ ਗਏ ਉਨ ਕੇ ਜਾਨੇ ਪੀਛੇ ਕੁਸ਼ਗਨ ਹੋਨੇ ਲਗੇ ਯਾਨੇ ਖੱਬੇ ਅੰਗ ਫਰਕਨੇ ਲਗੇ, ਗੀਦੜ ਔਰ ਕੁਤੇ ਰੋਨੇ ਲਗੇ, ਗਊਆਂ ਔਰ ਘੋੜੇ ਆਂਸੂ ਬਹਾਨੇ ਲਗੇ, ਬਾਦਲ ਰੁਧਰ ਕੀ ਬਰਸ਼ਾ ਕਰਤੇ ਹੈਂ, ਅਕਾਸ਼ ਮੇਂ ਤਾਰਾ ਗਣ ਆਪਸ ਮੇਂ ਟੱਕਰ ਖਾਤੇ ਹੈਂ, ਬਛੜੇ ਦੂਧ ਨਹੀਂ ਪੀਤੇ, ਦੇਵਤਾਓਂ ਕੀ ਮੂਰਤੀਓਂ ਸੇ ਪਸੀਨਾ ਨਿਕਲ ਰਹਾ ਹੈ, ਇਤਨੇ ਮੇਂ ਮਲਿਨ ਮੁਖ ਕਰਤੇ ਹੂਏ ਔਰ ਰੋਤੇ ਹੂਏ ਅਰਜਨ ਨੇ ਆਕਰ ਭਗਵਾਨ ਕ੍ਰਿਸ਼ਨ ਤਥਾ ਯਾਦਵੋਂ ਕੀ ਕਥਾ ਸੁਣਾਈ ਤਬ ਮਹਾਰਾਜਾ ਯੁਧਿਸ਼ਟਰ ਜੀ ਕਹਿਣੇ ਲਗੇ ਕਿ ਸ੍ਰੀ ਨਾਰਦ ਜੀ ਨੇ ਪਹਿਲੇ ਹੀ ਹਮ ਕੋ ਸਭ ਬ੍ਰਿਤਾਂਤ ਸੁਣਾ ਕਰ ਸ਼ੋਕ ਰਹਿਤ ਕਰ ਦੀਆ ਥਾ ਔਰ ਕਹਾ ਥਾ ਕਿ ਕਾਲ ਅਧੀਨ ਸਭ ਪਦਾਰਥੋਂ ਕਾ ਸੰਜੋਗ ਵਿਜੋਗ ਹੋਤਾ ਹੈ, ਪ੍ਰੰਤੂ ਬੁਧੀਮਾਨੋਂ ਕੋ ਸੰਜੋਗ ਵਿਜੋਗ ਮੇਂ ਸਮ ਰਹਿਣਾ ਚਾਹੀਏ ਯਾਨੇ ਹਰਖ ਸੋਗ ਸੇ ਰਹਿਤ ਹੋਣਾ ਚਾਹੀਏ ਤਾਂਤੇ ਹਮ ਭੀ ਅਬ ਪ੍ਰੀਖਯਤ ਕੋ ਰਾਜ ਦੇ ਕਰ ਹਿਮਾਲਜ ਮੇਂ ਚਲ ਕਰ ਤਪਸਯਾ ਕਰੇਂਗੇ, ਤਬ ਸੁਭ ਸਮਜ ਵਿਚਾਰ ਕਰ ਪਰੀਖਯਤ ਕੋ ਰਾਜ ਦੇ ਕਰ ਦ੍ਰੋਪਤੀ ਸਹਿਤ ਪਾਂਚੋਂ ਪਾਂਡਵ ਹਿਮਾਲਜ ਕੋ ਚਲੇ ਗਏ ਤਾਂਤੇ ਮੁਮੁਖਸ਼ੂਓਂ ਕੋ ਯਹ ਵਿਚਾਰ ਕਰ ਕੇ ਸੁਖ ਦੁਖ ਸੇ ਰਹਿਤ ਹੋ ਕਰ ਜੀਵਨ ਮੁਕਤ ਦਸਾ ਮੇਂ ਰਹਿਣਾ ਚਾਹੀਏ। ਗੁਰੂ ਪ੍ਰਮਾਣ :-

**ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥ ਏਹੁ ਮਾਇਆ ਰੰਗੁ ਕੁਸੰਭਖਿਨ ਮਹਿ ਲਹਿ ਜਾਵਣਾ ॥ ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥ ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥ ਓਹ ਵੇਲਾ ਹਥ ਨ ਆਵਈ ਫਿਰਿ ਪਛੁਤਾਵਣਾ ॥** [ਸੋਰਠ ਵਾਰ ਮ: ੪ ਸਫਾ ੬੪੫

ਤਥਾ ਨਜ਼ੀਰ - **ਦੁਨੀਆਂ ਮੇਂ ਆਪਣਾ ਜੀਵ ਕੋਈ ਬਹਿਲਾਇਕੇ ਮਰ ਗਯਾ । ਦਿਲ ਤੰਗੀਓਂ ਮੇਂ ਕੋਈ ਉਕਤਾਇ ਮਰਕੇ ਗਯਾ ।**

**ਆਕੁਲ ਭੀ ਅਪਣੇ ਆਪ ਕੋ ਸਮਝਾਇਕੇ ਮਰ ਗਯਾ । ਬੇਅਕਲ ਛਾਤੀ ਪੀਟ ਕੇ ਗਮ ਖਾਇਕੇ ਮਰ ਗਯਾ। ਸੁਖ ਪਾਇਕੇ ਮਰ ਗਯਾ ਕੋਈ ਦੁਖ ਪਾਇਕੇ ਮਰ ਗਯਾ । ਜੀਤਾ ਰਹਾ ਨ ਕੋਈ ਹਰ ਏਕ ਆਇਕੇ ਮਰ ਗਯਾ।**

ਗੁਰੂ ਪ੍ਰਮਾਣ:-

**ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ ॥ ਇਕਨੀ ਲਦਿਆ ਇਕਿ ਲਦਿ ਚਲੇ ਇਕਨਾ ਬਧੇ ਭਾਰ ॥ ਇਕਨਾ ਹੋਈ ਸਾਖਤੀ ਇਕਨਾ ਹੋਈ ਸਾਰ ॥ ਲਸਕਰ ਸਣੇ ਦਮਾਮਿਆਂ ਛੁਟੇ ਬੰਕ ਦੁਆਰ ॥**

[ਸਾਰੰਗ ਵਾਰ ਮ: ੫ ਸਫਾ ੧੨੪੪

ਤਥਾ ਕਬਿਤ ਭਾਈ ਗੁਰਦਾਸ:-

**ਜੈਸੇ ਘਰ ਲਾਗੀ ਆਗ ਜਾਗ ਕੂਆ ਖੋਦਯੋ ਚਾਹੇ ਕਾਰਜ ਨ ਸਿਧ ਹੋਇ ਰੋਇ ਪਛੁਤਾਈਏ ॥ ਜੈਸੇ ਕੋਊ ਸੰਗਰਾਮ ਸਮੇਂ ਸੀਖਿਓ ਚਾਹੇ ਬੀਰ ਵਿਦਿਆ ਅਨਥਾ ਉਦਮ ਜੇਤ ਪਦਵੀ ਨ ਪਾਈਏ ॥ ਜੈਸੇ ਨਿਸ ਸੋਵਤ ਸੰਗਾਤੀ ਚਲ ਜਾਤ ਪਾਛੇ ਭੋਰ ਭਏ ਭਾਰ ਬੰਧ ਚਲੇ ਕਤ ਜਾਈਏ ॥ ਤੈਸੇ ਮਾਯਾ ਧੰਧ ਅਵਧ ਵਿਹਾਇ ਜਾਇ ਅੰਤ ਕਾਲ ਕੈਸੇ ਹਰਿ ਨਾਮ ਲਿਵਲਾਈਏ ॥**

ਇਨ ਪ੍ਰਮਾਣੋਂ ਕਾ ਅਰਥ ਸੰਗਤ ਕੋ ਨਿਸਚੇ ਕਰਾਯਾ । ਇਤਨਾ ਵਿਆਖਿਆਨ ਕਰਤੇ ਕਰਤੇ ਸਾਯੰਕਾਲ ਹੋ ਗਿਆ ਔਰ ਸਭ ਪ੍ਰੇਮੀ ਸ੍ਰੀ ੧੦੮ ਨਾਰਾਇਣ ਹਰੀ ਜੀ ਕੋ ਧੰਨਯਵਾਦ ਦੇ ਕਰ ਆਪੋ ਆਪਨੇ ਘਰੋਂ ਮੇਂ ਚਲੇ ਗਏ ਔਰ ਮਹਾਤਮਾ ਭੀ ਅਪਨੇ ਅਪਨੇ ਆਸਨੋਂ ਪਰ ਆਕਰ ਬਿਰਾਜਮਾਨ ਹੋ ਗਏ ਇਤਿ ਸਾਤਵੀਂ ਯੁਕਤੀ ॥ ਅਗਲੇ ਦਿਨ ਫਿਰ ਸਭਾ ਇਕੱਠੀ ਹੁਈ ਔਰ ਸੰਤ ਮੰਡਲੀ ਆ ਗਈ ਤੋ ਸਭ ਨੇ ਸੰਤੋਂ ਕੋ ਨਮਸਕਾਰ ਕਰਕੇ ਆਸਣੋਂ ਪਰ ਬੈਠਾਇਆ । ਤਥਾ ਪ੍ਰਾਰਥਨਾ ਕੀ ਕਿ ਸੁਖ ਦੁਖ ਕੇ ਸਮ ਰਹਿਨੇ ਮੇਂ ਕੋਈ ਹੋਰ ਯੁਕਤੀ ਹੋਵੇ ਤੋ ਸਰਵਨ ਕਰਾਓ ਤਬ ਸ੍ਰੀ ੧੦੮ ਨਾਰਾਇਣ ਹਰੀ ਜੀ ਕਹਿਣੇ ਲਗੇ ਕਿ ਸੁਖ ਦੁਖ ਮੇਂ ਸਮ ਰਹਿਨੇ ਕੀ ਆਠਵੀਂ ਯੁਕਤੀ (ਸ: ਅਤਿਸ਼ਜਤ) ਹੈ ਯਾਨੇ ਸਭ ਜੀਵ ਮਧ ਕੋਟੀ ਮੇਂ ਹੈਂ ਸੁਖੋਂ ਕੀ ਅਵਧੀ ਪਰਮਾਤਮਾ ਹੈ ਔਰ ਦੁਖੋਂ ਕੀ ਅਵਧੀ ਮਾਇਆ ਹੈ ਕਿਉਂਕਿ ਸ਼ਾਸਤਰੋਂ ਮੇਂ ਪਰਮਾਤਮਾ ਸੁਖ ਸਰੂਪ ਕਹਾ ਹੈ ਅਰ ਮਾਇਆ ਦੁਖ ਸਰੂਪ ਕਹੀ ਹੈ, ਜੀਵ ਮਧ ਦਰਜੇ ਮੇਂ ਕਹੇ ਹੈਂ ਅਤਿ ਸੁਖੀ ਭੀ ਨਹੀਂ ਔਰ ਅਤਿ ਦੁਖੀ ਭੀ ਨਹੀਂ, ਅਤਿ ਸੁਖੀ ਮਾਨ ਕਰ ਹਰਖ ਭੀ ਨ ਕਰੇ ਔਰ ਅਪਿ ਦੁਖੀ



ਮਾਨ ਕਰ ਸ਼ੋਕ ਭੀ ਨ ਕਰੇ ਕਿਉਂਕਿ ਜੀਵ ਮੱਧ ਦਰਜੇ ਮੇਂ ਹੈ, ਔਰ ਜੀਵ ਨ ਅਤਿ ਬੜਾ ਹੈ ਔਰ ਨ ਅਤਿ ਛੋਟਾ ਹੈ, ਬੜੇ ਛੋਟੇ ਕੀ ਅੰਧੀ ਭੀ ਈਸ੍ਵਰ ਹੀ ਹੈ, ਜੀਵ ਨਹੀਂ, ਜੈਸੇ ਵੇਦ ਮੇਂ ਲਿਖਾ ਹੈ। (ਅਣੋਰਣੀਯਾਨ ਮਹਤੋਮਹੀਯਾਨ) ਆਤਮਾ ਯਾਨੇ ਪਰਮਾਤਮਾ ਛੋਟੇ ਸੇ ਅਤਿ ਛੋਟਾ ਹੈ, ਔਰ ਬੜੇ ਸੇ ਅਤਿ ਬੜਾ ਹੈ, ਦਸਮੇਸ਼ ਗੁਰੂ ਜੀ ਭੀ ਲਿਖਤੇ ਹੈਂ :-

**ਸੂਖਮ ਤੇ ਸੂਖਮ ਕਰ ਚੀਨੇ ਬਿਰਧਨ ਬਿਰਧ ਬਤਾਏ ॥** [ਜਾਪੁ ਸਾਹਿਬ

ਇਸ ਕਾ ਭੀ ਅਰਥ ਯਹੀ ਹੈ ਕਿ ਪਰਮਾਤਮਾ ਛੋਟੇ ਸੇ ਅਤਿ ਛੋਟਾ ਔਰ ਬੜੇ ਸੇ ਅਤਿ ਬੜਾ ਹੈ ਹਰ ਏਕ ਪਦਾਰਥ ਕੀ ਅੰਧੀ ਪਰਮੇਸ੍ਵਰ ਹੀ ਹੈ, ਬਾਕੀ ਸਭ ਜੀਵ ਮਧ ਕੋਟੀ ਕੇ ਹੈਂ, ਨ ਅਤਿ ਬੜੇ ਹੈ, ਔਰ ਨ ਅਤਿ ਛੋਟੇ ਹੈਂ, ਪ੍ਰਮਾਣ:-

**ਪਿਤਾ ਮੇਰੋ ਬਡੋ ਧਨੀ ਅਗਮਾ ॥ ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ ॥**

[ਗੂ: ਮ: ੫ ਸਫਾ ੫੦੭

ਪਰਮਾਤਮਾ ਹੀ ਬੜੇ ਤੇ ਬੜਾ ਹੈ, ਇਸ ਵਾਸਤੇ ਅਪਨੇ ਕੋ ਬੜਾ ਸਮਝ ਕਰ ਅਭਿਮਾਨ ਨੇ ਕਰਨਾ ਚਾਹੀਏ ਜੈਸੇ ਬ੍ਰਹਮਾ ਨੇ ਹੰਕਾਰ ਕੀਆ ਔਰ ਪਰਮਾਤਮਾ ਨੇ ਉਸਕਾ ਹੰਕਾਰ ਤੋੜਾ ॥ ਕਥਾ-ਜੈਸੇ ਏਕ ਕਾਲ ਮੇਂ ਬਗਦਾਲਭ ਰਿਸ਼ੀ ਕੇ ਪਾਸ ਬ੍ਰਹਮਾ ਜੀ ਆਏ ਤਬ ਬਗਦਾਲਭ ਰਿਸ਼ੀ ਬ੍ਰਹਮਾ ਜੀ ਕੇ ਆਨੇ ਸੇ ਨ ਉਠੇ ਬ੍ਰਹਮਾ ਜੀ ਨੇ ਕ੍ਰੋਧ ਕਰਾ ਮੈਂ ਸ੍ਰਿਸ਼ਟੀ ਕਾ ਕਰਤਾ ਹੂੰ ਤੇਰੇ ਸੇ ਬੜਾ ਹੂੰ ਤੇਰੇ ਕੋ ਉਠਨਾ ਚਾਹੀਏ, ਉਸ ਨੇ ਕਹਾ ਮੈਨੇ ਤੇਰੇ ਜੈਸੇ ਬੜੇ ਬੜੇ ਬ੍ਰਹਮਾ ਦੇਖੇ ਹੈਂ, ਉਸ ਨੇ ਕਹਾ ਮੇਰੇ ਸੇ ਬੜੇ ਬ੍ਰਹਮਾ ਤੈਨੇ ਕਹਾਂ ਦੇਖੇ ਹੈਂ ਰਿਸ਼ੀ ਨੇ ਕਹਾ ਚਲ ਤੇਰੇ ਕੋ ਦੂਸਰੇ ਬ੍ਰਹਮੰਡ ਮੇਂ ਲੇ ਚਲੇਂ ਤਬ ਯੋਗ ਬਲ ਸੇ ਦੋਨੋਂ ਉਡੇ ਦੂਸਰੇ ਬ੍ਰਹਮੰਡ ਮੇਂ ਪਹੁੰਚੇ ਉਥੇ ਅਠ ਮੁਖ ਵਾਲਾ ਬ੍ਰਹਮਾ ਦਿਖਾਈ ਆਇਆ ਤਬ ਉਸ ਚਾਰ ਮੁਖ ਵਾਲੇ ਬ੍ਰਹਮਾ ਕਾ ਅਭਿਮਾਨ ਦੂਰ ਹੂਆ ਔਰ ਰਿਸ਼ੀ ਕੇ ਆਗੇ ਅਠ ਮੁਖ ਵਾਲੇ ਬ੍ਰਹਮਾ ਨੇ ਅਭਿਮਾਨ ਕਰਾ ਤਬ ਰਿਸ਼ੀ ਨੇ ਕਹਾ ਚਲ ਤੁਮਾਰੇ ਕੋ ਭੀ ਦੂਸਰੇ ਬ੍ਰਹਮੰਡ ਮੇਂ ਲੇ ਚਲੇਂ ਫਿਰ ਤੀਨੋ ਉਡੇ ਆਗੇ ਸੋਲਾ ਮੁਖ ਵਾਲੇ ਬ੍ਰਹਮਾ ਕੇ ਪਾਸ ਪਹੁੰਚੇ ਉਸ ਨੇ ਅਭਿਮਾਨ ਕਰਾ ਫਿਰ ਬਤੀਸ ਮੁਖ ਵਾਲੇ ਬ੍ਰਹਮਾ ਪਾਸ ਪਹੁੰਚੇ ਇਸ ਪ੍ਰਕਾਰ ਦੂਣੇ ਦੂਣ ਮੁਖ ਵਾਲੇ ਪਾਸ ਪਹੁੰਚਤੇ ੨ ਹਜਾਰਾਂ ਮੁਖ ਵਾਲੇ ਪਾਸ ਪਹੁੰਚੇ ਜੋ ਸਮਸਟੀ ਅਸਥੂਲ ਸ੍ਰਿਸ਼ਟੀ ਕਾ ਅਭਿਮਾਨੀ ਬੈਰਾਟ ਕਹਾਤਾ ਥਾ ਜਿਸਕੇ ਵਾਸਤੇ ਲਿਖਾ ਹੈ :-

**ਸਹਸ੍ਰ ਸ਼ੀਰਸ਼ਾ ਪੁਰਸ਼ਾ ਸਹਸ੍ਰਾਖਸ਼ਾ ਸਹਸਰ ਪਾਦ ॥** [ਪੁਰਸ਼ ਸੂਰਤ ਪ੍ਰਥਮ ਮੰਤ੍ਰ

ਗੁਰੂ ਜੀ ਲਿਖਦੇ ਹਨ:-

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ॥** [ਧਨਾ: ਮ: ੧ ਸਫਾ ੬੬੩

ਇਸ ਪ੍ਰਮਾਣ ਕੇ ਅਨੁਸਾਰ ਪ੍ਰਮਾਤਮਾਂ ਹੀ ਮੁਖੋਂ ਕੀ ਅੰਧੀ ਹੈ ਐਸਾ ਜਾਨ ਕਰ ਸਭ ਬ੍ਰਹਮਾਓਂ ਕਾ ਹੰਕਾਰ ਦੂਰ ਹੋ ਗਿਆ, ਹੰਕਾਰ ਵਾਲੋਂ ਕੋ ਹੀ ਹਰਖ ਸੋਗ ਹੋਤਾ ਹੈ, ਸਭ

ਬ੍ਰਹਮਾ ਹਰਖ ਸੋਗ ਰਹਿਤ ਹੋ ਕਰ ਸੁਖੀ ਹੋ ਗਏ, ਕਿਉਂਕਿ ਪਰਮਾਤਮਾ ਕੀ ਸ੍ਰਿਸ਼ਟੀ ਕਾ ਅੰਤ ਨਹੀਂ, ਪਰਮਾਤਮਾ ਕੇ ਰੋਮ ਰੋਮ ਮੇਂ ਕੋਟੀ ਕੋਟੀ ਬ੍ਰਹਮੰਡ ਹੈ, ਔਰ ਗੁਰੂ ਨਾਨਕ ਦੇਵ ਜੀ ਨੇ ਲਖੋਂ ਬ੍ਰਹਮੰਡ ਦਿਖਾ ਕਰ ਦਸਤਗੀਰ ਪੀਰ ਕਾ ਸੰਦੇਹ ਦੂਰ ਕਰਾ ਥਾ, ਕਥਾ ਐਸੀ ਹੈ ਕਿ ਏਕ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਔਰ ਮਰਦਾਨੇ ਸਮੇਤ ਬਗਦਾਦ ਪਹੁੰਚੇ, ਏਕ ਤਾਲਾਬ ਪਰ ਰਾਤ ਰਹੇ ਪ੍ਰਾਤਹਕਾਲ ਇਸ਼ਨਾਨ ਕਰ ਜਪੁਜੀ ਕਾ ਪਾਠ ਕਰਤੇ ਹੂਏ:-

## ਪਾਤਾਲਾ ਪਾਤਾਲ ਲਖ ਆਗਾਸਾ ਆਗਾਸ

ਯੇਹ ਪਉੜੀ ਪੜ੍ਹੀ ਤਬ ਦਸਤੀਗਰ ਕਾ ਚੇਲਾ ਸੁਣ ਕਰ ਅਪਨੇ ਪੀਰ ਪਾਸ ਗਿਆ ਔਰ ਕਹਿਨੇ ਲਗਾ ਆਪ ਨੇ ਹਮ ਕੋ ਸਤ ਪਾਤਾਲ ਔਰ ਸਤ ਅਕਾਸ ਕਹੇ ਹੈਂ ਏਕ ਹਿੰਦੂ ਲਖ ਪਾਤਾਲ ਔਰ ਲਖ ਅਗਾਸ ਕਹਿਤਾ ਹੈ, ਕੌਣ ਬਾਤ ਸਚੀ ਹੈ ? ਪੀਰ ਨੇ ਕਹਾ ਵਹੁ ਹਿੰਦੂ ਝੂਠ ਬੋਲਤਾ ਹੈ, ਉਸ ਕੋ ਸਭ ਚੇਲੇ ਜਾ ਕਰ ਪਥਰ ਮਾਰੋ, ਸਭ ਚੇਲੇ ਪਥਰ ਲੇ ਕਰ ਗੁਰੂ ਜੀ ਕੋ ਮਾਰਨੇ ਵਾਸਤੇ ਆਏ, ਹਥ ਉਠਾਇਆ ਗੁਰੂ ਜੀ ਨੇ ਯੇਹ ਬਾਂਗ ਪੜ੍ਹੀ-ਨਿਰੰਕਾਰ, ਸਤ ਸ੍ਰੀ ਅਕਾਲ, ਗੁਰਬਰ ਏਕੰਕਾਰ ਕ੍ਰਿਪਾਲ ਯੇਹ ਬਾਂਗ ਸੁਣ ਕਰ ਸਭ ਕੇ ਸਭ ਜੜ ਹੋ ਗਏ ਪੱਥਰ ਹੋ ਗਏ ਤਬ ਦਸਤੀਗਰ ਪੀਰ ਗੁਰੂ ਜੀ ਕੇ ਚਰਨੋਂ ਮੇਂ ਪੜਾ ਭੂਲ ਬਖਸ਼ਾਈ ਤਬ ਗੁਰੂ ਜੀ ਨੇ ਸਭ ਕੋ ਚੇਤਨ ਕਰਾ, ਫਿਰ ਪੀਰ ਨੇ ਹਥ ਜੋੜ ਕਰ ਕਹਾ ਹਿੰਦੂ ਮਤ ਮੇਂ ਭੀ ਚੋਦਾਂ ਲੋਕ ਲਿਖੇ ਹੈਂ ਆਪ ਲਖਾਂ ਕੈਸੇ ਕਹਿਤੇ ਹੋ ? ਗੁਰੂ ਜੀ ਨੇ ਕਹਾ ਅਸਾਂ ਲਖਾ ਹੀ ਦੇਖੇ ਹੈਂ, ਪੀਰ ਨੇ ਕਹਾ ਮੇਰੇ ਕੋ ਯਹਿ ਕੈਸੇ ਯਕੀਨ ਹੋਵੇ ? ਗੁਰੂ ਜੀ ਨੇ ਕਹਾ ਚਲੋ ਦਿਖਾਈਏ, ਪੀਰ ਨੇ ਪੁਤਰ ਸਾਥ ਭੇਜਾ ਗੁਰੂ ਜੀ ਨੇ ਉਸ ਕੋ ਕਹਾ ਨੇਤਰ ਬੰਦ ਕਰ ਨੇਤਰ ਬੰਦ ਕਰੇ ਤੋ ਲਾਖੋਂ ਹੀ ਬ੍ਰਹਮੰਡ ਦੇਖੇ, ਔਰ ਹਰ ਏਕ ਬ੍ਰਹਮੰਡ ਸੇ ਪੀਰ ਕੇ ਪੁਤਰ ਕੋ ਪਰਸਾਦ ਦਵਾਇਆ ਵਹੁ ਪਰਸਾਦ ਲੇਤੇ ਲੇਤੇ ਥਕ ਗਿਆ ਆਖਰ ਗੁਰੂ ਜੀ ਉਸ ਕੋ ਓਥੇ ਲੈ ਆਏ ਤਬ ਉਸਨੇ ਆਪਨੇ ਪਿਤਾ ਕੋ ਕਹਾ ਜੋ ਗੁਰੂ ਜੀ ਕਹਿਤੇ ਹੈਂ ਸਤ ਕਹਿਤੇ ਹੈਂ, ਤਬ ਉਸ ਪੀਰ ਕਾ ਹੰਕਾਰ ਦੂਰ ਹੂਆ, ਇਸ ਪ੍ਰਕਾਰ ਪਰਮਾਤਮਾ ਹੀ ਔਧੀ ਹੈ, ਮੂੜ ਲੋਕ ਅਗਿਆਨ ਵਸ ਹੋਕਰ ਅਭਿਮਾਨ ਕਰਤੇ ਹੈਂ । ਜੈਸੇ ਰਾਵਣ ਨੇ ਅਭਿਮਾਨ ਕਰਾ ਥਾ ਔਰ ਕਈ ਜਗਾ ਠੋਕਰਾਂ ਖਾਈਆਂ ਪਹਿਲੇ ਬਾਲੀ ਨੇ ਕਛ ਮੇਂ ਛੇ ਮਹੀਨੇ ਰਖ ਛੋੜਾ ਔਰ ਸੰਗਲਾਦੀਪ ਮੇਂ ਇਸਤ੍ਰੀਓਂ ਨੇ ਖਿਲੋਨਾ ਜਾਨ ਕਰ ਹਾਥੋਂ ਮੇਂ ਨਚਾਇਆ ਔਰ ਉਸਕੇ ਦਸੋਂ ਸਿਰੋਂ ਪਰ ਦੀਵੇ ਰਖ ਕਰ ਘਰ ਮੇਂ ਪਰਕਾਸ਼ ਕਰਾ ਰਾਜਾ ਸਹਸਰ ਬਾਹੂ ਹਾਥੋਂ ਸੇ ਜਲ ਰੋਕ ਕਰ ਰਾਵਣ ਕੋ ਨਦੀ ਮੇਂ ਡੁਬਾਨੇ ਲਗਾ, ਰਾਜਾ ਅਜ ਨੇ ਤੀਲੇ ਕਾ ਬਾਣ ਰਾਵਣ ਪਰ ਛੋਡਾ ਔਰ ਉਸ ਬਾਣ ਸੇ ਗਊ ਕੀ ਓਟ ਲੇਕਰ ਬਚਾ, ਕਿਉਂਕਿ ਰਾਜਾ ਅਜ ਕਾ ਬਾਣ ਇਸਤ੍ਰੀ ਔਰ ਗਊ ਕੋ ਛੋਡ ਦੇਤਾ ਥਾ, ਐਸੇ ਰਾਵਣ ਗਊਆਂ ਕੇ ਆਸਰੇ ਰਾਜਾ ਅਜ ਕੇ ਬਾਣ ਸੇ ਬਚਾ, ਫਰ ਉਸਕਾ ਅਭਿਮਾਨ ਦੂਰ ਹੋ ਗਿਆ, ਔਰ ਨਿਰਭਉਪੁਣੇ ਕੀ



ਔਧੀ ਭੀ ਪਰਮਾਤਮਾ ਹੈ, ਸਭ ਜੀਅ ਪਰਮਾਤਮਾ ਕੇ ਭੈ ਮੇਂ ਹੈਂ ਜੈਸੇ ਚੂਹੇ ਕੋ ਬਿਲਾ ਕਾ ਭੈ ਹੈ, ਬਿਲੀ ਕੋ ਕੁਤੇ ਕਾ, ਕੁਤੇ ਕੋ ਬਘਿਆੜ ਕਾ, ਬਘਿਆੜ ਕੋ ਹਾਥੀ ਕਾ, ਹਾਥੀ ਕੋ ਸ਼ੇਰ ਕਾ, ਸ਼ੇਰ ਕੋ ਸਰਭੇ ਕਾ, ਸਰਭੇ ਕੋ ਮੇਘ ਗਰਜਨੇ ਕਾ, ਮੇਘ ਕੋ ਇੰਦਰ ਕਾ, ਇੰਦਰ ਕੋ ਬ੍ਰਹਮਾ ਕਾ, ਬ੍ਰਹਮਾ ਕੋ ਵਿਸ਼ਨੂੰ ਭਗਵਾਨ ਕਾ, ਇਸਤਰਾਂ ਸਭ ਪਰਮਾਤਮਾ ਕੇ ਭੈ ਮੇਂ ਹੈਂ, ਨਿਰਭਯਤਾ ਕੀ ਔਧੀ ਪ੍ਰਮਾਤਮਾ ਹੀ ਹੈ। ਜੈਸੇ ਗੁਰੂ ਜੀ ਲਿਖਦੇ ਹੈ:-

**ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥**
**ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥**
**ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥**
**ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥**

[ਆਸਾ ਦੀ ਵਾਰ ਮਹਲਾ ੧ ਸਫਾ ੪੬੪

ਐਸੇ ਪ੍ਰਮੇਸ਼ਰ ਕੇ ਭੈ ਮੇਂ ਸਭ ਕੋ ਜਾਣ ਕਰ ਹੰਕਾਰ ਨ ਕਰਨਾ ਚਾਹੀਏ ਗੁਰੂ ਨਾਨਕ ਦੇਵ ਜੀ ਨੇ ਦੇਸ਼ ਰਟਨ ਕਰ ਅਨੇਕੋਂ ਪੀਰੋਂ ਕਾ ਹੰਕਾਰ ਤੋੜਿਆ ਗੁਰੂ ਨਾਨਕ ਦੇਵ ਜੀ ਜਬ ਬਗਦਾਦ ਸੇ ਚਲ ਕਰ ਏਕ ਸ਼ਹਿਰ ਮੇਂ ਆਏ, ਵਹਾਂ ਏਕ ਬਹੁਤ ਚੇਲੋਂ ਕੇ ਸਾਥ ਪੀਰ ਰਹਿਤਾ ਥਾ, ਵੁਹ ਕਿਸੀ ਕੋ ਬਾਜਾ ਬਜਾਨੇ ਨਹੀਂ ਦੇਤਾ ਥਾ, ਗੁਰੂ ਨਾਨਕ ਦੇਵ ਜੀ ਉਸ ਜਗਾ ਆਏ ਔਰ ਭਾਈ ਮਰਦਾਨੇ ਕੋ ਕਹਿਨੇ ਲਗੇ ਰਬਾਬ ਵਜਾਓ, ਰਬਾਬ ਕਾ ਅਵਾਜ਼ ਸੁਣ ਕਰ ਪੀਰ ਕੇ ਮੁਰੀਦ ਦੌੜੇ ਔਰ ਕਹਾ ਵਾਜਾ ਬੰਦ ਕਰੋ। ਗੁਰੂ ਜੀ ਨੇ ਕਹਾ ਤੁਮਾਰਾ ਪੀਰ ਕਹੇਗਾ ਤੋ ਬੰਦ ਕਰੇਂਗੇ। ਤਬ ਗੁਰੂ ਜੀ ਨੇ ਕਹਾ ਇਸ ਸਰੋਜੇ ਯਾਨੀ ਇਸ ਬਾਜਾ ਬਜਨੇ ਸੇ ਰੂਹ ਖੁਸ਼ ਰਹਿਤਾ ਹੈ ਔਰ ਖੁਦਾ ਨੇ ਜਬ ਬੁਤ ਬਨਾਏ ਯਾਨੇ ਸਰੀਰ ਬਨਾਏ ਤਬ ਫਰਿਸਤਿਓਂ ਕੋ ਕਹਾ ਕਿ ਇਸ ਕੇ ਸਿਰ ਪਰ ਸਰੋਜ ਕਰੋ, ਜਬ ਸਰੋਜ ਕਰਾ ਤਬ ਬੁਤ ਕੇ ਅੰਦਰ ਰੂਹ ਨਾਮ ਜੀਵ ਨੇ ਪਰਵੇਸ਼ ਕਰਾ ਔਰ ਰੂਹ ਕੋ ਖੁਸ਼ ਕਰਨੇ ਵਾਲਾ ਯਹਿ ਰਬਾਬ ਹੈ। ਤਬ ਪੀਰ ਨੇ ਕਹਾ ਸਾਡੇ ਪੀਰ ਨੇ ਵਾਜੇ ਬੰਦ ਕੀਤੇ ਹੈਂ, ਜ਼ਮੀਨ ਤੇ ਔਰ ਅਸਮਾਨ ਪਰ ਖੁਦਾ ਕੀ ਸਿਫਤ ਕਾ ਵਾਜਾ ਵਜਾਉਨਾ ਕਹਾ ਹੈ । ਗੁਰੂ ਜੀ ਨੇ ਕਹਾ ਲਖੋਂ ਹੀ ਅਕਾਸ ਪਤਾਲ ਹੈਂ, ਲਖੋਂ ਹੀ ਬ੍ਰਹਮੰਡ ਹੈਂ, ਅੰਤ ਕੋਈ ਨਹੀਂ ਪੀਰ ਨੇ ਕਹਾ ਸਾਡੇ ਪੈਗੰਬਰੋਂ ਨੇ ਸਤ ਹੀ ਅਕਾਸ ਪਤਾਲ ਲਿਖੇ ਹੈਂ, ਉਨੋਂ ਨੇ ਡਿਠੇ ਨਹੀਂ। ਗੁਰੂ ਜੀ ਨੇ ਕਹਾ ਡਿਠੇ ਹੈਂ। ਪੀਰ ਨੇ ਕਹਾ ਕਿਸ ਵੇਲੇ ਡਿਠੇ ਹੈਂ ? ਗੁਰੂ ਜੀ ਕਹਿਨੇ

ਲਗੇ ਜਬ ਤੁਹਾਡੇ ਜਬਰਾਈਲ ਪੈਗੰਬਰ ਨੂੰ ਮੇਹਰਾਜ ਵਿਖੇ ਲੇ ਗਏ ਰਸਤੇ ਮੇਂ ਊਨੋਂ ਨੇ ਊਠੋਂ ਕੀ ਕਤਾਰ ਲੰਘਦੀ ਦੇਖੀ ਤੋ ਪੈਗੰਬਰ ਜੀ ਖੜੇ ਹੋ ਗਏ ਤਬ ਜਬਰਾਈਲ ਨੇ ਪੂਛਾ ਕਿਉਂ ਖੜੇ ਹੋ ਗਏ ਹੋ ? ਤੋ ਪੈਗੰਬਰ ਨੇ ਕਹਾ ਊਠੋਂ ਕੀ ਕਤਾਰ ਲੰਘ ਜਾਵੇ ਫੇਰ ਚਲਤੇ ਹੈਂ ਤਬ ਜਬਰਾਈਲ ਨੇ ਕਹਾ ਜਬ ਮੈਂ ਪੈਦਾ ਨ ਹੂਆ ਥਾ ਤਬ ਸੇ ਯਹਿ ਊਠੋਂ ਕੀ ਕਤਾਰ ਜਾ ਰਹੀ ਹੈ ਅਜੇ ਮੁਕੀ ਨਹੀਂ ਤਬ ਪੈਗੰਬਰ ਨੇ ਕਹਾ, ਦੇਖੋ ਤੋ ਇਸ ਪਰ ਕੀਹ ਲਦਾ ਹੂਆ ਹੈ, ਤਬ ਏਕ ਊਂਟ ਕੋ ਖੜਾ ਕਰ ਉਸ ਪਰ ਦੋ ਸੰਦੂਕੇਂ ਲਦੀ ਹੂਈ ਥੀ ਔਰ ਸੰਦੂਕੋਂ ਕੋ ਤਾਲੇ ਲਗੇ ਹੂਏ ਥੇ ਔਰ ਕੁੰਜੀਆਂ ਸਾਥ ਬਧੀਆਂ ਹੋਈਆਂ ਸੀਆਂ, ਕੁੰਜੀ ਨਾਲ ਤਾਲਾ ਖੋਲ ਕਰ ਦੇਖਾ ਸਾਰਾ ਸੰਦੂਕ ਆਂਡਿਆਂ ਨਾਲ ਭਰਾ ਪੜਾ ਹੈ ਹੁਣ ਉਨਾਂ ਨੇ ਦੇਖਾ ਇਸ ਅੰਡੇ ਕੇ ਅੰਦਰ ਕੀਹ ਹੈ, ਉਸਕੋ ਫੋੜਾ, ਫੋੜ ਕਰ ਅੰਦਰ ਗਏ ਤੋ ਕਿਆ ਦੇਖਤੇ ਹੈਂ ਕਿ ਅੰਦਰ ਪੈਗੰਬਰ ਔਰ ਜਬਰਾਈਲ ਬੈਠੇ ਹੈਂ । ਦੂਸਰਾ ਅੰਡਾ ਫੋੜਾ ਤੋ ਭੀ ਉਹੋ ਹੀ ਦੇਖੇ ਐਸੇ ਅਨੰਤ ਅੰਡੇ ਫੋੜੇ ਸਭ ਮੇਂ ਪੈਗੰਬਰ ਔਰ ਜਬਰਾਈਲ ਦੇਖੇ ਉਨੋਂ ਨੇ ਕਹਾ ਕਿ ਏਕ ਏਕ ਅੰਡਾ ਹੀ ਬ੍ਰਹਮੰਡ ਹੈ, ਕਈ ਕੋਟ ਬ੍ਰਹਮੰਡ ਹੈ ? ਗੁਰੂ ਪ੍ਰਮਾਣ:-

**ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ ॥**

ਤਬ ਉਨ ਕਾ ਮਾਨ ਦੂਰ ਹੂਆ, ਔਰ ਜਾਣਿਆ ਕਿ ਈਸ਼ਵਰ ਸਭ ਸੇ ਬੜਾ ਹੈ ਜੀਵ ਜੋ ਅਭਿਮਾਨ ਕਰਤਾ ਹੈ ਸੋ ਨਿਰਾਰਥਕ ਯਾਨੇ ਨਿਸਫਲ ਹੈ । ਇਸੀ ਪ੍ਰਕਾਰ ਸੂਰਜ ਪਰਕਾਸ਼ ਮੇਂ ਲਿਖਾ ਹੈ ਜਿਸ ਵਕਤ ਗੁਰੂ ਅਮਰਦੇਵ ਜੀ ਤੀਰਥ ਯਾਤਰਾ ਕੇ ਨਿਮਿਤ ਚਲਤੇ ਹੋਏ ਪਹੁਏ ਅਸਥਾਨ ਸਰਸਵੱਤੀ ਕੇ ਤੀਰ ਪਰ ਪਹੁੰਚੇ ਤਹਾਂ ਸਿਖੋਂ ਨੇ ਸਰਸਵਤੀ ਕੀ ਕਥਾ ਪੂਛੀ ਗੁਰੂ ਜੀ ਕਹਿਣ ਲਗੇ ਇਸ ਅਸਥਾਨ ਮੇਂ ਬੜੇ ੨ ਤਪਸੀਓਂ ਨੇ ਤਪ ਕੀਆ ਹੈ ਜਿਸ ਮੇਂ ਏਕ ਮੰਕਣ ਰਿਸ਼ੀ ਕੀ ਕਥਾ ਸੁਨਾਤੇ ਹੈਂ ਮੰਕਣ ਰਿਸ਼ੀ ਨੇ ਈਹਾਂ ਰਹਿ ਕਰ ਸ਼ੀਤ, ਉਸ਼ਨ, ਭੂਖ, ਪਿਆਸ ਸਹਿ ਕਰ ਬੜੀ ਤਪਸਿਆ ਕਰੀ ਥੀ ਏਕ ਦਿਨ ਮੰਕਣ ਰਿਸ਼ੀ ਕਿਸੀ ਨਮਿਤ ਅਪਨੀ ਅੰਗੁਲੀ ਕੋ ਕਾਟਤੇ ਭਏ ਤਬ ਅੰਗੁਲੀ ਸੇ ਰੁਦਰ ਕੀ ਜਗਾ ਹਰਾ ਪਾਣੀ ਨਿਕਲਾ ਥਾ ਜੈਸੇ ਹਰੇ ਪਤੋਂ ਸੇ ਨਿਕਲਤਾ ਹੋ ਔਰ ਵਹ ਵਰਾਟ ਕਾ ਉਪਾਸਕ ਥਾ ਉਪਾਸਨਾ ਕੀ ਭੀ ਅੰਧੀ ਕਰੀ ਹੋਈ ਸੀ, ਅੰਗੁਲੀ ਸੇ ਹਰਾ ਪਾਣੀ ਨਿਕਲਤਾ ਦੇਖ ਕਰ ਸਾਰੇ ਸਰੀਰ ਮੇਂ ਚੀਰਾ ਦੇਕਰ ਦੇਖਨੇ ਲਗਾ ਔਰ ਸਭ ਜਗਾ ਹਰਾ ਪਾਣੀ ਨਿਕਲਾ ਰੁਧਰ ਕੀ ਏਕ ਬੂੰਦ ਭੀ ਨ ਨਿਕਲੀ ਤਬ ਉਸ ਕੋ ਬੜੀ ਖੁਸ਼ੀ ਹੂਈ ਕਹਿਨੇ ਲਗਾ ਮੇਰੇ ਜੈਸੀ ਤਪਸਿਆ ਕਿਸੀ ਨੇ ਕਰੀਂ ਨਹੀਂ ਮੈਂ ਧੰਨ ਹੂੰ ਐਸੇ ਕਹਿ ਕਰ ਭੁਜਾ ਉਠਾਂ ਕਰ ਨਾਚਨੇ ਲਗਾ ਔਰ ਰਾਤ ਦਿਨ ਕਿਤਨੇ ਬਰਸੋਂ ਤਕ ਨਾਚਤਾ ਹੀ ਰਹਾ ਉਸ ਕੇ ਨਾਚਨੇ ਸੇ ਤ੍ਰਿਲੋਕੀ ਨਚਨੇ ਲੱਗੀ ਸਭ ਕਾ ਸਭ ਬਿਵਹਾਰ ਭੂਲ ਗਿਆ ਦੇਵਤਾਉਂ ਨੇ ਬ੍ਰਾਹਮਣ ਰੂਪ ਧਾਰ ਕਰ ਮੰਕਣ ਰਿਸ਼ੀ ਕੋ ਬਹੁਤ ਸਮਝਾਇਆ ਕਿ ਬ੍ਰਹਮਾ ਕੀ ਤਪਸਿਆ ਦੇਖੋ, ਇੰਦਰ ਕੀ ਤਪਸਿਆ ਦੇਖੋ ਦੇਵਤਾਉਂ ਕੀ ਤਪਸਿਆ ਦੇਖੋ, ਰਿਸ਼ੀਉਂ ਕੀ ਤਪਸਿਆ ਦੇਖੋ, ਇਤਨੇ ਤਪਸਿਆ ਕਰ ਨਹੀਂ ਨਚੇ ਜਿਤਨਾ ਤੂੰ



ਨਚਤਾ ਹੈ, ਤਬ ਵਹ ਹੰਕਾਰ ਮੇਂ ਆ ਕਰ ਕਹਿਣੇ ਲਘਾ, ਅਰੇ ਕਿਆ ਤੁਮ ਮੇਰੇ ਕੋ ਗਿਰੇ ਹੂਏ ਦੇਵਤਾਉ ਕੀਆਂ ਬਾਤਾਂ ਸੁਣਾਤੇ ਹੋ ਵੁਹ ਮੇਰੇ ਅਗੇ ਕੀਹ ਚੀਜ਼ ਹੈ । ਜੈਸੇ ਪ੍ਰਬੋਧ ਚੰਦਰ ਨਾਟਕ ਮੇਂ ਲਿਖਾ ਹੈ:-

**ਸ੍ਵੈਯਾ—ਕੌਣ ਸੁਰੇਸ੍ਵਰ ਕੋ ਬਿਧਿ ਹੈ ਰਿਸ਼ੀ ਕੌਣ ਸੁਣੋ ਕਹਿ ਤੇ ਉਪਜਾਏ।**
**ਮੈ ਤਪ ਕੋ ਫਲ ਜਾਨਤ ਨਾ ਸਨ ਬਾਮਨ ਤੂੰ ਮਨ ਮੇ ਗਰਬਾਏ। ਕਈ**
**ਸੁਰੇਸ੍ਵਰ ਬਿਰੰਚ ਗੁਣੀ ਪਦ ਪੰਕਜ ਮੋਹਿ ਪਰੇ ਡਰਪਾਏ । ਰਿਖ ਕੀ**
**ਉਤਪਤਿ ਕੀ ਭੂਮ ਕਹੀ ਸੁਣ ਪੁਰਾਨਣ ਮਾਂਹਿ ਸੁਣੋ ਮਨ ਲਾਇ ॥ ੧ ॥**
**ਰਿਖੀ ਸਿੰਗ੍ਰੀ ਭ੍ਰਿੰਗੀ, ਕੁਸ਼ਕੌਸ਼ਕ, ਔਗਜਨੀ ਹਸਤਾਮਲ ਜੂ ਉਪਜਾਏ॥**
**ਵਾਰ ਬਧੂ ਸੁ ਵਿਸ਼ਿਸ਼ਟ ਜਏ, ਦੁਹਿਤਾਪੁਨ ਸ਼ੀਵਰ ਵਯਾਸ ਉਪਾਏ॥**
**ਸਸ਼ਿ ਨਾਰ ਵਿਖੇ ਰਿਖਿ ਗੌਤਮ ਜੇ, ਮੁਨ ਮਾਂਡਵ ਮੇਂਡਕਿ ਤੇ ਨਿਕਸਾਏ॥**
**ਤਨਯਾ ਸੁ ਚੰਡਾਲ ਪ੍ਰਾਸਰ ਜੂ, ਰਿਖਿ ਔਰ ਮਤੰਗ ਮਤੰਗਨ ਜਾਏ॥ ੨ ॥**

[ਪ੍ਰਬੋਧ ਚੰਦ੍ਰ ਨਾਟਕ

ਅਰਥ-ਅਰੇ ਮੂੜ੍ਹ ਬ੍ਰਾਹਮਣ ਤੂੰ ਕਿਉਂ ਮਨ ਮੇਂ ਗਰਭ ਕਰਤਾ ਹੈਂ ? ਇੰਦਰ ਕੌਣ! ਅਹੱਲਿਆ ਕਾ ਮਿਤ੍ਰ !! ਤਥਾ ਕੌਣ ਬ੍ਰਹਮਾ ਕੰਨਯਾ ਪਰ ਕੁਦ੍ਰਿਸ਼ਟੀ ਕਰਨੇ ਵਾਲਾ! ਔਰ ਰਿਸ਼ੀ ਨੀਚ ਕੁਲ ਵਾਲੇ ਜਿਨ ਕਾ ਤੂੰ ਨਾਮ ਮੇਰੇ ਕੋ ਸੁਣਾਤਾ ਹੈਂ, ਮੇਰੇ ਤਪ ਕੋ ਤੂੰ ਜਾਣਤਾ ਨਹੀਂ! ਮੇਰੇ ਚਰਣੋਂ ਮੇਂ ਡਰਤੇ ਹੂਏ ਕਰੋੜੋਂ ਇੰਦਰ ਕਰੋੜੋਂ ਬ੍ਰਹਮਾ ਕਰੋੜੋਂ ਮੁਨੀ ਆ ਕਰ ਪੜਤੇ ਹੈਂ, ਔਰ ਜਿਸ ਤਰ੍ਹਾਂ ਪੁਰਾਣੋਂ ਮੇਂ ਰਿਸ਼ੀਓਂ ਕੀ ਉਤਪਤੀ ਲਿਖੀ ਹੈ ਵੁਹ ਸੁਣ ਤੋ ਸਹੀ ॥੧॥ ਮਿਰਗੀ ਸੇ ਸ੍ਰਿੰਗੀ ਰਿਸ਼ੀ ਕੀ ਉਤਪਤੀ ਲਿਖੀ ਹੈ, ਕੁਸ਼ਾ ਸੇ ਵਿਸ੍ਵਾਮਿਤ੍ਰ ਕੀ ਹਸਤਨੀ ਸੇ ਹਸਤਾਮਲ ਜੀ, ਵੇਸ਼ਿਆ ਸੇ ਵਸਿਸ਼ਟ ਜੀ, ਸ਼ੀਵਰ ਕੀ ਕੰਨਯਾ ਸੇ ਵਿਆਸ ਜੀ ਪੈਦਾ ਹੂਏ ਹੈਂ, ਔਰ ਸਸੀ (ਖਰਗੋਸ਼ ਕੀ ਇਸਤ੍ਰੀ) ਸੇ ਗੌਤਮ ਰਿਸ਼ੀ ਜੀ ਔਰ ਮੇਂਡਕੀ ਸੇ ਮਾਂਡਵ ਰਿਸ਼ੀ ਜੀ, ਔਰ ਚੰਡਾਲ ਕੀ ਕੰਨਯਾਂ ਸੇ ਪਰਾਸ਼ਰ ਜੀ ਔਰ ਮਤੰਗਨੀ ਸੇ ਮਤੰਗ ਰਿਸ਼ੀ ਪੈਦਾ ਹੂਏ, ਐਸੇ ਨੀਚ ਯੋਨੀਉਂ ਵਾਲੇ ਰਿਸ਼ੀਉਂ ਕਾ ਨਾਮ ਮੇਰੇ ਅਗੇ ਕਹਿਤਾ ਹੈਂ ?

**ਚੌਪਈ—ਅਸ ਅਨੀਤ ਪਿਖ ਦੇਵ ਦੁਖਾਰੇ ॥ ਸ਼ਰਣ ਸ਼ੰਭੂ ਕੀ ਸਗਲ ਸਿਧਾਰੇ ॥**

[ਸੂਰਜ ਪ੍ਰਕਾਸ਼

ਤਬ ਸਭ ਦੇਵਤਾ ਦੁਖੀ ਹੋ ਕਰ ਸ਼ਿਵ ਜੀ ਕੀ ਸ਼ਰਣ ਮੇਂ ਗਏ, ਔਰ ਕਹਿਣੇ ਲਗੇ ਕੋਈ ਉਪਾਇ ਕਰੋ ਜਿਸ ਸੇ ਜਗਤ ਇਸਥਰ ਹੋ ਜਾਵੇ।

**ਚੌਪਈ—ਸੁਣੀ ਸੁਰਨ ਕੀ ਵਿਨੇ ਮਹਾਨੀ ॥ ਸ਼ੰਕਰ ਕਰ ਵਿਚਾਰ ਸੁਖਦਾ**
**ਅਪਰ ਭੇਖ ਕੋ ਧਰ ਗੌਰੀਸ਼ਾ ॥ ਆਵਤ ਭਾ ਜਹਿ ਹੁਤੋ ਮੁਨੀਸ਼ਾ ॥**

[ਸੂਰਜ ਪ੍ਰ

ਤਬ ਸ਼ਿਵ ਜੀ ਦੇਵਤਾਓਂ ਕੀ ਮਹਾਨ ਬਿਨੈ ਸੁਣ ਕਰ ਦੂਸਰੇ ਭੇਖ ਕੋ ਧਾਰ ਕਰ ਮੁਨੀ ਕੇ ਪਾਸ ਆ ਗਏ ਔਰ ਪੂਛਾ ਕਿ ਕਿਸ ਖੁਸ਼ੀ ਮੇਂ ਨਾਚ ਕਰ ਰਹੇ ਹੋ ਤੋ ਮੁਨੀ ਨੇ ਕਹਾ ਤਪਸਯਾ ਕੀ ਖੁਸ਼ੀ ਮੇਂ, ਮੇਰੇ ਅੰਗ ਚੀਰ ਕਰ ਦੇਖੋ, ਹਰਾ ਪਾਣੀ ਨਿਕਲੇਗਾ, ਸ਼ਿਵ ਜੀ ਨੇ ਕਹਾ ਮੇਰਾ ਅੰਗ ਚੀਰ ਕਰ ਦੇਖੋ ਪਾਣੀ ਭੀ ਨਹੀਂ ਨਿਕਲੇਗਾ ਸੁਆਹ ਯਾਨੇ ਰਾਖ ਹੀ ਨਿਕਲੇਗੀ।

**ਚੌਪਈ॥ ਯਾਤੇ ਸਭ ਸਰੀਰ ਕੇ ਮਾਹੀ। ਬਿਨਾ ਭਸਮ ਸ੍ਰੋਨਤ ਕਿਤ ਨਾਹੀਂ। ਤਉ ਨ ਮੁਝ ਅਸ ਆਨੰਦ ਆਵਾ। ਜਸ ਤੂ ਦੇਖ ਰਿਦੇ ਗਰਬਾਵਾ। ਸੁਣੇ ਵਾਕ ਅਰ ਨੈਣ ਨਿਹਾਰਿਓ। ਮੁਨਿ ਮੰਕਣ ਚਿਤ ਚਾਉ ਨਿਵਾਰਿਓ॥**

[ਸੂਰਜ ਪ੍ਰਕਾਸ਼

ਜਬ ਸ਼ਿਵ ਜੀ ਨੇ ਅਪਨੇ ਸ਼ਰੀਰ ਕੋ ਚੀਰਾ ਲਗਾ ਕਰ ਦਿਖਾਇਆ ਤੋ ਬਿਨਾ ਭਸਮ ਕੇ ਲਹੂ ਯਾ ਪਾਣੀ ਕੀ ਬੂੰਦ ਭੀ ਨਾ ਨਿਕਲੀ ਤਬ ਸਿਵ ਜੀ ਰਿਸ਼ੀ ਕੋ ਕਹਿਣੇ ਲਗੇ ਕਿ ਮੈਨੇ ਇਤਨੀ ਤਪਸਿਆ ਕਰੀ ਹੈ ਪਰੰਤੂ ਮੇਰੇ ਕੋ ਇਤਨਾ ਗਰਬ ਔਰ ਖੁਸ਼ੀ ਨਹੀਂ ਹੂਈ ਜਿਤਨੀ ਖੁਸ਼ੀ ਤਥਾ ਗਰਬ ਤੇਰੇ ਕੋ ਹੂਆ ਹੈ, ਜਬ ਮੰਕਣ ਰਿਸ਼ੀ ਨੇ ਇਤਨੀ ਬਾਤ ਸੁਣੀ ਔਰ ਆਖੋਂ ਸੇ ਦੇਖੀ ਤਬ ਉਸ ਕਾ ਗਰਬ ਦੂਰ ਹੂਆ ਔਰ ਨਚਨੇ ਸੇ ਬੰਦ ਹੋ ਗਿਆ ਸੋ ਇਸ ਪ੍ਰਕਾਰ ਤਪਸਿਆ ਕੀ ਅਵਧਿ ਭੀ ਪਰਮਾਤਮਾ ਮੇਂ ਹੀ ਹੈ, ਜੀਵ ਕੋ ਅਪਨੀ ਤਪਸਿਆ ਕਾ ਹੰਕਾਰ ਨ ਕਰਨਾ ਚਾਹੀਏ, ਔਰ ਸੁਖ ਕੀ ਅਵਧਿ ਭੀ ਪਰਮਾਤਮਾ ਮੇਂ ਹੀ ਹੈ, ਜੀਵ ਮੇਂ ਨਹੀਂ, ਇਸ ਵਾਸਤੇ ਅਪਨੇ ਕੋ ਸੁਖੀ ਸਮਝ ਕਰ ਜੀਵ ਕੋ ਹੰਕਾਰ ਨ ਕਰਨਾ ਚਾਹੀਏ, ਮਨੁਸ਼ਯ ਲੋਕ ਮੇਂ ਤੋ ਸਭ ਦੂਖੀ ਹੈਂ, ਗੁਰੂ ਸਾਹਿਬ ਜੀ ਭੀ ਲਿਖਤੇ ਹੈਂ, "ਨਾਨਕ ਦੁਖੀਆ ਸਭ ਸੰਸਾਰ" ਮਨੁਸ਼ਯ ਲੋਕ ਮੇਂ ਤੀਨ ਆਦਮੀ ਸੁਖੀ ਹੈਂ, ਏਕ ਤੋ ਛੇ ਮਹੀਨੇ ਕਾ ਬਾਲਕ ਰਾਗ ਦ੍ਵੈਸ਼ ਸੇ ਰਹਿਤ ਮਾਤਾ ਕੇ ਅਸਥਨ ਪਾਨ ਕਰਕੇ ਖਟੀਆ ਪਰ ਪੜਾ ਹੂਆ ਸੁਖ ਅਨਭਵ ਕਰਤਾ ਹੈ। ਦੂਸਰਾ ਵਿਸ਼ਯ ਸੁਖ ਮੇਂ ਚਕ੍ਰਵਰਤੀ ਰਾਜਾ ਮਾਤ ਲੋਕ ਮੇਂ ਸੁਖੀ ਰਹਿਤਾ ਹੈ ਪਰੰਤੂ ਸੋ ਭੀ ਤਬ ਸੁਖੀ ਹੈ ਜਬ ਯੁਵਾਵਸਥਾ ਹੋ, ਸ਼ਰੀਰ ਨਿਰੋਗ ਹੋ, ਵਿਦਵਾਨ ਹੋ, ਬਲਵਾਨ ਹੋ ਔਰ ਸ਼ਤ੍ਰ ਰਹਿਤ ਹੋ, ਜਿਸ ਕੀ ਸਾਰੀ ਪਰਜਾ ਸੁਖੀ ਹੋ ਪ੍ਰਿਥਵੀ ਧਨ ਕਰਕੇ ਪੂਰਨ ਹੋ ਤਬ ਮਾਤ ਲੋਕ ਮੇਂ ਚਕ੍ਰਵਰਤੀ ਰਾਜਾ ਸੁਖੀ ਹੋਤਾ ਹੈ, ਉਸ ਰਾਜਾ ਸੇ ਸੋ ਗੁਣਾ ਅਧਿਕ ਅਨੰਦ ਮਨੁਸ਼ਯ ਗੰਧਰਵ ਕੋ ਹੈ, ਉਸ ਸੇ ਸੌ ਗੁਣਾ ਅਧਿਕ ਅਨੰਦ ਦੇਵ ਗੰਧਰਵ ਕੋ ਹੈ ਦੇਵ ਗੰਧਰਵ ਸੇ ਸੌ ਗੁਣਾ ਅਧਿਕ ਅਨੰਦ ਪਿਤਰੀ ਦੇਵ ਕੋ ਹੈ, ਪਿਤਰੀ ਦੇਵ ਸੇ ਸੌ ਗੁਣਾ ਅਜਾਨਦੇਵ ਕੋ ਹੈ ਅਜਾਨੰ ਦੇਵ ਸੇ ਸੌ ਗੁਣਾ ਕਰਮ ਦੇਵ ਕੋ ਹੈ, ਕਰਮ ਦੇਵ ਸੇ ਸੌ ਗੁਣਾ ਅਧਿਕ ਮੁਖ ਦੇਵ ਕੋ, ਮੁਖਦੇਵ ਸੇ ਸੌ ਗੁਣਾ ਇੰਦਰ ਕੋ, ਇੰਦਰ ਸੇ ਸੌ ਗੁਣਾ ਬ੍ਰਹਸਪਤੀ ਕੋ,



ਬ੍ਰਹਸਪਤੀ ਸੇ ਸੌ ਗੁਣਾ ਪ੍ਰਜਾਪਤਿ ਕੋ, ਪ੍ਰਜਾਪਤਿ ਸੇ ਸੌ ਗੁਣਾ ਅਧਿਕ ਅਨੰਦ ਬ੍ਰਹਮਾ ਕੋ ਹੈ, ਪਰੰਤੂ ਯਹ ਸਭ ਆਨੰਦ ਬ੍ਰਹਮਾਨੰਦ ਕੀ ਬੂੰਦ ਮਾਤਰ ਹੈਂ ਯਾਤੇ ਐਸੇ ਆਨੰਦ ਕੋ ਪਾ ਕਰ ਅਭਿਮਾਨ ਨ ਕਰਨਾ ਚਾਹੀਏ। ਕਿਉਂਕਿ ਆਨੰਦ ਕੀ ਔਧੀ ਭੀ ਪਰਮਾਤਮਾ ਹੀ ਹੈ। ਇਸ ਵਾਸਤੇ ਮੁਖ ਅਨੰਦ ਸੰਸਾਰ ਮੇਂ ਬ੍ਰਹਮਾ ਨੰਦ ਹੈ ਉਸ ਕੋ ਬ੍ਰਹਮ ਗਿਆਨੀ ਹੀ ਭੋਗਤਾ ਹੈ। ਯਾਂ ਤੇ ਤੀਸਰਾ ਸੁਖੀ ਬ੍ਰਹਮ ਗਿਆਨੀ ਹੈ ਜੋ ਸਭ ਇਛਾ ਕੋ ਤਿਆਗ ਕਰ ਸਭ ਸੇ ਊਚਾ ਆਨੰਦ ਅਨੁਭਵ ਕਰਤਾ ਹੈ ਉਸ ਕੇ ਬਰਾਬਰ ਕੋਈ ਸੁਖੀ ਨਹੀਂ ਯਾਤੇ ਪਰਮੇਸ੍ਵਰ ਸੇ ਬਿਨਾ ਜੀਵ ਮੇਂ ਮਧਮ ਕੋਟੀ ਕਾ ਆਨੰਦ ਹੈ ਹਰ ਏਕ ਵਸਤੂ ਜੀਵ ਮੇਂ ਮਧਮ ਦਰਜੇ ਕੀ ਹੈ ਯਾਨੇ ਕਿਸੀ ਕੀ ਦ੍ਰਿਸ਼ਟੀ ਸੇ ਨਯੂਨ ਹੈ ਕਿਸੀ ਕੀ ਦ੍ਰਿਸਟੀ ਸੇ ਅਧਿਕ ਹੈ ਤਾਤੇ ਹਰਖ ਸੋਗ ਨ ਕਰਨਾ ਚਾਹੀਏ ਚਿਤ ਮੇਂ ਧੀਰਜ ਰਖਨਾ ਚਾਹੀਏ ਜੈਸੇ ਸ਼ੇਖ ਸ਼ਾਦੀ ਜਿਸ ਨੇ ਕਰੀਮਾ, ਬੋਸਤਾਂ ਆਦਿ ਫਾਰਸੀ ਕੀ ਪੁਸਤਕੇਂ ਬਨਾਈ ਹੈਂ ਔਰ ਜਿਸ ਕੇ ਬੜੇ ਚੇਲੇ ਚਾਟੜੇ ਹੋ ਗਏ ਥੇ ਏਕ ਦਿਨ ਐਸਾ ਮੌਕਾ ਹੂਆ ਜੋ ਕਿਸੀ ਕੋ ਕਹਾ ਨਹੀਂ ਚੁਪ ਕਰ ਕੇ ਚੋਰੀ ਹੀ ਚਲ ਪੜੇ ਪੈਰ ਨੰਗੇ ਥੇ ਗਰਮੀ ਕੇ ਦਿਨ ਥੇ ਰੇਤੇ ਕਾ ਪੈਂਡਾ ਥਾ ਔਰ ਰਸਤੇ ਮੇਂ ਕੋਈ ਗਾਂਵ ਭੀ ਨ ਆਇਆ, ਏਕ ਤੋ ਭੂਖ ਪਿਆਸ ਨੇ ਵਿਆਕੁਲ ਕੀਆ ਥਾ ਦੂਸਰਾ ਰੇਤੇ ਨਾਲ ਪਾਂਵ ਤਪਨੇ ਲਗੇ ਔਰ ਧੈਰਯ ਟੂਟ ਗਿਆ, ਬੜੇ ਦੂਖੀ ਹੂਏ ਤਬ ਪਰਮਾਤਮਾ ਕੀ ਐਸੀ ਲੀਲਾ ਹੂਈ ਜੋ ਉਸੀ ਵਕਤ ਤੱਤੇ ਰੇਤੇ ਪਰ ਇਕ ਲੂਲਾ ਲੰਗੜਾ ਯਾਨੇ ਹਥ ਪੈਰ ਸੇ ਰਹਿਤ ਔਰ ਤੀਨ ਦਿਨ ਕਾ ਭੂਖਾ ਉਸ ਰੇਤੇ ਪਰ ਰਿੜ੍ਹਦਾ ੨ ਸ਼ੇਖ ਸ਼ਾਦੀ ਕੋ ਦਿਖਾਈ ਆਇਆ ਔਰ ਸ਼ੇਖ ਸ਼ਾਦੀ ਸੇ ਕਹਾ ਕਿ ਮੈਂ ਤੀਨ ਦਿਨ ਕਾ ਭੂਖਾ ਹੂੰ ਕੁਛ ਖਾਨੇ ਕੋ ਹੈ ਤੋ ਦੋ, ਤਬ ਸ਼ੇਖ ਸ਼ਾਦੀ ਕੋ ਧੈਰਯ ਹੂਆ, ਔਰ ਮਨ ਮੇਂ ਵਿਚਾਰ ਕੀਆ ਕਿ ਦੇਖੋ ਯਹ ਮੇਰੇ ਸੇ ਭੀ ਅਧਿਕ ਭੂਖਾ ਪਿਆਸਾ ਹੈ ਯਹ ਭੀ ਤੋ ਕਿਸੀ ਤਰਹ ਨਿਰਬਾਹ ਕਰਤਾ ਹੀ ਹੈ। ਇਸੀ ਤਰਾਂ ਮੇਰੇ ਕੋ ਧੀਰਜ ਸੇ ਨਿਰਬਾਹ ਕਰਨਾ ਚਾਹੀਏ, ਐਸੇ ਵਿਚਾਰ ਕਰ ਚਿਤ ਕੋ ਸ਼ਾਂਤ ਕੀਆ। ਇਸੀ ਤਰਹ ਕੋਈ ਦਰਿਦ੍ਰ ਕੇ ਪ੍ਰਭਾਵ ਸੇ ਅਤੀ ਦੁਖੀ ਥਾ ਵੋਹ ਅਪਨੇ ਸੇ ਅਧਿਕ ਦਰਿਦ੍ਰੀ ਯਾਨੇ ਕੰਗਾਲ ਕੋ ਦੇਖ ਕਰ ਧੈਰਯ ਯੁਕਤ ਹੋ ਗਿਆ ਕਿਸੀ ਕਾ ਏਕ ਪੁਤ੍ਰ ਮਰ ਗਿਆ ਥਾ, ਪੁਤ੍ਰ ਮਰਨੇ ਸੇ ਬੜਾ ਦੂਖੀ ਹੂਆ, ਕਥਾ ਸੁਣਨੇ ਗਿਆ, ਕਥਾ ਮੇਂ ਪ੍ਰਸੰਗ ਆਇਆ ਕਿ ਰਾਜਾ ਸਗਰ ਕੇ ਪੁਤ੍ਰ ਜੋ ਬੜੇ ਧਰਮਾਤਮਾ ਔਰ ਮਾਤਾ ਪਿਤਾ ਕੇ ਆਗਿਆਕਾਰੀ ਥੇ, ਯੁਵਾਵਸਥਾ ਵਾਲੇ ਥੇ, ਮਾਤਾ ਪਿਤਾ ਕੇ ਜੀਤੇ ਹੀ ਸਾਠ ਹਜ਼ਾਰ ਪੁਤਰ ਏਕ ਦਿਨ ਮੇਂ ਮਰ ਗਏ, ਯਹ ਪਰਸੰਗ ਸੁਣ ਕਰ ਉਸ ਕੋ ਖਿਆਲ ਹੂਆ ਕਿ ਜਿਸ ਕੇ ਸਾਠ ਹਜ਼ਾਰ ਪੁਤਰ ਮਰ ਗਏ ਹੈਂ, ਉਨ ਕੇ ਮਾਤਾ ਪਿਤਾ ਭੀ ਤੋ ਕਿਸੀ ਤਰ੍ਹਾਂ ਰਹਿਤੇ ਹੀ ਹੈਂ, ਮੈਂ ਇਤਨਾ ਕਿਉਂ ਰੋ ਰਹਾ ਹੂੰ? ਐਸਾ ਖਿਆਲ ਕਰਕੇ ਉਸ ਕਾ ਚਿਤ ਭੀ ਸ਼ਾਂਤਿ ਹੋ ਗਿਆ, ਕਿਸੀ ਕੋ ਔਲਾਦ ਨਹੀਂ ਹੋਤੀ ਥੀ, ਔਲਾਦ ਸੇ ਬਿਨਾਂ ਬੜਾ ਦੂਖੀ ਰਹਿਤਾ ਥਾ, ਜਬ ਸ੍ਰੀ ਮਦ ਭਾਗਵਤ ਕੀ ਕਥਾ ਸੁਣੀ ਕਿ ਰਾਜਾ ਚਿਤ੍ਰਕੇਤੂ ਕੇ ਘਰ ਏਕ ਕਰੋੜ ਰਾਣੀ ਹੋਣੇ ਪਰ ਭੀ ਪੁਤਰ ਨਾ ਹੂਆ ਤਬ ਉਸ ਕੋ ਧੀਰਜ ਆ ਗਿਆ, ਇਸੀ ਤਰ੍ਹਾਂ ਨਾਮਦੇਵ ਭਗਤ ਕੇ ਦੇਹੁਰਾ

ਫੇਰਨੇ ਸਮੇਂ ਅਭਿਮਾਨ ਹੂਆ ਔਰ ੭੨ ਵਾਰ ਸਗੁਨ ਮੂਰਤੀ ਕਾ ਦਰਸ਼ਨ ਕਰ ਚੁਕਾ ਥਾ, ਤਬ ਉਸਕੋ ਯਹ ਅਭਿਮਾਨ ਹੂਆ ਕਿ ਮੇਰੇ ਜੈਸਾ ਪ੍ਰਿਯ ਭਗਤ ਭਗਵਾਨ ਕਾ ਕੋਈ ਨਹੀਂ, ਭਗਵਾਨ ਕੋ ਕਹਿਣੇ ਲੱਗਾ ਕਿ ਸਚ ਕਹਿਣਾ, ਆਪ ਕੋ ਮੇਰੇ ਸੇ ਭੀ ਅਧਿਕ ਪਿਆਰਾ ਭਗਤ ਕੋਈ ਹੈ ? ਤਬ ਏਕ ਦੋ ਵਾਰ ਭਗਵਾਨ ਨੇ ਉਸ ਕਾ ਮਾਨ ਰੱਖਣੇ ਕੇ ਲੀਏ ਕਹਾ ਕਿ ਤੇਰੇ ਸੇ ਅਧਿਕ ਪਿਆਰਾ ਭਗਤ ਕੋਈ ਨਹੀਂ, ਤੀਸਰੀ ਵਾਰ ਪੂਛਨੇ ਪਰ ਭਗਵਾਨ ਨੇ ਉਸਕਾ ਅਭਿਮਾਨ ਤੋੜਨੇ ਕੇ ਲੀਏ ਕਹਾ ਕਿ ਤੇਰੇ ਸੇ ਰੰਕਾ ਬੰਕਾ ਭਗਤ ਪਿਆਰੇ ਹੈਂ ਮੈਂ ਦਿਨ ਰਾਤ ਵਹਾਂ ਹੀ ਰਹਿਤਾ ਹੂੰ ਤੇਰੇ ਕੋ ਤੋ ਕਭੀ ਕਭੀ ਦਰਸ਼ਨ ਦੇਤਾ ਹੂੰ ਤਦ ਨਾਮ ਦੇਵ ਰੰਕਾ ਬੰਕਾ ਕੋ ਦੇਖਨੇ ਵਾਸਤੇ ਉਨ ਕੇ ਘਰ ਗਿਆ ਤੋ ਕਿਆ ਦੇਖਤਾ ਹੈ ਕਿ ਟੂਟੀ ਫੂਟੀ ਖਾਟ ਪੜੀ ਹੈ, ਔਰ ਛਪਰੀ ਭੀ ਟੂਟੀ ਹੂਈ ਹੈ ਇਤਿਆਦ ਸਾਰਾ ਅਤਯੰਤ ਗਰੀਬੀ ਕਾ ਸਾਮਾਨ ਦੇਖ ਕਰ ਨਾਮ ਦੇਵ ਜੀ ਕੋ ਖਿਆਲ ਹੂਆ ਕਿ ਸਾਰਾ ਦਿਨ ਭਗਵਾਨ ਯਹਾਂ ਕੈਸੇ ਰਹਿਤੇ ਹੋਂਗੇ ਸ਼ਾਇਦ ਯਹਿ ਰੰਕੇ ਬੰਕੇ ਕਾ ਘਰ ਨਾ ਹੋਗਾ, ਤਬ ਪੂਛਨੇ ਲਗਾ ਕਿ ਰੰਕੇ ਬੰਕੇ ਕਾ ਘਰ ਯਹੀ ਹੈ ? ਤਬ ਅੰਦਰ ਏਕ ਕਵਾਰੀ ਕੰਨਯਾਂ ਹਲੱਦੀ ਘਿੱਸਾ ਰਹੀ ਥੀ ਉਸ ਨੇ ਕਹਾ ਆਈਏ ਮਹਾਰਾਜ! ਯਹੀ ਰੰਕੇ ਬੰਕੇ ਕਾ ਘਰ ਹੈ ! ਨਾਮ ਦੇਵ ਜੀ ਘਰ ਗਏ ਤਬ ਲੜਕੀ ਨੇ ਬੜੇ ਸਤਿਕਾਰ ਸੇ ਬਿਠਲਾਇਆ, ਤਬ ਨਾਮ ਦੇਵ ਨੇ ਪੂਛਾ ਕਿਆ ਭਗਵਾਨ ਰਾਤ ਦਿਨ ਯਹਾਂ ਰਹਿਤੇ ਹੈਂ ? ਤਬ ਕੰਨਯਾਂ ਨੇ ਕਹਾ ਹਾਂ ਜੀ! ਯਹਾ ਹੀ ਰਹਿਤੇ ਹੈਂ, ਨਾਮ ਦੇਵ ਨੇ ਪੂਛਾ ਅਬ ਕਹਾਂ ਗਏ ਹੂਏ ਹੈਂ ? ਲੜਕੀ ਨੇ ਉਤਰ ਦੀਆ ਅਭੀ ਹੀ ਬਾਹਰ ਨਿਕਲੇ ਹੈਂ ਥੋੜੀ ਦੇਰ ਤਕ ਆ ਜਾਤੇ ਹੈਂ। ਨਾਮ ਦੇਵ ਨੇ ਪੂਛਾ ਰੰਕਾ ਬੰਕਾ ਕਹਾਂ ਗਏ ਹੈਂ, ਕੰਨਯਾਂ ਨੇ ਉਤਰ ਦੀਆ ਕਿ ਅਪਨੀ ਉਪਜੀਵਕਾ ਨਮਿਤ ਲਕੜੀਆਂ ਲੇਨੇ ਗਏ ਹੂਏ ਹੈਂ ਕੇਨਿਆਂ ਸੇ ਪੂਛਾ ਤੂੰ ਕੀਹ ਕਰ ਰਹੀ ਹੈਂ ? ਉਸਨੇ ਕਹਾ ਹਲਦੀ ਘਿਸ ਰਹੀ ਹੂੰ ਤੋ ਪੂਛਾ ਕਿਸ ਵਾਸਤੇ ? ਲੜਕੀ ਨੇ ਕਹਾ ਭਗਵਾਨ ਕੇ ਲੀਏ, ਫਿਰ ਪੂਛਾ ਭਗਵਾਨ ਕੋ ਕਿਆ ਹੂਆ ਹੈ ? ਕੰਨਯਾਂ ਨੇ ਉਤਰ ਦੀਆ ਭਗਵਾਨ ਕੇ ਮੋਢੇ ਮੇਂ ਦਰਦ ਹੈ, ਫਿਰ ਪੂਛਾ ਦਰਦ ਕਾ ਕਿਆ ਕਾਰਨ ਹੈ ? ਕੰਨਯਾਂ ਨੇ ਕਹਾ, ਸਕਾਮੀ, ਧੀਰਯ ਰਹਿਤ ਖਿਨ ਖਿਨ ਮੇਂ ਸੁਖੀ ਦੁਖੀ ਹੋਨੇ ਵਾਲਾ ਨਵੀਨ ਏਕ ਨਾਮ ਦੇਵ ਭਗਤ ਜਾਤੀ ਕਾ ਛੀਂਬਾ ਹੈ, ਮੰਦਰ ਮੇਂ ਆਰਤੀ ਕੇ ਸਮਯ ਛੀਨਿਓਂ ਕੀ ਜਗਾ ਜੂਤਾ ਬਜਾਨੇ ਰੂਪੀ ਅਨਾਚਾਰ ਸੇ ਉਸਕੋ ਪੰਡੋਂ ਨੇ ਮਾਰਾ, ਤਬ ਰੋਨੇ ਲਗਾ ਭਗਵਾਨ ਕੋ ਉਲਾਂਭੇ ਦੇਨੇ ਲਗਾ ਤਬ ਭਗਵਾਨ ਨੇ ਉਸਕੋ ਖੁਸ਼ ਕਰਨੇ ਕੇ ਲੀਏ ਦੇਹੁਰਾ ਫੇਰ ਕਰ ਦਰਸ਼ਨ ਦੀਆ, ਔਰ ਭਗਤ ਕੋ ਪ੍ਰਸੰਨ ਕੀਆ ਪਰੰਤੂ ਦੇਹੁਰਾ ਫੇਰਨੇ ਸੇ ਭਗਵਾਨ ਕੇ ਕੰਧੇ ਮੇ ਚੋਟ ਆ ਗਈ, ਉਸਕੀ ਵਜਹ ਸੇ ਦਰਦ ਹੋ ਰਹਾ ਹੈ । ਨਾਮੇ ਨੇ ਤੋ ਭਗਵਾਨ ਕਾ ਖਿਆਲ ਹੀ ਨਹੀਂ ਕੀਆ, ਉਲਟੇ ਅਭਿਮਾਨ ਕਰ ਰਹਾ ਹੈ ਕਿ ਮੇਰੇ ਸੇ ਭੀ ਕੋਈ ਅਧਿਕ ਪਿਆਰਾ ਭਗਤ ਹੈ ! ਪਿਆਰਾ ਤੋ ਵੁਹ ਹੋਤਾ ਹੈ ਜੋ ਭਗਵਾਨ ਮੇਂ ਪਿਆਰ ਕਰੇ, ਨਾਮੇ ਕਾ ਤੋ ਭਗਵਾਨ



ਮੇਂ ਕੁਛ ਭੀ ਪਿਆਰ ਨਹੀਂ ਸੁਖ ਦੁਖ ਤੋ ਪੂਛਤਾ ਹੀ ਨਹੀਂ ਭਗਵਾਨ ਦਿਆਲੂ ਹੈਂ ਬਿਨਾ ਮਤਲਬ ਸੇ ਹੀ ਸਭ ਕੇ ਕਾਮ ਕਰਤੇ ਹੈਂ ਔਰ ਭਗਵਾਨ ਨੇ ਨਾਮੇ ਕੋ ਅਪਨਾ ਦੁਖ ਸੁਣਾਇਆ ਹੀ ਨਹੀਂ ਔਰ ਅਗਰ ਸੁਣਾਤੇ ਭੀ ਤੋ ਨਾਮੇ ਨੇ ਕੌਣ ਸੀ ਦਵਾਈ ਕਰਨੀ ਥੀ ? ਜਬ ਭਗਵਾਨ ਦੇਹੁਰਾ ਫੇਰ ਕਰ ਯਹਾ ਆਏ ਤੋ ਹਮ ਨੇ ਕੰਧਾ ਛਿਲਿਆ ਹੂਆ ਦੇਖਾ ਔਰ ਪੂਛਾ ਭਰਾਤਾ ਜੀ ! ਯਹ ਕਿਆ ਹੂਆ ? ਤਬ ਭਗਵਾਨ ਕਹਿਨੇ ਲਗੇ ਭੈਣ ਜੀ! ਨਾਮਦੇਵ ਕੇ ਲੀਏ ਦੇਹੁਰਾ ਫੇਰਾ, ਉਸ ਸੇ ਕੰਧਾ ਛਿਲਿਆ ਗਿਆ ਹੈ, ਬੜੀ ਦਰਦ ਹੋ ਰਹੀ ਹੈ ਤੋ ਰਾਤਰੀ ਭਰ ਮੈਨੇ ਤੇਲ ਕੀ ਮਾਲਸ਼ ਕਰ ਕਈ ਦਵਾਈਆਂ ਲਗਾਈਆਂ ਤਬ ਕਹੀਂ ਉਨ ਕੋ ਨਿੰਦਰਾ ਆਈ ਇਸੀ ਮੰਜੇ ਪਰ ਸੋਏ ਪੜੇ ਥੇ, ਅਭੀ ਉਠ ਕਰ ਜਰਾ ਬਾਹਰ ਗਏ ਹੈਂ ਅਬ ਮੈਂ ਹਲਦੀ ਲਾ ਕਰ ਘਿਸ ਰਹੀ ਹੂੰ ਆਏਂਗੇ ਤੋ ਉਨ ਕੇ ਕੰਧੇ ਪਰ ਲਗਾਊਂਗੀ ਇਤਨੇ ਮੇਂ ਭਗਵਾਨ ਜੀ ਆ ਗਏ ਔਰ ਉਸੀ ਟੂਟੀ ਖਾਟ ਪਰ ਬੈਠ ਗਏ ਔਰ ਕਹਿਣੇ ਲਗੇ ਭੈਣ ਜੀ ਬੜਾ ਦਰਦ ਹੈ ! ਬੜਾ ਦਰਦ ਹੈ !! ਤੋ ਭੈਣ ਜੀ ਨੇ ਹਲਦੀ ਆਦਿ ਸਭ ਚੀਜੋਂ ਕਾ ਲੇਪ ਕੀਆ ਔਰ ਸੇਕ ਦੇਕਰ ਉਪਰ ਸੇ ਪੱਟੀ ਬਾਂਧੀ ਨਾਮਾ ਦੇਖ ਕਰ ਬੜਾ ਹੈਰਾਨ ਹੂਆ ਉਸ ਕਾ ਸਭ ਅਭਿਮਾਨ ਟੂਟ ਗਿਆ ਭਗਵਾਨ ਕੇ ਚਰਨੋਂ ਮੇਂ ਗਿਰ ਪੜਾ ਔਰ ਅਪਨੇ ਅਪਰਾਧ ਕੀ ਖਿਮਾ ਮਾਂਗੀ ਔਰ ਕਹਿਨੇ ਲਗਾ ਅਪਨੇ ਪਿਆਰੇ ਰੰਕਾ ਬੰਕਾ ਕਾ ਦਰਸ਼ਨ ਕਰਾਓ ਤਬ ਭਗਵਾਨ ਕਹਿਨੇ ਲਗੇ ਚਲੋ ! ਜੰਗਲ ਮੇਂ ਲਕੜੀਆਂ ਕਾਟਤੇ ਹੋਂਗੇ, ਜਬ ਥੋੜੀ ਦੂਰ ਗ੍ਰਾਮ ਸੇ ਬਾਹਰ ਗਏ ਤਬ ਦੂਰ ਸੇ ਰੰਕਾ ਬੰਕਾ ਆਤੇ ਹੂਏ ਦਿਖਾਈ ਦੀਏ, ਭਗਵਾਨ ਕਹਿਨੇ ਲਗੇ ਦੇਖੋ ! ਵੋਹ ਰੰਕਾ ਬੰਕਾ ਆ ਰਹੇ ਹੈਂ ਤਬ ਨਾਮਦੇਵ ਨੇ ਕਹਾ ਐਸੇ ਪਿਆਰੇ ਭਗਤੋਂ ਕੋ ਧਨ ਦੇਕਰ ਸੁਖੀ ਕਿਉਂ ਨਹੀਂ ਰਖਤੇ ? ਭਗਵਾਨ ਨੇ ਕਹਾ ਵੋਹ ਧਨ ਕੋ ਚਾਹਤੇ ਹੀ ਨਹੀਂ ਮਾਇਆ ਕੋ ਭਗਤੀ ਮੇਂ ਵਿਘਨਕਾਰੀ ਸਮਝਤੇ ਹੈਂ, ਮੈਂ ਬਹੁਤਵਾਰੀ ਕਹਿ ਰਹਾ ਹੂੰ ਦੇ ਰਹਾ ਹੂੰ ਪ੍ਰੰਤੂ ਉਲਟਾ ਰੋਤੇ ਹੈਂ, ਅੰਨ ਜਲ ਛੋੜ ਦੇਤੇ ਹੈਂ, ਨਾਮੇ ਨੇ ਕਹਾ ਮੇਰੇ ਸਾਮਨੇ ਦੋ ਦੇਖੂੰ ਕਿਸ ਤਰਾਂ ਰੋਤੇ ਹੈਂ ? ਭਗਵਾਨ ਨੇ ਕਹਾ ਇਸ ਦੋਸ਼ ਕਾ ਭਾਗੀ ਤੂੰ ਹੋਵੇਂਗਾ ਉਸ ਨੇ ਕਹਾ ਅੱਛਾ ! ਮੈਂ ਹੀ ਹੋ ਜਾਊਂਗਾ ਭਗਵਾਨ ਨੇ ਕਹਾ ਯਹ ਹੀਰੇ ਜਵਾਹਰਾਤ ਕੀ ਥੈਲੀ ਰਸਤੇ ਮੇਂ ਰਖ ਆ, ਨਾਮਦੇਵ ਰਖ ਆਇਆ, ਭਗਵਾਨ ਔਰ ਨਾਮਦੇਵ ਛੁਪ ਕਰ ਬੈਠ ਗਏ, ਅਗੇ ਅਗੇ ਰੰਕਾ ਆ ਰਹਾ ਥਾ, ਔਰ ਪੀਛੇ ਪੀਛੇ ਬੰਕਾ ਆ ਰਹਾ ਥਾ, ਰੰਕਾ ਜਬ ਥੈਲੀ ਕੇ ਪਾਸ ਪਹੁੰਚਾ ਤੋ ਦੇਖ ਕਰ ਡਰ ਗਿਆ ਔਰ ਹਾਇ ਨਾਗਨੀ ! ਹਾਇ ਸਰਪਨੀ ਕਹਿ ਕਰ ਰੋਨੇ ਲਗਾ, ਔਰ ਥੈਲੀ ਕੋ ਪੈਰੋਂ ਸੇ ਮਿਟੀ ਡਾਲ ਕਰ ਢਕ ਦੀਆ ਔਰ ਰੋਤਾ ਹੂਆ ਆਗੇ ਚਲ ਪੜਾ ਬੰਕੇ ਨੇ ਦੂਰ ਸੇ ਦੇਖਾ ਕਿ ਉਸ ਜਗਾ ਭਾਈ ਕਿਉਂ ਖੜਾ ਹੂਆ ? ਯਹ ਵਿਚਾਰ ਕਰ ਦੌੜ ਕਰ ਭਾਈ ਕੋ ਮਿਲਾ ਔਰ ਪੂਛਾ ਖੜੇ ਕਿਉਂ ਹੂਏ ਥੇ ? ਤਬ ਰੋਤੇ ਹੂਏ ਰੰਕਾ ਨੇ ਜਵਾਬ ਦੀਆ ਕਿ ਭਗਵਾਨ ਨੇ ਸਾਡੇ ਮਾਰਨੇ ਵਾਸਤੇ ਰਸਤੇ ਮੇਂ ਨਾਗਨੀ ਰਖ ਛੋਡੀ ਥੀ, ਮੇਰੇ ਕੋ ਕਾਟਨੇ ਲਗੀ ਥੀ ਯਾਨੇ ਮੈਂ ਉਸ ਕੋ ਉਠਾਨੇ ਲਗਾ ਥਾ, ਪਰੰਤੂ ਬੜੀ

ਮੁਸ਼ਕਲ ਸੇ ਕਿਸੀ ਤਰ੍ਹਾਂ ਬਚ ਗਿਆ, ਫਿਰ ਮੈਂ ਖਿਆਲ ਕਰਿਆ ਕਿ ਨਹੀਂ ਬੰਕਾ ਕੋ ਨ ਕਾਟ ਖਾਏ! ਇਸ ਵਾਸਤੇ ਖੜਾ ਹੋ ਕਰ ਮਾਇਆ ਨਾਗਨੀ ਪਰ ਮਿਟੀ ਡਾਲਨੇ ਲਗਾ ਥਾ ਤਬ ਬੰਕਾ ਰੋਨੇ ਲਗਾ ਰੰਕਾ ਨੇ ਕਹਾ ਤੂੰ ਕਿਉਂ ਰੋਤਾ ਹੈ ? ਨ ਤੁਮ ਨੇ ਦੇਖੀ ਔਰ ਨ ਤੇਰੇ ਕੋ ਕਾਟਾ ਹੀ ! ਫਿਰ ਤੇਰੇ ਰੋਨੇ ਕਾ ਕਿਆ ਮਤਲਬ ਹੈ ? ਤਬ ਬੰਕਾ ਕਹਿਨੇ ਲਗਾ ਮੈਂ ਤੁਮਾਰੇ ਵਾਸਤੇ ਰੋਤਾ ਹੂੰ ਕਿ ਤੁਮਾਰੀ ਬ੍ਰਹਮਾਕਾਰ ਬ੍ਰਿਤੀ ਹਟ ਕਰ ਮਾਯਾਕਾਰ ਬ੍ਰਿਤੀ ਕਿਉਂ ਹੋ ਗਈ ਔਰ ਮਾਯਾ ਸਮਝ ਕਰ ਮਿਟੀ ਕਿਉਂ ਪਾਈ ? ਇਤਨਾ ਪਰਮੇਸ਼ਰ ਸੇ ਬੇਮੁਖ ਕਿਉਂ ਹੂਆ ? ਨ ਹੋਨਾ ਚਾਹੀਏ। ਇਸ ਮੇਂ ਪ੍ਰਮਾਣ :-

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥**
**ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥**

[ਸਲੋਕ ਕਬੀਰ ਜੀ ਸਫਾ ੧੩੭੩

ਮੈਂ ਜਾਨਤਾ ਥਾ ਕਿ ਮੇਰਾ ਭਾਈ ਸੰਤ ਹੈ ਪਰੰਤੂ ਮਾਇਆ ਪਰ ਦ੍ਰਿਸ਼ਟੀ ਕਰਕੇ ਕੰਗਾਲ ਹੀ ਰਹਾ, ਇਸ ਵਾਸਤੇ ਮੈਂ ਰੋਤਾ ਹੂੰ, ਤਬ ਰੰਕਾ ਉਸ ਸੇ ਭੀ ਅਧਿਕ ਰੋਨੇ ਲਗਾ, ਬੰਕਾ ਨੇ ਕਹਾ ਆਪ ਕਿਉਂ ਰੋਤੇ ਹੋ ? ਰੰਕਾ ਨੇ ਕਹਾ ਮੇਰੀ ਮਾਤਾ ਨੇ ਮੇਰਾ ਨਾਮ ਹੀ ਰੰਕ ਯਾਨੇ ਕੰਗਾਲ ਰਖਾ ਹੈ, ਤਬ ਦੋਨੋਂ ਰੋਤੇ ਰੋਤੇ ਕਹਿਨੇ ਲਗੇ ਕਿ ਅਸਾਂ ਭਗਵਾਨ ਕੋ ਕਈ ਬਾਰ ਕਹਾ ਹੈ ਕਿ ਹਮ ਕੋ ਮਾਇਆ ਕਾ ਦਰਸ਼ਨ ਨ ਕਰਾਓ ਪਰੰਤੂ ਭਗਵਾਨ ਫੇਰ ੨ ਦਰਸ਼ਨ ਕਰਾਤੇ ਹੈਂ ਅੱਛਾ ਹਮ ਭੀ ਭੋਜਨ ਨਹੀਂ ਕਰੇਂਗੇ, ਐਸਾ ਕਹਿ ਕਰ ਅਗੇ ਚਲ ਪੜੇ, ਔਰ ਨਾਮ ਦੇਵ ਜੀ ਛਿਪ ਕਰ ਉਨ ਕੀ ਬਾਤੇਂ ਸੁਣ ਰਹੇ ਥੇ, ਨਾਮਦੇਵ ਸੁਣ ਕਰ ਬੜਾ ਹੈਰਾਨ ਹੂਆ ਔਰ ਅਪਨਾ ਹੰਕਾਰ ਛੋਡ ਕਰ ਭਗਵਾਨ ਕਾ ਅਨਿੰਨ ਭਗਤ ਹੂਆ । ਕਿਸੀ ਭਗਤ ਮਾਲ ਮੇਂ ਰੰਕਾ ਪਤੀ ਕਾ ਨਾਮ ਲਿਖਾ ਹੈ। ਔਰ ਪੰਡਰ ਪੁਰ ਮੇਂ ਲਖਮੀ ਦੱਤ ਜੀ ਨਾਮਕ ਏਕ ਰਿਗਵੇਦੀ ਬ੍ਰਾਹਮਣ ਰਹਿਤੇ ਥੇ ਉਨ ਕਾ ਪੁਤਰ ਲਿਖਾ ਹੈ ਜਿਨਕਾ ਜਨਮ ਸੰਮਤ ੧੩੪੭ ਮਹੀਨਾ ਮਘਰ ਸ਼ੁਕਲ ਪਖ ਦੂਜ ਗੁਰਵਾਰ ਕੋ ਲਿਖਾ ਹੈ ਮਾਤਾ ਕਾ ਨਾਮ ਸ੍ਰੀ ਮਤੀ ਰੂਪਾ ਦੇਵੀ ਲਿਖਾ ਹੈ, ਰੰਕਾ ਭਗਤ ਵਿਸ਼ਨੂੰ ਭਗਵਾਨ ਕਾ ਅੰਸ਼ ਲਿਖਾ ਹੈ, ਇਸੀ ਤਰ੍ਹਾਂ ਉਨਕੀ ਇਸਤ੍ਰੀ ਬੰਕਾ ਜੀ ਕਾ ਜਨਮ ਸੰਮਤ ੧੩੫੧ ਵੈਸਾਖ ਕ੍ਰਿਸ਼ਨ ਪੱਖ ਸਪਤਮੀ ਬੁਧਵਾਰ ਕੋ ਪੰਡਰ ਪੁਰ ਮੇਂ ਹਰਦੇਵ ਬ੍ਰਾਹਮਣ ਕੀ ਕੰਨਿਆਂ ਲਿਖੀ ਹੈ ਰੰਕਾ ਕੇ ਸਾਥ ਇਸ ਕੀ ਸ਼ਾਦੀ ਲਿਖੀ ਹੈ ਇਸ ਪ੍ਰਕਾਰ ਰੰਕਾ ਪਤੀ ਕਾ ਨਾਮ ਔਰ ਬੰਕਾ ਇਸਤ੍ਰੀ ਕਾ ਨਾਮ ਲਿਖਾ ਹੈ ਕਿਸੀ ਭਗਤ ਮਾਲ ਮੇਂ ਰੰਕਾ ਬੰਕਾ ਦੋਨੋਂ ਭਾਈ ਲਿਖੇ ਹੈਂ ਜੋ ਭੀ ਹੋ ਭਗਵਾਨ ਕੇ ਪਰਮ ਵਿਰਕਤ ਭਗਤ ਹੂਏ ਹੈਂ ਤਬ ਰੁਦਨ ਕਰਤੇ ਕਰਤੇ ਅਗੇ ਚਲ ਪੜੇ। ਸੋ ਭਗਤ ਲੋਗ ਭੀ ਮਧ੍ਯ ਕੋਟੀ ਮੇਂ ਹੈਂ ਏਕ ਸੇ ਦੂਸਰਾ ਪਰੇ ਸੇ ਪਰੇ ਪੜਾ ਹੈ ਇਸ ਤਰ੍ਹਾਂ ਚਤੁਰ ਸੇ ਭੀ ਚਤੁਰ ਪੜੇ ਹੈਂ ਜੈਸੇ ਏਕ ਰਾਜਾ ਕੇ ਪਾਸ ਤੀਨ ਚਤੁਰ ਆਏ, ਏਕ ਭੋਜਨ ਚਤੁਰ, ਦੂਸਰਾ ਇਸਤ੍ਰੀ ਚਤੁਰ, ਤੀਸਰਾ ਸ਼ੈਯਾ ਚਤੁਰ, ਰਾਜਾ ਨੇ ਉਨਕੇ ਚਤੁਰਾਈ ਕੀ ਪ੍ਰੀਖਿਆ ਕਰਨੇ ਵਾਸਤੇ ਭੋਜਨ ਚਤੁਰ ਕੇ ਛਤੀਸ ਪ੍ਰਕਾਰ



ਕੇ ਭੋਜਨ ਦੀਏ ਤਬ ਉਸ ਨੇ ਕਹਾ ਕਿ ਚਾਵਲੋਂ ਮੇਂ ਮਸਾਨ ਕੇ ਮੁਰਦੋਂ ਕੇ ਧੂਏਂ ਕੀ ਦੁਰਗੰਧੀ ਆ ਰਹੀ ਹੈ, ਦਰਯਾਫਤ ਕਰਨੇ ਪਰ ਪਤਾ ਲਗਾ ਕਿ ਜਿਸ ਖੇਤ ਕੇ ਯਹ ਚਾਵਲ ਹੈਂ ਵੋਹ ਖੇਤ ਬਿਲਕੁਲ ਮਸਾਣੋ ਕੇ ਸਾਥ ਹੈ। ਫਿਰ ਦੂਸਰੇ ਕੋ ਸੁੰਦਰ ੨ ਇਸਤ੍ਰੀਆਂ ਦਿਖਾਈਆਂ ਏਕ ਸਭ ਸੇ ਸੁੰਦਰੀ ਕੋ ਦੇਖ ਕਰ ਕਹਿਨੇ ਲਗਾ ਕਿ ਇਸ ਕੇ ਸਰੀਰ ਸੇ ਬਕਰੀ ਕੀ ਬੋ ਆਤੀ ਹੈ, ਇਸ ਨੇ ਜਨਮ ਕਾਲ ਮੇਂ ਬਕਰੀ ਕਾ ਦੂਧ ਪੀਆ ਹੋਗਾ, ਪੂਛਨੇ ਪਰ ਪਤਾ ਲਗਾ ਕਿ ਠੀਕ ਇਸ ਕੀ ਮਾਤਾ ਇਸ ਕੋ ਜਨਮ ਦੇ ਕਰ ਹੀ ਮਰ ਗਈ ਥੀ ਔਰ ਯਹ ਇਸਤ੍ਰੀ ਬਕਰੀਓਂ ਕੇ ਦੂਧ ਸੇ ਹੀ ਪਲੀ ਹੈ। ਤੀਸਰੇ ਕੋ ਅਨੇਕ ਪ੍ਰਕਾਰ ਕੀ ਸੇਜਾ ਵਿਛਾ ਕਰ ਦੀ ਜਬ ਵੋਹ ਉਸ ਪਰ ਲੇਟਾ ਤੋ ਹਾਇ ੨ ਕਰ ਉਠਾ ਔਰ ਕਹਾ ਇਸ ਕੀ ਸਾਤਵੀਂ ਤਹਿ ਮੇਂ ਏਕ ਬਾਲ ਹੈ ਵੋਹ ਮੇਰੇ ਕੋ ਚੁਭ ਰਹਾ ਹੈ ਇਸ ਲੀਏ ਨੀਂਦ ਨਹੀਂ ਪੜਤੀ ਜਬ ਦੇਖਾ ਤੋ ਸਾਤਵੀਂ ਤਹਿ ਮੇਂ ਬਾਲ ਪੜਾ ਹੈ, ਐਸੇ ਚਤੁਰ ਭੀ ਪਰੇ ਤੋਂ ਪਰੇ ਪੜੇ ਹੈਂ ਇਸ ਵਾਸਤੇ ਠੀਕ ਅਪਨੀ ਚਤੁਰਤਾ ਕਾ ਭੀ ਅਭਿਮਾਨ ਨਾ ਕਰਨਾ ਚਾਹੀਏ, ਇਸ ਪਰ ਰਾਜਾ ਭੋਜ ਕੋ ਏਕ ਪੁਤਲੀ ਕਥਾ ਸੁਣਾ ਰਹੀ ਹੈ, ਔਰ ਸਾਥ ਹੀ ਰਾਜਾ ਬਿਕਰਮ ਕੇ ਗੁਣ ਸੁਣਾ ਰਹੀ ਹੈ, ਔਰ ਕਹਿ ਰਹੀ ਹੈ ਕਿ ਐਸੇ ਗੁਣ ਆਪ ਮੇਂ ਹੋਣੇ ਚਾਹੀਏ ਤਬ ਇਸ ਤਖਤ ਪਰ ਬੈਠਨੇ ਕੇ ਲਾਇਕ ਆਪ ਹੋ ਸਕਤੇ ਹੈਂ।

ਅਬ ਤੇਈਸਵੀਂ ਪੁਤਲੀ ਕਥਾ ਸੁਣਾਤੀ ਹੈ ਕਿ ਬੰਦਰਪੁਰ ਮੇਂ ਧਨ ਪਤੀ ਸ਼ਾਹ ਰਹਿਤਾ ਥਾ, ਵਹੁ ਬੜਾ ਚਤੁਰ ਥਾ, ਉਸ ਕੇ ਚਾਰ ਪੁਤਰ ਥੇ ਵਹੁ ਚਾਰੋਂ ਕੋ ਸਮ ਦ੍ਰਿਸ਼ਟਿ ਸੇ ਰਖਤਾ ਥਾ ਆਪਨੇ ਜੀਤੇ ੨ ਚਾਰੋਂ ਕੋ ਜੁਦਾ ਨ ਹੋਨੇ ਦੀਆ ਮਰਨੇ ਸਮੇਂ ਚਾਰੋਂ ਪੁਤਰੋਂ ਕੋ ਬੁਲਾ ਕਰ ਕਹਾ ਕਿ ਮੇਰੀ ਖਟੀਆ ਕੇ ਚਾਰੋਂ ਪਾਵੋਂ ਕੇ ਨੀਚੇ ਚਾਰ ਸੋਨੇ ਕੇ ਕਲਸ ਦਬੇ ਹੂਏ ਹੈਂ ਵਹੁ ਚਾਰੋਂ ਕਲਸ ਨਿਕਾਲ ਕਰ ਪਹਿਲੇ ਬਾਂਟ ਲੇਨੇ ਬਾਦ ਮੇਂ ਔਰ ਚੀਜ਼ੇਂ ਬਾਂਟਨੀ, ਔਰ ਕਿਸੀ ਚਤਰ ਸਿਆਣੇ ਸੇ ਸਮਤਿ ਕਰ ਬਾਂਟਨਾ, ਜਬ ਸ਼ਾਹ ਮਰ ਗਿਆ ਕੁਛ ਵਕਤ ਕਠੇ ਰਹੇ ਫਿਰ ਜੁਦਾ ਹੋਨੇ ਵਕਤ ਖਾਟ ਕੇ ਚਾਰੋਂ ਪਾਵੋਂ ਸੇ ਚਾਰੋਂ ਕੁੰਭ ਨਿਕਾਲੇ ਜਿਨ ਕੇ ਮੁਖ ਰੇਸ਼ਮੀ ਕਪੜੇ ਸੇ ਬੰਧੇ ਹੂਏ ਥੇ ਬੜੇ ੨ ਚਤਰੋਂ ਕੋ ਬੁਲਾ ਕੇ ਉਨ ਕੇ ਸਾਮਨੇ ਕੁੰਭ ਖੋਲੇ, ਏਕ ਕੁੰਭ ਸੇ ਮ੍ਰਿਤਕਾ (ਮਿਟੀ) ਨਿਕਲੀ ਦੂਸਰੇ ਸੇ ਕੋਇਲੇ ਔਰ ਰਾਖ ਨਿਕਲੀ, ਤੀਸਰੇ ਮੇਂ ਸੇ ਜਾਨਵਰੋਂ ਕੀ ਹਡੀਆਂ ਨਿਕਲੀਂ ਔਰ ਚੌਥੇ ਸੇ ਆਟੇ ਕਾ ਛਾਣ ਨਿਕਲਾ, ਬਹੁਤ ਚਤਰ ਸਿਆਣੇ ਭਾਵ ਸਮਝ ਨ ਸਕੇ, ਤਬ ਵਹੁ ਮਹਾਰਾਜਾ ਬਿਕਰਮ ਕੇ ਪਾਸ ਭਾਵ ਸਮਝਨ ਆਏ, ਆਗੇ ਮਹਾਰਾਜਾ ਬਿਕਰਮ ਤੀਰਥ ਯਾਤਰਾ ਕੋ ਗਏ ਹੂਏ ਥੇ, ਤਬ ਵਹੁ ਚਤਰ ਇਸ ਭਾਵ ਕੋ ਸਮਝਨੇ ਕੇ ਲੀਏ ਦੂਰ ਦੂਰ ਦੇਸ਼ੋਂ ਮੇਂ ਫਿਰਤੇ ਰਹੇ ਪਰੰਤੂ ਕਿਸੀ ਨੇ ਭੀ ਉਨ ਕੋ ਭਾਵ ਨ ਸਮਝਾਇਆ ਤਬ ਵਹੁ ਸਿਆਲ ਕੋਟ ਮੇਂ ਪੂਰਨ ਭਗਤ ਕੇ ਪਿਤਾ ਰਾਜਾ ਸਾਲੀਬਾਹਨ ਕੇ ਪਾਸ ਪਹੁੰਚੇ ਸ਼ਾਲੀਬਾਹਨ ਕੌਣ ਥਾ ਪਹਿਲੇ ਉਸ ਕੀ ਕਥਾ ਕਹਿਤੇ ਹੈਂ। ਏਕ ਬ੍ਰਾਹਮਣ ਕੇ ਘਰ ਦੋ ਪੁਤਰ ਔਰ ਏਕ ਕੰਨਿਆਂ ਹੂਈ ਕੰਨਿਆਂ ਬੜੀ ਰੂਪਵਤੀ

ਔਰ ਵਿਦੂਸੀ ਬੀ ਇਸ ਕੰਨਿਆਂ ਕੀ ਸ਼ਾਦੀ ਕਿਸੀ ਅਛੇ ਵਿਦਵਾਨ ਕੇ ਸਾਥ ਕਰਾ ਦੀ ਦੇਵ ਨੇਤ ਸੇ ਛੇ ਮਹੀਨੇ ਬਾਦ ਵਹੁ ਕੰਨਿਆਂ ਵਿਧਵਾ ਹੋ ਗਈ ਔਰ ਅਪਨੇ ਪਿਤਾ ਕੇ ਘਰ ਰਹਿਨੇ ਲਗੀ ਏਕ ਦਿਨ ਵਹੁ ਇਕੇਲੀ ਹੀ ਸਮੁੰਦਰ ਕੇ ਤੀਰੇ ਸਨਾਨ ਕਰ ਰਹੀ ਥੀ, ਵਾਸਕੀ ਨਾਗ ਭੀ ਬ੍ਰਾਹਮਣ ਕਾ ਰੂਪ ਧਾਰ ਸਨਾਨ ਕਰਨੇ ਕੋ ਆਇਆ ਥਾ, ਵਹਿ ਬ੍ਰਾਹਮਣੀ ਕੇ ਸੁੰਦਰ ਸਰੂਪ ਕੋ ਦੇਖ ਕਰ ਮੁਹਤ ਹੋ ਗਿਆ, ਔਰ ਵਹੁ ਭੀ ਮੁਹਤ ਹੋ ਗਈ ਔਰ ਪਰਸਪਰ ਮੇਲ ਕਰ ਲੀਆ ਔਰ ਹਰ ਰੋਜ ਦੋਨੋ ਉਸੀ ਜਗਾ ਆ ਕਰ ਆਪਸ ਮੇਂ ਮਿਲਤੇ ਥੇ ਆਖਰ ਉਸ ਬ੍ਰਾਹਮਣੀ ਕੋ ਗਰਭ ਹੂਆ, ਮਾਤਾ ਪਿਤਾ ਕੋ ਪਤਾ ਲਗਨੇ ਪਰ ਉਸ ਸੇ ਪੂਛਾ ਪ੍ਰੰਤੂ ਲੱਜਾ ਸੇ ਵਹੁ ਨ ਬੋਲੀ ਤਬ ਉਸ ਕੇ ਮਾਤਾ ਪਿਤਾ ਨੇ ਦੇਸ਼ ਨਿਕਾਲਾ ਦੇ ਦੀਆ, ਤਬ ਵਹੁ ਵਾਸਕੀ ਕੇ ਪਾਸ ਰਹਿਨੇ ਲਗੀ ਸਮਾਂ ਪਾ ਕਰ ਉਸ ਸੇ ਪੁਤਰ ਹੂਆ, ਉਸ ਕਾ ਨਾਮ ਸਾਲੀਵਾਹਨ ਰਖਾ, ਫਿਰ ਵਾਸਕੀ ਨੇ ਉਸ ਕੰਨਿਆਂ ਕੋ ਬਹੁਤ ਪਦਾਰਥ ਦੀਆ, ਔਰ ਏਕ ਰਾਜਾ ਸੰਤਾਨ ਹੀਨ ਥਾ ਉਸ ਨੇ ਉਸ ਬ੍ਰਾਹਮਣੀ ਸੇ ਸਾਲੀਵਾਹਨ ਕੋ ਲੇਕਰ ਅਪਨਾ ਪੁਤਰ ਬਨਾ ਲੀਆ, ਔਰ ਉਸ ਕੰਨਿਆ ਕੋ ਬਹੁਤ ਸਾ ਧਨ ਦੇ ਦੀਆ ਔਰ ਵੋਹ ਕੰਨਿਆ ਸੁਖ ਪੂਰਬਕ ਅਪਨੇ ਘਰ ਰਹਿਨੇ ਲਗੀ, ਇਸ ਪ੍ਰਕਾਰ ਸ਼ਾਲੀਵਾਹਨ ਸਿਆਲਕੋਟ ਕਾ ਰਾਜਾ ਹੂਆ, ਉਸ ਕੀ ਦੋ ਰਾਣੀਆਂ ਥੀ, ਏਕ ਕਾ ਨਾਮ ਇੱਛਰਾਂ ਔਰ ਦੂਸਰੀ ਕਾ ਨਾਮ ਲੂਣਾ ਥਾ, ਇੱਛਰਾਂ ਸੇ ਪੂਰਨ ਨਾਮ ਪੁਤਰ ਹੂਆ ਜਿਸ ਪਰ ਲੂਣਾ ਮੁਹਿਤ ਹੋ ਗਈ ਔਰ ਪੂਰਨ ਕੋ ਮੇਲ ਕੇ ਲੀਏ ਬਹੁਤ ਕਹਾ ਮਗਰ ਪੂਰਨ ਨ ਮਾਨਾ ਔਰ ਬ੍ਰਹਮਚਾਰੀ ਰਹਾ ਤਬ ਲੂਣਾ ਨੇ ਕੋਪ ਭਵਨ ਮੇਂ ਪ੍ਰਵੇਸ਼ ਕੀਆ ਰਾਜਾ ਕੇ ਆਨੇ ਪਰ ਪੂਰਨ ਪਰ ਉਲਟਾ ਦੋਸ਼ ਲਗਾਇਆ ਰਾਜਾ ਨੇ ਜਲਾਦੋਂ ਕੋ ਬੁਲਾ ਕਰ ਔਰ ਪੂਰਨ ਕੇ ਹਾਥ ਪਾਉਂ ਕਟਵਾ ਕਰ ਕੂਏਂ ਮੇਂ ਫਿੰਕਵਾ ਦੀਆ ਫਿਰ ਗੋਰਖ ਨਾਥ ਜੀ ਨੇ ਖੂਹੇ ਸੇ ਨਿਕਾਰ ਕਰ ਹਾਥ ਪੈਰ ਲਗਾ ਦੀਏ ਔਰ ਅਪਨਾ ਚੇਲਾ ਬਨਾ ਲੀਆ । ਬਾਰਾ ਬਰਸ ਕੇ ਬਾਦ ਫਿਰ ਪੂਰਨ ਨਾਥ ਨੇ ਮਾਤਾ ਪਿਤਾ ਕੋ ਦਰਸਨ ਦੀਆ ਔਰ ਉਪਦੇਸ ਦੇ ਕਰ ਸੁਖੀ ਕੀਆ । ਉਸ ਸੇ ਪਹਿਲੇ ਵਿਕ੍ਰਮਾਦਿਤ ਕਾ ਭਾਈ ਭਰਥਰੀ ਭੀ ਗੋਰਖ ਨਾਥ ਕਾ ਚੇਲਾ ਬਣ ਚੁਕਾ ਥਾ, ਜਬ ਰਾਜਾ ਬਿਕ੍ਰਮਾਜੀਤ ਤੀਰਥ ਯਾਤਰਾ ਕਰਕੇ ਦੇਸ਼ ਮੇਂ ਆਇਆ ਤਬ ਪਤਾ ਲਗਾ ਕਿ ਚਾਰ ਭਾਈ ਚਾਰ ਘੜੇ ਲੇ ਆਏ ਥੇ ਉਨ ਕਾ ਕਿਸੀ ਨੇ ਭੀ ਨਿਆਇ ਨਹੀਂ ਕੀਆ, ਅਬ ਵੋਹ ਰਾਜਾ ਸਾਲੀਬਾਹਨ ਕੇ ਪਾਸ ਗਏ ਹੈਂ ਨਾ ਮਾਲੂਮ ਕਿਆ ਨਿਆਇ ਹੂਆ ਹੋਗਾ ਤਬ ਰਾਜਾ ਬਿਕ੍ਰਮ ਨੇ ਉਸ ਕੀ ਬੁਧੀ ਔਰ ਬਲ ਦੇਖਨੇ ਵਾਸਤੇ ਯੁਧ ਕੇ ਲੀਏ ਸੈਨਾ ਭੇਜੀ ਪਰੰਤੂ ਉਸ ਕੋ ਵਾਸੁਕੀ ਨਾਗ ਨੇ ਅਨੇਕ ਪ੍ਰਕਾਰ ਕੀ ਮੰਤਰ ਵਿਦਿਆ ਸਿਖਾਈ ਹੂਈ ਥੀ ਉਸ ਵਿਦਿਆ ਕੇ ਬਲ ਸੇ ਲੜਤਾ ਰਹਾ ਫਿਰ ਵਾਸੁਕੀ ਨਾਗ ਨੇ ਆਪਣੇ ਪੁਤਰ ਕੀ ਮਦਦ ਮੇਂ ਸਰਪ ਭੇਜੇ ਜਿਨੋਂ ਨੇ ਰਾਜਾ ਬਿਕ੍ਰਮ ਕੀ ਸੈਨਾ ਕੋ ਮਾਰ ਦੀਆ, ਫਿਰ ਬਿਕ੍ਰਮ ਨੇ ਦੇਵਤਾਓਂ ਕਾ ਅਵਾਹਨ ਕਰਕੇ ਅੰਮ੍ਰਿਤ ਕਾ ਕਲਸ ਮੰਗਵਾਇਆ ਸ਼ਾਲੀਵਾਹਨ ਕੋ ਪਤਾ ਲਗਾ ਕਿ ਮਹਾਰਾਜਾ ਬਿਕ੍ਰਮ ਬੜੇ ਦਾਨੀ ਹੈਂ ਤਬ ਦੋ ਬ੍ਰਾਹਮਣ



ਸਮਝਾ ਕੇ ਭੇਜੇ ਕਿ ਜੋ ਅੰਮ੍ਰਿਤ ਆਪ ਨੇ ਸਵਰਗ ਸੇ ਮੰਗਵਾਇਆ ਹੈ ਵੋਹ ਅੰਮ੍ਰਿਤ ਕਾ ਕਲਸ ਹਮ ਆਪ ਸੇ ਭੀਖ ਮੇਂ ਮਾਂਗਤੇ ਹੈਂ ਤਬ ਰਾਜਾ ਬਿਕ੍ਰਮ ਨੇ ਦਾਨੀ ਸੁਭਾਉ ਸੇ ਅਪਨੇ ਸ਼ਤ੍ਰ ਕੋ ਭੀ ਅੰਮ੍ਰਿਤ ਕਾ ਕਲਸ ਦੇ ਦੀਆ, ਰਾਜਾ ਸਾਲੀਬਾਹਨ ਐਸੀ ਉਦਾਰਤਾ ਕੋ ਦੇਖ ਕਰ ਬੜਾ ਪ੍ਰਸੰਨ ਹੂਆ ਔਰ ਅੰਮ੍ਰਿਤ ਸੇ ਅਪਨੀ ਤਥਾ ਰਾਜਾ ਬਿਕ੍ਰਮ ਕੀ ਸੈਨਾ ਜਿਵਾ ਦਿਤੀ ਔਰ ਆਪਸ ਮੇਂ ਸੁਲਹ ਕਰ ਕੇ ਮਿਤ੍ਰ ਬਨੇ ਤਬ ਰਾਜਾ ਬਿਕ੍ਰਮ ਨੇ ਪੂਛਾ ਕਿ ਉਨ ਚਾਰੋਂ ਲੜਕੋਂ ਕਾ ਕੈਸੇ ਨਿਆਇ ਕੀਆ ? ਤਬ ਸਾਲੀਬਾਹਨ ਨੇ ਕਹਾ ਕਿ ਹੇ ਰਾਜਾ ਬਿਕ੍ਰਮ ! ਮੈਂ ਨੇ ਉਨ ਕਾ ਯਹ ਨਿਆਇ ਕੀਆ ਹੈ ਕਿ ਉਨ ਕੇ ਪਿਤਾ ਬੜੇ ਚਤੁਰ ਔਰ ਸਮਦਰਸੀ ਥੇ, ਵੁਹ ਅਪਨੀ ਜਾਇਦਾਦ ਪੂਰੇ ਚਾਰ ਹਿਸੋਂ ਮੇਂ ਚਾਰ ਤਰ੍ਹਾਂ ਕੀ ਬਨਾ ਕਰ ਰਖ ਗਏ ਹੈਂ, ਔਰ ਚਾਰੋਂ ਪੁਤਰੋਂ ਕੋ ਉਨ ੨ ਕਾਮੋਂ ਮੇਂ ਭੀ ਲਗਾਇਆ ਥਾ, ਜਿਨ ੨ ਕਾਮੋਂ ਮੇਂ ਪੁਤਰੋਂ ਕੋ ਲਗਾਇਆ ਥਾ ਘੜੋਂ ਮੇਂ ਭੀ ਵੁਹੀ ਚੀਜੇਂ ਭਰ ਲੀ ਥੀਂ, ਜਿਸ ਕੇ ਘੜੇ ਮੇਂ ਮਿੱਟੀ ਨਿਕਲੀ ਉਸ ਕੋ ਮਿੱਟੀ ਦਵਾਰਾ ਯਹਿ ਸੂਚਨ ਕਰਾਇਆ ਕਿ ਜਿਤਨੇ ਮਕਾਨ ਹੈਂ ਉਨ ਕਾ ਮਾਲਕ ਤੂੰ ਹੈ, ਜੋ ਪੂਰੇ ਚੌਥੇ ਹਿਸੇ ਮੇਂ ਥੇ ਔਰ ਜਿਸ ਕੇ ਘੜੇ ਸੇ ਕੋਇਲੇ ਔਰ ਰਾਖ ਨਿਕਲੀ ਥੀ ਉਸ ਕੋ ਯਹਿ ਸੂਚਨ ਕਰਾਇਆ ਕਿ ਅਗਨੀ ਮੇਂ ਡਾਲ ਕਰ ਸੁਧ ਹੋਨੇ ਵਾਲੇ ਸੋਨਾ ਚਾਂਦੀ ਆਦਿ ਧਾਤੂਓਂ ਕਾ ਮਾਲਕ ਤੂੰ ਹੈ ਵਹੁ ਭੀ ਪੂਰੇ ਚੌਥੇ ਹਿਸੇ ਕੇ ਥੇ, ਔਰ ਜਿਸ ਕੇ ਕੁੰਭ ਮੇਂ ਜਾਨਵਰੋਂ ਕੀ ਹਡੀਆਂ ਪੜੀ ਥੀਂ ਉਨ ਕੋ ਕਹਾ ਜਿਤਨੇ ਪਸੂ ਹਾਥੀ, ਘੋੜੇ, ਗਊਆਂ ਭੈਂਸਾਂ ਸਭ ਕਾ ਮਾਲਕ ਤੂੰ ਹੋ ਜਾ, ਉਹ ਮਾਲ ਭੀ ਪੂਰੇ ਚੌਥੇ ਹਿਸੇਂ ਮੇਂ ਥਾ, ਚੌਥੇ ਘੜੇ ਮੇਂ ਜੋ ਧਾਣੋਂ ਕਾ ਭੂਸਾ ਥਾ ਉਸ ਕੋ ਯਹ ਕਹਾ ਕਿ ਜਿਤਨੇ ਭੀ ਖੇਤ ਬਾਗ ਔਰ ਬਗੀਚੇ ਆਦਿ ਹੈਂ ਉਨ ਕਾ ਮਾਲਕ ਤੂੰ ਹੋ ਜਾ, ਉਹ ਭੀ ਪੂਰਾ ਚੌਥਾ ਹਿਸਾ ਥਾ, ਰਾਜਾ ਵਿਕ੍ਰਮ ਯਹਿ ਨਿਆਇ ਸੁਣ ਕਰ ਸਾਲੀਵਾਨ ਪਰ ਬੜੇ ਖੁਸ ਹੂਏ ਔਰ ਕਹਿਨੇ ਲਗੇ ਮੇਰਾ ਸੰਮਤ ਔਰ ਤੇਰਾ ਸਾਕਾ ਚਲੇਗਾ । ਸੋ ਰਾਜਾ ਬਿਕ੍ਰਮਾਜੀਤ ਕਾ ਸੰਮਤ ੩੫ ਬਰਸ ਪਹਿਲੇ ਹੈ ਔਰ ਸਾਕਾ ੩੫ ਬਰਸ ਬਾਦ ਮੇਂ ਹੈ, ਯਾਨੀ ਜੈਸਾ ਅਬੀ ਸੰਮਤ ੧੯੯੪ ਹੈ ਤੋ ਸਾਕਾ ੧੯੫੯ ਹੋਗਾ, ਇਸ ਪ੍ਰਕਾਰ ਚਤਰ ਭੀ ਪਰੇ ਤੇ ਪਰੇ ਪੜੇ ਹੈਂ ਔਰ ਅਪਨੇ ਕੋ ਜਾ ਅਪਨੇ ਸਬੰਧੀ ਕੋ ਚਤੁਰ ਸਮਝ ਕਰ ਹਰਖ ਸੋਗ ਨ ਕਰਨਾ ਚਾਹੀਏ ਨ ਅਭਿਮਾਨ ਕਰਨਾ ਚਾਹੀਏ ਕਿਉਂਕਿ ਉਸ ਸੇ ਬੜੇ ਬੜੇ ਚਤੁਰ ਪ੍ਰਮੇਸਵਰ ਕੀ ਸ੍ਰਿਸਟੀ ਮੇਂ ਪੜੇ ਹੈਂ ਔਰ ਚਤੁਰੋਂ ਕਾ ਸ਼ਰੋਮਣੀ ਸਰਦਾਰ ਪ੍ਰਮੇਸਵਰ ਹੀ ਹੈ ਉਸ ਕੇ ਆਗੇ ਕਿਸੀ ਕੀ ਚਤੁਰਾਈ ਚਲਤੀ ਭੀ ਨਹੀਂ । ਪ੍ਰਮਾਣ :-

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥**

ਤਾਤੇ ਚਤੁਰਾਈ ਪਰ ਹਰਖ ਨਾ ਕਰਨਾ ਚਾਹੀਏ ਅਰ ਅਪਨੇ ਕੋ ਯਾ ਅਪਨੇ ਸਬੰਧੀਓਂ ਕੋ ਮੂਰਖ ਦੇਖ ਕਰ ਹਰ ਵਕਤ ਸੋਕ ਭੀ ਨਾ ਕਰਨਾ ਚਾਹੀਏ, ਕਿਉਂਕਿ ਈਸਵਰ ਕੀ ਸ੍ਰਿਸਟੀ ਮੇਂ ਪਰੇ ਸੇ ਪਰੇ ਮੂਰਖ ਪੜੇ ਹੈਂ । ਆਪਨੇ ਸੇ ਅਧਿਕ ਮੂਰਖ ਕੋ ਦੇਖ ਕਰ ਚਿਤ ਸੋਕ ਰਹਿਤ ਸ਼ਾਂਤ ਕਰਨਾ ਚਾਹੀਏ । ਗੁਰੂ ਜੀ ਲਿਖਤੇ ਹੈਂ -

## ਅਸੰਖ ਮੂਰਖ ਅੰਧ ਘੋਰ ॥

ਅਰਥ-ਅਸੰਖ ਹੀ ਮੂਰਖ ਹੈਂ ਔਰ ਉਸ ਸੇ ਭੀ ਅਧਿਕ "ਅੰਧ" ਯਾਨੇ ਮਹਾਂ ਮੂਰਖ ਭੀ ਅਸੰਖ ਹੀ ਹੈਂ ਔਰ ਉਸ ਸੇ ਭੀ ਅਧਿਕ "ਘੋਰ" ਯਾਨੇ ਮਹਾਂ ਮਹਾਂ ਮੂਰਖ ਭੀ ਅਸੰਖ ਹੀ ਹੈਂ ਈਸ਼ਵਰ ਸ੍ਰਿਸਟੀ ਮੇਂ ਹਰ ਏਕ ਚੀਜ਼ ਬੇਅੰਤ ਹੀ ਹੈ । ਗਰੰਥ ਮੇਂ ਮੂਰਖੋਂ ਕੀ ਕਥਾ ਕਾ ਕੋਈ ਉਪਯੋਗ (ਜ਼ਰੂਰਤ) ਨਹੀਂ ਇਸ ਵਾਸਤੇ ਵਿਸਥਾਰ ਸੇ ਨਹੀਂ ਲਿਖਤੇ ਸੂਚਨਾ ਮਾਤ੍ਰ ਲਿਖਤੇ ਭੀ ਹੈਂ । ਕਥਾ ਏਕ ਮੂਰਖ ਕੀ । ਏਕ ਮੂਰਖ ਪੁਰਸ਼ ਕੇ ਪੇਟ ਮੇਂ ਬਹੁਤ ਦਰਦ ਹੋ ਗਈ ਹਕੀਮ ਪਾਸ ਦਵਾਈ ਲੇਨੇ ਗਿਆ ਹਕੀਮ ਨੇ ਜੁਲਾਬ ਕੀ ਦਵਾਈ ਦਿਤੀ ਔਰ ਕਹਾ ਖਿਚੜੀ ਖਾਨਾ, ਦਵਾਈ ਲੇ ਕਰ ਰਸਤੇ ਮੇਂ ਆਇਆ ਤੋ ਖਿਚੜੀ ਨਾਮ ਭੂਲ ਗਿਆ ਤੇ ਫਿਰ ਹਕੀਮ ਪਾਸ ਪੂਛਨੇ ਆਇਆ ਫਿਰ ਭੂਲ ਗਿਆ, ਇਸੀ ਤਰਾਂ ਸਤ ਵਾਰੀ ਆਇਆ ਗਿਆ ਹਕੀਮ ਭੀ ਦਸ ਦਸ ਕੇ ਅੱਕ ਗਿਆ ਫਿਰ ਸਮਝਾਇਆ "ਖਿੱਚੜੀ" ਵੋਹ ਯਾਦ ਕਰਤਾ ਰਸਤੇ ਮੇਂ ਜਾ ਰਹਾ ਸੀ, ਰਸਤੇ ਮੇਂ ਫਿਰ ਭੂਲ ਗਿਆ ਖਿਚੜੀ ਕੀ ਜਗ੍ਹਾ ਖਾਚਿੜੀ, ਖਾਚਿੜੀ ਕਰਨੇ ਲਗਾ, ਰਸਤੇ ਮੇਂ ਏਕ ਕਿਸਾਨ, ਯਾਨੇ ਜ਼ਿਮੀਦਾਰ ਚਿੜੀਓਂ ਕੋ ਖੇਤ ਸੇ ਉਡਾ ਰਹਾ ਥਾ, ਵੋਹ ਉਸ ਕੇ ਵਚਨ ਖਾਚਿੜੀ ਖਾਚਿੜੀ ਸੁਣ ਕਰ ਕ੍ਰੋਧ ਮੇਂ ਆ ਕਰ ਉਸ ਕੋ ਮਾਰਨੇ ਲਗਾ, ਤਬ ਮੂਰਖ ਨੇ ਕਹਾ ਫਿਰ ਕਿਆ ਕਹਾਂ ਕਿਸਾਨ ਨੇ ਕਹਾ **"ਉਡ ਚਿੜੀ"** ਕਹੁ ਤਬ ਮੂਰਖ ਮਾਰ ਕੇ ਭੈ ਸੇ ਉਡ ਚਿੜੀ ਕਹਿਨੇ ਲਗਾ, ਰਸਤੇ ਮੇਂ ਏਕ ਬਧਿਕ ਨੇ ਚਿੜੀਓਂ ਕੋ ਫਸਾਨੇ ਵਾਸਤੇ ਜਾਲ ਬਿਛਾਇਆ ਥਾ, ਉਸ ਨੇ "ਉਡ ਚਿੜੀ" ਸੁਨ ਕਰ ਮੂਰਖ ਕੋ ਬੜਾ ਮਾਰਾ ਅਰ ਕਹਾ ਮੈਂ ਫਸਾਨਾ ਚਾਹਤਾ ਹੂੰ ਤੂੰ ਉਡਾਨਾ ਚਾਹਤਾ ਹੈਂ ਤਬ ਮੂਰਖ ਨੇ ਕਹਾ ਫਿਰ ਕਿਆ ਕਹਾਂ ਬੱਧਕ ਨੇ ਕਹਾ ਤੂੰ ਇਹ ਲਫ਼ਜ਼ ਕਹੁ ਕਿ **ਆਵਤ ਜਾ, ਫਸ ਫਸ ਜਾ** ਮਾਰ ਕੇ ਭੈ ਸੇ ਮੂਰਖ ਐਸੇ ਹੀ ਕਹਿਨੇ ਲਗਾ ਅਗੇ ਰਸਤੇ ਮੇਂ ਚੋਰ ਚੋਰੀ ਕਰ ਰਹੇ ਥੇ ਉਨੋਂ ਨੇ ਇਹ ਵਚਨ ਸੁਨ ਕਰ ਮੂਰਖ ਕੋ ਬੜਾ ਮਾਰਾ ਤਬ ਉਸ ਨੇ ਪੂਛਾ ਕੀ ਕਹਾਂ ਤਬ ਚੋਰੋਂ ਨੇ ਕਹਾ ਤੂੰ ਐਸੇ ਕਹੁ **"ਲੇ ਲੇ ਆਓ ਧਰ ਧਰ ਜਾਓ"** ਮੂਰਖ ਮਾਰ ਕੇ ਭੈ ਸੇ ਉਚੇ ਸੁਰ ਸੇ ਐਸੇ ਹੀ ਕਹਿਤਾ ਜਾ ਰਹਾ ਥਾ ਰਸਤੇ ਮੇਂ ਏਕ ਸ਼ਾਹੂਕਾਰ ਕੇ ਮਰੇ ਹੂਏ ਪੁਤ੍ਰ ਕੇ ਮੁਰਦੇ ਕੋ ਮਸਾਣ ਮੇਂ ਲੇ ਜਾ ਰਹੇ ਥੇ ਮੂਰਖ ਨੇ ਉਨਹੋਂ ਕੇ ਸਾਹਮਣੇ ਜਬ ਐਸੇ ਕਹਾ, "ਲੇ ਲੇ ਆਓ ਧਰ ਧਰ ਜਾਓ" ਤਬ ਸ਼ਾਹੂਕਾਰ ਕੇ ਸੰਬੰਧੀਓਂ ਕੋ ਬੜਾ ਕ੍ਰੋਧ ਹੂਆ ਅਰ ਮੂਰਖ ਕੋ ਮਾਰਨੇ ਲਗੇ ਤਬ ਮੂਰਖ ਕਹਿਨੇ ਲਗਾ ਮੈਂ ਕੀ ਕਹਾਂ ਤਬ ਉਨਹੋਂ ਨੇ ਕਹਾ ਤੂੰ ਐਸੇ ਕਹੁ ਕਿ **"ਐਸੇ ਦਿਨ ਕਭੀ ਨਾ ਆਵੇਂ"** ਮੂਰਖ ਮਾਰ ਕੇ ਭੈ ਸੇ ਵੈਸੇ ਹੀ ਕਹਿਨੇ ਲਗਾ, ਰਸਤੇਂ ਮੇਂ ਏਕ ਸੇਠ ਕੇ ਪੁਤ੍ਰ ਕੇ ਵਿਵਾਹ ਕੀ ਜੰਞ ਜਾ ਰਹੀ ਥੀ ਉਨਹੋਂ ਨੇ ਜਬ ਇਹ ਵਚਨ ਸੁਨੇ ਤੋ ਮੂਰਖ ਕੋ ਬੜਾ ਮਾਰਾ, ਤਬ ਵੋਹ ਉਨਹੋਂ ਕੀ ਮਾਰ ਕੇ ਭੈ ਸੇ ਘਰ ਭਾਗ ਆਇਆ



ਅਰ ਕਹਿਨੇ ਲਗਾ ਹਕੀਮ ਨੇ ਮੇਰੇ ਕੋ ਬੜਾ ਮਰਵਾਇਆ ਹੈ। ਪਰੰਤੂ ਉਸ ਨੇ ਅਪਨੇ ਮੂਰਖ ਪਨੇ ਸੇ ਹੀ ਮਾਰ ਖਾਈ, ਇਸ ਪ੍ਰਕਾਰ ਈਸੂਰ ਸ੍ਰਿਸਟੀ ਮੇਂ ਐਸੇ ਐਸੇ ਮੂਰਖ ਭੀ ਬਹੁਤ ਹੈਂ ਉਨ ਕੋ ਦੇਖ ਸੁਣ ਕਰ ਅਪਣੇ ਚਿਤ ਮੇਂ ਭੀ ਧੀਰਜ ਰਖਨਾ ਚਾਹੀਏ ਅਪਨੇ ਕੋ ਅਰ ਅਪਨੇ ਮੂਰਖ ਸੰਬੰਧੀਓਂ ਕੋ ਦੇਖ ਕਰ ਸ਼ੋਕ ਨ ਕਰਨਾ ਚਾਹੀਏ। ਹਰਖ ਸ਼ੋਕ ਸੇ ਰਹਿਤ ਹੋ ਕਰ ਚਿਤ ਕੋ ਸਮ ਰਖਨਾ ਚਾਹੀਏ।

ਮੂਰਖੋਂ ਕੀ ਏਕ ਦੂਸਰੀ ਕਥਾ ਸੁਨੀ ਹੂਈ ਹੈ ਸੋ ਭੀ ਲਿਖਤੇ ਹੈਂ । ਏਕ ਗ੍ਰਾਮ ਮੇਂ ਏਕ ਬਨੀਆਂ ਰਹਿਤਾ ਥਾ, ਉਸ ਨੇ ਕਭੀ ਸ਼ੀਸ਼ੇ ਯਾਨੇ ਦਰਪਣ (ਦਰਸ਼ਨੀ) ਮੇਂ ਅਪਨਾ ਮੁਖ ਕਭੀ ਨਹੀਂ ਦੇਖਾ ਥਾ ਨਾ ਹੀ ਉਸਕੀ ਇਸਤ੍ਰੀ ਨੇ ਹੀ ਦੇਖਾ ਥਾ ਉਨ ਕੇ ਗ੍ਰਾਮ ਮੇਂ ਏਕ ਜਟਾਧਾਰੀ ਸੰਤ ਰਹਿਤਾ ਥਾ ਉਸ ਨੇ ਭੀ ਦਰਪਨ ਮੇਂ ਅਪਨਾ ਮੁਖ ਕਭੀ ਨਹੀਂ ਦੇਖਾ ਥਾ ਏਕ ਦਿਨ ਵੋਹ ਬਨੀਆਂ ਕਿਸੀ ਸ਼ਹਿਰ ਮੇਂ ਆਇਆ ਅਪਨਾ ਕਾਮ ਉਤਾਰ ਕਰ ਜਬ ਅਪਨੇ ਘਰ ਵਾਪਸ ਜਾਨੇ ਲਗਾ ਤੋ ਰਸਤੇ ਮੇਂ ਕਿਸੀ ਕਾ ਗਿਰਾ ਹੂਆ ਦਰਪਣ ਉਸ ਕੋ ਮਿਲ ਗਿਆ ਜਬ ਦਰਪਣ ਕੋ ਉਠਾ ਕਰ ਦੇਖਾ ਤੋ ਉਸ ਮੇਂ ਅਪਨਾ ਪ੍ਰਤੀਬਿੰਬ ਉਸ ਕੋ ਦਿਖਾਈ ਆਇਆ ਤਬ ਬੜਾ ਪ੍ਰਸੰਨ ਹੂਆ ਅਰ ਕਹਿਨੇ ਲਗਾ ਆਜ ਭਗਵਾਨ ਕੇ ਦਰਸ਼ਨ ਹੂਏ ਸ਼ੀਸ਼ੇ ਕੇ ਅੰਦਰ ਤੋ ਭਗਵਾਨ ਕ੍ਰਿਸ਼ਨ ਜੀ ਬੈਠੇ ਹੂਏ ਹੈਂ ਬੜਾ ਖੁਸ਼ ਹੂਆ ਫੇਰ ਦਰਪਣ ਕੋ ਦੇਖਨੇ ਲਗਾ ਅਰ ਅਪਨੇ ਗ੍ਰਾਮ ਮੇਂ ਜਾ ਕਰ ਬੜੇ ਦਾਨ ਪੁੰਨ ਕੀਏ, ਬਾਜੇ ਬਜਵਾਨੇ ਲਗਾ ਦਰਪਣ ਕੋ ਦੇਖ ਕਰ ਫੇਰ ਫੇਰ ਖੁਸ਼ ਹੋਵੇ । ਜਬ ਵੋਹ ਕੋਟ ਕੇ ਖੀਸੇ ਮੇਂ ਦਰਪਣ ਰਖ ਕਰ ਖੁਸ਼ੀ ਖੁਸ਼ੀ ਨਚਤਾ ਟਪਤਾ ਬਾਹਰ ਨਿਕਲ ਗਿਆ ਤਬ ਉਸ ਕੀ ਇਸਤ੍ਰੀ ਜੋ ਦੁਰਗਾ ਦੇਵੀ ਕੀ ਪੂਜਕ ਸੀ । ਉਸ ਨੇ ਜਬ ਦਰਪਨ ਦੇਖਾ ਤੋ ਕਹਿਣੇ ਲਗੀ ਦੁਰਗਾ ਮਈਆ ਨੇ ਆਜ ਮੇਰੇ ਕੋ ਦਰਸ਼ਨ ਦੀਆ ਹੈ ਵੋਹ ਭੀ ਦਾਨ ਕਰਨੇ ਲਗੀ ਬਾਜੇ ਬਜਵਾਨੇ ਲਗੀ ਇਹ ਬਾਤ ਸੁਨ ਕਰ ਵੋਹ ਸੰਤ ਭੀ ਉਨ ਕੇ ਘਰ ਆਇਆ ਜੋ ਮਹਾਂਦੇਵ ਕਾ ਉਪਾਸ਼ਕ ਥਾ ਔਰ ਮਹਾਂਦੇਵ ਕੇ ਦਰਸ਼ਨ ਕੀ ਭੀ ਤੀਬਰ ਇਛਾ ਰਖਤਾ ਥਾ ਉਸ ਨੇ ਆ ਕਰ ਮਾਈ ਕੋ ਪੂਛਾ ਕਹਾ ਤੇਰੇ ਕੋ ਕਹਾਂ ਦੁਰਗਾ ਨੇ ਦਰਸ਼ਨ ਦੀਆ ਹੈ ਸੰਤ ਨੇ ਭੀ ਦਰਪਣ ਮੇਂ ਅਪਨਾ ਹੀ ਪ੍ਰਤੀਬਿੰਬ ਦੇਖਾ ਅਰ ਕਹਿਣੇ ਲਗਾ ਵਾਹ ! ਵਾਹ ! ਮੇਰੇ ਕੋ ਆਜ ਸ਼ੰਕਰ ਭਗਵਾਨ ਨੇ ਦਰਸ਼ਨ ਦੀਆ ਐਸੇ ਕਹਿ ਕਰ ਵੋਹ ਭੀ ਨਚਨੇ ਟਪਨੇ ਲਗਾ ਇਤਨੇ ਮੇਂ ਬਨੀਆ ਭੀ ਆ ਗਿਆ ਇਸਤ੍ਰੀ ਅਰ ਸੰਤ ਪੇ ਪੂਛਾ ਤੁਸੀਂ ਕਿਉਂ ਖੁਸ਼ ਹੋ ਰਹੇ ਹੋ ਤਬ ਇਸਤ੍ਰੀ ਕਹਿਣੇ ਲਗੀ ਮੇਰੇ ਕੋ ਦੁਰਗਾ ਦੇਵੀ ਨੇ ਦਰਸ਼ਨ ਦੀਆ ਸੰਤ ਕਹਿਣੇ ਲਗੇ ਮੇਰੇ ਕੋ ਸ਼ੰਕਰ ਭਗਵਾਨ ਨੇ ਦਰਸ਼ਨ ਦੀਆ ਹੈ । ਤਬ ਬਨੀਏ ਨੇ ਕਹਾ ਕਹਾਂ ਦਰਸ਼ਨ ਦੀਆ, ਉਨਹੋਂ ਨੇ ਦਰਪਣ ਦਿਖਾਇਆ, ਦਰਪਣ ਕੋ ਦੇਖ ਕਰ ਤੀਨੋਂ ਝਗੜਨੇ ਲਗੇ । ਉਹ ਕਹੇ ਕ੍ਰਿਸ਼ਨ ਭਗਵਾਨ ਹੈ, ਉਹ ਕਹੇ ਦੇਵੀ ਹੈ, ਉਹ ਕਹੇ ਸ਼ੰਕਰ ਭਗਵਾਨ ਹੈਂ । ਇਸ ਤਰਾਂ ਝਗੜਤੇ ਝਗੜਤੇ ਆਪਸ ਮੇਂ ਏਕ ਦੂਸਰੇ ਕੋ ਮਾਰਨੇ ਲਗੇ,

ਜੈਸੇ ਇਹ ਦੋਨੋਂ ਅਪਨੇ ਅਪਨੇ ਸੁਰੂਪ ਕੋ ਦਰਪਨ ਮੇਂ ਜਾਨ ਕਰ ਮੁਰਖਤਾ ਸੇ ਝਗੜਤੇ ਹਏ ਤੈਸੇ ਸਭ ਕੇ ਹਿਰਦੇ ਰੂਪੀ ਸ਼ੀਸ਼ੇ ਮੇਂ ਪ੍ਰਮੇਸ਼ਵਰ ਹੈ ਉਸ ਕੋ ਨ ਜਾਣ ਕਰ ਭੇਦ ਭਾਵਨਾ ਕਰ ਕਾਹੇ ਪ੍ਰਮੇਸ਼ਵਰ ਕੇ ਸੁਰੂਪ ਮੇਂ ਅਨੇਕ ਭਾਵਨਾ ਕਰ ਮੂਰਖ ਝਗੜਤੇ ਹੈਂ ਜੈਸੇ ਲਿਖਾ ਹੈ ਪ੍ਰਮਾਣ:-

**ਮੂਰਖਾ ਸਿਰਿ ਮੂਰਖੁ ਹੈ ਜਿ ਮਨੇ ਨਾਹੀ ਨਾਉ ॥** [ਮਾਰੂ ਮ: ੧ ਸਫਾ ੧੦੧੫

**ਤਥਾ—ਕਈ ਕੋਟਿ ਅੰਧ ਅਗਿਆਨੀ ॥** [ਸੁਖਮਨੀ ਸਫਾ ੨੭੫

ਤਥਾ ਹਰਖ ਸ਼ੋਕ ਕਰਨੇ ਵਾਲਾ ਭੀ ਮੂਰਖ ਹੋਤਾ ਹੈ ਤਾਂਤੇ ਕਿਸੀ ਪਦਾਰਥ ਮੇਂ ਹਰਖ ਸ਼ੋਕ ਨ ਕਰਨਾ ਚਾਹੀਏ । ਗਿਆਨੀ ਲੋਗ ਕਿਸੀ ਬਾਤ ਕਾ ਹਰਖ ਸ਼ੋਕ ਨਹੀਂ ਕਰਤੇ ਹੈਂ । ਗੁਰੂ ਪ੍ਰਮਾਣ:-

**ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨ ॥** [ਸਲੋਕ ਮ: ੯ ਸਫਾ ੧੪੨੭

ਐਸੇ ਹੀ ਦੁਨੀਆ ਮੇਂ ਦੁਖੀ ਭੀ ਪਰੇ ਸੇ ਪਰੇ ਪੜੇ ਹੈਂ ਜੈਸੇ ਏਕ ਬਗੀਚੇ ਮੇਂ ਛੇ ਆਦਮੀ ਇਕੱਠੇ ਹੋ ਗਏ ਆਪਸ ਮੇਂ ਏਕ ਦੂਸਰੇ ਕੋ ਸੁਖ ਦੁਖ ਸੁਣਾਨੇ ਲਗੇ। (੧) ਏਕ ਅਪਨਾ ਦੁਖ ਸੁਣਾਨੇ ਲਗਾ ਕਿ ਮੇਰੇ ਘਰ ਪਾਂਚ ਕੰਨਿਆਂ ਔਰ ਤੀਨ ਲੜਕੇ ਹੈਂ, ਨੌਕਰੀ ਥੋੜੀ ਹੈ ਔਰ ਖਰਚ ਬਹੁਤ ਹੈ ਔਰ ਇਨ ਕੇ ਪੜ੍ਹਾਨੇ ਕਾ ਤਥਾ ਸ਼ਾਦੀ ਕਰਨੇ ਕਾ ਫਿਕਰ ਰਹਿਤਾ ਹੈ। (੨) ਦੂਸਰਾ ਕਹਿਨੇ ਲਗਾ ਮੇਰੇ ਪਾਸ ਧਨ ਬਹੁਤ ਹੈ ਸੰਤਾਨ ਹੈ ਨਹੀਂ ਰਾਤ ਦਿਨ ਰੋਤੇ ਰਹਿਤੇ ਹੈਂ, ਫਿਰ ਦੂਸਰਾ ਵਿਵਾਹ ਕਰਾਇਆ ਔਲਾਦ ਫਿਰ ਨ ਹੂਈ ਅਬ ਦੋਨੋਂ ਇਸਤ੍ਰੀਆਂ ਲੜਤੀ ਰਹਿਤੀ ਹੈਂ, ਮੇਰੇ ਨਾਲ ਦੋਨੋ ਕਾ ਪਿਆਰ ਨਹੀਂ ਇਜ਼ਤ ਬਰਬਾਦ ਹੋ ਗਈ ਇਸ ਸੇ ਤੋ ਮਰਨਾ ਹੀ ਅਛਾ ਹੈ, ਤੀਸਰਾ ਕਹਿਨੇ ਲਗਾ ਮੇਰੀ ਇਸਤ੍ਰੀ ਵਿਭਚਾਰਨੀ ਹੈ, ਕਿਤਨੇ ਮਿਤਰ ਬਨਾਏ ਹੈਂ ਬਾਹਰ ਸੀਟੀਆਂ ਮਾਰਤੇ ਰਹਿਤੇ ਹੈਂ ਔਹ ਭੀ ਇਸ਼ਾਰੇ ਦੇਤੀ ਰਹਿਤੀ ਹੈ ਆਖੋਂ ਸੇ ਦੇਖ ੨ ਕਰ ਸੜਤਾ ਰਹਿਤਾ ਹੂੰ। ਜੀਨੇ ਮੇਂ ਅੰਦੇਸ਼ਾ ਹੈ:-

ਬੈਂਤ

**ਕੋਈ ਸੁਖੀ ਨ ਵਿਚ ਸੰਸਾਰ ਡਿਠਾ, ਜਿਨੂੰ ਪੁਛੀਏ ਦੁਖ ਸੁਨਾਵੰਦਾ ਹੈ।**
**ਪਿਛੇ ਇਕ ਦੋ ਸੌ ਦੇ ਲਏ ਤਰਲੇ, ਪੂਰੀ ਫੇਰ ਭੀ ਰਬ ਨ ਪਾਵੰਦਾ ਹੈ।**
**ਕੋਈ ਦੁਸ਼ਮਨਾ ਦੇ ਹਥੋਂ ਤੰਗ ਹੋਯਾ, ਲੁਕ ਛਿਪ ਕੇ ਦਿਨ ਲੰਘਾਵੰਦਾ ਹੈ।**
**ਕੋਈ ਅੰਨ ਤੇ ਧਨ ਨੂੰ ਲਏ ਤਰਲੇ, ਚਿਤ ਕੁੱਤਿਆਂ ਵਾਂਗ ਭਟਕਾਵੰਦਾ ਹੈ।**
**ਕੋਈ ਪੁਤਰਾਂ ਦੇ ਹਥੋਂ ਤੰਗ ਹੋਇਆ, ਉਠ ਵਲ ਪਰਦੇਸ ਦੇ ਧਾਵੰਦਾ ਹੈ।**
**ਕੋਈ ਇਸਤ੍ਰੀ ਦੇਖ ਬਦਕਾਰ ਅਖੀਂ, ਹਥੀਂ ਜ਼ਹਿਰ ਮੰਗਾ ਕੇ ਖਾਵੰਦਾ ਹੈ।**
**ਕੋਈ ਉਠਕੇ ਦੂਜੇ ਦਾ ਖੂਨ ਕਰਦਾ, ਰੱਸਾ ਆਪਨੇ ਗਲ ਵਿਚ ਪਾਵੰਦਾ ਹੈ।**



**ਕੋਈ ਨਿੰਦਿਆ ਨਹੀਂ ਸਹਾਰ ਸਕੇ, ਥਲੇ ਰੇਲ ਦੇ ਆ ਮਰ ਜਾਵੰਦਾ ਹੈ।**

(੪) ਚੌਥਾ ਕਹਿਨ ਲਗਾ ਮੇਰੇ ਪਿਤਾ ਨੇ ਛੋਟੀ ਅਵਸਥਾ ਮੇਂ ਸੁੰਦਰ ਕੰਨਿਆ ਨਾਲ ਮੇਰੀ ਸ਼ਾਦੀ ਕਰਾਈ ਔਰ ਮੇਰਾ ਉਸ ਮੇਂ ਜਿਆਦਾ ਪਰੇਮ ਹੋ ਗਿਆ ਔਰ ਉਸ ਕੇ ਸਾਥ ਜਿਆਦਾ ਸੰਗਮ ਕਰਤੇ ਬੀਮਾਰ ਹੋ ਗਿਆ ਹੂੰ, ਆਤਸ਼ਕ ਹੋ ਗਿਆ ਹੈ, ਅਬ ਮੇਰੇ ਕੋ ਚਾਹਤੀ ਨਹੀਂ, ਨ ਸੇਵਾ ਕਰਤੀ ਹੈ, ਮੈਂ ਮੰਜੇ ਤੇ ਪੜਾ ਰਹਿਤਾ ਹੂੰ, ਵਕਤ ਪਰ ਅੰਨ ਜਲ ਭੀ ਨਹੀਂ ਮਿਲਤਾ ਮੇਰੀ ਇਸਤ੍ਰੀ ਅਬ ਦੂਸਰੇ ਨਾਲ ਪਰੇਮ ਰਖਤੀ ਹੈ ਦੇਖ ਕੇ ਦੁਖੀ ਹੋਤਾ ਹੂੰ, ਚਾਹਤਾ ਹੂੰ ਮਰ ਜਾਊਂ । (੫) ਪੰਜਵਾਂ ਬੋਲਾ ਮੈਂ ਨਿਰਧਨ ਹੂੰ ਛੋਟੇ ੨ ਬੱਚੇ ਛੋੜ ਕਰ ਇਸਤ੍ਰੀ ਮਰ ਗਈ ਹੈ ਅਬ ਬੱਚੋਂ ਕਾ ਮਲ ਮੂਤਰ ਸਾਰਾ ਦਿਨ ਮੇਰੇ ਕੋ ਉਠਾਨਾ ਪੜਤਾ ਹੈ, ਏਕ ਕੋ ਸੰਭਾਲਤਾ ਹੂੰ ਤੋ ਦੂਸਰਾ ਰੋਤਾ ਹੈ, ਉਨਹੋਂ ਕੇ ਨੁਲਾਨੇ ਧਲਾਨੇ, ਖਿਲਾਨੇ ਪਿਲਾਨੇ ਕਾ ਹਰ ਵਕਤ ਫਿਕਰ ਰਹਿਤਾ ਹੈ, ਪੇਟ ਕੇ ਵਾਸਤੇ ਕਮਾਨਾ ਭੀ ਪੜਤਾ ਹੈ, ਬੜਾ ਬੇਕਾਰ ਹੂੰ। (੬) ਛੇਵਾਂ ਕਹਿਨੇ ਲਗਾ ਮੈਂ ਸ਼ਾਹੂਕਾਰ ਕਾ ਲੜਕਾ ਹੂੰ, ਪਿਤਾ ਨੇ ਮੇਰੇ ਕੋ ਸਕੂਲ ਮੇਂ ਪੜ੍ਹਾਇਆ, ਤਬ ਮੈਂ ਖੋਟੀ ਸੰਗਤ ਮੇਂ ਪੜ ਕਰ ਵਿਕਾਰੀ ਹੋ ਗਿਆ, ਜੁਆਰੀ, ਸ਼ਰਾਬੀ, ਵੇਸ਼ਿਆ ਗਾਮੀ ਹੋ ਗਿਆ, ਘਰ ਮੇਂ ਅਪਨੀ ਇਸਤ੍ਰੀ ਹੈ ਵਹੁ ਮੇਰੇ ਕੋ ਅਛੀ ਨਹੀਂ ਲਗਤੀ, ਵੈਸ਼ਯਾ ਬਿਨਾ ਪੈਸੇ ਸੇ ਮੇਰੇ ਕੋ ਚਾਹਤੀ ਨਹੀਂ, ਪਿਤਾ ਨੇ ਭੀ ਘਰ ਸੇ ਕਢ ਦੀਆ ਹੈ, ਇਮਤਿਹਾਨ ਮੇਂ ਪਾਸ ਹੂਆ ਨਹੀਂ, ਨੌਕਰੀ ਮਿਲਤੀ ਨਹੀਂ ਸਫੈਦ ਪੋਸ਼ ਹੂੰ, ਕੰਮ ਕਰਿਆ ਜਾਤਾ ਨਹੀਂ ਅਬ ਮਰਨੇ ਕਾ ਵਿਚਾਰ ਕਰ ਰਹਾ ਹੂੰ, ਸੁਖ ਮੇਂ ਮਰੂੰ, ਗਾਡੀ ਕੇ ਨੀਚੇ ਆ ਕੇ ਮਰੂੰ, ਯਾ ਡੁਬ ਕੇ ਮਰ ਜਾਉਂ, ਐਸਾ ਵਿਚਾਰ ਕਰ ਏਥੇ ਪਹੁੰਚਾ ਹੂੰ, ਸੋ ਦੁਨੀਆਂ ਮੇਂ ਪਰੇ ਤੇ ਪਰੇ ਦੁਖੀ ਪੜੇ ਹੈਂ, ਅਪਨੇ ਸੇ ਜਿਆਦਾ ਦੁਖੀ ਕੋ ਦੇਖ ਕਰ ਧੀਰਜ ਰਖਨਾ ਚਾਹੀਏ, ਤੈਸੇ ਅਪਨੇ ਸੇ ਸੁਖੀਓਂ ਕੋ ਦੇਖ ਕਰ ਅਭਿਮਾਨ ਮੇਂ ਆ ਕਰ ਹਰਖ ਨਾ ਕਰਨਾ ਚਾਹੀਏ, ਸੁਖ ਦੁਖ ਮੇਂ ਚਿਤ ਕੋ ਸਮ ਰਖਨਾ ਚਾਹੀਏ, ਜੈਸੇ ਕਬੀਰ ਜੀ ਲਿਖਤੇ ਹੈਂ:-

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥ ਜਿਉ ਸੰਪੈ ਤਿਉ ਬਿਪਤਿ ਹੈ ਬਿਧਨੇ ਰਚਿਆ ਸੋ ਹੋਇ ॥** [ਗਉੜੀ ਕਬੀਰ ਜੀ ਸਫਾ ੩੩੭

**ਤਥਾ—ਤੁਝਹਿ ਚਰਨ ਅਰ ਬਿੰਦ ਭਵਨ ਮਨੁ ॥ ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ ॥ ਸੰਪਤਿ ਬਿਪਤਿ ਪਟਲ ਮਾਇਆ ਧਨੁ ਤਾ ਮੈ ਮਗਨ ਹੋਤ ਨ ਤੇਰੋ ਜਨੁ॥** [ਆਸਾ ਰਵਿ: ਸਫਾ ੪੮੬

**ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥ ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥ ਬਾਸ ਬਾਸਰੀ ਏਕੈ**

**ਸੁਆਮੀ ਉਦਿਆਨ ਦ੍ਰਿਸਟਾਗਿਓ ॥ ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥**

[ਗਉੜੀ ਮ: ੫ ਸਫਾ ੨੧੫

**ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥ ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥**

[ਰਾਮਕਲੀ ਮ: ੫ ਸਫਾ ੮੮੩

ਸੁਖ ਦੁਖ ਮੇਂ ਸਮ ਕਹਿਣੇ ਕੀ ਯਹ ਪੂਰਬੋਕਤ ਆਠ ਯੁਕਤੀਆਂ ਮਹਾਤਮਾਂ ਲੋਗੋਂ ਸੇ ਸ੍ਰਵਣ ਕਰੀਂ ਹੈਂ ਇਨ ਮੇਂ ਸੇ ਏਕ ਯੁਕਤੀ ਭੀ ਮਨੁਸ਼ ਪਾਸ ਹੋਵੇ ਤੋ ਜੀਵਨ ਮੁਕਤੀ ਕਾ ਅਨੰਦ ਲੇ ਸਕਤਾ ਹੈ, ਇਤਨਾ ਉਪਦੇਸ਼ ਕਹਿ ਕਰ ਅਪਨਾ ਵਿਆਖਿਆਨ ਸਮਾਪਤ ਕੀਆ ਲੋਕ ਸੁਨ ਕਰ ਬੜੇ ਗਦਗਦ ਹੂਏ ਔਰ ਕਹਿਨੇ ਲਗੇ ਯਹ ਪ੍ਰਸੰਗ ਅਪੂਰਬ ਹੀ ਸੁਨਾ ਹੈ ਆਗੇ ਕਭੀ ਕਿਸੀ ਸੇ ਸੁਨਾ ਨਾ ਥਾ ਧੰਨ ਸਾਧ ਸੰਗਤ ਹੈ, ਧੰਨ ਆਪ ਕੇ ਸਤਿਗੁਰੂ ਹੈਂ, ਧੰਨ ਆਪ ਕੇ ਮਾਤਾ ਪਿਤਾ ਹੈਂ ਧੰਨ ਆਪ ਹੈਂ ਐਸੇ ਅਨੇਕ ਵਾਰ ਧੰਨਵਾਦ ਦੇ ਕਰ ਅਨੇਕ ਪ੍ਰਕਾਰ ਕੀ ਸਮਗ੍ਰੀ ਸੇ ਸਭ ਸੰਤੋਂ ਕਾ ਸਤਕਾਰ ਪੂਜਨ ਕਰਤੇ ਭਯੇ । ਦੀਪ ਮਾਲਾ ਕਾ ਮੇਲਾ ਭੀ ਪੂਰਾ ਹੋ ਗਿਆ ਅਬ ਨਾਰਾਇਣ ਹਰੀ ਜੀ ਨੇ ਆਪਨੇ ਮਾਤਾ ਪਿਤਾ ਕੋ ਨਮਸਕਾਰ ਕਰੀ ਔਰ ਸਭ ਮਹਾਤਮਾ ਕਹਿਨੇ ਲਗੇ, ਇਨ ਕੋ ਆਪ ਆਗਿਆ ਦਿਓ, ਕਲ ਕੋ ਜਾਵੇਂਗੇ, ਤਬ ਮਾਤਾ ਪਿਤਾ ਔਰ ਸਾਰੀ ਸੰਗਤ ਕਾ ਬੜਾ ਪਰੇਮ ਹੋ ਚੁਕਾ ਥਾ ਇਸ ਲੀਏ ਸੰਤੋਂ ਨੇ ਸਭ ਸੰਗਤ ਕੋ ਸਮਝਾਇਆ ਅਪਨੇ ਅਪਨੇ ਅਸਥਾਨੋਂ ਮੇਂ ਚਲੇ ਗਏ, ਦੂਸਰੇ ਦਿਨ ਸਵੇਰੇ ਹੀ ਜਿਸ ਜਗਾ ਸੰਤ ਮਹਾਤਮਾ ਠਹਿਰੇ ਹੂਏ ਥੇ ਵਹਾਂ ਭਗਤ ਮੰਡਲੀ ਪਹੁੰਚ ਗਈ: ਸ੍ਰੀ ੧੦੮ ਨਾਰਾਇਨ ਹਰੀ ਜੀ ਕੇ ਮਾਤਾ ਪਿਤਾ ਭੀ ਸਭ ਸੰਗਤ ਕੇ ਸਾਥ ਵਹਾਂ ਪਹੁੰਚੇ ਔਰ ਸਭ ਸੰਤੋਂ ਕੀ ਬਸਤ੍ਰ ਆਦਿਕੋਂ ਸੇ ਸੇਵਾ ਕਰੀ ਤਥਾ ਮਾਨ ਸਤਿਕਾਰ ਸੇ ਸਭ ਕੋ ਵਿਦਾ ਕੀਆ, ਤਬ ਸ੍ਰੀ ੧੦੮ ਨਾਰਾਇਨ ਹਰੀ ਜੀ ਨੇ ਅਪਨੇ ਮਾਤਾ ਪਿਤਾ ਕੋ ਪਰੇਮ ਸੇ ਨਮਸਕਾਰ ਕਰੀ ਔਰ ਕਹਾ ਕਿ ਮੋਹ ਲਾਹ ਛੱਡੋ ਅਗਰ ਜੀਤੇ ਰਹੇਂਗੇ ਤੋ ਕਈ ਬਾਰ ਪਰਸਪਰ ਮੇਲ ਹੋਗਾ ਐਸੇ ਕਹਿ ਕਰ ਸੰਤੋਂ ਕੇ ਸਾਥ ਚਲ ਪੜੇ ਵਹਾਂ ਸੇ ਤਰਨ ਤਾਰਨ ਸਾਹਿਬ, ਖਡੂਰ ਸਾਹਿਬ ਗੋਇੰਦ ਵਾਲ ਸਾਹਿਬ ਕੀ ਯਾਤਰਾ ਕਰਤੇ ਹੂਏ ਕਈ ਗ੍ਰਾਮੋਂ ਮੇਂ ਨਿਵਾਸ ਤਥਾ ਸਤਸੰਗ ਕਰਤੇ ਹੂਏ ਧੀਰੇ ਧੀਰੇ ਜਮਨਾ ਨਦੀ ਲੰਘ ਕਰ ਸ੍ਰੀ ਗੰਗਾ ਕੇ ਕਿਨਾਰੇ ਕਿਨਾਰੇ ਪ੍ਰਯਾਗ ਰਾਜ ਕੀ ਤਰਫ ਆਏ, ਪ੍ਰਯਾਗ ਰਾਜ ਕੇ ਨਜ਼ਦੀਕ ਸਜਾਦ ਪੁਰ ਗ੍ਰਾਮ ਮੇਂ ਕੁਛ ਦਿਨ ਰਹੇ ਵਹਾਂ ਲੋਗੋਂ ਕਾ ਬੜਾ ਪਰੇਮ ਹੋ ਗਿਆ ਬ੍ਰਿਧ ਮਹਾਰਾਜ ਜਮੀਤ ਸਿੰਘ ਜੀ ਭੀ ਸਾਥ ਹੀ ਰਹੇ, ਉਸੀ ਗ੍ਰਾਮ ਮੇਂ ਹੀ ਜਪੁਜੀ ਸਾਹਿਬ ਕੇ ਮੂਲ ਮੰਤਰ ਕਾ ਸਵਾ ਲਾਖ ਪਾਠ ਕੀਆ, ਐਸੇ ਸਾਧਨ ਸੰਪੰਨ ਦੇਖ ਕਰ ਸਤਸੰਗੀਓਂ ਕੀ ਬੜੀ ਸ਼ਰਧਾ ਹੂਈ ਇਸ ਲੀਏ ਛੋੜਤੇ ਨਹੀਂ ਥੇ ਉਨ ਕੇ ਪਰੇਮ ਮੇਂ ਬੰਧੇ ਹੂਏ ਪ੍ਰਯਾਗ ਰਾਜ ਕੇ ਸੰਮਤ ੧੯੩੮ ਬਿ: ਵਾਲੇ



ਕੁੰਭ ਤਕ ਵਹਾਂ ਹੀ ਰਹੇ ਫਿਰ ਉਸ ਗਰਾਮ ਸੇ ਉਠ ਕਰ ਸ੍ਰੀ ਪ੍ਰਯਾਗਰਾਜ ਜੀ ਮੇਂ ਆ ਕਰ ਦੋ ਮਹੀਨੇ ਰਹੇ ਔਰ ਮਹਾਤਮਾਓਂ ਕੇ ਸਾਥ ਹਰ ਏਕ ਪ੍ਰਕਾਰ ਕੇ ਸ਼ਾਸਤ੍ਰ ਸੰਬੰਧੀ ਵਿਚਾਰ ਹੋਤੇ ਰਹੇ, ਫਿਰ ਸ੍ਰੀ ਕਾਂਸ਼ੀ ਜੀ ਮੇਂ ਆਏ ਵਹਾਂ ਕੁਛ ਕਾਲ ਰਹਿ ਕਰ ਨੇਪਾਲ ਕੋ ਚਲੇ ਗਏ ਨੇਪਾਲ ਮੇਂ ਭੀ ਅਨੇਕ ਬ੍ਰਾਹਮਣੋਂ ਸੇ ਸ਼ਾਸਤ੍ਰ ਸੰਬੰਧੀ ਵਾਰਤਾਲਾਪ ਹੋਤਾ ਰਹਾ ਕੁਛ ਦਿਨ ਵਹਾਂ ਰਹਿ ਕਰ ਵਾਪਸ ਜਨਕ ਪੁਰ ਕੀ ਤਰਫ ਹੋ ਕਰ ਪੂਰਬ ਮੇਂ ਹੀ ਬਹੁਤ ਮਹੀਨੇ ਵਿਚਰਤੇ ਰਹੇ ਫਿਰ ਹਰੀ ਹਰ ਛੇਤਰ ਤਥਾ ਪਟਨੇ ਸਾਹਿਬ ਕੀ ਯਾਤਰਾ ਕਰੀ ਵਹਾਂ ਸੇ ਗਯਾ, ਗਯਾ ਸੇ ਰਾਜ ਗਰੇਹੀ ਆਦਿਕ ਤੀਰਥੋਂ ਮੇਂ ਵਿਚਰਤੇ ਹੂਏ ਫਿਰ ਵਹਾਂ ਸੇ ਪੈਦਲ ਹੀ ਅਨੇਕ ਤੀਰਥ ਕਰਤੇ ਹੂਏ ਬੈਜਨਾਥ ਹੋ ਕਰ ਧੀਰੇ ਧੀਰੇ ਕਲਕੱਤੇ ਪਹੁੰਚੇ, ਵਹਾਂ ਮਾਰਵਾੜੀ ਸੇਠੋਂ ਨੇ ਬੜੀ ਸੇਵਾ ਕਰੀ ਔਰ ਇਕੱਠੇ ਹੋ ਕਰ ਸਤਸੰਗ ਕਰਤੇ ਰਹੇ ਔਰ ਬਹੁਤ ਦਿਨ ਵਹਾਂ ਰਹਿ ਕਰ ਆਪੇ ਗੰਗਾ ਸਾਗਰ ਤਥਾ ਮੁਖ ਮੁਖ ਤੀਰਥੋਂ ਕੀ ਯਾਤਰਾ ਕਰਤੇ ਭਏ । ਸੰਮਤ ੧੯੪੦ ਮੇਂ ਸਾਰੇ ਬੰਗਾਲ ਦੇਸ਼ ਯਾਨੇ ਰਾਣਾ ਘਾਟ, ਅਬਦਿਲਾ ਪੁਰ, ਬੋਨਾ ਪੁਰ, ਪ੍ਰੀਤ ਪੁਰ, ਕਿਸ਼ਨ ਗੰਜ, ਮਰਾਜਗੰਜ, ਢਾਕਾ ਆਦਿ ਸ਼ਹਿਰੋਂ ਮੇਂ ਭਰਮਣ ਕਰਤੇ ਹੂਏ ਆਸਾਮ ਮੇਂ ਬ੍ਰਹਮ ਪੁਤਰ ਕੇ ਕਿਨਾਰੇ ਗੋਲਕ ਗੰਜ ਸਰਭਾਗ ਆਦਿ ਸ਼ਹਿਰੋਂ ਮੇਂ ਭਰਮਣ ਕਰ ਵਾਪਸ ਕਲਕੱਤੇ ਮੇਂ ਆ ਗਏ ਔਰ ਬੰਗਾਲੀ ਭਾਸ਼ਾ ਸੀਖ ਕਰ ਉਸ ਭਾਸ਼ਾ ਸੇਂ ਸਭ ਕੋ ਉਪਦੇਸ਼ ਕਰਤੇ ਭਏ ਫਿਰ ਵਹਾਂ ਸੇ ਜਗਨ ਨਾਥ ਪੁਰੀ ਕੀ ਯਾਤਰਾ ਕੋ ਗਏ ਰਸਤੇ ਮੇਂ ਖੜਗ ਪੁਰ, ਬਿਲਾਸ ਪੁਰ, ਨਰਗੋਧੀ, ਕਟਕ ਆਦਿ ਹੋ ਕਰ ਸ੍ਰੀ ਜਗਨ ਨਾਥ ਮੇਂ ਆਏ ਵਹਾਂ ਬਹੁਤ ਦਿਨ ਰਹਿ ਕਰ ਬਹੁਤ ਲੋਕੋਂ ਕੋ ਪ੍ਰਮੇਸ਼ਰ ਕੇ ਪ੍ਰੇਮ ਮੇਂ ਲਗਾਇਆ ਫਿਰ ਵਹਾਂ ਸੇ ਪੈਦਲ ਯਾਤਰਾ ਕਰਤੇ ਹੂਏ ਘਾਸਕਾ, ਬ੍ਰਹਮ ਪੁਰ, ਗੰਜਾਮ, ਪਲਾਸ, ਧੂਸੀ ਵਜੀਨਾ ਗ੍ਰਾਮ, ਨਾਕਾਪਾਨ, ਤੂਨੀ, ਕੌਂਕਦਾ ਆਦਿ ਸ਼ਹਿਰੋਂ ਮੇਂ ਰਹਿਤੇ ਹੂਏ ਲੋਗੋਂ ਕੋ ਉਪਦੇਸ਼ ਕਰਤੇ ਭਏ ਫਿਰ ਗੋਦਾਵਰੀ ਕੇ ਕੁੰਭ ਕਾ ਖਿਆਲ ਕਰਕੇ ਧੀਰੇ ਧੀਰੇ ਰਸਤੇ ਕੇ ਗ੍ਰਾਮੋ ਨਗਰੋਂ ਮੇਂ ਰਹਿਤੇ ਹੂਏ ਸੰਮਤ ੧੯੪੧ ਮੇਂ ਗੋਦਾਵਰੀ ਕੇ ਕੁੰਭ ਪਰ ਤ੍ਰਯੰਬੁਕ ਨਾਥ ਮੇਂ ਪਹੁੰਚੇ ਵਹਾਂ ਪਹਿਲੇ ਹੀ ਨਿਰਮਲਾ ਅਖਾੜਾ ਔਰ ਨਿਰਮਲ ਸੰਪ੍ਰਦਾਯ ਕੇ ਬੜੇ ਬੜੇ ਵਿਦਾਵਨ ਤ੍ਰਯੰਬੁਕ ਨਾਥ ਮੇਂ ਪਹੁੰਚ ਚੁਕੇ ਥੇ ਤਥਾ ਅਨਯ ਸੰਪ੍ਰਦਾਯ ਕੇ ਬਹੁਤ ਸਾਧੂ ਇਕੱਤਰ ਹੂਏ ਥੇ, ਤਬ ਸ੍ਰੀ ਮਾਨ ਮਹੰਤ ੧੦੮ ਸ੍ਰੀ ਮਹੰਤ ਕੁਬੇਰੀਏ ਮਹਾਰਾਜਾ ਰਾਮ ਸਿੰਘ ਜੀ ਹਰ ਰੋਜ ਰਾਤ੍ਰੀ ਕੋ ਸ੍ਰੀ ਮਾਨ ਪੰਡਤ ਬਸੰਤ ਸਿੰਘ ਜੀ ਪਟਿਆਲਾ ਕੇ ਰਾਜ ਅਧਿਆਪਕ ਕੇ ਹਾਥ ਦੂਧ ਭੇਜਾ ਕਰਤੇ ਥੇ, ਸ੍ਰੀ ਮਾਨ ਬ੍ਰਿਧ ਜਮੀਤ ਸਿੰਘ ਜੀ ਔਰ ਆਪ ਦੋਨੋਂ ਇਕਾਂਤ ਮੇਂ ਠਹਿਰੇ ਹੂਏ ਥੇ ਵਹਾਂ ਆਪ ਕੇ ਦਰਸ਼ਨ ਕੇ ਲੀਏ ਬਹੁਤ ਸੰਗਤ ਆਤੀ ਥੀ, ਆਪ ਉਨ ਕੋ ਅਨੇਕ ਪਰਕਾਰ ਕੇ ਸਦ ਉਪਦੇਸ਼ ਦੇਕਰ ਕ੍ਰਿਤਾਰਥ ਕਰਤੇ ਥੇ ਇਸ ਪਰਕਾਰ ਸਾਰਾ ਮੇਲਾ ਸਮਾਪਤ ਕਰਕੇ ਆਪ ਨੇ ਹਜ਼ੂਰ ਸਾਹਿਬ ਕੀ ਸਮੱਗ੍ਰ ਯਾਤਰਾ ਕਰੀ । ਆਪ ਹੈਦਰਾਬਾਦ ਦਖਨ ਕੇ ਮੁਖ ਮੁਖ ਸਹਿਰ ਜੈਸੇ ਨਜ਼ਾਮਾਬਾਦ, ਸਿਕੰਦਰਾਬਾਦ, ਹੈਦਰਾਬਾਦ ਇਤਿਆਦਿ ਸ਼ਹਿਰੋਂ ਮੇਂ ਘੁਮਤੇ

ਹੂਏ ਆਪ ਇੰਦੌਰ ਹੋ ਕਰ ਉਜੈਨ ਕੀ ਤਰਫ ਆਏ, ਵਹਾਂ ਸੰਮਤ ੧੯੪੨ ਮੇਂ ਉਜੈਨ ਕਾ ਕੁੰਭ ਕੀਆ । ਆਪ ਸ਼ਿਪ੍ਰਾ ਨਦੀ ਕੇ ਕਿਨਾਰੇ ਬ੍ਰਿਛੋਂ ਕੇ ਨੀਚੇ ਆ ਕਰ ਰਹੇ ਥੇ ਔਰ ਭੀ ਸੰਤ ਮੰਡਲੀਆਂ ਨਜ਼ਦੀਕ ੨ ਬਹੁਤ ਨਿਵਾਸ ਕਰ ਰਹੀ ਥੀਂ ਉਜੈਨ ਵਾਸੀਓਂ ਨੇ ਸੰਤੋਂ ਕੀ ਤਨ ਮਨ ਧਨ ਸੇ ਬੜੀ ਸੇਵਾ ਕਰੀ ਔਰ ਬਹੁਤ ਸਤਿਸੰਗ ਕੀਆ, ਫਿਰ ਕੁੰਭ ਕੇ ਬਾਦ ਆਪ ਫਤਿਆਬਾਦ, ਇੰਦੌਰ, ਕਾਲਾ ਖੰਡ, ਖੰਡੂਆ ਹੋ ਕਰ ਬਰਾਹਨ ਪੁਰ ਆਏ ਵਹਾਂ ਸੇ ਫਿਰ ਨਰਬਦਾ ਕੇ ਤੀਰੇ ਕਈ ਸ਼ਹਿਰ ਦੇਖਤੇ ਹੂਏ ਓਅੰਕਾਰੇਸ੍ਵਰ, ਨਰ ਸਿੰਘ ਪੁਰ ਆਦਿ ਸ਼ਹਿਰੋਂ ਮੇਂ ਹੋ ਕਰ ਜਬਲ ਪੁਰ ਪਹੁੰਚੇ, ਵਹਾਂ ਕੁਛ ਦਿਨ ਰਹਿ ਕਰ ਕਟਨੀ, ਮਾਰਕੰਡੀ, ਹੋ ਕਰ ਮਾਨਕਪੁਰ ਪਹੁੰਚੇ, ਮਾਨਕ ਪੁਰ ਸੇ ਹੋ ਕਰ ਚਿਤਰਕੂਟ ਆਦਿ ਕੀ ਯਾਤਰਾ ਕਰਕੇ ਫਿਰ ਪ੍ਰਯਾਗਰਾਜ ਮੇਂ ਆਏ, ਵਹਾਂ ਝੂਸੀ ਮੇਂ ਕੁਛ ਦਿਨ ਰਹਿ ਕਰ ਸੁਲਤਾਨ ਪੁਰ ਆਦਿ ਗਰਾਮੋਂ ਮੇਂ ਫਿਰਤੇ ਹੂਏ ਫੈਜਾਬਾਦ ਆਏ ਵਹਾਂ ਸੇ ਚਲ ਕਰ ਸੰਮਤ ੧੯੪੪ ਮੇਂ ਅਯੁਧਿਆ ਪੁਰੀ ਪਹੁੰਚੇ, ਉਸ ਵਕਤ ਆਪ ਇਕੇਲੇ ਹੀ ਥੇ । ਆਪ ਅਯੁਧਿਆ ਮੇਂ ਸਭ ਮੰਦਰੋਂ ਕੀ ਯਾਤਰਾ ਕਰਤੇ ੨ ਲਖਛਮਨ ਕਿਲੇ ਮੇਂ ਪੰਡਤ ਜਾਨਕੀਵਰ ਸਰਨ ਜੀ ਪਾਸ ਪਹੁੰਚੇ, ਉਨਹੋਂ ਕਾ ਆਪ ਜੀ ਕੇ ਵੇਦਾਂਤ ਸ਼ਾਸਤ੍ਰ ਮੇਂ ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਵਿਸ਼ਯ ਮੇਂ ਵਿਚਾਰ ਹੂਆ, ਤਬ ਆਪ ਕੋ ਪਕੜ ਕਰ ਆਪਣੇ ਪਲੰਘ ਪਰ ਬੈਠਾਇਆ, ਔਰ ਆਪ ਕੇ ਸਾਥ ਮਿੱਤਰਤਾ ਕਾ ਪ੍ਰਣ ਕੀਆ, ਔਰ ਆਪ ਕੇ ਆਸ਼ਯ ਅਨੁਸਾਰ ਏਕਾਂਤ ਮੇਂ ਆਪ ਕੋ ਅਸਥਾਨ ਦੀਆ, ਔਰ ਆਪਣਾ ਸ਼ਿਸ਼ ਰਾਮ ਵਲਭਾ ਸਰਨ ਆਪ ਕੋ ਸੇਵਾ ਮੇਂ ਦੀਆ ਔਰ ਰਹਿਣੇ ਵਾਸਤੇ ਪ੍ਰਾਰਥਨਾ ਕੀ । ਉਨੋਂ ਕੇ ਰੋਜ਼ ਰੋਜ਼ ਨਵੇਂ ਨਵੇਂ ਪ੍ਰੇਮ ਸੇ ਆਪ ਡੇਢ ਬਰਸ ਨਿਰੰਤਰ ਵਹਾਂ ਰਹੇ, ਔਰ ਬੈਰਾਗੀਓਂ ਕੀ ਪੰਗਤ ਮੇਂ ਬੜੇ ੨ ਭੰਡਾਰੋਂ ਮੇਂ ਆਪਣੇ ਸਾਥ ਆਪ ਕਾ ਆਸਨ ਵਿਛਾਤੇ ਥੇ, ਜਬ ਕੋਈ ਅਗਿਆਤ ਵੈਰਾਗੀ ਵਿਕਲਪ ਕਰਤੇ ਥੇ ਤੋ ਦੂਸਰੇ ਵੈਰਾਗੀ ਕਹਿਤੇ ਥੇ ਯਹ ਮਹਾਰਾਜ ਕੇ ਮਿੱਤਰ ਹੈਂ, ਔਰ ਆਪ ਕੋ ਪਰਮਹੰਸ ਕਰਕੇ ਬੁਲਾਇਆ ਕਰਤੇ ਥੇ ਯਾਨੇ ਪਰਾਏ ਹਾਥ ਕੀ ਰੋਟੀ ਖਾਨੇ ਵਾਲੇ ਕਹਾ ਕਰਤੇ ਥੇ, ਉਸ ਵਕਤ ਕੇ ਮੁਖ ਮੁਖ ਬੈਰਾਗੀ ਸਾਧੂ ਆਯੁਧਿਆ ਭਰਕੇ ਆਪ ਸੇ ਬੜਾ ਪਰੇਮ ਕਰਤੇ ਥੇ, ਔਰ ਆਪ ਕੋ ਸਚਾ ਫਕੀਰ ਗਿਣਤੇ ਥੇ, ਕਿਉਂਕਿ ਆਪ ਹਰ ਤਰਹ ਸੇ ਵਿਰੱਕਤ ਰਹਿਤੇ ਥੇ ਔਰ ਭਿਖਿਆ ਮਾਂਗ ਕੇ ਖਾਤੇ ਥੇ, ਔਰ ਲਛਮਨ ਕਿਲੇ ਕੇ ਉਸ ਵਕਤ ਕੇ ਮਹੰਤ ਅਰ ਪੰਡਤ ਜੈਸੇ ਰਾਮਉਦਾਰ ਸ਼ਰਨ ਮਹੰਤ ਔਰ ਸੀਆ ਰਾਮ ਸ਼ਰਨ ਆਦਿ ਪੰਡਤ ਸ਼ਰਧਾ ਭਾਵ ਸੇ ਆਪ ਕਾ ਸਤਿਕਾਰ ਕੀਆ ਕਰਤੇ ਥੇ, ਏਕ ਦਿਨ ਸ੍ਰੀ ਜਾਨਕੀਵਰ ਸ਼ਰਨ ਮਹਾਰਾਜ ਕੇ ਸ਼ਿਸ਼ ਬਾਹਰ ਸੇ ਆਏ, ਉਸ ਕੇ ਹਾਥ ਮੇਂ ਤੀਨ ਫਲ ਥੇ ਉਸ ਸਮਯ ਆਪ ਭੀ ਵਹਾਂ ਹੀ ਬੈਠੇ ਹੂਏ ਥੇ ਔਰ ਦੋਨੋਂ ਕੀ ਉਸ ਨੇ ਪੂਜਾ ਕਰਨੀ ਥੀ, ਫਲ ਤੀਨ ਥੇ ਕਿਸ ਤਰਾਂ ਬਾਂਟੇ ? ਜਿਸ ਮੇਂ ਦੋਨੋਂ ਕੀ ਪਰਸੰਨਤਾ ਹੋਵੇ, ਤਬ ਵਿਚਾਰ ਕਰ ਆਪ ਕੇ ਆਗੇ ਏਕ ਫਲ ਰਖ ਕਰ ਕਹਾ ਕਿ ਆਪ ਤੋ ਅਦਵੈਤ ਵਾਦੀ ਹੈਂ ਯਾਨੀ ਏਕਤਾ ਕੇ ਦੇਖਨੇ



ਕਹਿਣੇ ਵਾਲੇ ਹੋ, ਇਸ ਵਾਸਤੇ ਆਪ ਕੇ ਆਗੇ ਏਕ ਫਲ ਰਖਤਾ ਹੂੰ ਔਰ ਹਮਾਰੇ ਗੁਰੂ ਜੀ ਯੁਗਲ ਉਪਾਸ਼ਕ ਹੈਂ ਯਾਨੇ ਸੀਤਾ ਰਾਮ ਜੀ ਕੇ ਉਪਾਸ਼ਕ ਹੈਂ, ਇਸ ਵਾਸਤੇ ਇਨ ਕੇ ਆਗੇ ਦੋ ਫਲ ਅਰਪਨ ਕਰਤਾ ਹੂੰ ਐਸੇ ਉਨ ਕਾ ਭਾਵ ਦੇਖ ਕਰ ਸਭ ਮਹਾਤਮਾ ਖੁਸ਼ ਹੂਏ ਔਰ ਆਪ ਜੀ ਭੀ ਬੜੇ ਪਰਸੰਨ ਹੂਏ, ਔਰ ਆਪ ਜੀ ਕੋ ਨਿਤ ਨਵਾਂ ਪਰੇਮ ਦਿਖਾ ਕਰ ਹਰ ਸਮਯ ਪਰਸੰਨ ਰੱਖਾ ਕਰਤੇ ਥੇ ਸ੍ਰੀ ਪੰਡਤ ਜਾਨਕੀ ਵਰ ਸ਼ਰਨ ਜੀ ਕਾ ਆਪ ਮੇਂ ਅਤਯੰਤ ਪਰੇਮ ਹੋਇਆ ਆਪ ਕੇ ਦਰਸ਼ਨ ਤਥਾ ਵਾਰਤਾਲਾਪ ਸੇ ਬਿਨਾਂ ਉਨ ਕੇ ਚੈਨ ਨਹੀਂ ਆਤਾ ਥਾ ਕਭੀ ਆਪ ਕੇ ਪਾਸ ਆ ਜਾਤੇ ਥੇ ਕਭੀ ਅਪਨਾ ਆਦਮੀ ਭੇਜ ਕਰ ਆਪ ਕੋ ਬੁਲਾ ਲੇਤੇ ਥੇ, ਔਰ ਆਪ ਜੀ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਅਨੇਕ ਪਰਮਾਣ ਸੁਣ ਕਰ ਸ੍ਰੀ ਗੁਰ ਗ੍ਰੰਥ ਸਾਹਿਬ ਜੀ ਮੇਂ ਸ਼ਰਧਾ ਰਖਤੇ ਥੇ, ਔਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਕੋ ਬੜੀ ਇਜ਼ਤ ਔਰ ਸਤਕਾਰ ਸੇ ਅਪਨੇ ਅਸਥਾਨ ਮੇਂ ਰਖਨੇ ਲਗੇ ਜੋ ਅਭੀ ਤਕ ਮੌਜੂਦ ਹੈ, ਔਰ ਅਪਨੇ ਸਭ ਸੰਤੋਂ ਕੋ ਕੇਸ ਰਖਾਏ ਜੋ ਅਬ ਤਕ ਉਨ ਕੀ ਸਪ੍ਰਦਾਯ ਕੇ ਸਾਧੂ ਕੇਸ ਰਖਤੇ ਚਲੇ ਆਤੇ ਹੈਂ, ਔਰ ਵੂਹ ਕਹਿਤੇ ਥੇ ਕਿ ਆਪ ਜੀ ਸੇ ਹਮਾਰੇ ਕੋ ਦੋ ਲਾਭ ਪ੍ਰਾਪਤ ਹੂਏ ਹੈਂ ਏਕ ਗੁਰਬਾਣੀ ਕਾ ਪੜ੍ਹਨਾ, ਦੂਸਰਾ ਕੇਸੋਂ ਕਾ ਧਾਰਨ ਕਰਨਾ, ਆਪ ਜੀ ਸੇ ਵੇਦਾਂਤ ਬਹੁਤ ਸ਼ਰਵਣ ਕੀਆ ਕਰਤੇ ਥੇ, ਔਰ ਜਿਤਨੇ ਵੈਰਾਗੀ ਉਨ ਕੇ ਸ਼ਿਸ਼ ਥੇ, ਵੂਹ ਸਭ ਆਪ ਕੋ ਡੰਡਵਤ ਪ੍ਰਣਾਮ ਕੀਆ ਕਰਤੇ ਥੇ, ਔਰ ਆਪ ਜੀ ਕਾ ਸੀਤ ਪ੍ਰਸ਼ਾਦਿ ਖਾਤੇ ਥੇ, ਆਪ ਕਈ ਬਾਰ ਰਿਸ਼ੀਕੇਸ਼ ਮੇਂ ਭੀ ਉਨ ਕੀ ਪਰਸੰਸਾ ਕੀਆ ਕਰਤੇ ਥੇ, ਕਿ ਪੰਡਤ ਜਾਨਕੀ ਵਰ ਸ਼ਰਣ ਜੈਸਾ ਮਿਤਰ ਮਿਲਣਾ ਦੁਰਘਟ ਹੈ, ਡੇਢ ਬਰਸ ਕੇ ਬਾਦ ਜਬ ਆਪ ਵਹਾਂ ਸੇ ਚਲਣੇ ਲਗੇ ਤੋ ਆਪ ਕੋ ਛੋੜਤੇ ਨਹੀਂ ਥੇ, ਔਰ ਸਭ ਕੇ ਨੇਤਰੋਂ ਮੇਂ ਆਂਸੂ ਭਰ ਆਏ, ਪਰੰਤੂ ਆਪ ਨੇ ਯਹੀ ਕਹਾ ਕਿ ਅਬ ਹਮ ਰਟਨ ਕਰੇਂਗੇ ਏਕ ਜਗ੍ਹਾ ਨਾ ਰਹੇਂਗੇ, ਫਿਰ ਆਪ ਕੋ ਬੜੇ ਮਾਨ ਸਤਕਾਰ ਸੇ ਵਿਦਾ ਕੀਆ ਆਪ ਜੀ ਕੀ ਸੇਵਾ ਕਰਨੇ ਵਾਲੇ ਰਾਮ ਵਲਭਾ ਸ਼ਰਣ ਜੀ ਆਪਣੇ ਗੁਰੂ ਸ੍ਰੀ ਪੰਡਤ ਜਾਨਕੀਵਰ ਸ਼ਰਣ ਕੇ ਪੀਛੇ ਬੜੇ ਪਰਤਿਸ਼ਠ ਹੂਏ ਔਰ ਕਿਤਨੇ ਹੀ ਸਾਧੂ ਔਰ ਗ੍ਰਹਸਥੀ ਉਨ ਕੇ ਸ਼ਿਸ਼ ਬਣੇ ਜਬ ਆਪ ਦੂਸਰੀ ਬਾਰ ਸੰਮਤ ੧੯੭੩ ਮੇਂ ਅਯੁਧਿਆ ਪੁਰੀ ਚਲੇ, ਔਰ ਯਹ ਦਾਸ ਭੀ ਸਾਥ ਥਾ, ਤਬ ਉਨਹੋਂ ਨੇ ਗੋਲਾ ਘਾਟ ਪਰ ਗੁਰੂ ਮੰਦਰ ਬਣਾਇਆ ਹੂਆ ਥਾ, ਔਰ ਕਿਤਨੋਂ ਕੋ ਸ਼ਿਸ਼ ਬਣਾ ਰਹੇ ਥੇ, ਉਸ ਸਮੇਂ ਆਪ ਜੀ ਕੇ ਸਾਥ ਖੇਰਾ ਬਾਦ ਵਾਲੇ ਸੰਤ ਮੂਲ ਸਿੰਘ ਜੀ ਕੀ ਮੰਡਲੀ ਔਰ ਅਖਾੜੇ ਕੇ ਸੰਤ ਮਹੰਤ ਲਾਲ ਸਿੰਘ ਸਕੱਤ੍ਰ ਮਹੰਤ ਪ੍ਰੀਤਮ ਸਿੰਘ, ਮਹੰਤ ਨੰਦ ਸਿੰਘ ਆਦਿ ਚੌਦਾਂ ਮੂਰਤੀ ਥੇ, ਆਪ ਜੀ ਕੋ ਦੇਖ ਕਰ ਉਠੇ ਔਰ ਡੰਡਵਤ ਕਰੀ ਤਥਾ ਭਰੀ ਸਭਾ ਮੇਂ ਕਹਾ ਕਿ ਮੈਂ ਆਪ ਕੀ ਜਲ ਭਰਣਾਦੀ ਸੇਵਾ ਕਰਿਆ ਕਰਤਾ ਥਾ ਆਪ ਉਨੋਂ ਕੀ ਸੇਵਾ ਸੇ ਤੀਨ ਦਿਨ ਵਹਾਂ ਰਹੇ, ਔਰ ਇਸ ਦਾਸ ਕੋ ਪਹਿਲੇ ਜਹਾਂ ਜਹਾਂ ਆਪ ਰਹੇ ਥੇ ਜੋ ਜੋ ਲੀਲਾ ਕਰੀ ਥੀ ਸਭ ਦਿਖਾਤੇ ਸੁਣਾਤੇ ਰਹੇ, ਵਹਾਂ ਬਹੁਤ ਬੈਰਾਗੀ ਸਾਧੂ ਤਰ੍ਹਾਂ ਤਰ੍ਹਾ ਕਾ

ਭੇਟ ਲੇਕਰ ਆਪ ਕੋ ਮਿਲਤੇ ਥੇ, ਔਰ ਕਹਿਤੇ ਥੇ ਕਿ ਸਤਾਈਸ ਬਰਸ ਕੇ ਬਾਦ ਆਪ ਕਾ ਫਿਰ ਦਰਸ਼ਨ ਹੂਆ ਹੈ, ਔਰ ਤੀਨ ਦਿਨ ਆਪ ਕੀ ਅਤੁਟ ਸੇਵਾ ਕਰਤੇ ਰਹੇ, ਯਹ ਸਾਟਾ ਪਰਸੰਗ ਦਾਸ ਨੇ ਆਪਣੇ ਨੇਤਰੋਂ ਸੇ ਦੇਖ, ਔਰ ਕਾਨੋਂ ਸੇ ਸੁਣ ਕਰ ਲਿਖਾ ਹੈ, ਇਸ ਪਰਕਾਰ ਆਪ ਡੇਢ ਬਰਸ ਅਯੁਧਿਆ ਰਹਿ ਕਰ ਲਖਨਊ ਮਿਸ੍ਰਿਤ ਨੀਮ ਸ਼ਾਰਨਜ ਆਦੀ ਤੀਰਥੋਂ ਮੇਂ ਨਿਵਾਸ ਕਰਤੇ ਹੂਏ ਕਾਹਨਪੁਰ ਕੀ ਤਰਫ ਵਿਚਰਤੇ ਰਹੇ, ਕਾਹਨਪੁਰ ਸੇ ਝਾਂਸੀ ਹੋ ਕਰ ਆਪ ਹਿੰਦੋਸਤਾਨ ਰਾਜ ਪੂਤਾਨਾ ਮੇਂ ਸੈਰ ਕਰਤੇ ਭਏ ਯਾਨੇ ਸ਼ਿਵਪੁਰੀ, ਸ਼ਾਹ ਪੁਰੀ, ਕਲਾਂ ਕੋਟਾਪੁਰੀ, ਚਤੌੜਗੜ੍ਹ ਔਰ ਵਹਾਂ ਮੀਰਾਂ ਬਾਈ ਕੇ ਮੰਦਰ ਦੇਖ ਕਰ ਉਦੈਪੁਰ ਹੋਤੇ ਹੂਏ ਆਪ ਹਲਦੀ ਘਾਟ, ਪਾਲਨਪੁਰ ਪਹੁੰਚੇ, ਫਿਰ ਵਹਾਂ ਸੇ ਐਹਮਦਾਬਾਦ ਨੜਯਾਦ ਹੋਤੇ ਹੂਏ ਗੁਜਰਾਤ ਕੇ ਕਈ ਮੁਖ ੨ ਸ਼ਹਿਰ ਘੂਮਤੇ ਹੂਏ ਆਪ ਚੋਟੇਲਾ, ਰਾਜਕੋਟ ਜਾਮਨਗਰ, ਕਛਭਜ ਹੋਤੇ ਹੂਏ ਨਾਰਾਇਣ ਸਰੋਵਰ ਪਹੁੰਚੇ, ਵਹਾਂ ਸੇ ਕਈ ਸ਼ਹਿਰ ਘੂਮਤੇ ਫਿਰਤੇ ਤੀਨੋਂ ਦਵਾਰਕਾਓਂ ਕੀ ਯਾਤਰਾ ਕਰੀ, ਫੇਰ ਪੋਰਬੰਦ੍ਰ ਯਾਨੇ ਸੁਦਾਮਾ ਪੁਰੀ, ਜੂਨਾਗੜ੍ਹ ਗ੍ਰਿਨਾਰ ਆਦੀ ਸ਼ਹਿਰ ਘੂਮਤੇ ਰਹੇ, ਏਕ ਚਤੁਰਮਾਸ ਆਪ ਪ੍ਰਭਾਸ ਛੇਤਰ ਮੇਂ ਸੋਮਨਾਥ ਕੇ ਪਾਸ ਰਹੇ ਥੇ, ਆਪ ਕਹਾ ਕਰਤੇ ਥੇ ਕਿ ਆਧੀ ਰਾਤ ਕੋ ਹਮਾਰੇ ਕੋ ਸਮੁੰਦਰ ਮੇਂ ਰਹਿਨੇ ਵਾਲੀ ਬੜਵਾ ਅਗਨੀ ਕਾ ਦਰਸ਼ਨ ਹੂਆ ਥਾ ਵਹਾਂ ਆਪ ਕੇ ਬੜੇ ਪਰੇਮੀ, ਸ਼ਰਧਾਲੂ ਬਣ ਗਏ ਥੇ, ਵਹੁ ਆਪ ਕੋ ਬੰਬਈ ਮੇਂ ਲੇ ਆਏ ਔਰ ਬੰਬਈ ਮੇਂ ਅਪਨੇ ਮਕਾਨੋਂ ਮੇਂ ਆਪ ਜੀ ਕੋ ਰਖ ਕਰ ਅਛੇ ੨ ਸੈਰ ਕਰਾਏ, ਕੁਛ ਦਿਨ ਵਹਾਂ ਠਹਿਰ ਕਰ ਫਿਰ ਆਪ ਜੀ ਰਾਮੇਸ੍ਵਰ ਕੀ ਯਾਤਰਾ ਕੋ ਚਲ ਪੜੇ ਤੋ ਰਾਸਤੇ ਮੇਂ ਆਪ ਜੀ ਪੂਨਾ ਸਤਾਰਾ ਪੰਡੂਰ ਪੁਰ ਜਹਾਂ ਨਾਮ ਦੇਵ ਕਾ ਮੰਦਰ ਹੈ ਉਸ ਕੀ ਯਾਤਰਾ ਕਰਕੇ ਧੀਰੇ ੨ ਪੰਪਾ ਸਰੋਵਰ, ਕਿਸ਼ਕੰਧਾ ਆਦਿ ਤੀਰਥੋਂ ਕੀ ਯਾਤਰਾ ਕਰਤੇ ਹੂਏ ਆਪ ਬੀਜਾ ਪੁਰ ਪਹੁੰਚੇ ਵਹਾਂ ਸੇ ਬਾਗਲ ਕੋਟ ਆਦਿ ਸ਼ਹਿਰ ਦੇਖਤੇ ਹੂਏ ਮੈਸੂਰ ਕੇ ਇਲਾਕੇ ਮੇਂ ਪਹਿਲੇ ਹਰੀ ਹਰ ਸ਼ਿਵਾਲੀ, ਬਰੂਰ, ਬੰਗਲੂਰ, ਸਿੰਗਾ ਪਟਮ, ਮੈਸੂਰ, ਧਰਮ ਪੁਰੀ, ਹਰੋੜ, ਤ੍ਰਿਪਤ ਪੁਰ ਸੇ ਹੋਤੇ ਹੂਏ ਤ੍ਰਿਚਨਾ ਪਲੀ ਮੇਂ ਪਹੁੰਚੇ ਵਹਾਂ ਕਾਵੇਰੀ ਨਦੀ ਮੇਂ ਸ਼ਨਾਨ ਕੀਆ ਔਰ ਸ੍ਰੀ ਰੰਗ ਜੀ ਕੇ ਮੰਦਰ ਕਾ ਦਰਸ਼ਨ ਕੀਆ, ਸ੍ਰੀ ਗਣੇਸ਼ ਜੀ ਕੀ ਪਹਾੜੀ ਦੇਖੀ ਵਹਾਂ ਕੁਛ ਦਿਨ ਰਹਿ ਕਰ ਆਪ ਤੰਜੋਰ ਮਦਰਾਹ ਆਦਿ ਤੀਰਥੋਂ ਕਾ ਦਰਸ਼ਨ ਕਰਕੇ ਰਾਮੇਸ਼ਵਰ ਪਹੁੰਚੇ, ਆਪ ਜੀ ਨੇ ਵਹਾਂ ਪੰਦਰਾਂ ਦਿਨ ਰਹਿ ਕਰ ਸਾਰੀ ਯਾਤਰਾ ਕਰੀ, ਕਈ ਯਾਤਰੂ ਵਹਾਂ ਹੀ ਆਪ ਕੇ ਪਰੇਮੀ ਮਿਲ ਗਏ ਔਰ ਬੜੇ ਪਰੇਮ ਸੇ ਆਪ ਕੀ ਸੇਵਾ ਕਰਤੇ ਰਹੇ, ਫਿਰ ਆਪ ਕੋ ਸਾਥ ਲੇ ਕਰ ਰਸਤੇ ਮੇਂ ਕਈ ਤੀਰਥ ਜੈਸੇ ਪੰਖੀ ਤੀਰਥ, ਨਟ ਰਾਜ, ਮਹਾਦੇਵ ਕੇ ਮੰਦਰ, ਕਾਂਚੀਪੁਰੀ ਇਤਿਆਦਿ ਤੀਰਥੋਂ ਕੀ ਯਾਤਰਾ ਕਰਾਤੇ ਹੂਏ ਆਪ ਕੋ ਮਦਰਾਸ ਲੇ ਗਏ ਸਮੁੰਦਰ ਕੇ ਤੀਰੇ ਮਦਰਾਸ ਸ਼ਹਿਰ ਬੜਾ ਸੁੰਦਰ ਹੈ, ਆਪ ਕੇ ਸਤਸੰਗ ਸੇ ਵਹਾਂ ਭੀ ਕਈ ਪਰੇਮੀ ਬਣ ਗਏ, ਵਹਾਂ ਸੇ ਆਪ ਹੈਦਰਾ ਬਾਦ ਦਖਨ ਕੇ ਇਲਾਕੇ ਮੇਂ ਹੋਤੇ ਹੂਏ ਕ੍ਰਿਸ਼ਨਾ ਨਦੀ ਕੇ ਕਿਨਾਰੇ ਸ੍ਰੀ ਰਾਮ ਨਗਰ, ਭਾਲਾ ਨਗਰ ਸੇ ਹੋਤੇ ਹੂਏ ਰਚਨੀ ਰੋਡ ਪਹੁੰਚੇ ਵਹਾਂ ਸੇ ਕਿਤਨੇ ਦੇਸ ਭ੍ਰਮਣ



ਕਰਤੇ ਹੂਏ ਨਗਭੀਰ ਤੁਮਸਰ ਰੋਡ, ਗੋਂਦਿਆ ਬਾਲਾਘਾਟ ਨਰ ਸਿੰਘ ਪੁਰ ਹੋ ਕਰ ਫੇਰ ਜਬਲ ਪੁਰ ਆਏ, ਜਬਲਪੁਰ ਮੇਂ ਮਜ਼ਦੂਰ ਪਥਰ ਫੋੜ ਰਹੇ ਥੇ ਉਸ ਵਕਤ ਮਜ਼ੂਰੋਂ ਨੇ ਆਪ ਕੋ ਸੰਤ ਜਾਣ ਕਰ ਬੁਲਾਇਆ ਔਰ ਏਕ ਕੀੜਾ ਦਿਖਾਇਆ, ਜੋ ਉਸੀ ਵਕਤ ਪਥਰ ਫੋੜਨੇ ਸੇ ਪਥਰ ਸੇ ਹੀ ਨਿਕਲਾ ਥਾ ਉਸ ਕੇ ਮੁਖ ਮੇਂ ਸ਼ਕਰ ਥੀ ਔਰ ਉਸ ਪਥਰ ਪਰ ਭੀ ਥੋੜੀ ਸ਼ਕਰ ਪੜੀ ਥੀ ਉਸ ਕੀੜੇ ਕਾ ਨਾਮ ਸ਼ਕਰ ਖੋਰ ਥਾ, ਤਬ ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਕਾ ਪ੍ਰਮਾਣ ਦੇਕਰ ਕਹਾ:-

**ਪਾਖਣਿ ਕੀਟੁ ਗੁਪਤੁ ਹੋਇ ਰਹਿਤਾ ਤਾਚੋ ਮਾਰਗੁ ਨਾਹੀ ॥ ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥** [ਆਸਾ ਭ: ਧੰਨਾ ਸਫਾ ੪੮੮

ਵਹਾਂ ਨਰਬਦਾ ਕੇ ਕਿਨਾਰੇ ਕਈ ਦਿਨ ਰਹੇ, ਵਹਾਂ ਸੇ ਕਟਨੀ, ਬੀਰ ਸਿੰਘ ਪੁਰਾ, ਅਨੂਪ ਪੁਰ ਆਦ ਹੋਤੇ ਬਹੁਤ ਦਿਨੋਂ ਮੇਂ ਬਿਹਾਰ ਕੇ ਇਲਾਕੇ ਮੇਂ ਪਹੁੰਚੇ, ਵਹਾਂ ਦੋਲਤ ਗੰਜ, ਹਜਾਰੀ ਬਾਗ, ਪਾਰਸਨਾਥ, ਮਾਧੋ ਪੁਰ, [illegible], ਸਮਸਤੀ ਪੁਰ ਦਰਭੰਗਾ, ਜੈ ਨਗਰ ਹੋਤੇ ਹੂਏ ਮੁਜਫਰ ਪੁਰ, ਹਾਜੀ ਪੁਰ ਹੋਤੇ ਹੂਏ ਹਰਿਹਰ ਖੇਤਰ ਪਹੁੰਚੇ ਜਹਾਂ ਗੰਡਕੀ ਨਦੀ ਹੈ, ਵਹਾਂ ਹਰੀ ਹਰ ਖੇਤਰ ਕੇ ਪਾਰ ਬੇਜਲ ਪੁਰ ਗਰਾਮ ਮੇਂ ਧਿਆਨ ਸਿੰਘ ਖਤਰੀ ਕੇ ਬਾਗ ਮੇਂ ਨੌਂ ਮਹੀਨੇ ਰਹੇ ਅੰਤ ਰਾਮ ਧਿਆਨ ਸਿੰਘ ਖਤਰੀ ਸ਼ਿਸ਼ ਰੀਤੀ ਕੇ ਅਨੁਸਾਰ ਸੇਵਾ ਕਰਤਾ ਰਹਾ ਤਥਾ ਸ਼ਾਂਤ ਪਰਸ਼ਾਦ ਖਾਤਾ ਰਹਾ ਉਸ ਬਾਗ ਮੇਂ ਅਬ ਭੀ ਬਹੁਤ ਸੰਤ ਠਹਿਰਾ ਕਰਤੇ ਹੈਂ ਸੰਮਤ ੧੯੪੮ ਕੇ ਹਰਿਦਵਾਰ ਕੇ ਕੁੰਭ ਮੇਂ ਰਾਮ ਧਿਆਨ ਸਿੰਘ ਨੇ ਪ੍ਰਾਰਥਨਾ ਕੀ ਕਿ ਹਰਿਦਵਾਰ ਕੇ ਕੁੰਭ ਮੇਂ ਹਮੇਂ ਸੰਤੋਂ ਕੇ ਦਰਸ਼ਨ ਕਰਾਓ, ਤਬ ਹਰਿਦਵਾਰ ਪਹੁੰਚੇ, ਆਪ ਕੇ ਹਰਿਦਵਾਰ ਆਨੇ ਸੇ ਸੰਤੋਂ ਕੋ ਬਹੁਤ ਖੁਸ਼ੀ ਹੂਈ ਔਰ ਆਪ ਜੀ ਨੇ ਭੀ ਫਿਰ ਫਿਰ ਕਰ ਸਭ ਸੰਤੋਂ ਕੀ ਯਾਤਰਾ ਕਰੀ ਫਿਰ ਰਿਸ਼ੀ ਕੇਸ਼ ਗਏਂ ਵਹਾਂ ਸੰਤੋਂ ਕੇ ਸਾਥ ਆਪ ਕੀ ਸ਼ਾਸਤਰੋਂ ਕੇ ਵਿਸ਼ਯ ਮੇਂ ਬਹੁਤ ਗਿਆਨ ਚਰਚਾ ਹੋਤੀ ਰਹੀ, ਫਿਰ ਕੁੰਭ ਕਾ ਮੇਲਾ ਨਜ਼ਦੀਕ ਆਨੇ ਪਰ ਹਰੀਦਵਾਰ ਆਏ ਔਰ ਭਗਤ ਲੋਗ ਭੀ ਬਹੁਤ ਦੂਰ ਦੂਰ ਸੇ ਆਏ, ਸੰਤ ਭਗਤ ਰੋਜ਼ ਰੋਜ਼ ਇਕੱਠੇ ਹੋ ਜਾਇਆ ਕਰਤੇ ਥੇ ਤਬ ਏਕ ਭਗਤ ਨੇ ਪ੍ਰਾਰਥਨਾ ਕਰੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਨਾਮ ਕਾ ਮਹਾਤਮ ਬਹੁਤ ਲਿਖਾ ਹੈ, ਪਰੰਤੂ ਨਾਮ ਕਿਸ ਕੋ ਕਹਿਤੇ ਹੈਂ ? ਨਾਮ ਜਪਨੇ ਕੀ ਯੁਕਤੀ ਕਿਤਨੀ ਹੈਂ ? ਆਗੇ ਉਨ ਕੇ ਭਦ ਕਿਆ ਕਿਆ ਹੈਂ ? ਕ੍ਰਿਪਾ ਕਰਕੇ ਸਾਧ ਸੰਗਤ ਇਸ ਵਿਸ਼ਯ ਕਾ ਨਿਰਣਯ ਕਰੇ, ਤਬ ਸਭ ਸੰਤੋਂ ਨੇ ਆਪ ਕੋ ਕਹਾ ਕਿ ਗੁਰੂ ਘਰ ਕੇ ਆਪ ਹੀ ਜ਼ਿਆਦਾ ਵਾਕਫ ਹੈਂ ਇਸ ਵਾਸਤੇ ਆਪ ਹੀ ਸੁਣਾਵੇਂ ਤਬ ਆਪ ਨੇ ਕਹਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਮੇਂ ਅਨੇਕ ਨਾਮ ਲਿਖੇ ਹੈਂ ਜੈਸੇ ਪਹਿਲੇ (੧ ਨਾਮ ਏਕੰਕਾਰ ਨਾਮ ਲਿਖਾ ਹੈ:-

**ਏਕੰਕਾਰ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ**

ਏਕ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ [ਬਿਲਾਵਲ ਮ: ੫ ਸਫਾ ੮੨੧

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ ॥ [ਥਿਤੀ ਗਉੜੀ ਮ: ੫ ਸਫਾ ੨੯੬

ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖਿ ਏਕੰਕਾਰ ॥ [ਸ੍ਰੀ ਰਾਗ ਮ: ੩ ਸਫਾ ੩੦

ਗੁਣ ਗੋਪਾਲ ਗਾਵਹੁ ਨਿਤ ਸਖੀ ਹੋ ਸਗਲ ਮਨੋਰਥ ਪਾਏ ਰਾਮ ॥ ਸਫਲ ਜਨਮ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥ [ਸੂਹੀ ਛੰਤ ਮ: ੫ ਸਫਾ ੭੮੨

੨. ਨਿਰੰਕਾਰ ਨਾਮ ਭੀ ਕਹਾ ਹੈ:–

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥ [ਗਉੜੀ ਬਾ: ਅ: ਮ: ੫ ਸਫਾ ੨੫੦

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ [ਗਉ: ਸੁਖ: ਮ: ੫ ਸਫਾ ੨੯੦

੩. ਓਅੰਕਾਰ ਨਾਮ ਭੀ ਲਿਖਾ ਹੈ:–

ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥ ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥ ਓਅੰਕਾਰਿ ਸਬਦਿ ਉਧਰੇ ॥ ਓਅੰਕਾਰਿ ਗੁਰਮੁਖਿ ਤਰੇ ॥ ਓਨਮ ਅਖਰ ਸੁਣਹੁ ਬੀਚਾਰੁ ॥ ਓਨਮ ਅਖਰ ਤ੍ਰਿਭਵਣ ਸਾਰੁ ॥ [ਰਾਮਕਲੀ ਮ: ੧ ਦਖਣੀ ਓਂਕਾਰ ਸਫਾ ੯੨੯

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ ਏਕੋ ਰੂਪ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥ ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥ ਗੁਰਮੁਖਿ ਜਾਇ ਮਿਲੈ ਨਿਜ ਮਹਿਲੀ ਅਨਹਦ ਸਬਦ ਬਜਾਵੈਗੋ ॥ [ਕਾਨੜਾ ਮ: ੪ ਸਫਾ ੧੩੧੦

੪. ਸੋਹੰ ਨਾਮ ਭੀ ਕਹਾ ਹੈ:–

ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ [ਮਾਰੂ ਵਾਰ ਮਹਲਾ ੩ ਸਫਾ ੧੦੯੩



ਸੋਹੰ ਸੋ ਜਾਕਉ ਹੈ ਜਾਪ ॥ [ਭੈਰਉ ਕਬੀਰ ਜੀ ਸਫਾ ੧੧੬੨

ਸਤਿਜੁਗ ਹੰਸ ਅਵਤਾਰ ਧਰ ਸੋਹੰ ਬ੍ਰਹਮ ਨ ਦੂਜਾ ਪਾਜੇ* ॥ ਵਾਰ ਭਾ: ਗੁ:

੫. ਅਨੇਕ ਨਾਮ ਭੀ ਲਿਖੇ ਹੈਂ:–

ਹਰਿ ਕੇ ਨਾਮ ਅਸੰਖ ਅਗਮ ਹਰਿ ਅਗਮ ਅਗਮ ਹਰ ਰਾਇਆ ॥ ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕ ਤਿਲ ਨਹੀ ਕੀਮਤਿ ਪਾਇਆ ॥ [ਕਲਿਆਣ ਮ: ੪ ਸਫਾ ੧੩੧੯

ਕੋਟਿ ਨਾਮ ਜਾਕੀ ਕੀਮਤਿ ਨਾਹਿ ॥ [ਭੈਰਉ ਮ: ੫ ਸਫਾ ੧੧੩੫

ਅਨੇਕ ਅਸੰਖ ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥ [ਭੈਰਉ ਮ: ੫ ਸਫਾ ੧੧੩੫

੬. ਨਿਰੰਜਨ ਨਾਮ ਭੀ ਕਹਾ ਹੈ:–

ਨਾਨਕ ਨਾਮ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥ [ਸੂਹੀ ਮਹਲਾ ੫ ਸਫਾ ੭੮੦

ਨਾਨਕ ਨਾਮ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥ [ਧਨਾਸਰੀ ਮ: ੫ ਸਫਾ ੬੭੬

ਨਾਮ ਨਿਰੰਜਨ ਉਚਰਾਂ ਪਤ ਸਿਉ ਘਰਿ ਜਾਂਈ ॥ [ਸਾ: ਮ: ਵ: ੪ ਸਫਾ ੧੨੩੯

੭. ਸਤਿਨਾਮ ਭੀ ਕਹਾ ਹੈ:–

ਕਿਰਤਮ ਨਾਮ ਕਥੇ ਤੇਰੇ ਜਿਹਬਾ ਸਤਿਨਾਮੁ ਤੇਰਾ ਪਰਾ ਪੂਰਬਲਾ ॥ [ਮਾਰੂ ਮ: ੫ ਸਫਾ ੧੦੮੩

ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥ [ਧਨਾਸਰੀ ਮ: ੪ ਸਫਾ ੬੭੦

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥ ਤਥਾ– ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਇਆ ॥ ਤਥਾ– ਸਤਿਨਾਮ ਕਾ ਚਕ੍ਰ ਫਿਰਾਇਆ ॥ ਤਥਾ–ਸਤਿਨਾਮ ਗੁਰਮੰਤ੍ਰ ਦ੍ਰਿੜਾਇਆ ॥ [ਵਾਰ ਭਾਈ ਗੁਰਦਾਸ

੮. ਰਾਮ ਨਾਮ ਕਹਾ ਹੈ:–

ਕਲਿਜੁਗ ਮਹਿ ਰਾਮ ਨਾਮ ਉਰਧਾਰ ॥ ਤਥਾ–ਕਲਿਜੁਗ ਮਹਿ ਰਾਮ ਨਾਮ ਹੈ ਸਾਰੁ ॥ [ਭੈਰਉ ਮਹਲਾ ੩ ਸਫਾ ੧੧੩੦

ਮਨ ਮੇਰੇ ਰਾਮ ਨਾਮ ਜਪਿ ਜਾਪੁ ॥ [ਸ੍ਰੀ ਰਾਗ ਮ: ੫ ਸਫਾ ੪੮

*ਪਾਖੰਡ–ਪੋਲ ।

ਸਭ ਤੇ ਊਚ ਰਾਮ ਪਰਗਾਸ ॥ ਨਿਸਿ ਬਾਸੁਰ ਜਪਿ ਨਾਨਕ ਦਾਸ ॥
[ਗੋਂਡ ਮ: ੫ ਸਫਾ ੮੬੫

ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਇਹੁ ਪਰਮ ਤਤੁ ਬੀਚਾਰਾ ਹੇ॥
[ਮਾਰੂ ਮ: ੧ ਸਫਾ ੧੦੩੦

੯. ਹਰਿ ਹਰਿ ਨਾਮ ਭੀ ਹੈ :-

ਹਰਿ ਹਰਿ ਨਾਮੁ ਸਦਾ ਜਪੁ ਜਾਪਿ ਸਦਾ ਸਖਾਈ ਹਰਿ ਹਰਿ ਨਾਮੁ ॥
[ਭੈਰਉ ਮਹਲਾ ੫ ਸਫਾ ੧੧੪੬

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰੁ ਸੁਖੁ ਪੂਰਾ ॥
[ਗਉੜੀ ਮ: ੫ ਸਫਾ ੨੧੫

੧੦. ਗੋਬਿੰਦ ਨਾਮ ਹੈ :-

ਨਾਮ ਕਹਿਤ ਗੋਬਿੰਦ ਕਾ ਸੂਚੀ ਭਈ ਰਸਨਾ ॥ [ਬਿਲਾਵਲ ਮ: ੫ ਸਫਾ ੮੧੧

ਗੋਬਿੰਦ ਗੋਬਿੰਦ ਕਹੈ ਦਿਨ ਰਾਤੀ ॥ ਗੋਬਿੰਦ ਨਾਮ ਜਪੰਤਿ ਮਿਲਿ
ਸਾਧ ਸੰਗਹਿ ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥
[ਸਲੋਕ ਸਹਸ ਕ੍ਰਿਤਿ ਮ: ੫ ਸਫਾ ੧੩੫੬

੧੧, ਗੋਪਾਲ ਨਾਮ ਹੈ :-

ਰਸਨਾ ਨਾਮੁ ਜਪਤ ਗੋਪਾਲ ॥ [ਗੋਂਡ ਮ: ੫ ਸਫਾ ੮੬੬

ਗੁਣ ਗੋਪਾਲ ਗਾਵਹੁ ਨਿਤ ਸਖੀ ਹੋ ਸਗਲ ਮਨੋਰਥ ਪਾਏ ਰਾਮ ॥
[ਸੂਹੀ ਮ: ੫ ਸਫਾ ੭੩੨

੧੨. ਮੁਕੰਦ ਨਾਮ ਹੈ:-

ਮੁਕੰਦ ਮੁਕੰਦ ਜਪਹੁ ਸੰਸਾਰ ॥ [ਗੋਂਡ ਰਵਿਦਾਸ ਸਫਾ ੮੭੫

ਜਪਿ ਮੁਕੰਦ ਮਸਤਕਿ ਨੀਸਾਨੰ ॥ [ਗੋਂਡ ਰਵਿਦਾਸ ਸਫਾ ੮੭੫

੧੩. ਵਾਹਿਗੁਰੂ ਨਾਮ ਹੈ:-

ਵੇ ਮੁਹਤਾਜਾ ਵੇ ਪਰਵਾਹੁ ਨਾਨਕ ਦਾਸ ਕਹਹੁ ਗੁਰ ਵਾਹੁ ॥
[ਆਸਾ ਮ: ੫ ਸਫਾ ੩੭੬

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਧ ਜਿਸਹਿ ਦਹੀ ਭਾਤੁ ਖਾਹਿ ਜੀਉ ॥ ਦੇਖਿ ਰੂਪੁ ਅਤਿ ਅਨੂਪ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥ ਕਾਲ ਕਲਮ ਹੁਕਮ ਹਾਥਿ ਕਹਉ ਕਉਨ ਮੇਟਿ ਸਕੈ ਈਸੁ ਬੰਮੁ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ



ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥ ੬ ॥
[ਸਵੈਯੇ ਮ: ੪ ਸਫਾ ੧੪੦੨

ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ ਸਰਬਰ ਕਉ ਕਾਹਿ ਜੀਉ ॥ ਸੁਥਰ ਚਿਤ ਭਗਤ ਹਿਤ ਭੇਖ ਧਰਿਉ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥ ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ ਅਪਰੰਪਰ ਪਾਰਬ੍ਰਹਮ ਲਖੈ ਕਉਨ ਤਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥
[ਸਵੈਯੇ ਮ: ੪ ਸਫਾ ੧੪੦੨

ਸਤਿਗੁਰ ਪੁਰਖ ਦਇਆਲ ਹੋਇ ਵਾਹਿਗੁਰੂ ਸਚ ਮੰਤ੍ਰ ਸੁਣਾਇਆ ॥
[ਭਾ: ਗੁਰਦਾਸ ਵਾ: ੧੧ ਪਉੜੀ ੩

ਦੋਹਰਾ—ਨਿਰਗੁਣ ਸਰਗੁਣ ਨਾਮ ਜੋ ਵਾਹਿਗੁਰੂ ਤਿੰਨ ਮੇਰ।
ਸਭ ਤੇ ਊਚਾ ਜਾਣੀਏ ਲੇਤ ਨ ਕੀਜੇ ਦੇਰ।
ਚੌਪਈ—ਅਖਰ ਮਧੁਰ ਮਨੋਹਰ ਚਾਰ, ਚਾਰ ਬੇਦ ਕੇ ਜਾਨਹੁੰ ਸਾਰ।
ਚਾਰ ਬਰਨ ਕੋ ਹਰਨ ਬਿਕਾਰ, ਚਾਰ ਜੁ ਆਸ਼੍ਰਮ ਸੁਖਦ ਅਚਾਰ।
ਚਾਰ ਮੁਕਤ ਕੇ ਇਹ ਦਰ ਚਾਰ, ਕਿਦਹੁ ਬਿਸਨ ਕੇ ਹੈਂ ਭੁਜ ਚਾਰ।
ਚਾਰ ਉਪਦੇਸ਼ ਚਕ ਜੇ ਚਾਰ, ਚਾਰ ਅਵਸਥਾ ਮੇਂ ਸੁਖ ਕਾਰ।
ਦੋਹਰਾ—ਨ੍ਰਿਪ ਵਿਵੇਕ ਕੇ ਸੈਨ ਮੇਂ ਸੈਨਾਪਤਿ ਇਹ ਚਾਰ।
ਮੋਹ ਕਟਕ ਕੋ ਜੀਤ ਕੇ ਖਿਨ ਮਹਿ ਲੇਵਤ ਮਾਰ।
ਚੌਪਈ—ਪ੍ਰੇਮ ਭਗਤਿ ਕੇ ਭੂਖਣ ਚਾਰ, ਲਖਣ ਗਿਆਨ ਕੋ ਲੋਚਨ ਚਾਰ।
ਚਾਰ ਪਦਾਰਥ ਕੇ ਦਾਤਾਰ, ਚਾਰ ਜੁਗ ਤਿਨ ਮੈਂ ਗਤਿਕਾਰ।
ਭਗਤ ਕੰਠ ਆਭਰਣ ਸੁ ਚਾਰ, ਜਿਹ ਛਬ ਦੋਨੋਂ ਲੋਕ ਉਚਾਰ।
ਚਾਰ ਬਰਣ ਕੋ ਧਰਮ ਅਧਾਰ, ਚਾਰ ਵਰਣ ਉਰ ਕਵਿਨ ਵਿਸਾਰ।
ਦੋਹਰਾ—ਜੀਵ ਪਰਮਾਤਮ ਮੇਲਕੇ ਕਿਦਹੁ ਦੁਭਾਸ਼ੀ ਚਾਰ।
ਗਾਹਕ ਜੇ ਅਪਵਰਗ ਕੇ ਭਲੇ ਦਲਾਲ ਵਿਚਾਰ।
ਭਵ ਬੰਧਨ ਕੇ ਅਮਯ ਕੋ ਆਖੈਂ ਭੇਖਜ਼ ਚਾਰ।

ਭਰਮ ਤਮ ਕੋ ਸਮ ਭਾਨੁ ਕੇ ਦੇਤ ਸਪਦ ਉਰ ਟਾਰ।
ਚੌਪਈ—ਵਵਾ ਵਾਸਦੇਵ ਤੇ ਲੀਨੋ। ਹਰ ਬਿਸਨ ਤੇ ਹਾਹਾ ਕੀਨੋ।
ਗਗਾ ਗੋਬਿੰਦ ਤੇ ਲੀਯ ਜਾਨੋ। ਰਾਰਾ ਰਾਮ ਚੰਦ ਮਨ ਮਾਨੋ।
ਚਤੁਰ ਬਰਨ ਕੋ ਏਕ ਬਨਾਇਆ। ਫਲਦਾਇਕ ਇਹ ਅਧਕਸੁਹਾਇਆ।
ਚਤੁਰ ਨਾਮ ਸਿਮਰਨ ਕੋ ਏਕੂ ॥ ਉਰਧਾਰੇ ਜਿਸ ਹੋਤ ਵਿਵੇਕੂ।

ਤਥਾ ਸੰਸਕ੍ਰਿਤ ਮੇਂ ਵਾਹਿਗੁਰੂ ਨਾਮ ਕਾ ਅਰਥ ਭਾਈ ਸੰਤੋਖ ਸਿੰਘ ਜੀ ਲਿਖਤੇ ਹੈਂ:—

**(ਵ) ੧. ਵਿਸ਼੍ਵੇਸ਼ੰ ਵਿਸ਼੍ਵਮਿਤੀ ਓਕ੍ਰੰ ਸੰਪਟੇ ਵਿਸ਼੍ਵ ਭੂਸ਼ਣੰ ॥ ਵਿਸ਼੍ਵ ਬੋਧ ਸ੍ਵਯੰ ਬ੍ਰਹਮ ਤੰ ਪ੍ਰਣਵਾਦੀ ਨਮਾਮਯਹੰ ॥ ੨. ਵਰਣਾ ਵਰਣ ਵਿਹੀਨਾਯ ਵੇਦ ਸਾਰ ਪ੍ਰਵਰਤਕ: ਵਿਸ਼੍ਵ ਵਰਗ ਮਹੀ ਧੀਸੰ ਵਕਾਰ ਤੰ ਨਮਾਮਯਹੰ ॥**

[ਸੂਰਜ ਪ੍ਰਕਾਸ਼

ਟੀਕਾ—ਓਅੰਕਾਰ ਕਾ ਆਦੀ ਸਾਰੇ ਵਿਸ਼੍ਵ ਕਾ ਈਸ਼ਵਰ ਔਰ ਵਿਸ਼੍ਵ ਰੂਪ ਇਸ ਨਾਮ ਸੇ ਕਰਾ ਗਿਆ ਹੈ ਔਰ ਵਿਸ਼੍ਵ ਕੇ ਬੀਚ ਮੇਂ ਵਿਸ਼ਵ ਕਾ ਭੂਸ਼ਣ ਰੂਪ ਵਿਸ਼੍ਵ ਕਾ ਪ੍ਰਕਾਸ਼ਕ ਆਪ ਖੁਦ ਬ੍ਰਹਮ ਤਿਸ ਕੋ ਮੈਂ ਨਮਸ਼ਕਾਰ ਕਰਤਾ ਹੂੰ। ੨. ਵਰਣ ਅਵਰਣ ਸੇ ਰਹਿਤ ਵੇਦ ਸਾਰ ਕਾ ਪਰਿਵਰਤਕ ਵਿਸ਼੍ਵ ਸਮਦਾਯਕਾ ਅਧਿਸ਼ਠਾਨ ਐਸੇ ਵਕਾਰ ਵਾਲੇ ਵਿਸ਼ਨੂੰ ਕੋ ਮੈਂ ਨਮਸ਼ਕਾਰ ਕਰਤਾ ਹੂੰ।

**(ਹ) ੩ ਹਰਿ ਹਰਾਦਿ ਸ੍ਵਯੰ ਬ੍ਰਹਮ ਹੰਸ ਬੋਧ ਪ੍ਰਕਾਸ਼ਕੰ। ਹਸਖਮਲ ਵਰਯ ਬੀਜੰ ਹਕਾਰੰ ਤੰ ਨਮਾਮਯਹੰ ॥**

ਟੀਕਾ—ਹਰਿ ਵਿਸ਼ਨ ਹਰ ਮਹਾਂਦੇਵ ਆਦਿ ਯੇ ਸ੍ਵਯੰ ਬ੍ਰਹਮ ਹੈਂ ਔਰ ਸ਼ੁਧ ਬੋਧ ਕਾ ਪ੍ਰਕਾਸ਼ ਕਰਨੇ ਵਾਲਾ ਔਰ ਹ ਯਾਨੇ ਪਰਸਿਧ ਸ ਯਾਨੇ ਸੁਤੇ ਖ ਯਾਨੇ ਆਕਾਸ਼ ਵਤ ਪੂਰਨ ਮ ਯਾਨੇ ਮਾਇਆ ਲ ਯਾਨੇ ਲੀਨ ਹੋਵੇ, ਜਿਸ ਮੇਂ ਅਥਵਾ ਹਸਤਾਮਲਕ ਯਾਨੇ ਹਥ ਮੇਂ ਆਵਲੇ ਕੀ ਨਿਆਈ ਅਪਰੋਖਸ਼ ਰੂਪ ਔਰ ਸਾਰੇ ਜਗਤ ਕਾ ਸਰੇਸ਼ਟ ਬੀਜ ਰੂਪ ਹੰਕਾਰ ਤਿਸਕੋ ਮੈਂ ਨਮਸਕਾਰ ਕਰਤਾ ਹੂੰ।

**(ਗ) ੪ ਗਿਆਨਾਰਕੰ ਗਿਰਾਧੀਸ਼ੰ ਗੌ ਅਤੀਤੰ ਸ੍ਵਚਛ ਸਾਖਿਣੰ। ਗਮਨਾਗਮਨ ਵਿਹੀਨਾਯ ਗਕਾਰੰ ਤੰ ਨਮਾਮਯਹੰ ॥**

ਟੀਕਾ—ਗਿਆਨ ਕਾ ਸੂਰਯ ਰੂਪ ਬਾਣੀ ਕਾ ਆਧਾਰ ਬਾਣੀ ਰਹਿਤ ਸ਼ੁਧ ਸਰਵ ਕਾ ਸਾਖੀ ਰੂਪ ਆਨੇ ਜਾਨੇ ਸੇ ਰਹਿਤ ਸਾਰੇ ਪਰੀ ਪੂਰਣ ਗਕਾਰ ਅਖਰ



ਵਾਲੇ ਗੋਬਿੰਦ ਰੂਪ ਕੋ ਮੈਂ ਨਮਸਕਾਰ ਕਰਤਾ ਹੂੰ

**(ਰ) ੫ ਰਾਮ ਬੀਜੰ ਸੁਰੇਸ੍ਵੰ ਦੇਵ ਦੈਤ੍ਯਾਭਿ ਬੰਧਿਤੰ। ਸਰਵਾਸ੍ਰਯ ਸਰਵਮਿਤਿ ਸ਼ਕ੍ਤਿ ਰਕਾਰੰ ਤੰ ਨਮਾਮਯਹੰ।**

ਟੀਕਾ—ਰਾਮ ਬੀਜ ਵਾਲਾ ਦੇਵਤਾਓਂ ਕਾ ਈਸ਼ਵਰ ਦੇਵਤਾ ਦੈਂਤਯੋਂ ਕਰਕੇ ਨਮਸ਼ਕਾਰ ਕੇ ਲਾਇਕ ਸਰਵਾਧਾਰ ਸਰਵ ਰੂਪ ਸ਼ਕਤੀ ਵਾਲਾ ਰਕਾਰ ਅਖਰ ਵਾਲਾ ਜੋ ਰਾਮ ਤਿਸਕੋ ਮੈਂ ਨਮਸ਼ਕਾਰ ਕਰਤਾ ਹੂੰ।

**(੬) ਇਤਯੇਵੰ ਮਹਾਵਰਣੰ ਭਾਵਨਾਯ ਮੁਹੁਰ ਮੁਹੁ:। ਚਤੁਰ ਵਰਗ: ਫਲੰ ਦਾਸਯੇ ਸਿੱਧ ਏਵ ਨ ਸ਼ੰਸ਼ਯ: ॥**

ਟੀਕਾ—ਇਸ ਪਰਕਾਰ ਬੜੇ ਵਰਣ ਵਾਲਾ ਜੋ ਵਾਹਿਗੁਰੂ ਨਾਮ ਹੈ ਉਸ ਕੋ ਬਾਰੰਬਾਰ ਚਿੰਤਨ ਕਰਨੇ ਸੇ ਧਰਮ ਅਰਥ ਕਾਮ ਮੋਖਸ਼ ਇਨ ਚਾਰੋਂ ਫਲੋਂ ਕੀ ਸਿਧੀ ਹੋਤੀ ਹੈ ਇਸ ਮੇਂ ਸੰਦੇਹ ਨਹੀਂ।

**ਚਾਰੋਂ ਅਖਰ ਏਕ ਕਰ ਵਾਹਿਗੁਰੂ ਜਪੁ ਮੰਤ੍ਰ ਜਪਾਵੈ ॥**

੧੪ ਨਾਰਾਇਣ ਨਾਮ ਹੈ:— [ਭਾਈ ਗੁਰਦਾਸ ਵਾਰ ੧

**ਨਾਮ ਨਿਰੰਜਨ ਨੀਰਿ ਨਾਰਾਇਣ ॥ ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥ ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ ॥ ਨਾਰਾਇਣ ਕਹਿਤੇ ਨਰਕਿ ਨ ਜਾਹਿ ॥ ਨਾਰਾਇਣ ਸੇਵਿ ਸਗਲ ਫਲ ਪਾਹਿ ॥ ਨਾਰਾਇਣ ਮਨ ਮਾਹਿ ਅਧਾਰ ॥ ਨਾਰਾਇਣ ਬੋਹਿਥ ਸੰਸਾਰ ॥ ਨਾਰਾਇਣ ਕਹਿਤ ਜਮੁ ਭਾਗਿ ਪਲਾਇਣ ॥ ਨਾਰਾਇਣ ਦੰਤ ਭਾਨੇ ਡਾਇਣ ॥ ਨਾਰਾਇਣ ਸਦ ਸਦ ਬਖਸਿੰਦ ॥ ਨਾਰਾਇਣ ਕੀਨੇ ਸੂਖ ਅਨੰਦ ॥ ਨਾਰਾਇਣ ਪ੍ਰਗਟ ਕੀਨੋ ਪਰਤਾਪ ॥ ਨਾਰਾਇਣ ਸੰਤ ਕੋ ਮਾਈ ਬਾਪ ॥ ਨਾਰਾਇਣ ਸਾਧ ਸੰਗਿ ਨਾਰਾਇਣ ॥ ਬਾਰੰਬਾਰ ਨਾਰਾਇਣ ਗਾਇਣ ॥ ਬਸਤੁ ਅਗੋਚਰ ਗੁਰ ਮਿਲਿ ਲਹੀ ॥ ਨਾਰਾਇਣ ਓਟ ਨਾਨਕ ਦਾਸ ਗਹੀ ॥** [ਗੋਂਡ ਮ: ੫ ਸਫਾ ੮੬੮

**ਤਥਾ—ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ ਮਧੁਸੂਦਨ ਦਾਮੋਦਰੁ ਸੁਆਮੀ ॥ ਰਿਖੀਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ ॥ ਮੋਹਨ ਮਾਧਵ ਕ੍ਰਿਸ਼ਨ ਮੁਰਾਰੇ ॥ ਜਗਦੀਸਰ ਹਰਿ**

ਜੀਉ ਅਸੁਰ ਸੰਘਾਰੇ ॥ ਜਗ ਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥ ਧਰਣੀ ਧਰਈਸ ਨਰਸਿੰਘ ਨਰਾਇਣ॥ ਦਾੜਾ ਅਗ੍ਰੇ ਪ੍ਰਿਥਮ ਧਰਾਇਣ ॥ ਬਾਵਨੁ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥ ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰ ਪਾਣਿ ਦਰਸਿ ਅਨੂਪਿਆ ॥ ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ ॥ ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥ ਬਾਸਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥ ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਕਮਲਾ ਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ ॥ ਅਮੋਘ ਦਰਸਨ ਆਜੂਨੀ ਸੰਭਉ ॥ ਮੁ: ਪੰਨਾ ਵੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥ ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰ ਭੁਜੁ ਕਹਾਇਆ ॥ ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥ ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ ॥ ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥ ਗੋਪਾਲੁ ਮੁਖਿ ਭਣੀ ॥ ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥ ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥ ਮਿਰਤਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ ॥

[ਮਾਰੂ ਮ: ੫ ਸਫਾ ੧੦੮੨

ਇਤਿ ਆਦਿ ਅਨੰਤ ਨਾਮ ਗੁਰੂ ਸਾਹਿਬ ਜੀ ਨੇ ਲਿਖੇ ਹੈਂ ਸੋ ਇਸ ਵਾਸਤੇ ਕਿ ਅਨੰਤ ਪੁਰਸ਼ ਹੈਂ ਜਿਸ ਪੁਰਸ਼ ਕੀ ਜਿਸ ਨਾਮ ਮੇਂ ਰੁਚੀ ਹੋ ਜਾਵੇ ਉਹੀ ਨਾਮ ਕੋ ਪਾਰ ਕਰ ਸਕਤਾ ਹੈ । ਜੈਸੇ ਦਰਿਆ ਯਾ ਸਮੁੰਦਰ ਮੇਂ ਅਨੇਕ ਨਉਕਾਏਂ ਹੋਤੀ ਹੈਂ। ਜਿਸ ਨਊਕਾ ਪਰ ਚੜ੍ਹੇਗਾ ਵੋਹੀ ਉਸ ਕੋ ਪਾਰ ਕਰ ਦੇਗੀ ਅਰ ਜੈਸੇ ਦੁਰਵਾਸਾ ਜੀ ਕੋ ਜਮਨਾ ਜੀ ਮੇਂ ਨਗਨ ਸ਼ਨਾਨ ਕਰਤੇ ਦੇਖ ਕਰ ਦਰੋਪਤੀ ਜੀ ਨੇ ਅਪਨੀ ਸਾੜ੍ਹੀ ਫਾੜ ਕਰ ਏਕ ਕੋਪੀਨ ਫੈਂਕੀ ਵੋ ਬਹ ਗਈ ਦੂਸਰੀ ਬਹ ਗਈ ਫੇਰ ਦਰੋਪਤੀ ਨੇ ਸਾਰੀ



ਸਾਹੜੀ ਫਾੜ ਕਰ ਦਸ ਬੀਸ ਕਠੀਆਂ ਫੈਂਕੀਆਂ ਕੋਈ ਤੋ ਏਕ ਮਹਾਰਾਜ ਕੋ ਮਿਲ ਜਾਏਗੀ ਅਬ ਬਾਂਧ ਕਰ ਬਾਹਰ ਆਏਂਗੇ । ਤੈਸੇ ਗੁਰੂ ਜੀ ਨੇ ਗੁਰੂ ਗਰੰਥ ਸਾਹਿਬ ਮੇਂ ਅਨੇਕ ਨਾਮ ਲਿਖ ਦੀਏ ਹੈਂ । ਤੋ ਕਿਸੀ ਨਾ ਕਿਸੀ ਨਾਮ ਕੋ ਅਧਿਕਾਰੀ ਸ਼ਰਧਾ ਸੇ ਹਿਰਦੇ ਮੇਂ ਧਾਰਣ ਕਰ ਲੇਗਾ ਔਰ ਸੰਸਾਰ ਸੇ ਪਾਰ ਹੋ ਜਾਏਗਾ। ਅਬ ਜਪ ਯੁਕਤੀ ਕਹਤੇ ਹੈਂ।

**ਕਿਤੁ ਬਿਧੀਐ ਕਿਤੁ ਸੰਜਮਿ ਪਾਈਐ॥ ਕਹੁ ਸੁਰ ਜਨ ਕਿਤੁ ਜੁਗਤੀ ਧਿਆਈਐ॥**

**ਰਸਨਾ ਉਚਰੰਤਿ ਨਾਮੰ ਸਰਵਣੰ ਸੁਨੰਤਿ ਸਬਦ ਅੰਮ੍ਰਿਤਹ ॥ ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥**

[ਜੈਤਸਿਰੀ ਵਾਰ ਮ: ੫ ਸਫਾ ੭੦੯

ਜਪ ਮੇਂ ਤੀਨ ਯੁਕਤੀ ਕਹਤੇ ਹੈਂ ਉਤਮ ਮਧਮ ਕਨਿਸ਼ਟ ਅਧਿਕਾਰੀ ਕੇ ਪ੍ਰਤਿ:-

**ਗਿਆਨ ਧਿਆਨ ਸਿਮਰਣ ਜੁਗਤ । ਕੂੰਜ ਕੂਰਮ ਹੰਸ ਵੰਸ ਨ ਵੇਲਾ॥**

[ਭਾਈ ਗੁਰਦਾਸ ਵਾਰ ੭ ਪਉੜੀ ੨੦

ਜਿਤਨੇ ਨਾਮੀ ਹੈਂ ਉਨਕਾ ਨਾਮ ਏਕ ਹੈ। ਚਾਹੇ ਉਹ ਸਰਗੁਣ ਹੋ ਚਾਹੇ ਨਿਰਗੁਣ ਹੋ:-

**ਨਿਰਗੁਨ ਆਪਿ ਸਰਗੁਨ ਭੀ ਓਹੀ ॥ ਕਲਾਧਾਰਿ ਜਿਨਿ ਸਗਲੀ ਮੋਹੀ॥**

ਉਤਮ ਵਾਸਤੇ ਨਾਮ ਯਾਨੇ ਨਿਰਗੁਣ ਦਾ ਗਿਆਨ, ਯਾਨੇ ਅਭੇਦ ਚਿੰਤਨ ਨਾਮ ਕਾ ਅਰਥ ਹੈ । ਮਧਮੋਂ ਕੇ ਵਾਸਤੇ ਧਿਆਨ ਯਾਨੇ ਪ੍ਰਤੀਕ ਸੰਪਤ ਅਰ ਅਹੰਗ੍ਰ ਧਿਆਨ ਯੇ ਤੀਨੋਂ ਧਿਆਨ ਨਾਮ ਕੇ ਅਰਥ ਹੈਂ । ਕਨਿਸ਼ਟੋਂ ਕੇ ਵਾਸਤੇ ਸਿਮਰਣ ਯਾਨੇ ਰਸਨਾ ਸੇ ਜਾਪ ਹਿਰਦੇ ਜਪਨੀ ਔਰ ਅਜਪਾ ਜਾਪ ਹੈ। ਯੇ ਪਹਿਲੇ ਤੀਨੋਂ ਜਾਪ ਨਾਮ ਕੇ ਅਰਥ ਹੈਂ। ਅਰ ਇਨੋਂ ਮੇਂ ਹੀ ਨਵਧਾ ਭਗਤੀ ਆ ਜਾਏਗੀ। ਭਗਤੀ ਦੋ ਪ੍ਰਕਾਰ ਕੀ ਹੈ ਏਕ ਪਰਾ ਭਗਤੀ ਦੂਸਰੀ ਅਪਰਾ ਭਗਤੀ । ਪਰਾ ਭਗਤੀ ਯਾਨੇ ਅਨਨਯ ਭਗਤੀ । ਯਾਨੇ ਨਿਰੰਤਰ ਏਕ ਰਸ ਭਗਤੀ ਉਸ ਕਾ ਏਕ ਗਿਆਨੀ ਹੀ ਅਧਿਕਾਰੀ ਹੋ ਸਕਤਾ ਹੈ । ਦੂਸਰਾ ਨਹੀਂ, ਯੇ ਆਗੇ ਕਹੇਂਗੇ ਔਰ ਦੂਸਰੀ ਅਪਰਾ ਭਗਤੀ ਯਾਨੇ ਵਿਰਲ ਭਗਤੀ। ਇਸ ਕਾ ਅਧਿਕਾਰੀ ਜਗਿਆਸੂ, ਅਰਥਾਰਥੀ, ਆਤਰ ਸਭ ਹੈਂ । ਫੇਰ ਉਤਮ, ਮਧਮ, ਕਨਿਸ਼ਟ ਭੇਦ ਸੇ ਅਪਰਾ ਭਗਤੀ ਨਵ ਪ੍ਰਕਾਰ ਕੀ ਹੈ।

ਫੇਰ ਉਤਮ ਮਧਮ ਕਨਿਸ਼ਟ ਅਧਿਕਾਰੀ ਕੇ ਭੇਦ ਸੇ ਸਤਾਈਸ ਪ੍ਰਕਾਰ ਕੀ ਹੋਤੀ ਹੈ ਫੇਰ ਵੋ ਸਤੋ, ਰਜੋ, ਤਮੋਂ ਤੀਨੋਂ ਗੁਣੋਂ ਕੇ ਭੇਦ ਸੇ ਇਕਾਸੀ ਪ੍ਰਕਾਰ ਕੀ ਹੋਤੀ ਹੈ ਵੋ ਨਵਧਾ ਭਗਤੀ ਯਹ ਹੈ।

**ਸ਼ਲੋਕ ॥ ਸ੍ਰਵਣੰ ਕੀਰਤਨੰ ਵਿਸ਼ਣੋ: ਸਿਮਰਣੰ ਪਾਦ ਸੇਵਨੰ ॥ ਪੂਜਨੰ ਵੰਦਨੰ ਦਾਸਜੰ ਸਖਜਮਾਤਮ ਨਿਵੇਦਨੰ ॥**

[ਭਗਤੀ ਕੋਸਤੁਭ

ਅਰਥ-ਭਗਵਾਨ ਕੇ ਨਾਮੋਂ ਕੋ ਹਰ ਵਕਤ ਸੁਨਨਾ ਯੇ ਏਕ ਭਗਤੀ । ਜ਼ਬਾਨ

ਸੇ ਕਹਤੇ ਰਹਨਾ ਦੂਸਰੀ, ਹਿਰਦੇ ਮੇਂ ਯਾਦ ਕਰਨਾ ਯੇ ਤੀਸਰੀ, ਚਰਨ ਦਾਬਤੇ ਰਹਨਾ ਯਾਨੇ ਮੁਠੀ ਚਾਪੀ ਕਰਤੇ ਰਹਨਾ ਯੇ ਚਉਥੀ, ਭਗਵਾਨ ਕਾ ਨਾਨਾ ਸਮਗ੍ਰੀ ਸੇ ਪੂਜਾ ਕਰਨਾ ਏਹ ਪੰਜਵੀਂ ਭਗਵਾਨ ਕੋ ਸਰਬ ਰੂਪ ਜਾਣ ਕਰ ਕੇ ਨਮਸਕਾਰ ਕਰਤੇ ਰਹਨਾ ਯਾ ਮੰਦਰੋਂ ਮੇਂ ਨਮਸਕਾਰ ਕਰਤੇ ਰਹਨਾ ਯੇ ਛੇਵੀਂ, ਦਾਸ ਭਾਵ ਯਾਨੇ ਅਪਨੇ ਕੋ ਦਾਸ ਔਰ ਭਗਵਾਨ ਕੋ ਸੁਆਮੀ ਸਮਝ ਕੇ ਸੇਵਾ ਕਰਨੀ ਯੇ ਸਤਵੀਂ, ਭਗਵਾਨ ਕੋ ਹੀ ਪਿਆਰਾ ਮਿਤ੍ਰ ਸਮਝਨਾ ਯੇ ਅਠਵੀਂ, ਭਗਵਾਨ ਕੋ ਸਰਵਸ ਦੇ ਕਰ ਸ਼ਰਣਾਗਤ ਹੋ ਜਾਨਾ ਯੇ ਨੌਵੀਂ, ਯਹ ਨੌ ਪ੍ਰਕਾਰ ਕੀ ਭਗਤੀ ਸਿਮਰਣ ਭਗਤੀ ਕੇ ਅੰਤਰਗਤ ਹੈ ਯਾਨੇ ਭਗਵਾਨ ਕੇ ਭਗਤ ਭਗਵਾਨ ਕੋ ਯਾਦ ਕਰਤੇ ਰਹਿਤੇ ਹੈਂ ਜਿਸ ਤਰਹ ਕੂੰਜ ਅਪਨੇ ਬੱਚੋਂ ਕੋ ਸੌ ਕੋਸ ਦੂਰ ਜਾਨੇ ਪਰ ਭੀ ਸਿਮਰਣ ਕਰਤੀ ਹੈਂ ਔਰ ਦੂਸਰੀ ਧਿਆਨ ਰੂਪ ਭਗਤੀ ਮੇਂ ਦ੍ਰਿਸ਼ਟਾਂਤ ਕਛੂਏ ਕਾ ਜੈਸੇ ਕਛੂ ਅਪਨੇ ਅੰਡੋਂ ਕੋ ਬਾਹਰ ਰੇਤੇ ਮੇਂ ਰਖ ਆਤਾ ਹੈ ਆਪ ਜਲ ਮੇਂ ਰਹਿਤਾ ਹੈ ਧਿਆਨ ਸੇ ਅਪਨੇ ਬਚੋਂ ਕੋ ਪਾਲਤਾ ਹੈ ਔਰ ਤੀਸਰੀ ਭਗਤੀ ਗਿਆਨ ਮਯ ਹੈ ਉਸ ਮੇਂ ਹੰਸ ਕਾ ਦ੍ਰਿਸ਼ਟਾਂਤ ਦੇਤੇ ਹੈਂ। ਜੈਸੇ ਹੰਸ ਦੁਧ ਜਲ ਕੋ ਜੁਦਾ ਕਰ ਸਕਤਾ ਹੈ ਤੈਸੇ ਗਿਆਨੀ ਆਤਮਾ ਅਨਾਤਮਾ ਕਾ ਵਿਵੇਕ ਕਰ ਕੇ ਅਨਾਤਮਾ ਕੋ ਛੋੜ ਕਰ ਹਰ ਵਕਤ ਆਤਮਾ ਮੇਂ ਲੀਨ ਰਹਿਤਾ ਹੈ :-

**ਗਯਾਨ ਧਯਾਨ ਸਿਮਰਨ ਯੁਕਤ ਕੂੰਜ ਕੂਰਮ ਹੰਸ ਵੰਸ ਵਸੰਦਾ॥ ਕਛਹੁ ਕਛੂ ਧਿਆਨ ਧਰਿ ਲਹਰਿਨ ਵਿਆਪੇ ਘੁੰਮਣ ਵਾਣੀ॥ ਹੰਸਹੁ ਹੰਸਹੁ ਗਿਆਨ ਕਰਿ ਦੁਧਹੁ ਵਿਚਹੁ ਕਢੇ ਪਾਣੀ ॥ ਕੂੰਜਹੁ ਕੂੰਜ ਵਖਾਣੀਐ ਸਿਮਰਣ ਕਰਿ ਉਤ੍ਹਿ ਅਸਮਾਣੀ ॥**

[ਭਾ: ਗੁਰਦਾਸ ਕੀ ਵਾਰ ੧੬ ਪਉੜੀ ੧੩

**ਕਛੂ ਅੰਡਾ ਧਿਆਨ ਧਰਿ ਕਰਿ ਪਰਪਕਵ ਨਦੀ ਵਿਚ ਆਣੇ॥ ਕੂੰਜ ਰਿਦੈ ਸਿਮਰਣ ਕਰੇ ਲੇ ਬਚਾ ਉਡੀ ਅਸਮਾਣੇ ॥ ਗਿਆਨ ਧਿਆਨ ਸਦਾ ਸਤਿਗੁਰ ਸੁਖ ਰਖੇ ਨਿਰਬਾਣੇ॥**

[ਭਾਈ ਗੁਰਦਾਸ

**ਕਛੂ ਬਚਾ ਨਦੀ ਵਿਚ ਗੁਰਸਿਖ ਲਹਰਿ ਨ ਭਉਜਲ ਬਿਆਪੇ॥**

[ਵਾਰ ੧੧ ਪਉੜੀ ੧੨

**ਦ੍ਰਿਸ੍ਟਿ ਦਰਸ ਅਰ ਸ਼ਬਦ ਸੁਰਤਿ ਲਿਵ ਗਿਆਨ ਧਿਆਨ ਸਿਮਰਣ ਅੰਮ੍ਰਿਤ ਵਡਾਈ ਹੈ । ਜੈਸੇ ਕੂੰਜ ਬਛਰਾ ਤਿਆਗ ਦੇਸਾਂਤਰ ਜਾਤ ਸਿਮਰਣ ਚਿਤ ਨਿਰਵਿਘਨ ਰਹਤ ਹੈ॥**

[ਕਬਿਤ ਸਵਯੇ ੧੫

ਕੂੰਜ ਕੀ ਨਿਆਈਂ ਪਰਮਾਤਮਾ ਕੇ ਸਿਮਰਣ ਕਰਨੇ ਮੇਂ ਗੁਰੂ ਜੀ ਅਨੇਕ ਪ੍ਰਮਾਣ ਲਿਖਤੇ ਹੈ:-



**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥ ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ... ॥ ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥**

[ਗਉੜੀ ਸੁਖਮਨੀ ਮ: ੫ ਸਫਾ ੨੬੨

ਐਸੇ ਸਿਮਰਣ ਵਾਲੋਂ ਕੇ ਮਹਾਨ ਫਲ ਕਹ ਕਰ ਜੋ ਸਿਮਰਨ ਨਹੀਂ ਕਰਤੇ ਉਨ ਕੀ ਨਿੰਦਾ ਕਰਤੇ ਹੈਂ:-

**ਬਿਨ ਸਿਮਰਨ ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ ਨਾਮ ਬਿਸਾਰੀ... ॥ ਬਿਨੁ ਸਿਮਰਨੁ ਧ੍ਰਿਗੁ ਕਰਮ ਕਰਾਸ॥ ਕਾਗ ਬਤਨ ਬਿਸਟਾ ਮਹਿ ਵਾਸ... ॥ ਬਿਨੁ ਸਿਮਰਨੁ ਜੈਸੇ ਸੀਙ ਛਤਾਰਾ॥ ਬੋਲਹਿ ਕੂਰੁ ਸਾਕਤ ਮੁਖੁ ਕਾਰਾ॥ ਬਿਨ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥ ਬਿਨ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁਨ ਪਾਇਆ ॥ ਬਿਨ ਸਿਮਰਨ ਹੈ ਆਤਮਘਾਤੀ ॥ ਸਾਕਤ ਨੀਚ ਤਿਸੁ ਕੁਲ ਨਹੀ ਜਾਤੀ ॥**

[ਗਉੜੀ ਗੁਆਰੇਰੀ ਮ: ੫ ਸਫਾ ੨੩੯

**ਬਿਨ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ॥**

[ਮਾਰੂ ਮ: ੫ ਸਫਾ ੧੦੩੦

**ਜਿਨੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥**

[ਸਾਰੰਗ ਵਾਰ ਮ: ੩ ਸਫਾ ੧੨੪੭

**ਜਹਿ ਹਰਿ ਸਿਮਰਣੁ ਭਇਆ ਤਹ ਉਪਾਧਿਗਤੁ ਕੀਨੀ** [ਆਸਾ ਮ: ੪ ਸਫਾ ੬੭੦

**ਸੇ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥**

[ਗਉੜੀ ਥਿਤੀ ਮ: ੫ ਸਫਾ ੩੦੦

ਦੂਖ ਭੂਖ ਨਹ ਵਿਆਪਈ ਜੇ ਸੁਖ ਦਾਤਾ ਮਨਿ ਹੋਇ ॥ ਕਿਤਹੀ ਕੰਮਿ ਨ ਛਿਜੀਐ ਜਾ ਰਿਦੈ ਸਚਾ ਸੋਇ ॥ [ਸ੍ਰੀ ਰਾਗ ਮ: ੫ ਸਫਾ ੪੩

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧ ਸੰਗਤਿ ਮਹਿ ਪਾਇਆ ॥ ਮਾਈ ਖਾਟਿ ਆਇਓ ਘਰਿ ਪੂਤਾ ॥ ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥ ਰਹਾਉ ॥ ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥ ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥ ਹਰਿ ਧਨੁ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ ਹਰਿ ਧਨ ਤੇ ਮੈ ਨਵਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥ ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥ [ਗੂਜਰੀ ਮ: ੫ ਸਫਾ ੪੯੫

ਹਰਿਕੇ ਨਾਮ ਬਿਨਾ ਜਗੁ ਧੰਧਾ ॥ [ਆਸਾ ਮ: ੧ ਸਫਾ ੩੫੮

ਬਿਨ ਹਰਿ ਨਾਮ ਨ ਸੁਧੁ ਹੋਇ ॥ [ਬਸੰਤ ਮ: ੧ ਸਫਾ ੧੧੬੯

ਬਿਨ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥ [ਗੂਜਰੀ ਮ: ੫ ਸਫਾ ੫੦੫

ਬਿਨ ਹਰਿ ਨਾਮ ਨ ਕਾਲ ਟਰੈ ॥ [ਮਾਰੂ ਮ: ੧

ਹਰਿ ਨਾਮ ਬਿਨਾ ਸਭ ਝੂਠ ॥ [ਭੈਰਉ ਮ: ੫

ਹਰਿ ਕੇ ਨਾਮ ਬਿਨਾ ਦੁਖ ਪਾਵੈ ॥ [ਬਿਲਾਵਲ ਮ: ੧ ਸਫਾ ੮੩੦

ਏਕਸੁ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥ [ਸਲੋਕ ਕਬੀਰ ਸਫਾ ੧੩੬੬

ਇਸ ਪ੍ਰਕਾਰ ਨਾਮ ਕਾ ਮਹਾਤਮ ਕਹਿ ਕਰ ਅਬ ਨਵਧਾ ਭਗਤੀ ਕਹੇਂਗੇ ।

॥ ਇਤੀ ਪੂਰਵਾਰਧੰ ॥

# ਅਬ ਨਵਧਾ ਭਗਤੀ

ਭਗਤੋਂ ਕਾ ਦਰਜਾ ਉੱਤਮ ਹੈ ਯਹਿ ਪਹਿਲੇ ਲਿਖਤੇ ਹੈਂ:-

ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥ [ਵਾਰ ਵਡਹੰਸ ਮ: ੩ ਸਫਾ ੫੯੦

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ [ਸਿਰੀ ਰਾਗ ਮ: ੫ ਸਫਾ ੪੬

ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥ ਜਨੁ ਨਾਨਕੁ ਸਰਣਾਗਤੀ ਹਰਿ ਨਾਮ ਤਰਾਇਆ ॥ [ਆਸਾ ਮ: ੪ ਛੰਤ ੪੪੯

ਦੂਤ ਦੁਸਮਨ ਸਭਿ ਤੁਝਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥ ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥ ਧਨਾਸਰੀ ਮ: ੫ ਸਫਾ ੬੮੧

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ ਨਾ ਤੂ ਆਵਹਿ ਵਸਿ ਤੀਰਥ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥ ਨਾ ਤੂੰ ਆਵਹਿ ਵਸਿ ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇਇ ॥ ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾਂ ਕੈ ਵਸਿ ਭਗਤਾ ਤਾਣੁ ਤੇਰਾ ॥ [ਰਾਮਕਲੀ ਵਾਰ ਮ: ੫ ਸਫਾ ੯੬੨

ਚਾਰਿ ਮੁਕਤਿ ਚਾਰੇ ਸਿਧਿ ਮਿਲਿਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥ ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾਂਕੋ ਨਾਮੁ ਪਰਿਓ ॥ ਰਹਾਉ ॥ ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥ ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਣ ਸੰਤਾਪ ਹਿਰਿਓ ॥ ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ ॥ ਨਉਨਿਧਿ ਠਾਕੁਰ ਦਈ ਸੁਦਾਮੈ ਧ੍ਰੂ ਅਟਲੁ ਅਜਹੂ ਨ ਟਰਿਓ ॥ ਭਗਤਿ ਹੇਤਿ ਮਾਰਿਓ ਹਰਨਾਖਸੁ ਨਰੈ ਸਿੰਘ ਰੂਪ ਹੋਇ ਦੇਹ ਧਰਿਓ ॥ ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿਕੇ ਦੁਆਰ ਖਰੋ ॥ [ਮਾਰੂ ਨਾਮਦੇਵ ਸਫਾ ੧੧੦੫

ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥ ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ੧ ॥ ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੇ ਮਸਤਕ ਲਾਵਉ ਕਰਿ ਕ੍ਰਿਪਾ ਦੇਨ ॥ ੧ ॥ ਰਹਾਉ ॥ ਗਨਿਕਾ ਉਧਰੀ ਹਰਿ ਕਹੈ ਤੋਤ ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥ ਬਿਪ੍ਰ ਸੁਦਾਮੇ ਦਾਲਦੁ ਭੰਜ ॥ ਰੇ ਮਨ ਤੂ ਭੀ ਭਜੁ ਗੋਬਿੰਦ ॥ ਬਧਿਕੁ ਉਧਾਰਿਓ ਖਮਿ ਪ੍ਰਹਾਰ ॥ ਕੁਬਿਜਾ ਉਧਰੀ ਅੰਗੁਸਟ ਧਾਰ ॥ ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ ਜਿਨਿ ਜਿਨਿ ਸੇਵਿਆ ਅੰਤ ਬਾਰ ॥ ਰੇ ਮਨ ਸੇਵਿ ਤੂ ਪਰਹਿ ਪਾਰ ॥ ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥ ਤਿਨਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ [ਬਸੰਤ ਮ: ੫ ਸਫਾ ੧੧੯੨

ਇਸ ਸਬਦ ਮੇਂ ਸਾਰੇ ਭਗਤੋਂ ਕੀ ਕਥਾਏਂ ਆਤੀ ਹੈਂ ਵਹੁ ਕਥਾਏਂ ਭਗਤਮਾਲ ਮੇਂ ਪ੍ਰਸਿਧ ਹੈ। ਤਥਾ:-

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥ ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ ਤੀਨਿ



ਲੋਕ ਪ੍ਰਵੇਸ ॥ ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ ॥ ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥ [ਕੇਦਾਰਾ ਰਵਿਦਾਸ ਸਫਾ ੧੧੨੪

ਬ੍ਰਹਮ ਰਾਮ ਤੇ ਨਾਮ ਬੜ ਵਰਦਾਯਕ ਵਰ ਦਾਨਿ ॥ ਰਾਮ ਚਰਿਤਸਤ ਕੋਟਿ ਮਹ ਲਿਯ ਮਹੇਸ ਜਿਅ ਜਾਨਿ ॥ ਨਾਮ ਪ੍ਰਭਾਵ ਸੰਭੂ ਅਬਿਨਾਸ਼ੀ ਸਾਜ ਅਮੰਗਲ ਮੰਗਲ ਰਾਸ਼ੀ ॥ ਸੁਕ ਸਨਕਾਦਿ ਸਿਧ ਮੁਨਿ ਜੋਗੀ ॥ ਨਾਮ ਪ੍ਰਸਾਦ ਬ੍ਰਹਮ ਸੁਖ ਭੋਗੀ ॥ ਨਾਰਦ ਜਾਨਿਓ ਨਾਮ ਪ੍ਰਤਾਪੂ ॥ ਜਗ ਪ੍ਰਿਯ ਹਰਿ ਹਰਿ ਹਰ ਪ੍ਰਿਯ ਆਪੂ ॥ ਨਾਮ ਜਪਤ ਪ੍ਰਭੁਕੀਨ ਪ੍ਰਸਾਦੂ ॥ ਭਗਤ ਸ਼ਿਰੋਮਣੁ ਭਯੇ ਪ੍ਰਹਲਾਦੂ ॥ ਧ੍ਰਵ ਸਗਲਾਨਿ ਜਪਿਓ ਹਰਿ ਨਾਮੂ ॥ ਪਾਯਉ ਅਚਲ ਅਨੂਪਮ ਠਾਮੂ ॥ ਸੁਮਿਰਿ ਪਵਨ ਸੁਤ ਪਾਵਨ ਨਾਮੂ ॥ ਅਪਨੇ ਵਸ ਕਰ ਰਾਖਿਓ ਰਾਮੂ ॥ ਅਪਰ ਅਜਾਮਲ ਗਜ ਗਨਿਕਾਊ ॥ ਭਏ ਮੁਕੁਤ ਹਰਿ ਨਾਮ ਪ੍ਰਭਾਊ ॥ ਕਹੌਂ ਕਹਾਂ ਲਗਿ ਨਾਮ ਬਡਾਈ ॥ ਰਾਮ ਨ ਸਕਹਿ ਨਾਮ ਗੁਨ ਗਾਈ ॥ [ਤੁਲਸੀ ਰਾਮਾਯਣ

ਇਸ ਪ੍ਰਕਾਰ ਨਾਮ ਕਾ ਮਹਾਤਮ ਅਰ ਭਗਤੋਂ ਕੀ ਕਥਾ ਅਨੰਤ ਹੈਂ ਪਰੰਤੂ ਕੁਛਕ ਦ੍ਰਿਸ਼ਟਾਂਤ ਈਹਾਂ ਭੀ ਲਿਖਤੇ ਹੈਂ । ਨਾਮ ਕਾ ਪਹਿਲਾ ਅਰਥ ਕੂੰਜ ਕੀ ਨਿਆਈਂ ਸਿਮਰਣ ਰੂਪ ਹੈ । ਸੋ ਨਾਮ ਕਾ ਪਹਿਲਾ ਅਰਥ ਨਵਧਾ ਭਗਤੀ ਰੂਪ ਹੈ ਪਹਿਲੀ ਸਰਵਣ ਭਗਤੀ । ਇਹ ਸਰਵਣ ਭਗਤੀ ਅਨੇਕੋਂ ਨੇ ਕਰੀ ਹੈ। ਜੈਸੇ ਸ੍ਰੀ ਰਾਮ ਚਰਿਤ ਮਾਨ ਸਰੋਵਰ ਕੇ ਚਾਰ ਘਾਟ ਸ੍ਰੋਤੋਂ ਕੇ ਬਣਾਏ ਹਨ ਜੈਸੇ ਪੂਰਵ ਦਿਸ਼ਾ ਕਾ ਰਾਜ ਘਾਟ ਹੈ ਜਿਸਕੋ ਗਿਆਨ ਕਾਂਡ ਘਾਟ ਭੀ ਕਹਿਤੇ ਹੈਂ । ਈਹਾਂ ਪਾਰਬਤੀ ਜੀ ਨੇ ਮਹਾਦੇਵ ਜੀ ਸੇ ਕਥਾ ਸਰਵਣ ਕਰੀ ਹੈ। ਇਸ ਵਾਸਤੇ ਇਸ ਘਾਟ ਕਾ ਨਾਮ ਰਾਜ ਘਾਟ ਪੜਾ ਹੈ।

ਦੂਸਰਾ ਮਾਨ ਸਰੋਵਰ ਕੀ ਉਤਰ ਦਿਸ਼ਾ ਕਾ ਪਨ ਘਾਟ ਯਾਨੇ ਉਪਾਸਨਾ ਕਾਂਡ ਘਾਟ ਹੈ । ਇਸ ਮੇਂ ਕਾਕ ਭੁਸੁੰਡੀ ਔਰ ਗਰੁੜ ਜੀ ਕਾ ਸੰਬਾਦ ਹੈ। ਤੀਸਰਾ ਪਛਮ ਦਿਸ਼ਾ ਕਾ ਗਊ ਘਾਟ ਹੈ ਇਸ ਕੋ ਦੈਨਯ ਘਾਟ ਭੀ ਕਹਿਤੇ ਹੈਂ। ਇਸ ਮੇਂ ਤੁਲਸੀ ਦਾਸ ਕਾ ਸੰਤੋਂ ਸੇ ਸੰਬਾਦ ਹੈ। ਚਉਥਾ ਦਖਨ ਦਿਸ਼ਾ ਪੰਚਾਯਤੀ ਘਾਟ ਹੈ ਜਿਸ ਕੋ ਕਰਮ ਕਾਂਡ ਘਾਟ ਭੀ ਕਹਤੇ ਹੈਂ । ਇਸ ਮੇਂ ਸ੍ਰੀ ਯਾਗਵਲਕਯ ਔਰ ਭਾਰਦੁਆਜ ਕਾ ਸੰਵਾਦ ਹੈ। ਇਸ ਪ੍ਰਕਾਰ ਮਾਨ ਸਰੋਵਰ ਕੇ ਚਾਰ ਘਾਟ ਸ਼ਰੋਤਾ ਵਕਤਾ ਕੇ ਸੰਵਾਦ ਰੂਪ ਤੁਲਸੀ ਰਾਮਾਯਣ ਮੇਂ ਲਿਖੇ ਹੈਂ । ਯਾਨੇ ਪਹਿਲੀ ਸ੍ਰਵਣ ਭਗਤੀ ਪਾਰਵਤੀ ਨੇ ਕਰੀ ਹੈ । ਜੈਸੇ ਲਿਖਾ ਹੈ:-

**ਸ਼ੰਭੂ ਕੀਨ ਯਹ ਚਰਿਤ ਸੁਹਾਵਾ ॥ ਬਹੁਰ ਕ੍ਰਿਪਾ ਕਰਿ ਉਮਹਿ ਸੁਨਾਵਾ ॥**

ਜਬ ਪਾਰਵਤੀ ਨੇ ਮਹਾਦੇਵ ਸੇ ਪ੍ਰਾਰਥਨਾ ਕਰੀ । ਮੇਰੇ ਕੋ ਰਾਮ ਤਤ੍ਵ ਸੁਨਾਓ । ਪ੍ਰਮਾਣ :-

**ਕਹੋ ਪੁਨੀਤ ਰਾਮ ਗੁਨ ਗਾਥਾ ॥ ਭੁਜੰਗ ਰਾਜ ਭੂਖਣ ਸੁਰ ਨਾਥਾ ॥**
**ਯਦਪਿ ਯੋਸ਼ਿਤਾ ਅਨ ਅਧਿਕਾਰੀ ॥ ਦਾਸੀ ਮਨ ਕ੍ਰਮ ਵਚਨ ਤੁਮਾਰੀ ॥**
**ਗੂੜਉ ਤਤ੍ਵ ਨ ਸਾਧੁ ਦੁਰਾਵਹਿ ॥ ਆਰਤ ਅਧਿਕਾਰੀ ਜਹ ਪਾਵਹਿ ॥**
**ਅਤਿ ਆਰਤਿ ਪੂਛੋ ਸੁਰ ਰਾਯਾ ॥ ਰਘੁਪਤਿ ਕਥਾ ਕਹਹੁ ਕਰਿ ਦਾਯਾ ॥**
**ਪ੍ਰਥਮ ਸੋ ਕਾਰਣ ਕਹਹੁ ਬਿਚਾਰੀ ॥ ਨਿਰਗੁਣ ਬ੍ਰਹਮ ਸਗੁਣ ਬ੍ਰਪੁਧਾਰੀ ॥**
**ਪੁਨਿ ਪ੍ਰਭੁ ਕਹਹੁ ਰਾਮ ਅਵਤਾਰਾ ॥ ਬਾਲ ਚਰਿਤ ਪੁਨਿ ਕਹਹੁ ਉਦਾਰਾ ॥**
**ਕਹਹੁ ਕਥਾ ਜਾਨਕੀ ਵਿਵਾਹਾ ॥ ਰਾਜ ਤਜਾ ਸੋ ਦੂਸ਼ਣ ਕਾਹਾ ॥**
**ਬਨਬਸ ਕੀਨਯੋ ਚਰਿਤ ਅਪਾਰਾ ॥ ਕਹੋ ਨਾਥ ਜਿਮ ਰਾਵਣ ਮਾਰਾ ॥**
**ਰਾਜ ਬੈਠ ਕੀਨੀ ਬਹੁ ਲੀਲਾ ॥ ਸਕਲ ਕਹਹੁ ਸੰਕਰ ਸੁਖ ਸ਼ੀਲਾ ॥**

ਪਾਰਬਤੀ ਕਾ ਪ੍ਰਸ਼ਨ ਸੁਨ ਕਰ ਸ਼ਿਵ ਜੀ ਬੜੇ ਪ੍ਰਸੰਨ ਹੋਏ ਔਰ ਕਹਿਨੇ ਲਗੇ:-

**ਧੰਨਯ ਧੰਨਯ ਗਿਰਿ ਰਾਜ ਕੁਮਾਰੀ ॥ ਤੁਮ ਸਮਾਨ ਨਹਿ ਕੋਊ ਉਪਕਾਰੀ ॥**
**ਪੂਛਿਉ ਰਘੁਪਤਿ ਕਥਾ ਪ੍ਰਸੰਗਾ ॥ ਸਕਲ ਲੋਕ ਜਸ ਪਾਵਨਿ ਗੰਗਾ ॥**
**ਤੁਮ ਰਘੁਬੀਰ ਚਰਨ ਅਨੁਰਾਗੀ ॥ ਕੀਨੋ ਪ੍ਰਸ਼ਨ ਜਗਤ ਹਿਤ ਲਾਗੀ ॥**

[ਬਾਲ ਕਾਂਡ ਤੁਲਸੀ ਰਾਮਾਯਣ

ਇਸ ਪ੍ਰਕਾਰ ਪਹਿਲੇ ਪਾਰਬਤੀ ਜੀ ਸ਼ਰੋਤਾ ਹੂਈ ਜਹਾਂ ਸੇ ਰਾਮਾਯਣ ਚਲਾ। ਦੂਸਰੇ ਵਾਰੀ ਅਮਰ ਕਥਾ ਮਹਾਦੇਵ ਨੇ ਪਾਰਵਤੀ ਜੀ ਕੋ ਸੁਨਾਈ ਪਾਰਵਤੀ ਜੀ ਕੋ ਕੁਛ ਊਂਘ ਆਈ ਅਰ ਤੋਤਾ ਸੁਨਤਾ ਰਹਾ ਵਹੁ ਸੁਕਦੇਵ ਸੁਆਮੀ ਹੂਏ । ਜੋ ਸੰਨਿਆਸੀਓਂ ਕਾ ਮੁਖ ਆਚਾਰਯ ਔਰ ਪਰਮ ਵਿਰਕਤ ਹੂਏ ਜਿਨੋਂ ਸੇ ਰਾਜਾ ਪਰੀਖਜਤ ਸਾਤ ਦਿਨ ਮੇਂ ਸ੍ਰੀ ਮਦ ਭਾਗਵਤ ਸੁਣ ਕਰ ਮੁਕਤ ਹੋ ਗਯਾ । ਯਹ ਸਭ ਪਾਰਬਤੀ ਜੀ ਕਾ ਉਪਕਾਰ ਹੈ । ਔਰ ਤੀਸਰੇ ਵਾਰੀ ਸਮੁੰਦਰ ਕੇ ਤੀਰੇ ਪਰ ਪਾਰਵਤੀ ਜੀ ਨੇ ਮਹਾਦੇਵ ਜ਼ੀ ਸੇ ਯੋਗ ਅਭਿਆਸ ਕੇ ਬਾਰੇ ਮੇਂ ਪੂਛਾ ਥਾ ਤੋ ਮਹਾਦੇਵ ਜੀ ਨੇ ਪਾਰਬਤੀ ਜੀ ਕੋ ਯੋਗ ਅਭਿਆਸ ਕੀ ਅਨੇਕ ਅਨੇਕ ਰੀਤੀਆਂ ਸੁਨਾਈਆਂ। ਸੁਨਤੇ ਸੁਨਤੇ ਪਾਰਬਤੀ ਕੋ ਨੀਂਦ ਆ ਗਈ ਔਰ ਏਕ ਮਛ ਸੁਨਤਾ ਰਹਾ। ਪਾਰਬਤੀ ਜੀ ਉਸ ਮਛ ਪਰ ਬੜੀ ਪ੍ਰਸੰਨ ਹੂਈ ਔਰ ਮਹਾਦੇਵ ਜੀ ਕੋ ਪ੍ਰਾਰਥਨਾ ਕਰੀ ਕਿ ਇਸ ਕੋ ਮਨੁਸ਼ਯ ਬਣਾ ਕਰ ਕੋਈ ਪਦਵੀ ਦੇਵੋ ਤਬ ਸ਼ਿਵ ਜੀ ਨੇ ਪ੍ਰਸੰਨ ਹੋ ਕਰ ਉਸ ਮਛ ਕੋ ਨਾਥੋਂ ਕਾ ਆਚਾਰਯ ਮਛੰਦ੍ਰ ਨਾਥ ਬਣਾਯਾ । ਜੋ ਗੋਰਖ ਨਾਥ ਆਦਿ ਚੋਰਾਸੀ ਸਿਧੋਂ ਕੇ ਗੁਰੂ ਹੂਏ ਯਹ ਭੀ ਪਾਰਬਤੀ ਜੀ ਕਾ ਉਪਕਾਰ ਹੈ। ਇਸ



ਪ੍ਰਕਾਰ ਪਹਿਲੀ ਸ਼ਰੋਤਾ ਪਾਰਬਤੀ ਹੂਈ ।

ਫਿਰ ਮਹਾਦੇਵ ਸੇ ਰਾਮ ਚਰਿਤ ਕਾਕ ਭਸੁੰਡੀ ਜੀ ਨੇ ਸੁਨਾ :-

**ਸੋ ਸ਼ਿਵ ਕਾਕ ਭੁਸ਼ੰਡਹਿ ਦੀਨਾ ॥ ਰਾਮ ਭਗਤ ਅਧਿਕਾਰੀ ਚੀਨਾ ॥**

ਸ੍ਰੀ ਗਰੁੜ ਜੀ ਕਾਕ ਭੁਸੁੰਡੀ ਜੀ ਕੋ ਕਹਨੇ ਲਗੇ ਗਰੁੜੋ ਵਾਚ :-

**ਅਬ ਸ੍ਰੀ ਰਾਮ ਕਥਾ ਅਤਿ ਪਾਵਨਿ ॥ ਸਦਾ ਸੁਖਦ ਦੁਖ ਪੁੰਜ ਨਸਾਵਨਿ ॥**
**ਸਾਦਰ ਤਾਤ ਸੁਨਾਵਹੁ ਮੋਹੀ ॥ ਬਾਰ ਬਾਰ ਬਿਨਉ ਪ੍ਰਭੁ ਤੋਹੀ ॥**
**ਸੁਨਤ ਗਰੁੜ ਕੀ ਗਿਰਾ ਬਿਨੀਤਾ ॥ ਸਰਲਸ ਪ੍ਰੇਮ ਸੁਖਦ ਸੁ ਪੁਨੀਤਾ ॥**
**ਭਇਓ ਤਾਤ ਮਨ ਪਰਮ ਉਛਾਹਾ ॥ ਕਹੇ ਲਾਗ ਰਘੁਪਤਿ ਗੁਣਗਾਹਾ ॥**
**ਪ੍ਰਥਮਹਿ ਅਤਿ ਅਨੁਰਾਗ ਭਵਾਨੀ ॥ ਰਾਮ ਚਰਿਤ ਸਭ ਕਹ ਸੁ ਬਖਾਨੀ ॥**

[ਰਾਮਾਇਣ ਉਤਰ ਕਾਂਡ

ਇਸ ਪ੍ਰਕਾਰ ਸ਼ਿਵ ਜੀ ਸੇ ਸੁਨ ਕਰ ਭਸੁੰਡੀ ਨੇ ਸ੍ਰੀ ਗਰੁੜ ਜੀ ਕੋ ਸੁਣਾਯਾ ਫੇਰ ਕਾਕ ਭੁਸੁੰਡੀ ਜੀ ਨੇ ਵੋਹੀ ਰਾਮ ਚਰਿਤ ਮਾਨਸ ਯਾਗਵਲਕਯ ਕੋ ਸੁਨਾਯਾ ਤਬ ਯਾਗਵਲਕਯ ਨੇ ਭਾਰਦੁਆਜ ਕੋ ਸੁਨਾਯਾ ।

**ਤੇਹਿ ਸਨ ਯਾਗਯਵਲਕ ਮੁਨਿ ਪਾਵਾ ॥ ਤਿਨਪੁਨਿ ਭਾਰਦ੍ਵਾਜ ਪ੍ਰਤਿਗਾਵਾ ॥**

ਔਰ ਜੋ ਕਥਾ ਯਾਗਵਲਕਯ ਨੇ ਭਾਰਦੁਆਜ ਕੋ ਸੁਨਾਈ ਥੀ ਸੋਈ ਕਥਾ ਤੁਲਸੀ ਦਾਸ ਜੀ ਸਭ ਸੰਤੋਂ ਕੋ ਸੁਨਾ ਰਹੇ ਹੈਂ । ਪ੍ਰਮਾਣ:-

**ਯਾਗਵਲਕਯ ਜੋ ਕਥਾ ਸੁਹਾਈ ॥ ਭਾਰ ਦੁਆਜ ਮੁਨਿਵਰਹਿ ਸੁਨਾਈ ॥**
**ਕਹਹੁ ਸੋਇ ਸੰਵਾਦ ਬਖਾਨੀ ॥ ਸੁਨਹੁ ਸਕਲ ਸਜਨ ਸੁਖ ਮਾਨੀ ॥**

[ਤੁਲਸੀ ਰਾਮਾਇਣ

ਇਸ ਪ੍ਰਕਾਰ ਚਾਰ ਸੰਵਾਦ ਰੂਪ ਚਾਰ ਘਾਟ ਹੈਂ । ਪਹਿਲੇ ਸ਼ਿਵ ਪਾਰਬਤੀ ਸੰਬਾਦ, ਦੂਸਰਾ ਕਾਕ ਭਸੁੰਡੀ ਅਰ ਗਰੁੜ ਸੰਬਾਦ, ਤੀਸਰਾ ਯਾਗਵਲਕ ਭਾਰਦੁਆਜ ਸ਼ੰਬਾਦ, ਚੋਥਾ ਤੁਲਸੀ ਔਰ ਸੰਤ ਸੰਬਾਦ, ਯੇ ਮੁਖ ਚਾਰ ਸ਼ਰੋਤਾ ਲਿਖੇ ਹੈਂ ਇਸੀ ਪ੍ਰਕਾਰ ਬਿਭੀਖਣ ਜੀ ਭੀ ਰਾਮ ਚੰਦ੍ਰ ਜੀ ਕੇ ਗੁਣ ਸਰਵਣ ਕਰਕੇ ਸ਼ਰਣ ਕੋ ਪ੍ਰਾਪਤ ਹੂਏ ਅਰ ਰਾਮਚੰਦ੍ਰ ਜੀ ਨੇ ਉਸ ਮੇਂ ਅਉਗਣ ਹੋਣੇ ਪਰ ਭੀ ਕੋਈ ਅਉਗਣ ਨ ਦੇਖਾ। ਜੈਸਾ ਲਿਖਾ ਹੈ :-

**ਜਹਿ ਅਘ ਬਧਿਓ ਬਿਆਧ ਜਿਮ ਬਾਲੀ । ਫਿਰ *ਸੁਕੰਠ ਸੋਈ ਕੀਨ੍ਹ ਕੁਚਾਲੀ । ਸੋਈ ਕਰਤੂਤ ਬਿਭੀਖਣ ਕੇਰੀ । ਸੁਪਨੇ ਹੂੰ ਸੋ ਨ ਰਾਮਹੀਯੇ ਹੇਰੀ ।**

*ਸੁਗ੍ਰੀਵ ।

ਯਹ ਗੁਣ ਸਰਵਣ ਕਰ ਭਬੀਖਣ ਜੀ ਭਗਤ ਹੂਏ ਅਰ ਇਸੀ ਤਰਹ ਧੰਨਾ ਜੱਟ ਸਰਵਣ ਕਰਤੇ ਹੀ ਭਗਤ ਹੂਆ।

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥ ਬੁਨਨਾ ਤਨਨਾ ਤਿਆਗ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥ ਸੈਨੁ ਨਾਈ ਬੁਤਕਾਰੀਆ ਓਹ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾਂ ਮਹਿ ਗਨਿਆ ॥ ਇਹ ਬਿਧਿ ਸੁਨਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥**

[ਆਸਾ ਬਾਣੀ ਭਗਤ ਧੰਨਾ ਸਫਾ ੪੮੭

ਅਰਥ–ਧੰਨੇ ਜੱਟ ਨੇ ਸੁਨਾ ਥਾ ਕਿ ਹਮਾਰੇ ਸੇ ਨੀਚ ਕੁਲ ਵਾਲੇ ਦੋ ਦੋ ਕੌਡੀ ਵਾਲੇ ਆਦਮੀ ਹਰੀ ਭਗਤੀ ਕੇ ਪ੍ਰਭਾਵ ਸੇ ਲਾਖੋਂ ਕੋ ਹੋ ਗਏ । ਜੈਸੇ ਨਾਮਦੇਵ ਕਾ ਪ੍ਰਸੰਗ ਧੰਨੇ ਨੇ ਸੁਨਾ ਥਾ ਕਿ ਛੀਂਬਾ ਜਾਤੀ ਕਾ ਨਾਮਦੇਵ ਪੰਡੁਰਪੁਰ ਸ਼ਹਿਰ ਕਾ ਰਹਿਨੇ ਵਾਲਾ ਥਾ ਉਸ ਕੋ ਬਾਲਕ ਅਵਸਥਾ ਮੇਂ ਹੀ ਪਰਮਾਤਮਾ ਕਾ ਦਰਸ਼ਨ ਹੂਆ ਔਰ ਦੋ ਕੌਡੀ ਕਾ ਛੀਂਬਾ ਲਾਖੋਂ ਕਾ ਬਣ ਗਯਾ। ਏਕ ਦਿਨ ਯਹ ਕਥਾ ਸੁਨੀ ਕਿ ਨਾਮਦੇਵ ਕਾ ਨਾਨਾ ਜਿਸਕਾ ਨਾਮ ਗਿਆਨ ਦੇਵ ਥਾ ਤਥਾ ਵਾਮਦੇਵ ਭੀ ਕਹਿਤ ਹੈਂ ਉਸਨੇ ਠਾਕੁਰ ਰਖੇ ਥੇ । ਰੋਜ ਪੂਜਨ ਕਰਕੇ ਭੋਗ ਲਗਾਤਾ ਥਾ । ਏਕ ਦਿਨ ਕਿਸੀ ਕਾਮ ਕੇ ਲੀਏ ਦੂਰ ਜਾਨਾ ਪੜਾ ਔਰ ਨਾਮਦੇਵ ਕੋ ਬੁਲਾ ਕੇ ਕਹਾ ਦੋ ਦਿਨ ਤੁਮ ਨੇ ਠਾਕੁਰ ਕਾ ਪੂਜਨ ਕਰਨਾ ਭੋਗ ਲਗਾਨਾ । ਕਪਿਲਾ ਗਊ ਕਾ ਦੂਧ ਪਿਲਾਨਾ ਮੈਂ ਭੀ ਦੋ ਦਿਨ ਮੇਂ ਵਾਪਸ ਆ ਜਾਊਂਗਾ। ਨਾਮਦੇਵ ਨੇ ਕਹਾ ਮੈਂ ਪ੍ਰੇਮ ਸੇ ਸੇਵਾ ਕਰੂੰਗਾ ਤਬ ਨਾਨਾ ਉਸ ਕਾ ਬਾਹਰ ਚਲਾ ਗਯਾ ਅਰ ਨਾਮਦੇਵ ਕਪਿਲਾ ਗਊ ਦੁਹ ਕੇ ਦੂਧ ਲੇ ਆਯਾ ਔਰ ਪ੍ਰਾਰਥਨਾ ਕਰਨੇ ਲਗਾ:–

**ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਓ ਮੇਰੇ ਮਨੁ ਪਤੀਆਇ ॥ ਨਾਹੀ ਤ ਘਰ ਕੋ ਬਾਪੁ ਰਿਸਾਇ ॥**

[ਭੈਰਉ ਨਾਮਦੇਵ ਜੀ ਸਫਾ ੧੧੬੩

ਦੂਧ ਦੁਹ ਕਰ ਗਰਮ ਕਰ ਅਛੀ ਤਰਹ ਬਣਾ ਕਰ ਭਗਵਾਨ ਕੇ ਆਗੇ ਰਖ ਕਰ ਪ੍ਰਾਰਥਨਾ ਕਰਤਾ ਹੈ ਪਰੰਤੂ ਭਗਵਾਨ ਨੇ ਨਾ ਪੀਆ ਕਿਉਂਕਿ ਆਗੇ ਭੀ ਨਹੀਂ ਪੀਤੇ ਸੀ ਪਰ ਇਸ ਬਾਤ ਕਾ ਨਾਮੇ ਕੋ ਪਤਾ ਨਹੀਂ ਥਾ । ਤਬ ਨਾਮਾ ਬਹੁਤ ਰੋਨੇ ਲਗਾ ਕਹਿਨੇ ਲਗਾ ਦੂਧ ਕਿਉਂ ਨਹੀਂ ਪੀਤੇ ਮੇਰੇ ਮੇਂ ਕਿਆ ਅਉਗੁਣ ਹੈ ਦਸੋ ? ਨਹੀਂ ਤੋ ਮੇਰਾ



ਨਾਨਾ ਮੇਰੇ ਤੇ ਨਰਾਜ ਹੋਗਾ ਮਾਰੇਗਾ ਦਸੋ ਕਿਉਂ ਨਹੀਂ ਪੀਤੇ ? ਐਸੇ ਪਰੇਮ ਮੇਂ ਆ ਕਰ ਅਨੰਤ ਵਾਰ ਕਹਾ, ਪਰੰਤੂ ਭਗਵਾਨ ਨ ਕੁਛ ਬੋਲੇਂ ਨ ਪੀਏਂ, ਤਬ ਬਾਰ ਬਾਰ ਪ੍ਰਾਰਥਨਾ ਕਰਨੇ ਲਗਾ, ਬੋਲੋ ਤੋ ਸਹੀ ਬੋਲੋ ਤੋ ਸਹੀ, ਜਬ ਫੇਰ ਭਗਵਾਨ ਨ ਬੋਲੇ ਤੋ ਸਾਰਾ ਦਿਨ ਨਾਮਾ ਭੀ ਭੂਖਾ ਹੀ ਰਹਾ ਰੋਨੇ ਲਗਾ । ਤੋ ਸਾਰਾ ਦਿਨ ਠਾਕੁਰ ਭੂਖੇ ਰਹੇ ਇਸ ਪ੍ਰਕਾਰ ਰੋਵੇ ਬਿਨਤੀਆਂ ਕਰੇ । ਫਿਰ ਖਿਆਲ ਹੂਆ ਮੈਂ ਇਸ਼ਨਾਨ ਨਹੀਂ ਕਰਾ, ਬਰਤਣ ਮਾਂਜੇ ਨਹੀਂ ਇਸ ਵਾਸਤੇ ਠਾਕੁਰ ਤੇਰਾ ਦੋਸ ਨਹੀਂ, ਮੇਰਾ ਦੋਸ਼ ਹੈ ਦੂਸਰੇ ਦਿਨ ਇਸ਼ਨਾਨ ਕਰਕੇ ਖੂਬ ਬਰਤਣ ਮਾਂਜੇ ਸੋਨੇ ਕੀ ਨਿਆਈਂ ਸੁਧ ਕਰਕੇ ਦੂਧ ਦੁਹ ਕਰ ਗਰਮ ਕਰ ਮਿਠਾ ਪਾ ਕਰਕੇ ਲੈ ਆਇਆ ਔਰ ਕਹਾ ਕਲ ਕੇ ਭੂਖੇ ਹੋ ਅਜ ਤੋ ਪੀਓ।

**ਸੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੇ ਹਰਿ ਆਗੈ ਧਰੀ ॥**

[ਭੈਰਉ ਨਾਮਦੇਵ ਸਫਾ ੧੧੬੩

ਜਬ ਫੇਰ ਭੀ ਭਗਵਾਨ ਨੇ ਦੂਧ ਨ ਪੀਆ ਤਬ ਨਾਮਾ ਜਿਆਦਾ ਰੋਨੇ ਲਗਾ ਲੋਕੋਂ ਨੇ ਬਹੁਤ ਕਹਾ ਸਮਝਾਯਾ ਠਾਕੁਰ ਦੂਧ ਪੀਤੇ ਨਹੀਂ ਹੈਂ ਸਭ ਪੁਜਾਰੀ ਲੋਗ ਅਗੇ ਰਖ ਕਰ ਪੜਦਾ ਕਰ, ਫੇਰ ਉਠਾ ਲੇਤੇ ਹੈਂ ਠਾਕੁਰ ਕੋ ਦ੍ਰਿਸ਼ਟੀ ਭੋਗ ਲਗਤਾ ਹੈ। ਠਾਕੁਰ ਕੋ ਦੂਧ ਦਿਖਾ ਕੇ ਤੂੰ ਪੀਲੇ, ਤੇਰਾ ਨਾਨਾ ਭੀ ਐਸੇ ਹੀ ਕਰਤਾ ਹੈ। ਇਸ ਪ੍ਰਕਾਰ ਅਨੇਕੋਂ ਨੇ ਨਾਮੇ ਕੋ ਹਟਾਯਾ ਭੀ, ਪਰੰਤੂ ਨਾਮੇ ਨੇ ਕਹਾ ਅਬ ਮੇਰੀ ਪਹਿਲੇ ਵਾਰ ਦੂਧ ਪਿਲਾਨੇ ਕੀ ਸੇਵਾ ਹੈ, ਅਬ ਨ ਪਿਲਾਯਾ ਤੋ ਫਿਰ ਕਬ ਪਿਲਾਊਂਗਾ ? ਅਬ ਤੋ ਮੇਰਾ ਪ੍ਰਣ ਹੈ । ਠਾਕੁਰ ਦੂਧ ਪੀਏਂਗੇ ਤੋ ਪੀਊਂਗਾ, ਨਹੀਂ ਮਰ ਜਾਊਂਗਾ : ਠਾਕੁਰ ਸੱਚੀ ਪ੍ਰੀਤਿ ਦੇਖ ਹਸਨੇ ਲਗੇ।

**ਏਕੁ ਭਗਤੁ ਮੇਰੇ ਹਿਰਦੈ ਬਸੈ ॥ ਨਾਮੇ ਦੇਖਿ ਨਾਰਾਇਨ ਹਸੈ ॥**

[ਭੈਰਉ ਨਾਮਦੇਵ ਸਫਾ ੧੧੬੩

ਤਬ ਭਗਵਾਨ ਕੋ ਹਸਤੇ ਦੇਖ ਭਗਵਾਨ ਕੇ ਚਰਨੋਂ ਮੇਂ ਲਿਪਟ ਗਯਾ ਔਰ ਪਰੇਮ ਮੇਂ ਰੋਨੇ ਲਗਾ ਕਿਉਂਕਿ:–

**ਸ਼ਿਸ਼ੁ ਬਲ ਰੋਵਨ ਰੂਠ, ਸੋ ਪ੍ਰੇਮ ਮੇਂ ਆਕੇ ਰੋਨੇ ਲਗਾ।**

ਭਗਵਾਨ ਨੇ ਉਸਕੋ ਉਠਾ ਕੇ ਗੋਦ ਮੇਂ ਬਿਠਾਯਾ, ਔਰ ਦੂਧ ਪੀਆ ਔਰ ਨਾਮੇ ਕੋ ਪਿਲਾਯਾ

**ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿਕਾ ਦਰਸਨੁ ਭਇਆ ॥**

[ਭੈਰਉ ਨਾਮਦੇਵ ਸਫਾ ੧੧੬੪

ਨਾਮੇ ਕਾ ਪਰੇਮ ਪਰਮੇਸ਼ਵਰ ਮੇਂ ਬਹੁਤ ਵਧ ਗਯਾ, ਸਭ ਕਾਮ ਛੋਡ ਕਰ ਪਰਮੇਸੁਰ ਸੇ ਪਰੇਮ ਕਰਨੇ ਲਗਾ, ਲੋਕੋਂ ਨੇ ਬਹੁਤ ਕਹਾ ਯੇ ਸਾਧਨ ਕਰ ਯੇ ਸਾਧਨ ਕਰ, ਪਰੰਤੂ ਨਾਮਦੇਵ ਨੇ ਨਾਮ ਹੀ ਸ੍ਰੇਸ਼ਟ ਸਾਧਨ ਹੈ ਯਹ ਕਹਾ। ਪ੍ਰਮਾਣ:–

**ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ, ਅਗਨਿ ਦਹੈ ਕਾਇਆ ਕਲਪੁ ਕੀਜੈ ॥ ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ, ਰਾਮ ਨਾਮ**

ਸਰਿ ਤਉ ਨ ਪੁਜੈ॥ ਛੋਡਿ ਛੋਡਿ ਰੇ ਪਾਖੰਡੀ ਮਨ ਕਪੁਟ ਨ ਕੀਜੈ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥ ਗੰਗਾ ਜਉ
ਗੋਦਾਵਰਿ ਜਾਈਐ ॥ ਕੁੰਭਿ ਜਉ ਕੇਦਾਰ ਨ੍ਹਾਈਐ ॥ ਗੋਮਤੀ ਸਹਸ ਗਊ
ਦਾਨੁ ਕੀਜੈ॥ ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ
ਨਾਮ ਸਰਿ ਤਊ ਨ ਪੂਜੈ॥ ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ
ਦਾਨ, ਐਸੋ ਦਾਨੁ ਨਿਤ ਨਿਤਹਿ ਕੀਜੈ ॥ ਆਤਮ ਜਉ ਨਿਰਮਾਇਲੁ
ਕੀਜੈ, ਆਪ ਬਰਾਬਰਿ ਕੰਚਨੁ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ॥
ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ
ਚੀਨਿ੍ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚਦੁ ਪ੍ਰਣਵੈ
ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥ [ਰਾਮਕਲੀ ਨਾਮਦੇਵ ਸਫਾ ੯੭੩

ਨਾਮਦੇਵ ਕੋ ਇਕ ਵਾਰ ਫਰ ਦਰਸ਼ਨ ਹੂਆ ਯਹ ਕਥਾ ਭੀ ਧੰਨੇ ਨੇ ਸੁਣੀ, ਉਸ
ਵਕਤ ਕਾ ਏਕ ਸੁਲੇਮਸ਼ਾਹ ਬਾਦਸ਼ਾਹ ਥਾ । ਉਸ ਕੀ ਕਪਿਲਾ ਗਊ ਮਰ ਗਈ
ਕਾਜੀਓਂ ਨੇ ਈਰਖਾ ਕਰਕੇ ਕਹਾ, ਹਿੰਦੂ ਛੀਂਬੇ ਨਾਮੇ ਨੇ ਏਕ ਬ੍ਰਾਹਮਣ ਕਾ
ਲੜਕਾ ਜਿਵਾਇਆ ਹੈ । ਬਾਦਸ਼ਾਹ ਕੀ ਗਊ ਕਿਉਂ ਨ ਜਿਵਾਵੇਗਾ ਉਸ ਕੋ
ਪਕੜ ਕੇ ਬੁਲਾਓ । ਬਾਦਸ਼ਾਹ ਨੇ ਬੁਲਾਯਾ ਕੈਦ ਕਰਾ ਅਰ ਕਹਾ ਯਾ ਤੋ
ਗਊ ਜਿਵਾ ਦੇ, ਯਾ ਮੁਸਲਮਾਨ ਹੋ ਜਾ ਨਹੀਂ ਤੋ ਆਠ ਘੜੀ ਕੇ ਅੰਦਰ ਤੇਰੇ ਕੋ ਜਾਨ ਸੇ
ਮਾਰ ਦੇਂਗੇ, ਨਾਮੇ ਨੇ ਨ ਗਊ ਜਿਵਾਨੀ ਕਬੂਲ ਕੀ ਨ ਮੁਸਲਮਾਨ ਬਨਨਾ ਕਬੂਲ ਕੀਆ,
ਤਬ ਬਾਦਸ਼ਾਹ ਨੇ ਹੰਕਾਰ ਮੇਂ ਆ ਕਰ ਮਸਤ ਹਾਥੀ ਨਾਮੇ ਪਰ ਦੌੜਾਯਾ ਤਬ
ਨਾਮੇ ਕੀ ਮਾਂ ਰੋਨੇ ਲਗੀ ਔਰ ਕਹਨੇ ਲਗੀ, ਹੇ ਪੁਤਰ ਤੂੰ ਮੁਸਲਮਾਨ ਹੀ ਹੋ ਜਾ, ਮੈਂ
ਤੇਰਾ ਦਰਸ਼ਨ ਤੋ ਕਰਤੀ ਰਹੂੰਗੀ, ਤਬ ਨਾਮਾ ਮਾਤਾ ਕੋ ਕਹਨੇ ਲਗਾ ਧਰਮ ਸੇ ਬੇਮੁਖ
ਕਰਨੇ ਵਾਲੀ, ਤੂੰ ਮੇਰੀ ਮਾਤਾ ਨਹੀਂ, ਫੇਰ ਬਾਦਸ਼ਾਹ ਨੇ ਨਾਮੇ ਉਪਰ ਹਾਥੀ ਦੌੜਾਯਾ ਤਬ
ਨਾਮੇ ਕੇ ਭਗਤੋਂ ਨੇ ਕਹਾ ਨਾਮੇ ਕੇ ਬਰਾਬਰ ਕਾ ਸੋਨਾ ਤੋਲ ਕੇ ਲੇਲੇ, ਔਰ ਨਾਮੇ ਕੋ
ਛੋੜ ਦੋ ਪਰੰਤੂ ਬਾਦਸ਼ਾਹ ਨੇ ਕਬੂਲ ਨ ਕਰਾ, ਔਰ ਕਹਾ ਅਠ ਘੜੀ ਕੇ ਅੰਦਰ ਇਸ ਕੋ
ਮਰਵਾਊਂਗਾ, ਜਬ ਸਾਤ ਘੜੀ ਗੁਜ਼ਰ ਗਈ ਏਕ ਘੜੀ ਰਹਿ ਗਈ, ਤੋ ਨਾਮੇ ਕੋ
ਖਿਆਲ ਹੂਆ ਭਗਤੋਂ ਕੀ ਰਖਯਾ ਕਰਣ ਖਾਤਰ, ਅਜੇ ਪਰਮੇਸ਼ਰ ਨਹੀਂ ਆਇਆ
ਇਤਨੇ ਮੇਂ ਪੰਖੋਂ ਕਾ ਆਵਾਜ ਕਰਤੇ ਹੁਏ ਗਰੁੜ ਪਰ ਭਗਵਾਨ ਚੜੇ ਆਤੇ ਹੀ ਦਿਖਾਈ
ਦੀਏ, ਔਰ ਨਾਮੇ ਕੋ ਧੀਰਜ ਦੀਆ ਔਰ ਕਹਾ ਕਿ ਕਹੋ ਤੋ ਬਾਦਸ਼ਾਹ ਕੋ ਬਾਦਸ਼ਾਹੀ ਸਹਿਤ
ਗਰਕ ਕਰ ਦੂੰ, ਅਥਵਾ ਗਊ ਜਿਵਾਂਦੂ ਨਾਮਾ ਕਹਿਨੇ ਲਗਾ ਗਊ ਜਿਵਾਦੋ। ਤਬ ਗਊ
ਜਿਵਾ ਦਿਤੀ, ਬਾਦਸ਼ਾਹ ਨੇ ਦੂਧ ਪੀਆ ਤਥਾ ਸ਼ਿਸ਼ ਹੂਆ ਨਾਮਦੇਵ ਕਾ ਪ੍ਰਤਾਪ ਸਾਰੇ
ਵਧ ਗਿਆ, ਔਰ ਆਪ ਅਪਨੇ ਭਗਤੋਂ ਸਾਥ ਤੁਰ ਗਿਆ:-



ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮਾਰੇ ਕਾਮਾ॥ ਨਾਮਾ
ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੧ ॥ਰਹਾਉ॥
ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ ॥੨॥
ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ ॥੩॥
ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ ਬਾਦਿਸਾਹੁ
ਚੜ੍ਹਿਓ ਅਹੰਕਾਰਿ ॥ ਰਾਜ ਹਸਤੀ ਦੀਨੋ ਚਮਕਾਰਿ ॥ ੫ ॥ ਰੁਦਨੁ
ਕਰੈ ਨਾਮੇ ਕੀ ਮਾਇ॥ ਛੋਡਿ ਰਾਮ ਕੀ ਨ ਭਜਹਿ ਖੁਦਾਇ ॥ ੬ ॥
ਨ ਹਉ ਤੇਰਾ ਪੂੰਗੜਾ ਨਾ ਤੂੰ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ
ਗਾਇ ॥ ੭ ॥ ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ
ਓਟ॥੮॥ ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ
ਮਾਨੁ ॥੯॥ ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰਭਰਿ ਸੋਨਾ ਲੇਹੁ॥
੧੦ ॥ ਮਾਲੁ ਲੇਉ ਤਉ ਦੋਜਕਿ ਪਰਉ॥ ਦੀਨੁ ਛੋਡਿ ਦੁਨੀਆ ਕਉ
ਭਰਉ ॥੧੧॥ ਪਾਵਹੁ ਬੇੜੀ ਹਾਥਹੁ ਤਾਲ॥ ਨਾਮਾ ਗਾਵੈ ਗੁਨ ਗੋਪਾਲ
॥੧੨॥ ਗੰਗ ਜਮੁਨ ਜਉ ਉਲਟੀ ਬਹੈ॥ ਤਉ ਨਾਮਾ ਹਰਿ ਕਰਤਾ
ਰਹੈ ॥੧੩॥ ਸਾਤ ਘੜੀ ਜਬ ਬੀਤੀ ਸੁਣੀ ॥ ਅਜਹੂ ਨ ਆਇਓ
ਤ੍ਰਿਭਵਣ ਧਣੀ ॥੧੪॥ ਪਾਖੰਤਣ ਬਾਜ ਬਜਾਇਲਾ॥ ਗਰੁੜ ਚੜ੍ਹੇ ਗੋਬਿੰਦ
ਆਇਲਾ॥ ੧੫ ॥ ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ
ਆਏ ਗੋਪਾਲ ॥ ੧੬ ॥ ਕਹਹਿ ਤ ਧਰਣਿ ਇਕੋੜੀ ਕਰਉ॥ ਕਹਹਿ
ਤਲੇਕਰਿ ਊਪਰਿ ਧਰਉ ॥੧੭॥ ਕਹਹਿ ਤ ਮੁਈ ਗਊ ਦੇਉ ਜੀਆਇ॥
ਸਭੁ ਕੋਈ ਦੇਖੈ ਪਤੀਆਇ ॥੧੮॥ ਨਾਮਾ ਪ੍ਰਣਵੈ ਸੇਲਮਸੇਲ॥
ਗਊ ਦੁਹਾਈ ਬਛਰਾ ਮੇਲ ॥੧੯॥ ਦੂਧਹਿ ਦੁਹਿ ਜਬ ਮਟੁਕੀ ਭਰੀ॥
ਲੇ ਬਾਦਿਸਾਹ ਕੇ ਆਗੇ ਧਰੀ ॥ ੨੦ ॥ ਬਾਦਿਸਾਹੁ ਮਹਲ ਮਹਿ ਜਾਇ॥
ਅਉਘਟ ਕੀ ਘਟ ਲਾਗੀ ਆਇ ॥੨੧॥ ਕਾਜੀ ਮੁਲਾਂ ਬਿਨਤੀ ਫੁਰਮਾਇ
॥ ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥ ਨਾਮਾ ਕਹੈ ਸੁਨਹੁ ਬਾਦਿਸਾਹ॥
ਇਹੁ ਕਿਛੁ ਪਤੀਆ ਮੁਝੈ ਦਿਖਾਇ॥੨੩॥ ਇਸ ਪਤੀਆ ਕਾ ਇਹੈ

**ਪਰਵਾਨ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥ ੨੪ ॥ ਨਾਮਦੇਉ ਸਭੁ ਰਹਿਆ ਸਮਾਇ ॥ ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥ ੨੫ ॥ ਜਉ ਅਬ ਕੀ ਬਾਰ ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥ ੨੬॥ ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥ ੨੭ ॥ ਸਗਲ ਕਲੇਸ ਨਿੰਦਕ ਭਇਆ ਖੇਦੁ ॥ ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧੫॥੧੦॥** [ਭੈਰਉ ਨਾਮਦੇਵ ਸਫਾ ੧੧੬੫

ਇਸ ਪ੍ਰਕਾਰ ਨਾਮੇ ਭਗਤ ਕੀ ਕਥਾ ਸੁਨ ਕਰ ਧਨਾ ਭਗਤੀ ਮੇਂ ਲਗ ਗਯਾ ਫੇਰ ਨਾਮਦੇਵ ਕੀ ਨਾਮ ਮੇਂ ਸਭ ਸਾਧਨੋਂ ਮੇਂ ਸ਼ਿਰੋਮਣੀ ਸਰਧਾ ਸੁਨੀ ਜੈਸੇ ਗੋਂਡ ਰਾਗ ਮੇਂ ਨਾਮਦੇਵ ਨੇ ਨਾਮ ਕੋ ਸਭ ਸੇ ਸ਼ਿਰੋਮਣੀ ਲਿਖਾ ਹੈ:-

**ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥ ੧ ॥ ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥ ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥ ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥ ਮੁਖਿ ਬੇਦ ਚਤੁਰ ਪੜਤਾ ॥ ੨ ॥ ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥ ਖਟੁ ਕਰਮ ਸਹਿਤ ਰਹਤਾ ॥ ੩ ॥ ਸਿਵਾ ਸਕਤਿ ਸੰਬਾਦੰ। ਮਨ ਛੋਡਿ ਛੋਡਿ ਸਗਲ ਭੇਦੰ । ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵਸਿੰਧੰ ॥ ੪ ॥ ੧ ॥** [ਗੋਂਡ ਨਾਮਦੇਵ ਸਫਾ ੮੭੩

ਇਸ ਪ੍ਰਕਾਰ ਨਾਮਦੇਵ ਕੀ ਨਾਮ ਮੇਂ ਪ੍ਰੀਤਿ ਸੁਨ ਕਰ ਧੰਨੇ ਨੇ ਮਨ ਮੇਂ ਵਿਚਾਰ ਕੀਆ ਤੇਰੇ ਸੇ ਨੀਚੇ ਜਾਤੀ ਵਾਲੇ ਤਰਤੇ ਹੈਂ ਤੂੰ ਕਿਉਂ ਨ ਤਰੇਂਗਾ । ਫੇਰ ਕਬੀਰ ਕਾ ਜਸ ਸੁਨਾ:-

**ਬੁਨਨਾ ਤਨਨਾ ਤਿਆਗਿਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥** [ਆਸਾ ਧੰਨਾ ਸਫਾ ੪੮੭

ਯਹ ਕਬੀਰ ਜੀ ਕੀ ਕਥਾ ਸੁਨੀ ਕਿ ਕਾਸ਼ੀ ਕੇ ਪਾਸ ਸਵਾਮੀ ਰਾਮਾਨੰਦ ਬੜੇ ਬ੍ਰਹਮਵੇਤਾ ਤਪਸ੍ਵੀ ਰਹਿਤੇ ਥੇ। ਉਨ ਕੇ ਪਾਸ ਏਕ ਦਿਨ ਏਕ ਬ੍ਰਾਹਮਣ ਅਪਨੀ ਵਿਧਵਾ ਕੰਨਿਆਂ ਕੋ ਸਾਥ ਲੈ ਆ ਕਰ ਮਥਾ ਟਿਕਵਾਯਾ ਔਰ ਸ੍ਵਾਮੀ ਜੀ ਕੋ ਕਹਾ ਇਸ ਪਰ ਕਿਰਪਾ ਕਰੋ। ਇਸਕੀ ਆਯੂ ਸੁਖ ਸੇ ਗੁਜਰੇ ਤਬ ਸ੍ਵਾਮੀ ਰਾਮਾ ਨੰਦ ਜੀ ਕੇ ਮੂੰਹ ਸੇ ਨਿਕਲ ਗਿਆ ਜਾਹ ਪੁਤ੍ਰਵਤੀ ਹੋ ਤਬ ਕੰਨਿਆਂ ਰੋਨੇ ਲਗੀ ਕਿ ਮੈਂ ਵਿਧਵਾ ਹੂੰ ਆਪ ਨੇ ਉਲਟਾ ਵਰ ਦੀਆ ਤਬ ਸੁਆਮੀ ਰਾਮਾਨੰਦ ਜੀ ਕਹਿਨੇ ਲਗੇ ਅਬ ਤੋ ਵਚਨ ਟਲੇਗਾ ਨਹੀਂ ਪਰੰਤੂ ਈਸ਼ਵਰ ਅੰਸ ਕੁਲ ਤਾਰਕ ਤੁਮਾਰੇ ਕੋ ਪੁਤ੍ਰ ਹੋਗਾ ਤੂੰ ਕੋਈ ਚਿੰਤਾ ਨਾ ਕਰ ਤਬ ਕੰਨਿਆਂ ਦੇਸ ਛੋੜ ਵਿਦੇਸ਼ ਮੇਂ ਰਹਿਨੇ ਲਗੀ । ਸਮਾਂ ਪਾਇ ਕਰ ਬਜ ਪੁਤ੍ਰ ਹੂਆ ਤਬ ਸ੍ਵਾਮੀ ਰਾਮਾਨੰਦ



ਜੀ ਕੀ ਕੁਟੀਆ ਮੇਂ ਛੋੜ ਗਈ, ਸੁਵਾਮੀ ਰਾਮਾਨੰਦ ਜੀ ਸਮਾਧੀ ਮੇਂ ਥੇ। ਤਬ ਏਕ ਜੁਲਾਹਾ ਜੁਲਾਹੀ ਰਸਤੇ ਮੇਂ ਜਾ ਰਹੇ ਥੇ, ਉਨੋਂ ਨੇ ਬਾਲਕ ਰੋਤਾ ਦੇਖਾ ਔਰ ਉਨ ਕੋ ਅਪਨੀ ਉਲਾਦ ਕੋਈ ਨ ਥੀ, ਪੁਤਰ ਕਰਕੇ ਪਾਲਾ, ਵਡਾ ਹੂਆ ਤਨਨੇ ਬੁਨਨੇ ਕਾ ਕੰਮ ਸਿਖਾਇਆ, ਸ਼ਾਦੀ ਕਰਾਈ ਪਰੰਤੂ ਕਬੀਰ ਜੀ ਕਾ ਚਿਤ ਭਜਨ ਮੇਂ ਜ਼ਿਆਦਾ ਲਗਾ ਰਹਿਤਾ ਥਾ, ਇਸ ਵਾਸਤੇ ਕਾਮ ਪਰ ਖਿਆਲ ਨਹੀਂ ਕਰਤਾ ਥਾ। ਸੰਤ ਸੇਵਾ ਮੇਂ ਜ਼ਿਆਦਾ ਖਿਆਲ ਕਰਤਾ ਥਾ। ਮਾਤਾ ਹਰ ਵਕਤ ਨਾਰਾਜ਼ ਹੋ ਕਰ ਰੋਤੀ ਰਹਿਤੀ ਥੀ ਜੈਸੇ ਲਿਖਾ ਹੈ:-

**ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥ ੧ ॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿਕਾ ਨਾਮ ਲਿਖਿ ਲੀਓ ਸਰੀਰ ॥ ਰਹਾਉ ॥ ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗ ਬਿਸਰੈ ਰਾਮੁ ਸਨੇਹੀ ॥ ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥ ਕਹਤ ਕਬੀਰ ਸੁਨਹੁ ਮੇਰੀ ਮਾਈ ॥ ਹਮਰਾ ਇਨਕਾ ਦਾਤਾ ਏਕੁ ਰਘੁਰਾਈ ॥** [ਗੂਜਰੀ ਕਬੀਰ ਸਫਾ ੫੨੪

ਕਬੀਰ ਜੀ ਅਪਨੀ ਮਾਤਾ ਕੋ ਸਮਝਾ ਰਹੇ ਹਨ, ਪਰਮਾਤਮਾ ਕੀ ਭਗਤੀ ਸੇ ਬਿਨਾ ਕੁਲ ਕੀ ਤਥਾ ਮਾਤਾ ਪਿਤਾ ਬਾਲਕ ਕੇ ਜੀਵਨ ਕੀ ਸ਼ਾਸਤ੍ਰ ਨਿੰਦਾ ਲਿਖਤਾ ਹੈ। ਪ੍ਰਮਾਣ:-

**ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥ ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥ ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥ ਬੁਡਭੁਜ ਰੂਪ ਜੀਵੇ ਜਗ ਮਝਿਆ ॥ ੨ ॥ ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕੁਰੂਪ ॥ ੩ ॥ ੨੫ ॥**

[ਗਉੜੀ ਕਬੀਰ ਸਫਾ ੩੨੮

ਕਬੀਰ ਜੀ ਇਸ ਪ੍ਰਕਾਰ ਮਾਤਾ ਕੋ ਸਮਝਾ ਕਰ ਰਾਮ ਭਗਤੀ ਮੇਂ ਲਿਵਲੀਨ ਹੋ ਗਏ, ਕਬੀਰ ਕਾ ਜਸ ਸੁਨ ਕਰ ਕਾਂਸ਼ੀ ਨਿਵਾਸੀ ਬ੍ਰਾਹਮਣ ਸਹਿਨ ਨ ਕਰ ਸਕੇ, ਕਬੀਰ ਕੇ ਸਾਥ ਈਰਖਾ ਕਰਤੇ ਭਏ, ਔਰ ਕਬੀਰ ਕੀ ਬਦਨਾਮੀ ਕਰਨੇ ਵਾਸਤੇ, ਕਾਸ਼ੀ ਪੁਰੀ ਮੇਂ ਢੰਢੋਰੇ ਫੇਰਤੇ ਭਏ, ਕਿ ਕਬੀਰ ਕੇ ਘਰ ਯੱਗ ਹੈ ਸਭ ਲੋਗ ਵਹਾਂ ਹੀ ਭੋਜਨ ਕਰੇਂ, ਔਰ ਸਭ ਬ੍ਰਾਹਮਣੋਂ ਕੋ ਏਕ ਏਕ ਮੁਹਰ ਦਖਿਣਾ ਮਿਲੇਗੀ । ਦੂਸਰੇ ਦਿਨ ਕਈ ਹਜ਼ਾਰੋਂ ਕੀ ਤਾਦਾਦ ਮੇਂ ਬ੍ਰਾਹਮਣ, ਕਬੀਰ ਕੇ ਘਰ ਪਹੁੰਚ ਗਏ, ਔਰ ਕਬੀਰ ਜੀ ਘਰ ਛੋੜ ਕਰ ਬਾਹਰ ਨਿਕਲ ਗਏ । ਤਬ ਲਖਿਮੀ ਔਰ ਨਾਰਾਇਣ ਕਬੀਰ ਲੋਈ ਕੇ ਰੂਪ ਮੇਂ ਆ ਕਰ, ਭੰਡਾਰੇ ਕਾ ਸਭ ਕਾਮ ਪੂਰਾ ਕੀਆ, ਛਤੀ ਪ੍ਰਕਾਰ ਕੇ ਭੋਜਨ ਸਭ ਕੋ ਖਿਲਾਏ, ਮੋਹਰ ਮੋਹਰ ਦਖਿਣਾ

ਮੇਂ ਦਿਤੀ। ਤਥਾ ਸਭ ਲੋਕ ਧੰਨ ਕਬੀਰ ਧੰਨ ਕਬੀਰ ਕਹਿਤੇ ਕਹਿਤੇ ਜਾ ਰਹੇ ਥੇ। ਤਬ ਬਨ ਮੇਂ ਛਿਪੇ ਹੂਏ ਕਬੀਰ ਨੇ ਲੋਕੋਂ ਸੇ ਪੂਛਾ, ਕਹਾਂ ਸੇ ਭੋਜਨ ਲਾਏ ਹੋ । ਉਨੋਂ ਨੇ ਕਹਾ ਕਬੀਰ ਕੇ ਘਰ ਜਾਓ ਬੜਾ ਯਗ ਹੋ ਰਹਾ ਹੈ, ਛਤੀਹ ਪ੍ਰਕਾਰ ਕੇ ਭੋਜਨ ਮਿਲ ਰਹੇ ਹਨ। ਤਬ ਕਬੀਰ ਜੀ ਨੇ ਜਾਣਿਆ ਕਿ ਸ੍ਰੀ ਨਾਰਾਇਣ ਜੀ ਆ ਕੇ ਖੁਦ ਸਭ ਕਾਮ ਕਰ ਗਏ ਹੈਂ, ਘਰ ਆਏ ਭਗਵਾਨ ਕਾ ਦਰਸ਼ਨ ਪਾਇਆ । ਆਗੇ ਸੇ ਭੀ ਭਗਵਾਨ ਮੇਂ ਜ਼ਿਆਦਾ ਪ੍ਰੀਤੀ ਹੂਈ, ਏਕ ਦਿਨ ਏਕ ਕੋੜ੍ਹੀ ਰਾਜਾ ਸਭ ਸੇ ਨਿਰਾਸ ਹੋ ਕਰ ਕੋੜ੍ਹ ਦੂਰ ਕਰਨੇ ਵਾਸਤੇ ਕਬੀਰ ਜੀ ਪਾਸ ਆਇਆ, ਕਬੀਰ ਜੀ ਕਹੀਂ ਗਏ ਹੂਏ ਥੇ। ਕਬੀਰ ਕੀ ਇਸਤ੍ਰੀ ਲੋਈ ਸੇ ਪ੍ਰਾਰਥਨਾ ਕਰੀ ਔਰ ਪ੍ਰਤਿਗਿਆ ਕਰੀ । ਜੇ ਮੇਰਾ ਕੋੜ੍ਹ ਦੂਰ ਨਾ ਕਰੋਗੇ ਤੋ ਮੈਂ ਅੰਨ ਜਲ ਨ ਗ੍ਰਹਿਣ ਕਰੂੰਗਾ ਤੁਮਾਰੇ ਦੁਆਰੇ ਪੜਾ ਰਹੂੰਗਾ । ਤਬ ਲੋਈ ਜੀ ਨੇ ਲਾਚਾਰ ਹੋ ਕਰ ਤੀਨ ਵਾਰੀ ਰਾਮ ਕਹਿ ਕਰ, ਜਲ ਸੇ ਛਿਟੇ ਦੇ ਕਰ ਉਸ ਕੋ ਰਾਜ਼ੀ ਕਰ ਦੀਆ। ਪ੍ਰਮੇਸ਼ਵਰ ਕੇ ਨਾਮ ਮੇਂ ਪਾਪ ਦੂਰ ਕਰਨੇ ਕੀ ਬੜੀ ਤਾਕਤ ਹੈ ਪ੍ਰਮਾਣ:-

**ਜਪਿ ਮਨ ਰਾਮ ਨਾਮੁ ਨਿਸਤਾਰਾ ॥ ਕੋਟ ਕੁਟੰਤਰ ਕੇ ਪਾਪ ਸਭਿ ਖੋਵਹਿ ਹਰਿ ਭਵਜਲੁ ਪਾਰਿ ਉਤਾਰਾ ॥** [ਬੈਰਾੜੀ ਮ: ੪ ਸਫਾ ੭੨੦

**ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥ ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥**

**ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥ ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥** [ਸਾਰੰਗ ਮ: ੩ ਸਫਾ ੧੨੩੩

**ਜਗ ਜੀਵਨੁ ਧਿਆਇ ਮਨਿ ਹਰਿ ਸਿਮਰੀ ॥**
**ਕੋਟ ਕੁਟੰਤਰ ਤੇਰੇ ਪਾਪ ਹਰੀ ॥** [ਭੈਰਵ ਮ: ੪ ਸਫਾ ੧੧੩੪

ਐਸੇ ਨਾਮ ਕਾ ਮਹਾਤਮ ਲੋਈ ਜੀ ਨੇ ਰਾਜਾ ਕੋ ਸੁਨਾਯਾ ਔਰ ਆਂਖੋਂ ਸੇ ਦਿਖਾਯਾ, ਰਾਜਾ ਕੀ ਬੜੀ ਸ਼ਰਧਾ ਹੋ ਗਈ, ਸ਼ਿਸ਼ ਬਣਾ ਔਰ ਕਹਿਨੇ ਲਗਾ ਭਗਵਾਨ ਕੇ ਪਿਆਰੇ ਭਗਤ ਔਰ ਸੰਤੋਂ ਕੇ ਯੇਹੀ ਲਛਣ ਹੈਂ, ਜੈਸੇ ਸੰਤੋਂ ਕੇ ਲਖਣ ਸੁਨੇ ਥੇ ਤੈਸੇ ਹੀ ਦੇਖੇ।

**ਮਿਤ੍ਰ ਸਤ੍ਰ ਜਾਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨ ਅਵਰੁ ਨ ਜਾਨੈ ॥ ਕੋਟਿ ਕੋਟਿ ਅਘ ਕਾਟਨ ਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥**



**ਤਾਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾਕੀ ਸੇਵ ॥ ਕਰ ਜੋੜਿ ਨਾਨਕੁ ਕਰੈ ਅਰਦਾਸਿ ॥ ਮੋਹਿ ਸੰਤਹ ਟਹਲ ਦੀਜੈ ਗੁਣ ਤਾਸਿ ॥**

[ਆਸਾ ਮ: ੫ ਸਫਾ ੩੯੨

ਯੇਹ ਵਚਨ ਯਾਦ ਕਰ ਰਾਜਾ ਹਮੇਸ਼ ਕੇ ਲੀਏ ਸੰਤੋਂ ਕਾ ਸੇਵਕ ਬਣ ਗਯਾ, ਕਬੀਰ ਕਾ ਜਸ ਗਾਨੇ ਲਗਾ । ਜਬ ਕਬੀਰ ਜੀ ਵਾਪਸ ਆਏ ਔਰ ਪਤਾ ਲਗਾ ਕਿ ਤੀਨ ਵਾਰ ਰਾਮ ਕਹਿ ਕਰ, ਰਾਜਾ ਕਾ ਕੋੜ੍ਹ ਹਟਾਯਾ ਹੈ, ਤਬ ਲੋਈ ਤੇ ਨਾਰਾਜ਼ ਹੂਏ ਪਿਠ ਦੇ ਕਰ ਬੈਠ ਗਏ। ਲੋਈ ਚਰਨੋਂ ਮੇਂ ਪੜੀ ਔਰ ਕਹਾ:-

**ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋਕਉ ਕਾਹੇ ਕਉ ਮਾਰੇ ॥੧॥ ਰਹਾਉ ॥ ਜਉ ਤਨ ਚੀਰਹਿ ਅੰਗਿ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤੁ ਨਾਰਿ ਹਮ ਸੋਈ ॥ ਕਹਤ ਕਬੀਰੁ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥**

[ਆਸਾ ਕਬੀਰ ਸਫਾ ੪੮੪

ਤਬ ਲੋਈ ਨੇ ਬਾਰ ਬਾਰ ਮਾਫੀ ਮੰਗੀ, ਤਬ ਕਬੀਰ ਜੀ ਕਹਿਨੇ ਲਗੇ ਕਿ ਤੁਮ ਨੇ ਤੀਨ ਵਾਰੀ ਰਾਮ ਨਾਮ ਕਿਉਂ ਕਹਿਵਾਯਾ । ਇਕ ਵਾਰੀ ਸੇ ਕਿਆ ਕੋੜ੍ਹ ਦੂਰ ਨਹੀਂ ਹੋ ਸਕਤਾ ਥਾ, ਤਬ ਲੋਈ ਜੀ ਕਹਿਨੇ ਲਗੀ ਭਗਵਾਨ । ਆਪ ਕੀ ਸਰਨ ਮੇਂ ਆ ਕਰ ਜਨਮ ਪਾਵੇ ਯਾ ਦੁਖੀ ਹੋਵੇ ਯੇਹ ਮੈਨੇਂ ਯੋਗ ਨ ਸਮਝਾ, ਇਸ ਵਾਸਤੇ ਮੈਂ ਨੇ ਤੀਨ ਵਾਰੀ ਨਾਮ ਕਹਾ ਕਰ ਉਸ ਕੇ ਸਭ ਦੁਖ ਦੂਰ ਕਰ ਦੀਏ । ਇਕ ਵਾਰੀ ਰਾਮ ਨਾਮ ਸੇ ਉਸ ਕਾ ਕੋੜ੍ਹ ਹਟਾਯਾ । ਦੂਸਰੇ ਵਾਰੀ ਰਾਮ ਨਾਮ ਕਹਿਨੇ ਸੇ ਕੋੜ੍ਹ ਕੇ ਕਾਰਣ ਪਾਪ ਹਟਾਏ । ਤੀਸਰੀ ਵਾਰੀ ਸੇ ਪਾਪੋਂ ਕਾ ਕਾਰਨ ਅਗਿਆਨ ਹਟਾਯਾ, ਇਸ ਵਾਸਤੇ ਤੀਨ ਵਾਰ ਨਾਮ ਕਹਿਲਾਯਾ । ਯਹ ਬਾਤ ਸੁਨ ਕਰ ਕਬੀਰ ਜੀ ਬੜੇ ਖੁਸ਼ ਹੂਏ ਐਸੇ ਅਨੇਕ ਪ੍ਰਸੰਗ ਕਬੀਰ ਔਰ ਲੋਈ ਕੇ ਧੰਨੇ ਨੇ ਸੁਨੇ ਔਰ ਭਗਤੀ ਕਰਨੇ ਮੇਂ ਲਗ ਗਯਾ ਜੈਸੇ ਲਿਖਾ ਹੈ:-

**ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ॥**

ਫੇਰ ਉਸ ਨੇ ਰਵਿਦਾਸ ਭਗਤ ਕੇ ਗੁਣ ਸਰਵਣ ਕੀਏ:-

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥** [ਆਸਾ ਧੰਨਾ ਸਫਾ ੪੮੭

ਰਵਿਦਾਸ ਭਗਤ ਕੀ ਐਸੀ ਕਥਾ ਹੈ ਪੂਰਬ ਜਨਮ ਮੇਂ ਰਵਿਦਾਸ ਜੀ ਸ੍ਰੀ ਸੁਆਮੀ

ਰਾਮਾਨੰਦ ਜੀ ਕੇ ਸ਼ਿਸ਼ ਬ੍ਰਾਹਮਣ ਬ੍ਰਹਮਚਾਰੀ ਥੇ, ਔਰ ਸਾਤ ਘਰੋਂ ਸੇ ਸੂਕ ਆਟਾ ਵਗੈਰਾ ਭਿਖਿਆ ਮਾਂਗ ਕਰ ਸ੍ਵਾਮੀ ਰਾਮਾਨੰਦ ਜੀ ਕੋ ਭੋਜਨ ਬਣਾ ਕੇ ਖਿਲਾਯਾ ਕਰਤੇ ਥੇ । ਏਕ ਦਿਨ ਬਹੁਤ ਬਰਸਾਤ ਹੋ ਰਹੀ ਸੀ ਗਲੀ ਮੇਂ ਚਿਕੜ ਬਹੁਤ ਥਾ । ਏਕ ਬਨੀਏ ਨੇ ਪ੍ਰਾਰਥਨਾ ਕਰੀ ਆਜ ਫਕਤ ਮੇਰੇ ਯਹਾਂ ਸੇ ਹੀ ਲੇ ਜਾਓ, ਤਬ ਬ੍ਰਹਮਚਾਰੀ ਜੀ ਨੇ ਵਹਾਂ ਸੇ ਹੀ ਰਸਤ ਲਿਆ ਕੇ, ਭੋਜਨ ਬਣਾ ਕਰ ਸ੍ਵਾਮੀ ਜੀ ਕੋ ਖਿਲਾਯਾ । ਜਬ ਸ੍ਵਾਮੀ ਜੀ ਅਭਿਆਸ ਮੇਂ ਬੈਠੇ, ਤੋ ਚਮਾਰੋਂ ਜੈਸੇ ਖਿਆਲ ਹੋਨੇ ਲਗੇ, ਬ੍ਰਹਮਚਾਰੀ ਕੋ ਬੁਲਾਯਾ ਔਰ ਪੂਛਾ, ਕਿ ਅੰਨ ਕਹਾਂ ਸੇ ਲਾਯਾ ਹੈਂ ? ਉਸ ਨੇ ਕਹਾ ਬਨੀਏ ਸੇ ਲਾਯਾ ਹੂੰ । ਬਨੀਏ ਸੇ ਪੂਛਾ ਤੋ ਉਸ ਨੇ ਕਹਾ ਚਮਾਰ ਕਾ ਅੰਨ ਸੀ । ਤਬ ਗੁਰੂ ਜੀ ਨੇ ਬ੍ਰਹਮਚਾਰੀ ਕੋ ਸ਼ਾਪ ਦੀਆ ਜਾ, ਚਮਾਰ ਹੋ ਜਾ ਤਬ ਬ੍ਰਹਮਚਾਰੀ ਮਰ ਕੇ ਚਮਾਰ ਬਣਾ, ਪਰੰਤੂ ਪਿਛਲੇ ਜਨਮ ਕੀ ਸੁਧਿ ਰਹੀ, ਇਸ ਵਾਸਤੇ ਮਾਤਾ ਕਾ ਦੂਧ ਨ ਪੀਆ ਤਬ ਮਾਤਾ ਪਿਤਾ ਬੜੇ ਦੁਖੀ ਹੁਏ, ਉਨ ਕੋ ਸੁਪਨ ਹੂਆ ਸ੍ਵਾਮੀ ਰਾਮਾਨੰਦ ਜੀ ਇਸਕੋ ਦੂਧ ਪਿਲਾਏਂਗੇ, ਤਬ ਰਾਮਾਨੰਦ ਜੀ ਨੇ ਯੋਗ ਬਲ ਸੇ ਦੇਖਾ ਤੋ ਵੋਹੀ ਬ੍ਰਹਮਚਾਰੀ ਸੀ । ਤਬ ਰਾਮਾਨੰਦ ਜੀ ਨੇ ਆ ਕਰ ਕਾਨ ਮੇਂ ਉਸ ਕੋ ਮੰਤ੍ਰ ਦੀਆ, ਔਰ ਦੂਧ ਪਾਨ ਕੀ ਆਗਿਆ ਦਿਤੀ । ਤਬ ਬਾਲਕ ਦੂਧ ਪੀਨੇ ਲਗਾ, ਔਰ ਰਾਮ ਕੀ ਭਗਤੀ ਮੇਂ ਮਗਨ ਹੋਤਾ ਭਯਾ । ਜਬ ਬੜਾ ਹੂਆ ਕਾਸ਼ੀ ਸੇ ਬਾਹਰ ਏਕ ਕੁਟੀਆ ਬਣਾਈ, ਅਪਨਾ ਜੂਤੇ ਬਨਾਣੇ ਕਾ ਕਾਮ ਭੀ ਕਰੇ, ਠਾਕੁਰ ਪੂਜਾ ਔਰ ਸਤ ਸੰਗ ਭੀ ਕਰੇ । ਤਬ ਭਗਵਾਨ, ਪੂਜਾ ਕੀ ਜਗਹ ਕਭੀ ਰੁਪਏ ਕਭੀ ਮੁਹਰਾ ਕਭੀ ਪਾਰਸ ਰਖ ਦੇਵੇਂ, ਤਬ ਵੋਹ ਹਾਥ ਭੀ ਨ ਲਾਯਾ ਕਰੇ ਆਖਿਰ ਭਗਵਾਨ ਨੇ ਦਰਸ਼ਨ ਦੀਆ, ਔਰ ਕਹਾ ਯਹ ਮਾਇਆ ਲੇਕਰ ਮੰਦਿਰ ਔਰ ਧਰਮਸਾਲਾ ਬਣਾਓ, ਔਰ ਸੰਤ ਸੇਵਾ ਮੇਂ ਲਗਾਉ । ਤਬ ਰਵਿਦਾਸ ਨੇ ਭਗਵਾਨ ਕੀ ਆਗਿਆ ਮਾਨ ਕਰ ਵੈਸੇ ਹੀ ਕੀਆ, ਔਰ ਸਾਰਾ ਦਿਨ ਭਗਵਾਨ ਕੇ ਪ੍ਰੇਮ ਮੇਂ ਮਗਨ ਰਹਾ ਕਰੇਂ । ਅਬ ਰਵਿਦਾਸ ਜੀ ਕਾ ਨਾਮ ਬਹੁਤ ਮਸ਼ਹੂਰ ਹੋ ਗਯਾ, ਤਬ ਇਕ ਦਿਨ ਇਕ ਬ੍ਰਾਹਮਣ ਨੇ ਆ ਕਰ ਕਹਾ, ਔਰ ਕਿਸੀ ਜਗਹ ਐਸੇ ਭੀ ਲਿਖਾ ਹੈ ਏਕ ਸ਼ੇਖ ਨੇ ਆ ਕਰ ਕਹਾ, ਰਵਿਦਾਸ ਜੀ ਸਾਨੂੰ ਭੀ ਪ੍ਰੇਮ ਕਾ ਰੰਗ ਦਿਉ । ਤਬ ਰਵਿਦਾਸ ਜੀ ਜਹਾਂ ਚਰਨ ਧੋ ਰਹੇ ਸੀ, ਉਸ ਕੁੰਭ ਕਾ ਪਾਣੀ ਬੋਕਿਓਂ ਨਾਲ ਨਿਕਾਲ ਰਹੇ ਸੀ, ਉਨ ਕੋ ਭੀ ਕਹਾ ਲੋ । ਉਨੋਂ ਨੇ ਗਿਲਾਨੀ ਸੇ ਲੀਆ, ਔਰ ਕੁੜਤੇ ਦੁਆਰਾ ਲੁਕਾ ਕੇ ਫੈਂਕ ਦੀਆ, ਤਬ ਕੁੜਤੇ ਮੇਂ ਦਾਗ ਲਗ ਗਯਾ, ਅਰ ਨੌਕਰਾਣੀ ਕੋ ਦੇ ਦੀਆ ਕਿ ਜਾ ਕੇ ਧੋ ਆ । ਨੌਕਰਾਣੀ ਧੋਣੇ ਲਗੀ, ਦਾਗ ਲਹੈ ਨ ਤਬ ਦੰਦ ਸੇ ਲਾਹਨੇ ਲਗੀ, ਤਬ ਉਸ ਮੇਂ ਅਨੇਕ ਸ਼ਕਤੀਆਂ ਆ ਗਈਂ । ਜ਼ਮੀਨ ਸੇ ਊਚਾ ਊਚਾ ਚਲਨੇ ਲਗੀ । ਤਬ ਮਾਲਕ ਨੇ ਦੇਖ ਕਰ ਦਾਸੀ ਸੇ ਪੂਛਾ, ਯਹ ਸਿਧੀ ਕਹਾਂ ਸੇ ਪਾਈ ? ਕਹਾ ਦਾਗ ਕੋ ਉਤਾਰਨੇ ਵਾਸਤੇ ਮੂੰਹ ਮੇਂ ਕੁੜਤਾ ਪਾਯਾ, ਵਹਾਂ ਸੇ ਸ਼ਕਤੀ ਪ੍ਰਾਪਤ ਹੂਈ । ਤਬ ਵੋਹ ਫੇਰ ਰਵਿਦਾਸ ਪਾਸ ਆਏ ਔਰ ਕਹਾ ਮਹਾਰਾਜ ਪ੍ਰੇਮ ਕਾ ਰੰਗ ਬਖਸ਼ੋ, ਪਹਿਲਾ ਅਚੇਤਪਣੇ ਸੇ ਭੂਲ ਗਿਆ ਹੈ । ਤਬ ਰਵਿਦਾਸ ਜੀ ਕਹਿਣੇ ਲਗੇ ਵੇਲਾ ਓਹੀ ਸੀ, ਅਬ ਨਹੀਂ ਉਸ ਵਕਤ ਭਗਵਾਨ ਕ੍ਰਿਸ਼ਨ ਚੰਦ੍ਰ ਜੀ, ਗੋਪੀਆਂ ਕੇ ਸਾਥ ਹੋਲੀ



ਖੇਲ ਰਹੇ ਥੇ, ਔਰ ਮੈਂ ਰੰਗ ਭਰ ਕੇ ਦੇਤਾ ਥਾ, ਆਪ ਕੋ ਭੀ ਉਸ ਰੰਗ ਮੇਂ ਸੇ ਦੀਆ ਥਾ । ਵੇਲਾ ਓਹੀ ਸੀ ਪ੍ਰਾਰਥਨਾ ਕਰਨੇ ਪਰ ਫੇਰ ਉਨ ਪਰ ਦਯਾ ਕਰੀ, ਔਰ ਵੋਹ ਭਗਤ ਪ੍ਰੇਮੀ ਹੂਏ ਉਸ ਦਿਨ ਸੇ ਰਵਿਦਾਸ ਜੀ ਕਾ ਨਾਮ ਮਸ਼ਹੂਰ ਹੋ ਗਯਾ । ਫੇਰ ਇਕ ਵਾਰੀ ਏਕ ਬ੍ਰਾਹਮਣ ਕਾਸ਼ੀ ਕੋ ਜਾ ਰਹਾ ਥਾ ; ਰਸਤੇ ਮੇਂ ਰਵਿਦਾਸ ਜੀ ਕੀ ਧਰਮਸਾਲ ਮੇਂ ਰਾਤ੍ਰੀ ਰਹਾ । ਰਵਿਦਾਸ ਜੀ ਨੇ ਉਸ ਕਾ ਜੂਤਾ ਟੂਟਾ ਦੇਖਾ । ਪ੍ਰਾਰਥਨਾ ਕਰੀ ਨਵਾਂ ਜੂਤਾ ਲੋ ਇਸ ਕੋ ਛੋੜੋ ਤਬ ਬ੍ਰਾਹਮਣ ਨੇ ਨ ਮਾਨਾ ਫੇਰ ਕਹਾ ਅਛਾ ਇਸ ਕੋ ਗੱਠ ਹੀ ਦੂੰ, ਬ੍ਰਾਹਮਨ ਨੇ ਵੋਹ ਭੀ ਨਾ ਮਾਨਾ ਆਖਿਰ ਕਹਾ ਕਿ ਮੇਰੇ ਸੇ ਦਮੜੀ ਲੇਵੇਗਾ ਤੋ ਫੇਰ ਗਠਾਊਂਗਾ । ਉਸ ਨੇ ਕਹਾ ਅਛਾ ! ਜੂਤਾ ਗੱਠ ਦੀਆ, ਦਮੜੀ ਲੈ ਲਈ । ਫੇਰ ਪੂਛਾ ਕਹਾਂ ਜਾਓਗੇ, ਕਹਾ ਕਾਂਸ਼ੀ ਜਾਊਂਗਾ । ਕਹਾ ਅਛਾ ਯੇਹ ਦਮੜੀ ਸ੍ਰੀ ਗੰਗਾ ਜੀ ਕੋ ਮੇਰੀ ਤਰਫ ਸੇ ਭੇਟ ਦੇਨਾ, ਪਰੰਤੂ ਜੇ ਗੰਗਾ ਜੀ ਹਾਥ ਨਿਕਾਲ ਕੇ ਲੇਵੇ ਤੋ ਦੇਨਾ, ਨਹੀਂ ਤਾਂ ਨ ਦੇਨਾ, ਬ੍ਰਾਹਮਣ ਨੇ ਕਹਾ ਅਛਾ । ਤਬ ਬ੍ਰਾਹਮਣ ਕਾਸ਼ੀ ਗਿਆ, ਔਰ ਗੰਗਾ ਜੀ ਕੋ ਦਮੜੀ ਦੇਨੇ ਵਕਤ ਕਹਾ, ਹਾਥ ਨਿਕਾਲ ਕੇ ਲੇਂਗੀ ਤੋ ਦੂੰਗਾ ਨਹੀਂ ਤੋ ਨਹੀਂ ਦੂੰਗਾ । ਤਬ ਗੰਗਾ ਜੀ ਨੇ ਹਾਥ ਨਿਕਾਲਾ, ਉਸ ਨੇ ਦਮੜੀ ਹਾਥ ਤੇ ਰਖੀ ਅਰ ਗੰਗਾ ਜੀ ਨੇ ਬ੍ਰਾਹਮਣ ਕੇ ਸਾਮਨੇ, ਵੋ ਦਮੜੀ ਮੂੰਹ ਮੇਂ ਪਾਈ ਔਰ ਕਹਾ ਮੇਰੀ ਸ੍ਵਾਮੀ ਰਵਿਦਾਸ ਜੀ ਕੋ ਨਮਸਕਾਰ ਕਰਨੀ, ਕਹਿਨਾ ਦਾਸੀ ਸੇਵਾ ਵਾਸਤੇ ਹਾਜ਼ਰ ਹੈ । ਔਰ ਯੇਹ ਕੰਗਣ ਮੇਰਾ ਸ੍ਵਾਮੀ ਰਵਿਦਾਸ ਜੀ ਕੋ ਭੇਟ ਦੇ ਦੇਨਾ, ਤਬ ਵੋਹ ਬ੍ਰਾਹਮਣ ਕੰਗਣ ਲੇਕਰ ਅਪਨੇ ਘਰ ਕੋ ਚਲਾ ਗਿਆ, ਉਸ ਕਾ ਚਿਤ ਲੋਭ ਵਸ਼ ਹੋ ਕਰ ਬਦਲ ਗਯਾ । ਇਸਤ੍ਰੀ ਨੇ ਬਹੁਤ ਸਮਝਾਯਾ ਭੀ, ਪਰੰਤੂ ਨਾ ਸਮਝਾ ਆਖਿਰ ਵੋ-ਕੰਗਣ ਰਾਜਾ ਪਾਸ ਜਾ ਕਰ ਬੇਚਾ । ਉਹ ਕੰਗਣ ਰਾਣੀ ਨੇ ਪਹਿਰਾ ਰਾਣੀ ਕੀ ਏਕ ਬਾਂਹ ਬੜੀ ਸੁੰਦਰ ਹੂਈ ।

ਦੂਸਰੀ ਬਾਂਹ ਅਛੀ ਨ ਲਗੇ ਤਬ ਉਸ ਨੇ ਰਾਜਾ ਕੋ ਕਹਾ ਮੇਰੇ ਕੋ ਦੂਸਰਾ ਕੰਗਣ ਭੀ ਮੰਗਾਦੋ, ਰਾਜਾ ਨੇ ਉਸ ਬ੍ਰਾਹਮਣ ਕੋ ਬੁਲਾਯਾ, ਔਰ ਕਹਾ ਐਸਾ ਕੰਗਣ ਏਕ ਔਰ ਲਾਓ ਜਿਤਨੇ ਪੈਸੇ ਚਾਹੀਏ ਲੇ ਲੋ । ਬ੍ਰਾਹਮਣ ਨੇ ਕਹਾ ਵੋ ਕੰਗਣ ਮੇਰੇ ਕੋ ਗੰਗਾ ਜੀ ਨੇ ਰਵਿਦਾਸ ਚਮਾਰ ਵਾਸਤੇ ਦੀਆ ਥਾ । ਮੈਂ ਚੁਰਾ ਕੇ ਤੁਮਾਰੇ ਪਾਸ ਲੇ ਆਯਾ ਹੂੰ । ਫੇਰ ਰਾਜਾ ਗੰਗਾ ਤੇ ਆਯਾ । ਆਕਰ ਗੰਗਾ ਜੀ ਕੋ ਬਹੁਤ ਪ੍ਰਾਰਥਨਾ ਕਰੀ, ਪਰੰਤੂ ਗੰਗਾ ਜੀ ਨੇ ਕੁਛ ਜਬਾਬ ਨ ਦੀਆ । ਤਬ ਬ੍ਰਾਹਮਣ ਸਮੇਤ ਮਿਲ ਕਰ ਰਵਦਾਸ ਪਾਸ ਆਏ, ਔਰ ਕੰਗਣ ਵਾਸਤੇ ਪ੍ਰਾਰਥਨਾ ਕਰੀ । ਤਬ ਰਵਿਦਾਸ ਜੀ ਨੇ ਕਹਾ ਜਿਤਨੇ ਚਾਹੋ ਲਓ, ਤਬ ਜਿਸ ਪਥਰ ਤੇ ਜੂਤੇ ਬਣਾ ਰਹੇ ਸੀ, ਉਸ ਕੋ ਪਰੇ ਕਰਾ ਔਰ ਗੰਗਾ ਜੀ ਕਾ ਅਵਾਹਨ ਕੀਆ ਕਿ ਇਸਕੋ ਕੰਗਣ ਦੋ । ਗੰਗਾ ਜੀ ਏਕ ਏਕ ਛੋਲੀ ਨਾਲ ਕਈ ਕਈ ਕੰਗਣ ਬਾਹਰ ਫੈਂਕ ਦੇਵੇ, ਰਾਜਾ ਦੇਖ ਕੇ ਹੈਰਾਨ ਹੂਆ ਔਰ ਰਵਿਦਾਸ ਕੇ ਚਰਨੋਂ ਮੇਂ ਪੜਾ । ਸ਼ਿਸ਼ ਬਣਾ, ਉਸਤਤੀ ਕਰੀ ਕਿ ਗਿਆਨੀ ਭਗਤ ਔਰ ਸੰਤ, ਰਾਜਾਓਂ ਕੇ ਰਾਜਾ ਹੈਂ ।

ਪ੍ਰਮਾਣ ਗੁਰੂ ਜੀ ਲਿਖਤੇ ਹੈ :-

**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ ॥** [ਜੈਤਸਰੀ ਵਾਰ ਮ: ੫ ਸਫਾ ੭੦੭

ਮੈਂ ਤੋ ਕੰਗਾਲ ਆਪ ਕਾ ਮੰਗਤਾ ਹੂੰ ਰਵਿਦਾਸ ਜੀ ਕਹਨੇ ਲਗੇ ਯੇ ਸਭ ਨਾਮ ਕੀ ਬੜਾਈ ਹੈ ਆਪ ਨਾਮ ਜਪ ਕੇ ਬੜੇ ਤੋਂ ਬੜੇ ਹੋ ਸਕਤੇ ਹੈ ਯੇ ਰਵਿਦਾਸ ਜੀ ਕਾ ਪ੍ਰਸੰਗ ਹੈ:-

**ਭਗਤ ਭਗਤ ਜਗ ਵਜਿਆ ਚਹੁੰ ਚਕਾਂ ਦੇ ਵਿਚ ਚਮਰੇਟਾ ॥ ਪਾਣਾ ਗੰਢੈ ਰਾਹ ਵਿਚ ਕੁਲਾ ਧਰਮ ਢੋਇ ਢੋਰ ਸਮੇਟਾ ॥ ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲ ਅਮੋਲ ਪਲੇਟਾ ॥ ਚਹੁੰ ਵਰਨਾਂ ਉਪਦੇਸਦਾ ਗਿਆਨ ਧਿਆਨ ਕਰ ਭਗਤ ਸਹੇਟਾ ॥ ਨ੍ਹਾਵਣ ਆਯਾ ਸੰਗ ਮਿਲ ਬਾਨਾਰਸ ਕਰ ਗੰਗਾ ਥੇਟਾ ॥ ਕੱਢ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ ॥ ਲਗਾ ਪੁਰਬ ਅਭੀਚਦਾ ਡਿਠਾ ਚਲਿੱਤ ਅਚਰਜ ਅਮੇਟਾ ॥ ਲਇਆ ਕਸੀਰਾ ਹੱਥ ਕੱਢ ਸੂਤ ਇੱਕ ਜਿਉਂ ਤਾਨਾ ਪੇਟਾ। ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥** [ਭਾਈ ਗੁਰਦਾਸ ਵਾਰ ੧੦ ਪਉੜੀ ੧੭

ਇਸ ਪ੍ਰਕਾਰ ਰਵਿਦਾਸ ਜੀ ਦਾ ਨਾਮ ਜਗਹ ਜਗਹ ਪ੍ਰਸਿੱਧ ਹੋ ਗਯਾ, ਕਈ ਰਾਜਾ ਰਾਣੀ ਸ਼ਿਸ਼ ਬਣੇ। ਏਕ ਝਾਲੀ ਨਾਮ ਵਾਲੀ ਰਾਣੀ ਕਾਂਸ਼ੀ ਮੇਂ ਸ਼ਨਾਨ ਕਰਨੇ ਆਈ, ਰਵਿਦਾਸ ਜੀ ਕਾ ਨਾਮ ਸੁਣਾ ਦਰਸਨ ਕਰਨੇ ਆਈ, ਵਚਨ ਸੁਨੇ ਚਿਤ ਸ਼ਾਂਤ ਹੂਆ। ਪਰਮ ਸਰਧਾ ਗੁਰੂ ਬਨਾਨੇ ਕੀ ਹੂਈ ਪ੍ਰਾਰਥਨਾ ਕਰੀ, ਮੇਰੇ ਕੋ ਚੇਲੀ ਬਣਾਓ। ਰਵਿਦਾਸ ਨੇ ਬਹੁਤ ਮਨਹ ਕਰੀ, ਮੈਂ ਚਮਾਰ ਹੂੰ ਤੁਮ ਖਤ੍ਰੀ ਹੋ ਕਿਸੀ ਬ੍ਰਾਹਮਣ ਕੇ ਸ਼ਿਸ਼ ਬਣੋ। ਪਰੰਤੂ ਝਾਲੀ ਰਾਣੀ ਨੇ ਬਹੁਤ ਹਠ ਕਰਾ। ਔਰ ਪ੍ਰਤਗਯਾ ਕਰੀ ਆਪ ਕੋ ਗੁਰੂ ਬਨਾਏ ਬਿਨਾ ਅੰਨ ਜਲ ਗ੍ਰਹਣ ਨ ਕਰੂੰਗੀ। ਰਵਿਦਾਸ ਜੀ ਨੇ ਕਹਾ ਅਪਨੇ ਸੇ ਉਤਮ ਜਾਤ ਵਾਲੇ ਕਾ ਸ਼ਿਸ਼ ਬਨਨਾ ਚਾਹੀਏ। ਤਬ ਝਾਲੀ ਰਾਣੀ ਨੇ ਕਹਾ ਗੁਰੂ ਬਨਾਨੇ ਮੇਂ ਜਾਤ ਕਾ ਕੋਈ ਨਿਯਮ ਨਹੀਂ ਬ੍ਰਹਮ ਗਿਆਨੀ ਕਾ ਨਿਯਮ ਹੀ ਹੈ, ਜੈਸੇ ਸੁਕਦੇਵ ਸੁਆਮੀ ਨੇ ਬ੍ਰਾਹਮਣ ਔਰ ਸਨਿਆਸੀ ਹੋਨੇ ਪਰ ਭੀ, ਖਸਤ੍ਰੀ ਫਿਰ ਗ੍ਰਹਸਤੀ ਰਾਜਾ ਜਨਕ ਕੋ ਗੁਰੂ ਧਾਰਨ ਕੀਆ। ਔਰ ਦੋ ਵਾਰੀ ਬ੍ਰਹਮ ਵੇਤਾ ਜਨਕ ਜੀ ਮੇਂ ਗਿਲਾਨੀ ਕਰਨੇ ਸੇ ਆਠ ਕਲਾ ਵੈਰਾਗਯ ਕੀ ਘਟ ਗਈ। ਏਕ ਕਲਾ ਭੀ ਵੈਰਾਗਯ ਕੀ ਬੜੇ ਭਾਗੋਂ ਸੇ ਪ੍ਰਾਪਤ ਹੋਤੀ ਹੈ, ਜਬ ਆਠ ਕਲਾ ਵੈਰਾਗਯ ਕੀ ਚਲੀ ਗਈ ਤਬ ਸੁਕਦੇਵ ਸੁਆਮੀ ਮੇਂ ਕੋਈ ਚਿਲਕਣੀ ਔਰ ਦਮਕ ਨ ਰਹੀ, ਉਸ ਕੇ ਪਿਤਾ ਸ੍ਰੀ ਵਿਆਸ ਜੀ ਦੇਖ ਕਰ ਪੁਤ੍ਰ ਨਿਮਿਤ੍ਰ ਸੋਚ ਕਰਨੇ ਲਗੇ। ਪੁਤ੍ਰ ਕੋ ਬੜਾ ਸਮਝਾਯਾ ਪਰੰਤੂ ਨ ਸਮਝਾ। ਆਖਰ ਸ੍ਰੀ ਨਾਰਦ ਜੀ ਆਏ। ਓ ਸੁਕਦੇਵ ਜੀ ਕੇ ਸਨਮੁਖ ਮਜੂਰ ਕੇ ਰੂਪ ਮੇਂ ਨਦੀ ਮੇਂ ਰੇਤਾ ਪਾਨੇ ਲਗੇ। ਸੁਕਦੇਵ ਜੀ ਨੇ ਨ ਪਛਾਨ ਕਰ ਕਹਾ ਅਰੇ ਮੂਰਖ ਕਿਆ ਕਰ ਰਿਹਾ ਹੈਂ? ਨਾਰਦ



ਕਹਨੇ ਲਗੇ ਮੈਂ ਪੁਲ ਬਾਂਧ ਰਹਾ ਹੂੰ। ਕਹਾ ਅਰੇ ਮੂਰਖ ਰੇਤੇ ਸੇ ਭੀ ਪੁਲ ਬਾਂਧੀ ਜਾਤੀ ਹੈ? ਨਾਰਦ ਜੀ ਨੇ ਕਹਾ ਅਰੇ ਮਹਾਂ ਮੂਰਖ ਬ੍ਰਹਮਵੇਤਾ ਗੁਰੂ ਮੇਂ, ਗਿਲਾਨੀ ਕਰਨੇ ਵਾਲੇ ਕੋ ਭੀ, ਕਭੀ ਗਿਆਨ ਔਰ ਚਿਤ ਸ਼ਾਂਤੀ ਹੋਤੀ ਹੈਂ ? ਮੇਰੀਆਂ ਤੋ ਫਕਤ ਰੇਤੇ ਕੀਆ ਟੋਕਰੀਆਂ ਹੀ ਗਈਆਂ ਹੈਂ, ਜੋ ਨਦੀ ਕਾ ਰੇਤਾ ਨਦੀ ਮੇਂ ਪੜ ਗਿਆ, ਪਰੰਤੂ ਬ੍ਰਹਮ ਵੇਤਾ ਰਾਜਾ ਜਨਕ ਮੇਂ ਗਿਲਾਨੀ ਕਰਨੇ ਸੇ, ਤੁਮਾਰੀਆਂ ਆਠ ਕਲਾਂ ਵੈਰਾਗ ਦੀਆਂ, ਨਸ਼ਟ ਹੋ ਗਈਆਂ ਹਨ। ਇਸ ਵਾਸਤੇ ਤੂੰ ਮੇਰੇ ਸੇ ਭੀ ਜ਼ਿਆਦਾ ਮਹਾਂ ਮੂਰਖ ਹੈਂ, ਨਾਰਦ ਜੀ ਕੇ ਵਚਨ ਸੁਨ ਸੁਕਦੇਵ ਜੀ ਉਨੋਂ ਕੇ ਚਰਨੋਂ ਮੇਂ ਗਿਰੇ। ਤਬ ਨਾਰਦ ਜੀ ਨੇ ਉਨ ਕੋ ਅਪਨਾ ਰੂਪ ਦਿਖਾ ਕਰ ਉਪਦੇਸ਼ ਕੀਆ। ਬ੍ਰਹਮ ਵੇਤਾ ਕੀ ਚਾਹ ਅਪਨੇ ਸੇ ਨੀਚ ਜਾਤੀ ਹੋ, ਤੋ ਭੀ ਉਸ ਮੇਂ ਗਿਲਾਨੀ ਨ ਕਰਨੀ ਚਾਹੀਏ। ਉਪਦੇਸ਼ ਲੇ ਕਰ ਅਪਨਾ ਮੋਖ ਰੂਪ ਕਾਮ ਸਿਧ ਕਰਨਾ ਚਾਹੀਏ। ਸੁਕਦੇਵ ਸੁਆਮੀ ਔਰ ਰਾਜਾ ਜਨਕ ਕੀ ਕਥਾ ਗੁਰੂ ਸਾਹਿਬ ਜੀ ਭੀ ਲਿਖਤੇ ਹੈਂ:-

**ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥ ਜੂਠਨ ਜੂਠਿ ਪਰੀ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥ ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੇ ਲਾਵੈਗੋ ॥ ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈਗੋ ॥ ਤਥਾ-**

**ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥ ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥**

[ਕਾਨੜਾ ਅਸਟਪਦੀ ਮ: ੪ ਸਫਾ ੧੩੦੯

**ਕੇਸਰਿ ਕੁਸਮ ਮਿਰਗ ਮੈ ਰਹਣਾ ਸਰਬ ਸਰੀਰੀ ਚੜਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇਰਹੈ ਲਿਵਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥**

[ਤਿਲੰਗ ਮ: ੧ ਸਫਾ ੭੨੧

ਸੁਕਦੇਵ ਔਰ ਰਾਜਾ ਜਨਕ ਕਾ ਦ੍ਰਿਸ਼ਟਾਂਤ ਦੇਕਰ, ਬ੍ਰਹਮਾ ਅਰ ਵਿਆਸ ਜੀ ਕਾ ਦ੍ਰਿਸ਼ਟਾਂਤ ਦੇਤੇ ਹੈਂ। ਬ੍ਰਹਮਾ ਕਮਲ ਸੇ ਪੈਦਾ ਹੂਆ, ਅਰ ਵਿਆਸ ਜੀ ਮਛੋਦਰੀ ਸੇ ਪੈਦਾ ਹੂਏ, ਤੋ ਭੀ ਬ੍ਰਹਮਵੇਤਾ ਹੋਨੇ ਪਰ ਸਭ ਕੇ ਗੁਰੂ ਪੂਜ ਬਣੇ, ਔਰ ਜੈਸੇ ਕੇਸਰ ਫੂਲ ਚਿਕੜ ਸੇ ਪੈਦਾ ਹੋਤੇ ਹੈਂ, ਤੋ ਭੀ ਕੇਸਰ ਸੇ ਸਭ ਕੋ ਤਿਲਕ ਦੀਆ ਜਾਤਾ ਹੈ, ਔਰ ਫੂਲ ਸਿਰ ਪਰ ਚਾੜ੍ਹੇ ਜਾਤੇ ਹੈਂ, ਔਰ ਕਸਤੂਰੀ ਹਰਣ ਕੇ ਨਾਭੀ ਸੇ ਨਿਕਲਤੀ ਹੈ ਜੋ ਮਾਸ ਵਿਸ਼ੇਸ਼ ਹੈ। ਤੋ ਭੀ ਪੁੰਨ ਕਾਰਯੋਂ ਮੇਂ ਯਾਨੇ ਮੰਤ੍ਰ ਜੰਤ੍ਰੋਂ ਮੇਂ, ਅਸ਼ਟ ਗੰਧੋਂ ਮੇਂ ਪਾਈ

ਜਾਤੀ ਹੈ ਔਰ ਸਭ ਦੇਵਤਾਓਂ ਪਰ ਚਾੜ੍ਹੀ ਜਾਤੀ ਹੈ, ਕੋਈ ਦੋਸ਼ ਨਹੀਂ ਗਿਣਤਾ, ਔਰ ਜੈਸੇ ਚੰਦਨ ਕਾ ਬੂਟਾ ਆਪ ਛੋਟਾ ਹੋਤਾ ਹੈ ਪਰੰਤੂ ਆਪਨੀ ਸੁਗੰਧੀ ਨਾਲ, ਸਭ ਕੋ ਚੰਦਨ ਕਰ ਦੇਤਾ ਹੈ। ਬਾਂਸ ਬਡ਼ਪਨ ਕੇ ਹੰਕਾਰ ਸੇ ਸੁਗੰਧੀ ਗ੍ਰਹਿਣ ਨਹੀਂ ਕਰਤਾ, ਇਸ ਵਾਸਤੇ ਵੋਹ ਚੰਦਨ ਰੂਪ ਨਹੀਂ ਹੋਤਾ। ਤੈਸੇ ਭਗਤ ਔਰ ਮਹਾਤਮਾ ਲੋਗ ਭੀ ਉਪਦੇਸ਼ ਦੁਆਰਾ ਸਭ ਕੋ ਮੁਕਤ ਕਰਤੇ ਹੈਂ। ਔਰ ਜੈਸੇ ਨੀਚ ਵਰਣ ਸੇ ਭੀ ਘੀ ਮੱਖਣ ਦੂਧ ਲੇਕਰ ਖਾ ਸਕਤੇ ਹੈਂ, ਵਿਚਾਰ ਨਹੀਂ ਕਰਤੇ ਔਰ ਰੇਸ਼ਮ ਯਾਨੇ ਪਟ ਕੀੜੋਂ ਕੋ ਮਾਰ ਕਰ ਫੇਰ ਸੁਧਾਰਤੇ ਹੈਂ. ਔਰ ਬਸਤ੍ਰ ਬਣਾਤੇ ਹੈਂ, ਤਬ ਸਭ ਲੋਗ ਵਰਤਤੇ ਹੈਂ, ਔਰ ਜੈਸੇ ਕੁੰਭਾਰ ਮਿਟੀ ਕੇ ਕਸੋਰੇ ਆਦਿ ਬਣਾਤੇ ਹੈਂ। ਉਸ ਮੇਂ ਸਭ ਲੋਕ ਵਡੀ ਵਡੀ ਪੰਗਤੋਂ ਮੇਂ ਲੱਸੀ ਪਾਣੀ ਆਦਿ ਪੀਤੇ ਹੈਂ, ਕੋਈ ਸੰਕੋਚ ਨਹੀਂ ਕਰਤਾ, ਤੈਸੇ ਬ੍ਰਹਮ ਵੇਤਾ ਕੀ ਜਾਤੀ ਕਾ ਵਿਚਾਰ ਨ ਕਰਨਾ ਚਾਹੀਏ। ਜੈਸੇ ਬ੍ਰਹਮ ਗਿਆਨ, ਉਤਮ ਵਰਣ ਮੇਂ ਵਾ ਉਚੇ ਆਸਰਮ ਮੇਂ, ਵਾ ਪਵਿਤ੍ਰ ਅਸਥਾਨ ਮੇਂ ਨਿਵਾਸ ਕਰਨੇ ਸੇ ਹੋਵੇ ਹੈ ਯਹ ਨੇਮ ਨਹੀਂ, ਕਿੰਤੂ ਉਤਮ ਸੇ ਵਿਪ੍ਰੀਤ ਦੇਖਨੇ ਮੇਂ ਭੀ ਆਵੇ ਹੈ, ਦ੍ਰਿਸ਼ਟਾਂਤ ਦੇਖੋ, ਦੈਤ ਕੁਲ ਮੇਂ ਸਭ ਲੋਗੋਂ ਕੋ ਸੁਖ ਦੇਨੇ ਵਾਲਾ ਭਗਤ ਪ੍ਰਹਲਾਦ ਹੂਆ ਔਰ ਦੇਵ ਕੁਲ ਮੇਂ ਛਲੀ ਗ੍ਰਹਿ ਲੋਕੋਂ ਕੋ ਦੁਖ ਦੇਨੇ ਵਾਲਾ ਹੂਆ ਤਥਾ ਭਗਵਾਨ ਕ੍ਰਿਸ਼ਨ ਜੀ ਕੇ ਜਨਮ ਅਸਥਾਨ ਪਵਿਤ੍ਰ ਮਥੁਰਾ ਪੁਰੀ ਮੇਂ, ਪਾਪੀ ਕੰਸ ਹੂਆ ਔਰ ਰਾਖਸ਼ ਰਾਵਣ ਕੇ ਅਪਵਿਤ੍ਰ ਲੰਕਾ ਪੁਰੀ ਮੇਂ ਭਗਤ ਬਿਭੀਖਨ ਹੂਆ, ਤੈਸੇ ਵਰਣ ਦੇਵ ਰੂਪ ਜੋ ਸਮੁੰਦ੍ਰ ਹੈ ਉਸ ਮੇਂ ਲੋਕ ਨਾਸ਼ਿਕ ਵਿਖ ਪੈਦਾ ਹੂਈ, ਔਰ ਕਾਲੇ ਵਿਖ ਧਰ ਸਰਪ ਕੇ ਮਸਤਕ ਮੇਂ ਲੋਕ ਸੁਖਦਾਇਕ ਮਣੀ ਪੈਦਾ ਹੋਤੀ ਹੈ, ਐਸੇ ਨੀਚ ਵਰਣ ਮੇਂ ਗਿਆਨੀ ਭਗਤ ਪੈਦਾ ਹੋਤੇ ਹੈਂ, ਔਰ ਉਤਮ ਵਰਣ ਮੇਂ ਨਾਸਤਿਕ ਪਾਖੰਡੀ ਪੈਦਾ ਹੋਤੇ ਹੈਂ. ਔਰ ਉਤਮ ਵਰਣ ਮੇਂ ਹੀ, ਉਤਮ ਪਦਾਰਥ ਪੈਦਾ ਹੋਤੇ ਹੈਂ, ਯਹ ਨੇਮ ਨਹੀਂ ਪਰੰਤੂ ਬ੍ਰਹਮ ਗਿਆਨੀ ਕੋ ਹੀ ਗੁਰੂ ਧਾਰਨੇ ਮੇਂ ਨਿਯਮ ਹੈ, ਯਾਨੇ ਕਿਸੀ ਭੀ ਜਾਤ ਮੇਂ ਹੋ ਐਸੇ ਯੁਕਤੀਆਂ ਦੇਕਰ ਤਥਾ ਨਿੰਮ੍ਰਤਾ ਕੇ ਵਚਨ ਕਹਿ ਕਰ, ਰਵਿਦਾਸ ਜੀ ਕੋ ਪ੍ਰਸੰਨ ਕੀਆ ਔਰ ਰਵਿਦਾਸ ਜੀ ਨੇ ਉਸ ਕੋ ਉਤਮ ਅਧਿਕਾਰੀ ਸਮਝ ਕਰ ਅਪਨਾ ਚਰਨ ਸੇਵਕ ਬਨਾਯਾ। ਰਾਣੀ ਨੇ ਵਚਨੋਂ ਦੁਆਰਾ ਅਪਨਾ ਚਿਤ ਸ਼ਾਂਤ ਕੀਆ। ਫੇਰ ਰਾਣੀ ਆਗਿਆ ਲੇਕਰ ਅਪਨੀ ਰਾਜਧਾਨੀ ਮੇਂ ਆਈ। ਅਪਨੇ ਪਤੀ ਕੋ ਸਭ ਹਾਲ ਸੁਨਾਯਾ ਔਰ ਪਤੀ ਕੀ ਭੀ ਸ਼ਰਧਾ ਕਰਾਈ, ਫੇਰ ਪਤੀ ਕੋ ਪ੍ਰੇਰਾ ਕਿ ਮਹਾਰਾਜ! ਰਵਿਦਾਸ ਜੀ ਕੋ ਅਪਨੀ ਰਾਜਧਾਨੀ ਮੇਂ ਬੁਲਾਓ ਸਤਸੰਗ ਕਰੋਂ। ਰਾਜਾ ਨੇ ਵਜ਼ੀਰੋਂ ਕੋ ਭੇਜਾ ਮਨਾਕੇ ਧੂਮ ਧਾਮ ਕੇ ਸਾਥ ਰਾਜਧਾਨੀ ਮੇਂ ਲਿਆਏ। ਸਤਿਸੰਗ ਸੇ ਸਭ ਕਾ ਚਿਤ ਸ਼ਾਂਤ ਹੂਆ, ਫੇਰ ਰਾਣੀ ਨੇ ਕਈ ਲਾਖ ਰੁਪਯਾ ਲਗਾ ਕਰ, ਅਪਨੇ ਗੁਰੂ ਰਵਿਦਾਸ ਜੀ ਕੇ ਨਾਮ ਪਰ ਯਗ ਯਾਨੇ ਭੰਡਾਰਾ ਕਰਾਯਾ। ਸਭ ਦੇਸੋਂ ਕੇ ਬ੍ਰਾਹਮਣ ਬੁਲਾਏ ਔਰ ਕਹਾ ਭੇਜਾ, ਕਿ ਏਕ ਏਕ ਮੁਹਰ ਸਭ ਕੋ ਦੱਖਣਾ ਦੀ ਜਾਏਗੀ। ਅਸੰਖਯਾਤ ਹੀ ਬ੍ਰਾਹਮਣ ਕੱਠੇ ਹੋ ਗਏ। ਜਬ ਭੰਡਾਰਾ ਤਿਆਰ ਹੋ ਗਿਆ। ਪੰਗਤਾਂ ਲਗ ਗਈਆਂ ਤਬ ਜਾਤੀ ਅਭਿਮਾਨੀ ਬ੍ਰਾਹਮਣੋਂ ਨੇ ਸਭ ਕੋ ਸਿਖਾਯਾ ਕਿ ਚਮਾਰ ਕੇ ਚੇਲੇ ਰਾਜਾ ਰਾਣੀ ਕਾ ਭੋਜਨ ਨ ਖਾਵੋ। ਪੰਗਤੋਂ ਮੇਂ ਸੇ ਸਭ ਬ੍ਰਾਹਮਣ ਉਠ ਖੜੇ ਹੂਏ, ਅਰ ਕਹਾ ਹਮ ਚਮਾਰ ਕੇ ਚੇਲੇ ਕਾ ਭੋਜਨ ਨ ਕਰੇਂਗੇ, ਅਗਰ ਮੰਦਰ ਮੇਂ ਚਮਾਰ ਕੇ ਹਾਥ ਕਾ ਠਾਕੁਰ ਖਾਲੇਂਗੇ, ਤ ਹਮ ਖਾਏਂਗੇ ਨਹੀਂ ਤੋ ਹਮ ਨ ਖਾਏਂਗੇ ਤਬ ਰਾਜਾ ਔਰ ਰਾਣੀ ਨੇ ਕਹਾ ਅੱਛਾ, ਤੁਮ ਠਾਕੁਰੋਂ ਕੋ ਭੋਗ ਲਗਾਓ, ਔਰ ਹਮਾਰੇ ਗੁਰੂ ਜੀ ਭੀ ਲਗਾਤੇ ਹੈਂ, ਦੇਖੇਂ ਕਿਸਕਾ ਭੋਜਨ ਠਾਕੁਰ ਖਾਤੇ ਹੈਂ। ਤਬ ਬ੍ਰਾਹਮਣੋਂ ਨੇ ਭੀ ਠਾਕੁਰ ਜੀ ਵਾਸਤੇ, ਅਪਨੇ ਅਪਨੇ ਅਲਗ ਅਲਗ ਭੋਜਨ ਬਨਾਏ. ਔਰ ਭੋਗ ਲਗਾਨਾ ਸ਼ੁਰੂ ਕਰਾ, ਪਰ ਠਾਕੁਰ ਕਿਸੀ ਕਾ ਭੋਜਨ ਖਾਤੇਂ ਹੀ ਨ ਸਭ ਭੋਜਨ ਪੜ ਹੀ ਰਹੇ, ਤਬ ਰਵਿਦਾਸ ਜੀ ਕੋ ਕਹਾ ਗਯਾ, ਆਪ ਠਾਕੁਰੋਂ ਕੋ ਖਿਲਾਉ ਤਬ ਰਵਿਦਾਸ ਜੀ ਨੇ ਪ੍ਰੇਮ ਕੇ ਅਟਪਟੇ ਬਚਨ ਕਹਿ ਕਰ ਠਾਕੁਰ ਜੀ ਕੋ ਪ੍ਰਸੰਨ ਕੀਆ, ਔਰ ਠਾਕੁਰ ਜੀ ਪ੍ਰੇਮ ਮੇਂ ਮਗਨ ਹੋਕਰ ਭੋਜਨ ਖਾਨੇ ਲਗ ਗਏ, ਜਿਸ ਤਰਹ ਭੀਲਨੀ ਕੇ ਬੇਰ ਰਾਮ ਜੀ ਖਾਤੇ ਥੇ, ਤੈਸੇ ਭਗਵਾਨ ਰਵਿਦਾਸ ਕਾ ਭੋਜਨ ਖਾ ਕਰ ਬੜੇ ਪ੍ਰਸੰਨ ਹੂਏ ਤਬ ਸਾਰ ਬ੍ਰਾਹਮਣ ਲਜਿਤ ਹੂਏ, ਔਰ ਪੰਗਤ ਮੇਂ ਸਭ ਬ੍ਰਾਹਮਣ ਬੈਠ ਕੇ ਭੋਜਨ ਕਰਨੇ ਲਗ, ਤੋ ਠਾਕੁਰ ਜੀ ਨੇ ਏਕ ਅਦਭੁਤ ਲੀਲਾ ਕਰੀ। ਏਕ ਏਕ ਬ੍ਰਾਹਮਣ ਕੇ ਬੀਚ ਮੇਂ ਏਕ ਏਕ ਰਵਿਦਾਸ ਬਣਕੇ ਬੈਠ ਗਏ। ਅਨੰਤ ਬ੍ਰਾਹਮਣੋਂ ਕੇ ਬੀਚ ਮੇਂ ਅਨੰਤ ਰਵਿਦਾਸ ਹੋ ਗਏ। ਔਰ ਭੋਜਨ ਕਰਨੇ ਲਗੇ। ਤਬ ਬ੍ਰਾਹਮਣੋਂ ਕਾ ਅਹੰਕਾਰ ਟੂਟ ਗਿਆ ਔਰ ਸਭ ਬ੍ਰਾਹਮਣ ਰਵਿਦਾਸ ਜੀ ਕੇ ਚਰਨੋਂ ਮੇਂ ਪੜੇ, ਔਰ ਈਸ਼੍ਵਰ ਰੂਪ ਜਾਣ ਕਰ ਡੰਡੋਤਾਂ ਕਰਨੇ ਲਗ ਗਏ ਰਵਿਦਾਸ ਜੀ ਕਹਿਣੇ ਲਗੇ ਮੈਂ ਚੁਮਾਰ ਹੂੰ, ਚੁਮਾਰ ਹੂੰ। ਮੇਰਾ ਪ੍ਰਤਾਪ ਨਹੀਂ ਯੇ ਨਾਮ ਕਾ ਪ੍ਰਤਾਪ ਹੈ। ਬੜਿਓਂ ਕੇ ਸੰਗ ਸੇ ਨੀਚ ਅਰ ਛੋਟੀਆਂ ਵਸਤੂਏਂ ਭੀ ਪੂਜਿ ਹੋ ਜਾਤੀਆਂ ਹਨ। ਰਵਿਦਾਸ ਕੇ ਇਸ ਭਾਵ ਕੇ ਵਚਨ ਗੁਰੂ ਗ੍ਰੰਥ ਸਾਹਿਬ ਜੀ ਮੇਂ ਭੀ ਲਿਖੇ ਹੈਂ।

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥ ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥ ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹੀ ਹੋਇ ਆਨੰ ॥ ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥ ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥**

ਇਸ ਪਰਕਾਰ ਕੀਆਂ ਕਥਾ ਰਵਿਦਾਸ ਕੀਆਂ ਸੁਣ ਕਰ, ਧੰਨੇ ਜਟ ਕੋ ਭਗਤੀ ਕਰਨੇ ਕਾ ਖਿਆਲ ਹੋਤਾ ਭਯਾ।

ਤਥਾ ਸੈਨ ਨਾਈ ਕੀ ਕਥਾਏਂ ਸੁਨੀਆਂ। ਕਥਾ ਸੈਨ ਨਾਈ ਕੀ–ਪੂਰਬ ਦੇਸ ਮੇਂ ਬਾਂਧਵਗੜ੍ਹ ਨਾਮ ਨਗਰ ਮੇਂ ਸੈਨ ਨਾਈ ਰਹਿਤਾ ਥਾ ਔਰ ਸਵਾ ਪਹਿਰ ਸਮਾਧੀ ਮੇਂ ਰਹਿਨੇ ਕਾ ਜਿਸ ਕਾ ਨਿਯਮ ਥਾ। ਫੇਰ ਸਾਧ ਸੇਵਾ ਕਰਨੀ ਫੇਰ ਰਾਜਾ ਰਾਮ ਸਿੰਘ ਜੋ ਕਬੀਰ ਕਾ ਸ਼ਿਸ਼ ਥਾ। ਉਸ ਰਾਜਾ ਕੀ ਆ ਕੇ ਤੇਲ ਤੇ ਮਾਲਸ਼ ਕਰਨੀ, ਕਿਉਂਕਿ ਰਾਜਾ ਕੋ ਕੋਈ ਰੋਗ ਥਾ ਜਿਸ ਵਾਸਤੇ ਮਾਲਸ਼ ਕਰਾਤਾ ਥਾ, ਫੇਰ ਸਤਸੰਗ ਮੇਂ ਚਲੇ ਜਾਨਾ। ਕਬੀਰ ਜੀ ਕੇ ਸਤਿਸੰਗ ਸੇ ਸੈਨ ਨਾਈ ਕੀ, ਪਰਮਾਤਮਾ ਮੇਂ ਪ੍ਰੀਤੀ ਪੈਦਾ ਹੂਈ, ਔਰ ਕਬੀਰ ਜੀ ਨੇ ਅਪਨਾ ਗੁਰਭਾਈ ਬਣਾਯਾ, ਯਾਨੇ ਸ੍ਰੀ ਰਾਮਾਨੰਦ ਜੀ ਕਾ ਚੇਲਾ ਬਨਾਯਾ। ਇਕ ਦਿਨ ਸੈਨ ਨਾਈ ਪਾਸ ਸੰਤੋਂ ਕੀ ਮੰਡਲੀ ਆਈ, ਔਰ ਸੈਨ ਨਾਈ ਉਨੋਂ ਕੀ ਜਲ ਪਾਨਾਦਿ ਕੀ ਸੇਵਾ ਮੇਂ ਲਗ ਗਯਾ। ਫੇਰ ਸਤਿਸੰਗ ਮੇਂ ਲਗ ਗਯਾ ਉਸ ਕਾ ਇਹਾ ਹੀ ਚਿਤ ਲਗ ਗਿਆ, ਰਾਜਾ ਪਾਸ ਜਾਨੇ ਕਾ ਖਿਆਲ ਹੀ ਭੂਲ ਗਯਾ, ਜਬ ਸੰਤ ਭਜਨ ਪਾ ਕੇ ਚਲੇ ਗਏ, ਦੁਪਹਿਰ ਕੇ ਬਾਦ ਸੈਨ ਨਾਈ ਕੋ ਖਿਆਲ ਹੂਆ ਕਿ ਮੈਂ ਅਜ ਰਾਜਾ ਪਾਸ ਨਹੀਂ ਗਯਾ, ਰਾਜਾ ਨਾਰਾਜ਼ ਹੋਗਾ। ਤਬ ਜਲਦੀ ੨ ਰਾਜਦੁਆਰ ਮੇਂ ਗਯਾ ਔਰ ਰਾਜਾ ਕੋ ਕਹਿਨੇ ਹੀ ਲਗਾ ਥਾ, ਕਿ ਮੇਰੇ ਸੇ ਆਜ ਨਹੀਂ ਆਯਾ ਗਿਆ ਖਿਮਾ ਕਰੋ। ਤੋ ਰਾਜਾ ਨੇ ਦੂਰ ਸੇ ਬੁਲਾ ਲੀਆ ਅਪਨੀ ਪੋਸ਼ਾਕ ਉਤਾਰ ਕੇ ਉਸ ਕੇ ਗਲ ਪਹਿਰਾਈ ਔਰ ਕਹਾ, ਆਜ ਤੁਮ ਨੇ ਮੇਰੀ ਬਹੁਤ ਅਛੀ ਮਾਲਸ਼ ਕਰੀ ਹੈ, ਮੈਂ ਬਿਲਕੁਲ ਰਾਜ਼ੀ ਹੋ ਗਯਾ ਹਾਂ। ਵੋ ਕਹਿਨੇ ਲਗਾ ਮਹਾਰਾਜ, ਆਜ ਤੋ ਮੈਂ ਆਯਾ ਹੀ ਨਹੀਂ ਥਾ। ਰਾਜਾ ਕਹਿਨੇ ਲਗਾ ਮਾਲਸ਼ ਕਰਕੇ ਅਭੀ ਤੂੰ ਗਯਾ ਹੈਂ, ਤਬ ਉਸ ਨੇ ਜਾਨਾ ਮੇਰੇ ਰੂਪ ਮੇਂ ਭਗਵਾਨ ਹੀ ਆ ਕਰ ਸੇਵਾ ਕਰ ਗਏ ਹੈਂ, ਉਸ ਦਿਨ ਸੇ ਸਭ ਕਾਮ ਛੋੜ ਸੈਨ ਨਾਈ ਜੀ ਭਗਤੀ ਮੇਂ ਲਗ ਗਏ। ਭਾਈ ਗੁਰਦਾਸ ਜੀ ਭੀ ਲਿਖਤੇ ਹੈਂ :–

**ਸੁਣ ਪਰਤਾਪ ਕਬੀਰ ਦਾ ਦੂਜਾ ਸਿੱਖ ਹੋਆ ਸੈਨ ਨਾਈ ॥ ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ ॥ ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ ॥ ਛੋਡ ਨ ਸਕੇ ਸੰਤ ਜਨ ਰਾਜਦੁਆਰ ਨ ਸੇਵ ਕਮਾਈ ॥ ਸੈਣ ਰੂਪ ਹਰਿ ਹੋਇਕੈ ਆਇਆ ਰਾਣੇਂ ਨੋਂ ਰੀਝਾਈ ॥ ਸਾਧ ਜਨਾ ਨੋਂ ਵਿਦਾ ਕਰਿ ਰਾਜ ਦੁਆਰ ਗਇਆ ਸ਼ਰਮਾਈ ॥ ਰਾਣੇ ਦੂਰਹੁੰ ਸਦਕੈ ਗਲਹੁੰ ਕਵਾਇ ਖੋਲ੍ਹ ਪੈਨ੍ਹਾਈ ॥ ਵਸ ਕੀਤਾ ਹਉ ਤੁੱਧ ਅੱਜ ਬੋਲੇ ਰਾਜਾ ਸੁਣੈ ਲੁਕਾਈ ॥ ਪਰਗਟ ਕਰੈ ਭਗਤ ਵਡਿਆਈ ॥**

[ਭਾਈ ਗੁਰਦਾਸ ਵਾਰ ੧੦ ਪਉੜੀ ੧੬



ਭਗਤਮਾਲ ਮੇਂ ਭੀ ਸੈਨ ਨਾਈ ਕੀ ਕਥਾ ਇਸ ਤਰਹ ਲਿਖੀ ਹੈ। ਥੋੜੀ ਕਹ ਈਹਾਂ ਭੀ ਲਿਖਤੇ ਹੈਂ :–

**ਸ੍ਰੀ ਰਸਿ ਕਾਵਲ ਯਾਂ ਕਲਿਯੁਗ ਖੰਡੇ ਉਤਰਾਰਧੇ ॥**

[੪੮ ਅਧਯਾ

**ਦੋਹਰਾ–ਸਾਧੂ ਸੇਵ ਜਬ ਕਰਿ ਚੁਕਿਓ ਤਬ ਨ੍ਰਿਪ ਸੁਧਿ ਭੈ ਤਾਂਹਿ ॥**
**ਗਇਓ ਨ ਆਜ ਹਜ਼ੂਰ ਮੇਂ ਮਾਨਯੋ ਭਯਾ ਉਰਮਾਂਹਿ ॥**

**ਚੌਪਈ–ਉਤੈ ਕ੍ਰਿਸ਼ਣ ਗੁਣ ਨਿਜ ਸੇਵਕਾਈ ॥ ਸੈਨ ਰੂਪ ਧਰ ਹੈ ਅਤੁਰਾਈ। ਆਯੇ ਰਾਜਾ ਰਾਮ ਸਮੀਪੇ। ਲਗੇ ਲਗਾਵਨ ਤੇਲ ਮਹੀਪੇ ਪਰਸਤ ਕਰ ਤਨੁ ਕੇ ਸਭ ਰੋਗੂ। ਮਿਟੇ ਤੁਰੰਤ ਮਿਲਿਓ ਸੁਖ ਭੋਗੂ ਡੇਢ ਪਹਰ ਲਗਿ ਕਰ ਸੇਵਕਾਈ। ਗਵਨੇ ਭੂਪਹਿ ਮਾਥ ਨਵਾਈ। ਉਤੈ ਸੈਨ ਮਨ ਮਾਹਿ ਡਰਾਈ। ਗਯੋ ਮਹੀਪ ਸਮੀਪ ਤੁਰਾਈ। ਕਹਯੋ ਜੋਰਿ ਕਰ ਹੇ ਮਹਾਰਾਜੂ। ਬੜੀ ਚੂਕ ਮੋਸੇ ਭਈ ਆਜੂ। ਸਾ ਭੋਰ ਮੋਰੇ ਘਰ ਆਏ। ਬੜੀ ਬੇਰ ਤਨੁ ਤੇਲ ਲਗਾਏ। ਆਜ ਗ[illegible] ਸਗਰੀ ਮਮ ਪੀਰਾ। ਰਹਿਗੇ ਰੋਗ ਨ ਏਕ ਸ਼ਰੀਰਾ। ਸੈਨ ਕਹਯੋ ਮੈਂ ਨਹੀ ਆਯੋ ॥ ਭੂਪਤਿ ਤਬ ਅਤਿਸ਼ਯ ਭ੍ਰਮ ਛਾਯੋ। ਜਾਨਿਓ ਸਾਧੁ ਹੋ[illegible] ਯਦੁਰਾਈ। ਦਿਯੋ ਆਇ ਤਨੁ ਤੇਲ ਲਗਾਈ। ਅਸਗੁਣ ਸੇ ਨ[illegible] ਮਿਲੇ ਮਹੀਪਾ। ਸਿੰਘਾਸਨ ਬੈਠਾਇ ਸਮੀਪਾ।**

**ਦੋਹਾ–ਗੁਰੂ ਸਰਸ ਪੂਜਨ ਕੀਓ ਅਤਿਸ਼ਯ ਆਨੰਦ ਦਾਯ। ਸਾਧੂਨ ਸਭ ਸੇਵੇ ਨਗਰ ਦੈ ਡੌਂਡੀ ਪਿਟਵਾਇ।**

[ਭਗਤ ਮਾਲ

ਇਸ ਪ੍ਰਕਾਰ ਰਾਜਾ ਸੈਨ ਨਾਈ ਕੋ ਪਰਮੇਸ਼ਵਰ ਕਾ ਪਰਮ ਭਗਤ ਜਾਣ ਕਰ, ਸਤਿਕਾਰ ਕਰਤਾ ਭਯਾ, ਔਰ ਸੈਨ ਨਾਈ ਪਰਮਾਤਮ ਭਗਤੀ ਮੇਂ ਲੀਨ ਹੋਤਾ ਭਯਾ, ਇਸ ਪ੍ਰਕਾਰ ਕੀ ਕਥਾਏਂ ਸੁਨ ਕਰ, ਧੰਨੇ ਜੱਟ ਨੇ ਮਨ ਮੇਂ ਵਿਚਾਰ ਕਰਾ, ਕਿ ਹੇ ਮਨ ਨਾਮਦੇਵ ਛੀਂਬਾ, ਕਬੀਰ ਜੁਲਾਹਾ, ਰਵਿਦਾਸ ਚੁਮਾਰ, ਸੈਨ ਨਾਈ ਯਹ ਸਭ ਨੀਚ ਜਾਤ ਵਾਲੇ ਹੈਂ। ਪਰ ਨਾਮ ਕੇ ਪ੍ਰਤਾਪ ਸੇ ਪੂਜ ਹੋ ਗਏ ਤਰ ਗਏ ਤੂੰ, ਤੋ ਵੈਸ਼ਯ ਸੇ ਭੀ ਉਤਮ ਹੈਂ। ਖਤ੍ਰੀ ਜਾਟ ਹੈਂ। ਤੂੰ ਨਾਮ ਜਪਕੇ ਨ ਤਰੇਂਗਾ ? ਜ਼ਰੂਰ ਤਰੇਂਗਾ।

**ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪਰਤਿ[illegible] ਗੁਸਾਈਆ ਧੰਨਾ ਵਡਭਾਗਾ ॥**

[ਆਸਾ ਭਾ: ਧੰਨਾ ਸਫਾ ੪੮੮

ਧੰਨਾ ਭਗਤ ਜਾਟ ਜ਼ਿਮੀਦਾਰੋਂ ਮੇਂ ਪੈਦਾ ਹੂਆ ਥਾ, ਇਸ ਕੇ ਗ੍ਰਾਮ ਮੇਂ ਸੰਤ ਬਹੁਤ ਰਹਾ ਕਰਤੇ ਥੇ। ਇਨ ਕੇ ਮਾਤਾ ਪਿਤਾ ਭੀ ਸੰਤ ਸੰਗੀ ਥੇ, ਔਰ ਯੇਹ ਆਪ ਮਾਤਾ ਪਿਤਾ ਕੇ ਸਾਥ ਜਾਯਾ ਕਰਤਾ ਥਾ, ਕਥਾ ਬੜੇ ਖਿਆਲ ਸੇ ਸੁਨਾ ਕਰਤਾ ਥਾ, ਪੂਰਵ ਕਹੇ ਭਗਤੋਂ ਕੀ ਕਥਾ ਸੁਨ ਕਰ ਉਸ ਕੇ, ਚਿਤ ਮੇਂ ਭਗਤੀ ਕਾ ਖਿਆਲ ਪੈਦਾ । ਔਰ ਬਚਪਨ ਮੇਂ ਘਰ ਕੀਆਂ ਗਊਆਂ ਚਾਰਨੇ ਜਾਯਾ ਕਰਤਾ ਥਾ। ਜਾਂਤੇ ਵਕਤ ਹਰ ਰੋਜ਼ ਨਦੀ ਕਿਨਾਰੇ ਪਰ ਤ੍ਰਿਲੋਚਨ ਭਗਤ, ਸ਼ਨਾਨ ਕਰ ਠਾਕੁਰ ਪੂਜਾ ਕਰਾ ਕਰਤਾ ਥਾ। ਯਹ ਭੀ ਦੂਰ ਸੇ ਖੜਾ ਹੋ ਕਰ ਰੋਜ਼ ਦੇਖਾ ਕਰਤਾ ਥਾ । ਏਕ ਦਿਨ ਚਿਤ ਮੇਂ ਠਾਕੁਰ ਪੂਜਾ ਕਰਨੇ ਕਾ ਤੀਬਰ ਖਿਆਲ ਹੂਆ । ਔਰ ਤ੍ਰਿਲੋਚਨ ਭਗਤ ਪਾਸ ਜਾ ਕੇ ਕਹਿਨੇ ਲਗਾ, ਮੇਰੇ ਕੋ ਠਾਕੁਰ ਦੇਵੋ ਮੈਂ ਭੀ ਪੂਜਾ ਕਰੂੰਗਾ, ਵੋ ਦੇਵੇਂ ਨਹੀਂ ਤਬ ਸਭ ਸੇ ਉਤਮ ਕਪਿਲਾ ਗਊ ਤ੍ਰਿਲੋਚਨ ਕੋ ਦੂਧ ਪੀਨੇ ਵਾਸਤੇ ਦਿਤੀ, ਔਰ ਕਹਾ ਹੋਰ ਭੀ ਚੰਗੀ ਸੇਵਾ ਕਰੂੰਗਾ ਮੇਰੇ ਕੋ ਠਾਕੁਰ ਦੇਵੋ। ਤਬ ਧੰਨੇ ਕਾ ਹੱਠ, ਪ੍ਰੇਮ ਔਰ ਸੇਵਾ ਦੇਖ ਕਰ, ਏਕ ਬੜਾ ਪਥਰ ਦੇਕਰ ਤ੍ਰਿਲੋਚਨ ਨੇ ਕਹਾ ਯਹ ਸਭ ਸੇ ਬੜਾ ਠਾਕੁਰ ਹੈ। ਸਵੇਰੇ ਨਹਾ ਧੋ ਕਰ ਐਸੇ ਪੂਜਾ ਕਰਨੀ । ਉਸ ਨੇ ਕਹਾ ਅਛਾ ਠਾਕੁਰ ਲੈ ਕੇ ਬੜਾ ਪ੍ਰਸੰਨ ਹੋ ਕੇ, ਧੰਨਾ ਘਰ ਆਇਆ ਔਰ ਜਗਹ ਲਿਪ ਸਵਾਰ ਕੇ ਏਕਾਂਤ ਮੇਂ ਠਾਕੁਰ ਕੋ ਅਸਥਾਪਨ ਕਰਿਆ । ਔਰ ਨਹਾ ਧੋ ਕਰ ਠਾਕੁਰ ਜੀ ਕੋ ਸ਼ਨਾਨਿ ਕਰਾਇ ਕਪੜੇ ਭੂਸ਼ਣ ਪਹਿਰਾਏ, ਤਰਾਂ ਤਰਾਂ ਕੀ ਸਮਗ੍ਰੀ ਸੇ ਪੂਜਨ ਕੀਆ, ਫੇਰ ਰੋਟੀ ਸਾਗ ਲਸੀ ਮਖਨ ਲਾਕਰ ਠਾਕੁਰ ਜੀ ਕੇ ਆਗੇ ਰਖ ਕਰ, ਪਰਦਾ ਕਰ ਦੀਆ । ਕਿ ਠਾਕੁਰ ਪਰਦੇ ਮੇਂ ਖਾਏਗਾ । ਕੁਛ ਦੇਰੀ ਸੇ ਬਾਦ ਖਿਆਲ ਕਰਾ, ਠਾਕੁਰੋਂ ਨੇ ਬੁਲਾਯਾ ਨਹੀਂ ਖਾ ਚੁਕੇ ਹੋਂਗੇ । ਡਰ ਡਰ ਕਰ ਪਰਦਾ ਚੁਕਿਆ । ਦੇਖਾ ਠਾਕੁਰ ਜੀ ਨੇ ਅਜੇ ਖਾਯਾ ਨਹੀਂ, ਫੇਰ ਪਰਦਾ ਕਰ ਲੀਆ। ਥੋੜੀ ਦੇਰ ਬਾਦ ਫੇਰ ਦੇਖਾ ਤੋ ਖਾਯਾ ਨਹੀਂ, ਮਿਨਤਾਂ ਕਰਨੇ ਲਗਾ । ਕਹਨੇ ਲਗਾ ਸਬਬ ਦਸ ਕਿਉਂ ਨਹੀਂ ਖਾਤੇ ਸਬਬ ਦਸ ਕਿਆ ਕਸੂਰ ਹੈ ? ਕੁਛ ਆਵਾਜ਼ ਨਹੀਂ ਆਈ। ਤਬ ਰੋਨੇ ਲਗਾ । ਬਹੁਤੋਂ ਨੇ ਸਮਝਾਇਆ ਭੀ, ਪਰ ਧੰਨੇ ਨੇ ਹਠ ਕਰਿਆ ਤੋ ਅਬ ਤੋ ਮੇਰਾ ਜੀਵਣ ਮਰਣ ਠਾਕੁਰ ਜੀ ਕੇ ਸਾਥ ਹੈ, ਖਾਏਂਗੇ ਤੋ ਖਾਊਂਗਾ ਨਾ ਖਾਏਂਗੇ ਤੋ ਨਾ ਖਾਊਂਗਾ ਇਸ ਤਰਹ ਦੋ ਦਿਨ ਗੁਜਰ ਗਏ। ਪਰ ਠਾਕੁਰ ਜੀ ਨੇ ਭੋਜਨ ਨਹੀਂ ਕੀਆ । ਤਬ ਧੰਨਾ ਬਨ ਮੇਂ ਜਾ ਕਰ ਲਕੜੀਆਂ ਕਠੀਆਂ ਕਰਕੇ ਜਲਨੇ ਲਗਾ । ਭਗਵਾਨ ਨੇ ਸੁਆਮੀ ਰਾਮਾ ਨੰਦ ਕੋ ਪ੍ਰੇਰਾ ਕਿ ਧੰਨੇ ਕੋ ਸਮਝਾਉ। ਜਲਨੇ ਵਕਤ ਰਾਮਾ ਨੰਦ ਜੀ ਪਹੁੰਚ ਗਏ ਧੰਨੇ ਕੋ ਸਮਝਾਇਆ, ਆਪਣਾ ਸ਼ਿਸ਼ ਬਣਾਇਆ । ਨਿਰਗੁਣ ਬ੍ਰਹਮ ਕਾ ਉਪਦੇਸ਼ ਕੀਆ । ਨਿਰਗੁਣ ਬ੍ਰਹਮ ਕੇ ਉਪਦੇਸ਼ ਸੇ ਸਭ ਭੇਦ ਸਮਝਾ ਕਰ ਬ੍ਰਹਮ ਗਿਆਨ ਭੀ ਕਰਾ ਦੀਆ, ਪਰ ਧੰਨੇ ਨੇ ਜੋ ਪ੍ਰਣ ਕਰਾ ਥਾ, ਭਗਵਾਨ ਕੋ ਖਿਲਾ ਕੇ ਖਾਊਂਗਾ ਨਾ ਤੋ ਮਰ ਜਾਊਂਗਾ ਯੇ ਹੱਠ ਨ ਛੋੜਾ । ਤਬ ਭਗਵਾਨ ਨੇ ਉਹਾਂ ਪ੍ਰਤੱਖ ਹੋ ਕੇ ਦਰਸ਼ਨ ਦੀਆ । ਅਰ ਕਹਾ ਮਤ ਨ ਹਮ ਤੁਮਾਰਾ ਭੋਜਨ ਕਰੇਂਗੇ । ਧੰਨੇ ਨੇ ਕਹਾ ਰੋਜ਼ ਰੋਜ਼ ਤੁਮ ਹਮਾਰੇ ਸੇ ਜਿਦ



ਕਰੋਗੇ, ਇਸ ਸੇ ਮਰਨਾ ਹੀ ਅਛਾ ਹੈ । ਭਗਵਾਨ ਉਸ ਕੋ ਪਿਆਰ ਕਰਕੇ ਪਰਚਾ ਰਹੇ ਹਨ ਕਿ ਮੈਂ ਤੁਮਾਰੇ ਸੇ ਜ਼ਿਦ ਨ ਕਰੂੰਗਾ । ਤੁਮਾਰੇ ਸਾਥ ਰਹੂੰਗਾ ਕੰਮ ਕਰੂੰਗਾ ਪਰੰਤੂ ਤੂੰ ਮਰ ਨਾ । ਤਬ ਧੰਨਾ ਠਾਕੁਰ ਕੇ ਸਾਥ ਘਰ ਆਇਆ, ਰੋਟੀ ਖਿਲਾਈ ਆਪ ਭੀ ਖਾਈ, ਅਬ ਠਾਕੁਰ ਕੋ ਸਾਥ ਲੇਕਰ ਖੇਤੀ ਬਾੜੀ ਕਾ ਸਭ ਕਾਮ ਆਪ ਕਰਤਾ ਰਹਾ, ਅਪਨੇ ਬਾਪ ਕੋ ਛੁਟੀ ਦੇਕਰ ਘਰ ਮੇਂ ਬਿਠਾ ਦੀਆ।

ਭਗਵਾਨ ਧੰਨੇ ਨਾਲ ਮਿਲ ਕਰ ਕਭੀ ਹਲ ਵਾਹਤੇ ਹੈਂ, ਕਭੀ ਕੂਆਂ ਚਲਾਤੇ ਕਭੀ ਨਕੇ ਮੋੜਤੇ ਹੈਂ । ਐਸੇ ਭਗਤ ਕੇ ਸਭ ਕਾਮ ਕਰਤੇ ਹੈਂ । ਏਕ ਦਿਨ ਤ੍ਰਿਲੋਚਨ ਭਗਤ ਧੰਨੇ ਕੋ ਮਿਲੇ, ਪੂਛਾ ਠਾਕੁਰ ਜੀ ਕੀ ਪੂਜਾ ਕਰਤਾ ਹੈਂ ? ਭੋਗ ਲਗਾਤਾ ਹੈਂ ? ਧੰਨਾ ਕਹਿਨੇ ਲਗਾ ਤੁਮਾਰੇ ਠਾਕੁਰ ਦੋ ਦਿਨ ਰੁਸੇ ਰਹੇ ਕੁਛ ਨਹੀਂ ਖਾਯਾ ਪੀਆ, ਮੈਂ ਮਰਨੇ ਲਗਾ ਥਾ ਫਿਰ ਆ ਕੇ ਮਨਾਯਾ ਹੁਣ ਤੋ ਖਾਤੇ ਪੀਤੇ ਹੈਂ, ਸਭ ਕਾਮ ਕਰਤੇ ਹੈਂ। ਭਗਤ ਤ੍ਰਿਲੋਚਨ ਹੈਰਾਨ ਹੂਆ ਕਿ ਕਾਮ ਕਰਤੇ ਹੈਂ ! ਕਿਆ ਕਾਮ ਕਰਤੇ ਹੈਂ ? ਕਹਾ ਹਲ ਚਲਾਤੇ ਹੈਂ, ਖੂਹ ਚਲਾਤੇ ਹੈਂ, ਨਕੇ ਮੋੜਤੇ ਹੈਂ, ਗਊਆਂ ਚਰਾਤੇ ਹੈਂ ? ਭਗਤ ਨੇ ਕਹਾ ਮੇਰੇ ਕੋ ਦਰਸ਼ਨ ਕਰਾ, ਧੰਨੇ ਨੇ ਕਹਾ ਚਲੋ। ਕੂਏਂ ਤੇ ਲੇ ਆਇਆ। ਭਗਵਾਨ ਉਸ ਕੋ ਦਰਸ਼ਨ ਨ ਦੇਤੇ ਭਏ । ਤਬ ਧੰਨੇ ਨੇ ਕਹਾ ਯੇ ਮੇਰੇ ਗੁਰੂ ਹੈਂ ਇਨੇਂ ਕੋ ਜਰੂਰ ਦਰਸ਼ਨ ਦੇ। ਤਬ ਭਗਵਾਨ ਨੇ ਦਰਸ਼ਨ ਦੀਏ ਔਰ ਕਹਾ ਮੈਂ ਭਗਤ ਕੇ ਅਧੀਨ ਹੂੰ। ਯੇ ਬੜਾ ਭੋਲਾ ਭਾਲਾ ਥਾ।

**ਭੋਲੇ ਭਾਇ ਮਿਲੇ ਰਘੁਰਾਇਆ ॥** [ਗਉੜੀ ਕਬੀਰ ਸਫਾ ੩੨੪

ਤਥਾ-**ਧੰਨੇ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥**
**ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥**
[ਬਸੰਤ ਮ: ੫ ਸਫਾ ੧੧੯੨

ਇਸ ਪ੍ਰਕਾਰ ਸੁਣ ਸੁਣ ਕਰ ਭੋਲੇ ਭਾਵ ਵਾਲਾ ਧੰਨਾ, ਜੱਟ ਭਗਤੀ ਕਰ ਕਰ ਪ੍ਰਮਾਤਮਾ ਕਾ ਦਰਸ਼ਨ ਪਾਤਾ ਭਯਾ । ਔਰ ਸ੍ਰਵਣ ਕਾ ਮਹਾਤਮ ਸ੍ਰੀ ਜਪੁਜੀ ਮੇਂ ਚਾਰ ਪਉੜੀਓਂ ਦੁਆਰਾ ਗੁਰੂ ਜੀ ਲਿਖਤੇ ਹੈਂ:-

**ਸੁਣਿਐ ਸਿਧ ਪੀਰ ਸੁਰਿ ਨਾਥ ॥** ਇਤਿਆਦਿ।

ਤਥਾ-ਅਨਯ ਸ਼ਾਸਤਰੋਂ ਮੇਂ ਭੀ ਸ੍ਰਵਣ ਕਾ ਮਹਾਤਮ ਲਿਖਤੇ ਹੈਂ:-

**ਸ਼ਲੋਕ-ਸ਼੍ਰੁਤ੍ਵਾ ਧਰਮੰ ਜਾਨਾਤਿ ਸ਼੍ਰੁਤ੍ਵਾ ਤ੍ਯਜਤਿ ਦੁਰਮਤਿੰ ॥ ਸ਼੍ਰੁਤ੍ਵਾ ਗਿਆਨ ਮੇਵਾਪ੍ਨੋਤਿ ਸ਼੍ਰੁਤ੍ਵਾ ਮੋਖਸਮਵਾਪ੍ਨੁਯਾਤ ॥**
[ਸੁਭਾਸਿਤ ਰਤਨਾਕਰ ਪ੍ਰਸ਼ਟ ੧੬੪

ਅਰਥ-ਯੇ ਪੁਰਸ਼ ਸ਼ਾਸਤ੍ਰ ਔਰ ਮਹਾਤਮਾ ਕੇ ਵਚਨ ਕੋ, ਸ੍ਰਵਣ ਕਰਕੇ ਹੀ ਧਰਮਾਧਰਮ ਕੋ ਜਾਨਤਾ ਹੈ, ਔਰ ਸ੍ਰਵਣ ਸੇ ਹੀ ਦੁਰਮਤਿ ਕੋ ਤ੍ਯਾਗਤਾ ਹੈ ਔਰ

ਧੰਨਾ ਭਗਤ ਜਾਟ ਜਿਮੀਦਾਰੋਂ ਮੇਂ ਪੈਦਾ ਹੂਆ ਥਾ, ਇਸ ਕੇ ਗ੍ਰਾਮ ਮੇਂ ਸੰਤ ਬਹੁਤ ਰਹਾ ਕਰਤੇ ਥੇ। ਇਨ ਕੇ ਮਾਤਾ ਪਿਤਾ ਭੀ ਸੰਤ ਸੰਗੀ ਥੇ, ਔਰ ਯੇਹ ਆਪ ਮਾਤਾ ਪਿਤਾ ਕੇ ਸਾਥ ਜਾਯਾ ਕਰਤਾ ਥਾ, ਕਥਾ ਬੜੇ ਖਿਆਲ ਸੇ ਸੁਨਾ ਕਰਤਾ ਥਾ, ਪੂਰਵ ਕਹੇ ਭਗਤੋਂ ਕੀ ਕਥਾ ਸੁਨ ਕਰ ਉਸ ਕੇ, ਚਿਤ ਮੇਂ ਭਗਤੀ ਕਾ ਖਿਆਲ ਪੈਦਾ। ਔਰ ਬਚਪਨ ਮੇਂ ਘਰ ਕੀਆਂ ਗਊਆਂ ਚਾਰਨੇ ਜਾਯਾ ਕਰਤਾ ਥਾ। ਜਾਤੇ ਵਕਤ ਹਰ ਰੋਜ਼ ਨਦੀ ਕਿਨਾਰੇ ਪਰ ਤ੍ਰਿਲੋਚਨ ਭਗਤ, ਸ਼ਨਾਨ ਕਰ ਠਾਕੁਰ ਪੂਜਾ ਕਰਾ ਕਰਤਾ ਥਾ। ਯਹ ਭੀ ਦੂਰ ਸੇ ਖੜਾ ਹੋ ਕਰ ਰੋਜ਼ ਦੇਖਾ ਕਰਤਾ ਥਾ। ਏਕ ਦਿਨ ਚਿਤ ਮੇਂ ਠਾਕੁਰ ਪੂਜਾ ਕਰਨੇ ਕਾ ਤੀਬਰ ਖਿਆਲ ਹੂਆ। ਔਰ ਤ੍ਰਿਲੋਚਨ ਭਗਤ ਪਾਸ ਜਾ ਕੇ ਕਹਿਨੇ ਲਗਾ, ਮੇਰੇ ਕੋ ਠਾਕੁਰ ਦੇਵੋ ਮੈਂ ਭੀ ਪੂਜਾ ਕਰੂੰਗਾ, ਵੋ ਦੇਵੇਂ ਨਹੀਂ ਤਬ ਸਭ ਸੇ ਉਤਮ ਕਪਿਲਾ ਗਊ ਤ੍ਰਿਲੋਚਨ ਕੋ ਦੂਧ ਪੀਨੇ ਵਾਸਤੇ ਦਿਤੀ. ਔਰ ਕਹਾ ਹੋਰ ਭੀ ਚੰਗੀ ਸੇਵਾ ਕਰੂੰਗਾ ਮੇਰੇ ਕੋ ਠਾਕੁਰ ਦੇਵੋ। ਤਬ ਧੰਨੇ ਕਾ ਹੱਠ, ਪ੍ਰੇਮ ਔਰ ਸੇਵਾ ਦੇਖ ਕਰ, ਏਕ ਬੜਾ ਪਥਰ ਦੇਕਰ ਤ੍ਰਿਲੋਚਨ ਨੇ ਕਹਾ ਯਹ ਸਭ ਸੇ ਬੜਾ ਠਾਕੁਰ ਹੈ। ਸਵੇਰੇ ਨਹਾ ਧੋ ਕਰ ਐਸੇ ਪੂਜਾ ਕਰਨੀ। ਉਸ ਨੇ ਕਹਾ ਅਛਾ ਠਾਕੁਰ ਲੈ ਕੇ ਬੜਾ ਪ੍ਰਸੰਨ ਹੋ ਕੇ, ਧੰਨਾ ਘਰ ਆਇਆ ਔਰ ਜਗਹ ਲਿਪ ਸਵਾਰ ਕੇ ਏਕਾਂਤ ਮੇਂ ਠਾਕੁਰ ਕੋ ਅਸਥਾਪਨ ਕਰਿਆ। ਔਰ ਨਹਾ ਧੋ ਕਰ ਠਾਕੁਰ ਜੀ ਕੋ ਸ਼ਨਾਨਿ ਕਰਾਇ ਕਪੜੇ ਭੂਸ਼ਣ ਪਹਿਰਾਏ, ਤਰਾਂ ਤਰਾ ਕੀ ਸਮਗ੍ਰੀ ਸੇ ਪੂਜਨ ਕੀਆ, ਫੇਰ ਰੋਟੀ ਸਾਗ ਲਸੀ ਮਖਨ ਲਾਕਰ ਠਾਕੁਰ ਜੀ ਕੇ ਆਗੇ ਰਖ ਕਰ, ਪਰਦਾ ਕਰ ਦੀਆ। ਕਿ ਠਾਕੁਰ ਪਰਦੇ ਮੇਂ ਖਾਏਗਾ। ਕੁਛ ਦੇਰੀ ਸ ਬਾਦ ਖਿਆਲ ਕਰਾ, ਠਾਕੁਰੋਂ ਨੇ ਬੁਲਾਯਾ ਨਹੀਂ ਖਾ ਚੁਕੇ ਹੋਂਗੇ। ਡਰ ਡਰ ਕਰ ਪਰਦਾ ਚੁਕਿਆ। ਦੇਖਾ ਠਾਕੁਰ ਜੀ ਨੇ ਅਜੇ ਖਾਯਾ ਨਹੀਂ, ਫੇਰ ਪਰਦਾ ਕਰ ਲੀਆ। ਥੋੜੀ ਦੇਰ ਬਾਦ ਫੇਰ ਦੇਖਾ ਤੋ ਖਾਯਾ ਨਹੀਂ, ਮਿਨਤਾਂ ਕਰਨੇ ਲਗਾ। ਕਹਨੇ ਲਗਾ ਸਬਬ ਦਸ ਕਿਉਂ ਨਹੀਂ ਖਾਤੇ ਸਬਬ ਦਸ ਕਿਆ ਕਸੂਰ ਹੈ? ਕੁਛ ਆਵਾਜ਼ ਨਹੀਂ ਆਈ। ਤਬ ਰੋਨੇ ਲਗਾ। ਬਹੁਤੋਂ ਨੇ ਸਮਝਾਇਆ ਭੀ, ਪਰ ਧੰਨੇ ਨੇ ਹਠ ਕਰਿਆ ਤੋ ਅਬ ਤੋ ਮੇਰਾ ਜੀਵਣ ਮਰਣ ਠਾਕੁਰ ਜੀ ਕੇ ਸਾਥ ਹੈ, ਖਾਏਂਗੇ ਤੋ ਖਾਊਂਗਾ ਨਾ ਖਾਏਂਗੇ ਤੋ ਨਾ ਖਾਊਂਗਾ ਇਸ ਤਰਹ ਦੋ ਦਿਨ ਗੁਜ਼ਰ ਗਏ। ਪਰ ਠਾਕੁਰ ਜੀ ਨੇ ਭੋਜਨ ਨਹੀਂ ਕੀਆ। ਤਬ ਧੰਨਾ ਬਨ ਮੇਂ ਜਾ ਕਰ ਲਕੜੀਆਂ ਕਠੀਆ ਕਰਕੇ ਜਲਨੇ ਲਗਾ। ਭਗਵਾਨ ਨੇ ਸੁਆਮੀ ਰਾਮਾ ਨੰਦ ਕੋ ਪ੍ਰੇਰਾ ਕਿ ਧੰਨੇ ਕੋ ਸਮਝਾਉ। ਜਲਨੇ ਵਕਤ ਰਾਮਾ ਨੰਦ ਜੀ ਪਹੁੰਚ ਗਏ ਧੰਨੇ ਕੋ ਸਮਝਾਇਆ, ਆਪਣਾ ਸ਼ਿਸ਼ ਬਣਾਇਆ। ਨਿਰਗੁਣ ਬ੍ਰਹਮ ਕਾ ਉਪਦੇਸ਼ ਕੀਆ। ਨਿਰਗੁਣ ਬ੍ਰਹਮ ਕੇ ਉਪਦੇਸ਼ ਸੇ ਸਭ ਭੇਦ ਸਮਝਾ ਕਰ ਬ੍ਰਹਮ ਗਿਆਨ ਭੀ ਕਰਾ ਦੀਆ, ਪਰ ਧੰਨੇ ਨੇ ਜੋ ਪ੍ਰਣ ਕਰਾ ਥਾ, ਭਗਵਾਨ ਕੋ ਖਿਲਾ ਕੇ ਖਾਊਂਗਾ ਨਾ ਤੋ ਮਰ ਜਾਊਂਗਾ ਯੇ ਹੱਠ ਨ ਛੋੜਾ। ਤਬ ਭਗਵਾਨ ਨੇ ਊਹਾਂ ਪ੍ਰਤੱਖ ਹੋ ਕੇ ਦਰਸ਼ਨ ਦੀਆ। ਅਰ ਕਹਾ ਮਤ ਨ ਹਮ ਤੁਮਾਰਾ ਭੋਜਨ ਕਰੇਂਗੇ। ਧੰਨੇ ਨੇ ਕਹਾ ਰੋਜ਼ ਰੋਜ਼ ਤੁਮ ਹਮਾਰੇ ਸੇ ਜਿਦ



ਕਰੋਗੇ, ਇਸ ਸੇ ਮਰਨਾ ਹੀ ਅਛਾ ਹੈ। ਭਗਵਾਨ ਉਸ ਕੋ ਪਿਆਰ ਕਰਕੇ ਪਰਚਾ ਰਹੇ ਹਨ ਕਿ ਮੈਂ ਤੁਮਾਰੇ ਸੇ ਜ਼ਿਦ ਨ ਕਰੂੰਗਾ। ਤੁਮਾਰੇ ਸਾਥ ਰਹੂੰਗਾ ਕੰਮ ਕਰੂੰਗਾ ਪਰੰਤੂ ਤੂੰ ਮਰ ਨਾ। ਤਬ ਧੰਨਾ ਠਾਕੁਰ ਕੇ ਸਾਥ ਘਰ ਆਇਆ, ਰੋਟੀ ਖਿਲਾਈ ਆਪ ਭੀ ਖਾਈ, ਅਬ ਠਾਕੁਰ ਕੋ ਸਾਥ ਲੇਕਰ ਖੇਤੀ ਬਾੜੀ ਕਾ ਸਭ ਕਾਮ ਆਪ ਕਰਤਾ ਰਹਾ, ਅਪਨੇ ਬਾਪ ਕੋ ਛੁਟੀ ਦੇਕਰ ਘਰ ਮੇਂ ਬਿਠਾ ਦੀਆ।

ਭਗਵਾਨ ਧੰਨੇ ਨਾਲ ਮਿਲ ਕਰ ਕਭੀ ਹਲ ਵਾਹਤੇ ਹੈਂ, ਕਭੀ ਕੂਆਂ ਚਲਾਤੇ ਕਭੀ ਨਕੇ ਮੋੜਤੇ ਹੈਂ। ਐਸੇ ਭਗਤ ਕੇ ਸਭ ਕਾਮ ਕਰਤੇ ਹੈਂ। ਏਕ ਦਿਨ ਤ੍ਰਿਲੋਚਨ ਭਗਤ ਧੰਨੇ ਕੋ ਮਿਲੇ, ਪੂਛਾ ਠਾਕੁਰ ਜੀ ਕੀ ਪੂਜਾ ਕਰਤਾ ਹੈਂ? ਭੋਗ ਲਗਾਤਾ ਹੈਂ? ਧੰਨਾ ਕਹਿਨੇ ਲਗਾ ਤੁਮਾਰੇ ਠਾਕੁਰ ਦੋ ਦਿਨ ਰੁਸੇ ਰਹੇ ਕੁਛ ਨਹੀਂ ਖਾਯਾ ਪੀਆ, ਮੈਂ ਮਰਨੇ ਲਗਾ ਥਾ ਫਿਰ ਆ ਕੇ ਮਨਾਯਾ ਹੁਣ ਤੋ ਖਾਤੇ ਪੀਤੇ ਹੈਂ, ਸਭ ਕਾਮ ਕਰਤੇ ਹੈਂ। ਭਗਤ ਤ੍ਰਿਲੋਚਨ ਹੈਰਾਨ ਹੂਆ ਕਿ ਕਾਮ ਕਰਤੇ ਹੈਂ! ਕਿਆ ਕਾਮ ਕਰਤੇ ਹੈਂ? ਕਹਾ ਹਲ ਚਲਾਤੇ ਹੈਂ, ਖੂਹ ਚਲਾਤੇ ਹੈਂ, ਨਕੇ ਮੋੜਤੇ ਹੈਂ, ਗਊਆਂ ਚਰਾਤੇ ਹੈਂ? ਭਗਤ ਨੇ ਕਹਾ ਮੇਰੇ ਕੋ ਦਰਸ਼ਨ ਕਰਾ, ਧੰਨੇ ਨੇ ਕਹਾ ਚਲੋ। ਕੂਏਂ ਤੇ ਲੇ ਆਇਆ। ਭਗਵਾਨ ਉਸ ਕੋ ਦਰਸ਼ਨ ਨ ਦੇਤੇ ਭਏ। ਤਬ ਧੰਨੇ ਨੇ ਕਹਾ ਯੇ ਮੇਰੇ ਗੁਰੂ ਹੈਂ ਇਨੇਂ ਕੋ ਜ਼ਰੂਰ ਦਰਸ਼ਨ ਦੇ। ਤਬ ਭਗਵਾਨ ਨੇ ਦਰਸ਼ਨ ਦੀਏ ਔਰ ਕਹਾ ਮੈਂ ਭਗਤ ਕੇ ਅਧੀਨ ਹੂੰ। ਯੇ ਬੜਾ ਭੋਲਾ ਭਾਲਾ ਥਾ।

**ਭੋਲੇ ਭਾਇ ਮਿਲੇ ਰਘੁਰਾਇਆ ॥** [ਗਉੜੀ ਕਬੀਰ ਸਫ਼ਾ ੩੨੪

ਤਥਾ-**ਧੰਨੇ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸ ॥**

[ਬਸੰਤ ਮ: ੫ ਸਫ਼ਾ ੧੧੯੨

ਇਸ ਪ੍ਰਕਾਰ ਸੁਣ ਸੁਣ ਕਰ ਭੋਲੇ ਭਾਵ ਵਾਲਾ ਧੰਨਾ, ਜੱਟ ਭਗਤੀ ਕਰ ਕਰ ਪ੍ਰਮਾਤਮਾ ਕਾ ਦਰਸ਼ਨ ਪਾਤਾ ਭਯਾ। ਔਰ ਸ੍ਰਵਣ ਕਾ ਮਹਾਤਮ ਸ੍ਰੀ ਜਪੁਜੀ ਮੇਂ ਚਾਰ ਪਉੜੀਓਂ ਦੁਆਰਾ ਗੁਰੂ ਜੀ ਲਿਖਤੇ ਹੈਂ:-

**ਸੁਣਿਐ ਸਿਧ ਪੀਰ ਸੁਰਿ ਨਾਥ ॥** ਇਤਿਆਦਿ।

ਤਥਾ-ਅਨਜ ਸ਼ਾਸਤਰੋਂ ਮੇਂ ਭੀ ਸ੍ਰਵਣ ਕਾ ਮਹਾਤਮ ਲਿਖਤੇ ਹੈਂ:-

**ਸ਼ਲੋਕ-ਸ਼੍ਰੁਤ੍ਵਾ ਧਰਮੰ ਜਾਨਾਤਿ ਸ਼੍ਰੁਤ੍ਵਾ ਤਜਜਤਿ ਦੁਰਮਤਿੰ ॥ ਸ਼੍ਰੁਤ੍ਵਾ ਗਿਆਨ ਮੇਵਾਪ੍ਨੋਤਿ ਸ਼੍ਰੁਤ੍ਵਾ ਮੋਖਸਮਵਾਪ੍ਨੁਯਾਤ ॥**

[ਸੁਭਾਸਿਤ ਰਤਨਾਕਰ ਪ੍ਰਿਸ਼ਟ ੧੬੪

ਅਰਥ-ਯੇ ਪੁਰਸ਼ ਸ਼ਾਸਤ੍ਰ ਔਰ ਮਹਾਤਮਾ ਕੇ ਵਚਨ ਕੋ, ਸ੍ਰਵਣ ਕਰਕੇ ਹੀ ਧਰਮਾਧਰਮ ਕੋ ਜਾਨਤਾ ਹੈ, ਔਰ ਸ੍ਰਵਣ ਸੇ ਹੀ ਦੁਰਮਤਿ ਕੋ ਤਯਾਗਤਾ ਹੈ ਔਰ

ਸੁਨ ਕੇ ਹੀ ਗਿਆਨ ਕੋ ਪ੍ਰਾਪਤ ਕਰਤਾ ਹੈ, ਔਰ ਸ੍ਵਣ ਸੇ ਹੀ ਮੋਖਸ਼ ਕੋ ਪ੍ਰਾਪਤ ਹੋਤਾ ਹੈ।

ਏਕ ਏਕ ਪਰ ਕਥਾ ਹੈ–ਸ੍ਰੁਤ੍ਵਾ ਧਰਮੰ ਜਾਨਾਤਿ ॥ ਇਸ ਪਰ ਯਹ ਕਥਾ ਹੈ– ਜੈਸੇ ਏਕ ਗ੍ਰਾਮ ਮੇਂ ਏਕ ਬਾਣੀਏ ਕਾ ਪੁਤ੍ਰ ਦੁਕਾਨ ਕਾ ਕਾਮ ਕੀਆ ਕਰਤਾ ਥਾ। ਉਸ ਕਾ ਬਾਪ ਪਾਸ ਮੇਂ ਹੀ ਕਥਾ ਹੋਤੀ ਥੀ ਉਥੇ ਜਾਇਆ ਕਰਤਾ ਥਾ, ਔਰ ਪੁਤ੍ਰ ਕੋ ਕਹਿ ਛੋੜਾ ਥਾ ਜੇ ਕੋਈ ਬੜਾ ਗਾਹਿਕ ਆਵੇ, ਤੋ ਮੇਰੇ ਕੋ ਬੁਲਾ ਲੇਨਾ । ਏਕ ਦਿਨ ਏਕ ਬੜਾ ਗਾਹਿਕ ਆਇਆ, ਔਰ ਲੜਕੇ ਸੇ ਕਹਾ ਤੁਮਾਰਾ ਪਿਤਾ ਕਹਾਂ ਹੈ ? ਲੜਕੇ ਨੇ ਕਹਾ, ਠਹਿਰੋ ਮੈਂ ਬੁਲਾ ਲਾਤਾ ਹੂੰ। ਪਿਤਾ ਕੋ ਬੁਲਾਨੇ ਕੇ ਵਾਸਤੇ ਕਥਾ ਮੇਂ ਗਯਾ। ਅਗੇ ਕਥਾ ਮੇਂ ਵੈਸ਼ਯ ਕੇ ਧਰਮ ਕਾ ਪ੍ਰਸੰਗ ਚਲ ਰਹਾ ਥਾ। ਕਿ ਵੈਸ਼ਯੋਂ ਕੋ ਗਊ ਬ੍ਰਾਹਮਣ ਕੀ ਸੇਵਾ ਕਰਨੀ ਚਾਹੀਏ । ਗਊ ਬ੍ਰਾਹਮਣ ਕੀ ਸੇਵਾ ਮੇਂ ਪ੍ਰਾਣ ਜਾਵੇਂ ਤੋ ਭੀ ਸੇਵਾ ਨ ਤਿਆਗਨੀ ਚਾਹੀਏ। ਵੈਸ਼ਯ ਕੋ ਗਊ ਬ੍ਰਾਹਮਣ ਕਾ ਤ੍ਰਿਸਕਾਰ ਨ ਕਰਨਾ ਚਾਹੀਏ ਮਾਰਨਾ ਨ ਚਾਹੀਏ। ਔਰ ਜੋ ਧਰਮ ਦੀ ਰਖਸ਼ਾ ਕਰਤਾ ਹੈ ਤੋ ਧਰਮ ਉਸ ਕੀ ਰਖਸ਼ਾ ਕਰਤਾ ਹੈ ਇਤਨੀ ਕਥਾ, ਲੜਕਾ ਸੁਨ ਕਰ ਹਿਰਦੇ ਮੇਂ ਧਾਰਣ ਕਰਤਾ ਭਯਾ, ਫੇਰ ਪਿਤਾ ਕੋ ਬੁਲਾਯਾ ਗਾਹਿਕ ਆਯਾ ਹੈ ਚਲੋ। ਪਿਤਾ ਨੇ ਕਹਾ ਚਲ ਮੈਂ ਅਭੀ ਆਤਾ ਹੂੰ, ਲੜਕਾ ਚਲਾ ਗਯਾ। ਇਤਨੇ ਮੇਂ ਏਕ ਭੁਖੀ ਗਊ ਦੁਕਾਨ ਮੇਂ ਖਾਨੇ ਲਗੀ। ਲੜਕਾ ਉਸ ਕੋ ਸਤਿਕਾਰ ਸੇ ਦੇਖਤਾ ਰਹਾ ਔਰ ਹਟਾਯਾ ਨਹੀਂ, ਪਿਤਾ ਨੇ ਆਤੇ ਹੂਏ ਦੂਰ ਸੇ ਦੇਖਾ ਕਿ ਗਊ ਅੰਨ ਖਾ ਰਹੀ ਹੈ ਲੜਕਾ ਦੇਖਤਾ ਹੈ, ਪਰ ਹਟਾਤਾ ਕਿਉਂ ਨਹੀਂ, ਦੂਰ ਸੇ ਬੁਲਾਯਾ ਅਰੇ ਅੰਧਾ ਹੈਂ ਕਿਆ ? ਗਊ ਅੰਨ ਖਾ ਰਹੀ ਹੈ ਹਟਾਤਾ ਕਿਉਂ ਨਹੀਂ, ਪਰੰਤੂ ਲੜਕੇ ਨੇ ਕਥਾ ਕੇ ਵਚਨੋਂ ਕੇ ਸੰਸਕਾਰ ਸੇ ਪਿਤਾ ਕੇ ਵਚਨ ਸੁਨ ਕਰ ਭੀ ਗਊ ਕੋ ਨ ਹਟਾਯਾ। ਤਬ ਪਿਤਾ ਨੇ ਬੜਾ ਕਰੋਧ ਕਰਾ। ਔਰ ਲੜਕਾ ਕਹਨੇ ਲਗਾ । ਪਿਤਾ ਜੀ ਅਭੀ ਕਥਾ ਮੇਂ ਆਪ ਵੈਸ਼ਯਧਰਮ ਸੁਨ ਆਏ ਹੋ ਕਿ ਗਊ ਬ੍ਰਾਹਮਣ ਕੀ ਸੇਵਾ ਕਰਨੀ ਚਾਹੀਏ, ਮੈਂ ਕੈਸੇ ਹਟਾਊਂ ਮੈਂ ਅਪਨੇ ਧਰਮ ਕਾ ਕੈਸੇ ਤਿਆਗ ਕਰੂੰ ਪੁਤਰ ਕੇ ਵਚਨ ਸੁਨ ਪਿਤਾ ਕੋ ਬੜਾ ਕਰੋਧ ਹੂਆ, ਔਰ ਡੰਡਾ ਲੇਕਰ ਗਊ ਕੋ ਦੋ ਚਾਰ ਮਾਰੇ ਤਬ ਪੁਤ ਹਾਇ ਹਾਇ ਕਰਨੇ ਲਗਾ।

## ਅਯਸ਼ਃ ਪ੍ਰਾਪ੍ਯਤੇ ਯੇਨ ਯੇਨ ਚਾਪਗਤੀਰ ਭਵੇਤ ॥ ਸ੍ਵਰਗਾਤ ਚ ਭ੍ਰਸ਼੍ਯਤੇ ਯੇਨ ਤਤ ਕਰਮ ਨ ਸਮਾਚਰੇਤ੍ ॥

[ਪੰਚ ਤੰਤ੍ਰ ਸ਼ਲੋਕ

ਅਰਥ–ਜਿਸ ਸੇ ਅਪਯਸ਼ ਹੋ ਜਿਸ ਕਰਮ ਸੇ ਦੁਰਗਤਿ ਹੋ, ਔਰ ਸੁਵਰਗ ਸੇ ਗਿਰਾਣੇ ਵਾਲੇ ਜੋ ਕਰਮ ਹੋ, ਵੋ ਕਰਮ ਨ ਕਰੇ । ਆਪ ਗਊ ਕੋ ਨ ਮਾਰੋ ਖਾਨੇ ਦੋ। ਧਰਮ ਕੀ ਰਖਯਾ ਕਰੋ। ਯੇਹ ਸੁਨ ਪਿਤਾ ਕੋ ਪੁਤਰ ਤੇ ਜ਼ਿਆਦਾ ਕਰੋਧ ਹੂਆ । ਔਰ ਕਹਨੇ ਲਗਾ ਮੇਰੇ ਕੋ ਧਰਮ ਕਾ ਉਪਦੇਸ਼ ਨਾ ਕਰ, ਮੈਂ ਤੇਰੇ ਕੋ ਗੁਰੂ ਬਨਾਨੇ ਕੋ ਤਿਆਰ ਨਹੀਂ, ਚਲਾ ਜਾ ਈਹਾਂ ਸੇ ਮੈਂ ਤੇਰੇ ਕੋ ਕਭੀ ਨ ਰਖੂਗਾ, ਦੇਖੇਂਗੇ, ਤੇਰਾ ਧਰਮ ਕੈਸੇ ਰਖਯਾ ਕਰਤਾ ਹੈ ਇਸ ਪ੍ਰਕਾਰ ਪੁਤਰ ਕੋ ਜਬ ਨਿਕਾਲ ਦੀਆ। ਤਬ ਪੁਤਰ ਧਰਮ ਕੋ ਮੁਖ ਰਖ ਕਰ ਪਿਤਾ



ਕੋ ਤਿਆਗ ਕਰ, ਦੇਸ਼ਾਂਤਰ ਕੋ ਚਲਾ ਜਾਤਾ ਭਯਾ, ਰਸਤੇ ਮੇਂ ਗਯਾ ਤੋ ਏਕ ਸਰਪ ਨੇ ਏਕ ਮੇਂਡਕ ਕੋ ਮੂੰਹ ਮੇਂ ਪਕੜਾ ਹੂਆ ਥਾ, ਮੇਂਡਕ ਚਿੱਲਾ ਰਹਾ ਥਾ, ਇਸ ਕੋ ਦਯਾ ਆਈ । ਔਰ ਕਹਨੇ ਲਗਾ ਦੂਸਰੇ ਕੀ ਜਾਨ ਬਚਾਨੀ ਪਰਮ ਧਰਮ ਹੈ। ਤਬ ਲੜਕੇ ਨੇ ਸਰਪ ਕੇ ਮੁਖ ਸੇ ਡਡੂ ਕੋ ਨਿਕਾਲ ਕਰ ਛੁੜਾ ਦੀਆ । ਤਬ ਇਛਾ ਧਾਰੀ ਸਰਪ ਨੇ ਕਹਾ ਡੱਡੂ ਮੇਰਾ ਆਹਾਰ ਥਾ, ਮੈਂ ਤੀਨ ਦਿਨ ਕਾ ਭੂਖਾ ਥਾ ਮੈਂ ਮਾਂਸ ਅਹਾਰੀ ਹੂੰ । ਤੂੰ ਅਪਨਾ ਮਾਸ ਮੁਝ ਕੋ ਦੇ, ਨਹੀਂ ਤੋ ਸ੍ਰਾਪ ਦੇਤਾ ਹੂੰ ਤਬ ਲੜਕੇ ਨੇ ਧਰਮ ਕੀ ਰਖਯਾ ਅਰਥ, ਤਥਾ ਸਰਪ ਕੋ ਪ੍ਰਸੰਨ ਕਰਨੇ ਵਾਸਤੇ, ਅਪਨੇ ਪੱਟ ਕਾ ਮਾਂਸ ਕਾਟ ਕਰ ਸਰਪ ਕੋ ਦੀਆ । ਤਬ ਸਰਪ ਪ੍ਰਸੰਨ ਹੋਕਰ ਚਲਾ ਗਯਾ, ਅਰ ਆਪ ਲਤ ਬਾਂਧ ਕਰ ਗ੍ਰਾਮ ਕੋ ਜਾਨੇ ਲਗਾ, ਰਸਤੇ ਮੇਂ ਇਕ ਬ੍ਰਿਧ ਮਾਈ ਸਿਰ ਪਰ, ਪੋਟ ਰਖ ਕਰ ਜਾ ਰਹੀ ਸੀ, ਉਸ ਕੋ ਬ੍ਰਿਧ ਦੇਖ ਕਰ ਲੜਕੇ ਕੋ ਦਯਾ ਆਈ, ਉਸ ਮਾਈ ਸੇ ਕਹਾ ਯਹ ਪੋਟ ਮੇਰੇ ਕੋ ਦੇ, ਮੈਂ ਲੇ ਚਲੂੰ ਤੂੰ ਬ੍ਰਿਧ ਹੈਂ। ਮਾਈ ਨੇ ਕਹਾ ਤੂੰ ਮੇਰਾ ਧਰਮ ਪੁਤ੍ਰ ਬਣੇਗਾ ਤੋ ਦੇ ਸਕਤੀ ਹੂੰ ਨ ਤ ਨਹੀਂ । ਆਖਰ ਮਾਈ ਕਾ ਧਰਮ ਪੁਤ੍ਰ ਬਨਾ, ਔਰ ਪੋਟ ਲੇ ਕਰ ਮਾਈ ਕੋ ਸਾਥ ਲੈ ਧੀਰੇ ਧੀਰ ਜਾਨੇ ਲਗੇ, ਮਾਈ ਥੱਕ ਗਈ ਇਤਨੇ ਮੇਂ ਏਕ ਆਦਮੀ ਘੋੜਾ ਲੇਕਰ ਆ ਰਹਾ ਥਾ । ਮਾਈ ਨੇ ਧਰਮ ਪੁਤ੍ਰ ਸੇ ਕਹਾ ਇਸ ਸੇ ਘੋੜਾ ਖਰੀਦ ਲੋ ਮੈਂ ਪੈਸੇ ਦੇਤੀ ਹੂੰ । ਆਖਿਰ ਘੋੜਾ ਖਰੀਦ ਕਰ ਦੋਨੋਂ ਚੜ ਕਰ ਚਲ ਪੜੇ, ਰਸਤੇ ਮੇਂ ਆ ਰਹੇ ਥੇ ਏਕ ਗਰੀਬ ਭੂਖਾ ਬਾਲਕ ਮਿਲਾ, ਉਸ ਨੇ ਮਾਈ ਕੋ ਮਾਤਾ ਮਾਤਾ ਕਰਕੇ ਬੁਲਾਯਾ, ਮਾਈ ਨੇ ਧਰਮ ਪੁਤ੍ਰ ਕੋ ਕਹਾ ਇਸ ਕੋ, ਤੂੰ ਅਪਨਾ ਧਰਮ ਭਾਈ ਸਮਝ ਕਰ ਘੋੜੇ ਤੇ ਚੜਾ ਲੋ, ਘੋੜੇ ਤੇ ਚੜ ਕਰ ਤੀਨੋਂ ਏਕ ਰਾਜਾ ਕੀ ਰਾਜਧਾਨੀ ਮੇਂ ਪਹੁੰਚੇ, ਮਾਤਾ ਨੇ ਅਪਨੀ ਪਟ ਮੇਂ ਸੇ ਡਬਾ ਨਿਕਾਲਾ, ਔਰ ਦੋ ਲਾਲ ਦੀਏ ਰਾਜਾ ਪਾਸੋਂ ਧਨ ਲੇ ਆਓ । ਦੋਨੋਂ ਲੜਕੇ ਲਾਲ ਲੇਕਰ ਰਾਜਾ ਪਾਸ ਗਏ ਔਰ ਅਪਨੇ ਕੋ, ਸੌਦਾਗਰ ਪੁਤ੍ਰ ਬਨਾ ਕਰ ਲਾਲ ਬੇਚੇ, ਔਰ ਬਹੁਤ ਧਨ ਲੇਕਰ ਮਾਤਾ ਪਾਸ ਆਏ, ਔਰ ਸੁੰਦਰ ਆਲੀਸ਼ਾਨ ਮਕਾਨ ਲੇਕਰ ਰਹਨੇ ਲਗੇ। ਹੀਰੇ ਜਵਾਹਰਾਤ ਕਾ ਬਯੋਪਾਰ ਕਰਨੇ ਲਗੇ, ਮਾਤਾ ਨੇ ਗੁਮਾਸ਼ਤੇ ਨੌਕਰ ਬਹੁਤ ਰਖ ਦੀਏ, ਔਰ ਕਹਾ ਸ਼ਿਕਾਰ ਖੇਲਾ ਕਰੋ ਰਾਜਾ ਸੇ ਮੁਲਾਕਾਤ ਰੱਖੋ । ਆਖਿਰ ਸ਼ਿਕਾਰ ਖੇਲਾ ਕਰੇਂ ਰਾਜਾ ਸੇ ਮੁਲਾਕਾਤ ਕਰੀ ਰਾਜਾ ਕੋ ਪਿਆਰੇ ਲਗਨੇ ਲਗੇ, ਰਾਜਾ ਪਾਸ ਏਕ ਮੁੰਦਰੀ ਯਾਨੇ ਛਾਪ ਸੀ ਜਿਸਕੇ ਪ੍ਰਭਾਵ ਸੇ, ਸੁਰਗ ਸੇ ਚਾਰ ਪਰੀਆਂ ਆਤੀ ਥੀਂ, ਔਰ ਖਟੋਆ ਉਠਾ ਕਰ ਜਹਾਂ ਰਾਜਾ ਚਾਹੇ ਵਹਾਂ ਫਿਰਾ ਆਤੀ ਥੀਂ। ਇਕ ਦਿਨ ਦੋਨੋਂ ਲੜਕੋਂ ਕੇ ਸਾਥ, ਨਦੀ, ਮੇਂ ਸ਼ਨਾਨ ਕਰਨੇ ਲਗਾ ਤੋ ਛਾਪ ਪਾਨੀ ਮੇਂ ਗਿਰ ਗਈ, ਰਾਜਾ ਕੋ ਬੜਾ ਸ਼ੋਕ ਹੂਆ ਅਰ ਕਹਾ ਕੋਈ ਮੁੰਦਰੀ ਨਿਕਾਲ ਦੇਵੇ ਮੈਂ ਉਸ ਕੋ ਅਪਨੀ ਕੰਨਿਆਂ ਦੂੰਗਾ । ਤਬ ਛੋਟੇ ਬਾਲ ਨੇ ਕਹਾ ਅਗਰ, ਮੇਰੇ ਭਾਈ ਕੋ ਤੁਮ ਅਪਨੀ ਕੰਨਿਆਂ ਦੇਂ ਤੋ ਮੈਂ ਨਿਕਾਲ ਦੇਤਾ ਹੂੰ, ਰਾਜਾ ਨੇ ਮਨਜ਼ੂਰ ਕੀਆ ਤਬ ਵੋ ਚੁਭੀਆਂ ਲਗਾ ਕਰ ਮੁੰਦਰੀ ਬਾਹਰ ਲੇ ਆਯਾ। ਰਾਜਾ ਨੇ ਮੁੰਦਰੀ ਲੇਕਰ ਅਪਨੀ ਕੰਨਿਆਂ ਕੇ ਸਾਥ, ਬੜੇ ਭਾਈ ਕੀ ਸ਼ਾਦੀ ਕਰਾ ਦੀ ਔਰ ਰਾਜਾ ਕੇ ਪੁਤ੍ਰ ਨ ਥਾ, ਰਾਜ ਭੀ ਕੰਨਿਆਂ ਕੋ ਦਾਜ ਮੇਂ ਦੇ ਦੀਆ। ਅਬ ਵੋ ਬਨੀਏ ਕਾ ਪੁਤ੍ਰ

ਹੁਸਿਆਰੀ ਸੇ ਰਾਜ ਕਾਜ ਕਰਨੇ ਲਗਾ, ਔਰ ਚਿਤ ਧਰਮ ਮੇਂ ਰਖਤਾ ਰਹਾ । ਛੇ ਮਹੀਨੇ ਬਾਦ ਬ੍ਰਿਧ ਮਾਤਾ ਨੇ ਕਹਾ, ਹਮਾਰੇ ਕੋ ਅਬ ਘਰ ਮੇਂ ਛੋੜ ਆ । ਤਬ ਉਸੀ ਪਹਿਲੇ ਘੋੜੇ ਪਰ ਤੀਨੋਂ ਸ਼ਰੀਰ ਰਾਤ ਰਾਤ ਮੇਂ ਚਲ ਪੜੇ, ਸਵੇਰੇ ਹੋਤੇ ਪਹਿਲੇ ਘੋੜੇ ਨੇ ਛੁਟੀ ਮਾਂਗੀ, ਅਰ ਕਹਾ ਮੇਰੇ ਕੋ ਪਛਾਨਤੇ ਹੋ ? ਉਸ ਨੇ ਕਹਾ ਨਹੀਂ, ਉਸ ਨੇ ਕਹਾ ਮੈਂ ਵੋ ਸਰਪ ਹੂੰ ਜਿਸ ਕੋ ਆਪਨੇ ਪਟ ਕਾ ਮਾਂਸ ਦੀਆ ਥਾ। ਛੋਟੇ ਭਾਈ ਨੇ ਕਹਾ ਮੈਂ ਡਡੂ ਹੂੰ ਆਪ ਨੇ ਮੁਝ ਕੋ ਸਰਪ ਸੇ ਛੁਡਾ ਕਰ ਜਾਨ ਬਚਾਈ ਥੀ। ਮੈਂ ਆਪ ਕੇ ਵਾਸਤੇ ਨਦੀ ਮੇਂ ਡੱਡੂ ਬਨ ਕਰ ਛਾਪ ਲਿਆ ਕਰ ਰਾਜ ਕੰਨਿਆਂ ਸੇ ਤੁਮਾਰੀ ਸ਼ਾਦੀ ਕਰਾਈ, ਔਰ ਬੁਢੀ ਮਾਈ ਨੇ ਕਹਾ, ਮੈਂ ਉਹ ਗਊ ਹੂੰ ਜੋ ਆਪ ਕੀ ਦੁਕਾਨ ਤੇ ਅੰਨ ਖਾਯਾ ਥਾ, ਜਿਸ ਕੋ ਨਹੀਂ ਹਟਾਯਾ ਥਾ। ਪਿਤਾ ਕੋ ਛੋੜਾ ਪਰ ਧਰਮ ਨਾ ਛੋਡਾ ਹਮ ਤੁਮਾਰਾ ਧਰਮ ਹੈਂ ਤੁਮਾਰੀ ਰਖਯਾ ਕਰਨੇ ਵਾਸਤੇ ਆਏ ਅਬ ਤੁਮ ਕੋ ਰਾਜ ਦਿਲਾ ਕਰ ਹਮ ਜਾਤੇ ਹੈਂ ਧਰਮ ਕਾ ਫਲ ਤੁਮ ਨੇ ਆਖੋਂ ਸੇ ਦੇਖ ਲੀਆ, ਵਿਪਤੀਕਾਲ ਮੇਂ ਭੀ ਧਰਮ ਕੋ ਛੋੜਨਾ ਨਹੀਂ, ਅਬ ਅਪਨੇ ਮਾਤਾ ਪਿਤਾ ਕੋ ਸਾਥ ਲੇਕਰ, ਰਾਜ ਕਰੋ ਔਰ ਉਨ ਕੋ ਧਰਮਾਤਮਾ ਬਨਾਓ, ਤਬ ਵੋ ਮਾਤਾ ਪਿਤਾ ਕੋ ਲੇਕਰ ਰਾਜ ਕਰਤਾ ਭਯਾ, ਔਰ ਧਰਮ ਕੋ ਪ੍ਰਾਣੋਂ ਤਕ ਪਾਲਤਾ ਰਹਾ । ਸੋ ਧਰਮ ਕਾ ਗਿਆਨ ਲੜਕੇ ਕੋ ਕਥਾ ਸਰਵਨ ਸੇ ਹੀ ਹੂਆ, ਇਸ ਲੀਏ ਲਿਖਾ ਹੈ ਸ਼੍ਰੁਤ੍ਵਾ ਧਰਮੰ ਜਾਨਾਤਿ ॥

## ਤਥਾ–ਸ਼੍ਰੁਤ੍ਵਾ ਤਯਜਤਿ ਦੁਰਮਤਿੰ ॥

ਯਾਨੇ ਸਾਸ਼ਤ੍ਰ ਔਰ ਮਹਾਤਮਾਓਂ ਕੇ ਵਚਨ ਸਰਵਣ ਕਰਕੇ ਹੀ, ਦੁਰਮਤਿ ਕੋ ਤਿਆਗਤਾ ਹੈ । ਇਸ ਮੇਂ ਯੇ ਕਥਾ ਹੈ-ਏਕ ਮਹਾਤਮਾ ਬੀਤ ਰਾਗ ਵਿਦ੍ਵਾਨੋਂ ਕੀ ਮੰਡਿਲੀ, ਕਹੀਂ ਦੇਸ਼ ਰਟਨ ਕਰਤੀ ਕਰਤੀ ਦੇਵਸ਼ਯਿਨੀ ਏਕਾਦਸ਼ੀ ਕੋ, ਜੋ ਵਿਆਸ ਪੂਜਾ ਸੇ ੪ ਦਿਨ ਪਹਿਲੇ ਆਤੀ ਹੈ, ਉਸ ਦਿਨ ਏਕ ਨਦੀ ਕੇ ਕਿਨਾਰੇ ਚੋਰੋਂ ਕੇ ਗ੍ਰਾਮ ਕੇ ਪਾਸ ਰਾਤ ਪੜ ਗਈ, ਔਰ ਵਹਾਂ ਚਤੁਰ ਮਾਸ ਰਹੇ, ਕਿਉਂਕਿ ਸੰਤੋਂ ਕਾ ਨੇਮ ਥਾ ਜਿਥੇ ਦੇਵਸ਼ਯਿਨੀ ਏਕਾਦਸ਼ੀ ਆ ਜਾਵੇ, ਉਥੇ ਬਰਸਾਤ ਕੇ ਚਾਰ ਮਹੀਨੇ ਰਹਿਤੇ ਥੇ, ਅਗੇ ਜਲ ਨਹੀਂ ਟਪਤੇ ਥੇ, ਗਾਂਵ ਵਾਲੇ ਚੋਰੋਂ ਨੇ ਜਬ ਦੇਖਾ ਔਰ ਸੁਨਾ ਕਿ ਸੰਤ ਮੰਡਲੀ ਆਈ ਹੈ, ਤਬ ਸਾਰਾ ਗਾਂਵ ਕਠਾ ਕੀਆ ਔਰ ਸਭ ਸੇ ਪ੍ਰਣ ਕਰਾਯਾ, ਕਿ ਸੰਤਾਂ ਪਾਸ ਕੋਈ ਨ ਜਾਵੇ, ਜੋ ਜਾਵੇ ਸੋ ਬੀਸ ਰੁਪਯਾ ਦੰਡ ਭਰੇ, ਕਿਉਂਕਿ ਇਨੋਂ ਨੇ ਸਾਨੂੰ ਚੋਰੀ ਸੇ ਯਾਰੀ ਸੇ ਮਾਂਸ ਸ਼ਰਾਬ ਸੇ ਰੋਕਨਾ ਹੈਂ, ਇਸ ਵਾਸਤੇ ਨਹੀਂ ਜਾਨਾ। ਜਬ ਗਾਂਵ ਵਾਲੋਂ ਨੇ ਬੱਧੀ ਕਰੀ, ਕੋਈ ਸੰਤਾਂ ਪਾਸ ਨ ਆਯਾ ਨ ਸੇਵਾ ਕਰੀ, ਦੂਸਰੇ ਆਸ ਪਾਸ ਕੇ ਗਾਂਵ ਵਾਲੋਂ ਨੇ ਬੜੀ ਸੇਵਾ ਕਰੀ, ਰੋਜ਼ ਭੰਡਾਰੇ ਹੋਤੇ ਰਹੇ ਜਬ ਚਤੁਰ ਮਾਸ ਬਿਤੀਤ ਹੋ ਗਯਾ ਯਾਨੇ ਹਰਿ ਪ੍ਰਬੋਧਿਨੀ ਏਕਾਦਸ਼ੀ ਆ ਗਈ । ਉਸ ਕੇ ਦੂਸਰੇ ਦਿਨ ਸੰਤ ਵਹਾਂ ਸੇ ਚਲਨੇ ਲਗੇ। ਤਬ ਡਾਕੂਓਂ ਕੋ ਪਤਾ ਲਗਾ ਸੰਤ ਕਲ੍ਹ ਜਾਏਂਗੇ, ਉਨ੍ਹੋਂ ਨੇ ਵਿਚਾਰਾ ਸਾਡੀ ਬੜੀ ਨਿੰਦਾ ਹੋ ਰਹੀ ਹੈ, ਅਸਾਂ ਕੋਈ



ਸੇਵਾ ਨਹੀਂ ਕਰੀ ਹੈ, ਆਜ ਕੋਈ ਏਕ ਆਦਮੀ ਭੇਜੀਏ ਜੋ ਸੰਤੋਂ ਕਾ ਸਾਮਾਨ ਲੇਕਰ ਦੂਰ ਤਕ ਛੋੜ ਆਵੇ। ਯਹ ਵਿਚਾਰ ਕਰ ਕੇ ਉਨ ਡਾਕੂਓਂ ਕਾ ਸਰਦਾਰ ਜੋ ਕਿ ਕੱਟਰ ਨਾਸ਼ਤਿਕ ਥਾ, ਜੋ ਸਭ ਸੇ ਕੁਤਰਕ ਔਰ ਟਿਚਕਰ ਕਰਤਾ ਥਾ। ਉਸਕੋ ਭੇਜਾ ਤੋ ਸਾਮਾਨ ਲੇਕਰ ਛੋੜ ਆਓ । ਤਬ ਵੋਹ ਡਾਕੂ ਸੰਤਾਂ ਪਾਸ ਆਯਾ । ਸੰਤ ਸਾਮਾਨ ਬਾਂਧ ਰਹੇ ਥੇ, ਆਕਰ ਸੰਤੋਂ ਕਾ ਸਾਮਾਨ ਲੇ ਲੀਆ । ਸੰਤ ਦੇਤੇ ਨਹੀਂ ਥੇ। ਆਖਰ ਜਬਰਦਸਤੀ ਉਸ ਨੇ ਉਠਾ ਲੀਆ, ਰਸਤੇ ਮੇਂ ਸੰਤੋਂ ਨੇ ਵਿਚਾਰਾ ਕਿ ਯਦਪਿ ਯਹ ਸਾਡੇ ਸੇ ਨਹੀਂ ਬੋਲਤਾ, ਚੁਪ ਕਰਕੇ ਜਾ ਰਹਾ ਹੈ ਪਰੰਤੂ ਅਸਾਂ ਇਨ ਕੇ ਗਾਂਵ ਮੇਂ ਚਾਰ ਮਹੀਨੇ ਰਹੇ ਹੈਂ, ਕਿਸੀ ਏਕ ਕੋ ਤੋ ਸੁਧਾਰ ਚਲੇਂ । ਤਬ ਦਯਾਲੂ ਸੁਭਾਵ ਵਾਲੇ ਸੰਤੋਂ ਨੇ ਪੂਛਾ ਭਾਈ ਤੂੰ ਕਿਆ ਕਾਮ ਕਰਤਾ ਹੈਂ। ਤਬ ਵੋ ਚੁੱਪ ਕਰ ਰਹਾ ਦੂਸਰੇ ਵਾਰੀ ਪੂਛਨੇ ਪਰ ਭੀ ਚੁੱਪ ਕਰ ਰਹਾ । ਦਯਾਲੂ ਸੁਭਾਵ ਵਾਲੇ ਸੰਤੋਂ ਨੇ ਫਿਰ ਤੀਸਰੇ ਵਾਰੀ ਪੂਛਾ। ਤਬ ਵੋਹ ਬੋਲਾ ਮੈਂ ਡਾਕੂ ਚੋਰ ਹੂੰ। ਸੰਤੋਂ ਨੇ ਕਹਾ ਖਾਲੀ ਚੋਰ ਹੈਂ ਕਿ ਯਾਰ ਭੀ ਹੈਂ । ਕਹਾ ਹਾਂ ਮਹਾਰਾਜ ਯਾਰ ਭੀ ਹੂੰ ਕਿਸੀ ਜਾਤਿ ਕੀ ਇਸਤ੍ਰੀ ਵੀ ਨਹੀਂ ਛੋੜਤਾ ! ਸੰਤੋਂ ਨੇ ਕਹਾ ਸ਼ਰਾਬ ਭੀ ਪੀਤਾ ਹੈਂ । ਉਸ ਨੇ ਕਹਾ ਬਾਰਾਂ ਮਹੀਨੋਂ ਮੇਂ ਸੇ ਏਕ ਦਿਨ ਭੀ ਨਹੀਂ ਛੋੜਤਾ । ਸੰਤੋਂ ਨੇ ਕਹਾ ਮਾਸ ਭੀ ਖਾਤਾ ਹੈਂ। ਉਸ ਨੇ ਕਹਾ ਸਭ ਜੀਵੋਂ ਕਾ ਕੋਈ ਜੀਵ ਨਹੀਂ ਛੋੜਤਾ । ਸੰਤੋਂ ਨੇ ਵਿਚਾਰਾ ਯਹ ਮਹਾਂ ਪਾਪੀ ਹੈ । ਹਮਾਰਾ ਕਾਮ ਹੈ ਪਾਪੀਓਂ ਕੋ ਸੁਧਾਰਨਾ, ਕਿਸੀ ਯੁਕਤੀ ਸੇ ਸੁਧਾਰੀਏ। ਤਬ ਸੰਤੋਂ ਨੇ ਕਹਾ ਭਾਈ ਜੇ ਸਾਡੀ ਗਲ ਮੰਨੇਗਾ ਤੋ ਸਾਡਾ ਸਾਮਾਨ ਉਠਾ ਨਹੀਂ ਤੋ ਰੱਖ । ਤਬ ਉਸ ਨੇ ਕਹਾ ਮਹਾਰਾਜ ! ਮੇਰੇ ਕੋ ਚੋਰੀ ਆਦਿ ਛੁੜਾਓਗੇ ਮੈਂ ਨਹੀਂ ਛੋੜੂੰਗਾ । ਸੰਤੋਂ ਨੇ ਕਹਾ ਹਮ ਤੁਮਾਰੀ ਚੋਰੀ ਯਾਰੀ ਬਿਲਕੁਲ ਨਹੀਂ ਛੁੜਾਏਂਗੇ। ਪਰ ਥੋੜੀ ਥੋੜੀ ਛੁੜਾਏਂਗੇ, ਸਾਡੀਆਂ ਚਾਰ ਗੱਲਾਂ ਮੰਨੇਗਾ ਤੋ ਸੁਖੀ ਹੋਵੇਂਗਾ। ਤਬ ਉਸ ਨੇ ਕਹਾ ਕਹੋ ਜੀ ਮੰਨਾਂਗਾ। ਤਬ ਸੰਤੋਂ ਨੇ ਕਹਾ ਬੇਸ਼ਕ ਚੋਰੀ ਕਰ ਹਮ ਨਹੀਂ ਹਟਾਤੇ, ਪਰੰਤੂ ਗਰੀਬ ਕੀ ਚੋਰੀ ਨ ਕਰਨੀ, ਔਰ ਜਿਸਕਾ ਲੂਣ ਖਾਵੇਂ ਉਸ ਕੀ ਚੋਰੀ ਨ ਕਰਨੀ। ਚੋਰ ਕਹਿਨੇ ਲਗਾ ਯਹ ਤੋ ਹਮਾਰਾ ਪਹਿਲੇ ਹੀ ਸੁਭਾਵ ਹੈ । ਆਪ ਨੇ ਕਿਆ ਛੁਡਾਯਾ । ਸੰਤੋਂ ਨੇ ਕਹਾ ਇਸ ਨਿਯਮ ਪਰ ਪੱਕਾ ਰਹਿਨਾ, ਦੂਸਰੀ ਬਾਤ ਯਾਰੀ ਬੇਸਕ ਕਰੋ ਪਰੰਤੂ ਪੰਜ ਮਾਤਾਓਂ ਪਾਸ ਨ ਜਾਨਾ, ਧਰਮ ਸ਼ਾਸਤ੍ਰ ਮੇਂ ਪੰਜ ਮਾਤਾਏਂ ਯਹ ਲਿਖੀਆਂ ਹਨ:–

**ਰਾਗਜਃਪਤ੍ਨੀ, ਗੁਰੋਰ ਪਤ੍ਨੀ, ਮਿਤ੍ਰ ਪਤ੍ਨੀ, ਤਥੈਵ ਚ। ਜਾਯਾ ਮਾਤਾ, ਸ੍ਵ ਮਾਤ੍ਰਾ ਚ, ਪੰਚ ਏਤੇ ਮਾਤ੍ਰਾ ਸਿਮ੍ਰਿਤਾ: ॥** [ਸੁਭਾਸਿਤ ਰਤਨ ਭਾਂਡਾਗਾਰ

ਟੀਕਾ–ਰਾਜਾ ਕੀ ਇਸਤ੍ਰੀ, ਗੁਰੂ ਕੀ ਇਸਤ੍ਰੀ, ਮਿਤ੍ਰ ਕੀ ਇਸਤ੍ਰੀ, ਆਪਣੀ ਇਸਤ੍ਰੀ ਕੀ ਮਾਤਾ, ਯਾਨੇ ਅਪਣੀ ਸਸ, ਔਰ ਅਪਨੀ ਮਾਤਾ, ਯਹ ਪਾਂਚੋਂ ਮਾਤਾ ਕਹੀ ਜਾਤੀ ਹੈਂ। ਇਨਕੋ ਕਾਮ ਦ੍ਰਿਸ਼ਟੀ ਸੇ ਨ ਦੇਖਨਾ ਹਜ਼ਾਰ ਵਾਰੀ ਕਹੇਂ ਤੋ ਭੀ ਨ ਮਾਨਨਾ। ਚੋਰ ਨੇ ਕਹਾ ਅਛਾ ਯਹ ਬਾਤ ਭੀ ਮਾਨ ਲੀ । ਤੀਸਰੀ ਬਾਤ ਸ਼ਰਾਬ ਪੀਓ ਪਰੰਤੂ ਏਕਾਦਸ਼ੀ

ਆਦਿ ਉਤਮ ਦਿਨੋਂ ਮੇਂ ਨ ਪੀਨਾ, ਉਸ ਨੇ ਕਹਾ ਅਛਾ ਯਹ ਭੀ ਮਾਨ ਲੀਆ। ਚਉਥੀ ਬਾਤ ਯਹ ਹੈ ਕਿ ਇਕ ਜੀਵ ਕਾ ਮਾਂਸ ਤੂੰ ਆਪੇ ਹੀ ਛੋੜਦੇ, ਉਸ ਨੇ ਕਹਾ ਮੈਨੇ ਕਊਏ ਕਾ ਮਾਸ ਛੋੜਾ। ਸੰਤੋਂ ਨੇ ਕਹਾ ਅਛਾ, ਫੇਰ ਸੰਤੋਂ ਨੇ ਕਹਾ ਪ੍ਰਾਣ ਚਲੇਂ ਜਾਏਂ ਪਰ ਇਨ ਬਾਤੋਂ ਕੋ ਨ ਕਰਨਾ। ਐਸੇ ਕਹਿ ਕਰ ਸੰਤੋਂ ਨੇ ਉਸ ਕੋ ਉਠਾਨੇ ਵਾਸਤੇ ਸਾਮਾਨ ਦੇ ਦੀਆ, ਔਰ ਵੋਹ ਗ੍ਰਾਮ ਤਕ ਛੋੜ ਕਰ ਵਾਪਸ ਅਪਨੇ ਘਰ ਚਲਾ ਗਯਾ, ਔਰ ਆ ਕਰ ਗਾਂਵ ਵਾਲੋਂ ਕੋ ਸੰਤੋਂ ਕੀਆਂ ਸਭ ਬਾਤੇਂ ਸੁਨਾਈਆਂ। ਗਾਉਂ ਵਾਲੋਂ ਨੇ ਇਸ ਕੋ ਕਹਾ ਹੁਣ ਤੂੰ ਇਨ ਬਾਤੋਂ ਤੇ ਪੱਕਾ ਰਹੀਂ, ਉਹ ਕਹਿਨੇ ਲਗਾ ਪੱਕਾ ਰਹੂੰਗਾ, ਕਾਲ ਪਾ ਕਰ ਵੋ ਚੋਰੀ ਕਰਨੇ ਰਾਜਾ ਕੇ ਮਹਲ ਮੇਂ ਗਯਾ ਤਬ ਰਾਜਾ ਕੀ ਰਾਣੀ ਰਾਜਾ ਸੇ ਰੂਸੀ ਹੂਈ ਸੀ, ਕਿਉਂਕਿ ਰਾਜਾ ਕੀ ਉਮਰ ਬ੍ਰਿਧ ਸੀ। ਰਾਣੀ ਕੀ ਕੁਮਾਰ ਅਵਸਥਾ ਸੀ, ਰਾਜਾ ਕੋ ਉਲਾਦ ਨਹੀਂ ਹੋਤੀ ਥੀ ਇਸ ਵਾਸਤੇ ਬ੍ਰਿਧਾਵਸਥਾ ਮੇਂ ਉਸ ਕੇ ਸਾਥ ਸ਼ਾਦੀ ਕਰੀ ਥੀ। ਔਲਾਦ ਫੇਰ ਭੀ ਨ ਹੂਈ ਔਰ ਰਾਣੀ ਨਾਰਾਜ਼ ਹੋ ਕਰ, ਦੂਸਰੇ ਕਮਰੇ ਮੇਂ ਰਹਤੀ ਥੀ। ਪਰੰਤੂ ਰਾਣੀ ਕਾਮਾਤੁਰ ਜ਼ਿਆਦਾ ਰਹਤੀ ਥੀ। ਪਹਰੇ ਲਗੇ ਰਹਿਨੇ ਕਾਰਣ ਬਾਹਰ ਜਾ ਨਹੀਂ ਸਕਤੀ ਥੀ, ਨ ਕਿਸੀ ਕੋ ਬੁਲਾ ਸਕਤੀ ਸੀ। ਜਬ ਚੋਰ ਚੋਰੀ ਕਰਨੇ ਆਯਾ ਤੋ ਪਹਿਲੇ ਰਾਣੀ ਵਾਲੇ ਕਮਰੇ ਮੇਂ ਆਯਾ। ਖੜਕੇ ਸੇ ਰਾਣੀ ਜਾਗ ਪੜੀ, ਦੂਸਰੇ ਕਮਰੇ ਮੇਂ ਰਾਜਾ ਭੀ ਜਾਗ ਪੜਾ, ਰਾਣੀ ਨੇ ਚੋਰ ਕੋ ਬਹੁਤ ਕਹਾ ਕਿ ਤੂੰ ਮੇਰਾ ਪਤੀ ਹੈਂ, ਅਬ ਮੇਰੇ ਕੋ ਲੇ ਚਲ ਮੈਂ ਕਰੋੜੋਂ ਰੁਪਏ ਕੇ ਹੀਰੇ ਜਵਾਹਰਾਤ ਦੂੰਗੀ, ਪਰੰਤੂ ਚੋਰ ਨੇ ਨਹੀਂ ਮਾਨਾ ਸੰਤਾਂ ਕਾ ਬਚਨ ਯਾਦ ਰਖਾ, ਕਿ ਰਾਜਾ ਕੀ ਰਾਨੀ ਮਾਤਾ ਵਤ ਹੋਤੀ ਹੈ। ਚੋਰ ਉਸ ਕੋ ਵਾਰ ਵਾਰ ਮਾਤਾ ਮਾਤਾ ਕਹੇ, ਰਾਨੀ ਉਸ ਕੋ ਫੇਰ ਫੇਰ ਪਤੀ ਕਹਿਕੇ ਬੁਲਾਵੇ ਕਿ ਮੈਂ ਤੇਰੀ ਦਾਸੀ ਹੂੰ ਰਾਜਾ ਲੁਕ ਕਰ ਯੇ ਬਾਤ ਦੇਖਤਾ ਸੁਨਤਾ ਰਹਾ। ਪਰੰਤੂ ਕੁਛ ਨ ਕਹਾ ਆਖਿਰ ਚੋਰ ਨੇ ਬਹੁਤ ਹੀਰੇ ਜਵਾਹਰਾਤ ਉਠਾਏ। ਔਰ ਰੋਟੀ ਨ ਖਾਨੇ ਸੇ ਭੂਖ ਬੜੀ ਲਗੀ ਹੂਈ ਸੀ। ਖਾਨੇ ਕੀਆਂ ਚੀਜ਼ਾਂ ਬਹੁਤ ਦੇਖੀਆਂ, ਪਰ ਬਚਾਇ ਬਚਾਇ ਕਰ ਖਾਤਾ ਥਾ ਕਿਸੀ ਮੇਂ ਲੂਣ ਨਾ ਹੋਵੇ। ਅਨੇਕ ਮਿਠਾਈਆਂ ਖਾਈਆਂ ਪਰ ਏਕ ਚੀਜ਼ ਲੂਣ ਵਾਲੀ ਭੀ ਖਾਈ ਗਈ, ਤਬ ਸੰਤੋਂ ਕਾ ਵਚਨ ਯਾਦ ਆ ਗਿਆ ਕਿ ਲੂਣ ਖਾ ਕਰ, ਉਸਕੀ ਚੋਰੀ ਨ ਕਰਨਾ ਤਬ ਸਭ ਸਾਮਾਨ ਚੋਰੀ ਕਾ, ਵਹਾਂ ਹੀ ਛੋੜ ਕਰ ਨਿਕਲ ਗਯਾ। ਰਾਜਾ ਸਭ ਦੇਖਤਾ ਰਹਾ। ਸਵੇਰ ਕੋ ਦੇਖਾ ਕੁਛ ਨਹੀਂ ਲੇ ਗਯਾ। ਤਬ ਰਾਜਾ ਕੋ ਉਸ ਕੇ ਧਰਮ ਪਰ ਬੜੀ ਸ਼ਰਧਾ ਹੂਈ, ਔਰ ਢੰਡੋਰਾ ਫੇਰਾ ਕਿ ਰਾਤ ਵਾਲਾ ਚੋਰ ਪਰਗਟ ਹੋਵੇ ਮੈਂ ਉਸ ਕੋ ਇਨਾਮ ਦੂੰਗਾ। ਤਬ ਵੋ ਚੋਰ ਸਨਮੁਖ ਹੂਆ, ਰਾਜਾ ਨੇ ਕਹਾ ਚੋਰੀ ਕਰੀ ਭੀ ਫਿਰ ਮਾਲ ਕਿਉਂ ਨ ਉਠਾਯਾ। ਤਬ ਉਸ ਨੇ ਕਹਾ ਸੰਤੋਂ ਨੇ ਕਹਾ ਥਾ ਜਿਸਕਾ ਲੂਣ ਖਾਵੇਂ, ਉਸ ਕੀ ਚੋਰੀ ਨ ਕਰਨੀ, ਮੇਰੇ ਸੇ ਰਾਤ੍ਰਿ ਮੇਂ ਮਿਠਾਈ ਕੇ ਸਾਥ ਲੂਣ ਖਾਯਾ ਗਯਾ, ਇਸ ਵਾਸਤੇ ਸਭ ਸਾਮਾਨ ਵਹਾਂ ਹੀ ਛੋੜ ਦੀਆ। ਫੇਰ ਰਾਜਾ ਨੇ ਕਹਾ ਰਾਣੀ ਤੇਰੇ ਕੋ ਪਤੀ ਬਣਾ ਰਹੀ ਸੀ ਤੂੰ ਉਸ ਕਾ ਪਤੀ ਕਿਉਂ ਨ ਹੂਆ ਉਸ ਨੇ ਕਹਾ ਸੰਤੋਂ ਕਾ ਦੂਸਰਾ ਬਚਨ ਮਾਨਾ ਸੰਤੋਂ ਨੇ ਕਹਾ ਥਾ ਰਾਜਾ ਕੀ ਰਾਣੀ ਮਾਤਾ ਵਤ ਸਮਝਨੀ, ਇਸ ਵਾਸਤੇ ਉਸ ਕੋ ਮਾਤਾ ਸਮਝ ਕਰ ਮੈਂਨੇ



ਨ ਮਾਨਾ। ਰਾਜਾ ਉਸ ਪਰ ਬੜਾ ਖੁਸ਼ ਹੂਆ ਅਰ ਕਹਿਣੇ ਲਗਾ, ਐਸਾ ਧਰਮਾਤਮਾ ਮਿਲਨਾ ਬੜਾ ਕਠਿਨ ਹੈ ਇਸ ਕੋ ਆਪਣਾ ਧਰਮ ਪੁਤਰ ਬਣਾ ਕਰ ਰਾਜ ਗੱਦੀ ਤੇ ਬੈਠਾਈਏ। ਤਬ ਰਾਜਾ ਨੇ ਸਭਾ ਲਗਾਈ, ਔਰ ਉਸ ਕੇ ਧਰਮ ਕਾ ਵਯਾਖਯਾਨ ਸਭਾ ਕੋ ਸੁਣਾਯਾ, ਔਰ ਉਸ ਕੋ ਧਰਮ ਪੁਤਰ ਬਣਾ ਕਰ, ਰਾਜ ਗੱਦੀ ਤੇ ਬਿਠਾ ਦੀਆ। ਵਜ਼ੀਰ ਅਮੀਰ ਭੀ ਧਰਮਾਤਮਾ ਥੇ ਉਨ ਕੀ ਸੰਗਤ ਸੇ ਚੋਰ ਬੜਾ ਸਦਾਚਾਰੀ ਹੂਆ, ਮਾਸ ਸ਼ਰਾਬ ਕਤਈ ਛੋੜ ਦੀਆ। ਔਰ ਰਾਜਾ ਰਾਣੀ ਕਾ ਪਰਸਪਰ ਮੇਲ਼ ਕਰਾਇਆ। ਔਰ ਮਾਤਾ ਪਿਤਾ ਸਮਝ ਕੇ ਸੇਵਾ ਕਰਤਾ ਰਹਾ, ਔਰ ਬੜਾ ਸੁਖੀ ਰਖਤਾ ਰਹਾ, ਤਥਾ ਆਪਣੇ ਗ੍ਰਾਮ ਕੇ ਸਭ ਚੋਰੋਂ ਡਾਕੂਓਂ ਕੋ, ਆਪਣੇ ਪਾਸ ਨੌਕਰ ਰਖ ਲੀਆ। ਬਹੁਤ ਬਹੁਤ ਤਨਖਾਹ ਦੇਤਾ ਰਹਾ। ਔਰ ਚੋਰੀ ਛੁਡਵਾ ਕਰ ਉਨੋਂ ਦੁਆਰਾ ਦੂਸਰੇ ਚੋਰੋਂ ਕੋ ਪਕੜਾਇਆ। ਸਾਰਾ ਰਾਜ ਸੁਧਾਰ ਦੀਆ। ਸੰਤੋਂ ਕੀਆਂ ਮੰਡਲੀਆਂ ਬੁਲਾ ਬੁਲਾ ਕਰ ਜਗ੍ਹਾ ਜਗ੍ਹਾ ਸਤਿਸੰਗ ਕਰਾਤਾ ਰਹਾ। ਔਰ ਆਪ ਭੀ ਸਤਿਸੰਗ ਕਰਤਾ ਭਯਾ। ਏਕ ਸਮੇਂ ਵੋ ਡਾਕੂ ਰਾਜਾ ਬੜਾ ਬੀਮਾਰ ਹੋ ਗਯਾ। ਹਕੀਮੋਂ ਡਾਕਟਰੋਂ ਨੇ ਉਸ ਕੋ ਕਊਏ ਕਾ ਮਾਸ ਖਾਨੇ ਕੋ ਕਹਾ, ਪਰੰਤੂ ਉਸ ਨੇ ਨਾ ਮਾਨਾ, ਕਹਾ ਸੰਤੋਂ ਕੇ ਬਚਨ ਸਭ ਸੇ ਪਿਆਰੇ ਰਖੂੰਗਾ। ਘੂਮਤੇ ੨ ਵੋ ਸੰਤ ਭੀ ਆ ਗਏ, ਜਿਨੋਂ ਨੇ ਡਾਕੂ ਕੋ ਉਪਦੇਸ਼ ਕਰਾ ਥਾ। ਚੋਰੋਂ ਕਾ ਗਾਂਵ ਦੇਖਨੇ ਗਏ ਵਹਾਂ ਦੇਖੇ ਸਭ ਧਰਮਾਤਮਾ ਹੋ ਗਏ ਹੈਂ ਰਾਜਾ ਕੇ ਨੌਕਰ ਹੋ ਗਏ ਹੈਂ ਖਾਸ ਚੋਰ ਰਾਜਾ ਹੋ ਗਯਾ ਹੈ, ਪਰੰਤੂ ਬੀਮਾਰ ਹੈ ਹਕੀਮ ਕਊਏ ਕੇ ਮਾਂਸ ਕੋ ਕਹਿਤੇ ਹੈਂ, ਪਰੰਤੂ ਖਾਤਾ ਨਹੀਂ। ਸੰਤ ਆਪ ਹਕੀਮ ਸੀ, ਜੜੀਆਂ ਬੂਟੀਆਂ ਪਾਸ ਰਖਤੇ ਸੀ, ਉਸ ਰਾਜਾ ਪਾਸ ਪਹੁੰਚੇ ਰਾਜਾ ਨੇ ਪਛਾਣ ਕਰ ਬੜੀ ਸੇਵਾ ਕਰੀ। ਸੰਤੋਂ ਨੇ ਜੜ੍ਹੀ ਬੂਟੀ ਦੇ ਕਰ ਉਸ ਕੋ ਰਾਜੀ ਕਰ ਦੀਆ। ਫੇਰ ਵੋ ਰਾਜ਼ੀ ਹੋ ਕਰ ਸਤਿਸੰਗ ਕਰਕੇ ਮੁਕਤ ਹੂਆ। ਇਸ ਸੇ ਸ਼ਾਸਤਰ ਕਹਿਤਾ ਹੈ। "ਸੁਰਤ੍ਵਾ ਤਯਜਤਿ ਦੁਰਮਤਿੰ"॥ ਸੁਨਨੇ ਸੇ ਪੁਰਸ਼ ਦੁਰਮਤੀ ਕੋ ਛੋੜ ਦੇਤਾ ਹੈ। ਇਸ ਪਰ ਏਕ ਦੂਸਰੀ ਸਾਖੀ ਲਿਖਤੇ ਹੈਂ, ਜਿਸਕਾ ਪਰਸੰਗ ਹੰਸਚੋਗ ਨਾਮ ਪੁਸਤਕ ਮੇਂ ਲਿਖਾ ਹੈ। ਏਕ ਸੁਰਜਨ ਦਾਸ ਆਜ਼ਾਦ ਨਾਮ ਵਾਲੇ ਉਦਾਸੀ ਸਾਧੂ ਬਾਰ ਦੇਸ ਵਿਚ ਹੋ ਚੁਕੇ ਹਨ ਪਹਿਲੇ ਯੇ ਡਾਕੂ ਥੇ ਔਰ ਸੰਤ ਟਹਲ ਦਾਸ ਉਦਾਸੀ ਸੀ। ਉਨੋਂ ਨੇ ਮਹੋਛਾ ਯਾਨੇ ਭੰਡਾਰਾ ਕਰਾਨੇ ਵਾਸਤੇ ਹਜ਼ਾਰੋਂ ਰੁਪਿਓਂ ਕੀ, ਸਮੱਗ੍ਰੀ ਮੰਗਾ ਕਰ ਕਠੀ ਕਰੀ ਹੂਈ ਥੀ, ਭੰਡਾਰੇ ਕੀ ਤ੍ਰਿਥੀ ਮੇਂ ਅਜੇ ਕੁਛ ਦਿਨ ਰਹਿਤੇ ਥੇ, ਡਾਕੂਓਂ ਕੋ ਪਤਾ ਲਗਾ। ਰਾਤਿ ਕੋ ਸੰਤ ਟਹਲ ਦਾਸ ਕੇ ਡੇਰੇ ਆ ਕਰ, ਸਭ ਸਾਮਾਨ ਉਠਾ ਲੀਆ। ਸੰਤ ਟਹਲ ਦਾਸ ਭੀ ਉਠ ਖੜੋਤੇ। ਡਾਕੂਓਂ ਕੋ ਪੂਛਾ ਤੁਮ ਕੌਣ ਹੋ ਕੀ ਕਰ ਰਹੇ ਹੋ। ਉਨੋਂ ਨੇ ਕਹਾ ਹਮ ਡਾਕੂ ਹੈਂ ਤੁਹਾਡਾ ਮਾਲ ਲੁਟ ਰਹੇ ਹੈਂ। ਸੰਤੋਂ ਨੇ ਕਹਾ ਅਛਾ ਹੂਆ ਅਸਾਂ ਭੀ ਲੁਟਾਨਾ ਹੀ ਥਾ। ਤੁਸਾਂ ਨੇ ਆਪੇ ਹੀ ਲੁਟ ਲੀਆ ਤੋ ਅਛਾ ਹੀ ਹੂਆ, ਫੇਰ ਅੰਦਰ ਸੇ ਔਰ ਸਾਮਾਨ ਭੀ ਨਿਕਾਲ ਦੀਆ ਔਰ ਕਹਾ ਮੇਰੀ ਖਲੜੀ

ਭੀ ਬੇਸ਼ਕ ਲੇ ਜਾਓ, ਕੁਝ ਵਸਤੂ ਪਾਨੇ ਕੇ ਕੰਮ ਆਏਗੀ, ਡਾਕੂਓਂ ਕਾ ਚਿਤ ਨਰਮ ਹੋ ਗਯਾ। ਔਰ ਕਹਿਨੇ ਲਗੇ ਬਖਸ਼ੋ ਮਹਾਰਾਜ, ਤਬ ਸੰਤੋਂ ਨੇ ਡਾਕੂਓਂ ਕੇ ਸਰਦਾਰ ਜਿਸਕਾ ਨਾਮ ਸੰਤਾਂ ਨੇ ਸੰਤ ਸੁਰਜਨ ਦਾਸ ਰਖਾ ਥਾ ਉਸ ਕੋ ਕਹਾ, ਇਹ ਤੂੰ ਜੋ ਪਾਪ ਕਰਤਾ ਹੈਂ, ਇਸ ਕਾ ਫਲ ਇਕੱਲੇ ਤੇਰੇ ਕੋ ਭੋਗਨਾ ਪੜੇਗਾ। ਤੇਰੇ ਸੰਬੰਧੀ ਇਸ ਪਾਪ ਮੇਂ ਸ਼ਾਮਿਲ ਨਹੀਂ ਹੋਂਗੇ ਤੂੰ ਹੀ ਨਿਪੀੜਿਆ ਜਾਏਂਗਾ । ਸੰਤੋਂ ਕੇ ਬਚਨ ਸੁਰਜਨਦਾਸ ਕੋ ਤੀਰ ਨਿਆਈਂ ਚੁਭ ਗਏ । ਜੈਸੇ ਬਾਲਮੀਕ ਬਟਵਾਰੇ ਕੋ ਸੰਤਾਂ ਕੇ ਬਚਨ ਚੁਭ ਗਏ ਥੇ, ਅਰ ਘਰ ਬਾਰ ਛੋੜ ਕਰ ਸੰਤਾਂ ਕੇ ਚਰਨੀਂ ਪੜ ਗਯਾ ਥਾ ਔਰ ਸੰਤੋਂ ਨੇ ਉਲਟਾ ਮਰਾ ਮਰਾ ਨਾਮ ਕਰਕੇ ਉਸ ਕੀ ਗਤੀ ਕਰਾਈ। ਗੁਰੂ ਜੀ ਲਿਖਤੇ ਹੈਂ :–

## ਬਾਲਮੀਕ ਬਟਵਾਰੋ ਤਰਿਓ ॥

### ਉਲਟਾ ਨਾਮ ਜਪਤ ਜਗ ਜਾਨਾ। ਬਾਲਮੀਕ ਭਏ ਬ੍ਰਹਮ ਸਮਾਨਾ।

[ਤੁਲਸੀ ਰਾਮਾਇਣ

ਇਸੀ ਤਰਹ ਸੰਤਾਂ ਕੇ ਬਚਨ ਸੁਰਜਨ ਦਾਸ ਕੇ ਹਿਰਦੇ ਮੇਂ ਲਗ ਗਏ ਚਰਨੋਂ ਤੇ ਗਿਰ ਗਯਾ । ਔਰ ਕਹਿਣੇ ਲਗਾ ਬਖਸ਼ੋ ਬਖਸ਼ੋ ਮਹਾਰਾਜ, ਸੰਤਾਂ ਨੇ ਦੁਰਕਾਰਿਆ ਅਰੇ ਪਾਪੀ ਦੁਸ਼ਟ, ਸੰਤ ਚਰਨ ਛੁੜਾਵੇਂ ਉਹ ਛੋੜੇ ਨਹੀਂ । ਫਿਰ ਸੰਤਾਂ ਨੇ ਚਿਮਟਾ ਮੰਗਾ ਕੇ ਜ਼ੋਰ ਸੇ ਮਾਰਿਆ ! ਪਿਠ ਲਹੂ ਲੁਹਾਨ ਹੋ ਗਈ, ਪਰ ਚਰਨ ਨ ਛਡੇ, ਬਹੁਤ ਲੋਗ ਛੁਡਾਵੇਂ ਫੇਰ ਭੀ ਨ ਛੋੜਿਆ। ਫਿਰ ਸੰਤੋਂ ਨੇ ਚਰਨ ਛੁੜਾਨੇ ਵਾਸਤੇ ਜ਼ੋਰ ਸੇ ਫਿਰ ਚਿਮਟਾ ਮਾਰਿਆ। ਫਿਰ ਤੋ ਲਹੂ ਕੇ ਫੁਹਾਰੇ ਚਲ ਪੜੇ ਪਰ ਚਰਨ ਫੇਰ ਭੀ ਨ ਛਡੇ, ਕਹਾ ਮਾਰ ਸਿੱਟੋ ਫੇਰ ਸੰਤਾਂ ਨੇ ਤੀਸਰੀ ਵਾਰੀ ਚਿਮਟਾ ਮਾਰਿਆ ਫਿਰ ਸਾਰਾਂ ਸਰੀਰ ਫਿਸ ਗਯਾ, ਪਰ ਫੇਰ ਭੀ ਚਰਨੋਂ ਸੇ ਨ ਉਠਾ, ਤਬ ਸੰਤੋਂ ਨੇ ਉਠਾ ਕੇ ਛਾਤੀ ਕੇ ਸਾਥ ਲਗਾਇਆ, ਔਰ ਕਹਾ ਤੇਰੇ ਤੀਨੋਂ ਜਨਮੋਂ ਕੇ ਪਾਪ ਮਿਟ ਗਏ । ਫੇਰ ਓਹ ਗੁਰੂ ਕੀ ਸੇਵਾ ਤਨ ਮਨ ਸੇ ਕਰਨੇ ਲਗਾ। ਔਰ ਜੀਵਨ ਮੁਕਤ ਹੋ ਕਰ ਸਭ ਸੰਤੋਂ ਮੇਂ ਪ੍ਰਸਿੱਧ ਹੂਆ। ਉਨ ਦੋਨੋਂ ਕੀ ਕਵਿਤਾਏਂ ਸੰਤ ਟਹਲ ਦਾਸ ਤਥਾ ਸੁਰਜਨ ਦਾਸ ਕੀ ਯਹਾਂ ਭੀ ਨਾਮ ਮਾਤ੍ਰ ਲਿਖਤੇ ਹੈਂ :–

[ਕਵਿਤਾ ਸੰਤ ਟਹਲ ਦਾਸ ਜੀ]

**ਜਿਉਂ ਜਿਉਂ ਢਾਂਡੇ ਬਲਨ ਪੀਆ ਦੇ, ਤਿਉਂ ਤਿਉਂ ਸੀਤਲ ਥੀਵਾਂ॥ ਜਿਉਂ ਜਿਉਂ ਸੀਤਲ ਤਿਉਂ ਤਿਉਂ ਢਾਂਡੂ ਨਾ ਕੁਛ ਖਾਨ ਨ ਪੀਵਾਂ ॥ ਪੀਆ ਮੇਰਾ ਲੱਗੇ ਚੰਗੇਰਾ ਤਾਂ ਰਸ ਮਾਹੀ ਲੀਵਾਂ। ਟੇਹਲ ਦਾਸ ਜਬ ਪੀਆ ਪਾਇਆ ਨਾ ਕਬ ਮਰਾਂ ਨ ਜੀਵਾਂ। ਯਾਰ ਵਿਛੋੜਾ ਚੰਗਾ ਨਾਹੀਂ ਪੁੱਛੇ ਲੋਕ ਬਤੇਰੇ**



**ਜਿਨਾਂ ਯਾਰ ਦਰਦ ਮਨ ਮਾਂਹੀ ਪੁਤਰੀ ਲਿਖੇ ਚਤੇਰੇ । ਪੀਵਣ ਖਾਵਣ ਨਹੀ ਕੁਛ ਭਾਵੇ ਦਰ ਯਾਰਾਂ ਦੇ ਡੇਰੇ। ਟੇਹਲ ਦਾਸ ਮਿੱਠਾ ਰਸ ਯਾਰੀ ਔਰ ਸਗਲ ਬਖੇਰੇ।**

ਵਚਨ ਸੰਤ ਸੁਰਜਨ ਦਾਸ ਆਜ਼ਾਦ ਕੇ:–

**ਯਾਰੀ ਯਾਰੀ ਸਬ ਕੋਈ ਆਖੇ ਵਿਰਲਾ ਤੋੜ ਨਿਬਾਹੇ । ਲਾਉਨ ਸਉਖੀ ਤੇ ਚਾਉਣ ਭਾਰੀ ਜਾਣੇ ਜੋ ਅਜ਼ਮਾਏ। ਸਾਬਿਤ ਸਿਦਕ ਜਿਨ੍ਹਾਂ ਦਾ ਸਦ ਹੀ ਸੋ ਯਾਰੀ ਫਲ ਪਾਏ। ਸੁਰਜਨ ਦਾਸ ਯੇ ਭਾਰੀ ਪਿਆਲਾ ਪੀਕੇ ਕੋਈ ਪਚਾਏ।**

ਫਿਰ ਸਿਹਰਫੀ ਵਿਚ ਲਿਖਦੇ ਹਨ :–

**ਸੇ ਸੁੱਧ ਸਰੂਪ ਪਛਾਨ ਲੀਤਾ, ਗਿਆ ਪੱਖ ਹਿੰਦੂ ਮੁਸਲਮਾਨ ਵਾਲਾ। ਬਰਨ ਆਸ੍ਰਮ ਦਾ ਪਿੰਜਰਾ ਤੋੜ ਦਿੱਤਾ, ਰਿਹਾ ਰਾਹ ਨ ਮਜ਼ਹਬ ਦੁਕਾਨ ਵਾਲਾ। ਅਸੀਂ ਪਏ ਹਾਂ ਰਾਹ ਬੇਹੱਦੀਆਂ ਦੇ, ਗਿਆ ਡੰਨ ਤੇ ਵੇਦ ਕੁਰਾਨ ਵਾਲਾ। ਸੁਰਜਨ ਦਾਸ ਏ ਮੌਜ ਖੁਲਾਸਿਆਂ ਦੀ, ਲਿਆ ਰਸ ਜੋ ਸਰਬ ਮਕਾਨ ਵਾਲਾ।**

**ਰੂਮੀ ਜੰਗੀ ਬਣਿਓਂ ਫਰੰਗੀ, ਨਰ ਨਾਰੀ ਹੋ ਬ੍ਰਾਹਮਣ ਭੰਗੀ । ਸਭ ਸੇ ਦਾ ਤੂੰ ਦਿੱਸਦਾ ਸੰਗੀ, ਕਹੋ ਕਿਸਨੂੰ ਪਿਛਾਂਹ ਹਟਾਇਆ ਈ । ਸੁਰਜਨ ਦਾਸ ਨ ਦੂਜਾ ਕੋਈ, ਹੈ ਤੂੰ ਹੈ ਹੋਸੀ ਭੀ ਸੋਈ। ਮੌਲਾ ਮੌਲ ਰਿਹਾ ਸਭ ਥਾਈਂ ਜ਼ਾਹਰ ਹੋ ਕੇ ਆਇਆ ਈ।**

**ਦਵਾਦ ਦੋਖੀਆਂ ਪਾਮਰਾਂ ਝੂਠਿਆਂ ਨੂੰ, ਨਿੱਤ ਅੰਦਨਾ ਪਾਇਕੇ ਸਾੜੀਏ ਜੀ। ਪਏ ਬਲਨ ਦੇ ਬਲ ਦੇ ਨਿੰਦਕਾਂ ਨੂੰ, ਆਪ ਨਿੱਤ ਕੜਾਹ ਨੂੰ ਚਾੜ੍ਹੀਏ ਜੀ। ਨੀਚ ਬੀਚ ਨ ਉਗਦੇ ਕਦੀ ਬੋਇਆ ਹਥੀਂ ਜੜਾਂ ਤੋਂ ਪੁੱਟ ਉਖਾੜੀਏ ਜੀ। ਸੁਰਜਨ ਦਾਸ ਏਹਨਾਂ ਨੀਚਾਂ ਨਿੰਦਕਾਂ ਨੂੰ ਨਾਲ ਗਿਆਨ ਵਿਚਾਰ ਕੇ ਝਾੜੀਏ ਜੀ।**

ਇਸ ਪ੍ਰਕਾਰ ਅਨੇਕ ਵਚਨ ਨੀਤੀ ਗਿਆਨ ਕੇ ਭਰੇ ਹੂਏ ਬਹੁਤ ਲਿਖੇ ਹੈਂ ਵਿਸਤਾਰ ਭਯ ਸੇ ਈਹਾਂ ਨਹੀਂ ਲਿਖੇ। ਸੋ ਇਸ ਪ੍ਰਕਾਰ ਮਹਾਤਮਾਂ ਕੇ ਵਚਨ ਸੁਨ ਕਰ ਸੁਰਜਨ ਦਾਸ ਨੇ ਦੁਰਮਤੀ ਕੋ ਤਿਆਗਿਆ ਹੈ। ਇਸ ਵਾਸਤੇ ਲਿਖਾ ਹੈ :–

**ਸ਼੍ਰੁਤ੍ਵਾ ਤਜਜਤਿ ਦੁਰਮਤਿੰ ॥** ਇਤਿ॥

ਅਥ **ਸ਼੍ਰੁਤ੍ਵਾ ਗਿਆਨ ਮਵਾ ਪ੍ਨੋਤਿ ॥** ਇਸ ਪਰ ਕਥਾ ਹੈ:–

ਜੈਸੇ ਰਾਜਾ ਪਰੀਖਜਤ ਸਾਤ ਦਿਨ ਕੇ ਭਾਗਵਤ ਸਰਵਣ ਕਰਨੇ ਸੇ ਗਿਆਨ ਕੋ ਪ੍ਰਾਪਤ ਹੂਆ । ਔਰ ਜੈਸੇ ਅਰਜੁਨ ਗੀਤਾ ਕੇ ਸਰਵਣ ਕਰਨੇ ਸੇ ਗਿਆਨ ਕ ਪ੍ਰਾਪਤ ਹੂਆ ।

**ਕਾਚ੍ਚਿਦੇਤਚ੍ਛ੍ਰੁਤੰ ਪਾਰਥ ਤ੍ਵਯਈਕਾਗ੍ਰੇਣ ਚੇਤਸਾ ॥ ਕਚ੍ਚਿਤਅਗਯਾਨ ਸੰਮੋਹ: ਪ੍ਰਨਸ਼੍ਟਸ੍ਤੇ ਧਨੰਜਯ ॥** [ਗੀਤਾ ਅਧਯਾਯ ੧੮ ਸ਼ਲੋਕ ੭੨

ਭਗਵਾਨ ਅਰਜੁਨ ਸੇ ਕਹਿਤੇ ਹੈਂ ਹੇ ਅਰਜੁਨ ! ਕਿਆ ਯਹ ਮੇਰਾ ਵਚਨ ਏਕਾਂਗ੍ ਚਿਤ ਸੇ ਸ੍ਰਵਣ ਕੀਆ ? ਔਰ ਹੇ ਅਰਜਨ ਕਿਆ ਅਗਿਆਨ ਸੇ ਉਤਪੰਨ ਤੇਰਾ ਮੋਹ ਨਸ਼ਟ ਹੂਆ ? ॥ ੭੨ ॥

**ਨਸ਼੍ਟੋ ਮੋਹ: ਸਿਮ੍ਰਿਤਿਰ ਲਬਧਾ ਤ੍ਵਤ ਪ੍ਰਸਾਦਾਨ ਮਯਾਚਯਤ੍ ॥ ਸਿਥ ਤੋ ਸਿਮ ਗਤ ਸੰਦੇਹ: ਕਰਿਸ਼ਜੇ ਵਚਨੰ ਤਵ ॥ ੭੩ ॥**

ਅਰਜੁਨ ਕਹਿਤਾ ਹੈ ਹੇ ਭਗਵਾਨ ਆਪ ਕੀ ਕ੍ਰਿਪਾ ਸੇ, ਮੇਰਾ ਮੋਹ ਨਸ਼ਟ ਹੋ ਗਯਾ ਔਰ ਸੁਸਰੂਪ ਕੀ ਸਿਮ੍ਰਿਤੀ ਆ ਗਈ ਹੈ, ਔਰ ਸੰਦੇਹ ਦੂਰ ਹੋ ਗਏ ਹਨ ਅਬ ਆਪ ਕਾ ਵਚਨ ਪਾਲਨ ਕਰੂੰਗਾ ॥ ੭੩ ॥ ਇਸ ਪ੍ਰਕਾਰ ਸਰਵਣ ਸੇ ਅਰਜਨ ਕੋ ਗਿਆਨ ਹੂਆ। ਔਰ ਗੁਰੂ ਜੀ ਬੀ ਲਿਖਤੇ ਹੈਂ:–

**ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥ ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥ ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥**

[ਗਉੜੀ ਸੁਖਮਨੀ ਸਫਾ ੨੮੭

ਇਸ ਗੀਤਾ ਸ਼ਾਸਤ੍ਰ ਕੋ ਸ਼ਰਧਾ ਪੂਰਬਕ ਜੋ ਸਰਵਣ ਕਰਤਾ ਹੈ ਸੋ ਭੀ ਗਿਆਨ ਕੋ ਪ੍ਰਾਪਤ ਹੋਤਾ ਹੈ । ਪ੍ਰਮਾਣ:–

**ਸਰਧਾਵਾਨ੍ਅਨਸੂਯਸ੍ਚ ਸ਼੍ਰਿਣੁਯਾਦਪਿਯੋਨਰ: ॥ ਸੋ ਅਪਿ ਮੁਕ੍ਤ: ਸ਼ੁਭਾਂਲੋਕਾਨ ਪ੍ਰਾਪਨੁਯਾਤ ਪੁਨਜ ਕਰਮਣਾਂ ॥** [ਗੀਤਾ ਸ਼ਲੋਕ ੭੧ ਅ: ੧੨

ਹੇ ਅਰਜੁਨ ! ਇਸ ਗੀਤਾ ਸ਼ਾਸਤ੍ਰ ਕੋ ਸ਼ਰਧਾ ਯੁਕਤ ਔਰ ਸਾਰਗ੍ਰਾਹੀ ਯੁਕਤੀ ਸੇ ਜੋ ਕੋਈ ਦੂਸਰਾ ਭੀ ਸ਼ਰਵਣ ਕਰੇਗਾ ਸੋ ਭੀ ਪਾਪੋਂ ਸੇ ਮੁਕਤ ਹੋਕਰ ਪੁੰਨ ਵਾਲੇ ਲੋਕੋਂ ਕੋ ਪ੍ਰਾਪਤ ਹੋਗਾ । ਔਰ ਵਿਆਸ ਭਗਵਾਨ ਕੇ ਵਚਨ ਕੇ ਪ੍ਰਭਾਵ ਸੇ ਹਸਿਤ੍ਨਾ ਪੁਰ ਮੇਂ ਹੀ ਬੈਠੇ ਹੂਏ ਸੰਜਯ ਕੋ ਮਹਾਂ ਭਾਰਤ ਯੁਧ ਕਾ ਸਭ ਗਿਆਨ ਹੋਤਾ



ਭਯਾ । ਔਰ ਯਾਗਵਲਕਯ ਕੀ ਇਸਤ੍ਰੀ ਮੈਤ੍ਰੇਯੀ ਕੋ ਸਰਵਣ ਸੇ ਹੀ ਆਤਮ ਗਿਆਨ ਹੋਤਾ ਭਯਾ। ਜੈਸੇ ਛਾਂਦੋਗਯੋਪਨਿਸ਼ਦ ਮੇਂ ਲਿਖਾ ਹੈ:–

**ਆਤਮਾਵਾਰੇ ਸ੍ਰੋਤਬਯੋ ਮੰਤਬਯੋ ਨਿਧਿਧਯਾਸਿਤਬਯ: ॥**

ਯਾਗਵਲਕਯ ਕਹਿਤੇ ਹੈਂ ਅਰੇ ਮੈਤ੍ਰੇਯੀ, ਆਤਮ ਗਿਆਨ ਵਾਸਤੇ ਆਤਮਾ ਕਾ ਸ਼ਰਵਣ ਕਰ, ਔਰ ਉਸੀ ਜਗਹ, ਸ਼ਰਵਣ ਕੋ ਅੰਗੀਯਾਗ ਯਾਨੇ ਬੜਾ ਯਾਗ ਲਿਖਾ ਹੈ। ਔਰ ਵਿਵੇਕ ਵੈਰਾਗ ਆਦਿ ਚਾਰ ਸਾਧਨ ਉਸ ਕੇ ਪ੍ਰਯਾਜ ਅੰਗ ਲਿਖੇ ਹੈਂ, ਔਰ ਮਨਨ ਨਿਧਯਾਸਨ ਆਦਿ ਉਸ ਕੇ ਅਨੁਯਾਜ ਅੰਗ ਲਿਖੇ ਹੈਂ । ਅੰਗੋਂ ਕਾ ਫਲ ਅੰਗੀ ਕੇ ਸਾਥ ਮਿਲਕੇ ਹੋਤਾ ਹੈ, ਅੰਗੀ ਬਿਨਾਂ ਨਹੀਂ ਹੋਤਾ । ਅੰਗੀ ਯਾਨੇ ਬੜਾ ਯਾਗ ਜੈਸੇ ਪੂਰਣ ਮਾਸੀ ਯਾ ਅਮਾਵਸ ਕੋ, ਜੋ ਬੜੇ ਵਿਚ ਵਾਲੇ ਕੁੰਡ ਮੇਂ ਹਵਨ ਕਰਾ ਜਾਤਾ ਹੈ, ਸੋ ਬੜਾ ਅਰ ਅੰਗੀ ਯਾਗ ਕਹਾਤਾ ਹੈ ਔਰ ਬੜੇ ਕੁੰਡ ਕੇ, ਚਾਰੋਂ ਕੋਨੋਂ ਪਰ ਜੋ ਛੋਟੇ ਛੋਟੇ ਕੁੰਡ ਬਣਾਏ ਜਾਤੇ ਹੈਂ, ਉਨ ਮੇਂ ਅਮਾਵਸ ਸੇ ਪਹਿਲੇ ਔਰ ਅਮਾਵਸ ਸੇ ਪੀਛੇ ਜੋ ਆਹੂਤੀਆਂ ਪਾਈਆਂ ਜਾਤੀਆਂ ਹੈਂ, ਉਨ ਕੋ ਅੰਗ ਯਾਗ ਯਾਨੇ ਛੋਟੇ ਯਾਗ ਕਹਿਤੇ ਹੈਂ । ਜੋ ਬੜੇ ਯਾਗ ਕਾ ਫਲ ਹੈ ਸੋਈ ਛੋਟੇ ਯਾਗ ਕਾ ਫਲ ਹੈ ਪ੍ਰਿਥਕ ਨਹੀਂ। ਇਸੀ ਤਰਹ ਸ਼੍ਰਵਣ ਬੜਾ ਅੰਗੀ ਯਾਗ ਹੈ, ਔਰ ਬਾਕੀ ਸਭ ਅੰਗ ਯਾਨੇ ਛੋਟੇ ਯਾਗ ਹੈਂ, ਜੋ ਸ੍ਰਵਣ ਕਾ ਫਲ ਗਿਆਨ ਹੈ ਸੋਈ ਸਭ ਸਾਧਨੋਂ ਕਾ ਫਲ ਹੈ। ਤਾਂਤੇ ਸ੍ਰਵਣ ਸੇ ਹੀ ਗਿਆਨ ਹੋਤਾ ਹੈ, ਜੈਸੇ ਮੈਤਰੇਈ ਕੋ ਸ੍ਰਵਣ ਸੇ ਆਤਮ ਗਿਆਨ ਹੂਆ, ਸੋ ਕਥਾ ਵੇਦ ਮੇਂ ਪ੍ਰਸਿਧ ਹੈ ਔਰ ਸ੍ਰਵਣ ਕਾ ਮਹਾਤਮ ਯਤੀ ਧਰਮ ਸੰਗ੍ਰਹ ਮੇਂ ਐਸੇ ਲਿਖਾ ਹੈ ॥

ਸਲੋਕ–

**ਕਿੰ ਤੀਰਥੈ ਕਿੰ ਪ੍ਰਦਾਨੈਰਵਾ ਕਿੰ ਯਾਗਜ ਕਿਮੁਪੋਸ਼ਿਤੈ: ॥ ਅਹਿਨੀ ਅਹਿਨੀ ਤੁੰ ਦੇਵੰ ਤਨਮਯਤ੍ਵੇਨ ਸ਼੍ਰਿਣਵਤਾਂ ॥ ੧ ॥ ਵੈਸ਼ਣਵੰ ਚਰਿਤੰ ਪੁਣਯਮਾਯੁਰਾਰੋਗਜ ਪੁਸਟਿਦੰ ॥ ਪਠਤ: ਸ਼੍ਰਿਣ੍ਵਤੋਵਾਪਿ ਸਰਵਪਾਪੰ-ਵਿਯਪੋਹਤਿ ॥ ੨ ॥ ਸ੍ਰਵਣਾਤ ਮਨਨਾਚ੍ਚੈਵ ਨਿਦਿਧਯਾਸਨਸਤਥਾ ॥ ਆਰਾਧਜੰ ਸਰਵਦਾ ਬ੍ਰਹਮ ਪੁਰੁਸ਼ੇਣ ਹਿਤੈਸ਼ਿਣਾ ॥ ੩ ॥ ਮਤ ਕਥਾ ਵਾਚਕੰ ਨਿਤਜੰ ਮਤ ਕਥਾ ਸ੍ਰਵਣੇ ਰਤੰ ॥ ਮਤ ਕਥਾ ਪ੍ਰੀਤਿਮਨਸੰ ਨਾਹੰਤਜਖਸ਼ਾਮਿ ਤੰ ਨਰੰ ॥ ੪ ॥ ਨਾਹੰ ਵਸਾਮਿ ਵੈਕੁੰਠੇ ਯੋਗਿਨਾਂ ਹ੍ਰਿਦਯੇ ਨਚ ॥ ਮਦ ਭਗਤਾ ਯਤ੍ਰ ਗਾਯੰਤਿ ਤਤ੍ਰ ਤਿਸ੍ਠਾਮਿ ਨਾਰਦ ॥ ੫ ॥ ਆਸੁਪ੍ਰੇਗਾਮ੍ਰਿਤੈ: ਕਾਲੰ ਨਯੇਤਵੇਦਾਂਤਿ ਚਿੰਤਯਾ ॥ ਦਦਯਾਤਨਾਵਸਰੰ ਕਿਚਿਤਕਾਮਾਦੀਨਾਂ ਮਨਾਗਪਿ ॥ ੬ ॥** [ਯਤਿ ਧਰਮ ਸੰਗ੍ਰਹ

ਟੀਕਾ–ਭਗਵਾਨ ਨਾਰਦ ਕੋ ਕਹਿਤੇ ਹੈਂ ਹੇ ਨਾਰਦ! ਜੈਸਾ ਪਰਮੇਸ੍ਵਰ ਕਾ ਸਰੂਪ ਪਰਿਪੂਰਣ ਨਿਰਵਿਕਾਰ ਸੁਧ ਸਚਿਦਾਨੰਦ ਹੈ, ਤੈਸਾ ਸਰੂਪ ਹੀ ਰਾਤ ਦਿਨ ਸ੍ਰਵਣ ਕਰਨਾ ਚਾਹੀਏ । ਸ੍ਰਵਣ ਕੋ ਛੋਡ ਕਰ ਤੀਰਥੋਂ ਸੇ, ਦਾਨੋਂ ਸੇ, ਯਗ ਔਰ ਉਪ ਬ੍ਰਿਤੋਂ ਸੇ ਕਿਆ ਫਲ ਭਾਵ ਕੁਛ ਨਹੀਂ ॥ ੧ ॥ ਭਗਵਾਨ ਕੇ ਪੁਣਯਮਯ ਚਰਿਤ੍ਰ ਆਯੂ ਔਰ ਆਰੋਗਯ ਕੀ ਪੁਸ਼ਟੀ ਕਰਨੇ ਵਾਲੇ ਹੈਂ, ਉਨ ਕੋ ਪੜਤਾ ਹੂਆ ਸੁਨਤਾ ਹੂਆ ਸਰਵ ਪਾਪੋਂ ਸੇ ਮੁਕਤ ਹੋ ਜਾਤਾ ਹੈ ॥ ੨ ॥ ਕਲਿਆਣ ਕੀ ਇਛਾ ਵਾਲੇ ਪੁਰਸ਼ ਕੋ, ਸਰਵਦਾਕਾਲ ਬ੍ਰਹਮ ਕਾ ਸ੍ਰਵਣ ਮਨਨ ਨਿਧਯਾਸਨ ਦਵਾਰਾ, ਬ੍ਰਹਮ ਚਿੰਤਨ ਕਰਨਾ ਚਾਹੀਏ ਮੇਰੀ ਕਥਾ ਰੋਜ਼ ਪੜ੍ਹਨੇ ਵਾਲੇ ਕੋ, ਸੁਨਨੇ ਮੇਂ ਪ੍ਰੀਤ ਕਰਨੇ ਵਾਲੇ ਕੋ, ਔਰ ਮਨ ਮੇਂ ਕਥਾ ਕਾ ਭਾਵ ਰਖਨੇ ਵਾਲੇ ਪੁਰਸ਼ ਕੋ, ਮੈਂ ਕਭੀ ਤਿਆਗਤਾ ਨਹੀਂ ॥ ੪ ॥ ਔਰ ਹੇ ਨਾਰਦ ਮੈਂ ਵੈਕੁੰਠ ਮੇਂ ਵਾਸ ਨਹੀਂ ਕਰਤਾ ਹੂੰ, ਯੋਗੀਓਂ ਕੇ ਹਿਰਦੇ ਤਥਾ ਬਾਣੀ ਮੇਂ ਨਹੀਂ ਰਹਿਤਾ ਹੂੰ, ਮੇਰੇ ਭਗਤ ਜਹਾਂ ਗਾਯਨ ਕਰਤੇ ਹੈਂ ਵਹਾਂ ਰਹਿਤਾ ਹੂੰ ॥ ੫ ॥ ਜਾਗ੍ਰਿਤ ਸੇ ਲੇਕੇ ਸੋਨੇ ਤਕ ਸਾਰਾ ਦਿਨ ਔਰ ਜਨਮ ਸੇ ਲੇਕੇ ਮਰਣ ਤਕ, ਸਾਰੀ ਉਮਰ ਵੇਦਾਂਤ ਕੇ ਸ੍ਰਵਣ ਮਨਨ ਮੇਂ ਹੀ, ਕਾਲ ਕੋ ਗੁਜ਼ਾਰੇ ਔਰ ਕਭੀ ਭੀ ਕਾਮਾਦਿਕੋਂ ਕੋ ਥੋੜਾ ਭੀ ਸਮਾਂ ਨ ਦੇਵੇ ॥ ੬ ॥

**ਸਲੋਕ–ਯ ਇਦੰ ਸ੍ਰਾਵਯੇਤਵਿਦ੍ਵਾਨ ਦ੍ਵਿਜਾਨ ਪਰਬਸੁ ਪਰਬਸੁ ॥ ਅਸ੍ਵ-ਮੇਧ ਫਲੰਤਵਿ ਤਸਯ ਤਤਭਵਾਨ ਅਨੁਮਨਯਤਾਂ ॥ ੩੨੮ ॥ ਵਿਦਿਆ-ਰਥੀ ਪ੍ਰਾਪ੍ਨੁਯਾਦ੍ਵਿਦਿਆਂ ਧਨ ਕਾਮੋ ਧਨੰ ਤਥਾ ॥ ਆਯੁਸਕਾਮਸਤਥੈਵਾਯੁ: ਸ੍ਰੀ ਕਾਮੋ ਮਹਤੀਂ ਸ੍ਰਿਯੰ ॥ ੩੨੯ ॥ ਸਲੋਕ ਤ੍ਰਯਮਪਿ ਹੀ ਅਸਮਾਦਯ: ਸ਼੍ਰਾਧੇ ਸ੍ਰਾਵਯਿਸਯਤਿ ॥ ਪਿਤ੍ਰਿਣਾਂ ਤਸਯਤ੍ਰਿਪ੍ਤਿ: ਸਯਾਤ ਅਖਸ਼ਯਾਨਾਤ੍ਰ ॥ ਸੰਸ਼ਯ: ॥੩੩੦॥ ਬ੍ਰਾਹਮਣ: ਪਾਤ੍ਰਤਾਂਯਾਤਿ ਖਸ਼ਤ੍ਰਿਯੋ ਵਿਜਈ ਭਵੇਤ ॥ ਵੈਸਯਸੁਧਾਨਯ ਧਨਵਾਨਸਯਾਤ ਸ਼ਾਸ਼ਤ੍ਰਸਯ ਧਾਰਣਾਤ ॥੩੩੧॥**

[ਪ੍ਰਾਯਸ਼ਚਿਕਤਾਧਯਾਯ ਪ੍ਰਕਰਣ ੫

ਅਰਥ–ਯਾਗਵਲਕ ਜੀ ਕਹਿਤੇ ਹੈਂ ਜੋ ਸ਼ਾਸ਼ਤ੍ਰ ਕੋ, ਪ੍ਰਤਿ ਪਰਬ ਪਰਬ ਮੇਂ ਵਿਦਵਾਨ ਕੋ ਸੁਨਾਤਾ ਹੈ, ਉਸਕੋ ਅਸ੍ਵਮੇਧ ਯਗ ਕਾ ਫਲ ਪ੍ਰਾਪਤ ਹੋਤਾ ਹੈ, ਯਹ ਹਮਾਰਾ ਪ੍ਰਤੀ ਪਾਦਿਤ ਅਰਥ ਸਰਵਤ੍ਰ ਜਾਨ ਲੇਨਾ। ਇਸ ਸ਼ਾਸਤ੍ਰ ਕੇ ਸੁਨਨੇ ਸੇ ਵਿਦਿਆਰਥੀ ਵਿਦਿਆ ਕੋ ਪ੍ਰਾਪਤ ਹੋਤਾ ਹੈ। ਧਨ ਕੀ ਇਛਾ ਵਾਲਾ ਧਨ ਕੋ ਪ੍ਰਾਪਤ ਹੋਤਾ ਹੈ । ਆਯੂ ਕੀ ਇਛਾ ਵਾਲਾ ਆਯੂ ਕੋ ਪ੍ਰਾਪਤ ਹੋਤਾ ਹੈ, ਅਰ ਯਸ਼ ਕੀ ਇਛਾ ਕਰਨੇ ਵਾਲਾ ਯਸ਼ ਕੋ ਪ੍ਰਾਪਤ ਹੋਤਾ ਹੈ। ਤੀਨੋਂ ਲੋਕੋਂ ਮੇਂ ਭੀ, ਸ਼੍ਰਾਧ ਮੇਂ ਇਸ ਕੋ ਸ੍ਰਵਣ ਕਰਤਾ ਹੈ ਤਿਸ ਕੇ ਪਿਤ੍ਰ ਕੀ ਅਖਯ ਤ੍ਰਿਪਤਿ ਹੋ ਜਾਤੀ ਹੈ, ਇਸ ਮੇਂ ਸੰਦੇਹ ਨਹੀਂ, ਇਸਕੇ ਸ੍ਰਵਣ ਧਾਰਣ



ਸੇ ਬ੍ਰਾਹਮਣ ਪਾਤ੍ਰ ਬਣ ਜਾਤਾ ਹੈ। ਖਤ੍ਰੀ ਸੂਰਮਾ ਹੋ ਜਾਤਾ ਹੈ। ਵੈਸ਼ਯ ਧਨਾਢ ਹੋ ਜਾਤਾ ਹੈ ਤਥਾ ਵੇਦਾਂਤ ਸ਼ਾਸਤ੍ਰ ਕੇ ਸ੍ਰਵਣ ਕਾ ਮਹਾਤਮ ਸ਼ਾਸਤ੍ਰ ਮੇਂ ਐਸੇ ਲਿਖਾ ਹੈ।

**ਸਲੋਕ–ਦਿਨੇ ਦਿਨੇ ਤੁਵੇਦਾਂਤ ਸ਼੍ਰਵਣਾਤ ਭਗਤੀ ਸੰਯੁਕ੍ਤਾਤ ॥ ਗੁਰੂ ਸ਼ੁਸ਼੍ਰੂਸਾ ਲਬਧਾਤ ਕ੍ਰਿਛ੍ਰਿਰ ਅਸੀਤਿ ਫਲੰ ਲਭੇਤ ॥**

– ਏਕ ਦਿਨ ਕੇ ਵੇਦਾਂਤ ਸ੍ਰਵਣ ਕਰਨੇ ਸੇ ਪਰੰਤੂ ਭਗਤੀ ਪੂਰਬਕ ਔਰ ਗੁਰੂ ਸੇਵਾ ਕਰਨੇ ਸੇ, ਅਸੀ ਕ੍ਰਿਛ੍ਰਿਰ ਬ੍ਰਤੋਂ ਕਾ ਫਲ ਏਕ ਦਿਨ ਕੇ ਵੇਦਾਂਤ ਸ੍ਰਵਣ ਕਰਨੇ ਸੇ ਹੋਤਾ ਹੈ। ਏਕ ਕ੍ਰਿਛ੍ਰਿਰ ਬ੍ਰਤ ੧੨ ਦਿਨ ਕਾ ਹੋਤਾ ਹੈ, ਸੋ ਇਸਤਰਹ ਹੋਤਾ ਹੈ। ਤੀਨ ਦਿਨ ਫਕਤ ਦਿਨ ਮੇਂ, ਏਕ ਵਾਰੀ ਖਾਨਾ ਫਿਰ ਨ ਖਾਨਾ, ਔਰ ਤੀਨ ਦਿਨ ਫ਼ਕਤ ਏਕ ਵਾਰ ਰਾਤ੍ਰੀ ਕੋ ਖਾਨਾ, ਦਿਨ ਮੇਂ ਨਾ ਖਾਨਾ । ਤੀਨ ਦਿਨ ਅਪਨਾ ਭੋਜਨ ਨ ਬਨਾਨਾ, ਕੋਈ ਜਿਸ ਵਕਤ ਦੇ ਜਾਵੇ ਤਬ ਖਾਣਾ, ਔਰ ਤੀਨ ਦਿਨ ਨਿਰਾਹਾਰ ਰਹਿਣਾ, ਐਸੇ ਸਾਰੇ ਮਿਲ ਕੇ ੧੨ ਦਿਨ ਕਾ ਏਕ ਕ੍ਰਿਛ੍ਰਿਰ ਬ੍ਰਤ ਹੋਤਾ ਹੈ। ਐਸੇ ੮੦ ਕ੍ਰਿਛ੍ਰਿਰ ਬ੍ਰਤ ਕਾ ਜੋ ਫਲ ਹੈ ਸੋ ਏਕ ਦਿਨ ਕੇ ਵੇਦਾਂਤ ਸ੍ਰਵਣ ਕਰਨੇ ਕਾ ਫਲ ਹੈ । ਇਸ ਵਾਸਤੇ ਬਹੁਤ ਭਗਤ ਕਥਾ ਸ੍ਰਵਣ ਕਰਾ ਕਰਤੇ ਹੈਂ, ਔਰ ਤ੍ਰਿਪਤ ਨਹੀਂ ਹੋਤੇ। ਜੈਸੇ ਸ੍ਰੀ ਮਦ ਭਾਗਵਤ ਕੇ ਚਉਥੇ ਸਕੰਧ ਕੇ ੧੫ ਅਧਯਾਯ ਸੇ, ਲੇਕਰ ੨੩ ਅਧਯਾਯ ਤਕ, ਪ੍ਰਿਥੂ ਰਾਜਾ ਕੀ ਕਥਾ ਲਿਖੀ ਹੈ, ਸੰਖੇਪ ਸੇ ਈਹਾਂ ਭੀ ਕਹਿਤੇ ਹੈਂ। ਏਕ ਬੇਣੂ ਨਾਮ ਵਾਲਾ ਬੜਾ ਪਾਪੀ ਰਾਜਾ ਥਾ, ਉਸ ਕੋ ਮੁਨੀਓਂ ਨੇ ਸ਼ਾਪ ਦੇਕਰ ਮਾਰ ਦੀਆ, ਫਿਰ ਉਸ ਕੀ ਭੁਜਾ ਕੇ ਮੰਥਨ ਸੇ ਪ੍ਰਿਥੂ ਰਾਜਾ ਪ੍ਰਗਟ ਹੂਆ, ਬ੍ਰਹਮਾ ਨੇ ਉਸ ਕੋ ਰਾਜ ਸਿੰਘਾਸਨ ਪਰ ਬਿਠਾਯਾ, ਔਰ ਬੜਾ ਪ੍ਰਤਾਪੀ ਰਾਜਾ ਹੂਆ। ਉਸ ਨੇ ਕਈ ਅਸੁਮੇਧ ਯੱਗ ਕੀਏ, ਜਿਨਕੋ ਦੇਖ ਕਰ ਇੰਦ੍ਰ ਡਰ ਗਯਾ, ਔਰ ਦੋ ਵਾਰ ਘੋੜਾ ਚੁਰਾਯਾ ਤਬ ਰਾਜਾ ਪ੍ਰਿਥੂ ਨੇ ਇੰਦ੍ਰ ਕੋ ਭਸਮ ਕਰਨੇ ਕੇ ਲੀਏ ਕੁਸਬਾਣ ਮੰਤ੍ਰਿਤ ਕਰ ਚਲਾਯਾ, ਫੇਰ ਬ੍ਰਹਮਾ ਜੀ ਨੇ ਆ ਕਰ ਸਮਝਾਯਾ, ਕਿ ਯੱਗ ਸੇ ਇੰਦ੍ਰ ਪਦਵੀ ਮਿਲੇਗੀ ਸੋ ਅਨਿਤ ਹੈ, ਤੁਮ ਹਰੀ ਭਗਤੀ ਰੂਪ ਸੁਧਾ ਰਸ ਪਾਨ ਕਰੋ, ਯਗ ਕਰਨੇ ਛੋੜ ਦੋ ਤਬ ਬ੍ਰਹਮਾ ਕੀ ਆਗਿਆ ਪਾ ਕਰ, ਯਗੋਂ ਕੋ ਛੋੜ ਕਰ ਹਰਿ ਭਗਤੀ ਕਰਨੇ ਲਗੇ । ਔਰ ਭਗਵਾਨ ਕਾ ਸਾਖਯਾਤ ਦਰਸ਼ਨ ਹੂਆ । ਭਗਵਾਨ ਪ੍ਰਸੰਨ ਹੋ ਕਰ ਵਰ ਦਾਨ ਦੇਨੇ ਲਗੇ । ਤਬ ਪ੍ਰਿਥੂ ਨੇ ਕਹਾ, ਮੇਰੇ ਕੋ ਆਪ ਕੇ ਸਮਗ੍ਰ ਗੁਣ ਸਰਵਨ ਕਰਨੇ ਕੀ ਪ੍ਰੀਤਿ ਹੈ। ਦੋ ਕੰਨੋਂ ਸੇ ਤ੍ਰਿਪਤੀ ਨਹੀਂ ਹੋਤੀ ਆਪ ਪ੍ਰਸੰਨ ਹੋ ਕਰ ੧੦੦੦੦ ਦਸ ਹਜ਼ਾਰ ਕੰਨ ਦਿਓ ਤੋ ਆਪ ਕੇ ਹਰ ਇਕ ਗੁਣ ਸੁਣ ਕਰ ਤ੍ਰਿਪਤ ਹੋ ਜਾਊਂ:–

**ਨਕਾਮਯੇ ਨਾਥ ਤਦਪਿ ਅਹੰ ਕ੍ਵਚਿਤਨ ਯਤ੍ਰ ਯੁਸ਼ਮਦ ਚਰਣਾਂਬੁਜਾਸਵ: ਮਹਤ੍ਰ ਮਾਂਤਰ ਹ੍ਰਿਦਯਾਨ ਮੁਖਚ੍ਯੁਤੋ ਵਿਧਤਸ੍ਵ ਕਰਣਾਯੁਤਮੇਸ਼ਵਰ: ॥**

[ਸ੍ਰੀ ਮਦ ਭਾਗਵਤ ਸਕੰਧ ਚਤੁਰਥ ਅਧਯਾਇ ੨੦ ਸਲੋਕ ੨੪

ਰੂਪੀ ਮੁਖ ਸੇ ਨਿਕਲਾ ਹੂਆ ਜੋ ਆਪ ਕੇ ਚਰਨ ਕਵਲ ਮਕਰੰਦ ਰੂਪ ਯਸ਼ ਕਾ ਸ੍ਰਵਣ ਆਦਿ ਸੁਖ, ਜਿਨ ਸ੍ਵਰਗ ਆਦੀ ਲੋਕੋਂ ਮੇਂ ਨਹੀਂ ਹੈ, ਉਨਕੋ ਮੈਂ ਨਹੀਂ ਚਾਹਤਾ, ਤੋ ਫਿਰ ਕਿਆ ਚਾਹਤਾ ਹੈਂ ? ਪ੍ਰਿਥੂ ਜੀ ਕਹਤੇ ਹੈਂ ਅ ਪ ਕਾ ਯਸ਼ ਸ੍ਰਵਣ ਕਰਨੇ ਕੋ ੧੦੦੦੦ ਦਸ ਹਜ਼ਾਰ ਕਾਨ ਮਾਂਗਤਾ ਹੂੰ। ਆਪ ਕ੍ਰਿਪਾ ਕਰਕੇ ਦੋ, ਤਬ ਭਗਵਾਨ ਕਹਨੇ ਲਗੇ ਦਸ ਹਜ਼ਾਰ ਕਾਨੋਂ ਵਾਲਾ ਤੋ ਕੋਈ ਭੀ ਆਦਮੀ ਨਹੀਂ ਹੋਰ ਕੁਛ ਮਾਂਗ। ਤਬ ਪ੍ਰਿਥੂ ਕਹਨੇ ਲਗਾ ਮੇਰਾ ਵਰ ਤੋ ਯਹੀ ਹੈ। ਹੋਰ ਵਰ ਕੀ ਮੇਰੇ ਕੋ ਇਛਾ ਨਹੀਂ। ਤਬ ਭਗਵਾਨ ਪ੍ਰਸੰਨ ਹੋ ਕਰ "ਤਥਾਸਤੂ" ਐਸੇ ਹੀ ਹੋਗਾ, ਐਸੇ ਕਹਿਤੇ ਭਏ ਸੋ ਇਸ ਪ੍ਰਕਾਰ ਸ੍ਰਵਣ ਭਗਤੀ ਮੇਂ ਪ੍ਰਿਥੂ ਰਾਜਾ ਮੁਖ ਭਗਤ ਹੋਤਾ ਭਯਾ। ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਏਕ ਕਰੋੜ ਕੰਨ ਕਿਸੀ ਭਗਤ ਨੇ ਮਾਂਗੇ ਹੈਂ ਐਸੇ ਲਿਖਾ ਹੈ:-

**ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿਗੁਣ ਸੁਣੀਅਹਿ ਅਬਿਨਾਸੀ ਰਾਮ॥ ਸੁਣਿ ਸੁਣਿ ਇਹ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥ ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁ ਗਿਆਨਾ॥ ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ॥ ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਬਿਨਾਸੀ॥**

[ਸੂਹੀ ਮ: ੫ ਸਫਾ ੭੮੦

**ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ॥ ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ॥ ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ॥** [ਸੋਰਠ ਮ: ੫ ਸਫਾ ੬੪੦

ਇਸ ਪ੍ਰਕਾਰ ਸਰਵਣ ਭਗਤੀ ਔਰ ਸ਼ਰਵਣ ਭਗਤੀ ਕਾ ਫਲ, ਸ਼ਾਸਤ੍ਰਕਾਰੋਂ ਨੇ ਅਨੰਤ ਪ੍ਰਕਾਰ ਕਾ ਕਹਾ ਹੈ। ਤਥਾ ਸ੍ਰੀ ਮਦ ਭਾਗਵਤ ਕੇ ਸਪਤਾਹ ਸਰਵਣ ਕਾ ਮਹਾਤਮ, ਭਾਗਵਤ ਮਹਾਤਮ ਅਧਯਾਯ ਤੀਸਰੇ ਮੇਂ ਲਿਖਤੇ ਹੈਂ :-

**ਸੁਧਾਤਃ ਸ੍ਰਵਣੰ ਨਿਤਯੰ ਮਾਘੇ ਤਾਵਦਹਿ ਯਤ ਫਲੰ॥ ਤਤ ਫਲੰ ਸ਼ੁਕ ਦੇਵੇਨ ਸਪਤਾਹ ਸ੍ਰਵਣੇ ਕ੍ਰਿਤੰ॥ ੪੮॥ ਯਤ ਫਲੰ ਨਾਸ੍ਤਿ ਤਪਸਾ ਨ ਯੋਗੇਨ ਸਮਾਧਿਨਾ॥ ਅਨਾਯਸੇਨ ਤਤ ਸਰਵੰ ਸਪ੍ਤਾਹ ਸ੍ਰਵਣਾਤ ਲਭੇਤ॥ ੫੦॥ ਯੋਗਾਦੁ ਗਰਜਤਿ ਸਪ੍ਤਾਹੋ ਧਿਆਨਾਤ੍ ਗਿਆਨਾਤ੍ ਚ ਗਰਜਤਿ॥ ਕਿੰਬ੍ਰਮੋ ਗਰਜਨੰ ਤਸਯ ਰੇ ਰੇ ਗਰਜਤਿ ਗਰਜਤਿ॥ ੫੨॥**



ਟੀਕਾ-ਸਰਧਾ ਸੇ ਰੋਜ਼ ਭਾਗਵਤ ਕੇ ਸਪਤਾਹ ਕਾ ਸਰਵਣ ਕਰੇ, ਸ੍ਰੀ ਸੁਕਦੇਵ ਜੀ ਕਹਤੇ ਹੈਂ ਪ੍ਰਯਾਗ ਕੇ ਕੁੰਭ ਮਾਘ ਕੇ ਮਹੀਨੇ ਮੇਂ ਸਮਗ੍ਰ ਸਨਾਨ ਦਾਨਾਦਿਕੋਂ ਕੇ ਫਲ ਕੇ ਬਰਾਬਰ ਹੈ॥ ੪੮॥ ਤਪਸਯਾ ਸੇ ਯੋਗ ਸਮਾਧਿ ਸੇ ਜੋ ਫਲ ਪ੍ਰਾਪਤ ਨ ਹੋ ਸਕੇ, ਸੋ ਸਪਤਾਹ ਸਰਵਣ ਸੇ ਨਿਰਯਤਨ ਹੀ ਫਲ ਪ੍ਰਾਪਤ ਹੋਤਾ ਹੈ॥ ੫੦॥ ਸਪਤਾਹ ਕਾ ਸਰਵਣ ਯੋਗ ਸੇ ਧਿਆਨ ਸੇ ਗਿਆਨ ਸੇ, ਜਿਆਦਾ ਗਰਜਨਾ ਕਰਤਾ ਹੈ ਯਾਨੇ ਅਧਿਕ ਫਲ ਦੇਨੇ ਕੀ ਇਛਾ ਕਰਤਾ ਹੈ। ਹਮ ਸਪਤਾਹ ਸ੍ਰਵਣ ਕੀ ਗਰਜਨਾ ਕਾ ਕਿਆ ਕਿਆ ਪ੍ਰਭਾਵ ਕਹੇਂ, ਅਰੇ ਮੂੜੇ ਇਸ ਸਰਵਣ ਸੇ ਅਧਿਕ ਹੋਰ ਸਾਧਨ ਕੁਛ ਭੀ ਨਹੀਂ।

**ਧਰਮਾਰਥ ਕਾਮ ਮੋਖਯੇਸ਼ੁ ਯਤ ਯਤ ਇਛੇਤੁ ਮਾਨਵः। ਤਤ ਤਤ ਸਰਵਮਵਾਅਪ੍ਰੋਤਿ ਸ੍ਰੀ ਭਾਗਵਤ ਸੇਵਨਾਤ॥ ੧॥ ਰਿਤੇ ਕ੍ਰਿਸ਼ਣ ਪ੍ਰਕਾਸ਼ੰਤੁ ਸ੍ਵਾਤਮ ਬੋਧੋ ਨ ਜਾਯਤੇ। ਤਤ ਪ੍ਰਕਾਸ਼ਸ੍ਤੁ ਜੀਵਾਨਾਂ ਸ੍ਰੀ ਮਦ ਭਾਗਵਤਾਤ ਭਵੇਤ॥ ੨॥**

ਟੀਕਾ-ਧਰਮ ਅਰਥ ਕਾਮ ਮੋਖਯ ਮੇਂ ਸੇ ਜੋ ਮਨੁਸ਼ਯ ਇਛਾ ਕਰੇ ਸੋ ਭਾਗਵਤ ਕੇ ਸਰਵਨ ਸੇ ਪ੍ਰਾਪਤ ਕਰ ਸਕਤਾ ਹੈ॥ ੧॥ ਪਰਮਾਤਮ ਗਿਆਨ ਸੇ ਬਿਨਾਂ ਮਨੁਸ਼ੋਂ ਕੋ ਆਤਮ ਗਿਆਨ ਨਹੀਂ ਹੋ ਸਕਤਾ, ਪ੍ਰੰਤੂ ਸ੍ਰੀ ਮਦ ਭਾਗਵਤ ਕੇ ਸਰਵਣ ਸੇ ਜੀਵੋਂ ਕੋ ਪਰਮਾਤਮ ਗਿਆਨ ਆਤਮ ਗਿਆਨ ਹੋ ਜਾਤਾ ਹੈ। ਇਸ ਪ੍ਰਕਾਰ ਸਰਵਣ ਸੇ ਗਿਆਨ ਭੀ ਪ੍ਰਾਪਤ ਹੋਤਾ ਹੈ। ਜੈਸੇ ਬ੍ਰਹਮਾ ਜੀ ਕੇ ਉਪਦੇਸ਼ ਸੇ, ਇੰਦ੍ਰ ਕੋ ਗਿਆਨ ਹੂਆ ਯੇ ਕਥਾ ਛਾਂਦੋਗਯ ਬ੍ਰਿਹਦਾਰਣਯਕੋ ਉਪਨਿਸ਼ਦ ਮੇਂ ਪ੍ਰਸਿਧ ਹੈ :-

**ਸ਼੍ਰੁਤ੍ਵਾ ਧਰਮੰ ਵਿਜਾਨਾਤਿ ਸ਼੍ਰੁਤ੍ਵਾਪਾਪੰ ਪਰਿਤਯਜੇਤ। ਸ਼੍ਰੁਤ੍ਵਾ ਨਿਵਰਤਤੇ ਮੋਹः ਸ਼੍ਰੁਤ੍ਵਾ ਗਿਆਨਾਮ੍ਰਿਤੰਲਭੇਤ। ਨੀਚੋਅਪਿ ਸ਼੍ਰਵਣੇਨਾਸ਼੍ਰੁ ਸ੍ਰੇਸ੍ਟੰ ਪ੍ਰਤਿ ਪਦਯਤੇ। ਸ੍ਰੇਸ੍ਟੋ ਅਪਿ ਨੀਚਤਾਂਯਾਤਿ ਰਹਿਤः ਸ੍ਰਵਣੇਨ ਚ॥**

ਟੀਕਾ-ਸੁਨਨੇ ਸੇ ਧਰਮ ਕੋ ਜਾਨਤਾ ਹੈ, ਔਰ ਸੁਨਨੇ ਸੇ ਪਾਪ ਕੋ ਛੋੜਤਾ ਹੈ। ਸੁਨਨੇ ਸੇ ਮੋਹ ਨਾਸ਼ ਹੋਤਾ ਹੈ, ਸੁਨਨੇ ਸੇ ਹੀ ਗਿਆਨ ਅੰਮ੍ਰਿਤ ਮਿਲਤਾ ਹੈ। ਨੀਚ ਭੀ ਸੁਨਨੇ ਸ਼ੀਘਰ ਸ੍ਰੇਸ਼ਟਤਾ ਕੋ ਪ੍ਰਾਪਤ ਹੋਤਾ ਹੈ। ਔਰ ਸ੍ਰੇਸਟਤਾ ਕੋ ਪ੍ਰਾਪਤ ਹੂਆ ਭੀ ਨੀਚਤਾ ਕੋ ਪ੍ਰਾਪਤ ਹੋਤਾ ਹੈ, ਯਦਿ ਸ੍ਰਵਣ ਸੇ ਹੀਨ ਹੋਵੇ।

## (ਚਉਥਾ ਪਦ) ਸ਼੍ਰੁਤ੍ਵਾ ਮੋਖਸ਼ ਮਵਾਪ੍ਨੁਯਾਤ।

ਸਰਵਣ ਕਰਨੇ ਸੇ ਪੁਰਸ਼ ਸਾਲੋਕਾਦਿ ਚਾਰ ਮੁਕਤਿਓਂ ਕੋ ਪ੍ਰਾਪਤ ਹੋਤਾ ਹੈ ਜੈਸੇ ਪ੍ਰਿਥੂ ਰਾਜਾ ਸਰਵਣ ਕਰਤਾ ਬ੍ਰਹਮ ਲੋਕ ਕੋ ਪ੍ਰਾਪਤ ਹੂਆ। ਔਰ ਕੋਈ ਗੁਰੂ ਦੁਆਰਾ

ਵੇਦਾਂਤ ਵਾਕੋਂ ਕੋ ਸਰਵਣ ਕਰਤੇ ਵਿਦੇਹ ਮੁਕਤੀ ਕੋ ਪ੍ਰਾਪਤ ਹੋਤੇ ਹੈਂ, ਜੈਸੇ ਖਟ੍ਵਾਂਗ ਰਾਜਾ ਜਿਸਕਾ ਦੂਸਰਾ ਨਾਮ ਦਲੀਪ ਰਾਜਾ ਥਾ। ਉਹ ਸੁਰਗ ਮੇਂ ਦੇਵਤਾਓਂ ਕੀ ਮਦਦ ਵਾਸਤੇ ਗਯਾ ਥਾ, ਔਰ ਅਪਨੀ ਭੁਜਾ ਬਲ ਸੇ ਸਭ ਦੈਂਤਯੋਂ ਕੋ ਮਾਰ ਕਰ ਇੰਦ੍ਰ ਕੀ ਵਿਜਯ ਕਰਾਈ, ਤਬ ਉਸ ਪਰ ਇੰਦ੍ਰ ਬੜੇ ਪ੍ਰਸੰਨ ਹੂਏ। ਔਰ ਕਹਿਨੇ ਲਗੇ ਵਰ ਮਾਂਗੋ ਜੋ ਚਾਹੋ ਸੁਰਗ ਕੇ ਪਦਾਰਥ ਲੇ ਲੋ। ਤਬ ਖਟ੍ਵਾਂਗ ਰਾਜਾ ਨੇ ਕਹਾ, ਪਹਿਲੇ ਮੇਰੇ ਕੋ ਅਪਨੀ ਆਯੂ ਬਤਾਓ, ਮੇਰੀ ਕਿਤਨੀ ਉਮਰ ਬਾਕੀ ਰਹਿਤੀ ਹੈ ਫੇਰ ਵਰ ਮਾਂਗੂਗਾ। ਤਬ ਇੰਦ੍ਰ ਨੇ ਕਹਾ ਆਪ ਕੀ ਦੋ ਮੁਹੂਰਤ, ਯਾਨੇ ਚਾਰ ਘੜੀ ਆਯੂ ਹੈ। ਤਬ ਉਸ ਨੇ ਕਹਾ ਮੈਂ ਕਿਸੀ ਵਸਤੂ ਕੀ ਇਛਾ ਨਹੀਂ ਕਰਤਾ, ਕੇਵਲ ਮੇਰੀ ਵਿਦੇਹ ਮੁਕਤੀ ਹੋ ਜਾਵੇ, ਯਹ ਚਾਹਤਾ ਹੂੰ। ਮੇਰੇ ਕੋ ਜਲਦੀ ਆਤਮ ਸਰਵਣ ਕਰਾਓ। ਤਬ ਇੰਦ੍ਰ ਨੇ ਕਹਾ ਆਤਮ ਗਿਆਨ ਮ੍ਰਿਤ੍ਯੂ ਲੋਕ ਮੇਂ ਹੀ ਹੋ ਸਕਤਾ ਹੈ ਸੁਰਗ ਮੇਂ ਨਹੀਂ। ਨੇਤ੍ਰ ਬੰਦ ਕਰੋ ਏਕ ਘੜੀ ਮੇਂ ਦੋਨੋਂ ਮਾਤ ਲੋਕ ਯਾਨੇ ਅਯੁਧਯਾ ਮੇਂ ਪਹੁੰਚ ਗਏ, ਔਰ ਅਪਨੇ ਪੁਤ੍ਰ ਕੋ ਕਹਾ ਰਾਜ ਕੋ ਤੁਮ ਸੰਭਾਲਨਾ, ਆਪ ਇੰਦ੍ਰ ਕੋ ਗੁਰੂ ਬਣਾ ਕਰ, ਆਤਮ ਸਰਵਣ ਕਰਨੇ ਲਗੇ ਏਕ ਘੜੀ ਕੇ ਸ਼ਰਵਣ ਸੇ ਉਸਕੋ ਆਤਮ ਗਿਆਨ ਹੋ ਗਯਾ, ਕਿਉਂਕਿ ਏਕਾਗ੍ਰ ਚਿਤ ਸੇ ਸਰਵਣ ਕਰਤਾ ਸੀ। ਜੈਸੇ ਗੁਰੂ ਜੀ ਲਿਖਤੇ ਹੈਂ:-

**ਏਕ ਚਿਤ ਜਿਹ ਇਕ ਛਿਨ ਧਿਆਯੋ ॥ ਕਾਲ ਫਾਸ ਕੇ ਬੀਚ ਨ ਆਯੋ ॥**
[ਪਾਤਿਸ਼ਾਹੀ ੧੦

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥** [ਸਲੋਕ ਕਬੀਰ ਸਫਾ ੧੩੭੭

ਇਨ ਪ੍ਰਮਾਣੋਂ ਸੇ ਸਿਧ ਹੂਆ ਕਿ ਏਕਾਗ੍ਰ ਚਿਤ ਵਾਲੇ ਕੋ ਏਕ ਘੜੀ ਮੇਂ ਗਿਆਨ ਹੋ ਜਾਤਾ ਹੈ। ਫੇਰ ਮਰਣ ਕਾਲ ਮੇਂ ਤੋ ਸਭ ਵਸਤੂਓਂ ਸੇ ਵੈਰਾਗਯ ਹੋਕਰ ਸ਼ੁਧ ਚਿਤ ਹੋ ਜਾਤਾ ਹੈ। ਯਾਤੇ ਰਾਜਾ ਕਾ ਚਿਤ ਸ਼ੁਧ ਔਰ ਏਕਾਗ੍ਰ ਹੋਨੇ ਸੇ ਏਕ ਘੜੀ ਮੇਂ ਗਿਆਨ ਹੋ ਗਯਾ ਏਕ ਘੜੀ ਮਨਨ, ਯਾਨੇ ਨੇਸ਼ਟਾ ਮੇਂ ਲਗਾਈ, ਅਪਨੇ ਕੋ ਬ੍ਰਹਮ ਰੂਪ ਸੇ ਚਿੰਤਨ ਕਰਤੇ ਕਾ ਚਉਥੀ ਘੜੀ ਮੇਂ ਸ਼ਰੀਰ ਛੂਟ ਗਯਾ, ਅਰ ਵਿਦੇਹ ਮੁਕਤ ਹੂਆ ਯਹ ਕਥਾ ਗੀਤਾ ਸ਼ੰਕਰਾ ਨੰਦ ਟੀਕਾ ਕੇ, ਦੂਸਰੇ ਅਧਯਾਯ ਕੇ ਅੰਤ ਮੇਂ ੭੨ ਸ਼ਲੋਕ ਕੇ ਵਿਆਖਿਆਨ ਮੇਂ ਪ੍ਰਮਾਣ ਦੇਕਰ ਲਿਖੀ ਹੈ:-

**ਏਸ਼ਾ ਬ੍ਰਾਹਮੀ ਇਸਥਿਤਿ: ਪਾਰਥ ਨੈਨਾਂ ਪ੍ਰਾਪਯ ਵਿਮੁਹਯਤਿ ॥ ਇਸਿਥ-ਤ੍ਵਾਸਯਾਮੰਤਕਾਲੇ ਅਪਿ ਬ੍ਰਹਮ ਨਿਰਵਾਣਮਿਛਤਿ ॥** [ਆ: ੨ ਸ਼: ੭੨

ਟੀਕਾ-ਹੇ ਅਰਜਨ ! ਯਹ ਬ੍ਰਹਮ ਕੋ ਪ੍ਰਾਪਤ ਹੂਏ ਪੁਰਸ਼ ਕੀ ਸਿਥਤੀ ਹੈ, ਇਸਕੋ ਪ੍ਰਾਪਤ ਹੂਆ ਫੇਰ ਮੋਹਿਤ ਨਹੀਂ ਹੋਤਾ। ਮਰਣ ਕਾਲ ਮੇਂ ਭੀ ਇਸ ਨਿਸ਼ਟਾ ਮੇਂ ਸਿਥਤ ਹੋਕਰ ਸੁਖ ਸਰੂਪ ਬ੍ਰਹਮ ਕੋ ਪਾਤਾ ਹੈ, ਜੈਸੇ ਖਟ੍ਵਾਂਗ ਰਾਜਾ ਮਰਨ ਕਾਲ ਮੇਂ



ਇੰਦ੍ਰ ਦਵਾਰਾ ਸਰਵਣ ਕਰਕੇ ਇਸ ਨਿਸ਼ਟਾ ਕੋ ਪ੍ਰਾਪਤ ਹੂਆ।

**ਸ਼ਲੋਕ-ਵਿਰਗ਼ਾਯ ਚਰਮਾਮਵਸਥਾਂ, ਦੇਵੇਭਯੋ, ਨ੍ਰਿਪੋਤਮ: ॥ ਖਟ੍ਵਾਂ ਨਾਮ ਰਾਜ ਰਿਸ਼ੀ ਮਹੂਰਤੇ ਮੁਕਤਿਮੇਯੀਵਾਨ ॥**

ਖਟ੍ਵਾਂਗ ਯਾਨੇ ਦਿਲੀਪ ਰਾਜਾ ਅੰਤ ਕਾਲ ਮੇਂ, ਦੇਵਤਾਓਂ ਦੁਆਰਾ ਆਤਮਾਂ ਕੋ ਜਾਣ ਕਰ ਵਿਦੇਹ ਮੁਕਤੀ ਕੋ ਪ੍ਰਾਪਤ ਹੂਆ, ਮੁਕਤ ਪੁਰਸ਼ ਆਪ ਭ਼ੀ ਤਰਤਾ ਹੈ ਔਰ ਦੂਸਰੇ ਕੋ ਭੀ ਤਾਰਤਾ ਹੈ। ਤਥਾ ਸ੍ਰੀ ਮਦ ਭਾਗ਼ਵਤ ਕੇ ਸਿਕੰਧ ੨ ਅ: ੧ ਮੇਂ ਸ੍ਰੀ ਸੁਕਦੇਵ ਸੁਆਮੀ, ਰਾਜਾ ਪਰੀਖਯਤ ਕੋ ਕਹਿਤੇ ਹੈਂ। ਖਟ੍ਵਾਂਗ ਰਾਜਾ ਮਹੂਰਤ ਮੇਂ ਯਾਨੇ ਦੋ ਘੜੀ ਮੇਂ ਸਭ ਪਦਾਰਥੋਂ ਕੋ ਤਿਆਗ ਕਰ ਮੁਕਤ ਹੋਤਾ ਭਯਾ। ਤੁਮਾਰੇ ਕੋ ਸਾਤ ਦਿਨ ਕੀ ਅਉਧੀ ਹੈ ਸਭ ਕੋ ਤਿਆਗ ਕਰ ਮੁਕਤ ਹੋ।

**ਖਟ੍ਵਾਂਗੋ ਨਾਮਰਾਜ ਰਿਸ਼ਿ:, ਗਿਆਤ੍ਵਾ ਇਯਤਾਂ ਇਹ ਆਯੁਸ਼:, ਮਹੂਰ-ਤਾਤ ਸਰਵੰ ਉਤਸ੍ਰਿਜਯ ਗਤ੍ਵਾ ਅਭਯੰ ਹਰੀਂ ॥ ੧ ॥ ਤਵ ਅਪਿ ਏਤਰਹੀ ਕੌਰਭਯ ਸਪ੍ਤਅਹੰ ਜੀਵਿਤ ਅਵਧਿ: ਉਪਕਲਪਯ ਤਤ੍ਰ ਸਰਵੰ ਤਾਵਦ ਯਤ੍ਰ ਸਾਂਪਰਾਯਕੰ ॥ ੨ ॥ ਅੰਤ ਕਾਲੇਤੂ ਪੁਰਸ਼ ਆਗਤੇਗਤ ਆਯੁਸ: ਛਿੰਦਯਾਤ੍ਰ ਅਸੰਗ ਸ਼ਸਤ੍ਰੇਣ ਸਿਪ੍ਰਿਹਾਂ ਦੇਹੇ ਅਨੁਯੇਚਤੰ ॥ ੩ ॥**

ਖਟ੍ਵਾਂਗ ਰਾਜਾ ਅਪਨੀ ਆਯੂ ਕਾ ਅੰਤ ਜਾਨ ਕਰ ਏਕ ਮਹੂਰਤ ਮੇਂ ਸਭ ਕੋ ਤਿਆਗ ਕਰ ਹਰੀ ਕੀ ਅਭਯਪਦਵੀ ਕੋ ਪ੍ਰਾਪਤ ਹੂਆ। ਔਰ ਹੇ ਪਰੀਖਯਤ ਤੇਰੇ ਕੋ ਤੋ ਸਾਤ ਦਿਨ ਕੇ ਜੀਨੇ ਕੀ ਅਉਧੀ ਹੈ। ਇਤਨੇ ਕਾਲ ਮੇਂ ਤੂੰ ਪਰਲੋਕ ਕੇ ਸਾਧਨੋਂ ਕੋ ਸਿੱਧ ਕਰ, ਔਰ ਮ੍ਰਿਤ੍ਯੂ ਭਯ ਸੇ ਰਹਿਤ ਹੋ ਕਰ ਅਸੰਗ ਸ਼ਸ਼ਤ੍ਰ ਸੇ, ਸੁਖੇਛਾ ਅਰ ਦੇਹਾਧਯਾਸ ਕਟਦੇ। ਕਿਉਂਕਿ ਅੰਤ ਕਾਲ ਮੇਂ ਪੁਰਸ਼ ਕੋ ਵੈਰਾਗਯ ਹੀ ਚਾਹੀਏ।

**ਭਵੇਤਯੇਸ਼ਾਂ ਸੁਕ੍ਰਿਤਨਾਂ ਪੁਤ੍ਰ: ਪਰੰ ਵੈਸ਼ਣਵਾ: ॥ ਕੁਲ ਕੋਟਿੰ ਚ ਤੇਸ਼ਾਂਤੇ ਉਧਰਤਿ ਅਵਲੀਲਯਾ ॥** [ਭਗਤੀ ਕੌਸਤੁਭ ਅਧ: ੬ ਸਲੋਕ ੪੦

ਜਿਨ ਧਰਮਾਤਮਾਓਂ ਕੇ ਪੁਤ੍ਰ ਪਰਮ ਵੈਸ਼ਣਵ ਹੋਤੇ ਹੈਂ, ਵੋਹ ਆਪਨੇ ਕਰੋੜੋਂ ਕੁਲੋਂ ਕਾ ਸੁਭਾਵਿਕ ਹੀ ਉਧਾਰ ਕਰਤੇ ਹੈਂ, ਇਸ ਪ੍ਰਕਾਰ ਨਾਮ ਕੀ ਤੀਨ ਯੁਕਤੀ ਨਿਰੂਪਣ ਮੇਂ ਪ੍ਰਿਥਵ ਕੂੰਜ ਕੀ ਨਿਆਈਂ ਸਿਮਰਨ ਯੁਕਤੀ ਕੇ ਪ੍ਰਸੰਗ ਮੇਂ ਔਰ ਨਉਧਾ ਭਗਤੀ ਕੇ ਨਿਰੂਪਣ ਮੇਂ (ਪਹਿਲੀ ਸ਼੍ਰਵਣ ਭਗਤੀ ਸਮਾਪਤ ਕਰੀ)।

**ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥ ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥ ਸੇ ਸਹਜਿ ਸੁਹੇਲੇ**

ਗੁਨਹ ਅਮੋਲੇ ਜਗਤ ਉਧਾਰਣ ਆਏ ॥ ਭੈ ਬੋਹਿਥ ਸਾਗਰ ਪ੍ਰਭੂ ਚਰਣਾ ਕੇਤੇ ਪਾਰਿ ਲੰਘਾਏ ॥ ਜਿਨ ਕੰਉ ਕ੍ਰਿਪਾ ਕਰੀ ਮੇਰੇ ਠਾਕੁਰਿ ਤਿਨਕਾ ਲੇਖਾ ਨ ਗਣਿਆ ॥ ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥ [ਵਡਹੰਸ ਮ: ੫ ਸਫਾ ੫੭੭

# ਅਬ ਕੀਰਤਨ ਭਗਤੀ

ਅਬ ਦੂਸਰੀ ਕੀਰਤਨ ਭਗਤੀ ਨਿਰੂਪਣ ਕਰਤੇ ਹੈਂ, ਕੀਰਤਨ ਭਗਤੀ ਯਾਨੇ ਮੁਖ ਸੇ ਪਰਮੇਸ਼ੁਰ ਕੇ ਨਾਮੋਂ ਕਾ ਉਚਾਰਨ ਕਰਨਾ ਵਾ ਦੋ ਚਾਰ ਮਿਲ ਕਰ, ਸਾਜ਼ ਲੇਕਰ ਭਗਵਾਨ ਕੇ ਗੁਣ ਗਾਯਨ ਕਰਤੇ ਰਾਤ੍ਰੀ ਜਾਗਰਣ ਕਰਨਾ, ਇਸ ਕਾ ਨਾਮ ਹੈ ਕੀਰਤਨ ਭਗਤੀ। ਕੀਰਤਨ ਭਗਤੀ ਬੜੇ ੨ ਪਾਪੀਓਂ ਕੋ ਭੀ ਮੁਕਤੀ ਦੇਨੇ ਵਾਲੀ ਹੈ :

ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥ ਸੂਆ ਪੜ੍ਹਾਵਤ ਗਨਕਾ ਤਰੀ ॥ ਸੋ ਹਰਿ ਨੈਨਹੁ ਕੀ ਪੂਤਰੀ ॥ ਸਿਮਰਨ ਦ੍ਰੋਪਦ ਸੁਤ ਉਧਰੀ ॥ ਗਊਤਮ ਸਤੀ ਸਿਲਾ ਨਿਸਤਰੀ ॥ [ਗੋਂਡ ਨਾਮ: ਸ: ੮੭੪

ਇਸ ਪ੍ਰਕਾਰ ਪਾਪ ਯੋਨੀ ਕਿਤਨੀਆਂ ਇਸਤ੍ਰੀਆਂ ਤਰ ਗਈਆਂ । ਔਰ ਇਨੋਂ ਕੀਆਂ ਕਥਾ ਭਾਗਵਤ ਰਾਮਾਯਣ ਮਹਾਭਾਰਤਾਦਿਕੋਂ ਮੇਂ ਪਰਸਿਧ ਹੈਂ । ਤਥਾ ਅਨੇਕ ਨੀਚ ਜਾਤ ਸੂਦਰ ਤਰੇ ਹੈਂ ਜਿਨਕੇ ਨਾਮ ਕਬੀਰ ਨਾਮਾਦਿਕ ਪੀਛੇ ਕਹ ਆਏ ਹੈਂ ।

ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥ [ਮਾਰੂ ਮ: ੫ ਸਫਾ ੯੯੯

ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥
[ਗਉੜੀ ਵਾਰ ਮ: ੫ ਸਫਾ ੩੧੯

ਤਥਾ-ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
[ਸੂਹੀ ਮ: ੪ ਸਫਾ ੭੩੩

ਤਥਾ-ਬ੍ਰਹਮਣ ਬੈਸ ਸੂਦ ਅਰੁ ਖ੍ਯਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਰੇ ਤਾਰੇ ਕੁਲ ਦੋਇ ॥
[ਬਿਲਾਵਲ ਰਵਿਦਾਸ ੮੫੮

ਤਥਾ ਅਜਾਮਲ ਵਰਗਾ ਪਾਪੀ ਜੋ ਏਕ ਵਾਰੀ ਪੁਤ੍ਰ ਨਿਮਿਤ ਨਾਮ ਲੇਨੇ ਸੇ ਮੁਕਤ ਹੋ ਗਿਆ । ਪ੍ਰਮਾਣ-

ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮ ਕੰਕਰ ਮਾਰਿ ਬਿਦਾਰੇ ॥
[ਮਾਰੂ ਮ: ੫ ਸਫਾ ੯੯੯



ਤਥਾ-ਅਜਾਮਲੁ ਕਉ ਅੰਤਕਾਲਿ ਮੈਂ ਨਾਰਾਇਨ ਸੁਧਿ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥
[ਰਾਮਕਲੀ ਮ: ੯ ਸਫਾ ੯੦੨

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
[ਸੋਰਠਿ ਮ: ੯ ਸਫਾ ੬੩੨

ਇਤਿਆਦਿ ਅਜਾਮਲ ਕੇ ਵਿਸ਼ੇ ਮੇਂ ਗੁਰੂ ਪ੍ਰਮਾਣ ਕਹੇ ਔਰ ਭਗਤੀ ਕੌਸਤੁਭ ਕੇ ਪ੍ਰਹਿਲੇ ਅਧ੍ਯਾਯ ਤਥਾ ਭਾਗਵਤ ਸਕੰਦ ੬ ਅਧ੍ਯਾਯ ਤੀਸਰੇ ਮੇਂ ਭੀ ਲਿਖਤੇ ਹੈਂ :-

ਨਾਮੋਚ੍ਾਰਣ ਮਹਾਤਮ੍ਯੰ ਹਰੇ: ਪਸ਼੍ਯਤ ਪੁਤ੍ਰਕਾ । ਅਜਾਮਿਲੋ ਅਪਿ ਯੇਨੈਣ ਮ੍ਰਿਤ੍ਯੁ ਪਾਸ਼ਾਤ੍ ਅਮੁਚ੍ਯਤ ॥ ੨੩ ॥ ਏਤਾਵਤਾਅਲੰ ਅਘ ਨਿਰਹਰਣਾਯ ਪੁੰਸਾਂ ਸੰਕੀਰਤਨੰ ਭਗਵਤੋ ਗੁਣ ਕਰਮ ਨਾਮਨਾਂ । ਵਿਕ੍ਰੁਸ਼੍ਯ ਪੁਤ੍ਰੰ ਅਘਵਾਨ ਯਤ ਅਜਾਮਿਲੋ ਅਪਿ। ਨਾਰਾਯਣੇਤਿ ਮ੍ਰਿਯਮਾਣੋ ਇਯਾਯ ਮੁਕ੍ਤਿੰ ॥ ੨੪ ॥

ਧਰਮਉਵਾਚ ਦੂਤੋ ਪ੍ਰਤੀ ਟੀਕਾ-ਹਰਿ ਕੇ ਨਾਮ ਕਾ ਮਹਾਤਮ ਹੇ ਦੂਤੋ ਦੇਖੋ। ਜਿਸ ਪ੍ਰਕਾਰ ਨਾਮ ਕੇ ਪ੍ਰਭਾਵ ਸੇ ਅਜਾਮਲ ਭੀ ਮ੍ਰਿਤ੍ਯੂ ਪੌਸ ਸੇ ਮੁਕਤ ਹੋ ਗਿਆ, ਯੇ ਨਾਮ ਹੀ ਪੁਰਸ਼ੋਂ ਕੇ ਪਾਪ ਨਿਵਿਰਤੀ ਕਰਨੇ ਮੇਂ ਸਮਰਥ ਹੈ, ਦੇਖੋ ਮਹਾਂ ਪਾਪੀ ਅਜਾਮਲ ਪੁਤਰ ਨਾਮ ਸੇ ਨਾਰਾਇਣ ਕੋ ਬੁਲਾਤਾ ਹੂਆ ਮਰ ਕਰ, ਮੁਕਤੀ ਕੋ ਪ੍ਰਾਪਤ ਹੋ ਗਯਾ । ਤੋ ਐਸੇ ਨਾਮ ਜਪਨੇ ਵਾਲੋਂ ਕੇ ਪਾਸ ਆਪ ਨੇ ਨ ਜਾਨਾ, ਅਗਰ ਜਾਓਗੇ ਤੋ ਹਮ ਤੁਮ ਦੋਨੋਂ ਬਾਧੇ ਜਾਏਂਗੇ। ਗੁਰੂ ਪ੍ਰਮਾਣ-

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤਿ ॥ ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥
[ਗਉੜੀ ਬਾਵਨ ਅਖਰੀ ਮ: ੫ ਸਫਾ ੨੫੬

ਇਸ ਵਚਨ ਕਾ ਭਾਵ ਯਹ ਹੈ ਧਰਮਰਾਜ ਅਪਨੇ ਦੂਤੋਂ ਕੋ ਕਹ ਰਹੇ ਹਨ, ਜਹਾਂ ਸਰੇਸ਼ਟ ਗੁਣੋਂ ਵਾਲੇ ਸਾਧੂ ਲੋਕ ਬੈਠੇ ਹੋਂ, ਵਾ ਜਿਨ ਜਗਹੋਂ ਮੇਂ ਰੰਜ਼ ਭਗਤੀ ਵਾ ਕੀਰਤਨ ਹੋਤਾ ਹੋ, ਵਹਾਂ ਕੋਈ ਮਹਾਂ ਪਾਪੀ ਭੀ ਮਰਤਾ ਹੋ, ਤੋ ਉਨਕੇ ਲੇਨੇ ਵਾਸਤੇ ਤੁਮ ਨੇ ਨ ਜਾਨਾ, ਅਗਰ ਜਾਓਗੇ ਤੋ ਹਮ ਤੁਮ ਦੋਨੋਂ ਨਹੀਂ ਛੁਟੇਂਗੇ।

ਤੇਦੇਵ ਸਿਧ ਪਰੀਗੀਤ ਪਵਿਤ੍ਰ ਗਾਥਾ ਯੇ ਸਾਧਵ: ਸਮਦ੍ਰਿਸ਼ੋ ਭਗਵਤ ਪ੍ਰਪੰਨਾ, ਤਾਨ ਨ ਉਪਸੀਦਤ ਹਰੇ: ਗਦਯਾ ਅਭੀ ਗੁਪ੍ਤਾਨ੍ ਨ ਏਸ਼ਾਂ ਵਯੰ

**ਨ ਚ ਵਯਃ ਪਰ ਭਵਾਮ ਦੰਡੇ ॥** [ਭਾਗਵਤ ਸਕੰਧ ੬ ਅਧਿ: ੩ ਸ: ੨੭

ਟੀਕਾ–ਯਮ ਰਾਜ ਕਹਿਤੇ ਹੈਂ ਹੇ ਦੂਤੋ ਇਸ ਸਮਯ ਤੁਮ ਸਭ ਹਮਾਰੀ ਆਗਿਆ ਔਰ ਵਚਨ ਸੁਨ ਕਰ ਯਾਦ ਰੱਖੋ, ਕਿ ਜੋ ਸਾਧੂ ਨਾਰਾਯਣ ਕੇ ਸ਼ਰਣ ਹੈਂ ਸਰਵਤ੍ਰ ਸਮ ਦਰਸ਼ੀ ਹੈ ਦੇਵਤਾ ਔਰ ਸਿਧ ਲੋਕ ਜਿਨ ਕੀ ਪਵਿਤ੍ਰ ਕਥਾਓਂ ਕੋ ਰਾਤ ਦਿਨ ਕਥਨ ਕੀਆ ਕਰਤੇ ਹੈਂ, ਐਸੇ ਸਾਧੂਓਂ ਕੇ ਨਿਕਟ ਤੁਮ ਲੋਗ ਕਭੀ ਨ ਜਾਨਾ, ਕਿਉਂਕਿ ਉਨਕੇ ਨਿਕਟ ਭਗਵਾਨ ਕੀ ਗਦਾ, ਸਦਾ ਸਰਵ ਪ੍ਰਕਾਰ ਸੇ ਰਖ੍ਯਾ ਕੀਆ ਕਰਤੀ ਹੈ, ਇਸ ਲੀਏ ਉਨਕੋ ਦੰਡ ਦੇਨੇ ਕੇ ਲੀਏ ਹਮਾਰੀ ਤੋ ਕਿਆ ਸਮਰਥ ਹੈ, ਕਾਲ ਭਗਵਾਨ ਭੀ ਉਨੋਂ ਕਾ ਕੁਛ ਨਹੀਂ ਕਰ ਸਕਤਾ । ਤਬ ਦੂਤ ਕਹਨੇ ਲਗੇ ਦੰਡ ਕੇ ਲਾਯਕ ਕੌਨ ਹੈਂ ? ਤਬ ਯਮਰਾਜ ਉੱਤਰ ਦੇਨੇ ਲਗੇ ।

**ਸ਼ਲੋਕ ॥ ਜਿਹ੍ਵਾ ਨ ਵਕ੍ਤਿ ਭਗਵਦ ਗੁਣ ਨਾਮਧੇਯੰ, ਚੇਤਸ੍ਚ ਨ ਸਿਮਰਤਿ ਤਤਚਰਣਾਰਵਿੰਦੰ ॥ ਕ੍ਰਿਸ਼ਣਾਯ ਨੋ ਨਮਤਿ ਯਤਸ਼ਿਰ ਏਕਦਾਪਿ ਤਾ ਆਨਯ ਧ੍ਰੰਅਸਤੋ ਅਕ੍ਰਿਤ ਵਿਸ਼ਣੂ ਕ੍ਰਿਤਯਾਨ ॥ ੨੩ ॥**

ਟੀਕਾ–ਹੇ ਯਮਦੂਤੋ ਤੁਮ ਉਨਕੋ ਲੇ ਆਓ ਜਿਨ ਕੀ ਜ਼ਬਾਨ ਭਗਵਾਨ ਕੇ ਨਾਮ ਤਥਾ ਗੁਣੋਂ ਕੋ ਨਹੀਂ ਉਚਾਰਣ ਕਰਤੀ, ਔਰ ਚਿਤ ਭਗਵਾਨ ਕੇ ਚਰਣ ਕਮਲੋਂ ਕਾ ਸਿਮਰਣ ਨਹੀਂ ਕਰਤਾ, ਔਰ ਜਿਸਕਾ ਸਿਰ ਏਕ ਵਾਰੀ ਭੀ ਭਗਵਾਨ ਕੇ ਆਗੇ ਨਮ੍ਰਤਾ ਨਹੀਂ, ਤਿਨ ਅਸਤ ਵਾਦੀ, ਭਗਵਾਨ ਸੇ ਬੇਮੁਖੋਂ ਕੋ ਤੁਮ ਲੇ ਆਨਾ । ਤਥਾ ਐਸੇ ਪੁਰਸ਼ੋ ਕੇ ਸਭ ਅੰਗ ਨਿਸ਼ਫਲ ਹੈਂ ਯਹ ਵਾਰਤਾ ਰਾਮਾਯਣ ਔਰ ਸ੍ਰੀ ਮਦ ਭਾਗਵਤ ਮੇਂ ਲਿਖੀ ਹੈ ।

**ਜਿਨ ਹਰਿ ਕਥਾ ਸੁਨੀ ਨਹਿ ਕਾਨਾ । ਸ੍ਰਵਣ ਰੰਧ੍ਰ ਅਹਿ ਭਵਨ ਸਮਾਨਾ । ਨਯਨਨ ਸੰਤ ਦਰਸ਼ ਨਹਿ ਦੇਖਾ । ਲੋਚਨ ਮੋਰ ਪੰਖ ਕੇ ਲੇਖਾ । ਤੇ ਸਿਰ ਕਟੁ ਤੂਮਰ ਸਮ ਤੂਲਾ । ਜੇ ਨ ਨਮਤ ਹਰਿ ਗੁਰ ਪਦ ਮੂਲਾ । ਜਿਨ ਹਰਿ ਭਗਤਿ ਹ੍ਰਿਦਯ ਨਹਿ ਆਨੀ । ਜੀਵਤ ਸ਼ਵ ਸਮਾਨ ਤੇ ਪ੍ਰਾਨੀ । ਜੇ ਨਹਿੰ ਕਰਹਿੰ ਰਾਮ ਗੁਣ ਗਾਨਾ । ਜੀਹ ਸੋ ਦਾਦੁਰ ਜੀਹ ਸਮਾਨਾ । ਕੁਲਿਸ਼ ਕਠੋਰ ਨਿਠੁਰ ਸੋਇ ਛਾਤੀ । ਸੁਨਿ ਹਰਿ ਚਰਿਤ ਨ ਜੋ ਹਰਖਾਤੀ । ਗਿਰਿਜਾ ਸੁਨਹੁ ਰਾਮ ਕਰ ਲੀਲਾ । ਸੁਰ ਹਿਤ ਦਨੁਜ ਵਿਮੋਹਨ ਸ਼ੀਲਾ ।**

[ਤੁਲਸੀ ਰਾਮਾਯਣ

**ਸ਼੍ਵਿਡਵਰਾਹੋ ਸ਼੍ਰ ਖਰੈਃ ਸੰਸਤੁਤਃ ਪੁਰਸ਼ਃ ਪਸ਼ੁਃ, ਨ ਯਤ ਕਰਣ ਪਥੋ- ਪੇਤੋ ਜਾਤੂ ਨਾਮ ਗਦਾਗ੍ਰਜਃ ॥ ੧੯ ॥ ਬਿਲੇ ਬਤੋਰੁਕ੍ਰਮ ਵਿਕ੍ਰਮਾਨ੍ਯੇ ਨ ਸ਼੍ਰਵਣਤਃ । ਕਰਣ ਪੁਟੇ ਨਰਸਯ ਜਿਹ੍ਵ ਅਸਤੀ ਦਾਰਦੁਰਿ**



**ਕੇਵ ਸੂਤ ਨਚੋਪਗਾਯਤੀ, ਉਰੁਗਾਯਗਾਥਾ ॥ ੨੦ ॥ ਭਾਰਃ ਪਰੰ ਪਟ ਕਿਰੀਟ ਜੁਸ੍ਟੰ, ਅਪੀ ਉਤਮਾਂਗੰ, ਨ ਨਮੇਤ੍ਰ ਮੁਕੰਦੰ । ਸ਼ਾਵਊ ਕਰਊ ਨੋ ਕੁਰੁਤਃ ਸਪਰਯਾਂ, ਹਰੇਰਲਸਤ ਕਾਂਚਨ ਕੰਕਣਊਵਾ ॥ ੨੧ ॥ ਬਰਹਾਯਿਤੇ ਨੇ ਨਯਨੇ ਨਰਾਣਾਂ ਲਿੰਗਾਨਿ ਵਿਸ਼ਣੋਃ ਨ ਨਿਰੀਖਯੁਤੇ ਯੇ । ਪਾਦਊ ਨਿਰੀਣਾਂ ਤਊ ਦ੍ਰਮ ਜਨਮ ਭਾਜਊ । ਖਯੇਤ੍ਰਾਣਿ ਨਾਨੁਬ੍ਰਜਤੋ ਹਰੇਰਯਊ ॥ ੨੨ ॥ ਜੀਵਵਛਵੋ ਭਾਗਵਤਾਂਘ੍ਰਿ ਰੇਣੂ ਨਜਾਤੁ ਮਰਤਯੋ ਅਭਿਲਭੈਤਯਸ੍ਤੁ ॥ ਸ੍ਰੀ ਵਿਸ਼ਣੂ ਪਦਯਾਮਨੁ ਜਸ੍ਤੁਲਸਯਾਃ ਸ੍ਵਸਵ ਛਵੋ ਯਸ੍ਤੁ ਨ ਵੇਦ ਗੰਧੰ ॥ ੨੩ ॥ ਤਦਸਮ ਸਾਰੰ ਹ੍ਰਿਦੰਯੰ ਬਤੇਦੰ ਯਤ੍ਰ ਗ੍ਰਿਹਯੰ ਮਾਣੈਃ ਹਰਿ ਨਾਮ ਧੇਯੈ ॥ ਨ ਵਿਕ੍ਰਿਯੇਤਾਥ ਯਦਾ ਵਿਕਾਰੋ ਨੇਤ੍ਰੇ ਜਲੰ ਗਾਤ੍ਰ ਰੁਹੇਸ਼ੂ ਹਰਸ਼ਃ ॥ ੨੪ ॥ ਤਰਵਃ ਕਿੰ ਨ ਜੀਵੰਤਿ ਭਸ੍ਤ੍ਰਾਃ ਕਿੰ ਨ ਸ਼੍ਵਸੰਤੀਉਤ । ਨ ਖਾਦੰਤਿ ਨ ਮੇਹੰਤਿ ਕਿੰ ਗ੍ਰਾਮ ਪਸਵੋ ਅਪਰੇ ॥ ੧੮ ॥**

[ਸ੍ਰੀ ਮਦ ਭਾਗਵਤ ਸਕੰਧ ੨ ਅਧਿ: ੩

ਟੀਕਾ–ਪਰਮਾਤਮ ਭਗਤੀ ਸੇ ਬਿਨਾ ਪੁਰਸ਼ ਕਾ ਸਰੂਪ ਨੀਚ ਪਸ਼ੁਓਂ ਕੇ ਬਰਾਬਰ ਹੈ। ਯਾਨੇ ਕੁੱਤਾ ਗ੍ਰਾਮ ਸੂਅਰ ਊਠ ਅਰ ਗਧੇ ਕੇ ਬਰਾਬਰ ਹੈ। ੧੯। ਔਰ ਜਿਨੋਂ ਨੇ ਕੰਨੋਂ ਦੁਆਰਾ ਭਗਵਾਨ ਵਿਸ਼ਣੂ ਕੇ ਨਾਮ ਨਹੀਂ ਸੁਨੇ ਤਿਸ ਕੇ ਕੰਨ ਸਰਪ ਕੇ ਬਿਲ ਬਰਾਬਰ ਬ੍ਰਿਥਾ ਹੈ। ੨੦। ਹੇ ਸੂਤ ਜੀ ਜਿਨਕੀ ਜਬਾਨ ਪਰਮੇਸ੍ਵਰ ਕੇ ਗੁਣੋਂ ਕੋ ਨਹੀਂ ਗਾਇਨ ਕਰਤੀ ਉਹ ਦੁਸ਼ਟ ਜਬਾਨ ਨ ਹੂਈ ਦਾਦੁਰ ਕੇ ਜਿਹ੍ਵਾ ਬਰਾਬਰ ਹੈ ॥੨੦॥ ਜਿਸਕਾ ਸਿਰ ਭਗਵਾਨ ਔਰ ਸੰਤੋਂ ਕੋ ਨਹੀਂ ਨਿਵਤਾ ਵੋ ਬਸਤ੍ਰ ਭੂਸ਼ਣ ਮੁਕਟ ਯੁਕਤ ਹੂਆ ਭੀ ਕੇਵਲ ਭਾਰ ਰੂਪ ਹੀ ਹੈ। ਔਰ ਜਿਸਕੇ ਹਾਥ ਭਗਵਾਨ ਔਰ ਸੰਤ ਸੇਵਾ ਕੋ ਨਹੀਂ ਕਰਤੇ, ਵੋਹ ਸੋਨੇ ਕੇ ਕੰਗਣ ਯੁਕਤ ਹੂਏ ਭੀ ਮ੍ਰਿਤਕ ਕੇ ਤੁਲ ਹੈ। ੨੧। ਔਰ ਜਿਸਕੇ ਨੇਤ੍ਰ ਭਗਵਾਨ ਕੇ ਔਰ ਸੰਤੋਂ ਕੇ ਦਰਸ਼ਨ ਨਹੀਂ ਕਰਤੇ, ਵੋਹ ਮੋਰ ਕੇ ਪੰਖ ਕੇ ਬਰਾਬਰ ਜੜ ਹੈਂ। ਜੋ ਪੈਰ ਭਗਵਾਨ ਕੇ ਮੰਦਰੋਂ ਮੇਂ ਕਥਾ ਮੇਂ ਸੰਤੋਂ ਕੇ ਪਾਸ ਤਥਾ ਤੀਰਥ ਯਾਤਰਾ ਕੋ ਚਲ ਕਰ ਨਹੀਂ ਜਾਤੇ, ਉਹ ਪੈਰ ਬ੍ਰਿਖੋਂ ਕੀ ਜੜਾਂ ਕੇ ਬਰਾਬਰ ਹੈ ॥੨੨॥ ਔਰ ਜੋ ਸੰਤ ਤਥਾ ਭਗਵਾਨ ਕੇ ਚਰਣੋਂ ਕੀ ਧੂੜੀ ਕੋ ਕਬੀ ਸਪਰਸ਼ ਨਹੀਂ ਕਰਤਾ ਵੋਹ ਮਨੁਖ ਜੀਤਾ ਹੀ ਮੁਰਦੇ ਕੇ ਤੁਲ ਹੈ, ਤਥਾ ਭਗਵਾਨ ਕੇ ਗੁਣ ਸ੍ਰਵਣ ਕਰਕੇ ਜਿਸਕਾ ਹਿਰਦਾ ਪ੍ਰਸੰਨ ਨਹੀਂ ਹੋਤਾ, ਉਸਕਾ ਹਿਰਦਾ ਪੱਥਰ ਕੀ ਨਿਆਈਂ ਕਠੋਰ ਹੈ, ਅਰ ਪਰਮੇਸ਼ੁਰ ਕੇ ਗੁਣ ਸ੍ਰਵਣ ਕਰਕੇ ਜਿਸਕਾ ਰਿਦਾ ਪ੍ਰਫੁਲਿਤ ਨਹੀਂ ਹੂਆ, ਅਰ ਨੇਤ੍ਰ ਜਲ ਸੇ ਭਿਗੇ ਨਹੀਂ, ਔਰ ਰੋਮ ਹਰਸ਼ ਯੁਕਤ ਨਹੀਂ ਹੂਏ, ਮੁਰਦੇ ਕੇ ਬਰਾਬਰ ਉਸਕੇ ਸਭ ਅੰਗ ਨਿਸਫਲ ਹੈਂ, ਬ੍ਰਿਖ ਕਿਆ ਨਹੀਂ ਜੀਤੇ ਹੈਂ ? (ਧਉਕਨੀ) ਫੂਕਨੀ ਕਿਆ ਸ੍ਵਾਸ ਨਹੀਂ ਲੇਤੀ ਹੈ ? ਗ੍ਰਾਮ ਕੇ ਪਸ਼ੂ ਕਿਆ ਨਹੀਂ ਖਾਤੇ ਹੈਂ ? ਔਰ ਵਿਸ਼ਟਾ ਆਦਿ

ਨਹੀਂ ਕਰਤੇ ਹੈਂ ਇਸੀ ਤਰਹ ਭਗਵਤ ਬੇਮੁਖੋਂ ਕੀ ਆਯੂ ਵਿਅਰਥ ਹੈ ॥ ੧੮ ॥ ਤਥਾ ਗੁਰੂ ਸਾਹਿਬ ਭੀ ਲਿਖਤੇ ਹੈਂ:-

**ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥ ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥ ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥ ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥**

[ਫੁਨਹੇ ਮ: ੫ ਸਫਾ ੧੩੬੨

ਇਸ ਪ੍ਰਕਾਰ ਭਗਤੀ ਹੀਨ ਕੇ ਸਭ ਅੰਗ ਨਿਸ਼ਫਲ ਸ਼ਾਸ਼ਤ੍ਰਕਾਰੋਂ ਨੇ ਕਹੇ ਹੈਂ, ਔਰ ਕੀਰਤਨ ਭਗਤੀ ਕਾ ਮਹਾਤਮ ਸਰਬ ਸਾਧਨੋਂ ਸੇ ਸ੍ਰੇਸ਼ਟ ਲਿਖਾ ਹੈ:-

**ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ ਨਰਕੁ ਸੁਰਗੁ ਦੁਇ ਭੁੰਚਨਾ ਹੁਇ ਬਹੁਰਿ ਬਹੁਰਿ ਅਵਤਾਰ ॥ ਸਿਵਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥ ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥ ਜੈਸੋ ਗੁਰਿ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥**

[ਗਉੜੀ ਮ: ੫ ਸਫਾ ੨੧੪

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ ਮੋਨ ਭਇਓ ਕਰ ਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹਿ ਮਿਲੀਐ ਹਰਿਦੁਆਰਾ ॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ**



**ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨ ਚੋਆ ਨਰਕ ਘੋਰ ਕਾ ਦੁਆਰਾ ॥ ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨ ਇਹੁ ਮਨੁ ਰਾਤਾ ॥ ਰਹਾਉ ਦੂਜਾ ॥**

[ਸੋਰਠ ਮ: ੫ ਸਫਾ ੬੪੧

**ਦੋਹਾ-[੧]ਆਖਣ [੨]ਬੋਲਣ [੩]ਕਥਨ ਪੁਨ, [੪]ਕੀਰਤਨ [੫]ਗਾਵਨ [੬]ਭਾਖ**
**ਔਰ [੭]ਉਚਾਰਣ ਆਦਿ ਲੈ ਸਭ ਕੀਰਤਿ ਮੈਂ ਰਾਖਿ ॥**

ਤਥਾ ਗੁਰੂ ਮੁਖ ਵਾਕ:-

੧. ਆਖਣ-**ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥**

**ਤਥਾ-ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥**

[ਆਸਾ ਮ: ੧ ਸਫਾ ੯

**ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ॥ ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ॥ ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥ ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥**

[ਸਾਰੰਗ ਵਾਰ ਮ: ੪ ਸਫਾ ੧੨੩੯

੨. ਬੋਲਣ-**ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥** [ਗ. ਸੁ. ਮ: ੫ ਸਫਾ ੨੫੬

**ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥ ਹਰਿ ਸੰਤ ਭਗਤ ਤਾਰਨੋ ॥ ਹਰਿ ਭਰਿ ਪੁਰਿ ਰਹਿਆ ॥ ਜਲਿ ਥਲੇ ਰਾਮ ਨਾਮੁ ॥ ਨਿਤ ਗਾਵੀਐ ਹਰਿ ਦੂਖ ਬਿਸਾਰਨੋ ॥** [ਬਿਲਾਵਲ ਮ: ੪ ਸਫਾ ੮੦੦

**ਬੋਲਹੁ ਰਾਮੁ ਕਰੇ ਨਿਸਤਾਰਾ ॥ ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜਿਆਰਾ ॥** [ਆਸਾ ਮ: ੧ ਸਫਾ ੩੫੩

**ਬੋਲਿ ਹਰਿ ਨਾਮੁ ਸਫਲ ਸਾ ਘਰੀ ॥ ਗੁਰ ਉਪਦੇਸਿ ਸਭ ਦੁਖ ਪਰਹਰੀ ॥**

[ਭੈਰਉ ਮ: ੪ ਸਫਾ ੧੧੩੪

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥
[ਮਾਰੂ ਮ: ੪ ਸਫਾ ੯੯੮

੩. ਕਥਨ–ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥ ਸਤ ਸੰਤੋਖ ਕਾ ਧਰਹੁ ਧਿਆਨੁ ॥ ਕਥਨੀ ਕਥੀਐ ਬ੍ਰਹਮ ਗਿਆਨ॥
[ਗਉੜੀ ਥਿਤੀ ਕਬੀਰ ਸਫਾ ੩੪੪

ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥ ੧ ॥ ਰਹਾਉ ॥ ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥ ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥
[ਕਲਿਆਣ ਮ: ੫ ਸਫਾ ੧੩੨੨

੪. ਕੀਰਤਨ–ਕਥਾ ਕੀਰਤਨੁ ਰਾਗ ਨਾਦ ਧੁਨਿ ਇਹ ਬਨਿਓ ਸੁਆਉ ॥......ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥
[ਬਿਲਾਵਲ ਮ: ੫ ਸਫਾ ੮੧੮

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥ ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥
[ਰਾਮ: ਮ। ੫ ਸਫਾ ੮੯੩

੫. ਗਾਵਣ–ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਅਲਾਪ ॥
[ਬਿਲਾਵਲ ਮ: ੫ ਸਫਾ ੮੨੧

ਅਨਦ ਸੂਖ ਮੰਗਲ ਬਨੇ ਪੇਖਤ ਗੁਣ ਗਾਉ ॥੧॥ ਰਹਾਉ ॥ ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥
[ਬਿਲਾ: ਮ: ੫ ਸਫਾ੮੧੮

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥
[ਕਾਨੜਾ ਮ: ੫ ਸਫਾ ੧੨੯੮

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ॥
[ਆਸਾ ਵਾਰ ਮਹਲਾ ੫ ਸਫਾ ੪੬੮

੬. ਭਾਖ–ਮਿਸਿ ਮਿਲਿ ਤਾਮਸੁ ਭਰਮੁ ਕਦੂਰੀ ॥ ਭਾਖਿਲੇ ਪੰਚੇ ਹੋਇ ਸਬੂਰੀ ॥
[ਭੈਰਉ ਕਬੀਰ ਸਫਾ ੧੧੫੮

੭. ਉਚਾਰਣ–ਸ੍ਰੀ ਰਾਮ ਨਾਮਾ ਉਚਰੁ ਮਨਾ ॥
[ਗਉੜੀ ਮ: ੫ ਸਫਾ ੧੫੫

ਕੀਰਤਨ ਭਗਤੀ ਮੇਂ ਅਤਿ ਪ੍ਰੇਮ ਕਰਤੇ ਹੂਏ, ਗੁਰੂ ਰਾਮਦਾਸ ਜੀ ਸਾਜ਼ੋਂ ਕੀ ਭੀ ਜ਼ਰੂਰਤ ਨਹੀਂ ਰਖਤੇ ਸੀ ।



ਕਬ ਕੋ ਭਾਲੈ ਘੂੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥ ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥ ਮੇਰੈ ਮਨਿ ਐਸੀ ਭਗਤਿ ਬਨਿ ਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥ ਰਹਾਉ ॥ ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥ ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗ ਮੇਰਾ ਮਨੁ ਰਾਮ ਗੁਨ ਗਾਵੈ ॥ ਕਬਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ ॥ ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮਾਰੈ ॥ ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥ ਜਨੁ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈਜੈਕਾਰ ਕਰੇ ਸਭੁ ਕੋਇ ॥
[ਆਸਾ ਮ: ੪ ਸਫਾ ੩੬੮

ਹਉ ਅਨਦਿਨੁ ਹਰਿਨਾਮੁ ਕੀਰਤਨੁ ਕਰਉ ॥ ਸਤਿਗੁਰਿ ਮੋਕਉ ਹਰਿ ਨਾਮੁ ਬਤਾਇਆ ਹਉ ਬਿਨ ਖਿਨ ਪਲ ਰਹਿ ਨ ਸਕਉ ॥ ਰਹਾਉ ॥ ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥ ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥ ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਦੂਜਾ ਮੋਹ ਅਪਮਾਨ ॥ ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥
[ਰਾਗ ਆਂਸਾਵਰੀ ਮ: ੪ ਸਫਾ ੩੬੯

ਕੀਰਤਨ ਭਗਤੀ ਕਹੀਂ ਪੰਜ ਚਾਰ ਸੇ ਹੋਤੀ ਹੈ । ਕਹੀਂ ਇਕੱਲਾ ਭੀ ਕਰਤਾ ਹੈ। ਜੈਸੇ ਏਕ ਪਰੇਮੀ ਸਰਵ ਸੰਸਾਰ ਕੋ ਅਸਾਰ ਸਮਝ ਕਰ, ਔਰ ਏਕ ਮਹਾਤਮਾਂ ਪਾਸੋਂ ਉਪਦੇਸ਼ ਲੇਕਰ ਈਸ਼੍ਵਰ ਕੇ ਨਾਮੋਂ ਕਾ ਉਚਾਰਣ ਕਰਨੇ ਲਗਾ । ਉਸ ਕੀ ਨਾਮ ਸੇ ਬੜੀ ਪ੍ਰੀਤਿ ਹੂਈ, ਸਾਰਾ ਦਿਨ ਨਾਮ ਜਪਨ ਲਗਾ । ਖਾਨ ਪਾਨ ਕੀ ਸ਼ਰੀਰ ਕੇ ਪਾਲਨ ਪੋਸਨ ਮੇਂ ਕੁਛ ਨ ਦ੍ਰਿਸ਼ਟੀ ਦੇਤਾ ਭਯਾ, ਜੋ ਕੋਈ ਖਾਨ ਪਾਨ ਕੇ ਵਾਸਤੇ ਉਸਕੋ ਕਹਤਾ ਥਾ ਤੋ ਯੇ ਸ਼ਲੋਕ ਪੜ੍ਹਤਾ ਥਾ:–

ਵਿਹਾਯ ਗੋਬਿੰਦ ਪਦੇਅਨੁਰਕ੍ਤਂ ਪ੍ਰਸ਼ਣਾਤਿ ਮੂਢੋ ਮਮਤਾਂ ਭਵੇਯ: ॥
ਹਿਤ੍ਵਾ ਸਨੂਨਂ ਸੁਰ ਪੁਸ਼ਪ ਮਾਲਾਂ ਵਿਯਾਲਂ ਵਿਖਂ ਉਗ੍ਰਾਂਸ ਹ੍ਰਿਦਯੇ

**ਦਧਾਤਿ ॥ ੧ ॥ ਵਿਹਾਯਕ੍ਰਿਸ਼ਣੰ ਕਰੁਣਾ ਨਿਧਾਨੰ । ਮੂਢੋ ਭਵੇਤਯ: ਕੁਰੂ ਤੇ ਸੁਖਾਸ਼ੰ । ਸ੍ਵਛ ਅੰਬੁ ਪੂਰਣਾਂ ਸਰਿਤੰ ਸਹਿਤ੍ਵਾ ਸਮੀਹਤੇ ਵਾਰਿ ਮਰੀਚਿਕਾਯਾਂ ।**

ਟੀਕਾ-ਜੋ ਮੂਢ ਪੁਰਸ਼ ਗੋਬਿੰਦ ਕੇ ਚਰਨੋਂ ਕੀ ਪ੍ਰੀਤਿ ਕੋ ਛੋੜ ਕਰ ਮਮਤਾ ਸੇ ਸਰੀਰ ਔਰ ਸ਼ਰੀਰ ਕੇ ਸੰਬੰਧੀਓਂ ਕੋ ਪਾਲਤਾ ਹੈ । ਸੋ ਨਿਸਚੇ ਐਸਾ ਮੂਰਖ ਹੈ। ਜੈਸੇ ਕੋਈ ਮੂਰਖ ਸੁਰਗ ਕੇ ਫੂਲੋਂ ਕੀ ਮਾਲਾ ਗਲੇ ਸੇ ਉਤਾਰ ਕਰ, ਉਗ੍ਰ ਮੁਖ ਵਾਲੇ ਸਰਪ ਕੋ ਅਪਨੇ ਗਲੇ ਮੇਂ ਗੇਰਤਾ ਹੋਵੇ ॥ ੧ ॥ ਕਰੁਣਾ ਨਿਧਿ ਭਗਵਾਨ ਕ੍ਰਿਸਨ ਕੋ ਤਿਆਗ ਕਰ, ਜੋ ਸੰਸਾਰ ਮੇਂ ਸੁਖ ਕੀ ਇਛਾ ਕਰਤਾ ਹੈ। ਸੋ ਐਸਾ ਮੂਰਖ ਹੈ ਜੈਸੇ ਕੋਈ ਸੁਵਛ ਨਿਰਮਲ ਮਧੁਰ ਜਲ ਕੀ ਨਦੀ ਕੋ ਤਿਆਗ ਕਰ (ਰੇਤੇ) ਮਾਰੂ ਭੂਮਿ ਕੇ ਜਲ ਕੀ ਇਛਾ ਕਰਤਾ ਹੈ। ਜੈਸੇ ਕਬੀਰ ਜੀ ਕਹਤੇ ਹੈਂ।

**ਰੇ ਜੀਅ ਨਿਲਜ ਲਾਜ ਤੋਹਿ ਨਾਹੀ ॥ ਹਰਿ ਤਜਿ ਕਤ ਕਾਹੂ ਕਉ ਜਾਹੀ ॥**

[ਗਉੜੀ ਕਬੀਰ ਸਫਾ ੩੩੦

ਇਸ ਪ੍ਰਕਾਰ ਓਹੁ ਭਗਤ ਭੋਗੋਂ ਮੇਂ ਗਿਲਾਨੀ ਕਰਤਾ ਹੂਆ ਰਾਤ ਦਿਨ ਭਗਵਾਨ ਕੇ ਨਾਮੋਂ ਕੋ ਉਚਾਰਣ ਕਰਨੇ ਲਗਾ ਤਬ ਭਗਵਾਨ ਪ੍ਰਸੰਨ ਹੋ ਕਰ ਦਰਸ਼ਨ ਦੇਤ ਭਏ, ਜੈਸੇ ਲਿਖਾ :-

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ ਰਾਤਿ ਦਿਵਸ ਕੇ ਕੂਕਨੇ ਕਬਹੂੰ ਕਿ ਸੁਨੈ ਪੁਕਾਰ ॥**

[ਸਲੋਕ ਕਬੀਰ ਸਫਾ ੧੩੭੬

ਦਰਸ਼ਨ ਦੇਖ ਕਰ ਭਗਤ ਗਦ ਗਦ ਹੋਕਰ ਚਰਨੋਂ ਮੇਂ ਲਿਪਟ ਗਯਾ, ਭਗਵਾਨ ਕਹਨੇ ਲਗੇ ਮੈਂ ਤੇਰੇ ਤੇ ਬੜਾ ਪ੍ਰਸੰਨ ਹੂੰ ਵਰ ਮੰਗ। ਪੁਤ੍ਰ ਇਸਤ੍ਰੀ ਘਰ ਰਾਜ ਜੋ ਚਾਹੇ ਸੋ ਮਾਂਗ। ਭਗਤ ਕਹਨੇ ਲਗਾ ਕਿਆ ਮਾਂਗੂ-

**ਕਿਆ ਮਾਂਗਉ ਕਿਛੁ ਥਿਰ ਨ ਰਹਾਈ ॥ ਦੇਖਤ ਨੈਨ ਚਲਿਓ ਜਗੁ ਜਾਈ ॥**

[ਆਸਾ ਕਬੀਰ ਸਫਾ ੪੮੧

**ਸਲੋਕ-ਨਪੁਤ੍ਰ ਦਾਰਾਂ ਨ ਗ੍ਰਹਾਂ ਨ ਬੰਧੁਨ੍ ਯਾਚੇ ਨਚ ਊਚੇ ਕੁਲ ਬ੍ਰਿਤਮਾਨਾਂ ਭਗਤਿ: ਹਰੇ ਸਤ੍ਵੰ ਚ ਚਰਣਾਰਵਿੰਦੇ ਤਵ ਏਤਦ ਮੇ ਅਸਤੂ ਤਵ ਪ੍ਰਸਾਦਾਤ੍ ॥**

[ਭਗਤਿ ਰਸਾਯਣ

ਹੇ ਹਰੇ ਮੈਂ ਪੁਤ੍ਰ ਇਸਤ੍ਰੀ ਘਰ ਬੰਧੂ ਊਚਾ ਕੁਲ ਧਨ ਆਦਿ ਨਹੀਂ ਮਾਂਗਤਾ । ਫਕਤ ਆਪ ਕੇ ਚਰਨਾਰਵਿੰਦੋਂ ਕੀ ਭਗਤੀ ਮੇਰੇ ਕੋ ਆਪ ਕੀ ਕ੍ਰਿਪਾ ਸੇ ਹੋਵੇ। ਕਿਉਂਕਿ ਆਪ ਕੀ ਕ੍ਰਿਪਾ ਬਿਨਾ ਭਗਤੀ ਕਿਸੀ ਕੋ ਮਿਲਤੀ ਨਹੀਂ । ਤਬ ਭਗਵਾਨ ਕਹਨੇ ਲਗੇ ਕੈਸੀ



ਭਗਤੀ ਚਾਹਤਾ ਹੈਂ ਮਾਂਗ ? ਕਹਾ-ਕੀਰਤਨ ਭਗਤੀ, ਪਰੰਤੂ ਮੇਰੀ ਏਕ ਜਬਾਨ ਤੇਰੇ ਨਾਮ ਉਚਾਰਣ ਕਰ ਥਕਿਤ ਹੋ ਜਾਤੀ ਹੈ ਚਿੱਤ ਥਕਤਾ ਨਹੀਂ, ਇਸ ਵਾਸਤੇ ਦੋ ਜਬਾਨ ਲਗਾਓ ਤੋ ਆਪ ਕਾ ਨਾਮ ਉਚਾਰਣ ਕਰਤਾ ਰਹੂੰ। ਭਗਵਾਨ ਕਹਨੇ ਲਗੇ ਤਥਾ ਅਸਤੂ ਐਸੇ ਹੀ ਹੋਗਾ ਤਬ ਉਸਕੇ ਮੁਖ ਮੇਂ ਦੋ ਜਬਾਨ ਹੋ ਗਈਆਂ, ਪਰੰਤੂ ਫੇਰ ਭੀ ਚਿਤ ਨ ਥਕਾ ਯਹ ਚਾਹਤਾ ਥਾ ਹੋਰ ਨਾਮ ਜਪੂੰ । ਤਬ ਅਗੇ ਸੇ ਜਿਆਦਾ ਦੁਖੀ ਹੂਆ ਭਗਵਾਨ ਕੋ ਯਾਦ ਕੀਆ। ਭਗਵਾਨ ਨੇ ਦਰਸ਼ਨ ਦੀਆ ਕਹਾ ਕਹੋ ਕਿਆ ਚਾਹਤਾ ਹੈ ? ਕਹਾ ਜਬਾਨ ਚਾਹਤਾ ਹੂੰ ਕਹਾ ਦੋ ਤੋ ਹੈਂ ? ਭਗਤ ਨੇ ਕਹਾ ਤ੍ਰਿਪਤੀ ਨਹੀਂ ਹੂਈ । ਭਗਵਾਨ-ਕਿਤਨੀ ਚਾਹੀਏ ? ਭਗਤ ਏਕ ਲਾਖ-

**ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥**

[ਸੂਹੀ ਮ ੫ ਸਫਾ ੭੮੦

ਤਬ ਭਗਵਾਨ ਕਹਨੇ ਲਗੇ ਅਛਾ ਤੇਰੇ ਕੋ ਲਾਖ ਹੀ ਜਬਾਨ ਹੋਵੇ, ਪਰੰਤੂ ਲਾਖ ਜਬਾਨ ਹੋਨੇ ਪਰ ਭੀ ਭਗਤ ਕੋ ਤ੍ਰਿਪਤੀ ਨਾ ਹੂਈ, ਫੇਰ ਭਗਵਾਨ ਕੋ ਯਾਦ ਕਰਾ। ਉਸ ਕੇ ਪਰੇਮ ਸੇ ਭਗਵਾਨ ਫੇਰ ਆਏ, ਕਹਾ ਕਿਆ ਚਾਹਤਾ ਹੈ ? ਕਹਾ ਜਿਹਵਾ । ਕਿਤਨੀਆਂ ? ਭਗਤ ਬੀਸ ਲਾਖ, ਪਰੰਤੂ ਏਕ ਏਕ ਜਿਹਵਾ ਲਖ ਲਖ ਗੇੜਾ ਦੇ ਕਰ ਨਾਮ ਉਚਾਰੇ। ਗੁਰੂ ਵਾਕ ਪ੍ਰਮਾਣ-

**ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

[ਜਪੁਜੀ ਪਉੜੀ ੩੨ ਸਫਾ ੭

ਭਗਵਾਨ-ਅਛਾ ਐਸੇ ਹੀ ਹੋਗਾ । ਪਰੰਤੂ ਤ੍ਰਿਪਤੀ ਫੇਰ ਭੀ ਨ ਆਈ। ਤਬ ਭਗਵਾਨ ਕੋ ਫੇਰ ਯਾਦ ਕੀਆ । ਫੇਰ ਭਗਵਾਨ ਆਏ। ਭਗਵਾਨ ਕਹਨੇ ਲਗੇ ਅਬ ਕਿਆ ਚਾਹਤਾ ਹੈਂ। ਹੈਂ। ਤਬ ਭਗਤ ਕਹਨੇ ਲਗਾ।

**ਸਲੋਕ ॥ ਸ੍ਰੀ ਨੰਦਾਤਮਜ ਭਗਤ ਵਤਸਲ ਹਰੇ ਮੇ ਪ੍ਰਾਰਥਨਾ ਸ਼੍ਰਿਣੁ । ਬ੍ਰਹਮਾਂਡਾਨੀ ਮੁਖਾਨੀ ਮੇ ਪ੍ਰਤਿਦਿਨੰ ਯਾਵੰਤੀ ਤੇ ਲੋਮਸ੍ਰੂ । ਹੇ ਕ੍ਰਿਸ਼ਣ ! ਇਤਿ ਵਦੰਤੂਤਾ ਪ੍ਰਤਿਮੁਖੰ ਜਿਹਵਾਸ੍ਰੂ ਮੇ ਤਾਵਤੀ ਸਿਧੁ ਦਾਨਮਿਦੰ ਦੇਹਿ: ਤਥਾਸਤੁ ਇਤਿ ਉਕਤਵਾਨ ॥**

ਜੈਸੇ ਵਾਕ-

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥**

[ਸਿਧ ਗੋਸਟਿ ਸਫਾ ੯੪੧

**ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥**

[ਕਾਨੜਾ ਮ: ੪ ਸਫਾ ੧੩੦੯

**ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥**

[ਗਉੜੀ ਵਾਰ ਮ: ੪ ਸਫਾ ੩੧੩

ਟੀਕਾ–ਹੇ ਸ੍ਰੀ ਨੰਦ ਨੰਦਨ ਜੀ ਹੇ ਭਗਤ ਵਤਸ਼ਲ ਹਰੇ ਮੇਰੀ ਯਹ ਅਖੀਰੀ ਪ੍ਰਾਰਥਨਾ ਸੁਨੋ ਮੇਰੇ ਕੋ ਯੇ ਦਾਨ ਦੇ । ਭਗਵਾਨ–ਕਿਆ ? ਭਗਤ–ਮੇਰੇ ਕੋ ਉਤਨੇ ਹੀ ਮੁਖ ਦੋ, ਔਰ ਏਕ ਏਕ ਮੁਖ ਮੇਂ ਉਤਨੀਆਂ ਜਬਾਨਾਂ ਦੋ । ਔਰ ਏਕ ਏਕ ਜਬਾਨ ਉਤਨੇ ਨਾਮ ਕੇ ਗੇੜੇ ਦੇਵੇ । ਭਗਵਾਨ–ਕਿਤਨੇ ਕਿਤਨੇ ? ਭਗਤ ਕਹਿਨੇ ਲਗਾ ਜਿਤਨੇ ਬ੍ਰਹਮਾਂਡ ਆਪ ਕੇ ਰੋਮ ਮੇਂ ਹੋਵੇਂ । ਭਗਵਾਨ–ਮੇਰੇ ਏਕ ਏਕ ਰੋਮ ਮੇਂ ਕੋਟੀ ਕੋਟੀ ਬ੍ਰਹਮਾਂਡ ਹੈਂ ਭਗਤ–ਤੋ ਮੇਰੇ ਸ਼ਰੀਰ ਮੇਂ ਕੋਟੀ ਕੋਟੀ ਮੁਖ ਹੋ ਜਾਵੇਂ ਏਕ ਏਕ ਮੁਖ ਮੇਂ ਕੋਟੀ ਕੋਟੀ ਜ਼ਬਾਨ ਹੋਵੇਂ ਏਕ ਏਕ ਜ਼ਬਾਨ ਕੋਟੀ ਕੋਟੀ ਨਾਮ ਕੇ ਗੇੜੇ ਕਢੇ । ਯਹ ਮੈਂ ਦਾਨ ਮਾਂਗਤਾ ਹੂੰ । ਭਗਵਾਨ–ਅਛਾ ਐਸੇ ਹੀ ਹੋਗਾ । ਪਰ ਤੀਨ ਦਿਨ ਕੇ ਅੰਦਰ ਤੁਮਾਰਾ ਸ਼ਰੀਰ ਛੁਟ ਜਾਏਗਾ । ਐਸੇ ਓਹ ਤੀਨ ਦਿਨ ਨਾਮ ਕਾ ਰਸ ਲੇਕਰ ਵਿਦੇਹ ਮੁਕਤ ਹੂਆ । ਭਗਵਾਨ ਬੀਚ ਮੇਂ ਆਕਰ ਚਾਰ ਪ੍ਰਕਾਰ ਕੀ ਮੁਕਤੀ ਦੇਤੇ ਭਏ ਪਰੰਤੂ ਭਗਤ ਨੇ ਨ ਲਈ । ਕਿਉਂਕਿ ਭਗਤ ਨਿਸ਼ਕਾਮ ਹੋਤੇ ਹੈਂ ਭਗਵਾਨ ਸੇ ਕੁਛ ਲੇਨਾ ਨਹੀਂ ਚਾਹਤੇ, ਐਸੇ ਭਗਤੋਂ ਕੇ ਲਛਨ ਸ੍ਰੀ ਮਦ ਭਾਗਵਤ ਕੇ ਤੀਸਰੇ ਸਿਕੰਦ ਕੇ ਉਨੱਤੀਸ ਅਧਯਾਇ ਮੇਂ ਕਪਲ ਮੁਨੀ ਨੇ ਅਪੁਨੀ ਮਾਤਾ ਦੇਵਹੂਤੀ ਕੋ ਕਹੇ ਹੈਂ ।

**ਸ਼ਲੋਕ ॥ ਮਦਗੁਣ ਸ਼੍ਰੁਤਿ ਮਾਤ੍ਰੇਣ ਮਯੀਸਰਵ ਗੁਹਾਸਯੇ । ਮਨੋਗਤਿ: ਅਵਿਛਿੰਨਾ । ਯਥਾ ਗੰਗੋਅੰਭਸੋ ਅੰਬੁਧਊ ॥ ੧੧ ॥ ਲਖਸ਼ਣੰ ਭਗ੍ਰਿ ਯੋਗਸਯ ਨਿਰਗੁਣਸਯ ਹੀ ਉਦਾਹਿਰਤੰ । ਅਹੈਤੁਕੀਅਵਿਯਵਹਿਤਾ ਯਾਭਗਤੀ ਪੁਰਸ਼ੋਤਮੇ ॥ ੧੨ ॥ ਸਾਲੋਕਯਸਾਰਿਸ੍ਰਿ ਸਾਮੀਪਯ ਸਾਰੂਪਯ ਏਕਤ੍ਵੰ ਅਚਯੁਤ ਦੀਯਮਾਨੰ ਨਗ੍ਰਿਹਣੰਤਿ ਬਿਨਾ ਮਤਸੇਵਨੰਜਨਾ: ॥੧੩॥ ਸਏਵ ਭਗ੍ਰਿ ਯੋਗਾਖਯ ਆਤਯੰਤਿਕ ਉਦਾਹ੍ਰਿਤ: । ਯੇਨਅਤਿ ਬ੍ਰਜਯ ਤ੍ਰਿਗੁਣੰ ਮਤ੍ਰਭਾਵਾਯੋਪਪਦਯਤੇ ॥ ੨੪ ॥**

– ਅਰਥ–ਕਪਲਮੁਨੀ ਅਪਨੀ ਮਾਤਾ ਦੇਵਹੂਤੀ ਕੋ ਕਹਤੇ ਹੈਂ । ਜੋ ਭਗਤ ਮੈਂ ਪਰਮਾਤਮਾ ਕੇ ਗੁਣ ਸ੍ਰਵਣ ਮਾਤ੍ਰ ਸੇ ਗੁਣੋਂ ਕੀ ਖਾਣ ਮੇਰੇ ਮੇਂ ਨਿਰੰਤਰ ਮਨ ਕੀ ਬ੍ਰਿਤੀ ਲਗਾਤੇ ਹੈਂ । ਜੈਸੇ ਗੰਗਾ ਜੀ ਕਾ ਪ੍ਰਵਾਹ ਨਿਰੰਤਰ ਸਮੁੰਦਰ ਮੇਂ ਪ੍ਰਵੇਸ਼ ਕਰਤਾ ਹੈ ਐਸੇ



ਜਿਨੋਂ ਕੀ ਬ੍ਰਿਤੀ ਨਿਰੰਤਰ ਮੇਰੇ ਮੇਂ ਲੀਨ ਹੋਤੀ ਹੈ । ਵੋ ਭਗਤ ਕਹਾਤੇ ਹੈਂ ॥ ੧੧ ॥ ਯੇ ਲਖਣ ਨਿਰਗੁਣ ਭਗਤੀ ਵਾਲੋਂ ਕੇ ਕਥਨ ਕੀਏ ਹੈਂ ਜੋ ਪੁਰਸ਼ੋਤਮ ਭਗਵਾਨ ਮੇਂ ਨਿਸ਼ਕਾਮ ਭਗਤੀ ਕਰਤੇ ਹੈਂ । ੧੨ । ਭਗਤੋਂ ਕੋ ਚਾਰ ਪ੍ਰਕਾਰ ਕੀ ਕਾਮਨਾ ਤੋ ਕਹਾਂ ਹੁਈਆਂ ਜੋ ਚਾਰ ਪ੍ਰਕਾਰ ਕੀਆਂ ਮੁਕਤੀਆਂ ਯਾਨੇ ਸਾਲੋਕਯ, ਸਾਰੂਪਯ, ਸਾਮੀਪਯ, ਸਾਯੁਜਯ ਭੀ ਨਹੀਂ ਲੇਤੇ । ਕਿੰਤੂ ਮੇਰੀ ਭਗਤੀ ਮਾਂਗਤੇ ਹੈਂ । ੧੩ । ਸੋ ਯੇ ਅਤਯੰਤ ਭਗਤੀ ਯੋਗ ਕਹਾ ਜਾਤਾ ਹੈ ਜਿਸ ਭਗਤੀ ਯੋਗ ਕਰਕੇ ਤ੍ਰਿਗੁਣ ਆਤਮ ਮਾਇਆ ਕੋ ਤਿਆਗ ਕਰ ਮੇਰੇ ਸੁਧ ਸਚਿਦਾਨੰਦ ਭਾਵ ਕੋ ਪ੍ਰਾਪਤ ਹੋਤਾ ਹੈ । ਇਸ ਪ੍ਰਕਾਰ ਕੀਰਤਨ ਭਗਤੀ ਕਾ ਸਰੂਪ ਸ਼ਾਸਤ੍ਰਕਾਰੋਂ ਨੇ ਲਿਖਾ ਹੈ ਔਰ ਨਾਮ ਮਹਾਤਮ ਭਾਈ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਮੰਗਲੋਂ ਮੇਂ ਭੀ ਲਿਖਾ ਹੈ ।

**ਜਾਨਤ ਹੈ ਮਹਿਮਾ ਅਹਿ ਸ਼ੇਸ਼ ਸੁ ਨਾਮਹਿ ਕੀ ਪ੍ਰਤਾਪ ਬਡਾਈ ।**
**ਕਾਨਨ ਸੈਲਨ ਸੋਂ ਅਵਨਿ ਪ੍ਰਸੂਨਹਿ ਜਿਉ ਜਿਨ ਸੀਸ ਉਠਾਈ ।**
**ਨਾਮ ਮਹਾਤਮ ਸ਼ੰਕਰ ਜਾਨਤ ਕੰਠ ਹਲਾਹਲ ਲੀਨ ਪਚਾਈ ।**
**ਆਤਮਭੂਭਲ ਰੀਤਿ ਪਛਾਨਤ ਜਾ ਬਲ ਸੋ ਪ੍ਰਪੰਚ ਉਪਾਈ ।**

ਇਸ ਪ੍ਰਕਾਰ ਕਾ ਨਾਮ ਮਹਾਤਮ ਸਬ ਕਹਿ ਗਏ । ਪਰੰਤੂ ਮੁਲ ਕਿਸੀ ਨੇ ਨਹੀ ਕਹਾ ਨਾਮ ਕਾ ਮੁਲ ਹੈ ਨਹੀਂ । ਜੈਸੇ ਸੁਖਮਨੀ ਕੇ ਤੀਸਰੀ ਅਸਟਪਦੀ ਮੇਂ ਲਿਖਾ ਹੈ ।

**ਸਲੋਕ–ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢੰਢੋਲ ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ ਅਸਟਪਦੀ ॥ ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥ ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ**

**ਹਉਮੈ ਮੈਲੁ ਨ ਜਾਵੈ ॥ ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮ ਜਪਤ ਗਤਿ ਪਾਹਿ ॥ ੨ ॥** ਗਉੜੀ ਸੁਖਮਨੀ ਸਫਾ ੨੬੫

ਇਨ ਵਚਨੋਂ ਸੇ ਯੇ ਸਿਧ ਹੋਤਾ ਹੈ। ਹੋਰ ਸਭ ਸਾਧਨੋਂ ਕਾ ਮੂਲ ਹੈ ਕੇਵਲ ਨਾਮ ਅਮੋਲ ਹੀ ਹੈ। ਜੈਸੇ ਏਕ ਕਥਾ ਸੁਨੀ ਗਈ ਹੈ। ਏਕ ਸ਼ੈਹਰ ਮੇਂ ਦੋ ਭਾਈ ਬੜੇ ਸ਼ਾਹੂਕਾਰ ਰਹਤੇ ਸੀ। ਉਨ ਮੇਂ ਬੜਾ ਭਾਈ ਬੜਾ ਕੰਜੂਸ ਅਰ ਦੁਰਾਚਾਰੀ ਥਾ। ਦੂਸਰਾ ਉਦਾਰ ਤਥਾ ਸਦਾਚਾਰੀ ਥਾ। ਸ਼ਹਰ ਮੇਂ ਯੇਹ ਦੋਨੋਂ ਹੀ ਨਾਮੀ ਸ਼ਾਹੂਕਾਰ ਥੇ। ਏਕ ਸਮੇਂ ਉਸ ਸ਼ਹਿਰ ਮੇਂ ਇਕ ਬੀਤਰਾਗ ਮਹਾਤਮਾ ਆਏ । ਸਭ ਲੋਕੋਂ ਨੇ ਪ੍ਰਾਰਥਨਾ ਕਰਕੇ ਸਤਿਸੰਗ ਸ਼ੁਰੂ ਕਰਵਾਯਾ । ਹੋਰ ਸਭ ਲੋਕ ਆਤੇ ਸੀ। ਦੋਨੋਂ ਸ਼ਾਹੂਕਾਰ ਹੀ ਨਹੀਂ ਆਤੇ ਸੀ। ਤਬ ਲੋਕੋ ਨੇ ਦੋਨੋਂ ਕੋ ਸਤਿਸੰਗ ਵਾਸਤੇ ਬਹੁਤ ਕਹਾ ਤਬ ਬੜੇ ਭਾਈ ਨੇ, ਸਾਫ ਜਵਾਬ ਦੀਆ ਮੈਂ ਨਹੀਂ ਸਤਿਸੰਗ ਮੇਂ ਆਊਂਗਾ, ਕਿਉਂਕਿ ਮੇਰੇ ਕੋ ਫੁਰਸਤ ਨਹੀਂ ਛੋਟਾ ਭਾਈ ਅਪਨੀ ਇਸਤ੍ਰੀ ਸਹਿਤ ਉਸੀ ਦਿਨ ਸਤਿਸੰਗ ਮੇਂ ਆਇਆ ਮਹਾਤਮਾ ਨੇ ਉਸ ਦਿਨ ਗੀਤਾ ਕੇ ਤ੍ਰਿਤਿਯ ਅਧਯਾਯ ਕੇ ਤੇਰਵੇਂ ਸ਼ਲੋਕ ਕਾ ਪਰਸੰਗ ਚਲਾਯਾ ਹੂਆ ਥਾ ।

**ਯਗਯਸ਼ਿਸ਼੍ਰਾਸ਼ਿਨः ਸੰਤੋਮੁਚਯੰਤੇਸਰਵਕਿਲਬਿਸ਼ੈः । ਭੂੰਜਤੇ ਤੇਤ੍ਵਅਘੰਪਾਪਾ ਯੇ ਪਚੰਤੀ ਆਤਮਕਾਰਣਾਤ ॥**

ਅਰਥ–ਯਗਯ ਯਾਨੇ ਕਿਸੀ ਅਤਿਥੀ ਕੋ ਖਿਲਾ ਕਰ ਸ਼ੇਸ਼ ਬਚੇ ਹੂਏ ਭੋਜਨ ਕੋ, ਖਾਨੇ ਵਾਲੇ ਸ਼ਰੇਸ਼ਟੋ ਪੁਰਸ਼ ਸਰਵ ਪਾਪੋਂ ਸੇ ਛੂਟ ਜਾਤੇ ਹੈਂ । ਔਰ ਜੋ ਪਾਪੀ ਪੁਰਸ਼ ਅਪਨੇ ਸ਼ਰੀਰ ਪੋਸ਼ਣ ਕੇ ਲੀਏ ਹੀ ਪਕਾਤੇ ਹੈਂ, ਵੋ ਤੋ ਪਾਪ ਕੋ ਹੀ ਖਾਤੇ ਹੈਂ। ਏਹ ਕਥਾ ਮਹਾਤਮਾ ਨੇ ਦ੍ਰਿਸ਼ਟਾਂਤ ਪ੍ਰਮਾਣ ਦੇਕਰ ਬਹੁਤ ਵਿਸਤਾਰ ਸੇ ਕਹੀ। ਅਰ ਅਤਿਥੀ ਕਾ ਲੱਖਣ ਭੀ ਕਰਾ, ਜੋ ਗਿਆਤ ਨ ਹੋ ਸ਼ਹਿਰ ਮੇਂ ਰਹਿਨੇ ਵਾਲੇ ਨ ਹੋ, ਅਗੇ ਕਬੀ ਅਪਨੇ ਦੁਆਰੇ ਪਰ ਆਯਾ ਨ ਹੋ, ਔਰ ਰਾਤ ਰਹਿਨੇ ਕਾ ਭੀ ਜਿਸ ਕਾ ਖਿਆਲ ਨ ਹੋ, ਸੋ ਅਤਿਥੀ ਕਹਾ ਜਾਤਾ ਹੈ । ਉਸ ਅਤਿਥੀ ਕੇ ਖਿਲਾਨੇ ਕਾ ਬੜਾ ਮਹਾਤਮ ਲਿਖਾ ਹੈ। ਐਸੇ ਅਤਿਥੀ ਕੋ ਭੋਜਨ ਖਿਲਾਯੇ ਬਿਨਾਂ ਜੋ ਭੋਜਨ ਖਾਤਾ ਹੈ, ਸੋ ਪਾਪ ਮਈ ਮਾਸ ਕਾ ਭੋਜਨ ਕਰਤਾ ਹੈ । ਜਬ ਯਹ ਪ੍ਰਸੰਗ ਪਹਿਲੇ ਦਿਨ ਹੀ ਆਏ ਹੂਏ ਸੇਠ ਨੇ ਸੁਨਾ, ਤਬ ਵੋ ਵਿਚਾਰ ਕਰਨੇ ਲਗਾ ਕਿ ਮੇਰੇ ਕੋ ਧਿਕਾਰ ਹੈ ਜੋ ਇਤਨੇ ਧੰਨ ਹੋਨੇ ਪਰ ਭੀ ਮੈਂ ਪਾਪੋਂ ਕਾ ਹੀ ਭੋਜਨ ਕਰਤਾ ਰਹਾ ਹੂੰ । ਅਬ ਮੈਂ ਉਠ ਕਰ ਪ੍ਰਤਿਗਿਆ ਕਰੂੰ ਚਿਤ ਬਦਲਨੇ ਮੇਂ ਦੇਰੀ ਨਹੀਂ ਹੋਤੀ । ਇਕ ਦਮ ਉਠਕੇ ਖੜਾ ਹੋ ਗਯਾ ਅਰ ਕਹਿਨੇ ਲਗਾ ਮਹਾਰਾਜ ਜੀ ਮੈਂ ਪ੍ਰਤਿਗਿਆ ਕਰਤਾ ਹੂੰ ਆਪ ਸਭ ਲੋਗ ਸਰਵਣ ਕਰੋ, ਅਗੇ ਤੋ ਮੈਂ ਪਾਪੋਂ ਕਾ ਹੀ ਭੋਜਨ ਕਰਤਾ ਥਾ, ਪਰੰਤੂ ਅਬ ਮੈਂ ਅਤਿਥੀ ਕੋ ਭੋਜਨ ਕਰਾਏ ਬਿਨਾਂ ਭੋਜਨ ਨ ਕਰੂੰਗਾ । ਮਹਾਤਮਾ ਨੇ ਔਰ ਸੰਗਤ ਨੇ ਕਹਾ ਅਗਰ ਏਕ ਦਿਨ ਅਤਿਥੀ ਨ ਆਯਾ ? ਸੇਠ ਨੇ ਕਹਾ ਮੈਂ ਭੀ ਭੋਜਨ ਨ ਕਰੂੰਗਾ। ਦੂਸਰੇ ਦਿਨ ਭੋਜਨ ਕਰਾਕੇ ਕਰੂੰਗਾ ਮਹਾਤਮਾ–ਅਤਿਥੀ ਦੂਸਰੇ ਦਿਨ ਨਾ ਮਿਲੇ



ਤੋ? ਉਸਨੇ ਕਹਾ ਤੀਸਰੇ ਦਿਨ ਅਤਿਥੀ ਕੋ ਭੋਜਨ ਖਿਲਾਕੇ ਖਾਊਂਗਾ । ਸੰਤ–ਅਗਰ ਤੀਸਰੇ ਦਿਨ ਭੀ ਅਤਿਥੀ ਨ ਆਯਾ ਤੋ ? ਸੇਠ–ਤੋ ਚਉਥੇ ਦਿਨ ੧੨ ਵਜੇ ਤਕ ਦੇਖੂੰਗਾ ਨ ਆਯਾ ਤੋ ਚਿਖਾ ਮੇਂ ਜਲ ਕੇ ਮਰ ਜਾਊਂਗਾ । ਤੋ ਸੇਠਾਨੀ ਭੀ ਕਹਿਨੇ ਲਗੀ ਮੈਂ ਅਪਨਾ ਔਰ ਏਕ ਬੱਚੇ ਕਾ ਅਤਿਥੀ ਭੀ ਰੋਜ਼ ਖਿਲਾਯਾ ਕਰੂੰਗੀ। ਤੀਨ ਦਿਨ ਨ ਆਨੇ ਪਰ ਬੱਚੇ ਕੋ ਤੋ ਖਿਲਾ ਦੂੰਗੀ । ਪਰ ਮੈਂ ਨ ਖਾਊਂਗੀ ਚਉਥੇ ਦਿਨ ਨ ਆਯਾ ਤੋ ਮੈਂ ਖਾ ਲੂੰਗੀ ਪਤੀ ਕੀ ਨਿਆਈਂ ਸੜੂੰਗੀ ਨਹੀਂ । ਜਬ ਯੇਹ ਪ੍ਰਤਿਗਿਆ ਕਰੀ ਕਥਾ ਸਮਾਪਤ ਹੂਈ, ਘਰ ਚਲੇ ਗਏ ਕਥਾ ਪਰ ਰੋਜ਼ ਆਤੇ ਰਹੇ। ਔਰ ਐਸੇ ਅਤਿਥਿਓਂ ਕੋ ਤਲਾਸ਼ ਕਰ ਕਮ ਸੇ ਕਮ ਤੀਨ ਕੋ ਤੋ ਰੋਜ਼ ਖਿਲਾਤੇ ਰਹੇ। ਏਕ ਸਮਯ ਪਰਮੇਸ਼ੂਰ ਨੇ ਭਗਤ ਕੀ ਪਰੀਖਯਾ ਕਰਨੇ ਵਾਸਤੇ, ਤੀਨ ਦਿਨ ਕੋਈ ਅਤਿਥੀ ਨਹੀਂ ਭੇਜਾ । ਉਹ ਸਾਹੂਕਾਰ ਤਲਾਸ਼ ਕਰਕੇ ਥਕਿਤ ਹੋ ਗਯਾ । ਚਉਥੇ ਦਿਨ ੧੨ ਵਜੇ ਤਕ ਭੀ, ਬੜੀ ਤਲਾਸ਼ ਕਰੀ ਜਬ ਕੋਈ ਨਾ ਮਿਲਾ ਤੋ ਅਪਨੀ ਪ੍ਰਤਿਗਿਆ ਕੇ ਅਨੁਸਾਰ ਚਿਖਾ ਬਣਾ ਕਰ, ਸੜਨੇ ਲਗਾ । ਲੋਗ ਬਹੁਤ ਅਕੱਠੇ ਹੋ ਗਏ। ਜਬ ਚਿਖਾ ਤੇ ਚੜ੍ਹ ਗਯਾ ਅਗਨੀ ਲਗਾਨਾ ਸ਼ੁਰੂ ਕੀਆ, ਤੋ ਤੀਨ ਮਹਾਤਮਾ ਦੂਰ ਸੇ ਦਿਖਾਈ ਆਏ। ਔਰ ਕਹਾ ਅਗਨੀ ਮੱਤ ਲਗਾਓ ਮਹਾਤਮਾ ਉਥੇ ਆ ਗਏ । ਔਰ ਸ਼ਾਹੂਕਾਰ ਭੀ ਬੜੀ ਧੂਮ ਧਾਮ ਸੇ ਅਪਨੇ ਘਰ ਮਹਾਤਮਾਓਂ ਕੋ ਲੇ ਆਯਾ । ਭੋਜਨ ਖਿਲਾ ਕਰ ਸਤਿਸੰਗ ਵਾਸਤੇ ਕਹਾ । ਸਤਿਸੰਗ ਕਰ ਰਹੇ ਥੇ ਤੋ ਉਸ ਕਾ ਬੜਾ ਭਾਈ ਸ਼ੂਮ ਵੋਹ ਭੀ ਰੋਟੀ ਖਾਨੇ ਘਰ ਮੇਂ ਆਯਾ ਸੰਤੋਂ ਕੋ ਦੇਖ ਕਰ ਪੀਛੇ ਜਾਨੇ ਲਗਾ। ਸੰਤੋਂ ਨੇ ਉਸ ਕੋ ਬੁਲਾਯਾ, ਕਹਾ ਭਾਈ ਰਾਮ ਕਾ ਨਾਮ ਲੇ ਆਕੇ ਕਥਾ ਸੁਨ । ਉਹ ਗੁਸੇ ਮੇਂ ਆ ਕੇ ਕਹਿਨੇ ਲਗਾ ਮੈਂ ਨਹੀਂ ਸਾਲੇ ਰਾਮ ਕਾ ਨਾਮ ਲੇਤਾ। ਤਬ ਮਹਾਤਮਾ ਨੇ ਕਹਾ ਸਾਲੇ ਰਾਮ ਕੇ ਨਾਮ ਨੇ ਤੇਰੇ ਕੋ ਨਰਕ ਸੇ ਬਚਾਨਾ ਹੈ। ਤੂੰ ਆਜ ਰਾਤ ਕੋ ਮਰ ਜਾਏਂਗਾ । ਯਮਦੂਤ ਤੇਰੇ ਕੋ ਯਮਰਾਜ ਪਾਸ ਲੇ ਜਾਏਂਗੇ, ਚਿਤ੍ਰ ਗੁਪਤ ਤੇਰਾ ਹਿਸਾਬ ਲੇਂਗੇ ਪਾਪ ਬਹੁਤ ਨਿਕਲੇਂਗੇ ਨਰਕ ਕਾ ਹੁਕਮ ਦੇਂਗੇ, ਔਰ ਸਾਲੇ ਰਾਮ ਕੇ ਨਾਮ ਕਾ ਮਹਾਤਮ ਚਾਰ ਘੜੀ ਤੇਰੇ ਕੋ ਸੁਰਗ ਦੇਂਗੇ । ਤੂੰ ਕਹਿਨਾ ਮੈਂ ਸਾਲੇ ਰਾਮ ਕੇ ਨਾਮ ਕਾ ਮਹਾਤਮ ਨਹੀਂ ਲੂੰਗਾ, ਮੁਲ ਲੂੰਗਾ । ਮੈਂ ਬ੍ਰਹਮਾ ਸ਼ਿਵ ਪਰ ਮਾਇਆ ਪਾ ਦੂੰਗਾ, ਉਹ ਭੀ ਤੁਮਾਰੀ ਇਸ ਬਾਤ ਕਾ ਫੈਸਲਾ ਨ ਕਰ ਸਕੇਂਗੇ, ਮੈਂ ਵਿਸ਼ਣੂ ਹੂੰ ਮੇਰੇ ਪਾਸ ਤੇਰੇ ਕੋ ਲੇ ਆਏਂਗੇ, ਮੈਂ ਮੁਕਤ ਕਰ ਦੂੰਗਾ । ਯੇਹ ਤੇਰਾ ਭਾਈ ਮੇਰਾ ਭਗਤ ਹੈ, ਮੈਂ ਇਸ ਕੀਆਂ ਇਕੀਸ ਕੁਲਾਂ ਤਾਰੂੰਗਾ, ਤੂੰ ਭੀ ਇਸ ਕਾ ਭਾਈ ਹੈਂ ਤੇਰੇ ਕੋ ਭੀ ਤਾਰੂੰਗਾ, ਤੇਰੇ ਸੇ ਮਾਇਆ ਹਟਾਦੂੰਗਾ ਮੇਰਾ ਤੇਰੇ ਕੋ ਵਚਨ ਯਾਦ ਰਹੇਗਾ । ਯੇਹ ਵਚਨ ਸੁਨ ਕਰ ਸੇਠ ਚਲਾ ਗਯਾ ਰਾਤ ਕੋ ਕੋਠੇ ਸੇ ਗਿਰ ਕੇ ਮਰ ਗਯਾ। ਯਮਦੂਤ ਲੇ ਗਏ ਚਿਤ੍ਰ ਗੁਪਤ ਹਿਸਾਬ ਕਰਨੇ ਲਗੇ । ਪਾਪ ਹੀ ਪਾਪ ਨਿਕਲੇ ਏਕ ਵਾਰੀ ਸਾਲਾ ਰਾਮ ਕਹਾ ਹੈ, ਉਸਕਾ ਮਹਾਤਮ ਚਾਰ ਘੜੀ ਸੁਰਗ ਹੈ। ਪੂਛਨੇ ਬਗੇ ਪਹਿਲੇ ਕਿਆ ਲੇਂਗਾ । ਉਸ ਨੇ ਕਹਾ ਮੈਂ ਮਹਾਤਮ ਨਹੀਂ ਲੂੰਗਾ ਮੁਲ

ਲੂੰਗਾ। ਉਸਨੇ ਕਹਾ ਮੁਲ ਕਾ ਹਮ ਕੋ ਪਤਾ ਨਹੀਂ । ਬੜਾ ਝਗੜਾ ਹੂਆ ਆਖਿਰ ਇੰਦ੍ਰ ਪਾਸ ਉਸਕੋ ਲੇ ਗਏ । ਇੰਦ੍ਰ ਨੇ ਬਹੁਤ ਸਮਝਾਯਾ, ਆਖਿਰ ਇੰਦ੍ਰ ਸ਼ਿਵ ਪਾਸ ਲੇ ਗਯਾ, ਸ਼ਿਵ ਬ੍ਰਹਮਾ ਪਾਸ ਲੇ ਗਯਾ। ਪਰ ਸਭ ਪਰ ਪਰਮਾਤਮਾ ਨੇ ਮਾਇਆ ਪਾ ਛੋੜੀ ਸੀ । ਤਬ ਸਾਰੇ ਮਿਲ ਕਰ ਵਿਸ਼ਣੂ ਪਾਸ ਲੇ ਆਏ । ਭਗਵਾਨ ਨੇ ਵੋਹੀ ਰੂਪ ਦਿਖਾਯਾ ਔਰ ਕਹਾ ਆ ਬੈਠ ਔਰ ਚਤੁਰਭੁਜ ਬਣਾਕੇ ਬਿਠਲਾ ਦੀਆ। ਔਰ ਬ੍ਰਹਮਾਦਿਕੋਂ ਕਾ ਸਤਿਕਾਰ ਕਰਕੇ ਵਾਪਸ ਭੇਜ ਦੀਆ ਵਾਪਸ ਜਾਤੇ ਰਸਤੇ ਮੇਂ ਨਾਰਦ ਜੀ ਮਿਲੇ, ਕਹਾ ਕਹਾਂ ਗਏ ਥੇ ? ਉਨੋਂ ਨੇ ਸਭ ਹਾਲ ਕਹਾ ਕਿ ਨਾਮ ਕਾ ਮੁਲ ਮਾਂਗਤਾ ਥਾ, ਅਸੀਂ ਵਿਸ਼ਣੂ ਪਾਸ ਛੋੜ ਆਏ ਉਹ ਜਾਣੇ ਵਿਸ਼ਣੂ ਭਗਵਾਨ ਜਾਣੇ । ਨਾਰਦ ਜੀ ਕਹਿਨੇ ਲਗੇ ਕਲ ਕੋਈ ਫੇਰ ਦੂਸਰਾ ਆ ਕਰ ਨਾਮ ਕਾ ਮੁਲ ਮਾਂਗੇ ਤੋ ਫੇਰ ਉਸ ਕੋ ਇਸ ਪ੍ਰਕਾਰ ਹੀ ਲੇ ਜਾਓਗੇ ? ਇਕ ਵਾਰ ਪੁਛ ਆਓ ਨਾਮ ਕਾ ਮੁਲ ਕਿਤਨਾ ਹੈ ? ਤਬ ਨਾਰਦ ਕੋ ਕਹਿਨੇ ਲਗੇ ਅਛਾ ਚਲੋ ਫੇਰ ਚਲਤੇ ਹੈਂ ਪੂਛ ਆਤੇ ਹੈਂ। ਤੋ ਸਾਰੇ ਫੇਰ ਵਿਸ਼ਣੂ ਭਗਵਾਨ ਕੇ ਪਾਸ ਆਏ ਔਰ ਕਹਿਨੇ ਲਗੇ ਮਹਾਰਾਜ ! ਨਾਮ ਕੇ ਮੁਲ ਕਾ ਆਪ ਨੇ ਕਿਆ ਫੈਸਲਾ ਕੀਆ ? ਹਮ ਕੋ ਪਤਾ ਨਹੀਂ ਲਗਾ। ਭਗਵਾਨ ਕਹਿਨੇ ਲਗੇ ਐਸੇ ਪੁਰਸ਼ੋਂ ਪਰ ਮਾਇਆ ਪਾ ਕਰ ਭੁਲਾ ਦੇਨਾ ਚਾਹੀਏ। ਦੇਖੋ ਮੈਂਨੇ ਮਾਇਆ ਪਾਕੇ ਭੁਲਾ ਦੀਆ ਹੈ ਬੋਲਤਾ ਹੀ ਨਹੀਂ । ਬਸ ਜਬ ਕੋਈ ਨਾਮ ਕਾ ਮੁਲ ਮਾਂਗੇ ਤੋ ਮਾਇਆ ਪਾ ਦੀਆ ਕਰੋ । ਨਾਮ ਕਾ ਮੁਲ ਨਹੀਂ ਨਾਮ ਅਮੋਲ ਹੈ । ਇਸ ਪ੍ਰਕਾਰ ਨਾਮ ਯਾਨੇ ਭਗਤੀ ਸਭ ਸੇ ਸਰੇਸ਼ਟ ਸਾਧਨ ਹੈ। ਜੋ ਕੇਵਲ ਸਾਲਾ ਰਾਮ ਕਹਿਨੇ ਕੇ ਪ੍ਰਤਾਪ ਸੇ ਪੁਰਸ਼ ਵੈਕੰਠ ਕਾ ਵਾਸੀ ਹੋ ਜਾਤਾ ਹੈ।

**ਹਰਿਃ ਹਰਤਿ ਪਾਪਾਨਿ ਦੁਸ਼੍ਰ ਚਿਤੈਰਪਿ ਸਿਮ੍ਰਿਤਃ ॥ ਅਨ ਇਛਯਾऽਪਿ ਸੰਸਪ੍ਰਸਟੋ ਦਹਤੇਵਇ ਪਾਵਕ :–**

ਗਾਲੀ ਦੇਕਰ ਭੀ ਅਸ਼ਰਧਾ ਸੇ ਮੁਖ ਸੇ ਰਾਮ ਕਾ ਨਾਮ ਨਿਕਲ ਜਾਵੇ ਤੋ, ਵੋ ਨਾਮ ਪਾਪੋਂ ਕੋ ਨਸ਼ਟ ਕਰ ਦੇਤਾ ਹੈ। ਜੈਸੇ ਸੜਨੇ ਕੀ ਇਛਾ ਨ ਭੀ ਹੋਵੇ ਤੋ ਭੀ ਹਾਥ ਮੇਂ, ਅਗਨੀ ਕੋ ਉਠਾਨੇ ਸੇ ਅਗਨੀ ਸਾੜ ਹੀ ਦੇਤੀ ਹੈ, ਤੈਸੇ ਨਾਮ ਪਾਪੋਂ ਕੋ ਨਸ਼ਟ ਹੀ ਕਰ ਦੇਤਾ ਹੈ। ਇਸ ਪ੍ਰਕਾਰ ਸੇਠ ਕਾ ਪਾਪੀ ਭਾਈ ਭੀ ਸਾਲੇ ਰਾਮ ਨੇ ਤਾਰ ਦੀਆ, ਜੋ ਹਰ ਵਕਤ ਆਠੋਂ ਪਹਿਰ ਪਰਮੇਸ਼੍ਵਰ ਕਾ ਨਾਮ ਉਚਾਰਣ ਕਰੇਂਗੇ ਵੋ ਕਿਉਂ ਨ ਤਰੇਂਗੇ ਜੈਸੇ–

**ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥ ਤਥਾ–ਕਿਣਕਾ ਏਕ ਜਿਸੁ ਜੀਅ ਬਸਾਵੈ ॥ ਤਾਕੀ ਮਹਿਮਾ ਗਨੀ ਨ ਆਵੈ ॥**

[ਸੁਖਮਨੀ ਮ: ੫ ਸਫਾ ੨੬੨

ਕਲਯੁਗ ਮੇਂ ਨਾਮ ਕਾ ਹੀ ਮਹਾਤਮ ਹੈ ਜੈਸੇ ਗੁਰੂ ਜੀ ਲਿਖਤੇ ਹੈਂ:–

**ਕਲੂ ਆਇਓ ਰੇ ਆਇਓ ਇਕ ਨਾਮ ਬੋਵਹੁ ਬੋਵਹੁ ॥ ਅਨ ਰੁਤ ਨਾਹੀ ਨਾਹੀ**



ਕਥਾ ਮਹਾਰਾਜਾ ਯੁਧਿਸਟਰ ਜੀ ਕੀ–ਮਹਾਰਾਜਾ ਯੁਧਿਸਟਰ ਜੀ ਸਦਾ ਦੋ ਘੰਟੇ ਏਕਾਂਤ ਮੇਂ ਰਹਾ ਕਰਤੇ ਥੇ ਔਰ ਕਚਹਿਰੀ ਭੀ ਬੰਦ ਨਹੀਂ ਰੱਖਾ ਕਰਤੇ ਥੇ । ਇਸ ਵਾਸਤੇ ਡਿਉਢੀ ਕੇ ਬਾਹਰਲੇ ਦਰਵਾਜੇ ਮੇਂ ਭੀਮ ਕੋ ਖੜਾ ਕਰਤੇ ਥੇ, ਔਰ ਬੀਚਲੇ ਦਰਵਾਜੇ ਮੇਂ ਅਰਜਨ ਕੋ, ਖੜਾ ਕਰਤੇ ਥੇ, ਔਰ ਤੀਸਰੇ ਦਰਵਾਜ਼ੇ ਪਰ ਨਕੁਲ ਔਰ ਸਹਿਦੇਵ ਕੋ ਖੜਾ ਕੀਆ ਕਰਤੇ ਥੇ, ਔਰ ਆਪ ਅੰਦਰ ਜਾ ਕਰਕੇ ਪਰਦਾ ਤਾਣਕੇ ਏਕਾਂਤ ਮੇਂ ਬੈਠਾ ਕਰਤੇ ਥੇ । ਏਕ ਦਿਨ ਏਕਾਂਤ ਮੇਂ ਬੈਠੇ ਹੂਏ ਥੇ ਤਬ ਏਕ ਪੁਰਸ਼ ਆਯਾ, ਤੋ ਭੀਮਸੈਨ ਕੋ ਕਹਾ ਮੈਨੇ ਅੰਦਰ ਜਾਨਾ ਹੈ । ਭੀਮਸੈਨ ਨੇ ਕਹਾ ਇਸ ਵਕਤ ਮਹਾਰਾਜ ਏਕਾਂਤ ਮੇਂ ਹੈਂ, ਜੋ ਕਾਮ ਹੈ ਮੇਰੇ ਕੋ ਕਹਿ। ਕਹਾ ਅੱਛਾ। ਤਬ ਵੋਹ ਭੀਮਸੈਨ ਕੋ ਕਹਿਨੇ ਲਗਾ ਆਜ ਮੈਂ ਕੂਏ ਪਰ ਬੈਠ ਕਰ ਦਾਤੁਨ ਕਰਤਾ ਥਾ ਤਬ ਏਕ ਆਦਮੀ ਕੇ ਹਾਥ ਮੇਂ ਡੋਲ ਥਾ ਔਰ ਸਾਥ ਕੇ ਆਦਮੀਓਂ ਪਾਸ ਘੜੇ ਥੇ । ਮੇਰੇ ਸਾਹਮਨੇ ਉਸ ਆਦਮੀ ਨੇ ਕੂਏ ਸੇ ਡੋਲ ਨਿਕਾਲਾ ਉਸ ਸੇ ੧੦ ਘੜੇ ਭਰ ਗਏ ਮੈਂ ਦੇਖਕੇ ਹੈਰਾਨ ਹੂਆ । ਫਿਰ ਮੈਨੇ ਕਹਾ ਅੱਛਾ ਯਹ ਘੜੇ ਡੋਲ ਮੇਂ ਪਾਓ। ਪਾਏ ਤੋ ਡੋਲ, ਆਧਾ ਭੀ ਨ ਹੂਆ। ਮੈਂ ਦੇਖਕੇ ਹੈਰਾਨ ਹੂਆ ਇਸ ਵਾਸਤੇ ਪੂਛਨੇ ਆਯਾ ? ਭੀਮਸੈਨ ਨੇ ਕਹਾ ਮੇਰੇ ਕੋ ਪਤਾ ਨਹੀਂ ਅੰਦਰ ਚਲੇ ਜਾਓ। ਅੰਦਰ ਗਯਾ ਅਰਜੁਨ ਕੋ ਕਹਾ ਮੈਂ ਮਹਾਰਾਜ ਪਾਸ ਜਾਊਂਗਾ। ਅਰਜੁਨ ਨੇ ਕਹਾ ਜੋ ਕਾਮ ਹੈ ਮੇਰੇ ਕੋ ਕਹੋ, ਤਬ ਉਸ ਕੋ ਕਹਿਨੇ ਲਗਾ ਆਜ ਮੈਂ ਬਨ ਮੈਂ ਗਯਾ । ਇਤਨੇ ਮੇਂ ਏਕ ਗੁਆਲਾ ਗਊਆਂ ਲੇ ਆਯਾ ਉਨ ਮੇਂ ਸੇ ਏਕ ਗਊ ਕੋ ਏਕ ਬਛੀ ਪ੍ਰਸੂਤ ਹੂਈ, ਔਰ ਉਸ ਬੱਛੀ ਕੇ ਉਸੀ ਸਮੇਂ ਥਣ ਨਿਕਲ ਆਏ ਔਰ ਗਊ ਉਸ ਕੋ ਚੂੰਘਨੇ ਲਗੀ, ਯਹ ਨਵੀਂ ਬਾਤ ਦੇਖਕੇ ਮੈਂ ਆਪ ਸੇ ਪੂਛਨੇ ਆਯਾ ਹੂੰ ਯਹ ਕਿਆ ਹੈ ? ਅਰਜੁਨ ਨੇ ਕਹਾ ਕਿ ਮੇਰੇ ਕੋ ਇਸ ਕਾ ਪਤਾ ਨਹੀਂ ਅੰਦਰ ਜਾਓ। ਅੰਦਰ ਗਯਾ ਨਕੁਲ ਸਹਿਦੇਵ ਕੋ ਦੇਖਾ । ਉਨੋਂ ਕੋ ਕਹਾ ਮੈਂ ਅੰਦਰ ਜਾਨਾ ਹੈ, ਉਨੋਂ ਨੇ ਕਹਾ ਜੋ ਕਾਮ ਹੈ ਸੋ ਕਹੋ। ਉਸਨੇ ਕਹਾ ਮੇਰੇ ਘਰ ਕੇ ਪਾਸ ਏਕ ਜ਼ਮਾਦਾਰ ਕਾ ਘਰ ਹੈ ਉਸਨੇ ਅਪਨੇ ਖਾਨੇ ਵਾਸਤੇ ਸਬਜੀ ਬੀਜੀ ਸੀ । ਉਸ ਕੀ ਰਖਿਆ ਵਾਸਤੇ ਬਾੜ ਬਨਾਈ ਸੀ, ਆਜ ਸਵੇਰੇ ਮੈਂ ਉਠਾ ਤੋ ਕਿਆ ਦੇਖਾ ਕਿ ਵਾੜ ਖੇਤੀ ਕੋ ਖਾ ਰਹੀ ਸੀ। ਮੈਂ ਦੇਖ ਕੇ ਹੈਰਾਨ ਹੂਆ ਕਿ ਯਹ ਕਿਆ ? ਇਸਕੇ ਪੂਛਨੇ ਵਾਸਤੇ ਈਹਾਂ ਆਇਆ ਹੂੰ। ਨਕੁਲ ਸਹਿਦੇਵ ਨੇ ਕਹਾ ਕਿ ਸਾਨੂੰ ਪਤਾ ਨਹੀਂ ਅੰਦਰ ਜਾਓ । ਅੰਦਰ ਪਰਦੇ ਮੇਂ ਮਹਾਰਾਜਾ ਯੁਧਿਸ਼ਟਰ ਬੈਠੇ ਥੇ ਉਥੇ ਜਾਕੇ ਕਹਾ ਮਹਾਰਾਜ ! ਮਹਾਰਾਜ ! ਮੇਰੀ ਪ੍ਰਾਰਥਨਾ (ਅਰਜ) ਸੁਨੋ ਮੈਂ ਜਲਦੀ ਜਾਨਾ ਭੀ ਹੈ । ਮਹਾਰਾਜ ਨੇ ਦਰਸ਼ਨ ਨਹੀਂ ਦੀਆ ਕਹਾ, ਕਹੁ ਤਬ ਉਸਨੇ ਕਹਾ ਮਹਾਰਾਜ ਜੀ ਮੈਂ ਆਜ ਪਹਾੜ ਕੇ ਪਾਸ ਘੂਮਨੇ ਗਯਾ ਔਰ ਮੇਰੇ ਦੇਖਤੇ ਦੇਖਤੇ ਪਹਾੜ ਕੀ ਚੋਟੀ ਗਿਰ ਗਈ, ਔਰ ਬੜੇ ਬ੍ਰਿਖੋਂ ਕੋ ਤੋੜਤੇ ਤੋੜਤੇ ਨੀਚੇ ਆ ਰਹੀ ਸੀ। ਹਮਾਰੇ ਸਾਮਨੇ ਏਕ ਆਦਮੀ ਨੇ ਕੱਚੀ ਤੰਦ ਸੇ ਉਸ ਕੋ ਰੋਕ ਦੀਆ । ਉਸ ਕੱਚੀ ਤੰਦ ਮੇਂ ਕਿਆ ਤਾਕਤ ਸੀ । ਯਹ ਪੂਛਨੇ ਵਾਸਤੇ ਆਪ ਪਾਸ ਆਯਾ ਹੂੰ । ਮਹਾਰਾਜ ਕਹਾ ਅਰੇ ਪਕੜੋ ਇਸਕੋ ਪਕੜੋ ਯਹ ਬਚਨ ਸੁਨਤੇ ਹੀ ਭਾਗ ਗਯਾ । ਇਤਨੇ ਮੇਂ ਦੋ ਪ

ਸਮਾਪਤ ਹੂਏ ਔਰ ਚਾਰੋਂ ਭਾਈ ਆ ਕੇ ਨਮਸ਼ਕਾਰ ਕਰਕੇ ਕਹਿਨੇ ਲਗੇ, ਵੋਹ ਕੌਨ ਆਦਮੀ ਥਾ ਔਰ ਕਿਆ ਕਹਿਤਾ ਥਾ ? ਤਬ ਮਹਾਰਾਜਾ ਯੁਧਿਸ਼ਟਰ ਕਹਿਨੇ ਲਗੇ ਓਹ ਕਲਯੁਗ ਥਾ ਔਰ ਸੂਚਨ ਕਰਾਨੇ ਆਯਾ ਥਾ ਮੇਰਾ ਰਾਜ ਛੋਡ ਕਰ ਚਲੇ ਜਾਓ । ਹੇ ਭੀਮਸੈਨ ਤੇਰੇ ਕੋ ਉਸ ਨੇ ਕਿਆ ਕਹਾ ? ਤਬ ਭੀਮਸੈਨ ਨੇ ਕਹਾ ਮੇਰੇ ਕੋ ਉਸ ਨੇ ਕਹਾ ਕਿ ਮੈਨੇ ਏਕ ਮਲਾਹ ਕੇ ਹਾਥ ਮੇਂ ਡੋਲ ਦੇਖਾ ਔਰ ਡੋਲ ਸੇ ਉਸ ਨੇ ੧੦ ਘੜੇ ਭਰੇ, ਔਰ ੧੦ ਘੜੇ ਡੋਲ ਮੇਂ ਪਾਏ ਤੋ ਡੋਲ ਆਧਾ ਭੀ ਨ ਹੂਆ, ਇਸ ਮੇਂ ਕਿਆ ਕਾਰਣ ਹੈ ? ਮੇਰੇ ਸੇ ਕਾਰਣ ਪੂਛਾ ਮੈਨੇ ਆਪ ਕੇ ਪਾਸ ਭੇਜ ਦੀਆ, ਆਪ ਮੇਰੇ ਕੋ ਭੀ ਏਹ ਕਾਰਣ ਬਤਲਾਓ । ਮਹਾਰਾਜੇ ਨੇ ਕਹਾ ਕਿ ਵੋਹ ਕਲਯੁਗ ਥਾ ਔਰ ਅਪਨੀ ਕ੍ਰਿਆ ਸੂਚਨ ਕਰਾਨੇ ਆਯਾ ਥਾ ਔਰ ਤੁਮਾਰੇ ਕੋ ਯਹ ਕਹਿ ਗਯਾ ਕਿ ਅੰਨਯੁਗ ਯਾਨੇ ਸਤਿਯੁਗ ਤ੍ਰੇਤਾ ਯੁਗ ਦੁਆਪੁਰ ਮੇਂ ਸਭ ਆਦਮੀ ਸੰਤੋਸ਼ੀ ਥੇ । ਇਕ ਆਦਮੀ ਕਮਾਤਾ ਥਾ ਤੋ ਦਸ ਆਦਮੀ ਖਾਤੇ ਸੀ । ਜੈਸੇ ਏਕ ਡੋਲ ਸੇ ਦਸ ਘੜੇ ਭਰ ਜਾਤੇ ਸੀ ਤੈਸੇ ਇਕ ਕੀ ਕਮਾਈ ਸੇ ਦਸ ਖਾਤੇ ਸੀ, ਔਰ ਮੇਰੇ ਅੱਗੇ ਸੇ ਦਸ ਆਦਮੀ ਕੇ ਕਮਾਨੇ ਸੇ ਏਕ ਕੀ ਭੀ ਤ੍ਰਿਪਤੀ ਨਹੀਂ ਹੋਗੀ । ਜੈਸੇ ਦਸ ਘੜੇ ਕੇ ਪਾਨੇ ਸੇ ਡੋਲ ਨ ਭਰਾ । ਸੋ ਕਲਯੁਗ ਕਹਿ ਗਯਾ ਕਿ ਜੇ ਐਸੇ ਤ੍ਰਿਸ਼ਨਾਲੂਓਂ ਮੇਂ ਆਪਨੇ ਨ ਰਹਿਨਾ ਹੋਵੇ, ਤੋ ਰਾਜ ਛੋਡ ਕੇ ਚਲੇ ਜਾਓ ਸੋ ਚਲਨਾ ਹੀ ਚਾਹੀਏ । ਤਬ ਅਰਜੁਨ ਨੇ ਕਹਾ ਮਹਾਰਾਜ ! ਮੇਰੇ ਕੋ ਤੋ ਔਰ ਕੁਛ ਕਹਿ ਗਯਾ ਹੈ । ਮੇਰੇ ਕੋ ਤੋ ਕਹਿ ਗਯਾ ਹੈ ਕਿ ਏਕ ਗਊ ਕੋ ਬੱਛੀ ਹੂਈ ਔਰ ਉਸ ਕੇ ਥਨ ਹੋ ਗਏ ਗਊ ਉਸ ਬੱਛੀ ਕੋ ਚੂੰਘਨੇ ਲਗੀ, ਸੋ ਇਸਕਾ ਕੀ ਉਤਰ ਸੀ ? ਤਬ ਮਹਾਰਾਜ ਯੁਧਿਸਟਰ ਜੀ ਉਤਰ ਦੇਨੇ ਲਗੇ ਗ੍ਰਿਹਸਥ ਰੂਪ ਗਊ ਥੀ ਔਰ ਬੱਛੀ ਰੂਪ ਕੰਨਿਆ ਥੀ । ਆਗੇ ਤੋ ਕੰਨਿਆ ਦਾਨ ਕੇ ਸਾਥ ਹੋਰ ਭੀ ਕਈ ਦਾਨ ਹੋ ਜਾਤੇ ਥੇ । ਅਬ ਮੇਰੇ ਰਾਜ ਮੇਂ ਕੰਨਿਆ ਦਾਨ ਬੰਦ ਹੋਗਾ, ਅਬ ਕੰਨਿਆਂ ਸੇ ਪੈਸੇ ਲੈਕੇ ਖਾਏਂਗੇ । ਕੰਨਿਆਂ ਕੇ ਘਰ ਜਾਕੇ ਰਹੇਂਗੇ । ਇਸ ਵਾਸਤੇ ਆਪ ਈਹਾਂ ਸੇ ਚਲੇ ਜਾਓ ਤੋ ਅੱਛਾ । ਨਕੁਲ ਸਹਿਦੇਵ ਨੇ ਕਹਾ ਸਾਨੂੰ ਤੋ ਉਸ ਨੇ ਕਹਾ ਕਿ ਖੇਤੀ ਕੋ ਵਾੜ ਖਾਨੇ ਲਗੀ ਹੈ, ਸੋ ਯਹ ਕੀ ਕਹਿ ਗਯਾ ? ਮਹਾਰਾਜਾ ਯੁਧਿਸਟਰ ਜੀ ਨੇ ਕਹਾ ਕਿ ਤੁਮ ਕੋ ਕਲਯੁਗ ਕਹਿ ਗਯਾ ਰਾਜਾ ਪਰਜਾ ਕੇ ਰਖਸ਼ਕ ਹੋਤੇ ਹੈਂ । ਅਬ ਮੇਰੇ ਰਾਜ ਮੇਂ ਰਾਜਾ, ਪਰਜਾ ਰੂਪੀ ਖੇਤੀ ਕੋ ਖਾਏਂਗੇ ਰਖਿਆ ਨਹੀਂ ਕਰੇਂਗੇ ਇਸ ਵਾਸਤੇ ਚਲੇ ਜਾਓ । ਤਬ ਚਾਰੋਂ ਭਾਈ ਕਹਿਨੇ ਲਗੇ ਮਹਾਰਾਜ ਆਪ ਕੇ ਪਾਸ ਕੀ ਕਹਿ ਗਯਾ । ਉਨੋਂ ਨੇ ਕਹਾ ਕਿ ਮੇਰੇ ਪਾਸ ਪਾਪ ਕੀ ਤੋ ਬਾਤ ਕਹੀ ਨਹੀਂ ਪੁੰਨ ਕੀ ਬਾਤ ਕਹਿ ਗਯਾ ਕਿ ਕੱਚੀ ਤੰਦ ਕੇ ਬਰਾਬਰ ਪਰਮੇਸ਼ੁਰ ਕਾ ਨਾਮ ਹੈ ਉਸ ਮੇਂ ਇਤਨੀ ਤਾਕਤ ਦੇਖੀ, ਕਿ ਪਾਪ ਰੂਪੀ ਪਹਾੜ ਕੋ ਰੋਕ ਲੀਆ । ਸੋ ਆਪ ਹਿਮਾਲੇ ਮੇਂ ਜਾਕਰ ਨਾਮ ਜਪੋ । ਐਸਾ ਵਿਚਾਰ ਕਰ ਪਰੀਖਸ਼ਤ ਕੋ ਰਾਜ ਦੇਕਰ ਹਿਮਾਲੇ ਮੇਂ ਚਲੇ ਗਏ

ਸ਼ੰਕਾ–ਅਸਲ ਕੌਨ ਪਰਮੇਸ਼ੁਰ ਕਾ ਨਾਮ ਹੈ, ਜਿਸ ਮੇਂ ਲੋਕੋਂ ਕਾ ਵਿਵਾਦ ਨ ਹੋਵੇ । ਔਰ ਹਿੰਦੂ ਮੁਸਲਮਾਨ ਸਿੱਖ ਈਸਾਈ ਵਗੈਰਹ, ਪਰਮੇਸ਼ੁਰ ਕੇ ਨਾਮ ਪਰ ਬੜੇ ਝਗੜੇ ਕਰਤੇ ਹੈਂ । ਜੈਸੇ ਹਿੰਦੂ ਰਾਮ ਕ੍ਰਿਸ਼ਨ ਨਾਰਾਯਣ ਆਦਿ ਨਾਮੋਂ ਪਰ ਪ੍ਰਸੰਨ ਰਹਿਤੇ



ਹੈਂ । ਔਰ ਸਿੱਖ ਸਤਿਨਾਮ ਵਾਹਿਗੁਰੂ ਕੇ ਨਾਮ ਪਰ ਪ੍ਰਸੰਨ ਰਹਿਤੇ ਹੈਂ । ਮੁਸਲਮਾਨ ਅਲਾਹ ਖੁਦਾਇ ਆਦਿ ਨਾਮੋਂ ਪਰ ਪ੍ਰਸੰਨ ਰਹਿਤੇ ਹੈਂ, ਈਸਾਈ ਪਰਮੇਸ਼ੁਰ ਕੋ ਗਾਡ (GOD) ਨਾਮ ਸੇ ਬੁਲਾਤੇ ਹੈਂ । ਔਰ ਅਪਨੇ ਮਜਹਬ ਕੇ ਨਾਮ ਸੇ ਬਿਨਾਂ ਦੂਸਰੇ ਮਜ਼ਹਬ ਕੇ ਨਾਮ ਪਰ ਲੜਾਈ ਕਰਤੇ ਦੇਖਨੇ ਮੇਂ ਆਤੇ ਹੈਂ, ਇਸਕਾ ਕਿਆ ਕਾਰਣ ਹੈ ?

ਉਤਰ–ਕਾਰਣ ਫਕਤ ਯਹ ਹੈ ਕਿ ਨਾਮ ਕੇ ਅਰਥ ਕੋ ਨਹੀਂ ਜਾਨਤੇ ਹੈਂ । ਤਥਾ ਨਾਮੀ ਕੇ ਯਹ ਸਭ ਨਾਮ ਹੈਂ ਇਤਨਾ ਨਹੀਂ ਜਾਨਤੇ । ਇਸ ਵਾਸਤੇ ਝਗੜਤੇ ਹੈਂ । ਜਬ ਨਾਮੀ ਕੇ ਯਹ ਸਭ ਨਾਮ ਹੈਂ ਯਹ ਗਿਆਨ ਹੋ ਜਾਏਗਾ, ਫੇਰ ਨਹੀਂ ਝਗੜੇਂਗੇ । ਜੈਸੇ ਮਾਰਵਾੜ ਮੇਂ ਏਕ ਸੇਠ ਰਹਿਤਾ ਥਾ । ਉਸ ਕੇ ਦੂਰ ਦੂਰ ਸਭ ਦੇਸ਼ੋਂ ਮੇਂ ਸਭ ਕੌਮਾਂ ਕੇ ਗੁਮਾਸਤੇ ਵਿਉਪਾਰ ਕਰ ਰਹੇ ਸੀ ਔਰ ਬਿਓਪਾਰ ਮੇਂ ਸੇਠ ਕੋ ਬੜਾ ਲਾਭ ਪਹੁੰਚਾਯਾ । ਸੇਠ ਨੇ ਉਨੋਂ ਪਰ ਪ੍ਰਸੰਨ ਹੋਕਰ ਸਭ ਕੋ ਅਪਨੇ ਦੇਸ਼ ਮਾਰਵਾੜ ਮੇਂ ਬੁਲਾਯਾ, ਔਰ ਕਹਾ ਕਿ ਜੋ ਚੀਜ਼ ਤੁਮ ਸਭ ਕੋ ਅਛੀ ਲਗੇ ਸੋ ਕਹੋ ਤੋ ਮੰਗਵਾ ਦੂੰ । ਆਪਸ ਮੇਂ ਸਲਾਹ ਕਰਕੇ ਏਕ ਚੀਜ਼ ਕਹੋ । ਪਰੰਤੂ ਉਸ ਚੀਜ਼ ਕੇ ਉਤਨੇ ਨਾਮੋਂ ਕੋ ਨ ਜਾਨ ਕਰ ਝਗੜਤੇ ਰਹੇ । ਸੇਠ ਨੇ ਕਹਾ ਅਛਾ ਅਪਨੇ ਅਪਨੇ ਨਾਮ ਕਹੋ । ਹਮ ਤੁਮਾਰੇ ਕਹੇ ਅਨੁਸਾਰ ਮੰਗਾ ਦੇਂਗੇ । ਤਬ ਏਕ ਨੇ ਕਹਾ ਹਮਾਰੇ ਕੋ ਤਰਬੂਜ਼ ਚਾਹੀਏ । ਦੂਸਰੇ ਨੇ ਕਹਾ ਹਮ ਕੋ ਤਰਬੂਜ਼ ਨਹੀਂ ਚਾਹੀਏ ਹਮ ਤੋ ਹਿੰਦ੍ਵਾਣਾ ਲੇਂਗੇ । ਤਬ ਤੀਸਰੇ ਨੇ ਕਹਾ ਨਹੀਂ ਨਹੀਂ ਹਮ ਤੋ ਹਿੰਦ੍ਵਾਣਾ ਨਹੀਂ ਚਾਹੀਏ, ਹਮ ਤੋ ਮਤੀਰਾ ਲੇਂਗੇ । ਤਬ ਚੌਥੇ ਨੇ ਕਹਾ ਨਹੀਂ ਨਹੀਂ ਹਮ ਤੋ ਛਾਹੀਂ ਲੇਂਗੇ । ਅੰਗ੍ਰੇਜ਼ ਕਹਿਨੇ ਲਗਾ ਕਿ ਨਹੀਂ ਨਹੀਂ, ਹਮ ਤੋ ਵਾਟਰਮਿਲਿਨ ਲੇਂਗੇ । ਸੇਠ ਨੇ ਵਿਚਾਰਾ ਕਿ ਚੀਜ਼ ਸਭ ਏਕ ਹੀ ਮਾਂਗਤੇ ਹੈਂ । ਯਹ ਨਾਮੋਂ ਪਰ ਝਗੜ ਰਹੇ ਹੈਂ । ਤਬ ਸਭ ਕੋ ਚੀਜ਼ ਮੰਗਾ ਦੀ ਦਿਤੀ । ਔਰ ਕਹਾ ਕਿ ਤੁਮ ਨੇ ਯਹ ਚੀਜ਼ ਮਾਂਗੀ ਥੀ ? ਉਨੋਂ ਨੇ ਕਹਾ ਹਾਂ ਹਾਂ । ਤਬ ਸੇਠ ਨੇ ਕਹਾ ਦੇਖੋ ਚੀਜ਼ ਏਕ ਹੈ, ਤੁਸੀਂ ਨਾਮੋਂ ਪਰ ਝਗੜਤੇ ਸੀ । ਤਬ ਉਨੋਂ ਨੇ ਨਿਸਚੇ ਕਰਾ ਕਿ ਹਮ ਏਵੇਂ ਹੀ ਝਗੜਤੇ ਸੀ, ਤੈਸੇ ਮਜ਼ਹਬ ਵਾਲੇ ਪਰਮੇਸ਼ੁਰ ਕੇ ਨਾਮ ਅਰਥੋਂ ਕੋ ਨ ਜਾਨ ਕਰ ਝਗੜਤੇ ਹੈਂ, ਜਬ ਕਿਸੀ ਬ੍ਰਹਮਵੇਤਾ ਮਹਾਤਮਾ ਦੁਆਰਾ ਉਨ ਕੋ ਪਤਾ ਲਗ ਜਾਏ, ਤੋ ਸਭ ਨਾਮ ਏਕ ਨਾਮੀ ਕੋ ਜਨਾਤੇ ਹੈਂ ਔਰ ਨਾਮੀ ਕੇ ਹੀ ਸਭ ਨਾਮ ਹੈਂ, ਫੇਰ ਝਗੜੇਂਗੇ ਨਹੀਂ ਪਰਮੇਸ਼ੁਰ ਕੇ ਨਾਮ ਮੇਂ ਏਕ ਤੋ ਪ੍ਰੇਮ ਹੋਨਾ ਚਾਹੀਏ, ਚਾਹੇ ਕੋਈ ਨਾਮ ਜਪੇ । ਜੈਸੇ ਏਕ ਭਗਤ ਨੇ ਪਰਮੇਸ਼ੁਰ ਕੋ ਗਫੇਤੂ, ਗਫੇਤੂ ਨਾਮ ਸੇ ਪੁਕਾਰਾ ਔਰ ਪਰਮੇਸ਼ੁਰ ਨੇ ਦਰਸਨ ਦੀਆ । ਦੂਸਰੇ ਨੇ ਭਗਵਾਨ ਕੋ ਸਾਲੇ ਰਾਮ ਸੇ ਕਹਾ ਔਰ ਮੁਕਤੀ ਪਾਈ, ਔਰ ਏਕ ਭਗਤ ਨੇ (ਪਰੇ ਪਰੇ) ਨਾਮ ਸੇ ਪਰਮੇਸ਼ੁਰ ਕਾ ਦਰਸ਼ਨ ਕਰਾ । ਐਸੇ ਅਨੇਕ ਕਥਾ ਪ੍ਰਸੰਗ ਮਹਾਤਮਾਓਂ ਪਾਸੋਂ ਸੁਨੇ ਜਾਤੇ ਹੈਂ । ਇਸ ਵਾਸਤੇ ਏਕ ਤੋ ਨਾਮ ਜਪਨੇ ਵਾਲੇ ਮੇਂ ਪ੍ਰੇਮ ਚਾਹੀਏ । ਦੂਸਰਾ ਨਾਮ ਕੇ ਦਸ ਦੋਸ਼ੋਂ ਸੇ ਬਚਨਾ ਚਾਹੀਏ, ਨਾਮ ਮੇਂ ਦਸ ਅਪਰਾਧ ਯਹ ਹੈਂ :–

**ਸਲੋਕ–ਸਤਜਨਿੰਦਾ ਅਸਤਿ ਨਾਮ ਵੈਭਵ ਕਥਾ ॥ ਸ਼੍ਰੀਸ਼ ਈਸ਼ਯੋ**

**ਭੇਦਧੀ: ॥ ਅਸ਼ਰਧਾਸ਼੍ਰਤਿਸ਼ਾਸ਼ਤ੍ਰ ਦੇਸ਼ਕਗਿਰਾਨਾਮ੍ਨਿਅਰਥਵਾਦਭਰਮ: ॥ ਨਾਮਾਸਤਿ ਇਤਿ ਨਿਸ਼ਿੱਧ ਬ੍ਰਿਤੀ ਵਿਹਿਤ ਤਿਆਗਊ ਚ ॥ ਧਰਮਾਂਤਰੇ ਸਾਮੑਯੰ ਨਾਮ੍ਨਿਸ਼ੰਕਰਸ਼੍ਯ ਚਹਰੇ ਨਾਮਾਪਰਾਧਾ: ਦਸ਼ ॥**

ਅਰਥ-(੧) ਨਾਮ ਜਪਤਾ ਹੈ, ਨਾਲੇ ਸਤ ਪੁਰਸੋਂ ਕੀ ਨਿੰਦਾ ਕਰਤਾ ਹੈ। (੨) ਨਾਸਤਕੋਂ ਕੋ ਨਾਮ ਕਾ ਮਹਾਤਮ ਸੁਨਾਤਾ ਹੈ ਯਹਿ ਦੂਸਰਾ ਦੋਸ਼* (੩) ਵਿਸ਼ਣੂ ਸ਼ਿਵ ਮੇਂ ਭੇਦ ਬੁਧ ਕਰਨੀ। (੪) ਵੇਦ ਮੇਂ ਅਸ਼ਰਧਾ। (੫) ਵੇਦ ਮੇਂ ਤੋ ਸ਼ਰਧਾ ਹੈ ਅਰ ਸ਼ਾਸਤ੍ਰ ਮੇਂ ਅਸ਼ਰਧਾ ਹੈ। (੬) ਵੇਦ ਸਾਸਤ੍ਰ ਮੇਂ ਸ਼ਰਧਾ ਦੇਹਧਾਰੀ ਗੁਰੂ ਮੇਂ ਅਸ਼ਰਧਾ। (੭) ਨਾਮ ਮਹਾਤਮ ਕੋ ਯਥਾਰਥ ਨ ਸਮਝਨਾ ਰੋਚਕ ਵਰਨ ਸਮਝਨੇ। (੮) ਨਾਮ ਜਪਤਾ ਹੈ ਨਾਮ ਕੇ ਆਸਰੇ ਖੋਟੇ ਕਰਮ ਕਰਨਾ ਕਿ ਨਾਮ ਜਪਕੇ ਪਾਪ ਲਾਹਦੂੰਗਾ ਯਹ ਅਠਵਾਂ। (੯) ਔਰ ਨਾਮ ਕੇ ਸਹਾਰੇ ਸ਼ੁਭ ਕਰਮ ਛੋੜ ਦੇਨਾ। (੧੦) ਦੂਸਰੇ ਧਰਮਾ ਕੇ ਸਮਾਨ ਨਾਮ ਕੋ ਸਮਝਨਾ। ਪਰੰਤੂ ਪ੍ਰੇਮ ਜ਼ਿਆਦਾ ਹੋਨਾ ਚਾਹੀਏ। ਪ੍ਰੇਮੀਓਂ ਕੀ ਨੌਂ ਨੀਸ਼ਾਨੀਆਂ ਲਿਖਤੇ ਹੈਂ। ਮੁਸਲਮਾਨ ਫਕੀਰ ਸੇ ਉਸ ਕੇ ਸ਼ਿਸ਼ ਨੇ ੯ ਨੀਸ਼ਾਨੀਆਂ ਪੂਛੀਆਂ ਸੀਆਂ ਉਸਕੇ ਜਵਾਬ ਮੇਂ ਕਹਿਤੇ ਹੈਂ-

**ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ, ਆਹ ਸਰਦੋ, ਰੰਗ ਜ਼ਰਦੋ, ਚਸਮਤਰ ॥ ਕਮਗੁਫਤਨੋ, ਕਮ ਖੁਰਦਨੋਂ, ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸ਼ਤਸਰ ॥**

ਟੀਕਾ-ਪ੍ਰੇਮੀਓਂ ਕੀ ਨੌਂ ਨੀਸ਼ਾਨੀਯਾਂ ਏਹ ਹੈਂ। (੧) ਠੰਢੇ ਸ੍ਵਾਸ ਪ੍ਰੀਤਮ ਕੇ ਨ ਮਿਲਨੇ ਸੇ ਨਿਕਲਨੇ। (੨) ਪ੍ਰੀਤਮ ਕੇ ਵਿਓਗ ਸੇ ਰੰਗ ਪੀਲਾ ਹੋ ਜਾਨਾ (੩) ਪ੍ਰੀਤਮ ਕੇ ਵਿਓਗ ਸੇ ਨੇਤਰੋਂ ਸ ਜਲ ਟਪਕਤੇ ਰਹਿਨਾ। (੪) ਪ੍ਰੀਤਮ ਕੇ ਵਿਓਗ ਸੇ ਬੋਲਨਾ ਕਮ। (੫) ਪ੍ਰੀਤਮ ਕੇ ਵਿਓਗ ਸੇ ਖਾਨਾ ਕਮ। (੬) ਪ੍ਰੀਤਮ ਕੇ ਵਿਓਗ ਸੇ ਨੀਂਦ ਨ ਆਨਾ। (੭) ਪ੍ਰੀਤਮ ਕੇ ਵਿਓਗ ਸੇ ਉਸ ਕੋ ਉਡੀਕਤੇ ਰਹਿਨਾ। (੮) ਪ੍ਰੀਤਮ ਕੇ ਵਿਓਗ ਸੇ ਦਿਲ ਕੋ ਬੇਚੈਨੀ ਹੋਨੀ। (੯) ਪ੍ਰੀਤਮ ਕੇ ਵਿਓਗ ਸੇ ਸਿਰ ਪਰ ਹਥ ਰਖ ਸ਼ੋਕਾਤੁਰ ਹੋ ਬੈਠਨਾ। ਜੈਸੇ ਲਿਖਾ ਹੈ:-

**ਜੋ ਆਸ਼ਕ ਹੋਗਾ ਗਿਰਫਤਾਰੀ ਇਸ਼ਕ ਮੇਂ ਪੜਾ ਹੋਗਾ। ਅਜ਼ਰਾਈਲ ਕੇ ਆਨੇ ਸੇ ਓ ਪਹਿਲੇ ਹੀ ਮਰਾ ਹੋਗਾ। ਜਬ ਅਜ਼ਰਾਈਲ ਆਏਗਾ ਤੋ ਆਸ਼ਿਕ ਹਸਕੇ ਬੋਲੇਗਾ। ਗਲੀ ਮਹਿਬੂਬ ਕੀ ਹੋਗੀ ਵਹਾਂ ਆਸ਼ਕ ਖੜਾ ਹੋਗਾ। ਕਹਾ ਹੱਕ ਨੇ ਤੂੰ ਕਰ ਸਿਜਦਾ ਕਹਾ ਮਜਨੂ ਨੇ ਐ ਕੈਸੇ? ਮੇਰਾ ਸਿਜਦਾ ਹੈ ਲੈਲੀ ਕੋ ਕਿਆ ਉਸ ਸੇ ਤੂੰ ਬੜਾ ਹੋਗਾ। ਅਗਰ ਸੂਰਤ ਲੈਲੀ ਕੀ ਖੁਦਾਯਾ ਬਨਕੇ ਆ ਜਾਵੇਂ। ਤੋ ਤਨ ਸੇ**

*ਨਾਮ ਜਪਤਾ ਹੈ, ਨਾਲੇ ਰੇਡਿਓ, ਅਖਬਾਰ, ਸਿਨੇਮਾ, ਭੀ ਦੇਖਤਾ ਸੁਨਤਾ ਹੈ।



**ਸਿਰਜੁਦਾ ਕਰਕੇ ਤੇਰੇ ਆਗੇ ਧਰਾ ਹੋਗਾ।**

ਤਥਾ-ਐਸੇ ਭੀ ਲਿਖ ਆਏ ਹੈਂ :-

**ਤੇ ਤੀਨੋ ਹੈਂ ਹਰਫ ਇਸ਼ਕ ਸੰਦੇ ਇਲਮ ਫਾਰਸੀ ਆਖ ਸੁਨਾਂਵਦਾ ਹੈ। ਐਨ ਅਕਲ ਖਾਂਦਾ ਸ਼ੀਨ ਸ਼ਰਮ ਲਾਂਦਾ ਕਾਫ ਕਤਲ ਕਰ ਯਾਰ ਮਿਲਾਂਵਦਾ ਹੈ। ਕੁਲ ਲੋਕ ਸੰਦੀ ਲਾਜ ਕੂਕਰੀ ਹੈ ਇਸ਼ਕ ਸਿੰਘ ਯਾਰੇ ਮਾਰ ਖਾਂਵਦਾ ਹੈ। ਬ੍ਰਹਮ ਰੂਪ ਹੈ ਇਸ਼ਕ ਬਾਜ਼ ਖੂਨੀ ਸ਼ਰਾ ਪੰਖੀਆਂ ਨੂੰ ਮਾਰ ਮੁਕਾਂਵਦਾ ਹੈ।**

ਪਰਮੇਸ਼ਵਰ ਕੋ ਪ੍ਰੇਮ ਪਿਆਰਾ ਹੈ ਕੋਈ ਨਾਮ ਜਾਤਿ ਗੁਣ ਆਦਿ ਪਿਆਰੇ ਨਹੀਂ। ਜੈਸੇ ਸ੍ਰੀ ਮਦ ਭਾਗਵਤ ਮੇਂ ਲਿਖਾ ਹੈ।

**ਵ੍ਯਾਧਸ੍ਯਾਚਰਣੰ ਧ੍ਰੂਵਸ੍ਯ ਚ ਵਯੋ ਵਿਦਿਆ ਗਜੇਂਦ੍ਰਸ੍ਯਕਾ। ਕਾ ਜਾਤਿ ਵਿਦੁਰਸ੍ਯ ਯਾਦਵ ਪਤੇ ਉਗ੍ਰਸ੍ਯ ਕਿੰ ਪੌਰੁਸ਼ੰ ॥ ਕੁਬਜਾਯਾ: ਕਿੰ ਨਾਮਰੂਪਮਧਿਕੰ ਕਿੰ ਤਤ ਸੁਦਾਮ੍ਨੋ ਧਨੰ, ਭਗਤ੍ਯਾ ਤੁਸ਼ਯਤਿ ਕੇਵਲੰ ਨਚ ਗੁਣੈ: ਭਕ੍ਤਿ ਪ੍ਰਿਯੋਮਾਧਵ: ॥**

ਅਰਥ-ਵਯਾਧਕਾ ਕਿਆ ਆਚਰਣ ਅਛਾ ਥਾ ਭਾਵ ਕੋਈ ਅੱਛਾ ਨਹੀਂ ਸੀ ਪਰ ਤਰ ਗਯਾ। ਗੁਰੂ ਜੀ ਲਿਖਤੇ ਹੈਂ।

**ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ।**

ਔਰ ਧ੍ਰੂਵ ਕੀ ਕਿਆ ਉਮਰ ਸੀ ਭਾਵ ਕੋਈ ਨਹੀਂ ਸੀ।

**ਪੰਚ ਬਰਸ ਕੋ ਅਨਾਥ ਧ੍ਰੂਅ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥**

[ਮਾਰੂ ਮ: ੫ ਸਫਾ ੯੯੯

ਔਰ ਵਿਦਿਆ ਹਾਥੀ ਮੇਂ ਕਿਆ ਸੀ ਭਾਵ ਕੋਈ ਨਹੀਂ ਔਰ ਸਿਮਰਣ ਕਰਕੇ (ਗਜ ਗ੍ਰਾਹ ਤੇ ਛੂਟਾ) ਔਰ ਵਿਦੁਰ ਕੀ ਕਿਆ ਜਾਤਿ ਅਛੀ ਸੀ ਜੋ ਸਾਗ ਵਿਦੁਰ ਘਰ ਖਾਯਾ) ਯਾਦਵੋਂ ਕੇ ਰਾਜਾ ਉਗ੍ਰਸੈਨ ਕਾ ਕਿਆ ਪੁਰਸਾਰਥ ਥਾ, ਜੇਲ ਮੇਂ ਪੜਾ ਥਾ ਪਰੰਤੂ ਪਰਮੇਸਰ ਕੇ ਸਿਮਰਨ ਸੇ (ਉਗ੍ਰਸੈਨ ਕੋ ਰਾਜ ਅਭੈ ਭਗਤਨ ਜਨ ਦੀਓ) ਔਰ ਕੁਬਜਾ ਕਾ ਕੌਨ ਰੂਪ ਅਛਾ ਥਾ ਭਾਵ ਨਹੀਂ ਥਾ ਪਰ (ਰੂਪ ਵਿਹੀਨ ਤਰੀ ਕੁਬਜਾ) ਔਰ ਸੁਦਾਮੇ ਪਾਸ ਕਿਆ ਧਨ ਥਾ ਧਨ ਨ ਹੋਨੇ ਸੇ ਭੀ ਤਰ ਗਯਾ। (ਦਾਲਦ ਭੰਜ ਸੁਦਾਮੇ ਮਿਲਿਓ) ਇਸ ਪ੍ਰਕਾਰ ਇਨ ਸਭ ਕੋ ਭਗਤੀ ਕਰਕੇ ਪਰਮੇਸ਼ਰ ਮਿਲਾ ਹੈ। ਇਸ ਵਾਸਤੇ ਭਗਵਾਨ ਕੋ ਗੁਣ ਆਦਿ ਪਿਆਰੇ ਨਹੀਂ। ਜੈਸੇ ਏਕ ਭਗਤ ਨੇ ਭਗਵਾਨ ਕੋ ਗਫੋੜੂ ਗਫੋੜੂ ਨਾਮ ਸੇ ਪ੍ਰਤਯਖਸ ਕਰ ਦਿਯਾ। ਕਥਾ-ਏਕ ਜਟ ਕਾ ਲੜਕਾ ਗਾਇਆਂ ਚਾਰਤਾ ਥਾ, ਔਰ ਦੁਪਹਰ ਕੇ ਕੱਚੇ

ਤਲਾਉ ਪਰ ਆ ਕਰ ਗੰਦੇ ਗੰਦੇ ਗੀਤ ਗਾਤਾ ਥਾ। ਵਹਾਂ ਏਕ ਮਹਾਤਮਾ ਰਹਤੇ ਥੇ। ਉਨੋਂ ਨੇ ਬਾਲਕ ਕੋ ਬੁਲਾਕੇ ਕਹਾ ਤੂੰ ਭਗਵਾਨ ਕਾ ਨਾਮ ਗੋਪਾਲ ਗੋਪਾਲ ਕਰਕੇ ਬੁਲਾਇਆ ਕਰ। ਓਹ ਭੀ ਗਊਆਂ ਚਰਾਤਾ ਹੈ ਤੁਮਾਰਾ ਭਾਈ ਹੀ ਹੈ, ਬਾਲਕ ਮਾਨ ਗਿਆ ਔਰ ਗੁਪਾਲ ਗੁਪਾਲ ਕਰਕੇ ਬੁਲਾਨੇ ਲਗਾ। ਰਾਤ੍ਰਿ ਕੋ ਸੋ ਜਾਨੇ ਪਰ ਓਹ ਨਾਮ ਬਾਲਕ ਸੇ ਭੂਲ ਗਯਾ ਔਰ ਮਹਾਤਮਾ ਵਹਾਂ ਸੇ ਚਲੇ ਗਏ। ਫਿਰ ਉਸ ਕੋ ਖਿਆਲ ਆਯਾ ਕਿ ਗਗੇ ਅਖਰ ਪਰ ਉਸਕਾ ਨਾਮ ਥਾ ਤਬ ਵੋਹ ਗਫੋੜੂ ਗਫੋੜੂ ਕਰਕੇ ਬੁਲਾਨੇ ਲਗਾ। ਔਰ ਅਤੀ ਅਭਿਆਸ ਕਰਕੇ ਖੂਬ ਪਕਾਯਾ ਯਾਨੇ ਕਚੇ ਤਲਾਵ ਪਰ ਆਕਰ ਜ਼ੋਰ ਸੇ ਗਫੋੜੂ ਗਫੋੜੂ ਕਹਾ ਕਰੇ। ਭਗਵਾਨ ਸੁਣ ਕਰ ਬੜੇ ਪਰਸੰਨ ਰਹਾ ਕਰਤੇ ਥੇ। ਏਕ ਦਿਨ ਉਥੇ ਹੀ ਕਚੇ ਤਲਾਵ ਪਰ ਦੂਸਰੇ ਮਹਾਤਮਾ ਆ ਗਏ। ਉਨੋਂ ਨੇ ਬੁਲਾਕੇ ਕਹਾ ਕਿ ਗਫੋੜੂ ਭਗਵਾਨ ਕਾ ਨਾਮ ਨਹੀਂ ਗਾਲੀ ਹੈ। ਭਗਵਾਨ ਕਾ ਨਾਮ ਤੋ ਗੋਪਾਲ ਹੈ। ਮਹਾਤਮਾ ਕਾ ਵਚਨ ਸੁਨ ਬਾਲਕ ਕਾ ਪਰੇਮ ਟੂਟ ਗਯਾ 'ਬਾਲਕ' ਨ ਗੋਪਾਲ ਕਹੇ ਨ ਗਫੋੜੂ ਕਹੇ ਚਿਤ ਮੇਂ ਦੁਬਿਧਾ ਪੜ ਗਈ। ਭਗਵਾਨ ਮਹਾਤਮਾ ਪਰ ਨਰਾਜ਼ ਹੋ ਗਏ ਔਰ ਸੁਪਨ ਮੇਂ ਕਹਾ ਕਿ ਮੇਰੇ ਕੋ ਕੋਈ ਨਾਮ ਪਿਆਰਾ ਨਹੀਂ, ਪਰੇਮ ਪਿਆਰਾ ਹੈ ਔਰ ਗਫੋੜੂ ਨਾਮ ਤੋ ਮੇਰੀ ਮਾਤਾ ਯਸੋਦਾਂ ਕਾ ਰਖਿਆ ਹੂਆ ਮੇਰੇ ਕੋ ਪਰਮ ਪਿਆਰਾ ਹੈ। ਜਬ ਮੈਨੇ ਮਿਟੀ ਖਾਈ ਥੀ ਤਬ ਮਾਤਾ ਯਸੋਦਾਂ ਨੇ ਪੂਛਾ ਤੈਨੇ ਮਿਟੀ ਖਾਈ ? ਮੈਨੇ ਕਹਾ ਨਹੀਂ। ਉਸ ਨੇ ਕਹਾ ਕਿ "ਗਫੋੜੂ" ਮੂੰਹ ਤੋ ਖੋਲ ਮੈਨੇ ਸਾਰਾ ਬ੍ਰਹਮੰਡ ਮੂੰਹ ਮੇਂ ਦਿਖਾਯਾ, ਸੋ ਮਾਤਾ ਕਾ ਰਖਾ ਹੂਆ ਨਾਮ ਮੇਰੇ ਕੋ ਬੜਾ ਪਿਆਰਾ ਹੈ, ਉਸ ਭਗਤ ਕੋ ਕਹੋ ਮੇਰੇ ਕੋ ਗਫੋੜੂ ਨਾਮ ਸੇ ਬੁਲਾਯਾ ਕਰੇ ਤਬ ਮੈਂ ਪਰਸੰਨ ਹੋਊਂਗਾ। ਤਬ ਸੰਤੋਂ ਨੇ ਬਾਲਕ ਕੋ ਕਹਾ ਕਿ ਭਗਵਾਨ ਕੋ ਗਫੋੜੂ ਨਾਮ ਸੇ ਬੁਲਾਯਾ ਕਰ ਭਗਵਾਨ ਤੇਰੇ ਪਰ ਖੁਸ਼ ਹੈਂ ਦਰਸ਼ਨ ਦੇਂਗੇ। ਜਬ ਉਸ ਨੇ ਪਰੇਮ ਸੇ ਗਫੋੜੂ ਨਾਮ ਸੇ ਬੁਲਾਯਾ ਤਬ ਭਗਵਾਨ ਨੇ ਦਰਸ਼ਨ ਦੀਆ ਔਰ ਉਸ ਕੋ ਮੁਕਤ ਕਰਾ। ਐਸੇ ਹੀ ਪਰੇ ਪਰੇ ਨਾਮ ਜਪਨੇ ਵਾਲੇ ਕੀ ਕਥਾ–ਏਕ ਅਨਜਾਨ ਸੂਧਾ ਸਾਧਾ ਸ਼ਰਧਾਲੂ ਗੁਰੂ ਪਾਸ ਆਯਾ, ਔਰ ਆ ਕਰ ਕਹਨੇ ਲਗਾ ਮੇਰੇ ਕੋ ਭਗਵਾਨ ਕਾ ਦਰਸ਼ਨ ਕਰਾਓ। ਮਹਾਤਮਾ ਨੇ ਕਹਾ ੧ ਬਰਸ ਸੇਵਾ ਕਰ ਬਰਸ ਪੂਰਾ ਹੂਆ। ਤੋ ਮਹਾਤਮਾ ਨੇ ਕਹਾ ਏਕ ਬਰਸ ਔਰ ਸੇਵਾ ਕਰ। ਤਬ ਦੋ ਬਰਸ ਕੀ ਸੇਵਾ ਸੇ ਉਸਕਾ ਚਿਤ ਸੁਧ ਹੋਯਾ। ਮਹਾਤਮਾ ਨੇ ਕਹਾ ਸਵੇਰੇ ਆਨਾ ਪਰਮੇਸ਼ਰ ਕਾ ਨਾਮ ਦੱਸੂੰਗਾ। ਉਸ ਕੋ ਜਪਨਾ ਭਗਵਾਨ ਦਰਸ਼ਨ ਦੇਗਾ। ਸਵੇਰੇ ਮਹਾਤਮਾ ਕੇ ਦਰਸ਼ਨ ਵਾਸਤੇ ਰਾਜਾ ਨੇ ਆਨਾ ਥਾ। ਔਰ ਰਾਜਾ ਕੀ ਤਰਫ ਸੇ ਮਹਾਤਮਾ ਕੇ ਸਥਾਨ ਪਰ ਖੂਬ ਵਿਛਾਈਆਂ ਵਿਛ ਗਈਆਂ। ਉਸ ਵਕਤ ਯੇ ਭੀ ਨੰਗੇ ਪੈਰ ਮਿਟੀ ਸੇ ਭਰੇ ਹੂਏ ਸੇ ਚਲਾ ਆ ਰਹਾ ਥਾ, ਪਰੇਮ ਮੇਂ ਮਗਨ ਹੋਨੇ ਸੇ ਵਿਛਾਈਉਂ ਕੀ ਤਰਫ ਧਿਆਨ ਨ ਕੀਆ। ਔਰ ਏਕ ਦਮ ਚਲਾ ਆ ਰਹਾ ਥਾ। ਮਹਾਤਮਾ ਨੇ ਦੂਰ ਸੇ ਹੀ ਤੀਨ ਵਾਰ "ਪਰੇ, ਪਰੇ, ਪਰੇ" ਚਲਾ ਜਾ। ਉਸ ਨੇ ਗੁਰੂ ਮੰਤ੍ਰ ਸਮਝ ਕਰ ਪਰੇਮ ਸੇ ਜਾਪ ਕੀਆ ਭਗਵਾਨ ਨੇ ਦਰਸ਼ਨ ਦੀਯਾ। ਚਿੱਤ ਸ਼ਾਂਤ ਹੂਆ। ਏਕ ਦਿਨ ਗੁਰੂਉਂ ਕੋ ਤ੍ਰੀਸ ਕੋਸ ਕੀ ਦੂਰੀ ਪਰ ਕਾਮ ਪੜ ਗਯਾ, ਔਰ ਚੇਲੇ ਕੋ ਬੁਲਾਯਾ ਔਰ ਕਹਾ



ਕਿ ਤੀਸ ਕੋਸ ਪਰ ਏਕ ਕਾਮ ਕਰ ਆ। ਚਿਠੀ ਲਿਖ ਦਿਤੀ ਔਹ ਕਹਾ ਇਸ ਕਾ ਜਵਾਬ ਭੀ ਲੇ ਆਓ। ਉਹ ਸਤ ਵਚਨ ਕਹ ਕਰ ਜਾਨੇ ਲਗਾ ਰਸਤੇ ਮੇਂ ਭਗਵਾਨ ਮਿਲਾ. ਔਰ ਕਹਾ ਤੂੰ ਜਾ ਕੇ ਭਜਨ ਕਰ ਮੈਂ ਕਾਮ ਕਰ ਆਤਾ ਹੂੰ, ਔਰ ਪਰੇ ਪਰੇ ਤੂੰ ਜਿਸਕਾ ਜਾਪ ਕਰਤਾ ਹੈਂ ਸੋ ਮੈਂ ਹੀ ਹੂੰ। ਤੂੰ ਜਾਕੇ ਬੈਠ ਮੈਂ ਅਭੀ ਕਾਮ ਕਰਕੇ ਆਤਾ ਹੂੰ। ਭਗਤ ਬੜਾ ਖੁਸ਼ ਹੂਆ। ਔਰ ਭਗਵਾਨ ਭੀ ਜਲਦੀ ਕਾਮ ਕਰਨੇ ਆ ਗਏ, ਔਰ ਕਹਾ ਜਾਕੇ ਚਿਠੀ ਕਾ ਜਵਾਬ ਅਪਨੇ ਗੁਰੂ ਕੋ ਦੇ ਆ! ਉਹ ਚਿਠੀ ਲਿਆ ਕਰ ਗੁਰੂ ਜੀ ਕੋ ਦਿਤੀ ਗੁਰੂ ਜੀ ਹੈਰਾਨ ਹੂਏ ਇਤਨਾ ਜਲਦੀ ਤੂੰ ਆ ਗਯਾ। ਚੇਲੇ ਨੇ ਕਹਾ ਭਗਵਾਨ ਪਰੇ ਪਰੇ, ਕੰਮ ਕਰਕੇ ਆਯਾ ਹੈ। ਮੈਂ ਨਹੀਂ ਕਰਕੇ ਆਯਾ ਹੂੰ ਗੁਰੂ ਜੀ ਨੇ ਕਹਾ ਅਛਾ ਉਸਕੋ ਲੇ ਆਓ। ਭਗਵਾਨ ਕੋ ਲੇ ਆਯਾ। ਉਨੋਂ ਨੇ ਕਹਾ ਭਗਵਾਨ ਆਪ ਕਾ ਨਾਮ ਪਰੇ ਪਰੇ ਕੈਸੇ ਪੜਾ? ਭਗਵਾਨ ਨੇ ਕਹਾ ਵੇਦੋਂ ਮੇਂ ਲਿਖਾ ਹੈ। ਯਜੁਰ ਵੇਦ ਕੋ ਉਪਨਿਸ਼ਦ।

**ਸ਼ਲੋਕ ॥ ਇੰਦ੍ਰਿਯੇ ਭਯ: ਪਰਾ ਹੀ ਅਰਥਾ ਅਰਥੇ ਭਯ: ਚ ਪਰੰ ਮਨ: ਮਨਸ: ਤੂ ਪਰਾਬੁਧੀ: ਬੁਧੇ: ਆਤਮਾ ਮਹਾਨ੍ ਪਰ: ॥੧੦॥ ਮਹਤ: ਪਰੰਅਬਜਕ੍ਤੰ ਅਬਜਕ੍ਤਾਤ੍ ਪੁਰੁਸ਼: ਪਰ: ਪੁਰਸ਼ਾਤ੍ਰ ਨ ਪਰੰ ਕਿੰਚਿਤ੍ ਸ: ਕਾਸ਼੍ਠਾ ਸਾ ਪਰਾਗਤਿ: ॥੧੧॥ ਕਠਵਲੀ ॥ ੩ ॥**

ਅਰਥ–ਇੰਦ੍ਰਿਓਂ ਸੇ ਅਰਥ ਯਾਨੇ ਸਬਦਾਦਿ ਵਿਸ਼ਯ, ਵਿਸ਼ਯੋ ਸੇ ਮਨ, ਮਨ ਸੇ ਬੁਧਿ ਔਰ ਬੁਧਿ ਸੇ ਮਹਤਤ੍ਵ, ਮਹਤਤ੍ਵ ਸੇ ਮਾਯਾ, ਮਾਯਾ ਸੇ ਪਰੇ ਪਰਮਾਤਮਾ ਹੈ। ਪਰਮਾਤਮਾ ਸੇ ਪਰੇ ਕੋਈ ਨਹੀਂ। ਪਰੇ ਅਰਥਾਤ ਉਤਕ੍ਰਿਸ਼ਟ, ਅੰਦਰ, ਸੂਖਮ, ਪਿਆਰਾ ਯੇ ਪਰੇ ਕੇ ਅਰਥ ਹੈਂ ਸੋ ਸਬ ਸੇ ਮੈਂ ਪਰੇ ਹੂੰ। ਮੇਰਾ ਨਾਮ ਪਰੇ ਪਰੇ ਹੈ। ਇਸ ਪ੍ਰਕਾਰ ਸ਼ਿਸ਼ ਨੇ ਗੁਰੂ ਕੋ ਭੀ ਤਰਾਯਾ। ਪ੍ਰਮਾਣ ਜਪੁਜੀ–

**ਮੰਨੈ ਤਰੈ ਤਾਰੇ ਗੁਰ ਸਿਖ ॥**

ਤੀਸਰੀ ਕਥਾ–ਦਖਣ ਮੇਂ ਰਾਮ ਦਾਸ ਮਹਾਤਮਾ ਕੇ ਸ਼ਿਸ਼ ਕੇਸ਼ਵਦਾਸ, ਆਠ ਵਰਸ਼ ਕੇ ਬਾਲਕ ਥੇ ਗੁਰੂ ਜੀ ਉਸ ਕੋ ਠਾਕੁਰੋਂ ਕੀ ਸੇਵਾ ਦੇਕਰ ਅਮਰ ਨਾਥ ਤੀਰਥ ਕੀ ਯਾਤਰਾ ਕਰਨੇ ਕੋ ਚਲੇ ਗਏ। ਕੇਸ਼ਵ ਦਾਸ ਹਠ ਔਰ ਪਰੇਮ ਸੇ ਭਗਵਾਨ ਕੋ ਸਾਖਯਾਤ ਖਿਲਾਨੇ ਪਿਲਾਨੇ ਲਗਾ। ਦੋ ਮਹੀਨੇ ਰਾਤ ਦਿਨ ਕੀ ਸੇਵਾ ਕਰਕੇ ਥਕਿਤ ਹੋ ਗਿਆ ਔਰ ਬੀਮਾਰ ਹੋ ਗਿਆ, ਔਰ ਭਗਵਾਨ ਭੀ ਚਾਰੋਂ ਭਾਈ ਤਥਾ ਸੀਤਾ ਜੀ, ਔਰ ਹਨੂਮਾਨ ਸਹਿਤ ਭੋਜਨ ਬਨਵਾਕੇ ਖਾਯਾ ਕਰਤੇ ਥੇ, ਸਭ ਕਾ ਭੋਜਨ ਬਨਾਨਾ ਮਾਂਗ ਕੇ ਲੇ ਆਨਾ, ਦੂਧ ਚੋਨਾ ਘਾਸ ਲੇ ਆਨਾ ਆਦਿ ਸੇਵਾ ਸੇ ਬੀਮਾਰ ਹੋ ਗਯਾ, ਏਕ ਦਿਨ ਕੁਛ ਸੇਵਾ ਨਹੀਂ ਕਰੀ ਸੋ ਗਯਾ, ਭਗਵਾਨ ਨੇ ਅਪਨੇ ਭਾਈਓਂ ਕੋ ਭੇਜਾ ਕਿ ਉਸ ਕੋ ਲੇ ਆਉ, ਭਗਵਾਨ ਨੇ, ਕਹਾ ਅਜ ਕਿਉਂ ਨਹੀਂ ਖਿਲਾਯਾ, ਬਾਲਕ ਨੇ ਕਹਾ ਯੇ ਮੋਟੇ ਮੋਟੇ ਮੁਸ਼ਟੰਡੇ ਕਿਉਂ ਨਹੀਂ ਕਾਮ ਕਰਤੇ ? ਹਮ ਕੋ ਸਾਰਾ ਦਿਨ ਥਕਾਤੇ ਰਹਿਤੇ ਹੋ। ਤਬ ਭਗਵਾਨ ਨੇ

ਪਰੇਮ ਵਸ ਹੋਕਰ, ਬਾਲਕ ਕਾ ਕਹਾ ਮਾਨ ਕਹ ਭਾਈਓਂ ਸੇ ਸਬ ਕਾਮ ਕਰਾਇਆ, ਔਰ ਸੀਤਾ ਜੀ ਸੇ ਰਸੋਈ ਬਨਵਾਈ । ਜਬ ਗੁਰੂ ਜੀ ਆਏ ਤਬ ਭਗਵਾਨ ਰਾਮ ਜੀ ਨੇ ਕਹਾ, ਕਿ ਤੁਮਾਰੇ ਸ਼ਿਸ਼ ਨੇ ਇਨ ਸਬ ਸੇ ਕਾਮ ਲੀਆ, ਏਕ ਹਮਾਰੇ ਸੇ ਹੀ ਕਾਮ ਨਹੀਂ ਲੀਆ ਹਮ ਭੀ ਡਰਤੇ ਰਹਿਤੇ ਥੇ ਕਿ ਮਤਾਂ ਹਮਾਰੇ ਸੇ ਕਾਮ ਨ ਲੇਵੇ। ਸੋ ਭਗਵਾਨ ਪ੍ਰੇਮ ਕੇ ਅਧੀਨ ਹੈ ਕਿਸੀ ਗੁਣ ਆਦਿਕ ਕੇ ਅਧੀਨ ਨਹੀਂ ਇਸ ਲੀਏ, ਪ੍ਰੇਮ ਸੇ ਭਗਵਾਨ ਕਾ ਨਾਮ ਉਚਾਰਨ ਕਰ ਕੀਰਤਨ ਕਰਨਾ ਚਾਹੀਏ। ਤਥਾ ਹਨੂਮਾਨ ਨਾਟਕ ਮੇਂ ਲਿਖਾ ਹੈ:-

**ਤਥਾ-ਸ੍ਰੀ ਰਘੁਬੀਰ ਸਿਰੋਮਨ ਕੀ ਯਹ ਕੀਰਤਿ ਹੈ ਕਿਧੋ ਦੂਤੀ ਬਖਾਨੋ।**
**ਆਨ ਦਈ ਕਮਲਾ ਹਰਿ ਕੀ ਯਹ ਬਾਤ ਸੁਨੋ ਸੁਰ ਲੋਕ ਡਰਾਨੋ।**
**ਜਾਨ ਯਹੈ ਮੁਖਿ ਚਾਰਿ ਕੀਏ ਬਿਧ ਸੰਭੁ ਰਹੈ ਅਜਹੂੰ ਲਪਟਾਨੋ।**
**ਸੱਕ੍ਰ ਸਹੰਸ੍ਰ ਕਿਯੇ ਚੱਖੁ ਚੌਂਕ ਛਹੂੰ ਮੁਖ ਬਜਾਰ ਕਿਯੋ ਨ ਸਯਾਨੋ।**
**ਭੋਗਹਿ ਛਾਡਿ ਨ ਜੋਗ ਕਰੇ ਕੋਊ ਮੈਂ ਸ਼ਿਵ ਲੋਂ ਸ਼ਿਵ ਲੋਕ ਨਿਹਾਰਯੋ।**
**ਆਗਮ ਤੇ ਨ ਮਿਟੇ ਮਨ ਕੋ ਗਮ, ਬੇਦ ਬਿਬਾਦ ਨ ਜਾਇ ਬਿਚਾਰਯੋ।**
**ਮੋਨ ਤੇ ਕੌਨ ਸੁ ਭੇਟੀ ਰਹੈ ਬਿਨ ਬੋਲ ਖੁਲੇ ਘਰ ਕੇ ਨ ਕਿਵਾਰਯੋ।**
**ਤਾਤੇ ਇਹ ਜੀਅ ਜਾਨਤ ਹੌਂ ਜਿਨ ਰਾਮ ਕਹਯੋ ਤਿਨ ਕਾਮ ਸਵਾਰਯੋ।**

**-ਇਸ ਪ੍ਰਕਾਰ ਦੂਸਰੀ ਕੀਰਤਨ ਭਗਤੀ ਸਮਾਪਤ ਹੂਈ-**

# ਅਥ ਤੀਸਰੀ ਸਿਮਰਨ ਭਗਤੀ

ਜੈਸੇ ਗੁਰੂ ਜੀ ਲਿਖਤੇ ਹੈਂ:-

**ਸਿਮਰਹੁ ਏਕੁ ਨਿਰੰਜਨ ਸੋਊ ॥ ਜਾਤੇ ਬਿਰਥਾ ਜਾਤ ਨ ਕੋਊ ॥**
[ਮਾਰੂ ਮ: ੫ ਸਫਾ ੧੦੦੪

**ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥**
**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥**
[ਕੇਦਾਰਾ ਰਵਿਦਾਸ ਸਫਾ ੧੧੨੪

**ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ ਸਾਹਿਬੁ**



**ਨਿਤਾਣਿਆ ਕਾ ਤਾਣੁ ॥ ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥ ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥ ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ ॥ ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥**
[ਸਿਰੀ ਰਾਗ ਮ: ੫ ਸਫਾ ੭੦

ਇਸ ਪਰ ਏਕ ਕਥਾ ਹੈ-ਏਕ ਨਿਰਧਨ ਵਿਧਵਾ ਮਾਈ ਜਿਸ ਕਾ ਏਕ ਪੁਤ੍ਰ ਥਾ। ਔਰ ਸੰਤੋਂ ਕੇ ਸਤਿਸੰਗ ਮੇਂ ਰੋਜ਼ ਜਾਯਾ ਕਰਤੀ ਥੀ । ਔਰ ਕੁਝ ਸੰਤੋਂ ਕੀ ਸੇਵਾ ਟਹਿਲ ਭੀ ਕਰਾ ਕਰਤੀ ਥੀ। ਨਿਰਧਨ ਇਤਨੀ ਥੀ ਜੋ ਲੋਗੋਂ ਕਾ ਚੱਕੀ (ਜੰਡ) ਪੀਸ ਕਰ ਨਿਰਬਾਹ ਕੀਆ ਕਰਤੀ ਥੀ ਆਪਨੇ ਪੁਤ੍ਰ ਕੋ ਭੀ ਨਹੀਂ ਪਾਲ ਸਕਤੀ·ਥੀ ਕੋਈ ਉਸ ਕਾ ਰਖਸ਼ਕ ਭੀ ਨਹੀਂ ਸੀ । ਐਸੇ ਸੰਤਾਂ ਪਾਸ ਆਨੇ ਜਾਨੇ ਮੇਂ ਸੇਵਾ ਕਰਨੇ ਮੇਂ ਬਹੁਤ ਦਿਨ ਵਿਅਤੀਤ ਹੂਏ । ਸੰਤੋਂ ਨੇ ਉਸ ਕੋ ਪਰਮਾਤਮ ਭਗਤੀ ਦ੍ਰਿੜ ਕਰਾਈ । ਮਾਈ ਸੁਆਸ ਸੁਆਸ ਮੇਂ ਪਰਮੇਸ਼ੁਰ ਕੋ ਯਾਦ ਰਖਤੀ ਥੀ। ਆਖਿਰ ਪਰਮਾਤਮਾ ਮੇਂ ਅਨੰਨਯ ਚਿਤ ਵਾਲੀ ਹੋ ਗਈ। ਔਰ ਉਸਕਾ ਲੜਕਾ ਜਬ ਬੜਾ ਹੂਆ ਤਬ ਲਕੜੀਆਂ ਕਾਟ ਕਰ ਲੇ ਆਤਾ ਥਾ ਕੋਈ ਦਿਨ ਲਕੜੀਆਂ ਕਾਟਤੇ ਹੋ ਗਏ ਔਰ ਲੜਕੇ ਕੋ ਸੰਤੋਂ ਨੇ ਏਕ ਜਾਪ ਬਤਾਯਾ ਥਾ । ਦਿਨ ਕਾ ਬਹੁਤ ਵਕਤ ਵੋ ਜਾਪ ਕਰਾ ਕਰਤਾ ਥਾ । ਬਾਕੀ ਲਕੜੀਆਂ ਕਾਟ ਨਿਰਬਾਹ ਕਰਤਾ ਥਾ । ਮਾਤਾ ਕੇ ਸਾਥ ਸੰਤੋਂ ਕੇ ਪਾਸ ਸੇਵਾ ਕੀਆ ਕਰਤਾ ਥਾ। ਏਕ ਦਿਨ ਵੋ ਲੜਕਾ ਲਕੜੀਆਂ ਕਾਟਨੇ ਗਯਾ । ਗਰਮੀ ਕੇ ਦਿਨੋਂ ਮੇਂ ਉਸ ਦੇਸ ਕਾ ਰਾਜਾ ਭੀ ਅਪਨੇ ਵਜ਼ੀਰੋਂ ਜੋਤਸ਼ੀਓਂ ਕੋ ਸਾਥ ਲੇਕਰ, ਠੰਢੀ ਠੰਢੀ ਹਵਾ ਖਾਨੇ ਵਾਸਤੇ ਏਕ ਮੈਦਾਨ ਮੇਂ ਜਾ ਰਹਾ ਥਾ । ਜੋ ਮੈਦਾਨ ਜਹਾਂ ਲੜਕਾ ਲਕੜੀਆਂ ਕਾਟਤਾ ਥਾ ਉਸ ਕੇ ਪਾਸ ਥਾ । ਜੋਤਿਸ਼ੀ ਰਾਜਾ ਸੇ ਆਗਿਆ ਲੇਕਰ ਸ਼ੌਚ ਵਾਸਤੇ ਜਾਨੇ ਲਗਾ ਰਾਸਤੇ ਮੇਂ ਵੋ ਲੜਕਾ ਦੇਖਾ । ਦੇਖ ਕਰ ਹੈਰਾਨ ਹੂਆ ਕਹਿਨੇ ਲਗਾ । "ਹਰਿ ਕੀ ਗਤਿ ਨਹਿ ਕੋਊ ਜਾਨੈ"। ਕਿਉਂਕਿ ਯਹ ਗਰੀਬ ਨਿਰਧਨ ਹੈ ਔਰ ਤੀਨ ਦਿਨ ਕੇ ਅੰਦਰ ਇਸਕੋ ਰਾਜ ਮਿਲਨਾ ਹੈ ਰਾਜ ਕੰਨਿਆਂ ਕੇ ਸਾਥ ਸ਼ਾਦੀ ਹੋਗੀ । ਸੋ ਕੈਸੇ ਹੋਗੀ ਬਾਲਕ ਸੇ ਪੂਛਤਾ ਹੈ । ਤੁਮਾਰੇ ਪਾਸ ਧਨ ਅੱਛਾ ਹੈ ? ਘਰ ਅੱਛਾ ਹੈ ? ਸੰਬੰਧੀ ਅੱਛੇ ਹੈਂ ? ਲੜਕਾ ਕਹਿਨੇ ਲਗਾ, ਹਮ ਬਿਲਕੁਲ ਨਿਰਧਨ ਹੈਂ, ਇਕੱਲੀ ਮਾਤਾ ਹੈ ਔਰ ਕੋਈ ਸੰਬੰਧੀ ਨਹੀਂ, ਤਬ ਵੋ ਹੈਰਾਨ ਹੋ ਰਹਾ ਥਾ, ਇਤਨੇ ਮੇਂ ਰਾਜਾ ਨੇ ਜੋਤਿਸ਼ੀ ਕੋ ਯਾਦ ਕੀਆ। ਵਜ਼ੀਰ ਨੇ ਕਹਾ ਓ ਖੜਾ ਹੈ ਲੜਕੇ ਸਾਥ ਬਾਤ ਚੀਤ ਕਰ ਰਹਾ ਹੈ। ਕਹਾ ਬੁਲਾਓ ਬੁਲਾਯਾ ਜੋਤਿਸ਼ੀ ਆਯਾ ਰਾਜਾ ਨੇ ਪੂਛਾ ਲੜਕੇ ਨਾਲ ਕਿਆ ਗਲਾਂ ਕਰ ਰਹੇ ਥੇ, ਜੋਤਿਸ਼ੀ ਕਹਿਨੇ ਲਗਾ ਪਰਮੇਸ਼ੁਰ ਕੀ ਲੀਲਾ ਪਰ ਹੈਰਾਨ ਹੋ ਰਹਾ ਹੂੰ, ਕੁਛ ਕਹਿ ,ਨਹੀਂ ਸਕਤਾ ਪਰਮੇਸ਼ੁਰ ਕਿਆ ਨਹੀਂ ਕਰ ਸਕਤਾ ? ਭਾਵ ਸਭ ਕੁਛ ਕਰ ਸਕਤਾ ਹੈ । ਰਾਜਾ ਹੈਰਾਨ ਹੋਕਰ-ਜੋਤਿਸ਼ੀ ! ਕਹੋ ਐਸੀ ਕਿਆ ਬਾਤ ਹੈ ?

ਜੋਤਿਸ਼ੀ ਕਹਿਨੇ ਲਗਾ ਮੈਂ ਆਪ ਸੇ ਡਰਤਾ ਹੂੰ ਸ਼ਾਯਦ ਆਪ ਕੋਪ ਕਰੋਂ । ਰਾਜਾ ਨੇ ਕਹਾ ਨਹੀਂ ਨਹੀਂ ਮੈਂ ਆਪ ਪਰ ਕੋਪ ਨਹੀਂ ਕਰੂੰਗਾ । ਰਾਜਾ ਕੇ ਬਹੁਤ ਜ਼ੋਰ ਦੇਨੇ ਪਰ ਜੋਤਿਸ਼ੀ ਡਰਤਾ ਡਰਤਾ ਕਹਿਨੇ ਲਗਾ ਕਿ ਮਹਾਰਾਜ ! ਇਸ ਲੜਕੇ ਕੀ ਰੇਖਾ ਦੇਖ ਕਰ ਮੈਂ ਹੈਰਾਨ ਹੋਤਾ ਹੂੰ ਕਿ ਤੀਨ ਦਿਨ ਕੇ ਅੰਦਰ, ਯਹ ਲੜਕਾ ਆਪ ਕਾ ਜਵਾਈ ਬਣੇਗਾ ਅਰ ਰਾਜ ਪਰ ਬੈਠੇਗਾ । ਔਰ ਹੈ ਨਿਰਧਨ ਔਰ ਮਾਤਾ ਹੈ ਔਰ ਕੋਈ ਸੰਬੰਧੀ ਨਹੀਂ ਪੀਸਣ ਪੀਸਕੇ ਗੁਜ਼ਰਾਨ ਕਰਤੀ ਹੈ । ਰਾਜਾ ਸੁਨ ਕਰ ਬੜਾ ਦੁਖੀ ਹੂਆ । ਔਰ ਕਹਿਨੇ ਲਗਾ ਬ੍ਰਹਮਾ ਕੋ ਕਿਸੇ ਨੇ ਬੁਧਿਮਾਨ ਕਹਿਨਾ ਹੈ? ਜੋ ਰਾਜਾ ਕੀ ਲੜਕੀ ਕਾ ਗਰੀਬ ਬਾਲਕ ਕੇ ਸਾਥ ਵਿਵਾਹ ਕਾ ਲੇਖ ਲਿਖਾ ਹੈ। ਇਸਤਰਹ ਵੇਦ ਸ਼ਾਸਤ੍ਰ ਭੀ ਕਿਸੀ ਬੁਧਿਮਾਨ ਕੇ ਬਣਾਏ ਮਲੂੰਮ ਨਹੀਂ ਹੋਤੇ। ਮੈਂ ਅਭੀ ਇਸ ਲੜਕੇ ਕੋ ਕਤਲ ਕਰਤਾ ਹੂੰ । ਦੇਖੂੰ ਕਿਸ ਤਰਹ ਮੇਰਾ ਜਵਾਈ ਬਣ ਸਕਤਾ ਹੈ। ਐਸਾ ਕਹਿ ਕਰ ਤਲਵਾਰ ਲੇਕਰ ਲੜਕੇ ਕੋ ਮਾਰਨੇ ਕੋ ਦੌੜਾ, ਤਬ ਵਜ਼ੀਰੋਂ ਨੇ ਪਕੜ ਲੀਆ ਨਿਰਪਰਾਧ ਕੋ ਮਾਰੋਗੇ ਤੋ ਆਪ ਕੀ ਨਿੰਦਾ ਹੋਗੀ, ਹਮ ਇਸ ਪਰ ਅਪਰਾਧ ਠਹਿਰਾਤੇ ਹੈਂ, ਫੇਰ ਕਲ ਕੋ ਮਰਵਾਏਂਗੇ, ਐਸੇ ਕਹਿ ਕਰ ਲੜਕੇ ਕੋ ਬੁਲਵਾਯਾ, ਔਰ ਕਹਾ ਤੂੰ ਕਬ ਸੇ ਸਰਕਾਰੀ ਜੰਗਲ ਸੇ ਲਕੜੀ ਕਾਟਤਾ ਹੈਂ? ਲੜਕੇ ਨੇ ਕਹਾ ਦੋ ਸਾਲ ਸੇ । ਤਬ ਵਜ਼ੀਰ ਨੇ ਕਹਾ ਯਹਿ ਖਾਸ ਕਰ ਸਰਕਾਰੀ ਜੰਗਲ ਹੈ ਔਰ ਬਿਨਾਂ ਪੂਛੇ ਲਕੜੀ ਤੁਮ ਨੇ ਦੋ ਬਰਸ ਕਾਟੀ ਹੈ, ਸੋ ਤੁਮਾਰੇ ਪਰ (੨੫) ਪੱਚੀਸ ਮੁਹਿਰਾਂ ਦੰਡ ਲਗਾਈ ਜਾਤੀ ਹੈਂ । ਪ੍ਰਾਤਾਕਾਲ ਅਗਰ ਪੱਚੀਸ ਮੁਹਿਰਾਂ ਨ ਦੇਗਾ ਤੋ ਤੇਰੇ ਕੋ ਕਤਲ ਕਰਾਯਾ ਜਾਏਗਾ। ਐਸਾ ਕਹਿ ਕਰ ਬਾਲਕ ਕੋ ਹਥਕੜੀ ਲਗਾ ਦਿਤੀ ਸਿਪਾਹੀਓਂ ਕੇ ਸਾਥ ਬਾਲਕ ਕੋ ਮਾਤਾ ਪਾਸ ਭੇਜਾ, ਔਰ ਰਾਜਾ ਭੀ ਵਜ਼ੀਰ ਔਰ ਜੋਤਸ਼ੀਓਂ ਕੇ ਸਾਥ ਘਰ ਆਯਾ, ਸਿਪਾਹੀਓਂ ਨੇ ਉਸਕੀ ਮਾਤਾ ਬੜੀ ਨਿਰਧਨ ਦੇਖੀ ਔਰ ਟੂਟੀ ਫੂਟੀ ਛੰਨ ਦੇਖ ਕੇ, ਰਾਜਾ ਕੋ ਆਕਰ ਸੁਨਾਯਾ ਰਾਜਾ ਨੇ ਸਖਤ ਹੁਕਮ ਦੀਆ ਕਿ ਅਗਰ ਸਵੇਰੇ ਪ੍ਰਾਤਾਕਾਲ ੨੫ ਮੁਹਰਾਂ ਨ ਦੇਗਾ ਤੋ ਜ਼ਬਰਦਸਤੀ ਬਾਲਕ ਕਤਲ ਕਰਾਇਆ ਜਾਏਗਾ। ਯਹ ਬਾਤ ਸੁਨ ਕਰ ਮਾਈ ਤਥਾ ਬਾਲਕ ਕੋ ਬੜਾ ਦੁਖ ਹੂਆ। ਅੰਨ ਜਲ ਛੂਟ ਗਯਾ ।ਮਾਈ ਘਰ ਘਰ ਮੇਂ ਸਭ ਲੋਗੋਂ ਸੇ ਪੁਤ੍ਰ ਕੋ ਛੁਡਾਨੇ ਵਾਸਤੇ ਮਦਦ ਮਾਂਗਨੇ ਲਗੀ, ਪਰ ਕਿਸੀ ਨੇ ਮਦਦ ਨ ਦਿਤੀ ।ਸਭ ਲੋਗ ਮਾਈ ਕੋ ਤਾੜਨੇ ਔਰ ਘਟ ਵਧ ਲਫਜ਼ ਕਹਿਨੇ ਲਗੇ, ਅਬ ਮਾਈ ਕਾ ਕੋਈ ਦੂਸਰਾ ਆਸਰਾ ਨ ਰਹਾ ਸਭ ਆਸਰੇ ਟੂਟ ਗਏ ਮਾਈ ਸੰਤੋਂ ਕੀ ਸ਼ਰਣ ਮੇਂ ਗਈ। ਸੰਤੋਂ ਨੇ ਮਾਈ ਕੋ ਧੀਰਜ ਦੀਆ ਔਰ ਕਹਾ ਕੋਈ ਭਯ ਨ ਕਰ ਪਰਮੇਸ੍ਵਰ ਕੋ ਯਾਦ ਕਰੋ, ਜੈਸੇ ਦ੍ਰੋਪਤੀ ਨੇ ਸਭਾ ਮੇਂ ਪਰਮੇਸ੍ਵਰ ਕੋ ਯਾਦ ਕਰਾ ਔਰ ਪਰਮੇਸ੍ਵਰ ਨੇ ਉਸ ਕੀ ਮਦਦ ਕਰੀ, ਔਰ ਜੈਸੇ ਗ੍ਰਾਹ ਸੇ ਪਕੜੇ ਹੂਏ ਗਜ ਨੇ ਪੁਕਾਰ ਕਰੀ, ਭਗਵਾਨ ਨੇ ਉਸ ਕੋ ਗ੍ਰਾਹ ਸੇ ਛੁਡਾਯਾ ਐਸੇ ਜਿਨ ਭਗਤੋਂ ਪਰ ਭੀੜ ਪੜੀ ਹੈ, ਸੋ ਭਗਵਾਨ ਕੋ ਯਾਦ ਕਰਨੇ ਸੇ ਭਗਤ ਦੁਖੋਂ ਸੇ ਛੂਟ ਗਏ ਹੈਨ। ਜਿਸ ਤਰਹ ਭਗਵਾਨ ਨੇ ਪ੍ਰਹਿਲਾਦ ਕੀ ਰਖਿਆ ਕਰੀ, ਇਸ ਤਰਹ ਤੁਮਾਰੀ ਰਖਿਆ ਕਰੇਗਾ ਤੂੰ



ਕੋਈ ਚਿੰਤਾ ਨ ਕਰ। ਮਾਈ ਕੋ ਕੁਛ ਧੀਰਜ ਹੂਆ ਪਰੰਤੂ ਸਿਪਾਹੀਓਂ ਕੇ ਤਾੜਨੇ ਸੇ ਔਰ ਕਹਿਨੇ ਸੇ ਕਿ ਜਲਦੀ ਪੱਚੀਸ ਪੌਂਡ ਲੈ ਆ, ਮਾਈ ਕਾ ਫੇਰ ਧੀਰਜ ਟੂਟ ਗਯਾ ਔਰ ਇਕ ਪੌਂਡ ਭੀ ਕਹੀਂ ਸੇ ਮਿਲਨੇ ਕੀ ਉਮੀਦ ਨਾ ਹੋਨੇ ਸੇ, ਮਾਈ ਫੇਰ ਸੰਤਾਂ ਪਾਸ ਗਈ ਸੰਤਾਂ ਨੇ ਸ੍ਰੀ ਰਾਗ ਕੀ ਦੋ ਪਉੜੀਆਂ–

**ਜਾਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥** [ਸ੍ਰੀ ਰਾਗ ਮ: ੧ ਸਫਾ ੭੦

ਇਤਿਆਦੀ ਪੜੀਆਂ ਔਰ ਕਹਾ ਤੂੰ ਕੋਈ ਚਿੰਤਾ ਨਾ ਕਰ, ਤੁਮਾਰਾ ਲੜਕਾ ਕਲ ਕੋ ਰਾਜਾ ਬਣੇਗਾ :–

**ਚਿਤਿ ਆਵੈਓਸੁ ਪਾਰਬ੍ਰਹਮੁ ਤਾ, ਨਿਹਚਲੁ ਹੋਵੈ ਰਾਜੁ ॥** [ਸ੍ਰੀ ਰਾਗ ਮ: ੧ ਸ: ੭੦

ਤੁਮ ਅਪਨੇ ਲੜਕੇ ਸਾਥ ਜਾਕਰ ਈਸ਼੍ਵਰ ਚਿੰਤਨ ਕਰੋ, ਮਾਈ ਸੰਤੋਂ ਕੇ ਬਚਨ ਮੇਂ ਵਿਸ੍ਵਾਸ ਕਰਤੀ ਹੂਈ, ਏਕਾਗਰ ਚਿਤ ਸੇ ਈਸ਼੍ਵਰ ਚਿੰਤਨ ਕਰਨੇ ਲਗੀ, ਪਰ ਪੁਤ੍ਰ ਕੇ ਫਿਕਰ ਮੇਂ ਚਿਤ ਡੋਲ ਜਾਯਾ ਕਰੇ, ਤਬ ਮਾਈ ਕੋ ਘਬਰਾਤੇ ਦੇਖ ਕਰ ਆਵਾਜ਼ ਆਈ, ਕਿ ਸੰਤੋਂ ਕੇ ਬਚਨ ਮੇਂ ਵਿਸ੍ਵਾਸ ਕਰੋ, ਕੋਈ ਭਯ ਨਹੀਂ ਭਲਾ ਹੋਗਾ। ਮਾਈ ਕੋ ਅਬ ਪੱਕਾ ਨਿਸਚੇ ਹੋ ਗਯਾ ਪਰੰਤੂ ਲੜਕੇ ਕੋ ਧੀਰਜ ਨ ਹੂਆ, ਕਹਿਨੇ ਲਗਾ ਮਾਂ ਮੈਂ ਕਲ੍ਹ ਕੋ ਮਰ ਜਾਊਂਗਾ ? ਮਨੁਸ਼ ਜਨਮ ਐਵੇਂ ਹੀ ਨਿਸਫਲ ਚਲਾ ਜਾਏਗਾ ? ਮਾਊਂ ਕਹਿਨੇ ਲਗੀ ਨਹੀਂ ਨਹੀਂ ਤੁਮਾਰਾ ਈਸ਼੍ਵਰ ਰਖਯਕ ਹੈ, ਤੂੰ ਕਲ੍ਹ ਕੋ ਰਾਜਾ ਹੋ ਜਾਏਂਗਾ, ਸੰਤੋਂ ਕੇ ਬਚਨ ਅਟੱਲ ਹੈਂ, ਤਬ ਲੜਕੇ ਕੋ ਕੁਛ ਧੀਰਜ ਹੂਆ। ਪ੍ਰਾਤਾਕਾਲ ਹੋਤੇ ਹੀ ਰਾਜਾ ਨੇ ਪੁਲੀਸ ਭੇਜੀ ਜਿਨੋਂ ਨੇ ਆ ਕੇ ਚਾਰੋਂ ਤਰਫ ਘੇਰਾ ਪਾ ਲੀਆ, ਅਰ ਮਾਈ ਕੋ ਕਹਾ ਜਲਦੀ ਪੱਚੀਸ ਪਾਊਂਡ ਲੇ ਆਓ, ਨਹੀਂ ਤੋ ਤੁਮਾਰਾ ਲੜਕਾ ਕਤਲ ਹੋ ਜਾਏਗਾ। ਤਬ ਮਾਈ ਫੇਰ ਅੰਦਰ ਗਈ, ਔਰ ਭਗਵਾਨ ਕੇ ਦਰਸ਼ਨ ਪਾਏ, ਭਗਵਾਨ ਨੇ ਦੋ ਥੈਲੀ ਲਾਲੋਂ ਕੀ ਦਿਤੀ, ਅਰ ਕਹਾ ਰਾਜਾ ਕੋ ਦੇਕਰ ਅਪਨਾ ਬੱਚਾ ਛੁਡਾ ਲੇ। ਮਾਈ ਨੇ ਪੱਚੀਸ ਲਾਲ ਨਿਕਾਲ ਕਰ ਸਿਪਾਹੀਓਂ ਕੋ ਦੀਏ, ਔਰ ਉਨੋਂ ਸੇ ਅਪਨਾ ਲੜਕਾ ਛੁਡਾ ਲੀਆ। ਸਿਪਾਹੀ ਲਾਲ ਲੇਕਰ ਰਾਜਾ ਪਾਸ ਗਏ । ਰਾਜਾ ਨੇ ਜਵਾਹਰੀ ਬੁਲਾਏ ਕੀਮਤ ਕਰਾਈ ਔਰ ਲਾਲ ਬੇਕੀਮਤੀ ਹੈਂ। ਐਸਾ ਸੁਨ ਕਰ ਹੈਰਾਨ ਹੂਆ ਕਹਿਨੇ ਲਗਾ ਬਾਹਰ ਸੇ ਦੇਖਨੇ ਮੇਂ ਗਰੀਬ ਹੈ ਔਰ ਹੈਨ ਬਹੁਤ ਲਾਲੋਂ ਵਾਲੇ, ਮੇਰੇ ਸੇ ਭੀ ਅਧਿਕ ਸ਼ਾਹੂਕਾਰ ਹੈਂ, ਜਲਦੀ ਵਜ਼ੀਰ ਕੋ ਬੁਲਾ ਕਰ ਅਪਨੀ ਲੜਕੀ ਕਾ ਨਾਤਾ ਭੇਜਾ, ਪਰੰਤੂ ਮਾਈ ਨੇ ਨਾਤਾ ਨ ਮੰਨਿਆ, ਤਬ ਰਾਜਾ ਰਾਣੀ ਆਪ ਲੜਕੀ ਕੋ ਲੇ ਆਏ। ਉਸੀ ਵਕਤ ਮਾਈ ਕੇ ਚਰਨੋਂ ਮੇਂ ਪੜ ਕਰ, ਮਨਾ ਕਰ ਸ਼ਾਦੀ ਕਰਾਈ। ਮਾਈ ਨੇ ਦੋ ਥੈਲੀਆਂ ਲਾਲੋਂ ਕੀ ਦਿਖਾਈਂ ਰਾਜਾ ਖੁਸ਼ ਹੂਆ। ਮਾਈ ਕੋ ਪੁਤ੍ਰ ਸਹਿਤ ਮਹਿਲੋਂ ਮੇਂ ਲੇ ਗਯਾ, ਔਰ ਲੜਕੇ ਕੋ ਰਾਜ ਗੱਦੀ ਪਰ ਬਿਠਲਾ ਕਰ ਆਪ ਈਸ਼੍ਵਰ ਸਿਮਰਣ ਕਰਨੇ ਲਗਾ । ਇਸ ਪ੍ਰਕਾਰ ਸਧਨੇ ਕਸਾਈ ਨੇ ਭੀ ਦੁਖ ਕਾਲ ਮੇਂ ਪਰਮੇਸ੍ਵਰ ਕਾ ਸਿਮਰਨ ਕਰਾ, ਤਬ ਪਰਮੇਸ੍ਵਰ ਨੇ ਰਖਯਾ ਕਰੀ ਜੈਸੇ:–

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ ॥ ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ ॥ ੧ ॥ ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥ ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥ ੧ ॥ ਰਹਾਉ ॥ ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥ ੨ ॥ ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਉ ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ਮੈ ਨਾਹੀ ਕਛੁ ਹਉ ਨਾਹੀ ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥ ੧ ॥** [ਬਿਲਾਵਲ ਸਧਨਾ ਸਫਾ ੮੫੮

ਸਧਨਾ ਕਸਾਈ ਪਹਿਲੇ ਬਕਰੇ ਮਾਰਾ ਕਰਤਾ ਥਾ । ਏਕ ਦਿਨ ਦਸਮੀ ਕੀ ਰਾਤ੍ਰੀ ਮੇਂ ਰਾਜਾ ਕੋ ਥੋੜੇ ਮਾਸ ਕੀ ਜ਼ਰੂਰਤ ਹੂਈ, ਰਾਜਾ ਨੇ ਸਧਨੇ ਪਾਸ ਆਦਮੀ ਭੇਜਾ ਕਿ ਪਾਉ ਭਰ ਮਾਸ ਭੇਜੋ, ਤਬ ਸਧਨੇ ਨੇ ਵਿਚਾਰ ਕਰਾ । ਕਲ ਏਕਾਦਸ਼ੀ ਹੈ ਮਾਸ ਕੋਈ ਲੇਗਾ ਨਹੀਂ ਔਰ ਪਰਸੋਂ ਮਾਂਸ ਬਾਸੀ ਹੋ ਜਾਏਗਾ ਖਰਾਬ ਹੋ ਜਾਏਗਾ । ਇਸ ਵਾਸਤੇ ਪਤਾਲੂ ਯਾਨੇ ਅੰਡ ਕੋਸ਼ੋਂ ਕਾ ਮਾਂਸ ਕਾਟ ਕਰ, ਰਾਜਾ ਕੋ ਭੇਜਤਾ ਹੂੰ ਬਾਕੀ ਦੁਆਦਸ਼ੀ ਕੋ ਬਕਰੇ ਕੋ ਮਾਰ ਕਰ ਬੇਚ ਦੂੰਗਾ। ਐਸਾ ਵਿਚਾਰ ਕਰ ਬਕਰੇ ਕੇ ਪਤਾਲੂ ਕਾਟਨੇ ਲਗਾ। ਤੋ ਬਕਰਾ ਹਸਨੇ ਲਗਾ। ਸਧਨਾ ਕਹਨੇ ਲਗਾ ਹਸਨੇ ਕਾ ਕਾਰਣ ਸੁਨਾਓ ? ਬਕਰਾ ਕਹਿਨੇ ਲਗਾ ਆਗੇ ਹਮਾਰਾ ਤੁਮਾਰਾ ਸਿਰੋਂ ਕਾ ਬਦਲਾ ਥਾ, ਤੂੰ ਹਮਾਰਾ ਸਿਰ ਕਾਟਤਾ ਥਾ ਹਮ ਤੁਮਾਰਾ ਸਿਰ ਕਾਟਤੇ ਥੇ ਅਬ ਯੇ ਤੂੰ ਨਵੀਂ ਰਸਮ ਪਾਨੇ ਲਗਾਂ ਹੈਂ । ਤੁਮ ਹਮਾਰੇ ਪਤਾਲੂ ਕਾਟੇਂਗਾ ਹਮ ਤੀਨ ਦਿਨ ਤੜਫਤੇ ਰਹੇਂਗੇ । ਫਿਰ ਮੈਂ ਤੁਮਾਰੇ ਪਤਾਲੂ ਕਾਟੂੰਗਾ ਤੋ ਤੂੰ ਭੀ ਤੀਨ ਦਿਨ ਤੜਫਦਾ ਰਹੇਂਗਾ। ਬਦਲੇ ਕਾ ਬਦਲਾ ਲੇਂਗੇ। ਉਸ ਦਿਨ ਸੇ ਲੇਕਰ ਸਧਨੇ ਨੇ ਬਕਰੇ ਮਾਰਨੇ ਛੋੜ ਦੀਏ, ਪਰੰਤੂ ਮਾਂਸ ਵੇਚਾ ਕਰੇ ਏਕ ਦਿਨ ਉਸਕੋ ਏਕ ਸਾਲਗ੍ਰਾਮ ਕੀ ਸ਼ਿਲਾ ਮਿਲ ਗਈ, ਸਧਨੇ ਕੋ ਪਤਾ ਨ ਥਾ ਯਹ ਸਾਲਗ੍ਰਾਮ ਵਿਸ਼ਣੂ ਕੀ ਮੂਰਤੀ ਹੈ। ਉਸਨੇ ਸਾਲਗ੍ਰਾਮ ਕੋ ਤੋਲ ਕਾ ਵੱਟਾ ਬਣਾ ਕਰ, ਉਸ ਸੇ ਮਾਂਸ ਤੋਲਾ ਕਰੇ ਕਿਸੀ ਕੋ ਘਟ ਵਧ ਨ ਦੇ। ਉਸ ਕੀ ਸਚ ਕੀ ਕਮਾਈ ਸੇ ਪਵਿਤਰ ਹਾਥ ਹੂਏ ਥੇ। ਪਵਿਤ੍ਰ ਹਾਥੋਂ ਸੇ ਜਬ ਭਗਵਾਨ ਕੋ ਵਟਾ ਸਮਝਕੇ ਹਥ ਲਗਾਤਾ ਥਾ, ਤੋ ਭਗਵਾਨ ਪ੍ਰਸੰਨ ਰਹਾ ਕਰਤੇ ਥੇ। ਏਕ ਦਿਨ ਬਜ਼ਾਰ ਮੇਂ ਮਾਂਸ ਬੇਚੰਤੇ ਏਕ ਸਾਧੂ ਨੇ ਸਧਨੇ.ਕੇ ਤਰਾਜੂ ਮੇਂ ਮਾਂਸ ਕੇ ਸਾਥ ਤੁਲਤੇ ਹੂਏ ਸਾਲਗ੍ਰਾਮ ਕੋ ਦੇਖਾ। ਦੇਖਕੇ ਸਾਧੂ ਨੇ ਕੋਪ ਕਰਕੇ ਕਹਾ, ਤੂੰ ਭਗਵਾਨ ਕੀ ਮੂਰਤੀ ਸੇ ਮਾਂਸ ਤੋਲਤਾ ਹੈਂ ? ਸਧਨੇ ਨੇ ਮਾਫੀ ਮਾਂਗੀ ਕਹਾ ਮੇਰੇ ਕੋ ਪਤਾ ਨ ਥਾ, ਔਰ ਪੂਛਾ ਅਬ ਕਿਆ ਕਰੇਂ ? ਉਸਨੇ ਕਹਾ ਮੇਰੇ ਕੋ ਦੇਹ ਮੈਂ ਨੁਵਾ ਧੁਵਾ ਪੂਜਾ ਕੀਆ ਕਰੂੰ। ਸਧਨੇ ਨੇ ਸੁਧੇ ਸੁਭਾਵ ਸੇ ਸਾਲਗ੍ਰਾਮ ਉਸ ਸਾਧੂ ਕੋ ਦੇ ਦੀਆ। ਜਬ ਸਾਧੂ ਨਵ੍ਹਾ ਧੁਆ ਕਰ ਪੂਜਾ



ਕਰਨੇ ਲਗਾ ਤਬ ਭਗਵਾਨ ਨੇ ਉਸ ਸਾਧੂ ਕਾ ਗਲਾ ਪਕੜ ਲੀਆ, ਅਰ ਕਹਾ ਤੈਨੇ ਮੇਰੇ ਕੋ ਭਗਤ ਸੇ ਵਿਛੋੜਾ ਪਾ ਦੀਆ ਹੈ, ਮੈਂ ਤੇਰੇ ਪਾਸ ਰਹਿਕੇ ਰਾਜ਼ੀ ਨਹੀਂ ਸਧਨੇ ਭਗਤ ਪਾਸ ਰਹਿ ਕੇ ਰਾਜੀ ਹੂੰ । ਤਬ ਵੋ ਸਾਧੂ ਸਾਲਗ੍ਰਾਮ ਕੋ ਲੇਕਰ ਸਧਨੇ ਪਾਸ ਆਇਆ । ਸਭ ਕਥਾ ਸੁਨਾਈ । ਸਧਨਾ ਸਭ ਕੰਮ ਛੋੜ ਕਰ ਪੂਜਾ ਕਰਨੇ ਲਗਾ, ਯੇਹ ਬਾਤ ਸਾਰੇ ਸ਼ਹਰ ਮੇਂ ਮਸ਼ਹੂਰ ਹੋ ਗਈ। ਸਧਨੇ ਕੋ ਸਬ ਭਗਤ ਜਾਣ ਕਰ ਪੂਜਨੇ ਲਗੇ, ਸਧਨਾ ਅਪਨਾ ਦੇਸ਼ ਛੋੜ ਕਰ ਪ੍ਰਯਾਗ ਰਾਜ ਚਲਾ ਗਯਾ, ਔਰ ਭਗਵਾਨ ਕੀ ਪੂਜਾ ਕਰਨੇ ਲਗਾ । ਔਰ ਭਜਨ ਕਰਨੇ ਲਗਾ ਭਗਤੀ ਕੇ ਪ੍ਰਭਾਵ ਸੇ ਸਧਨੇ ਕਾ ਨਾਮ ਮਸ਼ਹੂਰ ਹੋ ਗਿਆ। ਬਹੁਤ ਦੂਰ ਦੂਰ ਸੇ ਲੋਗ ਆਇਆ ਕਰੇਂ, ਔਰ "ਧੰਨ ਸਧਨਾ, ਧੰਨ ਸਧਨਾ" ਕਹਾ ਕਰੇਂ । ਪ੍ਰਯਾਗ ਕੇ ਪਾਂਡੇ ਦੇਖਕੇ ਈਰਖਾ ਕਰੇਂ । ਬ੍ਰਾਹਮਣੋਂ ਕਾ ਦੁਵੈਸ਼ ਬਹੁਤ ਵਧ ਗਿਆ। ਏਕ ਰਾਜਾ ਕਿਲਾ ਬਨਾਨੇ ਲਗਾ ਪਰੰਤੂ ਕਿਲਾ ਢਹਿ ਜਾਯਾ ਕਰੇ । ਤਬ ਰਾਜਾ ਨੇ ਜੋਤਸ਼ੀ ਬੁਲਾਏ ਜੋਤਸ਼ੀਓਂ ਨੇ ਈਰਖਾ ਸੇ ਕਹਾ, ਕਸਾਈ ਜਾਤ ਵਾਲਾ ਹੋਵੇ ਪ੍ਰਤਿਸ਼ਟਾ ਵਾਲਾ ਹੋਵੇ ਸਧਨਾ ਨਾਮ ਕਾ ਹੋਵੇ, ਐਸਾ ਆਦਮੀ ਨੀਵ ਮੇਂ ਦੀਆ ਜਾਵੇ ਤੋ ਕਿਲਾ ਉਸਰੇਗਾ । ਰਾਜਾ ਨੇ ਪੰਡਿਤੋਂ ਕੋ ਕਹਾ ਐਸੇ ਆਦਮੀ ਕੀ ਤੁਮ ਹੀ ਤਲਾਸ਼ ਕਰੋ। ਬ੍ਰਹਮਣ ਈਰਖਾ ਸੇ ਝਟ ਸਧਨੇ ਕੋ ਪਕੜ ਲਾਏ, ਔਰ ਨੀਵ ਮੇਂ ਚਿਨਾ ਦੀਆ ਜਬ ਗਲ ਤਕ ਚਿਨਾ ਗਯਾ । ਤਬ ਸਧਨੇ ਨੇ ਪਰਮੇਸ਼ਰ ਕੀ ਪ੍ਰਾਰਥਨਾ ਕਰੀ ਪ੍ਰਾਰਥਨਾ ਰੂਪ ਸੇ ਸਬਦ ਉਚਾਰਣ ਕੀਆ ਹੈ। ਪਹਿਲੀ ਤੁਕ ਉਚਾਰਨੇ ਸੇ ਭਗਵਾਨ ਨੇ ਕਹਾ ਸਬਰ ਕਰ ਤੇਰੀ ਰਖਜਾ ਕਰੂੰਗਾ । ਦੂਸਰੀ ਤੀਸਰੀ ਤੁਕ ਪੜਨੇ ਪਰ ਫੇਰ ਭਗਵਾਨ ਨੇ ਧੀਰਜ ਦੀਆ । ਜਬ ਚਉਥੀ ਤੁਕ ਪੜੀ ਤੋ ਇਟ ਇਟ ਉਡ ਉਡ ਕਰ ਕੁਛ ਬ੍ਰਾਹਮਣੋਂ ਕੋ ਕੁਛ ਰਾਜਾ ਕੋ ਲਗੀਂ, ਕਈਓਂ ਕੇ ਸਿਰ ਫੂਟ ਗਏ। ਰਾਜਾ ਔਰ ਬ੍ਰਾਹਮਣ ਭਗਤ ਕੇ ਚਰਨੋਂ ਮੇਂ ਗਿਰ ਕਰ ਮਾਫੀ ਮਾਂਗਨੇ ਲਗੇ, ਔਰ ਬਹੁਤ ਧਨ ਭੇਟ ਰਖ ਕਰ ਰਾਜਾ ਨੇ ਭਗਤ ਕੀ ਸੇਵਾ ਕਰੀ । ਅਬ ਸ਼ਬਦ ਕਾ ਤਾਤਪਾਰਥ ਲਿਖਤੇ ਹੈਂ । ਭਗਤ ਭਗਵਾਨ ਕੋ ਪ੍ਰਾਰਥਨਾ ਸੇ ਕਹਤੇ ਹੈਂ । ਹੇ ਭਗਵਾਨ ਆਪ ਨੇ ਏਕ ਭੇਖਧਾਰੀ ਕਾਮਾਰਥੀ, ਸੁਆਰਥੀ ਸੁਨਾਰ ਕੀ ਰਖਜਾ ਕਰੀ ਥੀ, ਜਿਸ ਕਾ ਮਿਤ੍ਰ ਤ੍ਰਿਖਾਣ ਥਾ, ਜੋ ਰਾਜ ਕੰਨਿਆਂ ਪਰ ਮੋਹਿਤ ਥਾ, ਔਰ ਕੰਨਿਆਂ ਨੇ ਪ੍ਰਤਗਯਾ ਕੀ ਕਿ ਮੈ ਸ਼ਾਮ ਸੁੰਦਰ ਚਤੁਰਭੁਜ ਕੇ ਸਾਥ ਸ਼ਾਦੀ ਕਰੂੰਗੀ, ਔਰ ਕਿਸੀ ਕੇ ਸਾਥ ਨ ਕਰੂੰਗੀ । ਰਾਜਾ ਨੇ ਉਸ ਕੋ ਏਕਾਂਤ ਮੇਂ ਏਕ ਮਹਲ ਬਨਵਾ ਦੀਆ। ਓਹ ਲੜਕੀ ਵਹਾ ਭਗਵਾਨ ਕੀ ਪੂਜਾ ਕੀਆ ਕਰਤੀ ਥੀ। ਯਹ ਬਾਤ ਦੇਸ਼ ਦੇਸ਼ਾਂਤਰ ਮੇਂ ਪ੍ਰਸਿਧ ਹੋ ਗਈ। ਔਰ ਸੁਨਾਰ ਕੇ ਲੜਕੇ ਕਾ ਸਯਾਮ ਸੁੰਦਰ ਰੂਪ ਥਾ, ਉਸ ਕੇ ਮਿਤ੍ਰ ਤਰਖਾਣ ਨੇ ਕਹਾ ਮੈਂ ਤੇਰੇ ਕੋ ਲਕੜੀ ਕੀ ਦੋ ਭੁਜਾ ਬਣਾ ਦੇਤਾ ਹੂੰ, ਔਰ ਕਲਾ ਕਾ ਗਰੁੜ ਬਣਾ ਦੇਤਾ ਹੂੰ, ਤੂੰ ਆਧੀ ਰਾਤ੍ਰੀ ਕੋ ਜਾਕਰ ਉਸ ਕੇ ਸਾਥ ਗੰਧਰਵ ਵਿਵਾਹ ਕਰਨਾ । ਜਬ ਸਾਮਾਨ ਤਿਆਰ ਹੋ ਗਿਆ। ਤਬ ਲੜਕਾ ਵਿਸ਼ਣੂ ਬਣ ਕਰ ਗਰੁੜ ਪਰ ਚੜ ਕਰ, ਆਧੀ ਰਾਤ ਕੋ ਕੰਨਿਆ ਕੇ ਮਹਲ ਪਰ ਆਇਆ ਅਰ ਕਹਾ ਮੈਂ ਤੁਮਾਰੇ ਪ੍ਰੇਮ ਸੇ ਪ੍ਰਸੰਨ ਹੋ ਕਰ, ਤੁਮਾਰੇ ਕੋ ਦਰਸ਼ਨ ਦੇਨੇ ਆਯਾ ਹੂੰ ਤੂੰ ਮੇਰੇ ਸੇ

ਮਾਜ ਗੰਧਰਵ ਵਿਵਾਹ ਕਰ ਲੇ। ਲੜਕੀ ਨੇ ਸਹੇਲੀਓਂ ਕੇ ਸਾਥ ਆਰਤੀ ਕਰਕੇ ਗੰਧਰਵ ਵਿਵਾਹ ਕੀਆ। ਵਿਸ਼ਣੂ ਰੂਪ ਸੁਨਾਰ ਨੇ ਲੜਕੀ ਸੇ ਕਹਾ ਮੈਂ ਰਾਤਿ ਰਾਤਿ ਮੇਂ ਆਯਾ ਕਰੂੰਗਾ ਔਰ ਮਨੁਸ਼ ਰੂਪ ਮੇਂ ਦੋ ਭੁਜਾਓਂ ਸੇ ਆਯਾ ਕਰੂੰਗਾ। ਜੈਸੇ ਰਾਮ ਅਵਤਾਰ ਤਥਾ ਕ੍ਰਿਸ਼ਣ ਅਵਤਾਰ ਥਾ। ਕੰਨਿਆਂ ਨੇ ਕਹਾ, ਅਛਾ, ਦੋ ਭੁਜਾ ਸੇ ਆਇਆ ਕਰੋ, ਪਰੰਤੂ ਦਰਸ਼ਨ ਜ਼ਰੂਰ ਦੀਆ ਕਰੋ। ਤਬ ਵੋ ਰੋਜ਼ ਰਾਤਿ ਕੋ ਆਯਾ ਕਰੇ ਸਵੇਰ ਕੋ ਚਲਾ ਜਾਯਾ ਕਰੇ। ਤਬ ਕੰਨਿਆਂ ਨੇ ਆਪਨੇ ਪਿਤਾ ਕੋ ਸੁਨਾਯਾ ਕਿ ਭਗਵਾਨ ਮੇਰੇ ਪਾਸ ਰੋਜ਼ ਆਤੇ ਹੈਂ ਔਰ ਗੰਧਰਵ ਵਿਵਾਹ ਕੀਆ ਹੈ। ਪਿਤਾ ਸੁਨ ਕੇ ਬੜਾ ਪ੍ਰਸੰਨ ਹੂਆ, ਫੇਰ ਕਹਨੇ ਲਗਾ ਵਿਸ਼ਣੂ ਭਗਵਾਨ ਜਬ ਹਮਾਰੇ ਜਵਾਈ ਬਨ ਗਏ ਹੈਂ, ਤੋ ਮੇਰੇ ਕੋ ਕਿਆ ਚਿੰਤਾ ਹੈ ਸਭ ਫੌਜ ਹਟਾ ਦਿਤੀ, ਏਕ ਸ਼ਤਰੂ ਰਾਜਾ ਨੇ ਚੜ੍ਹਾਈ ਕਰੀ, ਤਬ ਰਾਜਾ ਨੇ ਕੰਨਿਆਂ ਕੋ ਕਹਾ ਭਗਵਾਨ ਕੋ ਕਹੋ ਔਰ ਪ੍ਰਾਰਥਨਾ ਕਰੋ, ਤੋ ਵੋ ਸੁਨਾਰ ਭਗਵਾਨ ਕ੍ਰਿਸ਼ਣ ਕੋ ਪ੍ਰਾਰਥਨਾ ਕਰਨੇ ਲਗਾ, ਕਿ ਮੈਨੇ ਆਪ ਕਾ ਭੇਖ ਲੀਆ ਹੈ ਭੇਖ ਕੀ ਲੱਜਾ ਰਖੋ ਮੈਂ ਕੋਈ ਭਗਵਾਨ ਵਿਸ਼ਣੂ ਤੋ ਨਹੀਂ। ਤਬ ਹੇ ਭਗਵਾਨ ਆਪ ਨੇ ਯੁਧ ਕਰਕੇ ਰਾਜਾ ਕੀ ਜਯ ਕਰਾਈ, ਔਰ ਭੇਖ ਧਾਰੀ ਭਗਤ ਕੀ ਪੈਜ ਰਖੀ। ਤੈਸੇ ਮੇਰੀ ਭੀ ਪੈਜ ਰਖੋ। ਜਬ ਸਧਨੇ ਨੇ ਜੇ ਪ੍ਰਾਰਥਨਾ ਕਰੀ ਤੋ ਭਗਵਾਨ ਕਹਨੇ ਲਗੇ ਤੁਮਾਰੇ ਕੋ ਕਰਮ ਕਾ ਫਲ ਭੋਗਨਾ ਪੜੇਗਾ, ਮੇਰੀ ਸ਼ਰਨ ਆਨੇ ਪਰ ਭੀ ਹਟੇਗਾ, ਤਬ ਸਧਨਾ ਭਗਤ ਕਹਿਨੇ ਲਗਾ ਹੇ ਜਗਤ ਗੁਰੋ ਪ੍ਰਮੇਸ਼ਰ, ਜੇਕਰ ਕਰਮ ਨ ਹਟੇ ਤੋ ਆਪ ਕਾ ਮੇਰੇ ਪਰ ਕਿਆ ਉਪਕਾਰ (ਅਹਿਸਾਨ) ਹੂਆ। ਯਾਨੇ ਆਪ ਕੀ ਸ਼ਰਣ ਮੇਂ ਆਨੇ ਕਾ ਕਿਅ ਫਾਇਦਾ ਹੂਆ। ਸ਼ੇਰ ਕੀ ਸ਼ਰਣ ਮੇਂ ਜਾਨੇ ਕਾ ਕਿਆ ਫਾਇਦਾ ਹੈ? ਜੋ ਸ਼ੇਰ ਕੇ ਪਾਸ ਰਹਤੇ ਗਿਦੜ ਖਾ ਜਾਵੇ, ਫਿਰ ਅਕਾਸ਼ ਬਾਣੀ ਹੂਈ ਜ਼ਰਾ ਸਬਰ ਕਰ ਤੇਰੇ ਕੋ ਅਨੰਤ ਪਦਾਰਥੋਂ ਕਾ ਲਾਭ ਹੋਗਾ। ਤਬ ਭਗਤ ਕਹਨੇ ਲਗਾ ਚਾਤ੍ਰਿਕ ਯਾਨੇ ਪਪੀਹਾ ਏਕ ਬੂੰਦ ਵਾਸਤੇ ਵਿਰਲਾਪ ਕਰਤਾ ਹੈ। ਪਹਿਲੇ ਏਕ ਬੂੰਦ ਬੀ ਨ ਮਿਲੇ ਪ੍ਰਾਣ ਨਿਕਲ ਜਾਨੇ ਕੇ ਪੀਛੇ ਅਗਰ ਸਮੁੰਦਰ ਮਿਲੇ ਤੋ ਕਿਸੀ ਕਾਮ ਮੇਂ ਨਹੀਂ ਆਤਾ। ਭਗਵਾਨ ਨੇ ਕਹਾ ਥੋੜਾ ਧੀਰਜ ਤੋ ਕਰ ਤਬ ਭਗਤ ਕਹਨੇ ਲਗਾ ਪ੍ਰਾਣ ਥਕ ਗਏ ਹਨ ਸ਼ਰੀਰ ਥਿਰ ਨਹੀਂ ਕੈਸੇ ਧੀਰਜ ਕਰੂੰ। ਕਹਾ ਤੇਰੇ ਕੋ ਤਾਰੇਂਗੇ। ਭਗਤ ਕਹਤਾ ਹੈ ਡੂਬ ਜਾਨੇ ਪਰ ਨਉਕਾ ਮਿਲੇਗੀ ਤੋ ਕਿਸਕੋ ਤਾਰੋਗੇ? ਭਗਵਾਨ ਕਹਤੇ ਹੈਂ। ਤੇਰੇ ਮੇਂ ਅਭਿਮਾਨ ਹੈ, ਭਗਤ ਕਹਨੇ ਲਗਾ ਮੈਂ ਕੁਛ ਚੀਜ਼ ਨਹੀਂ ਨ ਮੇਰੀ ਕੋਈ ਚੀਜ਼ ਹੈ। ਮੇਰੀ ਰਖਯਾ ਕਰੋ। ਤਬ ਭਗਵਾਨ ਨੇ ਆਕੇ ਰਖਯਾ ਕਰੀ। ਇਸ ਪ੍ਰਕਾਰ ਭਗਵਾਨ ਕੋ ਜੋ ਜੋ ਜਹਾਂ ਜਹਾਂ ਯਾਦ ਕਰਤਾ ਹੈ ਵਹਾਂ ਵਹਾਂ ਭਗਵਾਨ ਉਸ ਕੀ ਮਦਦ ਕਰਤਾ ਹੈ। ਸਿਮਰਣ ਭਗਤੀ ਕੋ ਗੁਰੂ ਜੀ ਭੀ ਕਹਤੇ ਹੈਂ।

**ਜੀਅ ਜੁਗਤਿ ਜਾਕੈ ਹੈ ਹਾਥ ॥ ਸੋ ਸਿਮਰਹੁ ਅਨਾਥ ਕੋ ਨਾਥੁ ॥...ਜਿਨ ਧਾਰੇ ਬਹੁ ਧਰਣਿ ਅਗਾਸ ॥ ਜਾਂਕੀ ਜੋਤਿ ਜੀਅ ਪਰਗਾਸ ॥ ਜਾਕੀ ਬਖਸਿ ਨ ਮੇਟੈ ਕੋਇ ॥ ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ ॥ ਆਠ**



**ਪਹਰ ਸਿਮਰਹੁ ਪ੍ਰਭ ਨਾਮੁ ॥ ਅਨਿਕ ਤੀਰਥ ਮਜਨੁ ਇਸਨਾਨੁ ॥**

[ਗਉੜੀ ਗੁਆਰੇਰੀ ਮ: ੫ ਸਫਾ ੧੮੪

**ਜਾਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ॥ ਚਾਰ ਪਦਾਰਥ ਨਵ ਨਿਧਿ ਪਾਵਹਿ ਬਹੁੜ ਨ ਤ੍ਰਿਸਨਾ ਭੁਖੀ ॥ ਜਾਕੋ ਨਾਮੁ ਲੈਤ ਤੂ ਸੁਖੀ ॥ ਸਾਸਿ ਸਾਸਿ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ ॥ ੧ ॥ ਰਹਾਉ ॥ ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ ॥ ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣ ਰੁਖੀ ॥**

[ਸੋਰਠ ਮ: ੫ ਸਫਾ ੬੧੭

**ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥ ਕੋਟ ਜਨਮ ਕੇ ਕਿਲ ਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ ਦੇਖਿ ਸਰੂਪੁ ਪੂਰਨੁ ਭਈ ਆਸ ਦਰਸਨੁ ਭੇਟਤ ਉਤਰੀ ਭੁਖ ॥ ੧ ॥ ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥ ੬ ॥**

[ਟੋਡੀ ਮ: ੫ ਸਫਾ ੭੧੭

**ਰਾਮ ਨਾਮ ਕਉ ਨਮਸਕਾਰ ॥ ਜਾਸੁ ਜਪਤ ਹੋਵਤ ਉਧਾਰ ॥੧॥ ਰਹਾਉ ॥ ਜਾਕੈ ਸਿਮਰਨਿ ਮਿਟਹਿ ਧੰਧ ॥ ਜਾਕੈ ਸਿਮਰਨਿ ਛੂਟਹਿ ਬੰਧ ॥ ਜਾਕੈ ਸਿਮਰਨਿ ਮੂਰਖ ਚਤੁਰ ॥ ਜਾਕੈ ਸਿਮਰਨਿ ਕੁਲਹ ਉਧਰ ॥ ੧ ॥ ਜਾਕੈ ਸਿਮਰਨਿ ਭਉ ਦੁਖ ਹਰੈ ॥ ਜਾਕੈ ਸਿਮਰਨਿ ਅਪਦਾ ਟਰੈ ॥ ਜਾਕੈ ਸਿਮਰਨਿ ਮੁਚਤ ਪਾਪ ॥ ਜਾਕੈ ਸਿਮਰਨਿ ਨਹੀ ਸੰਤਾਪ ॥ ੨ ॥ ਜਾਕੈ ਸਿਮਰਨਿ ਰਿਦ ਬਿਗਾਸ ॥ ਜਾਕੈ ਸਿਮਰਨਿ ਕਵਲਾ ਦਾਸਿ ॥ ਜਾਕੈ ਸਿਮਰਨਿ ਨਿਧਿ ਨਿਧਾਨ ॥ ਜਾਕੈ ਸਿਮਰਨਿ ਤਰੇ ਨਿਦਾਨ ॥ ੩ ॥ ਪਤਿਤ ਪਾਵਨੁ ਨਾਮੁ ਹਰੀ ॥ ਕੋਟਿ ਭਗਤ ਉਧਾਰੁ ਕਰੀ ॥ ਹਰਿਦਾਸ ਦਾਸਾ ਦੀਨੁ ਸਰਨਿ ॥ ਨਾਨਕ ਮਾਥਾ ਸੰਤ ਚਰਨ ॥੪॥੨॥**

[ਮਾਲੀ ਗਉੜਾ ਮ: ੫ ਸਫਾ ੯੮੬

ਯਹ ਗੁਰੂ ਜੀ ਕੇ ਵਚਨ ਸ੍ਰਵਨ ਕਰ ਏਕ ਪ੍ਰੇਮੀ ਭਗਵਾਨ ਕਾ ਸਿਮਰਨ ਕਰਨੇ

ਲਗਾ ਭਗਵਾਨ ਕੋ ਇਨ ਸ਼ਲੋਕੋਂ ਸੇ ਬੁਲਾਯਾ ਕਰੇ ।

**ਏਹਿਏਹਿ ਕ੍ਰਿਸ਼ਣ ਸਕ੍ਰਿਦੇਵ ਭਵ ਅਤਿਥੀ:ਮੇ ॥ ਪਦਾਂਬੁਜੇ ਤਵਨਿਵੇਦਨੰ ਏਤਦੇਵ ॥ ਹੇ ਪਿਰਾਣੇਸ਼ ਹ੍ਰਿਦੇ ਕੋਮਲ ਪਦੰ ਤਲਪੇ ਸ਼ੈਯਾਮਿ ਸੁਚਿਰੰ ਨ ਵਿਸਰਜਯਾਮਿ ॥ ੧ ॥ ਏਹਿ ਏਹਿ ਕ੍ਰਿਸਨ ਸਕ੍ਰਿਦੇਵ ਭਵ ਅਤਿਥੀ: ਤ੍ਵੰ ॥ ਹੇ ਭਗਤ ਵਤਸਲ ਗ੍ਰਿਹਾਣ ਨਿਮੰਤ੍ਰਣੰ ਮੇ, ਪ੍ਰੇਮਅਸ੍ਰੁ ਪਾਤੇ ਪਰਧਊਤ ਪਦਾਂਬੁਜੇ ॥ ਆਤਮਾਨੰ ਏਵ ਅੰਜਲੀਂ ਉਤ੍ਸ੍ਰਿਜਯਾਮਿ ॥ ੨ ॥**

ਟੀਕਾ-ਸ੍ਰੀ ਕ੍ਰਿਸ਼ਣ ! ਆਜਾ ਆਜਾ ਏਕ ਵਾਰੀ ਮੇਰੇ ਪਾਸ ਅਥਿਤੀ ਬਣ ਕੇ ਆਜਾ, ਆਪ ਕੇ ਚਰਣ ਕਵਲੋਂ ਮੇਂ ਮੇਰੀ ਯਹੀ ਪ੍ਰਾਰਥਨਾਂ ਹੈ । ਤੋ ਏਕ ਵਾਰੀ ਜ਼ਰੂਰ ਦਰਸ਼ਨ ਦਿਓ, ਔਰ ਹੇ ਪ੍ਰਾਣੇਸ਼ ਯਾਨੇ ਪ੍ਰਾਣੋਂ ਕੇ ਸੁਆਮੀ ਮੇਰੀ ਭਾਵਨਾ ਹੈ, ਕਿ ਮੈਂ ਆਪ ਕੋ ਅਪਨੇ ਕੋਮਲ ਹਿਰਦੇ ਰੂਪੀ ਫੂਲੋਂ ਕੀ ਸ਼ੇਯਾ ਮੈਂ ਚਿਰ ਕਾਲ ਤਕ ਸ਼ਯਨ ਕਰਾਊਂ, ਯਾਨੇ ਹਿਰਦੇ ਮੇਂ ਰਖੂੰ, ਆਪ ਕੋ ਕਤਾਚਿਤ ਨ ਤਿਆਗੂੰ । ੧ । ਆ ਜਾਓ ਆ ਜਾਓ ਹੇ ਕ੍ਰਿਸ਼ਣ ਏਕ ਵਾਰੀ ਮੇਰਾ ਅਤਿਥੀ ਬਣ ਜਾਓ, ਨਹੀਂ ਤੋ ਹੇ ਭਗਤ ਵਤਸਲ ਮੇਰਾ ਨਿਮੰਤ੍ਰਣ ਗ੍ਰਹਣ ਕਰੋ । ਔਰ ਹੇ ਭਗਵਨ ਪ੍ਰੇਮ ਭਰੇ ਨੇਤਰੋਂ ਕੇ ਜਲ ਸੇ ਆਪ ਕੇ ਚਰਨ ਧੋ ਕਰ, ਉਨ ਚਰਨੋਂ ਤੇ ਅਪਨਾ ਤਨ ਮਨ ਰੂਪ ਫੂਲ ਚੜ੍ਹਾਊਂਗਾ । ਇਸ ਪ੍ਰਕਾਰ ਸ੍ਰੀ ਕ੍ਰਿਸ਼ਣ ਜੀ ਕੋ ਹਿਰਦੇ ਮੇਂ ਰਾਤ ਦਿਨ ਰਖਤਾ ਭਯਾ । ਪ੍ਰਮਾਣ:-

**ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥ ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥ ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥ ਜਿਤੁ ਸੇਵਿਐ ਦਰਗਹ ਸੁਖ ਪਾਈਐ ਨਾਮੁ ਤਿਸੈ ਕਾ ਲੀਜੈ ॥ ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥ ਸਾਹਿਬ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥**

[ਵਡਹੰਸ ਮ: ੧ ਸਫਾ ੫੭੯

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥ ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ॥ ੧ ॥ ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥ ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥ ੧ ॥ ਰਹਾਉ ॥ ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥ ਜਿਸੁ ਨਾਮੁ ਰਿਦੈ ਤਿਸੁ ਸਹਿਜ ਸੁਖੈਨਾ ॥ ਜਿਸੁ ਨਾਮੁ ਰਿਦੈ ਸੋ ਸੀਤਲੁ ਹੂਵਾ ॥ ਨਾਮੁ ਬਿਨਾ**



**ਧ੍ਰਿਗੁ ਜੀਵਣੁ ਮੂਆ ॥ ੨ ॥ ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥ ਜਿਸੁ ਨਾਮੁ ਤਿਨਿ ਨਉਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩ ॥ ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥ ਜਿਸੁ ਨਾਮੁ ਰਿਦੈ ਤਿਸੁ ਸਦਹੀ ਲਾਹਾ ॥ ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥ ਨਾਮ ਬਿਨਾ ਮਨਮੁਖ ਗਾਵਾਰਾ ॥ ੪ ॥ ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥ ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮ ਹੀਣ ਨਾਹੀ ਪਤਿ ਵੇਸਾਹੁ ॥ ੫ ॥ ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥ ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥ ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ॥ ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥੭॥ ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲੁ ॥ ਸਾਧ ਸੰਗਤਿ ਮਹਿ ਲਖੈ ਗੋੁਪਾਲ ॥ ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥**

[ਭੈਰਉ ਮ: ੫ ਸਫਾ ੧੧੫੫

ਤਥਾ-ਭਗਵਾਨ ਵਚਨ-**ਜੋ ਕੋਈ ਚਿਤ ਸੇ ਮੋਹਿ ਨ ਬਿਸਾਰੇ ॥ ਮੈ ਨ ਬਿਸਾਰੂੰ ਪ੍ਰਣ ਹੈ ਮੇਰਾ ॥ ਧਰਮ ਪ੍ਰਿਯ ਹੋ ਤੋ ਧਰਮ ਬਢਾਊ ॥ ਸਫਲ ਕਾਰਯ ਅਰਥ ਜਿਤਾਊ ॥ ਮੁਕਤੀ ਚਹੇ ਤੋ ਪਾਰ ਲੰਘਾਊਂ ॥ ਛਿਨ ਪਲ ਮਾਂਹਿ ਨ ਲਾਗਤ ਬੇਰਾ ॥ ਰੋਗ ਹਰੂੰ ਚਿੰਤਾ ਕੋ ਟਾਰੂੰ ॥ ਅਭੈ ਕਰੂੰ ਸਤ੍ਰਨ ਕੋ ਮਾਰੂੰ ॥ ਨਿਰਭੈ ਕਰ ਜਨ ਵੇਗ ਉਧਾਰੂੰ ॥ ਸੇਵਾ ਕਰੂੰ ਆਪ ਬਨ ਚੇਰੋ ॥ ਭਗਤ ਹੇਤ ਨਰ ਦੇਹ ਧਰਤ ਹੂੰ ॥ ਸੰਕਟ ਮਾਂਹਿ ਸਹਾਯ ਕਰਤ ਹੂੰ ॥ ਅਸੁਰ ਮਾਰਿ ਭੂ ਭਾਰ ਹਰਤ ਹੂੰ ॥ ਭਗਤਨ ਹ੍ਰਿਦੈ ਕਰਤ ਨਿਤ ਡੇਰਾ॥ ਬਲਿ ਕੇ ਦੁਆਰ ਰਹੂੰ ਨਿਤ ਠਾਂਢੇ ॥ ਦ੍ਰੁਪਦ ਸੁਤਾ ਕੇ ਅੰਬਰ ਬਾਢੇ ॥ ਡੂਬਤ ਗਜ ਕੇ ਜਲ ਤੇ ਕਾਢੇ ॥ ਭਗਤਨ ਕੇ ਨਿੱਤ ਕਰਤ ਨਿਬੇਰਾ ॥**

ਇਸ ਪ੍ਰਕਾਰ ਤੀਸਰੀ ਸਿਮਰਣ ਭਗਤੀ ਸਮਾਪਤ ਕਰੀ ।

# ਚਉਥੀ ਭਗਤੀ ਪਾਦ ਸੇਵਨ

ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥ ਦੁਤੀਆ ਭਾਉ ਬਿਪਰੀਤਿ ਅਨੀਤ ਦਾਸਹ ਨਹ ਭਾਵਏ ਜੀਉ ॥ ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥ ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥ ਮਿਲ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧ ਸੰਗਿ ਮਿਲਿ ਗਾਵਏ ॥ ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ ॥

ਸ੍ਰੀ ਰਾਗ ਛੰਤ ਮ: ੫ ਸਫਾ ੮੦

ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ ॥ ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥ ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥ ਸ੍ਰੀ ਰਾਗ ਛੰਤ ਮ: ੫ ਸਫਾ ੭੯

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥ ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਰਾਰੇ ॥ ੧ ॥ ਰਹਾਉ ॥ ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ ॥ ਦੀਨੁ ਦੁਆਰੈ ਆਇਓ ਠਾਕੁਰ ਸਰਨਿ ਪਰਿਓ ਸੰਤ ਹਾਰੇ ॥ ਕਹੁ ਨਾਨਕ ਪ੍ਰਭੁ ਮਿਲੇ ਮਨੋਹਰ ਮਨੁ ਸੀਤਲ ਬਿਗਸਾਰੇ ॥ ੨ ॥ ੩ ॥੨੯॥ [ਦੇਵਗੰਧਾਰੀ ਮ: ੫ ਸਫਾ ੫੩੪

ਪ੍ਰਭੁ ਤੇਰੇ ਪਗ ਕੀ ਧੂਰਿ ॥ ਦੀਨ ਦਇਆਲ ਪ੍ਰੀਤਮ ਮਨ ਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥ ਦਹਦਿਸਿ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥ ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥ ੧ ॥ ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥ ਸੁਖ ਸੰਪਤਿ ਭੋਗ ਇਸ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥ [ਟੋਡੀ ਮ: ੫ ਸਫਾ ੭੧੬

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥ ਮਹਾ ਪਤਿਤ



ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥ [ਟੋਡੀ ਮ: ੫ ਸਫਾ ੭੧੨

ਤਥਾ–ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥ [ਤਿਲੰਗ ਮ: ੫ ਸਫਾ ੭੨੪

ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ ਸਦਾ ਸਦਾ ਉਪਕਾਰੇ ॥
ਤਥਾ–ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥
ਪਾਵਉ ਦਾਨੁ ਢੀਠ ਹੋਇ ਮਾਂਗਉ ਮੁਖਿ ਲਾਗੈ ਸੰਤ ਰੇਨਾਰੇ ॥

ਏਕ ਭਗਤ ਏਕਾਂਤ ਮੇਂ ਬੈਠ ਪ੍ਰਮਾਤਮਾ ਕੇ ਚਰਨੋਂ ਕਾ ਧਿਆਨ ਕਰ ਰਹਾ ਥਾ। ਭਗਵਾਨ ਪ੍ਰਸੰਨ ਹੂਆ ਦਰਸ਼ਨ ਦੀਆ ਕਹਾ ਵਰ ਮਾਂਗ ਤਬ ਭਗਤ ਯਹ ਵਰ ਮਾਂਗਤਾ ਹੈ:-

ਮਾਂਗਉ ਰਾਮ ਤੇ ਇਕੁ ਦਾਨੁ ॥ ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥ ੧ ॥ ਰਹਾਉ ॥ ਚਰਨ ਤੁਮਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥ ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥ ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧੵੰਤ ਪ੍ਰਭੁ ਜਾਪਣ ॥ ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ ॥ [ਧਨਾਸਰੀ ਮ: ੫ ਸਫਾ ੬੮੨

ਭਗਵਾਨ ਕਹਿਨੇ ਲਗੇ ਕੋਈ ਰਾਜ ਮਾਂਗ ਮੁਕਤੀ ਮਾਂਗ ਪਰੰਤੂ ਭਗਤ ਕਹਿਨੇ ਲਗਾ :-

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ [ਦੇਵਗੰਧਾਰੀ ਮ: ੫ ਸਫਾ ੫੩੪

ਕਿਉਂਕਿ ਮੈਨੇ ਚਰਨੋਂ ਕਾ ਮਹਾਤਮ ਉਸ ਸੇ ਭੀ ਜਿਆਦਾ ਸੁਨਾ ਹੈ।

ਯਥਾ–ਹਰਿ ਕੇ ਚਰਣ ਰਿਦੈ ਮਹਿ ਬਸੇ ॥ ਜਨਮ ਜਨਮ ਕੇ ਕਿਲ ਵਿਖ ਨਸੇ ॥ ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸੁ ॥ ਚਰਨ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥ [ਗਉੜੀ ਮ: ੫ ਸਫਾ ੧੯੦

ਮੇਰੇ ਗੁਰਦੇਵ ਨੇ ਭੀ ਯਹੀ ਉਪਦੇਸ਼ ਕਰਾ ਹੈ। ਤਾਤੇ ਮੇਰੇ ਕੋ ਰਾਜ ਆਦਿਕੋਂ ਕੀ ਇਛਾ ਨਹੀਂ ਕੇਵਲ ਚਰਨੋਂ ਕੀ ਪਿਆਸ ਹੈ। ਜੈਸੇ ਇਕ ਸੰਤ ਕੋ ਭਗਵਾਨ ਕੇ ਚਰਨੋਂ ਕੀ ਪਿਆਸ ਸੀ ਵੋਹ ਅਪਨੇ ਮਿਤ੍ਰ ਕੋ ਕਹਿ ਰਹੇ ਹਨ :-

ਸਖੀ ਇਛਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥ ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ [ਗਉੜੀ ਮ: ੫ ਸਫਾ ੨੪੯

ਅੰਤ ਏਕ ਸੰਤ ਕਾ ਮਾਤ [illegible]

ਆਪ ਕਾ ਐਸਾ ਚਿਤ ਸ਼ਾਂਤ ਹੂਆ ਹੈ। ਤੋ ਉਨੋਂ ਨੇ ਮੇਰੇ ਕੋ ਯਹ ਸ਼ਬਦ ਸੁਨਾਯਾ :-

**ਮਨ ਤਨ ਅੰਤਰਿ ਪ੍ਰਭੁ ਆਹੀ ॥ ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲ ਕਿਛੁ ਨਾਹੀ ॥ ੧ ॥ ਰਹਾਉ ॥ ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥ ਚਰਨ ਪ੍ਰਭੂ ਕੇ ਬੋਹਿਥ ਪਾਏ ਭਵਸਾਗਰੁ ਪਾਰਿ ਪਰਾਹੀ ॥ ਸੰਤ ਸੇਵਕ ਭਗਤ ਹਰਿ ਤਾਕੇ ਨਾਨਕੁ ਮਨੁ ਲਾਗਾ ਹੈ ਤਾਹੀ ॥**
[ਬਿਲਾਵਲ ਮ: ੫ ਸਫਾ ੮੨੪

ਤਥਾ ਸੰਤੋਂ ਨੇ ਮੇਰੇ ਕੋ ਸਿਖਯਾ ਦਿਤੀ ਸੀ ਕਿ ਪਰਮੇਸ਼ਰ ਸੇ ਰਾਜ ਆਦਿ ਨ ਮਾਂਗਨਾ ਉਨ ਮੇਂ ਸੁਖ ਨਹੀਂ।

**ਰਾਜ ਨ ਭਾਗ ਨ ਹੁਕਮ ਨ ਸਾਦ ਨ ਕਿਛੁ ਕਿਛੁ ਨ ਚਾਹੀ ॥ ਚਰਨਨ ਸਰਨਨ ਸੰਤਨ ਬੰਦਨ ਸੁਖੋ ਸੁਖੁ ਪਾਹੀ ॥ ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ ॥**
[ਆਸਾ ਮ: ੫ ਸਫਾ ੪੦੬

ਔਰ ਸੰਤੋਂ ਨੇ ਕਹਾ ਹੈ ਹੋਰ ਉਪਾਯ ਨ ਕਰਨਾ ਰਿਦੇ ਮੇਂ ਚਰਨੋਂ ਕਾ ਧਿਆਨ ਰਖਨਾ :-

**ਅਵਰਿ ਉਪਾਵ ਸਭਿ ਮੀਤ ਬਿਸਾਰਹੁ॥ ਚਰਨ ਕਮਲ ਰਿਦ ਮਾਹਿ ਉਰਿਧਾਰਹੁ ॥**
[ਗਉੜੀ ਸੁਖਮਨੀ ਮ: ੫ ਸਫਾ ੨੮੮

ਸੰਤੋਂ ਨੇ ਕਹਾ ਅਗੇ ਵੀ ਪਰਮਾਤਮਾ ਕੋ ਸਰਵ ਰੂਪ ਜਾਣ ਕਰ ਚਰਨੋਂ ਕਾ ਧਿਆਨ ਕਰ ਸੰਸਾਰ ਸੇ ਕਿਤਨੇ ਹੀ ਤਰ ਗਏ ਹੈਂ। ਜੈਸੇ ਪ੍ਰਮਾਣ :-

**ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ॥**
[ਗਉੜੀ ਮ: ੫ ਸਫਾ ੨੦੩

ਔਰ ਮੇਰੇ ਕੋ ਭੀ ਯਹ ਹੀ ਉਪਦੇਸ ਕਰਤੇ ਰਹੇ :-

**ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾਕੀ ਆਉ ॥ ਚਰਨ ਕਮਲ ਅਰਾਧਿ ਹਿਰਦੈ ਏਕ ਸਿਉ ਲਿਵ ਲਾਉ ॥**
[ਗੂਜਰੀ ਮ: ੫ ਸਫਾ ੫੦੧

ਤਾਤੇ ਮੇਰੇ ਤੇ ਯਦਿ ਆਪ ਪ੍ਰਸੰਨ ਹੋਏ ਹੋ ਤੋ ਯਹ ਵਰ ਦੋ। ਜੈਸੇ ਪ੍ਰਮਾਣ :-

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ ਮਨੁ ਸੁਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥**
[ਧਨਾਸਰੀ ਰਵਿਦਾਸ ਸਫਾ ੬੯੪



ਤਬ ਪਰਮਾਤਮਾ ਕਹਿਨੇ ਲਗੇ ਐਸੇ ਹੀ ਹੋਗਾ ਤਬ ਵੋਹ ਭਗਤ ਚਰਨੋਂ ਕਾ ਧਿਆਨ ਕਰਕੇ ਹੀ ਸੰਸਾਰ ਸੇ ਤਰ ਗਯਾ ਉਸਕਾ ਭਾਵ ਗੁਰੂ ਜੀ ਇਸ ਸ਼ਬਦ ਮੇਂ ਲਿਖਤੇ ਹੈਂ।

ਪ੍ਰਮਾਣ:- **ਵਡੈ ਭਾਗਿ ਭੇਟੇ ਰੁਰ ਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥ ਚਰਨ ਕਮਲ ਜਾਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥ ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ॥**
[ਧਨਾਸਰੀ ਮ: ੫ ਸਫਾ ੬੭੩

ਤਥਾ- **ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ ॥ ਕਰੁ ਗਹਿ ਲੀਨੇ ਸਰਬ ਸੁ ਦੀਨੇ ਦੀਪਕ ਭਇਓ ਉਜਾਰੋ ॥ ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾ ਤਾਰੋ ॥**
[ਸਾਰਗ ਮ: ੫ ਸਫਾ ੧੨੨੫

**ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ ਚਰਨ ਭਜੇ ਪਾਰ-ਬ੍ਰਹਮ ਕੇ ਸਭਿ ਜਪ ਤਪ ਤਿਨੀ ਕੀਤਿ ॥**
[ਸ੍ਰੀ ਰਾਗ ਮ: ੫ ਸਫਾ ੪੮

ਪਾਦ ਸੇਵਾ ਰੂਪ ਭਗਤੀ ਪਹਿਲ ਲਖਮੀ ਜੀ ਕਰਤੀ ਰਹੀ। ਪ੍ਰਮਾਣ ਵੈਰਾਗ ਸ਼ਤਕ-

**ਜਿਹਿ ਸ਼ੇਸ਼ ਕੀ ਸੇਜ ਪੈ ਸੈਨ ਕਿਯੋ ਪਦ ਕੋਮਲ ਕੋ ਮਲਤੀ ਕਮਲਾਹੀ ॥**

ਤਥਾ ਪਾਦ ਸੇਵਨ ਰੂਪ ਭਗਤੀ ਕਾ ਮਹਾਤਮ ਗੁਰੂ ਜੀ ਭੀ ਲਿਖਤੇ ਹੈਂ:-

**ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥**
[ਗਉੜੀ ਮ: ੫ ਸਫਾ ੧੯੮

**ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥ ਪੂਜਾ ਅਰਚਾ ਬੰਦਨ ਦੇਵਾ ਜੀਉ ॥ ਦਾਸਨਿਦਾਸ ਨਾਮੁ ਜਪਿ ਲੇਵਾ ਜੀਉ ॥**
[ਗਉੜੀ ਮ: ੫ ਸਫਾ ੨੧੭

**ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥ ਦਾਸਨਿ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥**
[ਆਸਾ ਮ: ੫ ਸਫਾ ੩੭੭

ਤੈਸੇ ਪਾਦ ਸੇਵਨ ਭਗਤੀ ਰਾਧਾ ਜੀ ਕਰਤੀ ਭਈ। ਰਾਧਾ ਜੀ ਹਰਿ ਵਕਤ ਭਗਵਾਨ ਕ੍ਰਿਸ਼ਨ ਜੀ ਕੇ ਚਰਨੋਂ ਕੋ ਹਿਰਦੇ ਮੇਂ ਰਖਤੀ ਸੀ। ਜਬ ਕ੍ਰਿਸ਼ਨ ਭਗਵਾਨ ਦੁਆਰਕਾ ਸੇ ਕੁਰੂਖੇਤ੍ਰ ਆਏ ਥੇ। ਤਬ ਬ੍ਰਿਜ ਸੇ ਰਾਧਾ ਸਹਿਤ ਗੋਪੀਆਂ ਭੀ ਕੁਰੂਖੇਤ੍ਰ ਮੇਂ ਆਈਂ। ਭਗਵਾਨ ਕ੍ਰਿਸ਼ਣ ਜੀ ਨੇ ਰੁਕਮਣੀ ਕੇ ਆਗੇ ਰਾਧਾ ਜੀ ਕੀ ਸਤੁਤੀ ਕਰੀ, ਰੁਕਮਣੀ ਸਹ ਨ ਸਕੀ। ਉਸਨੇ ਗਰਮ ਗਰਮ ਦੂਧ ਰਾਧਾ ਜੀ ਕੋ ਪਿਲਾਯਾ। ਹਿਰਦੇ ਮੇਂ ਭਗਵਾਨ ਕ੍ਰਿਸ਼ਣ ਜੀ ਕੇ ਚਰਣ ਵਸਤੇ ਸੀ। ਗਰਮ ਦੂਧ ਸ੍ਰੀ ਕ੍ਰਿਸਨ ਜੀ ਕੇ ਚਰਨੋਂ ਪਰ ਪੜਾ ਛਾਲੇ ਪੜ ਗਏ। ਜਬ ਭਗਵਾਨ ਰੁਕਮਣੀ ਕੇ ਪਾਸ ਆਏ ਤਾ ਪਾਉਂ ਮੇਂ ਛਾਲੇ ਦੇਖੇ

ਰੁਕਮਣੀ ਨੇ ਪੂਛਾ ਯੇ ਛਾਲੇ ਕੈਸੇ ਪੜੇ ? ਭਗਵਾਨ ਨੇ ਕਹਾ ਤੇਰੇ ਗਰਮ ਦੂਧ ਸੇ । ਕਹਾ ਕੈਸੇ ? ਭਗਵਾਨ ਨੇ ਕਹਾ ਤੈਨੇ ਰਾਧਾ ਕੋ ਈਰਖਾ ਸੇ ਗਰਮ ਦੂਧ ਪਿਲਾਯਾ ਰਾਧਾ ਕੇ ਹਿਰਦੇ ਮੇਂ ਮੇਰੇ ਚਰਣ ਨਿਵਾਸ ਕਰਤੇ ਹੈਂ । ਗਰਮ ਦੂਧ ਲਗਨੇ ਸੇ ਛਾਲੇ ਪੜ ਗਏ । ਇਸ ਪ੍ਰਕਾਰ ਰਾਧਾ-ਜੀ ਪਾਦ ਸੇਵਨ ਰੂਪ ਚਤੁਰਥ ਭਗਤੀ ਕਰਤੀ ਰਹੀ ਤਥਾ ਊਧੋਂ ਜੀ ਪਾਦ ਸੇਵਨ ਰੂਪ ਭਗਤੀ ਕਰਤੇ ਰਹੇ । ਪ੍ਰਮਾਣ ਗ੍ਰੰਥ ਪਾਤਸ਼ਾਹੀ ੧੦:-

**ਜੇ ਪਦ ਪੰਕਜ ਸ਼ੇਸ਼ ਮਹੇਸ਼ ਸੁਰੇਸ਼ ਦਿਨੇਸ਼ ਨਿਸ਼ੇਸ਼ ਨ ਪਾਏ। ਜੇ ਪਦ ਪੰਕਜ ਵੇਦ ਪੁਰਾਨ ਬਖਾਨ ਪ੍ਰਮਾਨ ਕੈ ਗਿਆਨਨ ਗਾਏ। ਜੇ ਪਦ ਪੰਕਜ ਸਿਧ ਸਮਾਧਿ ਮੈਂ ਸਾਧਤ ਹੈ ਮੁਨਿ ਮੋਨ ਲਗਾਏ। ਤੇ ਪਦ ਪੰਕਜ ਕੇਸਵ ਕੇ ਅਬ ਊਧਵ ਲੈ ਕਰ ਮੇਂ ਸਹਿਰਾਏ ॥੯੯੦॥ ਸੰਤ ਸਰਾਹਤ ਸਯਾਮ ਕੇ ਪਾਇ ਮਹਾ ਬਿਗਸਿਓ ਮਨ ਭੀਤਰਿ ਸੋਊ। ਜੋਗਿਨ ਕੇ ਜੋਊ ਧਿਆਨ ਕੇ ਬੀਚ ਨ ਆਵਤ ਹੈ ਅਤਿ ਬਯਾਕਲ ਹੋਊ। ਜਾਂ ਬ੍ਰਹਮਾਦਿਕ ਸ਼ੇਸ਼ ਸੁਰਾਦਿਕ ਖੋਜਿਤ ਅੰਤ ਨ ਪਾਵਤ ਕੋਊ । ਸੋ ਪਦ ਪੰਕਜ ਕੇ ਸਮ ਤੁਲਜ, ਪਲੋਟਤ ਉਧਵ ਲੈਕਰ ਦੋਊ ॥੯੯੧॥**

ਤਥਾ ਕਾਬਲ ਮੇਂ ਰਹਿਨੇ ਵਾਲਾ ਭਾਈ ਗੋਂਦਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕੇ ਚਰਨੋਂ ਕਾ ਧਿਆਨ ਕਰਤਾ ਥਾ। ਗੁਰੂ ਜੀ ਨੇ ਇਕ ਦਿਨ ਕਈ ਵਾਰੀ ਕਹਿਨੇ ਪਰ ਭੀ ਭੋਜਨ ਨ ਕੀਆ । ਸਿਖੋਂ ਨੇ ਕਾਰਣ ਪੂਛਾ ਤਬ ਕਹਿਨੇ ਲਗੇ ਕਾਬੁਲ ਮੇਂ ਗੋਂਦੇ ਭਗਤ ਨੇ ਚਰਨ ਪਕੜੇ ਹਨ ਛੋਡਤਾ ਹੀ ਨਹੀਂ ਜਬ ਸ਼ਾਮ ਹੋ ਗਈ ਗੋਂਦੇ ਕੀ ਸਮਾਧੀ ਛੂਟੀ ਚਰਣ ਛੋੜੇ ਤਬ ਗੁਰੂ ਜੀ ਭੋਜਨ ਕਰਨੇ ਲਗੇ। ਪ੍ਰਮਾਣ:-

**ਇਕ ਦਿਨ ਗੋਂਦੇ ਮੱਜਨ ਠਾਨਾ। ਪ੍ਰਥਮੈ ਸ੍ਰੀ ਜਪੁ ਪਾਠ ਬਖਾਨਾ। ਪੁਨ ਸਤਿਗੁਰ ਕੋ ਲਾਯਹੁ ਧਯਾਨਾ। ਬਢਯੋ ਅਨੰਦ ਬ੍ਰਿਤੀ ਠਹਿਰਾਨਾ। ਧਯਾਨ ਬਿਖੇ ਗੁਰ ਕੇ ਨਿਜ ਹਾਥ। ਪਦ ਅਰ ਬਿੰਦ ਗਹੇ ਰਤਿ ਸਾਥ। ਇਸ ਅਨੰਦ ਮੈ ਲੈ ਹੁਇ ਗਯੋ। ਨਿਰਵਿਕਲਪ ਸਮਾਧਿ ਥਿਤ ਠਯੋ। ਨਹਿੰ ਸ਼ਰੀਰ ਕੀ ਸੁਧ ਕਿਛੁ ਰਹੀ । ਨਿਸ਼ਚਲਤਾ ਐਸੀ ਤਿਨ ਗਹੀ। ਸੁਨਹਿ ਨ ਦੇਖਹਿ ਪਰਸ ਨ ਜਾਨੈ। ਰਸਨਾ ਘ੍ਰਾਣ ਵਿਸ਼ਯ ਨਹਿੰ ਮਾਨੈ। ਟਿਕੀ ਬ੍ਰਿਤਿ ਮਹਿ ਭਯੋ ਅਨੰਦ। ਕਰ ਮਹਿ ਗਹਿ ਗੁਰ ਪਦ ਅਰਬਿੰਦ। ਅਚਲ ਹੋਇ ਕਰ ਬੈਠਯੋ ਰਹਯੋ। ਅਪਰ ਨ ਕਿਨਹੂੰ ਤਿਨ ਕਿਛੁ ਕਹਯੋ। ਦਾਸਨਿ ਕੀ ਸੁਨਿਕੈ ਅਰਦਾਸ । ਬਿਕਸਤਿ ਮੁਖਿ ਤੇ ਕੀਨਿ ਪ੍ਰਕਾਸ਼।**



**ਕਾਬਲ ਮੇਂ ਗੋਂਦਾ ਸਿਖ ਰਹੇ । ਧਰੇ ਧਿਆਨ ਦੋਨੋਂ ਪਦ ਗਹੇ। ਕਿਸ ਬਿਧ ਤਿਸ ਤੇ ਚਰਨ ਛੁਟਾਵੇਂ। ਬਿਨਾ ਛੁਟੇ ਕਿਮ ਲੰਗਰ ਜਾਵੇਂ। ਰਹਯੋ ਉਡੀਕਤਿ ਛੋਰਹਿ ਮੋਹੀ । ਦ੍ਰਿੜ੍ਹ ਗਹਿ ਰਾਖਯੋ ਤਯਾਗ ਨ ਹੋਹੀ। ਜਬ ਸੰਧਯਾ ਹੋਈ ਦਿਨ ਗਯੋ । ਤਬ ਗੋਂਦਾ ਜਾਗਤਿ ਤਹਿ ਭਯੋ। ਛੂਟੀ ਸਮਾਧਿ ਦੇਹ ਸੁਧ ਹੋਈ । ਤਜੇ ਚਰਨ ਗੁਰ ਕੇ ਤਬ ਦੋਈ। ਉਠ ਕਰਿ ਗਮਨੇ ਸ੍ਰੀ ਹਰਿਰਾਇ । ਸਦਾ ਪ੍ਰੇਮ ਬਸਿ ਜਿਨਹੁ ਸੁਭਾਇ।**

[ਗੁਰ: ਪ੍ਰ: ਸੂਰਜ ਰਾਸ ੯ ਅੰਸੂ ੫

ਫੇਰ ਭਾਈ ਗੋਂਦਾ ਸੰਗਤਿ ਮੇਂ ਆਯਾ ਔਰ ਸਿਖੋਂ ਨੇ ਪੂਛਾ ਤਬ ਗੋਂਦੇ ਨੇ ਕਹਾ ਬਰਾਬਰ ਮੈਨੇ ਏਕ ਦਿਨ ਚਰਨ ਪਕੜੇ ਸੀ । ਫੇਰ ਭਾਈ ਗੋਂਦਾ ਚਰਨੋਂ ਕੀ ਹੀ ਭਗਤੀ ਮਾਂਗਤਾ ਰਹਾ ਪ੍ਰਮਾਣ:-

**ਚਰਨ ਕਮਲੁ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥** [ਸ੍ਰੀ ਰਾਗ ਮ: ੫ ਸਫਾ ੪੮

**ਤਥਾ-ਚਰਨ ਕਮਲ ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ ਸਗਲੇ ਮੁਠੇ ॥ ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥ ਊਠਤ ਬੈਠਤ ਹਰਿ ਹਰਿ ਗਾਈਐ ॥ ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥**

[ਮਾਝ ਮ: ੫ ਸਫਾ ੧੦੫

**ਤਥਾ-ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ ਚਰਨ ਕਵਲ ਹਿਰਦੈ ਗਹਿ ਨਾਨਕ ਭੈਸਾਗਰ ਸੰਤ ਪਾਰਿ ਉਤਰੀਆ ॥**

[ਗਉੜੀ ਮ: ੫ ਸਫਾ ੨੦੩

**ਚਰਨ ਕਮਲ ਸੰਗਿ ਲਾਗੀ ਡੋਰੀ ॥ ਸੁਖ ਸਾਗਰ ਕਰਿ ਪਰਮਗਤਿ ਮੋਰੀ ॥੧॥ ਰਹਾਉ ॥ ਅੰਚਲਾ ਗਹਾਇਓ ਜਨ ਅਪਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥ ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥ ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥ ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂੰ ਥੋਰੀ ॥**

[ਨਟ ਨਾਰਾਇਨ ਮ: ੫ ਸਫਾ ੯੭੯

**ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ ॥**

**ਨਾਨਕ ਓਟ ਗਹੀ ਜਗਦੀਸੁਰ ਪੁਨਹ ਪੁਨਹ ਬਲਿਹਾਰਿਓ ॥**

[ਦੇਵਗੰਧਾਰੀ ਮ: ੫ ਸਫਾ ੫੩੪

ਤਥਾ ਲੋਕ ਮਰਯਾਦਾ ਅਰਥ ਪਾਂਡਵੋਂ ਕੇ ਯੱਗ ਮੇਂ ਪਾਦ ਸੇਵਨ ਰੂਪ ਸੰਤੋਂ ਕੀ ਸਵਾ ਸ੍ਰੀ ਕ੍ਰਿਸਨ ਜੀ ਆਪ ਕਰਤੇ ਭਏ। ਬੜੇ ਪੁਰਸ ਆਪ ਕ੍ਰਿਤਾਰਥ ਹੋਕਰ ਭੀ ਦੂਸਰੇ ਕੇ ਲੀਏ ਕਰਮ ਕਰਤੇ ਹੈਂ। ਪ੍ਰਮਾਣ:-

**ਕਰਮਣਾ ਏਵਹਿ ਸੰਸਿਧਿਮ੍ ਆਸਿਥਿਤਾ: ਜਨਕਾਦਯ:, ਲੋਕਸੰਗ੍ਰਹਮ੍ ਏਵ ਅਪਿ ਸੰਪਸਜਨ੍ ਕਰਤੁਮ੍ ਅਰਹਸਿ ॥ ੨੦ ॥ ਯਤ੍ ਯਤ੍ ਆਚਰਤਿ ਸਿਰੇਸ਼੍ਹ ਤਤ੍ ਤਤ੍ ਏਵ ਇਤਰ: ਜਨ:, ਸ ਯਤ੍ ਪ੍ਰਮਾਣਮ ਕੁਰੁਤੇ ਲੋਕ: ਤਤ੍ ਅਨੁ ਵਰਤਤੇ ॥ ੨੧ ॥ ਨ ਮੇ ਪਾਰਥ ਅਸ੍ਤਿ ਕਰਤਬਯਮ੍ ਤ੍ਰਿਸ਼ੁ ਲੋਕੇਸ਼ੁ ਕਿੰਚਨ, ਨ ਅਨਵਾਪ੍ਤਮ ਅਵਾਪਤੁਬਯਮ੍ ਵਰਤੇ ਏਵ ਚ ਕਰਮਣਿ ॥੨੨॥ ਯਦਿ ਹਿ ਅਹਮ੍ ਨ ਵਰਤੇਯਮ੍ ਜਾਤੁ ਕਰਮਣਿ ਅਤੰਦ੍ਰਿਤ:, ਮਮ ਵਰਤਮ ਅਨੁਵਰਤੰਤੇ, ਮਨੁਸ਼ਯਾ, ਪਾਰਥ ਸਰਵਸ਼: ॥ ੨੩ ॥ ਉਤਸੀਦੇਯੁ: ਇਮੇ ਲੋਕਾ: ਨ ਕੁਰਯਾਮ੍ ਕਰਮ ਚੇਤ ਅਹਮ੍, ਸੰਕਰਸਯ ਚ ਕਰਤਾ ਸਯਾਮ੍ ਉਪਹਨਯਾਮ੍ ਇਮਾ: ਪ੍ਰਜਾ ॥੨੪॥** [ਗੀਤਾ ਅਧਯਾਯ ੩ ਸਲੋਕ ੨੦-੨੪

ਟੀਕਾ-ਹੇ ਅਰਜਨ ! ਕਰਮ ਕਰਕੇ ਹੀ ਗਿਆਨੀ ਜਨ ਜਨਕਾਦਿ ਪਰਮ ਸਿਧਿ ਕੋ ਪ੍ਰਾਪਤ ਹੂਏ। ਤੂੰ ਭੀ ਪ੍ਰਾਪਤ ਹੋ। ਔਰ ਲੋਕ ਸੰਗ੍ਰਹ ਕੋ ਯਾਨੇ ਸ਼ਿਸ਼ ਪੁਤਰੋਂ ਕੇ ਕਲਿਆਨ ਕੋ ਦੇਖਤਾ ਹੂਆ ਭੀ ਤੂੰ ਕਰਮ ਕਰਨੇ ਕੇ ਯੋਗ ਹੈਂ ॥ ੨੦ ॥ ਕਿਉਂਕਿ ਸ੍ਰੇਸ਼ਟ ਪੁਰਸ਼ ਜੋ ਜੋ ਆਚਰਣ ਕਰਤਾ ਹੈ। ਉਸਕੇ ਸ਼ਿਸ਼ ਪੁਤ੍ਰ ਭੀ ਉਸਕੇ ਅਨੁਸਾਰ ਹੀ ਕਰਤੇ ਹੈਂ ਔਰ ਜੋ ਬੜਾ ਆਦਮੀ ਜਿਸ ਬਾਤ ਕੋ ਪ੍ਰਮਾਣ ਮਾਨਤਾ ਹੈ, ਉਸਕੇ ਸ਼ਿਸ਼ ਪੁਤ੍ਰਾਦਿ ਭੀ ਉਸਕੋ ਪ੍ਰਮਾਣਿਤ ਮਾਨਤੇ ਹੈਂ ॥ ੨੧ ॥ ਹੇ ਅਰਜੁਨ ਮੇਰੇ ਕੋ ਤੀਨੋਂ ਲੋਕੋਂ ਮੇਂ ਕੁਛ ਭੀ ਕਰਤਵਯ ਨਹੀਂ। ਤਥਾ ਕਿੰਚਿਤ ਭੀ ਪ੍ਰਾਪਤ ਹੋਨੇ ਯੋਗ ਵਸਤੂ ਅਪ੍ਰਾਪਤ ਨਹੀਂ ਹੈ ਤੋ ਭੀ ਮੈਂ ਕਰਮੋਂ ਮੇਂ ਹੀ ਵਰਤਤਾ ਹੂੰ ॥ ੨੨ ॥ ਕਿਉਂਕਿ ਯਦਿ ਮੈਂ ਸਾਵਧਾਨ ਹੂਆ ਕਦਾਚਿਤ ਕਰਮ ਮੇਂ ਨ ਵਰਤੂੰ ਤੋ ਹੇ ਅਰਜੁਨ ! ਸਭ ਪ੍ਰਕਾਰ ਸੇ ਯੇਹ ਮਨੁਸ਼ ਮੇਰੇ ਵਰਤਾਉ ਕੇ ਅਨੁਸਾਰ ਵਰਤਨੇ ਲਗ ਜਾਏਂਗੇ ॥ ੨੩ ॥ ਯਦਿ ਮੈਂ ਕਰਮ ਨ ਕਰੂੰ ਤੋ ਯਹ ਸਭ ਲੋਗ ਭ੍ਰਸ਼ਟ ਹੋ ਜਾਏਂਗੇ। ਔਰ ਮੈਂ ਵਰਣ ਸ਼ੰਕਰ ਕੇ ਕਰਨੇ ਵਾਲਾ ਹੋਊਂਗਾ। ਤਥਾ ਇਸ ਸਾਰੀ ਪਰਜਾ ਕੇ ਹਨਨ ਕਰਨੇ ਵਾਲਾ ਹੋਊਂਗਾ ॥ ੨੪ ॥ ਇਸ ਵਾਸਤੇ ਲੋਕ ਰਖਯਾ ਅਰਥ ਮੈਂ ਨਿਰਾਲਸਯ ਹੋਕੇ ਕਰਮ ਕਰਤਾ ਹੂੰ। ਤੂੰ ਭੀ ਕਰਮ ਇਸ ਪ੍ਰਕਾਰ ਕਰ, ਪਾਂਡਵੋਂ ਕੇ ਯਗ ਮੈਂ ਭਗਵਾਨ ਕ੍ਰਿਸ਼ਨ ਨੇ ਸਭ ਸੰਤੋਂ ਤਥਾ ਬ੍ਰਾਹਮਣੋਂ ਕੇ ਚਰਨ ਧੋਏ ਹੈਂ, ਔਰ ਸ੍ਰੀ ਰਾਮਚੰਦਰ ਜੀ ਨੇ ਭੀਲਨੀ ਕੇ ਚਰਨ ਧੋ ਕਰ ਪੰਪਾ ਸਰੋਵਰ ਕਾ ਜਲ ਸੁਧ ਕੀਆ। ਲਿਖਾ ਹੈ :-



**ਅਧਿਕ ਬਢਾਵਤ ਆਪ ਤੇ ਜਨ ਮਹਿਮਾ ਰਘੁਬੀਰ ॥ ਸਿਵਰੀ ਪਗ ਕੇ ਪਰਸਤੇ ਸੁਧ ਭਯੋ ਸਰਿਤਾ ਨੀਰ ॥**

[ਤੁਲਸੀ ਰਾਮਾਇਣ

ਜਬ ਰਾਮਚੰਦਰ ਮਹਾਰਾਜ ਪੰਪਾਸਰ ਪਰ ਪਹੁੰਚੇ ਹੈਂ। ਤਬ ਰਿਸ਼ੀ ਲੋਗੋਂ ਨੇ ਪ੍ਰਾਰਥਨਾ ਕਰੀ ਕਿ ਮਹਾਰਾਜ ! ਪੰਪਾ ਸਰ ਮੇਂ ਕੀੜੇ ਪੜ ਗਏ ਹਨ। ਆਪ ਚਰਨ ਛੁਆ ਕਰ ਸੁਧ ਕਰ ਦੋ। ਤਬ ਸ੍ਰੀ ਰਾਮਚੰਦਰ ਜੀ ਕਹਨੇ ਲਗੇ ਜਿਨੋਂ ਕੇ ਚਿਤ ਮੇਂ ਰਾਗ ਦ੍ਵੇਸ਼ ਨਹੀਂ ਉਨੋਂ ਕੇ ਚਰਣੋਂ ਮੇਂ ਤਾਕਤ ਹੈ। ਔਰ ਉਨ ਕੇ ਚਰਨ ਧੋਨੇ ਸੇ ਜਲ ਸੁਧ ਹੋਗਾ। ਬੇਸਕ ਮੇਰੇ ਚਰਨ ਧੋ ਲੋ ਜਲ ਸੁਧ ਨਹੀਂ ਹੋਗਾ, ਇਸ ਪ੍ਰਕਾਰ ਕਹਿ ਕਰ ਅਪਨੇ ਚਰਨ ਧੁਆਏ। ਜਲ ਸੁਧ ਨ ਹੂਆ। ਫਿਰ ਲਛਮਣ ਜੀ ਕੇ ਚਰਨ ਧੁਆਏ ਤੋ ਭੀ ਜਲ ਸੁਧ ਨ ਹੂਆ। ਫੇਰ ਸਭ ਰਿਸ਼ੀਓਂ ਕੇ ਚਰਨ ਧੁਆਏ ਤੋ ਭੀ ਜਲ ਸੁਧ ਨ ਹੂਆ ਤਬ ਸ੍ਰੀ ਰਾਮਚੰਦ੍ਰ ਜੀ ਕਹਿਨੇ ਲਗੇ ਹਮਾਰਾ ਰਾਵਣ ਕੇ ਸਾਥ ਲਛਮਣ ਕਾ ਮੇਘਨਾਦ ਕੇ ਸਾਥ ਔਰ ਤੁਮਾਰਾ ਸ਼ਿਵਰੀ ਕੇ ਸਾਥ ਦਵੇਸ ਹੈ ਇਸ ਵਾਸਤੇ ਜਲ ਸੁਧ ਨਹੀਂ ਹੂਆ, ਪਰੰਤੂ ਭੀਲਨੀ ਕਾ ਕਿਸੀ ਕੇ ਸਾਥ ਰਾਗ ਦਵੇਸ਼ ਨਹੀਂ ਹੈ, ਇਸ ਵਾਸਤੇ ਉਸ ਕੇ ਚਰਨ ਧੋ ਕੇ ਪਾਵੋਂ ਤੋ ਜਲ ਸੁਧ ਹੋਗਾ ਜਬ ਭੀਲਨੀ ਕੇ ਚਰਨ ਧੋ ਕੇ ਪਾਏ ਤਬ ਜਲ ਸੁਧ ਹੋ ਗਯਾ। ਇਸ ਪ੍ਰਕਾਰ ਰਾਮਚੰਦ੍ਰ ਜੀ ਨੇ ਪਾਦ ਸੇਵਨ ਰੂਪ ਮਹਾਤਮ ਸ਼ਿਵਰੀ ਦੁਆਰਾ ਦਿਖਾਇਆ ਹੈ। ਪਹਿਲੇ ਬੀ ਜਬ ਰਾਮਚੰਦ੍ਰ ਜੀ ਮਹਾਰਾਜ ਵਿਸਵਾਮਿਤ੍ਰ ਜੀ ਕੇ ਸਾਥ ਆਏ ਹੈਂ ਅਰ ਗੌਤਮ ਕੀ ਇਸਤ੍ਰੀ ਅਹੱਲਿਆ ਕੋ ਚਰਨ ਛੁਆਏ ਹੈਂ ਤਬ ਅਹੱਲਿਆ ਉਸਤਤੀ ਕਰਕੇ ਤਰ ਗਈ। ਯਹ ਵਾਰਤਾ ਸ੍ਰਵਣ ਕਰਕੇ ਗੁਹ ਯਾਨੇ ਮੱਲਾਹ ਨੇ ਭੀ ਰਾਮਚੰਦ੍ਰ ਜੀ ਕੇ ਚਰਨ ਧੋਏ ਬਿਨਾ ਨਾਉ ਮੇਂ ਚੜ੍ਹਨੇ ਨ ਦੀਆ ਕਿਉਂਕਿ ਉਸ ਕੇ ਹਿਰਦੇ ਮੇਂ ਚਰਨ ਧੋਨੇ ਕਾ ਭਾਵ ਭਰਾ ਹੂਆ ਥਾ ਪ੍ਰਮਾਣ:-

**ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪੁਨਾ ਜੀਉ ॥**

[ਗਉੜੀ ਸੁਖਮਨੀ ਮ: ੫ ਸਫਾ ੨੮੩

**ਚੌਪਈ-ਮਾਂਗੀ ਨਾਉ ਨ ਕੇਵਟ ਆਨਾ ਕਹੈਂ ਤੁਮਾਰ ਮਰਮ ਮੈ ਜਾਨਾ। ਚਰਨ ਕਮਲ ਰਜ ਕਹਿ ਸਬ ਕਹਈਂ। ਮਾਨੁਸ਼ ਕਰਨਿ ਮੂਰਿ ਕਛੁ ਅਹਈ। ਛੁਅਤ ਸਿਲਾ ਭਈ ਨਾਰਿ ਸੁਹਾਈ। ਪਾਹਨ ਤੇ ਨ ਕਾਠ ਕਠਿਨਾਈ। ਤਰਣਿਓ ਮੁਨਿ ਘਰਨੀ ਹੋਇ ਜਾਈ। ਬਾਟ ਪਰੇ ਮੋਹਿ ਨਾਵ ਉਡਾਈ। ਯਹਿ ਪ੍ਰਤਿ ਪਾਲਉਂ ਸਬ ਪਰਵਾਰੂ। ਨਹਿ ਜਾਨਉ ਕਛੁ ਅਉਰ ਕਬਾਰੂ ॥ ਜੋ ਪ੍ਰਭੁ ਅਵਸ਼ ਪਾਰ ਗਾ ਚਹਹੂੰ। ਪਾਦ ਪਦਮ ਪਖਾਰਨ ਕਹਹੂੰ। ਛੰਦ ॥ ਪਦ ਪਦਮ ਧੋਇ ਚੜ੍ਹਾਇ ਸੀਸ ਨ ਨਾਥ ਉਤਰਾਈ ਚਹਹੂੰ। ਮੋਹਿ ਰਾਮ ਰਉਰ ਆਨ ਦਸਰਥ ਸਪਥ ਸਬ ਸਾਚੀ ਕਹਹੂੰ। ਬਰੁ**

**ਤੀਰ ਮਾਰਹਿ ਲਖਨ ਮੈ ਜਬ ਲਗ ਨ ਪਾਯ ਪਖਾਰਿ ਹੰਉ। । ਤਬ ਲਗ ਨ ਤੁਲਸੀ ਦਾਸ ਨਾਥ ਕ੍ਰਿਪਾਲੁ ਪਾਰੁ ਉਤਾਰਿਹਉ ॥** [ਤੁਲਸੀ ਰਾਮਾਯਣ

ਇਸ ਪ੍ਰਕਾਰ ਗੁਰ ਨੇ ਭੀ ਪਾਦ ਸੇਵਨ ਰੂਪ ਭਗਤੀ ਕਰੀ ਹੈ । ਔਰ ਭਗਵਾਨ ਕ੍ਰਿਸ਼ਨ ਚੰਦਰ ਜੀ ਭੀ ਸੰਤੋਂ ਕੇ ਚਰਨ ਧੂੜੀ ਸੇ ਅਪਨਾ ਸ਼ਰੀਰ ਪਵਿਤਰ ਕਰਤੇ ਭਏ। ਭਗਵਾਨ ਖੁਦ ਸ੍ਰੀ ਮਦ ਭਾਗਵਤ ਕੇ ਯਾਰਵੇਂ ਸਲੋਕ ਮੇਂ ਲਿਖਤੇ ਹੈਂ:-

**ਸ਼ਲੋਕ ॥ ਨਿਰਪੇਖਯੰ ਮੁਨਿੰ ਸਾਂਤੰ ਨਿਰਵੈਰੰ ਸਮਦਰਸ਼ਿਨੰ ॥ ਅਨੁਬ੍ਰਜਾਮਿ ਅਹੰ ਨਿਤਯੰ ਪੂਯੇਯ ਅੰਘ੍ਰਿ ਰੇਣੂ ਭਿः ॥**

ਟੀਕਾ-ਜੋ ਮਹਾਤਮਾ ਨਿਰਲੇਪ ਹੈਂ ਮੰਨਨ ਸ਼ੀਲ ਹੈਂ ਸ਼ਾਂਤ ਚਿਤ ਹੈਂ ਨਿਰਵੈਰ ਹੈਂ ਸਮਦਰਸ਼ੀ ਹੈਂ ਮੈਂ ਉਨ ਕੇ ਪੀਛੇ ਪੀਛੇ ਜਾਤਾ ਹੂੰ । ਔਰ ਉਨ ਕੀ ਚਰਨ ਧੂੜੀ ਨਾਲ ਅਪਨਾ ਸ਼ਰੀਰ ਪਵਿੱਤ੍ਰ ਕਰਤਾ ਹੂੰ ।

**ਸੁਰਸਰੀ ਸਰਸੁਤੀ ਜਮਨਾ ਗੋਦਾਵਰੀ ਗਯਾ ਪ੍ਰਯਾਗ ਸੇਤ ਕੁਰਖੇਤ੍ਰ ਮਾਨ ਸਰ ਹੈ। ਕਾਂਸ਼ੀ ਕਾਂਤੀ ਦੁਆਰਾਵਤੀ ਮਾਇਆ ਮਥੁਰਾ ਅਯੁਧਯਾ ਗੋਮਤੀ ਆਵੰਤਿਕਾ ਕੇਦਾਰ ਹਿੰਮ ਧਰ ਹੈ । ਨਰਬਧਾ ਬਿਬਿਧ ਬਨ ਦੇਵਸਥਲ ਕਯਲਾਸ਼ ਨੀਲ ਮੰਦ੍ਰਾਚਲ ਸੁਮੇਰੁ ਗਿਰਵਰ ਹੈ । ਤੀਰਥ ਅਰਥ ਸੱਤਿ ਧਰਮ ਦਯਾ ਸੰਤੋਖ ਸ੍ਰੀ ਗੁਰੂ ਚਰਨ ਰਜ ਤੁਲ ਨ ਸਗਰ ਹੈ ॥ ੪੧੬ ॥** [ਕਬਿਤ ਭਾਈ ਗੁਰਦਾਸ ਜੀ

**ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਤੀਰਥਿ ਅਠਸਠਿ ਮਜਨ ਨਾਈ ॥ ਸਤਿਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥ ੧ ॥ ਰਹਾਉ ॥ ਜਾਹਰ ਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ ਕਾਂਸੀ ਕ੍ਰਿਸਨ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ੨ ॥ ਜਿਤਨੇ ਤੀਰਥਿ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸਕੀ ਧੂਰਿ ਮੁਖਿ ਲਾਈ ॥ ੩ ॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ ਨਾਨਕ ਲਿਲਾਟਿ**



**ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥** [ਮਲਾਰ ਮ: ੪ ਸਫਾ ੧੨੬੩

ਭਾਈ ਗੁਰਦਾਸ ਜੀ ਨੇ ੨੩ਵੀਂ ਵਾਰ ਮੇਂ ਚਰਨ ਕਮਲੋਂ ਕਾ ਮਹਾਤਮ ਲਿਖਾ ਹੈ:-

**ਚਰਣੋਦਿਕ ਹੋਇ ਸੁਰਸਰੀ ਤਜ ਬੈਕੁੰਠਿ ਧਰਤਿ ਵਿਚ ਆਈ । ਨਉਸੈ ਨਦੀ ਨੜਿੰਨਵੇ ਅਠਸਠ ਤੀਰਥ ਅੰਗ ਸਮਾਈ ॥ ਤਿਹੁ ਲੋਈ ਪਰਵਾਣ ਹੈ ਮਹਾਂਦੇਵ ਲੈ ਸੀਸ ਚੜਾਈ । ਦੇਵੀ ਦੇਵ ਸਰੇਵਣੇ ਜੈ ਜੈਕਾਰ ਵਡੀ ਵਡਿਆਈ ॥ ਸੁਣਿ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥ ਲਿਵ ਲਾਈ। ਸਾਧੂ ਧੂੜਿ ਦੁਰਲਭ ਹੈ ਸਾਧਸੰਗਤਿ ਸਤਿਗੁਰ ਸਰਣਾਈ ॥ ਚਰਣ ਕਮਲ ਦਲ ਕੀਮ ਨ ਪਾਈ ॥ ੪ ॥ ਚਰਣ ਸਰਣ ਜਿਸ ਲਖਮੀ ਲਖ ਕਲਾ ਹੋਇ ਲਖੀ ਨ ਜਾਈ। ਰਿਧ ਸਿਧ ਸਭ ਗੋਲੀਆਂ ਸਾਧਕ ਸਿੱਧ ਰਹੇ ਲਪਟਾਈ । ਚਾਰ ਵਰਨ ਛਿਅ ਦਰਸ਼ਨਾ ਜਤੀ ਸੱਤੀ ਨਉਂ ਨਾਥ ਨਿਵਾਈ। ਤਿੰਨ ਲੋਅ ਚੌਦਹ ਭਵਨ ਜਲ ਥਲ ਮਹੀਅਲਿ ਛਲ ਕਰ ਛਾਈ। ਕਵਲਾਸਣ ਕਵਲਾਪਤੀ ਸਾਧ ਸੰਗਤਿ ਸ਼ਰਣਾਗਤਿ ਆਈ। ਪੈਰੀ ਪੈ ਪਾਖਾਕ ਹੋਇ ਆਪ ਗਵਾਇ ਨ ਆਪ ਗਵਾਈ । ਗੁਰਮੁਖ ਸੁਖ ਫਲ ਵਡੀ ਵਡਿਆਈ ॥੫॥ ਪੰਜ ਤੱਤ ਉਤਪੱਤਿ ਕਰਿ ਗੁਰਮੁਖ ਧਰਤੀ ਆਪ ਗਵਾਯਾ। ਚਰਣ ਕਵਲ ਸ਼ਰਣਾਗਤੀ ਸਭ ਨਿਧਾਨ ਸਭੇ ਫਲ ਪਾਯਾ। ਲੋਕ ਵੇਦ ਗੁਰ ਗਿਆਨ ਵਿਚ ਸਾਧੂ ਧੂੜੀ ਜਗਤ ਤਰਾਯਾ। ਪਤਿਤ ਪੁਨੀਤ ਕਰਾਇਕੇ ਪਵਨ ਪੁਰਖ ਪਵਿਤ੍ਰ ਕਰਾਇਆ । ਚਰਣੋਦਕ ਮਹਿਮਾ ਅਮਿੱਤ ਸੇਖ ਸਹਸ ਮੁਖ ਅੰਤ ਨ ਪਾਇਆ । ਧੂੜੀ ਲੇਖ ਮਿਟਾਇਆ ਚਰਣੋਦਕ ਮਨ ਵਸ ਗਤਿ ਆਯਾ। ਪੈਰੀਂ ਪੈ ਜਗ ਚਰਣੀ ਲਾਯਾ ॥ ੩ ॥** [ਭਾਈ ਗੁਰਦਾਸ ਵਾਰ ੨੩ ਪਉੜੀ ੩

**ਸੰਤ ਕੀ ਧੂਰਿ ਮਿਟੇ ਅਘ ਕੋਟ ॥ ਸੰਤ ਪ੍ਰਸਾਦਿ ਜਨਮ ਤੇ ਛੋਟ ॥** [ਗਉੜੀ ਮ: ੫ ਸਫਾ ੧੮੯

ਤਥਾ-"ਧੂੜੀ ਲੇਖ ਮਿਟਾਇਆ" ਇਸ ਪਰ ਏਕ ਕਥਾ ਕਹਿਤੇ ਹੈਂ-ਏਕ ਸਮੇਂ ਦੁਆਰਕਾ ਮੇਂ ਸ੍ਰੀ ਕ੍ਰਿਸ਼ਨ ਜੀ ਆਪ ਕੀ ਧੂੜੀ ਕਾ ਮਹਾਤਮ ਦਿਖਾਨੇ ਕੇ ਲੀਏ ਲੀਲਾ ਕਰਤੇ ਭਏ। ਏਕ ਵਾਰ ਚਿੱਲਾ ਕਰ ਕਹਿਨੇ ਲਗੇ ਹਮਾਰੇ ਪੇਟ ਮੇਂ ਦਰਦ ਹੈ। ਵੈਦ ਬੁਲਾਏ

ਤੋ ਉਨ੍ਹੋਂ ਨੇ ਕਹਾ ਕਿਸੀ ਪ੍ਰੇਮੀ ਕੀ ਚਰਣ ਰਜ ਕਾ ਅਨੁਪਾਨ ਕਰੋ ਤੋ ਰਾਜ਼ੀ ਹੋ ਸਕਤੇ ਹੋ
ਸਭ ਰਾਣੀਓਂ ਕੋ ਕਹਾ ਉਨੋ ਨੇ ਨਰਕ ਭਯ ਸੇ ਚਰਣਰਜ ਨ ਦੀ ਤਬ ਨਾਰਦ ਜੀ ਕੋ ਭੇਜਾ
ਕਹੀਂ ਸੇ ਲੈ ਆਵੋ ਉਨੋਂ ਨੇ ਸਭ ਸੰਸਾਰ ਕਾ ਚਕ੍ਰ ਲਗਾਯਾ ਫਿਰ ਭੀ ਕੋਈ ਨ ਮਿਲਾ ਜੋ
ਚਰਣਰਜ ਦੇਵੇ, ਤਬ ਵੋਹ ਸ੍ਰੀ ਕ੍ਰਿਸ਼ਣ ਕੇ ਕਹਿਨੇ ਪਰ ਬ੍ਰਿਜ ਮੇਂ ਗਏ ਰਾਧਾ ਕੋ ਕਹਾ ਤਬ
ਸ੍ਰੀ ਰਾਧਾ ਨੇ ਨਰਕ ਕਾ ਖਿਆਲ ਨ ਕਰਤੇ ਹੂਏ ਚਰਣਰਜ ਦੇ ਦੀ, ਨਾਰਦ ਨੇ ਅਪਨੇ ਸਰੀਰ
ਮੇਂ ਲਗਾਈ ਸ਼ੇਸ਼ ਵਹਾਂ ਸੇ ਲਾ ਕਰ ਭਗਵਾਨ ਕੇ ਸ਼ਰੀਰ ਕੋ ਲਗਾਈ ਤਬ ਸ੍ਰੀ ਕ੍ਰਿਸ਼ਨ ਜੀ
ਰਾਜ਼ੀ ਹੋ ਗਏ। ਤਥਾ ਲਾਹੌਰ ਕੇ ਬੀਚ ਮੇਂ ਏਕ ਸੌਦਾਗਰ ਰਹਿਤਾ ਥਾ ਉਸ ਕੀ ਇਸਤ੍ਰੀ ਬੜੀ
ਖੂਬਸੂਰਤ ਥੀ ਉਹ ਸੌਦਾਗਰ ਅਪਨੀ ਇਸਤ੍ਰੀ ਕੋ ਸਾਥ ਲੈ ਕੇ ਏਕ ਮਹਾਤਮਾ ਕੇ ਪਾਸ ਸਤਿ-
ਸੰਗ ਕਰਨੇ ਜਾਯਾ ਕਰਤਾ ਥਾ, ਮਹਾਤਮਾ ਕੇ ਦੋਨੋਂ ਸ਼ਿਸ਼ ਬਣ ਗਏ। ਮਹਾਤਮਾ ਲਾਹੌਰ ਮੇਂ
ਕਿਲ੍ਹੇ ਕੇ ਪਾਸ ਰਹਿਤੇ ਥੇ। ਜਬ ਸੌਦਾਗਰ ਬਾਹਰ ਵਿਉਪਾਰ ਕਰਨੇ ਗਯਾ ਏਕ ਦਿਨ ਸੌਦਾ-
ਗਰ ਕੀ ਇਸਤ੍ਰੀ ਕੋ ਕੋਠੇ ਪਰ ਬਾਲ ਸੁਕਾਤੇ ਬਾਦਸ਼ਾਹ ਨੇ ਦੇਖਾ ਬਾਦਸ਼ਾਹ ਕਾ ਚਿਤ ਮੋਹਿਤ
ਹੂਆ। ਬਾਦਸ਼ਾਹ ਨੇ ਵਜ਼ੀਰੋਂ ਕੋ ਕਹਾ ਕਿ ਸੌਦਾਗਰ ਕੀ ਇਸਤ੍ਰੀ ਕੋ ਜਬਰਨ ਮੇਰੇ ਮਹਲੋਂ
ਮੇਂ ਪਕੜਕੇ ਲੇ ਆਓ। ਵਜ਼ੀਰੋਂ ਨੇ ਸਲਾਹ ਦਿਤੀ ਐਸੇ ਨ ਬੁਲਾਓ ਜੰਤਰੋਂ ਮੰਤਰੋਂ ਕੇ ਜ਼ਰੀਏ
ਬੁਲਾਓ ਤੋ ਅਛਾ ਹੋਗਾ। ਬਾਦਸ਼ਾਹ ਨੇ ਕਾਜ਼ੀਓਂ ਕੋ ਕਹਾ ਤਬ ਕਾਜ਼ੀਓਂ ਨੇ ਚਾਰ ਮੰਤ੍ਰ
ਲਿਖ ਦੀਏ ਔਰ ਕਹਾ ਪਹਿਰ ਪਹਿਰ ਮੇਂ ਏਕ ਏਕ ਜੰਤ੍ਰ ਕੋ ਖਾਟ ਕੇ ਏਕ ਏਕ ਪਾਵੇ ਕੇ
ਨੀਚੇ ਦਬਾਨਾ, ਚਉਥੇ ਪਹਿਰ ਮੇਂ ਆਪ ਹੀ ਆ ਜਾਏਗੀ। ਬਾਦਸ਼ਾਹ ਨੇ ਐਸੇ ਕਰਾ ਔਰ
ਸੌਦਾਗਰ ਕੀ ਇਸਤ੍ਰੀ ਕੋ ਕਹਿਲਾ ਭੇਜਾ ਕਿ ਅਗਰ ਆਜ ਤੁਮ ਅਪਨੇ ਆਪ ਨ ਆਈ
ਤੋ ਤੁਮਾਰਾ ਸਭ ਪਰਿਵਾਰ ਕਤਲ ਕਰਾ ਕਰ ਸਭ ਮਾਲ ਜ਼ਬਤ ਕਰ ਜ਼ਬਰਨ ਤੇਰੇ ਕੋ
ਮਹਲੋਂ ਮੇਂ ਬੁਲਾਇਆ ਜਾਏਗਾ। ਈਹਾ ਪਹਿਰ ਪਹਿਰ ਮੇਂ ਜੰਤ੍ਰ ਖਾਟ ਕੇ ਪਾਵੇ ਕੇ
ਨੀਚੇ ਦਬਾਏ। ਸਉਦਾਗਰ ਕੀ ਇਸਤ੍ਰੀ ਕੋ ਜਬ ਦੂਤ ਆ ਕੇ ਕਹਿਨੇ ਲਗਾ ਤਬ
ਸਉਦਾਗਰ ਕੀ ਇਸਤ੍ਰੀ ਕਹਿਨੇ ਲਗੀ ਕਿ ਮੈਂ ਪਤਿਬ੍ਰਤਾ ਹੂੰ ਔਰ ਹਿੰਦੂ ਕੀ
ਇਸਤ੍ਰੀ ਹੂੰ ਮੈਂ ਬਾਦਸ਼ਾਹ ਕੇ ਮਹਲੋਂ ਮੇਂ ਜਾਨੇ ਕੋ ਬਿਲਕੁਲ ਤਿਆਰ ਨਹੀਂ, ਮਰ
ਜਾਊਂਗੀ ਪਰ ਬਾਦਸ਼ਾਹ ਕੇ ਮਹਲੋਂ ਮੇਂ ਨ ਜਾਊਂਗੀ। ਬਾਦਸ਼ਾਹ ਨੇ ਦੋ ਤੀਨ ਵਾਰ
ਆਦਮੀ ਭੇਜੇ ਔਰ ਜੰਤ੍ਰ ਦਬਾਏ। ਜੰਤਰੋਂ ਕੇ ਪ੍ਰਭਾਵ ਸੇ ਸਉਦਾਗਰ ਕੀ ਇਸਤ੍ਰੀ
ਕਾ ਚਿਤ ਕੁਛ ਬਦਲ ਗਯਾ। ਔਰ ਕਹਿਨੇ ਲਗੀ ਮੁਲਕ ਕਾ ਬਾਦਸ਼ਾਹ ਹੈ ਪਤੀ
ਕੋ ਮਰਵਾ ਦੇਗਾ, ਬੱਚੇ ਮਰਵਾ ਦੇਗਾ, ਮਾਲ ਜਪਤ ਕਰਾ ਦੇਗਾ ਤੋ ਭੀ ਮੇਰੇ ਕੋ ਛੋੜੇਗਾ
ਨਹੀਂ। ਇਸ ਪ੍ਰਕਾਰ ਕੇ ਖਿਆਲ ਚਿਤ ਮੇਂ ਪੈਦਾ ਹੂਏ। ਦੂਸਰੇ ਪਹਿਰ ਮੇਂ ਜੰਤਰੋਂ ਕੇ
ਪ੍ਰਭਾਵ ਸੇ ਯਹ ਖਿਆਲ ਪੈਦਾ ਹੂਏ ਮੇਰੇ ਨਮਿਤ ਮੇਰੇ ਪਤੀ ਪੁਤਰੋਂ ਨਾ ਨੁਕਸਾਨ ਨ ਹੋਵੇ
ਔਰ ਬਾਦਸ਼ਾਹ ਛੋੜੇਗਾ ਨਹੀਂ। ਇਸ ਵਾਸਤੇ ਮੇਰੇ ਕੋ ਜਾਨਾ ਹੀ ਚਾਹੀਏ ਯਹ ਪੱਕਾ
ਖਿਆਲ ਹੂਆ। ਤੀਸਰੇ ਪਹਿਰ ਕੇ ਜੰਤਰ ਦਬਾਨੇ ਸੇ ਹਾਰ ਸ਼ਿੰਗਾਰ ਕਰਨੇ ਲਗ
ਗਈ। ਚਉਥੇ ਪਹਿਰ ਮੇਂ ਘਰ ਛੋੜ ਕਰ ਬਾਦਸ਼ਾਹ ਪਾਸ ਕਿਲੇ ਮੇਂ ਜਾਨੇ ਲਗੀ ਰਸਤੇ
ਮੇਂ ਸੰਤੋਂ ਕਾ ਦਰਸ਼ਨ ਹੂਆ, ਖਿਆਲ ਹੂਆ ਮਥਾ ਟੇਕ ਜਲੂੰ ਆਕਰ ਚਰਨੋਂ ਮੇਂ ਥਮ



ਟੇਕਾ ਸੰਤ ਸਿਧ ਪੁਰਸ਼ ਥੇ। ਉਨੋਂ ਨੇ ਪੂਛਾ ਪੁਤ੍ਰੀ ਪਤੀ ਤੁਮਾਰਾ ਪ੍ਰਦੇਸ ਮੇਂ ਹੈ, ਯਹ ਹਾਰ
ਸ਼ਿੰਗਾਰ ਕਰ ਕਿਥੇ ਚਲੀ ਹੈਂ ਸਚ ਸੁਨਾ। ਤਬ ਉਸ ਨੇ ਬਾਦਸ਼ਾਹ ਕਾ ਹਾਲ ਸੁਨਾਯਾ।
ਸੰਤੋਂ ਨੇ ਉਸ ਕੇ ਮਸਤਕ ਪਰ ਥੋੜੀ ਖਰਾਬ ਰੇਖਾ ਦੇਖੀ ਅਪਨੀ ਕ੍ਰਿਪਾ ਸੇ ਅਪਨੀ ਚਰਨ
ਧੂੜੀ ਨਾਲ ਉਸਕੀ ਰੇਖ ਮਿਟਾ ਦਿਤੀ ਔਰ ਕਹਿਨੇ ਲਗੇ ਪੁਤ੍ਰੀ ਅਬ ਘਰ ਕੋ ਚਲੀ ਜਾ
ਕੁਛ ਨਹੀਂ ਹੋਗਾ ਔਰ ਅਪਨੇ ਚਿਤ ਕੋ ਅਡੋਲ ਰਖ ਧਰਮ ਪਰ ਕਾਇਮ ਰਹੁ। ਪਰਮਾਤਮਾ
ਅਛਾ ਕਰੇਗਾ, ਘਰ ਚਲੀ ਜਾਹ। ਤਬ ਵੋਹ ਵਾਪਸ ਚਲੀ ਆਈ। ਇਸ ਬਾਤ ਕੋ ਲੇਕਰ
ਭਾਈ ਗੁਰਦਾਸ ਜੀ ਲਿਖਤੇ ਹੈਂ:-"ਧੂੜੀ ਲੇਖ ਮਿਟਾਇਆ"

**ਤਥਾ-ਸੰਤ ਜਨਾ ਕੀ ਧੂਰਿ ਮਸਤਕਿ ਲਾਇਆ॥ ਨਾਨਕ ਭਏ ਪੁਨੀਤ ਹਰਿ ਤੀਰਥਿ ਨ੍ਹਾਇਆ॥**

[ਸੋਰਠ ਵਾਰ ਸਫਾ ੬੫੨

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥ ....ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾਂਦੀ ਪਾਈਐ॥** [ਆਸਾ ਵਾਰ ਮ: ੧ ਸਫਾ ੪੬੮

**ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥ ਤਾਕੈ ਨਿਕਟਿ ਨ ਆਵੈ ਮਾਈ॥**

[ਗਉੜੀ ਮ: ੫ ਸਫਾ ੧੮੨

**ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ॥ ਕਹਾ ਕਰੈ ਬਪੁਰਾ ਜਮੁ ਡਰਪੈ ਗੁਰਮੁਖਿ ਰਿਦੈ ਮੁਰਾਰੀ॥** ਪ੍ਰਭਾਤੀ ਮ: ੧ ਸਫਾ ੧੩੩੨

**ਆਸ ਅਨਿਤ ਤਿਆਗਹੁ ਤਰੰਗ॥ ਸੰਤ ਜਨਾ ਕੀ ਧੂਰਿ ਮਨ ਮੰਗ॥**

[ਗਉੜੀ ਸੁਖਮਨੀ ਮ: ੫ ਸਫਾ ੨੯੫

**ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ॥** [ਗਉੜੀ ਵਾਰ ੨ ਸਫਾ ੩੨੨

**ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥ ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ॥**

[ਮਾਝ ਮ: ੫ ਸਫਾ ੯੯

**ਸੰਤਨ ਕੀ ਮਹਿਮਾ ਕਵਨ ਵਖਾਨਉ॥ ਅਗਾਧਿਬੋਧਿ ਕਿਛੁ ਮਿਤਿ ਨਹੀ ਜਾਨਉ॥ ਪਾਰਬ੍ਰਹਮ ਮੋਹਿ ਕਿਰਪਾ ਕੀਜੈ॥ ਧੂਰਿ ਸੰਤਨ ਕੀ ਨਾਨਕ ਦੀਜੈ॥**

[ਗਉੜੀ ਮ: ੫ ਸਫਾ ੧੮੧

ਇਨ ਪ੍ਰਮਾਣੋਂ ਮੇਂ ਸੰਤ ਕੀ ਧੂੜੀ ਕਾ ਮਹਾਤਮ ਗੁਰੂ ਜੀ ਨੇ ਬਹੁਤ ਲਿਖਾ ਹੈ। ਸੰਤ
ਧੂੜੀ ਸੇ ਉਸ ਸਉਦਾਗਰ ਕੀ ਇਸਤ੍ਰੀ ਕਾ ਲੇਖ ਮਿਟ ਗਯਾ, ਵੋਹ ਅਪਨੇ ਘਰ ਚਲੀ

ਗਏ। । ਜਬ ਚਾਰ ਪਹਿਰ ਗੁਜ਼ਰ ਗਏ ਤਬ ਅਪਨੇ ਵਜ਼ੀਰ ਕੋ ਔਰ ਕਾਜ਼ੀਓਂ ਕੋ ਬੁਲਾ ਕੇ ਬਾਦਸ਼ਾਹ ਨੇ ਕਹਾ ਕਿਆ ਬਾਤ ਵੋਹ ਆਈ ਨਹੀਂ। ਤਬ ਉਨੋਂ ਨੇ ਕਹਾ ਜੰਤਰੋਂ ਕੇ ਪ੍ਰਭਾਵ ਸੇ ਘਰ ਛੋਡ ਆਈ ਹੈ, ਪਰ ਰਸਤੇ ਮੇਂ ਕਿਸੀ ਪ੍ਰਬਲ ਸ਼ਕਤੀ ਨੇ ਰੋਕ ਛੋੜਾ ਹੈ। ਬਾਦਸ਼ਾਹ ਨੇ ਖੋਜ ਕਰਾਈ, ਪਤਾ ਲਗਾ ਕਿ ਸੰਤੋਂ ਨੇ ਉਸਕੋ ਵਾਪਸ ਕਰਾ ਹੈ। ਬਾਦਸ਼ਾਹ ਭੀ ਉਨ ਸੰਤੋਂ ਸੇ ਡਰਤਾ ਥਾ ਔਰ ਉਨ ਸੰਤੋਂ ਸੇ ਮਾਫੀ ਮੰਗੀ ਕਿ ਮੈਂ [illegible]ਰੇ ਕਾ ਧਰਮ ਨ ਤੋੜੂੰਗਾ। ਇਸ ਪ੍ਰਕਾਰ ਸੰਤ ਧੂੜੀ ਕਾ ਪ੍ਰਭਾਵ ਹੈ ਯਹ ਭੀ ਪਾਦ ਸੇਵਨ ਭਗਤੀ ਹੈ ਇਸ ਪ੍ਰਕਾਰ ਪਾਦ ਸੇਵਨ ਭਗਤੀ ਭੀ ਅਨੇਕੋਂ ਨੇ ਕਰੀ ਹੈ। ਤਥਾ ਮੁਮੁਖਸ਼ੂ ਲੋਗ ਗੁਰੂਓਂ ਕੇ ਚਰਨੋਂ ਕਾ ਸੇਵਨ ਕਰਤੇ ਹੈਂ, ਯਹ ਭੀ ਪਾਦ ਸੇਵਨ ਭਗਤੀ ਹੈ। ਪ੍ਰਮਾਣ :-

**ਗੁਰ ਕੇ ਚਰਣ ਹਿਰਦੈ ਵਸਾਇ ॥ ਦੂਖ ਦੁਸਮਨ ਤੇਰੀ ਹਤੈ ਬਲਾਇ ॥**

[ਗਉੜੀ ਮ: ੫ ਸਫਾ ੧੯੦

**ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧੁ ॥**

[ਮਾਰੂ ਵਾਰ ਮ: ੩ ਸਫਾ ੧੦੯੩

**ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ ਗੁਰ ਕੇ ਚਰਨ ਧੋਇ ਧੋਇ ਪੀਵਾ ॥੧॥ ਗੁਰ ਕੀ ਰੇਣੁ ਨਿਤ ਮਜਨੁ ਕਰਉ ॥ ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥ ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥ ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲ ਗਤਿ ਜਾਣੀ ॥ ੪ ॥ ਤਿਸੁ ਗੁਰਕੇ ਗ੍ਰਿਹਿ ਪੀਸਉ ਨੀਤ ॥ ਜਿਸੁ ਪ੍ਰਸਾਦਿ ਵੈਰੀ ਸਭ ਮੀਤ ॥ ੫ ॥ ਜਿਨਿ ਗੁਰਿ ਮੋਕਉ ਦੀਨਾ ਜੀਉ ॥ ਆਪੁਨਾ ਦਾਸਰਾ ਆਪੇ ਮੁਲਿ ਲੀਉ ॥ ੬ ॥ ਆਪੇ ਲਾਇਓ ਅਪਨਾ ਪਿਆਰੁ ॥ ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥ ੭ ॥ ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥ ੮ ॥**

[ਗਉੜੀ ਮ: ੫ ਸਫਾ ੨੩੯

**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**

[ਰਾਮਕਲੀ ਅਨੰਦ ਮ: ੩ ਸਫਾ ੯੧੯

**ਗੁਰ ਕੇ ਚਰਨ ਹਿਰਦੈ ਵਸਾਏ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥**

[ਮਲਾਰ ਮ: ੫ ਸਫਾ ੧੨੭



ਇਨ ਵਚਨੋਂ ਸੇ ਗੁਰੂ ਚਰਨ ਸੇਵਾ ਭੀ ਪਾਦ ਸੇਵਨ ਕੇ ਅੰਤਰ ਗਤ ਹੈ। ਯਥਾ-ਗੁਰ ਅਰਜਨ ਦੇਵ ਜੀ ਨੇ ਲਿਖਾ ਹੈ :-

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥**

[ਗਉੜੀ ਸੁਖਮਨੀ ਮ: ੫ ਸਫਾ ੨੭੨

ਇਸ ਤੁਕ ਕੇ ਪ੍ਰਸੰਗ ਵਸ਼ ਸੇ ਏਕ ਮਹਾਤਮਾ ਨੇ ਪ੍ਰਮਾਣ ਦੀਆ। ਏਕ ਰਾਜਾ ਨੇ ਬੀ ਯਹ ਤੁਕ ਕਥਾ ਮੇਂ ਮਹਾਤਮਾ ਦੁਆਰਾ ਸੁਣੀ ਰਾਜਾ ਵੇਦੋਂ ਮੇਂ ਸ਼ਰਧਾ ਰਖਤਾ ਥਾ ਓਸ ਰਾਜਾ ਨੇ ਮਹਾਤਮਾ ਸੇ ਹਠ ਕਰਾ ਕਿ ਇਸ ਤੁਕ ਦਾ ਅਰਥ ਠੀਕ ਨਹੀਂ ਬਣਤਾ ਅਗਰ ਸਾਧ ਕੀ ਮਹਿਮਾ ਵੇਦ ਨ ਜਾਣੇਂਗੇ ਤੋ ਹੋਰ ਕਵਣ ਜਾਣ ਸਕੇਗਾ ਰਾਜਾ ਕੇ ਸੰਤਾਨ ਭੀ ਨਹੀਂ ਹੋਤੀ ਸੀ ਬੜੇ ਬੜੇ ਵੇਦ ਅਨੁਸਾਰ ਯਗ ਕਰ ਚੁਕਾ ਹੈ ਦੇਵਤਾਓਂ ਕਾ ਆਰਾਧਨ ਭੀ ਕਰ ਚੁਕਾ ਥਾ ਦੇਵਤਾਓਂ ਨੇ ਅਕਾਸ਼ ਬਾਣੀ ਦੁਆਰਾ ਜਵਾਬ ਦੀਆ ਥਾ ਕਿ ਸਾਤ ਜਨਮ ਤਕ ਤੁਮਕੋ ਸੰਤਾਨ ਨਹੀਂ ਹੋਵੇਗੀ ਜੋਤਸ਼ੀ ਲੋਕ ਭੀ ਐਸੇ ਕਹਿ ਚੁਕੇ ਥੇ ਰਾਜਾ ਕੋ ਸੰਤਾਨ ਕੀ ਤੀਬਰ ਇਛਾ ਥੀ। ਸੰਤੋਂ ਨੇ ਰਾਜਾ ਕੇ ਹਠ ਕ[illegible] ਪਰ ਕਹਾ ਗੁਰੂ ਜੀ ਕੀ ਤੁਕ ਠੀਕ ਹੈ ਰਾਜਾ ਨੇ ਕਹਾ ਕੈਸੇ ਠੀਕ ਹੈ ਮਹਾਤਮਾ ਨੇ ਕਹਾ [illegible]ਤੁਕ ਕਾ ਅਰਥ ਠੀਕ ਠੀਕ ਤੇਰਾ ਪੁਤਰ ਤੇਰੇ ਕੋ ਸੁਨਾਵੇਗਾ। ਰਾਜਾ ਨੇ ਕਹਾ ਮੇਰੇ ਕੋ ਜਵਾਬ ਮਿਲਾ ਹੈ ਕਿ ਸਾਤ ਜਨਮ ਤਕ ਤੁਮ ਕੇ ਪੁਤ੍ਰ ਨ ਹੋਗਾ ਸੰਤੋਂ ਨੇ ਕਹਾ ਹਮਾਰੇ ਬਚਨ ਸੇ ਤੁਮਾਰੇ ਘਰ ਮੇਂ ਪੁਤਰ ਹੋਵੇਗਾ ਔਰ ਤੁਕ ਕਾ ਅਰਥ ਤੁਮਾਰੇ ਕੋ ਸੁਨਾਵੇਗਾ ਰਾਜਾ ਹੈਰਾਨ ਬੀ ਬੜਾ ਹੂਆ ਖੁਸ਼ ਬੀ ਹੂਆ ਮਹਾਤਮਾ ਕੇ ਬਚਨ ਅਨੁਸਾਰ ਰਾਜਾ ਕੇ ਘਰ ਪੁਤਰ ਹੂਆ ਜੋਤਸ਼ੀਓਂ ਨੇ ਲਗਨ ਦੇਖ ਕਰ ਉਮਰ ਉਸ ਕੀ ੧੧ ਬਰਸ ੧੧ ਮਹੀਨੇ ੧੧ ਦਿਨ ਬਤਾਈ ਰਾਜਾ ਕੋ ਪੁਤ੍ਰ ਜਨਮ ਕੀ ਖੁਸ਼ੀ ਭੀ ਬੜੀ ਹੂਈ ਪਰੰਤੂ ਪੁਤ੍ਰ ਕੀ ਉਮਰ ਥੋੜੀ ਸੁਨਨੇ ਸੇ ਦੁਖ ਭੀ ਬੜਾ ਹੋਇਆ। ਫੇਰ ਰਾਜਾ ਨੇ ਪੁਤ੍ਰ ਕੋ ਧਰਮ ਸ਼ਾਸਤ੍ਰ ਪੜ੍ਹਾਯਾ। ਸੰਤੋਂ ਕੇ ਗੁਣ ਪੁਤ੍ਰ ਨੇ ਪੜ੍ਹੇ ਸੁਣੇ ਚਿਤ ਮੇਂ ਸ਼ਰਧਾ ਹੂਈ ਕਿ ਸੰਤਾਂ ਕੀ ਸੇਵਾ ਕਰੂੰ ਤਬ ਰਾਜਾ ਸੇ ਚੋਰੀ ਹੀ ਲੜਕਾ ਨਿਕਲ ਕਰ ਸੰਤੋਂ ਕੇ ਚਰਨੋਂ ਪਰ ਜਾ ਪੜਾ ਸੰਤੋਂ ਨੇ ਵਰ ਦੀਆ 'ਦੀਰਘ ਆਯੂ ਵਾਲਾ ਹੋ' ਲੜਕੇ ਨੇ ਅਪਣੀ ਸਭ ਕਥਾ ਸੁਨਾਈ ਤਬ ਮਹਾਤਮਾ ਨੇ ਕਹਾ ਹਮਾਰੇ ਵਰ ਸੇ ਤੁਮਾਰੀ ੧੦੦ ਬਰਸ ਉਮਰ ਵਧ ਜਾਏਗੀ ਯਾਨੇ ੧੧੧ ਬਰਸ ੧੧ ਮਹੀਨੇ ੧੧ ਦਿਨ ਤੁਮਾਰੀ ਉਮਰ ਹੋਵੇਗੀ। ਜਬ ਸੰਤੋਂ ਨੇ ਵਰ ਦੀਆ ਤਬ ਬਾਰਹ ਬਰਸ ਤਕ ਲੜਕਾ ਵਹਾਂ ਰਹਾ ਨ ਮਰਾ ਫੇਰ ਅਪਨੇ ਬਾਪ ਪਾਸ ਆਇਆ ਸੰਤੋਂ ਕੀ ਮਹਿਮਾ ਸੁਨਾਈ ਤਬ ਰਾਜਾ ਕੋ ਗੁਰੂ ਜੀ ਕੀ ਤੁਕ ਪਰ ਸ਼ਰਧਾ ਹੂਈ। ਸੰਤਾਂ ਕਾ ਸੇਵਕ ਬਨ ਕਰ ਚਰਨ ਸੇਵਾ ਕਰਤਾ ਰਹਾ ਅਪਨੇ ਰਾਜ ਭਰ ਮੇਂ ਸੰਤ ਸੇਵਾ ਕਰਾਈ। ਸਭ ਕੋ ਸਤਿਸੰਗੀ ਬਨਾਇ ਕਰ ਪਾਦ ਸੇਵਨ ਭਗਵਤ ਭਗਤਿ ਦ੍ਰਿੜ ਕਰਾਤਾ ਭਯਾ। ਇਸ ਪ੍ਰਕਾਰ ਚੋਥੀ ਭਗਤੀ ਸਮਾਪਤ ਕਰੀ।

—o—

# ਪੰਜਵੀਂ ਅਰਚਨ (ਪੂਜਨ) ਰੂਪ ਭਗਤੀ

ਘਾਲ ਨ ਭਾਨੈ ਅੰਤਰਿ ਬਿਧਿ ਜਾਨੈ ਤਾਕੀ ਕਰਿ ਮਨ ਸੇਵਾ ॥ ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥ [ਸੋਰਠ ਮ: ੫ ਸਫਾ ੬੧੪

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤ ਰਹੈ ॥ [ਸੂਹੀ ਮ: ੫ ਸਫਾ ੭੨੮

ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥ ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥ [ਦੇਵ ਮ: ੫ ਸਫਾ ੫੩੧

ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥ ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥ ਦਰਸਨੁ ਭੇਟੇ ਬਿਨੁ ਸਤਸੰਗਾ ॥ [ਕਾਨੜਾ ਮ: ੫ ਸਫਾ ੧੩੦੫

ਸਾਲਿਗਰਾਮ ਹਮਾਰੈ ਸੇਵਾ ॥ ਪੂਜਾ ਅਰਚਾ ਬੰਦਨ ਦੇਵਾ ॥ ਘੰਟਾ ਜਾਕਾ ਸੁਨੀਐ ਚਹੁ ਕੁੰਟ ॥ ਆਸਨੁ ਜਾਕਾ ਸਦਾ ਬੈਕੁੰਠ ॥ ਜਾਕਾ ਚਵਰੁ ਸਭ ਊਪਰਿ ਝੁਲੈ ॥ ਤਾਕਾ ਧੂਪ ਸਦਾ ਪਰਫੁਲੈ ॥ ਘਟਿ ਘਟਿ ਸੰਪਟੁ ਹੈਰੇ ਜੀਕਾ ॥ ਅਭਗ ਸਭਾ ਸੰਗਿ ਹੈ ਸਾਧਾ ॥ ਆਰਤੀ ਕੀਰਤਨੁ ਸਦਾ ਅਨੰਦ ॥ ਮਹਿਮਾ ਸੁੰਦਰ ਸਦਾ ਬੇਅੰਤ ॥ ਜਿਸਹਿ ਪਰਾਪਤਿ ਤਿਸਹੀ ਲਹਨਾ ॥ ਸੰਤ ਚਰਨ ਓਹੁ ਆਇਓ ਸਰਨਾ ॥ ਹਾਥਿ ਚੜਿਓ ਹਰਿ ਸਾਲਗਿਰਾਮੁ ॥ ਕਹੁ ਨਾਨਕ ਗੁਰ ਕੀਨੋ ਦਾਨੁ ॥ [ਆਸਾ ਮ: ੫ ਸਫਾ ੩੯੩

ਐਸੀ ਮਾਂਗੁ ਗੋਬਿਦ ਤੇ ॥ ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾ ਜਪਿ ਪਰਮਗਤੇ ॥੧॥ ਰਹਾਉ ॥ ਪੂਜਾ ਚਰਨਾ ਠਾਕੁਰ ਸਰਨਾ ॥ ਸੋਈ ਕੁਸਲੁ ਜੁ ਪ੍ਰਭ ਜੀਉ ਕਰਨਾ ॥੧॥ ਸਫਲ ਹੋਤ ਇਹ ਦੁਰਲਭ ਦੇਹੀ ॥ ਜਾਕਉ ਸਤਿਗੁਰ ਮਇਆ ਕਰੇਹੀ ॥੨॥ ਅਗਿਆਨ ਭਰਮੁ ਬਿਨਸੈ ਦੁਖਿ ਡੇਰਾ ॥ ਜਾਕੈ ਹ੍ਰਿਦੈ ਬਸਹਿ ਗੁਰ ਪੈਰਾ ॥ ਸਾਧ ਸੰਗਿ ਰੰਗਿ ਪ੍ਰਭੁ ਧਿਆਇਆ ॥ ਕਹੁ ਨਾਨਕ ਤਿਨਿ ਪੂਰਾ ਪਾਇਆ ॥ [ਕਾਨੜਾ ਮ: ੫ ਸਫਾ ੧੨੯੮

ਇਸ ਪ੍ਰਕਾਰ ਗੁਰੂ ਜੀ ਨੇ ਅਰਚਨ ਯਾਨੇ ਪੂਜਨ ਰੂਪ ਭਗਤੀ ਬਹੁਤ ਜਗਹ ਲਿਖੀ ਹੈ ਸ੍ਰੀ ਮਦ ਭਾਗਵਤ ਭਾਸ਼ਾ ਕੇ ੧੧ ਸਕੰਧ ਮੇਂ ਪੂਜਾ ਦੋ ਪ੍ਰਕਾਰ ਕੀ ਲਿਖੀ ਹੈ ਬਾਹਯ



ਔਰ ਅਭ੍ਯੰਤਰ ਪਹਿਲੇ ਬਾਹਯ ਪੂਜਾ ਤੀਨ ਪ੍ਰਕਾਰ ਕੀ ਹੈ। ਪ੍ਰਮਾਣ:-

ਪੂਜਾ ਵਿਧਿ ਹੈ ਤੀਨ ਪ੍ਰਕਾਰ । ਵੈਦਿਕ ਤਾਂਤ੍ਰਿਕ ਮਿਸ੍ਰਿਤ ਧਾਰ । ਸੋ ਸਮਸਤਿ ਵਿਧਿ ਤੁਮਹਿ ਸੁਨਾਊਂ । ਜੀਵਨ ਕੋ ਕਲਿਆਨ ਉਪਾਊਂ । ਪ੍ਰਿਤਮਾ ਭੂਮਿ ਅਗਨੀ ਜਲ ਵਾਯੂ । ਦ੍ਵਿਜ ਅਰ ਆਪ ਅਰਕ ਗਾਯੂ । ਇਨ ਸਭਨ ਮੇਂ ਮੋਕੋ ਜਾਨੇ । ਯਥਾ ਯੋਗ ਸਭ ਪੂਜਾ ਠਾਨੇ । ਗੁਰੂ ਅਰ ਮੋਮੇ ਭੇਦ ਨ ਰਾਖੇ । ਮਾਨੁਖ ਬੁਧੀ ਦੂਰ ਕਰ ਨਾਖੇ ।

ਸੋ ਪੂਜਾ ੧੬ ਪ੍ਰਕਾਰ ਕੀ ਹੋਵੇ ਹੈ। ਪਤਿਬ੍ਰਤਾ ਇਸਤ੍ਰੀ ਪਤੀ ਕੀ ਪੂਜਾ ਕਰੇ। ਸਿਸ ਗੁਰੂ ਕੀ ਪੂਜਾ ਕਰੇ ਔਰ ਭਗਤ ਈਸ਼੍ਵਰ ਕੀ ਪੂਜਾ ਕਰੇ ਹੈ, ਪਰ ਯਹ ਸਭ ਪੂਜਾ ਬਾਹਯ ਸਮੱਗ੍ਰੀ ਸੇ ਕਹੇ, ਪਹਿਲੇ ਸਵੇਰੇ ਆਪ ਉਠ ਕਰ ਸਨਾਨਾਦਿ ਕ੍ਰਿਆ ਕਰਨੀ, ਫੇਰ ਸਭ ਸਮੱਗ੍ਰੀ ਪਾਸ ਲੇਕਰ ਬੈਠਨਾ, ਏਕਾਗ੍ਰ ਚਿਤ ਹੋ ਕੇ ਇਨ ਸੋਲਹ ਸਮਗ੍ਰੀ ਸੇ ਪੂਜਨ ਕਰਨਾ, ਇਸਤ੍ਰੀ ਅਪਨੇ ਪਤੀ ਕੀ ਪੂਜਾ ਕਰੇ ਸਿਸ ਗੁਰੂ ਕੇ ਪਾਸ ਜਾਵੇ। ਔਰ ਭਗਤ ਈਸ੍ਵਰ ਕੀ ਪੂਜਾ ਕਰੇ, ਜਾਕਰ ਪਹਿਲੇ ਆਵਾਹਨ ਕਰੇ ਯਾਨੇ ਉਸਤਤੀ ਕਰੇ ਸੋ ਪੂਜ ਸੋਲਾ ਪ੍ਰਕਾਰ ਕੀ ਹੈ -

੧. ਅਵਾਹਨ, ਸਵੇਰੇ ਉਠਕੇ ਅਪਣੇ ਸੁਆਮੀ ਕੋ ਉਠਾਨਾ ਪ੍ਰਣਾਮ ਕਰਨਾ ਔਰ ਸਲੋਕੋਂ ਸੇ ਉਸਤਤੀ ਕਰਨੀ। ੨. ਆਸਨ, ਝਾੜੂ ਲੇਪਨ ਆਦਿਕ ਪਰੇਮ ਸੇ ਕਰਕੇ ਸਿੰਘਾਸਨ ਵਿਛਾਨਾ । ੩. ਪਾਦਯ, ਚਰਨ ਧੋਕੇ ਕਿਸੀ ਕਪੜੇ ਨਾਲ ਸਾਫ ਕਰਨੇ । ੪. ਅਰਘ, ਹਾਥ ਮੂੰਹ ਧੁਲਾਨੇ । ੫ ਆਚਮਨ, ਦਾਤੁਨ ਕੁਰਲਾ ਕਰਾਨਾ। ੬. ਇਸਨਾਨ, ਸ਼ਨਾਨ ਕਰਾਕਰ ਕਪੜੇ ਨਾਲ ਸਰੀਰ ਪੂੰਝਨਾ ਤਥਾ ਮੰਦਰ ਕੋ ਇਸਨਾਨ ਕਰਾਕਰ ਪੋਚਨਾ ੭. ਬਸਤ੍ਰ, ਭੂਸਣ ਵਸਤ੍ਰ ਅੰਗਾਂ ਮੇਂ ਪਹਿਰਾਵਨੇ। ੮. ਜਨੇਊ, ਸ੍ਵਰਣ ਯਾ ਰੇਸ਼ਮ ਯਾ ਸੂਤ ਕਾ ਜਨੇਊ, ਸਾਫ ਕਰ ਪਹਿਰਾਵਨਾ। ੯. ਸੁਗੰਧ, ਚੰਦਨ, ਕੇਸਰ, ਕਸਤੂਰੀ, ਗੋਰੋਚਨ, ਕਾਪੂਰ, ਅਤਰ, ਐਸੀ ਸੁਗੰਧੀ ਵਾਲੀ ਚੀਜੇਂ ਲਗਾਨੀਆਂ। ੧੦. ਪੁਸਪ, ਫੂਲ ਮੁਕਤਾਦਿਕੋਂ ਵਿਚ ਗੁੰਦਨੇ, ਔਰ ਮਾਲਾ ਫੂਲਾਂ ਕੀਆਂ ਪਹਿਰਾਵਨੀਆਂ। ੧੧. ਧੂਪ, ਅਗਰ ਚੰਦਨਾਦਿ ਸੁਗੰਧਿਤ ਚੀਜੋਂ ਕਾ ਧੂਪ ਦੇਨਾ। ੧੨. ਦੀਪ, ਘੀ ਆਦਿ ਕਾ ਦੀਵਾ ਜਗਾ ਕੇ ਆਰਤੀ ਕਰਨੀ । ੧੩. ਸਭ ਪ੍ਰਕਾਰ ਕੇ ਭੋਜਨ ਛਕਾਣ ਆਚਮਨ ਕਰਾਨਾ, ਜਲ ਪਿਲਾਨਾ, ਚੁਲਾ ਕਰਾਨਾ, ਹਥ ਧੁਲਾਕੇ ਪੋਛਨੇ, ਪਾਨਾਦਿਕ ਛਕਾਣੇ। ੧੪. ਦੱਖਿਣਾ, ਯਥਾ ਸਕਤੀ ਮਾਇਆ ਆਦਿਕ ਦੀ ਭੇਟਾ ਚੜਾਵਣੀ। ੧੫. ਨੀਰਾਜਨ, ਆਰਤੀ ਕਰਨੀ, ਪ੍ਰਦੱਖਣਾ ਕਰਨੀ, ਅਪਣੇ ਆਪ ਨੂੰ ਕੁਰਬਾਨ ਕਰਨਾ ਇਸਤੋਤ੍ਰ ਪੜਨੇ ਫੂਲ ਬਰਸਾਨੇ ਆਦਿ । ੧੬ ਬਿਰਾਜਮਾਨ ਕਰਨਾ, ਪਲੰਘ ਤੇ ਸੇਜਾ ਵਿਛਾਨੀ ਸੁਗੰਧਿਤ ਚੀਜਾਂ ਕੋਲ ਰਖਨੀਆਂ ਤੇ ਚਰਨ ਦਬਾਨੇ।

ਤਥਾ ਭਗਤੋਂ ਕੋ ਆਠ ਪ੍ਰਕਾਰ ਕੀ ਮੂਰਤੀ ਬਣਾਕਰ ਪੂਜਨ ਕਰਨਾ ਚਾਹੀਏ। ਆਠ ਪ੍ਰਕਾਰ ਕੀ ਇਸ ਤਰਹ ਕੀ ਪ੍ਰਿਤਮਾ ਬਣਾਏ। ਸ੍ਰੀ ਮਦ ਭਾਗਵਤ ਮੇਂ ਲਿਖਾ ਹੈ -

ਸ਼ਲੋਕ ॥ ਸ਼ੈਲੀ ਦਾਰੁਮਯੀ ਲੋਹੀ ਲੇਪਜਾ ਲੇਪਜਾ ਚ ਸ਼ਈਕਤੀਮਨੋਮਯ

ਮਣਿਮਯੀ ਪ੍ਰਤਿਮਾਅਸ੍ਰ ਵਿਧਾਸਿੰਮ੍ਰਿਤਾ ॥

ਅਰਥ–ਏਕ ਤੋ ਸ਼ਿਲਾ (ਪੱਥਰ) ਕੀ, ਦੂਸਰੀ ਲਕੜੀ ਕੀ, ਤੀਸਰੀ ਲੋਹੇ ਕੀ, ਚੌਥੀ ਲੇਪਨ (ਚੰਦਨ) ਆਦਿਕ ਕੀ ਪੰਜਵੀਂ ਹਾਥ ਸੇ ਚਿਤ੍ਰਿਤ ਕੀ ਹੂਈ ਛੇਵੀਂ ਸੁਵਰਣ ਕੀ ਸਤਵੀਂ ਮਾਨਜੀ, ਅਠਵੀਂ ਮਣੀਯੋਂ ਕੀ, ਯੇ ਆਠ ਪ੍ਰਕਾਰ ਕੀ ਪ੍ਰਤਿਮਾ ਪ੍ਰਸਿੱਧ ਹੈਂ ।

ਏਕ ਸ਼ਿਲਾ ਕੀ ਕਹੀਏ ਮੂਰਤਿ। ਏਕ ਕਾਠ ਕੀ ਤਿਉਂ ਮਮ ਸੂਰਤਿ। ਏਕ ਲੀਪ ਚੰਦਨ ਕੀ ਕਰੀਏ । ਏਕ ਚਿਤ੍ਰ ਪੁਸਤਕ ਲਿਖ ਧਰੀਏ। ਪ੍ਰਤਿਮਾ ਏਕ ਸੁਵਰਣ ਸਵਾਰੇ । ਏਕ ਮਨੋਮਯ ਮਨ ਮੇਂ ਧਾਰੇ । ਏਕ ਮ੍ਰਿਤਕਾ ਕੋ ਲੇਕੀਨੀ। ਏਕ ਰਤਨ ਮਣੀਕੀ ਕਰ ਲੀਨੀ । ਯੇ ਸਭ ਪ੍ਰਤਿਮਾ ਅਸਟ ਪ੍ਰਕਾਰ। ਜਾਨੇ ਮਮ ਮੰਦਰ ਨਿਜ ਸਾਰ । ਸਾਲਗ੍ਰਾਮ ਆਦਿ ਹੈ ਜੇਤੀ। ਮੇਰੋ ਤਨ ਜਾਨੇ ਨਿਤ ਤੇਤੀ । ਤਿਨਮੋਂ ਹੋਵੈ ਨਿਸਚਲ ਜੇਤੀ। ਸ਼ਯਨਾਦਿਕ ਨ ਕਰਾਵੇ ਤੇਤੀ। ਲੀਪੀ ਲਿਖੀ ਮਾਰਜਨ ਕਰੇ । ਔਰਨ ਸ਼ਨਾਨਹਿ ਵਿਸਤਰੇ। ਅਬ ਭਾਖੋਂ ਪੂਜਾ ਵਿਧਿ ਤੋਸੋਂ । ਸਾਵਧਾਨ ਹੋਇ ਸੁਨੀਅਉ ਮੋਸੋਂ। ਹੋਇ ਪਵਿਤ੍ਰ ਕਰੇ ਇਸਨਾਨ । ਮਨ ਮੇਂ ਰਾਖੇ ਮੇਰੋ ਧਿਆਨ। ਪੂਜਾ ਸਾਜ ਪ੍ਰਥਮ ਸਬ ਲੇਈ। ਫਿਰ ਉਠਬੇ ਕੋ ਰਹਨ ਨ ਦੇਈ। ਬੈਠੇ ਉਤਰ ਕੈ ਪੂਰਬ ਮੁਖ। ਨਿਸਚਲ ਪ੍ਰਤਿਮਾ ਕੇਵਲ ਸਨਮੁਖ। ਦਰਭਨ ਸੋਂ ਨਿਜ ਆਸਨ ਕਰੇ । ਅੰਗਨ ਸੇ ਨਿਆਸਰਿ ਵਿਸਤਰੇ । ਨਿਆਸ ਕਰੇ ਸਬ ਮੂਰਤਿ ਅੰਗਾ। ਤਬ ਠਾਨੇ ਅਸਨਾਨ ਪ੍ਰਸੰਗਾ । ਜਲ ਮੇਂ ਬਹੁ ਸੁਗੰਧੀ ਮਿਲਾਵੇ। ਤਾਸੋਂ ਮੋਹਿ ਸਨਾਨ ਕਰਾਵੈ । ਅਰਘ ਪਾਦ ਔਰ ਵਿਸਟਰ ਕਰੇ। ਤੀਨ ਪਾਤ੍ਰ ਤਾਂਕੇ ਜਲ ਭਰੇ। ਗੰਧ ਪੁਸ਼ਪ ਤਿਨ ਮੇਂ ਬਹੁ ਧਰੇ। ਗਾਯਤ੍ਰੀ ਅਭਿਮੰਤ੍ਰਣ ਕਰੇ। ਤਬ ਅਪਨੋ ਕਰੇ ਤਨ ਸੁੱਧ। ਕਾਹੂੰ ਦ੍ਵਾਰ ਨ ਹੋਵੇ ਅਸੁੱਧ। ਹ੍ਰਿਦੇ ਮਾਂਹਿ ਮਮ ਰੂਪ ਧਿਆਵੈ। ਓਅੰਕਾਰ ਜਹਾਂ ਤੇ ਆਵੇ। ਵਸਤ੍ਰ ਜਨੇਊ ਅਰ ਆਭਰਣ। ਅੰਗ ਅੰਗ ਤਿਲਕਾਦਿ ਕਰਣ। ਉੱਤਮ ਮਾਲਾ ਬਹੁਤ ਸੁਗੰਧ। ਪ੍ਰੇਮ ਸਹਿਤ ਮੋਸੋਂ ਮਨ ਬੰਧ। ਬਾਲ ਭੋਗ ਆਚਮਨ ਕਰਾਵੇ। ਕੁਸਮ ਗੰਧ ਅਰ ਧੂਪ ਬਨਾਵੇ। ਅਲੰਕਾਰ ਦਰਸ਼ਨ ਆਦਰਸ਼। ਗੀਤ ਨ੍ਰਿਤ੍ਯ ਵਾਦ੍ਰਿਤ੍ਯ ਪੁਰਸ਼ । ਹੋਮ ਕਰੇ ਪੜ੍ਹ



ਪੜ੍ਹ ਮੰਤ੍ਰ । ਜਿਨਕੋ ਕਹੇਂ ਵੇਦ ਔਰ ਤੰਤ੍ਰ । ਕਰੇ ਹੋਮ ਆਚਰਨ ਕਰਾਵੇ। ਤਾਂਕੋ ਮੇਰੋ ਰੂਪ ਧਿਆਵੇ। ਪੀਛੇ ਤਾ ਪ੍ਰਸਾਦਹਿ ਲੇਵੇ । ਲੇਕਰ ਸਭ ਸੰਗਤਿ ਕੋ ਦੇਵੇ । ਆਗਿਆ ਪਾਇ ਆਪ ਤਬ ਪਾਵੇ । ਪ੍ਰੀਤਿ ਸਹਿਤ ਜੇਤੋ ਜਹਿੰ ਭਾਵੇ।

[ਸ੍ਰੀ ਮਦ ਭਾਗਵਤ ਭਾਸ਼ਾ ਸਕੰਧ ੧੧

ਇਤਿਆਦਿ ਖੋੜਸ਼ ਪ੍ਰਕਾਰ ਕੀ ਪੂਜਾ ਲਿਖੀ ਹੈ । ਪੂਜਨ ਭਗਤੀ ਮੇਂ ਪ੍ਰਧਾਨ ਰਾਜਾ ਅਮਰੀਸ਼ ਹੂਏ ਹੈਂ । ਜਿਨੋਂ ਕੇ ਸਾਥ ਦੁਰਵਾਸ਼ਾ ਮੁਨੀ ਦ੍ਵੇਸ਼ ਕਰਤਾ ਹੂਆ ਦੁਖ ਕੋ ਪ੍ਰਾਪਤ ਹੂਆ।

ਸ਼ਲੋਕ ॥ ਭਕ੍ਤੀ ਦ੍ਰੋਹ ਕਰਾ ਯੇਚ ਤੇ ਸੀਦੰਤਿ ਜਗਤ੍ਰਯੇ। ਦੁਰਵਾਸਾ ਦੁਖ ਮਾਪਨ: ਪੁਰਾ ਭਕ੍ਤਿ ਵਿਨਿੰਦਕ: ॥ ੪੬ ॥ ਯੇ ਮੇ ਭਕ੍ਤ ਜਨਾ ਪਾਰਥ ਨ ਮੇ ਭਕ੍ਤਾਸਚ ਤੇ ਜਨਾ: । ਭਕ੍ਤਾਨਾਂ ਚ ਯੇ ਭਕ੍ਤਿ ਤੇ ਮੇ ਭਕ੍ਤਮਾ ਮਤਾ: ॥੪੪॥

[ਭਗਤੀ ਕੌਸਤੁਭ ਆ: ੫

ਅਰਥ–ਜੋ ਭਗਤੀ ਕੇ ਦਰੋਹ ਕਰਨੇ ਵਾਲੇ ਹੈਂ, ਵੋ ਤੀਨੋਂ ਲੋਕੋਂ ਮੇਂ ਦੁਖ ਪਾਤੇ ਹੈਂ। ਜੈਸੇ ਦੁਰਵਾਸਾ ਦੁਖ ਕੋ ਪ੍ਰਾਪਤ ਹੋਤੇ ਭਏ। ਭਗਤ ਅਮਰੀਸ਼ ਕੇ ਸਾਥ ਦ੍ਵੇਸ਼ ਕਰਨੇ ਸੇ, ਏਕ ਸਮੇਂ ਮੇਂ ਅਮਰੀਸ਼ ਰਾਜਾ ਬਾਲਯ ਅਵਸਥਾ ਮੇਂ ਸ੍ਰੀ ਕ੍ਰਿਸ਼ਨ ਔਰ ਰੁਕਮਣੀ ਜੀ ਕਾ ਪੂਜਨ ਕਰਤਾ ਥਾ। ਏਕ ਸੋ ਰਾਣੀ ਘਰ ਮੇਂ ਸੀ ਪਰੰਤੂ ਪੂਜਾ ਸੇ ਬਿਨਾ ਉਸ ਕੋ ਅਵਕਾਸ਼ ਨਹੀਂ ਮਿਲਤਾ ਥਾ । ਸਾਰਾ ਦਿਨ ਹਰਿ ਸੇਵਾ ਮੇਂ ਲਗਾ ਰਹਤਾ ਥਾ, ਔਰ ਅਪਨੇ ਹਾਥ ਸੇ ਮੰਦਿਰ ਕੀ ਸਫਾਈ ਝਾੜੂ ਬੁਹਾਰੀ ਵਗੈਰਹ ਲਗਾਤਾ ਥਾ । ਰਾਣੀਓਂ ਪਾਸ ਕਿਸੀ ਭੀ ਸਮੇਂ ਜਾ ਨਹੀਂ ਸਕਤਾ ਥਾ, ਉਸ ਸਮੇਂ ਮੇਂ ਏਕ ਪ੍ਰਤੀ ਚੀ ਨਾਮ ਰਾਜਾ ਕੀ ਕੰਨਿਆਂ ਬੜੀ ਹਰਿ ਭਗਤੀ ਕਰਤੀ ਸੀ ਉਸਨੇ ਪ੍ਰਣ ਕਰਾ ਸੀ ਕਿ ਮੈਂ ਅਮਰੀਸ ਰਾਜਾ ਕੇ ਸਾਥ ਵਿਵਾਹ ਕਰੂੰਗੀ, ਔਰ ਕਿਸੀ ਨਾਲ ਨ ਕਰੂੰਗੀ। ਉਸ ਕੇ ਪਿਤਾ ਨੇ ਏਕ ਬ੍ਰਾਹਮਣ ਕੋ ਰਾਜਾ ਪਾਸ ਭੇਜਾ ਕਿ ਮੇਰੀ ਲੜਕੀ ਕਾ ਨਾਤਾ ਲੋ । ਰਾਜਾ ਨੇ ਕਹਾ ਮੇਰੇ ਪਾਸ ਅਗੇ ਹੀ ਸੋ ਰਾਣੀ ਹੈ, ਅਵਕਾਸ਼ ਨਹੀਂ ਮੇਰੇ ਕੋ ਇਛਾ ਹੀ ਨਹੀਂ ਮੈਂ ਨ ਕਰੂੰਗਾ। ਫੇਰ ਬ੍ਰਾਹਮਣ ਨੇ ਜਾਕੇ ਕੰਨਿਆਂ ਕੋ ਕਹਾ । ਕੰਨਿਆ ਨੇ ਪਿਤਾ ਸੇ ਕਹਾ ਕਿ ਫੇਰ ਬ੍ਰਾਹਮਣ ਭੇਜੋ । ਅਗਰ ਮੇਰੇ ਨਾਲ ਸ਼ਾਦੀ ਨ ਕਰੇਗਾ ਤੋ ਮੈਂ ਅਪਨਾ ਸਰੀਰ ਛੋੜਦੂੰਗੀ, ਫੇਰ ਬ੍ਰਾਹਮਣ ਨੇ ਆਕੇ ਰਾਜਾ ਕੋ ਕਹਾ, ਕਿ ਉਸ ਨੇ ਪ੍ਰਨ ਕੀਆ ਹੈ ਕਿ ਅਗਰ ਮੇਰੇ ਸਾਥ ਸ਼ਾਦੀ ਨ ਕਰੇਗਾ, ਤੋ ਮੈਂ ਸਰੀਰ ਛੋੜਦੂੰਗੀ। ਰਾਜਾ ਨੇ ਕਹਾ ਅਛਾ ਮੈਂ ਸਾਦੀ ਕਰਨੇ ਨਹੀਂ ਜਾਊਂਗਾ, ਮੇਰੇ ਕੋ ਹਰਿ ਪੂਜਾ ਸੇ ਫੁਰਸਤ ਨਹੀਂ। ਮੇਰੀ ਤਲਵਾਰ ਲੇ ਜਾਓ ਇਸ ਕੇ ਨਾਲ ਸ਼ਾਦੀ ਕਰ ਆਵੇ । ਜਬ ਰਾਣੀ ਵਿਵਾਹ ਕੇ ਮਹਲੋਂ ਮੇਂ ਆਈ । ਤਬ ਰਾਜਾ ਉਸਕੋ ਦਰਸ਼ਨ ਭੀ ਨ ਦੇਤਾ ਭਯਾ । ਕੰਨਿਆਂ ਨੇ ਵਿਚਾਰਾ ਕੈਸੇ ਦਰਸਨ ਕਰੂੰ ? ਤਬ ਪਹਿਰ ਰਾਤ ਰਹਿਤੇ ਰਾਜਾ ਸ਼ਨਾਨ ਕਰਕੇ ਅਪਨੇ ਹਾਥ ਸੇ ਠਾਕਰ ਜੀ ਕਾ ਮੰਦਰ ਸਾਫ ਕਰਤਾ ਥਾ । ਰਾਣੀ ਨੇ ਅਵਕਾਸ਼ ਪਾਕਰ ਜਬ ਰਾਜਾ ਸਨਾਨ ਕਰਨੇ ਜਾਵੇ ਤਬ ਰਾਣੀ ਆਪ ਸ਼ਨਾਨ ਕਰ, ਔਰ ਮੰਦਰ ਕੋ ਸਾਫ ਕਰਾ ਕਰੇ, ਔਰ ਪੂਜਾ ਕੀ ਸਾਮਗ੍ਰੀ ਇਕਠੀ ਕਰਕੇ

ਰਖਕੇ ਰਾਜਾ ਕੇ ਆਨੇ ਸੇ ਪਹਿਲੇ, ਮਹਿਲੋਂ ਮੇਂ ਚਲੀ ਜਾਯਾ ਕਰੇ, ਜਬ ਰਾਜਾ ਸ਼ਨਾਨ ਕਰ ਆਵੇ ਤੋ ਮੰਦਰ ਕੀ ਸਫਾਈ ਔਰ ਪੂਜਾ ਕੀ ਸਮਗ੍ਰੀ ਦੇਖਕਰ ਸੋਚ ਮੇਂ ਪੜ ਜਾਵੇ, ਹੈਰਾਨ ਹੋ ਜਾਵੇ ਮੇਰੇ ਸੇ ਪਹਿਲੇ ਕੌਨ ਭਗਤ ਆਕੇ ਪੂਜਾ ਕਰ ਜਾਯਾ ਕਰਤਾ ਹੈ। ਏਕ ਦਿਨ ਲੁਕ ਕਰ ਬੈਠ ਗਯਾ। ਜਬ ਰਾਣੀ ਆਈ ਆਕਰ ਠਾਕੁਰ ਜੀ ਕੀ, ਸਭ ਸੇਵਾ ਪਰੇਮ ਸੇ ਕਰੀ। ਰਾਜਾ ਨੇ ਉਸੇ ਦੇਖ ਲੀਆ ਪੂਛਾ ਤੂੰ ਕੌਨ ਹੈਂ। ਉਸਨੇ ਕਹਾ ਮੈਂ ਆਪਕੀ ਨਈ ਵਿਆਹੀ ਇਸਤ੍ਰੀ ਹੂੰ। ਆਪਕੇ ਦਰਸ਼ਨ ਕੀ ਅਭਿਲਾਸ਼ਾ ਕਰ ਈਹਾਂ ਆਈ ਹੂੰ। ਰਾਜਾ ਉਸ ਪਰ ਬੜਾ ਖੁਸ਼ ਹੂਆ। ਔਰ ਕਹਾ ਬੇਸ਼ਕ ਮੇਰਾ ਰੋਜ਼ ਆਕੇ ਦਰਸ਼ਨ ਕਰੋ। ਮੇਰੇ ਕੋ ਤੁਮਾਰੇ ਪਾਸ ਆਨੇ ਕੀ ਫੁਰਸਤ ਨਹੀਂ। ਔਰ ਤੁਮ ਭਗਵਾਨ ਕਾ ਪੂਜਨ ਦੂਸਰਾ ਮੰਦਰ ਬਣਾਕੇ ਕਰੋ। ਇਸ ਮੰਦਰ ਕਾ ਮੈਂ ਹੀ ਪੂਜਨ ਕਰੂੰਗਾ। ਤਬ ਰਾਣੀ ਨੇ ਆਗਿਆ ਪਾ ਕਰ, ਦੂਸਰਾ ਮੰਦਰ ਬਣਵਾਯਾ ਔਰ ਰਾਧਾ ਮੋਹਨ ਕੀ ਮੂਰਤੀ ਪਧਰਾਈ, ਔਰ ਰਾਣੀ ਆਪ ਤੰਬੂਰਾ ਲੈਕੇ ਗਾਯਨ ਕਰਾ ਕਰੇ, ਔਰ ਠਾਕੁਰ ਜੀ ਕੇ ਆਗੇ ਨ੍ਰਿਤਕਾਰੀ ਕੀਆ ਕਰੇ। ਔਰ ਦਿਨ ਭਰ ਹਲਵਾਈ ਲਗਾਕਾਰ ਪਕਵਾਨ ਤਿਆਰ ਕਰਵਾਯਾ ਕਰੇ, ਔਰ ਸ਼ਹਿਰ ਮੇਂ ਢੰਡੋਰਾ ਫਿਰਾਯਾ, ਕਿ ਸ਼ਹਿਰ ਕਾ ਕੋਈ ਪੁਰਸ਼ ਭੋਜਨ ਕੇ ਬਿਨਾ ਖਾਲੀ ਨ ਰਹੇ। ਸਭ ਠਾਕੁਰ ਜੀ ਕੇ ਪ੍ਰਸ਼ਾਦ ਕਾ ਭੋਜਨ ਕਰੇਂ। ਯੇ ਰਾਣੀ ਕਾ ਜਸ ਸਾਰੇ ਸ਼ਹਿਰ ਮੇਂ ਫੈਲ ਗਯਾ, ਔਰ ਰਾਜਾ ਨੇ ਭੀ ਸੁਨਾ। ਏਕ ਦਿਨ ਰਾਜਾ ਰਾਣੀ ਕੇ ਪਰੇਮ ਕੋ ਦੇਖਨੇ ਵਾਸਤੇ, ਰਾਣੀ ਕੇ ਮਹਲ ਮੇਂ ਗਯਾ ਔਰ ਦੇਖਾ ਰਾਣੀ ਠਾਕੁਰ ਜੀ ਕੇ ਆਗੇ ਤੰਬੂਰਾ ਲੈਕੇ ਗਾਯਨ ਕਰ ਰਹੀ ਹੈ। ਪਰੇਮ ਮੇਂ ਬੜੀ ਮਗਨ ਹੋ ਰਹੀ ਹੈ। ਰਾਜਾ ਦੇਖਕੇ ਬੜਾ ਖੁਸ਼ ਹੂਆ ਰਾਣੀ ਕੇ ਸਨਮੁਖ ਗਯਾ। ਰਾਣੀ ਰਾਜਾ ਕੇ ਚਰਨੋਂ ਮੇਂ ਗਿਰ ਪੜੀ। ਰਾਜਾ ਕਹਿਨੇ ਲਗਾ ਅਗਰ ਮੇਰੀ ਆਗਿਆ ਮਾਨੇ, ਤੋ ਜੈਸੇ ਪਹਿਲੇ ਪਰੇਮ ਸੇ ਗਾਯਨ ਕਰਤੀ ਥੀ ਐਸੇ ਹੀ ਬੀਨ ਬਜਾ ਕੇ ਫੇਰ ਗਾਯਨ ਕਰ। ਰਾਣੀ ਆਗਿਆ ਮਾਨਕੇ ਬੜੇ ਪਰੇਮ ਸੇ ਗਾਯਨ ਕਰਨੇ ਲਗੀ, ਰਾਜਾ ਭੀ ਰਾਣੀ ਕੇ ਪਰੇਮ ਮੇਂ ਗਾਯਨ ਕਰਨੇ ਲਗ ਗਯਾ। ਇਸ ਪ੍ਰਕਾਰ ਰਾਜਾ ਰਾਣੀ ਕੇ ਸਾਥ ਮਿਲ ਕਰ ਰਾਤਿ ਦਿਨ ਠਾਕੁਰ ਜੀ ਕੇ ਆਗੇ ਗਾਯਨ ਕਰਤਾ ਥਾ, ਰਾਜ ਕਾਜ ਭੁਲ ਗਯਾ ਸਾਰੇ ਸ਼ਹਿਰ ਕੇ ਬੀਚ ਮੇਂ ਮਸ਼ਹੂਰ ਹੋ ਗਯਾ ਕਿ ਰਾਜਾ ਨਵੀ ਰਾਣੀ ਨਾਲ ਰੀਝ ਗਯਾ ਹੈ, ਤਬ ਸੌ ਰਾਣੀਓਂ ਨੇ ਵਿਚਾਰ ਕਰਾ ਕਿ ਹਮ ਭੀ ਮੰਦਿਰ ਬਣਾਏਂ, ਔਰ ਠਾਕੁਰ ਜੀ ਕੇ ਆਗੇ ਨਾਚਾ ਗਾਯਾ ਕਰੇਂ, ਤੋ ਹਮਾਰੇ ਪਰ ਭੀ ਰਾਜਾ ਪ੍ਰਸੰਨ ਹੋਗਾ। ਇਸ ਪ੍ਰਕਾਰ ਸੇ ਰਾਣੀਓਂ ਨੇ ਅਪਨੇ ਅਪਨੇ ਜੁਦੇ ਜੁਦੇ ਸੰ ਮੰਦਰ ਬਣਾਏ। ਸਭ ਬੀਨ ਲੈਕੇ ਭਗਤੀ ਕਰਨੇ ਲਗੀਆਂ। ਰਾਜਾ ਉਨ ਪਰ ਭੀ ਪ੍ਰਸੰਨ ਹੋਤਾ ਭਯਾ, ਉਨੋਂ ਨਾਲ ਮਿਲਕੇ ਭੀ ਭਗਤੀ ਕਰਤਾ ਭਯਾ। ਇਸ ਪ੍ਰਕਾਰ ਏਕ ਸੌ ਏਕ ਰਾਣੀ ਔਰ ਰਾਜਾ ਅਮਰੀਸ਼, ਰਾਤ ਦਿਨ ਹਰਿ ਭਗਤੀ ਮੇਂ ਲਿਵਲੀਨ ਰਹਾ ਕਰਤੇ ਥੇ ਰਾਜ ਕਾਜ ਕੁਝ ਨਾ ਕਰਾ ਕਰੇਂ ਤਬ ਭਗਵਾਨ ਵਿਸ਼ਨੂ ਨੇ, ਸੁਦਰਸ਼ਨ ਚਕ੍ਰ ਕੋ ਆਗਿਆ ਕਰੀ, ਕਿ ਭਗਤ ਤੋ ਮੇਰੇ ਪਰਾਯਣ ਹੈ, ਔਰ ਤੁਮ ਉਸ ਕਾ ਰਾਜ ਸੰਭਾਲੋ। ਇਸ ਪ੍ਰਕਾਰ ਜਬ ਬਹੁਤ ਕਾਲ ਗੁਜ਼ਰ

ਗਯਾ, ਤੋ ਏਕ ਦਿਨ ਕਾਰਤਿਕ ਕੇ ਮਹੀਨੇ ਕੀ ਏਕਾਦਸ਼ੀ ਆਈ। ਤਬ ਰਾਜਾ ਬ੍ਰਤ ਰਖਤਾ ਭਯਾ, ਦੂਸਰੇ ਦਿਨ ਪ੍ਰਾਤਾਕਾਲ ਰਾਜਾ ਛੇ ਅਰਬ ਗਊਆਂ ਮੰਗਾ ਕਰ ਔਰ ਅਲੰਕ੍ਰਿਤ ਕਰ ਬ੍ਰਾਹਮਣੋਂ ਕੋ ਦਾਨ ਦੇਤਾ ਭਯਾ। ਇਤਨੇ ਮੇਂ ਦੁਰਵਾਸ਼ਾ ਰਿਖੀ ਸਿਸ਼ੋਂ ਕੇ ਸਾਥ ਆਤਾ ਭਯਾ, ਰਾਜਾ ਸੁਨ ਕੇ ਜਲਦੀ ਉਨੋਂ ਪਾਸ ਪਹੁੰਚਤਾ ਭਯਾ, ਔਰ ਨਮਸਕਾਰ ਕਰ ਸੇਵਾ ਪੂਛੀ ਦੁਰਵਾਸ਼ਾ ਨੇ ਕਹਾ ਹਮ ਭੂਖੇ ਹੈਂ ਭੋਜਨ ਕਰੇਂਗੇ। ਰਾਜਾ ਨੇ ਕਹਾ ਭੋਜਨ ਤਿਆਰ ਹੈ ਕਰੀਏ। ਤਬ ਦੁਰਵਾਸਾ ਨੇ ਕਹਾ ਹਮ ਸ਼ਨਾਨ ਸੰਧਯਾ ਕਰਕੇ ਆ ਕੇ ਭੋਜਨ ਕਰਤੇ ਹੈਂ। ਰਾਜਾ ਨੇ ਪ੍ਰਾਰਥਨਾ ਕਰੀ ਮਹਾਰਾਜ ਜਲਦੀ ਆਨਾ, ਕਿਉਂਕਿ ਦੁਆਦਸ਼ੀ ਉਦੇ ਤਿਥੀ ਦੋ ਘੜੀ ਹੈ. ਮੈਨੇ ਬ੍ਰਤ ਦੁਆਦਸ਼ੀ ਮੇਂ ਹੀ ਉਪਾਰਨ ਕਰਨਾ ਹੈ। ਐਸੇ ਪ੍ਰਾਰਥਨਾ ਸੇ ਬਹੁਤ ਕਹਾ। ਅਬ ਦੁਰਬਾਸ਼ਾ ਸ਼ਨਾਨ ਕੋ ਗਏ ਬਹੁਤ ਦੇਰੀ ਲਗਾਈ ਆਏ ਨਹੀਂ, ਰਾਜਾ ਕੋ ਦੋਨੋਂ ਪ੍ਰਕਾਰ ਸੇ ਡਰ ਹੂਆ ਈਹਾਂ ਮੁਨੀ ਕਾ ਸ਼ਾਪ ਊਹਾਂ ਬ੍ਰਤ ਕਾ ਭੰਗ। ਤਬ ਬ੍ਰਾਹਮਣੋਂ ਕੋ ਬੁਲਾਯਾ ਅਪਨਾ ਸੰਦੇਹ ਸੁਨਾਯਾ। ਤਬ ਬ੍ਰਾਹਮਣੋਂ ਨੇ ਕਹਾ ਠਾਕੁਰ ਜੀ ਕਾ ਚਰਣਾ-ਮ੍ਰਿਤ ਲੈਕੇ ਬ੍ਰਤ ਉਪਾਰਨ ਕਰੋ, ਉਸ ਮੇਂ ਕੋਈ ਦੋਸ਼ ਨਹੀਂ ਤਬ ਰਾਜਾ ਨੇ ਠਾਕੁਰ ਜੀ ਕਾ ਚਰਣਾਮ੍ਰਿਤ ਲੈ ਕੇ ਬ੍ਰਤ ਉਪਾਰਨ ਕੀਆ। ਅਰ ਦੁਰਵਾਸਾ ਮੁਨੀ ਕੀ ਬਾਟ ਦੇਖਤਾ ਭਯਾ ਕਿ ਆਵੇਂ ਆ ਕੇ ਭੋਜਨ ਕਰੇਂ ਪਰ ਦੁਰਵਾਸ਼ਾ ਰਿਸ਼ੀ ਮਧਯਾਨ ਕਾਲ ਮੇਂ ਆਏ, ਔਰ ਜਬ ਉਨ ਕੋ ਪਤਾ ਲਗਾ ਕਿ ਹਮਾਰੇ ਕੋ ਨਿਮੰਤ੍ਰਣ ਦੇਕੇ ਹਮਾਰੇ ਸੇ ਪਹਿਲੇ ਹੀ ਠਾਕੁਰ ਜੀ ਕਾ ਆਚਮਨ ਲੇ ਚੁਕਾ ਹੈ। ਤਬ ਦੁਰਵਾਸ਼ਾ ਰਿਸ਼ੀ ਬੜਾ ਕਰੋਧ ਕਰਤਾ ਹੂਆ ਰਾਜਾ ਕੇ ਪੀਛੇ ਦੌੜਤਾ ਭਯਾ। ਪੁਰੀ ਮੇਂ ਹਾਹਾਕਾਰ ਮਚ ਗਯਾ। ਰਾਜਾ ਕੀ ਰਖਯਾ ਵਾਸਤੇ ਸੁਦਰਸ਼ਨ ਚੱਕ੍ਰ ਬੜੇ ਤੇਜ ਵਾਲਾ ਹੋ ਕਰ, ਮੁਨੀ ਕੇ ਪੀਛੇ ਦੌੜਤਾ ਭਯਾ। ਮੁਨੀ ਸੁਦਰਸ਼ਨ ਚੱਕਰ ਕਾ ਤੇਜ ਨ ਸਹਨ ਕਰਤਾ ਹੂਆ, ਮੰਦਰ ਮੰਦਰ ਮੇਂ ਪ੍ਰਵੇਸ਼ ਕਰਤਾ ਭਯਾ। ਫੇਰ ਮੁਨੀ ਸੁਦਰਸ਼ਨ ਚੱਕ੍ਰ ਕੇ ਡਰ ਸੇ ਸਮੁੰਦਰ ਕੇ ਜਲ ਮੇਂ ਪ੍ਰਵੇਸ਼ ਕਰ ਗਯਾ, ਪਰ ਚੱਕ੍ਰ ਕਾ ਤੇਜ ਤਹਾਂ ਭੀ ਦੇਖਾ। ਤਬ ਇੰਦਰ ਆਦੀ ਸਾਤੋਂ ਲੋਕੋਂ ਮੇਂ ਜਾਤਾ ਭਯਾ। ਪਰ ਸੁਦਰਸ਼ਨ ਚੱਕਰ ਨੇ ਵਹਾਂ ਭੀ ਨ ਛੋੜਾ ਤਬ ਦੁਰਵਾਸਾ ਮੁਨੀ ਬ੍ਰਹਮ ਲੋਕ ਮੇਂ ਜਾਤੇ ਭਏ। ਬ੍ਰਹਮਾ ਜੀ ਨੇ ਦੂਰ ਸੇ ਦੇਖ ਕੇ ਦਰਵਾਜ਼ੇ ਬੰਦ ਕਰ ਦੀਏ, ਅਰ ਕਹਾ ਜਾਓ ਜਾਓ ਤੂੰ ਭਗਤ ਵਿਰੋਧੀ ਹੈ ਤੇਰੀ ਰਖਯਾ ਕਰਨੇ ਕੋ ਮੈਂ ਸਮਰਥ ਨਹੀਂ। ਵਹਾਂ ਸੇ ਮੁਨੀ ਕੈਲਾਸ਼ ਕੋ ਸ਼ਿਵਜੀ ਕੀ ਸ਼ਰਨ ਮੇਂ ਗਯਾ ਕਿ ਸ਼ਿਵਜੀ ਅਪਨੀ ਅੰਸ ਜਾਨਕੇ ਰਖਯਾ ਕਰੇਂਗੇ। ਔਰ ਸ਼ਿਵਜੀ ਪਾਸ ਜਾ ਕੇ ਕਹਿਨੇ ਲਗਾ ਰਖਯਾ ਕਰੋ, ਕਿਉਂਕਿ ਮੇਰਾ ਕੋਈ ਰਖਯਕ ਨਹੀਂ, ਤਬ ਸ਼ਿਵਜੀ ਕਹਿਨੇ ਲਗੇ। ਸ਼ਿਵ ਵਚਨ:-

**ਸ਼ਿਵ ਕਹ ਨਿਕਰਹੁ ਨਿਕਰਹੁ ਇਤ ਤੇ। ਜਾਉ ਜਾਉ ਆਇਓ ਮੁਨੀ ਜਿਤ ਤੇ। ਰਖਯਾ ਕਰਨ ਮੋਰ ਗਤਿ ਨਾਹੀਂ। ਸਾਧੁ ਵਿਰੋਧ ਕੁਸ਼ਲ ਕਹੁ ਕਾਹੀਂ। ਯਹ ਕੈਲਾਸ ਭਸਮ ਹ੍ਵੈ ਜੈ ਹੈ। ਗਣਨ ਸਹਿਤ ਮੋਹਿ ਚਕ੍ਰ ਜਰੈ ਹੈ। ਤਬ ਮੁਨਿ ਕਹਯੋ ਬਹੁਰਿ ਸਿਰਨਾਈ। ਨਹਿੰ ਰਖਸ਼ਹੁ ਤੋ ਕਹਹੁ ਉਪਾਈ। ਕਹਯੋ ਸ਼ੰਭੁ ਵੈਕੁੰਠਹਿ ਜਾਹੂ। ਰਖਸ਼ਨ ਕਰੈ**

ਰਮਾ ਕਰ ਨਾਹੂ। ਸ਼ੰਭੂ ਵਚਨ ਸੁਨਿ ਡਰਯੋ ਮੁਨੀਸ਼ਾ। ਗਯੋ ਵਿਕੁੰਠ ਜਹਾਂ ਜਗਦੀਸ਼ਾ। ਗਿਰਯੋ ਪਾਹਿ ਕਹਿ ਚਰਣਨ ਮੂਲਾ। ਹੋਹੁ ਨਾਥ ਮੋ ਪਰ ਅਨੁਕੂਲਾ।

ਦੋਹਾ—ਮੈਂ ਜਾਨਯੋਂ ਨਹਿ ਰਾਵਰੇ ਦਾਸਨ ਕੋ ਪ੍ਰਭਾਵ। ਤਾਤੇ ਅਬ ਨਹਿ ਦੇਖਿਯਤੁ ਅਪਨੋ ਕਹੂੰ ਬਚਾਵ।

ਇਸ ਪ੍ਰਕਾਰ ਵੋਹ ਦੁਰਵਾਸਾ ਮੁਨੀ, ਸ਼ਿਵਜੀ ਪਾਸ ਸੇ ਵਿਸ਼ਣੂ ਜੀ ਪਾਸ ਗਯਾ। ਉਨੋਂ ਨੇ ਜਵਾਬ ਦੀਆ ਕਹਾ ਮੈਂ ਤੋ ਭਗਤੋਂ ਕੇ ਵਸ਼ ਹੂੰ। ਜਾਕੇ ਭਗਤ ਕੋ ਪ੍ਰਸੰਨ ਕਰੋ। ਤਬ ਸੁਦਰਸ਼ਨ ਚਕ੍ਰ ਹਟੇਗਾ। ਤਬ ਮੁਨੀ ਜਾਕੇ ਭਗਤ ਅਮਰੀਸ਼ ਕੋ ਪ੍ਰਸੰਨ ਕਰਤਾ ਭਯਾ, ਔਰ ਸੁਦਰਸ਼ਨ ਚੱਕ੍ਰ ਸੇ ਮੁਕਤ ਹੋਤਾ ਭਯਾ। ਇਹ ਸਾਰੀ ਕਥਾ ਭਗਤ ਮਾਲ ਮੇਂ ਲਿਖੀ ਹੈ। ਇਸ ਪ੍ਰਕਾਰ ਨਾਮਦੇਵ ਜੀ ਨੇ ਭੀ ਪਹਿਲੇ ਬਹੁਤ ਬਰਸੋਂ ਤਕ, ਸਗੁਣ ਪ੍ਰਮੇਸ਼ਰ ਕੀ ਪੂਜਾ ਕਰੀ ਹੈ ਤਥਾ ਰਵਿਦਾਸ ਆਦੀ ਭਗਤੋਂ ਨੇ ਕਰੀ ਹੈ। ਬਾਹਯ ਪੂਜਾ ਕਹਿ ਕਰ ਅਬ ਅੰਤਰੀਯ ਮਾਨਸੀ ਪੂਜਾ ਕਹਿਤੇ ਹੈਂ ਯਾਨੇ ਸਗੁਣ ਬ੍ਰਹਮ ਕੀ ਪੂਜਾ ਕਹਿ ਕਰ, ਅਬ ਨਿਰਗੁਣ ਬ੍ਰਹਮ ਕੀ ਪੂਜਾ ਕਹਿਤੇ ਹੈਂ। ਪ੍ਰਮਾਣ :-

ਮਨ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥

[ਵਾਰ ਸ੍ਰੀ ਰਾਗ ਮ: ੩ ਸਫਾ ੮੯

ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥ ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥

[ਗਉੜੀ ਮ: ੧ ਸਫਾ ੨੨੪

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟਿ ਅੰਤਰਿ ਪੂਜਾ ਹੋਇ ॥ ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥ ੧ ॥ ਰਹਾਉ ॥ ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥

[ਗੂਜਰੀ ਮ: ੧ ਸਫਾ ੪੮੯

ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ ਅਵਰੁ ਨ ਫੂਲੁ ਅਨੂਪੁ ਨ ਪਾਵਉ ॥ ੧ ॥ ਰਹਾਉ ॥ ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥ ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥ ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥ ਪੂਜਾ ਅਰਚਾ ਆਹਿ ਨ ਤੋਰੀ ॥ ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥

[ਗੂਜਰੀ ਰਵਿ: ਸਫਾ ੫੨੫

ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜ ਚੜਾਵਏ॥

[ਬਿਹਾਗੜਾ ਛੰਤ ਮ: ੫ ਸ ' ੫੪੨

ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾਕੀ ਕਰਿ ਮਨ ਸੇਵਾ ॥ ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥

[ਸੋਰਠ ਮ: ੫ ਸਫਾ ੬੧੪

ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥

[ਸੂਹੀ ਮ: ੧ ਸਫਾ ੭੨੮

ਅਚੁਤ ਪੂਜਾ ਜੋਗ ਗੋਪਾਲ ॥ ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ ॥

[ਬਿਲਾਵਲ ਮ: ੫ ਸਫਾ ੮੨੪

ਕਵਨੁ ਜਾਨੈ ਪ੍ਰਭ ਤੁਮ੍ਹਰੀ ਸੇਵਾ ॥ ਪ੍ਰਭ ਅਵਿਨਾਸੀ ਅਲਖ ਅਭੇਵਾ ॥ ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ ਊਚ ਮਹਲ ਸੁਆਮੀ ਪ੍ਰਭ ਮੇਰੇ ॥ ਏਕਸ ਬਿਨੁ ਨਾਹੀ ਕੋ ਦੂਜਾ ॥ ਤੁਮ੍ਹ ਹੀ ਜਾਨਹੁ ਅਪਨੀ ਪੂਜਾ ॥

[ਬਿਲਾਵਲ ਮ: ੫ ਸਫਾ ੮੦੫

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥

ਗੋਂਡ ਨਾਮਦੇਵ ਸਫਾ ੮੭੫

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ ਸੰਤਹੁ ਗੁਰਮੁਖਿ ਪੂਰਾ ਪਾਈ ॥ ਨਾਮੋ ਪੂਜ ਕਰਾਈ ॥ ੧ ॥ ਰਹਾਉ ॥ ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ ॥ ਹਰਿ ਸਾਚੇ ਭਾਵੈ ਸਾ ਪੂਜਾ ਹੋਵੈ ਭਾਣਾ ਮੰਨਿ ਵਸਾਈ ॥ ਪੂਜਾ ਕਰੈ ਸਭੁ ਲੋਕੁ ਸੰਤਹੁ ਮਨਮੁਖਿ ਥਾਇ ਨ ਪਾਈ ॥ ਸਬਦਿ ਮਰੈ ਮਨੁ ਨਿਰਮਲੁ ਸੰਤਹੁ ਏਹ

ਪੂਜਾ ਥਾਇ ਪਾਈ ॥ ਪਤਿਤ ਪਾਵਨ ਸੇ ਜਨ ਸਾਚੇ ਏਕ ਸਬਦਿ ਲਿਵ ਲਾਈ ॥ ਬਿਨੁ ਨਾਵੈ ਹੋਰ ਪੂਜ ਨ ਹੋਵੀ ਭਰਮਿ ਭੁਲੀ ਲੁਕਾਈ ॥ ਗੁਰਮੁਖਿ ਆਪੁ ਪਛਾਣੈ ਸੰਤਹੁ ਰਾਮ ਨਾਮਿ ਲਿਵ ਲਾਈ ॥ ਆਪੇ ਨਿਰ-ਮਲੁ ਪੂਜ ਕਰਾਏ ਗੁਰ ਸਬਦੀ ਥਾਇ ਪਾਈ ॥ ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ ॥ ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮਨਿ ਵਸਾਈ ॥ ਭਾਣੇ ਤੇ ਸਭਿ ਸੁਖ ਪਾਵਹਿ ਸੰਤਹੁ ਅੰਤੇ ਨਾਮੁ ਸਖਾਈ ॥ ਅਪਣਾ ਆਪੁ ਨ ਪਛਾਣਹਿ ਸੰਤਹੁ ਕੂੜ ਕਰਹਿ ਵਡਿਆਈ ॥

[ਰਾਮਕਲੀ ਮ: ੩ ਸਫ਼ਾ ੯੧੦

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਾਉਨਾ ਜਾਨਾਂ ॥੧॥ ਤੋਰਉ ਨ ਪਾਤੀ ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ ਨਿਹਫਲ ਸੇਵਾ ॥ ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹਿ ਸੁਖੁ ਪਾਵਉ ॥

[ਭੈਰਉ ਕਬੀਰ ਸਫ਼ਾ ੧੧੫੮

ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥ ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ ੧ ॥ ਜਹਾ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥ ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥ ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩ ॥ ੧ ॥

[ਬਸੰਤ ਰਾਮਾਨੰਦ ਸਫ਼ਾ ੧੧੯੫

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥ ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ॥ [ਮਲਾਰ ਮ: ੪ ਸਫ਼ਾ ੧੨੬੪

ਸ੍ਰਿਣੁ ਬ੍ਰਹਮ ਵਿਦਾਂ ਸ੍ਰੇਸ੍ਰ ਦੇਵਾਰਚਨੰ ਅਨੁੱਤਮੰ ॥ ਵਦਾਮਿ ਮੁਰਜਤੇ ਯੇਨ ਕ੍ਰਿਤੇਨ ਸਕ੍ਰਿਦੇਵ ਹਿ ॥ ੧ ॥ ਕਥ੍ਰਿਤ ਵੇਤਸਿ ਮਹਾਬਾਹੋ ਦੇਵ:



ਕ: ਸਜਾਦਿਤਿ ਦ੍ਵਿਜਾ: । ਨ ਦੇਵ: ਪੁੰਡਰੀਕਾਖਜੋ ਨਚ ਦੇਵ: ਤ੍ਰਿਲੋਚਨ: ॥੨॥ ਨ ਦੇਵ: ਕਮਲੋਦਭੂਤੋ ਨ ਦੇਵਸਤ੍ਰਿ ਦਸ਼ੇਸ਼੍ਵਰ: । ਨ ਦੇਵ: ਪਵਨੋ ਨਅਰਕੋ ਨਾ ਅਨਲੋ ਨ ਨਿਸ਼ਾਕਰ ॥ ੩ ॥ ਨ ਬ੍ਰਾਹਮਣੋ ਨ ਅਵਨਿਪੋ ਨਾਹੰ ਨ ਤ੍ਵੰ ਦ੍ਵਿਜੋੱਤਮ। ਨ ਦੇਵੋ ਦੇਹ ਰੂਪੋ ਹਿ ਨ ਦੇਵ-ਸ੍ਵਿਤਰੂਪਧ੍ਰਿਕ ॥ ੪ ॥ ਨ ਦੇਵ: ਕਮਲਾ ਰੂਪੀ ਨਾਪਿਦੇਵੇ ਭਵੇਤ੍ਰਮਤਿ: । ਅਕ੍ਰਿਤਿੰ ਅਨਾਦਜੰਤੰ ਦੇਵਾਨਾਂ ਦੇਵ ਉਚਜਤੇ ॥ ੫ ॥ ਅਕਾਰਾਦਿ ਪਰਿੱਛਿੱਨੇ ਮਿਤੇ ਵ੍ਰਸ੍ਤੁਨਿ ਤਤ੍ਕ੍ਰਤ: । ਅਕ੍ਰਿਤ੍ਰੰ ਅਨਾਦਜੰਤੰ ਦੇਵਨੰ ਰਿੱਛਿਵੇਵਿਦੁ: ॥੬॥ ਤਦੇਵ ਦੇਵੰ ਸ਼ਬਦੇਨ ਕਥਜਤੇ ਤਤ ਪ੍ਰਪੂਜਯੇਤ । ਤਦੇਵਸ੍ਵਿ ਯਤ: ਸਰਵੰ ਸੱਤਾ ਸੱਤਾਤਮ ਰੂਪ ਧ੍ਰਿਕ ॥ ੭ ॥ ਅਗਯਾਤ ਸ਼ਿਵ ਤਤ੍ਵਾਨਾਂ ਅ ਕਾਰਾਦੀ ਅ ਰਚਨੰ ਕ੍ਰਿਤੰ । ਯੋਜਨਅਧ੍ਵਨੀ ਅਸ਼ਕਸਜ ਕ੍ਰੋਸ਼ਅਧ੍ਵ ਪਰਿਕਲਪਜਤੇ ॥ ੮ ॥ ਇਯੰਤਾਦਿ ਪਰਿਛਿੰਨੰ ਰੁਦ੍ਰਾਦੇ: ਪ੍ਰਾਪਜਤੇ ਫਲੰ । ਅਕ੍ਰਿਤ੍ਰਿਅਨਾਦਜੰਤੰ ਫਲੰ ਆਨੰਦ ਆਤਮਨ: ॥ ੯ ॥ ਅਕ੍ਰਿਤ੍ਰਿਮ ਫਲੰ ਤਜਕਤ੍ਵਾ ਯ: ਕ੍ਰਿਤ੍ਰਿਮ ਫਲੰ ਬ੍ਰਜੇਤ । ਤਜਕਤ੍ਵਾਂ ਸ ਮੰਦਾਰ ਵਨੰ ਕਾਰੰਜੰ ਯਤਿ ਕਾਨਨੰ ॥ ੧੦ ॥ ਬੋਧ: ਸਾਮਯੰ ਸਮ ਇਤਿ ਪੁਸ਼ਪਾਣਿ ਅਗ੍ਰਣਿ ਤਤ੍ਰ ਚ । ਸ਼ਿਵ ਚਿਨ ਮਾਤ੍ਰ ਮਮਲੰ ਪੂਜਯੰ ਪੂਜ ਵਿਦੋਵਿਦੁ ॥ ੧੧ ॥ ਸ਼ਮ ਬੋਧਾਦਿਭਿ: ਪੁਸ਼ਪੈ: ਦੇਵ: ਆਤਮਾ-ਯੰਤ੍ਰ ਅਰੰਚਜਤੇ। ਤੱਤੁ ਦੇਵਾਰਚਨੰ ਵਿੱਧਿ ਨਅਕਾਰ ਅਰਚਨੰ ਅਰਚਨੰ ॥ ੧੨ ॥ ਆਤਮ ਸੰਵਿਤਿ ਰੂਪੰਤੁ ਤਜਕਤ੍ਵਾ ਦੇਵਾਰਚਨੰ ਜਨਾ: । ਕ੍ਰਿਤ੍ਰਿਅਰਚਾਸੁ ਯੇ ਸ਼ਕ੍ਰਾ: ਸ੍ਵਿਰੰ ਕ੍ਲੇਸ਼ੰ ਭਜੰਤਿ ਤੇ ॥ ੧੩ ॥ ਗਯਾਤ ਗਯੇਯਾਹਿਤੇ ਸੰਤੋ ਬਾਲ ਕ੍ਰੀੜੋਪਮੰਚਤੇ । ਆਤਮ ਧਜਾਂਨਾਦ੍ਰਿਤੇ ਬ੍ਰਹਮਨ ਕੁਰਵੰਤੇ ਦੇਵ ਪੂਜਨੰ ॥ ੧੪ ॥ ਆਤਮੇਵ ਦੇਵੋ ਭਗਵਾਨ ਸ਼ਿਵ: ਪਰਮ ਕਾਰਣੰ । ਗਯਾਨ ਅਰਚਨੇਨਆਵਿਰਤੰ ਪੂਜਨੀਯ: ਸ ਸਰਵਦਾ ॥ ੧੫ ॥ ਤ੍ਵੰਏਤਤ੍ਰਚੇਤਨ ਆਕਾਸ਼ੇ ਆਤਮਾਨੰ ਜੀਵਮਬਯਜੰ । ਸ੍ਵਭਾਵੰ

## ਵਿੱਧਿ, ਨ ਤ੍ਰਨਯ: ਪੂਜਯ: ਪੂਜਾਤਮ ਪੂਜਨੰ ॥ ੧੬ ॥

ਯੋਗ ਵਾਸਿਸ਼ਟ ਨਿਰਵਾਣ ਪ੍ਰਕਰਣ ਪੂਰਬਾ: ੬ ਸਰਗ ੨੯ ਸਲੋਕ ੧੧੭ ਸੇ ੧੩੨ ਤਕ

ਟੀਕਾ-ਏਕ ਕਾਲ ਮੇਂ ਵਸਿਸ਼ਟ ਮੁਨੀ ਕੈਲਾਸ਼ ਮੇਂ ਸ੍ਰੀ ਮਹਾਦੇਵ ਜੀ ਕੇ ਪਾਸ ਜਾਤੇ ਭਏ । ਕੈਸੇ ਵਸਿਸ਼ਟ ਜੀ ਹੈਂ ਜੋ ਸਰਵ ਵਿਸ਼ਯੋਂ ਸੇ ਉਪਰਾਮ ਹੈਂ, ਔਰ ਸਰਵ ਪਾਪੋਂ ਕੇ ਨਿਵਿਰਤੀ ਅਰਥ ਔਰ ਸਰਵ ਕਲਿਆਨ ਕੀ ਪ੍ਰਾਪਤੀ ਅਰਥ, ਦੇਵ ਪੂਜਨ ਕਿਸ ਉਤਮ ਸਮੱਗ੍ਰੀ ਸੇ ਕਰਨਾ ਚਾਹੀਏ ਯੇ ਪੂਛਤੇ ਭਏ, ਤਬ ਸ੍ਰੀ ਮਹਾਦੇਵ ਜੀ ਪਰਮ ਕ੍ਰਿਪਾਲੂ ਸਰਵਗਯ ਪਰਮ ਪੁਰਸ਼ਾਰਥ ਕਾ ਸਾਧਨ ਤੱਤ੍ਰ ਗਿਆਨ, ਸਰਵ ਦੇਵ ਅਰਚਨ ਕਾ ਪਰਮ ਰਹਸਯ, ਸ਼ਰਣਾਗਤ ਵਸਿਸ਼ਟ ਜੀ ਕੋ ਉਪਦੇਸ਼ ਕਰਤੇ ਭਏ ॥ ਈਸ੍ਵਰਉਵਾਚ ॥ ਹੇ ਬ੍ਰਹਮਵੇਤਾਓਂ ਮੇਂ ਸ੍ਰੇਸ਼ਟ ਵਸਿਸ਼ਟ ਜੀ, ਮੈਂ ਤੁਮਾਰੇ ਕੋ ਉੱਤਮ ਦੇਵ ਅਰਚਨ ਕਹਿਤਾ ਹੂੰ ਸ੍ਰਵਣ ਕਰੋ, ਜਿਸਕੇ ਏਕ ਵਾਰੀ ਪੂਜਨ ਕਰਨੇ ਸੇ ਸਰਵ ਪਾਪੋਂ ਸੇ ਮੁਕਤ ਹੋ ਜਾਓਗੇ ॥ ੧ ॥ ਹੇ ਬ੍ਰਾਹਮਣ ਪਹਿਲੇ ਜਿਸ ਦੇਵ ਕੀ ਪੂਜਾ ਕਰਨੀ ਹੈ, ਉਸ ਦੇਵ ਕੋ ਤੁਮ ਜਾਨਤੇ ਹੋ ? ਵਸਿਸ਼ਟ ਜੀ ਕਹਿਨੇ ਲਗੇ ਹਾਂ ਪੁੰਡਰੀਕਾਖਸ਼, ਯਾਨੇ ਕਵਲਨਯਨ, ਤ੍ਰਿਨੇਤ੍ਰ ਔਰ ਕਮਲਜ, ਇੰਦ੍ਰ, ਅਗਨੀ, ਸੂਰਜ, ਇਤਿਆਦੀ ਸਭ ਦੇਵਤਾ ਹੀ ਹੈਂ, ਤਬ ਭਗਵਾਨ ਸ਼ਿਵ ਕਹਿਨੇ ਲਗੇ ਯਹ ਦੇਵਤੇ ਨਹੀਂ ਹੈਂ । ਕਿੰਤੂ ਇਨ ਸਭ ਕੋ ਪ੍ਰਕਾਸ਼ ਕਰਨੇ ਵਾਲਾ, ਪ੍ਰੇਰਨਾ ਕਰਨੇ ਵਾਲਾ, ਔਰ ਇਨ ਸਭ ਮੇਂ ਪੂਰਨ ਆਕ੍ਰਿਤ੍ਰੰ, ਆਦਿ ਅੰਤ ਰਹਿਤ ਹੀ ਦੇਵ ਪੂਜਨ ਲਾਇਕ ਹੈ, ਔਰ ਜੋ ਤੁਮ ਨੇ ਦੇਵਤਾ ਕਹੇ ਹੈਂ ਯੇ ਦੇਵਤਾ ਨਹੀਂ । ਯਹਿ ਕਹਿਤੇ ਹੈਂ ਕਿ ਕਵਲ ਨੈਨ ਦੇਵ ਨਹੀਂ ਤ੍ਰਿਲੋਚਨ ਦੇਵ ਨਹੀਂ । ਬ੍ਰਹਮਾ ਦੇਵ ਨਹੀਂ ਇੰਦ੍ਰ ਭੀ ਦੇਵ ਨਹੀਂ, ਨ ਦੇਵ ਵਾਯੂ ਹੈ ਨ ਸੂਰਜ ਨ ਅਗਨੀ ਨ ਚੰਦ੍ਰਮਾ ਦੇਵਤਾ ਹੈ । ਨ ਦੇਵ ਬ੍ਰਾਹਮਣ ਹੈ ਨ ਖੱਤ੍ਰੀ ਹੈ । ਨ ਮੈਂ ਹੂੰ ਹੇ ਵਸਿਸ਼ਟ ਨ ਤੂੰ ਦੇਵਤਾ ਹੈ । ਨ ਕੋਈ ਦੇਹ ਰੂਪ ਦੇਵਤਾ ਹੈ ਨ ਕੋਈ ਮਨ ਬੁਧਿ ਚਿਤ ਰੂਪੀ ਦੇਵਤਾ ਹੈ, ਨ ਕੋਈ ਮਾਇਆ ਰੂਪੀ ਦੇਵਤਾ ਹੈ । ਕਿੰਤੂ ਅਕ੍ਰਿਤਿਮ ਅਨਾਦਿ ਅਨੰਤ ਦੇਵਤਾਓਂ ਕਾ ਦੇਵਤਾ ਹੈ ॥੫॥ ਅਕਾਰਾਦਿਕੋਂ ਕਾ ਅਰਥ ਤੋ ਪ੍ਰਛਿੰਨ ਵਸਤੂ ਹੈ, ਉਸ ਮੇਂ ਦੇਵ ਪਦ ਕਹਾ ਹੈ । ਕਿੰਤੂ ਅਕ੍ਰਿਤ ਅਨਾਦਿ ਅਨੰਤ ਚੇਤਨ ਕਲਿਆਨ ਸਰੂਪ ਕਰਕੇ, ਜਿਸਕੋ ਵਿਦ੍ਵਾਨ ਜਾਣਤੇ ਹੈਂ ਸੋਈ ਦੇਵ ਸ਼ਬਦ ਕਰਕੇ ਕਹਾ ਜਾਤਾ ਹੈ ॥ ੬ ॥ ਔਰ ਤਿਸਕਾ ਹੀ ਪੂਜਨ ਕਰਨਾ ਚਾਹੀਏ । ਸੋਈ ਸਤਿ ਰੂਪ ਕਰਕੇ ਸਿਥਤ ਹੈ । ਔਰ ਤਿਸੀ ਸੇ ਹੀ ਅਖਿਲ ਸੂਖਮ ਅਸਥੂਲ ਰੂਪ ਧਾਰੀ ਬ੍ਰਹਮਾਂਡ ਪੈਦਾ ਹੋਤਾ ਹੈ ॥ ੭ ॥ ਸ਼ੰਕਾ ॥ ਤੋ ਫੇਰ ਕਵਲ ਨਯਨ ਆਦਿ ਜੋ ਅਕਾਰਾਦਿਕੋਂ ਕੇ ਵਾਚਯ ਹੈਂ ਉਨੋਂ ਕਾ ਪੂਜਨ ਨਿਰਾਰਥਕ ਹੈ ? ਉਤਰ-ਪਰਤਤ੍ਰ ਕੋ ਨਾ ਜਾਨਣੇ ਵਾਲੇ ਅਗਿਆਨੀਓਂ ਕੇ ਵਾਸਤੇ, ਕਵਲਨੈਨ ਆਦਿਕੋਂ ਕਾ ਪੂਜਨ ਸਫਲ ਹੈ ਔਰ ਸ਼ਾਸਤ੍ਰ ਨੇ ਆਗਿਆ ਭੀ ਕਰੀ ਹੈ । ਜੈਸੇ ਕੋਈ ਚਾਰ ਕੋਸ ਨਹੀਂ ਚਲ ਸਕਤਾ, ਤੋ ਉਨੋਂ ਕੇ ਵਾਸਤੇ ਏਕ ਕੋਸ ਕਾ ਚਲਨਾ ਭੀ ਅਛਾ ਹੈ ਵਿਅਰਥ ਨਹੀਂ ॥ ੮ ॥ ਤੈਸੇ ਪਰਤਤ੍ਰ ਕੋ ਨ ਜਾਨਨੇ ਵਾਲੇ ਕੇ



ਵਾਸਤੇ ਵਿਸ਼ਟੂ ਆਦਿਕੋਂ ਕਾ ਪੂਜਨ ਹੀ ਅਛਾ ਹੈ । ਪਰੰਤੂ ਪਰਤਤ੍ਰ ਕੇ ਜਾਨਨੇ ਵਾਲੇ ਕੋ, ਵਿਸ਼ਟੂ ਆਦਿ ਦੇਵਤਾਓਂ ਕਾ ਪੂਜਨ ਨਿਸ਼ਫਲ ਹੈ ।੯॥ ਕੈਸੇ ? ਜੈਸੇ ਸੁਗੰਧੀ ਵਾਲੇ ਮੰਦਾਰ ਬਨ ਕੋ ਤਿਆਗ ਕਰ, ਔਰ ਨਿਰਗੰਧ ਕੰਡੋਂ ਵਾਲੇ *ਕਰੰਜੂਏ ਕੇ ਬਨ ਕੋ ਸੇਵਨ ਕਰਨੇ ਵਾਲਾ ਜੈਸੇ ਮੂੜ੍ਹ ਹੈ ਤੈਸੇ ਵੋਹ ਭੀ ਮੂੜ੍ਹ ਹੈ। ਜੋ ਪਰਤਤ੍ਰ ਕਾ ਪੂਜਨ ਨਹੀਂ ਕਰਤਾ ॥ ੧੦ ॥ ਸ਼ੰਕਾ-ਪਰਤੱਤ੍ਰ ਕੀ ਪੂਜਾ ਕਿਸ ਸਾਮਗ੍ਰੀ ਸੇ ਕਰੇ ? ਉਤਰ ੧. ਬੋਧ ਯਾਨੇ ਗਿਆਨ, ੨. ਸਾਮਯ ਯਾਨੇ ਸਰਵਤ੍ਰ ਸਮਦਰਸਨ ਔਰ ੩. ਸਮਨਾਮ ਚਿਤ ਕੀ ਏਕਾਗ੍ਰਤਾ । ਇਨ ਤੀਨ ਫੂਲੋਂ ਸੇ ਕਲਿਆਨ ਸਰੂਪ ਚਿਦ ਮਾਤ੍ਰ ਸ਼ੁੱਧ ਸਰੂਪ ਪਰ ਬ੍ਰਹਮ ਹੀ ਵਿਦ੍ਵਾਨੋਂ ਕਰਕੇ ਪੂਜਯ ਹੈ । ਐਸੇ ਪੂਜਾ ਕਰਨੇ ਵਾਲੇ ਕਹਿਤੇ ਹੈਂ ॥ ੧੧ ॥ ਬੋਧ ਸਾਮਯਸਮ ਪੁਸ਼ਪੋਂ ਕਰਕੇ ਜੋ ਆਤਮ ਦੇਵ ਪੂਜਾ ਜਾਤਾ ਹੈ, ਯਹ ਹੀ ਦੇਵ ਅਰਚਨ ਹੈ ਔਰ ਵਿਸਨੂੰ ਆਦਿਕੋਂ ਕਾ ਪੂਜਨ, ਦੇਵ ਅਰਚਨ ਨਹੀਂ ॥ ੧੨ ॥ ਗਿਆਨ ਸਰੂਪ ਆਤਮ ਦੇਵ ਕਾ ਪੂਜਨ ਛੋੜ ਕਰ, ਜੋ ਵਿਸ਼ਟੂ ਆਦਿਕ ਕੇ ਪੂਜਨ ਮੇਂ ਆਸਕਤ, ਯਾਨੇ ਪ੍ਰੀਤਿ ਕਰਨੇ ਵਾਲੇ ਪੁਰਸ਼ ਹੈਂ ਵਹੁ ਚਿਰ ਕਾਲ ਤਕ ਦੁਖ ਪਾਏਂਗੇ ॥ ੧੩ ॥ ਸ਼ੰਕਾ-ਗਿਆਤਗੇਯ ਵਿਦ੍ਵਾਨ ਭੀ ਸਮਾਧਿ ਸੇ ਉਠ ਕਰ ਵਿਸ਼ਟੂ ਆਦਿ ਦੇਵਤਾਓਂ ਕਾ ਪੂਜਨ ਕਰਤੇ ਹੂਏ ਦੇਖਨੇ ਮੇਂ ਆਤੇ ਹੈਂ । ਉਤ੍ਰ-ਹਾਂ ਦੇਖਨੇ ਮੇਂ ਆਤੇ ਹੈਂ ਸੋ ਬਾਲ ਕ੍ਰੀੜਾਰਥ । ਜੈਸੇ ਬਾਲਕ ਰੇਤੇ ਮੇਂ ਘਰ ਬਨਾਤੇ ਹੈਂ ਸੋ ਕ੍ਰੀੜਾਰਥ ਬਨਾਤੇ ਹੈਂ ਭੋਗ ਅਰਥ ਨਹੀਂ । ਤੈਸੇ ਲੀਲਾ ਨਿਮਿਤ ਯਾਨੇ ਕ੍ਰੀੜਾਰਥ ਪੂਜਾ ਕਰਤੇ ਹੈਂ ਆਤਮ ਚਿੰਤਨ ਭੋਗ ਅਰਥ ਯਾਨੇ ਆਤਮਾਨੰਦ ਅਰਥ ਨਹੀਂ ॥੧੪॥ ਵਿਦ੍ਵਾਨੋਂ ਕਰਕੇ ਭੋਗ ਲਾਇਕ ਤੋ ਆਤਮ ਦੇਵ ਹੀ ਹੈ । ਜੋ ਕਲਿਆਨ ਸਰੂਪ ਸਭ ਕਾ ਕਾਰਣ ਹੈ । ਗਿਆਨਾਦਿ ਪੁਸ਼ਪੋਂ ਕਰਕੇ ਸਰਵ ਦਾ ਪੂਜਨੀਯ ਹੈ ॥੧੫॥ ਤਾਂ ਤੇ ਹੇ ਵਸਿਸ਼ਟ ਜੀ ਤੂੰ ਭੀ ਐਸੇ ਅਕਾਸ਼ ਕੀ ਨਿਆਈਂ ਅਸੰਗ ਵਿਆਪਕ ਚੇਤਨ ਅਵਿਨਾਸ਼ੀ, ਆਤਮਾ ਕੋ ਜਾਣ ਕਰ ਪੂਜਨ ਕਰ ਵੋਹੀ ਪੂਜਨੇ ਲਾਯਕ ਹੈ, ਦੂਸਰੀ ਵਸਤੂ ਪੂਜਨੇ ਲਾਯਕ ਨਹੀਂ ॥ ੧੬ ॥ ਇਸ ਪ੍ਰਕਾਰ ਵਸਿਸ਼ਟ ਮੁਨੀ ਕੋ ਮਹਾਦੇਵ ਜੀ ਪੂਜਨੇ ਲਾਯਕ ਦੇਵ ਕਾ ਉਪਦੇਸ਼ ਕਰਤੇ ਭਏ । ਯਹ ਮਾਨਸੀ ਪੂਜਾ ਏਕ ਬ੍ਰਾਹਮਣ ਭਗਤ ਨੇ ਭੀ ਕਰੀ ਹੈ । ਏਕ ਬ੍ਰਾਹਮਣ ਕਾ ਲੜਕਾ ਬਾਲਯ ਅਵਸਥਾ ਸੇ ਸੰਤੋਂ ਕੀ ਸੰਗਤ ਕਰਤਾ ਥਾ, ਸੰਤੋਂ ਕੇ ਪਾਸ ਜਾਯਾ ਕਰਤਾ ਥਾ। ਸੰਤੋਂ ਨੇ ਉਸ ਕੋ ਮਾਨਸੀ ਪੂਜਾ ਬਤਾਈ ਥੀ। ਉਹ ਨਦੀ ਕਿਨਾਰੇ ਬੈਠ ਕਰ ਰੋਜ਼ ਮਾਨਸੀ ਪੂਜਾ ਕਰਤਾ ਥਾ ਉਸ ਕੇ ਘਰ ਕੇ ਭਾਈ ਪਿਤਾ ਵਗੈਰਹ ਸਭ ਉਸ ਪਰ ਨਾਰਾਜ਼ ਰਹਿਤੇ ਥੇ । ਏਕ ਦਿਨ ਉਹ ਨਦੀ ਕਿਨਾਰੇ ਬੈਠ ਕਰ, ਮਾਨਸੀ ਪੂਜਨ ਕਰ ਠਾਕਰ ਜੀ ਕੇ ਨਿਮਿਤ ਮਾਨਸੀ ਭੋਜਨ ਬਨਾ ਰਹਾ ਥਾ । ਇਤਨੇ ਮੇਂ ਉਸ ਕੇ ਬੜੇ ਭਾਈ ਉਸ ਕੋ ਢੂੰਢਤੇ ੨, ਨਦੀ ਕਿਨਾਰੇ ਅੱਖੀਆਂ ਮੀਟੇ ਹੂਏ ਬੈਠੇ ਕੋ ਦੇਖਾ, ਤਬ ਕਰੋਧ ਮੇਂ ਆਕਰ ਜ਼ੋਰ ਸੇ ਉਸ ਕੇ ਕਮਰ ਮੇਂ ਲਾਤ ਮਾਰੀ । ਵੋਹ ਭਗਤ ਗਿਰ

*ਪਹਰਵਲ, ਮੀਚਕਾ ।

ਗਯਾ ਉਸਕੇ ਮੁਖ ਸੇ ਚਾਵਲ ਦਾਲ, ਔਰ ਅਨੇਕ ਪ੍ਰਕਾਰ ਕੇ ਭੋਜਨ ਗਰਮ ਗਰਮ ਹਵਾੜ ਨਾਲ ਬਾਹਰ ਨਿਕਲੇ। ਵਹਾਂ ਬਹੁਤ ਲੋਗ ਖੜੇ ਥੇ ਉਨੋਂ ਨੇ ਗਰਮ ਗਰਮ ਚਾਵਲ, ਤਥਾ ਭੋਜਨ ਨਿਕਲਨੇ ਕਾ ਕਾਰਣ ਪੂਛਾ । ਉਹ ਕਹਿਣੇ ਲਗਾ ਮੈਂ ਠਾਕਰ ਜੀ ਨਿਮਿਤ ਮਾਨਸੀ ਰਸੋਈ ਬਣਾ ਰਹਾ ਥਾ। ਇਸਨੇ ਲਤ ਮਾਰੀ ਤੋ ਸਭ ਚੀਜ਼ਾਂ ਬਾਹਰ ਗਿਰ ਗਈਆਂ ਲੋਕ ਦੇਖਕੇ ਹੈਰਾਨ ਹੂਏ । ਔਰ ਉਸ ਕੇ ਭਾਈ ਕੋ ਕਹਿਨੇ ਲਗੇ ਤੁਮ ਇਸਕੋ ਯਹਾਂ ਭਗਤੀ ਕਰਨੇ ਦੋ, ਹਮ ਇਸਕੀ ਯਹਾਂ ਹੀ ਕੁਟਿਆ ਬਨਾਦੇਂਗੇ। ਔਰ ਇਸਕੋ ਖਾਨ ਪਾਨ ਆਦਿ ਸਮਗ੍ਰੀ ਪਹੁੰਚਾ ਦੇਂਗੇ, ਇਨਕੋ ਘਰ ਕੇ ਕਾਮੋਂ ਮੇਂ ਮਤ ਲਗਾਓ ' ਤਬ ਉਹ ਸੰਬੰਧੀ ਉਸਕੋ ਵਹਾਂ ਹੀ ਛੋੜ ਜਾਤੇ ਭਏ, ਔਰ ਉਹ ਮਾਨਸੀ ਪੂਜਾ ਕਰਕੇ ਕਲਿਆਨ ਕੋ ਪ੍ਰਾਪਤ ਹੋਤਾ ਭਯਾ। ਇਸ ਪ੍ਰਕਾਰ ਬਾਹਯ ਅੰਤਰ ਭੇਦ ਸੇ ਪੂਜਨ ਭਗਤੀ ਦੋ ਪ੍ਰਕਾਰ ਕੀ ਕਹੀ ਹੈ। ਅੰਤਰ ਪੂਜਾ ਮੇਂ ਪ੍ਰਮਾਣ ਨਾਮਦੇਵ ਭਗਤ ਕਾ:-

ਪੂਜਨੇ ਯੋਗ ਦੇਵ ਕਾ ਵਰਨਨ ਪੰਚਮ ਗੁਰੂ ਜੀ ਭੀ ਕਰਤੇ ਹੈ :-

**ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜਤ ਨ ਸਤਾਵਉਗੋ ॥ ਅਨ ਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ॥ ਪੰਚ ਸਹਾਈ ਜਨਕੀ ਸੋਭਾ ਭਲੋ ਭਲੋ ਨ ਕਹਾਵਉਗੋ॥ ਨਾਮਾ ਕਹੈ ਚਿਤ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥** [ਰਾਮਕਲੀ ਨਾਮਦੇਵ ਸਫਾ ੯੭੩

**ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥ ਬੈਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥੧॥ ਜਤ੍ਰ ਜਾਉ ਤਤ ਬੀਠਲੁ ਭੈਲਾ॥ ਮਹਾ ਅਨੰਦ ਕਰੇ ਸਦ ਕੇਲਾ॥੧॥ ਰਹਾਉ ॥ ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ॥ ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥ ਆਨੀਲੇ ਦੂਧੁ ਰਧਾਈਲੇ ਖੀਰੰ ਠਾਕੁਰ ਕਉ ਨੈਵੇਦ ਕਰਉ॥ ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥ ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥ ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥੪॥੨॥** [ਆਸਾ ਨਾਮਦੇਵ ਸਫਾ ੪੮੫

ਪੂਜਨੇ ਯੋਗ ਦੇਵ ਕਾ ਵਰਨਨ ਪੰਚਮ ਗੁਰੂ ਜੀ ਭੀ ਕਰਤੇ ਹੈਂ :-

**ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ॥ ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥ ਐਸੋ ਧਣੀ ਗੋਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥**



**੧॥ ਰਹਾਉ ॥ ਕੋਟਿ ਮਾਇਆ ਜਾਕੈ ਸੇਵਕਾਇ ॥ ਕੋਟਿ ਜੀਅ ਜਾਕੀ ਸਿਹਜਾਇ ॥ ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥੨॥ ਕੋਟਿ ਛਤ੍ਰਪਤਿ ਕਰਤ ਨਮਸਕਾਰ ॥ ਕੋਟਿ ਇੰਦ੍ਰ ਠਾਢੇ ਹੈ ਦੁਆਰ॥ ਕੋਟਿ ਬੈਕੁੰਠ ਜਾਕੀ ਦ੍ਰਿਸਟੀ ਮਾਹਿ॥ ਕੋਟਿ ਨਾਮ ਜਾਕੀ ਕੀਮਤਿ ਨਾਹਿ ॥ ੩ ॥ ਕੋਟਿ ਪੂਰੀਅਤ ਹੈ ਜਾਕੇ ਨਾਦ॥ ਕੋਟਿ ਅਖਾਰੇ ਚਲਿਤ ਬਿਸਮਾਦ॥ ਕੋਟਿ ਸਕਤਿ ਸਿਵ ਆਗਿਆਕਾਰ॥ ਕੋਟਿ ਜੀਅ ਦੇਵੈ ਆਧਾਰ ॥ ੪ ॥ ਕੋਟਿ ਤੀਰਥ ਜਾਕੇ ਚਰਨ ਮਝਾਰ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥ ਕੋਟਿ ਪੂਜਾਰੀ ਕਰਤੇ ਪੂਜਾ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥ ੫ ॥ ਕੋਟਿ ਮਹਿਮਾ ਜਾਕੀ ਨਿਰਮਲ ਹੰਸ॥ ਕੋਟਿ ਉਸਤਤਿ ਜਾਕੀ ਕਰਤ ਬ੍ਰਹਮੰਸ ॥ ਕੋਟਿ ਪਰਲਉ ਓਪਤਿ ਨਿਮਖ ਮਾਹਿ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ॥ ੬ ॥ ਕੋਟਿ ਗਿਆਨੀ ਕਥਹਿ ਗਿਆਨ॥ ਕੋਟਿ ਧਿਆਨੀ ਧਰਤ ਧਿਆਨੁ ॥ ਕੋਟਿ ਤਪੀਸਰ ਤਪ ਹੀ ਕਰਤੇ॥ ਕੋਟਿ ਮੁਨੀਸਰ ਮੋੁਨਿ ਮਹਿ ਰਹਿਤੇ ॥ ੭॥ ਅਵਿਗਤ ਨਾਥੁ ਅਗੋਚਰ ਸੁਆਮੀ॥ ਪੂਰਿ ਰਹਿਆ ਘਟ ਅੰਤਰਜਾਮੀ॥ ਜਤ ਕਤ ਦੇਖਉ ਤੇਰਾ ਵਾਸਾ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ॥ ੮॥੨॥੫॥**

[ਭੈਰਉ ਮ: ੫ ਸਫਾ ੧੧੫੬

ਇਸ ਪ੍ਰਕਾਰ ਪਾਂਚਵੀਂ ਪੂਜਨ ਭਗਤੀ ਸਮਾਪਤ ਕਰੀ ।

# ਛੇਵੀਂ ਨਮਸਕਾਰ ਰੂਪ ਭਗਤੀ

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥** [ਗਉੜੀ ਬਾਵਨ ਅਖਰੀ ਮ: ੫ ਸਫਾ ੨੫੬

**ਰਾਮ ਨਾਮ ਕਉ ਨਮਸਕਾਰ ॥** [ਮਾਲੀ ਗਉੜਾ ਮ: ੫ ਸਫਾ ੯੮੬

**ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ॥** [ਸੂਹੀ ਮ: ੫ ਸਫਾ ੭੮੫

**ਪ੍ਰਭੁ ਜੀ ਤੂ ਮੇਰੇ ਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥ ਊਠਤ ਬੈਠਤ ਸੋਵਤ ਜਾਗਤ ਇਹੁ ਮਨੁ**

ਤੁਝਹਿ ਚਿਤਾਰੈ ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ ॥
[ਬਿਲਾਵਲ ਮ: ੫ ਸਫ਼ਾ ੮੨੦

ਨਮਸਕਾਰ ਤਾਕਉ ਲਖ ਬਾਰ ॥ ਇਹੁ ਮਨੁ ਦੀਜੈ ਤਾਕਉ ਵਾਰਿ ॥ ਸਿਮਰਨਿ ਤਾਕੈ ਮਿਟਹਿ ਸੰਤਾਪ ॥ ਹੋਇ ਅਨੰਦੁ ਨ ਵਿਆਪਹਿ ਤਾਪ ॥
[ਭੈਰਉ ਮ: ੫ ਸਫ਼ਾ ੧੧੪੨

ਦਸਮ ਗੁਰੂ ਜੀ ਨੇ ਪਰਮਾਤਮਾ ਕੋ ਅਨੇਕ ਵਿਧੀ ਨਿਸ਼ੇਧ ਰੂਪ ਨਾਮੋਂ ਸੇ ਨਮਸਕਾਰ ਕਰੀ ਹੈ। ਯਥਾ–

ਭੁਜੰਗ ਪ੍ਰਯਾਤ ਛੰਦ

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥ ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥ ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥ ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥ ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥ ੪ ॥ ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥ ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥ ੫ ॥ ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥ ਨਮਮਤੰ ਅਬਾਹੇ ॥ ਨਮਸਤੰ ਅਢਾਹੇ ॥ ੬ ॥ ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥ ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥ ੭ ॥ ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥ ੮ ॥ ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥ ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥ ੯ ॥ ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥ ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥ ੧੦ ॥ ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥ ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥ ੧੧ ॥... ਨਮੋ ਸਰਬ ਕਾਲੇ ॥ ਨਮੋ ਸਰਬ ਦਯਾਲੇ ॥ ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥ ੧੯ ॥ ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥ ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥ ੨੦ ॥ ਨਮਸਤਸਤੁ ਦੇਵੈ ॥ ਨਮਸਤੰ ਅਭੇਵੇ ॥ ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥ ੨੧ ॥ ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥ ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥ ੨੨ ॥



ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥ ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥ ੨੩ ॥
[ਜਾਪੁ ਸਾਹਿਬ ਪਾ: ੧੦

ਤ੍ਵਮਾਦਿ ਦੇਵ: ਪੁਰਸ਼: ਪੁਰਾਣ:। ਤ੍ਵਮਸਯ ਵਿਸ਼੍ਵਸਯ ਪਰੰ ਨਿਧਾਨੰ। ਵੇਤੱਸਿ ਵੇਦਯੰ ਚ ਪਰੰ ਚ ਧਾਮ। ਤ੍ਵਯਾ ਤਤੰ ਵਿਸ੍ਵੰ ਅਨੰਤ ਰੂਪ ॥ ੩੮ ॥ ਵਾਯੁਰਯਮੋ ਅਗ੍ਨਿ: ਵਰੁਣ: ਸ਼ਸਾਂਕ:। ਪ੍ਰਜਾ ਪਤਿਸਤ੍ਵੰ ਪ੍ਰਪਿਤਾਮਹਸ੍ਚ। ਨਮੋ ਨਮਸ੍ਤੇ ਅਸਤੁ ਸਹਸ੍ਰ ਕ੍ਰਿਤ੍ਵ। ਪੁਨਸ੍ਚ ਭੂਯੋ ਅਪਿ ਨਮੋ ਨਮਸਤੇ॥ ਨਮ: ਪੁਰਸ੍ਤਾਦਥ ਪ੍ਰਿਸ੍ਰਤਸਤੇ ਨਮੋਅਸਤੁ ਤੇਸਰਵਤ ਏਵ ਸਰਵ। ਅਨੰਤ ਵੀਰਯਾ ਮਤ ਵਿਕ੍ਰਮਸਤ੍ਵੰ। ਸਰਵੰ ਸਮਾਪ੍ਨੋਸਿ ਤਤੋਅਸਿ ਸਰਵ ॥ ੪੦ ॥
[ਗੀਤਾ ਅਧਯਾਯ ੧੧ ਸਲੋਕ ੩੮-੩੯-੪੦

ਅਰਥ–ਆਪ ਆਦਿ ਦੇਵ ਔਰ ਸਨਾਤਨ ਪੁਰਸ਼ ਹੈਂ ਆਪ ਇਸ ਜਗਤ ਕੇ ਪਰਮ ਆਸ਼੍ਰਯ ਔਰ ਜਾਨਨੇ ਵਾਲੇ ਤਥਾ ਜਾਨਨੇ ਯੋਗ ਔਰ ਪਰਮ ਧਾਮ ਹੈਂ ਤੇ ਹੇ ਅਨੰਤ ਰੂਪ ਆਪ ਸੇ ਯਹ ਸਭ ਜਗਤ ਪਰਿਪੂਰਣ ਹੈ। ੩੮ ॥ ਆਪ ਵਾਯੂ, ਯਮਰਾਜ, ਅਗਨੀ, ਵਰੁਣ, ਚੰਦ੍ਰਮਾ, ਬ੍ਰਹਮਾ, ਔਰ ਬ੍ਰੰਹਮਾ ਕੇ ਭੀ ਪਿਤਾ ਹੋ। ਆਪ ਕੇ ਲੀਏ ਹਜ਼ਾਰੋਂ ਵਾਰ ਨਮਸਕਾਰ ਨਮਸਕਾਰ ਹੋਵੇ ਫਿਰ ਭੀ ਬਾਰੰਬਾਰ ਨਮਸਕਾਰ ਨਮਸਕਾਰ ਹੋਵੇ। ੩੯। ਹੇ ਅਨੰਤ ਸਾਮਰਥਯ ਵਾਲੇ ਆਪ ਕੋ ਅਗੇ ਸੇ ਭੀ ਨਮਸਕਾਰ ਹੈ ਪੀਛੇ ਸੇ ਭੀ ਨਮਸਕਾਰ ਹੈ। ਤਥਾ ਸਰਬ ਓਰ ਸੇ ਆਪ ਕੋ ਨਮਸਕਾਰ ਹੈ। ਹੇ ਅਨੰਤ ਪ੍ਰਾਕ੍ਰਮ ਵਾਲੇ ਆਪ ਸਭ ਸੰਸਾਰ ਕੋ ਵਿਆਪਤ ਯਾਨੇ ਪੂਰਣ ਕਰ ਰਹੇ ਹੋ ਇਸ ਵਾਸਤੇ ਆਪ ਸਰਵ ਰੂਪ ਹੋ ॥ ੪੦ ॥

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥ ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥ ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ ॥
[ਬਿਲਾਵਲ ਮ: ੫ ਸ਼ਫ਼ਾ ੮੨੦

ਨਮਸਕਾਰ ਤਾਕਉ ਲਖ ਬਾਰ ॥ ਇਹੁ ਮਨੁ ਦੀਜੈ ਤਾਕਉ ਵਾਰਿ ॥ ਸਿਮਰਨਿ ਤਾਕੈ ਮਿਟਹਿ ਸੰਤਾਪ ॥ ਹੋਇ ਅਨੰਦੁ ਨ ਵਿਆਪਹਿ ਤਾਪ ॥
[ਭੈਰਉ ਮ: ੫ ਸਫ਼ਾ ੧੧੪੨

ਪਤਿਤ ਪਾਵਨ ਭਗਤਿ ਬਛਲ ਦੀਨ ਕਿਰਪਾ ਧਾਰ। ਕਰ ਜੋੜਿ ਨਾਨਕੁ ਦਾਨੁ ਮਾਗੈ ਸਾਧਸੰਗਿ ਉਧਾਰ ॥
ਸਾਰਗ ਮ: ੫ ਸਫ਼ਾ ੧੨੨੩

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥ ਅਨਿਕ ਬਾਰ ਕਰਿ ਬੰਦਨ ਸੰਤਨ

**ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥** [ਕਾਨੜਾ ਮ: ੫ ਸਫ਼ਾ ੧੨੯੯

**ਸੰਤਹ ਚਰਨ ਮਾਥਾ ਮੇਰੋ ਪਉਤ ॥ ਅਨਿਕ ਬਾਰ ਸੰਤਹ ਡੰਡਉਤ ॥**
[ਰਾਮਕਲੀ ਮ: ੫ ਸਫ਼ਾ ੮੯੯

**ਨਮਸਕਾਰ ਤਾਕਉ ਲਖ ਬਾਰ ॥ ਇਹ ਮਨੁ ਦੀਜੈ ਤਾਕਉ ਵਾਰਿ ॥**
[ਭੈਰਉ ਮ: ੫ ਸਫ਼ਾ ੧੧੪੨

**ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥**
[ਗਉੜੀ ਪੂਰਬੀ ਮ: ੪ ਸਫ਼ਾ ੧੭੧

**ਓਂ ਨਮੋ ਵਿਸ਼੍ਵ ਸ੍ਰੂਪਾਯ ਵਿਸ਼੍ਵ ਇਸਥਿਤੀਅੰਤ ਹੇਤਵੇ । ਵਿਸ਼ੇਸ੍ਵਰਾਯ ਵਿਸ੍ਵਾਯ ਗੋਬਿੰਦਾਯ ਨਮੋ ਨਮ: ॥੧॥ ਨਮੋ ਵਿਗਿਯਾਨ ਰੂਪਾਯ ਪਰਮਾਨੰਦ ਰੂਪਿਣੇ । ਕ੍ਰਿਸ਼ਣਾਯ ਗੋਪੀ ਨਾਥਾਯ ਗੋਵਿੰਦਾਯ ਨਮੋ ਨਮ: ॥੨॥ ਨਮ: ਕਮਲ ਨੇਤ੍ਰਾਯ ਨਮ: ਕਮਲ ਮਾਲਿਨੇ । ਨਮ: ਕਮਲਨਾਭਾਯ ਕਨਲਾਪਤਯੇ ਨਮ: ॥ ੩ ॥ ਬਰਹਾਪੀੜਾਭਿਰਾਮਾਯ ਰਾਮਾਯਾਕੁੰਠਮੇਧਸੇ। ਰਮਾਮਾਨਸਹੰਸਾਯ ਗੋਬਿੰਦਾਯ ਨਮੋ ਨਮ: ॥ ੪ ॥ ਕੰਸ ਵੰਸ਼ ਵਿਨਾਸ਼ਾਯ ਕੇਸ਼ਿ ਚਾਣੂਰ ਘਾਤਿਨੇ । ਵ੍ਰਿਸ਼ਭ ਧ੍ਵਜ ਵੰਦਯਾਯ ਪਾਰਥ ਸਾਰਥਯੇ ਨਮ: ॥ ੫ ॥ ਵੇਣੁ ਨਾਦ ਵਿਨੋਦਾਯ ਗੋਪਾਲਾਯ ਅਹਿ ਮਰਦਿਨੇ । ਕਾਲਿੰਦੀਕੂਲਲੋਲਾਯਲੋਲ ਕੁੰਡਲ ਧਾਰਿਣੇ ॥ ੬॥ ਬਲ ਵੀ ਵਦਨਾਂਭੋਜ ਮਾਲਿਨੇ ਨ੍ਰਿਤਯ ਸ਼ਾਲਿਨੇ । ਨਮ: ਪ੍ਰਣਤ ਪਾਲਾਯ ਸ੍ਰੀ ਕ੍ਰਿਸ਼ਣਾਯ ਨਮੋ ਨਮ: ॥ ੭॥ ਨਮ: ਪਾਪ ਪ੍ਰਣਾਸ਼ਾਯ ਗੋਵਰਧਨ ਧਰਾਯਚ । ਪੂਤਨਾ ਜੀਵਤਾਂਤਾਯ ਤ੍ਰਿਣਾਵਰਤਾਸੁਹਾਰਿਣੇ ॥ ੮ ॥ ਨਿਸ਼ਕਲਾਯ ਵਿਮੋਹਾਯ ਸ਼ੁੱਧਾਯ ਅਸ਼ੁੱਧ ਵੈਰਿਣੇ । ਅਦ੍ਵਿਤੀਯਾਯ ਮਹਤੇ ਸ੍ਰੀ ਕ੍ਰਿਸ਼ਣਾਯਨਮੋਨਮ: ॥ ੯ ॥ ਏਕੋ ਅਪੀ ਕ੍ਰਿਸ਼ਣਸਯ ਕ੍ਰਿਤ:ਪ੍ਰਣਾਮ ਦਸ਼ਾਸ੍ਵਮੇਧਾਵ ਬ੍ਰਿਥੇਨ ਤੁਲਯ: ॥ ੧੦ ॥ ਦਸਾਸ੍ਵ ਮੇਧੀ ਪੁਨਰੇਤਿ ਜਨਮ ਕ੍ਰਿਸ਼ਣ ਪ੍ਰਣਾਮਿ ਨ ਪੁਨਰ ਭਵਾਯ ॥**

[ਭਗਤੀ ਕੌਸਤੁਭ ਆਹਨਕ ੩

**ਆਕਾਸ਼ਾਤ੍ਰ ਪਤਿਤੰ ਤੋਯੰ ਯਥਾ ਗਛਤਿ ਸਾਗਰੰ ॥ ਸਰਵ ਦੇਵ**



**ਨਮਸਕਾਰ ਕੇਸਵੰ ਪ੍ਰਤਿ ਗਛਤਿ ॥ ੧੧ ॥**

ਟੀਕਾ-ਏਕ ਪ੍ਰੇਮੀ ਭਗਤ ਅਨੰਤ ਨਾਮੋਂ ਸੇ ਭਗਵਾਨ ਕੋ ਨਮਸਕਾਰ ਕਰਤਾ ਹੈ ਔਰ ਕਹਿਤਾ ਹੈ ਹੇ ਵਿਸ੍ਵਰੂਪ ਆਪ ਕੋ ਨਮਸਕਾਰ ਹੈ, ਹੇ ਵਿਸ੍ਵ ਕੇ ਪਾਲਨ ਤਥਾ ਪ੍ਰਲਯ ਕਰਨੇ ਵਾਲੇ ਆਪ ਕੋ ਨਮਸਕਾਰ ਹੈ, ਹੇ ਵਿਸ੍ਵ ਕੇ ਪ੍ਰੇਰਕ ਆਪ ਕੋ ਨਮਸਕਾਰ ਹੈ। ਹੇ ਗੋਬਿੰਦ ਆਪ ਕੋ ਨਮਸਕਾਰ ਹੈ ॥ ੧ ॥ ਹੇ ਗਿਆਨ ਸਰੂਪ ਹੇ ਪਰਮਾਨੰਦ ਸਰੂਪ ਹੇ ਕ੍ਰਿਸ਼ਨ ਹੇ ਗੋਪੀ ਨਾਥ ਹੇ ਗੋਬਿੰਦ ਆਪ ਕੋ ਫੇਰ ਨਮਸਕਾਰ ਹੈ ॥ ੨ ॥ ਹੇ ਕਵਲ ਨੈਨ ਆਪ ਕੋ ਨਮਸਕਾਰ ਹੈ। ਹੇ ਕਵਲੋਂ ਕੀ ਮਾਲਾ ਵਾਲੇ ਆਪ ਕੋ ਨਮਸਕਾਰ ਹੈ। ਹੇ ਕਮਲ ਨਾਭ ਹੇ ਕਵਲਾਪਤੀ ਆਪ ਕੋ ਨਮਸਕਾਰ ਹੈ ॥ ੩ ॥ ਹੇ ਮੋਰ ਪਖ ਕੇ ਮੁਕਟ ਕਰਕੇ ਸੁਭਾਇਮਾਨ ! ਹੇ ਰਾਮ ਸਰੂਪ ਅਕੁੰਠਤ ਯਾਨੇ ਤੀਬਰ ਬੁਧੀ ਵਾਲੇ ਰਮਾ ਲਖਮੀ ਕੇ ਮਨ ਕੇ ਹੰਸ ਰੂਪ ਹੇ ਗੋਬਿੰਦ ਤੇਰੇ ਕੋ ਨਮਸਕਾਰ ਹੈ ਨਮਸਕਾਰ ਹੈ ॥ ੪ ॥ ਕੰਸ ਕੋ ਵੰਸ ਸਹਿਤ ਨਾਸ ਕਰਨੇ ਵਾਲੇ ਹੇ ਕੇਸ਼ੀ, ਔਰ ਚਾਣੂਰ ਕੋ ਮਾਰਨੇ ਵਾਲੇ। ਹੇ ਬ੍ਰਿਖਵ ਮਹਾਦੇਵ ਕਰ ਕੇ ਨਮਸਕਾਰ ਕੇ ਲਾਯਕ ! ਹੇ ਪਾਰਥ ਯਾਨੇ ਅਰਜੁਨ ਕੇ ਰਥ ਚਲਾਨੇ ਵਾਲ ਤੇਰੇ ਕੋ ਨਮਸਕਾਰ ਹੈ ॥ ੫ ॥ ਹੇ ਬਿਨੋਦ ਸੇ ਬੰਸਰੀ ਕੋ ਬਜਾਨੇ ਵਾਲੇ ਹੇ ਕਾਲੀ ਨਾਗ ਕੇ ਮਰਦਨ ਕਰਨੇ ਵਾਲ, ਗੋਪਾਲ ਆਪ ਕੋ ਨਮਸਕਾਰ ਹੈ ਹੇ ਜਮਨਾ ਕੇ ਤੀਰ ਕ੍ਰੀੜਾ ਕਰਨੇ ਵਾਲੇ ਚੰਚਲ ਕੁੰਡਲ ਧਾਰਨ ਕਰਨੇ ਵਾਲੇ ਤੇਰੇ ਕੋ ਨਮਸਕਾਰ ਹੈ ॥ ੬ ॥ ਹੇ ਬੱਲਭੀ ਬੰਦਨਾਭੋਜ ਯਾਨੇ ਕਮਲ ਸਮੁਦਾਇ ਜੈਸੇ ਖਿੜ ਪ੍ਰਸੰਨ ਬਦਨ ਵਾਲੇ, ਹੇ ਨ੍ਰਿਤਕਾਰੀ ਕਰਨੇ ਵਾਲੇ ਆਪ ਕੋ ਨਮਸਕਾਰ ਹੈ। ਹੇ ਸਰਣਾਗਤ ਕੇ ਰਖਯਕ ਹੇ ਸ੍ਰੀ ਕ੍ਰਿਸ਼ਨ, ਆਪ ਕੋ ਨਮਸਕਾਰ ਨਮਸਕਾਰ ਹੈ ॥ ੭ ॥ ਹੇ ਪਾਪ ਨਾਸਕ ! ਹੇ ਗੋਵਰਧਨ ਧਾਰੀ, ਹੇ ਪੂਤਨਾ ਕੇ ਮਾਰਨੇ ਵਾਲੇ ਹੇ ਤ੍ਰਿਣਾਬ੍ਰਤ ਦੈਤ ਕੋ ਮਾਰਨੇ ਵਾਲੇ, ਆਪ ਕੋ ਨਮਸਕਾਰ ਹੈ ॥ ੮ ॥ ਹੇ ਅਵਯਵ ਰਹਿਤ ਮੋਹ ਰਹਿਤ ਹੇ ਅਸਧ ਕੇ ਵੈਰੀ ਸੁਧ ਸਰੂਪ, ਅਦ੍ਵਿਤੀਯ ਮਹਿਮਾ ਯੁਗ ਸ੍ਰੀ ਕ੍ਰਿਸ਼ਨ ਜੀ, ਆਪ ਕੋ ਬਾਰੰਬਾਰ ਨਮਸਕਾਰ ਹੈ ॥ ੯ ॥ ਏਕ ਵਾਰੀ ਭਗਵਾਨ ਕ੍ਰਿਸ਼ਨ ਕੋ ਨਮਸਕਾਰ ਕਰਨੇ ਸੇ ਦਸ ਅਸ੍ਵਮੇਧ ਕੇ ਯਗਯ ਕੇ ਬਰਾਬਰ ਫਲ ਪ੍ਰਾਪਤ ਹੋਤਾ ਹੈ। ਦਸ ਅਸ੍ਵਮੇਧ ਯਗ ਕਰਨੇ ਵਾਲਾ ਅਗਰ ਜਨਮ ਮੇਂ ਆ ਜਾਵੇ ਤੋ ਆ ਜਾਵੇ, ਪਰ ਭਗਵਾਨ ਕੋ ਨਮਸਕਾਰ ਕਰਨੇ ਵਾਲਾ ਫੇਰ ਜਨਮ ਮੇਂ ਨਹੀਂ ਆਤਾ ॥ ੧੦ ॥ ਜੈਸੇ ਆਕਾਸ਼ ਸੇ ਬਰਸਾਤ ਦੁਆਰਾ ਗਿਰਾ ਹੂਆ ਜਲ, ਬ੍ਰਿਖ ਪਹਾੜ ਗ੍ਰਾਮ ਆਦਿਕੋਂ ਕੋ ਪਵਿਤ੍ਰ ਕਰਤਾ ਹੂਆ, ਨਦੀ ਨਾਲੇ ਦੁਆਰਾ ਸਮੁੰਦਰ ਮੇਂ ਚਲਾ ਜਾਤਾ ਹੈ, ਤੈਸੇ ਸਰਵ ਦੇਵ ਮਨੁਸ ਚਰਾਚਰ ਜੀਵੋਂ ਕੀ, ਕਰੀ ਹੂਈ ਨਮਸਕਾਰ ਉਨ ਕੋ ਚਿਤ ਕੋ ਪ੍ਰਸੰਨ ਕਰਤੀ ਹੂਈ, ਪਰਮੇਸ੍ਵਰ ਕੇਸਵ ਕੇ ਪਾਸ ਪਹੁੰਚ ਜਾਤੀ ਹੈ ॥ ੧੧ ॥ ਇਸ ਵਾਸਤੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਭਾਗਵਤ ਮੇਂ ਲਿਖਾ ਹੈ -

**ਪ੍ਰਣਵੇਤ੍ਰ ਦੰਡ ਇਵ ਭੂਮਊ ਅਸ੍ਵ ਚੰਡਾਲ ਗੋਖਰੰ ॥**

ਗਊ ਚੰਡਾਲ, ਘੋੜੇ, ਗਧੇ ਕੋ ਪਰਮੇਸ੍ਵਰ ਰੂਪ ਜਾਣਕੇ ਪ੍ਰਿਥਵੀ ਮੇਂ ਖੜਕ ਡੰਡ

ਕਰ ਐਸੇ ਨਮਸਕਾਰ ਯਾ ਡੰਡਉਤ ਭਗਤੀ ਅਨੇਕ ਭਗਤ ਕਰਤੇ ਦੇਖਨੇ ਮੇਂ ਆਤੇ ਹੈਂ। ਨਮਸਕਾਰ ਭਗਤੀ ਮੇਂ ਪ੍ਰਧਾਨ ਭਗਤ ਅਕ੍ਰੂਰ ਜੀ ਹੂਏ ਹੈਂ, ਔਰ ਬ੍ਰਹਮਵੇਤਾ ਮਹਾਤਮਾਓਂ ਕੋ ਨਮਸਕਾਰ ਕਰਨੇ ਸੇ ਭੀ, ਪੁਰਸ਼ ਕੋ ਗਿਆਨ ਦੀਰਘਆਯੂ ਔਰ ਪੁੰਨ ਕੀ ਪ੍ਰਾਪਤੀ ਹੋਤੀ ਹੈ। ਪ੍ਰਮਾਣ:-

**ਤਦ੍ਵਿੱਧਿ ਪ੍ਰਣਿ ਪਾਤੇਨ ਪਰਿਪ੍ਰਸ਼੍ਨੇਨ ਸੇਵਯਾ ॥ ਉਪਦੇਸ਼੍ਯੰਤਿ ਤੇ ਗਿਆਨੰ ਗ੍ਯਾਨਿਨਃ ਤਤ੍ਵ ਦਰਸ਼ਿਨਃ ॥**

[ਗੀਤਾ ਅਧਯਾਯ ੪ ਸਲੋਕ ੩੪

ਹੇ ਅਰਜਨ ਇਸ ਲੀਏ ਤਤ੍ਵ ਕੋ ਜਾਨਨੇ ਵਾਲੇ ਗਿਆਨੀ ਪੁਰਸ਼ੋਂ ਸੇ, ਭਲੀ ਪ੍ਰਕਾਰ ਦੰਡਵਤ ਪ੍ਰਣਾਮ ਤਥਾ ਸੇਵਾ ਔਰ ਨਿਸ਼ਕਪਟ ਭਾਵ ਸੇ ਕੀਏ ਹੂਏ ਪ੍ਰਸ਼ਨ ਦੁਆਰਾ, ਉਸ ਗਿਆਨ ਕੋ ਜਾਨ, ਵੋ ਮਰਮ ਕੋ ਜਾਨਨੇ ਵਾਲੇ ਗਿਆਨੀ ਜਨ ਤੁਝੇ ਉਸ ਗਿਆਨ ਕਾ ਉਪਦੇਸ਼ ਕਰੇਂਗੇ। ਇਸ ਪ੍ਰਕਾਰ ਮਹਾਤਮਾ ਡੰਡਉਤ ਆਦਿਕੋਂ ਸੇ ਪ੍ਰਸੰਨ ਹੋ ਕਰ ਹੀ, ਅਧਿਕਾਰੀ ਕੋ ਗਿਆਨ ਕਾ ਉਪਦੇਸ਼ ਕਰਤੇ ਹੈਂ, ਤਥਾ ਮਹਾਤਮਾਓਂ ਕੋ ਡੰਡੋਤ ਕਰਨੇ ਸੇ, ਦੀਰਘਆਯੂ ਹੋਤੀ ਹੈ. ਇਸ ਮੇਂ ਦ੍ਰਿਸ਼ਟਾਂਤ ਸੁਨਾ ਜਾਤਾ ਹੈ। ਮਾਰਕੰਡੇ ਰਿਸ਼ੀ ਭ੍ਰਿਗੁ ਕੁਲ ਮੇਂ ਮਹਿ ਰਿਖੀ ਮਰਕੰਡੂ ਕੇ ਪੁਤ੍ਰ ਥੇ। ਜਨਮ ਸਮੇਂ ਜੋਤਸ਼ੀਓਂ ਨੇ ਕਹਾ ਮਾਰਕੰਡੇ ਕੀ ਉਮਰ ਦਸ ਸਾਲ ਕੀ ਹੋਵੇਗੀ, ਤਬ ਮਾਤਾ ਪਿਤਾ ਕੋ ਬੜਾ ਫਿਕਰ ਹੂਆ, ਪੁਤ੍ਰ ਕੋ ਸਮਝਾਇ ਕਰ ਏਕ ਸਿਧ ਮਹਾਤਮਾ ਪਾਸ ਸੇਵਾ ਮੇਂ ਭੇਜ ਦੀਆ। ਮਾਰਕੰਡਾ ਮਹਾਤਮਾ ਕੇ ਚਰਨੋਂ ਪਰ ਬਾਰੰਬਾਰ ਡੰਡਉਤ ਕਰਤਾ ਰਹੇ, ਚਰਨ ਛੋੜੇ ਨਹੀਂ ਐਸੇ ਹਰ ਏਕ ਮਹਾਤਮਾ ਕੋ ਡੰਡਉਤ ਕਰਾ ਕਰੇ, ਉਸ ਕੇ ਪ੍ਰੇਮ ਕੋ ਦੇਖ ਕਰ ਏਕ ਏਕ ਮਹਾਤਮਾ ਨੇ ਅਸ਼ੀਰਵਾਦ ਦਿਤੀ, ਫੇਰ ਮਿਲ ਕਰ ਸਭ ਮਹਾਤਮਾਓਂ ਨੇ ਕਹਾ ਉਠੋ, ਬਚਾ ਚਿਰੰਜੀਵੀ ਹੋਵੇ। ਤਬ ਮਾਰਕੰਡਾ ਕਹਨੇ ਲਗਾ ਮਹਾਰਾਜ ਮੇਰੀ ਸਾਰੀ ਦਸ ਵਰਸ਼ ਕੀ ਉਮਰ ਹੈ, ਬਾਕੀ ਥੋੜੇ ਦਿਨ ਰਹਿ ਗਏ ਹਨ ਆਪ ਕੇ ਵਚਨ ਅਟੱਲ ਹੋਵੇਂ ਲਿਖਾ ਹੈ-''ਸਾਧ ਬਚਨ ਅਟਲਾਧਾ'' ਤਬ ਸੰਤੋਂ ਨੇ ਕਹਾ ਤੂੰ ਕੋਈ ਫਿਕਰ ਨ ਕਰ, ਹਮਾਰੇ ਅਸ਼ੀਰਵਾਦ ਸੇ ਤੂੰ ਚਿਰੰਜੀਵ ਹੋਏਂਗਾ। ਜਬ ਦਸ ਬਰਸ ਪੂਰੇ ਹੂਏ ਤੋ ਯਮਰਾਜ ਉਸਕੋ ਮਾਰਨੇ ਵਾਸਤੇ ਆਯਾ, ਤੋ ਮਹਾਤਮਾਓਂ ਨੇ ਸ਼ਿਵਲਿੰਗ ਕੇ ਸਾਥ ਮਾਰਕੰਡੇ ਕੋ ਚਿੰਬੜਾ ਦੀਆ। ਉਸ ਥਾਂ ਸੇ ਸ਼ਿਵਜੀ ਪ੍ਰਗਟ ਹੂਏ, ਤ੍ਰਿਸੂਲ ਲੈਕੇ ਯਮਰਾਜ ਕੋ ਮਾਰਨੇ ਵਾਸਤੇ ਆਏ। ਤਬ ਯਮਰਾਜ ਹਾਥ ਜੋੜਕੇ ਖੜੇ ਹੋ ਗਏ। ਔਰ ਕਹਾ ਜੋ ਆਪ ਕੀ ਆਗਿਆ ਹੋਵੇ ਵੈਸੇ ਕਰੂੰ। ਮਹਾਦੇਵ ਜੀ ਕਹਨੇ ਲਗੇ ਇਸ ਕੋ ਸੰਤੋਂ ਨੇ ਚਿਰੰਜੀਵ ਬਨਾਯਾ ਹੈ। ਇਸ ਕੋ ਮਤ ਮਾਰੋ ਯੇ ਚਿਰੰਜੀਵ ਹੀ ਰਹੇਗਾ। ਤਬ ਧਰਮ ਰਾਜ ਉਸ ਬਾਲਕ ਕੋ ਛੋੜ ਦੇਤਾ ਭਯਾ, ਔਰ ਉਸ ਕੇ ਮਾਰਨੇ ਕਾ ਸਮਾਂ ਟਲ ਗਯਾ ਫੇਰ ਮਹਾਤਮਾ ਪਾਸ ਆ ਗਯਾ। ਮਹਾਤਮਾ ਨੇ ਕਹਾ ਜਾ ਅਪਨੇ ਘਰ। ਬਾਲਕ ਨੇ ਕਹਾ ਮੈਂ ਤੋ ਆਪ ਕੀ ਚਰਨ ਸੇਵਾ ਕਰੂੰਗਾ। ਤਬ ਮਹਾਤਮਾ ਨੇ ਕਹਾ ਅਛਾ ਅਪਨੇ ਮਾਤਾ ਪਿਤਾ ਕੋ ਦਰਸ਼ਨ ਦੇ ਆਓ। ਫੇਰ ਆ ਕੇ ਹਮਾਰੀ ਸੇਵਾ ਮੇਂ ਰਹਿਨਾ। ਤਬ ਮਾਰਕੰਡਾ ਮਹਾਤਮਾ



ਕੀ ਆਗਿਆ ਮਾਨ ਕਰ, ਅਪਨੇ ਮਾਤਾ ਪਿਤਾ ਕੇ ਪਾਸ ਗਏ ਔਰ ਮਹਾਤਮਾ ਕੇ ਡੰਡੌਤ ਕਾ ਫਲ ਚਿਰੰਜੀਵੀ ਹੋਨਾ ਬਤਾਯਾ। ਫੇਰ ਮਾਤਾ ਪਿਤਾ ਕੋ ਪ੍ਰਸੰਨ ਕਰ ਆਗਿਆ ਲੇਕਰ, ਆ ਕੇ ਮਹਾਤਮਾ ਕੀ ਸੇਵਾ ਕਰਤਾ ਰਹਾ, ਔਰ ਨਿਸ਼ਕਾਮ ਭਗਤੀ ਮੇਂ ਅਪਨੇ ਚਿਤ ਕੋ ਜੋੜਤਾ ਭਇਆ, ਔਰ ਹਰ ਏਕ ਮਹਾਤਮਾ ਕੋ ਪ੍ਰੇਮ ਸੇ ਨਮਸਕਾਰ ਕਰਤਾ ਭਇਆ। ਗੁਰੂ ਜੀ ਭੀ ਲਿਖਤੇ ਹੈਂ :-

**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰ ਮੂੰਡ ਬਲਾਏ ॥**

[ਧਨਾਸਰੀ ਨਾਮਦੇਵ ਸਫਾ ੬੯੨

ਇਸ ਪ੍ਰਕਾਰ ਕੇ ਹੋਰ ਭੀ ਬਹੁਤ ਇਤਿਹਾਸ ਹੈਂ। ਜੈਸੇ ਲੋਮਸ ਰਿਸ਼ੀ ਔਰ ਬਕਦਾਲਭਯ ਰਿਸ਼ੀ, ਮਹਾਤਮਾ ਕੇ ਅਸੀਰਵਾਦ ਸੇ ਚਿਰੰਜੀਵੀ ਹੋਤੇ ਭਏ, ਸੋ ਕਥਾ ਪੁਰਾਣੋਂ ਮੇਂ ਪ੍ਰਸਿਧ ਹੈ। ਏਕ ਸਮੇਂ ਅਰਜਨ ਅਸ੍ਵਮੇਧ ਜਗ ਕੇ ਲੀਏ ਘੋੜੇ ਕੇ ਰਖਸ਼ਕ ਬਨ, ਘੋੜੇ ਕੇ ਪੀਛੇ ੨ ਜਾ ਰਹੇ ਥੇ। ਤੋ ਉਸ ਕੋ ਰਸਤੇ ਮੇਂ ਭਗਵਾਨ ਕ੍ਰਿਸ਼ਨ ਜੀ ਮਿਲੇ. ਭਗਵਾਨ ਨੇ ਸੋਚਾ ਅਰਜਨ ਕੇ ਮਨ ਮੇਂ ਵਿਰਕਤੀ ਪੈਦਾ ਕਰਨੀ ਚਾਹੀਏ। ਇਸਤਰਾ ਵਿਚਾਰ ਕਰ ਸਮੁੰਦਰ ਕੇ ਪਾਰ ਏਕ ਨਿਰਜਨ ਟਾਪੂ ਮੇਂ ਲੇ ਗਏ। ਵਹਾਂ ਅਰਜਨ ਨੇ ਏਕ ਅਦਭੁਤ ਮੁਨੀ ਕੋ ਦੇਖਾ ਜੋ ਕਿ ਏਕ ਬ੍ਰਿਖ ਕੇ ਨੀਚੇ ਪਤੋਂ ਪਰ ਲੇਟ ਰਹਾ ਥਾ। ਐਸੇ ਮੁਨੀ ਕੇ ਦਰਸ਼ਨ ਕਰ ਅਰਜਨ ਕਾ ਮਨ ਪਿਘਲ ਗਯਾ। ਔਰ ਹਾਥ ਜੋੜ ਕਰ ਪ੍ਰਾਰਥਨਾ ਕੀ। ਹੇ ਮੁਨੀ ਯਦਿ ਆਗਿਆ ਹੋਵੇ ਤੋ ਮੈਂ ਕੁਛ ਪੂਛੂੰ। ਮੁਨੀ ਨੇ ਕਹਾ ਪੂਛੋ। ਅਰਜਨ ਨੇ ਕਹਾ ਆਪ ਕੇ ਪਾਸ ਨ ਕੋਈ ਬਸਤਰ ਹੈ, ਨ ਕੋਈ ਪਾਤ੍ਰ ਹੈ ਨ ਕੁਟਿਯਾ ਹੈ ਨ ਖਾਨ ਪਾਨ ਕੀ ਕੋਈ ਸਮਗ੍ਰੀ ਹੈ. ਮੇਰੇ ਕੋ ਹੁਕਮ ਕਰੋ ਤੋ ਮੈਂ ਸਰਬ ਸਾਮਾਨ ਈਹਾ ਹੀ ਭੇਜ ਦੇਊਂ, ਪਰੰਤੂ ਮੁਨੀ ਮਹਾਤਮਾ ਨੇ ਕੁਝ ਸਵੀਕਾਰ ਨ ਕੀਤਾ, ਤਬ ਅਰਜਨ ਨੇ ਕਹਾ ਧੂਪ ਬੜੀ ਸਖਤ ਹੈ ਆਗਿਆ ਕਰੋ ਤੋ ਕੁਟੀਆ ਏਕ ਬਨਾਇ ਦੇਊਂ, ਸੁਖਪੂਰਬਕ ਨਿਵਾਸ ਕਰੋ। ਤਬ ਬਕਦਾਲਭਯ ਮੁਨੀ ਬੋਲੇ ਹੇ ਅਰਜਨ, ਥੋੜੇ ਜੀਵਨ ਵਾਸਤੇ ਕਿਆ ਕੁਟਿਯਾ ਬਨਵਾਨੀ ਹੈ. ਤਬ ਅਰਜਨ ਕਹਿਨੇ ਲਗਾ, ਮਹਾਰਾਜ ਆਪ ਕੀ ਆਯੂ ਕਿਤਨੀ ਹੋਵਗੀ? ਮਹਾਤਮਾ ਨੇ ਕਹਾ ਕਿਆ ਬਤਾਈਏ। ਕਿਤਨੀਆਂ ਹੀ ਸ੍ਰਿਸ਼ਟੀਆਂ ਹੋ ਗਈਆਂ ਹਨ। ਕਿਤਨੇ ਵਾਰੀ ਭਗਵਾਨ ਕ੍ਰਿਸ਼ਨ ਚੰਦਰ ਸਾਥ, ਤੁਮਾਰੇ ਕੋ ਮਹਾ ਭਾਰਤ ਯੁਧ ਕਰਤੇ ਦੇਖਾ ਹੈ. ਮੈਨੇ ਕਿਤਨੇ ਵਾਰੀ ਸ੍ਰਿਸ਼ਟੀ ਉਲਟ ਪਲਟ ਹੂਈ ਦੇਖੀ ਹੈ. ਇਸ ਪ੍ਰਕਾਰ ਕੇ ਜਬ ਅਰਜਨ ਨੇ ਵਚਨ ਸੁਨੇ, ਤਬ ਅਰਜਨ ਕੋ ਵਿਚਾਰ ਵੈਰਾਗਯ ਹੂਆ। ਔਰ ਮਹਾਤਮਾ ਕੀ ਅਸ਼ੀਰਬਾਦ ਕਾ ਪਾਤ੍ਰ ਹੂਆ, ਸੋ ਇਸ ਪ੍ਰਕਾਰ ਬਕਦਾਲਭਯ ਔਰ ਲੋਮਸ ਰਿਸ਼ੀ ਭੀ, ਮਹਾਤਮਾ ਕੋ ਨਮਸਕਾਰ ਕਰਕੇ ਚਿਰੰਜੀਵੀ ਹੋਤੇ ਭਏ, ਤਾਂਤੇ ਹਰ ਵਕਤ ਨਾਨਾ ਪ੍ਰਕਾਰ ਕੇ ਨਾਮ ਲੇਕਰ, ਪਰਮੇਸ਼ਰ ਕੋ ਨਮਸਕਾਰ ਕਰਨੀ ਚਾਹੀਏ, ਅਗਰ ਨਮਸਕਾਰ ਨ ਕਰੇ [illegible] ਤੋ [illegible] ਹਾਨੀ ਪਰਮ [illegible] ਪ੍ਰਾਪਤ ਹੋਵੇਗੀ। ਪ੍ਰਮੇਸ਼ਰ ਕੋ ਨਮਸਕਾਰ ਨ ਕਰਨੇ ਸੇ ਜੋ ਹਾਨੀ [illegible] ਕ੍ਰਿਆ ਕਰਨਾ [illegible] ਮਹਾਤਮਾ [illegible]

ਗਊ ਕੋ ਨਮਸਕਾਰ ਨ ਕਰਨੇ ਸੇ ਭੀ, ਪੁਰਖ ਕੀ ਬੜੀ ਹਾਨੀ ਹੋਤੀ ਹੈ, ਜੈਸੇ ਬ੍ਰਹਮ ਲੋਕ ਮੇਂ ਵਿਸ਼ਣੂ ਭਗਵਾਨ ਕੇ, ਆਨੇ ਪਰ ਬ੍ਰਹਮਾ ਜੀ ਨੇ ਤਥਾ ਚਾਰੋਂ ਵੇਦੋਂ ਨੇ ਉਠ ਕਰ, ਵਿਸ਼ਣੂ ਭਗਵਾਨ ਕੋ ਨਮਸਕਾਰ ਨਹੀਂ ਕਰੀ, ਤੋ ਭਗਵਾਨ ਨੇ ਉਨਕੋ ਸ਼ਾਪ ਦੀਆ, ਜਾਵੋ ਕਲਜੁਗ ਮੇਂ ਅਗਯਾਨੀ ਬਣ ਕਰ ਵਿਚਰੋ, ਗੁਰੂ ਨਾਨਕ ਦੇਵ ਕੀ ਗੱਦੀ ਪਰ ਗੁਰੂ ਅਰਜਨ ਦੇਵ ਜੀ ਜਬ ਬੈਠੇਂਗੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਨਾਵੇਂਗੇ, ਤੁਮ ਭੀ ਭਟੋਂ ਕਾ ਰੂਪ ਧਾਰ ਕਰ, ਮੇਰੀ ਗੁਰੂ ਨਾਨਕ ਆਦੀ ਰੂਪੋਂ ਮੇਂ, ਉਸਤਤੀ ਕਰੋਗੇ ਤਬ ਸ਼ਾਪ ਦੂਰ ਹੋਵੇਗਾ, ਤਬ ਉਨ੍ਹਾਂ ਨੇ ੧੭ ਭੱਟ ਯਾਨੇ ਚਾਰੋਂ ਵੇਦੋਂ ਨੇ ਚਾਰ ਚਾਰ ਅਪਨੇ ਰੂਪ ਧਾਰੇ, ੧੬ ਭੱਟ ਬਨ ਕਰ ਔਰ ਬ੍ਰਹਮਾ ਜੀ ਨੇ ਭੀਖੇ ਭਟ ਕਾ ਅਵਤਾਰ ਧਾਰ ਕਰ, ਰਾਮਸਰ ਮੇਂ ਆਇ ਕਰ ਗੁਰੂ ਨਾਨਕ ਦੇਵ, ਆਦਿਕ ਗੁਰੂਓਂ ਕੀ ਉਸਤਤੀ ਕਰੀ, ਤਬ ਸ਼ਾਪ ਹਟਾ । ਨਮਸਕਾਰ ਨ ਕਰਨੇ ਸੇ ਇਹ ਫਲ ਉਨਕੋ ਮਿਲਾ, ਔਰ ਬ੍ਰਹਮ ਲੋਕ ਮੇਂ ਹੀ ਜਬ ਦਖਜ ਪ੍ਰਜਾਪਤੀ ਆਏ ਥੇ, ਸਭ ਸਭਾ ਵਾਲੇ ਉਠ ਕਰ ਦਖਜ ਕੋ ਨਮਸਕਾਰ ਕਰਤੇ ਭਏ, ਸ਼ਿਵ ਜੀ ਨੇ ਅਪਨੇ ਸਹੁਰੇ ਦਖਜ ਕੋ ਉਠ ਕਰ ਨਮਸ਼ਕਾਰ ਨ ਕਰੀ, ਤਬ ਦਖਜ ਨੇ ਸ਼ਿਵ ਜੀ ਕਾ ਯਗਜ ਭਾਗ ਹਟਾਇ ਦੀਆ, ਔਰ ਸਤੀ ਨੇ ਜਬ ਸ਼ਿਵ ਜੀ ਕਾ ਭਾਗ ਯਗਜ ਮੇਂ ਨ ਦੇਖਾ, ਤਬ ਅਪਨੇ ਆਪ ਕੋ ਯੋਗ ਅਗਨੀ ਸੇ ਜਲਾਇ ਦੀਆ । ਇਤਿਆਦੀ ਬੜਾ ਪਰਸਪਰ ਦੁਖ ਹੂਆ, ਤਥਾ ਦਲੀਪ ਰਾਜਾ ਨੇ ਸੁਰਗ ਸੇ ਆਤੇ ਵਕਤ, ਕਾਮ ਧੇਨ ਗਊ ਕੋ ਨਮਸਕਾਰ ਨ ਕਰੀ ਥੀ, ਗਊ ਨੇ ਸ਼ਾਪ ਦੀਆ ਕਿ ਜਿਸ ਪੁਤ੍ਰ ਦੀ ਖੁਸ਼ੀ ਮੇਂ ਜਾ ਰਹਾ ਹੈ, ਤੁਮ ਕੋ ਪੁਤ੍ਰ ਨ ਹੋਗਾ । ਫੇਰ ਵਸਿਸ਼ਟ ਮੁਨੀ ਕੀ ਆਗਿਆ ਸੇ ਕਾਮਧੇਨ ਕੀ ਪੁਤ੍ਰੀ ਨੰਦਨੀ ਗਊ, ਕੀ ਏਕ ਬਰਸ ਸੇਵਾ ਕਰੀ, ਗਊ ਕੇ ਪੀਛੇ ਪੀਛੇ ਰਹਨਾ ਜਹਾਂ ਰਾਤ ਰਹੇ ਤਹਾਂ ਹੀ ਧਨਸ਼ ਬਾਣ ਲੇ ਕਰ ਰਾਜਾ ਨੇ ਰਹਿਨਾ, ਏਕ ਸਾਲ ਕੀ ਸੇਵਾ ਸੇ ਪ੍ਰਸੰਨ ਹੋਕਰ ਵਰ ਦੀਆ, ਜਾਓ ਅਬ ਤੁਮਾਰੇ ਘਰ ਪੁਤਰ ਹੋਵੇਗਾ, ਸੋ ਨਮਸਕਾਰ ਨ ਕਰਨੇ ਸੇ ਪਰਮ ਹਾਨੀ ਹੋਤੀ ਹੈ ।

ਫਰੀਦ ਜੀ ਭੀ ਸਮੇਂ ਪਰ ਗੁਰੂ ਜੀ ਕੋ ਨਮਸਕਾਰ ਨ ਕਰਨੇ ਸੇ ਗੁਰੂਓਂ ਕੋ ਨਾਰਾਜ਼ ਦੇਖਕਰ ਅਪਨਾ ਸਿਰ ਕਾਟਨੇ ਲਗੇ ਥੇ । ਪ੍ਰਮਾਣ :-

**ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥** [ਸਲੋਕ ਫਰੀਦ ਸਫਾ ੧੩੭੮

**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰ ॥ ਜੋ ਸਿਰ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥**

[ਸਲੋਕ ਫਰੀਦ ਸਫਾ ੧੩੮੧

ਇਸ ਪ੍ਰਕਾਰ ਸਿਰ ਕੋ ਅਪਵਿਤ੍ਰ ਸਮਝ ਕਾਟ ਕਰ ਸਾੜਨੇ ਲਗਾ ਥਾ, ਕਿਉਂਕਿ ਮੁਸਲਮਾਨ ਸਾੜਨਾ ਸਖਤ ਸਜਾ ਮਾਨਤੇ ਹੈਂ, ਸਾੜਤੇ ਕਾ ਖਿਆਲ ਦੇਖ ਕਰ ਗੁਰੂ ਜੀ



ਫਰੀਦ ਉਪਰ ਪ੍ਰਸੰਨ ਹੋ ਗਏ, ਗੁਨਾਹ ਮਾਫ ਕਰਾ । ਸੋ ਇਸ ਪ੍ਰਕਾਰ ਨਮਸਕਾਰ ਨ ਕਰਨੇ ਪਰ ਪੁਰਖ ਕੀ ਪਰਮ ਹਾਨੀ ਹੋਤੀ ਹੈ, ਔਰ ਨਮਸਕਾਰ ਕਰਨੇ ਸੇ ਪਰਮ ਲਾਭ ਪ੍ਰਾਪਤ ਹੋਤਾ ਹੈ, ਜੈਸੇ ਪੂਰਬ ਲਿਖ ਆਏ ਹੈਂ ਤਾਂਤੇ ਨਮਸਕਾਰ ਭਗਤੀ ਸਭ ਕੋ ਕਰਨੀ ਚਾਹੀਏ । ਪ੍ਰਮਾਣ :-

**ਨਮਸਕਾਰ ਰਖਨਹਾਰ ਮਨ ਅਗਾਧਿ ਪ੍ਰਭੂ ਮੇਕ ਸੰਤ ਰੇਨ ਕਰਉ ਮਜਨ ਨਾਨਕ ਪਾਵੈ ਸੁਖ ਅਨੇਕ ॥**

[ਪ੍ਰਭਾਤੀ ਮ: ੫ ਸਫਾ ੧੩੪੧

**ਤਥਾ-ਜਿਹ ਸਿਮਰਨ ਨਾਹੀ ਨਨਕਾਰੁ ॥ ਮੁਕਤਿ ਕਰੈ ਉਤਰੈ ਬਹੁ ਭਾਰੁ ॥ ਨਮਸਕਾਰ ਕਰਿ ਹਿਰਦੈ ਮਾਹਿ ॥ ਫਿਰਿ ਫਿਰਿ ਤੇਰਾ ਆਵਨੁ ਨਾਹਿ ॥**

[ਰਾਮਕਲੀ ਭਗਤ ਕਬੀਰ ਸਫਾ ੯੭੧

ਇਸ ਪ੍ਰਕਾਰ ਨਮਸਕਾਰ ਆਤਮਕ ਭਗਤੀ ਸਮਾਪਤ ਕਰੀ ।

## ਸਤਵੀਂ ਦਾਸ ਭਾਵ ਰੂਪ ਭਗਤੀ ਹੈ ਯਾਨੇ ਸੇਵਕ ਭਾਵ

**ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿਧਾਰਿ ॥ ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥**

[ਸ੍ਰੀ ਰਾਗੁ ਮ: ੩ ਸਫਾ ੨੮

**ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥ ੨ ॥**

[ਸ੍ਰੀ ਰਾਗ ਮ: ੫ ਸਫਾ ੫੧

**ਓਤਿ ਪੋਤਿ ਸੇਵਕ ਰੰਗਿ ਰਾਤਾ ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖ ਦਾਤਾ ॥ ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥ ੧ ॥ ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥ ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥ ਤੂੰ ਦਾਨਾ ਠਾਕੁਰ ਸਭ ਬਿਧਿ ਜਾਨਹਿ ॥ ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥ ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥ ਅਪਨੈ ਠਾਕੁਰਿ ਜੋ ਪਹਿਰਾਇਆ ॥ ਬਹੁਰਿ ਨ ਲੇਖਾ ਪੁਛਿ ਬੁਲਾਇਆ ॥ ਤਿਸੁ ਸੇਵਕ ਕੈ ਨਾਨਕ ਕੁਰਬਾਣੀ ॥ ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥**

[ਮਾਝ ਮ: ੫ ਸਫਾ ੧੦੧

**ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥** [ਗਉ: ਮ: ੪ ਸਫਾ ੧੬੬]

ਜਿਸਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ ਸਤਿ ਰਾਮ ਦਾਸੁ ॥ ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥ ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹਿ ਪਰਵਾਨੁ ॥...ਸਗਲ ਸੰਗਿ ਆਤਮ ਉਦਾਸੁ ॥ ਐਸੀ ਜੁਗਤਿ ਨਾਨਕ ਰਾਮਦਾਸੁ ॥ [ਗਉੜੀ ਸੁਖਮਨੀ ਮ: ੫ ਸਫਾ ੨੭੫

ਗੁਰਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤ ਸੁਆਮੀ ॥ [ਗਉੜੀ ਸੁ: ਮ ੫ ਸਫਾ ੨੮੬

ਸੇਵਕ ਕਉ ਸੇਵਾ ਬਨਿਆਈ ॥ ਹੁਕਮ ਬੂਝ ਪਰਮ ਪਦੁ ਪਾਈ ॥ [ਗਉੜੀ ਸੁਖਮਨੀ ਮ: ੫ ਸਫਾ ੨੯੨

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ ਨਾਮ ਰਤਨੁ ਗੁਣਾ ਹਰਿ ਬਣਿਜੇ ਲਾਦਿ ਵਖਰੁ ਲੈ ਚਾਲਿਓ ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸਤੇ ਮੁਖੁ ਨਹੀ ਮੋਰਿਓ ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥ ੨ ॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ੩ ॥ ਭਇਓ ਕ੍ਰਿਪਾਲ ਠਾਕੁਰ ਸੇਵਕ ਕਉ ਸਗਰੇ ਹਲਤ ਪਲਾਤਾ ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥ ੪ ॥ ੫ ॥ [ਮਾਰੂ ਮ: ੫ ਸਫਾ ੧੦੦੦

ਇਹ ਤਨੁ ਤੁਮਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਓ ਕੀਓ ਕੁਰਬਾਨਾ ॥ ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖ ਦ੍ਰਿਸਟਾਨਾ ॥ ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤ ਨਾ ਜਾਨਾਂ ॥ [ਸਾਰਗ ਮ: ੫ ਸਫਾ ੧੨੧੩



ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖਹਿ ਉਰਧਾਰਿ ॥ [ਸਾਰਗ ਵਾਰ ਮ: ੩ ਸਫਾ ੧੨੪੭

ਸ੍ਵੈਯਾ–ਦੇਖਤ ਸ੍ਰੀ ਰਘੁਬੀਰ ਕੋ ਰੂਪ ਬਨੀ ਕਛੂ ਪ੍ਰੀਤ ਹਨੂ ਜੀਅ ਐਸੀ ॥ ਪੰਕਜ ਭੌਰਨ ਜਿਯੋਂ ਘਨ ਮੋਰਨ ਹੰਸ ਚਕੋਰਨ ਹੂੰ ਨਹਿ ਵੈਸੀ ॥ ਕਾਮ ਬਸੰਤਹ ਭੂਮਿ ਅਨੰਤਹ ਕੰਤਹਨਾਰ ਪਤਿਬ੍ਰਤ ਤੈਸੀ ॥ ਪਾਇ ਗਹੇ ਰਘੁਰਾਇ ਕੇ ਧਾਇ ਉਠਾਇਕੇ ਅੰਕ ਭਰੇ ਬਿਧਿ ਜੈਸੀ ॥ [ਹਨੂਮਾਨ ਨਾਟਕ

## (ਸੇਵਕ ਕੀ ਸਹਾਯਤਾ)

ਅਪਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ ਸੇਵਕੁ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥ ੧ ॥ ਰਹਾਉ ॥ ਤਿਸੁ ਸੇਵਕੁ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥ ੨ ॥ [ਆਸਾ ਮ: ੫ ਸਫਾ ੪੦੩

## (ਸੇਵਕ ਕੀ ਸੁਆਮੀ ਸੇ ਅਭੇਦਤਾ)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥ ਜਿਉ ਜਲ ਤਰੰਗ ਉਠਹਿ ਬਹੁਭਾਤੀ ਫਿਰਿ ਸਲਲੈ ਸਲਲ ਸਮਾਇਦਾ ॥ [ਮਾਰੂ ਸੋਲਹੇ ਮ: ੫ ਸਫਾ ੧੦੭੬

ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥ ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥ [ਸਾਰਗ ਮ: ੫ ਸਫਾ ੧੨੦੯

## [ਸੇਵਾ (ਟਹਿਲ)]

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥ [ਸ੍ਰੀ ਰਾਗ ਮ: ੧ ਸਫਾ ੨੬

ਜੋ ਜੋ ਕੀਨੋ ਹਮ ਤਿਸਕੇ ਦਾਸ ॥ ਪ੍ਰਭੁ ਮੇਰੇ ਕੋ ਸਗਲ ਨਿਵਾਸ ॥ [ਰਾਮਕਲੀ ਮ: ੫ ਸਫਾ ੮੮੭

ਸਤਿਗੁਰ ਕੀ ਸੇਵਾ ਗਾਖੜੀ ਸਿਰ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ [ਸ੍ਰੀ ਰਾਗ ਮ: ੩ ਸਫਾ ੨੭

ਮੈ ਬਧੀ ਸਚੁ ਧਰਮਸਾਲ ਹੈ ॥ ਗੁਰ ਸਿਖਾ ਲਹਦਾ ਭਾਲਿ ਕੈ ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥

[ਸ੍ਰੀ ਰਾਗ ਮ: ੧ ਸਫਾ ੭੩

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥ ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥

[ਮਾਝ ਮ: ੫ ਸਫਾ ੧੦੨

ਹਮ ਮਲਿ ਮਲਿ ਧੋਵਹਿ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ ॥

ਗਉੜੀ ਮ: ੪ ਸਫਾ ੧੭੨

ਤਿਸ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥ ਦੇ ਰਾਖਾ ॥ ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ ਜਿਸੁ ਗੁਰ ਤੇ ਅਕਲਗਤਿ ਜਾਣੀ ॥ ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ ਜਿਸੁ ਪ੍ਰਸਾਦਿ ਵੈਰੀ ਸਭ ਮੀਤ ॥

[ਗਉੜੀ ਅਸਟਪਦੀ ਮ: ੫ ਸਫਾ ੨੩੯

ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ ॥ ਸਾਧ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ [ਗਉੜੀ ਬਾ: ਮ: ੫ ਸਫਾ ੨੫੫

ਚਾਰ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥

[ਗਉੜੀ ਸੁਖਮਨੀ ਮ: ੫ ਸਫਾ ੨੬੬

ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥

[ਆਸਾ ਮ: ੫ ਸਫਾ ੩੫੪

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ [ਆਸਾ ਵਾ: ਮ: ੧ ਸਫਾ ੪੬੬

ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ [ਗੂ: ਮ: ੫ ਸਫਾ ੫੦੦

ਪ੍ਰਭੁ ਇਹੈ ਮਨੋਰਥ ਮੇਰਾ ॥ ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ਰਹਾਉ ॥ ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥ ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥ [ਦੇਵਗੰਧਾਰੀ ਮ: ੫ ਸਫਾ ੫੩੩

ਕਮਾਵਾ ਤਿਨਕੀ ਕਾਰ ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ



ਬਿਗਸਾ ਪੈਰ ਧੋਇ ॥ ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥ ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥[ਗੂਜਰੀ ਵਾ: ੨ ਮ: ੫ ਸ: ੫੧੮

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥

[ਸੋਰਠ ਵਾਰ ਮ: ੩ ਸਫਾ ੬੪੭

ਹਰਿ ਕਾ ਸੰਤੁ ਪ੍ਰਾਨ ਧਨ ਤਿਸਕਾ ਪਨਿਹਾਰਾ ॥ ਭਾਈ ਮੀਤ ਸੁਤ ਸਗਲ ਤੇ ਜੀਅਹੂੰ ਤੇ ਪਿਆਰਾ ॥ ੧ ॥ ਰਹਾਉ ॥ ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ ੧॥ ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥ ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੩॥ ਅਵਿਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ॥ ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ ॥੩॥ ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ ॥ ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ ॥ ੪ ॥

[ਸੂਹੀ ਮ: ੫ ਸਫਾ ੭੪੫

ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥ ੧ ॥ ਮੇਰੇ ਰਾਮ ਹਰਿ ਜਨ ਕੈ ਹਉ ਬਲਿਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ ੧ ॥ ਰਹਾਉ ॥ ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥ ੨ ॥ ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ ਜਿਸਕੇ ਸੇ ਤਿਨਿ ਜਾਤੇ ॥ ੩ ॥ ਪਖਾ ਫੇਰੀ ਪਾਣੀ ਢੋਵਾ ਹਰਿ ਜਨਕੈ ਪੀਸਣੁ ਪੀਸਿ ਕਮਾਵਾ॥ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥ [ਸੂਹੀ ਮ: ੫ ਸਫਾ ੭੪੮

ਬਧਾ ਚਟੀ ਜੋ ਭਰੇ ਨਾ ਗੁਣੁ ਨ ਉਪਕਾਰੁ ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥

[ਸੂਹੀ ਵਾਰ ਮ: ੨ ਸਫਾ ੭੮੭

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥੧॥ [ਬਿਲਾਵਲ ਮ: ੫ ਸਫਾ ੮੧੦

ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ ॥ ਬਾਰਿ ਜਾਉ ਲਖੁ ਬੇਰੀਆ ਦਰਸੁ ਪੇਖਿ ਜੀਵਾਵਉ ॥ ੧ ॥ ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥ ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥ ੧ ॥ ਰਹਾਉ॥ ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥ ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥ ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥ ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥ ੩ ॥ ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥੪॥੨੧॥੫੧॥
[ਬਿਲਾਵਲ ਮ: ੫ ਸਫਾ ੮੧੩

ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥
[ਗੋਂਡ ਮ: ੪ ਸਫਾ ੮੬੧

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥ ਆਪਸ ਤੇ ਊਪਰਿ ਸਭਿ ਜਾਣਹੁ ਤਉ ਦਰਗਹ ਸੁਖੁ ਪਾਵਹੁ ॥ [ਰਾਮ. ਮ: ੫ ਸਫਾ ੮੮੩

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥ [ਮਾਰੂ ਮ: ੧ ਸਫਾ ੯੯੨

ਤੁਧੁ ਸਾਲਾਹਨਿ ਤਿਨ੍ ਧਨੁ ਪਲੈ ਨਾਨਕ ਕਾ ਧਨੁ ਸੋਈ ॥ ਜੇ ਕੋ ਜੀਉ ਕਹੈ ਓਨ੍ਾ ਕਉ ਜਮ ਕੀ ਤਲਬ ਨ ਹੋਈ ॥ [ਪ੍ਰਭਾਤੀ ਮ: ੧ ਸਫਾ ੧੩੨੮

ਮੇਰਾ ਮਨੁ ਸਾਧੂ ਧੂਰਿ ਰਵਾਲ ॥ ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥ [ਪ੍ਰਭਾਤੀ ਮ: ੪ ਸਫਾ ੧੩੩੫

ਸਲੋਕ ॥ ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥ ਪਉੜੀ ॥ ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ ॥ ਗਉੜੀ ਬਾ: ਅ: ੫ ਸਫਾ ੨੫੪
ਦਾਸਨਿ ਦਾਸੀ ਕੀ ਪਨਿਹਾਰਿ ॥ ਉਨ ਕੀ ਰੇਣੁ ਬਸੈ ਜੀਅ ਨਾਲਿ ॥ ਮਾਥੈ ਭਾਗੁ ਤ ਪਾਵਉ ਸੰਗੁ ॥ ਮਿਲੈ ਸੁਆਮੀ ਅਪੁਨੈ ਰੰਗਿ ॥ ੨ ॥
[ਆਸਾ ਮ: ੫ ਸਫਾ ੩੯੧

ਨਾਮ ਬਹੂਨੜਿਆ ਸੇ ਮਰਨਿ ਵਿਸੂਰਿ ਵਿਸੂਰਿ ॥ ੨ ॥ ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥
[ਆਸਾ ਮ: ੫ ਸਫਾ ੩੯੭

ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥ ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ ॥
[ਵਡਹੰਸ ਮ: ੫ ਸਫਾ ੫੬੪

ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥ ਦਾਸ ਅਪਨੇ ਕਉ ਭਗਤੀ ਲਾਵਹੁ ॥
[ਭੈਰਉ ਮ: ੫ ਸਫਾ ੧੧੪੬

ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਹਰਿਕਾ ਦਾਸੁ ਸਾਚਾ ਦਰਬਾਰਿ ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥ [ਭੈਰਉ ਮ: ੫ ਸਫਾ ੧੧੫੨

ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰਧਾਰਿ ॥ ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥ ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸ ਸਾਰਿ ॥
[ਕਾਨੜਾ ਵਾਰ ਮ: ੪ ਸਫਾ ੧੩੧੨

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥ ੧ ॥ ਜਉ ਕਿਰਪਾ ਗੋਬਿੰਦ ਭਈ ॥ ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥ ੧ ॥ ਰਹਾਉ ॥ ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥ ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥ ੨ ॥ ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝ ਗਈ ॥ ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥ ੩ ॥ ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥ ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥ ੪ ॥ [ਆਸਾ ਮ: ੫ ਸਫਾ ੪੦੨

ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥ ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥ ੧ ॥ ਰਹਾਉ ॥ ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥ ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ

ਤਜਿ ਕੂੜੇ ਨੇਹ ॥੨॥ ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥ ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥੩॥ ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥ ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ ॥ ੪ ॥

[ਬਿਲਾਵਲ ਮ: ੫ ਸਫਾ ੮੧੨

ਹੋਮ ਜਗ ਉਰਧ ਤਪ ਪੂਜਾ ॥ ਕੋਟਿ ਤੀਰਥ ਇਸਨਾਨੁ ਕਰੀਜਾ ॥ ਚਰਨ ਕਮਲ ਨਿਮਖ ਰਿਦੈ ਧਾਰੇ ॥ ਗੋਬਿੰਦ ਜਪਤ ਸਭਿ ਕਾਰਜ ਸਾਰੇ ॥ ੬ ॥ ਊਚੇ ਤੇ ਊਚਾ ਪ੍ਰਭ ਥਾਨੁ ॥ ਹਰਿ ਜਨ ਲਾਵਹਿ ਸਹਜਿ ਧਿਆਨੁ ॥ ਦਾਸ ਦਾਸਨ ਕੀ ਬਾਂਛਉ ਧੂਰਿ ॥ ਸਰਬ ਕਲਾ ਪ੍ਰੀਤਮ ਭਰਪੂਰਿ ॥ ੭ ॥ ਮਾਤ ਪਿਤਾ ਹਰਿ ਪ੍ਰੀਤਮੁ ਨੇਰਾ ॥ ਮੀਤ ਸਾਜਨ ਭਰਵਾਸਾ ਤੇਰਾ ॥ ਕਰੁ ਗਹਿ ਲੀਨੇ ਅਪੁਨੇ ਦਾਸ ॥ ਜਪਿ ਜੀਵੈ ਨਾਨਕੁ ਗੁਣਤਾਸ ॥ ੮ ॥

[ਪ੍ਰਭਾਤੀ ਮ: ੫ ਸਫਾ ੧੩੪੯

ਏਕ ਭਗਤ ਪ੍ਰਮੇਸ਼ੁਰ ਸੇ ਪ੍ਰਾਰਥਨਾ ਕਰਨੇ ਲਗਾ। ਹੇ ਭਗਵਾਨ ਮੇਰੇ ਕੋ ਅਪਨੀ ਟਹਿਲ ਦਿਉ, ਸੇਵਾ ਕਰੂੰ ਭਗਵਾਨ ਨੇ ਕਹਾ ਕਿਸ ਪ੍ਰਕਾਰ ਕੀ ਟਹਿਲ ਮਾਂਗਤਾ ਹੈਂ ਭਗਤ ਕਹਿਨੇ ਲਗਾ:-

ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥ ਭਵਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥ ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥ ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥ ੩ ॥ [ਸੂਹੀ ਮ: ੫ ਸਫਾ ੭੮੧

ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ ਨਉਨਿਧਿ ਪਾਈ ਰਾਜੁ ਜੀਵਾ ਬੋਲਿਆ ॥ ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ੍ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥ [ਗੁਜਰੀ ਵਾਰ ਮ: ੫ ਸ: ੫੧੮

ਇਹੀ ਹਮਾਰੈ ਸਫਲ ਕਾਜ ॥ ਅਪੁਨੇ ਦਾਸ ਕਉ ਲੇਹੁ ਨਿਵਾਜਿ ॥ ੧ ॥ ਰਹਾਉ ॥ ਚਰਨ ਸੰਤਹ ਮਾਥ ਮੋਰ ॥ ਨੈਨਿ ਦਰਸੁ ਪੇਖਉ ਨਿਸਿ ਭੋਰ ॥ ਹਸਤ ਹਮਰੇ ਸੰਤ ਟਹਲ ॥ ਪ੍ਰਾਨ ਮਨੁ ਧਨੁ ਸੰਤ ਬਹਲ ॥ ੧ ॥ ਸੰਤ ਸੰਗਿ ਮੇਰੇ ਮਨ ਕੀ ਪ੍ਰੀਤਿ ॥ ਸੰਤ ਗੁਨ ਬਸਹਿ ਮੇਰੈ ਚੀਤਿ ॥



ਸੰਤ ਆਗਿਆ ਮਨਹਿ ਮਨਹਿ ਮੀਠ ॥ ਮੇਰਾ ਕਮਲੁ ਬਿਗਸੈ ਸੰਤ ਡੀਠ ॥੨॥ ਸੰਤ ਸੰਗਿ ਮੇਰਾ ਹੋਇ ਨਿਵਾਸੁ ॥ ਸੰਤਨ ਕੀ ਮੋਹਿ ਬਹੁਤ ਪਿਆਸ ॥ ਸੰਤ ਬਚਨ ਮੇਰੇ ਮਨਹਿ ਮੰਤ ॥ ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥ ੩ ॥ ਮੁਕਤਿ ਜੁਗਤਿ ਏਹਾ ਨਿਧਾਨ ॥ ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥ ਨਾਨਕ ਕਉ ਪ੍ਰਭ ਦਇਆ ਧਾਰਿ ॥ ਚਰਨ ਸੰਤਨ ਕੇ ਮੇਰੇ ਰਿਦੇ ਮਝਾਰਿ ॥

[ਮਾਲੀ ਗਉੜਾ ਮ: ੫ ਸਫਾ ੯੮੭

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥ [ਸੂਹੀ ਮ: ੫ ਸਫਾ ੭੪੯

ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥

[ਥਿਤੀ ਗਉੜੀ ਮ: ੫ ਸਫਾ ੨੯੮

ਨਾਰਦ ਸਾਰਦ ਸੇਵਕ ਤੇਰੇ ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥

[ਮਾਰੂ ਸੋਲਹੇ ਮ: ੧ ਸਫਾ ੧੦੨੮

ਈਸਰੁ ਬ੍ਰਹਮਾ ਦੇਵੀ ਦੇਵਾ॥ਇੰਦ੍ਰ ਤਪੇ ਮੁਨਿ ਤੇਰੀ ਸੇਵਾ॥ (ਮਾਰੂ ਸੋਲਹੇ ਮ: ੧ ਸਫਾ ੧੦੩੪

ਬ੍ਰਹਮਾ ਬਿਸਨੁ ਰੁਦ੍ਰ ਤਿਸਕੀ ਸੇਵਾ ॥ [ਮਾਰੂ ਸੋਲਹੇ ਮ: ੩ ਸਫਾ ੧੦੫੩

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥ ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥ ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥ ੨ ॥ ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥ ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥ ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ

ਰਾਮ ॥ ਨਾਨਕੁ ਤਿਨ੍ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥ ੩ ॥ [ਬਿਹਾਗੜਾ ਮ: ੪ ਸਫਾ ੫੪੦

ਯਹ ਦਾਸ ਭਾਉ ਭਗਤੀ ਵਿਸ਼ੇਸ਼ ਕਰਕੇ ਹਨੂਮਾਨ ਜੀ ਨੇ ਕਰੀ ਹੈ :-

(੧੧) ਕਵਿਤ–ਕਹੋ ਜੌ ਤੋ ਰੀਤੋ ਸਿੰਧ ਕਰੋ ਜੈਸੇ ਮੁਨਿ ਪੀਓ ਕਹੋ ਜੋ ਤੋ ਬੀਰ ਪਾਨੀ ਰਾਖੋਂ ਨਿਜ ਨਾਮ ਕੋ ॥ ਕਹੋ ਜਾਇ ਲੰਕ ਮਾਰੋ ਭੀਤਨ ਸੋਂ ਭੀਤ ਕਹੋਂ ਰਾਵਨ ਸਮੇਤ ਪਰਸਾਊ ਪਗ ਬਾਮ ਕੋ। ਦੇਖਕੈ ਅਨੀਤਾ ਮੇਰੋ ਮਰਤ ਨਾਹੀ ਪੀਤਾ ਜੋਈ ਕਹੋ ਸੋਈ ਕਰੋਂ ਨਾਥ ਨੈਕ ਭਰੋਂ ਹਾਮ ਕੋ। ਸੁਨੋ ਮੇਰੇ ਮੀਤਾ ਸੁਖ ਸੋਈ ਏ ਨਿਚੀਤਾ ਕਹੋਂ ਸੀਤਾ ਸੋਧ ਲਯਾਊਂ ਕਹੋ ਸੀ ਮਿਲਾਊ ਰਾਮ ਕੋ। [ਹਨੂਮਾਨ ਨਾਟਕ

ਕਬਿਤ ॥ ਕਹੋ ਸੀਅ ਲਜਾਊਂ ਕਹੋ ਤਾਹੀ ਕੋ ਸੰਦੇਸ ਕਹੋ ਰਾਵਣ ਸਮੇਤ ਲਜਾਊਂ ਬੇਗ ਸੀਖ ਦੀਜੀਏ॥ ਕਹੋ ਤਾਹੀਂ ਛੁਦ੍ਕੇ ਕੁਟੰਬ ਲੈ ਸਮੁਦ੍ਰ ਬੋਰੋਂ ਲੈ ਆਊਂ ਮਦੋਦਰੀ ਕੋ ਜਾਨੀਏ ਸੁ ਕੀਜੀਏ । ਕਹੋ ਦਸ ਸੀਸ ਭੁਜ ਬਿਸਨ ਬਖੇਰੋਂ ਆਗੇ ਕਹੋ ਜਾਇ ਘੇਰੋਂ ਗਢ ਬਿਨਤੀ ਪਤੀਜੀਏ। ਰੰਕ ਹਨੂਮਾਨ ਕੋ ਨਿਸੰਕ ਪਾਨ ਦੀਜੈ ਰਾਮ ਕਹੋ ਤੋ ਉਠਾਇ ਗੜ੍ਹ ਲਜਾਊਂ ਢੂੰਢ ਲੀਜੀਏ। [ਹਨੂਮਾਨ ਨਾਟਕ

ਇਸ ਪ੍ਰਕਾਰ ਦਾਸ ਭਾਵ ਭਗਤੀ ਸਮਾਪਤੀ ਕਰੀ।

## ਅਠਵੀਂ ਸਖਾ ਯਾਨੇ ਮਿਤ੍ਰ ਰੂਪ ਭਗਤੀ

ਸਖਾ ਸਹਾਈ ਅਤਿ ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥ [ਸ੍ਰੀ ਰਾਗ ਮ: ੫ ਸਫਾ ੪੭

ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥ ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥ [ਆਸਾ ਮ: ੫ ਸਫਾ ੩੫੨

ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ ਭੰਗਨਾ ॥ [ਮਾਰੂ ਮ: ੫ ਸਫਾ ੧੦੮੦

ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥ [ਤੁ ਮ. ੧ ਸਫਾ ੧੧੧੩

ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥



ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥ [ਬਿਲਾਵਲ ਮ. ੫ ਸਫਾ ੮੪੭

ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥ [ਰਾਮਕਲੀ ਮ. ੫ ਸਫਾ ੯੨੯

ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥ ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥ [ਬਿ ਮ ੫ ਸਫਾ ੮੦੩

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥ ੨ ॥ ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥ [ਸੂਹੀ ਛੰਤ ਮ. ੧ ਸਫਾ ੭੬੪

ਮੰਗਲ ਸਾਜੁ ਭਇਆ ਪ੍ਰਭੁ ਅਪੁਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ ਸਹਜਿ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੇਹੁ ਮੋਹਿ ਲੜਿ ਲਾਇਆ ॥

[ਬਿਲਾਵਲ ਮ. ੫ ਛੰਤ ਸਫਾ ੮੪੫

ਵਾਹਿਗੁਰੂ ਕੀਜਹਿ ਨਿਜ ਸ੍ਵਾਮੀ। ਸਕਲ ਸ਼ਕਤਿ ਯੁਤਿ ਅੰਤਰਜਾਮੀ। ਆਪ ਬਨਹਿ ਦਾਰਾ ਪ੍ਰਭੁ ਕੇਰੀ। ਪਤੀਬ੍ਰਤਾ ਕੀ ਰੀਤਿ ਬਡੇਰੀ। ਤਨ ਮਨ ਧਨ ਸਭਿ ਅਰਪਹਿ ਪਤਿ ਕੋ। ਪਜਾਰੋ ਪਰਮ ਪ੍ਰੇਮ ਕਰ ਚਿਤ ਕੋ॥

[ਸੂਰਜ ਪ੍ਰ: ਰਾਸ ੧ ਅੰਸੂ ੧੨

ਸ੍ਰਿਣੂ ਨਾਰਦ ਵਖਸਜਾਮਿ ਸਤੀਨਾਂ ਬ੍ਰਿਤੰ ਉਤਮੰ ਕੁਰੂਪੋ ਵਾ ਕੁਬ੍ਰਿਤੋ ਵਾ ਸੁ ਸ੍ਵਭਾਵੋ ਅਪਿ ਵਾ ਪਤਿ: ॥ ੧ ॥ ਰੋਗਾ ਅਨ੍ਰਿਤੋ ਪਿਸਾਚੋ ਵਾ ਕ੍ਰੋਧਿਨੋ ਵਾ ਅਥ ਮਦਯਪ: ॥ ਬ੍ਰਿਧੋਵਾ ਅਪਿ ਅਵਿਦਰਧੋ ਵਾ ਮੁਕੋ ਅੰਧੋ ਯਧਿਰੋ ਅਪਿ ਵਾ ॥ ੨ ॥ ਰੌਦ੍ਰੋ ਵਾ ਅਥ ਦਰਿਦ੍ਰੋਵਾ ਕੰਦਰਯ ਕੁਤਿਸਤੋ ਅਪਿਵਾ, ਕਾਤਰ: ਕਿਤਵੋ ਵਾ ਅਪਿ ਲਲਨਾ ਲੰਪਟੋਵਾ ਅਪਿਵਾ ॥ ੩ ॥ ਸਤਤੰ ਦੇਵ ਵਤ ਪੂਜਯ: ਸਾਧ੍ਵਿਯਾ ਵਾਕਾਯ ਕਰਮਭਿ: ਨ ਜਾਤੂ ਵਿਖਮੰ ਭਰਤ੍ਰੂ: ਇਸਤ੍ਰਿਯਾ ਕਾਰਯੰ ਕਥੰਚਨ ॥ ੪ ॥ ਦੇਵੋ ਮਨੁਸਯੋ ਗੰਧਰਵ: ਸਤੀਨਾਂ ਨ ਅਪਰ: ਪ੍ਰਿਯ:, ਅਪ੍ਰਿਯ: ਨੈਵ ਕਰਤਬਿਯੰ ਪਤਯੁ: ਪਤਨਯਾ ਕਦਾਚਨ ॥ ੫ ॥ ਭੁਕ੍ਤੇ ਭੁੰਕ੍ਤੇ ਯਥਾ ਪਤਯਊ ਦੁਖਤੇ ਦੁਖਤਾ ਚ ਯਾ ॥ ਮੁਦਿਤੇ ਮੁਦਿਤਾ ਅਤਯਰਥੰ ਪ੍ਰੋਸ਼ਿਤ ਮਲਿਨਾ ਅੰਬਰਾ, ॥ ੬ ॥ ਸੁਤ੍ਰੇ ਪਤਯਊ ਚ ਯਾ ਸ਼ੇਤੇ ਪੂਰਵੰ ਏਵ ਪ੍ਰਬੁਧਯਤਿ ਪ੍ਰਵਿਸ਼ੇਤ੍ ਚੈਵ ਯਾ ਵਨ੍ਹਊ ਯਾਤੇ ਭਰਤਰੀ ਪੰਚਤਾਂ ॥ ੭ ॥

[ਪੁਰਸੋਤਮ ਮਾਸ ਮਹਾਤਮ

ਟੀਕਾ-ਨਾਰਾਯਣ ਜੀ ਕਹਿਤੇ ਹੈਂ ਹੇ ਸ੍ਰੀ ਨਾਰਦ ਜੀ ਸੁਨੋ ਪਤਿਬ੍ਰਤਾ ਇਸਤ੍ਰੀਓ ਕੇ ਉਤਮ ਬ੍ਰਤ ਕੋ ਕਹਿਤਾ ਹੂੰ ਕੁਰੂਪ ਅਥਵਾ ਕੁਵਿਰਤ (ਖੋਟੇ ਆਚਰਣ ਵਾਲਾ) ਅਥਵਾ ਸੁੰਦਰ ਸੁਭਾਵ ਵਾਲਾ ਪਤਿ ਹੋ। ੨. ਰੋਗੀ ਪਿਸ਼ਾਚਵਾ ਕਰੋਧੀ ਤਥਾ ਸ਼ਰਾਬ ਪੀਨੇ ਵਾਲਾ ਹੋ ਬ੍ਰਿਧ ਅਥਵਾ ਮੂਰਖ ਹੋ ਗੂੰਗਾ ਅੰਧਾ ਬੋਲਾ ਹੋ। ੩. ਭਯੰਕਰ ਦਰਿਦ੍ਰੀ ਕ੍ਰਿਪਣ ਨਿੰਦਿਤ ਡਰਪੋਕ ਧੂਰਤ ਵਾ ਅਨਯ ਇਸਤ੍ਰੀਓਂ ਕਾ ਮਿਤ੍ਰ ਹੋ। ੪. ਪਰੰਤੂ ਇਸਤ੍ਰੀ ਕੋ ਵਹੁ ਪਤੀ ਭੀ ਹਮੇਸ਼ ਦੇਵ ਕੀ ਤਰਹ ਵਚਨ ਸਰੀਰ ਕਰਮ ਕਰਕੇ ਪੂਜਨਾ ਚਾਹੀਏ। ੫. ਪਤੀ ਕੇ ਬਿਨਾ ਅਨਯ ਕੋਈ ਦੇਵ, ਮਨੁਸ਼ਯ, ਗੰਧਰਵ, ਸਤੀ ਇਸਤ੍ਰੀਓਂ ਕੋ ਪ੍ਰਿਯ ਨਹੀਂ ਇਸਤ੍ਰੀ ਕੋ ਪਤੀ ਕਾ ਬੁਰਾ ਕਭੀ ਨ ਕਰਨਾ ਚਾਹਇ। ੬. ਜੋ ਇਸਤ੍ਰੀ ਪਤੀ ਕੇ ਭੋਜਨ ਕਰਨੇ ਪਰ ਆਪ ਭੋਜਨ ਕਰਤੀ ਹੈ ਅਰ ਦੁਖ ਮੇਂ ਦੁਖੀ ਔਰ ਪਤੀ ਕੀ ਪ੍ਰਸੰਨਤਾ ਮੇਂ ਅਤਿ ਪ੍ਰਸੰਨ। ੭. ਪਰਦੇਸ ਮੇਂ ਜਾਨੇ ਸੇ ਮਲਿਨ ਵਸਤ੍ਰ ਰਖਤੀ ਹੈ, ਔਰ ਪਤੀ ਕੇ ਸੋਨੇ ਕੇ



ਬਾਦ ਸੋਤੀ ਹੈ, ਔਰ ਪਹਿਲੇ ਉਠਤੀ ਹੈ, ਪਤਿ ਕੇ ਮਰਨੇ ਪਰ ਆਪ ਭੀ ਸਾਥ ਹੀ ਅਗਨੀ ਮੇਂ ਸਤੀ ਹੋ ਜਾਵੇ ਹੈ। (ਔਰ ਅਪਨੇ ਚਿਤ ਮੇਂ ਅਨਯ ਕਿਸੀ ਕੀ ਨ ਚਾਹ ਸੇ ਪ੍ਰਿਤਬ੍ਰਤਾ ਰਹਿਨੀ ਚਾਹੀਏ)।

ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥ ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾਹੂ ਬਾਹਰੇ ॥ ਪਉੜੀ ॥ ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥ ਮੈ ਲਖ ਵਿੜਤੇ ਸਾਹਿਬਾ ਜੇ ਬਿੰਦੁ ਬੋੁਲਾਈਆ ॥... ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ ॥ ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ ॥... ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ ॥ ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ ॥

[ਮਾਰੂ ਡਖਣੇ ਵਾਰ ਮ: ੫ ਸਫਾ ੧੦੯੯

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥ ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥ ੩ ॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥ ੪ ॥ ੨ ॥ ੧੯ ॥

[ਗਉੜੀ ਬੈਰਾਗਣ ਮ: ੧ ਸਫਾ ੧੫੭

ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨॥ ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ

ਬਣੇ ਅਚਰਜ ਜਾਈਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਈਆ ॥ ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮਲੀ ਪ੍ਰਭੁ ਕਰਣ ਕਾਰਣ ਜੋਗੋ ॥ ੩ ॥ ਭਵਨੁ ਸੁਹਾਵੜਾ ਧਰਤਿ ਸੁਭਾਗੀ ਰਾਮ ॥ ਪ੍ਰਭੁ ਘਰ ਆਇਅੜਾ ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ ਅਹੰਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤ ਸੰਗਿ ਲਿਵਲਾਗੀ ॥ ੪ ॥ ੧ ॥ [ਬਿਲਾਵਲ ਛੰ: ਮ: ੫ ਸਫ਼ਾ ੮੪੫

ਖਾਨ ਪਾਨ ਪਹਿਰਨ ਥਿਤ ਸ਼ਯਨ ਕਿਰਿਆਲੌ ਆਦਿ । ਮਿਸਰਤ ਹੋਵੇ ਯਾਹ ਮੇ ਸਖੀ ਭਾਵ ਕਰ ਯਾਦ ॥ ੧ ॥ ਸਖੀ ਭਾਵ ਬਿਧ ਦੋ ਅਹੈ ਨਰ ਨਾਰੀ ਕਰ ਰੂਪ । ਸਖਾ ਕਹਾਵੈ ਨਰ ਬਪੂ ਨਾਰੀ ਸਖੀ ਸ੍ਰੂਪ ॥੨॥ ਨਿਜ ਬਪੁ ਸੇ ਥਪਨਾਰਿਤਾ ਹਰਿ ਮੋ ਪਤਿ ਪਨ ਥਾਪ । ਸਖੀ ਭਾਵ ਸੋ ਜਾਨੀਏ ਭਗਤਨ ਕੋ ਬਹੁ ਜਾਪ ॥ ੩ ॥ ਸਖੀ ਭਾਵ ਸਾਮਗਰੀ ਜਗ ਮੇਂ ਹੋਵਤ ਭੂਰ । ਯਾਹੀ ਤੇ ਸੇ ਯਾਂਹਿ ਲੌ ਭੂਖਨ ਬਸਤ੍ਰ ਨੂਰ ॥ ੪ ॥ ਔਰ ਕੁਚਜ ਸੁਚਜ ਪੁਨ ਤਸ ਸੁਹਾਗ ਦੁਰਭਾਗ । ਜੰਞ ਬਿਆਹ ਅਲਾਹਨੀ ਘੋੜੀ ਤੈਸੁ ਸੁ ਲਾਗ ॥ ੫ ॥ ਸਿਖਯਾ ਮਾਨ ਸੁ ਬੇਨਤੀ ਪਤਿ ਰਸ ਕਾ ਰਸ ਭਾਵ । ਸਭ ਗੁਣ ਧਾਰਨ, ਔਗੁਣਾ ਤਿਆਗਨ ਗੁਰੂ ਬਤਾਵ ॥ ੬ ॥

ਗੁਰੂ ਪ੍ਰਮਾਣ:-ਤੂ ਮੇਰੇ ਮੀਤ ਸਖਾ ਹਰਿ ਪ੍ਰਾਨ ॥ ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ ॥ ੧ ॥ ਰਹਾਉ ॥ ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ ॥ ਸਦਾ ਸਦਾ ਤੁਮ ਹੀ ਪਤਿ ਰਾਖਹੁ ਅੰਤਰਜਾਮੀ ਜਾਨ ॥ [ਸਾਰਗ ਮ: ੫ ਸਫ਼ਾ ੧੨੧੬

ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ ॥ ਤੂੰ ਮੇਰੀ ਪਤਿ ਤੂ ਹੈ ਮੇਰਾ ਗਹਣਾ ॥ ਤੁਝ ਬਿਨੁ ਨਿਮਖੁ ਨ ਜਾਈ ਰਹਣਾ ॥ ੧ ॥ ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ ॥ ਤੂੰ ਮੇਰੇ ਸਾਹਿਬ ਤੂੰ



ਮੇਰੇ ਖਾਨ ॥ ੧ ॥ ਰਹਾਉ ॥ ਜਿਉ ਤੁਮ ਰਾਖਹੁ ਤਿਵ ਹੀ ਰਹਨਾ ॥ ਜੋ ਤੁਮ ਕਹਹੁ ਸੋਈ ਮੋਹਿ ਕਰਨਾ ॥ ਜਹ ਪੇਖਉ ਤਹਾ ਤੁਮ ਬਸਨਾ ॥ ਨਿਰਭਉ ਨਾਮੁ ਜਪਉ ਤੇਰਾ ਰਸਨਾ ॥ ੨ ॥ ਤੂੰ ਮੇਰੀ ਨਵਨਿਧਿ ਤੂੰ ਭੰਡਾਰੁ ॥ ਰੰਗ ਰਸਾ ਤੂੰ ਮਨਹਿ ਅਧਾਰੁ ॥ ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ ॥ ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ ॥ ੩ ॥ ਮਨ ਤਨ ਅੰਤਰਿ ਤੁਹੀ ਧਿਆਇਆ ॥ ਮਰਮੁ ਤੁਮਾਰਾ ਗੁਰ ਤੇ ਪਾਇਆ ॥ ਸਤਿਗੁਰ ਤੇ ਦ੍ਰਿੜਿਆ ਇਕੁ ਏਕੈ ॥ ਨਾਨਕ ਦਾਸ ਹਰਿ ਹਰਿ ਹਰਿ ਟੇਕੈ ॥੪॥੧੯॥੮੭॥ [ਗਉੜੀ ਮ: ੫ ਸਫ਼ਾ ੧੫੧

ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥ ਜਿਸ ਕਉ ਤੂ ਪ੍ਰਭ ਭਇਆ ਸਹਾਈ ॥ ਤਿਸੁ ਤਤੀ ਵਾਉ ਨ ਲਗੈ ਕਾਈ ॥ [ਮਾਝ ਮ: ੫ ਸਫ਼ਾ ੧੩੨

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥ [ਮਾਝ ਮ: ੫ ਸਫ਼ਾ ੧੦੩

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਹਰਿ ਜਾਨੀਅੜਾ ॥ ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥ ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥ ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥... ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥ ਕਿਰਪਾਲਾ ਮੇਰ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥... ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥ ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ ॥ [ਰਾਮਕਲੀ ਮ: ੫ ਛੰਤ ਸਫ਼ਾ ੯੨੩

ਯੇ ਸਖਾ ਭਾਵ ਭਗਤੀ ਸੁਗ੍ਰੀਵ ਔਰ ਵਿਭੀਸ਼ਣ ਨੇ ਸ੍ਰੀ ਰਾਮ ਚੰਦ੍ਰ ਜੀ ਨਾਲ ਕਰੀ ਹੈ। ਅਰਜੁਨ ਨੇ ਸ੍ਰੀ ਕ੍ਰਿਸ਼ਨ ਨਾਲ ਸਖਾ ਭਾਵ ਸੇ ਭਗਤੀ ਕਰੀ ਹੈ। ਗੋਪੀਆ ਸ੍ਰੀ ਕ੍ਰਿਸਨ ਕੀਆਂ ਸਖੀਆਂ ਹਨ । ਔਰ ਇਸਤ੍ਰੀ ਪਤੀ ਭਾਵ ਭੀ ਸਖਾ ਭਾਵ ਕੇ ਅੰਤਰਗਤ ਹੈ, ਰਾਮਾਯਣ

ਮੇਂ ਸੁਗ੍ਰੀਵ ਔਰ ਸ੍ਰੀ ਰਾਮਚੰਦ੍ਰ ਜੀ ਕਾ ਸਖਾ ਭਾਵ ਲਿਖਾ ਹੈ:-

**ਸਲੋਕ—ਤਤੋ ਹਨੂਮਾਨ ਪ੍ਰਜ੍ਵਾਲਯ ਤਯੋ: ਅਗ੍ਨਿੰ ਸਮੀਪਤ: ॥ ਤਉ ਊਭਉ ਰਾਮ ਸੁਗ੍ਰੀਵਉ ਵਨ੍ਹਉ ਸਾਖਸ਼ੀਣਿ ਤਿਸ਼੍ਠਤਿ ॥ ੪੪ ॥ ਬਾਹੂ ਪ੍ਰਸਾਰਯ ਚਾਲਿੰਗਯ ਪਰਸਪਰੰ ਅਕਲਮਸ਼ਉ ॥ ਸਮੀਪੇ ਰਘੁਨਾਥਸਯ ਸੁਗ੍ਰੀਵ: ਸੰਉਪਾਵਿਸ਼ਤ੍ ॥ ੪੫ ॥**

[ ਅਧਿਆਤਮ ਰਾਮਾਇਣ ਕਿਸ਼ਕੰਧਾ ਕਾਂਡ

ਟੀਕਾ—ਤਬ ਹਨੂਮਾਨ ਜੀ ਰਾਮ ਕੇ ਔਰ ਸੁਗ੍ਰੀਵ ਕੇ ਮਧਯ ਮੇਂ ਅਗਨੀ ਜਲਾਤੇ ਭਏ, ਔਰ ਅਗਨੀ ਕੋ ਸਾਖੀ ਕਰ ਦੋਨੋਂ, ਰਾਮ ਚੰਦਰ ਜੀ ਔਰ ਸੁਗ੍ਰੀਵ ॥ ੪੪ ॥ ਪ੍ਰਸਪਰ ਭੁਜਾ ਪਸਾਰ ਕਰ ਨਿਸ਼ਪਾਪ ਏਕ ਦੂਸਰੇ ਕੋ ਅਲਿੰਗਨ ਕਰਤੇ ਭਏ । ਔਰ ਸੁਗ੍ਰੀਵ ਰਾਮ ਚੰਦਰ ਜੀ ਕੇ ਸਮੀਪ ਬੈਠ ਜਾਤਾ ਭਯਾ ॥ ੪੫ ॥ ਔਰ ਪ੍ਰਸਪਰ ਪ੍ਰਤਿਗਿਆ ਕਰਤੇ ਭਏ। ਰਾਮਚੰਦਰ ਜੀ ਕਹਿਨੇ ਲਗੇ—ਬਾਲੀ ਕੋ ਮਾਰ ਕਰ ਤੁਮਾਰਾ ਰਾਜ ਔਰ ਤੁਮਾਰੀ ਇਸਤ੍ਰੀ ਤੁਮ ਕੋ ਦਿਖਲਾਏਂਗੇ । ਔਰ ਸੁਗ੍ਰੀਵ ਕਹਿਨੇ ਲਗਾ ਕਿ ਰਾਵਨ ਕੋ ਮਾਰ ਕਰ ਤੁਮਾਰੀ ਜਾਨਕੀ ਦਿਲਾਊਂਗਾ। ਫੇਰ ਰਾਮ ਚੰਦਰ ਜੀ ਕੇ ਪਾਸ ਰਹਿਤੇ ਹੂਏ ਜਬ ਸੁਗ੍ਰੀਵ ਕੋ ਵੈਰਾਗ ਹੂਆ ਤੋ ਕਹਿਨੇ ਲਗਾ ।

ਪ੍ਰਮਾਣ:-

**ਨ ਕਾਂਖਸ਼ੇ ਵਿਜਯੰ ਰਾਮ ਨਚਦਾਰ ਸੁਖਾਦਿਕੰ। ਭਕ੍ਤਿੰ ਏਵ ਸਦਾ ਕਾਂਖਯੇ ਤ੍ਵਯਿ ਬੰਧਵਿਮੋਚਨੀ ॥ ੮੫ ॥**

ਟੀਕਾ—ਨ ਮੇਰੇ ਕੋ ਰਾਜ ਕੀ ਜ਼ਰੂਰਤ ਹੈ, ਨ ਮੇਰੇ ਕੋ ਇਸਤ੍ਰੀ ਆਦਿਕ ਕੇ ਸੁਖ ਕੀ ਇੱਛਾ ਹੈ। ਮੇਰੇ ਕੋ ਤੋ ਆਪ ਕੀ ਭਗਤੀ ਹੀ ਚਾਹੀਏ ॥ ੮੫ ॥

**ਸਖੇ ਤ੍ਵਦ ਉਕ੍ਤੰ ਯਤ੍, ਤਤ੍ ਮਾਂ ਸਤਯਮੇਵ ਨ ਸੰਸ਼ਯ: ॥ ਕਿੰਤੂ ਲੋਕਾਵਦਿਸ਼ਯੰਤਿ ਮਾਮੇਵੰ ਰਘੁਨੰਦਨ: ॥ ਕ੍ਰਿਤਵਾਨ ਕਿੰ ਕਪੀਂਦ੍ਰਾਯ ਸਤਯੰ ਕ੍ਰਿਤ੍ਵਾ ਅਗਨਿ ਸਾਖਿਕੰ ॥**

ਟੀਕਾ—ਜਬ ਸੁਗ੍ਰੀਵ ਕੋ ਐਸਾ ਵੈਰਾਗ ਹੂਆ ਤਬ ਰਾਮ ਚੰਦਰ ਜੀ ਕਹਿਨੇ ਲਗੇ, ਹੇ ਮਿਤ੍ਰ ! ਜੋ ਤੂ ਕਹਿਤਾ ਹੈਂ ਸੋ ਸੱਤ ਹੈ, ਪਰੰਤੂ ਲੋਕ ਮੇਰੇ ਕੋ ਕਿਆ ਕਹੇਂਗੇ ਕਿ ਅਗਨੀ ਸਾਖੀ ਕਰ ਸੁਗ੍ਰੀਵ ਕਾ ਮਿਤ੍ਰ ਬਣ ਕਰ ਸੁਗ੍ਰੀਵ ਕਾ ਕਿਆ ਉਪਕਾਰ ਕਰਾ ਸੋ ਤੁਮਾਰੇ ਕੋ ਨਹੀਂ ਭੀ ਇੱਛਾ ਹੈ ਤੋ ਭੀ ਮੈਂ ਤੁਮਾਰੇ ਕੋ ਰਾਜ ਔਰ ਇਸਤ੍ਰੀ ਦਿਲਾ ਕਰ ਤੁਮਾਰਾ ਉਪਕਾਰ ਕਰੂੰਗਾ ਔਰ ਅਪਨੇ ਮੇਂ ਮਿਤ੍ਰ ਕੇ ਲਖਣ ਧਾਰਣ ਕਰੂੰਗਾ। ਯੇ ਮਿਤ੍ਰ ਕੇ ਲਖਣ ਹੈ:-

**ਪਾਪਾਨ੍ ਨਿਵਾਰਯਤਿ ਯੋਜਯਤਿ ਹਿਤਾਯ ਗੁਹਯੰ ਚਗੋਹਜਤਿ ਗੁਣਾਨ੍ ਪ੍ਰਕਟੀ ਕਰੋਤਿ ॥ ਆਪਤ ਗਤਾਂ ਨ ਜਹਾਤਿ ਦਦਾਤਿ ਕਾਲੇ ਸਨਮਿਤ੍ਰ ਲਖਯਣੰ ਪ੍ਰਵਦੰਤਿ ਸੰਤਾ: ॥**



ਟੀਕਾ—ਮਿਤ੍ਰ ਕੇ ਛੇ ਲਖਣ ਸੰਤ ਲੋਕ ਕਹਿਤੇ ਹੈਂ-(੧) ਪਾਪ ਸੇ ਨਿਵਾਰਣ ਕਰੇ। (੨) ਹਿਤ ਮੇਂ ਜੋੜੇ। (੩) ਗੋਪਯ ਬਾਤ (ਦੋਸ਼ੋਂ ਕੋ ਛੁਪਾਵੇ)। (੪) ਗੁਣ ਪ੍ਰਗਟ ਕਰੇ। (੫) ਵਿਪਤ ਪੜ ਜਾਨੇ ਪਰ ਮਿਤ੍ਰ ਕਾ ਸਾਥ ਦੇਣਾ, ਛੋੜਨਾ ਨਹੀਂ। (੬) ਦੁਰਭਿਖ ਮੇਂ ਮਿਤ੍ਰ ਕੋ ਅੰਨ, ਧਨਾਦਿ ਦੇਨਾ ।

**ਦੋਹਾ—ਸੁਨੁ ਸੁਗ੍ਰੀਵ ਮੈਂ ਕਾਰਿਹੌਂ ਬਾਲਿਹਿੰ ਏਕਹਿ ਬਾਣ। ਬ੍ਰਹਮ ਰੁਦ੍ਰ ਸ਼ਰਣਾਗਤ ਹੂ ਗਯੇਨ ਉਬਰਹਿ ਪ੍ਰਾਣ।**

**ਚੌਪਈ—ਜੇ ਨ ਮਿਤ੍ਰ ਦੁਖ ਹੋਹਿ ਦੁਖਾਰੀ। ਤਿਨਹਿੰ ਬਿਲੋਕਤ ਪਾਤਕ ਭਾਰੀ। ਨਿਜ ਦੁਖ ਗਿਰਿ ਸਮ ਰਜ ਕਰ ਜਾਨਾ। ਮਿਤ੍ਰ ਦੁਖ ਰਜ ਮੇਰੁ ਸਮਾਨਾ। ਜਿਨਕੇ ਅਸਿ ਮਤਿ ਸਹਜ ਨ ਆਈ। ਤੇ ਸ਼ਠ ਹਠ, ਕਤ ਕਿਰਤ ਮਿਤਾਈ। ਕੁਪਥ ਨਿਵਾਰ ਸੁ ਪੰਥ ਚਲਾਵਾ। ਗੁਣ ਪ੍ਰਗਟੈ ਅਵਗੁਣਹਿੰ ਦੁਰਾਵਾ। ਦੇਤ ਲੇਤ ਮਨ ਸ਼ੰਕ ਨ ਧਰਹੀ। ਬਲ ਅਨੁਮਾਨ ਸਦਾ ਹਿਤ ਕਰਹੀ। ਬਿਪਤਿ ਕਾਲ ਕਰ ਸ਼ਤ ਗੁਣ ਨੇਹਾ। ਸ਼੍ਰੁਤਿ ਕਹ ਸਤਯ ਮਿਤ੍ਰ ਗੁਣ ਏਹਾ। ਆਗੇ ਕਹਮ੍ਰਿਦੁ ਬਚਨ ਬਨਾਈ। ਪਾਛੇ ਅਨਹਿਤਿ, ਮਨ ਕੁਟਿਲਾਈ। ਜਾਕਰ ਚਿਤ ਅਹਿ ਗਤਿ ਸਮ ਭਾਈ। ਅਸਕੁਮਿਤ੍ਰ ਪਰਿ ਹਰੇ ਭਲਾਈ।**

**ਦੋਹਾ— ਮਿਤ੍ਰ ਮਿਤ੍ਰ ਸੋਂ ਪ੍ਰੀਤਿ ਕਰਿ ਹ੍ਰਿਦਯ ਆਨ ਮੁਖ ਆਨ।**
**ਜਾਕੇ ਮਨ ਬਚ ਪ੍ਰੇਮ ਨਹਿੰ ਦੁਰੇ ਦੁਰਾਯੇ ਜਾਨ।**

**ਚੌਪਈ—ਸੇਵਕ ਸਠ ਨ੍ਰਿਪ ਕ੍ਰਿਪਣ ਕੁਨਾਰੀ। ਕਪਟੀ ਮਿਤ੍ਰ ਸ਼ੂਲ ਸਮ ਚਾਰੀ। ਸਖਾ ਸ਼ੋਚ ਤਿਆਗਹੁ ਬਲ ਮੋਰੇ। ਸਭ ਬਿਧਿ ਕਰਬ ਕਾਜ ਮੈਂ ਤੋਰੇ।**

[ਤੁਲਸੀ ਰਾਮਾਇਣ ਕਿਸ਼ਕੰਧਾ ਕਾਂਡ

ਇਸੀ ਤਰਹ ਭਗਤ ਸੁਦਾਮੇ ਨੇ ਭੀ ਸਖਾ ਭਗਤੀ ਕਰੀ ਹੈ। ਜਿਸ ਵਕਤ ਸੁਦਾਮਾ ਦੁਆਰਕਾ ਮੇਂ ਗਯਾ ਹੈ। ਤਬ ਸੁਦਾਮੇ ਕੀ ਐਸੀ ਹਾਲਤ ਥੀ ਜੈਸੇ ਏਕ ਕਵਿ ਨੇ ਲਿਖਾ ਹੈ -

ਸ੍ਵੈਯਾ ॥

**ਸੀਸ ਪਗਾ ਨ ਝਗਾ ਤਨ ਮੇਂ ਨਹਿ ਜਾਨੇ ਕੋ ਆਹਿ ਵਸੇ ਕੋ ਗ੍ਰਾਮਾ।**
**ਧੋਤੀ ਫਟੀ ਸੀ ਲਟੀ ਦੁਪਟੀ ਨੰਹਿ ਪਾਇਓ ਪਾਇ ਨ ਔਰ ਨ ਸਾਮਾ।**
**ਦੁਆਰ ਖੜੋ ਦ੍ਵਿਜ ਦੁਰਬਲ ਦੇਖਿ ਰਹਿਓ ਚਕ ਸੋਂ ਵਸੁਧਾ ਅਭਿਰਾਮਾ।**

ਪਰ ਪੂਛਤ ਦੀਨ ਦਯਾਲ ਕੋ ਧਾਮ ਬਤਾਵਤ ਅਪਨੋ ਨਾਮ ਸੁਦਾਮਾ ॥ ੧ ॥

ਕ੍ਰਿਸਨ ਵਚਨ :-

ਕਾਹੇ ਬਿਹਾਲ ਬਿਮਾਇਨ ਤੇ ਅਰ ਕੰਟਕ ਜਾਲ ਲਗੇ ਪਗ ਜੋਏ।
ਹਾਇ ਸਖਾ ਤੁਮ ਪਾਇਓ ਇਤੋ ਦੁਖ ਆਇ ਇਤੇ ਨ ਕਿਤੇ ਦਿਨ ਖੋਏ।
ਦੇਖ ਸੁਦਾਮੇ ਕੀ ਦੀਨ ਦਸ਼ਾ ਕਰੁਣਾ ਕਰਕੇ ਕਰੁਣਾ ਨਿਧਿ ਰੋਏ।
ਪਾਨੀ ਪਰਾਤ ਕੋ ਹਾਥ ਛੁਇਓ ਅਰ ਨੈਨਨ ਕੇ ਜਲ ਸਿਉ ਪਗ ਧੋਏ।੨।
ਕੰਚਨ ਕੇ ਮੁੜ ਧਾਮ ਭਰੇ ਸ਼ੁਭ ਕੰਚਨ ਕੋ ਪੁਰ ਸੌਧ ਸੁਹਾਈ।
ਦ੍ਵੈ ਘਟ ਸਾਥ ਸੁ ਯੱਗ ਕਰੇ ਮਮ ਪੂਰਣ ਲਛ ਪ੍ਰਤਖਯ ਸਮਾਈ।
ਸਾਠ ਸੁ ਭਾਰ ਕੀ ਕਾ ਗਣੀਐ ਗਤਿ ਲਛ ਸਮਾਜਨ ਪਾਰ ਨ ਪਾਈ।
ਦੇਖਿ ਚਰਿਤ ਦਯਾ ਨਿਧਿ ਕੌ ਅਬ ਸਾਠ ਸੁ ਭਾਰ ਮਿਲੇ ਨ ਉਪਾਈ ॥ ੩ ॥

ਐਸੇ ਹੀ ਸਖਾ ਭਗਤੀ ਗੋਪੀਓਂ ਨੇ ਕਰੀ ਹੈ । ਜਬ ਊਧਵ ਜੀ ਯੋਗ ਕਾ ਉਪਦੇਸ਼ ਗੋਪੀਓਂ ਕੋ ਕਰਨੇ ਲਗੇ ਤਬ ਗੋਪੀਆਂ ਊਧਵ ਕੋ ਯੇ ਵਚਨ ਕਹਤੀਆਂ ਹਨ। ਜੋਗੀ ਸੇ ਵਿਓਗੀ ਘਟ ਨਹੀਂ, ਵਿਓਗੀ ਕੀ ਦਸ਼ਾ ਜੋਗੀ ਸੇ ਅਧਿਕ ਹੈ ਸ੍ਰੀ ਕ੍ਰਿਸ਼ਨ ਜੀ ਕੇ ਵਿਯੋਗ ਮੇਂ ਹਮ ਵਿਯੋਗਣਿ ਹੋ ਚੁਕੀ ਹੈਂ । ਤਥਾ ਗੋਪੀਆਂ ਐਸੇ ਵਚਨ ਕਹਤੀਆਂ ਭਈਆਂ ।

ਕਬਿਤ ॥ ਜੋਗੀ ਤਜੇ ਜਗਤਿ ਹਮ ਜੋਗ ਜਗਤਿ ਦੋਨੋਂ ਤਜੇ ਜੋਗੀ ਲਾਵੇਂ ਛਾਰ ਹਮ ਛਾਰ ਹੂੰ ਕੇ ਮਠ ਹੈਂ। ਜੋਗੀ ਬੇਧੇ ਕਾਨ ਹਮ ਕਾਨ ਪ੍ਰਾਣ ਦੋਨੋਂ ਬੇਧੇ ਜੋਗੀ ਕਹੇਂ ਨਾਥ ਹਮ ਕ੍ਰਿਸ਼ਣ ਨਾਮ ਰਟ ਹੈਂ। ਜੋਗੀ ਕਾਨ ਮੁਦ੍ਰਾ ਹਮ ਭੂਖਣ ਬਨਾਇ ਰਾਖੇਂ ਹਮਰੇ ਸਿਰ ਕੇਸ਼ ਵਹਾਂ ਜੋਗੀ ਸਿਰ ਜਟ ਹੈਂ। ਜਾਨ ਕੇ ਅਜਾਨ ਤੁਮ ਕਾਹੇ ਭਏ ਊਧਵ ਜੀ ਜੋਗ ਕੀ ਜੁਗਤਿ ਸੇ ਵਿਓਗੀ ਕਿਆ ਘਟ ਹੈਂ ? ॥ ੧ ॥ ਪ੍ਰੇਮ ਹੀ ਕੀ ਸੇਲ੍ਹੀ ਪੜੀ ਧਿਆਨ ਕਾ ਆਸਾ ਕਰ ਲਗਨ ਕੀ ਅਗਨਿ ਸੇ ਜੀਅਰਾ ਅਤਿ ਜਰਤ ਹੈ। ਬਿਰਹ ਕੀ ਭਸਮ ਮਲੀ ਪ੍ਰਾਨਨ ਸੀ ਅਟਕੀ ਹੈ ਛਿਨਹੂੰ ਘਨ ਸ਼ਯਾਮ ਬਿਨ ਕਲ ਨ ਪੜਤ ਹੈ। ਦੇਖੋ ਊਧੋ ਜੀ ਲਾਜ ਗਈ ਧੀਰ ਗਈ ਆਪਾ ਵਿਸਰਾਨੋ ਸਬ, ਕਾਲ ਕਛੂ ਨਾਮ ਸੁਨ ਹਮਰੇ ਡਰਤ ਹੈ। ਸਰਵ ਕਾ ਵਿਓਗ ਹੈ ਏਹੀ ਸਚਾ ਜੋਗ ਹੈ ਔਰ ਕਿਆ ਜੋਗੀ ਕਛੂ ਛਹਿਰ ਖਾਇ ਮਰਤ ਹੈ ॥ ੨ ॥ ਸ਼ਯਾਮ ਤਨ ਸ਼ਯਾਮ ਮਨ ਸ਼ਯਾਮ ਹੀ ਹਮਾਰੋ ਧਨ ਆਠੋ ਜਾਮ ਊਧਵ ਹਮੇ ਸ਼ਯਾਮ ਹੀ ਸੋਂ ਕਾਮ ਹੈ। ਸ਼ਯਾਮ ਹੀਏ ਸ਼ਯਾਮ



ਜੀਏ ਸ਼ਯਾਮ ਬਿਨ ਨਹੀਂ ਤੀਏ ਅੰਧੇ ਕੀ ਸੀ ਲਾਕੜੀ ਆਧਾਰ ਨਾਮ ਸ਼ਯਾਮ ਹੈ। ਸ਼ਯਾਮ ਪਤਿ ਸ਼ਯਾਮ ਮਤਿ ਸ਼ਯਾਮ ਹੀ ਹਮਾਰੋ ਤਪੁ ਸ਼ਯਾਮ ਸੁਖਦਾਈ ਸੁ ਭਲਾਈ ਸੋਭਾ ਧਾਮ ਹੈ । ਊਧਵ ਤੁਮ ਭਏ ਬਉਰੇ ਪਾਤੀ ਲੇਕੇ ਆਏ ਦਉਰੇ ਜੋਗ ਕਹਾ ਰਾਖੇ ਯਹਾਂ ਤੋ ਰੋਮ ਰੋਮ ਸ਼ਯਾਮ ਹੈ।

ਰਾਧਾ ਵਚਨ ਊਧਵ ਪ੍ਰਤਿ :-

ਕੂਬਰੀ ਕਾ ਕਾਟ ਖਾਲ ਵਾਂਕੀ ਮ੍ਰਿਗ ਛਾਲਾ ਕਰੂੰ ਤਾਕੇ ਕੇਸ਼ ਮੂੰਡ ਕਰ ਸੇਲੀ ਗੂੰਦ ਲੀਜੀਏ। ਬਟੂਆ ਬਿਭੂਤ ਕੁਚ ਦ੍ਰਿਗਨ ਕੀ ਮੇਲ ਮਾਲਾ ਪਿੰਜਰ ਕੀ ਕਿੰਗੁਰੀ ਸੋਂ ਠਾਟ ਹੀ ਠਟੀਜੀਏ। ਕੂਬ ਕੀ ਬਨਾਵਾਂ ਝੋਰੀ ਸੀਸ ਹੂੰ ਕੋ ਖਪਰ ਕਰੂੰ ਤਾਕੇ ਤਨ ਰਕਤ ਮਾਂਹਿ ਭਗਵੇ ਜੁ ਰੰਗੀਜੀਏ। ਜੋਗ ਕੀ ਜੁਗਤਿ ਕਹਿ ਦੀਜੋ ਊਧਵ ਰਾਇ ਐਸੇ ਰਸ ਮੇਂ ਅਨਰਸ ਭਯੋ ਤਬ ਐਸੇ ਜੋਗ ਲੀਜੀਏ ॥

ਪ੍ਰੇਮੀ ਸਖਾ ਅਪਨੇ ਪ੍ਰੀਤਮ ਕੋ ਹਰ ਵਕਤ ਦੇਖਨੇ ਕੀ ਇਛਾ ਕਰਤੇ ਹੈਂ। ਪ੍ਰਵਾਣ--

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥

[ਸੂਹੀ ਛੰਤ ਮ: ੧ ਸਫਾ ੭੬੪

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥ ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥ ੧ ॥ ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥ ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥ ੧ ॥ ਰਹਾਉ ॥ ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖ ਤਿਆਸ ਨਿਵਾਰੀ ॥ ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥ ੨ ॥ ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ ॥ ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥ ੩ ॥ ੩੮ ॥

[ਆਸਾ ਮ: ੫ ਸਫਾ ੩੭੭

# ਨੌਵੀਂ ਆਤਮ ਨਿਵੇਦਨ ਭਗਤੀ

ਜੈਸੇ ਰਾਜਾ ਬਲੀ ਨੇ ਕਰੀ ਹੈ, ਤਨ ਮਨ ਧਨ ਸਭ ਪਰਮੇਸ਼ਰ ਕੋ ਅਰਪਣ ਕਰ ਦੇਣਾ ਇਸਕਾ ਨਾਮ ਆਤਮ ਨਿਵੇਦਨ ਭਗਤੀ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥ ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥ ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥ ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥ [ਸ੍ਰੀ ਰਾਗ ਮ: ੫ ਸਫਾ ੪੭

ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥ ਸੋਈ ਸੁਹਾਗਨਿ ਕਹੈ ਕਬੀਰੁ ॥
[ਗਉੜੀ ਕਬੀਰ ਜੀ ਸਫਾ ੩੨੮

ਦੂਖ ਸੂਖ ਪਰਹਰਿ ਸਹਿਜ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ॥
[ਆਸਾ ਮ: ੧ ਸਫਾ ੪੧੩

ਲਾਲੈ ਆਪਣੀ ਜਾਤਿ ਗਵਾਈ ॥

ਜੈਸੇ ਬੁਲੇ ਸ਼ਾਹ ਨੇ ਆਪਣੀ ਸੱਯਦ ਜਾਤਿ ਗਵਾ ਕਰ ਗੁਰੂ ਕੀ ਜਾਤਿ ਪਰ ਆਪਣਾ ਨਾਮ ਸਦਾਇਆ।

ਪ੍ਰਸ਼ਨ—ਬੁਲੇ ਨੂੰ ਸਮਝਾਵਣ ਆਈਆਂ ਭੈਣਾ ਤੇ ਭਰਜਾਈਆਂ। ਮੰਨ ਵੇ ਬੁਲਿਆ ਸਾਡਾ ਕਹਿਣਾ ਤੈਂ ਕਿਉਂ ਲੀਕਾਂ ਲਾਈਆਂ। ਨਾਨਾ ਤੇਰਾ ਪਾਕ ਮੁਹੰਮਦ ਤੈਂ ਕੇਹੀਆਂ ਖਾਰੀਆਂ ਚਾਈਆਂ। ਲੋਕ ਜੁ ਸਾਨੂੰ ਸੱਯਦ ਸਦੀਂਦੇ ਵਹੁ ਚਾਕਰੁ ਥੀਵੇਂ ਰਾਈਆਂ।

ਉਤਰ ਬੁਲੇ ਸ਼ਾਹ ਕਾ—ਜੇਹੜੇ ਸਾਨੂੰ ਸੱਯਦ ਸਦੀਂਦੇ ਦੋਜ਼ਕ ਮਿਲੇ ਸਜਾਈਆਂ। ਜੇ ਕੋ ਸਾਨੂੰ ਰਾਈਂ ਸਦਦੇ ਬਹਿਸ਼ਤੀ ਪੀਘਾਂ ਪਾਈਆਂ। ਬੁਲੇ ਸ਼ਾਹ ਦੀ ਜ਼ਾਤਿ ਕੀ ਪੁਛਦਾ ਧੂੜਿ ਮਿਟੀ ਮੁਠ ਛਾਈਆਂ। ਅਨੈਤ ਸ਼ਾਹ ਦੇ ਕਦਮੀ ਲਗਿਆਂ ਪਾਂਚ ਤਨ* ਬਹੂ ਫਿਰਾਈਆਂ।
[ਕਾਫੀਆਂ ਬੁਲ੍ਹੇ ਸ਼ਾਹ

ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥ ਹਿਰਦੈ ਨਾਮੁ ਵਡੀ ਵਡਿਆਈ ॥ ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥ ਸੋ ਲਾਲਾ ਜੀਵਤੁ ਮਰੈ ॥ ਸੋਗੁ ਹਰਖੁ ਦੁਇ ਸਮਕਰਿ ਜਾਣੈ ਗੁਰਪ੍ਰਸਾਦੀ ਸਬਦਿ ਉਧਰੈ ॥ [ਆਸਾ ਮ: ੩ ਸਫਾ ੩੬੨

*ਵਕੁੰਠ।



ਇਕਿ ਸਦਾ ਇਕਤੈ ਰੰਗਿ ਰਹਹਿ ਤਿਨਕੈ ਹਉ ਸਦ ਬਲਿਹਾਰੈ ਜਾਉ ॥ ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥ ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵਲਾਇ ॥ [ਵਡ: ਵਾਰ ਮ: ੪ ਸਫਾ ੫੮੭

ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥ ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ॥ ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥ [ਸੂਹੀ ਛੰਤ ਮ: ੫ ਸਫਾ ੭੭੪

ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥
[ਸੂਹੀ ਵਾਰ ਮ: ੩ ਸਫਾ ੭੮੮

ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥ ਕਵਨੁ ਸੁਮਤਿ ਜਿਤੁ ਹਰਿ ਹਰਿ ਜਪਨਾ ॥...ਅੰਧ ਕੂਪ ਤੇ ਕਰੁ ਗਹਿ ਲੀਨਾ ॥ ਜੈਜੈਕਾਰੁ ਜਗਤਿ ਪ੍ਰਗਟੀਨਾ ॥ ਨੀਚਾ ਤੇ ਊਚ ਊਨ ਪੂਰੀਨਾ ॥ ਅੰਮ੍ਰਿਤ ਨਾਮੁ ਮਹਾਰਸੁ ਲੀਨਾ ॥ ਮਨ ਤਨ ਨਿਰਮਲ ਪਾਪ ਜਲਿ ਖੀਨਾ ॥ ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥
ਬਿਲਾਵਲ ਮ: ੫ ਸਫਾ ੮੦੪

ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ ਹਰਿ ਕੇ ਗੁਣ ਹਉ ਕਿਆ ਗਨੀ ॥ ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ ॥
[ਰਾਮਕਲੀ ਮ: ੩ ਸਫਾ ੯੮੩

ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥ ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥ ਖੋਲਿ ਕਿਵਾਰਾ ਮਹਲਿ ਬੁਲਾਇਆ ॥ਜੈਸਾ ਸਾ ਤੈਸਾ ਦਿਖਲਾਇਆ॥ ਕਹੁ ਨਾਨਕ ਸਭੁ ਪੜਦਾ ਤੂਟਾ ॥ ਹਉ ਤੇਰਾ ਤੂ ਮੈ ਮਨਿ ਵੂਠਾ ॥
ਰਾਮਕਲੀ ਮ: ੫ ਸਫਾ ੯੮੭

ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ ॥ ਅਨਦਿਨੁ ਜਾਗਤ ਰਹੈ ਦਿਨੁ ਰਾਤੀ ਅਪਨੇ ਪ੍ਰਿਅ ਪ੍ਰੀਤਿ ਪਿਆਰੀ ॥ ਤਨੁ ਮਨੁ ਵਾਰੀ ਵਾਰਿ ਘੁਮਾਈ ਅਪਨੇ ਗੁਰ ਵਿਟਹੁ ਬਲਿਹਾਰੀ॥
[ਰਾਮਕਲੀ ਮ: ੩ ਸਫਾ ੯੧੧

ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ ॥ ਸੋ ਠਾਕੁਰੁ ਕਿਉ ਮਨਹੁ ਵਿਸਾਰੇ ॥ ਜੀਉ ਪਿੰਡੁ ਦੇ ਸਾਜਿ ਸਵਾਰੇ ॥ ਸਾਸਿ ਗਿਰਾਸਿ ਸਮਾਲੇ ਕਰਤਾ ਕੀਤਾ ਅਪਣਾ ਪਾਵਣਾ ॥ [ਮਾਰੂ ਮ: ੫ ਸਫਾ ੧੦੮੫

ਮੈ ਬਉਰੀ ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥ ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥ ਤਨੁ ਮਨੁ ਰਾਮ ਪਿਆਰੇ ਜੋਗੁ ॥ [ਭੈਰਉ ਨਾਮਦੇਵ ਸਫਾ ੧੧੬੪

ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨੰਦ ਸਹਜ ਧੁਨਿ ਝੋਕ ॥ ੧ ॥ ਰਹਾਉ ॥ ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥ ੧ ॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ [ਸਾਰਗ ਮ: ੫ ਸੂਰਦਾਸ ਸਫਾ ੧੨੫੩

ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ ॥ ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ ॥ ੧ ॥ ਹਰਿ ਜੀਉ ਤੁਧੁ ਵਿਟਹੁ ਬਲਿ ਜਾਈ ॥ ਤਨੁ ਮਨੁ ਅਰਪੀ ਤੁਧੁ ਆਗੈ ਰਾਖਉ ਸਦਾ ਰਹਾਂ ਸਰਣਾਈ ॥ [ਪ੍ਰਭਾਤੀ ਮ: ੩ ਸਫਾ ੧੩੩੩

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥ ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥ [ਸ੍ਰੀ ਰਾਗ ਮ: ੧ ਸਫਾ ੨੦

ਤਨੁ ਮਨੁ ਅਰਪਉ ਪੂਜ ਚਰਾਵਉ ॥ ਗੁਰ ਪਰਸਾਦਿ ਨਿਰੰਜਨੁ ਪਾਵਉ ॥ [ਗੂਜਰੀ ਰਵਿਦਾਸ ਸਫਾ ੫੨੫

ਪ੍ਰਭ ਇਹੈ ਮਨੋਰਥੁ ਮੇਰਾ ॥ ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ੧ ॥ ਰਹਾਉ ॥ ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸਬਾਸੁਰ ਦਰਸੁ ਪਾਵਉ ॥ ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥ ੧ ॥ ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ



ਸੰਤ ਸੰਗਿ ਨਿਤ ਰਹੀਐ ॥ ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹ ਲਹੀਐ ॥ [ਦੇਵ ਗੰਧਾਰੀ ਮ: ੫ ਸਫਾ ੫੩੩

ਪਾਵ ਮਲੋਵਉ ਸੰਗਿ ਨੈਨ ਭਤੀ ਰੀ ਜਹਾ ਪਠਾਵਹੁ ਜਾਂਉ ਤਤੀ ਰੀ ॥ ੨ ॥ ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਉ ਮੋਹਿ ਪ੍ਰਾਨਪਤੀ ਰੀ ॥ ੩ ॥ ਮਾਣੁ ਤਾਣੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥ ੪ ॥ ੪ ॥ ੧੦ ॥ [ਸੂਹੀ ਮ: ੫ ਸਫਾ ੭੩੯

ਤੂੰ ਜਲ ਨਿਧਿ ਹਮ ਮੀਨ ਤੁਮਾਰੇ ॥ ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥ ਤੁਮਰੀ ਆਸ ਪਿਆਸਾ ਤੁਮਰੀ ਤੁਮਹੀ ਸੰਗਿ ਮਨੁ ਲੀਨਾ ਜੀਉ ॥ ਜਿਉ ਬਾਰਿਕੁ ਪੀ ਖੀਰੁ ਅਘਾਵੈ ॥ ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥ ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥ ਜਿਉ ਅੰਧਿਆਰੈ ਦੀਪਕੁ ਪਰਗਾਸਾ ॥ ਭਰਤਾ ਚਿਤਵਤ ਪੂਰਨ ਆਸਾ ॥ ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥ [ਮਾਝ ਮ: ੫ ਸਫਾ ੧੦੦

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥ ੧ ॥ ਰਹਾਉ ॥ ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥ ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥

[ਗਉੜੀ ਮ: ੫ ਸਫਾ ੨੦੪

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥

[ਆਸਾ ਮ: ੪ ਸਫਾ ੩੬੯

ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥ [ਆਸਾ ਮ: ੪ ਸਫਾ ੩੭੦

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥... ਜਉ ਤੁਮ ਦੀਵਰਾ ਤਉ ਹਮ ਬਾਤੀ ॥ ਜਉ ਤੁਮ

ਤੀਰਥ ਤਉ ਹਮ ਜਾਤੀ ॥ ੨ ॥ ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥ ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥ [ਸੋਰਠ ਰਵਿਦਾਸ ਸਫ਼ਾ ੬੫੮

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥ ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੧ ॥ ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥ ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੨ ॥ ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨਸਰੋਵਰ ਹੰਸੁਲਾ ॥ ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੩ ॥ ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖਿ ਜੈਸੇ ਜਲਧਰਾ ॥ ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੪ ॥ ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥ ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥ [ਧਨਾਸਰੀ ਨਾਮਦੇਵ ਸਫ਼ਾ ੬੯੩

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁਕਾ ਮਿਲਿ ਆਪੁ ਬੰਧਾਵੈ ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥ [ਵਾ: ਜੈ: ਮ: ੫ ਸਫ਼ਾ ੭੦੮

ਪ੍ਰਭੁ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥ ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥ ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥ ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥੭॥ ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥



ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥ ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥ ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥ ਗੋਬਿਦੁ ਭਜਨਾ ਰੰਗਿ ॥ ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥

[ਬਿਲਾਵਲ ਮ: ੫ ਅਸਟਪਦੀ ਸਫ਼ਾ ੮੩੮

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥

[ਮਲਾਰ ਵਾਰ ਸਫ਼ਾ ੧੨੮੩

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥ ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥ [ਸਾਰੰਗ ਵਾਰ ਸਫ਼ਾ ੧੨੫੦

ਜੈਸੇ ਰਾਮ ਜੀ ਕੇ ਵਿਛੜਨੇ ਸੇ ਰਾਜਾ ਦਸਰਥ ਔਰ ਕੁਸ਼ਲਯਾ ਕੋ ਦੂਖ ਹੂਆ ਹੈ:-

ਕਬਿਤ-ਗਰੁੜ ਅਵਧ ਪੱਛ ਤੈਸੇ ਹੀ ਸੁਹਾਗ ਲੱਛ, ਸਤਕੀ ਅਵਧ ਹਰਿਚੰਦ ਉਰ ਆਨੀਏ । ਧਰਮ ਅਵਧ ਰਾਜਾ ਪੰਡੁ ਸੁਤ ਸੁਨਯੋ ਕਾਨ ਜਲ ਕੀ ਅਵਧ ਸਾਤੋ ਸਮੁੰਦ ਬਖਾਨੀਏ । ਪਾਨ ਕੀ ਪਿਯੂਖ ਪਾਨ ਤੇਜਕੀ ਅਵਧਭਾਨ ਦੇਵ ਮਹਾਦੇਵ ਠਕੁਰਾਈ ਹਰਿ ਠਾਨੀਏ। ਰਾਮ ਕੇ ਬਿਛੋਹੇ ਤਾਤ ਮਾਤ ਦੁਖ ਪੋਹੇ ਜੈਸੇ ਤਾਂ ਦੁਖ ਕੀ ਅਵਧ ਨ ਆਜ ਕਛੂ ਜਾਨੀਏ ॥ ੭੬ ॥

[ਹਨੂਆਨ ਨਾਟਕ

ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥ ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥ ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥

[ਬਿਲਾਵਲ ਮ: ੫ ਸਫ਼ਾ ੮੧੦

ਰਹੈ ਅਤੀਤੁ ਜਾਣੈ ਸਭੁ ਤਿਸਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥

[ਬਿਲਾਵਲ ਮ: ੧ ਸਫ਼ਾ ੮੩੨

ਸ਼ਰਣ-

ਤਿਸਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥ ਜਿਸੁ ਸਿਮਰਤ

ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥ [ਸ੍ਰੀ ਰਾਗ ਮ: ੫ ਸਫਾ ੪੪

ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥ ੧ ॥ ਰਹਾਉ ॥ ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨ ਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥ ੨ ॥ ਮੋਨੀ ਮੋਨਿਧਾਰੀ ॥ ਸਨਿਆਸੀ ਬ੍ਰਹਮਚਾਰੀ॥ਉਦਾਸੀ ਉਦਾਸਿ ਰਾਤਾ ॥ ੩ ॥ ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ਗਿਰਸਤੀ ਗਿਰਸਤਿ ਧਰਮਾਤਾ ॥ ੪ ॥ ਇਕਸਬਦੀ ਬਹੁਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ॥ਇਕਿ ਤੀਰਥਿ ਨਾਤਾ ॥ ੫ ॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨਹੀ ਗਿਆਤਾ ॥੬॥ ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥ ੭ ॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥ ੮ ॥ ੨ ॥ ੨੭ ॥

[ਸ੍ਰੀ ਰਾਗ ਮ: ੫ ਸਫਾ ੭੧

ਦੁਇ ਪੁੜ ਚਕੀ ਜੋੜਿਕੈ ਪੀਸਣ ਆਇ ਬਹਿਠੁ ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ [ਮਾਝ ਵਾਰ ਮ: ੧ ਸਫਾ ੧੪੨

ਉਪਾਵ ਛੋਡਿ ਗਹੁ ਤਿਸਕੀ ਓਟ ॥ ਨਿਮਖ ਮਾਹਿ ਹੋਵੈ ਤੇਰੀ ਛੋਟਿ॥

[ਗਉੜੀ ਮ: ੫ ਸਫਾ ੧੭੭

ਤੁਧਨੋ ਛੋਡਿ ਜਾਈਐ ਪ੍ਰਭ ਕੈ ਧਰਿ॥ ਆਨ ਨ ਬੀਆ ਤੇਰੀ ਸਮਸਰਿ॥ ਤੇਰੇ ਸੇਵਕ ਕਉ ਕਿਸਕੀ ਕਾਣਿ ॥ ਸਾਕਤੁ ਭੂਲਾ ਫਿਰੈ ਬੇਬਾਣਿ॥ ਤੇਰੀ ਵਡਿਆਈ ਕਹੀ ਨ ਜਾਇ ॥ ਜਹ ਕਹ ਰਾਖਿ ਲੈਹਿ ਗਲਿ ਲਾਇ॥ ਨਾਨਕ ਦਾਸ ਤੇਰੀ ਸਰਣਾਈ ॥ ਪ੍ਰਭਿ ਰਾਖੀ ਪੈਜ ਵਜੀ ਵਾਧਾਈ॥

[ਆਸਾ ਮ: ੫ ਸਫਾ ੩੭੧

ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥ [ਬਿਹਾਗੜਾ ਛੰਤੁ ਮ: ੫ ੫੪੫

ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ॥

[ਵਡਹੰਸ ਮ: ੫ ਸਫਾ ੫੭੮



ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥

[ਸੋਰਠ ਮ: ੫ ਸਫਾ ੬੧੨

ਕਹਉ ਕਹਾ ਅਪਨੀ ਅਧਮਾਈ ॥ ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤੀ ਪ੍ਰਭ ਗਾਈ ॥ ੧ ॥ ਰਹਾਉ ॥ ਜਗ ਝੂਠੇ ਕਉ ਸਾਚੁ ਜਾਨ ਕੈ ਤਾ ਸਿਉ ਰੁਚ ਉਪਜਾਈ ॥ ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥ ਮਗਨ ਰਹਿਓ ਮਾਇਆ ਮੈ ਨਿਸਦਿਨਿ ਛੁਟੀ ਨ ਮਨ ਕੀ ਕਾਈ ॥ ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥ [ਟੋਡੀ ਮ: ੯ ਸਫਾ ੭੧੮

ਜਹ ਮਹਾ ਭਇਆਨ ਦੂਖ ਜਮ ਸੁਣੀਐ ਤਹ ਮੇਰੇ ਪ੍ਰਭ ਤੂ ਹੈ ਸਹਾਈ ॥ ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥

[ਬਿਲਾਵਲੁ ਮ: ੫ ਸਫਾ ੮੨੨

ਤ੍ਰਾਹਿ ਤ੍ਰਾਹਿ ਸਰਣਾਗਤੀ ਹਰਿ ਦਇਆ ਧਾਰਿ ਪ੍ਰਭ ਰਾਖੁ ॥
ਸਤ ਸੰਗਤਿ ਮੇਲਾਪੁ ਕਰਿ ਹਰਿਨਾਮੁ ਮਿਲੈ ਪਤਿ ਸਾਖੁ ॥

[ਮਾਰੂ ਮ: ੪ ਸਫਾ ੯੯੭

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥ [ਸਲੋਕ ਮ: ੯ ਸਫਾ ੧੪੨੭

ਠਾਕੁਰ ਤੁਮ੍ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥ ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥ ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥ ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥ [ਸਾਰਿਗ ਮ: ੫ ਸਫਾ ੧੨੧੮

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ ਜਿਹ ਸਿਮਰਤ ਗਨਕਾ ਸੀ ਉਧਰੀ ਤਾਕੋ ਜਸੁ ਉਰਧਾਰੋ ॥ ੧ ॥ ਰਹਾਉ ॥ ਅਟਲ ਭਇਓ ਧ੍ਰੂਅ ਜਾਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥ ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥ ਜਬ ਹੀ ਸਰਨਿ ਗਹੀ ਕਿਰਪਾ ਨਿਧਿ

ਗਜ ਗਰਾਹ ਤੇ ਛੂਟਾ ॥ ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥ ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥ ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥

[ਸੋਰਠ ਮ: ੯ ਸਫਾ ੬੩੨

ਸ੍ਰੀ ਵਿਸ਼ਣੋ: ਸ੍ਰਵਣੇ ਪਰੀਖਜਤੁ ਅਭਵਤ ਵੈਯਾਸ ਕੀ ਕੀਰਤਨੇ ਪ੍ਰਹਲਾਦ: ਸਿਮਰਣੇ ਅੰਘ੍ਰੀ ਪਦੰ ਭਜਨੇ ਲਖਿਮੀ ਪ੍ਰਿਥੁ ਪੂਜਨੇ ਅਕ੍ਰੂਰਸਤੁ ਅਭਿਵੰਦਨੇ ਕਪੀਪਤਿ: ਦਾਸਜੇ ਚ, ਸਖਜੇ ਅਰਜੁਨ, ਸਰਵਸ੍ਵ ਆਤਮ ਸਮਰਪਣੇ ਬਲੀ: ਅਭੂਤ ਕਈਵਲਜੰ ਏਤੇ ਵਿਦੂ: ॥

ਟੀਕਾ-ਸ੍ਰਵਣ ਭਗਤੀ ਮੇਂ ਪ੍ਰੀਖਜਤ, ਕੀਰਤਨ ਮੇਂ ਸੁਕਦੇਵ ਜੀ, ਸਿਮਰਣ ਮੇਂ ਪ੍ਰਹਿਲਾਦ, ਪਾਦ ਸੇਵਨ ਮੇਂ ਲਖਿਮੀ, ਪੂਜਨ ਮੇਂ ਪ੍ਰਿਥੂ ਜੀ, ਨਮਸਕਾਰ ਮੇਂ ਅਕਰੂਰ ਜੀ, ਦਾਸ ਭਾਵ ਮੇਂ ਹਨੂਮਾਨ ਜੀ, ਸਖਾ ਭਾਵ ਮੇਂ ਅਰਜੁਨ, ਆਤਮ ਨਿਵੇਦਨ ਮੇਂ ਬਲਿਰਾਜਾ, ਆਦਿ ਪ੍ਰਧਾਨ ਭਗਤ ਹੂਏ ਹੈਂ ਸਾਰੇ ਹੀ ਕੇਵਲ ਮੋਖਯ ਕੋ ਪ੍ਰਾਪਤ ਹੂਏ। ਆਤਮ ਨਿਵੇਦਨ ਮੇਂ ਕਥਾ ਸ਼ੇਰ ਕੀ :-

ਦਿਨੁ ਰਾਤੀ ਆਰਾਧਹੁ ਪਿਆਰੇ ਨਿਮਖ ਨ ਕੀਜੈ ਢੀਲਾ ॥

[ਗੂਜਰੀ ਮ: ੫ ਸਫਾ ੪੯੮

ਕਥਾ-ਸ੍ਵਾਸ ਸ੍ਵਾਸ ਨਾਮ ਜਪਨੇ ਮੇਂ ਕਥਾ ਯਹ ਹੈ ਕਿ ਏਕ ਦਿਨ ਸ੍ਰੀ ਕ੍ਰਿਸ਼ਨ ਜੀ ਕੇ ਦਰਸ਼ਨ ਵਾਸਤੇ ਹਸਤਨਾਪੁਰ ਸੇ ਅਰਜਨ ਗਿਆ ਜਬ ਭਗਵਾਨ ਕੇ ਪਾਸ ਪਹੁੰਚਾ ਤੋ ਭਗਵਾਨ ਕੋ ਧਿਆਨ ਮੇਂ ਬੈਠੇ ਦੇਖਾ ਅਰਜਨ ਕੇ ਚਿਤ ਮੇਂ ਆਇਆ ਕਿ ਹਮ ਤੋ ਭਗਵਾਨ ਕਾ ਧਿਆਨ ਕਰਤੇ ਹੈਂ ਭਗਵਾਨ ਕਿਸ ਕਾ ਧਿਆਨ ਕਰਤੇ ਹੈਂ ? ਤਬ ਬੈਠਾ ਰਹਾ ਜਬ ਭਗਵਾਨ ਉਠੇ ਤੋ ਯਹੀ ਵਾਰਤਾ ਪੂਛੀ, ਭਗਵਾਨ ਨੇ ਕਹਾ ਹਮ ਅਪਨੇ ਉਨ੍ਹਾਂ ਭਗਤੋਂ ਕਾ ਧਿਆਨ ਕਰਤੇ ਹੈਂ, ਜੋ ਸਵਾਸ ੨ ਹਮਾਰਾ ਧਿਆਨ ਕਰਤੇ ਹੈਂ, ਅਰਜਨ ਨੇ ਕਹਾ ਦਿਖਾਓ ਤੋ ਸਹੀ ਐਸਾ ਕੌਣ ਹੈ ? ਭਗਵਾਨ ਕਹਿਨੇ ਲਗੇ ਜੰਗਲ ਕਾ ਏਕ ਸ਼ੇਰ ਹੈ, ਏਕ ਤਲਾਉ ਮੇਂ ਖੜਾ ਸਵਾਸ ੨ ਮੇਰਾ ਨਾਮ ਜਪ ਰਹਾ ਹੈ, ਪਿਆਸ ਲਗਨੇ ਪਰ ਭੀ ਪਾਣੀ ਨਹੀਂ ਪੀਤਾ, ਕਿ ਪਾਣੀ ਪੀਨੇ ਸੇ ਸਵਾਸ ਖਾਲੀ ਜਾਏਂਗੇ, ਅਰਜਨ ਨੇ ਹਠ ਕੀਆ ਕਿ ਐਸੇ ਭਗਤ ਕਾ ਮੁਝੇ ਜ਼ਰੂਰ ਦਰਸ਼ਨ ਕਰਾਓ, ਭਗਵਾਨ ਅਰਜਨ ਕੋ ਉਸ ਤਲਾਓ ਪਰ ਲੇ ਗਏ, ਜਹਾਂ ਸ਼ੇਰ ਅਖੀਆਂ ਮੀਟ ਭਗਵਾਨ ਕੀ ਮੂਰਤੀ, ਹਿਰਦੇ ਮੇਂ ਰਖ ਕਰ ਨਾਮ ਜਪ ਰਹਾ ਥਾ, ਅਰਜਨ ਦੇਖ ਕਰ ਬੜਾ ਖੁਸ਼ ਹੂਆ, ਸ਼ੇਰ ਕੋ ਪਰਮ ਭਗਤ ਸਮਝਾ ਤੋ ਭਗਵਾਨ ਨੇ ਅਰਜਨ ਕੋ ਕਹਾ, ਤੂੰ ਊਚੇ ੨ ਸੁਰ ਸੇ ਹਰੇ ਕ੍ਰਿਸ਼ਨ ੨ ਐਸਾ ਮੇਰਾ ਨਾਮ ਲੇ ਤੋ ਯਹ ਸੁਣਤਾ ਹੂਆ ਪਾਣੀ ਪੀਲੇ ਇਸ ਕੇ ਅੰਤਲੇ ਸਵਾਸ ਹੈਂ ਅਰਜਨ



ਕੇ ਊਚੇ ੨ ਨਾਮ ਲੇਨੇ ਸੇ ਸੁਨਨੇ ਪਰ ਉਸ ਨੇ ਨੇਤਰ ਖੋਲ੍ਹੇ ਭਗਵਾਨ ਕਾ ਦਰਸ਼ਨ ਕਰ ਨਮਸਕਾਰ ਕਰੀ ਬਾਹਰ ਆਨੇ ਲਗਾ ਭਗਵਾਨ ਨੇ ਕਹਾ ਜਲ ਪੀ ਕੇ ਆਓ ਭਗਵਾਨ ਕੀ ਆਗਿਆ ਮਾਨ ਕਰ ਜਲ ਪੀ ਕਰ ਬਾਹਰ ਆਇਆ ਔਰ ਭਗਵਾਨ ਕੇ ਚਰਨੋਂ ਪਰ ਸਿਰ ਰਖ ਸਰੀਰ ਛੋੜ ਦੀਆ, ਭਗਵਾਨ ਉਸ ਕੀ ਦਾਹਆਦਿ ਕਿਰਿਆ ਕਰਕੇ ਦਵਾਰਕਾ ਮੇਂ ਆਏ ਔਰ ਅਰਜਨ ਕੋ ਅਪਨੇ ਪ੍ਰੇਮੀ ਸ਼ੇਰ ਕੀ ਪਰਸੰਸਾ ਸੁਣਾਈ ਤਬ ਅਰਜਨ ਕੋ ਉਸ ਦਿਨ ਸੇ ਖਿਆਲ ਹੂਆ ਕਿ ਸਵਾਸ ਬਿਰਥਾ ਨ ਗਵਾਨਾ ਚਾਹੀਏ ਤਥਾ ਸ਼ੇਰ ਕੀ ਨਿਆਈਂ ਭਗਵਾਨ ਕੋ ਸਰਵਸ ਅਪਨਾ ਕਰਨਾ ਯਾਨੇ ਆਤਮ ਨਿਵੇਦਨ ਰੂਪ ਭਗਤੀ ਮੇਰੇ ਕੋ ਭੀ ਕਰਨੀ ਚਾਹੀਏ। ਭਗਵਾਨ ਨੇ ਅਰਜਨ ਕੋ ਗੀਤਾ ਮੇਂ ਕਹਾ ਭੀ ਹੈ।

ਸਰਵ ਧਰਮਾਨ੍ ਪਰਿਤਜਜਜ ਮਾਮ੍ ਏਕੰ ਸ਼ਰਣੰ ਬ੍ਰਜ । ਅਹੰਤ੍ਵਾਂ ਸਰਵ ਪਾਪੇਭਜੋ ਮੋਖਸ਼ਿ ਸ਼ਿਯ ਮਿ ਮਾਸੁਚ: ॥

[ਗੀਤਾ ਅਧਯਾਯ ੧੮ ਸਲੋਕ ੬੬

ਟੀਕਾ-ਸਭ ਧਰਮੋਂ ਕੋ ਛੋਡ ਕਰ ਕੇਵਲ ਸਤ ਚਿਤ ਆਨੰਦ ਘਨ ਵਾਸਦੇਵ ਕੀ ਹੀ ਸ਼ਰਣ ਕੋ ਪ੍ਰਾਪਤ ਹੋ, ਮੈਂ ਤੇਰੇ ਕੋ ਸਰਵ ਪਾਪੋਂ ਸੇ ਮੁਕਤ ਕਰ ਦੂੰਗਾ ਤੂੰ ਸ਼ੋਕ ਮਤ ਕਰ:-

ਅਨੁਕੂਲਸਜ ਸੰਕਲਪ: ਪ੍ਰਤਿਕੂਲਸਜ ਵਰਜਨੰ ॥ ਰਖਿਸ਼ਜਤਿ ਇਤਿ ਵਿਸ਼੍ਵਾਸੋ ਗੋਪਿਤ੍ਰਤ੍ਵੇ ਵਰਣਨੰ ਤਥਾ ॥ ਆਤਮ ਨਿਖਸ਼ੇਪ ਕਾਰਪਨਜੰ ਖਟ ਵਿਧਾ ਸ਼ਰਣਾਗਤਿ: ॥

ਟੀਕਾ-ਛੇ ਪ੍ਰਕਾਰ ਦੀ ਸ਼ਰਣਾਗਤਿ ਹੈ (੧) ਏਕ ਸੇਵਕ ਕੋ ਅਪਨੇ ਸ੍ਵਾਮੀ ਕੇ ਅਨੁਕੂਲ ਹੀ ਸੰਕਲਪ ਕਰਨਾ (੨) ਦੂਸਰਾ ਸ੍ਵਾਮੀ ਕੇ ਪ੍ਰਤਿਕੂਲ ਆਕਰਣੋਂ ਕਾ ਤਿਆਗ ਕਰਨਾ (੩) ਤੀਸਰੀ ਸ੍ਵਾਮੀ ਮੇਰੀ ਅਵਸ਼ ਰਖਿਆ ਕਰੇਂਗੇ ਯਹ ਵਿਸ੍ਵਾਸ ਹੋਣਾ, (੪) ਚੋਥੀ ਸ੍ਵਾਮੀ ਕੇ ਰਖਿਆ ਕਰਨੇ ਪਰ ਭੀ ਰਖਿਆ ਕਰੋ ਰਖਿਆ ਕਰੋ, ਐਸੇ ਪ੍ਰਾਰਥਨਾ ਕਰਤੇ ਰਹਿਨਾ (੫) ਪੰਜਵੀਂ ਸ੍ਵਾਮੀ ਕੋ ਅਪਨਾ ਸਰਵਸ੍ਵ ਅਰਪਣ ਕਰਨਾ (੬) ਛੇਵੀਂ ਅਪਨੀ ਕਾਯਰਤਾ ਕਹਿਨੀ, ਯਾਨੇ ਮੈਂ ਅਪਰਾਧੀ ਹੂੰ ਪਤਿਤ ਹੂੰ ਆਪ ਹੀ ਕੁਛ ਸੇਵਾ ਨਹੀਂ ਕਰਤਾ ਹੂੰ, ਇਸ ਪ੍ਰਕਾਰ ਕੀ ਨਿਰਮਾਣਤਾ ਦਿਖਾਨੀ ਤਬ ਸ੍ਵਾਮੀ ਸ਼ਰਣਾਗਤ ਕੀ ਰਖਿਆ ਕਰਤਾ ਹੈ, ਜੈਸੇ ਰਾਮਚੰਦ੍ਰ ਨੇ ਸ਼ਰਣਾਗਤ ਬਿਭੀਸ਼ਣ ਕੀ ਰਖਿਆ ਕਰੀ ।

ਸ਼ਲੋਕ-ਸਕ੍ਰਿਤ ਏਵ ਪ੍ਰਤਿਪੰਨਾਯ ਤਵਾਸਮਿ ਇਤਿ ਯਾਚਤੇ ॥ ਅਭਯੰ ਸਰਵ ਭੂਤੇਭਜੋ ਦਦਾਮਿ ਇਤਿ ਬ੍ਰਿਤੰ ਮਮ ॥

ਟੀਕਾ-ਸ੍ਰੀ ਰਾਮਚੰਦ੍ਰ ਜੀ ਕਹਿਤੇ ਹੈਂ ਏਕ ਵਾਰ ਸ਼ਰਣਾਗਤ ਹੋਕਰ, ਮੈਂ ਤੇਰਾ ਹੂੰ, ਐਸੇ ਕਹਿਨੇ ਵਾਲੇ ਕੇ ਤਾਈਂ, ਮੈਂ ਉਸਕੋ ਸਰਵ ਭੂਤੋਂ ਸੇ ਅਭਯ ਦਾਨ ਦੇਤਾ ਹੂੰ, ਯੇ ਮੇਰਾ

ਬ੍ਰਿਤ ਯਾਨੇ ਪ੍ਰਤਿਗਯਾ ਹੈ। ਗੁਰੂ ਪ੍ਰਮਾਣ:-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

[ਬਿਹਾਗੜਾ ਮ: ੫ ਸਫਾ ੫੪੪

ਔਰ ਬਿਭੀਖਣ ਤੋ ਹਮਾਰਾ ਮਿਤ੍ਰ ਹੈ ਉਸ ਕਾ ਕੈਸੇ ਤਿਆਗ ਕਰੂੰਗਾ:-

**ਸ਼ਲੋਕ-ਮਿਤ੍ਰ ਭਾਵੇਨ ਸੰਪ੍ਰਾਪ੍ਤੰ ਨ ਤਯਜੇਯੰ ਕਥੰਚਨ ॥ ਦੋਸ਼ੋ ਯਦਯਪਿ ਤਸਯ ਸਯਾਤ੍ਰ ਸਤਾਂ ਏਤਦ ਵਿਗਰਹਿਤੰ ॥**

ਟੀਕਾ-ਮਿਤ੍ਰ ਭਾਵ ਸੇ ਪ੍ਰਾਪਤ ਜੋ ਬਿਭੀਸ਼ਣ ਹੈ ਉਸ ਕੋ ਕੈਸੇ ਤਿਆਗ ਸਕਤਾ ਹੂੰ ? ਯਦਿ ਉਸ ਮੇਂ ਦੋਸ਼ ਭੀ ਹੋ ਤੋ ਭੀ ਤਿਆਗਨ ਨ ਕਰੂੰਗਾ । ਕਿਉਂਕਿ ਸਤ ਪੁਰਸ਼ੋਂ ਕਾ ਐਸੇ ਅਨਿੰਦਿਤਿ ਬ੍ਰਿਤ ਹੈਂ ।

(ਇਸ ਪ੍ਰਕਾਰ ਪਹਿਲੀ ਸਿਮਰਣ ਯੁਕਤੀ ਕੇ ਅੰਦਰ ਨਵਧਾ ਭਗਤੀ ਸਮਾਪਤ ਕਰੀ।

# ਅਬ ਨਾਮ ਕੀ ਦੂਸਰੀ ਯੁਕਤੀ ਕੂਰਮ ਕੀ ਨਿਆਈਂ ਧਿਆਨ ਹੈ

ਧਿਆਨ ਕੋ ਸ਼ਾਸਤਰ ਮੇਂ ਉਪਾਸ਼ਨਾ ਭੀ ਕਹਿਤੇ ਹੈਂ, ਅਜਪਾ ਜਾਪ ਭੀ ਇਸ ਕੇ ਅੰਤਰ ਗਤ ਹੈ, ਉਸ ਧਿਆਨ ਕੇ ਤੀਨ ਭੇਦ ਹੈਂ:-(੧) ਪ੍ਰਤੀਕ। (੨) ਸੰਪਤ । (੩) ਅਹੰਗ੍ਰਹਿ ॥ ਪ੍ਰਥਮ ਪ੍ਰਤੀਕ ਧਿਆਨ ਕਾ ਯਹ ਲਖਣ ਹੈ:-

**ਅਲਬ ਆਲੰਬਨ ਪ੍ਰਧਾਨਤ੍ਵੇਸਤੀ ਉਤਕ੍ਰਿਸ੍ਰ ਚਿੰਤਨੰ ਪ੍ਰਿਤੀਕ: ॥**

ਅਰਥ-ਜਿਸ ਵਸਤੂ ਮੇਂ ਈਸ਼ਵਰ ਬੁਧੀ ਕਰਨੀ ਹੋ, ਤਿਸ ਕੋ ਪ੍ਰਤਖ ਪ੍ਰਮਾਣ ਸੇ ਨਿਸਕੇ ਕਰ, ਯਾਨੇ ਉਸ ਕਾ ਅਸਲ ਸਰੂਪ ਪਰਧਾਨ ਰਖ ਕਰ, ਸ਼ਾਸਤਰ ਪ੍ਰਮਾਣ ਸੇ ਉਸ ਮੇਂ ਈਸ੍ਵਰ ਬੁਧੀ ਕਰਨੀ, ਇਸਕਾ ਨਾਮ ਪ੍ਰਤੀਕ ਹੈ, ਜੈਸੇ ਸ਼ਾਲਗਰਾਮ ਮੇਂ ਪਰਤਖਯ ਪ੍ਰਮਾਣ ਸੇ ਪਥਰਪਨਾ ਨਿਸਚੇ ਕਰ, ਸਾਸਤ੍ਰ ਪ੍ਰਮਾਣ ਸੇ ਉਸ ਮੇਂ ਵਿਸ਼ਨੂੰ ਬੁਧੀ ਕਰਨੀ, ਯਾਨੇ ਵਿਸ਼ਨੂੰ ਰੂਪ ਸੇ ਧਿਆਨ ਕਰਨਾ, ਇਸ ਕਾ ਨਾਮ ਪ੍ਰਤੀਕ ਹੈ, ਤਥਾ ਨਰਬਦੇਸ੍ਵਰ ਮੇਂ ਪਰਤਖ ਪ੍ਰਮਾਨ ਸੇ "ਪਥਰਪਨਾ ਨਿਸਚੇ ਕਰ, ਉਸ ਮੇਂ ਸ਼ਿਵ ਬੁਧੀ ਕਰਨੀ, ਇਸਕਾ ਨਾਮ ਭੀ ਪ੍ਰਤੀਕ ਹੈ, ਔਰ ਜੈਸੇ ਸੂਰਜ ਕੋ ਨੇਤਰੋਂ ਸੇ ਦੇਖ ਕਰ ਉਸ ਮੇਂ ਸ਼ਾਸਤ੍ਰ ਪ੍ਰਮਾਨ ਸੇ, ਬ੍ਰਹਮ ਬੁਧੀ ਕਰਨੀ ਯਾਨੇ ਬ੍ਰਹਮ ਰੂਪ ਕਰਕੇ ਸੂਰਜ ਨਾਰਾਯਨ ਕਾ ਧਿਆਨ ਕਰਨਾ, ਇਸ ਕਾ ਨਾਮ ਪ੍ਰਿਤੀਕ ਉਪਾਸ਼ਨਾ ਹੈ, ਨਰਬਦੇਸ਼ਵਰ ਮੇਂ ਜੈਸੇ ਚੰਡ ਭੀਲ ਨੇ ਸ਼ਿਵ ਬੁਧੀ ਕਰਕੇ ਧਿਆਨ ਕਰਾ ਹੈ, ਉਸ ਕੀ ਕਥਾ ਯਹ ਹੈ-

ਏਕ ਮਦਰ (ਮਾਝਾ) ਦੇਸ ਕਾ ਰਾਜਾ ਥਾ, ਉਸ ਕੇ ਪਾਸ ਚੰਡ ਨਾਮ ਕਾ ਭੀਲ



ਨੌਕਰ ਰਹਿਤਾ ਥਾ, ਜੋ ਰਾਜਾ ਕੇ ਸਾਥ ਸ਼ਿਕਾਰ ਕੋ ਜਾਤਾ ਥਾ, ਏਕ ਦਿਨ ਸ਼ਿਕਾਰ ਵਾਸਤੇ ਰਾਜਾ ਕੇ ਸਾਥ ਬਨ ਮੇਂ ਗਿਆ, ਸਾਯੰਕਾਲ ਹੋ ਗਿਆ ਤੋ ਬਨ ਮੇਂ ਘੂਮਤੇ ਘੂਮਤੇ ਏਕ ਜਗਾ ਸ਼ਿਵਲਿੰਗ ਕੇ ਊਪਰ ਏਕ ਗਊ ਆਪਨੇ ਥਣੋਂ ਕਾ ਦੂਧ ਗੇਰ ਰਹੀ ਥੀ, ਉਸ ਕੋ ਦੇਖ ਚੰਡ ਭੀਲ ਕੇ ਚਿਤ ਮੇਂ ਸ਼ਿਵਜੀ ਪਰ ਬੜੀ ਸ਼ਰਧਾ ਹੂਈ, ਔਰ ਡੰਡਉਤ ਕਰ ਸਿਵਜੀ ਪਾਸ ਹੀ ਬੈਠ ਗਿਆ, ਰਾਜਾ ਉਸ ਕੀ ਸ਼ਰਧਾ ਕੋ ਦੇਖ ਕਰ ਬੜਾ ਪਰਸੰਨ ਹੂਆ, ਔਰ ਭਗਤ ਜਾਨ ਕਰ ਉਸ ਕੋ ਸਿਵਜੀ ਕੇ ਪੂਜਨ ਵਾਸਤੇ, ਵਹੁ ਲਿੰਗ ਦੇਤਾ ਭਇਆ, ਰਾਜਾ ਨੇ ਪੂਜਨ ਕੀ ਸਭ ਵਿਧੀ ਸਮਝਾ ਦਿਤੀ, ਔਰ ਕਹਾ ਯਹ ਸਮਿਗਰੀ ਲੇ ਕਰ ਬੈਠਨਾ ਫਿਰ ਉਠਣਾ ਨਹੀਂ, ਔਰ ਪੂਜਨ ਮੇਂ ਮਸਾਣ ਕੇ ਮੁਰਦੇ ਕੀ ਸਵਾਹ, ਯਾਨੇ ਰਾਖ ਭੀ ਲਗਾਨਾ, ਕਿਉਂਕਿ ਮਹਾਂਦੇਵ ਕੇ ਸ਼ਰੀਰ ਮੇਂ ਮੁਰਦੇ ਕੀ ਰਾਖ ਲਗਾਈ ਜਾਤੀ ਹੈ, ਫਿਰ ਪੱਤਰ ਪੁਸ਼ਪ ਚੜ੍ਹਾਨਾ, ਡੰਡਉਤ ਕਰਨੀ ਸਤੋਤਰ ਪੜ੍ਹਨੇ । ਭੋਗ ਲਗਾਨਾ ਇਤਿਆਦਿ ਸਭ ਸਮਿਗ੍ਰੀ ਬਤਾਈ ।

ਇਸ ਪ੍ਰਕਾਰ ਜਬ ਬਹੁਤ ਦਿਨ ਉਸ ਕੋ ਪੂਜਨ ਕਰਤੇ ਹੋ ਗਏ, ਏਕ ਦਿਨ ਮਸਾਣ ਕੀ ਰਾਖ ਡੱਬੀ ਮੇਂ ਨ ਰਹੀ, ਔਰ ਮਸਾਣ ਵਹਾਂ ਸੇ ਬੜਾ ਦੂਰ ਥਾ। ਤਬ ਵੋ ਅਪਨੀ ਇਸਤ੍ਰੀ ਕੋ ਬੁਲਾ ਕਰ ਕਹਿਨੇ ਲਗਾ, ਆਜ ਸ਼ਿਵ ਜੀ ਕੇ ਪੂਜਨ ਮੇਂ ਮੁਰਦੇ ਕੀ ਰਾਖ ਹੈ ਨਹੀਂ, ਇਸ ਵਾਸਤੇ ਮੈਂ ਚਾਹਤਾ ਹੂੰ ਅਪਨਾ ਸ਼ਰੀਰ ਜਲਾਦੂੰ, ਔਰ ਤੁਮ ਨੇ ਮੇਰੀ ਰਾਖ ਮਹਾਦੇਵ ਤੇ ਚੜ੍ਹਾਨੀ । ਤਬ ਇਸਤ੍ਰੀ ਕਹਿਨੇ ਲਗੀ ਕਿ ਹੇ ਪਤੀ ਇਸ ਸ਼ਰੀਰ ਕੋ ਨ ਜਲਾਓ ਕ੍ਰਿਉਂਕਿ ਸ਼ਾਸਤ੍ਰ ਮੇਂ ਲਿਖਾ ਹੈ:-

**ਸ਼ਲੋਕ ॥ ਧਰਮਾਰਥ ਕਾਮ ਮੋਖਯਾਣਾਂ ਸ਼ਰੀਰੰ ਪਰਮ ਸਾਧਨੰ ॥ ਕਥੰ ਤਯਜਸਿ ਤੰ ਦੇਹੰ ਸੁਖਾਰਥੰ ਨਵ ਯੌਵਨੰ ॥**

ਅਰਥ-ਹੇ ਪਤੀ ਧਰਮ ਅਰਥ ਕਾਮ ਮੋਖਸ਼ ਕਾ ਪਰਮ ਸਾਧਨ ਮਨੁਸ਼ ਸ਼ਰੀਰ ਹੀ ਹੈ, ਫੇਰ ਨਿਰੋਗ ਯੌਵਨ ਸਹਿਤ ਦੁਖ ਰਹਿਤ ਹੋ, ਇਸਕਾ ਕਿਉਂ ਤਿਆਗ ਕਰਤੇਂ ਹੋ ? ਤਬ ਭੀਲ ਅਪਨੀ ਇਸਤ੍ਰੀ ਕੋ ਕਹਤਾ ਹੈ।

**ਸ਼ਲੋਕ ॥ ਏਤਾਵਦੇਵਹਿ ਸਾਫਲਯੰ ਜੀਵਤਸਯ ਚ ਜਨਮਨਾ ॥ ਪਰਾਰਥੇ ਤ੍ਯਜੇਤ ਪ੍ਰਾਣਾਨ੍ ਸ਼ਿਵਾਰਥੇ ਕਿੰ ਉਤਸ੍ਰਿਤ੍ਰ ॥**

ਟੀਕਾ-ਜੀਵਿਤ ਮਨੁਸ਼ਯ ਕੇ ਜਨਮ ਕੀ ਯਹੀ ਸਫਲਤਾ ਹੈ, ਜੋ ਪਰ ਕੇ ਲੀਏ ਪ੍ਰਾਣੋਂ ਕੋ ਤਿਆਗ ਕਰੇ, ਅਰ ਪਰਮੇਸ਼ਰ ਕੇ ਅਰਥ ਪ੍ਰਾਣੋਂ ਕੋ ਤਿਆਗ ਕਰੇ, ਤੋ ਕਹਨਾ ਹੀ ਕਿਆ ਹੈ ? ਜਬ ਉਸ ਨੇ ਹਠ ਕੀਆ ਤੋ ਇਸਤ੍ਰੀ ਕਹਨੇ ਲਗੀ, ਮੈਂ ਆਪ ਕਾ ਆਧਾ ਅੰਗ ਹੂੰ । ਮੇਰੇ ਕੋ ਸਾੜ ਕਰ ਤੁਮ ਸ੍ਵਯੰ ਪੂਜਨ ਕਰੋ, ਉਸ ਨੇ ਐਸੇ ਹੀ ਕੀਆ ਕੁਟੀਆ ਮੇਂ ਲਕੜੀਆਂ ਰਖ ਕਰ ਇਸਤ੍ਰੀ ਕੋ ਜਲਾ ਦੀਆ, ਔਰ ਉਸ ਕੀ ਰਾਖ ਲਗਾ ਕਰ ਸ਼ਿਵ

ਜੀ ਕਾ ਪੂਜਨ ਕੀਆ, ਫੇਰ ਧਿਆਨ ਹੀ ਮੇਂ ਐਸਾ ਲਿਵਲੀਨ ਚਿਤ ਹੋ ਗਿਆ, ਜੋ ਇਸਤ੍ਰੀ ਕਾ ਸਾੜਨਾ ਉਸਕੋ ਬਿਲਕੁਲ ਯਾਦ ਹੀ ਨ ਰਹਾ । ਤਬ ਹਮੇਸ਼ ਕੀ ਤਰਹ ਇਸਤ੍ਰੀ ਕੋ ਬੁਲਾਯਾ, ਕਿ ਸਿਵ ਜੀ ਕੇ ਵਾਸਤੇ ਭੋਗ ਲਿਆਓ । ਤਬ ਇਸਤ੍ਰੀ ਭੋਗ ਲੇ ਆਈ, ਫੇਰ ਉਸ ਕੋ ਯਾਦ ਆਯਾ ਕਿ ਮੈਨੇ ਤੋ ਤੇਰੇ ਕੋ ਘਰ ਸਹਿਤ ਸਾੜ ਦੀਆ ਥਾ, ਤੂੰ ਕਹਾਂ ਸੇ ਆਈ? ਉਸ ਨੇ ਕਹਾ ਯੇ ਸਭ ਸ਼ਿਵ ਜੀ ਕੀ ਕ੍ਰਿਪਾ ਹੈ । ਸ਼ਿਵ ਲੋਕ ਮੇਂ ਜਾਨ ਵਾਸਤੇ ਮੇਰੇ ਕੋ ਵਿਮਾਨ ਲੇਨੇ ਆਏ ਹੈਂ, ਪਰੰਤੂ ਮੈਂ ਆਪ ਕੇ ਬਿਨਾ ਸ਼ਿਵ ਲੋਕ ਕੋ ਨਹੀਂ ਜਾਊਂਗੀ। ਆਪ ਵਿਮਾਨ ਮੇਂ ਬੈਠੋ ਸ਼ਿਵ ਲੋਕ ਕੋ ਚਲੇਂ, ਤਬ ਆਕਾਸ਼ ਬਾਣੀ ਸੇ ਸ਼ਿਵ ਜੀ ਕੀ ਆਗਿਆ ਹੂਈ ਕਿ ਇਸਤ੍ਰੀ ਸਹਿਤ ਹਮਾਰੇ ਲੋਕ ਕੋ ਆਓ। ਹਮਾਰੇ ਪਰਮ ਗਤਿ ਕੋ ਪ੍ਰਾਪਤ ਹੋਵੇ। ਤਬ ਵੋ ਵਿਮਾਨ ਮੇਂ ਬੈਠ ਕਰ, ਦੇਵਤਾਓਂ ਕਰਕੇ ਪੂਜਿਤ ਹੂਆ ਹੂਆ, ਉਤਮ ਗਤੀ ਕੋ ਪ੍ਰਾਪਤ ਹੂਆ ॥ ਪ੍ਰਮਾਣ–

**ਸ਼ਰਧੇਵੇ ਸਰਵਧਰਮਸਯ ਅਤਯੇਵ ਹਿਤਕਾਰਿਣੀ । ਸ਼ਰਧੈਵ ਨ੍ਰਿਣਾਂ ਸਿਧਿ: ਜਾਯਤੇ ਲੋਕਯੋਰਦ੍ਵਯੋ।੧। ਸ਼ਰਧਯਾਭਜਤਾਂ ਪੁੰਸਾਂ ਸ਼ਿਲਾਪਿ ਫਲਦਾਯਨੀ । ਮੂਰਖੋਪਿ ਪੂਜਿਤੋ ਭਕਤਯਾ ਗੁਰੁਰ ਭਵਤਿ ਸਿਧਿਦਾ। ੨। ਤਸਮਾਤ ਸ਼ਰਧੇਵ ਸਰੇਵਸ਼ੂ ਵਿਦੇਹਾ ਪੁਨਯਕਰਮ । ਨੀਚੋਅਪਿ ਸਵਰਾ ਪ੍ਰਾਪਯ ਸ਼ਰਧਯਾ ਯੋਗੀਨਾਂਗਤਿੰ। ੩।**

ਟੀਕਾ–ਸ਼ਰਧਾ ਹੀ ਸਰਵ ਧਰਮੋਂ ਕੀ ਅਤੀ ਕਲਿਆਣਕਾਰੀ ਹੈ ਮਨੁਸ਼ੋਂ ਕੋ ਦੋਨੋ ਲੋਕੋਂ ਮੇਂ ਸ਼ਰਧਾ ਹੀ ਸਿਧੀ ਕਾਰਿਣੀ ਹੈ। ਸ਼ਰਧਾ ਸੇ ਭਜਨ ਕਰਨੇ ਵਾਲੇ ਪੁਰਸ਼ੋਂ ਕੋ ਸ਼ਿਲਾ ਭੀ ਫਲ ਦੇਨੇ ਵਾਲੀ ਹੈ। ਮੂਰਖ ਭੀ ਸ਼ਰਧਾ ਸੇ ਪੂਜਿਤ ਹੋਕਰ ਗੁਰੂ ਕੀ ਨਿਆਈਂ ਸਿਧਿ ਦੇਨੇ ਵਾਲਾ ਹੋ ਜਾਤਾ ਹੈ॥੧॥ ਤਿਸ ਸੇ ਸਰਵ ਪੁੰਨ ਕਰਮੋਂ ਮੇਂ ਸ਼ਰਧਾ ਕਰਨੀ ਚਾਹੀਏ। ਸ਼ਰਧਾ ਸੇ ਨੀਚ ਜਾਤੀ ਵਾਲਾ ਭੀਲ ਭੀ ਪਰਮ ਗਤਿ ਕੋ ਯਾਨੇ ਸ਼ਿਵਲੋਕ ਕੋ ਪ੍ਰਾਪਤ ਹੋਤਾ ਭਯਾ ।੩। ਇਸ ਪ੍ਰਕਾਰ ਭੀਲ ਪੱਥਰ ਮੇਂ ਸਿਵ ਬੁਧੀ ਕਰਕੇ, ਸ਼ਿਵਲੋਕ ਕੋ ਪ੍ਰਾਪਤ ਹੂਆ। ਤਥਾ ਚੀਤਾ ਚੁਮਾਰ ਆਦਿ ਤਥਾ ਮੀਰਾਂ ਬਾਈ, ਕਰਮਾ ਬਾਈ, ਆਦਿਕ ਅਨੇਕੋਂ ਨੇ ਪ੍ਰਤੀਕ ਉਪਾਸ਼ਨਾ ਕਰਕੇ ਠਾਕੁਰ ਜੀ ਕਾ ਦਰਸ਼ਨ ਪਾਇ ਕਰ, ਉਤਮ ਗਤੀ ਪਾਈ ਇਨ ਕੀ ਕਥਾ ਭਗਤਮਾਲ ਮੇਂ ਪ੍ਰਸਿਧ ਹੈ। ਔਰ ਅਜਾਮਲ ਭੀ ਪੁਤ੍ਰ ਮੇਂ ਨਾਰਾਯਣ ਬੁਧੀ ਕਰਕੇ ਵੈਕੁੰਠ ਕੋ ਪ੍ਰਾਪਤ ਹੂਆ। ਜੈਸੇ ਪ੍ਰਮਾਣ–

**ਅਜਾਮਲੁ ਕਉ ਅੰਤ ਕਾਲ ਮੈ ਨਾਰਾਇਨ ਸੁਧ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥** [ਰਾਮ ਮ: ੯ ਸਫਾ ੯੦੨

ਤਥਾ ਏਕ ਭੇਖਧਾਰੀ ਨੇ ਅਪਨੇ ਮੇਂ ਨਾਰਾਇਣ ਬੁਧੀ ਕਰੀ, ਨਾਰਾਇਣ ਨੇ ਉਸ ਕੀ ਖਿਨ



ਮੇਂ ਪੈਜ ਸਵਾਰੀ। ਪ੍ਰਮਾਣ–

**ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ ॥** [ਬਿਲਾਵਲ ਸਧਨਾ ਸਫਾ ੮੫੮

ਇਤਿਆਦ ਊਪਰ ਕੇ ਕਹੇ ਸਭ ਧਿਆਨ, ਯਾਨੇ ਉਪਾਸ਼ਨਾ ਪ੍ਰਤੀਕ ਕਹਾਤੇ ਹੈਂ, ਕਛੂ ਕੀ ਨਿਆਈਂ ਇਹ ਧਿਆਨ ਰੂਪ ਭਗਤੀ ਕਰਨੀ।

# ਧਿਆਨ ਕਾ ਦੂਸਰਾ ਅੰਗ ਸੰਪਤ ਉਪਾਸਨਾ ਹੈ

# ਸੰਪਤ ਕਾ ਲਖਣ

**ਅਲਪ ਆਲਿੰਬਨ ਤਿਰਸਕਾਰੇਣ ਉਤਕ੍ਰਿਸ਼੍ਰ ਚਿੰਤਨੰ ਸੰਪਤ੍ ॥**

ਟੀਕਾ–ਧਜੇਯ ਕਾ ਜੋ ਪ੍ਰਤਖ ਰੂਪ ਉਸਕੋ ਤਿਆਗ ਕਰ ਉਤਕ੍ਰਿਸ਼ਟ ਸ਼ਾਸਤ੍ਰੀਯ ਰੂਪ ਸੇ ਚਿੰਤਨ ਕਰਨਾ ਇਸ ਕਾ ਨਾਮ ਸੰਪਤ ਹੈ। ਜੈਸੇ ਗੁਰੂ ਮੇਂ ਮਨੁਸ਼ ਬੁਧੀ ਛੋੜ ਕਰ ਈਸੁਰ ਬੁਧੀ ਕਰਨਾ ਇਸਕਾ ਨਾਮ ਸੰਪਤ ਹੈ ਜੈਸੇ ਲਿਖਾ ਹੈ ਕਿ–

**ਜੋ ਗੁਰਮੇਂ ਨਰ ਬੁਧਿ ਤਿਆਗੇ । ਦੇਵ ਜਾਨ ਤਾਂਕੇ ਪਦ ਲਾਗੇ। ਦਿਯੁ ਪਰਜਨਯ ਭੂਮੀ ਕੇ ਮਾਂਹਿ। ਅਰ ਪੁਰਸ਼ ਯੋਸ਼ਿਤਾ ਕੇ ਮਾਂਹਿ। ਦਿਯੂ ਆਦਿਕ ਕੀ ਬੁਧਿ ਉਠਾਵੈ । ਅਗਨੀ ਬੁਧੀ ਕਰਤਾਕੋ ਧਿਆਵੇ । ਯਹ ਸੰਪਤ ਉਪਾਸਨਾ ਗਾਈ। ਪਹਿਲੇ ਪ੍ਰਤੀ ਕਹਿ ਦਿਯੋ ਦਿਖਾਈ॥** [ਸਿਖ ਪੰਥ

ਗੁਰੂ ਮੇਂ ਮਨੁਸ਼ਯ ਬੁਧੀ ਛੋੜ ਕਰ ਈਸੁਰ ਬੁਧੀ ਸੇ ਚਿੰਤਨ ਕਰਨਾ ਯਹ ਸੰਪਤ ਹੈ।

**ਦੋਹਾ–ਗੁਰ ਕੋ ਕੀਜੇ ਡੰਡਵਤ ਕੋਟ ਕੋਟ ਪਰਣਾਮ। ਕੀਟ ਨਜਾਨੇ ਭ੍ਰਿੰਗ ਕੋ ਗੁਰ ਕਰ ਲੇ ਆਪ ਸਮਾਨ। ਗੁਰ ਕੋ ਮਾਨੁਸ਼ ਜਾਨ ਲੇ ਤੇ ਨਰ ਕਹੀਐ ਅੰਧ। ਹੋਯ ਦੁਖੀ ਸੰਸਾਰ ਮੇਂ ਆਗੇ ਜਨਮ ਕਾ ਫੰਧ । ਗੁਰ ਕੋ ਮਾਨਸ ਮਾਨਤੇ ਚਰਨਾਂਮ੍ਰਿਤ ਕੋ ਪਾਨ। ਤੇ ਨਰ ਨਰਕੇ ਜਾਇੰਗੇ ਜਨਮ ਜਨਮ ਹੋਇ ਸ੍ਵਾਨ। ਗੁਰ ਬਿਨ ਮਾਲਾ ਫੇਰਤੇ ਗੁਰ ਬਿਨ ਦੇਤੇ। ਦਾਨ ਗੁਰ ਬਿਨ ਦਾਨੁ ਹਰਾਮ ਹੈ ਜਾਇ ਪੂਛੋ ਬੇਦ ਪੁਰਾਨ । ਜੈਸੋ ਤੈਸੋ ਪਾਤਕੀ ਆਵੇ ਗੁਰ ਕੀ ਓਟ। ਗਾਂਠੀ ਬਾਂਧੀ ਸੰਤ ਸੇ ਨਾ ਪਰਖਿਓ ਖਰ ਖੋਟ। ਬੜੇ ਬੜਾਈ ਪਾਯ ਕਰ ਰੋਮ ਰੋਮ ਅਹੰਕਾਰ। ਸਤਗੁਰ ਕੇ ਪਰਚੇ ਬਿਨਾ ਚਾਰੋ ਬਰਨ ਚਮਾਰ ॥੨॥**

ਸ਼ਲੋਕ–ਯਥਾ ਗੁਰ: ਤਥੇਵ ਈਸ਼ੋ ਯਥੇਵ: ਈਸ਼: ਤਥਾਂ ਗੁਰੂ: ॥ ਪੂਜਨੀਯੋ ਮਹਾ ਭਕਤਯਾ ਨ ਭੇਦੋ ਵਿਦਜਤੇ ਅਨਯੋ: ॥ ੧॥੯॥ ਗੁਰੂ: ਬ੍ਰਹਮਾ ਗੁਰੂ: ਵਿਸ਼ਣੂ: ਗੁਰੂ ਦੇਵ: ਸਦਾ ਅਚਯੁਤ: ॥ ਨ ਗੁਰੋ: ਅਧਿਕ: ਕਸ਼੍ਚਿਤ੍ ਤ੍ਰੀਸ਼ੁ ਲੋਕੇਸ਼ੁ ਵਿਦਜਤੇ ॥੫੬॥

[ਯੋਗਸਿਖੋ ਉਪ: ਅ: ੫

ਗੁਰੋ: ਪ੍ਰੀਤੇ ਸ਼ਿਵ: ਸਾਖਜਾਤ੍ ਪਸੰਨ: ਪ੍ਰਤਿਭਾਸਤੇ ॥ ਗੁਰੋਰ ਦੇਹੇ ਮਹਾਦੇਵ: ਸ ਅੰਬ: ਸਨਿਹਿਤ: ਸਦਾ ॥ ਗੁਰੋ: ਅਨਿਸ ਸੋਹਾਤ੍ਵਾ ਨ ਕੁਰਯਾਤ੍ ਕੁਰੁਤੇ ਯਦਿ: ॥ ਪਚਜਤੇ ਨਰਕੇ ਤੀਬਰੇ ਯਾਵਤ੍ ਆਭੂਤ ਸੰਪਲਵੰ ॥ ਸ਼ਿਵੇ ਕ੍ਰੁਧੇ ਗੁਰੁ: ਤ੍ਰਾਤਾ ਗੁਰਊ ਕ੍ਰੁਧੇ ਨ ਕਸ੍ਚਨ ॥ ਤਸਮਾਤ ਇਸ਼੍ਰੰ ਗੁਰਊ ਕੁਰਯਾਤ ਕਾਯੇ ਨ ਮਨਸਾ ਗਿਰਾ ॥

[ਬ੍ਰਹਮ ਗੀਤਾ

ਅਰਥ–ਗੁਰੂ ਬ੍ਰਹਮਾ ਹੈ ਤਥਾ ਗੁਰੂ ਵਿਸ਼ਣੂ ਰੂਪ ਹੈ, ਤਥਾ ਗੁਰੂ ਸਦਾ ਅਚਯੁਤ ਰੂਪ ਹੈਂ, ਗੁਰੂ ਸੇ ਅਧਿਕ ਤੀਨੋਂ ਲੋਕੋਂ ਮੇਂ ਕੋਈ ਨਹੀਂ ॥ ੧ ॥ ਜੈਸੇ ਗੁਰੂ ਹੈ ਤੈਸੇ ਈਸ਼੍ਵਰ ਹੈ, ਜੈਸੇ ਈਸ਼੍ਵਰ ਹੈ ਤੈਸੇ ਗੁਰੂ ਹੈ। ਗੁਰੂ ਮਹਾਨ ਭਕਤਿ ਸੇ ਪੂਜਨੇ ਯੋਗ ਹੈਂ ਗੁਰੂ ਤਥਾ ਈਸ਼੍ਵਰ ਮੇਂ ਕੋਈ ਭੇਦ ਨਹੀਂ ॥ ੨ ॥ ਗੁਰੂ ਕੇ ਸਾਥ ਪ੍ਰੇਮ ਕਰਨੇ ਸੇ ਸਾਖਜਾਤ ਮਹਾਦੇਵ ਜੀ ਪ੍ਰਸੰਨ ਹੋਤੇ ਹੈਂ। ਸ੍ਵਯੰ ਬ੍ਰਹਮਾ ਜੀ ਕਹਿਤੇ ਹੈਂ। ਗੁਰੂ ਕਾ ਸ਼ਰੀਰ ਮਹਾਦੇਵ ਕਾ ਹੀ ਸ਼ਰੀਰ ਜਾਨ ਕਰ, ਔਰ ਸਦਾ ਹੀ ਸਮੀਪ ਰਹੇ ॥ ੩ ॥ ਜੋ ਸ਼ਿਸ਼ ਅਗਿਆਨ ਸੇ ਗੁਰੂ ਕਾ ਅਨਿਸ਼ਟ ਕਰਤੇ ਹੈਂ, ਸੋ ਅਨਿਸਟ ਕਰਨੇ ਵਾਲੇ ਸਿਸ਼ ਜਬ ਤਕ ਪੰਚ ਭੂਤ ਹੈਂ, ਤਬ ਤਕ ਨਰਕ ਕੀ ਤੀਬਰ ਅਗਨੀ ਮੇਂ ਪਚੇਂਗੇ ॥ ੪ ॥ ਮਹਾਦੇਵ ਕੇ ਕਰੋਧ ਹੋਨੇ ਸੇ ਗੁਰੂ ਤੋ ਰਖਿਆ ਕਰ ਲੇਤੇ ਹੈਂ ਔਰ ਗੁਰੂ ਕੇ ਕਰੋਧ ਹੋਨੇ ਸੇ ਕੋਈ ਨਹੀਂ ਰਖਿਆ ਕਰ ਸਕਤਾ, ਇਸ ਵਾਸਤੇ ਹੇ ਸ਼ਿਸ਼ ਮਨ ਬਾਣੀ ਸਰੀਰ ਕਰਕੇ ਗੁਰੂ ਕਾ ਇਸ਼ਟ ਹੀ ਚਿੰਤਨ ਕਰੋ ॥ ੫ ॥ ਗੁਰੂ ਜੀ ਕੇ ਪ੍ਰਮਾਣ:–

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥

[ਸ੍ਰੀ ਰਾਗ ਮ: ੫ ਸਫਾ ੫੩

ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥ ੧ ॥ ਰਹਾਉ ॥ ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥ ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥...ਗੁਰ ਪਰਮੇਸੁਰ



ਸੇਵਿਆ ਭੈ ਭੰਜਨੁ ਦੁਖ ਲਥੁ ॥ ੩ ॥ ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘ ਖੰਡੁ ॥

[ਸ੍ਰੀ ਰਾਗ ਮ: ੫ ਸਫਾ ੪੯

ਸਫਲ ਜਨਮੁ ਹੋਵੈ ਪਰਵਾਣੁ ॥ ਗੁਰੁ ਪਾਰਬ੍ਰਹਮ ਨਿਕਟਿ ਕਰਿ ਜਾਣੁ ॥

[ਗਉੜੀ ਮ: ੫ ਸਫਾ ੧੯੩

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ ਗੁਰ ਪਾਰਬ੍ਰਹਮੁ ਪਰਮੇਸੁਰ ਅਪਰੰਪਰ ਅਲਖ ਅਭੇਵ ॥... ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ਪਉੜੀ ॥ ਸੋ ਸਤਿਗੁਰੁ ਧਨੁ ਧਨੁ ਜਿਨਿ ਭਰਮ ਗੜੁ ਤੋੜਿਆ ॥ ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

[ਗੂਜਰੀ ਵਾਰ ਮ: ੫ ਸਫਾ ੫੨੨

ਗੁਰੁ ਪਰਮੇਸਰੁ ਕਰਣਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥ ੧ ॥ ਗੁਰ ਕੇ ਚਰਣ ਕਮਲ ਮਨ ਧਿਆਇ ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥ ੧ ॥ ਰਹਾਉ ॥ ਭਵਜਲਿ ਡੂਬਤ ਸਤਿਗੁਰ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥੨॥ ਗੁਰ ਕੀ ਸੇਵਾ ਕਰਹੁ ਦਿਨ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥੩॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ ॥

[ਸੂਹੀ ਮ: ੫ ਸਫਾ ੭੪੧

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥... ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰ ਪਰਮੇਸਰੁ ਹੈ ਭੀ ਹੋਗੁ ॥

[ਗੋਂਡ ਮ: ੫ ਸਫਾ ੮੬੪

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭੁ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥

[ਰਾਮਕਲੀ ਮ: ੧ ਸਫਾ ੮੭੮

ਬੀਸ ਬਿਸੁਏ ਜਾ ਮਨ ਠਹਰਾਨੇ ॥ ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥

[ਰਾਮਕਲੀ ਮ: ੫ ਸਫਾ ੮੮੭

ਗੁਰ ਪਰਮੇਸਰੁ ਗੁਰੁ ਗੋਵਿੰਦੁ ॥ ਗੁਰੁ ਦਾਤਾ ਦਇਆਲ ਬਖਸਿੰਦੁ ॥ ਗੁਰ ਚਰਨੀ ਜਾਕਾ ਮਨੁ ਲਾਗਾ ॥ ਨਾਨਕ ਦਾਸ ਤਿਸੁ ਪੂਰਨ ਭਾਗਾ ॥

[illegible]

ਜਨਮ ਮਰਣ ਕੀ ਚੂਕੀ ਕਾਣਿ ॥ ਪੂਰੇ ਗੁਰ ਊਪਰਿ ਕੁਰਬਾਣਿ ॥ ਗੁਰ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥

[ਰਾਮਕਲੀ ਮ: ੫ ਸਫਾ ੮੯੯

ਗੁਰੁ ਪਰਮੇਸੁਰ ਸਗਲ ਨਿਵਾਸ ॥ ਘਟਿ ਘਟਿ ਰਵਿ ਰਹਿਆ ਗੁਣਤਾਸ ॥ ਦਰਸੁ ਦੇਹ ਧਾਰਉ ਪ੍ਰਭ ਆਸ ॥ ਨਿਤ ਨਾਨਕੁ ਚਿਤਵੈ ਸਚੁ ਅਰਦਾਸਿ ॥

[ਰਾਮਕਲੀ ਮ: ੫ ਸਫਾ ੯੦੦

ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥ ੮ ॥ ਗੁਰ ਕੀ ਸੇਵਾ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥

[ਮਾਰੂ ਮ: ੫ ਸਫਾ ੧੦੭੮

ਗੁਰ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥

[ਮਾਰੂ ਮ: ੫ ਸਫਾ ੧੦੮੦

ਗੁਰ ਕੇ ਚਰਨ ਹਿਰਦੈ ਵਸਾਏ ॥ ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥

[ਮਾਰੂ ਮ: ੫ ਸਫਾ ੧੨੭੦

ਸਤਿਗੁਰ ਜੇਵਡੁ ਅਵਰੁ ਨ ਕੋਇ ॥ ਗੁਰੁ ਪਾਰਬ੍ਰਹਮ ਪਰਮੇਸਰੁ ਸੋਇ ॥ ਜਨਮ ਮਰਣ ਦੂਖ ਤੇ ਰਾਖੈ ॥ ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥ ਗੁਰ ਕੀ ਮਹਿਮਾ ਕਥਨੁ ਨ ਜਾਇ ॥ ਗੁਰੁ ਪਰਮੇਸਰੁ ਸਾਚੈ ਨਾਇ ॥

[ਮਾਰੂ ਮ: ੫ ਸਫਾ ੧੨੭੧

ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ ਆਠ ਪਹਰ ਨਾਨਕ ਗੁਰ ਜਾਪਿ ॥

[ਆਸਾ ਮ: ੫ ਸਫਾ ੩੮੭

ਹਰਿ ਆਗਿਆ ਹੋਏ ਬੇਦ ॥ [ਮਾਰੂ ਮ: ੫ ਸਫਾ ੧੦੫੪

ਜੈਸੇ ਪਰਮੇਸ੍ਵਰ ਕੀ ਆਗਿਆ ਯਾਨੇ ਹੁਕਮ ਵੇਦ ਹੈਂ ਵੇਦੋਂ ਕੋ ਜੈਸੇ ਸਭ ਲੋਕ ਮਾਨਤੇ ਹੈਂ ਤੈਸੇ ਗੁਰੂ ਕੀ ਆਗਿਆ ਭੀ ਵੇਦੋਂ ਕੀ ਤਰਹ ਸ਼ਿਸ਼ ਕੋ ਮਾਨਨੀ ਚਾਹੀਏ।

ਤਿਨਕਾ ਜਨਮੁ ਸਫਲੁ ਹੈ ਜੋ ਚਾਲਹਿ ਸਤਗੁਰ ਭਾਇ ॥ ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ [ਸ੍ਰੀ ਰਾਗ ਮ: ੩ ਸਫਾ ੨੮

ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥ ਗੁਰ ਕੈ ਭਾਣੈ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ [ਸ੍ਰੀ ਰਾਗ ਮ: ੩ ਸਫਾ ੩੧

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ



ਪੀਵਹਿ ਤਾ ਸੁਖ ਲਹਹਿ ਮਹਲੁ ॥

ਜੈਸੇ ਸ੍ਰੀ ਰਾਮ ਚੰਦ੍ਰ ਜੀ ਅਪਨੇ ਪਿਤਾ ਕੀ ਆਗਿਆ ਮਾਨ ਕਰ ਬਨ ਕੋ ਚਲੇ ਗਏ:-

ਕਵਿਤ-ਸੂਰਜਯੋਂ ਸਮੇਰ ਕੋ ਨਿਛਤ੍ਰ ਧ੍ਰਅ ਫੇਰ ਕੋ ਜਯੋਂ ਪਾਰਦ ਪਰੇਰ ਕੋ ਜਯੋਂ ਸਾਗਰ ਮਯੰਕ ਕੋ। ਜੈਸੇ ਗ੍ਰਿਹ ਰਾਸ ਕੋ ਭ੍ਰਮਰ ਕੰਜਬਾਂਸ ਕੋ ਵਿਓਗੀ ਤੀਅ ਪਾਸ ਕੋ ਜਯੋਂ ਬਲੀ ਦੌਰੈ ਰੰਕ ਕੋ ॥ ਚਾਂਪ ਸਰ ਲੱਛ ਕੋ ਸੁਮੰਤ੍ਰੀ ਨ੍ਰਿਪ ਪਛ ਕੋ ਜਯੋਂ ਬੀਰ ਭਦ੍ਰ ਦਛ ਕੋ ਉਨੀਦੋ ਪਰਯੰਕ ਕੋ ॥ ਕੋਟਿ ਸਮਝਾਏ ਮਾਨੋ ਛੂਟੇ ਸਿੰਘ ਧਾਏ ਤੈਸੇ ਰਾਜਾ ਕੇ ਪਠਾਏ ਬਨ ਧਾਏ ਤਜ ਸ਼ੰਕ ਕੋ ॥

[ਹਨੂਮਾਨ ਨਾਟਕ

ਟੀਕਾ-ਜੈਸੇ ਸੂਰਜ ਨਾਰਾਯਣ ਨਿਯਮ ਔਰ ਪ੍ਰਸੰਤਾ ਸੇ ਸੁਮੇਰੂ ਪਰਬਤ ਕੀ ਪਰਦਖਿਣਾ ਕਰਤਾ ਹੈ ਤਥਾ ਜੈਸੇ ਨਿਯਮ ਔਰ ਪਰਸੰਨਤਾ ਸੇ ਸਪਤ ਰਿਸ਼ੀ ਤਾਰਾ ਗੁਣੋਂ ਕੇ ਰੂਪ ਮੇਂ ਧ੍ਰਵ ਜੀ ਕੀ ਪ੍ਰਦਖਿਣਾ ਕਰਤੇ ਹੈਂ ਤਥਾ ਜੈਸੇ ਪਾਰਾ ਨਿਯਮ ਔਰ ਪ੍ਰਸੰਨਤਾ ਸੇ ਪਦਮਣੀ ਇਸਤ੍ਰੀ ਪਰ ਦੌੜਤਾ ਹੈ ਤਥਾ ਜੈਸੇ ਸਮੁੰਦ੍ਰ ਨਿਯਮ ਔਰ ਪਰਸੰਨਤਾ ਸੇ ਚੰਦ੍ਰਮਾ ਕੋ ਦੇਖ ਕਰ ਉਛਲਤਾ ਹੈ ਤਥਾ ਜੈਸੇ ਨਵ ਗ੍ਰਿਹ ਮੇਖ ਬ੍ਰਿਖ ਆਦਿ ਰਾਸੀਯੋਂ ਕੋ ਨਿਯਮ ਔਰ ਪਰਸੰਨਤਾ ਸੇ ਭੋਗਤੇ ਹੈਂ ਤਥਾ ਜੈਸੇ ਭਵਰਾ ਨਿਯਮ ਔਰ ਪ੍ਰਸੰਨਤਾ ਸੇ ਫੂਲ ਕੀ ਸੁਗੰਧੀ ਕੋ ਸੁੰਘਤਾ ਹੈ, ਤਥਾ ਜੈਸੇ ਵਿਯੋਗੀ ਪੁਰਸ਼ ਇਸਤ੍ਰੀ ਕੇ ਪਰਾਪਤ ਹੋਨੇ ਸੇ ਪਰਸੰਨ ਹੋਤਾ ਹੈ ਤਥਾ ਬਲੀ ਪੁਰਸ਼ ਜੈਸੇ ਬਲਹੀਨ ਪੁਰਸ਼ ਕੇ ਊਪਰ ਨਿਯਮ ਔਰ ਪਰਸੰਨਤਾ ਸੇ ਦੌੜਤਾ ਹੈ ਤਥਾ ਜੈਸੇ ਧਨੁਸ਼ ਸੇ ਛੂਟਾ ਹੂਆ ਬਾਣ ਨਿਯਮ ਸੇਵੇਗ ਪੂਰਬਕ ਲਖਯ ਕ ਬੇਧਨ ਕਰਤਾ ਹੈ ਤਥਾ ਜੈਸੇ ਸਰੇਸ਼ਟ ਮੰਤ੍ਰੀ ਨਿਯਮ ਔਰ ਪ੍ਰਸੰਨਤਾ ਪੂਰਬਕ ਰਾਜਾ ਕੇ ਪਖਯ ਅਨੁਸਾਰੀ ਹੋਤਾ ਹੈ ਤਥਾ ਜੈਸੇ ਬੀਰ ਭਦ੍ਰ ਮਹਾਂਦੇਵ ਕੀ ਜਟਾ ਸੇ ਨਿਕਲ ਨਿਸ਼ੰਕ ਹੋ ਕਰ ਵੇਗ ਸੇ ਦਖਯ ਪਰ ਪੜਾ ਥਾ ਤਥਾ ਜੈਸੇ ਨਿਦ੍ਰਾਲੂ ਪੁਰਸ਼ ਨਿਯਮ ਔਰ ਪ੍ਰਸੰਨਤਾ ਸੇ ਖਾਟ ਪਰ ਸੋ ਜਾਤਾ ਹੈ ਤਥਾ ਜੈਸੇ ਕਰੋੜੋਂ ਵਾਰੀ ਸਿਖਾਯਾ ਹੂਆ ਭੀ ਸ਼ੇਰ ਪਿੰਜਰੇ ਸੇ ਛੂਟ ਕਰ ਬਨ ਕੋ ਹੀ ਦੌੜਤਾ ਹੈ ਤੈਸੇ ਮਹਾਰਾਜਾ ਦਸਰਥ ਜੀ ਕੇ ਭੇਜੇ ਹੂਏ ਖੁਸ਼ੀ ਸੇ ਰਾਮ ਚੰਦ੍ਰ ਜੀ ਬਨ ਕੋ ਜਾਤੇ ਭਏ। ਇਨ ਸਭ ਦ੍ਰਿਸ਼ਟਾਂਤੋਂ ਕਾ ਭਾਵ ਯਹ ਹੈ ਕਿ ਸ਼ਿਸ਼ ਗੁਰੂ ਜੀ ਆਗਿਆ ਕੋ ਨਿਯਮ ਔਰ ਪਰਸੰਨਤਾ ਸੇ ਪਾਲਨ ਕਰੇ।

ਸੇਵਕ ਸਿਖ ਪੂਜਣ ਸਭਿ ਆਵਹਿ ॥ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥ ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ [ਧਨਾ: ਮ: ੪ ਸਫਾ ੬੬੯

ਗੁਰ ਕਰਿ ਆਸਾ ਕਾਰ ਕਮਾਵਹੁ ॥ ਸਬਦੁ ਚੀਨ ਸਹਿਜ ਘਰਿ ਆਵਹੁ ਸਾਚੈ ਨਾਇ ਵਡਾਈ ਪਾਵਹੁ ॥ [ਬਿਲਾਵਲ ਮ: ੩ ਸਫਾ ੮੩੨

ਗੁਰ ਕਾ ਕਹਿਆ ਜੋ ਕਰੈ ਸੋ ਸੁਖੀ ਹੂੰ ਸੁਖੁ ਸਾਰੁ ॥ ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥ [ਸਾਰੰਗ ਵਾਰ ਮ: ੩ ਸਫਾ ੧੨੪੯

ਜੈਸੇ ਗੁਰੂ ਅੰਗਦ ਦੇਵ ਜੀ ਅਪਨੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕੋ ਈਸ਼ੂਰ ਰੂਪ ਜਾਣਕੇ ਪੂਰੀ ਆਗਿਆ ਮਾਨਤੇ ਭਏ । ਏਕ ਕਾਲ ਮੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਬੁਢੇ ਆਦਿ ਸਭ ਸਿਖੋਂ ਸੇ ਨੰਬਰਵਾਰ ਪੂਛਾ ਕਿ ਰਾਤ ਕਿਤਨੀ ਰਹਿਤੀ ਹੈ ਤੋ ਸਿਖੋਂ ਨੇ ਕਹਾ ਡੇਢ ਪਹਿਰ ਰਾਤਿ ਰਹਿਤੀ ਹੈ ਔਰ ਰਹਿਤੀ ਭੀ ਡੇਢ ਪਹਿਰ ਸੀ। ਤਬ ਗੁਰੂ ਜੀ ਨੇ ਕਹਾ ਮੇਰਾ ਪੂਛਨੇ ਕਾ ਭਾਉ ਯੇ ਨਹੀਂ ਕੁਛ ਔਰ ਹੈ ਫੇਰ ਦਸੋ, ਰਾਤਿ ਕਿਤਨੀ ਰਹਿਤੀ ਹੈ। ਉਨੋਂ ਨੇ ਫੇਰ ਡੇਢ ਪਹਿਰ ਕਹਾ । ਤਬ ਗੁਰੂ ਜੀ ਨੇ ਗੁਰੂ ਅੰਗਦ ਦੇਵ ਜੀ ਸੇ ਪੂਛਾ ਰਾਤਿ ਕਿਤਨੀ ਹੈ ਤਬ ਉਨੋਂ ਨੇ ਕਹਾ ਆਪ ਈਸ਼ੂਰ ਹੋ ਜਗਤ ਕੇ ਕਰਤਾ ਕਰਤਾ ਹੈ : ਜਿਤਨੀ ਰਾਤਿ ਆਪ ਨੇ, ਗੁਜਾਰੀ ਹੈ ਉਤਨੀ ਗੁਜ਼ਰ ਗਈ ਹੈ ਔਰ ਜਿਤਨੀ ਰਹਾਣੀ ਹੈ ਉਨਤੀ ਰਹਿਤੀ ਹੈ । ਗੁਰੂ ਜੀ ਨੇ ਕਹਾ ਸ਼ਾਬਾਸ਼ ਸ਼ਾਬਾਸ਼ ਹਮਾਰਾ ਭੀ ਯੇਹੀ ਭਾਉ ਸੀ ਕਿ ਮੇਰੇ ਕੋ ਈਸ਼ੂਰ ਰੂਪ ਸਮਝੋ । ਫੇਰ ਗੁਰਯਾਈ ਦੇਨੇ ਕੀ ਪ੍ਰੀਖਯਾ ਵਕਤ ਭਾਈ ਬੁਢੇ ਆਦਿਕੋਂ ਕੋ ਮੁਰਦੇ ਖਾਨੇ ਕੀ ਆਗਿਆ ਦਿਤੀ ਸਭ ਚੁਪ ਕਰ ਗਏ। ਜਬ ਗੁਰੂ ਅੰਗਦ ਦੇਵ ਜੀ ਕੋ ਆਗਿਆ ਦੀ ਤੋ ਵੋ ਏਕ ਦਮ ਖਾਨੇ ਕੇ ਲੀਏ ਤਿਆਰ ਹੁਏ ਔਰ ਖਾਨੇ ਵਕਤ ਕੜਾਹ ਪ੍ਰਸ਼ਾਦ ਪਾਯਾ । ਇਸੀ ਤਰਹ ਗੁਰੂ ਅਮਰ ਦੇਵ ਜੀ ਗੁਰੂ ਸੇਵਾ ਕਰਕੇ ਗੁਰੂ ਪਦਵੀ ਕੋ ਪ੍ਰਾਪਤ ਹੂਏ ਔਰ ਗੁਰੂ ਅੰਗਦ ਦੇਵ ਜੀ ਨੇ ੧੨ ਵਰ ਦੇਕਰ ਅਪਨੇ ਨਾਲ ਅਭੇਦ ਕਰ ਦੀਆ ਆਪ ਨੇ ਕੈਸੀ ਕੈਸੀ ਸੇਵਾ ਕਰੀ ਸੋ ਲਿਖਤੇ ਹੈਂ-

ਜਲ ਢੋਵਨ ਅਰ ਲਕਰੀ ਲਜਾਵਨੋ ਕਰਨ ਬੀਜਨੋ ਪ੍ਰਭੁ ਸਿਮਰਨੋ ॥
ਚਰਨ ਪਖਾਰਨਿ ਅੰਨਿ ਪਕਾਵਨਿ ਇੱਤਜਾਦਿਕ ਜੇਤਿਕ ਹੈਂ ਆਨੋ ॥
ਮਿਲਿ ਸਤਿਸੰਗ ਕਰਨ ਜੋ ਸੇਵਾ ਅਧਿਕ ਤਪਨ ਫਲ ਹੋਹਿ ਮਹਾਨੋ ॥
ਇਮਿ ਬੀਚਾਰ ਸ੍ਰੀ ਅਮਰ ਕਹਯੋ ਉਰ ਆਨੋਂ ਨੀਰ ਆਪਨੇ ਪਾਨੋ ॥
ਨਿਤਿ ਸਤਿ ਸੰਗਤਿ ਦੇਵਨਿ ਠਾਨੋਂ ਅਰ ਸਤਿਗੁਰੁ ਤਨ ਕਰਹਿ ਸ਼ਨਾਨੋ ॥ ੪ ॥ ਮਿਲਿ ਸਿੱਖਜਨ ਮਹਿ ਭਨਯੋਂ ਸਭਿਨਿ ਕੋ ਜਲ ਕੀ ਸੇਵਾ ਦਿਹੁ ਮੁਝ ਦਾਨ ॥ ਆਇਸੁ ਲੇ ਕਰਿ ਕਲਸ ਉਚਾਯਹੁ ਸਿਰ ਧਰਿ ਲਯਾਵਤਿ ਹੈ ਤਿਸ ਥਾਨ ॥ ਦੇਤਿ ਰਸੋਈ ਮਹਿ ਚਹਿ ਜੇਤਿਕ ਸਿੱਖਜਨ ਕੋ ਕਰਵਾਵਹਿ ਪਾਂਨ ॥ ਮਨ ਨੀਵੇਂ ਕਰਿ ਸਾਦਰ ਬੋਲਹਿ ਨਹਿ ਡੋਲੇ ਬੁਧਿ ਕੋ ਦ੍ਰਿੜ ਠਾਂਨ ॥ ੫ ॥ ਸ੍ਰੀ ਅੰਗਦ ਜਬ ਜਾਮਨੀ ਜਾਗਹਿੰ ਮੱਜਹਿੰ ਥਿਤ ਤਿਸੁ ਕਾਲ ॥ ਤਬਿ ਤੇ ਆਗੇ ਹੀ ਉਠਿ ਕਰਿ ਕੇ ਜਲ ਆਨਹਿੰ ਭਰਿ ਕਲਸ ਬਿਸਾਲ ॥ ਅਧਿਕ ਪ੍ਰੀਤਿ ਕਰਿ ਸੇਵਾ



ਠਾਨਹਿ ਨਹਿ ਅਕੁਲਾਵਹਿ ਬਲਹਿ ਸੰਭਾਲ ॥ ਪ੍ਰਥਮ ਸ਼ਨਾਨਹਿ ਬਸਤ੍ਰ ਪਖਾਲਹਿ ਪੁਨਹਿ ਸ਼ੁਸ਼ਕ ਕਰਬੇ ਹਿਤ ਡਾਲ ॥ ੬ ॥ ਪੁਨ ਇਕੰਤ ਹੁਇ ਸਭਿ ਤੇ ਬੈਠਹਿ ਕਹਹਿ ਨ ਸੁਨਹਿ ਬਚਨ ਕਿਸਿ ਨਾਲਿ ॥ ਸਤਿਗੁਰ ਮੂਰਤਿ ਰਿਦੈ ਸਮਾਲਹਿ ਅਪਰ ਮਨੋਰਥ ਸਭ ਕੋ ਟਾਲਿ ॥ ਨਿਜ ਕੁਲ ਕੋ ਨਿਜ ਗ੍ਰਿਹ ਕੋ ਤਜਿ ਕਰ ਕਰਿ ਨਹੀਂ ਜਾਇ ਪੁਨ ਕੀਨ ਸੰਭਾਲਿ । ਨਰ ਉਪਹਾਸ ਕਰਨਿ ਸਭਿ ਲਾਗੇ ਬ੍ਰਿੱਧ ਹੋਇ ਕਿਆ ਕੀਨੀ ਢਾਲਿ ॥ ੭ ॥ ਸੰਬਤ ਗਯੋ ਬੀਤ ਜਬਿ ਇਸ ਬਿਧਿ ਜੀਰਣ ਬਸਤ੍ਰ ਧਰੇ ਤਨੁ ਮਾਂਹਿ। ਸ੍ਰੀ ਅੰਗਦ ਸੇਵਾ ਕੇ ਤਤਪਰ ਅਪਰ ਮਨੋਰਥ ਹੋਹਿ ਨ ਕਾਹਿ। ਖਾਨ ਪਾਨ ਨਿਰਬਾਹ ਦੇਹ ਹਿਤ ਛੁਧਾ ਪਿਪਾਸਾ ਬ[illegible] ਬਿਰਧਾਹਿ । ਤਬ ਕੁਛ ਕਰਹਿ ਪਹਿਰਬੇ ਪਟ ਕੀ ਸੁਧ ਬੁਧਿ ਕੋਨ ਕਰਹਿ ਹੁਇ ਨਾਹਿ ॥ ੮ ॥ ਏਕ ਬਰਖ ਬੀਤਯੋ ਪਿਖ ਸਤਿਗੁਰ ਗਜ ਡੇਢਕ ਤਬ ਦੀਨ ਰੁਮਾਲ । ਸੋ ਲੇਕਰਿ ਨਿਜ ਸੀਸ ਚਢਾਯੋ ਦ੍ਰਿੜ੍ਹ ਕਰਿ ਬਾਧਯੋ ਰਸਰੀ ਨਾਲ । ਬਹੁਰ ਉਤਾਰਨਿ ਕੋ ਨਹਿ ਕੀਨਸਿ ਲ[illegible] ਕਰਿ ਗੁਰੁ ਪ੍ਰਸਾਦਿ ਬਿਸਾਲ। ਸੇਵਾ ਕਰਹਿ ਤਿਸੀ ਬਿਧਿ ਨਿਸਦਿਨ ਜਲ ਆਨਹਿ ਚਹੀਅਹਿ ਜਿਸ ਕਾਲ ॥ ੯ ॥ ਬਰਖ ਬਹੱਤਰ ਭਈ ਆਰਬਲ ਤਬਿ ਆਏ ਸਤਿਗੁਰ ਕੇ ਪਾਸਿ। ਨਿਰਬਲ ਸਰੀਰ ਜਰਜਰੀ ਭੂਤ ਸੁ ਤਊ ਸੇਵ ਕੋ ਧਰਹਿੰ ਹੁਲਾਸਿ। ਆਲਸ ਤਯਾਗ ਕਰਤਿ ਉਦ-ਯੋਗਹਿ ਕਲਸ ਉਠਾਇ ਲਜਾਇ ਜਲ ਰਾਸਿ । ਨਿਜ ਤਨ ਕੀ ਅਰ ਘਰ ਕੁਟੰਬ ਕੀ ਸੁਧਿ ਭੂਲੀ ਕਰਿ ਗੁਰ ਨਿਰਜਾਸਿ ॥ ੧੦ ॥ ਬਰਖ ਇਕਾਦਸ ਸੇਵਾ ਕੀਨਸਿ ਦਿਏ ਰੁਮਾਲ ਇਕਾਦਸ ਪਾਨਿ । ਸੋ ਸਗਰੇ ਸਿਰ ਪਰ ਕਰਿ ਬਾਂਧਨਿ ਰਸਰੀ ਸੰਗ ਸੁ ਦ੍ਰਿੜਤਾ ਠਾਨਿ। ਬਡੇ ਮੁਕਟ ਤਿਨ ਕੇ ਤਬ ਹੋਯਹੁ ਦਿਨ ਪ੍ਰਤਿ ਭੀਗਹਿ ਨੀਰ ਮਹਾਨ। ਬਹੁ ਪਿਪੀਲਕਾ ਬਾਸਾ ਕੀਨਸਿ ਅਪਰ ਜੀਵ ਉਪਜੇ ਤਿਸ ਥਾਨ ॥ ੨੯ ॥ ਜਬਿ ਕੇ ਦਏ ਸੀਸ ਪਰਿ ਬਾਂਧੇ ਬਹੁਰ ਨ ਤਰੇ ਉਤਾਰਨਿ ਕੀਨਿ ॥ ਕਰਤਿ

ਰਹਤਿ ਦਿਨ ਪ੍ਰਤਿ ਦ੍ਰਿੜ ਤਿਨ ਕੋ ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ। ਅਪਰ ਬਾਸਨਾ ਰਹੀ ਨ ਕੋਊ ਚਰਨ ਕਮਲ ਸਿਮਰਤਿ ਹੁਇ ਦੀਨਿ। ਕਹਨਿ ਸੁਨਨਿ ਕਿਹ ਸੋਂ ਨ ਕਰਹਿ ਕਬਿ ਇਕ ਸੇਵਾ ਕੇ ਤਤਪਰ ਭੀਨਿ॥ ੩੦ ॥ ਬਰਖ ਦੁਆਦਸੋ ਸੇਵਤਿ ਆਯਹੁ ਜੀਰਣ ਚੀਰ ਸ਼ਰੀਰ ਸੁ ਛਾਦਿ। ਪਗ ਮਹਿ ਭਈ ਬਿਵਾਈ ਫੱਟ ਕਰਿ ਖਾਨ ਪਾਨ ਕੋ ਚਹੈਂ ਨ ਸਾਦਿ। ਜਲ ਸੋਂ ਭੀਜ ਰਾਖ ਤਿਸਿ ਬਿਧਿ ਕੇ ਕਬ ਬੈਠਹਿਂ ਸੁਨਿ ਸ਼ਬਦ ਸੁ ਨਾਦਿ। ਘਾਲੀ ਘਾਲ ਅਧਿਕ ਜਬ ਐਸੇ ਦੇਖਤਿ ਸਿੱਖਯ ਹੋਹਿਂ ਬਿਸਮਾਦਿ ॥ ੩੧ ॥ ਮਧਰੋ ਡੀਲ ਸ਼ਰੀਰ ਅਲਪਾਇਨ ਬਹੁਰ ਬ੍ਰਿੱਧ ਬਲ ਨਹਿਂ ਜਿਨ ਮਾਂਹਿ । ਸ੍ਵੇਤ ਕੇਸ ਤਿਨ ਚਰਮ ਸਿਥਲ ਬਹੁ ਸੇਵਾ ਸਭਿ ਤੇ ਅਧਿਕ ਕਰਾਹਿਂ । ਚਰਨ ਅੰਗੂਠਾ ਨਿਸ ਮੁਖ ਰਾਖਤ ਨਹਿਂ ਸੋਵਤ ਕਬਹੂੰ ਚਿਤ ਚਾਹਿ। ਜਾਮ ਜਾਮਨੀ ਤੇ ਜਲ ਆਨਹਿ ਗੁਰੂ ਸਨਾਨਹਿਂ ਪ੍ਰੇਮ ਉਮਾਹਿ ॥ ੩੨ ॥ ਸੀਤ ਉਸਨ ਬਰਖਾ ਬਡ ਹੋਵਤਿ ਸੇਵਹਿ ਇਕ ਸਮ ਜਾਨਹਿ ਨਾਹਿ ॥ ਤਪ ਬਿਸਾਲ ਕਰ ਘਾਲ ਸੁ ਘਾਲਹਿ ਧੰਨ ਜਨਮ ਕਰ ਲੀਨਿ ਉਪਾਹਿਂ। ਤੱਦਪਿ ਰੁਖ ਨਹਿ ਗੁਰ ਕਛੁ ਕਰਿ ਹੈਂ ਉਦਾਸੀਨ ਸੀ ਬ੍ਰਿਤੀ ਰਖਾਂਹਿ । ਨਿਕਟਿ ਬਿਠਾਹਿ ਨ ਬੋਲਹਿ ਬੂਝਹਿ ਅਗਮ ਗੁਰ ਗਤਿ ਲਖੀ ਨ ਜਾਹਿ ॥ ੩੩॥

[ਸੂ: ਪ੍ਰ: ਰਾਸ ੧ ਅੰਸੂ ੧੯-੧੭

ਨਿਸ਼ਾਨੀ ਛੰਦ-

ਪ੍ਰੇਮ ਲਪੇਟਯੋ ਬਾਕ ਸੁਨ ਮਨ ਦ੍ਰਵਯੋ ਕ੍ਰਿਪਾਲਾ । ਭਏ ਮਹਾ ਅਨੁਕੂਲ ਤਬਿ ਲਖ ਘਾਲ ਬਿਸਾਲਾ। ਬਖਸ਼ਨ ਕੋ ਬਖਸ਼ਸ਼ ਮਹਾਂ ਉਮਗਯੋ ਉਰ ਭਾਰੀ। ਕਰਨ ਕ੍ਰਿਤਾਰਥ ਦਾਸ ਕੋ ਗੁਰ ਗਿਰਾ ਉਚਾਰੀ ॥ ੨੨ ॥

ਤੋਮਰ ਛੰਦ-ਤੁਮ ਹੋ ਨਿਥਾਵਨ ਥਾਨ ਕਰਹੋ ਨਿਮਾਨਹਿ ਮਾਨ। ਬਿਨ ਓਟ ਕੀ ਤੁਮ ਓਟ। ਨਿਧਰੇਨ ਕੀ ਧਿਰ ਕੋਟ ॥੨੩॥ ਬਿਨ ਜੋਰ ਕੇ ਤੁਮ ਜੋਰ। ਸਮ ਕੋ ਨਹੈ ਤੁਮ ਹੋਰ। ਬਿਨ ਧੀਰ ਕੋ ਬਡ ਧੀਰ। ਸਭਿ ਪੀਰ ਕੇ ਬਡ ਪੀਰ ॥ ੨੪ ॥ ਤੁਮ ਹੋ ਗੁਸਈ ਬਹੋੜ। ਨਿਰਬੰਧ ਕੋ ਤਿਹ ਛੋੜ। ਘੜ



ਭੰਨਕੇ ਸਮਰਥ। ਜਗ ਜੀਵਕਾ ਤੁਮ ਹੱਥ ॥ ੨੫ ॥ ਬਰ ਦੀਨ ਦੁਆਦਸ਼ ਹੇਰ। ਸੁ ਪ੍ਰਸੰਨ ਹੋਇ ਵਡੇਰ। ਗਰ ਸੰਗ ਲਾਵਨ ਕੀਨਿ । ਪੁਲਕਾਇ ਪ੍ਰੇਮ ਪ੍ਰਬੀਨ ॥ ੨੬ ॥ ਮਮ ਰੂਪ ਭੈ ਮਿਲਿ ਅੰਗ। ਸਲਿਤਾ ਮਿਲਿ ਜਿਮਿ ਗੰਗ। ਜਿਮਿ ਬੂੰਦ ਸਿੰਧ ਮਝਾਰ । ਤਿਮ ਏਕ ਰੂਪ ਹਮਾਰ ॥ ੨੭ ॥

ਦੋਹਾ॥ ਕਨਕਾ ਪਾਵਕ ਦਊ ਬਿਖੈ ਮਿਲਿ ਸਰੂਪ ਇਕ ਹੋਇ। ਤਿਮ ਹਮ ਤੁਮ ਏਕੈ ਭਏ ਭੇਦ ਨ ਜਾਨਯੋਂ ਕੋਇ ॥ ੨੯ ॥

ਚੌਪਈ-ਤੁਵ ਤਨ ਮਹਿ ਹੁਇ ਕਰ ਪ੍ਰਵੇਸ । ਕਰਨੇ ਹੈਂ ਜਗ ਕਾਜ ਬਿਸ਼ੇਸ਼। ਇਮ ਪ੍ਰਸੰਨ ਇਕ ਰੂਪ ਬਨਾਯੋ । ਸਤਿਗੁਰ ਸੇਵ ਸਕਲ ਸਫਲਾਯੋ ॥

ਇਸੀ ਪ੍ਰਕਾਰ ਗੁਰੂ ਅੰਗਦ ਦੇਵ ਜੀ ਕੇ ਪਾਸ ਭਾਈ ਜੀਵਾ, ਗੁੱਜਰ, ਲੁਹਾਰ, ਨਾਈ ਧਿੰਗਾ, ਪਾਰੋ ਜੁਲਕਾ, ਮੂਲਾ ਸ਼ਾਹੀ, ਕਿਦਾਰੀ, ਦੀਪਾ ਨਾਰਾਇਣ ਦਾਸ, ਬੂਲਾ ਆਦਿ ਅਨੇਕ ਗੁਰੂ ਭਗਤ ਹੂਏ ਹਨ। ਔਰ ਗੁਰੂ ਅੰਗਦ ਦੇਵ ਜੀ ਮੇਂ ਪਰਮੇਸ਼ਰ ਬੁਧੀ ਰਖ ਕਰ ਧਿਆਨ ਕਰਤੇ ਰਹੇ ਉਨ ਕੇ ਪ੍ਰਸੰਗ ਸੂਰਯ ਪ੍ਰਕਾਸ਼ ਮੇਂ ਪਰਸਿੱਧ ਹੈ । ਇਸ ਪ੍ਰਕਾਰ ਗੁਰੂ ਮੇਂ ਮਨੁਸ਼ ਬੁਧੀ ਜੋ ਪ੍ਰਤੱਖ ਪ੍ਰਮਾਣ ਸੇ ਦੇਖੀ ਜਾਤੀ ਹੈ ਉਸ ਮਨੁਸ਼ ਬੁਧੀ ਕੋ ਛੋੜ ਕਰ ਪਰਮੇਸ਼ਰ ਬੁਧੀ ਕਰਨੀ ਯਾਨੇ ਪਰਮੇਸ਼ਰ ਰੂਪ ਜਾਨ ਕਰ ਗੁਰੂ ਮੂਰਤਿ ਕਾ ਧਿਆਨ ਕਰੇ ਜੈਸੇ "ਗੁਰੂ ਕੀ ਮੂਰਤ ਮਨ ਮੇਂ ਧਿਆਨ" । ਇਸ ਵਚਨ ਅਨੁਸਾਰ ਧਿਆਨ ਕਰੇ ਤਥਾ-ਦੇਵਤਾ ਲੋਕ ਮਨੁਸ਼ ਬਣਨੇ ਵਾਸਤੇ (ਜੈਸੇ ਗੁਰੂ ਜੀ ਲਿਖਤੇ ਹੈਂ "ਇਸ ਦੇਹੀ ਕਉ ਸਿਮਰੈ ਦੇਵ") ਪੰਜ ਯਗਯ ਕਰਤੇ ਹੈਂ, ਪਹਿਲੇ ਪੰਜ ਅਗਨੀਆਂ ਬਨਾਤੇ ਹੈਂ, ਏਕ ਅਗਨੀ ਸੁਵਰਗ ਲੋਕ ਕੋ ਬਨਾਤੇ ਹੈਂ, ਉਸ ਮੇਂ ਸ਼ਰਧਾ ਅਹੂਤੀ ਪਾਤੇ ਹੈਂ ਉਸ ਸੇ ਸੋਮ ਫਲ ਪਰਾਪਤ ਹੋਤਾ ਹੈ, ਫੇਰ ਉਸ ਸੋਮ ਕੋ ਮੇਘ ਰੂਪ ਦੂਸਰੀ ਅਗਨੀ ਮੇਂ ਹੋਮ ਕਰਤੇ ਹੈਂ, ਉਸ ਸੇ ਬ੍ਰਿਸ਼ਟਿ ਰੂਪ ਫਲ ਪ੍ਰਾਪਤ ਹੋਤਾ ਹੈ, ਫਿਰ ਉਸ ਬ੍ਰਿਸ਼ਟਿ ਕੋ ਤੀਸਰੀ ਪ੍ਰਿਥਵੀ ਰੂਪ ਅਗਨੀ ਮੇਂ ਹਵਨ ਕਰਤੇ ਹੈ, ਉਸ ਸੇ ਬੀਰਜ਼ ਰੂਪ ਫਲ ਪ੍ਰਾਪਤ ਹੋਤਾ ਹੈ, ਉਸ ਬੀਰਜ ਕੋ ਪੰਜਵੀਂ ਇਸਤ੍ਰੀ ਰੂਪ ਅਗਨੀਂ ਮੇਂ ਹਵਨ ਕਰਤੇ ਹੈਂ । ਉਸ ਸੇ ਪੁਤਰ ਰੂਪ ਫਲ ਪ੍ਰਾਪਤ ਹੋਤਾ ਹੈ, ਇਸ ਪ੍ਰਕਾਰ ਦੇਵਤਾ ਲੋਗ ਪੰਜਵੀਂ ਅਗਨੀ ਮੇਂ ਆਹੂਤੀ ਪਾਨੇ ਸੇ ਮਨੁਸ਼ਯ ਬਣਤੇ ਹੈਂ । ਸੋ ਇਨ ਪੰਜੋਂ ਮੇਂ ਯਾਨੇ ਸੁਰਗ, ਮੇਘ, ਪ੍ਰਿਥਵੀ, ਪੁਰਸ਼, ਇਸਤ੍ਰੀ ਇਨ ਮੇਂ ਅਗਨੀ ਬੁਧੀ ਕਰਨਾ ਇਸ ਕਾ ਨਾਮ ਸੰਪਤ ਉਪਾਸ਼ਨਾ ਹੈ, ਜੈਸੇ ਮਨੁਸ਼ ਦੇਵਤਾ ਬਣਨੇ ਕੀ ਇਛਾ ਕਰਤੇ ਹੈਂ, ਤੈਸੇ ਮਨੁਸ਼ ਦੇਵਤਾ ਬਣਨੇ ਕੀ ਇਛਾ ਕਰਤੇ ਹੈਂ। ਜੈਸੇ ਲਿਖਾ ਹੈ :-

ਸ਼ਲੋਕ-ਗਾਯੰਤੀ ਦੇਵਾ ਕਿਲਗੀਤ ਕਾਨੀ ਧੰਨਯਾਂਹੀ ਯੇ ਭਾਰਤ ਭੂਮੀ

**ਭਾਗੋ ਸ੍ਵਰਗ ਅਪਵਰਗਸ੍ਯ ਫਲ ਅਰਜਨਾਯ ਭਵੰਤੀ ਭੂਯ: ਪੁਰਸ਼ਾ ਸੁਰੁਤਵਾਤ੍ ॥**

ਟੀਕਾ-ਦੇਵਤਾ ਲੋਕ ਨਿਸਚੇ ਕਰਕੇ ਭੂਮੀ ਕੇ ਭਾਗ ਭਾਰਥ ਕੇ ਗੀਤ ਗਾਇਆ ਕਰਤੇ ਹੈਂ ਔਰ ਕਹਿਤੇ ਹੈਂ ਧੰਨ ਭਾਰਥ ਭੂਮੀ ਹੈ। ਕਬ ਹਮਾਰੇ ਭਾਗ ਹੋਵੇਂਗੇ ਜੋ ਭਾਰਤ ਭੂਮੀ ਮਿਲੇਗੀ ? ਜੋ ਸੁਰਗ ਔਰ ਮੋਖਸ਼ ਕੇ ਫਲ ਇਕੱਠੇ ਕਰਨੇ ਵਾਸਤੇ ਮਨੁਸ਼ ਬਣੇਂਗੇ। ਇਸ ਪ੍ਰਕਾਰ ਦੇਵਤਾ ਲੋਕ ਮਨੁਸ਼ਪੁਨੇ ਕੀ ਇਛਾ ਕਰਤੇ ਹੋਏ ਪੰਚਾਗਨਿ ਮੇਂ ਅਹੂਤੀਆਂ ਪਾ ਕੇ ਮਨੁਸ਼ ਬਣਤੇ ਹੈਂ, ਔਰ ਮਨੁਸ਼ਯ ਦੇਵਤਾਪੁਨੇ ਕੀ ਇਛਾ ਕਰਤੇ ਹੈਂ।

**ਸ਼ਲੋਕ ॥ ਤ੍ਰਈ ਵਿਦਿਆ ਮਾਂ ਸੋਮਪਾ ਪੂਤ ਪਾਪ: । ਯਗਯੈ: ਇਸਟ੍ਵਾ ਸ੍ਵਰਗਤਿੰ ਪ੍ਰਾਰਥਯੰਤੇ ਤੇ ਪੁਨਯਮਾਸਾਦ੍ਯ ਸੁਰੇਂਦ੍ਰ ਲੋਕਮਸ੍ਨੰਤਿ ਦਿਬਯਾਨ ਦਿਬਯਾਨ ਦਿਵਿ ਦੇਵ ਭੋਗਾਨ੍ ॥**

ਟੀਕਾ-ਰਿਗ, ਯਜੁ, ਸਾਮ, ਇਨ ਤੀਨ ਵੇਦੋਂ ਕੀ ਵਿਦਿਆ ਦਵਾਰਾ ਯਗਯੋਂ ਸੇ ਮੇਰਾ ਪੂਜਨ ਕਰਕੇ ਔਰ ਯਗੀ ਅਮ੍ਰਿਤ ਪੀ ਕਰ ਸ਼ੁਧ ਚਿਤ ਵਾਲੇ ਹੂਏ ਹੂਏ ਸਵਰਗ ਕੀ ਪ੍ਰਾਰਥਨਾ ਕਰਤੇ ਹੈਂ, ਵਹੁ ਪੁਰਸ਼ ਪੁੰਨ ਪਰਭਾਵ ਸੇ ਸਵਰਗ ਮੇਂ ਜਾਕਰ ਦਿਬਯ ਭੋਗੋਂ ਕੋ ਭੋਗਤੇ ਹੈਂ, ਇਸ ਪ੍ਰਕਾਰ ਦੇਵਤਾ ਮਨੁਸ਼ ਬਣਨੇ ਕੀ ਇਛਾ ਕਰਤੇ ਹੈਂ ਔਰ ਮਨੁਸ਼ ਦੇਵਤਾਓਂ ਕੀ ਇਛਾ ਕਰਤੇ ਹੈਂ ਪਰਮ ਪਦਵੀ ਕੋ ਦੋਨੋਂ ਨਹੀਂ ਜਾਣਤੇ ਜੈਸੇ ਕੋਈ ਪ੍ਰੇਮੀ ਬ੍ਰਹਮਵੇਤਾ ਗੁਰੂ ਕੇ ਪਾਸ ਸ਼ਿਸ਼ ਬਣਨੇ ਕੋ ਆਇਆ, ਬ੍ਰਹਮਵੇਤਾ ਮਹਾਤਮਾ ਨੇ ਕਹਾ ਨਦੀ ਕੇ ਪਾਰ ਸੇ ਲਕੜੀਓਂ ਕਾ ਬੋੜ ਲਾਓ ਤਬ ਤੁਮ ਕੋ ਸ਼ਿਸ਼ ਬਨਾਏਂਗੇ ਪਰੰਤੂ ਪਾਰ ਸੇ ਲਾਨਾ ਉਰਾਰ ਸੇ ਨਾ ਲੇ ਆਨਾ, ਤਬ ਵੋਹ ਪ੍ਰਸੰਨ ਹੋਕਰ ਨਦੀ ਤੀਰੇ ਗਿਆ ਔਰ ਪੂਛਾ ਨਉਕਾ ਕਹਾਂ ਜਾਏਗੀ ਉਨੋਂ ਨੇ ਕਹਾ ਨਦੀ ਪਾਰ ਜਾਏਗੀ ਤਬ ਵੋਹ ਨੌਕਾ ਮੇਂ ਬੈਠ ਕੇ ਪਾਰ ਗਿਆ ਤੋ ਵਹਾਂ ਘਾਟ ਪਰ ਬਹੁਤ ਆਦਮੀ ਖੜੇ ਥੇ ਉਨੋਂ ਨੇ ਮਲਾਹ ਕੋ ਕਹਾ ਹਮ ਕੋ ਪਾਰ ਕਰਾਉ ਪਾਰ ਕਾ ਲਫਜ਼ ਸੁਣ ਕੇ ਪ੍ਰੇਮੀ ਹੈਰਾਨ ਹੂਆ ਔਰ ਕਹਾ ਮੈਂ ਤੋ ਪਾਰ ਆਯਾ ਥਾ ਉਨੋਂ ਨੇ ਕਹਾ ਨਹੀਂ ਯਹਿ ਉਰਾਰ ਹੈ ਪਾਰ ਜਾਣਾ ਹੋ ਤੋ ਫਿਰ ਨੌਕਾ ਮੇਂ ਬੈਠੋ, ਫਿਰ ਇਸ ਪਾਰ ਆਇਆ ਆਗੇ ਲੋਕ ਨੌਕਾ ਮੇਂ ਬੈਠ ਕਰ ਪਾਰ ਜਾਨੇ ਕੋ ਤਿਆਰ ਥੇ ਉਨੋਂ ਸੇ ਭਗਤ ਪੂਛਨੇ ਲਗਾ ਕਹਾਂ ਚਲੇ ਹੋ ? ਉਨੋਂ ਨੇ ਕਹਾ ਹਮ ਨੇ ਪਾਰ ਜਾਣਾ ਹੈ। ਇਸ ਪ੍ਰਕਾਰ ਕਈ ਬਾਰ ਆਇਆ ਔਰ ਗਿਆ ਪਰੰਤੂ ਉਸ ਕੋ ਪਾਰ ਕਾ ਪਤਾ ਨ ਲਗਾ। ਇਸੀ ਪ੍ਰਕਾਰ ਮਨੁਸ਼ ਔਰ ਦੇਵਤਾਓਂ ਕੋ ਭੀ ਪਾਰ ਕਾ ਪਤਾ ਨਹੀਂ ਮਨੁਸ਼ ਕਹਿਤੇ ਹੈਂ ਸੁਰਗ ਕੋ ਜਾਏਂ ਔਰ ਦੇਵਤਾ ਕਹਿਤੇ ਹੈਂ ਮਾਤ ਲੋਕ ਕੋ ਜਾਏਂ ਪਰੰਤੂ ਪਾਰ ਕਾ ਪਤਾ ਨਹੀਂ, ਸੁਰਗ ਵਾਲੇ ਦੇਰਤਾ ਮਨੁਸ਼ ਬਣਨੇ ਵਾਸਤੇ ਸੁਰਗਾਦਿ ਲੋਕੋਂ ਕੋ ਲੋਕ ਬੁਧੀ ਛੋੜ ਕਰ ਅਗਨੀ ਬੁਧੀ ਕਰਤੇ ਹੈਂ ਇਸਕਾ ਨਾਮ ਸੰਪਤਿ ਉਪਾਸ਼ਨਾ ਹੈ।

(ਇਸ ਪ੍ਰਕਾਰ ਦੂਸਰੀ ਸੰਪਤਿ ਉਪਾਸ਼ਨਾ ਸਮਾਪਤਿ ਕਰੀ)



# ਤੀਸਰਾ ਅਹੰਗ੍ਰਹ ਧਿਆਨ

**ਧਿਆਨ ਅਹੰਗ੍ਰਹ ਪ੍ਰਣਵ ਰੂਪ ਕੋ ਕਹਯੋ ਸੁਰੇਸ੍ਵਰ ਸ੍ਰੁਤਿ ਅਨੁਸਾਰ ॥**
**ਅਖਰ ਪ੍ਰਣਵ ਬ੍ਰਹਮ ਰੂਪ ਸੋ ਯੋ ਅਨੁਲਵਨਿਜਮਤਿ ਗਤਿ ਧਾਰ ॥**
**ਧਿਆਨ ਸਮਾਨ ਆਨ ਨਹਿੰ ਜਾਕੇ ਪੰਚੀ ਕਰਣ ਪ੍ਰਕਾਰ ਵਿਚਾਰ ॥**
**ਜੋ ਯਹ ਕਰਤ ਉਪਾਸਨ ਸੋ ਮੁਨਿ ਤੁਰਤਿ ਨਸ਼ੈ ਸੰਸਾਰ ਅਪਾਰ ॥**

ਟੀਕਾ-ਗੁਰੂ ਜੀ ਕਹਤੇ ਹੈਂ ਹੇ ਸ਼ਿਸ਼ ਪ੍ਰਣਵਰੂਪ ਕਾ ਯਾਨੇ ਓਅੰਕਾਰ ਰੂਪ ਕਾ ਅਹੰਗ੍ਰਹ ਧਿਆਨ ਮਾਂਡੂਕਯ ਪ੍ਰਸ਼ਨ ਆਦਿ ਸ੍ਰੁਤੀ ਕੇ ਅਨੁਸਾਰ ਸੁਰੇਸ੍ਵਰਾਚਾਰਯ ਨੇ ਕਹਾ ਹੈ, ਸੋ ਤੂੰ ਕਰ। ਤਾਂਕਾ ਸੰਖਜੇਪ ਸੇ ਪ੍ਰਕਾਰ ਯਹ ਹੈ। ਪ੍ਰਣਵ ਯਾਨੇ ਓਮ ਅਖਰ ਬ੍ਰਹਮ ਸਰੂਪ ਹੈ। ਸੋ ਓਮ ਰੂਪ ਬ੍ਰਹਮ ਮੈਂ ਹੂੰ ਯਹ ਅਰਥ ਨਿਰੰਤਰ ਅਪਨੀ ਬੁਧੀ ਕੀ ਬ੍ਰਿਤੀ ਮੇਂ ਇਸਥਿਤ ਕਰ ਇਸਕੇ ਸਮਾਨ ਹੋਰ ਧਿਆਨ ਨਹੀਂ। ਇਸ ਪ੍ਰਕਾਰ ਪੰਚੀਕਰਣ ਗ੍ਰੰਥ ਮੇਂ ਵਿਸਥਾਰ ਸੇ ਲਿਖਾ ਹੈ। ਜੋ ਯਹ ਉਪਾਸ਼ਨਾ ਕਰਤਾ ਹੈ ਵੋਹ ਮੁਨੀ ਹੈ। ਇਸ ਉਪਾਸ਼ਨਾ ਕਰਨੇ ਸੇ ਜਨਮ ਮਰਣ ਆਦਿ ਸੰਸਾਰ ਜਲਦੀ ਨਿਵਿਰਤ ਹੋ ਜਾਏਗਾ। ਯਾਕਾ ਭਾਉ ਯਹ ਹੈ ਸੰਸਾਰ ਮੇਂ ਜਿਤਨੇ ਭੀ ਨਾਮ ਹੈਂ ਸੋ ਸਭ ਓਅੰਕਾਰ ਸੇ ਨਿਕਲੇ ਹੈਂ। ਔਰ ਜਿਤਨੇ ਰੂਪ ਹੈਂ ਵੋਹ ਨਾਮ ਕੇ ਅੰਤਰ ਗਤ ਹੈਂ। ਯਾਤੇ ਸਰਵ ਰੂਪ ਓਅੰਕਾਰ ਹੈ। ਜੈਸੇ ਸਰਵ ਸਰੂਪ ਬ੍ਰਹਮ ਹੈ ਯਾਤੇ ਓਅੰਕਾਰ ਬ੍ਰਹਮ ਰੂਪ ਅਰ ਓਅੰਕਾਰ ਬ੍ਰਹਮ ਕਾ ਨਾਮ ਭੀ ਹੈ ਯਾਂ ਤੇ ਭੀ ਓਅੰਕਾਰ ਬ੍ਰਹਮ ਰੂਪ ਹੈ ਅਰ ਓਮ ਅਖਰ ਬ੍ਰਹਮ ਮੇਂ ਕਲਪਿਤ ਹੈ। ਬ੍ਰਹਮ ਅਧਿਸ਼ਠਾਨ ਹੈ। ਅਧਯਸ੍ਤ ਕਾ ਸਰੂਪ ਅਧਿਸ਼ਠਾਨ ਸੇ ਨਿਆਰਾ ਨਹੀਂ ਯਾਂ ਤੇ ਭੀ ਓਅੰਕਾਰ ਬ੍ਰਹਮ ਸਰੂਪ ਹੈ ਯਾਤੇ ਓਅੰਕਾਰ ਕੋ ਬ੍ਰਹਮ ਰੂਪ ਸੇ ਚਿੰਤਨ ਕਰਕੇ ਫਰ ਬ੍ਰਹਮ ਰੂਪ ਓਅੰਕਾਰ ਕਾ ਆਤਮਾ ਸੇ ਭੀ ਅਭੇਦ ਚਿੰਤਨ ਕਰੇ। ਕਾਹੇ ਤੇ ਆਤਮਾ ਕਾ ਬ੍ਰਹਮ ਸੇ ਮੁਖ ਅਭੇਦ ਹੈ ਔਰ ਜੈਸੇ ਓਅੰਕਾਰ ਕੀਆਂ ਚਾਰ ਮਾਤ੍ਰਾਂ ਹੈਂ ਔਰ ਬ੍ਰਹਮ ਕੇ ਚਾਰ ਪਾਦ ਹੈਂ। ਤੈਸੇ ਆਤਮਾ ਕੇ ਭੀ ਚਾਰ ਪਾਦ ਯਾਨੇ ਹਿਸੇ ਹੈਂ।

ਵਿਸਵ ਔਰ ਵੈਰਾਠ ਕਾ ਨਾਮ ਅਕਾਰ ਹੈ ਜਾਗ੍ਰਤ ਅਵਸਥਾ ਹੈ ਅਸਥੂਲ ਭੋਗ ਹੈ ਬਾਹਰ ਪ੍ਰਗਯ ਯਾਨੇ ਬੁਧੀ ਹੈ। ਨੇਤ੍ਰ ਅਸਥਾਨ ਹੈ। ਇਸੀ ਪ੍ਰਕਾਰ ਤੇਜਸ ਔਰ ਹਿਰਣ ਗਰਭ ਕਾ ਨਾਮ ਉਕਾਰ ਹੈ। ਸੁਪਨ ਅਵਸਥਾ ਹੈ ਸੂਖਮ ਭੋਗ ਹੈ ਅੰਤਰ ਪ੍ਰਗਯ ਯਾਨੇ ਬੁਧੀ ਹੈ ਔਰ ਕੰਠ ਅਸਥਾਨ ਹੈ। ਪ੍ਰਾਗਯ ਔਰ ਈਸੁਰ ਕਾ ਮਕਾਰ ਨਾਮ ਹੈ। ਸੁਸੁਪਤੀ ਅਵਸਥਾ ਹੈ ਆਨੰਦ ਭੋਗ ਹੈ ਪ੍ਰਗਯਾਨ ਘਨ ਬੁਧੀ ਹੈ ਹਿਰਦਾ ਅਸਥਾਨ ਹੈ। ਕੂਟਸਥ ਔਰ ਬ੍ਰਹਮ ਕੋ ਅਮਾਤ੍ਰ ਯਾਨੇ ਅਸਤੀ ਭਾਤੀ ਪ੍ਰਿਯ ਭੀ ਕਹਤੇ ਹੈਂ ਤੁਰੀਆ ਅਵਸਥਾ ਹੈ ਅਭੋਗਤਾ ਹੈ

| ਨਾਮ | ੧ | ੨ | ੩ | ੪ |
|---|---|---|---|---|
| ੪ ਹਿੱਸੇ ਓਮ | ਅ | ੳ | ਮ | ਅਮਾਤ੍ਰ |
| ੪ ਹਿੱਸੇ ਜੀਵ | ਵਿਸ਼ਵ | ਤੈਜਸ | ਪ੍ਰਾਗਯ | ਜੀਵਸਾਖੀ ਕੂਟਸਥ |
| ੪ ਹਿੱਸੇ ਈਸ਼੍ਵਰ | ਵੈਰਾਠ | ਹਿਰਣਜਗਰਭ | ਈਸ਼੍ਵਰ | ਈਸ਼੍ਵਰ ਸਾਖੀ ਬ੍ਰਹਮ |
| ਅਸਥਾਨ | ਸਜਾ ਨੇਤ੍ਰ | ਕੰਠ | ਹਿਰਦਾ | ਰੋਮ ਰੋਮ |
| ਅਵਸਥਾ | ਜਾਗ੍ਰਤ | ਸੁਪਨ | ਸ਼ਸੋਪਤੀ | ਤੁਰੀਯਾ |
| ਭੋਗ | ਅਸਥੂਲ | ਸੂਖਮ | ਆਨੰਦ | ਅਭੋਗਤਾ |
| ਬੁਧੀ | ਬਹੀਰ ਪ੍ਰਗਯ | ਅੰਤਰ ਪ੍ਰਜਯ | ਪ੍ਰਗਯਾਨ ਘਨ | ਅਪ੍ਰਗਯ |
| ਉਪਾਧੀ | ਵਯਸਟੀ ਸਮਸਟੀ ਅਸਥੂਲ ਉਪਾਧੀ ਵਾਲਾ ਵਿਸ੍ਵ ਵੈਰਾਟ ਹੈ ਦੋਨੋ ਏਕ ਰੂਪ ਹੈਂ | ਸੂਖਮਵਯਸਟੀ ਸਮਸ੍ਟੀ ਉਪਾਧੀ ਵਾਲੇ ਤੈਜਸ ਹਿਰਣਯ ਗਰਭ ਹੈ ਯੇ ਭੀ ਦੋਨੋਏਕ ਰੂਪਹੈਂ | ਕਾਰਣ ਵ੍ਯਿਸਟੀਸਮ-ਸਟੀ ਉਪਾਧੀ ਵਾਲੇ ਪ੍ਰਾਗਯ ਈਸ਼ਵਰ ਹੈ ਯਹ ਦੋਨੋ ਏਕ ਰੂਪ ਹੈ | ਨਿਰਉਪਾਧਕ ਯਾਨੇ ਸਾਖੀ ਔਰ ਬ੍ਰਹਮ ਉ-ਪਾਧੀ ਰਹਿਤ ਸ਼ੁਧ ਹੈ ਯਹ ਦੋਨੋ ਏਕ ਰੂਪ ਹੈ |



ਯਾਨੇ ਆਤਮਾ ਸਰੂਪ ਸੇ ਭੋਗ ਰਹਿਤ ਹੈ ਅਪ੍ਰਗਯ ਯਾਨੇ ਬੁਧੀ ਰਹਿਤ ਹੈ ਰੋਮ ਰੋਮ ਅਸਥਾਨ ਹੈ। ਵਿਸ੍ਵ ਰੂਪ ਵੈਰਾਠ ਕੇ ਸਪਤ ਅੰਗ ਹੈਂ ਔਰ ਉਨੀਸ ਮੁਖ ਹੈਂ ਸੋ ਅਸਥੂਲ ਹੈਂ। ਅੰਗ ਯਹ ਹੈਂ ਸੁਰਗ ਮੂਰਧਾ ਹੈ ਸੂਰਯ ਨੇਤ੍ਰ ਹੈਂ ਵਾਯੂ ਪ੍ਰਾਣ ਹੈਂ ਅਕਾਸ਼ ਧੜ ਹੈ ਸਮੁੰਦ੍ਰ ਆਦਿ ਜਲ ਮੂਤਰ ਅਸਥਾਨ ਹੈ। ਪ੍ਰਿਥਵੀ ਪਾਦ ਹੈ । ਜਾਂ ਅਗਨੀ ਮੇਂ ਹੋਮ ਕਰਿਯੇ ਸੋ ਅਗਨੀ ਮੁਖ ਹੈ। ਅੰਗੋਂ ਕੋ ਕਹਿ ਕਰ ਅਬ ੧੯ ਮੁਖ ਕਹਿਤੇ ਹੈਂ ਤ੍ਰਿਪੁਟੀਓਂ ਮੇਂ ।

ਯਹ ੧੯ ਤ੍ਰਿਪੁਟੀਆਂ ਵਿਸ੍ਵ ਰੂਪ ਵੈਰਾਟ ਕੇ ੧੯ ਮੁਖ ਹੈਂ ਯਾਨੇ ਅਸਥੂਲ ਭੋਗੋਂ ਕੇ ਸਾਧਨ ਹੈਂ ਇਨ ਦੁਆਰਾ ਵਿਸ੍ਵ ਔਰ ਵੈਰਾਟ ਅਸਥੂਲ ਭੋਗੋਂ ਕੋ ਭੋਗਤੇ ਹੈਂ ਐਸੇ ਹੀ ਤੈਜਸ ਹਿਰਨਯ ਗਰਭ ਕੇ ਭੀ ਉਨੀਸ ਮੁਖ ਹੈਂ ਪਰੰਤੂ ਵੋ ਸੂਖਮ ਮਨੋਮਯ ਹੈਂ। ਜੈਸੇ ਵਿਸ੍ਵ ਔਰ ਤੈਜਸ ਕਾ ਤ੍ਰਿਪੁਟੀ ਸੇ ਭੋਗ ਹੋਵੇ ਹੈ ਤੈਸੇ ਪ੍ਰਾਗ ਕੇ ਭੋਗ ਕੀ ਭੀ ਤ੍ਰਿਪੁਟੀ ਕਹੀਏ ਹੈ, ਚੇਤਨ ਕੇ ਪ੍ਰਤਿਬਿੰਬ ਸਹਿਤ ਜੋ ਅਵਿਦਿਆ ਕੀ ਬ੍ਰਿਤੀ ਹੈ ਸੋ ਅਧਯਾਤਮ ਹੈ। ਅਗਿਆਨ ਸੇ ਆਬ੍ਰਿਤ ਜੋ ਸ੍ਵਰੂਪ ਅਨੰਦ ਸੋ ਅਧਿਭੂਤ ਹੈ ਔਰ ਈਸ੍ਵਰ ਅਧਿਦੇਵ ਹੈ, ਇਸੀ ਤੇ ਵਿਸ੍ਵ ਤੋ ਬਾਹਿਰ ਪ੍ਰਗਯ ਹੈ ਔਰ ਤੈਜਸ ਅੰਤਰ ਪ੍ਰਗਯ ਹੈ ਔਰ ਪ੍ਰਾਗਯ ਪ੍ਰਾਗਯਾਨ ਘਨ ਹੈ। [ਵਿਚਾਰ ਸਾਗਰ ਪੰਚਮ ਤਰੰਗ

ਐਸਾ ਜੋ ਤੀਨੋਂ ਕਾ ਭੇਦ ਹੈ ਸੋ ਉਪਾਧਿ ਕਰਕੇ ਹੈ ਵਿਸ੍ਵ ਕੀ ਅਸਥੂਲ ਸੂਖਮ ਅਗਿਆਨ ਤੀਨ ਉਪਾਧੀਆਂ ਹੈ ਔਰ ਤੈਜਸ ਕੀ ਸੂਖਮ ਅਗਿਆਨ ਦੋ ਉਪਾਧੀਆਂ ਹੈਂ ਔਰ ਪ੍ਰਾਗਯ ਕੀ ਏਕ ਅਗਿਆਨ ਉਪਾਧਿ ਹੈ। ਇਸ ਰੀਤਿ ਸੇ ਉਪਾਧਿ ਕੀ ਨਯੂਨਤਾ ਅਧਿਕਤਾ ਸੇ ਤੀਨੋਂ ਕਾ ਭੇਦ ਹੈ। ਪਰਮਾਰਥ ਕਰਕੇ ਸ੍ਵਰੂਪ ਕਾ ਭੇਦ ਨਹੀਂ। ਵਿਸ਼ਵ ਤੈਜਸ ਪ੍ਰਾਗਯ ਇਨ ਤੀਨੋਂ ਵਿਸ਼ੇ ਅਨੁਗਤ ਜੋ ਚੇਤਨ ਹੈ ਸੋ ਪਰਮਾਰਥ ਸੇ ਤੀਨੋਂ ਉਪਾਧਿ ਕੇ ਸੰਬੰਧ ਸੇ ਰਹਿਤ ਹੈਂ। ਤੀਨੋਂ ਉਪਾਧਿ ਕਾ ਅਧਿਸਠਾਨ ਤੁਰੀਯ ਹੈ ਸੋ ਬਾਹਿਰ ਪ੍ਰਗਯ ਨਹੀਂ ਔਰ ਅੰਤਰ ਪ੍ਰਗਯ ਨਹੀਂ ਔਰ ਪ੍ਰਗਯਾਨ ਘਨ ਭੀ ਨਹੀਂ ਕਰਮ ਇੰਦ੍ਰਿਯ ਕਾ ਔਰ ਗਿਆਨ ਇੰਦ੍ਰਯ ਕਾ ਵਿਸ਼ਯ ਨਹੀਂ ਔਰ ਬੁਧੀ ਕਾ ਵਿਸ਼ਯ ਨਹੀਂ ਕਿਸੀ ਸ਼ਬਦ ਕਾ ਵਿਸ਼ਯ ਨਹੀਂ ਐਸਾ ਜੋ ਤੁਰੀਯ ਹੈ ਤਾਂ ਕੋ ਪਰਮਾਤਮਾ ਕਾ ਚਤੁਰਥ ਪਾਦ ਈਸ੍ਵਰ ਸਾਖੀ ਸੁਧ ਬ੍ਰਹਮ ਰੂਪ ਜਾਨੇ। ਇਸ ਰੀਤਿ ਸੇ ਦੋ ਪ੍ਰਕਾਰ ਕਾ ਆਤਮਾ ਕਾ ਸ੍ਵਰੂਪ ਕਹਿਆ । ਏਕ ਤੋ ਪਰਮਾਰਥ ਰੂਪ ਹੈ ਔਰ ਏਕ ਅਪਰਮਾਰਥ ਰੂਪ ਹੈ ਤੀਨ ਪਾਦ ਤੋ ਅਪ੍ਰਮਾਰਥ ਰੂਪ ਹੈ ਔਰ ਏਕ ਪਾਦਤੁਰੀਯ ਪ੍ਰਮਾਰਥਰੂਪ ਹੈ। ਜੈਸੇ ਆਤਮਾ ਕੇ ਦੋ ਸ੍ਵਰੂਪ ਹੈਂ ਤੈਸੇ ਓਅੰਕਾਰ ਕੇ ਭੀ ਦੋ ਸ੍ਵਰੂਪ ਹੈਂ ਅਕਾਰ ਉਕਾਰ ਮਕਾਰ ਯੇ ਤੀਨ ਮਾਤ੍ਰਾ ਰੂਪ ਜੋ ਵਰਣ ਹੈਂ ਸੋ ਤੋ ਅਪਰਮਾਰਥ ਰੂਪ ਹੈ ਔਰ ਤੀਨ ਮਾਤ੍ਰਾ ਵਿਖੇ ਬਯਾਪਕ ਜੋ ਅਸਤੀ ਭਾਂਤੀ ਪ੍ਰਿਯ ਰੂਪ ਅਧਿਸਠਾਨ ਚੇਤਨ ਹੈ ਸੋ ਪਰਮਾਰਥ ਰੂਪ ਹੈ, ਜੋ ਓਅੰਕਾਰ ਕਾ ਪਰਮਾਰਥ ਰੂਪ ਹੈ ਤਾਂਕੋ ਸ੍ਰੁਤਿ ਵਿਖੇ ਅਮਾਤ੍ਰ ਸ਼ਬਦ ਕਰਕੇ ਕਹਾ ਹੈ ਕਾਹੇ ਤੇ ਤਾ ਪਰਮਾਰਥ ਸ੍ਵਰੂਪ ਵਿਖੇ ਮਾਤ੍ਰਾ ਵਿਭਾਗ ਹੈ ਨਹੀਂ ਯਾਤੇ ਅਮਾਤ੍ਰ ਕਹੀਏ ਹੈ ਇਸ ਰੀਤਿ ਸੇ ਦੋ ਸ੍ਵਰੂਪ ਵਾਲਾ ਜੋ ਓਅੰਕਾਰ ਹੈ ਤਾਂਕਾ ਦੋ ਸ੍ਵਰੂਪ ਵਾਲੇ ਆਤਮਾ ਸੇ ਅਭੇਦ ਜਾਨੇ।

ਤ੍ਰਿਪੁਟੀ ਤੀਨ ਕਾ ਨਾਮ ਹੈ ਤੀਨ ਯਹ ਹੈਂ—ਏਕ ਅਧਯਾਤਮ, ਦੂਸਰਾ ਅਧੀਭੂਤ, ਤੀਸਰਾ ਅਧੀਦੇਵ। ਅਧਯਾਤਮ ਯਾਨੇ ੧੯ ਮੁਖ ਯਹ ਹੈਂ-ਪਾਂਚ ਗਯਾਨ ਇੰਦ੍ਰਯਾਂ, ਪਾਂਚ ਕਰਮ ਇੰਦ੍ਰਯਾਂ, ਚਾਰ ਅੰਤਹਕਰਣ, ਪਾਂਚ ਪ੍ਰਾਣ, ਯਹ ੧੯ ਅਧਯਾਤਮ ਯਾਨੇ ਮੁਖ ਹੈਂ ਇਨਕੇ ਵਿਸ਼ਯ ਅਧੀਭੂਤ ਕਹਿਲਾਤੇ ਹੈਂ ਔਰ ਇਨਕੇ ਦੇਵਤਾਓਂ ਕੋ ਅਧੀਦੇਵ ਕਹਿਤੇ ਹੈਂ ਸੋ ਯਹ ਹੈ :-

| ਨੰਬਰ | ਅਧਯਾਤਮ | ਅਧੀਭੂਤ | ਅਧੀਦੇਵ |
|---|---|---|---|
| ੧ | ਨੇਤ੍ਰ | ਰੂਪ | ਸੂਰਯ |
| ੨ | ਤ੍ਵਚਾ | ਸਪਰਸ਼ | ਵਾਯੂ |
| ੩ | ਸ੍ਰੋਤ੍ਰ | ਸ਼ਬਦ | ਦਿਗਪਾਲ |
| ੪ | ਰਸਨਾ | ਰਸ | ਵਰਣਦੇਵ |
| ੫ | ਨਾਸਕਾ | ਗੰਧ | ਅਸ਼੍ਵਨੀ ਕੁਮਾਰ |
| ੬ | ਵਾਕ | ਬੋਲਨਾ | ਸਰਸ੍ਵਤੀ |
| ੭ | ਹਾਥ | ਪਕੜਨਾ | ਇੰਦਰ |
| ੮ | ਪੈਰ | ਚਲਨਾ | ਵਿਸ਼ਨੂ ਭਗਵਾਨ |
| ੯ | ਗੁਦਾ | ਮਲ ਤਿਆਗਨਾ | ਯਮਰਾਜ |
| ੧੦ | ਲਿੰਗ | ਵਿਸ਼ਯ ਸੁਖ | ਪ੍ਰਜਾਪਤੀ |
| ੧੧ | ਮਨ | ਮੰਤਬਯ ਵਸਤੂ | ਚੰਦ੍ਰਮਾ |
| ੧੨ | ਬੁਧੀ | ਬੋਧਬਯ ਵਸਤੂ | ਬ੍ਰਹਸਪਤੀ |
| ੧੩ | ਅਹੰਕਾਰ | ਜਿਸਕਾ ਅਭਿਮਾਨ ਕਰੇ ਵੋ ਵਸਤੂ | ਰੁਦ੍ਰ, ਮਹਾਦੇਵ |
| ੧੪ | ਚਿਤ | ਚਿੰਤਨ ਕੇ ਲਾਯਕ ਵਸਤੂ | ਸਾਖੀ ਖੇਤ੍ਰਗਯ |
| ੧੫ | ਪ੍ਰਾਣ | ਮੁਖ ਨਾਸਕਾ ਸੇ ਅੰਦਰ ਬਾਹਰ ਆਨਾ ਜਾਨਾ | ਈਸ਼ਾਨ |
| ੧੬ | ਅਪਾਨ | ਮਲ ਮੂਤ੍ਰ ਕੋ ਨੀਚੇ ਫੈਂਕਨਾ | ਘੋਰ |
| ੧੭ | ਸਮਾਨ | ਖਾਏ ਪੀਏ ਅੰਨ ਜਲ ਕੋ ਸਮ ਕਰਨਾ | ਵਾਮਦੇਵ |
| ੧੮ | ਵਿਯਾਨ | ਨਾੜੀ੨ ਮੇਂ ਰਸ ਪਹੁਚਾਨਾ | ਸਦਯੋਜਾਤ |
| ੧੯ | ਉਦਾਨ | ਮਰਨ ਸਮੇਂ ਜੀਵਾਤਮਾ ਕੋ ਬਾਹਰ ਕਰਨਾ | ਤਤ ਪੁਰਖ |



(੧) ਵਿਯਸਟੀ ਸਮਸਟੀਅਸਥੂਲ ਪਰਪੰਚ ਤਾਂ ਸਹਿਤ ਵਿਸਵ ਔਰ ਵਿਰਾਟ ਕਾ ਅਕਾਰ ਸੇ ਅਭੇਦ ਜਾਨੇ। ਆਤਮਾ ਕੇ ਜੋ ਪਾਦ ਹੈ ਤਿਨ ਵਿਖੇ ਅਸਥੂਲ ਪਰਪੰਚ ਸਹਿਤ ਜੋ ਵੈਰਾਟ ਰੂਪ ਵਿਸਵ ਹੈ ਸੋ ਵਿਸ਼ਵ ਆਦਿ ਹੈ ਅਰ ਓਅੰਕਾਰ ਦੀ ਮਾਤ੍ਰਾ, ਵਿਖੇ ਅਕਾਰ ਆਦਿ ਹੈਂ ਯਾਂਤੇ ਦੋਨੋਂ ਕੋ ਏਕ ਜਾਨੇ। (੨) ਸੂਖਮ ਪਰਪੰਚ ਸਹਿਤ ਜੋ ਹਿਰਣ ਗਰਭ ਰੂਪ ਤੈਜਸ ਹੈ ਤਾਂ ਕੋ ਉਕਾਰ ਰੂਪ ਜਾਨੇ ਤੈਜਸ ਭੀ ਦੂਸਰਾ ਹੈ ਉਕਾਰ ਭੀ ਦੂਸਰਾ ਹੈ ਯਾਂਤੇ ਦੋਨੋਂ ਕੋ ਏਕ ਜਾਣੇ। (੩) ਕਾਰਣ ਉਪਾਧਿ ਸਹਿਤ ਜੋ ਈਸ਼੍ਵਰ ਰੂਪ ਪ੍ਰਾਗਯ ਹੈ ਤਾਂਕੋ ਮਕਾਰ ਰੂਪ ਜਾਨੇ। ਜੈਸੇ ਈਸ਼੍ਵਰ ਰੂਪ ਪ੍ਰਾਗਯ ਤੀਸਰਾ ਹੈ ਤੈਸੇ ਮਕਾਰ ਵੀ ਤੀਸਰਾ ਹੈ ਯਾਂਤੇ ਈਸ੍ਵਰ ਰੂਪ ਪ੍ਰਾਗਯ ਔਰ ਮਕਾਰ ਕੋ ਏਕ ਜਾਣੇ। (੪) ਤੀਨੋਂ ਵਿਖੇ ਅਨੁਗਤ ਯਾਨੇ ਪੂਰਣ ਜੋ ਪਰਮਾਰਥ ਰੂਪ ਤੁਰੀਯ ਸਾਖੀ ਚੇਤਨ ਹੈ ਤਾਂਕੋ ਓਅੰਕਾਰ ਵਰਣ ਕੀ ਤੀਨ ਮਾਤ੍ਰਾ ਵਿਖੇ ਅਨੁਗਤ ਜੋ ਓਅੰਕਾਰ ਕਾ ਪਰਮਾਰਥ ਰੂਪ ਅਮਾਤ੍ਰ ਹੈ ਯਾਨੇ ਅਸਤੀ ਭਾਂਤੀ ਪ੍ਰਿਯ ਬ੍ਰਹਮ ਹੈ ਤਿਸ ਤੇ ਅਭਿੰਨ ਜਾਨੇ। ਇਸ ਪ੍ਰਕਾਰ ਕਾ ਓਅੰਕਾਰ ਕਾ ਮਾਤ੍ਰਾ ਸਹਿਤ ਚਿੰਤਨ ਕਰਕੇ ਸੋ ਓਅੰਕਾਰ ਰੂਪ ਬ੍ਰਹਮ ਮੈਂ ਹੂੰ। ਇਸ ਚਿੰਤਨ ਕਾ ਨਾਮ ਅਹੰਗ੍ਰਹ ਧਿਆਨ ਹੈ। ਇਸ ਪ੍ਰਕਾਰ ਓਅੰਕਾਰ ਕਾ ਬ੍ਰਹਮ ਰੂਪ ਸੇ ਧਿਆਨ ਕੀਏ ਤੇ ਗਿਆਨ ਦੁਆਰਾ ਮੋਖ ਹੋਵੇ ਹੈ ਔਰ ਸਕਾਮ ਕੋ ਇਸੀ ਧਿਆਨ ਸੇ ਬ੍ਰਹਮ ਲੋਕ ਕੀ ਪ੍ਰਾਪਤੀ ਹੋਵੇ ਹੈ। ਜਿਸ ਰਸਤੇ ਬ੍ਰਹਮ ਲੋਕ ਕੋ ਜਾਵੇ ਹੈ ਸੋ ਮਾਰਗ ਕਹਿਤੇ ਹੈਂ। ਉਪਾਸ਼ਕ ਕੋ ਮਰਣ ਕਾਲ ਮੇਂ ਯਮਦੂਤ ਤੋ ਲੇਨੇ ਆਵੇ ਨਹੀਂ ਅਰ ਆਪ ਭੀ ਜਾਨੇ ਮੇਂ ਸਮਰਥ ਨਹੀਂ ਕਿਉਂਕਿ ਇੰਦ੍ਰਿਯ ਅੰਤਹਕਰਣ ਮੂਰਛਿਤ ਰਹਿਤੇ ਹੈਂ ਯਾਂਤੇ ਅਗਨੀ ਅਭਿਮਾਨੀ ਦੇਵਤਾ ਤਾਂਕੋ ਮਰਣ ਸਮਯ ਸਰੀਰ ਸੇ ਨਿਕਾਸਕੇ ਅਪਨੇ ਲੋਕ ਕੋ ਲੇ ਜਾਵੇ ਹੇ ਔਰ ਉਪਾਸ਼ਕ ਕੀ ਨਾਨਾ ਸਮਗ੍ਰੀ ਸੇ ਪੂਜਾ ਕਰੇ ਹੈ ਵਹਾਂ ਸੇ ਦਿਨ ਅਭਿਮਾਨੀ ਦੇਵਤਾ ਅਪਨੇ ਲੋਕ ਕੋ ਲੇ ਜਾਵੇ ਤਿਸ ਸੇ ਸੁਕਲ ਪਖ ਅਭਿਮਾਨੀ ਦੇਵਤਾ ਅਪਨੇ ਲੋਕ ਕੋ ਲੇ ਜਾਵੇ ਵਹਾਂ ਸੇ ਖਟ ਮਾਸ ਉਤਰਾਯਣ ਅਭਿਮਾਨੀ ਦੇਵਤਾ ਲੇ ਜਾਵੇ ਹੈ ਵਹਾਂ ਸੇ ਆਗੇ ਬਰਸ ਅਭਿਮਾਨੀ ਦੇਵਤਾ ਲੇ ਜਾਵੇ ਤਿਸ ਸੇ ਅਗੇ ਦੇਵ ਲੋਗ ਅਭਿਮਾਨੀ ਦੇਵਤਾ, ਤਿਸ ਸੇ ਅਗੇ ਵਾਯੂ ਦੇਵਤਾ। ਸੂਰਯ ਦੇਵਤਾ ਚੰਦ੍ਰ ਦੇਵਤਾ ਤਿਸ ਸੇ ਅਗੇ ਬਿਜਲੀ ਅਭਿਮਾਨੀ ਦੇਵਤਾ, ਬਿਜਲੀ ਲੋਕ ਮੇਂ ਬ੍ਰਹਮ ਲੋਕ ਅਭਿਮਾਨੀ ਦੇਵਤਾ ਉਪਾਸ਼ਕ ਕੋ ਲੇਨੇ ਆਵੇ ਹੈਂ ਹੋਰ ਦੇਵਤਾ ਭੀ ਸਾਥ ਰਹੇ ਹੈਂ ਬਿਜਲੀ ਲੋਕ ਸੇ ਵਰੁਣ ਲੋਕ ਕੋ ਉਹ ਸੇ ਇੰਦ੍ਰ ਲੋਕ, ਇੰਦ੍ਰ ਲੋਕ ਸੇਂ ਪ੍ਰਜਾਪਤੀ ਕੇ ਲੋਕ ਕੋ ਲੇ ਜਾਵੇ ਹੈ। ਸਭ ਦੇਵਤਾ ਸਾਥ ਰਹੇ ਹੈਂ। ਪ੍ਰਜਾਪਤੀ ਲੋਕ ਸੇ ਆਗੇ ਕੋਈ ਦੇਵਤਾ ਜਾਨੇ ਕੋ ਸਮਰਥ ਨਹੀਂ ਹੋਵੇ ਹੈ। ਬ੍ਰਹਮ ਲੋਕ ਵਾਸੀ ਦੇਵਤਾ ਹੀ ਬ੍ਰਹਮ ਲੋਕ ਮੇਂ ਲੇ ਜਾਵੇਂ ਹੈਂ। ਬ੍ਰਹਮ ਲੋਕ ਕਾ ਅਧੀਪਤੀ ਹਿਰਣ ਗਰਭ ਹੈ ਸਮਸਟੀ ਸੂਖਮ ਕਾ ਅਭਿਮਾਨੀ ਚੇਤਨ ਹਿਰਣ ਗਰਭ ਕਹੀਏ ਹੈ ਤਾਂਹੀ ਕੋ ਕਾਰਯ ਬ੍ਰਹਮ ਕਹੇ ਹੈਂ। ਕਾਰਯ ਬ੍ਰਹਮ ਕੀ ਪ੍ਰਾਪਤੀ ਹੀ ਸਾਯੁਜਯ ਰੂਪ ਮੋਖ ਉਪਾਸ਼ਕ ਕੋ ਪ੍ਰਾਪਤ ਹੋਵੇ ਹੈ। (੧) ਬ੍ਰਹਮ ਲੋਕ ਮੇਂ ਪ੍ਰਾਪਤ

ਜੋ ਉਪਾਸ਼ਕ ਹੈਂ ਤਾਂਕੋ ਹਿਰਨ ਗਰਭ ਕੇ ਸਮਾਨ ਵਿਭੂਤਿ ਪ੍ਰਾਪਤ ਹੋਵੇ ਹੈ। (੨) ਸਤਿ ਸੰਕਲਪ ਹੋਵੇ ਹੈ। (੩) ਜੈਸੇ ਸ਼ਰੀਰ ਕੀ ਇਛਾ ਕਰੇ ਤੈਸਾ ਹੀ ਉਸਕਾ ਸ਼ਰੀਰ ਹੋਵੇ ਹੈ (੪) ਜਿਨ ਭੋਗਨ ਕੀ ਵਾਂਛਾ ਕਰੇ ਸੋ ਸਾਰੇ ਭੋਗ ਸੰਕਲਪ ਤੇ ਹੋਵੇ ਹੈ। ਜੋ ਏਕ ਸਮੇਂ ਹਜ਼ਾਰ ਸਰੀਰਨ ਤੇ ਜੁਦੇ ਜੁਦੇ ਭੋਗਨ ਕੀ ਇਛਾ ਕਰੇ ਤੋ ਤਾਂਹੀ ਸਮਯ ਹਜ਼ਾਰ ਸ਼ਰੀਰ ਔਰ ਉਨ ਕੇ ਭੋਗਨ ਕੀ ਜੁਦੀ ਜੁਦੀ ਸਾਮਗ੍ਰੀ ਉਪਜੇ ਹੈ। ਬਹੁਤ ਕਿਆ ਕਹੇਂ ਜੋ ਕੁਛ ਸੰਕਲਪ ਕਰੇ ਸੋਈ ਸਿੱਧ ਹੋਵੇ ਹੈ। ਪਰੰਤੂ ਜਗਤ ਕੀ ਉਤਪਤਿ ਪਾਲਨ ਸੰਘਾਰ ਛੋੜਕੇ ਔਰ ਸਾਰੀ ਵਿਭੂਤਿ ਈਸ਼੍ਵਰ ਕੇ ਸਮਾਨ ਹੋਵੇ ਹੈ। ਯਾਹੀਂ ਕੋ ਸਾਯਜਜ ਮੋਖ ਕਹੇ ਹੈਂ। ਐਸੇ ਹਿਰਣ ਗਰਭ ਕੇ . ਸਮਾਨ ਹੂਆ। ਬਹੁਤ ਕਾਲ ਸੰਕਲਪ ਸਿੱਧ ਦਿਬਯ ਪਦਾਰਥਨ ਕੋ ਭੋਗਕੇ ਪ੍ਰਲਯ ਕਾਲ ਮੇਂ ਜਬ ਹਿਰਣ ਗਰਭ ਕੇ ਲੋਕ ਕਾ ਨਾਸ਼ ਹੋਵੇ ਹੈ ਤਬ ਗਿਆਨ ਹੋਇਕੇ ਉਪਾਸ਼ਕ ਕੋ ਵਿਦੇਹ ਮੋਖ ਕੀ ਪ੍ਰਾਪਤੀ ਹੋਵੇ ਹੈ। ਯਹ ਅਹੰਗ੍ਰੇ ਉਪਾਸ਼ਨਾ ਹੈ ਜੋ ਕਿ ਸਿੱਧੋਂ ਸੇ ਭੀ ਰਾਜਾ ਜਨਕ ਨੇ ਸ੍ਰਵਣ ਕਰੀ ਥੀ, ਉਸਕੋ ਵਸ਼ਿਸ਼ਟ ਮੁਨੀ ਸ੍ਰੀ ਰਾਮਚੰਦ੍ਰ ਕੇ ਪ੍ਰਤੀ ਸ੍ਰਵਣ ਕਰਾਤੇ ਹੈਂ ਸ੍ਰੀ ਵਸ਼ਿਸ਼ਟ ਜੀ ਕਹਿਤੇ ਹੈਂ ਹੇ ਸ੍ਰੀ ਰਾਮ ਜੀ ਵਿਦੇਹੋਂ ਕਾ ਰਾਜਾ ਜਨਕ ਸ੍ਰਛ ਬੁਧੀ ਪਰਾਕ੍ਰਮੀ ਦਰਿਦ੍ਰਿਯੋਂ ਕੇ ਲੀਏ ਕਲਪ ਬ੍ਰਿਛ ਮਹਾਰਾਜਾ ਜਨਕ ਏਕ ਦਿਨ ਅਪਨੇ ਬਗੀਚੇ ਮੇਂ ਫੈਲੀ ਹੂਈ ਕੋਮਲ ਬੇਲੋਂ ਕੇ ਪੁੰਜੋਂ ਕੇ ਪਿੰਜਰ ਕੇ ਸਮਾਨ ਔਰ ਪੁਸ਼ਪੋਂ ਸੇ ਪਰੀ ਪੂਰਣ ਅਤੀ ਰਮਣੀਯ ਬਨ ਮੇਂ ਗਯਾ, ਜੈਸੇ ਨੰਦਨ ਬਨ ਮੇਂ ਇੰਦ੍ਰ, ਐਸੇ ਸੁੰਦਰ ਬਨ ਮੇਂ ਨੌਕਰੋਂ ਯਾਨੇ ਸਿਪਾਹੀਓਂ ਕੋ ਛੋੜ ਕਰ ਪਹਾੜ ਕੇ ਕੁੰਜੋਂ ਮੇਂ ਵਿਚਰਨੇ ਲਗਾ, ਉਸ ਪਰਬਤ ਮੇਂ ਵਿਚਰਨੇ ਵਾਲੇ ਸਾਤ ਸਿੱਧ ਏਕਾਂਤ ਨਿਵਾਸੀ ਸ਼ਾਲਮਲੀ ਬ੍ਰਿਖ ਕੇ ਕੁੰਜੋਂ ਊਪਰ ਬੈਠ ਕਰ ਸ੍ਰੁਤੀ ਸਿਮ੍ਰਿਤ ਸੇ ਕਹੀ ਹੂਈ ਆਤਮਾ ਕਾ ਸਾਖ੍ਯਾਤ ਕਰਨੇ ਵਾਲੀ ਗਾਥਾਓਂ ਕੋ ਗਾ ਰਹੇ ਥੇ ਉਨੋਂ ਕੋ ਰਾਜਾ ਜਨਕ ਨੇ ਸੁਨਾ। ਸੁਨ ਕਰ ਸ਼ਾਂਤ ਚਿਤ ਹੂਆ ਵੋਹ ਗਾਥਾ ਯੇਹ ਹੈ ਸਿੱਧ ਆਪਸ ਮੇਂ ਏਕ ਦੂਸਰੇ ਸੇ ਪੂਛ ਰਹੇ ਥੇ ਤੂੰ ਕਿਸਕਾ ਔਰ ਕੈਸਾ ਧਿਆਨ ਕਰਤਾ ਹੈਂ ਤਬ ਏਕ ਸਿੱਧ ਬੋਲਾ ਮੈਂ ਆਨੰਦ ਸ੍ਵਰੂਪ ਕਾ ਅਹੰਗ੍ਰੇ ਧਿਆਨ ਕਰਤਾ ਹੂੰ।

**ਸ਼ਲੋਕ–ਦ੍ਰਿਸਟੀ ਦ੍ਰਿਸ਼ਯ ਸਮਾਯੋਗਾਤ ਪ੍ਰਿਤ੍ਯਾਨੰਦ ਨਿਸ਼ਚਯ: ਯਸ। ਤਮ ਸ੍ਵਾਤਮ ਤਤ੍ਵ ਉਥੰ ਨਿ: ਸਪੰਦੰ ਸਮ ਉਪਾਸਮਹੇ ॥ ੧ ॥**

ਟੀਕਾ–ਏਕ ਸਿੱਧ ਬੋਲਾ ਇਦ੍ਰਯੇ ਵਿਸ਼ਯ ਕੇ ਸੰਬੰਧ ਸੇ ਵਿਸ਼ਯ ਆਕਾਰ ਬੁਧੀ ਕੀ ਬ੍ਰਿਤੀ ਮੇਂ ਪ੍ਰਸਿੱਧ ਜੋ ਆਨੰਦ ਸਰੂਪ ਕਾ ਨਿਸਚੇ ਹੈ ਉਸ ਨਿਰ ਅਤਸੇ ਬ੍ਰਹਮਾ ਨੰਦ ਕੋ ਆਤਮ ਰੂਪ ਕਰਕੇ ਨਿਰਵਿਕਲਪ ਸਮਾਧੀ ਮੇਂ ਅਨੁਭਵ ਕਰਤਾ ਹੂੰ ॥ ੧ ॥ ਤਬ ਦੂਸਰਾ ਸਿੱਧ ਬੋਲਾ ਮੈਂ ਚੇਤਨ ਰੂਪ ਬ੍ਰਹਮ ਕਾ ਅਹੰਗ੍ਰੇ ਧਿਆਨ ਕਰਤਾ ਹੂੰ।



**ਸ਼ਲੋਕ–ਦ੍ਰਿਸਟੀ ਦਰਸ਼ਨ ਦ੍ਰਿਸ਼ਯਾਨੀ ਤਿਯਕ੍ਵਾ ਵਾਸਨਯਾ ਸਹ ਦਰਸ਼ਨ ਪ੍ਰਿਥਮ ਆਭਾਸੰ ਆਤਮਾਨੰ ਸਮ ਉਪਾਸ਼ਮਹੇ ॥ ੨ ॥**

ਟੀਕਾ– ਦ੍ਰਿਸਟਾ ਯਾਨੇ ਦੇਖਨੇ ਵਾਲਾ, ਦਰਸ਼ਨ ਯਾਨੇ ਦੇਖਨਾ ਰੂਪ ਕ੍ਰਿਯਾ ਦ੍ਰਿਸ਼ਯ ਯਾਨੇ ਦੇਖਨੇ ਲਾਇਕ ਪ੍ਰਪੰਚ ਇਸ ਤ੍ਰਿਪੁਟੀ ਕੋ ਤਥਾ ਇਨ ਕੇ ਸੰਸਕਾਰੋਂ ਕੋ ਤਿਆਗ ਕਰਕੇ ਵ੍ਰਿਤੀ ਸੇ ਪ੍ਰਿਥਮ ਹੀ ਸਿੱਧ ਵ੍ਰਿੱਤੀ ਕੇ ਉਤਪਤੀ ਕਾ ਸਾਖੀ ਰੂਪ ਜੋ ਚੇਤਨ ਹੈ ਉਸ ਕੋ ਆਤਮ ਰੂਪ ਸੇ ਯਾਨੇ ਸੋ ਸਾਖੀ ਮੈਂ ਹੂੰ ਐਸੇ ਚਿੰਤਨ ਕਰਤਾ ਹੂੰ ॥ ੨ ॥ ਤੀਸਰਾ ਬੋਲਾ ਮੈਂ ਸਤ ਚਿਤ ਸ੍ਵਰੂਪ ਆਤਮਾ ਕੀ ਅਹੰਗਰੇ ਉਪਾਸ਼ਨਾ ਕਰਤਾ ਹੂੰ।

**ਸ਼ਲੋਕ ॥ ਦ੍ਵਯੋ: ਮਧਯ ਗਤੰ ਨਿਤਯੰ ਅਸਤਿ ਨਾਸਤਿਇਤਿ ਪਖਯੋ: ਪ੍ਰਕਾਸ਼ਨੰ ਪ੍ਰਕਾਸ਼ਯਾਨਾਂ ਆਤਮਾਨੰ ਸਮ ਉਪਾਸਮਹੇ ॥ ੩ ॥**

ਟੀਕਾ– ਅਸ਼ਤਿ ਨਾਸਤਿ ਇਨ ਦੋਨੋਂ ਪਖਯੋਂ ਮੇਂ ਸਾਖੀ ਰੂਪ ਸੇ ਨਿਤ ਇਸਥਿਤ ਪ੍ਰਕਾਸ਼ੋਂ ਕਾ ਚਿਨ ਮਾਤ੍ਰ ਆਤਮ ਤਤ੍ਵ ਕੀ ਹਮ ਨਿਤ ਅਹੰਗ੍ਰੇ ਉਪਾਸਨਾ ਕਰਤੇ ਹੈਂ ॥ ੩ ॥ ਚੋਥਾ ਕਹਨੇ ਲਗਾ ਮੈਂ ਸਰਵ ਰੂਪ ਪਰਮਾਤਮਾ ਕੀ ਉਪਾਸ਼ਨਾ ਕਰਤਾ ਹੂੰ।

**ਸ਼ਲੋਕ ॥ ਯਸਮਿਨ ਸਰਵੰ ਯਸਯ ਸਰਵੰਯਤ: ਸਰਵੰ ਯਸਮੈ ਸਰਵੰ। ਯੇਨ ਸਰਵੰ ਯਤ ਹੀ ਸਰਵੰ ਤਤ੍ਵ ਸਤਯੰ ਸ਼ਮ ਉਪਾਸ਼ਮਹੇ ॥ ੪ ॥**

ਟੀਕਾ–ਜਿਸ ਅਧਿਸ਼ਟਾਨ ਰੂਪ ਪਰਮਾਤਮਾ ਮੇਂ ਸਰਵ ਪਰਪੰਚ ਇਸਥਿਤ ਹੈ ਜਿਸ ਕਾ ਸਰਵ ਪ੍ਰਪੰਚ ਹੈ ਜਿਸ ਸੇ ਸਰਵ ਪ੍ਰਪੰਚ ਪੈਦਾ ਹੋਤਾ ਹੈ ਜਿਸ ਕੇ ਵਾਸਤੇ ਸਰਵ ਪਰਪੰਚ ਹੈ ਜਿਸ ਕੀ ਸੱਤਾ ਕਰਕੇ ਸਰਵ ਪਰਪੰਚ ਇਸਥਿਤ ਹੈ ਜੋ ਸ਼ਰਬ ਸ੍ਵਰੂਪ ਹੈ ਉਸ ਸੱਤ ਰੂਪ ਪ੍ਰਮਾਤਮਾ ਕੀ ਮੈਂ ਅਹੰਗ੍ਰੇ ਉਪਾਸ਼ਨਾ ਕਰਤਾ ਹੂੰ ॥ ੪ ॥ ਪੰਜਵਾਂ ਬੋਲਾ ਮੈਂ ਸੋਹੰ ਕੀ ਅਹੰਗਰੇ ਉਪਾਸ਼ਨਾ ਕਰਤਾ ਹੂੰ।

**ਸ਼ਲੋਕ ॥ ਅਸ਼ਿਰਸ਼ਕੰ ਹਕਾਰ ਅੰਤੰ ਅਸ਼ੇਸ਼ ਆਕਾਰ ਸੰਸਥਿਤੰ। ਅਜ ਸਰੰ ਉਚਰੰਤੰ ਖੰ ਤਮ ਆਤਮਾਨੰ ਸਮ ਉਪਾਸ਼ਮਹੇ ॥ ੫ ॥**

ਟੀਕਾ–ਸਕਾਰ ਹੈ ਆਦਿ ਮੇਂ ਜਿਸ ਕੇ ਔਰ ਹਕਾਰ ਹੈ ਅੰਤ ਮੇਂ ਜਿਸ ਕੇ ਔਰ ਓਅੰ ਹੈ ਮਧਯ ਮੇਂ ਜਿਸ ਕੇ ਐਸਾ ਖਟ ਅੱਖਰ ਰੂਪ ਜੋ ਸੋਹੰ ਸ਼ਬਦ ਹੈ ਜੋ ਵੇਦ ਸ਼ਾਸਤ੍ਰ ਆਦਿ ਸ਼ਬਦ ਜਾਲਕੇ ਪ੍ਰਕ੍ਰਿਤਿ ਭੂਤ ਸੰਪੂਰਣ ਅਖਰੋਂ ਕੇ ਯਾਨੇ ਅਕਾਰ ਆਦਿ ਲੇ ਕਰ ਹਕਾਰ ਅੰਤ ਸਮੁਦਾਯ ਕੇ ਅੰਤਰਗਤ ਹੋਨੇ ਸੇ ਸਰਵ ਅਖਰ ਸਰੂਪ ਹੈ, ਤਥਾ ਅਵਿਨਾਸ਼ੀ ਸਰਵਤਰ ਆਕਾਸ਼ ਕੀ ਨਿਆਈਂ ਵਿਆਪਕ ਪਰ ਬ੍ਰਹਮ ਜਿਸਕਾ ਵਾਚਯ ਹੈ, ਉਸ ਸੋਹੰ ਕੇ ਵਾਚਯ ਪਰ ਬ੍ਰਹਮ ਕੀ ਸੋਹੰ ਸ਼ਬਦ ਉਚਾਰਣੇ ਸੇ ਮੈਂ ਅਹੰਗਰੇ ਰੂਪ ਸੇ

ਉਪਾਸਨਾ ਕਰਤਾ ਹੂੰ ॥੫॥ ਇਤਯਾਦਿ ਸਿਧੋਂ ਕੇ ਵਚਨ ਸ੍ਰਵਣ ਕਰਕੇ ਰਾਜਾ ਜਨਕ ਕਾ ਚਿਤ ਭੀ ਸਾਂਤਿ ਕੋ ਪ੍ਰਾਪਤ ਹੋਤਾ ਭਇਆ। ਇਸ ਪਰਕਾਰ ਕੂਰਮ ਕੀ ਨਿਆਈ ਜੋ ਧਿਆਨ ਹੈ ਸੋ ਯੋਗ ਸਬਦ ਸੇ ਭੀ ਕਹਾ ਗਿਆ ਹੈ ਸੋ ਧਿਆਨ ਰੂਪ ਯੋਗ ਸ਼ਾਸਤਰੋਂ ਮੇਂ ਅਨੇਕ ਪ੍ਰਕਾਰ ਕਾ ਲਿਖਾ ਹੈ।

**ਯੋਗਾਸ੍ਹ ਬਹਵ ਸੰਤੀ ਗਿਆਨ ਭਕ੍ਤੀ ਲਯੋ ਜਪ: ਪ੍ਰਾਣਾਯਾਮ ਪ੍ਰਪਤਿਸ੍ ਕਰਮ ਯੋਗ: ਤਥਾਅਪਰੇ ॥੧॥ ਪ੍ਰਾਣ ਅਪਾਨਯੋ: ਏਕਯੰ ਸ੍ਰ ਰਜੋ ਰੇਤਸੋ ਤਥਾ. ਜੀਵ ਬ੍ਰਹਮਣੋ ਏਕਯੰ ਸੂਰਜ ਚੰਦ੍ਰ ਮਸੋ ਤਥਾ ॥੨॥**

ਟੀਕਾ–ਯੋਗ ਬਹੁਤ ਪ੍ਰਕਾਰ ਕੇ ਹੈਂ ਗਿਆਨ ਯੋਗ ਭਕਤੀ ਯੋਗ ਲਯ ਯੋਗ ਜਪ ਯੋਗ, ਤਥਾ ਪ੍ਰਾਣਾਯਾਮ ਯਾਨੇ ਹਠ ਯੋਗ ਤਯਾ ਸ਼ਰਣਾਗਤ ਯੋਗ ਔਰ ਕਰਮ ਯੋਗ।੧॥ ਪ੍ਰਾਣ ਅਪਾਨ ਕੀ ਏਕਤਾ ਕੋ ਹਠ ਯੋਗ ਔਰ ਪ੍ਰਾਪਤੀ ਯੋਗ ਕੋ ਸ਼ਰਣਾਗਤੀ ਯੋਗ ਕਹਿਤੇ ਹੈਂ ਔਰ ਰਜ ਰੇਤ ਕੇ ਯੋਗ ਕੋ ਇਸਤ੍ਰੀ ਪਤੀ ਸੰਜੋਗ ਕਹਿਤੇ ਹੈਂ। ਤਥਾ ਜੀਵ ਬ੍ਰਹਮ ਕੀ ਏਕਤਾ ਕੋ ਰਾਜ ਯੋਗ ਕਹਿਤੇ ਹੈ ਸੂਰਜ ਚੰਦ੍ਰਮਾ ਕੀ ਏਕਤਾ ਕੋ ਸੁਰ ਯੋਗ ਜਿਸ ਕੋ ਖਬੀ ਸਜੀ ਸੁਰ ਭੀ ਕਹਿਤੇ ਹੈਂ। ਜੀਵ ਬ੍ਰਹਮ ਕੀ ਏਕਤਾ ਕਾ ਨਾਮ ਗਿਆਨ ਯੋਗ ਹੈ ਇਸ ਕਾ ਬਿਆਨ ਆਗੇ ਕਰੇਂਗੇ, ਜੈਸੇ ਗੁਰੂ ਜੀ ਲਿਖਤੇ ਹੈਂ। ਪ੍ਰਮਾਣ:–

**ਕਰਿ ਭੇਖਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ॥**

[ਕਾਨੜਾ ਮ: ੪ ਸਫਾ ੧੨੯੭

**ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ॥**

[ਬਸੰਤ ਮ: ੧ ਸਫਾ ੧੧੭੦

ਦ੍ਰਿਸਟਾਂਤ–ਲਯ ਯੋਗ ਨਾਮ ਮਨ ਕੋ ਲੀਨ ਕਰਨਾ ਜੈਸੇ ਤਤੇ ਲੋਹੇ ਪਰ ਜਲ ਕੀ ਬਿੰਦੂ ਲੀਨ ਹੋ ਜਾਤੀ ਹੈ। ਜੈਸੇ ਜਲ ਮੇਂ ਲੂਣ ਕੀ ਡਲੀ ਲੀਨ ਹੋ ਜਾਤੀ ਹੈ। ਪ੍ਰਮਾਣ ਵਿਚਾਰ ਮਾਲਾ –

**ਗਈ ਪੂਤਰੀ ਲਵਣ ਕੀ ਥਾਹ ਸਿੰਧੁ ਕੋ ਲੈਨ॥**
**ਉਲਟ ਆਪ ਆਪੇ ਭਈ ਪਲਟ ਕਹੇ ਕੋ ਬੈਨ॥**

ਜੈਸੇ ਜਲ ਮੇਂ ਜਾਕੇ ਲੂਣ ਕੀ ਪੁਤਲੀ (ਡਲੀ) ਜਲ ਰੂਪ ਹੋ ਜਾਤੀ ਹੈ। ਤਥਾ ਤੇਲ ਰਹਿਤ ਦੀਪਕ ਜੈਸੇ ਲੀਨ ਹੋ ਜਾਤਾ ਹੈ। ਤੈਸੇ ਸੰਕਲਪ ਰਹਿਤ ਚਿਤ ਪਰਮਾਤਮਾ ਮੇਂ ਲੀਨ ਹੋ ਜਾਵੇ ਉਸ ਕਾ ਨਾਮ ਯੋਗ ਹੈ। ਜੈਸੇ ਪ੍ਰਹਲਾਦ ਨੇ ਪਰਮੇਸ਼ੁਰ ਕੇ ਅਗੇ ਪ੍ਰਾਰਥਨਾ ਕਰੀ ਕਿ ਵੋਹ ਦਿਨ ਕਬ ਹੋਏਂਗੇ ਜੋ ਮੇਰਾ ਚਿਤ ਆਪ ਮੇਂ ਲੀਨ ਹੋਏਗਾ। ਪ੍ਰਮਾਣ:–



**ਕਦਾਹੰ ਤਿਅਕ੍ਤ ਮਨਨੇ ਪਦੇ ਪਰਮ ਪਾਵਨੇ ॥ ਚਿਰੰ ਵਿਸ੍ਰਾਂਤੀਂਏਸ਼ਯਾਮਿ ਮੇਰੂ ਸ੍ਰਿੰਗੰ ਇਵਾਚਲੰ ॥**

ਹੇ ਭਗਵਾਨ ਵੋਹ ਕਬ ਦਿਨ ਆਏਂਗੇ ਜੋ ਸੰਕਲਪ ਰਹਿਤ ਹੋ ਕਰ ਆਪ ਕੀ ਪਰਮ ਪਵਿਤ੍ਰ ਪਦਵੀ ਮੇਂ ਬਹੁਤ ਚਿਰਕਾਲ ਤਕ ਸੁਮੇਰੂ ਪਰਬਤ ਕੀ ਨਿਆਈਂ ਅਡੋਲ ਇਸਥਿਤ ਰਹੂੰਗਾ ਔਰ ਭਰਥਰੀ ਜੀ ਨੇ ਭੀ ਵੈਰਾਗ ਸ਼ਕਤ ਮੇਂ ਲਿਖਾ ਹੈ:–

**ਗੰਗਾ ਤੀਰ ਉਤ ਤਰ ਹਿਮ ਗਿਰਿ ਸ਼ਿਲਾ ਪਰ ਹਮ ਬਾਂਧੇ ਪਦਮਾਸਨ ਮਨ ਇੰਦ੍ਰੇ ਜੀਤ ਕੇ ॥ ਬ੍ਰਹਮ ਕੇ ਸੁ ਧਿਆਨ ਕੀ ਅਭਿਆਸ ਵਿਧਿ ਸੋਂ ਨਿਵਾਸ ਯੋਗ ਨਿੰਦ੍ਰਾ ਮਾਂਹਿ ਕਰੋ ਹਰੋਂ ਤਾਪ ਚੀਤ ਕੇ। ਜਰਠ ਕੁਰੰਗ ਕਰੇਂ ਸ੍ਰਿੰਗੋ ਸੰਗ ਕੰਡੂ ਮੋਹਿ ਸੁਖ ਸੋ ਅਭੀਤ ਮੋਕੋ ਜਾਨੇ ਸਮ ਭੀਤ ਕੇ। ਪਾਰਬਤੀ ਨਾਥ ਮੇਂ ਅਨਾਥ ਕੇ ਅਭੀਤ ਵਾਰੇ ਉਤਮ ਦਿਹਾਰੇ ਕਬ ਆਵੇਂ ਐਸੀ ਰੀਤ ਕੇ।**

[ਵੈਰਾਗ ਸ਼ਤਕ ਅ: ੪

ਤਥਾ ਏਕ ਮੁਸਲਮਾਨ ਫਕੀਰ ਨੇ ਅਪਨੇ ਸ਼ਾਗ੍ਰਿਦ ਕੋ ਕਹਾ ਥਾ ਅਗਰ ਪਰਮੇਸ਼ੁਰ ਕੋ ਮਿਲਨਾ ਚਾਹੇਂ ਤੋ ਮਨ ਕੋ ਲੀਨ ਕਰ। ਜੈਸੇ ਲਿਖਾ ਹੈ:–

**ਚੂੰ ਅਲਫ ਦਰ ਲਾਮ ਮੀ ਗਰਦਦ ਨਿਹਾਂ। ਖੇਸ਼ਰਾ ਗੁੰਮ ਸਾਜ਼ ਕਰਦੀ ਤਾਂਇਆਂ ॥**

ਜੈਸੇ ਅਲਫ ਲਾਮ ਮੇਂ ਗੁੰਮ ਹੋ ਜਾਤਾ ਹੈ ਤੈਸੇ ਅਪਨੇ ਆਪ ਕੋ ਗੁੰਮ ਕਰੇਂਗਾ ਤੋ ਪਰਮਾਤਮ ਭਾਵ ਪ੍ਰਗਟ ਹੋ ਜਾਵੇਗਾ। (੪) ਜਪ ਯੋਗ ਹੈ–ਜਪ ਯੋਗ ਅਜਪਾ ਜਾਪ ਤਥਾ ਸੋਹੰ ਜਾਪ ਰੂਪ ਹੈ। ਪ੍ਰਮਾਣ:–

**ਦੁਆਦਸੀ ਦਇਆ ਦਾਨੁ ਕਰਿ ਜਾਣੈ॥ ਬਾਹਰਿ ਜਾਤੋ ਭੀਤਰਿ ਆਣੈ॥ ਬਰਤੀ ਬਰਤ ਰਹੈ ਨਿਹਕਾਮ॥ ਅਜਪਾ ਜਾਪੁ ਜਪੈ ਮੁਖਿ ਨਾਮ॥ ਤੀਨਿ ਭਵਣ ਮਹਿ ਏਕੋ ਜਾਣੈ॥ ਸਭਿ ਸੁਚਿ ਸੰਜਮ ਸਾਚੁ ਪਛਾਣੈ॥**

[ਬਿਲਾਵਲ ਮ: ੧ ਸਫਾ ੮੪੦

**ਘਰ ਮਹਿ ਘਰੁ ਦਿਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥ ਸੁਖਮਨ ਕੇ ਘਰਿ ਰਾਗੁ ਸੁਨਿ ਸੁੰਨਿ ਮੰਡਲਿ**

ਲਿਵ ਲਾਇ ॥ ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥

[ਸਲੋਕ ਮ: ੧ ਵਾਰ ਮਲਾਰ ਸਫਾ ੧੨੯੦

੨੧੬੦੦ ਇਕੀ ਹਜ਼ਾਰ ਛੇ ਸੌ ਨਾਮ ਸੁਭਾਵਕ ਅਜਪਾ ਜਾਪ ਸੇ ਜਪਾ ਜਾਤਾ ਹੈ, ਜਲਦੀ ਜਲਦੀ ਸੇ ੨੪੦੦੦ ਜਪਾ ਜਾਤਾ ਹੈ। ਸੋਹੰ ਜਾਪ ਮੇਂ ਪ੍ਰਮਾਣ:-

ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸਹਿ ਸਮਾਹਿ ॥

[ਮਾਰੂ ਮ: ੧ ਸਫਾ ੧੦੯੩

ਸੋਹੰ ਸੋ ਜਾਕਉ ਹੈ ਜਾਪੁ ॥ [ਭੈਰਉ ਕਬੀਰ ਸਫਾ ੧੧੬੨

ਸਾਹਿ ਸਾਹਿ ਮਨ ਪਵਣ ਲਿਵ ਸੋਹੰ ਹੰਸਾ ਜਪੇ ਜਪਾਵੈ ॥

[ਭਾ: ਗੁਰਦਾਸ ਵਾਰ ੬ ਪਉੜੀ ੧੧

ਖੰਡ ਬ੍ਰਹਮੰਡ ਪਿੰਡ ਪ੍ਰਾਨ ਪਰਾਨਪਤਿ ਗਤਿ ਗੁਰਸਿਖ ਸੰਧਿ ਮਿਲੇ ਸੋਹੰ ਲਿਵਲਾਈ ਹੈ॥ ਗੁਰਸਿੱਖ ਪ੍ਰੇਮ ਨੇਮ ਗੁਰਸਿੱਖ ਸਿੱਖ ਗੁਰੂ ਸੋਹੰ ਸੋਈ ਬੀਸ ਇਕੀਸ ਉਰੁ ਆਨੀ ਹੈ ॥ [ਕਬਿਤ ਸਵੈਯੇ ਭਾ: ਗੁ:

ਹਕਾਰੇਣ ਬਹਿਰ ਯਾਤਿ ਸਕਾਰੇਣ ਵਿਸ਼ੇਤ ਪੁਨ: ਹੰਸ ਹੰਸੇਤਿ ਮੰਤ੍ਰੰ ਸਰਵੇ ਜੀਵਾ ਜਪੰਤਿਤੇ ॥ ੧ ॥ ਗੁਰੂ ਵਾਕਜ਼ਾਤ ਸ਼ਿਸ਼ੁਮਨਾਯਾਂ ਵਿਪਰੀਤੇ ਭਵੇਤ੍ ਜਪ: ਸੋਹੰ ਸੋਹੰ ਇਤਿ ਪ੍ਰਾਪਤੋ ਮੰਤ੍ਰ ਯੋਗ: ਸ ਉਚਜ਼ਤੇ ॥੨॥

ਟੀਕਾ-ਸਕਾਰ ਉਚਾਰਣ ਕਰਕੇ ਸ੍ਵਾਸ ਕੋ ਬਾਹਿਰ ਕਰੇ ਹਕਾਰ ਕੇ ਉਚਾਰਣ ਸੇ ਸ੍ਵਾਸ ਕੋ ਅੰਦਰ ਕਰੇ, ਸ੍ਵਾਸੋਂ ਸੇ ਹੰਸ ਹੰਸ ਐਸੇ ਸਾਰੇ ਜੀਵ ਜਪ ਕਰਤੇ ਹੈਂ ॥ ੧ ॥ ਗੁਰੂ ਕੇ ਵਾਕਯ ਸੇ ਯੇ ਜਪ ਸ਼ਿਸਮਨਾ ਨਾਮ ਕੀ ਨਾੜੀ ਮੇਂ ਉਲਟਾ ਹੋ ਕਰ ਹੰਸ ਹੰਸ ਕੀ ਜਗਹ ਸੋਹੰ ਸੋਹੰ ਹੋ ਜਾਤਾ ਹੈ, ਇਸ ਕੋ ਮੰਤ੍ਰ ਯੋਗ ਭੀ ਕਹਿਤੇ ਹੈਂ। ਇਸੀਤਰਹ ਪਾਰਬਤੀ ਕੋ ਰਾਮ ਨਾਮ ਕਾ ਉਪਦੇਸ਼ ਮਹਾਂਦੇਵ ਜੀ ਨੇ ਕਰਾ ਹੈ:-

ਰਕਾਰੇਣ ਬਹਿਰ ਯਾਤਿ ਮਕਾਰੇਣ ਵਿਸ਼ੇਤ ਪੁਨ: ਰਾਮ ਰਾਮੇਤਿ ਸਤਿ ਸ਼ਬਦੋ ਜੀਵੇ ਜਪਤੀ ਸਰਵਦਾ ॥ ਜਪਤ: ਸਰਵ ਵੇਦਾਂਸ੍ਰ ਸਰਵ ਮੰਤ੍ਰਸ੍ਰ ਪਾਰਬਤੀ ॥ ਤਸਮਾਤ ਕੋਟਿ ਗੁਣੰ ਪੁਣਯੰ ਰਾਮ ਨਾਮ੍ਨਾ ਏਵ ਲਭਯਤੇ॥



੩ ॥ ਦੈਨਯੰ ਦਿਨੰਤੁ ਦੁਰਤੰ ਪਖਸ਼ ਮਾਸ ਰਿਤੁ ਵਰਸ਼ਜੰ ॥ ਸਰਵੰ ਦਹਤਿ ਨਿ: ਸ਼ੇਸ਼ੰ ਤੂਲਾ ਚਲੰ ਇਵਾਨਲ: ॥

ਟੀਕਾ ॥੧॥ ਰਕਾਰ ਕੇ ਸਾਥ ਸ੍ਵਾਸ ਬਾਹਰ ਜਾਵੇ ਔਰ ਮਕਾਰ ਕੇ ਸਾਥ ਅੰਦਰ ਆਵੇ ਰਾਮ ਰਾਮ ਯੇ ਸਤ ਸ਼ਬਦ ਸਦਾ ਜੀਵ ਜਪਤਾ ਰਹਿਤਾ ਹੈ। ਹੇ ਪਾਰਬਤੀ ਸਰਵ ਵੇਦੋਂ ਕੇ ਔਰ ਸਭ ਮੰਤ੍ਰੋਂ ਕੇ ਜਪਨੇ ਸੇ ਕਰੋੜ ਗੁਣਾ ਜ਼ਿਆਦਾ ਪੁੰਨ ਰਾਮ ਕੇ ਨਾਮ ਲੇਨੇ ਸੇ ਪ੍ਰਾਪਤ ਹੋਤਾ ਹੈ ॥ ੨ ॥ ਪ੍ਰਤੀ ਦਿਨ ਮੇਂ ਪਖ ਮੇਂ ਮਹੀਨੇ ਮੇਂ ਬਰਸ ਮੇਂ ਉਤਪੰਨ ਜੋ ਪਾਪ ਹੈਂ ਉਨਕੋ ਰਾਮ ਨਾਮ ਇਸ ਪ੍ਰਕਾਰ ਜਲਾਤਾ ਹੈ ਜੈਸੇ ਕਪਾਸ ਕੇ ਪਹਾੜ ਕੋ ਅਗਨੀ ਜਲਾਤੀ ਹੈ ॥ ੩ ॥

ਜਪ: ਤੁ ਦੁਈ ਵਿਧਾ ਪ੍ਰੋਕ੍ਤ: ਵਾਚਕੋ ਮਾਨਸ: ਤਥਾ ॥ ਵਾਚਕੋ ਉਪਾਂਸ੍ਰ ਉਚੈਸ੍ਰ ਦੁਈ ਵਿਧ: ਪ੍ਰਕੀਰਤਿਤ: ॥ ੧ ॥ ਮਾਨਸੋ ਮਨਨ ਧਿਆਨ ਭੇਦਾਤ੍ ਦੁਈ ਵਿਧੰ ਆਸ੍ਰਿਤ: ॥ ਊਚੈ: ਜਪ: ਤੂ ਸਰਵੇਸਾਂ ਯਥੋਕ੍ਤ: ਫਲਦੋ ਭਵੇਤ ॥ ੨ ॥ ਊਚੈ ਜਪਾਤ ਉਪਾਂਸੁਸ੍ਰ ਸਹਸ੍ਰ ਗੁਣਾ ਉਚਜ਼ਤੇ ॥ ਮਾਨਸਸ੍ਰ ਤਥਾ ਉਪਾਂਸੋ: ਸਹਸ੍ਰ ਗੁਣਾ ਉਚਜ਼ਤੇ ॥ ੩ ॥ ਗੁਰੂਣਾਂ ਚ ਮੰਤ੍ਰ ਅਭਜਾਸੋ ਜਪ: ਸਿਮਿਤ੍ਰ: ॥ ੪ ॥

ਟੀਕਾ-ਜਪ ਤੋ ਦੋ ਪ੍ਰਕਾਰ ਕਾ ਕਹਾ ਗਯਾ ਹੈ ਏਕ ਤੋ ਵਾਚਕ ਯਾਨੇ ਬਾਣੀ ਸੇ ਕਰਨੇ ਵਾਲਾ ਦੂਸਰਾ ਮਾਨਸਿਕ ਯਾਨੇ ਮਨ ਮੇਂ ਕਰਨੇ ਵਾਲਾ ਔਰ ਉਸ ਮੇਂ ਸੇ ਵਾਚਕ ਜੋ ਹੈ ਸੋ ਭੀ ਦੋ ਪ੍ਰਕਾਰ ਕਾ ਕਹਾ ਗਯਾ ਹੈ। ਉਪਾਂਸੁ ਔਰ ਊਚੇ, ਉਪਾਂਸੁ ਹੋਠੋਂ ਮੇਂ, ਊਚੇ ਨਾਮਵੈਖਰੀ ਬਾਣੀ ਸੇ, ਮਾਨਸਿਕ ਜਪ ਮੰਨਨ ਔਰ ਧਿਆਨ ਭੇਦ ਸੇ ਦੋ ਪ੍ਰਕਾਰ ਕਾ ਹੈ। ਊਚੇ ਜਪ ਜੋਰ ਸੇ ਕਰਨਾ ਸਭ ਕੇ ਲੀਏ ਜੈਸਾ ਕਹਾ ਗਿਆ ਹੈ ਵੈਸਾ ਫਲ ਦੇਨੇ ਵਾਲਾ ਹੋਤਾ ਹੈ ॥ ੨ ॥ ਉਚੇ ਜਪੁ ਸੇ ਉਪਾਂਸੁ ਜਪ ਹਜ਼ਾਰ ਗੁਣਾ ਅਧਿਕ ਕਹਾ ਗਯਾ ਹੈ ਔਰ ਮਾਨਸਿਕ ਜਪ ਉਪਾਂਸੂ ਜਾਪ ਸੇ ਹਜ਼ਾਰ ਗੁਣਾ ਅਧਿਕ ਕਹਾ ਗਯਾ ਹੈ ॥ ੩ ॥ ਸੰਬੰਧ ਸੇ ਰਹਿਤ ਔਰ ਗੁਰੂਓਂ ਸੇ ਉਪਦੇਸ਼ ਕੀਆ ਭੀ ਵੇਦ ਕਥਿਤ ਮਾਰਗ ਸੇ ਮੰਤ੍ਰ ਕਾ ਅਭਿਆਸ ਰੂਪ ਜਪ ਬਤਲਾਯਾ ਗਯਾ ਹੈ।

ਧਿਆਨੰ ਤੁ ਦ੍ਵਿਵਿਦੰ ਪ੍ਰੋਕ੍ਤੰ ਅਸਥੂਲੰ ਸੂਖਮ੍ਰ ਭੇਦਤ: ॥ ਸਾਕਾਰੰ ਅਸਥੂਲੰ ਇਤਜਾਹੁ ਨਿਰਾਕਾਰੰ ਤੁ ਸੂਖਜਮਕੰ ॥ ੧ ॥

ਟੀਕਾ-ਧਿਆਨ ਦੋ ਪ੍ਰਕਾਰ ਕਾ ਹੈ ਅਸਥੂਲ ਔਰ ਸੂਖਮ। ਸਾਕਾਰ ਕਾ ਧਿਆਨ

ਅਸਥੂਲ ਹੈ ਔਰ ਨਿਰਾਕਾਰ ਕਾ ਧਿਆਨ ਸੂਖਮ ਹੈ।

**ਜਪੇਨ ਦਹਤਿ ਪਾਪੰ ਪ੍ਰਾਣਾਯਾਮੈ: ਤਥਾਮਤੰ ਧਿਆਨੈ: ਜਨਮ ਨਿਰਮੁਕੰ ਧਾਰਣਾ ਭਿਸੁ ਮੁਚਯਤੇ ॥੧॥ ਮਾਂਗਲਯੰ ਪਾਵਨੰ ਧਰਮੰ ਸਰਵ ਕਾਮ ਪ੍ਰਦਾਯਕੰ ॥ ਓਅੰਕਾਰੰ ਪਰਮੰ ਬ੍ਰਹਮ ਸਰਵ ਮੰਤ੍ਰੇਸ਼ੂ ਨਾਯਕ: ॥੨॥**

ਟੀਕਾ-ਜਪ ਸੇ ਔਰ ਪ੍ਰਾਣਾਯਾਮੋਂ ਸੇ ਪਾਪ ਕੋ ਨਸ਼ਟ ਕਰੇ ਔਰ ਧਿਆਨ ਸੇ ਔਰ ਧਾਰਣਾਓਂ ਸੇ ਜਨਮ ਮਰਨ ਰਹਿਤ ਹੋ ਜਾਵੇ ॥੧॥ ਮੰਗਲ ਰੂਪ ਪਵਿਤ੍ਰ ਧਰਮ ਔਰ ਸਰਵ ਕਾਮੋਂ ਕੋ ਦੇਨੇ ਵਾਲਾ ਓਅੰਕਾਰ ਪਾਰਬ੍ਰਹਮ ਕਾ ਜਾਪ ਸਭ ਮੰਤਰੋਂ ਮੇਂ ਪ੍ਰਧਾਨ ਹੈ ॥੨॥

ਜਪ ਲਖਣ ਦੂਸਰਾ-

**ਮਨੋ ਮਧਯੇ ਇਸਥਿਤੋ ਮੰਤ੍ਰ ਮੰਤ੍ਰ ਮਧਯੇ ਇਸਥਿਤੰ ਮਨ: ॥ ਮਨੋ ਮੰਤ੍ਰ ਸਮਾਯੁਕੰ ਏਤਦਹੀ ਜਪ ਲਖਣੰ ॥੧॥ ਬ੍ਰਿਤਿ ਹੀਨੰ ਮਨ: ਕ੍ਰਿਤ੍ਵਾ ਖੇਤ੍ਰਗਯ: ਪਰਮਾਤਮਨਿ ॥ ਏਕੀ ਕ੍ਰਿਤ ਵਿਮੁਚਯੇਤ ਯੋਗੋਅਯੰ ਮੁਖੰ ਉਚਯਤੇ ॥ ਸਰਵ ਜੀਵੇਸ਼ੂ ਯੋ ਵਿਸ਼ਣੂ: ਭਾਵਯੇਤ ਸੰਭਾਵਤ: ॥ ਹਰਊ ਕਰੋਤਿ ਭਕਤਿੰ ਹਰਿ ਭਕਤ: ਸਚ ਸਿਮ੍ਰਿਤ: ॥੩॥**

ਟੀਕਾ-ਮਨ ਕੇ ਬੀਚ ਮੇਂ ਤੋ ਮੰਤ੍ਰ ਇਸਥਿਤ ਹੋਵੇ ਔਰ ਮੰਤ੍ਰ ਮੇਂ ਇਸਥਿਤ ਮਨ ਹੋਵੇ ਮਨ ਔਰ ਮੰਤ੍ਰ ਦੋਨੋਂ ਕਾ ਏਕ ਹੋ ਜਾਨਾ ਯੇ ਜਪ ਕਾ ਲਖਣ ਹੈ ਪ੍ਰਮਾਣ ਜੈਸੇ ਏਕ ਮੁਸਲਮਾਨ ਫਕੀਰ ਨੇ ਆਪਣੇ ਸ਼ਾਗਿਰਦ ਕੋ ਬੰਦਗੀ ਕਾ ਲਖਣ ਸੁਣਾਯਾ ਹੈ :-

**ਜ਼ਾਕਰੋ ਮਫਕੂਰ ਜ਼ਿਕ੍ਰ ਆਮਦ ਦੱਰਯਕੇ ॥ ਨ ਹਮੀ ਜ਼ਿਕ੍ਰੀ ਕਿ ਬਾਸ਼ਦ ਬਰ ਜ਼ਬਾਂ ॥**

ਜ਼ਾਕਰ ਯਾਨੇ ਧਿਆਨ ਕਰਤਾ ਔਰ ਮਫਕੂਰ ਯਾਨੇ ਧਯੇਯ-ਪਰਮਾਤਮਾ ਔਰ ਜਿਕਰ (ਬ੍ਰਿਤੀ) ਧਯਾਤਾ ਧਿਆਨ ਧਯੇਯ ਤੀਨੋਂ ਹੀ ਏਕ ਬ੍ਰਿਤੀ ਮੇਂ ਮਾਲੂਮ ਹੋਵੇਂ ਇਸਕਾ ਨਾਮ ਬੰਦਗੀ ਹੈ। ਫਕਤ ਜ਼ਬਾਨ ਸੇ ਅੱਲਾ ਖੁਦਾ ਕਹਿਨਾ ਯਹ ਬੰਦਗੀ ਨਹੀਂ।

ਟੀਕਾ-ਸਰੀਰ ਕੇ ਜਾਨਨੇ ਵਾਲੇ ਈਸ੍ਵਰ ਮੇਂ ਬ੍ਰਿਤੀਓਂ ਸੇ ਰਹਿਤ ਉਸ ਮਨ ਕੋ ਮਿਲਾ ਦੇਨਾ ਯਹ ਮੁਖ ਯੋਗ ਹੈ ॥੨॥ ਸਰਵ ਜੀਵੋਂ ਮੇਂ ਜੋ ਵਿਸ਼ਣੂ ਭਾਵ ਸੇ ਸੰਭਾਵਨਾ ਕਰੇ ਤਥਾ ਜੋ ਹਰੀ ਮੇਂ ਭਗਤੀ ਕਰੇ ਉਸ ਕੋ ਹਰਿ ਭਗਤ ਜਾਨਨਾ ਚਾਹੀਏ ॥੩॥

੫. ਪ੍ਰਾਣਾਯਾਮ:-

ਪ੍ਰਾਣ ਕੀ ਗਤਿ ਕੋ ਠਹਿਰਾ ਦੇਣਾ ਇਸਕਾ ਨਾਮ ਪ੍ਰਾਣਾਯਾਮ ਹੈ ਵੇਦੋਂ ਨੇ ਸ਼ਰੀਰ



ਮੇਂ ੭੨੭੨੧੦੨੦੫ ਨਾੜੀਆਂ ਕਹੀਆਂ ਹੈਂ ਉਨ ਮੇਂ ਸੇ ਦਸ ਨਾੜੀਆਂ ਪ੍ਰਾਣ ਅਭਿਆਸ ਕੀ ਸਹਾਇਕ ਲਿਖੀਆਂ ਹੈਂ:-

**ਇੜਾ ਚ ਪਿੰਗਲਾਚੈਵ ਸ਼ਿਸ਼ੁਮਣਾਚ ਤਤ ਪਰੰ ॥ ਗੰਧਾਰੀ ਹਸਤਿ ਜਿਹਬਾ ਚ ਪੂਸ਼ਾਚੈਵ ਪਯਸ੍ਵਿਨੀ ॥ ਲਕ੍ਵਾ ਲੰਬਸਾ ਚੈਵ ਸ਼ੰਖਨੀ ਦਸ ਨਾੜਿਕਾ ॥**

ਟੀਕਾ-ਨੱਕ ਕੇ ਖੱਬੇ ਪਾਸੇ ਇੜਾ ਨਾੜੀ ਸੱਜੇ ਪਾਸੇ ਪਿੰਗਲਾ ਨਾੜੀ ਦੋਨੋਂ ਕੇ ਬੀਚ ਵਾਲੀ ਨਾੜੀ ਕੋ ਸ਼ਿਸ਼ਮਨਾ ਨਾੜੀ ਕਹਿਤੇ ਹੈਂ। ਸੱਜੇ ਨੇਤ੍ਰ ਮੇਂ ਗੰਧਾਰੀ ਨਾੜੀ ਔਰ ਖੱਬੇ ਮੇਂ ਹਸਤਿ ਜਿਹਵਾ ਨਾੜੀ ਹੈ। ਸੱਜੇ ਕੰਨ ਮੇਂ ਪੂਸ਼ਾ ਨਾੜੀ ਔਰ ਖੱਬੇ ਮੇਂ ਪਯਸ੍ਵਿਨੀ ਨਾੜੀ ਹੈ ਲਿੰਗ ਮੇਂ ਅਲੰਬਸਾ ਨਾੜੀ ਹੈ। ਗੁਦਾ ਵਿਚ ਲਕਵਾ ਨਾੜੀ ਹੈ ਸੰਖਨੀ ਨਾੜੀ ਨਾਭੀ ਮੇਂ ਹੈ। ਪ੍ਰਾਣਾਯਾਮ ਕੇ ਕਠਿਨ ਪ੍ਰਕਾਰ ਬਹੁਤ ਹੈਂ ਪਰ ਅਸਲ ਦੋ ਹੈਂ ਅਰਥਾਤ ਚੰਦ੍ਰਾਂਗ ਔਰ ਸੂਰਯਾਂਗ ਪ੍ਰਾਣਾਯਾਮ। ਪਹਿਲਾ ਐਸੇ ਹੈ ਕਿ ਇੜਾ ਕੇ ਰਸਤੇ ੧੬ ਵਾਰ ਓਅੰ ਜਪ ਕਰਕੇ ਧੀਰੇ ਧੀਰੇ ਪ੍ਰਾਣੋਂ ਕੋ ਅੰਦਰ ਖੈਂਚਨਾ ਯਾਨੇ ਪੂਰਕ ਕਰਨਾ। ੬੪ ਵਾਰ ਓਅੰ ਕੇ ਜਪ ਕੇ ਸਾਥ ਸ੍ਵਾਸੋਂ ਕੋ ਠਹਿਰਾਨਾ ਕੁੰਭਕ ਕਰਨਾ ਔਰ ੩੨ ਵਾਰ ਕੇ ਸ੍ਵਾਸੋਂ ਕੇ ਸਾਥ ਪ੍ਰਾਣ ਯਾਨੇ ਸ੍ਵਾਸ ਬਾਹਰ ਕੋ ਛੋੜਨੇ। ਦੂਸਰਾ ਸੂਰਯਾਂਗ ਪ੍ਰਾਣਾਯਾਮ ਪਿੰਗਲਾ ਕੇ ਰਸਤੇ (ਚੰਦ੍ਰਾਂਗ ਕੀ ਰੀਤਿ ਅਨੁਸਾਰ) ਪੂਰਕ ਕਰਕ ਕੁੰਭਕ ਪਿਛੋਂ ਇੜਾ ਦੁਆਰਾ ਛੋੜ ਦੇਨਾ ਯਾਨੇ ਕੁੰਡਲਿਨੀ ਨਾੜੀ:-

**ਮੂਲਾਧਾਰਾਦਾਰਭਯ ਬ੍ਰਹਮਰੰਧ ਪਰਯੰਤੰ ॥ ਸੁਸ਼ਮਨਾ ਸੂਰਯਾਭਾ ਤਨ ਮਧਯੇ ਤੜਿਤ ਕੋਟਿ ਸਮਾ ਮ੍ਰਿਣਾਲਤੰਤੂ ਸੂਖਯਮ ਕੁੰਡਲਿਨੀ ਤਤ੍ਰਤਮੋ ਨਿਵ੍ਰਿਤੀ ਤਤ੍ਰ ਦਰਸ਼ਨਾਤ੍ਰ ਸਰਵ ਪਾਪ ਨਿਵ੍ਰਿਤ:-**

ਅਰਥ-ਮੂਲਾਧਾਰ ਸੇ ਲੇਕੇ ਬ੍ਰਹਮ ਰੰਧ੍ਰ ਤਕ ਸੂਰਜ ਪ੍ਰਭਾ ਕੇ ਸਮਾਨ ਸ਼ਿਸ਼ਮਨਾ ਨਾੜੀ ਰਹਿਤੀ ਹੈ। ਉਸ ਕੇ ਮਧਯ ਮੇਂ ਕ੍ਰੋੜੋਂ ਵਿਦਯੁਤ ਪ੍ਰਭਾ ਕੇ ਸਮਾਨ ਅਤਿ ਸੂਖਮ ਰੂਪ ਮੇਂ ਕੁੰਡਲਿਨੀ ਨਾਮ ਏਕ ਸ਼ਕਤੀ ਹੈ। ਉਸ ਸ਼ਕਤੀ ਕੇ ਦਰਸ਼ਨ ਮਾਤਰ ਸੇ ਹੀ ਸਰਵ ਪਾਪ ਔਰ ਅਗਿਆਨ ਨਾਸ਼ ਹੋ ਜਾਤੇ ਹੈਂ। ਪ੍ਰਾਣਾਯਾਮ ਕੇ ਬਲ ਕਰਕੇ ਭੁਜੰਗਮਾ ਨਾੜੀ ਜਿਸ ਮੇਂ ਸੁਖਮਨਾ ਕਾ ਦਰਵਾਜ਼ਾ ਕਿਵਾੜ ਰੂਪ ਹੋ ਕੇ ਬੰਦ ਕੀਆ ਹੂਆ ਹੈ। ਪਰੇ ਹਟ ਜਾਦੀ ਹੈ ਔਰ ਸੁਖਮਨਾ ਦੁਆਰਾ ਦਸਵੇਂ ਦੁਆਰ ਮੇਂ ਪ੍ਰਾਣੋਂ ਕੀ ਗਤੀ ਹੋ ਜਾਤੀ ਹੈ ਇਸ ਕਸ਼ਟ ਸੇ ਸਾਧਯ ਪ੍ਰਾਣਾਯਾਮ ਸੇ ਛੁਟਕੇ ਇਕ ਹੰਸ ਪ੍ਰਾਣਾਯਾਮ ਹੈ ਜਿਸਕੀ ਯਹ ਚਾਲ ਹੈ ਇਕਾਗਰ ਮਨ ਹੋਕੇ ਸਵਾਸ ਕੇ ਬਾਹਰ ਜਾਨੇ ਪਰ ਹਕਾਰ ਕਾ ਔਰ ਅੰਦਰ ਜਾਣੇ ਪਰ

ਸਕਾਰ ਕਾ ਸਿਮਰਨ ਕਰਨਾ ਇਸਤਰਾਂ ਸਠ ਘੜੀ ਵਿਚ ੨੧੬੦੦ ਵਾਰ ਜਪ ਹੋਤਾ ਹੈ ਇਸ ਕਾ ਨਾਮ ਅਜਪਾ ਜਾਪ ਯਾਨੇ ਅਜਪਾ ਗਾਯਤ੍ਰੀ ਹੈ। ਪਰਪਤੀ ਨਾਮ ਸਰਣਾਗਤੀ ਕਾ ਹੈ ਸੋ ਪੀਛੇ ਕਹਿ ਆਏ ਹੈਂ। ੭। ਕਰਮ ਯੋਗ ਹੈ ਯਾਨੇ ਕ੍ਰਿਆ ਯੋਗ ਹੈ।

**ਨਿਵਲੀ ਕਰਮ ਭੁਅੰਗਮ ਭਾਰੀ ॥ ਰੇਚਕ ਪੂਰਕ ਕੁੰਭ ਕਰੈ ॥**

[ਪ੍ਰਭਾਤੀ ਅਸਟ: ਮ: ੧ ਸਫਾ ੧੩੪੩

**ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥**

[ਮਾਝ ਮ: ੫ ਸਫਾ ੯੮

**ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟ ਨਿਰਾਹਾਰ ॥ ਅਪਰਸ ਕਰਤ ਪਾਕ ਸਾਰ ॥ ਨਿਵਲੀ ਕਰਮ ਬਹੁ ਬਿਸਥਾਰ ॥**

[ਸਾਰਗ ਮ: ੫ ਸਫਾ ੧੨੨੯

ਨਿਵਲੀ ਆਦਿ ਕ੍ਰਿਆ ਛੇ ਪ੍ਰਕਾਰ ਕੀ ਹੋਤੀ ਹੈ। ਜੈਸੇ ਲਿਖਾ ਹੈ:-

**ਸ਼ਲੋਕ ॥ ਧੋਤਿ ਨੇਤਿ ਤਥਾ ਵਸਤਿ ਤ੍ਰਾਟਕੰ ਨਵਲਕੰ ਤਥਾ। ਕਪਾਲ ਭਾਤਿਸਚ ਏਤਾਨੀ ਖਟ ਕਰਮਾਣੀ ਪ੍ਰਚਖਜਤੇ ॥**

ਅਰਥ-ਕ੍ਰਿਆ ਛੇ ਪਰਕਾਰ ਕੀ ਕਹੀ ਜਾਤੀ ਹੈ। ੧ ਧੋਤੀ, ੨ ਨੇਤੀ, ੩ ਬਸਤੀ, ੪ ਤ੍ਰਾਟਕ, ੫ ਨਿਵਲੀ, ੬ ਕਪਾਲ ਭਾਤੀ, ਇਨਕਾ ਅਬ ਅਰਥ ਲਿਖਤੇ ਹੈਂ। (੧) ਧੋਤੀ-ਚਾਰ ਅੰਗੁਲ ਚੌੜੀ ੧੫ ਹਥ ਲੰਬੀ ਬਰੀਕ ਕਪੜੇ ਕੀ ਪੱਟੀ ਕੋਸੇ ਪਾਣੀ ਕੇ ਸਾਥ ਭਿਗੋਕੇ ਇਕ ਇਕ ਹਥ ਰੋਜ ਨਿਗਲਨੇ ਕਾ ਅਭਿਆਸ ਕਰਨਾ ਔਰ ੧੫ ਦਿਨ ਮੇਂ ਯੇ ਸਾਰਾ ਨਿਗਲ ਜਾਨਾ ਪਿਛਲਾ ਕਿਨਾਰਾ ਦਾਂਤੋਂ ਮੇਂ ਮਜ਼ਬੂਤ ਰਖਣਾ ਔਰ ਪੱਟੀ ਕੋ ਧੀਰੇ ਧੀਰੇ ਬਾਹਰ ਨਿਕਾਲਨਾ। ਇਸ ਪ੍ਰਕਾਰ ਕਰਨੇ ਸੇ ਅੰਤੜੀ ਕੀ ਸਫਾਈ ਹੋਤੀ ਹੈ। (੨) ਨੇਤੀ-ਇਕ ਗਿਠ ਲੰਬਾ ਸੂਤ ਕਾ ਧਾਗਾ ਬਰੀਕ ਔਰ ਮੁਲਾਯਮ ਲੇ ਕਰ ਪੂਰਕ ਕਰਕੇ ਨਕ ਕੇ ਰਾਸਤੇ ਮੇਂ ਚੜਾ ਕੇ ਪ੍ਰਾਣੋਂ ਕੇ ਬਲ ਸੇ ਉਸਕੋ ਮੁਖ ਕੇ ਰਸਤੇ ਨਿਕਾਸ ਦੋਨੋਂ ਤਰਫ ਸੇ ਪਕੜ ਕਰ ਅੰਦਰ ਸਾਫ ਕਰਨਾ। (੩) ਵਸਤੀ-ਨਾਭੀ ਤਾਂਈਂ ਪਾਣੀ ਮੇਂ ਬੈਠਕੇ ਛੇ ਅੰਗੁਲ ਲੰਮੀ ਏਕ ਅੰਗੁਲ ਮੋਟੀ ਬਾਂਸ਼ ਕੀ ਨਲਕੀ ਲੇਕੇ ਚਾਰ ਅੰਗੁਲ ਗੁਦਾ ਮੇਂ ਪ੍ਰਵੇਸ਼ ਕਰਨੀ ਔਰ ਪ੍ਰਾਣੋਂ ਕੇ ਬਲ ਸੇ ਜਲ ਖੈਚਂਕੇ ਅੰਤੜੀ ਸਾਫ ਕਰਨੀ। (੪) ਪ੍ਰਾਟਕ ਲਖਣ--

**ਨਿਰੀਖਜਣੰ ਨਿਸੂਲਦ੍ਰਸ਼ਾ ਸੁਖਜਮੰ ਲਖਸ਼ਕੰ ਸਮਾਹਿਤਾ। ਅਸ਼੍ਰੁ**



**ਪਾਤ ਪਰਜੰਤ ਆਚਾਰਯੇ ਤ੍ਰਾਟਕੰ ਸਿਮ੍ਰਿਤੰ। ਸੋਸਨੰ ਨੇਤ੍ਰ ਰੋਗਾਣਾਂ ਤੰਦ੍ਰਾਦੀਨਾਂ ਕਪਾਟਕੰ। ਯਤਨਤ: ਤ੍ਰਾਟਕੰ ਗੋਪਯੰ ਯਥਾ ਹਾਟਕੰ ਪੇਟਕਉ ॥ ੨ ॥**

ਟੀਕਾ-ਨੇਤ੍ਰੋਂ ਕੀ ਟਿਕਟਿਕੀ ਕਿਸੀ ਖਾਸ ਚੀਜ਼ ਤੇ ਲਗਾ ਕੇ ਤਬ ਤਕ ਏਕ ਰਸ ਦੇਖਤੇ ਰਹਨਾ ਜਬ ਨੇਤਰੋਂ ਕੀ ਦ੍ਰਿਸ਼ਟੀ ਥਕ ਕਰ ਜਲ ਨਾ ਨਿਕਲੇ ਉਸਕੋ ਅਚਾਰਜ ਤ੍ਰਾਟਕ ਕਹਤੇ ਹੈਂ। ਯਹ ਤ੍ਰਾਟਕ ਨੇਤਰੋਂ ਕੇ ਰੋਗੋਂ ਕੋ ਨਸ਼ਟ ਕਰਨੇ ਵਾਲਾ ਹੈ। ਔਰ ਨਿੰਦਰਾ ਤਥਾ ਆਲਸਜ ਆਦਿ ਤਮੋ ਗੁਣ ਕੀ ਬ੍ਰਿਤੀ ਕੋ ਤੋੜਨੇ ਵਾਲਾ ਹੈ। ਇਸ ਕੋ ਯਤਨ ਸੇ ਰਖੇ ਜੈਸੇ ਸੋਨੇ ਦੀ ਸੰਦੂਕੜੀ ਸੰਭਾਲ ਕੇ ਰਖੀ ਜਾਤੀ ਹੈ ਇਸ ਕੇ ਅਭਿਆਸ ਕਾ ਅਸਥਾਨ ਨਾਸਕਾਗ੍ਰ ਵਾ ਭ੍ਰੂਊਂ (ਭਵਾਂ) ਕਾ ਮਧਯ ਭਾਗ ਜਾਨੇ। ੫ ਨਿਉਲੀ-ਦੋਨੋਂ ਕੰਧੇ ਨੀਚੇ ਕਰਕੇ ਪਿਠ ਕੋ ਸੀਧਾ ਕਰਕੇ ਸਾਵਧਾਨ ਬੈਠਨਾ ਪ੍ਰਾਣੋਂ ਕੇ ਬਲ ਸੇ ਪੇਟ ਕੋ ਸੱਜੇ ਖੱਬੇ ਉਪਰ ਨੀਚੇ ਇਸ ਪ੍ਰਕਾਰ ਚਲਾਨਾ ਜੈਸੇ ਮਟਕੀ ਮੇਂ ਦਹੀ ਮੰਥਨ (ਰਿੜਕਨੇ) ਸਮਯ ਹੋਤੀ ਹੈ। ਕਪਾਲ ਭਾਤੀ-ਲੁਹਾਰ ਕੀ ਧੋਕਨੀ ਕੇ ਸਮਾਨ ਰੇਚਕ ਪੂਰਕ ਦੁਆਰਾ ਪ੍ਰਾਣੋਂ ਕੋ ਬਾਰੰਬਾਰ ਚੜ੍ਹਾਨਾ ਉਤਾਰਨਾ।

ਭੁਯੰਗੀਮਾ ਨਾੜੀ ਕਾ ਕਥਨ:-

ਭੁਯੰਗਮਾ ਕੁੰਡਲਨੀ ਨਾੜੀ ਕੋ ਕਹਿਤੇ ਹੈਂ ਜੋ ਸੁਖਮਨਾ ਕਾ ਦਰਵਾਜਾ ਬੰਦ ਰਖਤੀ ਹੈ ਜਿਸਕੋ ਬੜੇ ਕਸ਼ਟ ਸੇ ਪ੍ਰਾਣਾਯਾਮ ਕੇ ਅਭਿਆਸ ਕੇ ਬਲ ਸੇ ਯੋਗੀ ਲੋਗ ਪਰੇ ਹਟਾਤੇ ਹੈਂ। ਅਬ ਭਾਠੀ ਕੋ ਕਹਿਤੇ ਹੈਂ-ਮਾਲਸ਼ ਕਰਕੇ ਜੀਭ ਕੋ ਐਸੀ ਪਤਲੀ ਔਰ ਲੰਬੀ ਬਨਾਵੇਂ ਜੋ ਆਖੋਂ ਕੀ ਭਵੋਂ ਕੋ ਛੂ ਜਾਵੇ ਫਿਰ ਉਸਕੋ ਲੋਟਾ ਕਰ ਕੰਠ ਮੇਂ ਪਰਵੇਸ਼ ਕਰਨਾ ਜਿਸ ਕਰਕੇ ਜੀਭ ਕੀ ਨੋਕ ਯਾਂਨੀ ਅਗ੍ਰ ਭਾਗ ਤਾਲੂ ਕੇ ਊਪਰ ਜੋ ਛਿਦ੍ਰ ਹੈ ਉਸਕੋ ਬੰਦ ਕਰ ਦੇਵੇ ਐਸਾ ਕਰਨੇ ਸੇ ਪ੍ਰਾਣਾਯਾਮ ਸੇ ਉਤਪੰਨ ਜੋ ਗਰਮੀ ਹੈ ਵਹੁ ਦੂਰ ਹੋ ਜਾਤੀ ਹੈ ਤ੍ਰਿਕੁਟੀ ਕੇ ਖਬੇ ਪਾਸੇ ਯੋਗੀਓਂ ਕੇ ਧਿਆਨ ਕੀਏ ਹੂਏ ਚੰਦਰਮਾਂ ਸੇ ਅੰਮ੍ਰਿਤ ਟਪਕਤਾ ਹੈ ਉਸ ਅੰਮ੍ਰਿਤ ਮਈ ਰਸ ਕੋ ਅਨਭਵ ਕਰਤੀ ਹੈ ਵੋਹ ਰਜ ਯੋਗ ਸ਼ਾਸਤਰੋਂ ਮੇਂ ਅਮਰ ਵਾਰਣੀ ਨਾਮ ਸੇ ਪਰਸਿਧ ਹੈ।

(ਅਬ ਕ੍ਰਿਆ ਯੋਗ ਕਾ ਦੂਸਰਾ ਲਖਛਣ ਕਹਿਤੇ ਹੈਂ।)

**ਸੂਤ੍ਰ-ਤਪ: ਸ੍ਵਾਧਯਾਯ ਈਸ਼ੁਰ ਪ੍ਰਣਿਧਾਂਨਾਨੀ ਕ੍ਰਿਯਾ ਯੋਗ: ॥**

[ਯੋਗ ਦਰਸ਼ਨ ਪਾਦ ੨ ਸੂਤ੍ਰ ੮

ਅਰਥ-ਮਨ ਬਾਣੀ ਸਰੀਰ ਸੇ ਤਪਸਜਾ ਕਰਨੀ, ਵੇਦ ਸ਼ਾਸਤ੍ਰ ਕਾ ਪਠਨ ਪਾਠਨ ਕਰਨਾ, ਔਰ ਸਰਬ ਕਰਮ ਈਸ਼ਵਰ ਅਰਪਣ ਕਰਨੇ ਇਸਕੋ ਕ੍ਰਿਆ ਯੋਗ ਕਹਿਤੇ ਹੈਂ। (ਪ੍ਰਾਣਾਯਾਮ ਯੋਗ ਪ੍ਰਾਣ ਅਪਾਨਯੋ ਏਕੰ)। ਰੇਚਕ-ਪ੍ਰਾਣ ਅੰਦਰ ਸੇ

ਬਾਹਰ ਕੋ ਛੋੜਨੇ । ਪੂਰਕ-ਬਾਹਰ ਸੇ ਪ੍ਰਾਣੋਂ ਕੋ ਅੰਦਰ ਲੇ ਜਾਣਾ । ਕੁੰਭਕ-ਪ੍ਰਾਣੋਂ ਕੋ ਠਹਿਰਾਣਾ । ਕੁੰਭਕ ਆਠ ਪ੍ਰਕਾਰ ਕਾ ਹੋਤਾ ਹੈ। ਪ੍ਰਮਾਣ-

**ਸੂਰਯ ਭੇਦੇਨੰ ਉੱਜਈ ਸ਼ੀਤਕਾਰੀ ਸ਼ੀਤਲੀ ਤਥਾ । ਭਸਤ੍ਰਿਕਾ ਭ੍ਰਾਮਰੀ ਮੂਰਛਾ ਪਲਾਵਨੀ ਇਤਿ ਅਸ਼੍ਰ ਕੁੰਭਕ: ॥**

ਅਰਥ-੧. ਸੂਰਜ ਭੇਦਨੇ । ੨. ਉੱਜਈ। ੩. ਸ਼ੀਤਕਾਰੀ। ੪. ਸ਼ੀਤਲੀ। ੫. ਭਸ਼ਤ੍ਰਕਾ । ੬. ਭ੍ਰਾਮਰੀ । ੭. ਮੂਰਛਾ। ੮. ਪਲਾਵਨੀ।

**ਉਲਟਤ ਪਵਣ ਚਕ੍ਰ ਖਟੁ ਭੇਦੇ॥**

[ਗਉੜੀ ਕਬੀਰ ਸਫਾ ੩੩੩

ਅਬ ਖਟ ਚਕ੍ਰ ਕਾ ਬਿਆਨ ਕਰਤੇ ਹੈਂ-ਜੈਸੇ ਮੂਲਾਧਾਰ ਚਕਰ ਜੋ ਗੁਦਾ ਮੇਂ ਹੈ ਔਰ ਜਹਾਂ ਉਪਾਨ ਵਾਯੂ ਕਾ ਨਿਵਾਸ ਹੈ। ਪ੍ਰਮਾਣ-

**ਆਧਾਰੰ ਗੁਦੰ ਇਤਿ ਉਕ੍ਤੰ ਸ੍ਵਾਧਿਸ੍ਥਾਨੰ ਤੁ ਲੈਂਗਕਿੰ । ਮਣਿ ਪੂਰਕ ਨਾਭੀ ਦੇਸ਼ੇ ਹ੍ਰਿਦਿ ਇਸਿਥਤੰ ਅਨਾਹਿਤੰ॥**

**ਵਿਸ਼ੁੱਠ ਕੰਠ ਮੂਲੇ ਚ ਆਗਯਾ ਚਕ੍ਰੰ ਚ ਮਸਤਕੇ ਖਟ ਚਕ੍ਰਾਣਿ ਪਰਿ ਗਯਾਤ੍ਵਾ ਪ੍ਰਵਿਸ਼ੇਤ ਸੁਖ ਮੰਡਲੇ ॥ ੨ ॥ ਚਤੁਰ ਦਲੰ ਸ੍ਯਾਤ ਆਧਾਰੰ ਸ੍ਵਧਿਸ਼੍ਠਾਨੰ ਤੁ ਖਟ ਦਲੰ। ਨਾਭਊ ਦਸ਼ ਦਲੰ ਪਦਮ ਹ੍ਰਿਦਯੇ ਦ੍ਵਾਦਸ਼ ਅਰਕੰ ॥ ੩ ॥ ਖੋੜ ਸਾਰੰ ਵਿਸ਼ੁੱਧ ਆਖਯੰ ਭ੍ਰੂਵ ਮਧਯੇ ਦ੍ਵਿ ਦਲੰ ਤਥਾ। ਸਹਸ੍ਰ ਦਲ ਸੰਖਯਾਤੰਬ੍ਰਹਮ ਰੰਧ੍ਰੇ ਹਾਂ ਪਥਿ: ॥ ੪ ॥**

ਅਰਥ-(੧) ਮੂਲਾਧਾਰ ਗੁਦਾ ਮੰਡਲ ਕਾ ਚਕਰ ਹੈ ਜਿਸ ਮੇਂ ਉਲਟੇ ਮੁਖ ਵਾਲਾ ਚਾਰ ਪੰਖੜੀ ਵਾਲਾ ਪੀਲਾ ਕਮਲ ਹੈ । ਚਾਰ ਪੰਖੜੀਆਂ ਯਹ ਹੈਂ:-ਵ ਸ਼ ਖ ਸ ਤੀਨ ਕੋਨੇ ਹੈਂ ਗਿਆਨ ਇਛਾ ਕ੍ਰਿਯਾ, ਔਰ ਜਹਾਂ ਕੁੰਡਲਨੀ ਨਾੜੀ ਇਸਥਿਤ ਹੈ ਵਹਾਂ ਕਾਮ ਰੂਪ ਪੀਠ ਯਾਨੇ ਤਖਤ ਹੈ, ਜਹਾਂ ਨਾਦ, ਹੰਸ, ਮਨ ਪੈਦਾ ਹੋਤੇ ਹੈਂ। ਸਵਾਹਨ ਸ: ਸ਼ਕਤੀ ਸ੍ਰੀ ਗਨੇਸ਼ ਜੀ ਕਾ ਯੋਗੀ ਜਨ ਧਿਆਨ ਕਰਤੇ ਹੈਂ।

(੨) ਸ੍ਵਾਧਿਸ਼ਠਾਨ ਚਕਰ ਹੈ, ਲਿੰਗ ਕੇ ਮੂਲ ਮੇਂ ਹੈ, ਜਿਸ ਮੇਂ ਲਾਲ ਰੰਗ ਕਾ ਉਰਧ ਮੁਖ ਛੇ ਦਲ ਕਾ ਕਮਲ ਹੈ ਇਸਕੀ ਛੇ ਪੰਖੜੀਆਂ ਹੈਂ, ਬ, ਭ, ਮ, ਯ, ਰ, ਲ ਸਹਿਤਵਾਹਨ ਸਹਿਤ ਸ਼ਕਤੀ ਬ੍ਰਹਮਾ ਜੀ ਕਾ ਯੋਗੀ ਜਨ ਧਿਆਨ ਕਰਤੇ ਹੈਂ।



(੩) ਮਣੀ ਪੂਰਕ ਚਕਰ ਜੋ ਨਾਭੀ ਦੇਸ਼ ਮੇਂ ਇਸਥਿਤ ਹੈ, ਨੀਲੇ ਰੰਗ ਕਾ ਉਰਧ ਮੁਖ ਦਸ ਪਤੀਆਂ ਵਾਲਾ ਕਮਲ ਹੈ, ਡ, ਢ, ਣ, ਤ, ਥ, ਦ, ਧ, ਨ, ਪ, ਫ, ਯਹ ਇਸ ਕੇ ਦਸ ਦਲ ਹੈਂ, ਸਹਿਤ ਵਾਹਨ ਸਹਿਤ ਸ਼ਕਤੀ ਸ੍ਰੀ ਵਿਸ਼ਨੂੰ ਜੀ ਕਾ ਧਿਆਨ ਕਰਤੇ ਹੈਂ। (੪) ਅਨਾਹਤ ਚਕਰ ਹੈ, ਬਾਰਾਂ ਦਲ ਕਾ ਸੁਵਰਨ ਜੈਸੇ ਰੰਗ ਵਾਲਾ ਕਮਲ ਹਿਰਦੇ ਮੇਂ ਇਸਥਿਤ ਹੈ, ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਯਹਿ ਇਸਕੇ ਬਾਰਾਂ ਦਲ ਹੈਂ, ਸਵਾਹਨ, ਸਸ਼ਕਤੀ ਰੁਦਰ ਕਾ ਪੂਰਨ ਗਿਰਿ ਤਖਤ ਪਰ ਧਿਆਨ ਕਰਤੇ ਹੈਂ । (੫) ਪੰਜਵਾਂ ਵਿਸੁਧ ਚਕਰ, ਧੂਮਰ ਵਰਣ ਕਾ ਉਰਧ ਮੁਖ ੧੬ ਦਲ ਕਾ ਕਮਲ ਕੰਠ ਮੇਂ ਇਸਥਿਤ ਹੈ, ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ, ਲ੍ਰੀ, ਏ, ਐ, ਓ, ਔ, ਅੰ, ਆਂ, ਯਹ ਸੋਲਾਂ ਦਲ ਹੈਂ । ਜਾਲੰਧਰ ਪੀਠ ਹੈ, ਜੀਵ ਆਤਮਾ ਕਾ ਧਿਆਨ ਕਰਤੇ ਹੈਂ। (੬) ਆਗਯਾ ਚਕ੍ਰ ਹੈ। ਭਵੇਂ ਕੇ ਬੀਚ ਦੋ ਪੰਖੜੀਆ ਕਾ ਉਰਧ ਮੁਖ ਚੰਦ੍ਰ ਕੇ ਸਮ ਸਫੇਦ ਕਮਲ ਹੈ, ਖਯ ਗਯ ਦੋ ਦਲ ਹੈਂ, ਇਸਕਾ ਉਡਿਆਨ ਤਖਤ ਹੈ, ਯੋਗੀ ਜਨ ਨਿਰਬਾਣ ਪ੍ਰਮਾਤਮਾ ਕਾ ਧਿਆਨ ਕਰਤੇ ਹੈਂ । (੭) ਇਨ ਛੇ ਚਕਰਾਂ ਕੇ ਊਪਰ ਸਤਵਾਂ ਦਸਮ ਦੁਆਰ ਹੈ ਦਸਮ ਦੁਆਰ ਮੇਂ ਹਜਾਰ ਦਲ ਕਾ ਸਫੇਦ ਕਮਲ ਹੈ, ਉਸ ਮੇਂ ਦੋ ਭੁਜਾ ਵਾਲੇ ਸ੍ਵਪ੍ਰਕਾਸ਼ ਰੂਪ ਵਿਦਿਆ ਸਕਤੀ ਸਹਿਤ ਗੁਰੂ ਕਾ ਧਿਆਨ ਕਰਤੇ ਹੈਂ ਔਰ ੨੧੬੦੦ ਅਜਪਾ ਜਾਪ ਕਾ ਯੋਗੀ ਲੋਗ ਇਸਤਰ੍ਹਾਂ ਵਿਭਾਗ ਕਰਤੇ ਹੈਂ।

**ਖਟ ਸ਼ਤੰ ਗਣ ਨਾਥਾਯ ਖਟ ਸਹਸ੍ਰੰ ਤੁ ਵੇਦਸੇ ॥ ਵਿਸ਼ਣਵੇ ਖਟ ਸਹਸ੍ਰੰ ਤੁ ਖਟ ਸਹਸ੍ਰੰ ਤੁ ਸ਼ਿਵਾਤ੍ਮਨੇ ॥੧॥ ਜੀਵਆਤਮਨੇ ਸਹਸ੍ਰੰ ਤੁ ਸਹਸ੍ਰੰ ਪਰਮਾਤ੍ਮਨੇ ॥ ਸਹਸ੍ਰੰ ਗੁਰੂੰ ਚੇਵ ਜਪ ਸੰਖਯਾ ਨਿਵੇਦਯੇਤ੍॥੨॥**

ਅਰਥ-੬੦੦ ਅਜਪਾ ਜਾਪ ਤੋਂ ਗਣੇਸ਼ ਜੀ ਕੇ ਅਰਪਣ ਕਰਤੇ ਹੈਂ ੬੦੦੦ ਬ੍ਰਹਮਾ ਜੀ ਕੋ । ੬੦੦੦ ਵਿਸ਼ਨੂ ਜੀ ਕੋ । ੬੦੦੦ ਸ਼ਿਵਜੀ ਕੋ ॥ ੧ ॥ ੧੦੦੦ ਜੀਵਾਤਮਾ ਕੋ, ੧੦੦੦ ਪਰਮਾਤਮਾ ਕੋ, ੧੦੦੦ ਜਪ ਗੁਰੂ ਜੀ ਕੋ। ਇਸ ਪ੍ਰਕਾਰ ਜਪ ਕੀ ਸੰਖਯਾ ਕੋ ਨਿਵੇਦਨ ਕੀਆ ਹੈ॥ ੨॥

(੯) ਇਸਤ੍ਰੀ ਪੁਰਸ਼ ਕੇ ਸੰਜੋਗ ਕਾ ਨਾਮ 'ਸ੍ਰ ਰਜੁਰੇਤਸੋ' ਯੋਗ ਹੈ। (੧੦) ਜੀਵ ਬ੍ਰਹਮ ਕੀ ਏਕਤਾ ਕੋ ਗਿਆਨ ਯੋਗ ਕਹਿਤੇ ਹੈਂ ਇਸਕੇ ਅਨੰਤ ਭੇਦ ਹੈਂ ਜੈਸੇ ਹਠ ਯੋਗ ਰਾਜ ਯੋਗ ਇਤਿਆਦੀ ਅਬ ਹਠ ਯੋਗ ਕੋ ਲਿਖਤੇ ਹੈਂ ਹਠ ਯੋਗ ਕੇ ਯਮ ਨਿਯਮ ਆਦਿ ਆਠ ਸਾਧਨ ਹੈਂ, ਇਸਕੋ ਅਸ਼ਟਾਂਗ ਯੋਗ ਭੀ ਕਹਿਤੇ ਹੈਂ :-

**ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤ੍ਯਾਹਾਰ, ਧਾਰਣਾ, ਧ੍ਯਾਨ, ਸਮਾਧਯੋ ਅਸਟਊਅੰਗਾਨਿ ॥**

[ਪਾਤੰਜਲ ਯੋਗ ਸਾਧਨ ਪਾਦ ੨੯ ਸੂਤ੍ਰ

ਯਮ ਸਾਧਨ ਪ੍ਰਾਂਚ ਪ੍ਰਕਾਰ ਕਾ ਹੈ। (੧) ਅਹਿੰਸਾ ਯਾਨੇ ਮਨ ਬਾਣੀ ਸਰੀਰ ਸੇ ਕਿਸੀ ਕੋ ਨ ਦੁਖਾਣਾ।,(੨) ਸਤਯ ਬੋਲਨਾ । (੩) ਅਸਤੇਯ ਯਾਨੀ ਚੋਰੀ ਰਹਿਤ ਹੋਣਾ। (੪) ਬ੍ਰਹਮਚਾਰੀ ਰਹਿਣਾ ਯਾਨੀ ਕਿਸੀ ਇਸਤ੍ਰੀ ਕੇ ਸਮੀਪ ਨ ਜਾਣਾ। (੫) ਅਪਰੀਗ੍ਰਹ ਯਾਨੇ ਕਿਸੀ ਵਸਤੂ ਕੋ ਅਪਨੇ ਪਾਸ ਨ ਰਖਣਾ । ੨. ਸਾਧਨ ਨਿਯਮ ਹੈ, ਯਹਿ ਭੀ ਪਾਂਚ ਪਰਕਾਰ ਕਾ ਹੈ (੧) ਸੌਚ ਯਾਨੇ ਅੰਦਰ ਬਾਹਰ ਸੇ ਪਵਿਤਰ ਰਹਿਣਾ। (੨) ਸੰਤੋਸ਼ ਯਾਨੇ ਪ੍ਰਾਰਬਧਾਨੁਸਾਰ ਜੋ ਮਿਲੇ ਉਸ ਮੇਂ ਪ੍ਰਸੰਨ ਰਹਿਣਾ । (੩) ਤਪ, ਮਨ ਇੰਦ੍ਰੀਓਂ ਕ ਰੋਕਣਾ (੪) ਸ੍ਵਾਧ੍ਯਾਯ ਯਾਨੇ ਵੇਦ ਸ਼ਾਸਤ੍ਰ ਪੜ੍ਹਨੇ ਪੜ੍ਹਾਨੇ ਯਾਨੇ ਨਿਤਨੇਮ ਹਰ ਰੋਜ਼ ਕਰਨਾ। (੫) ਈਸ਼੍ਵਰ ਪ੍ਰਣਿਧਾਨ ਯਾਨੇ ਸਰਬ ਕਰਮ ਈਸ਼੍ਵਰ ਕੇ ਅਰਪਣ ਕਰ ਦੇਵੇ। ੩. ਸਾਧਨ ਆਸਣ ਹੈ, ਆਸਣ ੮੪ ਪ੍ਰਕਾਰ ਕੇ ਹੋਤੇ ਹੈਂ ਪਰੰਤੂ ਉਨ ਮੇਂ ਦੋ ਆਸਣ ਮੁਖ ਹੈਂ । (੧) ਸਿਧ ਆਸਣ । (੨) ਪਦਮ ਆਸਣ । ੪. ਪ੍ਰਾਣਾਯਾਮ ਹੈ ਸੋ ਪੂਰਕ, ਰੇਚਕ, ਕੁੰਭਕ ਭਦ ਸੇ ਪੀਛੇ ਕਥਨ ਕਰ ਆਏ ਹੈਂ। ੫. ਸਾਧਨ ਪ੍ਰਤ੍ਯਾਹਾਰ ਹੈ।

**ਲਖਣ—ਇੰਦ੍ਰਯਾਣਾਂ ਵਿਚਰਤਾਂ ਵਿਸਯੇਸ਼੍ਵਸ੍ਵਭਾਵਤ: ॥ ਬਲਾਦ ਆਹਰਣੰ ਤੇਸਾਂ ਪ੍ਰਤ੍ਯਾਹਾਰ: ਸ ਉਚ੍ਯਤੇ ॥**

ਅਰਥ—ਇੰਦ੍ਰੀਓਂ ਕੋ ਅਪਨੇ ੨ ਵਿਸ਼ੇ ਸੇ ਰੋਕਨਾ। ੬. ਸਾਧਨ ਧਾਰਣਾ।

**ਦੇਸ ਬੰਧ: ਚਿਤਸ੍ਯ ਧਾਰਣਾ ॥** [ਪਾਤੰਜਲ ਯੋਗ ਸੂਤ੍ਰ

ਯਾਨੇ ਨਾਭੀ ਪ੍ਰਦੇਸ ਮੇਂ ਵਾ ਨਾਸਕਾ ਕੇ ਅੱਗ੍ਰ ਭਾਗ ਮੇਂ ਅਥਵਾ ਭਵਾਂ ਮੇਂ ਦ੍ਰਿਸ਼ਟਿ ਟਿਕਾ ਕਰ ਮਨ ਕੋ ਦ੍ਰਿੜ੍ਹ ਕਰਨਾ। ੭. ਸਾਧਨ ਧ੍ਯਾਨ ਹੈ।

**(ਲਖਨ)—ਤਤ੍ਰ ਪ੍ਰਤ੍ਯਯ ਏਕਤਾਂਨਤਾ ਧ੍ਯਾਨੰ ॥** [ਪਾਤੰਜਲ ਯੋਗ ਸੂਤਰ

ਅਰਥ—ਧਾਰਣਾ ਕੇ ਦ੍ਰਿੜ ਹੋਣੇ ਪਰ ਧ੍ਯੇਯ ਵਸਤੂ ਮੇਂ ਨਿਰੰਤਰ ਬ੍ਰਿਤੀ ਕੀ ਏਕਾਗਰਤਾ ਕਾ ਨਾਮ ਧਿਆਨ ਹੈ। ੮. ਸਾਧਨ ਸਮਾਧਿ ਹੈ।

**(ਲਖਣ)—ਸਲਿਲੇ ਸੈਂਧਵੰ ਯਦਵਤ ਸਾਮਯੰ ਭਵਤਿ ਯੋਗਤ: ॥ ਤਥਾਤਮ ਮਨਸੋ: ਏਕ੍ਯੰ ਸਮਾਧਿ: ਅਭਿਧੀਯਤੇ ॥**

ਅਰਥ—ਧਿਆਨ ਕੀ ਪਰਪੱਕ੍ਵ ਅਵਸਥਾ ਕਾ ਨਾਮ ਸਮਾਧਿ ਹੈ ਸੋ ਸਮਾਧਿ ਦੋ ਪ੍ਰਕਾਰ ਕੀ ਹੈ (੧) ਸਵਿਕਲਪ (੨) ਨਿਰਵਿਕਲਪ । ਜਿਸ ਮੇਂ ਤ੍ਰਿਪੁਟੀ ਮਾਲੂਮ ਹੋਵੇ ਸੋ ਸਵਿਕਲਪ ਸਮਾਧਿ ਕਹੀ ਜਾਤੀ ਹੈ ਔਰ ਜਿਸ ਮੇਂ ਤ੍ਰਿਪੁਟੀ ਮਾਲੂਮ ਨ ਹੋ ਉਸ ਕੋ ਨਿਰਵਿਕਲਪ ਸਮਾਧੀ ਕਹਿਤੇ ਹੈਂ ਹਠ ਯੋਗ ਔਰ ਰਾਜ ਯੋਗ ਕਾ ਇਤਨਾ ਹੀ ਭੇਦ ਹੈ, ਪ੍ਰਾਣੋਂ ਕੋ ਰੋਕਨੇ ਕਾ ਨਾਮ ਹਠ ਯੋਗ ਹੈ ਔਰ ਮਨ ਕੋ ਰੋਕਨੇ ਕਾ ਨਾਮ ਰਾਜ ਯੋਗ ਹੈ।

**(ਸ਼ਲੋਕ)—ਹਠੰ ਬਿਨਾ ਰਾਜ ਯੋਗੋ ਰਾਜ ਯੋਗੰ ਬਿਨਾ ਹਠ: ਨ ਸਿੱਧਯਤਿ**



**ਤਤੋ: ਯੁਗਮ: ਮਾਨੁਸ਼ ਪਤੇ: ਸਮ ਅਭ੍ਯਸੇਤ ॥**

ਅਰਥ—ਹੇ ਰਾਜਨ ਹਠ ਯੋਗ ਬਿਨਾ ਰਾਜ ਯੋਗ ਔਰ ਰਾਜ ਯੋਗ ਬਿਨਾ ਹਠ ਯੋਗ ਸਿਧ ਨਹੀਂ ਹੋਤਾ ਤਾਂ ਤੇ ਦੋਨੋਂ ਕਾ ਅਭ੍ਯਾਸ ਕਰ । ਹਠ ਯੋਗ ਪ੍ਰਾਣਾਯਾਮ ਆਦਿ ਰੂਪ ਹੈ। ਪ੍ਰਮਾਣ:—

**ਸਲੋਕ—ਪ੍ਰਾਣਾਯਾਮ ਏਵ ਅਭ੍ਯਾਸ ਕ੍ਰਮੇਣ ਵਰਧ ਮਾਨ: ਪ੍ਰਤ੍ਯਾਹਾਰ ਧਾਰਣਾ ਧ੍ਯਾਨ ਸਮਾਧਿ ਸ਼ਬਦੈ ਉਚ੍ਯਤੇ ॥**

ਅਰਥ—ਅਭਿਆਸ ਸੇ ਬੜ੍ਹਤੇ ਹੂਏ ਪ੍ਰਾਣਾਯਾਮ ਕੋ ਹੀ ਪ੍ਰਤ੍ਯਾਹਾਰ, ਧਾਰਣਾ, ਧ੍ਯਾਨ ਸਮਾਧੀ ਸ਼ਬਦੋਂ ਸੇ ਕਹਿਤੇ ਹੈਂ। ਪ੍ਰਮਾਣ :—

**ਬ੍ਰਹਮ ਰੁੰਧ੍ਰੇ ਗਤ: ਪ੍ਰਾਣੋ ਯਦਾ ਪੰਚ ਵਿਸ਼ੰਤਿ ਪਲ ਪ੍ਰਯੰਤੰ ਤਿਸ਼੍ਟਿ ਤਦਾ ਪ੍ਰਤ੍ਯਾਹਾਰ: ॥ ੧ ॥ ਬ੍ਰਹਮ ਰੁੰਧ੍ਰੇ ਗਤ: ਪ੍ਰਾਣੋ ਯਦਾ ਪੰਚ ਘਟਿਕਾ ਪ੍ਰਯੰਤੰ ਤਿਸ਼੍ਟਿ ਤਦਾ ਧਾਰਣਾ ॥ ੨ ॥ ਬ੍ਰਹਮ ਰੰਧਰੇ ਗਤ: ਪ੍ਰਾਣੋ ਯਦਾ ਖਸ਼੍ਟ ਘਟਿਕਾ ਪ੍ਰਯੰਤੰ ਤਿਸ਼੍ਟਿ ਤਦਾ ਧ੍ਯਾਨੰ ॥ ੩ ॥ ਬ੍ਰਹਮ ਰੰਧਰੇ ਗਤ: ਪ੍ਰਾਣੋਂ ਯਦਾ ਦ੍ਵਾਦਸ਼ ਦਿਨ ਪ੍ਰਯੰਤੰ ਤਿਸ਼੍ਟਿ ਤਦਾ ਸਮਾਧਿ ਭਵਤਿ ॥ ੪ ॥**

ਅਰਥ—ਪ੍ਰਾਣਾਯਾਮ ਦੁਵਾਰਾ ਬ੍ਰਹਮ ਰੰਧ੍ਰ ਯਾਨੇ ਦਸਮ ਦੁਆਰ ਮੇਂ ਪਹੁੰਚ ਕਰ ਪ੍ਰਾਣ ਪਚੀਸ ਪਲ ਤਕ ਠਹਰੇਂ ਤਬ ਉਸ ਕੋ ਪ੍ਰਤ੍ਯਾਹਾਰ ਕਹਿਤੇ ਹੈਂ ॥ ੧ ॥ ਪਾਂਚ ਘੜੀ ਤਕ ਠਹਰੇਂ ਤੋ ਧਾਰਣਾ ॥ ੨ ॥ ਛੇ ਘੜੀ ਤਕ ਠਹਿਰੇਂ ਤੋ ਧ੍ਯਾਨ ॥ ੩ ॥ ਬਾਰਾ ਦਿਨ ਤਕ ਠਹਰੇਂ ਤੋ ਉਸਕੋ ਸਮਾਧੀ ਕਹਤੇ ਹੈਂ ॥੪ ॥ ਔਰ ਕਿਸੀ ਗ੍ਰੰਥ ਮੇਂ ਰਾਜ ਰਾਜ ਯੋਗ ਕੇ ਅਨੇਕ ਭੇਦ ਭੀ ਲਿਖੇ ਹੈਂ। ਪ੍ਰਮਾਣ :—

**ਰਾਜ ਯੋਗ: ਸਮਾਧਿਸ਼ ਚ ਉਨਮਨੀ ਚ ਮਨ ਉਨਮਨੀ। ਅਮਨਸਕੰ ਯਥਾ ਅਦ੍ਵੈਤ ਨਿਰਾਲੰਭੰ ਨਿਰੰਜਨੰ ॥ ੧ ॥ ਅਮਰਤ੍ਵੰ ਲਯ: ਤੱਤ੍ਵੰ ਸ਼ੂਨ੍ਯ ਸ਼ੂਨ੍ਯੰ ਪਰਮਪਦੰ । ਜੀਵਨ ਮੁਕ੍ਤਿਸ਼ ਚ ਸਹਜਾ ਤੁਰੀਯਾ ਚ ਇਤਿ ਏਕ ਵਾਚਕ: ॥ ੨ ॥**

ਅਰਥ—ਰਾਜ ਯੋਗ ਤਥਾ ਸਮਾਧੀ ਤਥਾ ਉਨਮਨੀ ਤਥਾ ਮਨ ਉਨਮਨੀ, ਤਥਾ ਅਮੰਸਕੰ, ਅਦਵੈਤੰ, ਨਿਰਾਲੰਭੰ, ਨਿਰੰਜਨੰ, ਅਮਰਤੰ ਲਯ ਤਤ੍ਵੰ । ਸੂਨ੍ਯ, ਸੂਨ੍ਯੰ, ਪਰੰ ਪਦੰ, ਜੀਵਨ ਮੁਕਤਿ, ਸਹਜਾ, ਤੁਰੀਆ ਇਹ ਸਭ ਨਾਮ ਏਕ ਰਾਜ ਯੋਗ ਕੇ ਹੈਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਭੀ ਰਾਜ ਯੋਗ ਕੇ ਕੁਛਕ ਐਸੇ ਨਾਮ ਕਹੇ ਹੈਂ।

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥

[ਆਸਾ ਮ: ੧ ਸਫਾ ੩੫੯

ਕਹਨ ਕਹਾਵਨ ਕਉ ਕਈ ਕੇਤੈ ॥ ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ ੧ ॥ ਰਹਾਉ ॥ ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥ ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨॥੩॥੨੨॥

[ਕਾਨੜਾ ਮ: ੫ ਸਫਾ ੧੩੦੨

ਰਸਨਾ ਜਪੀਐ ਏਕੁ ਨਾਮ ॥ ਈਹਾ ਸੁਖੁ ਆਨਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥ ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥ ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾਕੀ ਤ੍ਰਿਸਨਾ ਲਾਥੀਆ ॥ ੨ ॥

[ਗਉੜੀ ਮ: ੫ ਸਫਾ ੨੧੧

ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸਕਾ ਦੁਖੁ ਜਾਈ ॥ ੧ ॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥

[ਗਉੜੀ ਮ: ੫ ਸਫਾ ੨੩੭

ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥ ਰਹਾਉ ॥ ਗੁਰ ਕੈ ਬਚਨਿ ਸੁਣਿ ਰਸਨਿ ਵਖਾਣੀ ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥ ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥ ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ ਗੁਰ ਕੈ ਬਚਨਿ ਪੇਖਉ ਸਭੁ ਬ੍ਰਹਮੁ ॥ ੪ ॥ ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ ੫ ॥ ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ ਗੁਰ ਕੈ ਬਚਨਿ ਪਾਇਆ ਨਉਨਿਧਿ ॥ ੬ ॥ ਜਿਨਿ ਜਿਨਿ ਕੀਨੀ ਮੇਰੇ ਗੁਰ



ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥ ੭ ॥ ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ੮ ॥ ੮ ॥

[ਗਉੜੀ ਮ: ੫ ਸਫਾ ੨੩੯

ਪਹਿਲੇ ਅਨੇਕ ਪ੍ਰਕਾਰ ਕੀ ਜੋਤੀਓਂ ਕੇ ਦਰਸ਼ਨ ਹੋਤੇ ਹੈਂ:-

ਤਾਰਾ ਚੜਿਆ ਲਮਾ ॥ [ਤੁਖਾਰੀ ਮ: ੧ ਸਫਾ ੧੧੧੦

ਚਮਕਾਰ ਬੀਜੁਲ ਤਹੀ ॥ [ਸੋਰਠ ਨਾਮਦੇਵ ਸਫਾ ੬੫੭

ਬਿਜਲੀ ਚਮਕੈ ਹੋਇ ਅਨੰਦੁ ॥ [ਭੈਰਉ ਕਬੀਰ ਸਫਾ ੧੧੬੨

ਤਨਿ ਚੰਦੁ ਦੀਪਾਇਆ ॥ [ਸੂਹੀ ਛੰਤ ਮ: ੧ ਸਫਾ ੭੬੫

ਸੋਲਹ ਕਲਾ ਸੰਪੂਰਨ ਫਲਿਆ ॥ [ਮਾਰੂ ਸੋਲਹੇ ਮ: ੫ ਸਫਾ ੧੦੮੧

ਬਾਰਸ ਬਾਰਹ ਉਗਵੈ ਸੂਰ ॥ [ਗਉੜੀ ਥਿਤੀ ਕਬੀਰ ਸਫਾ ੩੪੪

ਨਾਮੁ ਜਪਤ ਕੋਟਿ ਸੂਰ ਉਜਾਰਾ ॥ [ਜੈਤਸਿਰੀ ਮ: ੫ ਸਫਾ ੭੦੦

ਕੋਟਿ ਸੂਰ ਜਾਕੈ ਪਰਗਾਸ ॥ [ਭੈਰਉ ਕਬੀਰ ਸਫਾ ੧੧੬੨

ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ [ਸੂਹੀ ਮ: ੫ ਸਫਾ ੭੩੭

ਆਦਉ ਤਾਰਕਵਤ ਦ੍ਰਿਸ਼੍ਯਤੇ ਤਤੋ ਬਜ੍ਰਦਰਪਣੰ । ਤਤੋ ਊਪਰਿ ਪੂਰਣ ਚੰਦ੍ਰਮੰਡਲੰ ਤਤੋਨਵਰਤਨ ਪ੍ਰਭਾਮੰਡਲੰ । ਤਤੋਮਧ੍ਯਾਨ ਅਰਕ ਮੰਡਲੰ, ਤਤੋ ਵਹਿ ਸਿਖਾ ਮੰਡਲੰ, ਸਫੁਟਿਕਾ ਧੂਮ੍ਰ, ਬਿੰਦੁ ਨਾਦ ਕਲਾ, ਨਖ੍ਯਤ੍ਰ ਖਦ੍ਯੋਤ, ਦੀਪ, ਨੇਤ੍ਰ, ਸੁਵਰਣੰ, ਨਵ ਰਤਨਾਦਿ, ਪ੍ਰਭਾ ਦ੍ਰਿਸ੍ਯੰਤੇ ॥ ਆਕਾਸ਼ੰ, ਪਰਾਕਾਸ਼ੰ, ਮਹਾਕਾਸ਼ੰ, ਸੂਰ੍ਯਾ ਕਾਸ਼ੰ, ਪਰਮਾਕਾਸ਼ੰ ਇਤਿ ਪੰਚ ਭਵੰਤਿ ॥ ਬਾਹ੍ਯਾ ਭ੍ਯੰਤਰੰ ਅੰਧਿਕਾਰਮਯੰ, ਆਕਾਸ਼ੰ ॥ ੧ ॥ ਬਾਹ੍ਯ, ਅਭ੍ਯੰਤਰਿ ਕਾਲ ਅਨਲ ਸਦ੍ਰਿਸੰ ਪਰ ਆਕਾਸ਼ੰ ॥ ੨ ॥ ਬਾਹ੍ਯਾ ਭ੍ਯੰ-ਤਰੇ ਅਪਰਮਿਤ ਦ੍ਯੁਤਿ ਨਿਭੰ ਤਤ੍ਵੰ ਮਹਾਕਾਸੰ ॥ ੩ ॥ ਬਾਹ੍ਯਾਭ੍ਯੰਤਰੇ ਸੂਰ੍ਯ ਨਿਭੰ ਸੂਰ੍ਯਾਕਾਸੰ ॥ ੪ ॥ ਅਨਿਰ ਵਚਨੀਯ ਜ੍ਯੋਤਿ ਸਰਵ ਬ੍ਯਾਪਕੰ ਨਿਰਤਿਸ੍ਯਾਨੰਦ, ਲਖਣ, ਪਰਮਾਕਾਸੰ ॥

[ਮੰਡਲ ਬ੍ਰਾਹਮਣ ਉਪਨਿਸ਼ਦ

ਅਰਥ-ਸੂਰਜ ਨਾਰਾਇਣ ਯਾਗਵਲਕ ਮੁਨੀ ਕੋ ਕਹਿਤੇ ਹੈਂ ਆਦਿ ਮੇਂ ਨਖ੍ਯਤ੍ਰ

ਜੈਸਾ ਪ੍ਰਕਾਸ ਦ੍ਰਿਸਟੀ ਮੇਂ ਪੜੇਗਾ ਫਿਰ ਬਜ੍ਰ ਦਰਪਣ ਫਿਰ ਪੁਰਾਣ ਚੰਦਰ ਮੰਡਲ ਜੈਸਾ ਫਿਰ ਨਵ ਰਤਨ ਪ੍ਰਭਾ ਹੈ । ਫਿਰ ਮਧਯਾਨ ਕਾਲ ਕੇ ਸੂਰਯ ਜੈਸਾ ਫਿਰ ਅਗਨਿ ਮੰਡਲ ਫਿਰ ਸਫ੍ਟਿਕਾ, ਧੂਰਮਬਿੰਦੂ ਨਾਦ ਕਲਾ ਨਛਤ੍ਰ ਖਦਯੋਤ੍ ਦੀਪ ਨੇਤ੍ਰ ਔਰ ਸੁਵਰਣ ਨਵਰਤਨਾਦਿ ਕੀ ਪ੍ਰਭਾ ਆਕਾਸ ਪਰਾਕਾਸ ਮਹਾਕਾਸ ਸੂਰਯਾਕਾਸ ਔਰ ਪਰਮਾਕਾਸ । ਇਸ ਪ੍ਰਕਾਰ ਯੇ ਪੰਚ ਆਕਾਸ ਭੀ ਸਮਸਤ ਯੋਗ ਅਭਿ-ਆਸੀਓਂ ਕੋ ਅਨਭਵ ਹੋਤੇ ਹੈਂ । ਭੀਤਰ ਔਰ ਬਾਹਰ ਜੋ ਅੰਧਕਾਰ ਇਸਥਿਤ ਹੈ ਵਹ ਆਕਾਸ ਹੈ। ਬਾਹਰ ਭੀਤਰ ਅਗਨੀ ਕੇ ਸਮਾਨ ਰਹਨੇ ਵਾਲਾ ਪਰਾਕਾਸ਼ ਹੈ। ਬਾਹਰ ਔਰ ਭੀਤਰ ਅਨੰਤ ਸੋਭਾ ਸਹਿਤ ਹੈ ਵਹੁ ਤੱਤ੍ਰ ਮਹਾਕਾਸ਼ ਹੈ। ਬਾਹਰ ਭੀਤਰ ਜੋ ਸੂਰਯ ਕੇ ਸਮਾਨ ਹੈ ਵਹ ਸੂਰਯਾਕਾਸ਼ ਹੈ । ਜੋ ਅਨਿਰ ਵਚਨੀਯ ਜਯੋਤਿ ਤਥਾ ਸਰਵ ਬਯਾਪਕ ਨਿਰ ਅਤਿਸਯ ਆਨੰਦ ਮਯ ਆਨੰਦ ਪ੍ਰਜੁਗਤ ਹੋ ਵੁਹ ਪਰਮਾਕਾਸ ਹੈ ਇਸ ਪਰਕਾਰ ਜਯੋਤੀਓਂ ਕਾ ਦਰਸਨ ਹੂਆ ਕਰਤਾ ਹੈ।

ਔਰ ਧਿਆਨ ਕਰਨੇ ਸੇ ਨਾਨਾ ਪ੍ਰਕਾਰ ਕੇ ਸ਼ਬਦ ਭੀ ਹੋਤੇ ਹੈਂ।

**ਸ ਏਵ ਜਪ ਕੋਟਯਾ ਨਾਦਮਨੁ ਭਵਤਿ ॥ ਏਵੇ ਸਰਵੰ ਹੰਸਵਸ਼ਾਤ੍ ਨਾਦੋ ਦਸ਼ਵਿਧੋ ਜਾਯਤੇ ॥ ਚਿਣੀਤਿ ਪ੍ਰਥਮ: ॥ ਚਿੰਚਿਣੀਤਿ ਦ੍ਵਿਤੀਯ: ॥ ਘੰਟਾਨਾਦ: ਤ੍ਰਿਤੀਯ: ॥ ਸ਼ੰਖਨਾਦਸ੍ਤੁਰਥ: ॥ ਪੰਚਮ: ਤੰਤ੍ਰੀ ਨਾਦ: ਸ਼ਸ਼: ਤਾਲ ਨਾਦ: ਸਪਤਸੋ ਬੇਣੂ ਨਾਦ: ॥ ਅਸਟਮੇ ਮ੍ਰਿਦੰਗਨਾਦ: ॥ ਨਵਮੋ ਭੇਰੀ ਨਾਦ: ਦਸਮੋ ਮੇਘ ਨਾਦ: ॥ ਨਵਮੰ ਪਰਿਤਯਜਯ ਦਸਮਮ ਏਵਾਭਯਸੇਤ ॥ ਪ੍ਰਥਮੇ ਚਿਣਚਿਣੀ ਗਾਤ੍ਰੰ॥ ਦ੍ਵਿਤੀਜੇ ਗਾਤ੍ਰ ਭੰਜਨੰ ॥ ਤ੍ਰਿਤੀਯੇ ਖੇਦਨੰਯਾਤਿ ਚਤੁਰਥੇ ਕੰਪਤੇ ਸ਼ਿਰ: ॥ ਪੰਚਮੇ ਸ੍ਰਵਤੇ ਤਾਲੂ ॥ ਸ਼ਸਟੇ ਅੰਮ੍ਰਿਤ ਨਿਸ਼ੇਵਣੰ ॥ ਸਪਤਮੇ ਗੂੜ ਵਿਗਿਆਨੰ ਪਰਾ ਵਾਚਾ ਤਥਾਅਸ੍ਰਮੇ ਅਦ੍ਰਿਸ਼ਯੰ ਨਵਮੇ ਦੇਹੰ ਦਿਬਯੰ ਚਖਸ਼ੂ ਤਥਾਮਲੰ ਦਸ਼ਮੇਪਰਮ ਬ੍ਰਹਮ ਭਵੇਤ ਬ੍ਰਹਮਾਤਮ ਸੰਨਿਧਊ ਤਸਮਿਨ ਮਨੋ ਵਿਲੀਯਤੇ ਮਨਸਿ ਸੰਕਲਪ ਵਿਕਲਪੇ ਦਗਧੇ ਪੁਣਯ ਪਾਪੇ ਸਦਾਸ਼ਿਵ: ਸ਼ਕਤਯਾਤਮਾ ਸਰਵਤ੍ਰ ਅਵਿਸਥਿਤ: ॥ ਸ੍ਵਯੰ ਜਯੋਤਿ ਸ਼ੁਧੋ ਬੁਧੋ ਨਿਤਯੋ ਨਿਰੰਜਨ: ਸ਼ਾਂਤ: ਪ੍ਰਕਾਸ਼ਤੇ ਇਤਿ ॥**

[ਹੰਸਉਪਨਿਸ਼ਦ



ਅਰਥ-ਪਹਿਲਾ ਚਟਕਾ ਕਾ ਸ਼ਬਦ ਹੈ, ਜਿਸਕੇ ਸੁਨਨੇ ਸੇ ਰੋਮਾਂਚ ਹੋ ਜਾਤੇ ਹੈਂ । ਦੂਸਰਾ ਪੁਨ: ਪੁਨ: ਚਨ ਚਨ ਕਾ ਸ਼ਬਦ ਹੋਤਾ ਹੈ । ਜਿਸਕੇ ਸੁਨਨੇ ਸੇ ਸਰੀਰ ਕੇ ਸਰਵ ਅੰਗ ਪ੍ਰਫੁਲਿਤ ਹੋ ਜਾਤੇ ਹੈਂ । ਤੀਸਰਾ ਘੰਟੇ ਕਾ ਸ਼ਬਦ ਹੈ ਜਿਸਕੇ ਸੁਨਨੇ ਸੇ ਮਨਾਦਿਕ ਅੰਗੋਂ ਮੇਂ ਪ੍ਰੇਮ ਕੀ ਪ੍ਰਗਟਤਾ ਹੋਤੀ ਹੈ। ਚੌਥਾ ਸੰਖਕਾ ਸ਼ਬਦ ਹੈ ਜਿਸਕੇ ਸੁਨਨੇ ਸੇ ਮਤਵਾਲੇ ਪੁਰਸ਼ ਕੀ ਨਿਆਈਂ ਸਿਰਕਾ ਭ੍ਰਮਣ ਹੋਤਾ ਹੈ ਪਾਂਚਵਾਂ ਬੀਣਾ ਕਾ ਸ਼ਬਦ ਹੈ ਜਿਸਕੇ ਸੁਨਨੇ ਸੇ ਬ੍ਰਹਮ ਰੰਧ੍ਰ (ਦਸਮ ਦ੍ਵਾਰ) ਸੇ ਅੰਮ੍ਰਿਤਕਾ ਸ੍ਰਾਵ (ਝਰਨ) ਹੋਤਾ ਹੈ। ਛੇਵਾਂ ਨ੍ਰਿਤਕਾਰੀ ਸ਼ਬਦ ਹੈ। ਜਿਸਕੇ ਸੁਨਨੇ ਸੇ ਕੰਠਗਤ ਅੰਮ੍ਰਿਤ ਕਾ ਪਾਨ ਹੋਤਾ ਹੈ। ਸਤਵਾਂ ਬਾਂਸੁਰੀ ਕਾ ਸ਼ਬਦ ਹੈ, ਜਿਸਕੇ ਸੁਨਨੇ ਸੇ ਸ਼ਕਤਿ ਮਾਨ ਹੋਤਾ ਹੈ। ਅਰਥਾਤ ਅੰਤਰਯਾਮੁਤਾ ਯਾਨੇ ਦੂਰ ਕੇ ਸ਼ਬਦ ਕਾ ਸੁਨਨਾ ਤਥਾ ਦੂਰ ਕੀ ਵਸਤੂ ਕਾ ਦੇਖਨਾ ਹੋਤਾ ਹੈ । ਅਠਵਾਂ ਪਖਾਵਜ ਕਾ ਸ਼ਬਦ ਹੈ, ਜਿਸਕੇ ਸੁਨਨੇ ਸੇ ਪ੍ਰਤਯੇਕ ਸ਼ਰੀਰ ਕੇ ਅੰਤਰ ਜੋ ਨਾਦ ਹੈ ਉਸਕਾ ਸੁਨਨਾ ਤਥਾ ਸਮਝਨਾ ਹੋਤਾ ਹੈ । ਨਾਵਾਂ ਛੋਟੀ ਨਫੀਰੀ ਕਾ ਸਬਦ ਹੈ, ਜਿਸਕੇ ਸੁਨਨੇ ਸੇ ਸੂਖਮ ਤਥਾ ਅਸਥੂਲ ਹੋ ਜਾਨਾ ਔਰ ਜਹਾਂ ਇਛਾ ਹੋ ਵਹਾਂ ਜਾਨੇ ਕੀ ਸਾਮਰਥਯ ਹੋਤੀ ਹੈ । ਦਸਵਾਂ ਮੇਘ ਕਾ ਸਬਦ ਹੈ, ਜਿਸਕੇ ਸੁਨਨੇ ਸੇ ਬ੍ਰਹਮਾਤਮਾ ਕੇ ਸਾਖਯਾਤਕਾਰ ਸੇ ਬ੍ਰਹਮ ਰੂਪ ਹੋਤਾ ਹੈ ਔਰ ਕਿਤਨੇ ਗ੍ਰੰਥ ਕਾਰੋਂ ਨੇ ਵਹਾਂ ਅਨਾਹਤ ਪਾਂਚ ਪ੍ਰਕਾਰ ਕਾ ਲਿਖਾ ਹੈ। ਔਰ ਪਹਿਲਾ ਤੰਤ੍ਰੀ ਆਦਿਕੋਂ ਕਾ ਸਬਦ ਹੈ। ਦੂਸਰਾ ਮ੍ਰਿਦੰਗ ਆਦਿਕੋਂ ਕਾ ਤੀਸਰਾ ਘੰਟੇ ਆਦਿਕੋਂ ਕਾ ਚੌਥਾ ਘਟਾਦਿਕੋਂ ਕਾ ਪਾਂਚਵਾਂ ਨਫੀਰੀ ਆਦਿਕੋਂ ਕਾ। ੧. (ਤਤ) ੨. (ਵਿਤ) ੩. (ਘਨ) ੪. (ਨਾਦ) ੫ (ਸਿਖਰ) ਯੇ ਪਾਂਚ ਕ੍ਰਮ ਸੇ ਇਨਕੇ ਨਾਮ ਹੈ।

**ਤਤ ਤੰਤੀ ਵਿਤੁ ਚਰਮਕਾ ਘਨ ਕਾਂਸ਼ੀ ਕੋ ਜਾਨ ਨਾਦ । ਸ਼ਬਦ ਘਟ ਕੋ ਕਹੇ ਸ੍ਵਾਸ ਸਿਖਰ ਪਹਿਚਾਨ ॥**

ਵਾਸਤਵ ਮੇਂ ਉਨ ਦਸੋਂ ਕਾ ਇਨ ਪਾਂਚੋਂ ਮੇਂ ਹੀ ਅੰਤਰ ਭਾਵ ਹੈ । ਇਸੀ ਸੇ ਗੁਰਬਾਣੀ ਮੇਂ ਭੀ ਪਾਂਚ ਸ਼ਬਦੋਂ ਕਾ ਹੀ ਕਥਨ ਹੈ ਜੈਸੇ:-

**ਪੰਚ ਸਬਦ ਧੁਨਿਕਾਰ ਧੁਨਿਤਹਿ ਬਾਜੈ ਸਬਦੁ ਨੀਸਾਣੋ । ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ।** [ਮਲਾਰ ਵਾਰ ਮ: ੧ ਸਫਾ ੧੨੯੧

**ਪੰਚੇ ਸਬਦ ਅਨਾਹਦ ਬਾਜੇ ॥** {ਪ੍ਰਭਾਤੀ ਕਬੀਰ ਸਫਾ ੧੩੫੦

ਇਸ ਪ੍ਰਕਾਰ ਸਰਵ ਸਰੀਰੋਂ ਕੇ ਅੰਤਰ ਹੀ ਵੋਹ ਸਬਦ ਉਤਪੰਨ ਹੋਤਾ ਹੈ। ਸਰਵ ਵੇਦ ਸਾਸਤ੍ਰ ਉਸ ਸਬਦ ਕਾ ਅਨੁਕਰਣ ਹੋਨੇ ਸੇ ਸਬਦ ਕਹਿਲਾਤੇ ਹੈਂ ਔਰ ਪੁਨ: ਉਸ ਸਬਦ ਯਾ ਬਾਣੀ ਕੀ ੧. ਸੂਖਸ਼ਮਤਮ ੨. ਸੂਖਸਮਤਰ ੩. ਸੂਖਸਮ ੪. ਅਸਥੂਲ ਯੇ ਚਾਰ ਅਵਸਥਾਏਂ ਹੈਂ। ੧, ਪਰਾ। ੨. ਪਸ਼ਯੰਤਿ। ੩. ਮਧਯਾ। ੪. ਬੈਖਰੀ। ਯੇ ਚਾਰ ਕ੍ਰਮ ਸੇ

ਉਨਕੇ ਨਾਮ ਹੈਂ । ਪਹਿਲੀ ਗਿਆਨ ਸਰੂਪ ਨਾਭੀ ਮੇਂ ਨਿਵਾਸ ਕਰਤੀ ਹੈ । ਦੂਸਰੀ ਸੰਕਲਪ ਰੂਪ ਹ੍ਰਿਦਯ ਦੇਸ਼ ਮੇਂ ਰਹਿਤੀ ਹੈ। ਤੀਸਰੀ ਬਾਣੀ ਮੰਦਸ੍ਵਰ ਰੂਪ ਕੰਠ ਮੇਂ ਬਸਤੀ ਹੈ । ਚਉਥੀ ਸਪਸ਼੍ਟ ਵਰਣਾਤਮਕ ਮੁਖ ਮੇਂ ਨਿਵਾਸ ਕਰਤੀ ਹੈ। ਔਰ ਵਹੀ ਸਰੋਤਾ ਪੁਰਸ਼ ਕੇ ਕਾਨ ਮੇਂ ਪਹੁੰਚ ਕਰ ਵਕਤਾ ਕੇ ਅਭਿਪ੍ਰਾਯ ਕੋ ਉਸਕੇ ਅੰਤਹਕਰਣ ਮੇਂ ਪਰਾਪਤ ਕਰਤੀ ਹੈ । ਸਬਦ ਆਕਾਸ਼ ਕਾ ਗੁਣ ਹੈ ਔਰ ਧੁਨਯਾਤਮਕ ਤਥਾ ਵਰਿਣਾਤਮਕ ਹੈ। ਵਾਕ ਇੰਦ੍ਰਿਯ ਸੇ ਉਸਕਾ ਉਚਾਰਣ ਹੋਤਾ ਹੈ ਔਰ ਸ਼੍ਰੋਤ੍ਰ ਇੰਦ੍ਰਿਯ ਸੇ ਗ੍ਰਹਿਣ ਕੀਆ ਜਾਤਾ ਹੈ। ਔਰ ਸਰਵ ਦੇਹਧਾਰੀਓਂ ਕੇ ਸ਼ਰੀਰ ਮੇਂ ਵਿਦਯਮਾਨ ਹੈ । ਇਸ ਪ੍ਰਕਾਰ ਮਹਾ ਭਾਸਯ ਮੇਂ ਮਹਾਂ ਰਿਸ਼ੀ ਪਾਤੰਜਲ ਜੀ ਨੇ ਕਹਾ ਹੈ:-

**ਸ਼੍ਰੋਤ੍ਰੋਪਲਬਧਿਰ ਬੁਧਿਰ ਨਿਰਗ੍ਰਾਹਯ: ਪ੍ਰਯੋਗਣਾਭਿਜ੍ਵਲਤ: ਆਕਾਸ਼ ਦੇਸ਼: ਸ਼ਬਦ: ॥**

[ਮਹਾਂ ਭਾਸ਼ਯ ਅਧਯਾਯ ੧

ਅਰਥ-ਜਿਸਕਾ ਸ਼੍ਰੋਤ੍ਰ ਇੰਦ੍ਰਿਯ ਸੇ ਗਿਆਨ ਔਰ ਬੁਧੀ ਸੇ ਨਿਰੰਤਰ ਗ੍ਰਹਿਣ ਔਰ ਜੋ ਉਚਾਰਣ ਸੇ ਪ੍ਰਗਟ ਹੋਤਾ ਹੈ ਔਰ ਜਿਸਕੇ ਨਿਵਾਸ ਕਾ ਅਸਥਾਨ ਅਕਾਸ਼ ਹੈ ਵੋਹ ਸ਼ਬਦ ਕਹਾ ਜਾਤਾ ਹੈ ਔਰ ਉਸਕੀ ਉਤਪਤਿ ਕਾ ਬਯਵਹਾਰ ਵਿਦ੍ਵਾਨੋਂ ਨੇ ਐਸੇ ਕਹਾ ਹੈ। ਆਕਾਸ਼ ਤਥਾ ਵਾਯੂ ਕੇ ਸੰਯੋਗ ਸੇ ਉਤਪੰਨ ਹੋਨੇ ਵਾਲਾ ਨਾਭੀ ਕੇ ਨੀਚੇ ਸੇ ਊਪਰ ਦੇਸ਼ ਕੋ ਉਠਤਾ ਹੂਆ ਜੋ ਮੁਖ ਮੇਂ ਪ੍ਰਾਪਤ ਹੋਤਾ ਹੈ ਉਸਕੋ ਨਾਦ ਯਾ ਧੁਨਿ ਕਹਿਤੇ ਹੈਂ। ਜੈਸੇ:-

**(ਸ਼ਲੋਕ) ਆਤਮਾ ਬੁਧਯਾ ਸਮੇਤਯਰਥਾਨ ਮਨੋ ਯੁੰਕਤੇ ਵਿਵੇਖਯਾ ਮਨ: ਕਾਯਾਗ੍ਨਿ ਆਹੰਤਿ ਸ ਪ੍ਰੇਰਯਤਿ ਮਾਰੁਤੰ ਮਾਰੁਤ: ਤੂ ਉਰਸਿ ਚਰਨ ਮੰਦੰ ਜਨਯਤਿ ਸ੍ਵਰੰ ॥**

ਅਰਥ-ਜੀਵਾਤਮਾ ਬੁਧਿ ਸੇ ਅਰਥੋਂ ਕੀ ਸੰਗਤਿ ਕਰਕੇ ਅਰਥਾਤ ਸਮਯਕ ਪ੍ਰਕਾਰ ਸੇ ਅਰਥੋਂ ਕੀ ਆਨੁ ਪੂਰਬੀ ਕੋ ਵਿਚਾਰ ਕਰਕੇ ਕਹਿਨੇ ਕੀ ਇਛਾ ਸੇ ਮਨ ਕੋ ਪ੍ਰੇਰਨਾ ਕਰਤਾ ਹੈ ਔਰ ਮਨ ਜਠਰਾਗਨਿ ਕੋ ਤਾੜਨਾ ਕਰਤਾ ਹੈ ਔਰ ਵੋਹ ਅਗਨੀ, ਵਾਯੂ ਕੋ ਪ੍ਰੇਰਨਾ ਕਰਤਾ ਹੈ ਔਰ ਵਾਯੂ ਉਰ ਸਥਲ ਮੇਂ ਵਿਚਰਤਾ ਹੂਆ ਮੰਦਸ੍ਵਰ ਕੋ ਉਤਪੰਨ ਕਰਤਾ ਹੈ। ਜਿਸਕੋ ਪੂਰਵ ਨਾਦ ਕਹਾ ਹੈ ਵਹੀ ਸ਼ਬਦ ਹੈ ਔਰ ਜੀਵਾਤਮਾ ਕੇ ਪ੍ਰਯਤਨ ਸੇ ਬਿਨਾ ਸਰੀਰ ਕੇ ਅੰਤਰ ਹੀ ਪ੍ਰਾਣ ਵਾਯੂ ਤਥਾ ਆਕਾਸ਼ ਚੇ ਸੰਬੰਧ ਸੇ ਉਤਪੰਨ ਹੂਆ ਹੂਆ ਵੋਹ ਨਾਦ ਅਨਾਹਤ ਸੰਗਯਾ ਕੋ ਪ੍ਰਾਪਤ ਹੋਤਾ ਹੈ ਔਰ ਨਾਦ ਕੇ ਅਭਿਆਸੀ ਪੁਰਸ਼ ਉਸ ਕੋ ਪੰਚ ਪ੍ਰਕਾਰ ਕਾ ਵਾ ੧੦ ਪ੍ਰਕਾਰ ਕਾ ਕਥਨ ਕਰਤੇ ਹੈਂ।

**(੧) ਕਿੰਗੁਰੀ-ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ॥**

[ਰਾਮਕਲੀ ਦਖਣੀ ਓਅੰਕਾਰ ਮ: ੧ ਸਫਾ ੯੦੭



**ਮਨ ਕੀ ਕਿੰਕੁਰੀ ਬਜਾਈ ॥**

[ਰਾਮਕਲੀ ਕਬੀਰ ਸਫਾ ੯੭੦

**ਮਨ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ॥ ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ ॥**

[ਗਉੜੀ ਕਬੀਰ ਜੀ ਸਫਾ ੬੩੪

**ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥**

[ਸ੍ਰੀ ਰਾਗ ਮ: ੧ ਸਫਾ ੬੨

**(੨) ਸਿੰਗੀ-ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ॥**

[ਰਾਮਕਲੀ ਮ: ੧ ਸਫਾ ੯੦੭

**ਸਿੰਗੀ ਸਬਦ ਅਨਾਹਤ ਬਾਣੀ ॥**

[ਗਉੜੀ ਕਬੀਰ ਸਫਾ

**ਸਿੰਗੀ ਸੁਰਤਿ ਮਿਲਾਈ**

[ਰਾਮਕਲੀ ਕਬੀਰ ਸਫਾ ੯੭੦

**(੩) ਭੇਰੀ-ਅਨਹਤਾ ਸਬਦ ਵਾਜੰਤ ਭੇਰੀ ॥**

[ਧਨਾ: ਮ: ੩ ਸਫਾ ੬੬੩

**(੪) ਤੂਰ-ਪੰਚ ਨਾਦ ਤੂਰ ਬਜਾਈ ॥**

[ਆਧਾ ਮ: ੩

**ਸਗਲ ਮਨੋਰਥ ਪੂਰੇ ॥ ਬਾਜੇ ਅਨਹਦ ਤੂਰੇ ॥**

[ਸੋਰਠ ਮ. ੫ ਸਫਾ ੬੨੯

**ਬਿਨਵੰਤਿ ਨਾਨਕੁ ਗੁਰਚਰਣ ਲਾਗੇ ਵਾਜੇ ਅਨਹਦ ਤੂਰੇ॥**

[ਰਾਮ: ਅਨੰਦ ਮ: ੩ ਸਫਾ ੯੨੨

**ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ ਵਾਜੇ ਤਾਕੇ ਅਨਹਦ ਤੂਰਾ ॥**

[ਆਸਾ ਮ: ੫ ਸਫਾ ੩੯੩

**(੫) ਬੇਣੂ ਤਥਾ (ਬੀਣਾ)-ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥**

[ਆਸਾ ਮ: ੧ ਸਫਾ ੩੫੧

**ਨਿਤ ਬਾਜੇ ਅਨਹਦ ਬੀਨਾ ॥**

[ਸੋਰਠ ਮ: ੫ ਸਫਾ ੬੨੨

**ਤਉ ਅਨਹਦ ਬੇਣੁ ਸਹਜ ਮਹਿ ਬਾਇ ॥**

[ਗਉੜੀ ਵਾ: ਕਬੀਰ ਸਫਾ ੩੪੪

**(੬) (ਏਕ ਸਬਦ)-ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥**

ਬਿਲਾਵਲ ਮ: ੧ ਸਫਾ ੭੯੩

**ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵਲਾਇ ॥** [ਸ੍ਰੀ ਰਾ: ਮ: ੧ ਸਫਾ ੬੬

ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
[ਪ੍ਰਭਾਤੀ ਮ: ੩ ਸਫ਼ਾ ੧੩੩੪

(੭) ਨਾਮ ਨੀਸਾਣ—ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ [ਜਪੁਜੀ ਸਫ਼ਾ ੭

ਮਸਤਕੁ ਨਾਮ ਨੀਸਾਣੀ ॥ [ਤੁਖਾਰੀ ਮ: ੧

ਮਿਲਉ ਗੁਪਾਲ ਨੀਸਾਨੁ ਬਜਾਈ ॥ [ਭੈਰਉ ਨਾਮਦੇਵ ਸਫ਼ਾ ੧੧੬੪

(੮) ਗਰੁੜ ਸਬਦ—ਗੁਰਮੁਖਿ ਗਾਰੜੁ ਜੋ ਸੁਣੇ ਮੰਨੇ ਨਾਉ ਸੰਤੋਸੁ ॥
[ਮਾਰੂ ਮ: ੧ ਸਫ਼ਾ ੧੦੦੯

ਘਸ ਗਰੁੜ ਸਬਦ ਮੁਖ ਲੀਨਾ ॥ [ਗਉੜੀ ਮ: ੪

ਗੁਰ ਮੰਤ੍ਰ ਮੁਖ ਗਰੁੜਾਰੀ ॥ [ਰਾਗ ਸਾਰੰਗ

ਗਰੁੜ ਮੁਖਿ ਨਹੀ ਸਰਪ ਤ੍ਰਾਸ ॥ [ਮਾਲੀ ਗਉੜਾ ਮ: ੫ ਸਫ਼ਾ ੯੮੭

(੯) ਘੰਟਾ—ਘੰਟਾ ਜਾਕਾ ਸੁਨੀਐ ਚਹੁ ਕੁੰਟ ॥ [ਆਸਾ ਮ: ੫ ਸਫ਼ਾ ੩੯੩

(੧੦) ਘੁੰਘਰੂ—ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੈ ਮੋ ਸਿਉ ਆਗੈ ॥ [ਆਸਾ ਮ: ੧ ਸਫ਼ਾ ੩੫੬

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥
[ਆਸਾ ਮ: ੫ ਸਫ਼ਾ ੩੮੧

(੧੧) ਤੰਤੀ ਸਬਦ—ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ ॥ [ਰਾਮਕਲੀ ਮ: ੩ ਸਫ਼ਾ ੯੦੮

(੧੨) ਰੁਣ ਝੁਣ—ਅਨਹਦ ਵਾਜੇ ਰੁਣ ਰੁਣ ਕਾਰੀ ਰਾਮ ॥ [ਆਸਾ ਮ: ੧

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥
[ਮਾਰੂ ਮ: ੧ ਸਫ਼ਾ ੧੦੩੩

ਸਹਜੇ ਰੁਣ ਝੁਣਕਾਰੁ ਸੁਹਾਇਆ ॥ [ਗਉੜੀ ਮ: ੫ ਸਫ਼ਾ ੨੩੭

(੧੩) ਬਬੀਹਾ—ਬਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰਿ ਸੁਣੀ ਪੁਕਾਰ ॥
[ਮਲਾਰ ਵਾਰ ਮ: ੩ ਸਫ਼ਾ ੧੨੮੫

ਸਿਧਾਸਨੇ ਇਸਥਿਤੋ ਯੋਗੀ ਮੁਦ੍ਰਾਂ ਸੰਧਾਯਵੈਸ਼ਣਵੀਂ ॥ ਸ੍ਰਿਣੁਯਾਤ੍



ਦਖਿਣੇ ਕਰਣੇ ਨਾਦੰ ਅੰਤਰ ਗਤੰ ਸਦਾ ॥ ੩੧ ॥ ਅਭਯਸਯਮਾਨੋ ਨਾਦੋਅਯੰ ਬਾਹਯੰਸਮਾਵ੍ਰਿਣੁਤੇ ਧ੍ਰਨਿ: ॥ ਪਖਯਾਦ੍ਵਿਪਖਸ਼ਮਖਿਲੰ ਜਿਤ੍ਵਾ ਤੁਰਯਪਦੰ ਬ੍ਰਜੇਤ ॥ ੩੨ ॥ ਸ੍ਰਯਤੇ ਪ੍ਰਥਮਾਭਿਆਸੇ ਨਾਦੋ ਨਾਨਾ ਵਿਧੋ ਮਹਾਨ ॥ ਵਰਧਮਾਨੇ ਤਥੋਭਿਆਸੇ ਸ੍ਰਯਤੇ ਸੂਖਮ ਸੂਖਮਤਾ: ॥ ੩੩ ॥ ਆਦਊ ਜਲਧਿ ਜੀਮੂਤ ਭੇਰੀ ਨਿਰੰਝਰ ਸੰਭਵ: ॥ ਮਧਯੇ ਮਰਦਲ ਸ਼ਬਦਾਭੋ ਘੰਟਾ ਕਾਹਲਜਸ੍ਤਥਾ ॥ ੩੪ ॥ ਅੰਤੇਤੁ ਕਿੰਕਣੀ ਵੰਸ਼ ਬੀਣਾਭ੍ਰਮਰ ਨਿਸ੍ਵਨ: ॥ ਇਤਿ ਨਾਨਾ ਵਿਧਾ ਨਾਦ: ਸ੍ਰਯੰਤੇ ਸੂਖਸ਼ਮ ਸੂਖਸ਼ਮਤ: ॥ ੩੫ ॥ ਮਹਤਿਸ੍ਰਯਮਾਣੇਤੁ ਮਹਾਭੇਰਯਾਦਿਕ ਧ੍ਵਨਊ ॥ ਤਤ੍ਰ ਸੂਖਸ਼ਮ ਸੂਖਸ਼ਮਤਰੰ ਨਾਦਮੇਵ ਪਰਾਮ੍ਰਿਸ਼ੇਤ ॥ ੩੬ ॥ ਘਨ ਮੁਤਸ੍ਰਿਜਯ ਵਾ ਸੂਖਸ਼ਮੇ ਸੂਖਸਮਮੁਤਸ੍ਰਿਜਯ ਵਾ ਘਨੇ ॥ ਰਮਮਾਣਮਪਿ ਖਿਪ੍ਰੰ ਮਨੋ ਨਾਨਯਤ੍ਰ ਚਾਲਯੇਤ੍ ॥ ੩੭ ॥ ਯਤ੍ਰ ਕੁਤ੍ਰਾਪਿ ਵਾਨਾਦੇ ਲਗਤਿ ਪ੍ਰਥਮੰ ਮਨ: ॥ ਤਤ੍ਰ ਤਤ੍ਰ ਇਸਥਰੀਭੂਤ੍ਵਾ ਤੇਨ ਸਾਰਧੰ ਵਿਲੀਯਤੇ ॥ ੩੮ ॥ ਵਿਸਿਮ੍ਰਿਤਯ ਸਕਲੰ ਬਾਹਯੰ ਨਾਦੇ ਦੁਗਦ ਬੂਵਤ ਮਨ: ॥ ਏਕੀ ਭੂਯਾਯ ਸਹਸਾ ਚਿਦਾਕਾਸੇ ਵਿਲੀਯਤੇ ॥ ੩੯ ॥ ਉਦਾਸੀਨ: ਤਤੋ ਭੂਤ੍ਵਾ ਸਦਾਭਯਾਸੇਨ ਸੰਯਮੀ ॥ ਉਨਮਨੀ ਕਾਂਰਕੰ ਸਦਯੋ ਨਾਦਮੇਵਾਵ ਧਾਰਯੇਤ੍ ॥ ੪੦ ॥ ਸਰਵ ਚਿੰਤਾਂ ਸਮੁਤ-ਸ੍ਰਿਜਯ ਸਰਵ ਚੇਸ੍ਟਾ ਵਿਵਰਜਿਤ: ॥ ਨਾਦਮੇਵਾਨੁ ਸੰਦਦ੍ਯਾਤ੍ ਨਾਦੇ ਚਿਤੰ ਵਿਲੀਯਤੇ ॥ ੪੧ ॥ ਮਕੰਦੰ ਪਿਬਤ ਭ੍ਰਿੰਗੋ ਗੰਧਾਨ ਨਅਪੇਖਸ਼ੇ ਯਥਾ ॥ ਨਾਦਾਸਕ੍ਤੰ ਸਦਾ ਚਿਤੰ ਵਿਸ਼ਯੰ ਨਹਿ ਕਾਂਖਯਤੇ ॥ ੪੨ ॥ ਮਨਸ੍ਤਤ੍ਰ ਲਯੰ ਯਾਦਿ ਤਦ੍ਵਿਸਣੋ: ਪਰਮੰ ਪਦੰ ॥ ਤਾਵਦਾ-ਕਾਸ਼ ਸੰਕਲਪੋ ਯਾਵਚਛਬਦ: ਪ੍ਰਵਰਤੇ ॥ ੪੭ ॥ ਨਿ: ਸ਼ਬਦੰ ਤਤ ਪਰੰਬ੍ਰਹਮ ਪਰਮਾਤਮਾਸਮੀਯਤੇ ॥ ਨਾਦੋ ਯਾਵਨਮਨਸ੍ਤਾਵਨ ਨਾ ਦਾਂਤੇ ਅਪਿ ਮਨੋਨਮਨੀ ॥ ੪੮ ॥ ਸ ਸ਼ਬਦਾਸ੍ਯਾਖਰੇ ਖੀਨੇ ਨਿ: ਸਬਦੰ ਪਰਮੰਪਦੰ ਸਦਾ ਨਾਦਾਨੁ ਸੰਧਾਨਾਤ ਸੰਖੀਣਾ ਵਾਸਨਾ ਤੁ ਯਾ ॥ ੪੯ ॥

**ਨਿਰੰਜਨੇ ਵਿਲੀਯੇਤੇ ਮਨੋ ਵਾਯੂ ਨ ਸੰਸ਼ਯਃ ॥ ਨਾਦ ਕੋਟਿ ਸਹਸ੍ਰਾਣਿ ਬਿੰਦੁ ਕੋਟਿ ਸ਼ਤਾਨਿਚ ॥ ੫੦ ॥**

**ਸਰਵੇ ਤਤ੍ਰਲਯੰ ਯਾਂਤਿ ਬ੍ਰਹਮ ਪ੍ਰਣਵਨਾਦਕੇ । ਸਰਵਾਵਸਥਾ ਵਿਨਿਰ ਮੁਕਤਃ ਸਰਵ ਚਿੰਤਾ ਵਿਵਰਜਿਤਃ ॥ ੫੧ ॥ ਮ੍ਰਿਤਵਤਤਿਸ੍ਰਤੇ ਯੋਗੀ ਸਕਤੋ ਨ ਅਤ੍ਰ ਸੰਸ਼ਯਃ । ਸ਼ੰਖ ਦੁੰਦਭਿ ਨਾਦੰ ਚ ਨ ਸ੍ਰਿਣੋਤਿ ਕਦਾਚਨ ॥ ੫੨ ॥ ਕਾਸ਼੍ਰ ਵਤਗਜਾਯਤੇਦੇਹ ਉਨਮਨਜਾਵਸਥਯਾਧ੍ਰਵੰ । ਨਜਾਨਾਤਿ ਸ ਸ਼ੀਤੋਸ਼ਣੰ ਨ ਦੁਖੰ ਨ ਸੁਖੰ ਤਥਾ ॥ ੫੩ ॥ ਨਾਮਾਨੰ ਨਾਵਮਾਨੰ ਚ ਸੰਤਜਕਤ੍ਵਾ ਸੁ ਸਮਾਧਿਨਾ । ਅਵਸਥਾਤ੍ਰਯਮਨ੍ਵੇਤਿ ਨ ਚਿਤੰ ਯੋਗਿਨਃ ਸਦਾ ॥ ੫੪ ॥**

ਅਰਥ–ਸਿੱਧਾਸਨ ਮੇਂ ਬੈਠ ਕਰ ਔਰ ਭ੍ਰੂਵੋਂ ਕੇ ਬੀਚ ਮੇਂ ਦ੍ਰਿਸ਼ਟੀ ਰਖਤਾ ਹੂਆ ਚਿਤ ਕੋ ਏਕਾਗ੍ਰ ਕਰਤਾ ਹੂਆ ਸਜੇ ਕੰਨ ਮੇਂ ਅੰਤਰ ਹੋਨੇ ਵਾਲਾ ਜੋ ਨਾਦ (ਸਬਦ) ਉਸਕੋ ਹਰ ਵਕਤ ਯੋਗੀ ਸੁਨਤਾ ਹੈ ॥ ੩੧ ॥ ਨਾਦ ਸਬਦ ਮੇਂ ਅਭਿਆਸ ਬਾਹਯ ਸਬਦੋਂ ਕੋ ਰੋਕ ਲੇਤਾ ਹੈ ਪੱਖ ਸੇ ਦੂਸਰੇ ਪੱਖ ਮੇਂ ਸਾਰੇ ਸੰਸਾਰ ਕੋ ਜਯ ਕਰ ਤੁਰੀਯ ਪਦ ਕੋ ਪ੍ਰਾਪਤ ਹੋਤਾ ਹੈ ॥ ੩੨ ॥ ਪਹਿਲੇ ਅਭਿਆਸ ਮੇਂ ਬੜਾ ਨਾਦ ਨਾਨਾ ਪ੍ਰਕਾਰ ਕਾ ਸ੍ਰਵਣ ਕਰਤਾ ਹੈ ਅਰ ਅਭਿਆਸ ਕੇ ਵਧ ਜਾਨੇ ਪਰ ਸੂਖਮ ਸੇ ਸੂਖਮ ਕੋ ਸੁਨ ਲੇਤਾ ਹੈ ॥ ੩੩ ॥ ਪਹਿਲੇ ਸਮੁਦ੍ਰ ਕੀ ਨਿਆਈ ਬੜੀ ਗਜਕਾਰ ਸੁਨਾਈ ਆਤੀ ਹੈ ਫੇਰ ਬਾਦਲੋਂ ਕੀ ਨਿਆਈ ਫੇਰ ਨਗਾਰਾ, ਛੈਣੇ ਆਦਿਕੋਂ ਕਾ ਸਬਦ ਸੁਨਾਈ ਆਤਾ ਹੈ ਔਰ ਫਿਰ ਮੇਂ ਕੋਮਲ ਸਬਦ ਪਰਤੀਤ ਹੋਤੇ ਹੈਂ ਜੈਸੇ ਘੰਟੇ ਆਦਿ ਅੰਤ ਮੇਂ ਸੂਖਮ ਸਬਦ ਨਾਨਾ ਪ੍ਰਕਾਰ ਕੇ ਸੁਨਾਈ ਆਤੇ ਹੈਂ ਜੈਸੇ ਕਿੰ-ਕਿੰਨੀ ਬੀਣਾ ਬੰਸਰੀ ਔਰ ਭੇਰੀ ਆਦਿਕੋਂ ਕੇ ਸਬਦ ਸੁਨਾਈ ਆਤੇ ਹੈਂ ॥ ੩੪-੩੫ ॥ ਬੜੇ ਭੇਰੀ ਆਦਿਕੋਂ ਕੇ ਸ੍ਰਵਣ ਕਰਨੇ ਪਰ ਭੀ ਸੂਖਮ ਤੇ ਸੂਖਮ ਨਾਦ ਸਬਦੋਂ ਕਾ ਸਿਮਰਣ ਕਰੇ ॥ ੩੬ ॥ ਕਭੀ ਘਨ ਯਾਨੇ ਬਦਲ ਕੇ ਸ਼ਬਦ ਕੋ ਸੁਨ ਕਰ ਸੂਖਮ ਸਬਦ ਕੀ ਯਾਦਗੀਰੀ ਕਰੇ ਔਰ ਕਭੀ ਸੂਖਮ ਸਬਦ ਕੋ ਸੁਨ ਕਰ ਬਾਦਲ ਆਦਿ ਸ਼ਬਦ ਕਾ ਸਿਮਰਣ ਕਰੇ ॥ ਐਸੇ ਸ਼ਬਦ ਕੇ ਰਸ ਮੇਂ ਲਗਾਯਾ ਹੂਆ ਮਨ ਦੂਸਰੇ ਪਾਸੇ ਨ ਚਲਾਯਮਾਨ ਕਰੇ ॥ ੩੭ ॥ ਜਹਾਂ ਕਹਾਂ ਭੀ ਨਾਦ ਮੇਂ ਪ੍ਰਥਮ ਮਨ ਲਗ ਜਾਵੇ ਤਹਾਂ ਤਹਾ ਇਸਥਿਤ ਹੂਆ ਮਨ ਉਸ ਕੇ ਸਾਥ ਹੀ ਲਯ ਹੋ ਜਾਤਾ ਹੈ ॥ ੩੮ ॥ ਬਾਹਰ ਪਦਾਰਥੋਂ ਕੋ ਵਿਸਮਰਣ ਕਰਤਾ ਹੂਆ ਮਨ ਨਾਦ ਸੇ ਐਸੇ ਮਿਲ ਜਾਤਾ ਹੈ ਜੈਸੇ ਦੂਧ ਕੇ ਸਾਥ ਪਾਨੀ। ਐਸੇ ਨਾਦ ਕੇ ਸਾਥ ਮਿਲ ਕਰ ਜਲਦੀ



ਚੇਤਨ ਅਗਾਸ ਮੇਂ ਲੀਨ ਹੋ ਜਾਤਾ ਹੈ ॥ ੩੯ ॥ ਸੰਜਮੀ ਪੁਰਸ਼ ਤਿਸਤੇ ਭੀ ਉਦਾਸੀਨ ਹੋ ਕਰ ਉਨਮਨੀ ਯਾਨੇ (ਮਨੋਲਯ) ਤੁਰੀਆਕਾਰ ਨਾਦ ਕੋ ਨਿਸਚੇ ਕਰੇ ॥ ੪੦ ॥ ਸਰਵ ਚਿੰਤਾ ਤਥਾ ਚੇਸਟਾ ਕੋ ਤਿਆਗ ਕਰ ਨਾਦ ਕਾ ਨਿਰੰਤਰ ਅਨੁਸੰਧਾਨ ਕਰਤਾ ਹੂਆ ਨਾਦ ਮੇਂ ਹੀ ਚਿਤ ਕੋ ਲਯ ਕਰੇ ॥ ੪੧ ॥ ਜੈਸੇ ਭਉਰਾ ਪੁਸ਼ਪ ਕੇ ਮਕਰੰਦ ਕੋ ਪੀਤਾ ਹੂਆ ਪੁਸਪ ਕੇ ਗੰਧ ਕੀ ਇਛਾ ਨਹੀਂ ਕਰਤਾ ਤੈਸੇ ਨਾਦ ਮੇਂ ਆਸਕਤ ਹੂਆ ਚਿਤ ਵਿਸ਼ਯੋਂ ਕੀ ਇਛਾ ਨਹੀਂ ਕਰਤਾ ॥ ੪੨ ॥ ਜਬ ਤਕ ਮਨ ਸਬਦ ਮੇਂ ਪਰਵਿਰਤ ਹੈ ਤਬ ਤਕ ਆਕਾਸ਼ ਕਾ ਸੰਕਲਪ ਕਰਤਾ ਹੈ ਉਸ ਸੇ ਪਰੇ ਜਹਾਂ ਜਾਕੇ ਲਯ ਹੋਤਾ ਹੈ ਸੋਈ ਵਿਸਨੂ ਕਾ ਪਰਮ ਪਦ ਹੈ ॥ ੪੭ ॥ ਵੋ ਨਿਰਸਬਦ ਪਰ ਬ੍ਰਹਮ ਪਰਮਾਤਮਾ ਕਹਾ ਜਾਤਾ ਹੈ। ਜਬ ਤਕ ਨਾਦ ਹੈ ਤਬ ਤਕ ਮਨ ਹੈ । ਨਾਦ ਕੇ ਲਯ ਮੇ ਮਨ ਭੀ ਲਯ ਹੋ ਜਾਤਾ ਹੈ ॥ ੪੮ ॥ ਸਬਦ ਕੇ ਸਹਿਤ ਮਨ ਅਖਯਰ ਪਰਮਾਤਮਾ ਮੇਂ ਲੀਨ ਹੂਆ ਹੂਆ ਸਬਦ ਰਹਿਤ ਪਰਮ ਪਦਵੀ ਕੋ ਪ੍ਰਾਪਤ ਹੋਤਾ ਹੈ । ਸਦਾ ਨਾਦ ਕੇ ਅਨੁ-ਸਧਾਨ ਸੇ ਜੋ ਭੀ ਵਾਸਨਾ ਹੋਤੀ ਹੈ ਸਭ ਖੀਣ ਹੋ ਜਾਤੀ ਹੈ ॥ ੫੦ ॥ ਫਿਰ ਮਨ ਰੂਪੀ ਵਾਯੂ ਨਿਰੰਜਨ ਮੇਂ ਲਯ ਹੋ ਜਾਤਾ ਹੈ ਇਸ ਮੇਂ ਸੰਸਯ ਨਹੀਂ ਤਥਾ ਹਜਾਰੋਂ ਕਰੋੜੋਂ ਨਾਦ ਔਰ ਸੈਂਕੜੋਂ ਕਰੋੜੋਂ ਬਿੰਦੂ ਸਰਵ ਲਯ ਹੋ ਜਾਤੇ ਹੈਂ ਓਅੰ ਬ੍ਰਹਮ ਕੇ ਨਾਦ ਮੇਂ ਤਬ ਯ ਯੋਗੀ ਸਰਵਾਵਸਥਾ ਸੇ ਰਹਿਤ ਔਰ ਸਰਬ ਚਿੰਤਾ ਸੇ ਰਹਿਤ ਹੋ ਜਾਤਾ ਹੈ ॥ ੫੧ ॥ ਮ੍ਰਿਤਕ ਕੀ ਨਿਆਈਂ ਇਸਥਿਤ ਹੂਆ ਜੋਗੀ ਮੁਕਤ ਹੋ ਜਾਤਾ ਹੈ ਇਸ ਮੇਂ ਸੰਸੇ ਨਹੀਂ ਉਸ ਵਕਤ ਸੰਖ ਔਰ ਦੁੰਦਭੀ ਆਦਿ ਨਾਦ ਭੀ ਕਭੀ ਸੁਨ ਨਹੀਂ ਸਕਤਾ ॥ ੫੨ ॥ ਉਨ ਮਨੀ ਯਾਨੇ ਮਨ ਕੇ ਲੀਨ ਦਸ਼ਾ ਮੇਂ ਦੇਹ ਕਾਸ਼ਟ ਕੀ ਨਿਆਈਂ ਮਾਲੂਮ ਹੋਤਾ ਹੈ ਔਰ ਸਰਦੀ ਗਰਮੀ ਦੁਖ ਸੁਖ ਨਹੀਂ ਜਾਨਤਾ ਸਮਾਧਿ ਸੇ ਸਭ ਕੋ ਤਿਆਗ ਕਰ ਦੇਤਾ ਹੈ ਔਰ ਉਸ ਕਾਲ ਮੇਂ ਯੋਗੀ ਕਾ ਚਿਤ ਜਾਗ੍ਰਤ ਸ੍ਰਪਨ ਸੁਖੋਪਤੀ ਕੋ ਭੀ ਪ੍ਰਾਪਤ ਨਹੀਂ ਹੋਤਾ ਸਮਾਧਿ ਮੇਂ ਲੀਨ ਰਹਿਤਾ ਹੈ ।, ੪੩-੫੪ ॥

**ਅਨਾਹਤੰ ਤੁ ਯਦਛਬਦੰ ਤਸਯ ਸਬਦਸਯ ਯਤਪਰੰ । ਤਤਪਰੰ ਵਿੰਦਤੇ ਯਸਤੂ ਸ ਯੋਗੀ ਛਿੰਨਸੰਸ਼ਯਃ ।੧। ਬਾਲਾਗ੍ਰ ਸ਼ਤ ਸਾਹਸ੍ਰੰ ਤਸਯ ਭਾਗਸਯ ਭਾਗਿਨਃ ਤਸਯ ਭਾਗਸਯ ਭਾਗਾਰਧੰ ਤਤਖਯੇਤੁ ਨਿਰੰਜਨੰ ।੨। ਪੁਸ਼ਪ ਮਧਯੇ ਯਥਾ ਗੰਧਃ ਪਯੋ ਮਧਯੇ ਯਥਾ ਘ੍ਰਿਤੰ। ਤਿਲ ਮਧਯੇ ਯਥਾ ਤੈਲੰ ਪਾਸ਼ਾਣੇਸ਼ੁ ਇਵ ਕਾਂਚਨੰ ।੩। ਏਵੰ ਸਰਵਾਣਿ ਭੂਤਾਨਿ ਮਣੌ ਸੂਤ੍ਰ ਇਵਾਤਮਨਿ ॥ ਇਸਿਥਰ ਬੁਧਿ ਰਸੰ ਮੂਢੋ ਬ੍ਰਹਮ ਵਿਦ੍ਰਹਬ੍ਰਹਮਣੀਇਸਥਿਤਃ ॥ ੪ ॥**

[ਧਿਆਨ ਬਿੰਦੂ ਉਪਨਿਸ਼ਦ

ਅਰਥ-ਜੋ ਸਬਦ ਅਨਾਹਿਤ ਹੈ । ਉਸ ਸਬਦ ਸੇ ਜੋ ਪਰੇ ਵਸਤੂ ਹੈ, ਉਸ ਪਰ ਬ੍ਰਹਮ ਵਸਤੂ ਕੋ ਜੋ ਜੋਗੀ ਜਾਨਤਾ ਹੈ ਉਸ ਕੇ ਸਭ ਸੰਸ਼ਯ ਛੇਦਨ ਹੋ ਜਾਤੇ ਹੈਂ ।੧। ਮਨ ਅਤਿ ਸੂਖਮ ਹੈ ਲਿਖਤੇ ਹੈਂ ਕਿ ਵਾਲ ਕਾ ਅਗ੍ਰ ਭਾਗ ਉਸ ਕੇ ਸੌ ਹਜ਼ਾਰ ਟੁਕੜੇ ਮੇਂ ਸੇ ਫੇਰ ਏਕ ਟੁਕੜੇ ਕੇ ਉਤਨੇ ਹਿਸੇ ਕਰੋ ਤਿਸਕੇ ਫੇਰ ਏਕ ਭਾਗ ਕੋ ਆਧਾ ਭਾਗ ਕਰੋ ਉਸਕੇ ਬਰਾਬਰ ਮਨਸੂਖਮ ਹੈ ਉਸਕੋ ਖਯ ਕਰਨੇ ਸੇ ਹੀ ਨਿਰੰਜਨ ਪਦਵੀ ਕੀ ਪ੍ਰਾਪਤੀ ਹੋਤੀ ਹੈ॥ ੨ ॥ ਪਰਮਾਤਮਾ ਮੇਂ ਸਭ ਜੀਵ ਐਸੇ ਰਹਿਤੇ ਹੈਂ ਜੈਸੇ ਪੁਸ਼ਪੋਂ ਮੇਂ ਗੰਧ ਰਹਿਤਾ ਹੈ ਔਰ ਦੂਧ ਮੇਂ ਘ੍ਰਿਤ ਔਰ ਤਿਲੋਂ ਮੇਂ ਤੇਲ ਰਹਤਾ ਹੈ । ਪਥਰ ਮੇਂ ਜੈਸੇ ਹੀਰੇ ਜਵਾਹਰਾਤ ਤੇ ਸੋਨਾ ਰਹਿਤਾ ਹੈ ॥੩॥ ਮਣਿਯੋਂ ਮੇਂ ਜੈਸੇ ਧਾਗਾ ਰਹਤਾ ਹੈ। ਤੈਸੇ ਸਰਵ ਭੂਤੋਂ ਮੇਂ ਆਤਮਾ ਰਹਿਤਾ ਹੈ । ਉਸ ਆਤਮ ਰੂਪ ਬ੍ਰਹਮ ਮੇਂ ਬ੍ਰਹਮਵੇਤਾ ਇਸਥਿਰ ਬੁਧਿ ਹੋਕਰ ਰਹਤਾ ਹੈ ਔਰ ਵੋਹ ਜੀਵਨ ਮੁਕਤ ਹੋ ਜਾਤਾ ਹੈ।

**ਵਾਜੈ ਅਨਹਦੁ ਮੇਰਾ ਮਨੁ ਲੀਣਾ ॥** [ਰਾਮਕਲੀ ਮ: ੧ ਸਫਾ ੯੦੩

**ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ॥**
[ਰਾਮਕਲੀ ਮ: ੧ ਸਫਾ ੯੦੪

**ਹਉਮੈ ਮਾਰਿ ਕਮਲੁ ਪਰਗਾਸਾ ॥ ਅਨਹਦੁ ਵਾਜੈ ਨਿਜ ਘਰਿ ਵਾਸਾ॥**
[ਗਉੜੀ ਮ: ੩ ਸਫਾ ੧੬੧

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥**
[ਰਾਮਕਲੀ ਮ: ੩ ਸਫਾ ੯੧੭

**ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥**
[ਰਾਮਕਲੀ ਮ: ੫ ਸਫਾ ੮੯੩

**ਸਹਜ ਗੁਫਾ ਮਹਿ ਆਸਣੁ ਬਾਧਿਆ ॥ ਜੋਤਿ ਸਰੂਪ ਅਨਾਹਦੁ ਵਾਜਿਆ॥**
[ਆਸਾ ਮ: ੫ ਸਫਾ ੩੭੦

**ਦਰਿ ਵਾਜਹਿ ਅਨਹਤ ਵਾਜੇ ਰਾਮ॥ ਘਟਿ ਘਟਿ ਹਰਿਗੋਬਿੰਦੁ ਗਾਜੇ ਰਾਮ॥**
[ਵਡਹੰਸ ਮ: ੫ ਸਫਾ ੫੭੮

**ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥**
[ਧਨਾਸਰੀ ਮ: ੫ ਸਫਾ ੬੭੨

**ਅਚਿੰਤ ਹਮਾਰੈ ਅਨਹਤ ਵਾਜੈ ਅਚਿੰਤ ਹਮਾਰੈ ਗੋਬਿੰਦੁ ਗਾਜੈ ॥**
[ਭੈਰਉ ਮ: ੫ ਸਫਾ ੧੧੫



**ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾਕੇ ਸ੍ਵਾਦ ॥**
[ਸਾਰਗ ਮ: ੫ ਸਫ਼ਾ ੧੨੨੬

**ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥**
[ਸਾਰੰਗ ਮ. ੫ ਸਫ਼ਾ ੧੨੧੮

**ਮੂੰਦਿਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥** [ਸੋਰਠ ਕਬੀਰ ਸਫਾ ੬੫੬

**ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜ॥** [ਬਿਲਾ ਕਬੀਰ ਸਫਾ ੮੫੬

**ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥ ਸਬਦਿ ਅਤੀਤ ਅਨਾਹਦਿ ਰਾਤਾ ॥**
[ਗਉੜੀ ਕਬੀਰ ਸਫਾ ੩੨੭

**ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥**
[ਰਾਮਕਲੀ ਬੇਣੀ ਸਫਾ ੯੭੪

**ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨ ਧੀਰਾ ॥** [ਭਾ: ਗੁ: ਵਾ: ੯ ਪਉ: ੮

**ਸਬਦ ਸੁਰਤਿ ਲਿਵਲਾਇ ਅਨਹਦ ਵਾਇਆ ॥** [ਭਾ: ਗੁ: ਵਾ: ੧੯ ਪਉ: ੨੧

**ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲ ਗਾਇਓ ॥**
[ਮਾਲੀ ਗਉੜਾ ਮ: ੫ ਸਫਾ ੯੮੫

**ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥**
[ਰਾਮਕਲੀ ਮ: ੫ ਸਫਾ ੮੮੮

**ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆ ਰਸ ਕਾ ਕਛੁ ਅੰਤੁ ਨ ਪਾਰ ॥**
[ਸਾਰੰਗ ਮ: ੫ ਸਫਾ ੧੨੩੬

**ਆਤਮ ਗਿਆਨੇਨ ਮੁਕ੍ਤਿ ਸਯਾਤ੍ਰਤੱਚ ਯੋਗਾਤਰਿਤੇ ਨਹੀ ॥੧॥** [ਸਿਕੰਧ ਪੁਰਾਣ

**ਯੋਗਾਗ੍ਨਿ ਦਹਤਿ ਖਿਪ੍ਰਮਸ਼ੇਸ਼ੰ ਪਾਪ ਪਿੰਜਰ ॥ ਪ੍ਰਸੰਨੰ ਜਾਯਤੇ ਗਿਆਨੰ ਗਿਆਨਾਤ੍ਰ ਨਿ੍ਵਾਣ ਮਿ੍ਛੱਤਿ ॥ ੨ ॥** [ਕੂਰਮ ਪੁਰਾਣ

**ਦੁ:ਸਹਾ ਰਮ ਸੰਸਾਰੰ ਵਿਸ਼ਵੇਗ ਵਿਸੂਚਿਕਾ ॥ ਯੋਗ ਗਾਰੁੜ ਮੰਤ੍ਰੇਣ, ਪਾਵਨੇਨੋਪਸ਼ਾਮਯਤਿ ॥ ਚਿੱਤੰ ਕਾਰਣ ਮਰਥਾਨਾਂ ਤਸਿਮਨ੍ ਸਤਿ ਜਗਤ ਤ੍ਰਯੰ ॥ ਤਸਿਮਿਨ ਖਯੀਣੇ ਜਗਤ ਖਯੀਣੇ ਤ੍ਰਤ ਚਿਕਿਤਸਯੰ ਪ੍ਰਯਤਨਤ: ॥**
[ਯੋਗ ਵਾਸਿਸ਼ਠ

ਮਨਃ ਕਰੋਤਿ ਕਰਮਾਣਿ ਮਨੋ ਲਿੰਪਤਿ ਪਾਤਕੈਃ ॥ ਮਨਸ੍ਰ ਉਨਮਨੀ ਭੂਤ੍ਵਾ ਮੁਚਜਤੇ ਸਰਵ ਪਾਤਕੈ॥ ਤਾਵਦੇਵ ਨਿਰੋਧਬਜੰ ਯਾਵਤ ਹ੍ਰਿਦਿਗਤੰ ਖਜ਼ਯੇ ॥ ਏਤਤ੍ ਗਿਆਨੰ ਚ ਮੋਖਜਸ੍ਰ ਅਤੋਨਯੋ ਗ੍ਰੰਥ ਵਿਸ੍ਤਰਃ ਨਿਰਸਤਾਵਿਸ਼ਯਾ ਸੰਗੰ ਸੰਨਿਰੁੱਧ ਮਨੋ ਹ੍ਰਿਦਿ। ਯਦਾ ਯਾਤੀ ਉਨਮਨੀ ਭਾਵੰ ਤਦਾਤਤ ਪਰਮੰ ਪਦੰ ॥ ੭ ॥

[ਬ੍ਰਹਮ ਗਯਾਨ ਤੰਤ੍ਰ

ਅੰਤਃਸ਼ੀਤਲਤਾਂ ਯਾਂਤੁ ਲਬਧ੍ਵਾਯਾਂ ਸ਼ੀਤਲੰ ਜਗਤ ਅੰਤਃ ਤ੍ਰਿਸਨਾ ਉਤ ਪਤਾਨਾਂ ਦਾਵਦਾਹ ਮਯੰ ਜਗਤ । ਏਕ ਏਵ ਮਨੋ ਦੇਵੋ ਗਯੇਯ ਸਰਵਾਥ ਸਿਧਿਦਃ । ਅਨਜਤ੍ਰਵਿਫਲ ਕਲੇਸ਼ਃ ਸਰਵੇਸ਼ਾਂ ਤਤ੍ਰਜਯੰ ਬਿਨਾ ॥

[ਯੋਗ ਵਸਿਸ਼ਟ

ਅਰਥ- ਆਤਮ ਗਿਆਨ ਸੇ ਮੁਕਤੀ ਮਿਲਤੀ ਹੈ ਔਰ ਵਹ ਆਤਮ ਗਿਆਨ (ਆਤਮ ਪ੍ਰਤਖਜਸ) ਯੋਗ ਕੇ ਬਿਨਾ ਨਹੀਂ ਹੋਤਾ ਹੈ ॥ ੧ ॥ ਯੋਗਾਗਨੀ ਸਮਸਤ ਪਾਪ ਸਮੂਹੋਂ ਕੋ ਸੀਘ੍ਰ ਹੀ ਜਲਾ ਦੇਤੀ ਹੈ। ਇਸ ਲੀਏ ਨਿਰਮਲ ਗਿਆਨ ਉਤਪੰਨ ਹੋਤਾ ਹੈ ਔਰ ਗਿਆਨ ਸੇ ਹੀ ਮੋਖਜ ਪ੍ਰਾਪਤੀ ਹੋਤੀ ਹੈ ॥ ੨ ॥ ਹੇ ਰਾਮ ਜੀ ਸੰਸਾਰ ਰੂਪੀ ਵਿਸਯੋਗ ਵਿਸੂਚਕਾ ਦੁਸਹ ਹੈ। ਵਹ ਵਿਸੁੱਧ ਯੋਗ ਰੂਪੀ ਗਾਰੁੜ ਮੰਤਰੋਂ ਸੇ ਸ਼ਾਂਤ ਹੋਤਾ ਹੈ ॥ ੩ ॥ ਸਮਸ੍ਤ ਕਾਰਯੋਂ ਕਾ ਮਨ ਹੀ ਕਾਰਣ ਹੈ, ਮਨ ਕੇ ਜਾਗ੍ਰਤ ਹੋਨੇ ਪਰ ਤੀਨੋਂ ਲੋਕ ਹੈਂ । ਉਸ ਕੇ ਵਿਲਯ ਹੋਨੇ ਪਰ ਸਮਸਤ ਸੰਸਾਰ ਕੀ ਬਾਧਾ ਭੀ ਨਾਸ਼ ਹੋ ਜਾਤੀ ਹੈ । ਇਸ ਲੀਏ ਪ੍ਰਯਤਨ ਕਰਕੇ ਮਨ ਕੀ ਚਿਕਿਤਸਾ ਕਰਨੀ ਚਾਹੀਏ ॥ ੪ ॥ ਮਨ ਹੀ ਕਰਮੋਂ ਕੋ ਕਰਨੇ ਵਾਲਾ ਹੈ ਮਨ ਕੋ ਹੀ ਪਾਪ ਹੈ। ਯਦਿ ਮਨ ਲੀਨ ਹੋ ਜਾਯ ਤੋ ਉਰਵ ਪਾਪੋਂ ਸੇ ਛੁਟ ਜਾਤਾ ਹੈ । ੫ ।। ਜਬ ਤਕ ਮਨ ਅਪਨੇ ਮੇਂ ਲੀਨ ਨ ਹੋ ਤਬ ਤਕ ਉਸੇ ਵਸ ਮੇਂ ਰਖਨਾ ਚਾਹੀਏ। ਇਸ ਮਨੋ ਲਯ ਕੋ ਹੀ ਗਿਆਨ ਤਥਾ ਮੋਖਸ਼ ਕਹਾ ਜਾਤਾ ਹੈ । ਮਨੋਲਯ ਕੇ ਅਤਿਰਿਕਤ ਅਨੰਜ ਸਮਸਤ ਮਾਰਗ ਗ੍ਰੰਥ ਵਿਸਤਾਰ ਮਾਤ੍ਰ ਹੈਂ ਅਰਥਾਤ ਨਿਸਾਰ ਹੈਂ ॥ ੬ ॥ ਹ੍ਰਿਦਯ ਮੇਂ ਨਿਰੁੱਧ ਕੀਆ ਹੂਆ ਮਨ ਸੰਸਾਰ ਵਿਸ਼ਯੋਂ ਮੇਂ ਦੋੜੇ ਬਿਨਾ ਜਬ ਲੀਨ ਹੋ ਜਾਤਾ ਹੈ ਤਬ ਵਹ ਮੁਕਤ ਪਦ ਕੋ ਪ੍ਰਾਪਤ ਹੋ ਜਾਤਾ ਹੈ ॥ ੭ ॥ ਮਨ ਸੀਤਲ ਹੋਨੇ ਪਰ ਜਗਤ ਭੀ ਸੀਤਲ ਹੋ ਜਾਤਾ ਹੈ। ਆਸ਼ਾ (ਤ੍ਰਿਸ਼ਨਾ) ਸੇ ਤਪੇ ਹੂਏ ਲੋਗੋਂ ਕੋ ਜਗਤ ਅਗਨਿ ਮਯ ਪ੍ਰਤੀਤ ਹੋਤਾ ਹੈ ॥ ੮ ॥ ਸਰਵ ਸੰਪਤਿ ਔਰ ਸਰਵ ਸਿਧੀਯੋਂ ਕਾ ਦਾਤਾ ਯਹ ਮਨ ਹੀ ਮੁਖ ਦੇਵ ਹੈ । ਉਸ ਕੋ ਵਸ ਮੇਂ ਕੀਏ ਬਿਨਾ ਅਨਯ ਸਰਵ ਪ੍ਰਯਤਨ ਨਿਸਫਲ ਹੈਂ॥ ੯ ॥ ਤਥਾ ਗੁਰੂ ਜੀ ਭੀ ਲਿਖਤੇ ਹੈਂ।

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥



ਇਸ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉਨਿਧਿ ਪਾਈ॥

[ਭੈਰਉ ਮ: ੩ ਸਫ਼ਾ ੧੧੨੮

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨ ਪੰਚ ਤਤ ਕੋ ਜੀਉ ॥ ਇਹੁ ਮਨ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ॥ ਮੰਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨ ਸਿਉ ਕਹੈ ਕਬੀਰਾ ਮਨਸਾ ਮਿਲਿਆ ਨ ਕੋਇ ॥

[ਗਉੜੀ ਕਬੀਰ ਬਾਵਨ ਅਖਰੀ ਸਫ਼ਾ ੩੪੨

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ ਗੁਰਪ੍ਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥ ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥

[ਸੋਰਠ ਵਾਰ ਮ: ੩ ਸਫ਼ਾ ੬੫੧

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ॥

[ਸਲੋਕ ਕਬੀਰ ਸਫ਼ਾ ੧੩੭੬

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥ ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥

[ਗਉੜੀ ਬਾਵਨ ਅਖਰੀ ਮ: ੫ ਸਫ਼ਾ ੨੫੯

ਪ੍ਰਾਣੋਂ ਮਨਃ ਦ੍ਵਯਮਿਦੰ ਵਿਲਯੰ ਨਯੇਤ੍ਰਯੋ। ਮੋਖਜੰ ਸਗਛਤਿ ਨਰੋ ਨ ਕਥੰ ਚਿਦਨਯਃ ॥੧॥ ਪਵਨੋ ਬਧਜਤੇ ਯੇਨ ਮਨਸਤੇਨੈਵ ਬਧਜਤੇ। ਮਨਸਚ ਬਧਜਤੇ ਯੇਨ ਪਵਨਸਤੇਨ ਬਧਜਤੇ ॥ ੨ ॥ ਮਨੋ ਯਤ੍ਰ ਵਿਲੀਯਤੇ। ਪਵਨਸ ਤਤ੍ਰ ਲੀਯਤੇ ਪਵਨੋਲੀਯਤੇ ਯਤ੍ਰ ਮਨਸਤਤ੍ਰ ਵਿਲੀਯਤੇ ॥੩॥ ਯਥਾ ਯਥਾ ਸਮਭਜਾਸਾਤ੍ ਮਨਸਾ ਇਸਥਿਰਤਾ ਭਵੇਤ। ਵਾਯੁਵਾਕਾਯ ਦ੍ਰਿਸ਼ਟੀਨਾਂ ਇਸਥਿਰਤਾ ਚ ਤਥਾ ਤਥਾ ॥

[ਮਖਯ ਪ੍ਰਦੀਪ

ਅਰਥ-ਪ੍ਰਾਣ ਔਰ ਮਨ ਇਨ ਦੋਨੋਂ ਕੋ ਲਯ ਕਰਨੇ ਵਾਲੇ ਮਨੁਸ਼ ਕੋ ਹੀ ਮੋਖ ਕੀ ਪ੍ਰਾਪਤੀ ਹੋਤੀ ਹੈ। ਇਸਕੇ ਬਿਨਾ ਅਨਯ ਪ੍ਰਕਾਰ ਸੇ ਮੁਕਤਿ ਪ੍ਰਾਪਤ ਨਹੀਂ ਹੋ ਸਕਤੀ ॥੨॥ ਜੋ ਵਾਯੂ ਕੋ ਜੀਤ ਲੇਤਾ ਹੈ ਵੋ ਮਨ ਕੋ ਭੀ ਜੀਤ ਲੇਤਾ ਹੈ ਜੋ ਮਨ ਕੋ ਜੀਤ ਲੇਤਾ ਹੈ ਵੋ ਵਾਯੂ ਕੋ ਭੀ ਜੀਤ ਲੇਤਾ ਹੈ ॥ ੩ ॥ ਜਹਾਂ ਮਨ ਲਯ ਹੋਗਾ ਵਹਾਂ ਪ੍ਰਾਣ ਭੀ ਲਯ ਹੋ ਜਾਏਗਾ ਔਰ ਜਹਾਂ ਪ੍ਰਾਣ ਲਯ ਹੋਗਾ ਵਹਾਂ ਮਨ ਭੀ ਲਯ ਹੋ

ਜਾਵੇਗਾ ।੪। ਪ੍ਰਾਣ ਅਰ ਮਨ ਯੇ ਦੋਨੋਂ ਦੂਧ ਔਰ ਪਾਨੀ ਕੇ ਸਮਾਨ ਮਿਲ ਕਰ ਏਕ ਹੋਕਰ ਰਹਨ ਵਾਲੇ ਹੈਂ ਇਸ ਪ੍ਰਕਾਰ ਇਨ ਮਿਲ ਹੂਓਂ ਮੇਂ ਸੇ ਏਕ ਕੇ ਵਸ ਮੇਂ ਕਰਨੇ ਸੇ ਦੂਸਰਾ ਭੀ ਵਸ ਮੇਂ ਹੋ ਜਾਤਾ ਹੈ ।।੫।। ਅਭਿਆਸ ਦੁਆਰਾ ਮਨ ਕੀ ਜਿਸ ਪ੍ਰਕਾਰ ਇਸਥਿਰਤਾ ਹੋਗੀ ਉਸੀ ਤਰਹ ਪ੍ਰਾਣ ਵਾਯੂ ਬਾਣੀ ਔਰ ਦ੍ਰਿਸ਼ਟੀ ਕੀ ਭੀ ਇਸਥਿਰਤਾ ਹੋ ਜਾਏਗੀ ।੬। ਯੇ ਸਭ ਗੁਰੂ ਦੁਆਰਾ ਹੀ ਜਗ ਹੋਤੇ ਹੈ ।

**ਦਿਬਯੰ ਵਰਸੰ ਸਹਸ੍ਰੰ ਚ ਤਪਸਤਪ੍ਰਾਹਿਮਾਚਲੇ । ਦੁਰਗਾ ਚਤਤਪਦੰ ਧਜਾਤ੍ਰ ਸਰਵ ਪੂਜਯ ਬਭੂਵ: । ਸਰਸ੍ਵਤੀ ਤਪਸਪ੍ਰਾ ਪਰਵਤੇ ਗੰਧਮਾਦਨੇ । ਲਖਯਵਰਸ਼ੰਚ ਦਿਬਯੰਤ ਸਰਵਵੰਦਯਾ ਬਭੂਵਸ਼ਾ ॥ ੨ ॥ ਲਖਯੰ ਯੁਗਸ਼ਤੰ ਦਿਬਯੰ ਤਪਸਤਪਤ੍ਵਾ ਚ ਪੁਸ਼ਕਰੇ । ਸਰਵ ਸੰਪਤ ਪ੍ਰਦਾਤ੍ਰੀ ਚ ਜਾਤਾ ਦੇਵੀਨਿਸ਼੍ਵਣਾਤ ॥ ੩ ॥ ਸਾਵਿਤ੍ਰੀ ਮਲਯੇ ਤਪਤਾ ਪੂਜਯਾ ਵੰਦਯਾ ਬਭੂਵਸਾ । ਸ਼ਮੰਨਿ ਵਰਸ ਸਹਸ੍ਰੰ ਚ ਦਿਵਯੰਧਜਾਤ੍ਰਾ ਚ ਤਤਪਦੇ ॥ ੪ ॥ ਸ਼ਤਮਨ੍ਵੰਤਰੰ ਤਪਤੰ ਸ਼ਕਰੇਣ ਪੁਰਾਵਿਭੋ ॥ ਸਤ ਮਨ੍ਵੰਤਰੰਚੈਵ ਬ੍ਰਹਮਾ ਸ਼ਕਤਿ ਜਜਾਪ ॥ ੫ ॥ ਸਤ ਮਨ੍ਵਤਰੰ ਵਿਸਣੁ: ਤਪਤਾ ਪਾਤਾ ਬਭੂਵ: ।**

[ਦੇਵੀ ਪੁਰਾਣ

ਅਰਥ- ਦੁਰਗਾ ਦੇਵੀ ਹਜ਼ਾਰ ਵਰਸੋਂ ਤਕ ਹਿਮਾਲਯ ਪਰਬਤ ਮੇਂ ਬੈਠ ਕਰ ਸ਼ਕਤਿ ਧਿਆਨ ਸੇ ਤਪ ਕਰਕੇ ਪੂਜਯ ਹੋ ਗਈ ।੫। ਸਰਸ੍ਵਤੀ ਦੇਵੀ ਗੰਧ ਮਾਦਨ ਪਰਵਤ ਮੇਂ ਲਾਖ ਦਿਬਯ ਵਰਸ ਤਕ ਤਪ ਕਰਕੇ ਸਭ ਕੇ ਬੰਦਨੀਯ ਹੋ ਚੁਕੀ ਹੈ। ਲਖਸ਼ਮੀ ਦੇਵੀ ਪੁਸਕਰ ਮੇਂ ਸੌ ਦਿਬ ਯੁਗ ਕੇ ਤਪ ਸੇ ਸ਼ਕਤੀ ਕੀ ਸੇਵਾ ਕਰਕੇ ਸਰਵ ਸੰਪਤੀ ਕੇ ਦਾਨ ਕਰਨੇ ਕੇ ਲੀਏ ਸਮਰਥ ਹੋ ਚੁਕੀ ਹੈ। ਸਾਵਿਤ੍ਰੀ ਦੇਵੀ ਮਲਯ ਪਰਬਤ ਮੇਂ ਸਾਠ ਹਜ਼ਾਰ ਵਰਸ ਕੇ ਤਪ ਸੇ ਸ਼ਕਤਿ ਕਾ ਧਿਆਨ ਕਰਕੇ ਪੂਜਨੀਯ ਹੋ ਚੁਕੀ ਹੈ। ਪਰੀਪੂਰਨ ਸ਼ਿਵ ਜੀ ਨੇ ਸੌ ਮਨਵੰਤਰ ਕਾਲ ਤਕ ਤਪ ਕੀਆ ਹੈ। ਸੌ ਮਨਵੰਤਰ ਕਾਲ ਤਕ ਹੀ ਬ੍ਰਹਮਾ ਜੀ ਸ਼ਕਤਿ ਕਾ ਜਾਪ ਕਰਤੇ ਭਏ ਔਰ ਸੌ ਮਨਵੰਤਰ ਕਾਲ ਤਕ ਹੀ ਵਿਸ਼ਨੂ ਜੀ ਤਪਸਯਾ ਕਰਕੇ ਤੀਨ ਲੋਕ ਕੇ ਰਖਯਕ ਹੂਏ। ਯੇ ਸਭ ਗੁਰੂ ਦੁਆਰਾ ਹੀ ਤਪਸਯਾ ਕਰਕੇ ਇਤਨੀ ਬੜੀ ਰੁਤਬੇ ਪਦਵੀ ਕੋ ਪ੍ਰਾਪਤ ਹੂਏ ਹੈਂ। ਗੁਰੂ ਪ੍ਰਮਾਣ:-

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

[ਜਪੁਜੀ ਸਫ਼ਾ ੨

**ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ ਗੁਰਮੁਖਿ ਜਨਕ ਹਰਿ ਨਾਮਿ ਲਿਵਲਾਈ ॥ ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥**



**ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ॥ ਗੁਰਮੁਖਿ ਹਰਿ ਭਗਤਿ ਹਰਿ ਆਪਿ ਲਗਾਈ ॥**

[ਵਡਹੰਸ ਮ: ੪ ਸਫ਼ਾ ੫੯੧

**ਜਿਉ ਅੰਬਰੀਕਿ ਅਮਰਾਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥ ਹਰਿ ਹਰਿ ਰੂਪੁ ਹਰਿ ਰੂਪੋ ਹੋਵੈ ਹਰਿਜਨ ਕਉ ਪੂਜ ਕਰਾਵੈਗੋ ॥**

[ਕਾਨੜਾ ਮ: ੪ ਸਫ਼ਾ ੧੩੧੧

ਇਸ ਪ੍ਰਕਾਰ ਕਈ ਮਹਾਤਮਾ ਗੁਰੂ ਮੁਖ ਦੁਆਰਾ ਹਠ ਯੋਗ ਤਥਾ ਰਾਜ ਜੋਗ ਕਰਤੇ ਭਏ ਸੋ ਰਾਜ ਯੋਗ ਦੋ ਪਰਕਾਰ ਕਾ ਕਹਾ ਗਯਾ ਹੈ:-

**ਤਦਯੋਗੰ ਚ ਦ੍ਵਿਧਾ ਵਿਧਿ ਪੂਰਵੋਤਰ ਵਿਭਾਗਤ: ਪੂਰਵੰਤੁ ਤਾਰਕੰ ਵਿਦਿਆਤ੍ਰ-ਅਮਨਸਕੰ ਤਦੁਤ੍ਰੰ ॥੧॥ ਭ੍ਰੂਯੁਗਮਧਯ ਬਿਲੇ ਤੇਜਸ ਆਵਰਭਾਵ ਏਤਤ ਪੂਰਵ ਤਾਰਕੰ ਉਤਰੰ ਤ੍ਵਮਨਸਕੰ ਤਾਲੂ ਮੂਲ ਊਰਧ੍ਵ ਭਾਗੇ ਮਹਾ ਜਯੋਤਿਰ ਵਿਦਯਤੇ ॥੨॥**

[ਮੰਡਲ ਬ੍ਰਹਮ ਉਪਨਿਖਧ

ਅਰਥ- ਪੂਰਵ ਭਾਗ ਔਰ ਉਤਰ ਭਾਗ ਵਹ ਯੋਗ ਦੋ ਪਰਕਾਰ ਕਾ ਹੈ। ਪੂਰਵ ਭਾਗ ਕੋ ਤਾਰਕ ਯੋਗ ਔਰ ਉਤਰ ਭਾਗ ਕੋ ਅਮਨਸਕ ਯੋਗ ਜਾਨੋਂ ਦੋਨੋਂ ਭੋਹੋਂ ਕੇ ਮੱਧ ਬਿਲ ਮੇਂ ਜਬ ਜੋਤਿ ਪ੍ਰਕਾਸ਼ਤ ਹੋਨੇ ਲਗੇ ਤਬ ਉਸਕੋ ਤਾਰਕ ਯੋਗ ਕਹਤੇ ਹੈਂ ਜਬ ਤਾਲੂ ਮੂਲ ਕੇ ਊਪਰਲੇ ਭਾਗ ਮੇਂ ਮਹਾਂ ਜੋਤੀ ਮਾਲੂਮ ਹੋਵੇ ਤਬ ਉਸਕੋ ਅਮਨਸਕ ਜੋਗ ਕਹਤੇ ਹੈਂ। ਅਬ ਇਨਕੇ ਫਲ ਲਿਖਤੇ ਹੈਂ ਪਹਿਲਾ ਫਲ ਕਮਲ ਪ੍ਰਕਾਸ਼। ਇਨ ਦੋਨੋਂ ਯੋਗੋਂ ਕੇ ਕਰਨੇ ਸੇ ਯਹ ਫਲ ਪ੍ਰਾਪਤ ਹੋਤੇ ਹੈਂ।

**ਅੰਤਰਿ ਨਾਮੁ ਕਮਲ ਪਰਗਾਸਾ ॥ ਤਿਨ ਕਉ ਨਾਹੀ ਜਮ ਕੀ ਤ੍ਰਾਸਾ ॥**

[ਆਸਾ ਮ: ੧ ਸਫ਼ਾ ੪੧੨

**ਸਚੇ ਸਬਦ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥**

[ਮਾਰੂ ਸੋਲਹੇ ਮ: ੩ ਸਫ਼ਾ ੧੦੪੮

**ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿਨਾਮੁ ਨਵੰਨਿਧਿ ਪਾਈ ॥**

[ਵਡਹੰਸ ਛੰਤ ਮ: ੪ ਸਫ਼ਾ ੫੭੨

**ਉਰਧ ਕਮਲ ਜਿਸ ਹੋਇ ਪ੍ਰਗਾਸਾ ਤਿਨ ਸਰਬ ਨਿਰੰਜਨ ਡੀਠਾ ਜੀਉ ॥**

[ਮਾਝ ਮ: ੪

ਦੂਸਰਾ ਫਲ ਤ੍ਰਿਕੁਟੀ ਛੇਦਨ ਹੈ

**ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥**

[ਸ੍ਰੀ ਰਾਗ ਮ: ੩ ਸਫ਼ਾ ੩੩

**ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥**

[ਕੇਦਾਰਾ ਕਬੀਰ ਸਫ਼ਾ ੧੧੨੩

ਅਥ ਤੀਸਰਾ ਫਲ ਪ੍ਰਾਗ ਸਨਾਨ ਹੈ

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥
[ਰਾਮਕਲੀ ਬੇਣੀ ਸਫਾ ੯੭੪

ਚਉਥਾ ਸੁੰਨ ਸਮਾਧੀ ਫਲ ਹੈ

ਸਹਜ ਗੁਫਾ ਘਰੁ ਜਾਣੈ ਸਾਚਾ ॥... ਸੁੰਨ ਨਿਰੰਤਰਿ ਵਾਸ ਲੀਆ ॥...
ਸੁੰਨ ਨਿਰੰਤਰਿ ਦੀਜੈ ਬੰਧੁ ॥ ਉਡੈ ਨ ਹੰਸਾ ਪੜੈ ਨ ਕੰਧੁ ॥
[ਸਿਧ ਗੋਸਟਿ ਸਫਾ ੯੩੯

ਅੰਤਰਿ ਸੁਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥
ਚਉਥੇ ਸੁੰਨੈ ਜੋ ਨਰੁ ਜਾਣੈ ਤਾਕਉ ਪਾਪੁ ਨ ਪੁੰਨੰ ॥
[ਸਿਧ ਗੋਸਟਿ ਸਫਾ ੯੪੩

ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥
[ਧਨਾਸਰੀ ਮ: ੧ ਸਫਾ ੬੮੫

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥
[ਮਾਰੂ ਮ: ੧ ਸਫਾ ੧੦੩੫

ਸੁੰਨ ਸਮਾਧਿ ਰਹਹਿ ਲਿਵਲਾਗੇ ਏਕਾ ਏਕੀ ਸਬਦੁ ਬੀਚਾਰ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ॥
[ਗੂਜਰੀ ਅਸਟਪਦੀ ਮ: ੧ ਸਫਾ ੫੦੩

ਏਹੁ ਮਨੂਆ ਸੁੰਨ ਸਮਾਧਿ ਲਗਾਵੈ ਜੋਤੀ ਜੋਤਿ ਮਿਲਾਈ ॥
[ਰਾਮਕਲੀ ਮ: ੧ ਸਫਾ ੯੧੦

ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥
[ਆਸਾ ਮ: ੪ ਸਫਾ ੪੪੨

ਪੰਜਵਾਂ ਦਸਵੇਂ ਦੁਆਰ ਕਾ ਖੁਲ ਜਾਨਾ ਯਹਿ ਫਲ ਹੈ:-

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤ ਰਖੀਜੈ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥ ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥ ਤਿਤੁ ਘਟਿ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥
[ਰਾਮਕਲੀ ਮ: ੩ ਸਫਾ ੯੫੪

ਨਵ ਦਰਿ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ॥



ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ॥
[ਮਾਝ ਮ: ੩ ਸਫਾ ੧੨੪]

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ॥ਦਸਵੈ ਦੁਆਰਿ ਪ੍ਰਗਟੁ ਹੋਇ ਆਇਆ॥
ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥
[ਮਾਰੂ ਸੋਲਹੇ ਮ: ੪ ਸਫਾ ੧੦੬੯

ਨਉ ਦਰਵਾਜੇ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥
[ਕਲਿਆਣ ਮ: ੪ ਸਫਾ ੧੩੨੩

ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨ ਕੀਜੈ ॥
[ਗਉੜੀ ਬਾਵਨ ਅਖਰੀ ਕਬੀਰ ਸਫਾ ੩੪੧

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥
[ਰਾਮਕਲੀ ਬਾਣੀ ਬੇਣੀ ਕੀ ਸਫਾ ੯੭੪

(ਸਤਵਾਂ ਸਿਲਖੜੀ ਦਰਸ਼ਨ) ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰ ਗਹਿ ਰਾਖਿਆ ਚੰਦੁ ॥ ਪਛਮ ਦੁਆਰੈ ਸੂਰਜੁ ਤਪੈ ॥ ਮੇਰੁ ਡੰਡੁ ਸਿਰ ਊਪਰਿ ਬਸੈ ॥ ੨ ॥ ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥ ਖਿੜਕੀ ਊਪਰਿ ਦਸਵਾਂ ਦੁਆਰੁ ॥ ਕਹਿ ਕਬੀਰ ਤਾਂਕਾ ਅੰਤੁ ਨ ਪਾਰੁ ॥ [ਭੈਰਉ ਕਬੀਰ ਸਫਾ ੧੧੫੯

(ਅਠਵਾਂ ਗੁਫਾ ਪ੍ਰਵੇਸ਼) ਭੀਤਰਿ ਕੋਟ ਗੁਫਾ ਘਰ ਜਾਈ ॥ [ਮਾ: ਮ: ੧ ਸਫਾ ੧੦੩੩
ਸਹਜ ਗੁਫਾ ਘਰੁ ਜਾਣੈ ਸਾਚਾ ॥ ਨਾਨਕ ਸਾਚੇ ਭਾਵੈ ਸਾਚਾ ॥
[ਸਿਧ ਗੋਸਟ ਸਫਾ ੯੩੯

ਇਸ ਗੁਫਾ ਮਹਿ ਅਖੁਟ ਭੰਡਾਰਾ ॥
(ਨੌਵਾਂ ਸਚ ਖੰਡ ਦਰਸ਼ਨ) ਸਚ ਖੰਡਿ ਵਸੈ ਨਿਰੰਕਾਰੁ ॥ [ਜਪੁਜੀ ਸਾਹਿਬ ਸਫਾ ੮
ਰੂਪੁ ਸਤਿ ਜਾਕਾ ਸਤਿ ਅਸਥਾਨੁ ॥ [ਸੁਖਮਨੀ ਸਾਹਿਬ ਸਫਾ ੨੮੪
ਬਾਬਾ ਪੈਧਾ ਸੱਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ ॥
[ਭਾਈ ਗੁਰਦਾਸ ਵਾਰ ੧ ਪਉ: ੨੪

ਇਸ ਪ੍ਰਕਾਰ ਦੋਨੋਂ ਯੋਗੋਂ ਸੇ ਰਾਜ ਯੋਗ ਕਾ ਮਹਾਤਮ ਅਧਿਕ ਹੈ:-

(ਸ਼ਲੋਕ) ਰਾਜਤ੍ਵਾਤ ਸਰਵ ਯੋਗਾਨਾਂ ਰਾਜਯੋਗ ਇਤਿ ਸਿਮ੍ਰਿਤ: ॥

**ਰਾਜੰਤੰ ਦੀਪਯਮਾਨੰਤੰ ਪਰਮਾਤਮੰ ਅਬਯਯੰ ॥ ੧ ॥ ਪ੍ਰਾਪਯੇਤ੍ਰਦੇਹਿਨਾ ਯਸਤੂ ਰਾਜ ਯੋਗੋ ਸ ਕੀਰਤਿਤ: ॥ ਰਾਜ ਯੋਗਸਯ ਮਹਾਤਮਯੰ ਕੋ ਵਾ ਜਾਨਾਤਿ ਤਤ੍ਵਤ: ॥ ੨ ॥**

ਟੀਕਾ–ਸਮਸਤ ਯੋਗੋਂ ਕਾ ਰਾਜਾ ਹੋ ਕਰ ਰਹਿਨੇ ਸੇ ਰਾਜ ਯੋਗ ਮਾਨ ਗਯਾ ਹੈ, ਅਬਿਨਾਸ਼ੀ ਪਰਮਾਤਮਾ ਕੀ ਪ੍ਰਾਪਤੀ ਕਰਨੇ ਵਾਲਾ ਵਹ ਰਾਜ ਯੋਗ ਹੈ ਯਹ ਕਹਾ ਹੈ ਵਸਤੁਤ: ਰਾਜ ਯੋਗ ਕੇ ਮਹਾਤਮ ਕੋ ਜਾਨਨੇ ਵਾਲਾ ਕੌਨ ਹੈ ਭਾਵ ਕੋਈ ਨਹੀਂ।

**ਨ ਦ੍ਰਿਸ਼੍ਰੀ ਲਖਸਯਾਣਿ ਨ ਚਿਤ ਬੰਧੋ ਨ ਦੇਸ਼ਕਾਲੋਨਚ ਵਾਯੂ ਰੋਧ: ॥ ਨਧਾਰਣਾ ਧਿਆਨ ਪਰਿਸ੍ਰਮੋਵਾ ਸਮੇਤ ਮਾਨੇ ਸਤਿ ਰਾਜ ਯੋਗੇ ॥**

ਅਰਥ–ਰਾਜ ਯੋਗ ਅਭਿਆਸ ਕੇ ਵਧ ਜਾਨੇ ਪਰ ਦ੍ਰਿਸ਼ਟੀ ਕੋ ਲੱਖਯ ਮੇਂ ਲਗਾਨੇ ਕੀ ਭੀ ਜ਼ਰੂਰਤ ਨਹੀਂ, ਨ ਵਾਯੂ ਕੋ ਹੀ ਰੋਕਨੇ ਕੀ ਜਰੂਰਤ ਹੈ, ਨਾ ਧਾਰਨਾ ਧਿਆਨ ਮੇਂ ਪਰੀਸ੍ਰਮ ਕਰਨੇ ਕੀ ਜ਼ਰੂਰਤ ਹੈ ਔਰ ਨ ਦੇਸ਼ ਕਾਲ ਕੀ ਵਿਧੀ ਹੈ। ਇਸ ਪ੍ਰਕਾਰ ਰਾਜ ਯੋਗ ਕਾ ਮਹਾਤਮ ਕਥਨ ਸੇ ਪਰੇ ਹੈ। ਇਤਨੇ ਕਥਨ ਸੇ ਨਾਮ ਕੀ ਦੂਸਰੀ ਯੁਕਤੀ 'ਧਿਆਨ' ਹੈ ਜਿਸਕੋ ਭਾਈ ਗੁਰਦਾਸ ਜੀ ਨੇ ਕੂਰਮਵਤ ਲਿਖਾ ਹੈ, ਵੋਹ ਦੂਸਰੀ ਯੁਕਤੀ ਸਮਾਪਤ ਕਰੀ।

# ਨਾਮ ਕੀ ਤੀਸਰੀ ਯੁਕਤੀ ਗਯਾਨ

ਨਾਮ ਕੀ ਤੀਸਰੀ ਯੁਕਤੀ ਗਯਾਨ ਹੈ ਹੰਸ ਕੀ ਨਿਆਈ। ਪ੍ਰਮਾਣ:-

**ਗਿਆਨ ਧਿਆਨ ਸਿਮਰਣਿ ਜੁਗਤਿ ਕੂੰਜ ਕੂਰਮ ਹੰਸ ਵੰਸ ਵਸੰਦਾ॥**

[ਭਾ: ਗੁਰਦਾਸ ਵਾਰ ੩ ਪਉੜੀ ੧੩

**ਹੰਸਹੁ ਹੰਸ ਗਿਆਨ ਕਰਿ ਦੁਧਹਿ ਵਿਚਹੁ ਕਢੈ ਪਾਣੀ ॥**

[ਭਾਈ ਗੁਰ: ਵਾ: ੨੪ ਪਉੜੀ ੨੨

**ਜਿਉ ਜਲ ਦੂਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥**

[ਮਲਾਰ ਮ: ੪ ਸਫਾ ੧੨੬੪

(ਸਨਕਾਦਯੋ ਵਾਚ) **ਗੁਣੇਸ਼ੁ ਆਵਿਸ਼ਤੇ ਚੇਤੋ ਗੁਣਾ: ਚੇਤਸਿ ਚ ਪ੍ਰਭੋ ॥ ਕਥੰ ਅਨਯੋ ਅਨਯ ਸੰਤਯਾਗੋ ਮੁਮੁਖਯੋ: ਅਤਿ ਤਿਤੀਰਸ਼ਾ: ॥ ੧੭ ॥**

(ਸ੍ਰੀ ਭਗਵਾਨੋ ਵਾਚ)—**ਏਵੰ ਪ੍ਰਿਸ਼੍ਟੋ ਮਹਾਦੇਵ: ਸੁਯੰਭੂਰਭੂਤ ਭਾਵਨ: ॥ ਧਯਾਯਮਾਨ: ਪ੍ਰਸ਼ਨ ਬੀਜੰ ਨ ਅਭਿ ਅਪਦਯਤ ਕਰਮ ਧਿ ॥ ੧੮ ॥**



**ਸ ਮਾ ਅਚਿੰਤਯਤ ਦੇਵ ਪ੍ਰਸ਼ਨ ਪਾਰ ਤਿਤੀਰਸ਼ਯਾ ਤਸਯ ਅਹੰ ਹੰਸ ਰੂਪੇਣ ਸਕਾਸ਼ੰ ਅਗਮੰ ਤਦਾ ॥੧੯॥**

ਅਰਥ–ਸਨਕਾਦੀ ਬੋਲੇ, ਹੇ ਪ੍ਰਭੋ ਬ੍ਰਹਮਾ ਜੀ! ਚਿਤ ਅਪਨੇ ਸੁਭਾਵ ਸੇ ਹੀ ਗੁਣ ਯਾਨੇ ਵਿਸ਼ਯੋਂ ਮੇਂ ਪ੍ਰਵੇਸ਼ ਕਰਤਾ ਹੈ ਤਥਾ ਅਨੁਭੂਤ ਵਿਸ਼ਯ ਵਾਸ਼ਨਾ ਰੂਪ ਸੇ ਚਿਤ ਮੇਂ ਪ੍ਰਵੇਸ਼ ਕਰਤੇ ਹੈਂ ਅਬ ਵਿਸ਼ਯੋਂ ਕੇ ਤਿਆਗ ਕਰਨੇ ਕੀ ਇਛਾ ਵਾਲਾ ਮੁਮੁਖ਼ਸ਼ ਪੁਰਖ ਪਰਸਪਰ ਇਨ ਦੋਨੋਂ ਕੋ ਕਿਸ ਪ੍ਰਕਾਰ ਭਿੰਨ ਭਿੰਨ ਕਰੇ ॥ ੧੭ ॥

ਇਸ ਪ੍ਰਕਾਰ ਪੁਤਰੋਂ ਕੇ ਪੂਛਨੇ ਪਰ ਬ੍ਰਹਮਾ ਜੀ ਨੇ ਜੋ ਕੁਛ ਕਹਾ ਥਾ ਵੋਹ ਭਗਵਾਨ ਸ੍ਰੀ ਕ੍ਰਿਸ਼ਣ ਚੰਦਰ ਜੀ ਊਧੋ ਪ੍ਰਤਿ ਕਹਤੇ ਹੈਂ ਕਿ ਇਸ ਭਾਂਤਿ ਜਬ ਸਨਕਾਦਕੋਂ ਨੇ ਕਹਾ ਤਬ ਸੁਯੰਭੂ ਬ੍ਰਹਮਾ ਬੜੇ ਦੇਵ ਵਿਸ੍ਵ ਕੇ ਪਾਲਿਕ ਵਿਚਾਰਨੇ ਲਗੇ ਪਰੰਤੂ ਪ੍ਰਸ਼ਨ ਕਾ ਪਾਰ ਨ ਪਾ ਸਕੇ ਕਿਉਂਕਿ ਸ੍ਰਿਸ਼ਟੀ ਕਰਮ ਸੇ ਵਿਖਿਸਪ੍ਤ ਬੁਧੀ ਹੋ ਰਹੀ ਥੀ ॥ ੧੮ ॥ ਤਬ ਪ੍ਰਸ਼ਨ ਕਾ ਉਤਰ ਦੇਨੇ ਕੇ ਲੀਏ ਬ੍ਰਹਮਾ ਨੇ ਮੇਰਾ ਚਿੰਤਨ ਕੀਯਾ ਤਦ ਮੈਂ ਹੰਸ ਰੂਪ ਹੋ ਕਰ ਬ੍ਰਹਮਾ ਕੇ ਨਿਕਟ ਗਯਾ ਔਰ ਦੂਧ ਸੇ ਜਲ ਕੋ ਜੁਦਾ ਕਰ ਦਿਖਾਯਾ ਔਰ ਸਮਝਾਇਆ ਕਿ ਐਸੇ ਹੀ ਵਿਸ਼ਯੋਂ ਸੇ ਇੰਦ੍ਰਯੋਂ ਕੋ ਜੁਦਾ ਕਰੋ ਤਥਾ ਅਨਾਤਮਾ ਸੇ ਆਤਮਾ ਕੋ ਜੁਦਾ ਕਰੋ ॥ ੧੯ ॥ ਇਸੀ ਵਾਸਤੇ ਪਰਮ ਹੰਸ ਸਨਯਾਸ ਹੰਸ ਕੀ ਨਿਆਈ ਅਨਾਤਮਾ ਸੇ ਆਤਮਾ ਕੋ ਜੁਦਾ ਕਰਨੇ ਵਾਸਤੇ ਸ੍ਰਤਿ ਨੇ ਕਹਾ ਹੈ। ਯਾਂਤੇ ਅਧਿਕਾਰੀ ਪਰਮ ਹੰਸ ਗੁਰੂ ਕੇ ਪਾਸ ਜਾ ਕਰ ਆਤਮਾ ਅਨਾਤਮਾ ਕਾ ਦ੍ਰਸ਼ਟਾ ਦ੍ਰਿਸ਼ਯ ਕਾ ਸਾਖੀ ਸਾਖਯ ਕਾ ਵਿਚਾਰ ਕਰੇ ਇਸਕਾ ਨਾਮ ਤੀਸਰੀ ਗਯਾਨ ਯੁਕਤੀ ਹੈ। ਇਸ ਸੇ ਪਹਿਲੇ ਚਿਤ ਸੁਧੀ ਵਾਸਤੇ ਨਿਸ਼ਕਾਮ ਨਿਤਯ ਨੈਮਿਤਯ ਕਰਮ ਕਰੇ। (੧) ਤਥਾ ਈਸ੍ਵਰ ਉਪਾਸ਼ਨਾ ਕਰੇ। (੨) ਕਿਉਂਕਿ ਚਿਤ ਮੇਂ ਤੀਨ ਦੋਸ ਹੋਤੇ ਹੈਂ। (੧) ਮਲ। (੨) ਵਿਖਸ਼ੇਪ। (੩) ਆਵਰਣ। ਇਨ ਦੋਸ਼ੋਂ ਕੀ ਨਿਵਿਰਤੀ ਵਾਸਤੇ ਵੇਦੋਂ ਮੇਂ ਤੀਨ ਕਾਂਡ। (੧) ਕਰਮ ਕਾਂਡ। (੨) ਉਪਾਸਨਾ ਕਾਂਡ। (੩) ਗਿਆਨ ਕਾਂਡ ਲਿਖੇ ਹੈਂ। ਗੁਰੂ ਜੀ ਨੇ ਇਨ ਤੀਨੋਂ ਕਾਂਡੋਂ ਕਾ ਅਰਥ ਨਾਮ ਕੀ ਤੀਨ ਯੁਕਤੀਓਂ ਮੇਂ ਕਹਾ ਹੈ ਯਾਨੇ (੧) ਕੂੰਜ ਕੀ ਨਿਆਈਂ ਸਿਮਰਣ ਯੁਕਤੀ, (੨) ਕਛੂ ਕੀ ਨਿਆਈਂ ਧਿਆਨ ਯੁਕਤੀ ਔਰ (੩) ਹੰਸ ਕੀ ਨਿਆਈ ਗਿਆਨ ਯੁਕਤੀ ਇਨ ਤੀਨ ਯੁਕਤੀਓਂ ਮੇਂ ਤੀਨੋਂ ਕਾਂਡੋਂ ਕਾ ਅਰਥ ਲਿਖਾ ਹੈ। ਕਰਮ ਕਾਂਡ ਸੇ ਮਲ ਦੋਸ ਦੂਰ ਹੋਵੇ ਹੈਂ। ਉਪਾਸਨਾ ਕਾਂਡ ਸੇ ਵਿਖਸ਼ੇਪ ਦੋਸ਼ ਦੂਰ ਹੋਵੇ ਹੈ, ਔਰ ਗਿਆਨ ਕਾਂਡ ਸੇ ਆਵਰਣ ਦੋਸ ਦੂਰ ਹੋਵੇ ਹੈ। ਪਹਿਲੇ ਮਲ ਦੋਸ਼ ਕੇ ਦੂਰ ਕਰਨੇ ਵਾਸਤੇ ਨਿਤਯ ਨੈਮਿਤਯ ਕਰਮ ਜਗਯਾਸੂ ਕਰੇ ਸੋ ਨਿਤਯ ਕਰਮ ਯਹ ਹੈ:-

(ਸ਼ਲੋਕ) **ਸਨਾਨੰ, ਸੰਧਿਆ, ਜਪੋ, ਹੋਮ, ਸੁਵਾਧਿਆਇਓ, ਦੇਵਤਾਰਚਨੰ, ਅਤਿਥਿੰ, ਪੂਜਨੰ ਚੈਵ ਗ੍ਰੇਹੀਨੰ ਨ੍ਰਿਪ ਦੰਡਵਤ ॥ ੧ ॥**

ਅਰਥ– ੧) ਸਨਾਨ ਕਰਨਾ । (੨) ਸੰਧਿਆ ਉਪਾਸਨੀ । (੩) ਜਪ ਕਰਨਾ। (੪) ਅਗਨੀ ਹੋਤ੍ਰ ਕਰਨਾ । (੫) ਵੇਦ ਪਾਠ ਜਾਂ ਨਿਤਯ ਨੈਮਿਤਯ ਕਰਨਾ। (੬) ਦੇਵਤਾ ਕਾ ਪੂਜਨ ਰਨਾ। (੭) ਅਪਨੇ ਘਰ ਮੇਂ ਆਏ ਅਤਿਥੀ ਕਾ ਅੰਨ ਜਲ ਸੇ ਪੂਜਨ ਕਰਨਾ । ] ਸਾਤ ਬਾਤੇਂ ਗ੍ਰਿਸਥ ਕੋ, ਰਾਜਾ ਕੇ 'ਦੰਡ ਵਤ' ਨਿਤਾਪ੍ਰਤਿ ਆਵਸ਼ਯ ਕਰਨੀ ਚਾਹੀਏ । ਤ ਇਨ ਸਾਤੋਂ ਕਾ ਸਰੂਪ ਨਿਰੂਪਣ ਕਰਤੇ ਹੈਂ। (੧) ਸਨਾਨ:-

**(ਸ਼ਲੋਕ) ਅਦਭਿ: ਗਾਤ੍ਰਾਣੀ ਸ਼ੁਧਯੰਤੀ ਮਨ: ਸਤਯੇਨ ਸ਼ੁਧਯਤੀ ॥ ਵਿਦਿਆ ਤਪੋਭਯਾਂ ਭੂਤਾਤਮਾ ਬੁਧਿ: ਗਯਾਨੇਨ ਸ਼ੁਧਯਤੀ ॥ ੨ ॥**

ਅਰਥ–ਮਨੁ ਜੀ ਕਹਤੇ ਹੈਂ ਜਲ ਅਸ਼ਨਾਨ ਸੇ ਸਰੀਰ ਕੀ ਸੁਧੀ ਹੋਤੀ ਹੈ, ਸਤ ਯਾਨੇ ਬ੍ਰਹਮ ਚਿੰਤਨ ਵਾ ਸਤ ਬੋਲਣੇ ਸੇ ਮਨ ਕੀ ਸੁਧੀ ਹੋਤੀ ਹੈ । ਵਿਦਯਾ ਤਪ ਸੇ ਜੀਵ ਸੁਧੀ ਹੋਤੀ ਹੈ ਔਰ ਬ੍ਰਹਮ ਗਿਆਨ ਸੇ ਬੁੱਧੀ ਕੀ ਸੁਧੀ ਹੋਤੀ ਹੈ। ਸਰੀਰ ਸੁਧੀ ਵਾਸਤੇ ਪਹਿਲੇ ਜਲ ਸ਼ਨਾਨ ਕਰੇ । ਸ਼ਨਾਨ ਕੀ ਯਹ ਵਿਧਿ ਹੈ, ਚਾਰ ਘੜੀ ਰਾਤ੍ਰੀ ਰਹਿਨੇ ਪਰ ਸਨਾਨ ਕਰੇ ਸੋ ਦੇਵ ਸ਼ਨਾਨ ਕਹਾ ਜਾਤਾ ਹੈ ਤਥਾ ਉਸਕਾ ਗੰਗਾ ਸਨਾਨ ਕੇ ਸਾਦ੍ਰਿਸ਼ ਪੁੰਨ ਕਥਨ ਕਰਾ ਹੈ ਤਥਾ ਹਜ਼ਾਰ ਗਊ ਦਾਨ ਕੇ ਪੁੰਨ ਕੇ ਬਰਾਬਰ ਮਹਾਤਮ ਕਥਨ ਕਰਾ ਹੈ ਔਰ ਦੋ ਘੜੀ ਰਾਤ੍ਰੀ ਰਹਿਤੇ ਸ਼ਨਾਨ ਕਰਨੇ ਕਾ ਮਹਾਤਮ ਗੰਗਾ ਭਿਨ ਦੂਸਰੀ ਨਦੀਓਂ ਕੇ ਬਰਾਬਰ ਤਥਾ ਸੋ ਗਊ ਦਾਨ ਕੇ ਬਰਾਬਰ ਹੈ। ਸਰਜ ਉਦਯ ਕਾਲ ਮੇਂ ਸ਼ਨਾਨ ਕਰਨੇ ਸੇ ਦਸ ਗਊ ਕੇ ਦਾਨ ਕੇ ਬਰਾਬਰ ਮਹਾਤਮ ਹੈ ਉਸਕੇ ਪੀਛੇ ਇਕ ਗਊ ਦਾਨ ਕੇ ਬਰਾਬਰ ਮਹਾਤਮ ਹੈ ਅਤੇ ਕੂਪ ਜਲ ਸੇ ਤਲਾਬ ਮੇਂ ਸਨਾਨ ਕਰਨੇ ਕਾ ਦਸ ਗੁਣਾ ਅਧਿਕ ਮਹਾਤਮ ਹੈ ਤਲਾਬ ਸੇ ਨਹਿਰ ਕੇ ਜਲ ਕਾ ਦਸ ਗੁਣਾਂ ਅਧਿਕ ਮਹਾਤਮ ਹੈ ਨਹਿਰ ਸੇ ਛੋਟੀ ਨਦੀ ਕੇ ਜਲ ਕਾ ਦਸ ਗੁਣਾ ਅਧਿਕ ਮਹਾਤਮ ਹੈ ਛੋਟੀ ਨਦੀ ਸੇ ਬੜੀ ਨਦੀ ਕਾ ਮਹਾਤਮ ਦਸ ਗੁਣਾ ਅਧਿਕ ਹੈ ਬੜੀ ਨਦੀ ਸੇ ਜਮੁਨਾ ਸੁਰਸ੍ਵਤਿ ਨਰਬਦਾ ਆਦਿਕ ਨਦੀਓਂ ਕੇ ਸ਼ਨਾਨ ਕਾ ਦਸ ਗੁਣਾ ਅਧਿਕ ਮਹਾਤਮ ਹੈ । ਔਰ ਇਸ ਸੇ ਭੀ ਸ੍ਰੀ ਗੰਗਾ ਜੀ ਕੇ ਅਸ਼ਨਾਨ ਕਾ ਮਹਾਤਮ ਦਸ ਗੁਣਾਂ ਅਧਿਕ ਹੈ। ਰਾਤ੍ਰੀ ਕੇ ਚਾਰ ਘੜੀ ਰਹਿਤੇ ਹੀ ਜਲ ਪਾਸ ਜਾਕਰ ਜਲ ਅਭਿਮਾਨੀ ਵਰਣ ਦੇਵ ਕੋ ਨਮਸਕਾਰ ਕਰਕੇ ਪ੍ਰਵਾਹ ਕੀ ਤਰਫ ਮੁਖ ਕਰ ਜਾਂ ਉਤਰ ਪੂਰਬ ਮੁਖ ਕਰ ਸਰਬ ਤੀਰਥੋਂ ਕੋ ਸਿਮਰਣ ਕਰੇ ਔਰ ਭਗਵਾਨ ਕੋ ਅਨੇਕ ਨਾਮੋਂ ਸੇ ਨਮਸਕਾਰ ਕਰੇ ਤਥਾ ਹੀ:-

**ਓਂ ਨਾਰਾਯਣਾਯ ਨਮ: ਓਂ ਕੇਸ਼ਵਾਯ ਨਮ: ਓਂ ਅਚੁਤਾਯ ਨਮ: ਓਂ ਗੋਵਿੰਦਾਯ ਨਮ: ਓਂ ਮਾਧਵਾਯ ਨਮ: ਓਂ ਸ਼ੰਕਰਾਯ ਨਮ: ॥**

ਇਤਯਾਦਿ ਨਾਮ ਸੇ ਭਗਵਾਨ ਕੋ ਨਮਸਕਾਰ ਕਰਤਾ ਹੂਆ ਜਲ ਵਿਖੇ ਟੁੰਭੀ ਲਗਾਵੇ ਔਰ ਟੁਭੀ ਲਗਾਤੇ ਜਲ ਕੇ ਅੰਦਰ ਹੀ ਏਕ ਸ੍ਵਾਸ ਸੇ ਤੀਨ ਵਾਰ



ਅਘਮਰਸਣ ਮੰਤ੍ਰ ਕਾ ਜਾਪ ਕਰੇ ਵੋਹ ਅਘਮਰਸਣ ਮੰਤ੍ਰ ਇਹ ਹੈ:-

**ਓਂ ਰਿਤੰ ਚ ਸਤਯੰ ਚਾਭਿਧਾ ਤਪਸੋਧਯਜਾਯਤ ਤਤੋ ਰਾਤ੍ਰਿ ਅਜਾਯਤ ਤਤ: ਸਮੁਦ੍ਰੋ ਅਰਣਵ: ਸਮੁਦ੍ਰਾਦਰਣਵਾ ਦਧਿ ਸੰਵਤ ਸਰੋ ਅਜਾਯਤ ਅਹੋ ਰਾਤ੍ਰਾਣਿ ਵਿਦਧਦ੍ਵਿਸ੍ਵਸਯ ਮਿਸ਼ਤੋ ਵਸ਼ੀ ਸੂਰਯਾ ਚੰਦ੍ਰ ਮਸਊ ਧਾਤਾ ਯਥਾ ਪੂਰਵ ਮਕਲਪ ਯਤ੍ਰ ਦਿਵੰਚ ਪ੍ਰਿਥਵੀ ਚਾਂਤਰਿਖਯ ਮਥੋ ਸ੍ਵਾਹਾ: ॥**

ਟੀਕਾ–ਇਸ ਰਿਗ ਵੇਦ ਕੇ ਮੰਤ੍ਰ ਕੋ ਜਲ ਮੇਂ ਟੁਭੀ ਲਗਾ ਕਰ ਤੀਨ ਵਾਰੀ ਪੜ੍ਹਨਾ ਇਸ ਪ੍ਰਕਾਰ ਸ਼ਾਸਤ੍ਰ ਵਿਧਿ ਪੂਰਬਕ ਕਹਾ ਹੂਆ ਸ਼ਨਾਨ ਗਯਾਤ ਅਗਯਾਤ ਅਨੇਕ ਕੋਟੀ ਜਨਮੋਂ ਕੇ ਸੰਚਿਤ ਕਰੇ ਹੂਏ ਪਾਪ ਕਰਮੋਂ ਕੋ ਨਸ਼ਟ ਕਰ ਦੇਤਾ ਹੈ ਯਾਨੇ ਅਗਮਯ ਗਮਨ ਮਦਯ ਪਾਨ ਅਭਖਸ਼ ਭਖਸ਼ ਆਦਿਕ ਪਾਪੋਂ ਕੋ ਨਾਸ਼ ਕਰਕੇ ਸੁਰਗਾਦਿ ਉਤਮ ਲੋਕੋਂ ਕੋ ਪ੍ਰਾਪਤ ਕਰਣੇ ਵਾਲਾ ਹੈ ਔਰ ਜੋ ਬਾਲ ਬ੍ਰਿਧ ਰੋਗੀ ਸੇ ਬਿਨਾ ਆਲਸਯ ਜਾਂ ਪ੍ਰਮਾਦ ਕਰਕੇ ਸ਼ਨਾਨ ਸੇ ਬਿਨਾ ਭੋਜਨ ਕਰਤਾ ਹੈ ਸੋ ਵਿਸ਼ਟਾ ਕੇ ਤੁਲਯ ਸਾਸਤ੍ਰ ਮੇਂ ਕਥਨ ਕਰਾ ਹੈ।

**ਸ਼ਲੋਕ–ਅਸਨਾਤਾ ਅਸ਼ੀ ਮਲੰ ਭੁੰਕਤੇ ਅਜਪੀ ਪਯ ਸ਼ੋਣਿਤੰ ਅਹੁਤ੍ਵਾ ਚ ਮਲੰ ਭੁੰਕਤੇ ਅਦਤ੍ਵਾ ਚ ਵਿਟ ਭੋਜਨੰ ॥**

ਅਰਥ–ਬਿਨਾ ਸ਼ਨਾਨ ਸੇ ਜੋ ਭੋਜਨ ਕਰਤਾ ਹੈ ਸੋ ਮਾਨੋ ਮੈਲ ਕਾ ਹੀ ਭੋਜਨ ਕਰਤਾ ਹੈ ਔਰ ਬਿਨਾ ਜਪ ਸੇ ਜੋ ਦੂਧ ਆਦਿਕ ਭੀ ਪੀਤਾ ਹੈ ਸੋ ਮਾਨੋ ਲੋਹੂ (ਰਤ) ਪਾਨ ਕਰਤਾ ਹੈ। ਔਰ ਅਗਨੀ ਹੋਤ੍ਰ ਸੇ ਬਿਨਾ ਜੋ ਭੋਜਨ ਕਰਤਾ ਹੈ ਸੋ ਚੋਦਹ ਭਵਨ ਕੇ ਮੈਲ ਕੋ ਖਾਤਾ ਹੈ ਔਰ ਦਾਨ ਸੇ ਬਿਨਾ ਜੋ ਭੋਜਨ ਕਰਤਾ ਹੈ ਸੋ ਭੋਜਨ ਕੂਕਰ ਸੂਕਰ ਕੇ ਵਿਸ਼ਟਾ ਕੇ ਬ੍ਰਾਬਰ ਹੈ । ਇਸ ਪ੍ਰਕਾਰ ਸ਼ਨਾਨ ਸੇ ਬਿਨਾ ਨਿਰੋਗ ਜਵਾਨ ਕੋ ਭੋਜਨ ਨ ਕਰਨਾ ਚਾਹੀਏ ॥ ਰੋਗੀ ਤਥਾ ਬਾਲ ਬ੍ਰਿਧ ਕੋ ਵੀ ਗਰਮ ਜਲ ਸੇ ਸ਼ਨਾਨ ਕਰਨਾ ਚਾਹੀਏ ਪਰੰਤੂ ਸੂਤਕ ਪਾਤਕ ਸੰਕ੍ਰਾਂਤਿ, ਸ੍ਰਾਧ ਤਥਾ ਅਪਨੇ ਜਨਮ ਵਾਲੇ ਦਿਨ ਗਰਮ ਜਲ ਸੇ ਸ਼ਨਾਨ ਨਹੀਂ ਕਰਨਾ ਚਾਹੀਏ ਤਥਾ ਚੰਡਾਲ ਆਦਕੋਂ ਕੇ ਸਪਰਸ਼ ਹੋਨੇ ਸੇ ਭੀ ਗਰਮ ਜਲ ਸੇ ਸਨਾਨ ਨਾ ਕਰਨਾ ਚਾਹੀਏ ਠੰਢੇ ਸੇ ਕਰਨਾ ਚਾਹੀਏ, ਅਗਰ ਸ਼ਨਾਨ ਕਰਨੈ ਮੇਂ ਅਸਮਰਥ ਹੋ ਤੋ ਕਪੜੇ ਬਦਲਾ ਦੇਵੇ ਔਰ ਗਿਲੇ ਕਪੜੇ ਸੇ ਸ਼ਰੀਰ ਪੋਛ ਲੇਵੇ, ਜਲ ਮੇਂ ਟੁਬੀ ਲਗਾ ਕਰ ਅਘਮਰਸ਼ਕ ਮੰਤ੍ਰ ਕਾ ਜਾਪ ਕਰਨੇ ਸੇ ਸਰਬ ਪਾਪੋਂ ਸੇ ਮੁਕਤ ਹੋ ਜਾਤਾ ਹੈ ਜੈਸੇ ਅਸਮੇਧ ਜਗ ਕਰਨੈ ਸੇ । ਪ੍ਰਮਾਣ:-

**(ਸ਼ਲੋਕ) ਯਥਾ ਅਸ਼੍ਵਮੇਧ ਅਸ਼੍ਵਮੇਧ: ਕ੍ਰਿਤੂ ਰਾਟ ਸਰਬ ਖਾਪ ਉਪਨੋਦਨੰ ਤਥਾ ਅਘਮਰਖਣੰ ਸੂਕਤੰ ਸਰਬ ਪਪ ਉਪਨੋਦਨ: ॥**

ਟੀਕਾ-ਜੈਸੇ ਸਰਬ ਯਗੋਂ ਕਾ ਰਾਜਾ ਅਸ਼ਮੇਧ ਜਗ ਸਰਬ ਪਾਪੋਂ ਕੋ ਨਾਸ਼ ਕਰ ਦੇਤਾ ਹੈ ਤੈਸੇ ਅਘਮਰਸ਼ਨ ਮੰਤਰ ਭੀ ਸਰਬ ਪਾਪੋਂ ਕੋ ਨਾਸ਼ ਕਰ ਦੇਤਾ ਹੈ, (ਇਤੀ ਸਨਾਨ ਵਿਧਿ) । ਸ਼ਨਾਨ ਕੇ ਪੀਛੇ ਕੇਸਰ ਚੰਦਨ ਆਦਕੋਂ ਕਾ ਤਿਲਕ ਲਗਾਏ ਫਿਰ ਭੂਮੀ ਕੋ ਜਲ ਛਿੜਕ ਕਰ ਸੁਧ ਕਰਕੇ ਕੁਸ਼ਾ ਕਾ ਆਸਨ ਵਾ ਸ਼ੇਰ ਚਰਮ ਵਾ ਮਿਰਗਛਾਲਾ ਵਾ ਕੰਬਲ ਵਿਛਾ ਕਰ ਬੈਠੇ ਕਿਉਂਕਿ ਯਹ ਚਾਰ ਆਸਣ ਪੁੰਨ ਰੂਪ ਗਿਣੇ ਹੈਂ ਬਾਕੀ ਆਸਨ ਪੁੰਨ ਰੂਪ ਨਹੀਂ । ਪ੍ਰਮਾਣ-

**(ਸਲੋਕ) ਕੁਸ਼ਾ ਆਸਨੇ ਭਵੇਤ ਆਯੂ ਮੋਖਸ਼ ਸਿਆਤ ਵਿਆਘਰ ਚਰਮਣੀ॥ ਅੰਜਨੇ ਸਰਬ ਸਿਧੀ ਸਿਆਤ ਕੰਬਲੇ ਸਿਧਿਰੁਤਮ: ॥ ੧ ॥**

ਅਰਥ-ਕੁਸ਼ਾ ਕਾ ਆਸਣ ਆਯੂ ਕਾ ਵਰਧਕ ਹੈ, ਸ਼ੇਰ ਚਰਮ ਮੋਖਸ਼ ਕੇ ਦੇਨੇ ਵਾਲਾ ਹੈ, ਮਿਰਗੰਬਰ ਸਰਬ ਸਿਧੀ ਦੇਣੇ ਵਾਲਾ ਹੈ ਔਰ ਕੰਬਲ (ਊਨ ਕਾ ਆਸਨ) ਉਤਮ ਸਿਧੀ ਕੇ ਦੇਨੇ ਵਾਲਾ ਹੈ ॥ ੧ ॥

**(ਸ਼ਲੋਕ) ਵਸਤ੍ਰ ਆਸਣੇਚ ਦਾਰਦਰਿਯਮ੍ ਧਰਣਯਾਂ ਸ਼ੋਕ ਸੰਭਵ:। ਕਾਸ਼ਟ ਆਸਣੇ ਭਵੇਤ ਵਿਆਧੀ: ਸ਼ਿਲਾਯਾਮ ਵਿਅਰਥ ਸ਼੍ਰਮ: ॥**

ਅਰਥ-ਵਸਤਰ ਕਾ ਆਸਣ ਪੁਰਸ਼ ਕੋ ਦਰਿਦ੍ਰੀ ਕਰ ਦੇਤਾ ਹੈ ਖਾਲੀ ਪ੍ਰਿਥਵੀ ਪਰ ਬੈਠਨੇ ਸੇ ਹਿਰਦੇ ਮੇਂ ਸ਼ੋਕ ਪੈਦਾ ਹੋ ਜਾਤਾ ਹੈ, ਕਾਸਟ ਕੇ ਆਸਨ ਪਰ ਬੈਠਨੇ ਸੇ ਬਿਆਧੀ ਪੈਦਾ ਹੋਤੀ ਹੈ, ਸ਼ਿਲਾ ਪਰ ਬੈਠਨੇ ਸੇ ਵਿਅਰਥ ਪੀਰਸ਼੍ਰਮ ਹੈ, ਇਸ ਪਰਕਾਰ ਉਤਮ ਆਸਨ ਪਰ ਬੈਠ ਕਰ ਮਨ ਕੋ ਰੋਕ ਕਰ ਈਸ਼ੁਰ ਚਿੰਤਨ ਕਰੇ ਯਾਨੀ ਸਮਾਧੀ ਲਗਾਵੇ, ਸਮਾਧੀ ਸੇ ਉਠ ਕਰ ਸੰਧਿਆ ਕਰੇ । ਸੰਧਿਆ ਤਿਨ ਕਾਲ ਕੀ ਹੈ, ਪ੍ਰਾਤਾ, ਮਧਿਆਨ ਔਰ ਸਾਯੰਕਾਲ, ਬ੍ਰਾਹਮਣ, ਛਤ੍ਰੀ ਵੈਸ਼ ਤੀਨੋ ਵਰਨੋ ਕੇ ਵਾਸਤੇ ਸੰਧਿਆ ਕਰਨੀ ਯੋਗ ਹੈ -

**(ਸ਼ਲੋਕ) ਗਾਯਤ੍ਰੀ ਨਾਮ ਪੂਰਵਾਹਿਨੇ ਸਾਵਿਤ੍ਰੀ ਮਧਿਆਨੇ ਤਥਾ॥ ਸੁਰਸਤੀਚ ਸਾਯਾਹਿਨੇ ਏਵੰ ਸੰਧਿਆ ਤ੍ਰਿਧਾਮਤਾ ॥ ੧ ॥ ਗਾਯਤ੍ਰੀ ਵੇਦ ਜਨਨੀ ਗਾਯਤ੍ਰੀ ਲੋਕ ਪਾਵਨੀ ਨ ਗਾਯਤ੍ਰਯਾ ਪਰਮ ਜਪਯੰ ਏ ਤਦ ਵਿਗਿਆਨੰ ਉਚਯਤੇ ॥ ੨॥ ਪ੍ਰਾਤਾ ਸਮਾਨੰ ਸਨਖਯਤ੍ਰ ਸੰਧਿਆ ਨਿਖਯਤ੍ਰ ਸੰਜਤਾ ॥ ਹੋਮ:ਪ੍ਰਾਕ ਉਦਿਆਤ ਭਾਨੋ ਗਾਯਾਤ੍ਰਯਾਸ੍ ਤਤੋ ਜਪ: ॥ ੩ ॥ ਸੰਧਿਆ ਉਪਾਸਨ ਸ਼ੀਲਸਚ ਸੋਮਯ ਚਿਤੋ ਦ੍ਰਿੜ ਬ੍ਰਿਤ: ਰਿਤੂ ਕਾਲੇ ਅਭਿਗਾਮੀ ਸਿਆਤ ਏਤਤ ਬ੍ਰਾਹਮਣ ਲਖਣੰ ॥ ੪ ॥**

ਅਰਥ-ਨਾਮ ਯਾਨੇ ਪਰਸਿਧ ਗਾਯਤਰੀ ਪਹਿਲੇ ਪਹਿਰ ਮੇਂ ਹੋਤੀ ਹੈ ਮਧਿਆਨ ਮੇਂ ਸਾਵਿਤ੍ਰੀ ਔਰ ਸਾਯੰਕਾਲ ਕੋ ਸਰਸ੍ਵਤੀ ਯਹ ਤੀਨ ਕਾਲ ਕੀ ਸੰਧਿਆ ਮਾਨੀ ਗਈ



ਹੈ ॥ ੧ ॥ ਗਾਯਤ੍ਰੀ ਵੇਦੋਂ ਕੀ ਮਾਤਾ ਹੈ, ਗਾਯਤ੍ਰੀ ਲੋਗੋਂ ਕੋ ਪਵਿਤ੍ਰ ਕਰਨੇ ਵਾਲੀ ਹੈ ਗਾਯਤ੍ਰੀ ਕੇ ਬ੍ਰਾਬਰ ਕੋਈ ਜਾਪ ਨਹੀਂ ਯਹੀ ਗਿਆਨ ਕਥਨ ਕਰਾ ਹੈ ॥ ੨ ॥ ਇਸ਼ਨਾਨ ਤਾਰੋਂ ਕੇ ਹੋਤੇ ਹੁਏ ਪ੍ਰਾਤਾਕਾਲ ਕਰਨਾ ਚਾਹੀਏ ਔਰ ਉਸੀ ਵਕਤ ਸੰਧਿਆ ਕਰਨੀ ਚਾਹੀਏ ਔਰ ਹੋਮ ਭੀ ਸੂਰਜ ਕੇ ਉਦੇ ਹੋਨੇ ਸੇ ਪਹਿਲੇ ਹੀ ਕਰਨਾ ਚਾਹੀਏ ਔਰ ਉਸ ਕੇ ਪੀਛੇ ਗਾਯਤ੍ਰੀ ਜਾਪ ਕਰਨਾ ਚਾਹੀਏ ॥ ੩ ॥ ਸੰਧਿਆ ਉਪਾਸ਼ਨਾ ਕਰਨੇ ਵਾਲਾ ਨਰਮ ਚਿਤ ਪੱਕਾ ਨਿਤਨੇਮੀ ਤਥਾ ਰਿਤੂ ਕਾਲ ਮੇਂ ਅਪਨੀ ਇਸਤ੍ਰੀ ਕੋ ਸੇਵਨ ਕਰਨੇ ਵਾਲਾ ਪੁਰਸ਼ ਬ੍ਰਾਹਮਣ ਕਹਾ ਜਾਤਾ ਹੈ ॥ ੪ ॥ ਇਸ ਪ੍ਰਕਾਰ ਤੀਨ ਵਾਰ ਅਘਮਰਸ਼ਨ ਜਾਪ ਯਾ ਗਾਯਤ੍ਰੀ ਜਾਪ ਯਾ ਓਂਕਾਰ ਕਾ ਮੰਤਰ ਪੜ੍ਹ ਕਰ ਆਚਮਨ ਕਰੇ, ਆਚਮਨ ਮੇਂ ਜਲ ਇਤਨਾ ਹੋਵੇ ਜੋ ਪੀਨੇ ਸੇ ਹਿਰਦੇ ਤਕ ਪਹੁੰਚੇ, ਆਚਮਨ ਕਰਕੇ ਜਲ ਸਮੀਪ ਜਾਕੇ ਪ੍ਰਾਣਾਯਾਮ ਕਰੇ । ਇਸਕਾ ਨਾਮ ਸੰਧਿਆ ਹੈ, ਸੰਧਿਆ ਸੇ ਬਾਦ ਤਰਪਣ ਕਰੇ ਯਾਨੇ ਦੇਵ ਰਿਸ਼ੀ ਪਿਤ੍ਰੋਂ ਕੋ ਮੰਤ੍ਰ ਪੜ੍ਹ ਜਲ, ਦੇਵੇ । (੨)-(੩) (ਜਪੁ) ਪੀਛੇ ਗੁਰ ਮੰਤ੍ਰ ਕਾ ਅਥਵਾ ਕਿਸੀ ਨਾਮ ਕਾ ਅਥਵਾ ਗਾਯਤ੍ਰੀ ਕਾ ਜਾਪ ਕਰੇ ਗਾਯਤ੍ਰੀ ਯਹ ਹੈ:-

**ਓਂ ਭੂਰ ਭੁਵ: ਸ੍ਵ: ਤਤਸਵਿਤੁਰ ਵਰੇਣਯੰ ਭਰਗੋਦੇਵਸਯ ਧੀਮਹੀ ਧਿਯੋ ਯੋਨ: ਪਰਚੋਦਯਾਤ ॥**

ਟੀਕਾ-ਭੂਰ ਭੁਵ: ਸ੍ਵ: ਯਹਿਤੀਨ ਵਯਾਹ੍ਰਿਤੀਆਂ ਕਹੀ ਜਾਤੀ ਹੈਂ ਸਮਸਟੀ ਪ੍ਰਾਣ ਕੇ ਅਭਿਮਾਨੀ ਕੋ ਭੂ ਕਹਿਤੇ ਹੈਂ ਤਥਾ ਰਿਗਵੇਦ ਕੋ ਭੀ ਭੂ ਕਹਿਤੇ ਹੈਂ ਸਮਸਟੀ ਅਪਾਨ ਕੇ ਅਭਿਮਾਨੀ ਕੋ ਭੁਵ ਕਹਿਤੇ ਹੈਂ ਯਜੁਰ ਵੇਦ ਕੋ ਭੀ ਭੁਵ ਕਹਿਤੇ ਹੈਂ । ਸਮਸਟੀ ਸਮਾਨ, ਉਦਾਨ, ਵਿਆਨ ਕੇ ਅਭਿਮਾਨੀ ਕੋ ਸੁਵ: ਕਹਿਤੇ ਹੈਂ ਤਥਾ ਸਾਮ ਵੇਦ ਕੋ ਭੀ ਸੁਵ ਕਹਿਤੇ ਹੈਂ । ਬ੍ਰਹਮਾ ਜੀ ਕੇ ਮੁਖ ਸੇ ਪਹਿਲੇ ਓਮ ਔਰ ਅਥ ਸ਼ਬਦ ਨਿਕਲੇ ਥੇ ਫਿਰ ਯਹ ਤੀਨੋ ਵਿਆਹਿਰਤੀਆਂ ਨਿਕਲੀਆਂ ਇਨ ਸੇ ਤੀਨੋਂ ਵੇਦ ਹੁਏ ਅਥਵਾ ਤੀਨੋਂ ਲੋਕੋਂ ਕੇ ਯਹਿ ਨਾਮ ਹੈਂ । ਭੂ ਪ੍ਰਿਥਵੀ ਲੋਕ ਕਾ ਨਾਮ ਹੈ ਭੁਵ ਅੰਤਰਿਖਯ ਲੋਕ ਕਾ ਨਾਮ ਹੈ । ਸ੍ਵ ਸਵਰਗ ਲੋਕ ਕਾ ਨਾਮ ਹੈ। ਇਨ ਤੀਨੋਂ ਵਿਆਹਿਰਤੀਓਂ ਕਾ ਰਿਸ਼ੀ ਬ੍ਰਹਮਾ ਜੀ ਹੈ ਔਰ ਗਾਯਤ੍ਰੀ, ਉਸ਼ਨਕ ਅਨੁਸ਼ਟੁਪ ਇਨਕੇ ਛੰਦ ਹੈਂ । ਅਗਨੀ ਵਾਯੂ ਸੂਰਜ ਇਨਕੇ ਦੇਵਤਾ ਹੈਂ । ਤਤ ਸਵਿਤੁਰ ਇਤਿਆਦਿ ਮੰਤਰ ਕਾ ਵਿਸ਼ਵਾਮਿਤ੍ਰ ਰਿਸ਼ੀ ਹੈ ਗਾਯਤ੍ਰੀ ਛੰਦ ਹੈ ਔਰ ਸਵਿਤਾ ਦੇਵਤਾ ਹੈ ਅਰਥ ਇਸਕਾ ਯਹ ਹੈ। ਹੇ ਪ੍ਰਕਾਸ਼ ਰੂਪ ਜਗਤ ਸ੍ਰਿਸ਼ਟਾ ਵਰਨਿਯਮ ਯਾਨੇ ਸ਼ਰਨ ਦੇਨੇ ਕੇ ਲਾਇਕ ਤਥਾ ਪ੍ਰਾਰਥਨੀਯ ਹੇ ਭਰਗੋ ਦੇਵ ਯਾਨੇ ਇਨ ਚੌਦੋਂ ਲੋਕੋਂ ਕੋ ਪ੍ਰਕਾਸ਼ ਕਰਨੇ ਵਾਲੇ ਤਥਾ ਲੋਕੋਂ ਕੋ ਅਨੰਦ ਦੇਨੇ ਵਾਲੇ ਤਥਾ ਉਤਪਤਿ ਲਯ ਕਰਨੇ ਵਾਲੇ ਤਥਾ ਸਭ ਕੋ ਕ੍ਰੀੜਾ ਕਰਾਨੇ ਵਾਲੇ ਪਾਰਬ੍ਰਹਮ ਆਪ ਕੋ ਹਮ ਮਮਖਯੂ ਜਨ ਚਿੰਤਨ ਕਰਤੇ ਹੈਂ ਔਰ ਪ੍ਰਾਰਥਨਾ ਕਰਤੇ ਹੈਂ ਕਿ ਹਮਾਰੇ ਸਰਬ ਅੰਤਹਕਰਣ ਕੀ ਬ੍ਰਿਤੀਓਂ ਕੋ ਸਰੇਸ਼ਟ ਕਾਮੋਂ ਮੇਂ ਪ੍ਰਵਿਰਤ ਕਰੋ ਯਾਨੇ ਲਗਾਓ ਇਸ ਪ੍ਰਕਾਰ ਕੇ ਅਰਥ ਸਾਹਿਤ ਗਾਯਤਰੀ ਕਾ ਜਾਪ ਕਰ ਫੇਰ ਹਵਨ ਕਰੇ ॥ ੩ ॥ (੪) ਚੌਥਾ ਹੋਮ, ਯਾਨੇ ਅਗਨੀ ਹੋਤਰ ਕਰੇ ਯਾਨੇ ਚਮਰੇ ਮੇਂ

ਘ੍ਰਿਤ ਪਾਕਰ ਮੰਤ੍ਰ ਪੜ੍ਹ ਕਰ ਹਵਨ ਕਰੇ। ਮੰਤਰ ਯੇਹ ਹੈ:-

**(੧) ਓਅੰ ਭੂਰ ਸ੍ਵਾਹਾ ਇਦ ਅਗਨਯੇ ਇਦ ਨਮਮ । (੨) ਓਅੰ ਭੁਵ: ਸ੍ਵਾਹਾ ਇਦੰ ਵਾਯਵੇ ਇਦ ਨਮਮ । (੩) ਓਅੰ ਸੁਵ: ਸ੍ਵਾਹਾ ਇਦੰ ਸੂਰਯਾਯ ਇਦ ਨਮਮ। (੪) ਓਅੰ ਭੁਰ ਭੁਵ: ਸੁਵ: ਸ੍ਵਾਹਾ ਇਦੰ ਅਗਨੀ ਵਾਯੂ ਸੂਰਯੇ ਭਯੋ ਇਦ ਨਮਮ।**

[ਅਥ ਬਲੀ ਵੈਸ਼ਯ ਕਰਮ] ਅਗਨੀ ਹੋਤ੍ਰ ਕੇ ਪੀਛੇ ਬਲੀ ਵੈਸ਼ਯ ਕਰਮ ਕਰੇ।

**ਓਮ, ਬ੍ਰਹਮਣੇ ਸ੍ਵਾਹਾ, ਓਮ ਪ੍ਰਜਾ ਪਤਯੇ ਸ੍ਵਾਹਾ, ਓਮ ਗ੍ਰਿਹਯਾਭਯ: ਸ੍ਵਾਹਾ, ਓਮ ਕਸ਼ਯਪਾਯ ਸ੍ਵਾਹਾ, ਓਮ ਅਨੁਮਤਯੇ ਸ੍ਵਾਹਾ, (ਇਸ ਮੰਤ੍ਰ ਸੇ ਆਗੇ ਜਲ ਛੋੜਨਾ) ਓਮ ਗਛ ਗਛ ਸੁਰਾ: ਸਿਰੇਸ਼੍ਰਿਸਥਾਨੇ ਪਰਮੇ ਸੁਰ: ਯਤ੍ਰ ਬ੍ਰਾਹਮਾਦਯੋ ਦੇਵਾ: ਤਤ੍ਰ ਗਛ ਹੁਤਾਸ਼ਨ: ॥ (ਫੇਰ ਆਹੂਤੀ ਦੇਨੀ) ਓਮ ਪ੍ਰਜਨਯਾਸ ਨਮ: ਓਮ ਅਦਭਿਯੋ ਨਮ: ਓਮ ਪ੍ਰਿਥਿਵਯੇ॥ ਨਮ: ਓਮ ਧਾਤ੍ਰੇ ਨਮ: ਓਮ ਵਿਧਾਤ੍ਰੇ ਨਮ: ਓਮ ਵਾਯਵੇ ਨਮ:॥ (ਇਸ ਮੰਤ੍ਰ ਸੇ ਚਾਰ ਅਹੂਤੀ ਦੇਨੀ) ਓਮ ਪ੍ਰਾਚਯੇ ਨਮ: ਓਮ ਅਵਾਚਯੇ ਨਮ: ਓਮ ਪ੍ਰਤੀਚਯੇ ਨਮ: ਓਮ ਉਦੀਚਯੇ ਨਮ: ਓਮ ਬ੍ਰਹਮਣੇ ਨਮ: ਓਮ ਅੰਤਰਿਖਯਾਯ ਨਮ: ਓਮ ਸੂਰਯਾਯ ਨਮ: ਓਮ ਵਿਸ਼੍ਵੇ ਭਿਯੋ ਦੇਵੇ ਭਿਯੋ ਨਮ: ਓਮ ਉਖਸੇ ਨਮ: ਓਮ ਭੂਤਾਨਾਂ ਪਤਯੇ ਨਮ: (ਯਗਯੋ ਪਵੀਤ ਪਿਤ੍ਰੀਸਬਯ ਕਰਕੇ ਦਖਯਣ ਮੁਖ ਕਰਕੇ) ਓਮ ਪਿਤ੍ਰੀ ਭਿਯਾ: ਸ੍ਵਾਧਾਨਮ: (ਫੇਰ ਜਗਯੋ ਪਵੀਤ ਵਿਸ਼ਣੂ ਸਬਯ ਕਰਕੇ ਆਹੂਤੀ ਦੇਨੀ) ਓਮ ਦੇਵਾ ਮਨੁਸਯਾ ਪਸ਼ਵੋ ਵਿਯਾਂਸੀ ਸਿਧਾ: ਸ ਯਖਯੋ ਰਗ ਦੇਤਯ ਸੰਘਾ: ਪ੍ਰੇਤਾ ਪਿਸ਼ਾਚਾ ਤਰਵਾ ਸਮਸਤਾ ਯੇਚਅਨੰ ਇਛੰਤੀ ਮਯਾ ਪ੍ਰਦਤੰ ਨਮ: ਓਮ ਪਿਪੀਲਕਾ ਕੀਟੰ ਪਤੰਗ ਕਾਧਯਾ ਵਿਭੂਖਤਾ ਕਰਮਣੀ ਬੰਧ ਬਧਾ: ਪ੍ਰਯਾਂਤੂ ਤੇ ਤ੍ਰਿਪ੍ਰੀ ਮਿਦੰ ਮਯਾਨੰ ਤ ਭਿਓ ਵਸ਼ਿਸ਼ਟੰ ਸੁਖੀਨੋ ਭਵੰਤੂ ਨਮ: ॥**

(੫) ਸ੍ਵਾਧਿਆਯ ਯਾਨੇ ਵੇਦ ਪਾਠ ਯਾ ਨਿਤਨੇਮ ਦਿਨ ਚੜ੍ਹੇ ਸੇ ਪੀਛੇ ਰੋਜ ਕਰੇ ਪ੍ਰਮਾਣ:--



**ਚੜ੍ਹੇ ਦਿਵਸ ਗੁਰਬਾਣੀ ਗਾਵੈ॥ ਬਹਿੰਦਿਆ ਉਠਦਿਆ ਹਰਿ ਨਾਮੁ ਧਿਆਵੈ॥**

(੬) ਦੇਵਤਾ ਅਰਚਨੰ ਆਤਮ ਨੌਧਾ ਭਗਤੀ ਮੇਂ ਲਿਖ ਆਏ ਹੈਂ। (੭) ਅਤਿਥੀ ਪੂਜਨ। ਭੋਜਨ ਕੇ ਵਕਤ ਅਪਨੇ ਘਰ ਮੇਂ ਆਏ ਅਤਿਥੀ ਕਾ ਪੂਜਨ ਕਰੇ, ਅਤਿਥੀ ਉਸ ਕੋ ਕਹਿਤੇ ਹੈਂ, ਜਿਸਕੇ ਏਕ ਦਿਨ ਭੀ ਰਹਿਨੇ ਕੀ ਤਿਥੀ ਨ ਹੋ ਉਸ ਅਤਿਥੀ ਕਾ ਅੰਨ ਜਲ ਸੇ ਸਤਿਕਾਰ ਕਰੇ, ਇਸ ਕਾ ਬੜਾ ਮਹਾਤਮ ਲਿਖਾ ਹੈ। ਯਮਰਾਜ ਜੀ ਕਹਿਤੇ ਹੈਂ :-

**ਪ੍ਰਿਯਤੇ ਸ੍ਵਾਗਤੇ ਭਾਨੁ: ਅਸਨੇਨ ਸ਼ਤਕ੍ਰਤੂ: ਪਿਤਰ: ਪਾਦ ਸ਼ਉਚੇਨ ਭੋਜਨੇਨ ਪ੍ਰਜਾਪਤਿ: ॥ ੧ ॥ ਯਤੀ ਹਸਤੇ ਜਲੰ ਦਤਵਾ ਭਈਖਯੰ ਦਤਵਾ ਪੁਨਰ ਜਲੰ ॥ ਭਈਖਯੰ ਪਰਬਤ ਮਾਤ੍ਰੰ ਸਿਆਤ ਤਤ ਜਲੰ ਸਾਗਰ ਉਪਮੰ ॥ ੨ ॥**

ਟੀਕਾ-ਅਪਨੇ ਅਸਥਾਨ ਪਰ ਆਏ ਅਤਿਥੀ ਕੇ ਪ੍ਰਤੀ ਮਸਤਕ ਪਰਸੰਨ ਤਥਾ ਮੀਠੀ ਬਾਣੀ ਬੋਲਨੇ ਸੇ ਸੂਰਯ ਦੇਵਤਾ ਕਾ ਪੂਜਨ ਹੋ ਜਾਤਾ ਹੈ, ਔਰ ਜਲ ਪਿਲਾਨੇ ਸੇ ਦੇਵਰਾਜ ਇੰਦਰ ਕਾ ਪੂਜਨ ਔਰ ਇਸ ਅਤਿਥੀ ਕੇ ਚਰਣ ਧੋਵਨੇ ਸੇ ਪਿਤਰੋਂ ਕਾ ਪੂਜਨ ਔਰ ਭੋਜਨ ਖਿਲਾਨੇ ਸੇ ਪਰਜਾਪਤਿ ਜੋ ਦਖਸ ਕਸ਼ਪ ਆਦਿਕ ਹੈਂ ਅਥਵਾ ਪ੍ਰਜਾਪਤੀ ਕਰਕੇ ਜਗਤ ਗੁਰੂ ਸ੍ਰੀ ਬ੍ਰਹਮਾ ਜੀ ਕਾ ਪੂਜਨ ਜਾਨਣਾ ॥੧॥ ਔਰ ਜਾਵਾਲ ਸ੍ਰੁਤੀ ਕਾ ਅਰਥ ਯਹਿ ਹੈ ਕਿ ਜੋ ਪੁਰਸ਼ ਅਪਨੇ ਘਰ ਵਿਖੇ ਆਏ ਸਨਿਆਸੀ ਆਦਿਕ ਵਿਰਕਤ ਸੰਤ ਕੇ ਪ੍ਰਤਿ ਪੀਵਨੇ ਕੇ ਲੀਏ ਜਲ ਕੀ ਚੁਲੀ ਔਰ ਖਾਨੇ ਕੇ ਲੀਏ ਭੋਜਨ ਵਾ ਭੋਜਨ ਕਾ ਗਰਾਸ ਪਰੇਮ ਸੇ ਦੇਵੇ ਹੈ ਵਹੁ ਜਲ ਕੀ ਚੁਲੀ ਸਮੁਦ੍ਰ ਕੇ ਸਦ੍ਰਿਸ਼ ਔਰ ਭੋਜਨ ਹਿਮਾਲਯ ਤਥਾ ਸੁਮੇਰੂ ਪਰਬਤ ਕੇ ਸਦਰਸ਼ ਮਹਾਨ ਹੋ ਜਾਵੇ ਹੈ ।੨॥

**ਯਦੀ ਏਕੋ ਬ੍ਰਹਮਵਿਤ ਭੁੰਕਤੇ ਜਗਤ ਤਰਪਤੇ ਅਖਿਲੰ ॥**

ਅਰਥ-ਅਗਰ ਏਕ ਬ੍ਰਹਮਵੇਤਾ ਘਰ ਮੇਂ ਭੋਜਨ ਖਾ ਜਾਵੇ ਤੋ ਸਰਬ ਜਗਤ ਤ੍ਰਿਪਤ ਹੋ ਜਾਵੇ ਹੈ ॥ ਇਸ ਪਰਕਾਰ ਅਤਿਥਿ ਕਾ ਪੂਜਨ ਕਰਕੇ ਮਾਤਾ ਪਿਤਾ ਕਾ ਪੂਜਨ ਕਰੇ ॥

**ਆਚਾਰਯੋ ਬ੍ਰਹਮਣੋ ਮੂਰਤਿ: ਪਿਤਾ ਮੂਰਤੀ ਪ੍ਰਜਾਪਤਿ ॥ ਮਾਤਾ ਪ੍ਰਿਥਵਯਾ ਮੂਰਤੀਸਤੂ ਭ੍ਰਾਤਾ ਮੂਰਤੀ ਆਤਮਨ: ॥ ੧ ॥ ਉਪਾਧਯਾਤ ਦਸ਼ ਆਚਾਰਯ: ਆਚਾਰਯਾਤ ਸ਼ਤੰ ਪਿਤਾ ਸਹੰਸ੍ਰੰਤੁ ਪਿਤਰ: ਮਾਤਾ ਗਉਰਵੇਣ ਅਤਿ ਰਿਚਯਤੇ ॥ ੨ ॥**

[ਮਨੂ ਸਿਮ੍ਰਿਤਿ

ਟੀਕਾ-ਗਾਯਤ੍ਰੀ ਕਾ ਉਪਦੇਸ਼ ਕਰਨੇ ਵਾਲਾ ਤਥਾ ਵੇਦ ਕੇ ਪੜ੍ਹਾਨੇ ਵਾਲਾ ਪ੍ਰੋਹਤ

ਬ੍ਰਹਮਾ ਜੀ ਕੀ ਮੂਰਤੀ ਹੈ ਔਰ ਪਿਤਾ ਪ੍ਰਜਾਪਤੀ ਕੀ ਮੂਰਤੀ ਹੈ, ਮਾਤਾ ਪ੍ਰਿਥਵੀ ਕੀ ਮੂਰਤੀ ਹੈ ਔਰ ਭਰਾਤਾ ਅਪਨੀ ਮੂਰਤੀ ਕਥਨ ਕਰੀ ਹੈ, ਤਹਾਂ ਮਾਤਾ ਕੇ ਪੂਜਨ ਸੇ ਪ੍ਰਿਥਵੀ ਭਰ ਕਾ ਪੂਜਨ ਪਿਤਾ ਕੇ ਪੂਜਨ ਸੇ ਇੰਦ੍ਰਾਦਿ ਤੇਤੀਸ ਕੋਟੀ ਦੇਵਤਾਓਂ ਕਾ ਪੂਜਨ ਔਰ ਗੁਰੂ ਕੇ ਪੂਜਨ ਸੇ ਬ੍ਰਹਮਾ, ਵਿਸ਼ਨੂੰ, ਸਦਾਸ਼ਿਵ ਕਾ ਪੂਜਨ ਹੋ ਜਾਤਾ ਹੈ, ਕਿਉਂਕਿ ਪੁਤਰ ਕੇ ਉਤਪਨ ਤਥਾ ਪਾਲਨ ਕਰਨੇ ਸੇ ਜੋ ਮਾਤਾ ਪਿਤਾ ਕੋ ਕਸ਼ਟ ਹੋਤਾ ਹੈ ਉਸ ਦੁਖ ਕੋ ਮਾਤਾ ਪਿਤਾ ਹੀ ਜਾਣਤੇ ਹੈਂ ਔਰ ਕੋਈ ਨਹੀਂ ਜਾਣਤਾ, ਯਦਿ ਪੁਤਰ ਸੈਂਕੜੇ ਬਰਸੋਂ ਪਰਯੰਤ ਭੀ ਸੇਵਾ ਕਰਕੇ ਮਾਤਾ ਪਿਤਾ ਕੇ ਉਪਕਾਰੋਂ ਕੋ ਦੂਰ ਕਰਿਆ ਚਾਹੇ ਤੋ ਭੀ ਮਾਤਾ ਪਿਤਾ ਕੇ ਉਪਕਾਰੋਂ ਕੋ ਪੁਤਰ ਨਹੀਂ ਉਤਾਰ ਸਕਤਾ ਇਸ ਲੀਏ ਪੁਤਰ ਕੋ ਅਪਨੇ ਮਾਤਾ ਪਿਤਾ ਕੀ ਸੇਵਾ ਕਰਨੀ ਹੀ ਯੋਗਯ ਹੈ, ਕਿਉਂਕਿ ਮੋਲ ਸੇ ਵਿਦਿਆ ਪੜ੍ਹਾਨੇ ਵਾਲੇ ਆਚਾਰਯ ਸੇ ਨਿਰਮੋਲ ਚਾਰ ਵੇਦ ਤਥਾ ਗਾਯਤ੍ਰੀ ਮੰਤਰ ਕਾ ਉਪਦੇਸ਼ ਕਰਨੇ ਵਾਲਾ ਆਚਾਰਯ ਦਸ ਗੁਣਾਂ ਸ੍ਰੇਸ਼ਟ ਹੈ ਤਾਤਪ੍ਰਯ ਯਹਿ ਹੈ ਕਿ ਨਿਰਧਨ ਸੇ ਧਨਵਾਨ ਸ੍ਰੇਸ਼ਟ ਹੈ ਧਨਵਾਨ ਸੇ ਅਪਨਾ ਸੰਬੰਧੀ ਸਰੇਸ਼ਟ ਔਰ ਅਪਨੇ ਸੰਬੰਧੀ ਸੇ ਆਯੂ ਬ੍ਰਿਧ ਸਰੇਸ਼ਟ ਹੈ ਔਰ ਆਯੂ ਬ੍ਰਿਧ ਸੇ ਸਾਸਤ੍ਰ ਅਨੁਸਾਰ ਸੁਭ ਕਰਮੋਂ ਕੇ ਕਰਨੇ ਵਾਲਾ ਸਰੇਸ਼ਟ ਹੈ, ਤਿਨ ਵਿਦਿਆ ਸੇ ਰਹਿਤ ਕੇਵਲ ਸੁਭ ਕਰਮੋਂ ਕੇ ਕਰਨੇ ਵਾਲੇ ਸੇ ਵਿਦਵਾਨ ਸ਼ੁਭ ਕਰਮੀ ਸਰੇਸ਼ਟ ਹੈ ਅਰਥਾਤ ਉਪਰ ਲਿਖੇ ਜੋ ਧਨ ਬ੍ਰਿਧਾਦਿ ਹੈਂ ਉਨ ਸਭ ਸੇ ਅਧਿਕ ਵਿਦਵਾਨ ਸਨਮਾਨ ਕਰਨੇ ਯੋਗ ਹੈ, ਉਸ ਵਿਦਵਾਨ ਸੇ ਭੀ ਅਪਨੇ ਕੋ ਵੇਦ ਪੜ੍ਹਾਨੇ ਵਾਲਾ ਵਿਦਵਾਨ ਦਸ ਗੁਣਾ ਅਧਿਕ ਮਾਨ ਕਰਨੇ ਯੋਗ ਹੈ । ਉਸ ਅਧਿਆਪਕ ਸੇ ਭੀ ਦਸ ਗੁਣਾਂ ਵੇਦ ਤਥਾ ਗਾਯਤ੍ਰੀ ਕੇ ਉਪਦੇਸ਼ ਕਰਨੇ ਵਾਲਾ ਆਚਾਰਯ ਯਾਨੇ ਪ੍ਰੋਹਤ ਦਸ ਗੁਣਾਂ ਅਧਿਕ ਹੈ ਤਿਸ ਪ੍ਰੋਹਤ ਸੇ ਭੀ ਸੌ ਗੁਣਾਂ ਅਧਿਕ ਪਿਤਾ ਸਨਮਾਨ ਕਰਨੇ ਯੋਗ ਹੈ। ਅਪਨੇ ਪਿਤਾ ਸੇ ਹਜ਼ਾਰ ਗੁਣਾਂ ਮਾਤਾ ਅਧਿਕ ਸਨਮਾਨ ਕਰਨੇ ਯੋਗ ਹੈ । ਉਸ ਉਤਪਨ ਕਰਨੇ ਵਾਲੀ ਮਾਤਾ ਸੇ ਭੀ ਬ੍ਰਹਮ ਵਿਦਿਆ ਕੇ ਉਪਦੇਸ਼ ਕਰਨੇ ਵਾਲਾ ਬ੍ਰਹਮ ਵੇਤਾ ਸਤਿਗੁਰੂ ਲਾਖ ਗੁਣਾ ਸਰੇਸ਼ਟ ਹੈ, ਅਰਥਾਤ ਲਾਖ ਗੁਣਾਂ ਮਾਤਾ ਸੇ ਭੀ ਗੁਰੂ ਕਾ ਸਨਮਾਨ ਕਰਨੇ ਯੋਗ ਹੈ । ਇਸ ਪ੍ਰਕਾਰ ਨਿਤਯ ਕਰਮ ਕਰਕੇ ਫੇਰ ਨੈਮਿਤਿਕ ਕਰਮ ਕਰ ਯਾਨੇ ਅਪਨੇ ਸੇ ਕੋਈ ਬੜਾ ਆਵੇ ਤੋ ਉਸ ਕੇ ਆਗੇ ਉਠ ਕੇ ਖੜਾ ਹੋ ਜਾਨਾ ਤਥਾ ਨਮਸਕਾਰ ਆਦੀ ਸਤਿਕਾਰ ਕਰਨਾ ਤਥਾ ਗ੍ਰਹਿਣ ਸ਼੍ਰਾਧ ਆਦਿਕੋਂ ਮੇਂ ਵਿਸ਼ੇਸ ਦਾਨ ਪੁੰਨ ਕਰਨਾ ਇਸ ਕਾ ਨਾਮ ਨੈਮਿਤਿਕ ਕਰਮ ਹੈ ਯੇ ਨਿਤਯ ਨੈਮਿਤਿਕ ਕਰਮ ਅਵਸ਼ ਕਰਨੇ, ਤਿਆਗਨੇ ਨਹੀਂ । ਯਹ ਬਾਤ ਭਗਵਾਨ ਅਰਜਨ ਕੋ ਕਹਿਤੇ ਹੈਂ । ਪ੍ਰਮਾਣ:-

**ਯਗਯ ਦਾਨ ਤਪ: ਕਰਮ ਨ ਤਯਾਜਯੰ ਕਾਰਯਮੇਵ ਤਤ । ਯਗਯੋ ਦਾਨੰ ਤਪਸਚੇਵ ਪਾਵਨਾਨਿ ਮਨੀਸ਼ਿਣਾਮ । ੫ । ਏਤਾਨਿ ਅਪਿ ਤੁ ਕਰਮਾਣਿ ਸੰਗਮ ਤਯਕਤ੍ਵਾ ਫਲਾਨਿ ਚ । ਕਰਤਬਯਾਨੀਤਿ ਮੇ ਪਾਰਥ ਨਿਸਚਿਤੰ ਮਤੰ ਉਤਮੰ ॥ ੬ ॥**



[ਗੀਤਾ ਅਧਯਾਯ ੧੮

ਯੱਗ ਦਾਨ ਔਰ ਤਪ ਰੂਪ ਕਰਮ ਤਿਆਗਨੇ ਕੇ ਯੋਗ ਨਹੀਂ ਕਿੰਤੂ ਵੋ ਨਿਰਸੰਦੇਹ ਕਰਨਾ ਜ਼ਰੂਰੀ ਹੈ । ਕਿਉਂਕਿ ਯੱਗ ਦਾਨ ਔਰ ਤਪ ਯੇ ਤੀਨੋਂ ਹੀ ਬੁਧਿਮਾਨ ਪੁਰਸ਼ ਕੋ ਜ਼ਰੂਰੀ ਕਰਨੇ ਵਾਲੇ ਹੈਂ । ੫ । ਹੇ ਅਰਜੁਨ ਯੱਗ ਦਾਨ ਤਪ ਰੂਪ ਕਰਮ ਤਥਾ ਔਰ ਭੀ ਸਪੂਰਨ ਸਰਸ਼ਟ ਕਰਮ ਆਸਕਤੀ ਕੋ ਔਰ ਫਲੋਂ ਕੋ ਤਿਆਗ ਕਰ ਅਵਸ਼ਯ ਕਰਨੇ ਚਾਹੀਏ ਐਸਾ ਮੇਰਾ ਨਿਸਚੇ ਕੀਆ ਹੂਆ ਉਤਮ ਮਤ ਹੈ॥ ੬ ॥ ਨਿਮਿਤਕ ਕਰਮ ਕੇ ਨ ਤਿਆਗ ਕਰਨੇ ਮੇਂ ਏਕ ਦ੍ਰਿਸਟਾਂਤ ਲਿਖਤੇ ਹੈਂ । ਜੈਸੇ ਏਕ ਮਹਾਤਮਾ ਸ਼ਾਂਤ ਚਿਤ ਬ੍ਰਹਮ ਨਿਸ਼ਠ ਪਰਉਪਕਾਰੀ ਸ੍ਰੀ ਗੰਗਾ ਤੀਰੇ ਰਹਾ ਕਰਤੇ ਥੇ । ਉਨ ਕਾ ਏਕ ਅਨਨਯ ਸੇਵਕ ਗ੍ਰਹਸਥ ਭਗਤ ਥਾ ਵੋ ਹਮੇਸ਼ ਅਪਨੇ ਘਰ ਸੇ ਅਪਨਾ ਨਿਤ ਨਮਿਤਕ ਕਰਮ ਕਰ ਮਹਾਤਮਾ ਪਾਸ ਆ ਕੇ ਝਾੜੂ ਲੇਪਨਾਦਿ ਕਰਕੇ ਮਹਾਤਮਾ ਪਾਸ ਬੈਠ ਕੇ ਵੇਦਾਂਤ ਵਿਚਾਰ ਕੀਆ ਕਰਤਾ ਥਾ । ਏਕ ਦਿਨ ਉਸ ਨੇ ਮਹਾਤਮਾ ਸੇ ਕਹਾ ਵੇਦਾਂਤ ਵਿਚਾਰ ਕਰਨੇ ਕੇ ਪੀਛੇ ਨਿਤ ਨੈਮਿਤਿਕ ਕਰਮ ਕਰਨੇ ਕੀ ਕਿਆ ਜ਼ਰੂਰਤ ਹੈ। ਮਹਾਤਮਾ ਨੇ ਕਹਾ ਫਰ ਕਭੀ ਇਸਕਾ ਉਤਰ ਦੇਂਗੇ । ਦੂਸਰੇ ਦਿਨ ਜਬ ਵੋ ਆਯਾ ਤੋ ਮਹਾਤਮਾ ਨੇ ਕਹਾ ਚਲੋ ਯਹਾਂ ਸੇ ਪਾਂਚ ਕੋਸ ਦੂਰ ਪਰ ਏਕ ਮਹਾਤਮਾਓਂ ਕੀ ਮੰਡਲੀ ਆਈ ਹੈ ਉਨਕਾ ਦਰਸ਼ਨ ਕਰਨੇ ਚਲੋ ਝਾੜੂ ਕੋ ਛੋੜ ਦੋ ।

ਵਹਾਂ ਗਏ ਰਾਤਿ ਰਹੇ ਪ੍ਰਾਤਾਕਾਲ ਸਭ ਮਹਾਤਮਾ ਆਪੋ ਅਪਨੇ ਨਿਤ ਨੈਮਿਤਕ ਕਰਮੋਂ ਮੇਂ ਲਗ ਗਏ । ਕੋਈ ਬ੍ਰਹਮਾਭਿਆਸ ਮੇਂ ਕੋਈ ਧਿਆਨ ਮੇਂ ਕੋਈ ਤਪਸਯਾ ਮੇਂ ਕੋਈ ਸੇਵਾ ਮੇਂ ਐਸੇ ਸਭ ਮਹਾਤਮਾਓਂ ਕੀ ਚੇਸਟਾ ਦਿਖਾ ਕਰ ਆਪ ਦੋ ਦਿਨ ਕੇ ਵਾਸਤੇ ਏਕ ਭਗਤ ਕੇ ਪਾਸ ਠਹਿਰ ਗਏ ਵਹਾਂ ਹੀ ਜੋ ਸੇਵਕ ਸਾਥ ਗਯਾ ਥਾ ਉਸ ਕੋ ਬੁਖਾਰ ਹੋ ਗਯਾ ਦੋ ਦਿਨ ਮੇਂ ਸਰੀਰ ਕਮਜ਼ੋਰ ਹੋ ਗਯਾ ਖਾਨ ਪਾਨ ਸਭ ਛੂਟ ਗਯਾ । ਚਉਥੇ ਦਿਨ ਮਹਾਤਮਾ ਭਗਤ ਕੋ ਸਾਥ ਲੇ ਅਪਨੀ ਕੁਟੀਆ ਮੇਂ ਆਏ । ਭਗਤ ਘਰ [illegible] ਅਬ ਬੁਖਾਰ ਉਤਰ ਗਯਾ ਥਾ ਪਰੰਤੂ ਸ਼ਰੀਰ ਕਮਜ਼ੋਰ ਥਾ । ਦੂਸਰੇ ਦਿਨ [illegible] ਫਿਰ ਮਹਾਤਮਾ ਪਾਸ ਆਯਾ ਕੁਟੀਯਾ ਕੀ ਦਸ਼ਾ ਦੇਖੀ ਬਹੁਤ ਕੂੜਾ [illegible] ਪੜਾ ਹੈ ਬੈਠਨੇ ਕੀ ਜਗਾ ਨਹੀਂ ਚਾਰੋਂ ਤਰਫ ਦੇਖਾ ਕਹੀਂ ਭੀ ਸਫਾਈ [illegible] ਉਸ ਕੋ ਸਾਫ ਕਰਨੇ ਵਾਸਤੇ ਝਾੜੂ ਹਥ ਮੇਂ ਲੀਆ ਤਬ ਮਹਾਤਮਾ ਨੇ [illegible] ਚੇਸਟਾ ਕਿਉਂ ਕਰਤਾ ਹੈਂ ਅਰਾਮ ਸੇ ਬੈਠ । ਤਬ ਵੋ ਕਹਨੇ ਲਗਾ [illegible] ਤਰਫ ਗੰਦ ਪੜਾ ਹੈ। ਚਾਰ ਦਿਨ ਸੇ ਪਹਿਲੇ ਕੈਸੀ ਜਗਾ ਸਾਫ [illegible] ਝਾੜੂ ਨ ਲਗਾਨੇ ਸੇ ਕਹੀਂ ਬੈਠਨੇ ਖੜੇ ਹੋਨੇ ਕੇ ਲਿਤ ਨਹੀਂ [illegible] ਲਗਾਨੇ ਸੇ ਕਿਉਂ ਰੋਕਤੇ ਹੋ । ਮਹਾਤਮਾ ਨੇ ਕਹਾ ਤੁਮ [illegible] ਸੁਨਾਓ ਕਹਨੇ ਲਗਾ ਮਹਾਰਾਜ ਬੁਖਾਰ ਨਹੀਂ ਕਮਜ਼ੋਰੀ [illegible]

ਨਹੀਂ ਕੀਆ ਸ਼ਰੀਰ ਸੇ ਬਦਬੋ ਆ ਰਹੀ ਹੈ। ਮਹਾਤਮਾ ਕਹਿਨੇ ਲਗੇ ਅਗਰ ਨ ਸਨਾਨ ਹੂਆ ਤੋ ਕਿਆ ਦੁਰਗੰਧ ਆਤੀ ਹੈ ਤੋ ਕਿਆ ਕਿਆ ਹੂਆ। ਤੂੰ ਆਤਮ ਪਦ ਮੇਂ ਇਸਥਿਤ ਹੋ। ਓਹ ਕਹਨੇ ਲਗਾ ਮਹਾਰਾਜ ਬਾਹਰ ਕੀ ਸ਼ੁਧਿ ਸ਼ਰੀਰ ਕੀ ਸ਼ੁਧਿ ਜਗਹ ਕੀ ਸ਼ੁਧਿ ਬਿਨਾ ਕੈਸੇ ਆਤਮ ਪਦ ਮੇਂ ਇਸਥਿਤ ਹੋਵਾਂ। ਮਹਾਤਮਾ ਨੇ ਕਹਾ ਇਸ ਦ੍ਰਿਸ਼ਟਾਂਤ ਸੇ ਤੇਰੇ ਪ੍ਰਸ਼ਨ ਕਾ ਉਤਰ ਦੀਆ ਹੈ। ਜੈਸੇ ਸ਼ਨਾਨ ਬਿਨਾ ਸਰੀਰ ਕੀ ਸ਼ੁਧਿ ਔਰ ਝਾੜੂ ਆਦਿ ਬਿਨਾ ਗ੍ਰਿਹਿ ਕੀ ਸ਼ੁਧਿ ਹੋਵੇ ਨਹੀਂ। ਤੈਸੇ ਨਿਤ ਕਰਮ ਕਰਨੇ ਸੇ ਬਿਨਾ ਅੰਤ: ਕਰਣ ਕੀ ਸ਼ੁਧੀ ਹੋਵੇ ਨਹੀਂ ਉਲਟਾ ਪਾਪ ਹੋਵੇ ਹੈ। ਪ੍ਰਮਾਣ:-

**ਏਕਾਹੰ ਜਪ ਹੀਨਸਤੁ ਸੰਧਯਾ ਹੀਨੰ ਦਿਨ: ਤ੍ਰਿਯੰ। ਦ੍ਵਾਦਸ਼ ਨਿਰ ਅਗ੍ਨਿਸਚ ਸ਼ੂਦ੍ਰ ਏਵ ਨ ਸੰਸ਼ਯ: ॥**

ਅਰਥ-ਇਕ ਦਿਨ ਜਪ ਨ ਕਰਨੇ ਸੇ, ਤੀਨ ਦਿਨ ਸੰਧਯਾ ਨ ਕਰਨੇ ਸੇ, ਬਾਰਾਂ ਦਿਨ ਅਗਨੀ ਹੋਤ੍ਰ ਨ ਕਰਨੇ ਸੇ ਬ੍ਰਾਹਮਣ ਭੀ ਸ਼ੂਦ੍ਰ ਕੀ ਨਿਆਈਂ ਅਪਵਿਤ੍ਰ ਹੈ। ਤੈਸੇ ਨਿਤਨੈਮਿਤਿਕ ਕ੍ਰਿਆ ਬਿਨਾ ਚਿਤ ਕੀ ਸ਼ੁਧਿ ਹੋਵੈ ਨਹੀਂ। ਚਿਤ ਸ਼ੁਧਿ ਬਿਨਾ ਗਿਆਨ ਹੋਵੇ ਨਹੀਂ ਇਸ ਵਾਸਤੇ ਨਿਤ ਨੈਮਿਤਿਕ ਕਰਮ ਅਵਸ਼ਯਕ ਹੈਂ ਲਿਖਾ ਹੈ। ਜੈਸੇ ਸ੍ਰੀ ਕਪਲ ਭਗਵਾਨ ਨੇ ਅਪਨੀ ਮਾਤਾ ਦੇਵਹੂਤੀ ਕੋ ਸਾਂਖਯ ਸਾਸਤ੍ਰ ਕਾ ਉਪਦੇਸ਼ ਕਰਤੇ ਚੋਥੇ ਅਧਯਾਯ ਕਾ ੨੯ ਸੂਤ੍ਰ ਕਹਾ ਹੈ ਸੋ ਯਹ ਹੈ-

**(ਸੂਤ੍ਰ) ਨਮਲਨ ਚੇਤਸੀ ਉਪਦੇਸ ਬੀਜ ਪ੍ਰੱਰਹੋ ਅਜਵਤ।**

ਅਰਥ-ਮਲਨ ਚਿਤ ਮੇਂ ਉਪਦੇਸ਼ ਰੂਪੀ ਬੀਜ ਕਾ ਅੰਕੁਰ ਪੈਦਾ ਨਹੀਂ ਹੋਤਾ ਅਜ ਰਾਜਾ ਕੀ ਨਿਆਈਂ। ਜੈਸੇ ਰਾਜਾ ਅਜ ਕਾ ਕਾਮ ਦੋਸ਼ ਸੇ ਚਿਤ ਮਲਿਨ ਹੋ ਗਿਆ ਥਾ ਸੋਕ ਕਰ ਰੋ ਰਹਾ ਸੀ ਤਬ ਵਸਿਸ਼ਟ ਆਦਿ ਮੁਨੀਓਂ ਨੇ ਅਨੇਕ ਵਾਰ ਸਮਝਾਇਆ ਭੀ ਪਰੰਤੂ ਰਾਜਾ ਅਜ ਕੇ ਚਿਤ ਮੇਂ ਉਪਦੇਸ਼ ਕਾ ਅਸਰ ਨ ਹੂਆ ਉਸ ਕੀ ਸੰਖੇਪ ਸੇ, ਯਹ ਕਥਾ ਹੈ। ਰਾਜਾ ਅਜ ਕੇ ਰਾਜ ਕਰਤੇ ਵਕਤ ਏਕ ਮੁਨੀ ਨਿਸ਼ਕਾਮ ਤਪਸਯਾ ਕਰ ਰਹੇ ਸੀ ਉਸ ਕੀ ਤਪਸਿਆ ਕੋ ਦੇਖ ਕਰ ਇੰਦਰ ਕੋ ਭੈ ਹੂਆ ਔਰ ਇੰਦੂ ਮਤੀ ਨਾਮ ਕੀ ਅਪਸਰਾ ਕੋ ਮੁਨੀ ਕੇ ਤਪ ਖੰਡਨ ਵਾਸਤੇ ਭੇਜਤਾ ਭਇਆ। ਤਬ ਇੰਦੂ ਮਤੀ ਨੇ ਆ ਕਰ ਅਪਨਾ ਸਭ ਜ਼ੋਰ ਲਗਾਇਆ ਪਰੰਤੂ ਮੁਨੀ ਕਾ ਤਪ ਖੰਡਨ ਨ ਕਰ ਸਕੀ ਤਬ ਭੈ ਭੀਤ ਹੋਕਰ ਮੁਨੀ ਕੇ ਚਰਣੋਂ ਮੇਂ ਲਗੀ ਔਰ ਅਪਨੇ ਅਪਰਾਧ ਕੀ ਖਿਮਾ ਮਾਂਗੀ, ਮੁਨੀ ਨੇ ਧਿਆਨ ਕਰ ਦੇਖਾ ਕਿ ਮੇਰੇ ਤਪ ਖੰਡਨ ਕਰਨੇ ਵਾਸਤੇ ਆਈ ਹੈ ਔਰ ਸਭ ਮੁਨੀਓਂ ਕੇ ਤਪ ਖੰਡਨ ਮੇਂ ਪ੍ਰਵਿਰਤ ਹੋ ਜਾਵੇਗੀ ਇਸ ਵਾਸਤੇ ਇਸ ਕੋ ਕੁਛ ਦੰਡ ਦੇਨਾ ਚਾਹੀਏ ਤਬ ਇੰਦੂ ਮਤੀ ਕੋ ਕਹਨੇ ਲਗੇ ਕਿ ਤੁਮ ਕੋ ਇਸ ਅਪਰਾਧ ਕਾ ਥੋੜਾ ਦੰਡ ਦੇਤਾ ਹੂੰ ਕਿ ਤੂੰ ਸੁਰਗ ਮੇਂ ਨਹੀਂ ਜਾ ਸਕੇਂਗੀ ਜਬ ਤਕ ਸੁਰਗ ਕੇ ਫੂਲ ਤੂੰ ਨ ਪਾਵੇਂਗੀ ਤਬ ਇੰਦੂ ਮਤੀ ਉਦਾਸ ਹੋ ਕਰ ਰਾਜਾ ਅਜ ਕੇ ਪਾਸ ਆਈ ਔਰ ਕਹਨੇ ਲਗੀ ਮੈਂ ਤੁਮਾਰੇ ਪਾਸ ਰਹਨਾ ਚਾਹਤੀ ਹੂੰ ਪਰੰਤੂ ਸੁਰਗ ਕੇ ਫੂਲ ਮਿਲਨੇ ਪਰ ਚਲੀ ਜਾਊਂਗੀ ਮੇਰੇ ਸੇ



ਬਹੁਤ ਪਰੇਮ ਨ ਕਰਨਾ ਮੈਂ ਮੁਨੀ ਕੇ ਸ਼ਾਪ ਕਰਕੇ ਆਪ ਪਾਸ ਰਹਿਤੀ ਹੂੰ ਐਸੇ ਅਨੇਕ ਵਚਨ ਕਹ ਕਰ ਸਮਝਾਇਆ ਭੀ ਪਰੰਤੂ ਰਾਜਾ ਅਜ ਕਾ ਚਿਤ ਸ੍ਵਰਗ ਕੀ ਅਪਸਰਾ ਕੋ ਦੇਖ ਕਰ ਐਸਾ ਮੋਹਤ ਹੋ ਗਿਆ ਜੋ ਅਪਨਾ ਸ੍ਵਧਰਮ ਰਾਜ ਪਾਲਨ ਆਦਿ ਭੀ ਛੋੜ ਦੀਆ ਸਾਰਾ ਦਿਨ ਇੰਦੂਮਤੀ ਕੇ ਸਾਥ ਰਹਿਨੇ ਲਗਾ ਜਬ ਕੁਛ ਬਰਸ ਬੀਤ ਗਏ ਤਬ ਏਕ ਦਿਨ ਇੰਦੂਮਤੀ ਕੇ ਸਾਥ ਸਰਜੂ ਨਦੀ ਕੇ ਕਿਨਾਰੇ ਘੂਮ ਰਹਾ ਥਾ ਉਸ ਵਕਤ ਨਾਰਦ ਜੀ ਸ੍ਵਰਗ ਸੇ ਇੰਦਰ ਕਰਕੇ ਪੂਜਤ ਹੂਏ ਹੂਏ ਔਰ ਸ੍ਵਰਗ ਕੀ ਮਾਲਾ ਪਹਰੇ ਹੂਏ ਅਕਾਸ ਮਾਰਗ ਸੇ ਅਯੁਧਿਆ ਕੋ ਆ ਰਹੇ ਥੇ ਹਰਿ ਕੀਰਤਨ ਮੇਂ ਮਗਨ ਹੂਏ ਨਾਰਦ ਕੇ ਗਲੇ ਕੀ ਮਾਲਾ ਅਕਾਸ਼ ਮੇਂ ਟੂਟ ਗਈ ਅਰ ਬਰਸਾਤ ਕੀ ਬੂੰਦੋਂ ਕੀ ਤਰ੍ਹਾਂ ਨੀਚੇ ਇੰਦੂ ਮਤੀ ਔਰ ਰਾਜਾ ਅਜ ਕੇ ਸਰੀਰ ਪਰ ਆ ਗਿਰੀ ਇੰਦੂ ਮਤੀ ਨੇ ਸ੍ਵਰਗ ਕੇ ਫੂਲ ਪਛਾਨ ਕਰ ਰਾਜਾ ਅਜ ਕੋ ਕਹਾ ਮੈਂ ਅਬ ਜਾਤੀ ਹੂੰ ਕਿਉਂਕਿ ਯਹ ਸ੍ਵਰਗ ਕੇ ਫੂਲ ਮੇਰੇ ਕੋ ਮਿਲ ਗਏ ਹੈਂ ਰਾਜਾ ਨੇ ਪਰੇਮ ਕਰਤੇ ਹੂਏ ਬਹੁਤ ਸਮਝਾਯਾ ਪਰਤੂ ਇੰਦੂ ਮਤੀ ਨ ਰੁਕੀ ਔਰ ਉਡ ਕਰ ਸ੍ਵਰਗ ਕੋ ਚਲੀ ਗਈ ਉਸ ਕੇ ਜਾਨੇ ਸੇ ਰਾਜਾ ਕੋ ਬੜਾ ਦੁਖ ਹੂਆ ਰੋਨੇ ਲਗਾ ਪ੍ਰਿਥਵੀ ਪਰ ਗਿਰ ਪੜਾ ਮੂਰਛਿਤ ਹੋ ਗਿਆ ਬਹੁਤ ਲੋਗ ਇਕਠੇ ਹੋ ਗਏ ਸਭ ਨੇ ਸਮਝਾਇਆ ਭੀ ਪਰੰਤੂ ਰਾਜਾ ਕੋ ਬੋਧ ਨ ਹੂਆ ਫੇਰ ਵਸਿਸ਼ਟ ਮੁਨੀ ਜੀ ਨੇ ਕਹਾ ਯਗਯ ਕਰਾਕਰ ਮੈਂ ਤੇਰੇ ਕੋ ਛੇ ਮਹੀਨੇ ਕੇ ਅੰਦਰ ਇੰਦੂਮਤੀ ਮਿਲਾਊਂਗਾ। ਧੀਰਜ ਕਰ ਪਰੰਤੂ ਫਿਰ ਭੀ ਰਾਜਾ ਕੋ ਧੀਰਜ ਨਾ ਹੂਆ ਰੋਤਾ ਹੀ ਰਹਾ ਰਾਜ ਛੋੜ ਕਰ ਭੀਖ ਮਾਂਗਤਾ ਰਹਾ ਆਖਰ ਸਰੀਰ ਛੋੜ ਦੀਆ। ਪ੍ਰਮਾਣ:-

**ਅਜੈ ਸੁ ਰੋਵੈ ਭੀਖਿਆ ਖਾਇ॥** (ਆਸਾ ਜੀ ਕੀ ਵਾਰ ਸਫਾ ੯੫੩)

ਮਲਿਨ ਚਿਤ ਮੇਂ ਉਪਦੇਸ ਨਹੀਂ ਲਗਤਾ ਭਾਵੇਂ ਤੀਨੋਂ ਦੇਵ ਭੀ ਉਪਦੇਸ ਕਰੇਂ ਜੈਸੇ ਰਾਜਾ ਜਨਕ ਕੋ ਅਸਟਾ ਵਕ੍ਰ ਮੁਨੀ ਨੇ ਕਹਾ ਹੈ-

**[ਸ਼ਲੋਕ] ਹਰੋ ਯਦਿ ਉਪਦੇਸ਼੍ਟਾ ਤੇ ਹਰਿ ਕਮਲ ਜੋ ਅਪਿਵਾ। ਤਥਾਪਿ ਨ ਤਵ ਸ੍ਵਾਸਥਯੰ ਸਰਵ ਵਿਸਮ੍ਰਿਣਾਤ੍ਰ ਰਿਤੇ॥**

ਅਰਥ-ਹੇ ਰਾਜਾ ਜਨਕ ਜਬ ਤਕ ਤੂੰ ਵਿਸ਼ਯੋਂ ਕੋ ਵਿਸਮਰਣ ਨ ਕਰੇਂਗਾ ਯਾਨੇ ਵਿਸਯੋਂ ਕੋ ਭੁਲਾਵੇਂਗਾ ਨਹੀਂ ਤਬ ਤਕ ਤੁਮਾਰੇ ਚਿਤ ਮੇਂ ਉਪਦੇਸ ਅਸਰ ਨ ਕਰੇਗਾ ਭਾਵੇਂ ਸਾਖਯਾਤ ਮਹਾਦੇਵ ਜੀ ਤਥਾ ਭਗਵਾਨ ਵਿਸਨੂੰ ਜੀ ਤਥਾ ਬ੍ਰਹਮਾ ਜੀ ਭੀ ਆ ਕਰ ਉਪਦੇਸ ਕਰੇਂ॥ ਤਾਤੇ ਨਿਤ ਨੈਮਿਤਿਕ ਕਰਮ ਕਰਕੇ ਪਹਿਲੇ ਚਿਤ ਕੋ ਸੁਧ ਕਰਨਾ ਚਾਹੀਏ ਤਬ ਗਯਾਨ ਹੋਗਾ।

**[ਪ੍ਰਮਾਣ] ਗਯਾਨੰ ਉਤਪਦਯਤੇ ਪੁੰਸਾਂ ਖਯਾਤ ਪਾਪਸਯ ਕਰਮਣ:**

ਪਾਪ ਕਰਮ ਕੇ ਖਯ ਸੇ ਪੁਰਸ਼ ਕੇ ਚਿਤ ਮੇਂ ਗਿਆਨ ਪੈਦਾ ਹੋਤਾ ਹੈ।

ਤਥਾ ਨਿਤ ਨੈਮਿਤਿਕ ਕਰਮ ਕੇ ਕਰਨੇ ਮੇਂ ਪਰਮ ਲਾਭ ਭੀ ਹੈ। ਜੈਸੇ ਗੁਰੂ ਪ੍ਰਮਾਣ:-

## ਰੁਕਮਾਂਗਦ ਕਰਤੂਤਿ ਰਾਮ ਜੰਪਹੁ ਨਿਤ ਭਾਈ॥

[ਸਵਯੇ ਮ: ੩ ਸਫ਼ਾ ੧੩੯੪

ਕਥਾ ਰੁਕਮਾਂਗਦ ਕੀ-ਰਿਤੂ ਪਰਣ ਅਯੁਧਿਆ ਕਾ ਰਾਜਾ ਥਾ ਉਸ ਕਾ ਪੁਤਰ ਰੁਕਮਾਂਗਦ ਥਾ, ਰੁਕਮਾਂਗਦ ਕੀ ਇਸਤ੍ਰੀ ਕਾ ਨਾਮ ਸੰਧਿਆਵਲੀ ਥਾ ਔਰ ਪੁਤਰ ਕਾ ਨਾਮ ਧਰਮਾਂਗਦ ਥਾ, ਇਸਤ੍ਰੀ ਪੁਤਰ ਬੜੇ ਆਗਿਆਕਾਰੀ ਥੇ, ਰਾਜਾ ਰੁਕਮਾਂਗਦ ਬੜਾ ਧਰਮਾਤਮਾ ਥਾ ਇਕਾਦਸੀ ਕਾ ਬ੍ਰਤ ਆਪ ਭੀ ਰਖਤਾ ਥਾ ਔਰ ਸਾਰੀ ਪਰਜਾ ਸੇ ਭੀ ਰਖਵਾਯਾ ਕਰਤਾ ਥਾ ਔਰ ਉਸ ਕੇ ਰਾਜ ਮੇਂ ਸਭ ਲੋਕ ਧਰਮਾਤਮਾ ਥੇ, ਧਰਮ ਕੇ ਬਲ ਸੇ ਕੋਈ ਭੀ ਮਰ ਕਰ ਯਮਪੁਰੀ ਕੋ ਨਹੀਂ ਜਾਤਾ ਥਾ ਯਮਰਾਜ ਕੋ ਬੜਾ ਦੁਖ ਹੂਆ, ਤਬ ਬ੍ਰਹਮਾ ਜੀ ਪਾਸ ਜਾਕਰ ਪ੍ਰਾਰਥਨਾਂ ਕਰਤਾ ਭਇਆ ਕਿ ਅਯੁਧਿਆ ਕੇ ਰਾਜ ਸੇ ਮਰ ਕਰ ਕੋਈ ਭੀ ਆਦਮੀ ਮੇਰੀ ਪੁਰੀ ਮੇਂ ਨਹੀਂ ਆਤਾ ਮੇਰੀ ਪੁਰੀ ਬੜੀ ਬਰਬਾਦ ਹੋ ਰਹੀ ਹੈ ਆਬਾਦ ਨਹੀਂ ਹੋਤੀ ਆਪ ਕੋਈ ਐਸਾ ਸਾਧਨ ਕਰੋ ਜੋ ਧਰਮਾਂਗਦ ਰਾਜਾ ਕਾ ਧਰਮ ਟੂਟ ਜਾਵੇ। ਬ੍ਰਹਮਾ ਜੀ ਨੇ ਸਾਰੇ ਦੇਵਤਾਓਂ ਸੇ ਮਿਲ ਕਰ ਸਲਾਹ ਕਰੀ ਔਰ ਨਿਰਣਯ ਕਰਕੇ ਏਕ ਅਤੀ ਸੁੰਦਰ ਮੋਹਨੀ ਨਾਮ ਵਾਲੀ ਇਸਤ੍ਰੀ ਪੈਦਾ ਕਰੀ ਔਰ ਉਸ ਕੋ ਸਮਝਾ ਕਰ ਭੇਜਾ ਗਿਆ ਕਿ ਰੁਕਮਾਂਗਦ ਰਾਜਾ ਕਾ ਏਕਾਦਸੀ ਬਰਤ ਜਾਕਰ ਭੰਗ ਕਰ ਆਓ, ਮੋਹਨੀ ਅਪੱਛਰਾ ਯਹਿ ਬਾਤ ਮਾਨਨਾ ਨਹੀਂ ਚਾਹਤੀ ਥੀ ਪਰ ਸਭ ਦੇਵਤਾਓਂ ਨੇ ਮਿਲ ਕਰ ਹਠ ਸੇ ਉਸ ਕੋ ਮਨਾ ਕਰ ਭੇਜਾ ਤਬ ਵੋਹ ਅਯੁਧਿਆ ਮੇਂ ਰਾਜਾ ਰੁਕਮਾਂਗਦ ਕੇ ਬਾਗ ਮੇਂ ਆਈ ਰਾਜਾ ਭੀ ਵਹਾਂ ਘੂਮਣ ਆਇਆ ਥਾ, ਰਾਜਾ ਨੇ ਉਸਕੀ ਸੁੰਦਰ ਸੂਰਤ ਦੇਖ ਕਰ ਪੂਛਾ ਤੂੰ ਕੌਣ ਹੈਂ ? ਕਹਾਂ ਸੇ ਆਈ ਹੈਂ ? ਕਿਉਂ ਆਈ ਹੈਂ ? ਉਸ ਨੇ ਕਹਾ ਮੈਂ ਬ੍ਰਹਮਾ ਜੀ ਕੀ ਪੁਤਰੀ ਹੂੰ ਬ੍ਰਹਮ ਲੋਕ ਸੇ ਆਈ ਹੂੰ ਤੁਮਾਰਾ ਨਾਮ ਧਰਮਾਤਮਾ ਸੁਨਾ ਥਾ ਇਸ ਵਾਸਤੇ ਆਪ ਕਾ ਦਰਸ਼ਨ ਕਰਨੇ ਆਈ ਹੂੰ ਔਰ ਆਪ ਕੇ ਸਾਥ ਹੀ ਸ਼ਾਦੀ ਕਰਨੇ ਕਾ ਵਿਚਾਰ ਕਰਕੇ ਆਈ ਹੂੰ। ਰਾਜਾ ਨੇ ਅਪਨੀ ਇਸਤ੍ਰੀ ਔਰ ਪੁਤ੍ਰ ਕੋ ਬੁਲਾਇਆ ਉਨੋਂ ਸੇ ਸਲਾਹ ਲੀ ਉਨਹੋਂ ਨੇ ਕਹਾ ਬੇਸ਼ਕ ਆਪ ਇਸ ਸੇ ਸ਼ਾਦੀ ਕਰੋ, ਹਮ ਭੀ ਇਸ ਕੀ ਸੇਵਾ ਕਰੇਂਗੇ ਇਸਤ੍ਰੀ ਨੇ ਕਹਾ ਮੈਂ ਇਸ ਕੋ ਸੌਕਣ ਸਮਝਕੇ ਵੈਰ ਭਾਵ ਨਹੀਂ ਕਰੂੰਗੀ ਪੁਤ੍ਰ ਜਾਨ ਕਰ ਸੇਵਾ ਕਰੂੰਗੀ, ਪੁਤ੍ਰ ਨੇ ਕਹਾ ਮੈਂ ਮਾਤਾ ਜਾਨ ਕਰ ਸੇਵਾ ਕਰੂੰਗਾ, ਤਬ ਰਾਜਾ ਨੇ ਉਸ ਕੇ ਸਾਥ ਸ਼ਾਦੀ ਕਰੀ, ਉਸ ਨੇ ਕਹਾ ਕਬੀ ਕਬੀ ਜਬ ਮੈਂ ਆਪ ਸੇ ਕੋਈ ਪ੍ਰਾਰਥਨਾ ਕਰੂੰ ਤੋ ਆਪ ਨੇ ਮੇਰੀ ਇਛਾ ਪੂਰੀ ਕਰਨੀ ਹੋਗੀ। ਰਾਜਾ ਨੇ ਕਹਾ ਮੇਰਾ ਵਚਨ ਹੈ ਮੈਂ ਤੇਰੀ ਇਛਾ ਪੂਰੀ ਕਰੂੰਗਾ, ਜਬ ਬਹੁਤ ਦਿਨ ਬੀਤ ਗਏ ਏਕਾਦਸੀ ਕਾ ਦਿਨ ਆਇਆ ਉਸ ਦਿਨ ਰਾਜਾ ਆਪ ਤਥਾ ਪਰਜਾ ਕੋ ਭੀ ਬ੍ਰਹਮਚਰਜ ਰਖਾਇਆ ਕਰਤਾ ਥਾ, ਤਬ ਉਸ ਦਿਨ 'ਮੋਹਨੀ' ਰਾਜਾ ਪਾਸ ਕਾਮਾਤੁਰ ਹੋਕੇ ਆਈ ਔਰ ਕਹਿਨੇ



ਲਗੀ ਆਜ ਬ੍ਰਹਮਚਰਜ ਨਾ ਰਖੋ ਮੇਰੀ ਇਛਾ ਪੂਰੀ ਕਰੋ, ਰਾਜਾ ਨੇ ਯਹ ਬਾਤ ਸਵੀਕਾਰ ਨ ਕਰੀ ਔਰ ਕਹਾ ਮੈਂ ਅਪਨਾ ਧਰਮ ਕਭੀ ਭੰਗ ਨਾ ਕਰੂੰਗਾ ਇਸ ਮੇਰੇ ਧਰਮ ਕੇ ਪਰਭਾਵ ਸੇ ਮੇਰੇ ਰਾਜ ਮੇਂ ਮਰ ਕਰ ਕੋਈ ਯਮਪੁਰੀ ਕੋ ਨਹੀਂ ਜਾਤਾ ਅਗਰ ਧਰਮ ਭੰਗ ਕਰੂੰਗਾ ਤੋ ਲੋਕੋਂ ਕੀ ਦੁਰਗਤੀ ਕਾ ਕਾਰਨ ਮੈਂ ਹੂੰਗਾ, ਮੋਹਨੀ ਕੇ ਬਹੁਤ ਪਰਾਰਥਨਾ ਕਰਨੇ ਪਰ ਭੀ ਜਬ ਰਾਜਾ ਨੇ ਨ ਮਾਨਾ ਤਬ ਮੋਹਨੀ ਕਰੋਧ ਹੋ ਕਰ ਸਾਪ ਦੇਨੇ ਲਗੀ ਔਰ ਕਹਾ ਆਪ ਨੇ ਪ੍ਰਤਗਜ੍ਯਾ ਕਰੀ ਥੀ ਕਿ ਮੈਂ ਤੇਰੀ ਇਛਾ ਪੂਰੀ ਕਰੂੰਗਾ ਅਬ ਮੇਰੀ ਇਛਾ ਪੂਰੀ ਕਿਉਂ ਨਹੀਂ ਕਰਤੇ ? ਰਾਜਾ ਨੇ ਕਹਾ ਇਸ ਇਛਾ ਕੇ ਬਦਲੇ ਹੋਰ ਜੋ ਭੀ ਤੂ ਕਹੇਂ ਸੋ ਮੈਂ ਕਰਨੇ ਕੋ ਤਿਆਰ ਹੂੰ ਤਬ ਵੋਹ ਕਹਿਨੇ ਲਗੀ ਤੁਮ ਅਪਨੇ ਪੁਤਰ ਕਾ ਸਿਰ ਦਾਨ ਕਰ ਦਿਓ ਮੈਂ ਤੁਮਾਰੇ ਪੁਤਰ ਕਾ ਸਿਰ ਦੇਵੀ ਕੋ ਬਲੀਦਾਨ ਕਰੂੰਗੀ ਯਾ ਮੇਰੀ ਪਹਿਲੀ ਇਛਾ ਪੂਰੀ ਕਰੋ ਤਬ ਰਾਜਾ ਨੇ ਅਪਨੇ ਇਸਤ੍ਰੀ ਔਰ ਪੁਤਰ ਕੋ ਬੁਲਾਇਆ ਮੋਹਨੀ ਕੇ ਬਚਨ ਸੁਨਾਏ ਤਬ ਇਸਤ੍ਰੀ ਨੇ ਕਹਾ ਆਪ ਆਪਨਾ ਧਰਮ ਭੰਗ ਨਾ ਕਰੋ ਪੁਤਰ ਕਾ ਸੀਸ ਦੇ ਕਰ ਅਪਨਾ ਬਚਨ ਪੂਰਾ ਕਰੋ ਔਰ ਪੁਤਰ ਨੇ ਭੀ ਯਹੀ ਕਹਾ, ਰਾਜਾ ਨੇ ਮੋਹਨੀ ਕੋ ਬੁਲਾ ਕੇ ਪੁਤਰ ਭੇਟ ਕੀਆ ਜੋ ਰਾਜਾ ਕਾ ਇਕੇਲਾ ਹੀ ਪੁਤਰ ਥਾ, ਤਬ ਮੋਹਨੀ ਕਹਿਨੇ ਲਗੀ ਇਸ ਕੋ ਸ਼ਨਾਨ ਕਰਾ ਦੇਵੀ ਕੇ ਮੰਦਰ ਮੇਂ ਲੇ ਜਾ ਕਰ ਮਾਤਾ ਪਿਤਾ ਅਪਨੇ ਹਾਥ ਸੇ ਇਸ ਕਾ ਸਿਰ ਕਾਟੇਂ ਔਰ ਮਾਤਾ ਪਿਤਾ ਔਰ ਪੁਤਰ ਤੀਨੋਂ ਕੇ ਨੇਤਰੋਂ ਮੇਂ ਜਲ ਨਾ ਆਵੇ ਤਬ ਮੈਂ ਲੂੰਗੀ। ਰਾਜਾ ਨੇ ਧਰਮ ਕੀ ਰਖਿਆ ਵਾਸਤੇ ਐਸਾ ਹੀ ਕੀਆ ਜਬ ਅਪਨੇ ਹਾਥ ਸੇ ਪੁਤਰ ਕਾ ਸਿਰ ਕਾਟ ਚੁਕੇ ਤੋ ਬ੍ਰਹਮਾ ਆਦੀ ਸਭ ਦੇਵਤਾ ਲੋਗ ਵਹਾਂ ਕਠੇ ਹੋ ਗਏ ਔਰ ਰਾਜਾ ਕੋ ਧੰਨਵਾਦ ਦੇਨੇ ਲਗੇ ਔਰ ਉਸ ਕੇ ਪੁਤਰ ਕੋ ਜਿਵਾਇ ਕਰ ਪੁਤਰ ਕੋ ਰਾਜ ਦੇਕਰ ਰਾਜਾ ਕੋ ਰਾਣੀਓਂ ਸਹਿਤ ਬ੍ਰਹਮ ਲੋਕ ਮੇਂ ਲੇ ਗਏ, ਜਿਸ ਤਰ੍ਹਾਂ ਰਾਜਾ ਰੁਕਮਾਂਗਦ ਅਪਨੇ ਨਿਤ ਕਰਮ ਮੇਂ ਪੱਕਾ ਰਹਾ ਡੋਲਿਆ ਨਹੀਂ ਯਾਨੇ ਹਰਖ ਸੋਗ ਨਹੀਂ ਕੀਆ ਤੈਸੇ ਨਿੱਤ ਕਰਮ ਮੇਂ ਪੱਕਾ ਰਹਿਨਾ ਚਾਹੀਏ ਨਿੱਤ ਕਰਮ ਕੋ ਛੋੜਨਾ ਨਹੀਂ ਚਾਹੀਏ ਚਾਹੇ ਕਿਤਨੇ ਵਿਘਨ ਭੀ ਪੜ ਜਾਵੇਂ ਜੈਸੇ ਰਾਜਾ ਨੇ ਅਪਨੇ ਧਰਮ ਸੇ ਅਪਨੇ ਰਾਜ ਭਰ ਕੇ ਮਨੁਸ਼ੋਂ ਕੋ ਯਮਪੁਰੀ ਮੇਂ ਨਾ ਜਾਣੇ ਦੀਆ ਥਾ ਭਟ ਕਹਿਤੇ ਹੈਂ ਤੈਸੇ ਹੀ ਗੁਰੂ ਅਮਰ ਦੇਵ ਜੀ ਆਪ ਨੇ ਭੀ ਅਪਨੇ ਜੀਤੇ ਜੀਤੇ ਕਿਸੀ ਕੇ ਭੀ ਪੁਤਰ ਕੋ ਮਾਤਾ ਪਿਤਾ ਕੇ ਹੋਤੇ ਮਰਨੇ ਨਹੀਂ ਦੀਆ ਯਹ ਆਪ ਮੇਂ ਹੀ ਬਲ ਥਾ ਤਾਂਤੇ ਆਪ ਲੋਕੋਂ ਕੇ ਉਧਾਰ ਵਾਸਤੇ ਤਥਾ ਤਾਰਨੇ ਵਾਸਤੇ ਜਗਤ ਵਿਚ ਪ੍ਰਗਟ ਹੋਏ ਹੋ। ਇਸ ਕਥਾ ਕਾ ਯਹ ਭਾਵ ਹੈ ਕਿ ਸਭ ਪੁਰਸ਼ੋਂ ਕੋ ਚਾਹੀਏ ਧਰਮ ਮੇਂ ਪੱਕੇ ਹੋਕਰ ਅਪਨੇ ਦੇਸ਼ ਔਰ ਕੁਲ ਦੀ ਰਖਿਆ ਕਰੇ ਯਹ ਸੁਨ ਕਰ ਜਿਸ ਕੇ ਪ੍ਰਸ਼ਨ ਕਾ ਪੂਰਾ ਪੂਰਾ ਉਤਰ ਮਿਲਨੇ ਸੇ ਵੋ ਮਹਾਤਮਾ ਕੇ ਚਰਨੋਂ ਮੇਂ ਗਿਰ ਪੜਾ ਔਰ ਅਪਨੇ ਪ੍ਰਸ਼ਨ ਕਾ ਉਤਰ ਸੁਨ ਨਿਰਸੰਦੇਹ ਹੋਤਾ ਭਯਾ ਫਿਰ ਮਹਾਤਮਾ ਕਹਨੇ ਲਗੇ ਇਸ ਨਿਤ ਨੈਮਿਤਿਕ ਰੂਪ ਸਦਾਚਾਰ ਕਰਮ ਸੇ ਹੀ ਸਰਵ ਫਲ ਪ੍ਰਾਪਤ ਹੋਤੇ ਹੈਂ।

[ਸ਼ਲੋਕ] ਆਚਾਰਾਤੁ ਲਭਤੇ ਪੂਜਾਂ ਆਚਾਰਾਤ ਲਭਤੇ ਪ੍ਰਜਾਂ। ਆਚਾਰਾਤੁ ਪ੍ਰਾਪਜਤੇ ਸੁਰਗੰ ਆਚਾਰਾਤੁ ਪ੍ਰਾਪਜਤੇ ਸੁਖੰ ॥ ੧ ॥ ਆਚਾਰਾਤੁ ਪ੍ਰਾਪਜਤੇ ਮੋਖਜ ਆਚਾਰਾਤੁ ਕਿੰ ਨ ਲਭਜਤੇ। ਆਚਾਰ ਭ੍ਰਸ਼ਟ ਦੇਹਾਨਾਂ ਭਦੇਤ ਧਰਮ ਪਰਾਙ ਮੁਖ: ॥ ੨ ॥ ਦੁਰਾਚਾਰੋ ਹੀ ਪੁਰਸ਼ੋ, ਲੋਕੇ ਭਵਤਿ ਨਿੰਦਤ: ਦੁਖ ਭੋਗੀ ਚ ਸਤਤੰ ਰੋਗੀ ਚ ਅਲਪ ਆਯੁਸ਼ੀ ਭਵੇਤੁ ॥ ੩ ॥

ਅਰਥ–ਆਚਾਰ ਸੇ ਹੀ ਪ੍ਰਤਿਸ਼ਟਾ ਕੋ ਪ੍ਰਾਪਤ ਹੋਤਾ ਹੈ ਔਰ ਆਚਾਰ ਸੇ ਯਾਨੇ ਪ੍ਰਜਾ ਯਾਨੇ ਪੁਤ੍ਰਾਦਿਕੋਂ ਕੋ ਪ੍ਰਾਪਤ ਹੋਤਾ ਹੈ। ਆਚਾਰ ਸੇ ਹੀ ਸੁਰਗ ਕੋ ਪ੍ਰਾਪਤ ਹੋਤਾ ਹੈ। ਆਚਾਰ ਸੇ ਹੀ ਸੁਖ ਮਿਲਤਾ ਹੈ ॥ ੧ ॥

ਆਚਾਰ ਸੇ ਮੋਖਸ਼ ਪ੍ਰਾਪਤ ਹੋਤਾ ਹੈ। ਆਚਾਰ ਸੇ ਕਿਆ ਨਹੀਂ ਪ੍ਰਾਪਤ ਹੋਤਾ ਭਾਵ ਸਭ ਕੁਛ ਪ੍ਰਾਪਤ ਹੋਤਾ ਹੈ। ਜੋ ਪੁਰਸ਼ ਆਚਾਰ ਸੇ ਭ੍ਰਸ਼ਟ ਹੈਂ ਯਾਨੇ ਦੁਰਾਚਾਰੀ ਹੈਂ ਉਨ ਸੇ ਧਰਮ ਭੀ ਮੁਖ ਮੋੜ ਲੇਤਾ ਹੈ ॥ ੨ ॥ ਦੁਰਾਚਾਰ ਵਾਲਾ ਹੀ ਪੁਰਸ਼ ਸੰਸਾਰ ਮੇਂ ਨਿੰਦਤ ਗਿਨਾ ਜਾਤਾ ਹੈ ਔਰ ਦੁਰਾਚਾਰੀ ਪੁਰਸ਼ ਦੁਖੀ ਰਹਿਤਾ ਹੈ ਯਾਨੇ ਦੁਖ ਭੋਗਨੇ ਵਾਲਾ ਹੋਤਾ ਹੈ ਔਰ ਥੋੜੀ ਆਯੂ ਵਾਲਾ ਹੋਤਾ ਹੈ ॥ ੩ ॥ ਤਾਂਤੇ ਨਿਤ ਨੈਮਿਤਕ ਰੂਪ ਸਦਾਚਾਰ ਕੋ ਕਭੀ ਨ ਤਿਆਗਣਾ ਚਾਹੀਏ ਔਰ ਸਦਾਕਾਰ ਸੇ ਚਿਤ ਸ਼ੁਧ ਕਰ ਔਰ ਈਸ਼੍ਵਰ ਭਗਤੀ ਸੇ ਚਿਤ ਏਕਾਗ੍ਰ ਕਰ ਚਾਰ ਸਾਧਨ ਵਾਨ ਹੋਕਰ ਗਿਆਨਾਰਥ ਗੁਰੂ ਸ਼ਰਣ ਮੇਂ ਆਵੇ। ਸਾਧਨ–ਚਾਰ ਸਾਧਨ ਯਹ ਹੈਂ (੧) ਪ੍ਰਥਮ ਵਿਵੇਕ ਆਤਮਾ ਅਨਾਤਮਾ ਕਾ ਕਿ ਆਤਮਾ ਅਬਿਨਾਸੀ ਹੈ ਅਚਲ ਹੈ ਪਰਿਪੂਰਣ ਹੈ ਏਕ ਹੈ ਔਰ ਅਨਾਤਮਾ ਯਾਨੇ ਦੇਹ ਮਨ ਇੰਦ੍ਰਿ ਆਦਿ ਨਾਸ਼ਵਾਨ ਹੈਂ, ਚੰਚਲ ਹੈਂ ਔਰ ਪਰਛਿੰਨ ਹੈ। ਨਾਨਾ ਰੂਪ ਕੋ ਧਾਰਣ ਕਰੇ ਹੈ। ਇਸ ਪ੍ਰਕਾਰ ਹਰ ਵਕਤ ਵਿਚਾਰ ਕਰਨੇ ਕਾ ਨਾਮ ਵਿਵੇਕ ਹੈ। (੨) ਦੂਸਰਾ ਵੈਰਾਗ ਰੂਪ ਸਾਧਨ ਹੈ ਸੋ ਵੈਰਾਗਜ ਤੀਨ ਪ੍ਰਕਾਰ ਹੈ। ਮੰਦ, ਤੀਬਰ, ਤੀਬਰਤਰ।

ਜਿਹਾ ਸਾ ਕਹੈ ਵੈਰਾਗ ਕੋ ਸੋ ਹੈ ਤੀਨ ਪ੍ਰਕਾਰ। ਤੀਬ੍ਰ ਪੁਨ ਤੀਬ੍ਰਤਰ ਕਹੇ ਮੰਦ ਤਥਾ ਨਿਰਧਾਰ ॥੯੨॥ ਚੌਪਈ ॥ ਪੁਤ੍ਰ ਦਾਰ ਨਸ਼੍ਰ ਹੋਇ ਜਬਹੀਂ। ਧ੍ਰਿਗ ਸੰਸਾਰ ਹੋਇ ਮਤ ਤਬਹੀਂ। ਯਹੀ ਮੰਦ ਵੈਰਾਗ ਕਹੀਜੈ। ਤਾ ਮੈਂ ਨਹਿੰ ਸੰਨਿਆਸਹਿ ਲੀਜੇ ॥ ੯੩ ॥ ਪੁਤ੍ਰ ਦਾਰ ਵਿਸ਼ਯ ਜਗ ਜੇਤੇ। ਯਾਂਹਿ ਜਨਮ ਮਤ ਹੋਵੈ ਤੇਤੇ। ਐਸੀ ਇਸਥਿਰ ਮਤਿ ਹੈ ਜੋਈ। ਵੈਰਾਗ ਸੁ ਤੀਬ੍ਰ ਭਾਖਿਓ ਸੋਈ ॥ ੯੪ ॥ ਪੁਨਰਾ ਬ੍ਰਿਤੀ ਸਹਿਤ ਜੇ ਲੋਕ। ਮਤਿ ਹੋਵੈ ਜਾਮੋ ਬਹ ਸ਼ੋਕ। ਐਸੀ ਸਤਿ ਇਸਥਿਰ ਹੈ ਜੋਈ। ਤੀਬਰ



ਤਰ ਵੈਰਾਗ ਸੁ ਹੋਈ ॥੯੫॥ ਪੁਨ ਭੋਗਨ ਮੇਂ ਦੀਨ ਨ ਹੋਈ। ਵੈਰਾਗ ਬ੍ਰਿਖ ਫਲ ਭਾਖਯੋ ਜੋਈ ॥ ਬ੍ਰਹਮ ਲੋਕ ਲੌ ਹਯੈ ਜੇਤੇ। ਤ੍ਰਿਣ ਸਮਾਨ ਸਭ ਭਾਸਹਿ ਤੇਤੇ ॥ ੯੬ ॥ ਯਾਹਿ ਵਿਰਾਗ ਅਵੱਧਿ ਬੁਧਿ ਗਾਵੈ। ਪੂਰਣ ਭਾਗ ਭਏ ਜਨ ਪਾਵੇ। ਤੀਬਰ ਹੋਇ ਵੈਰਾਗ ਸੁ ਜਬਹੀ। ਕਰੇ ਸੰਨਯਾਸ ਭੂਮਿ ਮੇਂ ਤਬ ਹੀ ॥ ੯੭ ॥ ਸੋ ਸਨਯਾਸ ਹੈ ਦੋ ਪ੍ਰਕਾਰ। ਕੁਟੀਚਕ ਔਰ ਬਹੂਦਕ ਧਾਰ। ਯਾਤ੍ਰਾ ਮਾਹਿ ਸ਼ਕਤ ਨਹਿ ਜਬਹੀ। ਕਰੇ ਕੁਟੀਚਕ ਜੋਗੀ ਤਬਹੀ ॥ ੯੮ ॥ ਯਾਤ੍ਰਾ ਸਕਤ ਦੇਹ ਨਰ ਜੋਈ। ਸਨਯਾਸ ਬਹੂਦਕ ਧਾਰੇ ਸੋਈ। ਯੇਹ ਦੋਨੋਂ ਸਨਯਾਸ ਸੁ ਜੋਈ। ਨਾਮ ਤ੍ਰਿਡੰਡੀ ਭਾਖੇਂ ਤੇਈ ॥ ੯੯ ॥ ਤੀਬ੍ਰਤਰ ਵੈਰਾਗ ਸੁ ਜੋਈ। ਦੋ ਸਨਯਾਸ ਜਨਕ ਹੈ ਸੋਈ। ਹੰਸ ਏਕ ਕੋ ਨਾਮ ਭਨੀਜੇ। ਪਰਮਹੰਸ ਸੋ ਦ੍ਵਿਤੀਯ ਕਹੀਜੇ ॥ ੧੦੦ ॥ ਬ੍ਰਹਮਲੋਕ ਮੇਂ ਤਤ੍ਵ ਗਿਆਨ। ਜਾਮੇ ਹੋਇ ਸੁ ਹੰਸ ਪਛਾਨ। ਪਰਮਹੰਸ ਪੁਨ ਦ੍ਵੈ ਪ੍ਰਕਾਰ। ਵਿਵਿਦਸ਼ਾ ਔ ਵਿਦ੍ਵਤ ਨਿਰਧਾਰ ॥ ੧੦੧ ॥ ਐਹਿਕ ਗਯਾਨ ਅਰਥ ਹੈ ਜੋਈ। ਵਿਵਿਦਿਸ਼ਾ ਭਵ ਭਾਖਯੋ ਸੋਈ। ਤਤ੍ਵ ਗਿਆਨ ਅਨੰਤਰ ਜੋਈ। ਜੀਵਨ ਮੁਕਤਿ ਹੇਤੁ ਹੈ ਸੋਈ ॥ ੧੦੨ ॥ ਵਹੀ ਕਹੀਜੇ ਵਿਦਵਤ ਸੰਨਯਾਸ। ਜੀਵਨ ਮੁਕਤਿ ਸੁ ਕਰੇ ਪ੍ਰਕਾਸ। ਯਾਗਵਲਕ ਲੌ ਜੋ ਰਿਖਿ ਭਾਰੇ। ਤਿਨਹੂ ਯਹ ਸੰਨਿਆਸ ਸੁ ਧਾਰੇ ॥ ੧੦੩ ॥ [ਮੋਖਸ਼ ਪੰਥ ਨਿਵਾਸ ੪

ਸੰਖੇਪ ਸੇ ਅਰਥ–ਸੋ ਵਰਾਗ ਤੀਨ ਪ੍ਰਕਾਰ ਹੈ। ਮੰਦ, ਤੀਬ੍ਰ ਤੀਬ੍ਰਤਰ। ਮੰਦ ਵੈਰਾਗ ਉਸਕੋ ਕਹਿਤੇ ਹੈਂ ਜਬ ਇਸਤ੍ਰੀ ਪੁਤ੍ਰ ਧਨ ਯਾ ਕੋਈ ਪ੍ਰਿਯ ਸੰਬੰਧੀ ਮਰ ਜਾਵੇ ਤਬ ਧ੍ਰਿਗ ਸੰਸਾਰ ਹੈ ਐਸੀ ਬੁਧੀ ਹੋਵੇ ਉਸਕੋ ਮੰਦ ਵੈਰਾਗ ਕਹਿਤੇ ਹੈਂ ਇਸ ਮੇਂ ਘਰ ਕਾ ਤਿਆਗ ਨਾ ਕਰਨਾ ਚਾਹੀਏ ਸਾਧੂ ਨ ਬਣਨਾ ਚਾਹੀਏ। ਦੂਸਰੇ ਤੀਬਰ ਵੈਰਾਗ ਕਾ ਲਖਣ–ਇਸ ਲੋਕ ਕੇ ਭੋਗ ਇਸਤ੍ਰੀ ਪੁਤ੍ਰ ਧਨਾਦਿ ਮੇਰੇ ਕੋ ਨ ਹੋਵੇਂ ਐਸੀ ਦ੍ਰਿੜ ਇਛਾ ਕਾ ਨਾਮ ਤੀਬਰ ਵੈਰਾਗ ਹੈ। ਇਸ ਮੇਂ ਸਾਧੂ ਬਨ ਸਕਤਾ ਹੈ ਯਾਨੇ ਸੰਨਿਆਸ ਲੈ ਸਕਤਾ ਹੈ ਪਰੰਤੂ ਦੋ ਪ੍ਰਕਾਰ ਕਾ ਕੁਟਿਚਕ ਬਹੂਦਕ। ਜੋ ਸਰੀਰ ਬ੍ਰਿਧ ਹੋਵੇ ਯਾ ਬੀਮਾਰ ਹੋਵੇ ਤਬ ਅਪਨੇ ਸ਼ਹਿਰ ਮੇਂ ਵਾ ਔਰ ਕਿਸੀ ਅਸਥਾਨ ਮੇਂ ਕੁਟੀਆ ਬਨਾਕੇ ਰਹੇ ਉਸਕੋ ਕੁਟੀਚਕ ਸੰਨਿਆਸ ਕਹਿਤੇ ਹੈਂ ਦੂਸਰਾ ਬਹੂਦਕ। ਜੋ ਯਾਤ੍ਰਾ ਮੇਂ ਸਮਰਥ ਹੋਵੇ ਤੋ ਬਹੂਦਕ ਯਾਨੇ ਬਹੁਤ ਨਦੀਓਂ ਕਾ ਜਲ ਪੀਤਾ ਰਹੇ ਯੇ ਦੋਨੋਂ ਸੰਨਿਆਸ

ਤੀਬਰ ਵੈਰਾਗ ਵਾਲੇ ਵਾਸਤੇ ਹੈ ਤੀਸਰਾ ਤੀਬਰਤਰ ਵੈਰਾਗ ਕਾ ਲਖਣ ਯਹ ਹੈ। ਇਸ ਲੋਕ ਸੇ ਲੇਕਰ ਬ੍ਰਹਮ ਲੋਕ ਤਕ ਕੇ ਭੋਗ ਮੇਰੇ ਕੋ ਨ ਮਿਲੈਂ ਐਸੀ ਇਛਾ ਕੋ ਤੀਬਰਤਰ ਵੈਰਾਗ ਕਹਿਤੇ ਹੈਂ । ਇਸ ਮੇਂ ਦੋ ਪਰਕਾਰ ਕਾ ਸੰਨਿਆਸ ਲੇ ਸਕਤਾ ਹੈ ਸੰਨਯਾਸ ਦੋ ਪਰਕਾਰ ਕਾ ਹੋਤਾ ਹੈ। ੧. ਹੰਸ ੨. ਪਰਮ ਹੰਸ। ਹੰਸ ਸੰਨਿਆਸੀ ਕੋ ਬ੍ਰਹਮ ਲੋਕ ਮੇਂ ਗਿਆਨ ਹੋਵੇਗਾ ਔਰ ਬ੍ਰਹਮਾ ਜੀ ਕੇ ਸਾਥ ਹੀ ਮੁਕਤ ਹੋਗਾ। ਕਿਉਂਕਿ ਉਸ ਕੋ ਇਸ ਲੋਕ ਮੇਂ ਕਿਸੀ ਪਰ ਸ਼ਰਧਾ ਨਹੀਂ ਹੋਵੇਗੀ ਅਪਨੇ ਕੋ ਹੀ ਵਿਰਕਤ ਮਾਨੇਗਾ ਦੂਸਰਾ ਇਸ ਸੇ ਉਤਮ ਪਰਮਹੰਸ ਸੰਨਿਆਸ ਹੈ। ਸੋ ਦੋ ਪ੍ਰਕਾਰ ਕਾ ਹੈ। (੧) ਵਿਵਿਦਿਸ਼ਾ (੨) ਵਿਦਵਤ । ਵਿਵਿਦਿਸ਼ਾ ਯਾਨੇ ਗਿਆਨ ਕੀ ਇਛਾ ਕਰਕੇ ਜੋ ਸੰਨਿਆਸ ਲੇਤਾ ਹੈ ਉਸੀ ਕਾ ਨਾਮ ਵਿਵਿਦਿਸਾ ਸੰਨਿਆਸ ਹੈ। ਦੂਸਰਾ ਵਿਦ੍ਵਤ ਸੰਨਿਆਸ ਕਾ ਲਖਣ। ਘਰ ਮੇਂ ਹੀ ਗਿਆਨ ਹੋ ਕਰ ਜੀਵਨ ਮੁਕਤੀ ਕੇ ਆਨੰਦ ਕੀ ਇਛਾ ਸੇ ਜੋ ਸੰਨਿਆਸ ਲੇਵੇ ਉਸ ਕੋ ਵਿਦ੍ਵਤ ਸੰਨਿਆਸ ਕਹਿਤੇ ਹੈਂ। ਯੇ ਸੰਨਿਆਸ ਵੈਰਾਗ ਸੇ ਹੀ ਹੋਤੇ ਹੈਂ ਇਸ ਵਾਸਤੇ ਗੁਰੂ ਪਾਸ ਦੂਸਰਾ ਸਾਧਨ ਵੈਰਾਗ ਕੋ ਧਾਰ ਕੇ ਜਾਵੇ।

ਸਾਧਨ ੩–ਤੀਸਰਾ ਸਾਧਨ ਖਟ ਸੰਪਤਿ ਹੈ ਯਾਨੇ ਜਿਸ ਮੇਂ ੬ ਸਾਧਨ ਹੋਵੇ ਸੋ ਏਕ ਹੀ ਤੀਸਰਾ ਖਟ ਸੰਪਤਿ ਸਾਧਨ ਕਹਿਲਾਤਾ ਹੈ । ਸੋ ਛੇ ਯੇਹ ਹੈ :–੧. ਸਮ ਯਾਨੇ ਮਨ ਕੋ ਰੋਕਨਾ ਵਿਸ਼ਯੋਂ ਕੀ ਤਰਫ ਸੇ । ੨. ਦੂਸਰਾ ਦਮ ਯਾਨੇ ਇੰਦ੍ਰੀਯੋਂ ਕੋ ਵਿਸ਼ਯੋਂ ਕੀ ਤਰਫ ਸੇ ਰੋਕਨਾ । ੩. ਤੀਸਰੀ ਸਰਧਾ ਗੁਰੂ ਔਰ ਵੇਦ ਕੇ ਵਚਨ ਸਤਿ ਹੈਂ ਐਸਾ ਹਿਰਦੇ ਮੇਂ ਵਿਸ੍ਵਾਸ ਰਖਨਾ, ਇਸ ਕਾ ਨਾਮ ਸ਼ਰਧਾ ਹੈ । ੪. ਸਮਾਧਾਨ ਹਰ ਵਕਤ ਚਿਤ ਏਕਾਗਰ ਰਹਿਨਾ । ੫. ਉਪਰਾਮ, ਇਸਤ੍ਰੀ ਪੁਤ੍ਰਾਦਿਕੋਂ ਕਾ ਸਰਵਦਾ ਤਿਆਗ ਕਰਨਾ ਔਰ ਵਿਸਯੋਂ ਕੋ ਵਿਖਵਤ ਸਮਝਕੇ ਪਰੇ ਰਹਿਨਾ । ੬. ਛੇਵੀਂ ਤਿਤਿਖਸ਼ਾ ਯਾਨੇ ਸੁਖ ਦੁਖ ਮਾਨ ਅਪਮਾਨ ਭੁਖ ਪਿਆਸ ਸ਼ੀਤ ਉਸਣ ਸਭ ਕੋ ਸਹਾਰਨਾ । ਇਨ ਛੇ ਕੋ ਏਕ੍ਰ ਖਟ ਸੰਪਤਿ ਸਾਧਨ ਕਹਿਤੇ ਹੈਂ ਯੇ ਚਾਰ ਸਾਧਨੋਂ ਮੇਂ ਤੀਸਰਾ ਸਾਧਨ ਹੈ । ਸਾਧਨ ੪–ਚਉਥਾ ਸਾਧਨ ਮੋਖਸ਼ ਕੀ ਇਛਾ ਧਾਰ ਕੇ ਗੁਰੂ ਪਾਸ ਆਨਾ ਔਰ ਕਿਸੀ ਵਿਸਯ ਕੀ ਇਛਾ ਕਰਕੇ ਨ ਆਨਾ, ਉਸ ਕੋ ਮਮੁਖਸ਼ਤਾ ਕਹਿਤੇ ਹੈਂ ਮਲ ਵਿਖੇਪ ਸੇ ਰਹਿਤ ਹੋਕਰ ਚਾਰ ਸਾਧਨ ਵਾਨ ਹੋਕਰ ਗੁਰੂ ਕੀ ਸ਼ਰਣ ਮੇਂ ਆਵੇ ਔਰ ਗੁਰੂ ਪਾਸ ਆ ਕਰ ਦੂਸਰੇ ਚਾਰ ਸਾਧਨ ਭੀ ਕਰੇ । ਦੂਸਰੇ ਚਾਰ ਸਾਧਨੋਂ ਕੇ ਨਾਮ ਸਰਵਣ ਮੰਨਨ ਨਿਦਿਧਯਾਸਨ ਤਤ ਤ੍ਵੰ ਪਦ ਕਾ ਸ਼ੋਧਨ ਹੈ। ੧. (ਸ੍ਰਵਣ ਲਖਯਣ:) ਖਟ ਲਿੰਗ ਰੂਪ ਯੁਕਤੀ ਸੇ ਸਰਵ ਵੇਦਾਂਤ ਵਾਕਯੋਂ ਕਾ ਅਦ੍ਵਿਤਿ ਬ੍ਰਹਮ ਮੇਂ ਤਾਤਪ੍ਰਯ ਨਿਸਚਯ ਕਾ ਨਾਮ ਸ੍ਰਵਣ ਹੈ । ਵੋਹ ਖਟ ਲਿੰਗ ਰੂਪ ਯੁਕਤੀਆਂ ਯੇਹ ਹੈ :–

**ਸ਼ਲੋਕ–ਉਪਕ੍ਰਮ ਉਪਸੰਘਾਰਊ ਅਭ੍ਯਾਸੋ ਅਪੂਰਵਤਾ ਫਲੰ ਅਰਥਵਾਦ ਉਪਪਤਿ ਚ ਲਿੰਗੰ ਤਾਤਪ੍ਰਯ ਨਿਰਣਯੇ ॥**



ਟੀਕਾ :–(੧) ਉਪਕ੍ਰਮ ਉਪਸੰਘਾਰ। (੨) ਅਭ੍ਯਾਸ। (੩) ਅਪੂਰਵਤਾ। (੪) ਫਲ। (੫) ਅਰਥ ਵਾਦ । (੬) ਉਪਪੱਤਿ। ਯੇਹ ਖਟ ਲਿੰਗ (ਚਿਨ੍ਹ) ਤਾਤਪ੍ਰਯ ਕੇ [illegible] ਵਾਲੇ ਹੈਂ। ਇਨ ਛੇਓ ਕੇ ਲਖਯਣ ਜੁਦਾ ਜੁਦਾ ਇਹ ਹੈਂ –

**ਸ਼ਲੋਕ–ਵਸਤੁਨ: ਪ੍ਰਤਿਪਾਦਯਸਯ ਆਦਊ ਅੰਤੇ ਪ੍ਰਤ੍ਰਿਪਾਦਨੰ ॥ ਉਪ-ਕ੍ਰਮ ਉਪਸੰਘਾਰਊ ਤਤ ਏਕਯੰ ਕਥਤੰ ਬੁਧਈ ॥ ੧ ॥ ਵਸਤੁਨ: ਪ੍ਰਤਿ ਪਾਦਯਸਯ ਪਠਨੰ ਚ ਪੁਨ: ਪੁਨ: ॥ ਅਭ੍ਯਾਸ: ਪ੍ਰਉਚਯਤੇ ਪ੍ਰਾਗਯਈ ਸਏਵ ਆਵ੍ਰਿਤਿ ਸ਼ਬਦ ਭਾਕ ॥ ੨ ॥ ਸ੍ਰਤਿ ਭਿੱਨ ਪ੍ਰਮਾਣੇਨ ਅਵਿਸਯਤ੍ਵੰ ਅਪੂਰਵਤਾ। ਕੁਤ੍ਰ ਚਿਤ ਸ੍ਵਪ੍ਰਕਾਸ਼ਤ੍ਵੰ ਅਪਿ ਅਮੇਯ ਤਥਾ ਉਚਯਤਿ ॥ ੩ ॥ ਸ੍ਰਯਮਾਣੰ ਤੁ ਤਦ ਗਯਾਨਾਤ ਤਤ ਪ੍ਰਾਪਤਿ ਆਦਿ ਪ੍ਰਯੋਜਨੰ ॥ ਫਲੰ ਪ੍ਰਕੀਰਤਿਤੰ ਪ੍ਰਾਗਯੈ: ਮੁਖਯ ਮੋਖਯੇਕ ਲਖਯਣੰ ॥ ੪ ॥ ਵਸਤੁਨ: ਪ੍ਰਦਿਪਾਦਯਸਯ ਪ੍ਰਸ਼ਸਨੰ ਅਥਵਾ ਅਪਿ ਨਿੰਦਾ, ਤਦ ਵਿਪ੍ਰੀਤਸਯ ਅਰਥ ਵਾਦ ਸਿਮ੍ਰਤੋ ਬੁਧਈ ॥ ੫ ॥ ਵਸਤੁਨ: ਪ੍ਰਤਿਪਾਦਯਸਯ ਯੁਕ੍ਤਿ ਭਿ: ਪ੍ਰਤਿਪਾਦੰ ਉਪਪੱਤਿ ਸਵਿਗਯੇਯਾ ਦ੍ਰਿਸ਼੍ਟਾਂਤ ਆਦਿ ਹੀ ਅਨੇਕ ਧਾ ॥ ੬ ॥**

ਅਰਥ–ਗ੍ਰੰਥ ਮੇਂ ਕਥਨ ਕਰਨੇ ਲਾਇਕ ਵਸਤੂ ਕਾ ਗ੍ਰੰਥ ਕੇ ਆਦਿ ਮੇਂ ਤਥਾ ਗ੍ਰੰਥ ਕੇ ਅੰਤ ਮੇਂ ਕਥਨ ਕਰਨਾ ਇਸਕ੍ਰਾ ਨਾਮ ਉਪਕ੍ਰਮ ਉਸੰਘਾਰ ਹੈ ਦੋਨੋਂ ਕਾ ਏਕ ਨਾਮ ਵਿਦ੍ਵਾਨੋਂ ਨੇ ਕਥਨ ਕੀਆ ਹੈ ॥ ੧ ॥ ਗ੍ਰੰਥ ਮੇਂ ਕਥਨ ਕਰਨੇ ਯੋਗ ਵਸਤੂ ਕਾ ਗ੍ਰੰਥ ਮੇਂ ਅਨੇਕ ਵਾਰ ਪੁਨ: ਪੁਨ: ਕਥਨ ਕਰਨਾ ਵਿਦ੍ਵਾਨੋਂ ਨੇ ਇਸਕਾ ਨਾਮ ਅਭਿਆਸ ਕਥਨ ਕਰਾ ਹੈ ਔਰ ਇਸ ਕਾ ਦੂਸਰਾ ਨਾਮ ਆਵਿਤਿ ਭੀ ਕਹਾ ਹੈ ॥ ੨ ॥ ਸ੍ਰਤਿ ਯਾਨੇ ਸ਼ਬਦ ਭਿੰਨ ਪ੍ਰਮਾਣ ਸੇ ਵਸਤੂ ਕੋ ਨਾ ਜਾਨਣਾ ਇਸ ਕਾ ਨਾਮ ਅਪੂਰਵੱਤਾ ਹੈ । ਕਿਸੀ ਗ੍ਰੰਥ ਮੇਂ ਸ੍ਵਪ੍ਰਕਾਸ਼ ਪਨੇ ਕੋ ਅਪੂਰਵਤਾ ਕਹਾ ਹੈ ਔਰ ਸ਼ਬਦ ਪ੍ਰਮਾਣ ਕੋ ਅਗ੍ਯਾਨ ਕਾ ਨਾਸ਼ਕ ਕ੍ਰਹਾ ਹੈ ॥ ੩ ॥ ਸ੍ਰਵਣ ਕਰਨੇ ਯੋਗ ਵਸਤੂ ਕੇ ਗਯਾਨ ਸੇ ਤਿਸ ਕੀ ਪ੍ਰਾਪਤਿ ਹੀ ਪ੍ਰਯੋਜਨ ਕਹਾ ਹੈ ਔਰ ਇਸੀ ਕੋ ਹੀ ਵਿਦਵਾਨੋਂ ਨੇ ਮੋਖਯ ਫਲ ਕਥਨ ਕੀਆ ਹੈ ॥ ੪ ॥ ਗ੍ਰੰਥ ਮੇਂ ਕਥਨੇ ਯੋਗ ਵਸਤੂ ਕੀ ਗਰੰਥ ਮੇਂ ਉਸਤਤਿ ਕਰਨੀ ਔਰ ਵਸਤੂ ਸੇ ਵਿਪ੍ਰੀਤ ਕੀ ਨਿੰਦਾ ਕਰਨੀ ਇਸ ਕਾ ਨਾ[illegible] ਵਿਦ੍ਵਾਨੋਂ ਨੇ ਅਰਥਵਾਦ ਕਥਨ ਕੀਆ ਹੈ॥ ੫ ॥ ਗਰੰਥ ਮੇਂ ਪ੍ਰਤਿਪਾਦਯ

ਵਸਤੂ ਕਾ ਅਨੇਕ ਯੁਕਤੀ ਦ੍ਰਿਸਟਾਂਤੋਂ ਸੇ ਕਥਨ ਕਰਨਾ ਇਸਕੋ ਉਤਪਤਿ ਸਮਝਨਾ॥ ੬॥ ਇਹ ਛੇ ਚਿੰਨ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਭੀ ਦੇਖਨੇ ਮੇਂ ਆਤੇ ਹੈਂ ਜੈਸੇ ਆਦਿ ਮੇਂ ੧ ਓਂ ਸਤਿਨਾਮ ਸੇ ਸਤਯ ਵਸਤੂ ਕਾ ਕਥਨ ਕਰਿਆ ਹੈ ਔਰ ਮੁੰਦਾਵਣੀ ਯਾਨੇ ਅੰਤ ਮੇਂ "ਥਾਲ ਵਿਚ ਤਿੰਨ ਵਸਤੂ ਪਇਓ ਸਤ ਸੰਤੋਖ ਵੀਚਾਰੋ"–ਤਥਾ "ਸਭ ਨਾਨਕ ਬ੍ਰਹਮ ਪਸਾਰੋ" ਯੇਹ ਪਹਿਲਾ ਚਿੰਨ੍ਹ ਉਪਕ੍ਰਮ ਉਪਸੰਘਾਰ ਹੈ ਗ੍ਰੰਥ ਕੇ ਮਧਯ ਮੇਂ ਭੀ ਅਨੇਕ ਵਾਰ ਉਸੀ ਵਸਤੂ ਕਾ ਹੀ ਕਥਨ ਕਰਾ ਹੈ। ਪ੍ਰਮਾਣ–

**ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥**

[ਗਉੜੀ ਸੁਖਮਨੀ ਅਸਟਪਦੀ ਮ: ੫ ਸਫਾ ੨੮੪

**ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥** [ਆਸਾ ਮ: ੫ ਸਫਾ ੩੫੦

ਇਹ ਦੂਸਰਾ ਚਿਨ੍ਹ ਅਭਿਆਸ ਦਿਖਾਯਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਮੇਂ ਤੀਸਰਾ ਚਿਨ੍ਹ ਅਪੂਰਵਤਾ ਭੀ ਕਹੀ ਹੈ। ਗੁਰੂ ਪ੍ਰਮਾਣ–

**ਪਾਈਏ ਸਬਦ ਵੀਚਾਰਾ ਹੇ॥**

[ਮਾਰੂ ਸੋਲਹੇ

ਤਥਾ ਅਗਮ ਅਗੋਚਰ ਭੀ ਲਿਖਾ ਹੈ ਇਹ ਤੀਸਰਾ ਚਿੰਨ੍ਹ ਹੈ। ਚੌਥਾ ਚਿਨ੍ਹ ਫਲ ਭੀ ਕਹਾ ਹੈ। ਜੈਸੇ: –

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸਰ॥ ਨਾਨਕ ਬ੍ਰਹਮ ਗਿਆਨੀ ਆਪ ਪਰਮੇਸਰ॥**

[ਗਉੜੀ ਸੁਖਮਨੀ ਅਸਟਪਦੀ ਸਫਾ ੨੭੩

**ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**

[ਆਸਾ ਫਰੀਦ ਸਫਾ ੩੯੭

ਪੰਜਵਾਂ ਚਿਨ੍ਹ ਅਰਥ ਵਾਦ ਭੀ ਕਹਾ ਹੈ।

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥** [ਗਉੜੀ ਬਾਵਨ ਅਖਰੀ ਮ: ੫ ਸਫਾ੨੫੨

ਆਤਮਾ ਕੇ ਜਾਨਨੇ ਵਾਲੇ ਕੀ ਇਹ ਉਸਤਤੀ ਲਿਖੀ ਹੈ ਔਰ ਨ ਜਾਨਣੇ ਵਾਲੇ ਅਗਿਆਨੀ ਕੀ ਭੀ ਨਿੰਦਾ ਲਿਖੀ ਹੈ।

**ਜਹਿ ਕੁਲਿ ਪੂਤੁ ਨ ਗਿਆਨ ਬੀਚਾਰੀ॥ ਵਿਧਵਾ ਕਸ ਨ ਭਈ ਮਹਤਾਰੀ॥**

[ਗਉੜੀ ਕਬੀਰ ਸਫਾ ੩੨੮

ਔਰ ਛੇਵਾਂ ਚਿੰਨ੍ਹ ਉਤਪਤਿ ਭੀ ਲਿਖੀ ਹੈ।

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**

[ਆਸਾ ਨਾਮਦੇਵ ਸਫਾ ੪੮੫

ਇਤਿਆਦਿ ਇਨ ਛੇ ਲਿੰਗੋਂ ਸੇ ਅਦ੍ਵਿਤਿ ਬ੍ਰਹਮ ਮੇਂ ਵੇਦਾਂਤ ਵਾਕਯੋਂ ਕਾ ਤਾਤਪਰਯ



ਜਿਸਕੋ ਸ੍ਰਵਣ ਕਹੀਏ ਹੈ ਇਹ ਸ੍ਰਵਣ ਕਾ ਲਖਯਣ ਕਹਾ (੨–ਅਬ ਮੰਨਨ) ਸਰ ਸ੍ਰੀ ਬਾਧਿਕ ਅਭੇਦ ਕੀ ਸਾਧਿਕ ਯੁਕਤੀਓਂ ਸੇ ਬ੍ਰਹਮ ਕੇ ਅਦ੍ਵਿਤੀਯ ਪਨੇ ਕਾ ਹਰ ਵਕਤ ਸਿਮਰਨ ਕਰਨੇ ਕਾ ਨਾਮ ਮੰਨਨ ਹੈ। ਜੈਸੇ ਗੁਰੂ ਜੀ ਕਹਿਤੇ ਹੈਂ:–

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**

[ਆਸਾ ਨਾਮਦੇਵ ਸਫਾ ੪੮੫

**(ਤਥਾ) ਮਾਟੀ ਕੋ ਘਟ ਕਾਰਜ ਜੈਸੇ ਮਾਟੀ ਤਾਂ ਕੇ ਬਾਹਰ ਮਾਹਿ॥**

ਔਰ ਜੈਸੇ ਸੋਨੇ ਕੇ ਜੇਵਰੋਂ ਮੇਂ ਸੋਨਾ ਹੀ ਸੋਨਾ ਹੈ ਤੈਸੇ :–

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

[ਆਸਾ ਨਾਮਦੇਵ ਸਫਾ ੪੮੫

ਐਸੇ ਹਰ ਵਕਤ ਚਿੰਤਨ ਕਰਨੇ ਕਾ ਨਾਮ ਮੰਨਨ ਹੈ। (੩) ਨਿਧਯਾਸਨ ਅਨਾਤਮਾਕਾਰ ਬ੍ਰਿਤੀ ਕੋ ਤਿਆਗ ਕਰ ਆਠੋਂ ਪਹਿਰ ਬ੍ਰਹਮਾਕਾਰ ਯਾਨੇ ਆਤਮਾਕਾਰ ਬ੍ਰਿਤੀ ਕਾ ਪ੍ਰਵਾਹ ਬਾਂਧ ਰਖਨੇ ਕਾ ਨਾਮ ਨਿਤਯਾਸਨ ਹੈ ਯੇ ਅਭਿਆਸ ਪਕ ਜਾਵੇ ਤੋ ਸਮਾਧਿ ਕਹਾਤਾ ਹੈ (੪) ਤਤ ਪਦ ਔਰ ਤ੍ਵੰ ਪਦ ਕਾ ਸੋਧਨ ਕਰਨਾ ਯਾਨੇ ਪਦੋਂ ਮੇਂ ਜੋ ਵਾਚਯ ਭਾਗ ਹੈ ਉਸ ਕੋ ਤਿਆਗ ਕਰਕੇ ਲਖਯ ਭਾਗ ਮੇਂ ਏਕਤਾ ਨਿਸਚੇ ਕਰਨਾ ਇਸਕਾ ਨਾਮ ਤਤਤ੍ਵੰ ਪਦ ਕਾ ਸੋਧਨ ਕਰਨਾ ਹੈ। ਭਾਵ ਯਹਿ ਹੈ ਕਿ ਸਾਮ ਵੇਦ ਕੀ ਛਾਂਦੋਗਉਪਨਿਸਿਧ ਕੇ ਛੇਵੇਂ ਅਧਯਾਯ ਮੇਂ ਉਦਾਲਕ ਰਿਸ਼ੀ ਨੇ ਅਪਨੇ ਪੁਤ੍ਰ ਸ੍ਵੇਤਕੇਤੂ ਕੋ ਕਹਾ ਹੈ ਜਗਤ ਕੇ ਬਨਾਨੇ ਵਾਲਾ ਸੋ ਬ੍ਰਹਮ ਤੂੰਹੀ ਹੈਂ ਯਾਨੇ ਤਤ੍ਵਮਸਿ ਯਹ ਵਚਨ ਕਹਾ ਹੈ ਅਬ ਇਸ ਮੇਂ ਤਤ ਤ੍ਵੰ ਪਦ ਕੀ ਏਕਤਾ ਮਾਲੂਮ ਹੋਵੇ ਹੈ ਸ਼ਕਤੀ ਬਿਰਤੀ ਸੇ ਸੋ ਬਣੇ ਨਹੀਂ। ਕਾਹੇ ਤੇ ਤਤ ਪਦ ਕਾ ਵਾਚਯ ਮਾਯਾ ਔਰ ਮਾਯਾ ਮੇਂ ਆਭਾਸ ਯੇ ਦੋਨੋਂ ਆਧਾ ਵਾਚਯ ਭਾਗ ਕਹੇ ਜਾਤੇ ਹੈਂ। ਔਰ ਅਧਾ ਭਾਗ ਬ੍ਰਹਮ ਚੇਤਨ ਹੈ। ਯੇ ਦੋਨੋਂ ਭਾਗ ਮਿਲੇ ਹੂਏ ਤਤ ਪਦ ਕਾ ਵਾਚਯ ਕਹਾਤੇ ਹੈਂ। ਪਹਿਲਾ ਅਧਾ ਭਾਗ ਛੋੜ ਕਰ ਕੇਵਲ ਚੇਤਨ ਅਧਾ ਭਾਗ ਤਤ ਪਦ ਕਾ ਲਖਯ ਕਹਾਤਾ ਹੈ। ਇਸੀ ਤਰ੍ਹਾਂ ਤ੍ਵੰ ਪਦ ਕਾ ਵਾਚਯ ਅੰਤ: ਕਰਣ ਵਾ ਅਵਿਦਿਆ ਅੰਸ਼ ਔਰ ਉਸ ਮੇਂ ਆਭਾਸ ਯੇ ਦੋਨੋਂ ਤ੍ਵੰ ਪਦ ਕੇ ਵਾਚਯ ਕਾ ਆਧਾ ਭਾਗ ਹੈ। ਔਰ ਆਧਾ ਭਾਗ ਕੇਵਲ ਕੂਟਸਥ ਚੇਤਨ ਹੈ ਯੇ ਦੋਨੋਂ ਆਧੇ ਆਧੇ ਭਾਗ ਮਿਲਾ ਕਰ ਤ੍ਵੰ ਪਦ ਕਾ ਵਾਚਯ ਕਹਾਤਾ ਹੈ। ਪਹਿਲਾ ਆਧਾ ਭਾਗ ਛੋੜ ਕਰ ਯਾਨੇ ਤਿਆਗ ਕਰ ਕੇਵਲ ਕੂਟਸਥ ਚੇਤਨ ਭਾਗ ਤ੍ਵੰ ਪਦ ਕਾ ਲਖਯ ਹੈ। ਵਾਚਯ ਭਾਗੋਂ ਮੇਂ ਏਕਤਾ ਨਹੀਂ ਭੀ ਹੈ ਪਰੰਤੂ ਕੇਵਲ ਦੋਨੋਂ ਕੇ ਲਖਯ ਭਾਗੋਂ ਮੇਂ ਏਕਤਾ ਹੈ। ਇਸ ਕਾ ਭਾਵ ਯਹ ਹੈ ਕਿ ਜਿਤਨੇ ਪਦ ਯਾਨੇ ਨਾਮ ਹੈਂ। ਸੋ ਬਾਣੀ ਮੇਂ ਯਾਨੇ ਜ਼ਬਾਨ ਮੇਂ ਰਹਤੇ ਹੈਂ ਔਰ ਦੋ ਤੀਨ ਪਦ ਮਿਲ ਕਰ ਵਾਕ ਯਾਨੇ ਸ਼ਬਦ ਕਹਾਤਾ ਹੈ ਪਰੰਤੂ ਵੋ ਸ਼ਬਦ ਭੀ ਬਾਣੀ ਮੇਂ ਰਹਿਤਾ ਹੈ। ਸ਼ਬਦ ਕਾ ਅਰਥ ਯਾਂ ਜੁਦਾ ਜੁਦਾ ਪਦ ਕਾ ਅਰਥ ਬਾਣੀ ਸੇ ਬਾਹਰ ਰਹਿਤਾ ਹੈ। ਜੈਸੇ ਅਗਨਿ ਯੇ ਪਦ ਯਾਨੇ "ਨਾਮ" ਉਚਾਰਣ

ਵਾਲੇ ਕੇ ਮੂੰਹ ਮੇਂ ਰਹਿਤਾ ਹੈ । ਪਰ ਅਗਨੀ ਪਦ ਕਾ ਅਰਥ ਜੋ ਅੰਗਾਰ ਆਦਿ ਸੋ ਚੁਲਹੇ ਮੇਂ ਰਹਤੇ ਹੈਂ ਤੈਸੇ ਹੀ ਪਾਣੀ ਯਾ ਜਲ ਯੇ ਨਾਮ ਬਾਣੀ ਮੇਂ ਰਹਤੇ ਹੈਂ ਪਰ ਪਾਣੀ ਰੂਪ ਅਰਥ ਖੂਹੇ ਤਲਾਵ ਨਦੀ ਆਦਿ ਮੇਂ ਰਹਿਤਾ ਹੈ । ਬਾਣੀ ਮੇਂ ਤੋ ਪਦ ਰਹਿਤਾ ਹੈ ਔਰ ਬਾਣੀ ਸੇ ਬਾਹਰ ਪਦ ਕਾ ਅਰਥ ਰਹਿਤਾ ਹੈ । ਇਨ ਦੋਨੋਂ ਕੇ ਸੰਬੰਧ ਕੋ ਯਾਨੇ ਪਦ ਔਰ ਅਰਥ ਕੇ ਸੰਬੰਧ ਕੋ ਬ੍ਰਿਤੀ ਕਹਿਤੇ ਹੈਂ ਸੋ ਪਦ ਕੀ ਬ੍ਰਿਤੀ ਦੋ ਪ੍ਰਕਾਰ ਕੀ ਹੈ ਏਕ ਸ਼ਕਤੀ ਬ੍ਰਿਤੀ ਹੈ ਦੂਸਰੀ ਲਖਨਾ ਬ੍ਰਿਤੀ ਹੈ। ਸ਼ਕਤੀ ਬ੍ਰਿਤੀ ਸੇ ਸ਼ਕਯ ਜਾਨੈ ਵਾਚਯ ਕਾ ਗਿਆਨ ਹੋਤਾ ਹੈ। ਲਖਣਾ ਬ੍ਰਿਤੀ ਸੇ ਪਦੋਂ ਕੇ ਲਖਯੋਂ ਕਾ ਗਿਆਨ ਹੋਤਾ ਹੈ ਜੈਸੇ ਤਤ ਤ੍ਵੰ ਦੋਨੋਂ ਪਦੋਂ ਕੇ ਲਖਯ ਬ੍ਰਹਮ ਚੇਤਨ ਸਾਖੀ ਚੇਤਨ ਹੈਂ ਤਿਨ ਦੋਨੋਂ ਕੀ ਏਕਤਾ ਤਤ੍ਵਮਸਿ ਮਹਾਵਕਯ ਯਾਨੈ ਸਬਦ ਕਹਿ ਰਹਾ ਹੈ ਔਰ ਮਾਯਾ ਕਰ ਭੂਲੇ ਹੂਏ ਜੀਵੋਂ ਕੋ ਸਮਝਾ ਰਹਾ ਹੈ ਔਰ ਕਹਿ ਰਹਾ ਹੈ ੳ ਪਾਰਬ੍ਰਹਮ ਪਰਮੇਸ੍ਵਰ ਤੂੰ ਹੀ ਹੈਂ ਐਸੇ ਸ਼ਬਦ ਸੇ ਹੀ ਭੂਲੇ ਹੂਏ ਜੀਵ ਕੋ ਹੀ ਬ੍ਰਹਮ ਗਿਆਨ ਹੋਤਾ ਹੈ ਜੈਸੇ ਦਸ ਜੁਲਾਹੇ ਯਾਨੇ ਕੋਰੀ ਬੇਅਕਲ ਆਦਮੀ ਨਦੀ ਸੇ ਪਾਰ ਹੋਨੇ ਲਗੇ ਔਰ ਪਾਰ ਹੋ ਗਏ ਫੇਰ ਆਪਸ ਮੇਂ ਦਸੋਂ ਕੋ ਗਿਨਨੇ ਲਗੇ ਤੋ ਗਿਨਨੇ ਵਾਲਾ ਅਪਨੇ ਸੇ ਭਿੰਨ ਨਉਂ ਕੋ ਗਿਨੇ ਅਪਨੇ ਕੋ ਗਿਨੇ ਹੀ ਨ ਸਭ ਨੇ ਇਸ ਪ੍ਰਕਾਰ ਅਪਨੇ ਕੋ ਨ ਗਿਨਾ ਔਰ ਨਿਸਚੇ ਕਰਾ ਕਿ ਹਮਾਰਾ ਏਕ ਆਦਮੀ ਡੂਬ ਗਯਾ ਰੋਨੇ ਲਗੇ। ਇਤਨੇ ਮੇਂ ਏਕ ਆਦਮੀ ਡੂਬ ਗਯਾ। ਉਸ ਨੇ ਕਹਾ ਕਿਤਨੇ ਆਦਮੀ ਥੇ, ਉਨ੍ਹੋਂ ਨੇ ਕਹਾ ਦਸ ਥੇ। ਦਯਾਲੂ ਨੇ ਗਿਨਕੇ ਦੇਖਾ ਤੋ ਦਸ ਕੇ ਦਸ ਹੀ ਹੈਨ, ਤਬ ਉਸ ਨੇ ਕਹਾ ਰੋਵੋ ਨਾਂ ਦਸਵਾਂ ਭੀ ਹੈ । ਉਨੋਂ ਨੇ ਕਹਾ ਕਹਾਂ ਹੈ, ਦਯਾਲੂ ਨੇ ਕਹਾ ਗਿਨਤੀ ਕਰੋ ਜਬ ਉਨ ਮੇਂ ਸੇ ਏਕ ਨੇ ਗਿਨਤੀ ਕਰੀ ਔਰ ਨਵੋਂ ਕੋ ਗਿਨਾ। ਤਬ ਦਯਾਲੂ ਨੇ ਕਹਾ ਦਸਵਾਂ ਤੂੰ ਹੈਂ। ਤਬ ਉਸ ਕੋ ਅਪਨੇ ਆਪ ਕਾ ਗਿਆਨ ਹੂਆ ਸੋ ਗਿਆਨ ਸਬਦ ਸੇ ਹੂਆ। ਤੈਸੇ ਮਾਇਆ ਸੇ ਭੂਲੇ ਜੀਵ ਕੋ ਆਪਨਾ ਆਪ ਭੂਲ ਗਯਾ ਹੈ । ਦੇਹ ਇੰਦ੍ਰਿਯ ਆਦਿ ਸਭ ਕੀ ਗਿਣਤੀ ਕਰੇ ਹੈ ਕਿ ਪੰਜ ਗਿਆਨ ਇੰਦ੍ਰਯ ਹੈਂ ਪੰਜ ਕਰਮ ਇੰਦ੍ਰਯ ਪੰਜ ਪ੍ਰਾਣਾਦਿ । ਸਭ ਕੀ ਗਿਣਤੀ ਕਰਤਾ ਹੈ ਪਰੰਤੂ ਗਿਨਨੇ ਵਾਲਾ ਅਪਨੀ ਗਿਣਤੀ ਨਹੀਂ ਕਰਤਾ ਤਬ ਦਯਾਲੂ ਗੁਰੂ ਫੇਰ ਉਸ ਸੇ ਮਨ ਬੁਧਿ ਆਦਿਕੋਂ ਕੀ ਗਿਣਤੀ ਕਰਾ ਕਰ ਕਹਿਤਾ ਹੈ ਇਨ ਕੇ ਗਿਨਨੇ ਵਾਲਾ ਇਨ ਕੋ ਦੇਖਨੇ ਵਾਲਾ ਇਨਕਾ ਸਾਖੀ ਤੂੰ ਹੈ। ਸੋ ਤੂੰ ਬ੍ਰਹਮ ਰੂਪ ਹੈਂ ਦੇਹਾਦਿ ਮਨ ਬੁਧਿ ਰੂਪ ਤੂੰ ਨਹੀਂ ਉਨ ਕਾ ਸਾਖੀ ਹੈਂ । ਜੈਸੇ ਗੁਰੂ ਸਾਹਿਬ ਜੀ ਲਿਖਤੇ ਹੈਂ:-

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ ॥** [ਆਸਾ ਮਹਲਾ ੧ ਸਫਾ ੩੫੪

ਇਸ ਪ੍ਰਕਾਰ ਗੁਰੂ ਕੇ ਸਬਦ ਸੇ ਅਧਿਕਾਰੀ ਕੋ ਬ੍ਰਹਮ ਰੂਪ ਸੇ ਆਤਮ ਗਿਆਨ ਹੋਤਾ ਹੈ । ਪਰੰਤੂ ਭਾਗ ਤਿਆਗ ਲਖਣਾ ਬ੍ਰਿਤਿ ਸੇ ਗਿਆਨ ਹੋਤਾ ਹੈ ਯਾਨੇ ਆਧੇ ਵਾਚਯ ਭਾਗ ਕੋ ਛੋੜ ਕਰ ਬਾਕੀ ਬਚੇ ਹੂਏ ਆਧੇ ਭਾਗ ਮੇਂ ਏਕਤਾ ਕਰਨੀ ਜੈਸੇ ਤਤ



ਪਦ ਕੇ ਵਾਚਯ ਮਾਇਆ ਅਰ ਆਕਾਸ ਭਾਗ ਕੋ ਤਿਆਗ ਕਰ ਤੈਸੇ ਤ੍ਵੰ ਪਦ ਕੇ ਆਧੇ ਵਾਚਯ ਅੰਤ:ਕਰਣ ਔਰ ਆਭਾਸ ਭਾਗ ਕੋ ਛੁੜਵਾਇ ਕਰ ਦੋਨੋਂ ਕੇ ਲਖਯ ਚੇਤਨ ਭਾਗ ਕੀ ਏਕਤਾ ਕੋ ਤਤ ਤ੍ਵੰਮਸਿ ਮਹਾਂ ਵਾਕ ਰੂਪ ਸਬਦ ਕਰਾਵੇ ਹੈ ਯਾਨੇ ਕਹੇ ਹੈ ਕਿ ਸੋ ਪਾਰਬ੍ਰਹਮ ਤੂੰ ਹੈਂ । ਇਸ ਸ਼ਬਦ ਕੇ ਵਿਚਾਰ ਕਰਨੇ ਵਾਸਤੇ ਹੀ ਗੁਰੂ ਕੀ ਸ਼ਰਣ ਮੇਂ ਅਧਿਕਾਰੀ ਆਤਾ ਹੈ ਔਰ ਇਸ ਸ਼ਬਦ ਵਿਚਾਰ ਵਾਸਤੇ ਹੀ ਵੇਦ ਭਗਵਾਨ ਨੇ ਸਰਵ ਕਰਮੋਂ ਕਾ ਤਿਆਗ ਕਰਾਯਾ ਹੈ ਕਿ ਤੂੰ ਕੁਛ ਭੀ ਕਾਮ ਨ ਕਰ, ਫਕਤ ਸਬਦ ਵਿਚਾਰ ਕਰ ਸੰਨਿਆਸ ਧਾਰਨ ਕਰ । ਸਭ ਕਰਮ, ਯਾਨੇ ਸਨਾਨ ਦਾਨ ਅਗਨੀ ਹੋਤ੍ਰ ਆਦਿ ਵੇਦ ਨੇ ਛੁੜਾ ਦੀਏ ਹੈਂ । ਜੈਸੇ ਲਿਖਾ ਹੈ:-

**ਤ੍ਵੰ ਪਦਾਰਥ ਵਿਵੇਕਾਯ ਸੰਨਿਆਸ: ਸਰਵ ਕਰਮਣਾਂ । ਸ੍ਰੁਤਯਾ ਵਿਧੀਯਤੇ ਯਸਮਾਤ੍ ਤਤ ਤਯਾਗੀ ਪਤਿਤੋ ਭਵੇਤ੍ ॥ ੧ ॥**

ਅਰਥ-ਤਤ ਤ੍ਵਮਸਿ ਮਹਾਵਾਕ ਮੇਂ ਜੋ ਤ੍ਵੰ ਯਹ ਦੋ ਪਦ ਹੈਂ ਉਨੋਂ ਕੋ ਵਿਚਾਰ ਯਾਨੇ ਸੋਧਨ ਕਰਨੇ ਵਾਸਤੇ ਵੇਦ ਭਗਵਾਨ ਨੇ ਇਸ ਅਧਿਕਾਰੀ ਸੇ ਸਰਵ ਕਰਮ ਛੁੜਾਏ ਹੈਨ ਔਰ ਸਰਬ ਕਰਮ ਛੋੜ ਕਰ ਭੀ ਜੋ ਤਤਤ੍ਵੰ ਪਦ ਕਾ ਵਿਚਾਰ ਨ ਕਰੇਗਾ ਤੋ ਅਧਿਕਾਰੀ ਨਰਕਗਾਮੀ ਹੋ ਜਾਏਗਾ । ਇਸ ਵਾਸਤੇ ਤਤਤ੍ਵੰ ਪਦ ਕਾ ਸੋਧਨ ਕਰਨਾ ਅਧਿਕਾਰੀ ਵਾਸਤੇ ਜ਼ਰੂਰੀ ਹੈ । ਇਸ ਵਾਸਤੇ ਅਧਿਕਾਰੀ ਚਾਰ ਸਾਧਨ ਵਾਲਾ ਹੋਕਰ ਗੁਰੂ ਕੀ ਸ਼ਰਣ ਮੇਂ ਆਵੇ ਔਰ ਗੁਰੂ ਕੀ ਸ਼ਰਣ ਮੇਂ ਆ ਕੇ ਫੇਰ ਚਾਰ ਸਾਧਨ ਕਰੇ। ਇਸ ਪ੍ਰਕਾਰ ਅਠ ਸਾਧਨ ਅਧਿਕਾਰੀ ਕੋ ਕਰਨੇ ਚਾਹੀਯੇ । ਯਹ ਆਠੋਂ ਸਾਧਨ ਗਿਆਨ ਕੇ ਅੰਤਰੰਗ ਯਾਨੇ ਮੁਖ ਸਾਧਨ ਸ਼ਬਦ ਵਿਚਾਰ ਹੈ। ਸ਼ਬਦ ਯਾਨੇ ਵਾਕ ਦੋ ਪ੍ਰਕਾਰ ਕੇ ਹੈ:- ਏਕ ਅਵਾਂਤਰ ਦੂਸਰੇ ਮਹਾਂਵਾਕਯ ਅਵਾਂਤਰ ਵਾਕਯ ਵੋਹ ਹੋਤਾ ਹੈ । ਜੋ ਫਕਤ ਜੀਵ ਅਥਵਾ ਫਕਤ ਈਸ਼੍ਵਰ ਕੇ ਸਰੂਪ ਕੋ ਬੋਧਨ ਕਰੇ ਏਕਤਾ ਕੋ ਨ ਕਹੇ ਸੋ ਅਵਾਂਤਰ ਯਾਨੇ ਗਊਣ ਵਾਕਯ ਹੈ । ਇਸ ਵਾਕਯ ਕੇ ਅੰਦਰ ਏਕਤਾ ਕਾ ਗਿਆਨ ਨਹੀਂ ਏਕਤਾ ਕਾ ਗਿਆਨ ਕੇਵਲ ਮਹਾਵਾਕਯ ਮੇਂ ਹੈ। ਜੀਵ ਬ੍ਰਹਮ ਕੇ ਏਕਤਾ ਕੋ ਕਹਿਨੇ ਵਾਲਾ ਜੋ ਵਾਕਯ ਯਾਨੇ ਸ਼ਬਦ ਸੋ ਮਹਾਵਾਕਯ ਕਹੀਏ ਮਹਾਂਵਾਕ੍ਯ ਕੇ ਵਿਚਾਰ ਸੇ ਸਭ ਕੋ ਗਯਾਨ ਹੋਵੇ ਹੈ ਔਰ ਮਹਾਂ ਵਾਕਯ ਵਿਚਾਰ ਕੇ ਬਿਨਾਂ ਕਿਸੀ ਕੋ ਭੀ ਗਿਆਨ ਹੋਵੇ ਨਹੀਂ ਯਾਨੇ ਮਹਾਵਾਕਯੋਂ ਕਾ ਵਿਚਾਰ ਯਹ ਹੀ ਮੁਖ ਸਾਧਨ ਹੈ। ਬਾਕੀ ਸਭ ਗਊਣ ਸਾਧਨ ਹੈਂ ਯਾਂਤੇ ਗੁਰੂ ਸ਼ਰਣ ਮੇਂ ਅਧਿਕਾਰੀ ਕੋ ਜਾ ਕੇ ਮਹਾ ਵਾਕਯੋਂ ਕਾ ਵਿਚਾਰ ਹੀ ਕਰਨਾ ਚਾਹੀਏ।

**ਪ੍ਰਮਾਣ-ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥...**
**ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ ॥...**
**ਹਮ ਸਬਦਿ ਮੂਏ ਸਬਦਿ ਮਾਰਿਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥**
**ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥**

ਸਬਦੁ ਗੁਰਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥

[ਸੋਰਠ ਮ: ੩ ਸਫਾ ੬੦੧

ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥ [ਸ੍ਰੀ ਰਾਗ ਮ: ੩ ਸਫਾ ੬੭

ਸਬਦੁ ਪਛਾਣਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤ ਭਇਓ ਬਡ ਬਡਨਾ ॥

[ਗੋਂਡ ਮ: ੪ ਸਫਾ ੮੬੦

ਗੁਰਮੁਖਿ ਮੁਕਤੋ ਬੰਧੁ ਨ ਪਾਇ ॥ ਸਬਦੁ ਬੀਚਾਰਿ ਛੁਟੈ ਹਰਿ ਨਾਇ ॥

[ਗਉੜੀ ਮ: ੧ ਸਫਾ ੧੫੨

ਸਬਦੁ ਬੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥ ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥ [ਰਾਮਕਲੀ ਮ: ੧ ਸਫਾ ੯੦੪

ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨਕੈ ਹਿਰਦੈ ਸਾਚਾ ਸੋਈ ॥

[ਭੈਰਉ ਮ: ੩ ਸਫਾ ੧੧੩੧

ਗੁਰਕੈ ਸਬਦਿ ਮੇਰਾ ਹਰਿ ਪ੍ਰਭਿ ਧਿਆਈਐ ਸਹਜੇ ਸਚਿ ਸਮਾਵਣਿਆ ॥ ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥ ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥ [ਮਾਝ ਮ: ੩ ਸਫਾ ੧੧੩

ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥

[ਭੈਰਉ ਮ: ੧ ਸਫਾ ੧੧੨੬

ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥ ਮਨੂਆ ਮਾਰਿ ਨਿਰਮਲ ਪਦੁ ਚੀਨ੍ਹਿਆ ਹਰਿ ਰਸ ਰਤੇ ਅਧਿਕਾਈ ॥

[ਸਾਰਗ ਮ: ੧ ਸਫਾ ੧੨੩੩

ਇਸ ਪ੍ਰਕਾਰ ਮਹਾ ਵਾਕਯੋਂ ਕਾ ਵਿਚਾਰ ਗੁਰੂ ਜੀ ਨੇ ਬਹੁਤ ਲਿਖਾ ਹੈ ਔਰ ਚਾਰੋਂ ਵੇਦੋਂ ਸੇ ਏਕ ਏਕ ਵੇਦ ਕਾ ਏਕ ਏਕ ਮਹਾਂਵਾਕੋਂ ਨਿਕਾਲ ਕਰ ਅਨੇਕ ਮਹਾਤਮਾਓਂ ਨੇ ਉਨ ਕੇ ਵਿਆਖਯਾਨ ਰੂਪ ਵਿਚਾਰ ਕਹੇ ਹੈਂ ਜੈਸੇ ਰਿਗਵੇਦ ਕੀ ਐਤ੍ਰੇਯੋਪਨਿਸ਼ਦ ਮੇਂ ਪ੍ਰਗਿਆਨੰ ਬ੍ਰਹਮ ਯੇ ਮਹਾਵਾਕਯ ਹੈ ਔਰ ਯਜੁਰ ਵੇਦ ਕੀ ਬ੍ਰਿਹਦਾਰਣਯੋ ਕੋਪਨਿਸ਼ਦ ਮੇਂ ਅਹੰ ਬ੍ਰਹਮਾਸਮਿ ਯੇ ਮਹਾਵਾਕਯ ਲਿਖਾ ਹੈ ਤੈਸੇ ਸਾਮ ਵੇਦ ਕੀ ਛਾਂਦੋਗਯੋਪਨਿਸ਼ਦ ਮੇਂ ਤਤਤ੍ਵਮਸਿ ਯੇ ਯਹ ਮਹਾਵਾਕਯ ਲਿਖਾ ਹੈ :-



ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ॥

[ਸੋਰਠ ਮ: ੧ ਸਫਾ ੫੯੯

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥

[ਮਾਰੂ ਮ: ੧ ਸਫਾ ੧੦੩੦

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥

[ਭੈਰਉ ਮ: ੧ ਸਫਾ ੧੧੫੩

ਇਸੀ ਪ੍ਰਕਾਰ ਅਥਰਵ ਵੇਦ ਗਤ ਅਯੰਮਾਤਮਾ ਬ੍ਰਹਮ ਯੇ ਮਹਾਵਾਕ ਲਿਖਾ ਹੈ ।

ਬ੍ਰਹਮੇ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥

[ਸੂਹੀ ਮ: ੫ ਸਫਾ ੭੮੨

ਤੂ ਸਦਾ ਸਲਾਮਤਿ ਨਿਰੰਕਾਰ ॥...

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ [ਜਪੁਜੀ ਸਫਾ ੨

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥ [ਆਸਾ ਮ: ੧ ਸਫਾ ੩੫੪

ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ॥ [ਸੋਰਠ ਮ: ੧ ਸਫਾ ੬੦੭

ਆਤਮਾ ਪਰਾਤਮਾ ਏਕੋ ਕਰੈ ॥ [ਧਨਾਸਰੀ ਮ: ੧ ਸਫਾ ੬੬੧

ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ ॥

[ਸੂਹੀ ਮ: ੫ ਸਫਾ ੭੭੮

ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥

[ਤਿਲੰਗ ਮ: ੫ ਸਫਾ ੭੨੪

ਇਸ ਪ੍ਰਕਾਰ ਚਾਰੋਂ ਮਹਾਵਾਕਯ ਜੀਵ ਬ੍ਰਹਮ ਕੀ ਏਕਤਾ ਯਾਨੇ ਅਖੰਡ ਅਰਥ ਕੋ ਕਹਤੇ ਹੈਂ ਇਸ ਕੋ ਦ੍ਰਿਸ਼ਟਾਂਤ ਪ੍ਰਮਾਣ ਦੁਆਰਾ ਸਿੱਧ ਕਰਤੇ ਹੈਂ ॥ ਦ੍ਰਿਸ਼ਟਾਂਤ । ਏਕ ਕਾਲ ਮੇਂ ਮਹਾਰਾਜਾ ਵਿਕ੍ਰਮਾਦਿਤਯ ਸ਼ਿਕਾਰ ਖੇਲਨੇ ਗਏ ਵਹਾਂ ਏਕ ਮ੍ਰਿਗ ਨਿਕਲਾ ਮਹਾਰਾਜਾ ਅਕੇਲਾ ਹੀ ਉਸਕੇ ਪੀਛੇ ਦਉੜਾ ਆਖਰ ਵੋਹ ਮ੍ਰਿਗ ਝਾੜੀ ਮੇਂ ਕਹੀਂ ਲੁਕ ਗਯਾ ਮਹਾਰਾਜਾ ਵਿਕ੍ਰਮ ਨੇ ਉਸ ਕੀ ਤਲਾਸ਼ ਮੇਂ ਜੰਗਲ ਮੇਂ ਘੋੜਾ ਦਉੜਾਯਾ ਤੋ ਜੰਗਲ ਮੇਂ ਏਕ ਬ੍ਰਾਹਮਣ ਜੋ ਲੱਕੜੀਆਂ ਕਾ ਬੋਝ ਬਾਂਧ ਕਰ ਖੜਾ ਥਾ ਔਰ ਬੋਝ ਕੋ ਉਠਾ ਨਹੀਂ ਸਕਤਾ ਥਾ, ਆਦਮੀ ਕੋ ਉਡੀਕ ਰਹਾ ਥਾ ਕੋਈ ਆਵੇ ਮੇਰੇ ਕੋ ਬੋਝ ਉਠਾ ਦੇਵੇ । ਇਤਨੇ ਮੇਂ ਮਹਾਰਾਜਾ ਵਿਕ੍ਰਮ ਦਿਖਾਈ ਪੜਾ ਔਰ ਕਹਾ ਐ ਖਤ੍ਰੀ

ਕੁਮਾਰ ਯੇਹ ਬੋਝ ਮੇਰੇ ਸਿਰ ਪਰ ਰਖਵਾ ਦੇਹ ਮਹਾਰਾਜਾ **ਵਿਕ੍ਰਮ** ਯਹ ਬਚਨ ਸੁਣ ਕਰ ਬਹੁਤ ਹੰਸਾ ਔਰ ਕਹਾ ਤੂੰ ਬ੍ਰਾਹਮਣ ਹੋਨੇ ਪਰ ਇਤਨਾ **ਕਮਜ਼ੋਰ ਹੈਂ** । ਜੋ ਲੱਕੜੀਓਂ ਕਾ ਬੋਝ ਭੀ ਉਠਾ ਨਹੀਂ ਸਕਤਾ ਤੁਮਾਰੇ ਮੇਂ ਬ੍ਰਹਮ ਤੇਜ ਜ਼ਿਆਦਾ ਹੋਣਾ ਚਾਹੀਏ । ਤਬ ਬ੍ਰਹਮਣ ਨੇ ਕਹਾ ਮੈਨੇ ਬ੍ਰਤੋਂ ਕੋ ਧਾਰ ਕਰ ਸ਼ਰੀਰ ਕੋ ਸੁਕਾ ਦੀਆ । ਇਸ ਪਰ ਭੀ ਤੂੰ ਹਾਸੀ ਕਰਤਾ ਹੈਂ, ਪ੍ਰੰਤੂ ਮੇਂ ਭੀ ਤੁਮਾਰੇ ਕੋ ਬਲਵਾਨ **ਖਤ੍ਰੀ** ਕੁਮਾਰ ਤਬ ਜਾਣੂੰਗਾ ਜਬ ਅਨਬੋਲਾ ਰਾਣੀ ਕੇ ਸਾਥ ਸ਼ਾਦੀ ਕਰ ਆਵੇਂਗਾ । ਮਹਾਰਾਜਾ ਵਿਕ੍ਰਮ ਨੇ ਕਹਾ ਠੀਕ ! ਜਬ ਤਕ ਮੇਂ ਅਨਬੋਲਾ ਰਾਣੀ ਕੇ ਸਾਥ ਸ਼ਾਦੀ ਨ ਕਰਾਊਂ ਤਬ ਤਕ ਅਪਨੇ ਕੋ ਸੂਰਬੀਰ ਨ ਕਹਾਊਂਗਾ, ਪਰੰਤੂ ਅਨਬੋਲਾ ਰਾਣੀ ਕਾ **ਨਿਸ਼ਾਨ** ਪਤਾ ਹਮ ਕੋ ਸੁਣਾਓ। ਮੇਂ ਉਸ ਕੇ ਦੇਸ਼ ਕੇ ਰਸਤੇ ਕਾ ਵਾਕਫ ਨਹੀਂ ਹੂੰ । ਤਬ ਬ੍ਰਾਹਮਣ ਬੜਾ ਹਸਾ ਰਾਜਾ ਨੇ ਹਸਨੇ ਕਾ ਕਾਰਣ ਪੂਛਾ ਤਬ ਬ੍ਰਾਹਮਨ ਨੇ ਕਹਾ ਮੈਂ ਇਸ ਵਾਸਤੇ ਹਸਾ ਹੂੰ ਕਿ ਬੜੇ ਚਕਰਵਰਤੀ ਰਾਜਾ ਮਹਾਰਾਜਾ ਜਾ ਕਰ **ਉਸ ਕੇ** ਨਫਰ ਬਣ ਗਏ ਹੈਂ ਪਰ ਉਸ ਕੇ ਸਾਥ ਅਬ ਤਕ ਕਿਸੀ ਨੇ ਬੀ ਸ਼ਾਦੀ **ਨਹੀਂ** ਕਰੀ ਹੈ ਔਰ ਅਪਨਾ ਰਾਜ ਭਾਗ ਛਿਨਾ ਕਰ ਰੋ ਰਹੇ ਹੈਂ ਤੂੰ ਭੀ ਨ ਜਾ। **ਕਿਉਂਕਿ ਤੇਰੇ** ਕੋ ਰੋਨਾ ਪੜੇਗਾ। ਤੁਮ ਨੇ ਮੇਰੇ ਤੇ ਹਾਸੀ ਕਰੀ ਥੀ ਇਸ ਵਾਸਤੇ ਮੇਂ ਤੁਮ ਕੋ **ਹਾਸੇ** ਮੇਂ ਕਹਿ ਬੈਠਾ ਹੂੰ ਰਾਜਾ ਕੋ ਬਹੁਤ ਮਨਹ ਕਰਾ । ਪਰੰਤੂ ਰਾਜਾ ਨਾ ਹਟਾ ਔਰ ਬ੍ਰਾਹਮਣ ਕੋ ਘੋੜੇ ਤੇ ਬਿਠਾ ਕਰ ਔਰ ਉਸ ਕਾ ਬੋਝ ਆਪ ਉਠਾ ਕਰ ਬ੍ਰਾਹਮਣ ਕੋ **ਉਸ ਕੇ** ਆਸ਼੍ਰਮ ਮੇਂ ਛੋੜ ਆਯਾ ਔਰ ਬ੍ਰਾਹਮਣ ਸੇ ਰਸਤਾ ਪੂਛਾ। ਤਬ ਬ੍ਰਾਹਮਣ ਨੇ ਕਹਾ ਉਤਰ ਦਿਸ਼ਾ ਮੇਂ ਚਲੇ ਜਾਓ। ਹਜ਼ਾਰੋਂ ਕੋਸ ਜਾਨੇ ਪਰ ਤੁਮਾਰੇ ਕੋ ਚਾਰ ਸਿਰ ਬ੍ਰਿਖ ਤੇ ਟੰਗੇ ਹੂਏ ਮਿਲੇਂਗੇ ਜੋ ਕਭੀ ਹਸੇਂਗੇ ਕਭੀ ਰੋਏਂਗੇ ਉਨ ਸੇ ਤੁਮ ਅਨਬੋਲਾ **ਰਾਣੀ** ਕਾ ਰਸਤਾ ਪੂਛਨਾ ਰਾਜਾ ਕਹਿਨੇ ਲਗਾ ਬਹੁਤ ਅਛਾ ਅਪਨੇ ਰਾਜ ਮੇਂ **ਆਯਾ ਔਰ** ਅਪਨੇ ਰਾਜ ਕਾ ਕਾਮ ਵਜ਼ੀਰ ਕੋ ਸਉਂਪ ਕਰ ਕਹਾ ਮੇਂ ਅਨਬੋਲਾ ਰਾਣੀ ਕੇ **ਸਾਥ** ਸ਼ਾਦੀ ਕਰਕੇ ਆਊਂਗਾ ਤਬ ਤਕ ਰਾਜਜ ਕਾ ਕਾਮ ਅਛੀ ਤਰ੍ਹਾਂ ਸੰਭਾਲਨਾ **ਐਸੇ** ਕਹ ਕਰ ਕੁਛ ਜਵਾਹਰਾਤ ਲੇਕਰ ਸਭ ਕੋ ਪ੍ਰਸੰਨ ਕਰ ਘੋੜੇ ਤੇ ਚੜ੍ਹ ਕਰ ਚਲ ਪੜਾ ਕਈ ਮਹੀਨੇ ਬਾਦ ਉਸ ਕੋ ਰਸਤੇ ਮੇਂ ਚਾਰ ਸਿਰ ਮਿਲੇ ਜੋ **ਪਹਿਲੇ** ਦੇਖ ਕਰ ਹਸੇ ਫੇਰ ਰੋਏ । ਰਾਜਾ ਵਿਕ੍ਰਮ ਨੇ ਉਨਕੇ ਪਾਸ ਆ ਕੇ ਹਸਨੇ ਰੋਨੇ ਕਾ ਕਾਰਣ ਪੂਛਾ। ਤਬ ਵੋਹ ਕਹਿਣੇ ਲਗੇ ਤੁਮਾਰਾ ਕਿਆ ਪ੍ਰਯੋਜਨ ਹੈ ਹਮਾਰੇ ਹਸਨੇ ਰੋਨੇ ਕਾ । ਰਾਜਾ ਨੇ ਜਬ ਬਹੁਤ ਹਠ ਕਰਾ ਤਬ ਵੋਹ ਕਹਿਣੇ ਲਗੇ ਹਮ **ਹਸਤੇ** ਇਸ ਵਾਸਤੇ ਹੈਂ ਕਿ ਆਜ ਤੁਮ ਭੀ ਮਰ ਕਰ ਹਮਾਰੇ ਪਾਸ ਆ ਜਾਓਗੇ, ਚਾਰ ਸੇ ਪੰਜ ਹੋ ਜਾਏਂਗੇ ਇਸ ਵਾਸਤੇ ਹਸੇ ਹੈਂ । ਰੋਏ ਇਸ ਵਾਸਤੇ ਹੈਂ ਤੁਮ ਪਰਉਪਕਾਰੀ ਧਰਮਾਤਮਾ ਰਾਜਾ ਹੋ ਤੁਮਾਰੇ ਮਰਨੇ ਪੀਛੇ ਦੇਸ਼ ਬਿਗੜ ਜਾਏਗਾ, ਅਤਿਆਚਾਰ ਫੈਲ ਜਾਏਗਾ, ਐਸੇ ਧਰਮਾਤਮਾ ਕਾ ਮਰਨਾ ਵਿਚਾਰ ਕਰ ਰੋਏ ਹੈਂ, ਆਪ ਅਨਬੋਲਾ ਰਾਣੀ ਪਾਸ ਮਤ ਜਾਓ ਹਮਾਰੇ ਜੈਸੀ ਹਾਲਤ ਹੋਵੇਗੀ। ਯੇ ਬਾਤ ਸੁਣ ਕਰ ਰਾਜਾ **ਵਿਕ੍ਰਮ** ਕਹਿਣੇ ਲਗਾ ਮੈਂ



ਪ੍ਰਣ ਕਰ ਚੁਕਾ ਹੂੰ ਕਿ ਅਨਬੋਲਾ ਰਾਣੀ ਕੇ ਸਾਥ ਸ਼ਾਦੀ ਕਰਕੇ ਹੀ ਸੂਰਬੀਰ ਕਹਾਊਂਗਾ । ਮੇਰੇ ਬਚਨ ਅਟੱਲ ਰਹੇਂਗੇ । ਆਪ ਕੋ ਅਗਰ ਮੇਰੇ ਤੇ ਦਯਾ ਆ ਰਹੀ ਹੈ ਤੋ ਆਪ ਮਦਦ ਕਰੋ, ਰਸਤੇ ਮੇਂ ਵਿਘਨ ਦੂਰ ਕਰਨੇ ਕੀ ਯੁਕਤੀ ਬਤਾਓ । ਤਬ ਚਾਰੋਂ ਸਿਰੋਂ ਕੋ ਦਯਾ ਹੋ ਗਈ, ਔਰ ਕਹਾ ਏਹ ਕਰਾਰ ਕਰੋ ਤੋ ਹਮ ਆਪ ਕੀ ਮਦਦ ਕਰ ਸਕੇਂਗੇ । ਆਪ ਯੇ ਰਸਤਾ ਲੇ ਕਰ ਜਬ ਕੁਛ ਦੂਰ ਜਾਓਗੇ ਤੋ ਆਪ ਕੋ ਏਕ ਸੁੰਦਰ ਆਸ਼ਰਮ ਦਿਖਾਈ ਆਏਗਾ । ਜੈਸੇ ਕਿ ਇੰਦਰ ਕਾ ਨੰਦਨ ਬਨ ਹੈ ਜਬ ਆਪ ਆਸ਼ਰਮ ਕੇ ਅੰਦਰ ਜਾਓਗੇ ਤੋ ਆਪ ਕਾ ਚਿਤ ਕਰੇਗਾ ਕਿ ਸਾਰੀ ਉਮਰ ਯਹਾਂ ਹੀ ਗੁਜ਼ਾਰੂੰ । ਉਸ ਆਸ਼ਰਮ ਕੇ ਅੰਦਰ ਏਕ ਜੋਗੀ ਰਹਤਾ ਹੈ ਜੋ ਅਪਨੇ ਸ਼ਿਸ ਕੋ ਬਿਨਾ ਔਰ ਕ੍ਰਿਸੀ ਕੋ ਰਹਿਨੇ ਨਹੀਂ ਦੇਤਾ। ਆਪ ਕਾ ਭੀ ਚਿਤ ਕਰ ਆਵੇਗਾ ਮੇਂ ਇਨਕਾ ਸ਼ਿਸ਼-ਬਣੂੰ। ਆਪ ਉਸ ਕੋ ਸ਼ਿਸ਼ ਬਣਨੇ ਕੀ ਪ੍ਰਾਰਥਨਾ ਕਰੋਗੇ ਤੋ ਵੋ ਆਪ ਕੋ ਉਪਰ ਸੇ ਨਹੀਂ ਨਹੀਂ ਕਰੇਗਾ। ਆਪ ਉਸ ਪਰ ਮੋਹਿਤ ਹੋ ਜਾਓਗੇ । ਤਬ ਵੋ ਜੋਗੀ ਤੇਲ ਕਾ ਕੜਾਹਾ ਤਪਾਏਗਾ ਔਰ ਤੁਮ ਕੋ ਕਹੇਗਾ ਕਿ ਇਸ ਕੀਆਂ ਚਾਰ ਪ੍ਰਕਰਮਾਂ ਕਰੋ ਔਰ ਫੇਰ ਮੇਰੇ ਕੋ ਡੰਡੌਤ ਕਰੋ ਤੋ ਮੇਂ ਆਪ ਕੋ ਸ਼ਿਸ਼ ਬਣਾਊਂਗਾ । ਆਪ ਨੇ ਡੰਡੌਤ ਨ ਕਰਨੀ ਵੋ ਯੋਗੀ ਨਹੀਂ ਧੂਰਤ ਠਗ ਹੈ। ਹਮ ਆਪ ਕੋ ਸਮਝਾਤੇ ਹੈਂ ਅਗਰ ਆਪ ਉਸ ਕੋ ਡੰਡੌਤ ਕਰੋਗੇ ਤੋ ਪਕੜ ਕਰ ਕੜਾਹੇ ਮੇਂ ਤੁਮ ਕੋ ਫੈਂਕ ਦੇਗਾ । ਤੁਮਾਰਾ ਸਿਰ ਹਮਾਰੇ ਪਾਸ ਆ ਜਾਏਗਾ। ਔਰ ਧੜ ਭੁੰਨ ਕੇ ਖਾ ਲੇਗਾ ਇਸ ਵਾਸਤੇ ਆਪ ਉਸ ਕੋ ਡੰਡੌਤ ਨ ਕਰਨਾ ਜਬ ਕਹੇ ਤੋ ਕਹਨਾ ਮੇਰੇ ਕੋ ਡੰਡੌਤ ਕਰਨੇ ਕਾ ਪਤਾ ਨਹੀਂ ਕਰਕੇ ਦਿਖਾਓ । ਜਬ ਡੰਡੌਤ ਕਰਕੇ ਦਿਖਾਵੇ ਤੋ ਪਕੜ ਕੇ ਤੁਮ ਨੇ ਕੜਾਹੇ ਮੇਂ ਫੈਂਕ ਦੇਨਾ। ਜਬ ਸੜ ਜਾਏ ਤੋ ਉਸ ਕਾ ਤੇਲ ਲਿਆ ਕਰ ਹਮਾਰੇ ਪਰ ਫੈਂਕਨਾ ਤੋ ਹਮ ਦੇਵਤਾ ਬਣ ਜਾਏਂਗੇ ਔਰ ਹਰ ਤਰਹ ਸੇ ਤੁਮਾਰੀ ਮਦਦ ਕਰੇਂਗੇ। ਰਾਜਾ ਨੇ ਯੇ ਬਾਤ ਸੁਨ ਕਰ ਉਨ ਕੋ ਕਹਾ ਐਸੇ ਹੀ ਕਰੂੰਗਾ ਔਰ ਉਨ ਕੋ ਨਮਸਕਾਰ ਕਰ ਆਗੇ ਚਲ ਪੜਾ ਆਗੇ ਗਯਾ ਤੋ ਰਸਤੇ ਮੇਂ ਰਾਜਾ ਕੋ ਬੜਾ ਸੁੰਦਰ ਬਾਗ ਦਿਖਾਈ ਆਯਾ ਅਨੇਕ ਫਲ ਫੂਲ ਲਗੇ ਥੇ, ਪੰਖੀ ਕਲੋਲ ਕਰ ਰਹੇ ਥੇ ਰਾਜਾ ਰਹਿ ਨ ਸਕਾ, ਬਨ ਕੀ ਸੈਲ ਕਰਤਾ ਅੰਦਰ ਚਲਾ ਗਯਾ ਤੋ ਏਕੰ ਯੋਗੀ ਰਾਜ ਦੇਖਾ। ਜਿਸ ਕੋ 'ਦੇਵਤਾ' ਅਪੱਛਰਾਓਂ ਸਹਿਤ ਪੂਜਨ ਕਰ ਰਹੇ ਹੈਂ ਅਰ ਅਣਮਾ ਮਹਿਮਾ ਆਦਿ ਜੋ ਮੁਖ ਅਠ ਸਿਧੀਆਂ ਹੈਂ ਵੋ ਹਾਥ ਬਾਂਧ ਕੇ ਖੜੀਆਂ ਹਨ ਐਸੇ ਯੋਗੀ ਕਾ ਪ੍ਰਤਾਪ ਦੇਖ ਕਰ ਉਸ ਬਨ ਕੋ ਦੇਖ ਕਰ ਰਾਜਾ ਕਾ ਖਿਆਲ ਹੂਆ ਕਿ ਮੈਂ ਇਸ ਜਗ੍ਹਾ ਹੀ ਰਹੂੰ । ਤਬ ਰਾਜਾ ਬੜੀ ਸ਼ਰਧਾ ਸੇ ਕਹਿਣੇ ਲਗਾ, ਭਗਵਨ ਮੇਰੇ ਕੋ ਸ਼ਿਸ਼ ਬਣਾਓ ਮੇਂ ਯਹਾਂ ਰਹਿ ਕਰ ਆਪ ਕੀ ਸੇਵਾ ਕਰੂੰ । ਯੋਗੀ ਰਾਜ ਉਪਰ ਸੇ ਨਹੀਂ ਨਹੀਂ ਕਰਤਾ ਰਹਾ ਫੇਰ ਕਹਾ ਅਛਾ, ਤਬ ਤੇਲ ਕੇ ਕੜਾਹੇ ਕੋ ਚੜ੍ਹਾ ਕੇ ਕਹਾ, ਇਸਕੀ ਚਾਰ ਪ੍ਰਕਰਮਾ ਕਰਕੇ ਫਿਰ ਮੇਰੇ ਕੋ ਡੰਡੌਤ ਕਰੋ । ਫੇਰ ਚੇਲਾ ਬਣਾਊਂਗਾ। ਰਾਜਾ ਕੋ ਸਿਰੋਂ ਵਾਲੇ ਬਚਨ ਯਾਦ ਆਏ ਔਰ ਕਹਾ ਮਹਾਰਾਜ ਮੈਂ ਡੰਡੌਤ ਕਰਨਾ ਜਾਨਤਾ ਨਹੀਂ, ਮੇਰੇ ਕੋ ਡੰਡੌਤ ਕਰਕੇ ਦਿਖਾਓ। ਜਬ ਰਾਜਾ ਕੋ ਯੋਗੀ ਡੰਡੌਤ ਕਰਕੇ ਦਿਖਾਨੇ ਲਗਾ

ਤ ਰਾਜਾ ਨੇ ਪਕੜ ਕਰ ਤੇਲ ਮੇਂ ਪਾ ਦੀਆ, ਜਬ ਤੇਲ ਮੇਂ ਭੂੰਨ ਗਯਾ ਤੋ ਰਾਜਾ ਨੇ ਤੇਲ ਕੋ ਚਾਰ ਸਿਰੋਂ ਪਰ ਛਿੜਕਾ ਤੋ ਵੋ ਦੇਵਤਾ ਬਨ ਗਏ ਔਰ ਕਹਾ ਮਹਾਰਾਜ ਅਬ ਹਮ ਆਪ ਕੇ ਚਾਰ ਬੀਰ ਹੈਂ ਜਹਾਂ ਆਪ ਕੋ ਜ਼ਰੂਰਤ ਪੜੇ ਵਹਾਂ ਯਾਦ ਕਰਨਾ ਤੋ ਹਮ ਹਾਜ਼ਰ ਹੋ ਜਾਏਂਗੇ। ਔਰ ਅਨਬੋਲਾ ਰਾਣੀ ਕੇ ਸਾਥ ਜ਼ਰੂਰ ਸ਼ਾਦੀ ਕਰਾਏਂਗੇ, ਅਬ ਹਮ ਜਾਤੇ ਹੈਂ ਔਰ ਆਪ ਕੋ ਹਜ਼ਾਰ ਕੋਸੋਂ ਬਾਦ ਅਨਬੋਲਾ ਰਾਣੀ ਕਾ ਚਤੁਸ਼ ਕੋਣ ਕਿਲਾ ਦਿਖਾਈ ਆਏਗਾ ਵਹਾਂ ਏਕ ਸ਼ਾਂਤ ਚਿਤ ਸਚਾ ਯੋਗੀ ਬੈਠਾ ਹੋਗਾ ਉਨ ਕੋ ਡੰਡੌਤ ਕਰ। ਸੇਵਾ ਕਰਨੀ। ਸੇਵਾ ਸੇ ਪ੍ਰਸੰਨ ਕਰਕੇ ਆਗੇ ਜਾਨਾ ਹੋਗਾ ਵੋ ਕਹੇਂਗੇ ਯਹ ਮਰੀਆ ਹੂਈਆ ਪੰਚ ਚਿੜੀਆਂ ਉਠਾ ਕਰ ਹਮਾਰੇ ਪਾਸ ਰਖਕੇ ਅੰਦਰ ਜਾ ਸਕਤੇ ਹੋ। ਤੁਮ ਕਿਤਨਾ ਭੀ ਜ਼ੋਰ ਲਗਾਓਗੇ ਤੋ ਏਕ ਚਿੜੀ ਭੀ ਨ ਉਠੇਗੀ ਤਬ ਹਮਕੋ ਯਾਦ ਕਰਨਾ ਹਮ ਚਿੜੀਆ ਉਠਾ ਕੇ ਯੋਗੀ ਕੋ ਦੇਂਗੇ ਤੁਮ ਨੇ ਅੰਦਰ ਚਲੇ ਜਾਨਾ। ਐਸ ਰਾਜਾ ਕੋ ਸਮਝਾਇ ਕਰ ਬੀਰ ਚਲੇ ਗਏ। ਮਹਾਰਾਜਾ ਵਿਕ੍ਰਮ ਭੀ ਉਨ ਸੇ ਆਗਯਾ ਲੇ ਕਰ ਆਗੇ ਕੋ ਚਲਾ ਤਬ ਏਕ ਕਿਲਾ ਉਸਕੋ ਦਿਖਾਈ ਆਇਆ ਰਾਜਾ ਅੰਦਰ ਗਯਾ ਯੋਗੀ ਦੇਖਾ ਔਰ ਉਨ ਕੋ ਪ੍ਰੇਮ ਸੇ ਨਮਸਕਾਰ ਕੀ ਸੇਵਾ ਕਰਕੇ ਪ੍ਰਸੰਨ ਕੀਆ ਯੋਗੀ ਪ੍ਰਸੰਨ ਹੋ ਕੇ ਕਹਨੇ ਲਗਾ ਕਿਆ ਚਾਹਤਾ ਹੈ। ਤਬ ਰਾਜਾ ਨੇ ਕਹਾ ਮੈਂ ਅੰਦਰ ਜਾਨਾ ਚਾਹਤਾ ਹੂ ਯੋਗੀ ਨੇ ਮਰੀਆ ਹੂਈਆ ਪੰਜ ਚਿੜੀਆਂ ਦਿਖਾਈਆਂ ਕਹਾ ਇਨ ਕੋ ਉਠਾ ਕਰ ਹਮਾਰੇ ਪਾਸ ਰਖ ਕਰ ਅੰਦਰ ਜਾ ਸਕਤਾ ਹੈਂ। ਰਾਜਾ ਨੇ ਜ਼ੋਰ ਬੜਾ ਲਗਾਯਾ ਜਬ ਨ ਉਠੀਆ ਤਬ ਬੀਰੋਂ ਕੋ ਯਾਦ ਕੀਆ ਉਨ ਕੀ ਮਦਦ ਸੇ ਚਿੜੀਆ ਉਠਾ ਕੇ ਅੰਦਰ ਜਾਨੇ ਲਗਾ ਜਾਤੇ ਸਮੇਂ ਯੋਗੀ ਔਰ ਵੀਰੋਂ ਨੇ ਕਹਾ ਅੰਦਰ ਜਾਓਗੇ ਤੋ ਵਜ਼ੀਰ ਮਿਲੇਗਾ ਉਨ ਕੋ ਨਮਸਕਾਰ ਕਰ ਸੇਵਾ ਕਰ ਪ੍ਰਸੰਨ ਕਰ ਅੰਦਰ ਜਾ ਸਕੋਗੇ ਕਠਿਨ ਸੇ ਕਠਿਨ ਸੇਵਾ ਕਰਾਏਗਾ ਜੋ ਕਹੇ ਸੋ ਮਾਨਨਾ ਹੋਗਾ ਜੋ ਕਾਮ ਨ ਹੋ ਸਕੇ ਹਮ ਕੋ ਯਾਦ ਕਰਨਾ ਔਰ ਵਜ਼ੀਰ ਕੇ ਪ੍ਰਸੰਨਤਾ ਬਿਨਾ ਅੰਦਰ ਨਹੀਂ ਜਾ ਸਕੋਗੇ ਤਨ ਮਨ ਧਨ ਸੇ ਸੇਵਾ ਕਰਨੀ ਔਰ ਸਭ ਆਗਿਆ ਪਾਲਨ ਕਰਨੀ ਤਬ ਅੰਦਰ ਜਾਨਾ ਮਿਲੇਗਾ ਕਿਉਂਕਿ ਅਨਬੋਲਾ ਰਾਣੀ ਕਾ ਬਾਪ ਰਾਜਾ ਆਪ ਵਿਰਕਤ ਹੋਕਰ ਏਕਾਂਤ ਮੇਂ ਬੈਠਾ ਹੈ ਅਰ ਅਨਬੋਲਾ ਰਾਣੀ ਕੀ ਸ਼ਾਦੀ ਕਾ ਭਾਰ ਸਭ ਵਜ਼ੀਰ ਕੇ ਸਿਰ ਪਰ ਰੱਖ ਗਯਾ ਹੈ ਵਜ਼ੀਰ ਨੇ ਹੀ ਇਸਕੇ ਸ਼ਾਦੀ ਕੇ ਨਿਯਮ ਬਾਂਧੇ ਹੈਂ ਸੋ ਉਸਕੋ ਪ੍ਰਸੰਨ ਕਰੋ। ਐਸੇ ਬੀਰੋਂ ਨੇ ਰਾਜਾ ਕੋ ਸਮਝਾ ਕਰ ਵਜ਼ੀਰ ਪਾਸ ਅੰਦਰ ਭੇਜਾ ਯਹਾਂ ਤਕ ਹਾਲੀ ਦ੍ਰਿਸ਼ਟਾਂਤ ਹੈ। ਅਬ ਦਾਰਿਸ਼ਟਾਂਤ ਲਿਖਤੇ ਹੈਂ ਤੈਸ ਮੁਮੁਖਸ਼ੂ ਰੂਪ ਮਹਾਰਾਜਾ ਬਿਕ੍ਰਮ ਕਾਮਕ੍ਰੋਧਾਦਿ ਮ੍ਰਿਗੋਂ ਕੇ ਮਾਰਨੇ ਕੋ ਸ਼ਿਕਾਰ ਖੇਲਨੇ ਗਯਾ। ਉਜਾੜ (ਬਨ) ਮੇਂ ਬ੍ਰਹਮਵੇਤਾ ਬ੍ਰਾਹਮਣ ਜੋ ਸਰੀਰ ਕੀ ਕ੍ਰਿਆ ਰੂਪ ਲਕੜੀਓਂ ਕਾ ਬੋਝ ਉਠਾਨੇ ਮੇਂ ਅਸਮਰਥ ਭੂਮਿਕਾ ਆਰੂੜ ਥਾ ਔਰ ਮੁਮੁਖਸ਼ੂ ਕੋ ਕਹਿਨੇ ਲਗਾ ਮੇਰੀ ਯੇ ਕ੍ਰਿਆ ਸਿਧ ਤੂੰ ਕਰ ਜਾਹ। ਮੁਮੁਖਸ਼ੂ ਕੋ ਦੇਖ ਕਰ ਭਾਵ ਨ ਜਾਣ ਕਰ ਹਾਸੀ ਆਈ ਕਿ ਬ੍ਰਹਮਵੇਤਾ ਅਪਨੀ ਕ੍ਰਿਆ ਕਰਨੇ ਮੇਂ ਹੀ ਅਸਮਰਥ ਹੈ ਤੋ ਔਰ ਕਿਆ ਕਿਸੀ ਕਾ ਪਰਉਪਕਾਰ ਕਰ ਸਕੇਗਾ ਤਬ ਬ੍ਰਹਮਵੇਤਾ ਨੇ



ਮੁਮੁਖਸ਼ੂ ਕੋ ਕਹਾ ਤੂੰ ਭੀ ਪੁਰਸ਼ਾਰਥ ਕਾ ਅਭਿਮਾਨ ਨ ਕਰ ਤੇਰੇ ਕੋ ਪੁਰਸ਼ਾਰਥੀ ਔਰ ਬਲਵਾਨ ਤਬ ਸਮਝੇਂਗੇ ਜਬ ਮਨ ਬਾਣੀ ਸੇ ਪਰੇ ਔਰ ਮਨ ਬਾਣੀ ਕਾ ਅਵਿਸ਼ਯ ਜੋ ਪਰ ਬ੍ਰਹਮ ਪਰਮਾਤਮਾ ਰੂਪ ਅਨਬੋਲਾ ਰਾਣੀ ਹੈ ਉਸ ਕੋ ਪ੍ਰਾਪਤ ਹੋ ਕਰ ਆਵੇਂਗਾ। ਤਬ ਤੇਰੇ ਕੋ ਸੂਰਬੀਰ ਜਾਣੂੰਗਾ। ਯੇਹ ਵਚਨ ਸੁਨ ਕਰ ਮੁਮੁਖਸ਼ੂ ਨੇ ਕਹਾ ਅਛਾ ਅਬ ਮੈਂ ਪਾਰਬ੍ਰਹਮ ਕੋ ਪ੍ਰਾਪਤ ਹੋਕਰ ਹੀ ਆਊਂਗਾ। ਪਰੰਤੂ ਮੇਰੇ ਕੋ ਪਤਾ ਨਹੀਂ ਹੈ ਆਪ ਮੇਰੇ ਕੋ ਉਸ ਕਾ ਪਤਾ ਦੇਵੋ। ਤਬ ਉਸ ਨੇ ਕਹਾ ਕੁਛ ਸੇਵਾ ਕਰੋ ਫਿਰ ਬਤਾਏਂਗੇ ਸੇਵਾ ਕਰੀ ਤਬ ਬਤਲਾਨੇ ਲਗੇ। ਇਸ ਰਾਸਤੇ ਯਾਨੇ ਸੰਸਾਰ ਕੀ ਨਿਵ੍ਰਿਤੀ ਕੇ ਰਾਸਤੇ ਜਾਓਗੇ ਤੋ ਆਗੇ ਚਾਰ ਵੇਦ ਰੂਪ ਚਾਰ ਸਿਰ ਮਿਲੇਂਗੇ। ਓਹ ਤੁਮਾਰੇ ਕੋ ਪਹਿਲੇ ਹਸੇਂਗੇ ਔਰ ਰੋਏਂਗੇ ਤਬ ਮਹਾਰਾਜਾ ਵਿਕਰਮ ਰੂਪ ਮੁਮੁਖਸ਼ੂ ਸਰਵ ਕਾ ਤਿਆਗ ਕਰ ਚਲ ਪੜਾ ਰਸਤੇ ਮੇਂ ਯਾਨੇ ਮੋਖਸ਼ ਕੇ ਮਾਰਗ ਮੇਂ ਚਾਰ ਵੇਦ ਮਿਲੇ ਵੋ ਪਹਿਲੇ ਹਸੇ ਯਾਨੇ ਰੋਚਕ ਵਚਨ ਕਹਿਨੇ ਲਗੇ ਫਿਰ ਰੋਣੇ ਯਾਨੇ ਭਯਾਨਕ ਬਚਨ ਕਹਿਨੇ ਲਗੇ ਯਾਨੇ ਸੁਰਗ, ਨਰਕ ਕੇ ਵਚਨ ਕਹੇ। ਤਬ ਮੁਮੁਖਸ਼ੂ ਨੇ ਉਨ ਕੋ ਕਹਾ ਮੇਰੇ ਕੋ ਪਰਬ੍ਰਹਮ ਰੂਪ ਅਨਬੋਲਾ ਰਾਣੀ ਕਾ ਰਸਤਾ ਬਤਲਾਓ। ਉਨੋਂ ਨੇ ਕਹਾ ਅੰਤਰ ਮੁਖ ਹੋਕੇ ਧਾਰਨਾ ਕੇ ਰਸਤੇ ਅੰਦਰ ਜਾਓ ਤੋ ਮਨਰੂਪੀ ਯੋਗੀ ਮਿਲੇਗਾ ਉਸ ਕੋ ਦੇਖ ਕੇ ਆਪ ਮੋਹਿਤ ਹੋ ਜਾਓਗੇ ਔਰ ਉਸ ਕੇ ਚੇਲੇ ਬਣੋਗੇ ਕਿਉਂਕਿ ਮਨ ਬੜਾ ਪ੍ਰਬਲ ਹੈ ਸਭ ਕੋ ਅਨਿਕ ਪ੍ਰਕਾਰ ਸੇ ਮੋਹਿਤ ਕਰਤਾ ਹੈ ਹੋਰ ਤੋ ਕਿਆ ਕਹਿਨਾ ਰਿਖੀਸਰ, ਤਪੀਸਰ, ਸੰਕਰ ਵਿਧਾਤਾ ਆਦਿ ਰਿਸ਼ੀ ਮੁਨੀ ਸਭ ਕੋ ਯਹ ਠਗ ਲੇਤਾ ਹੈ ਉਸ ਨੇ ਅਪਨੇ ਅਧਿਦੇਵ ਚੰਦ੍ਰਮਾ ਕੋ ਭੀ ਠਗ ਲੀਆ ਹੈ ਇਸ ਵਾਸਤੇ ਸੰਭਾਲ ਕਰ ਮਨ ਕੋ ਵਰਤਨਾ ਔਰ ਮਨ ਕੋ ਮਾਰ ਕਰ ਉਸਕਾ ਤੇਲ ਯਾਨੇ ਸਨੇਹ ਪਰੇਮ ਹਮਾਰੇ ਉਪਰ ਯਾਨੇ ਵੇਦਾਂਤ ਵਚਨ ਪਰ ਕਰਨਾ ਤੋ ਹਮ ਤੁਮਾਰੇ ਕੋ ਯਥਾਰਥ ਵਚਨ ਸੁਨਾਏਂਗੇ। ਇਸ ਪ੍ਰਕਾਰ ਮੁਮੁਖਸ਼ੂ ਧਾਰਨਾ ਕੇ ਰਸਤੇ ਅੰਦਰ ਗਯਾ ਔਰ ਮਨ ਕਾ ਪ੍ਰਭਾਵ ਦੇਖਾ ਅਰ ਅਭਿਆਸ ਵੈਰਾਗ ਸੇ ਮਨ ਕੋ ਪਕੜਾ ਔਰ ਸੰਸਾਰ ਕੀ ਤਰਫ ਸੇ ਉਸ ਕੋ ਮਾਰ ਕਰ ਵੇਦਾਂਤ ਕੀ ਤਰਫ ਉਨਕਾ ਪਰੇਮ ਕਰਾਯਾ।

**ਪ੍ਰਮਾਣ—ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ ॥ ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਵਾਰੁ ॥ ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ ॥**

[ਪ੍ਰਭਾਤੀ ਮ: ੧ ਸਫਾ ੧੩੩੦

**ਮਨ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥ ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥**

[ਭੈ: ਮ: ੧ ਸਫਾ ੧੧੨੫

**ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥**

[ਬਸੰਤ ਹਿੰਡੋਲ ਮ: ੧ ਸਫਾ ੧੧੭੯

**ਤ੍ਰੈਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥ ਹਉਮੈ ਆਵੈ**

ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥ [ਮਾਰੂ ਮ: ੫ ਸਫਾ ੧੦੦੩

ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ ਵਿਣੁ ਨਾਵੈ ਕਿਉ ਛੁਟੀਐ ਪਾਪ ਪਚਹਿ ਪਚਾਹਿ ॥ ਫਿਰਿ ਫਿਰਿ ਫਾਹੀ ਫਾਸੈ ਕਊਆ ॥ ਫਿਰਿ ਪਛੁਤਾਨਾ ਅਬ ਕਿਆ ਹੂਆ ॥ ਫਾਥਾ ਚੋਗ ਚੁਗੈ ਨਹੀ ਬੂਝੈ ॥ ਸਤਗੁਰੁ ਮਿਲੈ ਤ ਆਖੀ ਸੂਝੈ ॥ ਜਿਉ ਮਛੁਲੀ ਫਾਥੀ ਜਮ ਜਾਲਿ ॥ ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥ ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥ ਇਕ ਰੰਗਿ ਰਚੈ ਰਹੈ ਲਿਵ ਲਾਇ ॥ ਇਵ ਛੂਟੈ ਫਿਰਿ ਫਾਸ ਨ ਪਾਇ ॥

[ਰਾਮਕਲੀ ਦਖਣੀ ਓਅੰਕਾਰ ਮ: ੧ ਸਫਾ ੯੩੫

ਕਾਮ ਕ੍ਰੋਧੁ ਲੋਭ ਆਦਿ ਰੂਪ ਧਰ। ਨਟਵਤ ਮੋਹੇ ਤੁਮ ਕੋ ਮਨੁ ਔਰ। ਤੁਮਰੇ ਮੁਖ ਕੇ ਅਹਿਨਿਸ ਕਾਟੇ । ਸਤ ਪਥ ਤੇ ਤੁਮ ਕੋ ਨਿਤ ਡਾਟੇ। ਕੀਨ ਦੀਨ ਤੇ ਦੀਨ ਤੁਮੇ ਮਨ । ਜਨਮ ਜਨਮ ਕੋ ਮਨ ਤਵ ਦੁਸ਼ਮਨ। ਤਵ ਆਸਰੇ ਬਲ ਪਾਇ ਤਿਹਾਰੇ । ਹਰਿਯੋ ਸਰਬ ਮਨ ਤੇਜ ਤੁਮਾਰੇ। ਕਿੰਚਿਤ ਕਥਾ ਸਮਾਗਮ ਬਨੇ ਹੈ। ਸੁਨਤ ਅਰੁਚਿ ਨਹਿ ਤਾਮਹਿ ਮਨ ਹੈ। ਚਿਤ ਭਰਮਤ ਭਵ ਅਰਥਨ ਮਾਂਹੀ । ਕਥਾ ਅਰਥ ਕਛੁ ਸੂਝਤ ਨਾਂਹੀ। ਅਰ ਸਰਧਾ ਬਿਨ ਜਬ ਕੁਛ ਦਰਬਹਿ । ਚੇਤ ਤਾਹਿ ਕੋ ਤਬ ਅਤਿ ਗਰਬਹਿ । ਵਕਤਾ ਕੋ ਅਨੁਚਰ ਵਤ ਜਾਨੇ । ਤਾਂਤੇ ਕਰਤ ਨ ਅਤਿ ਸਨਮਾਨੇ। [ਵੈਰਾਗ ਸ਼ਤਕ

ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥... ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥

[ਗਉੜੀ ਮ: ੧ ਸਫਾ ੨੨੨

ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਇ ॥ ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥ ੧ ॥ ਜਿਸਨੋ ਬਖਸੇ ਹਰਿ ਦੇ ਵਡਿਆਈ ॥ ਗੁਰ ਪ੍ਰਸਾਦਿ ਵਸੈ ਮਨਿ ਆਈ ॥ ਰਹਾਉ ॥ ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥ ਮਨ ਮੈ ਮਤੁ ਮੈਗਲ ਮਿਕਦਾਰਾ ॥ ਗੁਰ ਅੰਕਸੁ ਮਾਰਿ ਜੀਵਾਲਣ ਹਾਰਾ ॥ ੨ ॥ ਮਨੁ ਅਸਾਧੁ ਸਾਧੈ ਜਨੁ ਕੋਈ ॥ ਅਚਰੁ ਚਰੈ



ਤਾ ਨਿਰਮਲੁ ਹੋਈ ॥ ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥

[ਧਨਾਸਰੀ ਮ: ੩ ਸਫਾ ੬੬੫

ਨਾਇਕ ਹੈ ਏਕ ਅਰੁ ਨਾਇਕਾ ਅਸਟ ਤਾਕੈ ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈਂ। ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤ ਹੈ। ਤਾਹੂੰ ਤੇ ਅਨੇਕ ਪੁਨ ਏਕੈ ਏਕੈ ਪਾਂਚ ਪਾਂਚ ਤਾਂਤੇ ਚਾਰ ਚਾਰ ਸੁਤ ਸੰਤਤਿ ਸਭੂਤ। ਤਾਂਤੇ ਆਠ ਆਠ ਸੁਤਾ ਸੁਤਾ ਸੁਤਾ ਆਠ ਸੁਤ ਐਸੇ ਪ੍ਰਵਾਰ ਕੈਸੇ ਹੋਇ ਏਕ ਸੂਤ ਹੈ ॥੨੨੮॥ ਏਕ ਮਣ ਆਠ ਖੰਡ ਖੰਡ ਖੰਡ ਪਾਂਚ ਟੂਕ ਟੂਕ ਟੂਕ ਚਾਰ ਫਾਰ ਫਾਰ ਦੋਇ ਫਾਰ ਹੈ। ਤਾਂਹੂ ਤੇ ਪਈਸੇ ਔ ਪਈਸਾ ਏਕ ਪਾਂਚ ਟਾਂਕ ਟਾਂਕ ਟਾਂਕ ਮਾਸੇ ਚਾਰ ਅਨਿਕ ਪ੍ਰਕਾਰ ਹੈ। ਮਾਸਾ ਏਕ ਆਠ ਰਤੀ, ਰਤੀ ਆਠ ਚਾਵਲ ਕੀ ਹਾਟ ਹਾਟ *ਕਨੁ ਕਨੁ ਤੋਲ ਤੁਲਾਧਾਰ ਹੈ। ਪੁਰ ਪੁਰ ਪੂਰ ਰਹੇ ਸਕਲ ਬਿਖੇ ਬਸ ਆਵੇ ਕੈਸੇ ਜਾਕੇ ਏਤੇ ਬਿਸਥਾਰ ਹੈ ॥ ੨੨੯ ॥

[ਕਬਿਤ ਭਾਈ ਗੁਰਦਾਸ ੨੨੮-੨੯

ਅੰਤਰ ਅਛਤ ਹੈ ਦੇਸਾਂਤਰ ਗੌਣ ਕਰੇ ਪਾਛੇ ਪਰੇ ਪਹੁੰਚੇ ਨ ਪਾਇਕ ਜਉ ਧਾਵਈ। ਪਹੁੰਚੇ ਨਾ ਰਥ ਪਹੁੰਚੇ ਨਾ ਗਜ ਰਾਜ ਬਾਜ ਪਹੁੰਚੇ ਨ ਖਗ ਮ੍ਰਿਗ ਫਾਂਦਤ ਉਡਾਵਈ। ਪਹੁੰਚੇ ਨ ਪਵਨ ਗਨ ਤ੍ਰਿਭਵਨ ਪਤੀ ਅਰਧ ਉਰਧ ਅੰਤਰ ਯੂੰ ਹੋਇ ਨ ਪਾਵਈ । ਪੰਜ ਦੂਤ ਭੂਤ ਲਗ ਅਧਮ ਅਸਾਧ ਮਨ ਗਹੇ ਗੁਰ ਗਿਆਨ ਸਾਧ ਸੰਗ ਵਸ ਆਵਈ ॥ ੧ ॥

ਜਿਨ ਲਗੇ ਸ਼ੰਕਰ ਵਿਧਾਤਾ ਇੰਦ੍ਰ ਦੇਵ ਮੁਨਿ ਆਪਣੇ ਹੂੰ ਅਧਿਪਤੀ ਠਗਿਓ ਜਿਨ ਚੰਦੂ ਹੈ ॥ ਅਉਰ ਜੋਗੀ ਜੰਗਮ ਸੰਨਿਆਸੀ ਕੌਨ ਗਿਨੇ ਸਭ ਹੀ ਕੋ ਠਗਤ ਠਗਾਵੈ ਨ ਗਮ ਸੁ ਛੰਦੁ ਹੈ ॥ ਤਪੀਸਰ ਰਿਖੀਸਰ ਸਕਲ ਪਚ ਪਚ ਗਏ ਕਾਹੂ ਕੇ ਨ ਆਵੇ ਬੰਧ ਐਸੋ ਜਾਂ ਪੈ ਬੰਧ ਹੈ ॥ ਸੁੰਦਰ ਕਹਤ ਬਸ ਕੌਨ ਬਿਧਿ ਕੀਜੈ ਮਨ ਸੋ ਨ

*ਖ਼ਸਖ਼ਾਸ ।

ਕੋਊ ਯਾਂ ਜਗਤ ਮਾਂਹਿ ਰਿੰਦ ਹੈ ॥ ੨ ॥ ਜੈਸੇ ਪੰਛੀ ਉਡਤ ਫਿਰਤ ਹੈ ਆਕਾਸ ਚਾਰੀ ਜਾਰੀ ਡਾਰ ਪਿੰਗਰੇ ਮੈਂ ਰਾਖੀਅਤ ਆਨਕੈ ॥ ਜੈਸੇ ਗਜਰਾਜ ਗਹਿਬਰ ਬਨ ਮੇਂ ਮਦਨ ਵਸ ਹੋਇ ਮਹਾਵਤ ਕੇ ਅੰਕੁਸ ਸਹਮਾਨ ਕੈ ॥ ਜੈਸੇ ਬਿਖਜਾਧਰ (ਸਰਪ) ਬਿਖਮ ਬਿਲ ਮੇਂ ਪਤਾਲ ਗਏ ਸਾਂਪ ਹੇਰਾ ਤਾਹਿ ਮੰਤ੍ਰ ਠਾਕੇ ਕਾਨ ਕੈ ॥ ਜੈਸੇ ਤ੍ਰਿਭਵਣ ਪਤੀ ਭਰਮਤ ਚੰਚਲ ਚਿੱਤ ਨਿਸਚਲ ਹੋਤ ਮਤਿ ਸਤਿਗੁਰ ਧਿਆਨ ਕੈ ॥ ੩॥ ਮਨ ਹੀ ਕੇ ਭਰਮਤੇ ਜਗਤ ਯਹ ਦੇਖੀਅਤ ਮਨ ਹੀ ਕੋ ਭਰਮ ਗਏ ਜਗਤ ਬਿਲਾਤ ਹੈ । ਮਨ ਹੀ ਕੇ ਭਰਮ ਜੇਵਰੀ ਮੇਂ ਉਪਜਤ ਸਾਂਪ, ਮਨ ਕੇ ਵਿਚਾਰੇ ਸਾਂਪ ਜੇਵਰੀ ਸਮਾਤਿ ਹੈ ॥ ਮਨ ਹੀ ਕੇ ਭਰਮ ਤੇ ਮਰੀਚਿਕਾ ਕੋ ਜਲੁ ਕਹੇ ਮਨ ਹੀ ਕੇ ਭਰਮ ਸੀਪ ਰੂਪੇ ਸਾ ਦਿਖਾਤ ਹੈ॥ ਸੁੰਦਰ ਸਕਲ ਯਹ ਦੇਖੇ ਮਨ ਹੀ ਕੇ ਭਰਮ ਮਨ ਹੀ ਕੇ ਭਰਮ ਗਏ ਬ੍ਰਹਮ ਹੋਇ ਜਾਤ ਹੈ ॥ ੪ ॥ ਮਨ ਕੇ ਅਧੀਨ ਮੁਨਿ ਪੰਡਤ ਤਪੀਸਰ ਔ ਮਨ ਕੇ ਅਧੀਨ ਜੋਗੀ ਜਤੀ ਬ੍ਰਹਮ ਚਾਰੀ ਹੈ॥ ਮਨ ਕੇ ਅਧੀਨ ਪੀਰ ਮੀਰ ਖਾਨ ਸੁਲਤਾਨ, ਮਨ ਕੇ ਅਧੀਨ ਪੈਗੰਬਰ ਚਾਰਯਾਰੀ ਹੈ॥ ਮਨ ਕੇ ਅਧੀਨ ਸੂਰ ਬਲੀ ਨਿਰਬਲ ਔ ਮਨ ਕੇ ਅਧੀਨ ਰਾਊ ਰੰਕ ਨਰ ਨਾਰੀ ਹੈ॥ ਔਰ ਸਬ ਸ੍ਰਿਸ਼ਟਿ ਏਕ ਮਨ ਕੇ ਅਧੀਨ ਵਰਤੇ ਗਿਆਨੀ ਕੀ ਜੋ ਗਤੀ ਸੋ ਤੋ ਮਨ ਸੇ ਨਿਆਰੀ ਹੈ ॥ ੫ ॥ ਛਪਯ-ਪੜਨ ਗੁਣਨ ਕੁਛ ਅਚਰਜ ਨਾਹੀਂ ਅਚਰਜ ਨਾਹੀ ਗਿਆਨ ਕਰਨ ॥ ਮੋਨੀ ਹੋਇਆ ਅਚਰਜ ਨਾਹੀ ਅਚਰਜ ਨਾਹੀਂ ਬਕਨ ਕਥਨ ॥ ਤੀਰਥ ਪਰਸੀਐ ਅਚਰਜ ਨਾਹੀਂ ਅਚਰਜ ਨਾਹੀਂ ਗਉਣੁ ਭਉਣੁ ॥ ਦਰਸ਼ਨ ਨਹੀਂ ਔਰ ਕੁਛ ਅਚਰਜੁ ਅਚਰਜੁ ਹੈ ਮਨ ਵਸ ਕਰਨ ॥ ੬ ॥

ਤਥਾ ਗੁਰੂ ਪ੍ਰਮਾਣ:-

**ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥ ਰਹਾਉ॥ ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪ੍ਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥ ੧ ॥ ਕਾਮੁ ਕਿਵਾਰੀ**



**ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ ॥ ੨ ॥ ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ ॥ ੩ ॥ ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ ॥੪॥ ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥ ੫ ॥ ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥ ਦਾਸ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥ ੬ ॥ ੯ ॥ ੧੭ ॥**

[ਭੈਰਉ ਕਬੀਰ ਸਫਾ ੧੧੬੧

ਇਸ ਪ੍ਰਕਾਰ ਮਨ ਕੋ ਮਾਰ ਕਰ ਵੇਦੋਂ ਸੇ ਪ੍ਰੀਤ ਕਰਤਾ ਹੂਆ ਮੁਮੁਖਸ਼ੂ ਵੇਦੋਂ ਸੇ ਪੂਛ ਕਰ ਅਗੇ ਜਾਨੇ ਲਗਾ ਵੇਦੋਂ ਨੇ ਕਹਾ ਆਪ ਕੋ ਏਕ ਆਗੇ ਈਸ੍ਵਰ ਯੋਗੀ ਰਾਜ ਮਿਲੇਗਾ ਉਸ ਨਾਲ ਪਰੇਮ ਕਰਨਾ ਔਰ ਉਸਕੀ ਨਵਧਾ ਭਗਤੀ ਕਰਨੀ। ਉਸ ਕੀ ਆਗਿਆ ਲੇਕਰ ਉਸ ਕੀ ਕ੍ਰਿਪਾ ਸੇ ਅੰਦਰ ਜਾਣੇ ਕਾ ਵਿਚਾਰ ਕਰਨਾ ਕਿ ਤੁਮਾਰੇ ਕੋ ਪੰਜ ਮਰੀਆਂ ਚਿੜੀਆਂ ਯਾਨੇ ਪੰਜ ਬ੍ਰਿਤੀਆਂ ਮੇਰੇ ਪਾਸ ਰਖ ਕੇ ਜਾਓ ਤਬ ਤੁਮ ਸੇ ਪੰਜ ਬ੍ਰਿਤੀਆਂ ਜਯ ਨ ਹੋ ਸਕਣੀਆਂ ਹਮਾਰੇ ਕੋ ਯਾਦ ਕਰਨਾ ਤੋ ਹਮਾਰੀ ਮਦਦ ਸੇ ਬ੍ਰਿਤੀਓਂ ਕੋ ਦੇਕਰ ਅਗੇ ਜਾਣਾ ਕਠਿਨ ਬ੍ਰਿਤੀਓਂ ਮੇਂ ਪ੍ਰਮਾਣ:-

**ਬ੍ਰਿਤਯ: ਪੰਚ ਤਯ: ਕਿਲਿਸ੍ਰਿ ਅਕਲਿਸ੍ਰਾ: ਚ ॥ ਪ੍ਰਮਾਣ ਵਿਪਰਯਯ ਵਿਕਲਪ ਨਿਦ੍ਰਾ ਸਿਮ੍ਰਿਤਯ: ॥**

ਬ੍ਰਿਤੀਆਂ ਪਾਂਚ ਪ੍ਰਕਾਰ ਕੀਆਂ ਹੋਤੀ ਹੈਂ, ਕਿਲਿਸ਼ਟ ਅਕਲਿਸ਼ਟ । ਬ੍ਰਿਤੀਓਂ ਕੇ ਪਾਂਚ ਭੇਦ ਯਹ ਹੈ, ੧. ਪ੍ਰਮਾਣ, ੨. ਭਰਮ, ੩. ਵਿਕਲਪ, ੪. ਨਿੰਦ੍ਰਾ ੫ ਸਿਮ੍ਰਿਤੀ ।

**ਯੋਗਸ੍ਚਿੱਤ ਬ੍ਰਿਤਿ ਨਿਰੋਧ: ਤਦਾਦ੍ਰਸ੍ਰ: ਸ੍ਵਰੂਪੇ ਅਵਸਥਾਨੰ ॥**

[ਪਾਤੰਜਲ ਯੋਗ ਸੂਤ੍ਰ

ਅਰਥ-ਚਿਤ ਕੀ ਰਾਜਸ ਤਾਮਸ ਬ੍ਰਿਤੀਓਂ ਕੀ ਨਿਰੋਧ ਵਾਲੀ ਅਵਸਥਾ ਯੋਗ ਹੈ ਤਬ ਨਿਰੋਧਾਵਸਥਾ ਮੇਂ ਚਿਦਾਤਮਾ ਕੀ ਅਪਨੇ ਸੁਧ ਸ੍ਵਰੂਪ ਮੇਂ ਇਸਥਿਤ ਹੋਤੀ ਹੈ। ਇਸ ਪ੍ਰਕਾਰ ਜੜ੍ਹ ਜੋ ਪਾਂਚੋਂ ਚਿਤ ਕੀਆਂ ਬ੍ਰਿਤੀਆਂ ਰੂਪ ਚਿੜੀਆਂ ਸੀਆਂ। ਉਨ ਕੋ ਯੋਗ ਦੁਆਰਾ ਪਰਮਾਤਮਾਂ ਮੇਂ ਅਰਪਣ ਕਰਕੇ ਯਾਨੇ ਰੋਕ ਕਰਕੇ ਪਰਮੇਸ੍ਵਰ ਕੀ ਕ੍ਰਿਪਾ ਸੇ ਸਤਿਸੰਗ ਮੇਂ ਸੰਤ ਰੂਪ ਵਜ਼ੀਰ ਕੇ ਪਾਸ ਪਹੁੰਚਾ ।

**ਸਾਧ ਪਠਾਏ ਆਪਿ ਹਰਿ ਹਮ ਤੁਮਤੇ ਨਾਹੀ ਦੂਰਿ ॥** [ਰਾਮ: ਮ: ੫ ਸਫਾ ੯੨੯

ਕਬਿਤ ॥ ਸਤਸੰਗ ਕੀਨੋ ਤਬ ਭੀਲਣੀ ਤਰਾਨੀ ਜਗ, ਸਤਸੰਗ ਕੀਨੋ ਤਬ ਤਰੀ ਮੀਰਾਂ ਬਾਈ ਹੈ ॥ ਸਤਸੰਗ ਕਰ ਨਾਮਦੇਵ ਔ ਕਬੀਰ ਤਰੇ, ਸਤਸੰਗ ਕਰ ਪਾਰ ਭਇਓ ਸੈਨ ਨਾਈ ਹੈ ॥ ਸਤਸੰਗ ਕੋ ਪ੍ਰਭਾਵ ਪ੍ਰਗਟ ਸਕਲ ਜਗ ਰਵਦਾਸ ਹੂੰ ਕੀ ਪ੍ਰਭੁ ਜਾਤਿ ਨ ਗਿਨਾਈ ਹੈ ॥ ਭਾਖਤ ਚਤੁਰ ਜਿਨ ਸਤਸੰਗ ਕੀਨੋ ਤਾਹਿੰ ਕੋ ਜਨਮ ਦੇਨੇ ਵਾਲੀ ਧੰਨ ਮਾਈ ਹੈ॥

ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥

[ਗਉੜੀ ਬਾਵਨ ਅਖਰੀ ਮ: ੫ ਸਫਾ ੨੫੦

ਪ੍ਰਭੁ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ॥

[ਕਾਨੜਾ ਮ: ੫ ਸਫਾ ੧੩੦੧

ਜਾਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ॥

[ਗਉੜੀ ਮ: ੫ ਸਫਾ ੧੮੬

ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾ ਨਿਧਿ ਜਨ ਨਾਨਕ ਸੰਤ ਰੇਨਾਈ॥

[ਕਾਨੜਾ ਮ: ੫ ਸਫਾ ੧੩੦੨

ਸੰਤ ਰੂਪ ਵਜ਼ੀਰ ਪਾਸ ਗਯਾ ਜਾ ਕਰ ਸੰਤ ਕੋ ਪ੍ਰਾਰਥਨਾ ਕਰੀ:-

ਹੇ ਭਗਵਾਨ ਈਸ੍ਵਰ ਕੀ ਕ੍ਰਿਪਾ ਸੇ ਆਪ ਕਾ ਦਰਸ਼ਨ ਹੂਆ ਅਬ ਸੇਵਾ ਕਰਨੇ ਕੀ ਚਿਤ ਮੇਂ ਲਾਲਸਾ ਹੈ। ਜੈਸੇ ਗੁਰੂ ਜੀ ਲਿਖਤੇ ਹੈਂ:-

ਗੁਰ ਕੀ ਸੇਵਾ ਕਰਹੁ ਦਿਨ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ॥

[ਸੂਹੀ ਮ: ੫ ਸਫਾ ੭੪੪

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥

[ਸ੍ਰੀ ਰਾਗ ਮ: ੧ ਸਫਾ ੬੧

ਤਥਾ-ਗੁਰੂ ਜੀ ਕੀ ਆਗਿਆ ਹੈ:-

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਇ ਨਿਹਾਲੁ ॥ [ਬਿਲਾ: ਮ: ੫ ਸਫਾ ੮੧੧

ਤਾਤੇ ਸੇਵਾ ਕਰਾਓ :-

ਗੁਰ ਕੀ ਸੇਵਾ ਸੋ ਜਨੁ ਪਾਏ ॥ ਜਾਕਉ ਕਰਮਿ ਲਿਖਿਆ ਧੁਰਿ ਆਏ॥ ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ ਗੁਰ ਮੇਰੀ ਵਰਤਣਿ ਗੁਰੁ ਪਰਵਾਰੁ॥



ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ ਨਾਨਕ ਗੁਰੁ ਪਾਰਬ੍ਰਹਮੁ ਜਾਂਕੀ ਕੀਮ ਨ ਪਾਈ ॥

[ਮਲਾਰ ਮ: ੫ ਸਫਾ ੧੨੭੦

ਸੰਤ ਰੂਪ ਵਜ਼ੀਰ ਨੇ ਕਹਾ ਚਲਾ ਜਾ ਯਹਾਂ ਸੇ, ਤੂੰ ਮੇਰੀ ਸੇਵਾ ਨਹੀਂ ਕਰ ਸਕੇਂਗਾ, ਯਹਾਂ ਤੇਰੇ ਜੈਸੇ ਬਹੁਤ ਆਕੇ ਚਲੇ ਗਏ ਹਨ ਤੇਰੇ ਸੇ ਸੇਵਾ ਨਹੀਂ ਹੋ ਸਕੇਗੀ, ਕਿਉਂ ਕਿ ਸੇਵਾ ਰੂਪ ਧਰਮ ਸਭ ਸੇ ਕਠਨ ਹੈ।

'ਸਭ ਸੇ ਸੇਵਕ ਕਰਮ ਕਠੋਰਾ ॥' [ਤੁਲਸੀ ਰਾਮਾਇਣ

ਪੈਰੀਂ ਪੈ ਪਾਖਾਕੁ ਹੋਇ ਛਡ ਮਨੀ ਮਨੂਰੀ ॥ ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ ॥ ਤਪੜ ਝਾੜ ਵਿਛਾਇਦਾ ਚੁਲੑ ਝੋਕਨ ਝੂਰੀ ॥ ਮੁਰਦੇ ਵਾਂਗ ਮੁਰੀਦ ਹੋਇ ਕਰ ਸਿਦਕ ਸਬੂਰੀ ॥ ਚੰਦਨੁ ਹੋਵੈ ਸਿਮਲਹੁ ਫਲ ਵਾਸ ਹਜੂਰੀ ॥ ਪੀਰ ਮੁਰੀਦਾਂ ਪਿਰਹੜੀ ਗੁਰਮੁਖਿ ਮਤਿ ਪੂਰੀ ॥੧੯॥

[੨੭ ਵਾਰ ਭਾ: ਗੁਰਦਾਸ

ਜੈਸੇ ਏਕ ਡਾਕੂਓਂ ਕਾ ਸਰਦਾਰ ਆਪਣੇ ਸਾਥੀਓਂ ਕੇ ਸਾਥ ਅਨੇਕ ਵਾਰ ਰਾਜੇ ਲੋਕੋਂ ਕੀਆਂ ਚੋਰੀਆਂ ਕਰਕੇ ਔਰ ਕਈ ਖੂਨ ਕਰਕੇ ਨਿਰਬਾਹ ਕਰਤਾ ਰਹਾ, ਏਕ ਦਿਨ ਕਈ ਖੂਨ ਕਰ ਕਿਸੀ ਰਾਜਾ ਕੀ ਚੋਰੀ ਕਰ ਆਪਣੇ ਸਾਥੀਓਂ ਕੋ ਲੇ ਕਰ ਜੰਗਲ ਮੇਂ ਦੌੜਾ ਔਰ ਰਾਜ ਪੁਲੀਸ ਉਨ ਕੇ ਪੀਛੇ ਪੜੀ ਔਰ ਵੋਹ ਡਾਕੂ ਚੋਰ ਦੌੜਤੇ ਭਾਗਤੇ ਜਾ ਰਹੇ ਸੀ ਤਬ ਡਾਕੂਓਂ ਕੇ ਸਰਦਾਰ ਕੋ ਟਟੀ ਕਾ ਖਿਆਲ ਹੂਆ ਆਪਣੇ ਸਾਥੀਓਂ ਕੋ ਕਹਾ ਤੁਮ ਮਾਲ ਲੇ ਕੇ ਚਲੋ ਹਮ ਆ ਮਿਲੇਂਗੇ। ਤਬ ਵੋ ਸੌਚ ਹੋ ਕਰ ਜਲ ਵਰਤਨੇ ਵਾਸਤੇ ਪਾਣੀ ਕੀ ਤਲਾਸ਼ ਕਰਨੇ ਲਗਾ, ਪਰ ਪਾਣੀ ਕਹੀਂ ਨ ਮਿਲਾ, ਆਖਿਰ ਏਕ ਸੰਤ ਕੀ ਕੁਟੀਆ ਉਜਾੜ ਮੇਂ ਸੀ, ਉਹਾਂ ਜਲ ਵਰਤ ਕਰ ਥੋੜੀ ਦੇਰ ਬੈਠ ਕਰ ਸੰਤ ਕੇ ਬਚਨ ਸੁਨਨੇ ਲਗਾ, ਸੰਤੋਂ ਨੇ ਭਯਾਨਕ ਬਚਨ ਬਹੁਤ ਸੁਨਾਏ ਡਾਕੂ ਕਾ ਚਿੱਤ ਡਰ ਗਯਾ। ਰੋਨੇ ਲਗਾ ਤਥਾ ਕਹਿਣੇ ਲਗਾ, ਮੈਨੇ ਬੜੇ ਪਾਪ ਕਰੇ ਹੈਂ, ਹਿਮਾਲੇ ਮੇਂ ਜਾਕਰ ਗਲੂ ? ਸੰਤੋਂ ਨੇ ਕਹਾ ਹਿਮਾਲੇ ਮੇਂ ਗਲਨੇ ਸੇ ਪਾਪੋਂ ਕੀ ਨਵਿਰਤੀ ਨਹੀਂ ਹੋਤੀ ਜਿਤਨੀ ਕਿ ਸੰਤ ਸੇਵਾ ਸੇ ਜਲਦੀ ਹੋਤੀ ਹੈ ਗੁਰੂ ਸੇਵਾ ਸੇ ਉਸ ਸੇ ਭੀ ਜਲਦੀ ਪਾਪ ਕੀ ਨਵਿਰਤੀ ਹੋਤੀ ਹੈ ਈਹਾਂ ਸੇ ਬਾਰਹ ਮੀਲ ਦੂਰ, ਏਕ ਬੜੇ ਬ੍ਰਹਮਵੇਤਾ ਸਾਂਤ ਚਿਤ ਸੰਤ ਹੈਂ ਉਸ ਕੀ ਜਾਕਰ ਤਨ ਮਨ ਸੇ ਸੇਵਾ ਕਰੋ ਉਨਕੇ ਪਾਸ ਰਹਨੇ ਵਾਲੇ ਬ੍ਰਹਮਣ ਲੋਗ ਤੁਮ ਕੋ ਸੇਵਾ ਕਰਨੇ ਨਹੀਂ ਦੇਂਗੇ ਅੰਨ ਜਲ ਨਹੀਂ ਦੇਂਗੇ ਕਈ ਪ੍ਰਕਾਰ ਕੀਆਂ ਤਕਲੀਫਾਂ ਦੇਂਗੇ ਪਰੰਤੂ ਤੁਮ ਨੇ ਏਕ ਰਸ ਸਾਂਤ ਚਿਤ ਹੋ ਕਰ ੧੨ ਬਰਸ ਸੇਵਾ ਕਰਨੀ ਤਬ ਵੋ ਚਿਤ ਕੋ ਤਕੜਾ ਕਰ ਉਨ ਕੇ ਪਾਸ ਗਯਾ ਔਰ ਡੰਡੌਤ ਕਰੀ ਔਰ ਸੇਵਾ ਕਰਨੇ ਲਗਾ। ਜੈਸੇ ਭਾਈ ਗੁਰਦਾਸ ਜੀ ਨੇ ਲਿਖਾ ਹੈ।

**ਪਿਛਲੀ ਰਾਤੀਂ ਜਾਗਣਾ ਨਾਮਦਾਨ ਇਸਨਾਨ ਦ੍ਰਿੜਾਏ ॥ ਮਿੱਠਾ ਬੋਲਣ ਨਿਵ ਚਲਣ ਹਥਹੁ ਦੇਕੈ ਭਲਾ ਮਨਾਏ ॥ ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ ॥ ਘਾਲ ਖਾਇ ਸੁਕ੍ਰਿਤ ਕਰੈ ਵੱਡਾ ਹੋਇ ਨ ਆਪ ਗਣਾਏ ॥ ਸਾਧ ਸੰਗਤਿ ਮਿਲ ਗਾਂਵਦੇ ਰਾਤਿ ਦਿਹੈ ਨਿਤ ਚਲ ਚਲ ਜਾਏ ॥ ਸ਼ਬਦ ਸੁਰਤ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ ॥ ਆਸਾ ਵਿਚ ਨਰਾਸ ਵਲਾਏ ॥ ੧੫ ॥**

[ਭਾਈ ਗੁਰ: ਵਾਰ ੨੮

ਇਸ ਪ੍ਰਕਾਰ ਨਿਤ ਸੇਵਾ ਕਰਤਾ ਸਬ ਕੋ ਪ੍ਰਸੰਨ ਰਖਤਾ ਔਰ ਅਪਨਾ ਜੋ ਧਨ ਹੈ ਸੋ ਗੁਰੂ ਸੇਵਾ ਮੇਂ ਲਗਾਤਾ ਰਾਤ ਦਿਨ ਸੇਵਾ ਮੇਂ ਖੜਾ ਰਹਿਤਾ ਰਹਾ ਐਸੇ ਜਬ ਸੇਵਾ ਕਰਤੇ ਤੀਨ ਵਰਸ਼ ਗੁਜ਼ਰ ਗਏ ਤਬ ਅੰਦਰ ਅੰਦਰ ਉਸ ਪਰ ਗੁਰੂ ਜੀ ਪ੍ਰਸੰਨ ਹੋ ਗਏ ਪਰੰਤੂ ਬਾਹਰ ਸੇ ਕੁਛ ਨ ਕਹੇਂ। ਤਬ ਬ੍ਰਾਹਮਣੋਂ ਨੇ ਉਸ ਸੇ ਦ੍ਵੈਸ਼ ਸ਼ੁਰੂ ਕਰਾ ਉਸ ਕੋ ਸਾਰਾ ਦਿਨ ਲਕੜੀਆਂ ਲਾਨੇ ਤੇ ਲਗਾ ਛੋੜੇਂ ਵੋ ਭੀ ਦਿਨ ਭਰ ਲਕੜੀਆਂ ਲਾਯਾ ਕਰੇ ਔਰ ਰਾਤ ਕੋ ਸੇਵਾ ਕੀਆ ਕਰੇ ਗੁਰੂ ਬੜੇ ਪ੍ਰਤਿਸ਼ਟਤ ਥੇ ਰਾਜੇ ਮਹਾਰਾਜੇ ਉਨ੍ਹਾਂ ਪਾਸ ਆਯਾ ਕਰੇਂ ਭੀੜਾ ਰਿਹਾ ਕਰੇ ਲੰਗਰ ਰਾਤ ਦਿਨ ਚਲਾ ਕਰੇ, ਅਬ ਡਾਕੂ ਕੇ ਪੈਸੇ ਮੁਕ ਗਏ, ਗੁਰੂਓਂ ਨੇ ਕਹਾ ਕਿ ਤੂੰ ਲੰਗਰ ਸੇ ਰੋਟੀ ਖਾਯਾ ਕਰ ਲਾਂਗਰੀ ਬ੍ਰਾਹਮਣ ਕੋ ਕਹਾ ਰੋਜ਼ ਰੋਟੀ ਇਸਕੋ ਖਿਲਾਯਾ ਕਰੋ। ਯਹ ਵਚਨ ਸੁਣ ਕਰ ਬ੍ਰਾਹਮਣ ਜਲ ਬਲ ਗਏ ਰੋਟੀ ਕੇ ਅੰਦਰ ਧੂੜਾ ਪਾ ਦੀਆ ਕਰੇਂ ਬੜੇ ਦੁਰਬਚਨ ਕਹਾ ਕਰੇਂ ਪਰੰਤੂ ਵੋ ਡਾਕੂ ਗੁਰੂ ਸੇਵਾ ਮੇਂ ਔਰ ਪ੍ਰਮੇਸ਼ੁਰ ਕੇ ਪ੍ਰੇਮ ਮੇਂ ਮਗਨ ਰਹਾ ਕਰੇ ਰੋਟੀ ਤਥਾ ਦੁਰਵਚਨੋਂ ਕੀ ਪਰਵਾਹ ਨ ਕੀਯਾ ਕਰੇ, ਰਾਤ ਦਿਨ ਗੁਰੂ ਜੀ ਕੇ ਦਰਸ਼ਨ ਕਰਨੇ ਮੇਂ ਔਰ ਵਚਨ ਸੁਨਨੇ ਮੇਂ ਲਗਾ ਰਹਾ ਕਰੇ ਦੂਸਰੇ ਪਾਸੇ ਕੋਈ ਖਿਆਲ ਨ ਕਰਾ ਕਰੇ, ਜਿਸਤਰਹ ਕਿਸੀ ਕੋ ਲਗਨ ਲਗ ਜਾਤੀ ਹੈ ਇਸ ਪ੍ਰਕਾਰ ਲਗਨ ਲਗ ਗਈ।

**ਵਿਣੁ ਗੁਰ ਹੋਰ ਧਿਆਨ ਹੈ ਸਭ ਦੂਜਾ ਭਾਉ ॥ ਵਿਣੁ ਗੁਰੁ ਸ਼ਬਦ ਗਿਆਨ ਹੈ ਫਿਕਾ ਆਲਾਉ ॥ ਵਿਣ ਗੁਰੁ ਚਰਣਾ ਪੂਜਣਾ ਸਭ ਕੂੜਾ ਸੁਆਉ ॥ ਵਿਣ ਗੁਰ ਬਚਨ ਜੁ ਮੰਨਣਾ ਊਰਾ ਪਰਥਾਉ ॥ ਸਾਧ ਸੰਗਤਿ ਵਿਣੁ ਸੰਗ ਹੈ ਸਭ ਕਚਾ ਚਾਉ ॥ ਪੀਰ ਮੁਰੀਦਾਂ ਪਿਰਹੜੀ ਜਿਣ ਜਾਨਣਿ ਦਾਉ ॥ ੧੭ ॥**

[ਭਾ: ਗੁ: ਵਾਰ ੨੭

ਇਸ ਪ੍ਰਕਾਰ ਤੀਨ ਬਰਸ ਉਹ ਬ੍ਰਾਹਮਣ ਧੂੜਾ ਪਾਕਰ ਰੋਟੀ ਦੇਤੇ ਰਹੇ ਏਹ ਭੀ ਊਪਰ ੨ ਸੇ ਆਟਾ ਖਾ ਲੇਤਾ ਥਾ ਔਰ ਜੰਗਲ ਕੇ ਫਲ ਤਥਾ ਪਾਨੀ ਪੀ ਕੇ ਦੂਣੀ ਸੇਵਾ ਕਰਤਾ ਥਾ। ਅਪਨੇ ਗੁਰੂਓਂ ਕੋ ਬ੍ਰਾਹਮਣੋਂ ਕਾ ਦੋਸ਼ ਨ ਦਸਿਆ ਕਰੇ। ਤਬ ਬ੍ਰਾਹਮਣ ਆਟੇ ਮੇਂ ਲੂਣ ਬਹੁਤ ਸਾਰਾ ਪਾਕਰ ਦੇ ਦੀਆ ਕਰੇਂ ਔਰ ਸਾਰਾ ਦਿਨ ਸੇਵਾ ਕਰਾ ਕੇ ਥਕਾ ਦੀਆ ਕਰੇਂ।



ਪਰੰਤੂ ਯੇ ਰੋਟੀ ਕੋ ਪਾਨੀ ਮੇਂ ਭਿਗਾ ਦੀਆ ਕਰੇ ਜਬ ਲੂਣ ਪਾਣੀ ਮੇਂ ਗਲ ਜਾਵੇ ਤੋ ਪਾਨੀ ਫੈਂਕ ਰੋਟੀ ਖਾ ਲੀਆ ਕਰੇ। ਫੇਰ ਜਬ ਦੇਖਾ ਤੋ ਅਬ ਭੀ ਨਹੀਂ ਜਾਤਾ ਅਬ ਉਨੋਂ ਨੇ ਸ਼ੇਰ ਕੀ ਮੂਛ ਕੇ ਵਾਲ ਮੰਗਾ ਕੇ ਰੋਟੀ ਮੇਂ ਮਿਲਾ ਕਰ ਦੇਨੇ ਸ਼ੁਰੂ ਕਰੇ ਕਿ ਬੀਮਾਰ ਹੋ ਜਾਵੇ ਉਠ ਨ ਸਕੇ। ਤਬ ਡਾਕੂ ਨੇ ਵੀਚਾਰ ਕੀਆ ਅਗਰ ਮੇਂ ਚਲਾ ਜਾਊਂਗਾ ਤੋ ਗੁਰੂ ਸੇਵਾ ਛੂਟ ਜਾਏਗੀ ਮੇਰੀ ਹਾਨੀ ਹੋਵੇਗੀ। ਇਸ ਸੇ ਅਪਮਾਨ ਸਹਾਰਨਾ ਹੀ ਅਛਾ ਹੈ ਸੇਵਾ ਨ ਛੋਡਨੀ ਚਾਹੀਏ। ਜੈਸੇ ਲਿਖਾ ਹੈ–

**ਅਪਮਾਨੰ ਪੁਰਸਕ੍ਰਿਤਯ ਮਾਨੰ ਕ੍ਰਿਤ੍ਵਾ ਤੁ ਪ੍ਰਿਸ਼ਕੇ। ਕਾਰਯੰ ਸਾਧਯੇਤ੍ ਧੀਮਾਨ ਕਾਰਯਹਾਨਿਸ੍ਤੁ ਮੂਰਖਤਾ ॥**

[ਪੰਚ ਤੰਤ੍ਰ

ਟੀਕਾ–ਅਪਮਾਨ ਕੋ ਸਹ ਕਰ ਮਾਨ ਕੀ ਇਛਾ ਨ ਕਰ। ਕਾਰਯ ਸਿਧ ਕਰਨਾ ਚਾਹੀਏ। ਕਾਰਯ ਕੀ ਹਾਨੀ ਕਰਨੀ ਮੂਰਖਤਾ ਹੈ। ਇਸ ਪ੍ਰਕਾਰ ਰੋਟੀ ਕੋ ਕੂਟ ਕਰ ਕਪੜੇ ਮੇਂ ਛਾਣ ਬਾਲ ਨਿਕਾਲ ਕਰ ਖਾ ਲੀਆ ਕਰੇ। ਗੁਰੂ ਸਰਵਗਯ ਥੇ ਸਭ ਬਾਤੋਂ ਕੋ ਜਾਨਤੇ ਥੇ ਪਰੰਤੂ ਉਹ ਵਿਚਾਰ ਕਰਤੇ ਥੇ ਕਿ ਇਸਕੀ ਸੇਵਾ ਰੂਪ ਤਿਤਿਖਯਾ ਸੇ ਹੀ ਜਨਮ ਜਨਮਾਂਤਰ ਕੇ ਪਾਪ ਧੋਏ ਜਾਏਂਗੇ ਇਸ ਵਾਸਤੇ ਡਾਕੂ ਕੀ ਰੋਟੀ ਮੇਂ ਖਿਆਲ ਨ ਦੇਤੇ ਥੇ। ਇਸ ਪ੍ਰਕਾਰ ਸ਼ਰੀਰ ਕ੍ਰਿਸ਼ ਹੋ ਜਾਨੇ ਸੇ ਏਕ ਦਿਨ ਲਕੜੀਆਂ ਲੇ ਆਤੇ ਸਮੇਂ ਨਦੀ ਮੇਂ ਗਿਰ ਪੜਾ ਔਰ ਕੁਛ ਉਸ ਕੋ ਅਫਸੋਸ ਹੂਆ ਕਿ ਗੁਰੂ ਦੁਆਰਾ ਅਭੀ ਬ੍ਰਹਮਾ ਨੰਦ ਤੋ ਲੀਆ ਨਹੀਂ ਸਰੀਰ ਪਹਿਲੇ ਹੀ ਗਿਰ ਪੜਾ ਫੇਰ ਚਿਤ ਕੋ ਤਕੜਾ ਕਰ ਲਕੜਾਂ ਲੇ ਕਰ ਗੁਰੂ ਅਸਥਾਨ ਮੇਂ ਆਯਾ ਲਕੜਾਂ ਰਖ ਕਰ ਬੜੀ ਨਿਮਰਤਾ ਸੇ ਸੇਵਾ ਕਰਨੇ ਲਗਾ ਤਬ ਗੁਰੂ ਨੇ ਉਸ ਕੀ ਸੇਵਾ ਸੇ ਪ੍ਰਸੰਨ ਹੋ ਕਰ ਸਭਾ ਲਗਾਈ ਔਰ ਅਪਨੇ ਸਿਖ ਸੇਵਕ ਬੁਲਾਏ ਔਰ ਉਸ ਡਾਕੂ ਸੇਵਕ ਕੋ ਸਭਾ ਮੇਂ ਬੁਲਾ ਕਰ ਪੂਛਾ ਕਿ ਅਜ ਤੁਮ ਨੇ ਨਦੀ ਮੇਂ ਗਿਰਤੇ ਵਕਤ ਕੀ ਲਫਜ਼ ਕਹੇ ਥੇ। ਤਬ ਉਸ ਨੇ ਜੋ ਜੋ ਲਫਜ਼ ਕਹੇ ਥੇ, ਸਬ ਗੁਰੂਓਂ ਕੋ ਸੁਣਾਏ। ਗੁਰੂਓਂ ਨੇ ਸਭ ਸਭਾ ਕੇ ਬੀਚ ਮੇਂ ਉਸ ਕੋ ਕੰਠ ਲਗਾਯਾ ਔਰ ਅਪਣੀ ਗੱਦੀ ਤੇ ਉਸ ਕੋ ਬਿਠਾ ਕਰ ਆਪ ਤਿਲਕ ਕਰਾ ਸਭ ਸੰਗਤਿ ਕੋ ਉਸ ਕੇ ਚਰਨੋਂ ਮੇਂ ਲਗਾਯਾ। ਔਰ ਕਹਿਣੇ ਲਗੇ ਤੇਰੀ ਸੇਵਾ ਸਫਲ ਸਫਲ। ਔਰ ਅਬ ਤੂੰ ਸਭ ਕਾ ਪੂਜ ਹੋ ਗਯਾ। ਜੋ ਭਾਈ ਗੁਰਦਾਸ ਜੀ ਨੇ ਸ਼ਿਸ਼ ਕੇ ਲਖਣ ਲਿਖੇ ਹਨ ਸੋ ਤੇਰੇ ਮੇਂ ਸਭ ਪੂਰਣ ਹੈਂ।

**ਮੁਰਦਾ ਹੋਇ ਮੁਰੀਦ ਨ ਗੱਲੀਂ ਹੋਵਣਾ ॥ ਸਬਰ ਸਿਦਕ ਸ਼ਹੀਦ ਭਰਮੁ ਭਉ ਖੋਵਣਾ ॥ ਗੋੱਲਾ ਮੁੱਲ ਖਰੀਦ ਕਾਰੇ ਜੋਵਣਾ ॥ ਨਾ ਤਿਸ ਭੁਖ ਨ ਨੀਂਦ ਨ ਖਾਣਾ ਸੋਵਣਾ ॥ ਪੀਹਣ ਹੋਇ ਜਦੀਦ ਪਾਣੀ ਢੋਵਣਾ ॥ ਪੱਖੇ ਦੀ ਤਾਗੀਦ ਪਗ ਮਲ ਧੋਵਣਾ ॥ ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ ॥ ਦਰ ਦਰਵੇਸ਼ ਰਸੀਦ ਪਿਰਮ ਰਸੁ ਭੋਵਣਾ ॥ ਚੰਦ ਮੁਮਾਰਖ**

**ਈਦ ਉਗ ਖਲੋਵਣਾ ॥** [ਭਾ: ਗੁਰ: ਵਾਰ ੩ ਪਉੜੀ ੧੯

ਫਰ ਉਸ ਡਾਕੂ ਕੋ ਤੀਨ ਦਿਨ ਅੰਦਰ ਅਪਨੇ ਪਾਸ ਬਿਠਾ ਕਰ ਸਭ ਕ੍ਰਿਆ ਸਿਖਾਤੇ ਭਏ। ਜੋ ਅਪਨੀ ਰਿਧਿ ਸਿਧਿ ਗਿਆਨ ਸਭ ਉਸ ਕੋ ਅਰਪਣ ਕਰਤੇ ਭਏ। ਮਤਲਬ ਸਭ ਤਰਹ ਸੇ ਅਪਨੇ ਜੇਸਾ ਯੋਗ ਬਣਾ ਦੀਆ। ਜੈਸੇ ਕਿ ਭਾਈ ਗੁਰਦਾਸ ਜੀ ਗੁਰੂ ਸੇਵਾ ਕਾ ਫਲ ਔਰ ਗੁਰੂ ਨਾਲ ਅਭੇਦ ਅਨੇਕ ਦ੍ਰਿਸ਼ਟਾਂਤੋਂ ਸੇ ਲਿਖਤੇ ਹੈ।

**ਚੰਨਣ ਹੋਵੈ ਚੰਨਣਹੁ ਕੋ ਚਲਿਤ ਨ ਜਾਣੈ ॥ ਦੀਵਾ ਬਲਦਾ ਦੀਵਿਓਂ ਸਮਸਰ ਪਰਵਾਣੈ ॥ ਪਾਣੀ ਰਲਦਾ ਪਾਣੀਐ ਤਿਸ ਕੋ ਨ ਸਿਞਾਣੈ॥ ਭ੍ਰਿੰਗੀ ਹੋਵੈ ਕੀੜਿਅਹੁੰ ਕਿਵ ਆਖ ਵਖਾਣੈ ॥ ਸਪ ਛਡੰਦਾ ਕੁੰਜਨੋਂ ਕਰ ਚੋਜ ਵਿਡਾਣੈ ॥ ਪੀਰ ਮੁਰੀਦਾ ਪਿਰਹੜੀ ਹੈਰਾਣ ਹੈਰਾਣੈ ॥੨੧॥** [ਵਾਰ ੨੮

ਇਸ ਪ੍ਰਕਾਰ ਅਪਨੇ ਨਾਲ ਅਭੇਦ ਕਰ ਗੁਰੂ ਅਪਨਾ ਚੋਲਾ ਛੋੜਤੇ ਭਏ। ਤਬ ਵੋ ਡਾਕੂ ਉਨ ਕੀ ਭਲੀ ਪ੍ਰਕਾਰ ਕ੍ਰਿਆ ਕਰਾਵਤਾ ਭਯਾ ਔਰ ਨਾਲ ਨਾਲ ਰੋਤਾ ਭਯਾ। ਵੋ ਜਗਹ ਅਬ ਭੀ ਪਟਿਆਲੇ ਰਿਆਸਤ ਮੇਂ (ਗ੍ਰਾਮ) ਛੀਟਾਂ ਵਾਲਾ ਨਾਮ ਸੇ ਪ੍ਰਸਿੱਧ ਹੈ। ਔਰ ਜਗਰਾਉਂ ਵਾਲੇ ਬੇਰੀਆਂ ਜਾਤ ਵਾਲੇ ਧਨਾਢਯ ਉਨ ਕੇ ਅਨਨ ਸੇਵਕ ਹੈਂ। ਅਬ ਏਕ ਸੰਤ ਸੇਵੀ ਕੀ ਕਥਾ ਸੁਨਾ ਕਰ ਦੂਸਰੇ ਸੰਤ ਸੇਵੀ ਕੀ ਕਥਾ ਸੁਨਾਤੇ ਹੈਂ। ਗੁਰੂ ਸਿਖ ਕੋ ਸੁਨਾਇ ਰਹੇ ਹੈਂ ਕਿ ਗੁਰੂ ਸੇਵਾ ਕਰਨੀ ਬੜੀ ਕਠਿਨ ਹੈ। ਕਸੂਰ ਔਰ ਲਾਹੌਰ ਕੇ ਬੀਚ ਮੇਂ ਪਾਂਡੋਂ ਕੇ ਗ੍ਰਾਮ ਮੇਂ ਰਹਨੇ ਵਾਲਾ ਬੁਲ੍ਹੇ ਸਾਹ ਸੱਯਦ ਜੋ ਮੁਹੰਮਦ ਸਾਹਿਬ ਕੇ ਖਾਨਦਾਨ ਕਾ ਥਾ। ਉਸ ਕੋ ਪੂਰਬਲੇ ਕਰਮ ਕਰਕੇ ਗੁਰੂ ਸੇਵਾ ਕਾ ਸ਼ੌਂਕ ਲਗਾ। ਔਰ ਕਹਨੇ ਲਗਾ ਜੈਸੇ ਭਾਈ ਗੁਰਦਾਸ ਜੀ ਨੇ ਲਿਖਾ ਹੈ :–

**ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ ॥ ਧ੍ਰਿਗ ਲੋਇਣ ਗੁਰ ਦਰਸੁ ਵਿਣ ਵੇਖੈ ਪਰਤਰਣੀ ॥ ਧ੍ਰਿਗ ਸਰਵਣ ਉਪਦੇਸ਼ ਵਿਣ ਗੁਣ ਸੁਰਤਿ ਨ ਧਰਣੀ ॥ ਧ੍ਰਿਗ ਜਿਹਵਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ ॥ ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥ ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਣੀ ॥** [੨੭ ਵਾਰ ਭਾ: ਗੁ: ਪਉੜੀ ੧੦

ਐਸੇ ਗੁਰੂ ਕੀ ਤਲਾਸ਼ ਕਰਤਾ ਹੂਆ ਲਾਹੌਰ ਮੇਂ ਇਨਾਇਤ ਸ਼ਾਹ ਰਾਈਂ ਯਾਨੇ ਤੂੰ ਭਾਜੀ ਬੇਚਨੇ ਵਾਲੇ ਕੁਟੰਬੀ ਗ੍ਰਿਹਸਥੀ ਕਾ ਆ ਕੇ ਸ਼ਿਸ਼ ਬਣਾ। ਬਹੁਤੋਂ ਨੇ ਹਟਾਯਾ ਤੂੰ ਸੱਯਦ ਹੈਂ ਔਰ ਯੇ ਰਾਈਂ ਹੈ ਛੋਟੀ ਜਾਤਿ ਵਾਲੇ ਕਾ ਚੇਲਾ ਨ ਬਣ ਪਰ ਨ ਹਟੇ ਸ਼ਿਸ਼ ਬਣੇ ਰਾਤਿ ਦਿਨ ਸੇਵਾ ਕਰਨੇ ਲਗੇ। ਇਨਾਇਤ ਸ਼ਾਹ ਕੇ ਪੁਤ੍ਰ ਇਸਤ੍ਰੀ ਕੀ ਤਥਾ ਸਾਰੇ ਘਰ ਕੀ ਸੇਵਾ ਭੀ ਬੁਲ੍ਹੇਸ਼ਾਹ ਕੀਆ ਕਰਤਾ ਥਾ ਇਕ ਦਿਨ ਇਨਾਯਤ ਸ਼ਾਹ ਕੇ ਸੰਬੰਧੀਓਂ ਮੇਂ ਕਿਸੀ ਕੀ ਸ਼ਾਦੀ ਸੀ ਸ਼ਾਦੀ ਮੇਂ ਸਭ ਪਰਵਾਰ ਕੋ ਕਹਾ ਜਾਓ ਔਰ ਚਲੇ ਗਏ ਪਰੰਤੂ ਬੁਲ੍ਹੇ ਸ਼ਾਹ ਨੇ



ਕਹਾ ਮੈਂ ਆਪ ਕੀ ਸੇਵਾ ਕਰੂੰਗਾ। ਇਨਾਯਤ ਸਾਹ ਅਪਨੇ ਪੁਤ੍ਰ ਕੋ ਕਹਿਨੇ ਲਗੇ ਤੁਹਾਡੇ ਪਿਛੋਂ ਯੇ ਲੁਟ ਕੇ ਲੇ ਜਾਏਗਾ ਸਮਝ ਲੋ ਪਰੰਤੂ ਪੁਤ੍ਰ ਨ ਸਮਝੇ। ਕਹਿਨੇ ਲਗੇ ੭੦-੭੨ ਸਾਲ ਕਾ ਹੈ, ਸਤਰ ਕਾ ਮਤਿ ਹੀਣਾ ਹੈ ਐਵੇਂ ਹੀ ਬੋਲਤਾ ਹੈ। ਬੁਲੇ ਸਾਹ ਕੋ ਵਹਾਂ ਘਰ ਮੇਂ ਛੋਡ ਕਰ ਸਭ ਚਲੇ ਗਏ। ਬੁਲੇ ਸਾਹ ਨੇ ਵਿਚਾਰਾ ਕਿ ਕਿਸੀ ਸੇਵਾ ਮੇਂ ਤਰੁਟੀ ਨ ਆਵੇ। ਸੇਵਾ ਮੇਂ ਹਰ ਸਮੇਂ ਤਿਆਰ ਰਹੇ ਸੇਵਾ ਸੇ ਇਨਾਯਤ ਸਾਹ ਪ੍ਰਸੰਨ ਹੋ ਗਏ ਔਰ ਬੁਲੇ ਸ਼ਾਹ ਕੋ ਕਹਿਨੇ ਲਗੇ ਜਲ ਕਾ ਪਿਆਲਾ ਪਿਲਾ ਜਲ ਪੀ ਕਰ ਆਧਾ ਉਸ ਕੇ ਵਾਸਤੇ ਛੋਡ ਦੀਆ ਕਹਿਨੇ ਲਗੇ ਪੀ ਲੇ ਸਭ ਕੁਛ ਇਸ ਮੇਂ ਪਾ ਦੀਆ ਹੈ। ਉਸ ਜਲ ਕੇ ਪੀਨੇ ਸੇ ਉਸ ਕੇ ਅੰਦਰ ਸਭ ਤਾਕਤ ਆ ਗਈ। ਰਿਧੀਆਂ ਸਿਧੀਆ ਫੁਰਨੇ ਲਗੀਂ। ਫੇਰ ਇਨਾ ਯਤ ਸ਼ਾਹ ਕੋ ਖਿਆਲ ਆਯਾ ਕਿ ਮੈਂ ਐਸੇ ਹੀ ਜਲਦੀ ਚੀਜ ਦੇ ਦੀ। ਪਾਤ੍ਰ ਹੈ ਕਿ ਕੁਪਾਤ੍ਰ ਸਹਾਰ ਸਕੇਗਾ ਕਿ ਨਹੀਂ। ਤਬ ਬੁਲੇ ਸਾਹ ਕੋ ਬੁਲਾ ਕੇ ਕਹਾ ਕਿ ਅਜ ਫਲਾਣੇ ਪੀਰ ਕੀ ਯਾਤ੍ਰਾ ਕਰ ਆਓ ਬਹੁਤ ਲੋਗ ਗਏ ਹੈਂ ਤੁਮ ਭੀ ਹੋ ਆਓ ਹਮ ਤੋ ਜਾ ਨਹੀਂ ਸਕਤੇ। ਆਗਿਆ ਮਾਨ ਕੇ ਬੁਲੇ ਸਾਹ ਚਲਾ ਗਿਆ। ਯਾਤ੍ਰਾ ਕਰੀ ਪਰੰਤੂ ਬੜੀ ਭੀੜ ਸੀ ਆਦਮੀਓਂ ਕੇ ਦਮ ਘੁਟੇ ਜਾਤੇ ਸੀ ਏਹ ਭੀ ਭੀੜ ਮੇਂ ਦਬਿਆ ਗਿਆ ਤਬ ਵਿਚਾਰ ਕਰਾ ਕਿ ਐਵੇਂ ਕਿਉਂ ਮਰੀਏ ਪਾਸ ਗੁਰੂਓਂ ਕੀ ਦੀ ਹੂਈ ਚੀਜ਼ ਹੈ ਉਸ ਕੋ ਵਰਤੀਏ ਤਬ ਦੀਵਾਰ ਤੇ ਘੋੜੀ ਕੀ ਨਿਆਈਂ ਚੜ੍ਹ ਬੈਠਾ ਔਰ ਕਹਿਨੇ ਲਗਾ ਚੱਲ ਘੋੜੀਏ ਗੁਰੂ ਪਾਸ ਲੈ ਚਲ ਦੀਵਾਰ ਚਲ ਪੜੀ ਗੁਰੂਓਂ ਪਾਸ ਪਹੁੰਚ ਗਯਾ ਗੁਰੂਓਂ ਨੇ ਮੇਲੇ ਕਾ ਸਾਰਾ ਹਾਲ ਪੂਛਾ ਸਭ ਸੱਚ ਬਤਾਯਾ ਗੁਰੂਓਂ ਨੇ ਦੇਖਾ ਯੇਹ ਚੀਜ਼ ਪਾ ਕੇ ਜਰ ਨਹੀਂ ਸਕਿਆ। ਉਸ ਕੋ ਅਪਨੇ ਪਾਸ ਬੁਲਾਯਾ ਗਲ ਨਾਲ ਲਗਾਇਆ ਸਾਰੀ ਤਾਕਤ ਖਿਚ ਲਈ ਤਬ ਬੁਲੇ ਸ਼ਾਹ ਬੜਾ ਪਸਚਾਤਾਪ ਕਰਨੇ ਲਗਾ।

**ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥** [ਵਡਹੰਸ ਮ: ੧ ਸ: ੫੫੮

ਚੀਜ਼ ਆਈ ਅਚਾਨਕ ਚਲੀ ਗਈ, ਅਬ ਫੇਰ ਸੇਵਾ ਕਰਨੇ ਲਗਾ, ਪਰ ਗੁਰੂਓਂ ਕੀ ਪ੍ਰਸੰਨਤਾ ਨ ਦੇਖੀ ਤਬ ਚਿੱਤ ਉਦਾਸ ਹੂਆ ਕਿ ਕਿਸਤਰ੍ਹਾਂ ਗੁਰੂਓਂ ਕੋ ਪ੍ਰਸੰਨ ਕਰਕੇ ਚੀਜ਼ ਲਊਂ। ਤਬ ਕਸੂਰ ਮੇਂ ਏਕ ਗਾਨੇ ਵਾਲੀ ਵੇਸਯਾ ਰਹਿਤੀ ਥੀ ਜੋ ਬਰਸ ਮੇਂ ਏਕ ਵਾਰ ਇਨਾਯਤ ਸ਼ਾਹ ਕੇ ਪਾਸ ਆ ਕੇ ਨਾਚ ਔਰ ਗਾਯਨ ਕਰਾ ਕਰਤੀ ਥੀ, ਇਨਾਯਤ ਸਾਹ ਉਸ ਪਰ ਬੜੇ ਪ੍ਰਸੰਨ ਰਹਾ ਕਰਤੇ ਥੇ ਉਸ ਕੇ ਪ੍ਰਸੰਨ ਕਰਨੇ ਕੀ ਇਛਾ ਬੁਲੇ ਸ਼ਾਹ ਕੋ ਪ੍ਰਗਟ ਭਈ ਤਬ ਕਿਸੀ ਸੂਰਤ ਸੇ ਉਸ ਪਾਸ ਪਹੁੰਚਾ ਔਰ ਗੁਪਤ ਰੀਤਿ ਸੇ ਬੜੀ ਸੇਵਾ ਕਰੀ ਜਬ ਵੇਸਯਾ ਕੋ ਪਤਾ ਲਗਾ ਤਬ ਬੁਲਾ ਕੇ ਪੂਛਾ ਕਿਸ ਕਾਰਣ ਸੇਵਾ ਕਰਤਾ ਹੈਂ। ਉਸ ਨੇ ਆਪਣਾ ਸਾਰਾ ਹਾਲ ਸੁਨਾਯਾ ਔਰ ਕਹਾ ਅਬ ਗੁਰੂਓਂ ਕੋ ਪ੍ਰਸੰਨ ਕਰ ਦੋ। ਤਬ ਵੋਹ ਕਹਿਨੇ ਲਗੀ ਤੁਮ ਰਾਗ ਸਿਖੋ ਬੜੇ ਪਰੇਮ ਸੇ ਉਸ ਕੋ ਰਾਗ ਸਿਖਾਯਾ। ਮੇਲੇ ਕੇ ਮੌਕੇ ਪਰ ਉਸ ਕੋ ਕੰਜਰੀ ਬਣਾ ਕਰ ਗੁਰੂ ਪਾਸ ਲੇ ਕੇ ਗਈ। ਬੜੇ ਅਛੇ ਅਛੇ ਰਾਗ ਬਣਾਏ ਔਰ ਪ੍ਰਸੰਨ ਕੀਆ ਗੁਰੂ ਨੇ ਪਛਾਣਿਆ ਅਰ ਪੂਛਾ

ਝੁਕਾ ਹੈ ॥ ੩ ॥ ਫੇਰ ਗਲ ਨਾਲ ਲਗਾਇਆ ਔਰ ਕਹਿਨੇ ਲਗੇ ਅਬ ਚੀਜ ਕੋ ਸੰਭਾਲ ਕੇ ਰਖੀਂ । ਤਬ ਗੁਰੂਓਂ ਨੇ ਕਹਾ ਅਬ ਦੋ ਸ਼ੇਰ ਏਕ ਜੰਗਲ ਮੇਂ ਰਹਿਨੇ ਨ ਚਾਹੀਏ ਤੁਮ ਕਸੂਰ ਮੇਂ ਜਾਕਰ ਬੁਲ੍ਹੇ ਸ਼ਾਹ ਰਹਿਨੇ ਲਗਾ। ਫੇਰ ਇਕ ਵਾਰੀ ਗੁਰੂ ਨੇ ਵਿਚਾਰਾ ਕਿ ਹਮਾਰੇ ਸੰਬੰਧੀਓਂ ਮੇਂ ਤਥਾ ਹਮਾਰੇ ਕੁੜਿਓਂ ਮੇਂ ਕਿਤਨਾ ਉਸਕਾ ਪਰੇਮ ਹੈ। ਕ੍ਰਿਤਘਨ ਤੋ ਨਹੀਂ, ਪ੍ਰੀਖਿਆ ਕਰਨੇ ਵਾਸਤੇ ਅਪਨੇ ਬੜੇ ਪੁਤਰ ਕੋ ਭੇਜਾ ਔਰ ਕੇ ਤੁਮਨੇ ਖਾਨ ਪਾਨ ਉਠ ਬੈਠ ਆਦਿ ਸੇਵਾ ਕਰੇ ਸੋ ਲਿਖ ਕਰ ਆਨ ਕੇ ਸੁਨਾ ਦੇਨਾ। ਜਬ ਗੁਰੂ ਕਾ ਪੁਤਰ ਬੁਲ੍ਹੇ ਸ਼ਾਹ ਕੇ ਪਾਸ ਪਹੁੰਚਾ ਤਬ ਬੁਲ੍ਹੇ ਸ਼ਾਹ ਨੇ ਬੜਾ ਸਤਿਕਾਰ ਕੀਆ ਔਰ ਉਠ ਕਰ ਨਮਸਕਾਰ ਕਰੀ ਅਪਨੇ ਆਸਨ ਤੇ ਬਿਠਾਇਆ ਗਲ ਨਾਲ ਲਗਾਇਆ। ਅਪਨੇ ਹਾਥ ਸੇ ਅਧਿਕ ਸੇਵਾ ਕਰੀ । ਜਬ ਗੁਰੂ ਪੁਤਰ ਵਾਪਸ ਆਨੇ ਲਗੇ ਤਬ ਬੁਲ੍ਹੇਸ਼ਾਹ ਪਾਸ ਸੰਗਤਿ ਬਹੁਤ ਆਈ ਸੀ, ਮਾਨ ਮੇਂ ਆਕਰ ਉਠ ਕਰ ਗੁਰੂ ਪੁਤਰ ਕੇ ਚਾਰ ਕਦਮ ਛੋੜਨੇ ਨ ਆਇਆ । ਜਬ ਗੁਰੂ ਪੁਤ੍ਰ ਅਪਨੇ ਪਿਤਾ ਪਾਸ ਪਹੁੰਚਾ ਸਭ ਹਾਲ ਸੁਨਾਇਆ ਤਬ ਸੁਨ ਕਰ ਇਨਾਯਤ ਸ਼ਾਹ ਕੇ ਚਿਤ ਮੇਂ ਖਿਆਲ ਹੂਆ ਕਿ ਮਾਨੀ ਹੋ ਗਿਆ ਕ੍ਰਿਤਘਨ ਹੋ ਗਯਾ । ਗੁਰੂ ਪੁਤਰ ਕੇ ਚਾਰ ਕਦਮ ਛੋੜਨੇ ਨਹੀਂ ਆਇਆ । ਗੁਰੂ ਪੁਤਰ ਗੁਰੂਓਂ ਕੇ ਤੁਲ ਹੋਤਾ ਹੈ ਚਰਣਾਮ੍ਰਿਤ ਨ ਲਵੇ ਔਰ ਸਭ ਗੁਰੂ ਤੁਲ ਮਾਨਨਾ ਚਾਹੀਏ । ਸੋ ਇਸ ਨੇ ਗੁਰੂਓਂ ਕੇ ਬਰਾਬਰ ਨਹੀਂ ਸਮਝਾ ਕ੍ਰਿਤਘਨ ਹੋ ਜਾਏਗਾ । ਉਹਾਂ ਹੀ ਬੈਠੇ ਬੈਠੇ ਉਸ ਕੀ ਤਾਕਤ ਖਿੱਚ ਲਈ । ਤਬ ਬੁਲ੍ਹੇ ਸ਼ਾਹ ਫੇਰ ਆ ਕੇ ਸੇਵਾ ਕਰਨੇ ਲਗਾ, ਸੇਵਾ ਸੇ ਪ੍ਰਸੰਨ ਹੋ ਕੇ ਫੇਰ ਤਾਕਤ ਦੇਤੇ ਭਏ ਫੇਰ ਜਸ ਭੀ ਹੂਆ । ਸੋ ਇਸ ਪ੍ਰਕਾਰ ਗੁਰੂਓਂ ਕੀ ਸਵਾ ਕਰਨੀ ਬਹੁਤ ਕਠਨ ਹੈ ਜੈਸੇ ਮਹਾਂਭਾਰਤ ਮੇਂ ਲਿਖਾ ਹੈ, ਵਿਸਵਾ ਮਿਤ੍ਰ ਰਿਖੀ ਨੇ ਪਹਿਲੇ ਵਸਿਸਟ ਮੁਨੀ ਕੇ (੧੦੦) ਏਕ ਸੌ ਪੁਤਰ ਮਾਰੇ ਥੇ ਪਰੰਤੂ ਵਸਿਸਟ ਜੀ ਫੇਰ ਭੀ ਵਿਸਵਾਮਿਤ੍ਰ ਕੀ ਬੜਾਈ ਕਰਤੇ ਥੇ, ਅਪਨੇ ਕਾਨੋਂ ਸੇ ਉਸਤਤੀ ਸੁਨੀ ਤਬ ਵਿਸਵਾਮਿਤ੍ਰ ਕੀ ਵਸਿਸਟ ਜੀ ਮੇਂ ਬੜੀ ਸ਼ਰਧਾ ਹੂਈ ਗੁਰੂਓਂ ਸੇ ਭੀ ਅਧਿਕ ਵਸਿਸਟ ਜੀ ਕੋ ਸਮਝਨੇ ਲਗਾ, ਏਕ ਵਾਰਤਾ ਏਕ ਕਰ ਦੇਵਤਾਓਂ ਨੇ ਧਰਮਰਾਜਾ ਕੋ ਵਸਿਸਟ ਜੀ ਕੇ ਰੂਪ ਮੇਂ ਵਿਸਵਾਮਿਤ੍ਰ ਪਾਸ ਭੇਜਾ ਵਿਸਵਾਮਿਤ੍ਰ ਦੇਖ ਕਰ ਬੜਾ ਖੁਸ਼ ਹੂਆ ਕਾਮਧੇਨੂ ਕੇ ਦੂਧ ਕੀ ਖੀਰ ਬਨਾਈ, ਸਿਰ ਪਰ ਰਖ ਕਰ ਖੀਰ ਵਸਿਸਟ ਪਾਸ ਲੇ ਗਇਆ । ਵਸਿਸਟ ਕਹਨੇ ਲਗੇ ਮੈਂ ਆਤਾ ਹੂੰ, ਐਸੇ ਕਹਿ ਕਰ ਚਲੇ ਗਏ । ਏਕ ਸੌ ਬਰਸ ਖੀਰ ਸਿਰ ਪਰ ਉਠਾਏ ਕਾ ਵਿਸਵਾਮਿਤ੍ਰ ਖੜਾ ਰਹਾ ਸੋ ੧੦੦ ਬਰਸ ਪੀਛੇ ਗਰਮ ਗਰਮ ਖੀਰ ਵਸਿਸਟ ਕੋ ਖਿਲਾਈ। ਸੋ ਗੁਰੂ ਸੇਵਾ ਕਰਨੀ ਬੜੀ ਕਠਨ ਹੈ । ਜੈਸੇ ਲਿਖਾ ਹੈ:-

**ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥**

[ਸੋਰਠ ਵਾਰ ਮ: ੩ ਸਫਾ ੬੪੯



ਤਬ ਅਧਿਕਾਰੀ ਕਹਿਨੇ ਲਗਾ ਹੈ ਸੰਤੋ ਮੇਰੇ ਕੋ ਆਪ ਕੀ ਸੇਵਾ ਕਰਨੇ ਕੀ ਤੌਫੀਕ ਦਿਵਾ ਹੈ ਕਿਉਂਕਿ ਮੈਨੇ ਸੁਨਾ ਹੈ ਸਭ ਚੀਜ਼ ਸੰਤੋਂ ਕੇ ਹਥ ਹੈ, ਜੈਸੇ ਲਿਖਾ ਹੈ:-

**ਬਿਨੁ ਸਬਦੈ ਅੰਦਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥ ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥**

[ਮਾਝ ਮ: ੩ ਸਫਾ ੧੨੪

**ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥** [ਸਾਰੰਗ ਵਾਰ ਮ: ੨ ਸ: ੧੨੩੭

ਇਸ ਵਾਸਤੇ ਆਪ ਕੀ ਸੇਵਾ ਕਰਨੇ ਕੀ ਮੇਰੇ ਕੋ ਇਛਾ ਹੈ ਮੈਨੇ ਗੁਰ ਸੇਵਾ ਕਾ ਮਹਾਤਮ ਐਸਾ ਸੁਨਾ ਹੈ:-

**ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥ ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥**

[ਬਿਹਾਗੜਾ ਵਾਰ ਮ: ੩ ਸਫਾ ੫੫੨

**ਸੇ ਦਾੜੀਆ ਸਚੀਆਂ ਜਿ ਗੁਰ ਚਰਨੀ ਲਗੰਨਿ ॥ ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ ॥ ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥**

[ਸਲੋਕ ਵਾਰਾਂ ਤੇ ਵਧੀਕ ਮ: ੩ ਸਫਾ ੧੪੧੯

ਜੈਸੇ ਕਵੀਆ ਨੇ ਯਾਨੇ ਆਸ਼ਕੋਂ ਕੇ ਲਖਣ ਲਿਖੇ ਹੈਂ:-

**੧–ਐਨ ਇਸ਼ਕ ਜਿਨਾਦੜੇ ਖਿਆਲ ਪਿਆ ਆਸ਼ਕ ਸੁਕਦੇ ਸੁਕਦੇ ਸੁਕ ਗਏ। ਰਤੀ ਰਤੁ ਨਾਹੀ ਜੁਸੇ ਆਸ਼ਕਾਂ ਦੇ ਆਸ਼ਕ ਮੁਕਦੇ ਮੁਕਦੇ ਮੁਕ ਗਏ। ਦੁਖਾਂ ਆਣ ਕੇ ਸੁਖਾਂ ਨੂੰ ਘੇਰ ਲੀਤਾ ਸੁਖ ਲੁਕਦੇ ਲੁਕਦੇ ਲੁਕ ਗਏ। ਅਲੀ ਹੈਦਰ ਮੀਆਂ ਦਰ ਯਾਰ ਦੇ ਤੇ ਆਸ਼ਕ ਝੁਕਦੇ ਝੁਕਦੇ ਝੁਕ ਗਏ। ੨–ਐਨ ਇਸ਼ਕ ਜਿਨਾਦੜੇ ਖਿਆਲ ਪਿਆ ਖੇੜਾਂ ਭੁਲਦਿਆਂ ਭੁਲਦਿਆਂ ਭੁਲ ਗਈਆਂ । ਮੈਂ ਤਾਂ ਸੀਸ ਗੁੰਦਾਇਆ ਸੀ ਅਤੁਰ ਫੁਲੇਲ ਵਾਲਾ ਲਟਾਂ ਖੁਲ੍ਹਦੀਆਂ ਖੁਲ੍ਹਦੀਆਂ ਖੁਲ੍ਹ ਗਈਆਂ। ਕਜਲ ਪਾਇਆ ਸੀ ਯਾਰ ਦੇ ਵੇਖਣੇ ਨੂੰ ਹੰਝੂ ਡੁਲ੍ਹਦਿਆਂ ਡੁਲ੍ਹਦਿਆਂ ਡੁਲ੍ਹ ਗਈਆਂ । ਬੁਲ੍ਹੇ ਸ਼ਾਹ ਪੀਛੇ ਫਕੀਰ ਹੋਯਾਂ ਹੱਡੀਆਂ ਰੁਲਦੀਆਂ ਰੁਲਦੀਆਂ ਰੁਲ ਗਈਆਂ ।**

ਸ੍ਵਾਦ ਸਬਰ ਨ ਆਂਵਦਾ ਆਸ਼ਕਾਂ ਨੂੰ ਬਿਨਾਂ ਡਿਠਿਆਂ ਅਪਨੇ ਯਾਰ ਭਾਈ
ਗੋਪੀ ਚੰਦ ਤੇ ਭਰਥਰੀ ਸ਼ੌਂਕ ਲਗਾ ਛਡੇ ਮੁਲਕ ਤੇ ਫੌਜ ਹਜ਼ਾਰ ਭਾਈ
ਲਾਹ ਹਾਰ ਸ਼ਿੰਗਾਰ ਸਭ ਰਾਜਿਆਂ ਦੇ ਕੀਨੀ ਗੋਦੜੀ ਬਹੁਤ ਅਪਾਰ ਭਾਈ
ਰਤਨ ਸਿੰਘ ਮਾਸ਼ੂਕ ਦਾ ਰੂਪ ਹੋਵੇ ਡਿੱਠਾ ਅਪਨੇ ਵਿਚ ਦੀਦਾਰ ਭਾਈ
ਸ਼ੀਨ ਸ਼ੌਂਕ ਲੱਗਾ ਜਿਨ੍ਹਾਂ ਆਸ਼ਕਾਂ ਨੂੰ ਸ਼ੌਂਕ ਰਬ ਦੇ ਨਾਲ ਮਿਲਾਇਆ ਸੂ
ਸ਼ੌਂਕ ਜਾਗਿਆ ਸ਼ਾਹ ਅਦਮ ਤਾਈਂ ਰਾਜ ਛੋਡ ਫਕੀਰੀ ਨੂੰ ਪਾਇਆ ਸੂ
ਸ਼ੌਂਕ ਭੁੱਖ ਤੇ ਨੰਗ ਨੂੰ ਦੂਰ ਕੀਤਾ ਐਸੇ ਵੇਦ ਕਤੇਬ ਮੇਂ ਗਾਇਆ ਸੂ
ਸ਼ੌਂਕ ਮੇਲਿਆ ਰੱਬ ਨੂੰ ਰਤਨ ਸਿੰਘਾ ਜਿਉਂ ਨੀਰ ਮੇਂ ਨੀਰ ਮਿਲਾਗਿਆ ਸੂ
ਦਿਲ ਨੂੰ ਹੋਰ ਦਲੀਲਾਂ ਸਟੇਂ ਤੇ ਦਰ ਕਾਮਲ ਦੇ ਜਾਵੇਂ
ਬਰਦਾ ਹੋਵੇਂ ਉਨ੍ਹਾਂ ਦੇ ਦਰ ਦਾ ਤੇ ਬਿਨ ਮੁੱਲ ਆਪ ਵਿਕਾਵੇਂ
ਜੋ ਕੁਛ ਆਖਨ ਸਿਰ ਤੇ ਮੰਨੇ ਮੂੰਹੋਂ ਨਾ ਕੁਛ ਅਲਾਵੇਂ
ਸੰਤ ਰੇਣ ਜਬ ਹੋਵੇ ਉਨ੍ਹਾਂ ਦਾ ਤਬ ਖੈਰ ਫਕਰ ਦੀ ਪਾਵੇਂ
ਜਿਨ੍ਹਾਂ ਨੂੰ ਲੱਗਾ ਸ਼ੌਕ ਮਉਲਾ ਦਾ ਓਹ ਸਭ ਕੁਝ ਸਿਰ ਤੇ ਝਲਦੇ
ਝੱਖੜ ਝਾਂਝਾ ਤੇ ਲਖ ਅੰਨ੍ਹੇਰੀਆਂ ਓਹ ਵਾਂਗ ਸੁਮੇਰ ਨ ਹਲਦੇ
ਭੁਖ ਵਿਚ ਰੱਜੇ ਨ ਨੰਗ ਵਿਚ ਕੱਜੇ ਓਹ ਭੁੱਖੇ ਨੇ ਇਕ ਗਲ ਦੇ
ਸੰਤ ਰੇਣ ਜਿਨੀ ਅੱਖੀਂ ਡਿੱਠਾ ਓਹਕੀ ਸੁਖ ਆਖ ਸੁਨਾਵਣ ਇਕ ਪਲ ਦੇ
ਖੇ ਖੈਰ ਹੋਈ ਗਏ ਦੁੱਖ ਸਾਰੇ ਤਨ ਹੰਗਤਾ ਛੋੜ ਨਿਹੰਗ ਹੋਏ
ਦੇਹ ਚਿਤ ਦੀ ਭਾਵਨਾ ਦੂਰ ਕੀਤੀ ਇਕ ਅੰਗ ਨੂੰ ਛੋੜ ਸਰਵੰਗ ਹੋਏ
ਨਹੀਂ ਰਹਿਆ ਸੀ ਪੁੰਨ ਤੇ ਪਾਪ ਕੋਈ ਸਹਿਜ ਕ੍ਰਿਆ ਦੇ ਵਿਚ ਨਿਸੰਗ ਹੋਏ
ਨਰਕ ਸੁਰਗ ਨਹੀਂ ਕੋਈ ਰਤਨ ਸਿੰਘਾ ਸਰਬ ਅੰਗ ਦੇ ਸਹਿਤ ਅਨੰਗ ਹੋਏ
ਜਦੋਂ ਲਖਜ ਸਰੂਪ ਦੀ ਖਬਰ ਹੋਈ ਸੰਤ ਮਿਲੇ ਤਾਂ ਅਸੀਂ ਨਿਹਾਲ ਹੋਏ
ਜੀਵ ਭਾਵਨਾਂ ਭੰਨਕੇ ਬ੍ਰਹਮ ਕੀਤੀ ਆਦਿ ਅੰਤ ਰਹਿਤ ਅਕਾਲ ਹੋਏ
ਸੀਸ ਆਪਣਾ ਤਿਨ੍ਹਾਂ ਦੀ ਭੇਟ ਕੀਤਾ ਦੇਖ ਦੀਨਤਾ ਸੰਤ ਦਯਾਲ ਹੋਏ
ਦ੍ਰਿਸ਼ਟ ਸੰਤ ਦੀ ਕੀਮੀਆ ਰਤਨ ਸਿੰਘਾ ਲਗੇ ਵਿਲ ਨ ਕਚ ਤੇ ਲਾਲ ਹੋਏ

ਇਸ ਪ੍ਰਕਾਰ ਸੰਤ ਰੂਪ ਵਜ਼ੀਰ ਕੀ ਮੁਮਖਸ਼ੁ ਸੇਵਾ ਕਰਨੇ ਕੀ ਤੀਬਰ ਇੱਛਾ



ਕਰਤਾ ਰਹਾ ਅਬ ਦ੍ਰਿਸ਼ਟਾਂਤ ਕੋ ਕਹਿ ਕਰ ਰਹਾ ਹੂਆ ਦ੍ਰਿਸਟਾਂਤ ਫੇਰ ਕਹਿਤੇ ਹੈਂ ਬਾਕੀ ਰਹਿਆ ਹੂਆ ਦ੍ਰਿਸ਼ਟਾਂਤ ਲਿਖਤੇ ਹੈਂ, ਜਬ ਮਹਾਰਾਜਾ ਵਿਕ੍ਰਮ ਅੰਦਰ ਗਯਾ ਤੋ ਕਿਆ ਦੇਖਤਾ ਹੈ ਕਿ ਅਨਬੋਲਾ ਰਾਣੀ ਕੀ ਇੱਛਾ ਸੇ ਹਜ਼ਾਰੋਂ ਰਾਜਕੁਮਾਰ ਵਜ਼ੀਰ ਸਾਹਿਬ ਕੀ ਕਠਿਨ ਸੇ ਕਠਿਨ ਆਗਿਆ ਪਾਲਨ ਕਰ ਰਹੇ ਹਨ, ਪ੍ਰੰਤੂ ਅਬੀ ਤਕ ਅਨਬੋਲਾ ਰਾਣੀ ਕੋ ਕੋਈ ਪਾ ਨਹੀਂ ਸਕਾ ਮਹਾਰਾਜਾ ਵਿਕ੍ਰਮ ਭੀ ਸਭ ਕੋ ਦੇਖਤਾ ੨ ਭਯ ਭੀਤ ਹੂਆ ਵਜ਼ੀਰ ਪਾਸ ਪਹੁੰਚਾ ਔਰ ਕਹਾ ਮੈਂ ਭੀ ਅਨਬੋਲਾ ਰਾਣੀ ਕੇ ਪ੍ਰਾਪਤੀ ਕੀ ਇੱਛਾ ਵਾਲਾ ਹੂੰ। ਆਪ ਦੁਆਰਾ ਮੇਲ ਹੋਗਾ। ਵਜ਼ੀਰ ਨੇ ਕਹਾ ਅਨਬੋਲਾ ਸ਼ਾਹਜ਼ਾਦੀ ਕੇ ਪ੍ਰਾਪਤੀ ਕੇ ਨਿਯਮ ਬੜੇ ਕਠਿਨ ਹੈਂ ਜੋ ਪੂਰੀ ਤਰ੍ਹਾਂ ਉਨ ਨਿਯਮੋਂ ਕਾ ਪਾਲਨ ਕਰੇਗਾ ਉਸ ਕੋ ਅਨਬੋਲਾ ਰਾਣੀ ਦੀ ਜਾਏਗੀ। ਬੜੀਆਂ ਕਠਨ ਕਠਨ ਪ੍ਰੀਖਿਆ ਵਜ਼ੀਰ ਸਾਹਿਬ ਨੇ ਕਰਾਈਆਂ, ਪਰੰਤੂ ਚਾਰੋਂ ਬੀਰੋਂ ਕੀ ਸਹਾਯਤਾ ਸੇ ਮਹਾਰਾਜਾ ਵਿਕ੍ਰਮ ਨੇ ਸਭ ਪਾਲਨ ਕਰੀਆਂ ਯਾਨੇ ਪਾਸ ਹੋ ਗਏ, ਵਜ਼ੀਰ ਸਾਹਿਬ ਬੜੇ ਖੁਸ਼ ਹੋਏ ਕਹਿਨੇ ਲਗੇ। ਯੇਹ ਨਵਾ ਰਾਜਕੁਮਾਰ ਬੜਾ ਸੂਰਬੀਰ ਬੁਧਿਮਾਨ ਦੇਵ ਉਪਾਸ਼ਕ ਭੀ ਹੈ। ਇਸਕੇ ਊਪਰ ਦੇਵਤਾਓਂ ਕੀ ਮਦਦ ਭੀ ਹੈ ਔਰ ਰਾਜਕੁਮਾਰੀ ਅਨਬੋਲਾ ਕੇ ਲਾਯਕ ਭੀ ਹੈ, ਇਸ ਕੋ ਕੁਛ ਅਪਨਾ ਭੇਦ ਭੀ ਬਤਾ ਦੇਣਾ ਚਾਹੀਏ। ਤਬ ਮਹਾਰਾਜਾ ਵਿਕ੍ਰਮ ਕੋ ਕਹਾ ਐ ਰਾਜਕੁਮਾਰ ਅਬ ਏਕ ਖਾਲੀ ਯੇਹ ਸ਼ਰਤ ਰਹਿ ਗਯਾ ਕਿ ਰਾਤ੍ਰੀ ਕੇ ਚਾਰ ਪਹਿਰ ਮੇਂ ਚਾਰ ਵਾਰੀ ਯਾਨੇ ਪਹਿਰ ੨ ਮੇਂ ਇਕ ਵਾਰੀ ਅਗਰ ਕਿਸੀ ਭੀ ਉਪਾਯ ਸੇ ਅਨਬੋਲਾ ਕੀ ਪ੍ਰਤੀਨਿਧ ਯਾਨੇ ਅਨਬੋਲਾ ਕੀ ਖਾਸ ਸਖੀ ਕੋ ਚਾਰ ਵਾਰੀ ਰਾਤ੍ਰੀ ਮੇਂ ਬੁਲਾਵੋਂਗੇ ਤੋ ਤੁਮਾਰੇ ਕੋ ਅਨਬੋਲਾ ਮਿਲੇਗੀ, ਕਿਉਂਕਿ ਅਨਬੋਲਾ ਨੇ ਤੋ ਬੋਲਨਾ ਹੀ ਨਹੀਂ ਹੈ ਉਸ ਕੀ ਸਖੀ ਬੋਲੇਗੀ ਵੋਹ ਭੀ ਅਨਬੋਲਾ ਨਾਮ ਵਾਲੀ ਹੈ, ਪਰੰਤੂ ਮੈਂ ਤੁਮਾਰੇ ਕੋ ਏਕ ਯੁਕਤੀ ਬਤਾਤਾ ਹੂੰ ਅਪਨੇ ਮਿੱਤ੍ਰ ਯਾ ਦੇਵਤਾਓਂ ਕੇ ਸਾਹਮਣੇ ਰਾਜਨੀਤਿਕ ਵਾਰਤਾ ਛੇੜ ਦੇਣੀ ਔਰ ਫੈਸਲਾ ਅਨਜਾਯ ਪਰ ਕਰਨਾ ਤਬ ਵੋਹ ਕਰੋਧ ਮੇਂ ਆ ਕਰ ਇਕ ਦਮ ਬੋਲੇਗੀ ਐਸੇ ਹੀ ਪ੍ਰਤਯੇਕ ਪਹਿਰ ਮੇਂ ਬੁਲਾਨਾ ਤਬ ਤੂੰ ਅਨਬੋਲਾ ਕੋ ਜ਼ਰੂਰ ਪਾਵੇਂਗਾ। ਵਜ਼ੀਰ ਸਾਹਿਬ ਐਸਾ ਕਹਿ ਕਰ ਰਾਤ੍ਰੀ ਮੇਂ ਰਾਜਾ ਵਿਕ੍ਰਮ ਕੋ ਪ੍ਰਤੀਨਿਧੀ ਰਾਣੀ ਕੇ ਪਾਸ ਲੇ ਗਯਾ ਔਰ ਕਹਾ ਯੇਹ ਰਾਤ੍ਰ ਭਰ ਸੋਤੀ ਨਹੀਂ ਬੈਠੀ ਰਹਿਤੀ ਹੈ ਜੋ ਇਸਕੋ ਚਾਰ ਵਾਰੀ ਰਾਤਿ ਮੇਂ ਬੁਲਾਵੇਗਾ ਸੋ ਅਨਬੋਲਾ ਕੋ ਪਾਏਗਾ। ਮਹਾਰਾਜਾ ਵਿਕ੍ਰਮ ਨੇ ਅਨੇਕ ਯੁਕਤੀਓਂ ਔਰ ਚਤਰਾਈਓਂ ਸੇ ਬੁਲਾਨਾ ਚਾਹਾ, ਪਰੰਤੂ ਵੋਹ ਨ ਬੋਲੀ, ਤਬ ਵਜ਼ੀਰ ਨੇ ਇਸ਼ਾਰਾ ਦੀਆ ਕਿ ਬੀਰੋਂ ਕੋ ਬੁਲਾਓ ਰਾਜਨੀਤੀ ਕੀ ਬਾਤ ਚਲਾਓ ਤੋ ਬੋਲੇਗੀ। ਮਹਾਰਾਜਾ ਵਿਕ੍ਰਮ ਨੇ ਇਸ਼ਾਰਾ ਸਮਝ ਕਰ ਦੇਵਤਾਓਂ ਯਾਨੇ ਬੀਰੋਂ ਕੋ ਯਾਦ ਕੀਆ ਅਰ ਕਹਾ ਮਹੱਲ ਮੇਂ ਜੁਦਾ ਜੁਦਾ ਰੂਪ ਧਾਰ ਕਰ ਬੈਠ ਜਾਓ। ਔਰ ਆਪਸ ਮੇਂ ਵਾਰਤਾਲਾਪ ਕਰੋ ਤੋ ਬੋਲੇਗੀ। ਤਬ ਵੋ ਚਾਰੋਂ ਬੀਰੋਂ ਮੇਂ ਏਕ ਬੀਰ ਦੀਵੇ ਮੇਂ ਬੈਠ ਗਯਾ ਦੂਸਰਾਂ ਛਾਤੀ ਪਰ ਹਾਰ ਮੇਂ, ਤੀਸਰਾ ਪਲੰਘ ਕੇ ਪਾਵੇ ਮੇਂ। ਚਉਥਾ ਘੜੇ ਮੇਂ ਬੈਠ ਗਯਾ। ਤਬ ਮਹਾਰਾਜਾ ਬਿਕ੍ਰਮ ਦੀਵੇ ਮੇਂ ਜੋ ਬੀਰ ਬੈਠਾ

ਥਾ ਉਸਕੋ ਬੁਲਾਕੇ ਪੂਛਨੇ ਲਗਾ ਕਿ ਹੇ ਦੀਵੇ ਤੂੰ ਅਨਬੋਲਾ ਰਾਣੀ ਕੇ ਪਾਸ ਸੁਖੀ ਰਾਹਤਾ ਹੈਂ ਯਾ ਦੁਖੀ। ਤਬ ਦੀਵਾ ਅਨਬੋਲਾ ਕੀ ਨਿੰਦਾ ਕਰਤਾ ਹੂਆ ਕਹਿਨੇ ਲਗਾ ਮੈਂ ਇਸ ਅਨਬੋਲਾ ਰਾਣੀ ਕੇ ਪਾਸ ਰਹਿ ਕਰ ਬੜਾ ਦੂਖੀ ਹੂੰ ਕਿਉਂਕਿ ਆਠੋਂ ਪਹਿਰ ਜਲਤਾ ਰਹਿਤਾ ਹੂੰ । ਯਦਪਿ ਮੈਂ ਅਗਨੀ ਹੂੰ ਔਰ ਸੂਰਜ ਚੰਦ ਤਾਰੇ ਬਿਜਲੀ ਆਦਿ ਮੇਰੇ ਹੀ ਸਰੂਪ ਹੈਂ ਪਰੰਤੂ ਜੋ ਦਿਨ ਮੇਂ ਕਾਮ ਕਰਤਾ ਹੈ ਵੋ ਰਾਤ੍ਰਿ ਮੇਂ ਨਹੀਂ ਕਰਤੇ। ਜੋ ਰਾਤ੍ਰਿ ਮੇਂ ਕਾਮ ਕਰਤਾ ਹੈ ਸੋ ਦਿਨ ਮੇਂ ਨ ਕਰਤਾ ਵਿਸ੍ਰਾਮ ਕਰਤਾ ਹੈ । ਮੇਰੇ ਕੋ ਇਸ ਕਠੋਰ ਚਿਤ ਵਾਲੀ ਰਾਣੀ ਕੀ ਰਾਤ ਦਿਨ ਆਠੋਂ ਪਹਿਰ ਸੇਵਾ ਕਰਨੀ ਪੜਤੀ ਹੈ ਵਿਸ਼੍ਰਾਂਤੀ ਨਹੀਂ ਮਿਲਤੀ ਆਠੋਂ ਪਹਿਰ ਜਲਾਤੀ ਰਹਿਤੀ ਹੈ ਏਕ ਤੋ ਇਸ ਬਾਤ ਸੇ ਦੁਖੀ ਹੂੰ ਔਰ ਦੂਸਰੀ ਬਾਤ ਇਸਨੇ ਮੇਰੇ ਪਰ ਐਸੀ ਜਾਲੀ ਰੂਪ ਉਪਾਧਿ ਪਾ ਛੋਡੀ ਹੈ ਜੋ ਮੇਰੇ ਪ੍ਰੇਮੀਓਂ ਕੋ ਭੀ ਮੇਰੇ ਸਾਥ ਮਿਲਨੇ ਨਹੀਂ ਦੇਤੀ । ਮੇਰੇ ਪ੍ਰੇਮੀ ਪਤੰਗੇ ਹੈ ਇਸ ਜਾਲੀ ਸੇ ਮੇਰੇ ਕੋ ਮਿਲ ਨਹੀਂ ਸਕਤੇ । ਤੀਸਰੀ ਬਾਤ ਮੇਰਾ ਸਹਿਚਾਰੀ ਧੂਮ ਹੈ ਮੇਰੇ ਕੋ ਵਹਾਂ ਭੀ ਜਾਨੇ ਨਹੀਂ ਦੇਤੀ ਐਸਾ ਇਸਨੇ ਮੇਰੇ ਕੋ ਬਾਂਧ ਰਖਾ ਹੈ ਯੇ ਨਸ਼ਟ ਹੋ ਜਾਵੇ ਇਸ ਕਾ ਖਾਨਾ ਖਰਾਬ ਹੋ ਜਾਵੇ ਗਰਕ ਹੋ ਜਾਵੇ ਐਸੇ ਐਸੇ ਅਨੇਕ ਦੁਰਬਚਨ ਕਹੇ ਭੀ ਪ੍ਰੰਤੂ ਵੁਹ ਨ ਬੋਲੀ ਤਬ ਦੀਪਕ ਕਹਿਨੇ ਲਗਾ ਹੇ ਰਾਜਾ ਬਿਕ੍ਰਮ ਮੈਂ ਤੇਰੇ ਸੇ ਕੋਈ ਰਾਜਨੀਤਕ ਬਾਤ ਪੂਛਤਾ ਹੂੰ ਤੂੰ ਮੇਰੇ ਕੋ ਉਸਕਾ ਜਵਾਬ ਦੇ ਰਾਜਾ ਨੇ ਕਹਾ ਪੂਛੋ । ਤਬ ਦੀਪਕ ਕਹਿਨੇ ਲਗਾ ਹੇ ਮਹਾਰਾਜਾ ਬਿਕ੍ਰਮ ! ਏਕ ਬ੍ਰਾਹਮਣ ਥਾ ਏਕ ਖੂਬਸੂਰਤ ਕੰਨਿਆਂ ਉਸਕੇ ਘਰ ਪੈਦਾ ਹੂਈ ਜਬ ਵੋ ਕੰਨਿਆਂ ਵਰ ਕੇ ਲਾਇਕ ਹੂਈ ਤਬ ਉਸ ਕੇ ਮਾਤਾ ਪਿਤਾ ਔਰ ਭਾਈ ਨੇ ਆਪਸ ਮੇਂ ਵਿਚਾਰ ਕਰਾ ਕਿ ਇਸਕੇ ਲੀਏ ਕੋਈ ਸੁੰਦਰ ਵਰ ਕੀ ਤਲਾਸ਼ ਕਰੇਂ। ਤੀਨੋਂ ਹੀ ਤਲਾਸ਼ ਕਰਨੇ ਲਗੇ ਆਖਿਰ ਮਾਤਾ ਨੇ ਏਕ ਲੜਕੇ ਕੋ ਸਗਨ ਦੀਆ ਪਿਤਾ ਨੇ ਦੂਸਰੇ ਕੋ ਔਰ ਭਾਈ ਨੇ ਤੀਸਰੇ ਕੋ । ਏਕ ਲੜਕੀ ਤੀਨ ਲੜਕੋਂ ਕੇ ਸਾਥ ਮੰਗਣੀ ਹੋ ਗਈ ਔਰ ਤੀਨੋਂ ਕੀ ਬਰਾਤੇਂ ਆ ਗਈ । ਆਪਸ ਮੇਂ ਝਗੜਨੇ ਲਗੇ ਮੇਰੇ ਨਾਲ ਸ਼ਾਦੀ ਹੋਵੇਗੀ ਉਹ ਕਹੇ ਮੇਰੇ ਨਾਲ। ਇਸ ਪ੍ਰਕਾਰ ਤੀਨੋਂ ਝਗੜਨੇ ਲਗੇ ਕੰਨਿਆਂ ਬੁਧਿਮਾਨ ਸੀ ਹੀਰਾ ਚਟਕੇ ਮਰ ਗਈ । ਮਰਨੇ ਕੇ ਬਾਦ ਏਕ ਵਰ ਤੋ ਕੰਨਿਆਂ ਕੇ ਸਾਥ ਹੀ ਚਿਖਾ ਮੇਂ ਸਤੀ ਹੋ ਗਯਾ ਯਾਨੇ ਸੜ ਗਯਾ । ਦੂਸਰਾ ਉਨੋਂ ਕੀ ਹੱਡੀਆਂ ਕੱਠੀ ਕਰ ਮੜੀ ਬਣਾਕੇ ਉਥੇ ਬੈਠ ਗਯਾ ਔਰ ਤੀਸਰਾ ਸੰਜੀਵਨੀ ਬੂਟੀ ਉਸਕੇ ਜੀਵਾਵਨੇ ਕੇ ਲੀਏ ਢੂੰਡਨੇ ਲਗਾ । ਢੂੰਡਤੇ ਢੂੰਡਤੇ ਏਕ ਵਿਦ੍ਵਾਨ ਬ੍ਰਾਹਮਣ ਕੇ ਘਰ ਮੇਂ ਪਹੁੰਚਾ ਉਹ ਭੋਜਨ ਪਾ ਚੁਕੇ ਥੇ ਯੇ ਭੂਖਾ ਥਾ। ਉਨੋਂ ਨੇ ਕਹਾ ਬੈਠੋ ਤੋ ਭੋਜਨ ਬਣਾ ਕੇ ਤੁਮ ਕੋ ਖਿਲਾਤੇ ਹੈਂ। ਬ੍ਰਾਹਮਣੀ ਭੋਜਨ ਬਨਾਨੇ ਲਗੀ ਔਰ ਬ੍ਰਾਹਮਣ ਦਹੀਂ ਲੇਨੇ ਵਾਸਤੇ ਬਾਜਾਰ ਚਲਾ ਗਯਾ । ਬਰਸਾਤ ਕੇ ਦਿਨ ਥੇ ਲਕੜੀਆਂ ਗਿਲੀਆਂ ਸੀਆਂ ਅਗਨੀ ਜਲਤੀ ਨਹੀਂ ਸੀ ਔਰ ਬ੍ਰਾਹਮਣੀ ਕਾ ਏਕ ਸਾਲ ਕੀ ਉਮਰ ਕਾ ਬਾਲਕ ਬ੍ਰਹਮਣੀ ਕੋ ਕੰਮ ਨਹੀਂ ਕਰਨੇ ਦੇਤਾ ਥਾ ਖਪਾਤਾ ਥਾ । ਓਹ ਬ੍ਰਾਹਮਣ ਬੀ ਛੇਤੀ ਛੇਤੀ ਕਹਿਤਾ ਥਾ ਮੇਰੇ ਕੋ ਜਲਦੀ ਰੋਟੀ ਦੋ ਭੂਖ ਲਗੀ ਹੈ । ਬਾਲਕ ਕਾਮ ਕਰਨੇ ਨਹੀਂ ਦੇਤਾ ਥਾ ਤਬ ਬ੍ਰਾਹਮਣੀ ਨੇ



ਅੱਤਿਥੀ ਸੇਵਾ ਕੋ ਮੁਖ ਰਖਤੇ ਹੂਏ ਅਪਨੇ ਬਾਲਕ ਕੋ ਅਗਨੀ ਮੇਂ ਪਾ ਦੀਆ ਬਾਲਕ ਸੜ ਕਰ ਮਰ ਗਯਾ ਅਤਿਥੀ ਬ੍ਰਾਹਮਣ ਡਰ ਗਯਾ ਕਿ ਇਸ ਨੇ ਅਪਨੇ ਬਾਲਕ ਕੋ ਸਾੜ ਦੀਆ ਮੇਰੇ ਕੋ ਕਬ ਛੋਡੇਗੀ ਭਾਗ ਉਠਾ । ਵਿਚਾਰ ਕੀਆ ਯਹ ਕੋਈ ਰਾਖਸ਼ ਹੈਂ ਐਸਾ ਖਿਆਲ ਕਰ ਭਾਗਾ ਬਾਹਰ ਘਰ ਵਾਲਾ ਬ੍ਰਾਹਮਣ ਮਿਲਾ ਉਸ ਨੇ ਕਹਾ ਡਰੋ ਮਤ ਪਹਿਲੇ ਬਾਲਕ ਕੋ ਜਿਵਾਏਂਗੇ ਫੇਰ ਭੋਜਨ ਕਰਨਾ ਤਬ ਬ੍ਰਾਹਮਣ ਨੇ ਬਾਲਕ ਜਿਵਾਯਾ । ਤਬ ਅਤਿਥੀ ਨੇ ਕਹਾ ਮੈਂ ਭੋਜਨ ਤਬ ਕਰੂੰਗਾ ਜਬ ਹਮਾਰੇ ਕੋ ਪਹਿਲੇ ਯਹਿ ਵਿਦਿਆ ਸਿਖਾਓਗੇ ਮੈਂ ਅਪਨੀ ਇਸਤ੍ਰੀ ਜਿਵਾਊਂਗਾ । ਤਬ ਅਤਿਥੀ ਵਿਦਿਆ ਪਾ ਕਰ ਰੋਟੀ ਖਾ ਕਰ ਵਾਪਸ ਉਥੇ ਆਯਾ ਔਰ ਕੰਨਿਆ ਕੇ ਮਾਂ ਤਥਾ ਬਾਪ ਭਾਈ ਕੋ ਬੁਲਾਯਾ ਪੰਚਾਯਤ ਕਠੀ ਕਰੀ ਤਬ ਮੜੀ ਵਾਲੇ ਸੰਤ ਪਾਸ ਆਏ ਔਰ ਕਹਾ ਹੱਡੀਆਂ ਨਿਕਾਲੋ ਸੰਜੀਵਨੀ ਬੂਟੀ ਸੇ ਉਸ ਕੋ ਜਿਵਾਏਂਗੇ ਫੇਰ ਪੰਚਾਇਤ ਜਿਸ ਕੋ ਦੇਗੀ ਉਹ ਲੇਵੇ । ਤਬ ਉਸ ਨੇ ਹੱਡੀਆ ਨਿਕਾਲੀਆਂ ਤਬ ਮੰਤ੍ਰ ਪੜ੍ਹਨੇ ਸੇ ਵੋ ਦੋਨੋਂ ਜੀ ਪਏ । ਫੇਰ ਅਬ ਤੀਨੋਂ ਝਗੜਨੇ ਲਗੇ ਕਿ ਲੜਕੀ ਕੇ ਸਾਥ ਸ਼ਾਦੀ ਮੇਰੀ ਹੋਵੇ । ਹੇ ਮਹਾਰਾਜਾ ਬਿਕ੍ਰਮ ਰਾਜਨੀਤਿ ਕੇ ਅਨੁਸਾਰ ਕੰਨਿਆ ਕਿਸ ਕੋ ਦੇਨੀ ਚਾਹੀਏ । ਰਾਜਾ ਕਹਿਨੇ ਲਗਾ ਇਸ ਮੇਂ ਕਿਆ ਸੰਦੇਹ ਹੈ। ਇਸ ਕੇ ਸਾਥ ਜੋ ਸੜਾ ਥਾ ਉਸ ਕੋ ਅਥਵਾ ਜਿਸ ਨੇ ਜਿਵਾਈ ਉਸ ਕੋ ਮਿਲਨੀ ਚਾਹੀਏ। ਤਬ ਅਨਬੋਲਾ ਕੋਪ ਕਰ ਬੋਲੀ ਐ ਮੂਢ ਬਿਕ੍ਰਮ ! ਉਹ ਕੰਨਿਆ ਦੋਨੋਂ ਕੋ ਨ ਮਿਲਨੀ ਚਾਹੀਏ ਕਿਉਂਕਿ ਸਾਥ ਮਰ ਕਰ ਜੋ ਫਿਰ ਜੀਵਤ ਹੂਆ ਸੋ ਭਾਈ ਕੀ ਤਰਹ ਹੈ ਔਰ ਜਿਵਾਨੇ ਵਾਲਾ ਪਿਤਾ ਕੇ ਬਰਾਬਰ ਹੈ ਉਹ ਕੰਨਿਆਂ ਉਸ ਕੋ ਮਿਲਨੀ ਚਾਹੀਏ। ਜੋ ਮੜੀ ਵਾਲਾ ਹੈ, ਯਹ ਕੰਨਿਆਂ ਮੜੀ ਵਾਲੇ ਕੋ ਦੇਣੀ ਚਾਹੀਏ । ਅਰੇ ਮੂੜ੍ਹ ਤੂੰ ਇਸ ਪ੍ਰਕਾਰ ਰਾਜ ਕਰਤਾ ਹੈਂ ਤਬ ਵੋ ਰਾਜਾ ਬਿਕ੍ਰਮ ਕਹਿਨੇ ਲਗਾ ਹਮਾਰੇ ਕੋ ਤੇਰੇ ਸੇ ਬੁਲਾਨੇ ਕਾ ਕਾਮ ਥਾ ਸੋ ਤੂੰ ਇਕ ਵਾਰ ਬੋਲ ਪੜੀ ਹੈਂ ਸ਼ਾਦੀ ਮੇਂ ਚਾਰ ਲਾਵਾਂ ਹੋਤੀ ਹੈਂ ਏਕ ਲਾਂਵ ਮੇਰੀ ਸਿਧ ਹੋ ਗਈ । ਤਬ ਅਨਬੋਲਾ ਕਹਿਨੇ ਲਗੀ ਹਮਾਰੇ ਕੋ ਯਾਦ ਨ ਰਹਾ ਧੋਖੇ ਮੇਂ ਆ ਗਈ ਅਛਾ ਜਬ ਤਕ ਚਾਰ ਵਾਰ ਨ ਬੁਲਾਏਂਗਾ ਤਬ ਤਕ ਸ਼ਾਦੀ ਪੂਰੀ ਨ ਹੋਗੀ ਮੈਂ ਨ ਬੋਲੂੰਗੀ ਐਸੇ ਕਹਿ ਕਰ ਚੁਪ ਹੋ ਗਈ। ਤਬ ਰਾਜਾ ਬਿਕ੍ਰਮ ਦੂਸਰੇ ਵਾਰੀ ਉਸ ਕੋ ਬੁਲਾਨੇ ਵਾਸਤੇ ਅਨੇਕ ਯਤਨ ਕਰਤਾ ਕਯਾ ਪਰੰਤੂ ਅਨਬੋਲਾ ਨ ਬੋਲੀ ਤਬ ਹਾਰ ਮੇਂ ਰਹਿਨੇ ਵਾਲੇ ਬੀਰ ਕੋ ਮਹਾਰਾਜਾ ਬਿਕ੍ਰਮ ਕਹਿਨੇ ਲਗੇ ਅਰੇ ਅਨਬੋਲਾ ਕੇ ਹਿਰਦੇ ਪਰ ਰਹਿਨੇ ਵਾਲੇ ਹਾਰ ਤੁਮ ਅਨਬੋਲਾ ਕੇ ਹਿਰਦੇ ਪਰ ਰਹਿਨੇ ਸੇ ਦੁਖੀ ਰਹਿਤਾ ਹੈ ਯਾ ਸੁਖੀ ਤਬ ਹਾਰ ਉਸ ਕੇ ਬੁਲਾਨੇ ਅਰਥ ਕਹਿਨੇ ਲਗਾ ਮੈਂ ਇਸ ਨੀਚ ਕਠੋਰ ਹਿਰਦੇ ਵਾਲੀ ਅਨਬੋਲਾ ਕੋ ਸਪਰਸ ਕਰਕੇ ਬੜਾ ਦੁਖੀ ਰਹਿਤਾ ਹੂੰ ਮੇਰੇ ਅੰਦਰ ਸ਼ਾਂਤਿ ਨਹੀਂ ਕਿਉਂਕਿ ਇਸਨੇ ਹਮਾਰੇ ਕੋ ਆਪਣੇ ਸੰਬੰਧੀਓਂ ਸੇ ਜੁਦਾ ਕਰ ਔਰ ਹਮਾਰੇ ਸੰਬੰਧੀਓਂ ਕੋ ਮਾਰ ਕਰ ਸੰਬੰਧੀਓਂ ਸੇ ਵਿਛੋੜ ਕਰ ਆਪਣ ਕਠੋਰ ਹਿਰਦੇ ਪਰ ਹਮਾਰੇ ਕੋ ਪਰੋਏ ਕਰ ਰਖ ਛੋੜਾ ਹੈ, ਹਮ ਆਪਣੇ ਆਪਣੇ ਜਗ੍ਹਾ ਮੇਂ ਬੜੇ ਅਨੰਦ ਸੇ ਰਹਿਤੇ ਥੇ। ਹਮਾਰੇ ਮੇਂ ਕੋਈ ਸਿੱਪ ਕਾ ਮੋਤੀ ਹੈ ਕੋਈ ਗਜ ਕਾ ਮੋਤੀ ਹੈ, ਕੋਈ ਕਿਸੇ

ਪਰਬਤ ਕਾ ਮਾਣਕ ਹੈ, ਕੋਈ ਕਿਸੀ ਜਗਹ ਕੀ ਮਣੀ ਹੈ । ਵਹਾਂ ਸੇ ਲੇ ਆ ਕਰ ਆਪਣੇ ਹਿਰਦੇ ਤੇ ਜੋ ਪੱਥਰ ਸੇ ਭੀ ਕਠੋਰ ਹੈ, ਉਸ ਪਰ ਹਮ ਕੋ ਟਾਂਗ ਰਖਾ ਹੈ, ਬੜਾ ਦੁਖੀ ਹੂੰ ਤੁਮਾਰੇ ਸੇ ਰਾਜਨੀਤਿਕ ਵਾਰਤਾ ਚਿਤ ਪਰਸੰਨਤਾ ਕੇ ਵਾਸਤੇ ਪੂਛਤਾ ਹੂੰ ਤੁਮ ਉਸ ਕਾ ਉਤਰ ਦੇਣਾ । ਵਿਕ੍ਰਮ ਨੇ ਕਹਾ ਜੈਸਾ ਪੂਛੋ। ਤਬ ਹਾਰ ਮੇਂ ਬੈਠਾ ਹੂਆ ਬੀਰ ਬੋਲਾ ਐ ਮਹਾਰਾਜਾ ਵਿਕ੍ਰਮ ਏਕ ਬੜਾ ਸੂਰਬੀਰ ਔਰ ਦੇਵੀ ਉਪਾਸ਼ਕ ਚਕਰਵਰਤੀ ਰਾਜਾ ਥਾ । ਵੋਹ ਏਕ ਦਿਨ ਸ਼ਿਕਾਰ ਸੇ ਵਾਪਸ ਆਤਾ ਹੂਆ ਪਿਆਸ ਨਿਵਿਰਤੀ ਅਰਥ ਏਕ ਗ੍ਰਾਮ ਕੇ ਏਕ ਕੂਏ ਪਰ ਆਤਾ ਭਯਾ ਵਹਾਂ ਸੁੰਦਰੋਂ ਕੀਆਂ ਕੰਨਿਆਏਂ ਪਾਣੀ ਭਰ ਰਹੀਆਂ ਸੀਆਂ । ਉਨ ਮੇਂ ਏਕ ਕੁੰਭਾਰ ਕੀ ਕੰਨਿਆਂ ਬਹੁਤ ਸੁੰਦਰ ਸੀ ਯੁਵਾ ਅਵਸਥਾ ਸੀ ਉਸ ਕੋ ਦੇਖ ਕਰ ਰਾਜਾ ਮੋਹਿਤ ਹੋ ਗਯਾ ਔਰ ਉਸ ਕੰਨਿਆਂ ਕਾ ਨਾਮ ਘਰ ਵਗੈਰਾ ਪੂਛ ਕਰ ਉਸ ਕੇ ਪਿਤਾ ਪਾਸ ਆ ਕਰ ਵੁਹ ਕੰਨਿਆਂ ਮਾਂਗੀ ਬਹੁਤ ਯਤਨ ਕੀਆ, ਪਰੰਤੂ ਉਸ ਨੇ ਨ ਦੀ ਔਰ ਕਹਾ ਕਿ ਮੈਂ ਆਪਣੀ ਬਰਾਦਰੀ ਸੇ ਬਿਨਾਂ ਨ ਦੂੰਗਾ । ਤਬ ਰਾਜਾ ਦੁਖੀ ਹੋ ਕਰ ਦੇਵੀ ਕੇ ਮੰਦਰ ਮੇਂ ਜਾਤਾ ਰਹਾ ਔਰ ਦੇਵੀ ਕੋ ਆਰਾਧਨ ਸੇ ਪਰਸੰਨ ਕੀਆ । ਔਰ ਕਹਾ ਮੈਂ ਏਕ ਬਰਸ ਉਸ ਕੇ ਸਾਥ ਸੁਖ ਅਨੁਭਵ ਕਰ ਫੇਰ ਆਪ ਹੀ ਆਪਣਾ ਸਿਰ ਕਾਟ ਕੇ ਤੁਮਾਰੇ ਚਰਨੋਂ ਮੇਂ ਰਖੂੰਗਾ । ਤਬ ਪਰਸੰਨ ਹੋ ਕਰ ਵੋਹ ਦੇਵੀ ਵਰ ਦੇਤੀ ਭਈ ਕਿ ਵੋਹ ਕੰਨਿਆਂ ਤੁਮਾਰੇ ਕੋ ਮਿਲੇਗੀ ਤਬ ਉਸ ਕੁੰਭਾਰ ਕੇ ਮਨ ਮੇਂ ਖਿਆਲ ਹੂਆ ਕਿ ਰਾਜਾ ਹੈ ਐਸੇ ਜ਼ਬਰਦਸਤੀ ਭੀ ਲੇ ਸਕਤਾ ਹੈ । ਤਬ ਵੋਹ ਆਪਣੀ ਕੰਨਿਆਂ ਰਾਜਾ ਕੋ ਦੇਤਾ ਭਯਾ, ਰਾਜਾ ਪਰਸੰਨ ਹੋ ਕਰ ਉਸ ਕੇ ਸਾਥ ਸ਼ਾਦੀ ਕਰਤਾ ਭਯਾ । ਜਬ ਏਕ ਬਰਸ ਪੂਰਾ ਹੋ ਗਯਾ ਤਬ ਏਕ ਦਿਨ ਰਾਜਾ ਵਜ਼ੀਰ ਕੋ ਤਥਾ ਆਪਣੀ ਇਸਤ੍ਰੀ ਯਾਨੇ ਕੁੰਭਾਰ ਕੀ ਕੰਨਿਆਂ ਕੋ ਸਾਥ ਲੇ ਕਰ ਬਾਗ ਮੇਂ ਘੂਮਨੇ ਗਯਾ ਰਾਸਤੇ ਮੇਂ ਦੇਵੀ ਕਾ ਮੰਦਿਰ ਆਯਾ, ਰਾਜਾ ਕੋ ਵੋਹ ਕਹੇ ਹੂਏ ਬਚਨ ਯਾਦ ਆਏ । ਤਬ ਵਜ਼ੀਰ ਔਰ ਇਸਤ੍ਰੀ ਕੋ ਬਾਹਰ ਖੜਾ ਕਰ ਕਹਿਨੇ ਲਗਾ ਦੇਵੀ ਕੋ ਮਥਾ ਟੇਕ ਆਵਾਂ ਤਬ ਅੰਦਿਰ ਗਯਾ ਔਰ ਆਪਣੀ ਤਲਵਾਰ ਸੇ ਸੀਸ ਉਤਾਰ ਕੇ ਦੇਵੀ ਚਰਣੋਂ ਮੇਂ ਰਖ ਦੀਆ ਜਬ ਕੁਛ ਦੇਰੀ ਹੂਈ ਰਾਜਾ ਨ ਆਯਾ ਤਬ ਵਜ਼ੀਰ ਰਾਣੀ ਕੋ ਬਾਹਰ ਖੜਾ ਕਰ ਅਰ ਆਪ ਰਾਜਾ ਕੋ ਦੇਖਨੇ ਅਰਥ ਅੰਦਰ ਗਯਾ, ਰਾਜਾ ਕੋ ਮ੍ਰਿਤਕ ਦੇਖ ਕਰ ਆਪਣਾ ਭੀ ਸਿਰ ਕਾਟ ਕਰ ਦੇਵੀ ਕੇ ਚਰਣੋਂ ਪਰ ਬਲੀ ਦੀਆ । ਜਬ ਦੇਰੀ ਹੂਈ ਵਜ਼ੀਰ ਨ ਆਯਾ ਤੋ ਰਾਣੀ ਆਪ ਅੰਦਰ ਗਈ ਔਰ ਦੋਨੋਂ ਕੋ ਮ੍ਰਿਤਕ ਦੇਖ ਕਰ ਵਿਚਾਰ ਕਰਨੇ ਲਗੀ, ਅਗਰ ਮੈਂ ਰਾਜ ਮੇਂ ਜਾਊਂਗੀ ਤੋ ਕਹੇਂਗੇ ਇਸ ਨੇ ਆਪਣੇ ਪਤੀ ਕੋ ਅਰ ਵਜ਼ੀਰ ਕੋ ਮਾਰ ਦੀਆ ਹੈ, ਮੇਰੇ ਕੋ ਮੇਰੇ ਮਾਂ ਬਾਪ ਕੋ ਕਲੰਕ ਲਗੇਗਾ । ਐਸੇ ਵਿਚਾਰ ਕਰ ਆਪਣਾ ਸਿਰ ਕਟਨੇ ਲਗੀ ਤੋ ਦੇਵੀ ਪਰਗਟ ਹੋ ਗਈ ਕਹਾ ਵਰ ਮਾਂਗ ਤਬ ਕਹਾ ਕਿ ਇਨ ਦੋਨੋਂ ਕੋ ਜਿਵਾ ਦੇ । ਦੇਵੀ ਨੇ ਕਹਾ ਅਛਾ ਇਨ ਕੇ ਧੜ ਪਰ ਸਿਰ ਰਖ ਦੇ ਜਿਵਾ ਦੂੰ, ਉਸ ਨੇ ਝਟ ਪਟ ਘਬਰਾਤੀ



ਹੂਈ ਨੇ ਰਾਜਾ ਕਾ ਸਿਰ ਵਜ਼ੀਰ ਕੇ ਧੜ ਪਰ ਰਖ ਦੀਆ ਔਰ ਵਜ਼ੀਰ ਕਾ ਸਿਰ ਰਾਜਾ ਕੇ ਧੜ ਪਰ ਰਖ ਦੀਆ। ਦੇਵੀ ਨੇ ਜਲ ਕਾ ਛਿਟਾ ਦੀਆ, ਝਟ ਉਠ ਕੇ ਖੜੇ ਹੋ ਗਏ ਅਬ ਰਾਣੀ ਹੈਰਾਨ ਹੋ ਗਈ ਔਰ ਨਿਸਚੇ ਨਹੀਂ ਕਰ ਸਕਤੀ ਕਿ ਮੈਂ ਕਿਸ ਕੋ ਪਤੀ ਸਵੀਕਾਰ ਕਰੂੰ । ਹੇ ਮਹਾਰਾਜਾ ਵਿਕ੍ਰਮ ਆਪ ਸੁਣਾਓ ਉਹ ਕਿਸ ਕੋ ਪਤੀ ਬਣਾਵੇ । ਤਬ ਮਹਾਰਾਜਾ ਵਿਕ੍ਰਮ ਕਹਿਣੇ ਲਗਾ ਇਸ ਮੇਂ ਸ਼ੱਕ ਹੀ ਕਿਆ ਹੈ, ਜਿਸ ਸਰੀਰ ਮੇਂ ਰਾਜਾ ਕਾ ਧੜ ਹੈ ਔਰ ਵਜ਼ੀਰ ਕਾ ਸਿਰ ਹੈ ਵੋਹੀ ਰਾਣੀ ਕਾ ਪਤੀ ਹੋਣਾ ਯੋਗ ਹੈ। ਯੇ ਬਚਨ ਸੁਣ ਕਰ ਅਨਬੋਲਾ ਕੋ ਬੜਾ ਕਰੋਧ ਹੂਆ ਅਰ ਕਹਿਣੇ ਲਗੀ ਅਰੇ ਮੂਰਖ ! ਧੜ ਵਾਲਾ ਕੈਸੇ ਪਤੀ ਹੋ ਸਕਤਾ ਹੈ, ਕਿਉਂ ਕਿ ਸਰਬ ਸਰੀਰ ਮੇਂ ਸਿਰ ਪ੍ਰਧਾਨ ਹੋਤਾ ਹੈ ਔਰ ਅੰਗ ਕਟਨੇ ਪਰ ਦੂਸਰਾ ਭੀ ਲਗਾਯਾ ਜਾਤਾ ਹੈ । ਦੂਸਰਾ ਲਗ ਭੀ ਸਕਤਾ ਹੈ । ਸਿਰ ਕਟਨੇ ਪਰ ਦੂਸਰਾ ਸਿਰ ਨਹੀਂ ਲਗਾਯਾ ਜਾਤਾ, ਪਹਿਚਾਨ ਸਿਰ ਕੀ ਹੋਤੀ ਹੈ । ਫੋਟੋ ਭੀ ਸਿਰ ਕਾ ਲੀਆ ਜਾਤਾ ਹੈ । ਇਸ ਵਾਸਤੇ ਜਹਾਂ ਰਾਜਾ ਕਾ ਸਿਰ ਹੈ ਵੋਹੀ ਪਤੀ ਹੋ ਸਕਤਾ ਹੈ । ਤਬ ਮਹਾਰਾਜਾ ਵਿਕ੍ਰਮ ਕਹਿਣੇ ਲਗੇ ਹਮਾਰਾ ਤੋ ਆਪ ਕੇ ਬੁਲਾਨੇ ਸੇ ਮਤਲਬ ਥਾ ਬੋਲ ਤੋ ਪੜੀ ਤਬ ਫੇਰ ਵੋ ਅਨਬੋਲਾ ਰਾਣੀ ਕਹਿਣੇ ਲਗੀ ਅਛਾ ਤੁਮ ਨੇ ਹਮਾਰੇ ਕੋ ਯੁਕਤੀ ਸੇ ਬੁਲਾਯਾ ਹੈ ਅਬ ਫੇਰ ਨ ਬੋਲਾਂਗੀ ਤਬ ਤੀਸਰੀ ਵਾਰ ਮਹਾਰਾਜਾ ਵਿਕ੍ਰਮ ਨੇ ਅਨੇਕ ਯਤਨ ਕਰੇ, ਪਰੰਤੂ ਅਨਬੋਲਾ ਰਾਣੀ ਨ ਬੋਲੀ । ਤਬ ਖਟ ਕੇ ਪਾਵੇ ਮੇਂ ਬੈਠਾ ਜੋ ਬੀਰ ਥਾ ਉਸ ਕੋ ਮਹਾਰਾਜਾ ਵਿਕ੍ਰਮ ਪੂਛਨੇ ਲਗਾ ਤੂੰ ਅਨਬੋਲਾ ਰਾਣੀ ਕੇ ਪਾਸ ਰਹਿਤਾ ਹੂਆ ਸੁਖੀ ਹੈਂ ਕਿ ਦੁਖੀ, ਤਬ ਕਹਿਣੇ ਲਗਾ ਮੈਂ ਬੜਾ ਦੁਖੀ ਹੂੰ, ਕਿਉਂਕਿ ਮੈਂ ਪਹਿਲੇ ਮਲਯਾਂਗਿਰ ਪਹਾੜ ਪਰ ਰਹਿਤਾ ਥਾ ਔਰ ਚੰਦਨ ਕਾ ਬ੍ਰਿਛ ਬਣਾ ਹੂਆ ਬੜੇ ਅਨੰਦ ਸੇ ਰਹਿਤਾ ਥਾ ਔਰ ਆਪਣੀ ਸੁਗੰਧੀ ਸੇ ਹਜ਼ਾਰੋਂ ਪੇੜੋਂ ਕੋ ਚੰਦਨ ਬਨਾਤਾ ਥਾ । ਅਨੇਕ ਮਨੁਖ ਮੇਰੇ ਕੋ ਘਸਾ ਕਰ ਅਵਤਾਰੋਂ ਪਰ ਤਥਾ ਮਹਾਤਮਾ ਸੰਤੋਂ ਪਰ ਲਗਾਤੇ ਥੇ ਪੂਜਾ ਕੀ ਜਗ੍ਹਾ ਮੇਰੀ ਆਵਸ਼ਯਕਤਾ ਰਹਿਤੀ ਥੀ ਮੈਂ ਅਨੇਕ ਪਰਉਪਕਾਰ ਕਰਤਾ ਥਾ । ਇਸ ਨੇ ਮੇਰੇ ਕੋ ਜੜੋਂ ਸੇ ਕਟਵਾ ਕਰ ਮੰਜਾ ਬਣਾ ਕਰ ਬੰਦ ਅਸਥਾਨ ਮੇਂ ਰਖਾ ਹੈ। ਇਸ ਵਾਸਤੇ ਦੁਖੀ ਰਹਿਤਾ ਹੂੰ, ਅਬ ਆਪ ਕਾ ਦਰਸ਼ਨ ਹੂਆ ਹੈ, ਚਿਤ ਪ੍ਰਸੰਨ ਕਰਨੇ ਵਾਸਤੇ ਮੈਂ ਆਪ ਸੇ ਏਕ ਰਾਜਨੀਤਿਕ ਨਿਆਇ ਪੂਛਤਾ ਹੂੰ, ਆਪ ਕਿਰਪਾ ਕਰਕੇ ਉਸਕਾ ਯੋਗ ਉਤਰ ਦੇਂ, ਬੀਰ ਕਹਿਣੇ ਲਗਾ ਏਕ ਰਾਜਾ ਕੇ ਯੱਗ ਕਰਨੇ ਸੇ ਏਕ ਬਹੁਤ ਖ਼ੂਬਸੂਰਤ ਲੜਕੀ ਪੈਦਾ ਹੂਈ ਔਰ ਉਸ ਕੰਨਿਆਂ ਕੋ ਪੜ੍ਹਾ ਕਰ ਵਿਦੁਸ਼ੀ ਕੀਆ। ਜਬ ਕੰਨਿਆਂ ਵਿਵਾਹ ਕੇ ਲਾਇਕ ਹੂਈ ਅਨੇਕ ਰਾਜਕੁਮਾਰ ਉਸ ਕੀ ਸ਼ਾਦੀ ਵਾਸਤੇ ਤਿਆਰ ਹੂਏ, ਪਰੰਤੂ ਰਾਜਾ ਨੇ ਕਹਾ ਜੋ ਅਪੂਰਬ ਗੁਣਵਾਨ ਹੋਗਾ ਉਸ ਕੋ ਯਹ ਕੰਨਿਆਂ ਦੀ ਜਾਏਗੀ, ਜਬ ਸਾਰੇ ਦੇਸ਼ ਮੇਂ ਪਤਾ ਹੋ ਗਯਾ ਕਿ ਰਾਜਾ ਗੁਣਵਾਨ ਕੋ ਕੰਨਿਆਂ ਦੇਵੇਗਾ ਤਬ ਅਨੇਕ ਆਦਮੀ ਆਪਣਾ ਆਪਣਾ ਗੁਣ ਦਿਖਾਨੇ ਕੋ ਰਾਜਾ ਪਾਸ ਆਨੇ ਲਗੇ ਉਨ ਮੇਂ ਤੀਨ ਆਦਮੀ ਏਕ ਸ਼ਹਿਰ ਕੀ ਕਿਸੀ ਧਰਮਸਾਲਾ ਮੇਂ ਜੁਦੇ ਜੁਦੇ ਸ਼ਹਿਰ ਕੇ ਰਹਿਨੇ ਵਾਲੇ ਆ ਕਰ ਕਠੇ ਹੋ

ਗਏ, ਕੰਨਿਆਂ ਸੰਬੰਧੀ ਵਾਰਤਾਲਾਪ ਕਰਤੇ ਕਰਤੇ ਉਨੌਂ ਨੇ ਆਪਣੇ ਆਪਣੇ ਗੁਣ ਸੁਣਾਏ ਏਕ ਨੇ ਕਹਾ ਹਮ ਨੇ ਐਸੀ ਦੂਰਬੀਨ ਤਿਆਰ ਕਰੀ ਹੈ, ਜਿਸ ਵਕਤ ਚਾਹੇਂ ਉਸ ਵਕਤ ਕੰਨਿਆ ਕਾ ਦਰਸ਼ਨ ਕਰ ਸਕਤੇ ਹੈਂ ਭਾਵੇਂ ਕਹੀਂ ਬੀ ਹੋਵੇ, ਪਾਤਾਲ, ਆਕਾਸ਼ ਮੇਂ ਹੋਵੇ ਤੋ ਬੀ ਦਰਸ਼ਨ ਕਰ ਸਕਤੇ ਹੈਂ । ਦੂਸਰੇ ਨੇ ਕਹਾ ਮੈਨੇ ਐਸਾ ਵਿਮਾਨ ਤਿਆਰ ਕਰਾ ਹੈ ਕਿ ਜਿਸ ਕੋ ਮਿਲਨਾ ਚਾਹੂ ਕਿਤਨਾ ਭੀ ਦੂਰ ਦੇਸ ਹੋ ਵਿਮਾਨ ਦੁਆਰਾ ਮਿੰਟੋਂ ਮੇਂ ਮਿਲ ਸਕਤਾ ਹੂ। ਤੀਸਰੇ ਨੇ ਕਹਾ ਮੈਨੇ ਐਸਾ ਧਨੁਸ਼ ਬਾਣ ਤਿਆਰ ਕੀਆ ਹੈ ਜੋ ਉਸ ਬਾਣ ਸੇ ਦੇਵ ਰਾਖਸ਼ ਮਨੁਸ਼ਜ ਸਭ ਕੋ ਜਯ ਕਰ ਸਕਤਾ ਹੂ । ਤੀਨੋਂ ਨੇ ਜਬ ਆਪਣੀ ਆਪਣੀ ਵਿਦਿਆ ਕਹੀ ਤਬ ਦੂਰਬੀਨ ਵਾਲੇ ਕੋ ਕਹਾ ਕਿ ਤੁਮ ਅਪਨੀ ਦੂਰਬੀਨ ਦਿਖਾਓ, ਹਮ ਦੇਖੇਂ ਤੋ ਕੰਨਿਆਂ ਅਬ ਕਹਾਂ ਹੈ, ਤਬ ਉਸਨੇ ਦੂਰਬੀਨ ਨਿਕਾਲੀ ਉਨ ਤੀਨੋਂ ਨੇ ਦੇਖਾ ਕਿ ਕੰਨਿਆਂ ਕੋ ਕੋਈ ਰਾਖਸ਼ ਲੇ ਗਿਆ ਹੈ ਔਰ ਰਾਖਸ਼ ਕੀ ਗੁਫਾ ਮੇਂ ਰਹਿਤੀ ਹੈ । ਤਬ ਵਿਮਾਨ ਵਾਲੇ ਕੋ ਕਹਾ ਜਲਦੀ ਵਿਮਾਨ ਤਿਆਰ ਕਰ ਉਸ ਕੇ ਮਾਤਾ ਪਿਤਾ ਕੋ ਸਾਥ ਲੇਕਰ ਚਲੇਂ । ਤਬ ਵਿਮਾਨ ਮੇਂ ਬੈਠ ਕਰ ਉਸ ਕੇ ਮਾਤਾ ਪਿਤਾ ਪਾਸ ਆਏ ਔਰ ਪੂਛਾ ਕੰਨਿਆਂ ਕਹਾਂ ਹੈ? ਉਸ ਨੇ ਕਹਾ ਪਤਾ ਨਹੀਂ ਕੌਨ ਰਾਖਸ਼ ਅਥਵਾ ਦੇਵ ਲੇ ਗਯਾ ਹੈ । ਤਬ ਉਸ ਕੇ ਮਾਤਾ ਪਿਤਾ ਕੋ ਸਾਥ ਲੇਕਰ ਵਿਮਾਨ ਮੇਂ ਬੈਠ ਕਰ ਉਸ ਰਾਖਸ਼ ਕੀ ਗੁਫਾ ਮੇਂ ਪਹੁੰਚੇ । ਰਾਖਸ਼ ਕੋ ਦੇਖ ਕਰ ਉਸ ਬਾਣ ਵਾਲੇ ਕੋ ਕਹਾ ਕਿ ਰਾਖਸ਼ ਕੋ ਮਾਰੋ । ਤਬ ਉਸ ਨੇ ਰਾਖਸ਼ ਕੋ ਮਾਰ ਦੀਆ ਅਬ ਉਨ ਤੀਨੋਂ ਮੇਂ ਵਿਵਾਦ ਹੋ ਗਯਾ, ਵੋ ਕਹਿਤਾ ਹੈ ਮੇਰੇ ਨਾਲ ਸ਼ਾਦੀ ਹੈ । ੩ ॥ ਅਬ ਹੇ ਰਾਜਾ ਵਿਕ੍ਰਮ ! ਆਪ ਦਸੋ ਕਿ ਕੰਨਿਆ ਕੀ ਸ਼ਾਦੀ ਕਿਸ ਕੇ ਸਾਥ ਹੋਵੇ । ਮਹਾਰਾਜ ਵਿਕ੍ਰਮ ਕਹਿਨੇ ਲਗੇ ਇਸ ਮੇਂ ਸੋਚ ਹੀ ਕਿਆ ਹੈ, ਵੋ ਕੰਨਿਆਂ ਵਿਮਾਨ ਵਾਲੇ ਕੋ ਮਿਲਨੀ ਚਾਹੀਏ ਕਿਉਂਕਿ ਅਗਰ ਵੋਹ ਨ ਪਹੁੰਚਾਤਾ ਤੋ ਕੈਸੇ ਪਹੁੰਚਤੇ। ਤਬ ਵੋਹ ਅਨਬੋਲਾ ਬੋਲੀ ਕਿ ਅਰੇ ਵੋ ਰਾਜ ਕੰਨਿਆਂ ਉਸ ਵਿਮਾਨ ਬਨਾਨੇ ਵਾਲੇ ਤਿਰਖਾਨ ਕੋ ਕੈਸੇ ਮਿਲੇਗੀ । ਸੂਰਬੀਰ ਧਨੁਸ਼ ਬਾਣ ਚਲਾਨੇ ਵਾਲੇ ਖਤ੍ਰੀ ਕੁਮਾਰ ਕਾ ਹੱਕ ਹੈ । ਤਬ ਰਾਜਾ ਵਿਕ੍ਰਮ ਕਹਿਨੇ ਲਗਾ ਕਿ ਹਮਾਰਾ ਤੋ ਬੁਲਾਨੇ ਸੇ ਕਾਮ ਥਾ ਬੋਲ ਤੋ ਪੜੀ ਨਾਂ ? ਤਬ ਵੋਹ ਕਹਿਨੇ ਲਗੀ ਅੱਛਾ ਅਬ ਚੌਥੇ ਵਾਰ ਨ ਬੋਲੂੰਗੀ । ਅਬ ਮਹਾਰਾਜਾ ਬਿਕ੍ਰਮ ਨੇ ਅਨੇਕ ਉਪਾਯ ਚਉਥੇ ਪਹਿਰ ਮੇਂ ਕੀਏ ਪਰੰਤੂ ਵੋਹ ਨ ਬੋਲੀ, ਤਬ ਉਸ ਨੇ ਘੜੇ ਮੇਂ ਬੈਠੇ ਹੂਏ ਚਉਥੇ ਬੀਰ ਕੋ ਕਹਾ ਕਿ ਤੂੰ ਅਨਬੋਲਾ ਕੇ ਪਾਸ ਰਹਿਤਾ ਸੁਖੀ ਹੈਂ ਕਿ ਦੁਖੀ ? ਤਬ ਘੜਾ ਬੋਲਾ ਕਿ ਮੈਂ ਇਸ ਕੇ ਪਾਸ ਬੜਾ ਦੁਖੀ ਹੂੰ ਇਸਨੇ ਮੇਰੇ ਕੋ ਬੜਾ ਦੁਖ ਦੀਆ ਹੈ। ਮੈਂ ਦੁਆਰਕਾ ਕੇ ਨਜ਼ਦੀਕ ਗੋਪੀ ਤਲਾਈ ਮੇਂ ਮਿੱਟੀ ਹੋ ਕੇ ਰਹਿਤਾ ਥਾ ਵਹਾਂ ਅਨੇਕ ਯਾਤਰੂ ਆਤੇ ਥੇ, ਭਗਵਾਨ ਕੇ ਗੀਤ ਗਾਤੇ ਥੇ ਅਰ ਹਮਾਰੇ ਕੋ ਤਿਲਕ ਬਨਾ ਕਰ ਅਪਨੇ ਮਸਤਕ ਮੇਂ ਰਖਤੇ ਥੇ। ਇਸ ਰਾਣੀ ਨੇ ਹਮਾਰੇ ਕੋ ਵਹਾਂ ਸੇ ਲਿਆ ਕਰ ਕੂਟ ਕੂਟ ਕੇ ਚੂਰਣ ਕਰ ਦੀਆ ਪਾਣੀ ਮੇਂ ਪਾ ਛੋੜਾ ਚੱਕ ਤੇ ਚੜ੍ਹਾਇਆ, ਅਗਨੀ ਮੇਂ ਜਲਾਯਾ, ਅਬ ਯਹਾਂ



ਕਿਸੀ ਕੇ ਦਰਸ਼ਨ ਭੀ ਨਹੀਂ ਹੋਤੇ ਬੜਾ ਦੁਖੀ ਰਹਿਤਾ ਹੂੰ । ਐਸੇ ਅਨੇਕ ਪ੍ਰਕਾਰ ਕੀ ਨਿੰਦਾ ਕਰੀ ਤੋ ਭੀ ਰਾਣੀ ਨ ਬੋਲੀ । ਤਬ ਘੜੇ ਮੇਂ ਬੈਠੇ ਬੀਰ ਨੇ ਮਹਾਰਾਜਾ ਵਿਕ੍ਰਮ ਸੇ ਕਹਾ ਰਾਜਨੀਤਿਕ ਕੋਈ ਨਿਆਇ ਸੁਨਾਓ । ਰਾਜੇ ਨੇ ਕਹਾ ਪੂਛੋ । ਤਬ ਘੜਾ ਬੋਲਾ–ਏਕ ਸ਼ਹਿਰ ਕੇ ਚਾਰ ਆਦਮੀ ਹਰਿਦਵਾਰ ਕੇ ਕੁੰਭ ਕੋ ਚਲੇ ਔਰ ਅਪਨੇ ਰੋਜਗਾਰ ਵਾਸਤੇ ਕਾਮ ਕਰਨੇ ਕੇ ਸਾਧਨ ਸਾਥ ਲੇ ਚਲੇ । ਉਨ ਮੇਂ ਏਕ ਤ੍ਰਿਖਾਣ ਥਾ ਦੂਸਰਾ ਦਰਜੀ, ਤੀਸਰਾ ਸੁਨਾਰ, ਚੌਥਾ ਬ੍ਰਾਹਮਣ ਥਾ । ਚਲਤੇ ਚਲਤੇ ਰਸਤੇ ਮੇਂ ਬਨ ਮੇਂ ਰਾਤ੍ਰੀ ਪੜ ਗਈ ਔਰ ਕਹਿਨੇ ਲਗੇ ਏਕ ਏਕ ਪਹਿਰ ਏਕ ਏਕ ਆਦਮੀ ਜਾਗ ਕੇ ਪਹਿਰਾ ਦੇਵੇ। ਤਬ ਤ੍ਰਖਾਨ ਕਹਿਨੇ ਲਗਾ ਮੈਂ ਪਹਿਲੇ ਪਹਿਰ ਮੇਂ ਜਾਗ ਕਰ ਪਹਿਰਾ ਦੇਊਂਗਾ । ਪਹਿਰਾ ਦੇਨੇ ਵਖਤ ਉਸਨੇ ਸੋਚਾ ਵੇਹਲਾ ਬੈਠ ਕੇ ਕਿਆ ਕਰੂੰਗਾ । ਤਬ ਜੰਗਲ ਸੇ ਲਕੜੀ ਲਾਕਰ ਉਸ ਸੇ ਏਕ ਇਸਤ੍ਰੀ ਕੀ ਮੂਰਤੀ ਬਣਾ ਕੇ ਖੜੀ ਕਰਦੀ। ਪਹਿਰ ਪੂਰਾ ਹੋਨੇ ਪਰ ਦਰਜੀ ਕੋ ਪਹਿਰੇ ਵਾਸਤੇ ਜਗਾ ਕੇ ਤ੍ਰਿਖਾਣ ਸੋ ਗਯਾ । ਜਬ ਦਰਜੀ ਪਹਿਰਾ ਦੇਨੇ ਲਗਾ ਦੇਖਾ ਯਹ ਕੌਨ ਹੈ । ਇਸਤ੍ਰੀ ਕੋ ਦੇਖ ਡਰ ਗਯਾ ਉਸਕੋ ਬੁਲਾਯਾ ਬੋਲੀ ਨਾ । ਤਬ ਅਗਨੀ ਜਲਾ ਕੇ ਦੇਖਾ ਤੋ ਪਤਾ ਲਗਾ ਕਿ ਤ੍ਰਿਖਾਣ ਕੀ ਬਣਾਈ ਹੂਈ ਇਸਤ੍ਰੀ ਹੈ । ਤਬ ਉਸਨੇ ਬੀ ਕਪੜੇ ਕਾਟ ਕਰ ਸੀ ਕਰ ਪਹਿਨਾ ਦੀਏ। ਤਬ ਤੀਸਰੇ ਪਹਿਰ ਮੇਂ ਦਰਜੀ ਸੁਨਾਰ ਕੋ ਉਠਾ ਕੇ ਆਪ ਸੋ ਗਯਾ । ਸੁਨਾਰ ਨੇ ਦੇਖਕੇ ਉਸੇ ਗਹਿਨੇ ਪਹਿਰਾ ਦੀਏ । ਤਬ ਚਉਥੇ ਪਹਿਰ ਮੇਂ ਬ੍ਰਾਹਮਣ ਕੋ ਜਗਾ ਕੇ ਸੁਨਾਰ ਸੋ ਗਯਾ। ਬ੍ਰਾਹਮਣ ਨੇ ਜਬ ਦਖਾ ਸੋਚਾ ਕਿ ਤੀਨੋਂ ਨੇ ਅਪਨਾ ਅਪਨਾ ਕਾਮ ਕਰਾ ਹੈ, ਮੈਂ ਨ ਕਰੂੰਗਾ ਤੋ ਹਾਸੀ ਹੋਗੀ । ਮੈਂ ਈਸੂਰ ਭਗਤ ਹੂੰ ਪਰਮੇਸੂਰ ਸੇ ਪ੍ਰਾਰਥਨਾ ਕਰੂ । ਔਰ ਮੇਰੀ ਸ਼ਾਦੀ ਭੀ ਨਹੀਂ ਹੂਈ। ਪਰਮੇਸੂਰ ਇਸ ਸਮੇਂ ਇਸਕੋ ਜਾਨ ਪਾ ਦੇਵੇ ਤੋ ਮੈਂ ਇਸਕੇ ਸਾਥ ਸ਼ਾਦੀ ਕਰ ਲੂੰ ਯਹ ਸੋਚਕੇ ਪ੍ਰਾਰਥਨਾ ਕਰਨੇ ਲਗਾ ਕਿ ਹੇ ਈਸੂਰ! ਆਪ ਸਮਰਥ ਹੋ ਇਸ ਮੇਂ ਪ੍ਰਾਣ ਪਾਓ, ਮੈਂ ਇਸ ਸੇ ਸ਼ਾਦੀ ਕਰੂੰ । ਐਸੇ ਕਹਿ ਕਰ ਧਿਆਨ ਮੇਂ ਬੈਠ ਗਿਆ । ਭਗਵਾਨ ਨੇ ਕ੍ਰਿਪਾ ਕਰਕੇ ਇਸ ਮੇਂ ਸੁਾਸ ਪਾ ਦੀਏ। ਤਬ ਚਾਰੋਂ ਲੜਨੇ ਲਗੇ ਕਿ ਇਸਤ੍ਰੀ ਮੈਂ ਲੇਊਂ ਮੈਂ ਲੇਊਂ । ਸੋ ਆਪ ਬਤਾਓ ਕਿਸ ਕੋ ਮਿਲਨੀ ਚਾਹੀਏ ? ਤਬ ਮਹਾਰਾਜ ਵਿਕ੍ਰਮ ਬੋਲੇ ! ਵੋਹ ਇਸਤ੍ਰੀ ਸੁਨਾਰ ਕੀ ਹੋਨੀ ਚਾਹੀਏ, ਜਿਸਨੇ ਨਥ ਪਾਈ । ਤਬ ਅਨਬੋਲਾ ਰਾਣੀ ਕ੍ਰੋਧ ਕਰਕੇ ਕਹਿਨੇ ਲਗੀ, ਜਿਸਨੇ ਈਸੂਰ ਕੀ ਪ੍ਰਾਰਥਨਾ ਕੀ, ਉਸਕੀ ਹੋਨੀ ਚਾਹੀਏ । ਸੁਨਾਰ ਕੀ ਕੈਸੇ ? ਤਬ ਮਹਾਰਾਜਾ ਵਿਕ੍ਰਮ ਨੇ ਕਹਾ ਕਿ ਅੱਛਾ ਬੁਲਾਨੇ ਮੇਂ ਮਤਲਬ ਥਾ ਬੋਲ ਤੋ ਪੜੀ। ਤਬ ਵਜ਼ੀਰ ਚਾਰੋਂ ਵਾਰੀ ਬੁਲਾਯਾ ਦੇਖ ਕਰ ਮਹਾਰਾਜਾ ਵਿਕ੍ਰਮ ਕੇ ਸਾਥ ਅਨਬੋਲਾ ਕੀ ਸ਼ਾਦੀ ਕਾ ਪ੍ਰਬੰਧ ਕਰਨੇ ਲਗਾ ਔਰ ਕਹਾ ਕਿ ਸਤ ਤਲਾਵੋਂ ਮੇਂ ਸ਼ਨਾਨ ਕਰ ਆਓ, ਫੇਰ ਸ਼ਾਦੀ ਕਾ ਪ੍ਰਬੰਧ ਕਰੇਂਗੇ । ਜਬ ਸਾਤੋਂ ਤਲਾਓਂ ਮੇਂ ਸ਼ਨਾਨ ਭੀ ਕਰ ਆਇਆ ਤਬ ਅਨਬੋਲਾ ਨੇ ਕਹਾ ਮੇਰਾ ਇਕ ਹੋਰ ਪ੍ਰਣ ਹੈ ਸੋ ਭੀ ਪੂਰਾ ਕਰ ਦੇਵੇਂ ਮੇਰੇ ਪਾਸ ਏਕ ਭੇੜ ਹੈ ਉਸਕੇ ਤੀਨ ਥਣ ਹੈਂ ਉਨਕੇ ਜੁਦਾ ਜੁਦਾ ਅਸਥਾਨ ਹੈਂ

ਉਨ ਤੀਨੋਂ ਸੇ ਏਕ ਕਾਲ ਮੇਂ ਦੂਧ ਚੋ ਕਰ ਗਿਲਾਸ ਮੇਂ ਭਰਕੇ ਮੇਰੇ ਸਾਹਮਣੇ ਆਪ ਪੀਏਂ, ਤਬ ਵੋ ਭੇਡ਼ ਮੰਗਾਈ ਔਰ ਜੁਦੇ ਜੁਦੇ ਥਣ ਦੇਖਕੇ ਬੀਰੋਂ ਕੋ ਬੁਲਾਯਾ ਉਨਕੀ ਮਦਦ ਸੇ ਤੀਨੋਂ ਥਣੋਂ ਸੇ ਦੂਧ ਨਿਕਾਲ ਕੇ ਪੀਆ । ਤਬ ਧੂਮ ਧਾਮ ਕੇ ਸਾਥ ਉਸ ਕੀ ਸ਼ਾਦੀ ਹੂਈ। ਸ਼ਾਦੀ ਕਰ ਉਸਕਾ ਰਾਜ ਲੇਕਰ ਆਪਣੇ ਰਾਜ ਮੇਂ ਆਇਆ ਔਰ ਉਸ ਬ੍ਰਾਹਮਣ ਕੋ ਬਹੁਤ ਭੇਟਾ ਲੇਕਰ ਮਿਲਾ । ਜਿਸ ਪ੍ਰਕਾਰ ਮਹਾਰਾਜਾ ਵਿਕ੍ਰਮ ਨੇ ਅਪਨੇ ਪ੍ਰਯਤਨ ਸੇ ਚਾਰੋਂ ਬੀਰ ਔਰ ਯੋਗੀ ਔਰ ਵਜ਼ੀਰ ਆਦਿਕੋਂ ਕੀ ਮਦਦ ਸੇ ਅਨਬੋਲਾ ਰਾਣੀ ਕੋ ਪਾਇਆ। ਤੈਸੇ **ਦਰਿਸ਼੍ਰਾਂਤ** ਹੈ ਕਿ ਇਸ ਮਮੁਖਸ਼ੂ ਨੇ ਮਨ ਕੋ ਮਾਰ ਕਰ ਵੇਦੋਂ ਕੇ ਚਾਰ ਮਹਾਵਾਕਯ ਔਰ ਈਸ਼੍ਵਰ ਯੋਗੀ ਔਰ ਸੰਤ ਰੂਪ ਵਜ਼ੀਰ ਕੀ ਮਦਦ ਸੇ ਮਨ ਬਾਣੀ ਕਾ ਅਵਿਸ਼ਯ ਅਨਬੋਲਾ ਰਾਣੀ ਪਰਬ੍ਰਹਮ ਕੋ ਗੁਰੂ ਬਚਨੋਂ ਸੇ ਪਾਯਾ । ਜੈਸੇ ਮਹਾਰਾਜਾ ਬਿਕ੍ਰਮ ਨੇ ਚਾਰਵਾਰੀ ਅਨਬੋਲਾ ਰਾਣੀ ਕੋ ਬੁਲਾਯਾ ਥਾ ਤੈਸੇ ਮਮੁਖਸ਼ੂ ਅਨਬੋਲਾ ਰਾਣੀ ਕੇ ਬਰਾਬਰ ਜੋ ਪਾਰਬ੍ਰਹਮ ਪ੍ਰਮੇਸ਼੍ਵਰ ਹੈ ਉਨਕੇ ਸਰੂਪ ਯਾਨੇ ਪ੍ਰਤਿਨਿਧੀ ਜੋ ਸਤਿਗੁਰੂ ਹੈਂ ਉਨ ਕੋ ਬੁਲਾਯਾ ਜੈਸੇ ਗੁਰੂ ਜੀ ਨੇ ਸਤਿਗੁਰੂਓਂ ਕੋ ਪਾਰਬ੍ਰਹਮ ਸਰੂਪ ਕਹਾ ਹੈ। ਪ੍ਰਮਾਣ:-

**ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥** [ਜੈਤਸਰੀ ਵਾਰ ਮ: ੫ ਸਫਾ ੭੧੦

**ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥** [ਜੈਤਸਰੀ ਵਾਰ ਮ: ੫ ਸਫਾ ੭੦੮

ਔਰ ਮਹਾਦੇਵ ਜੀ ਨੇ ਪਾਰਬਤੀ ਜੀ ਕੋ ਭੀ ਕਹਾ ਹੈ:-

**ਯੋ ਅਸਉ ਅਦ੍ਵੈ ਆਨੰਦੋ: ਮਨੁਸ਼ਯਚਰਮੇਣ ਵੇਸ੍ਰਿਤ: ॥ ਸਦ ਸ਼ਿਸ਼ਯਾਯਅਨੂ ਗ੍ਰਹਿਅਰਥਾਯ ਗੂਢਾ ਪਰਯਟਤਿ ਖਿਤਊ ॥**

ਟੀਕਾ-ਹੇ ਪਾਰਬਤੀ ਜੋ ਅਦਵੈ ਅਨੰਦ ਪਰਮਾਨੰਦ ਸਰੂਪ ਹੈ । ਸੋ ਮਨੁਸ਼ਯ ਚਰਮ ਮੇਂ ਲਪੇਟਾ ਹੂਆ ਯਾਨੇ ਮਨੁਸ਼ਯ ਸ਼ਰੀਰ ਮੇਂ ਗੁਰੂ ਰੂਪ ਧਾਰ ਕਰ ਸਦ ਸ਼ਿਸ਼ਯ ਯਾਨੇ ਉਤਮ ਅਧਿਕਾਰੀਓਂ ਕੇ ਉਪਰ ਕ੍ਰਿਪਾ ਦ੍ਰਿਸ਼ਟੀ ਕਰਤਾ ਹੂਆ ਯਾਨੇ ਉਪਦੇਸ਼ ਕਰਤਾ ਹੂਆ ਛਿਪ ਛਿਪ ਕਰ ਪ੍ਰਿਥਵੀ ਪਰ ਵਿਚਰ ਰਹਾ ਹੈ ਤਥਾ ਗੁਰੂਓਂ ਕੇ ਸ਼ਰੀਰ ਮੇਂ ਪਰਮੇਸ਼੍ਵਰ ਹੀ ਬੋਲ ਰਹਾ ਹੈ ਜੈਸੇ ਕਿ:-

**ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥** [ਸੋਰਠ ਮ: ੫ ਸਫਾ ੬੨੩

**ਝਿਮਿ ਝਿਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮਦਾ ॥**

[ਸਿਰੀ: ਮ: ੫ ਸਫਾ ੭੪

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

[ਤਿਲੰਗ ਮ: ੧ ਸਫਾ ੭੨੨

ਸੋ ਗੁਰੂਓਂ ਕਾ ਬੋਲਨਾ ਪਰਬ੍ਰਹਮ ਕਾ ਬੋਲਨਾ ਹੈ ਜੈਸੇ ਮਹਾਰਾਜਾ ਵਿਕ੍ਰਮ ਨੇ ਅਨਬੋਲਾ ਰਾਣੀ ਕੋ ਚਾਰ ਵਾਰੀ ਬੁਲਾਇਆ ਥਾ ਤੈਸੇ ਮਮੁਖਸ਼ੂ ਗਿਆਨ ਮੋਨ ਵਾਲੇ, ਤਥਾ ਭੂਮਕਾ ਅਰੂੜ ਬ੍ਰਹਮ ਗਿਆਨੀ ਗੁਰੂ ਕੋ ਅਨਬੋਲਾ ਰਾਣੀ ਰੂਪ ਪਰਬ੍ਰਹਮ ਕੀ



ਪ੍ਰਤੀਨਿਧੀ ਕੋ ਚਾਰ ਵਾਰੀ ਬੁਲਾਏਗਾ, "ਗੁਰ ਪ੍ਰਮੇਸਰ ਏਕੋ ਜਾਣ" ਔਰ ਜੈਸੇ ਮਹਾਰਾਜਾ ਵਿਕ੍ਰਮ ਨੇ ਅਨਬੋਲਾ ਕੋ ਚਾਰੋਂ ਬੀਰੋਂ ਦੁਆਰਾ ਬੁਲਾਇਆ ਥਾ ਐਸੇ ਨਹੀਂ ਬੋਲਤੀ ਸੀ, ਤੈਸੇ ਮੁਮੁਖਸ਼ੂ ਭੀ ਚਾਰ ਵੇਦੋਂ ਕੀ ਕਹੀ ਹੂਈ ਸ਼ਰਧਾ ਨਿਮ੍ਰਤਾ ਆਦਿ ਯੁਕਤੀਓਂ ਦੁਆਰਾ ਬੁਲਾਏਗਾ ਤੋ ਗੁਰੂ ਬੋਲੇਂਗੇ ਐਸੇ ਨਹੀਂ ਬੋਲੇਂਗੇ ਕਿਉਂਕਿ ਸ਼ਾਸਤ੍ਰ ਮੇਂ ਲਿਖਾ ਹੈ।

**ਨ ਅਪ੍ਰਿਸ਼੍ਟ: ਕਸਯ ਚਿਤ੍ ਬ੍ਰੂਯਾਤ੍ ਨ ਚ ਅਨਯਾਯੇਨ ਪ੍ਰਿਛਤ:, ਜਾਨਨ੍ ਅਪਿ ਚ ਮੇਧਾਵੀ ਜੜਵਤ੍ ਲੋਕੰ ਆਚਰੇਤ੍ ॥**

ਅਰਥ-ਬਿਨ ਪੂਛੇ ਵਿਦ੍ਵਾਨ ਕਿਸੀ ਸੇ ਨ ਬੋਲੇ ਔਰ ਅਨਯਾਯ ਸੇ ਪੂਛਾ ਹੂਆ ਭੀ ਨ ਬੋਲੇ। ਸ਼ੰਕਾ-ਅਗਰ ਵਿਦ੍ਵਾਨ ਨ ਬੋਲੇਗਾ ਤੋ ਉਸ ਮੇਂ ਜਗਿਆਸੂ ਕੋ ਭਰਮ ਹੋ ਜਾਏਗਾ ਕਿ ਯੇਹ ਮੂਢ ਯਾ ਅਗਿਆਨੀ ਹੈ । ਉਤਰ-ਜਗਿਆਸੂ ਕੋ ਭਰਮ ਪੜ ਜਾਵੇ ਤੋ ਵਿਦ੍ਵਾਨ ਕੀ ਹਾਨੀ ਨਹੀਂ, ਪਰੰਤੂ ਬਿਨਾਂ ਪੂਛੇ ਯਾ ਅਨਯਾਯ ਕੇ ਪੂਛਨੇ ਸੇ ਨ ਬੋਲੇ ਮੋਨ ਰਹੇ, ਵਿਦ੍ਵਾਨ ਸਭ ਕੋ ਜਾਨਤਾ ਹੂਆ ਭੀ ਜੜੋਂ ਮੂਢੋਂ ਅਗਿਆਨੀਓਂ ਕੀ ਤਰ੍ਹਾਂ ਲੋਕੋਂ ਸੇ ਵਰਤਾਵ ਰਖੇ, ਇਸ ਵਾਸਤੇ ਭੀ ਨ ਬੋਲੇ ਔਰ ਦੂਸਰਾ ਉਨਹੋਂ ਨੇ ਗਿਆਨ ਰੂਪ ਮੋਨ ਧਾਰਨ ਕਰੀ ਹੈ ਇਸ ਵਾਸਤੇ ਭੀ ਨਹੀਂ ਬੋਲਤੇ ਮੋਨੀ ਹੈਂ, ਔਰ ਤੀਸਰਾ ਮਨ ਬਾਣੀ ਸੇ ਪਰੇ ਅਪਨੇ ਕੋ ਸਮਝਤੇ ਹੈਂ ਇਸ ਵਾਸਤੇ ਭੀ ਵੋਹ ਨਹੀਂ ਬੋਲਤੇ ਹੈਂ, ਚਉਥਾ ਉਹ ਬੇਪਰਵਾਹ ਹੈਂ ਇਛਾ ਰਹਿਤ ਹੈਂ, ਇਸ ਵਾਸਤੇ ਭੀ ਨਹੀਂ ਬੋਲਤੇ ਹੈਂ, ਜੈਸੇ ਗੁਰੂ ਜੀ ਲਿਖਤੇ ਹੈਂ। "ਓਹ ਬੇਪਰਵਾਰ ਨ ਬੋਲਨੀ"। ਇਸ ਵਾਸਤੇ ਮਹਾਤਮਾ ਬੋਲਤੇ ਨਹੀਂ ਔਰ ਜਗਿਆਸੂ ਚਾਰੋਂ ਵੇਦੋਂ ਕੇ ਭਗਤੀ ਸ਼ਰਧਾ ਨਿਮ੍ਰਤਾ ਆਦਿ ਕੀ ਮੱਦਦ ਸੇ ਅਨੇਕ ਵਾਰੀ ਗੁਰੂਓਂ ਕੋ ਬੁਲਾਇ ਕਰ ਸ਼ੰਸ਼ਯ ਛੇਦਨ ਕਰ ਪਰਬ੍ਰਹਮ ਕੋ ਪਾ ਲੇਤਾ ਹੈ। ਜੈਸੇ ਰਿਗ ਵੇਦ ਮੇਂ "ਪ੍ਰਗਯਾਨ ਅਨੰਦੰ ਬ੍ਰਹਮ" ਇਹ ਪਹਿਲਾ ਮਹਾਂ ਵਾਕਯ ਲਿਖਾ ਹੈ। ਤਥਾ ਜਬ ਅਧਿਕਾਰੀ ਨੇ ਇਸ ਮਹਾਂ ਵਾਕ ਕਾ ਅਰਥ ਗੁਰੂਓਂ ਸੇ ਪੂਛਾ ਅਨੇਕ ਵਾਰ ਬੁਲਾਨੇ ਪਰ ਭੀ ਗੁਰੂ ਨ ਬੋਲੇ, ਤਬ ਮੁਮੁਖਸ਼ੂ ਨੇ ਦੀਵੇ ਅਸਥਾਨਾਪਨ ਪ੍ਰਗਯਾਨ ਮਹਾਂ ਵਾਕ ਸੇ ਪੂਛਾ ਕਿ ਹੇ ਪ੍ਰਗਯਾਨ ! ਸੁਖੀ ਹੈਂ ਕਿ ਦੁਖੀ ਹੈਂ ? ਪ੍ਰਗਯਾਨ ਕਾ ਅਰਥ :-

**ਯੇਨ ਈਖਯਤੇ ਸ਼੍ਰਿਣੋਤਿਇਦੰ ਜਿਘ੍ਰਤਿ ਵ੍ਯਾਕਰੋਤਿ ਚ ਸ੍ਵਾਦੂ ਅਸ੍ਵਾਦੂ ਵਿਜਾਨਾਤਿ ਤਤ੍ ਪ੍ਰਗਯਾਨੰ ਉਦੀਰਿਤੰ ॥** [ਪੰਚਦਸ਼ੀ ਪਾਂਚਵਾਂ ਪ੍ਰਕਰਣ

ਅਰਥ-ਜਿਸ ਚੇਤਨ ਕਰਕੇ ਦੇਖਤਾ ਹੈ ਸੁਨਤਾ ਹੈ ਸੁੰਘਤਾ ਹੈ ਕਥਨ ਕਰਤਾ ਹੈ, ਜਿਹਬਾ ਸੇ ਸ੍ਵਾਦ ਅਸ੍ਵਾਦ ਕੋ ਜਾਨਤਾ ਹੈ ਉਸਕੋ ਪ੍ਰਗਿਆਨ ਕਹਿਤੇ ਹੈਂ, ਤਬ ਪ੍ਰਗਿਆਨ ਕਹਿਨੇ ਲਗਾ ਇਸ ਪਰਮਾਤਮਾ ਨੇ ਤੋ ਮੇਰੇ ਕੋ ਤੰਗ ਕਰ ਛੋੜਿਆ ਹੈ । ਉਪਾਧਿ ਮੇਂ ਪਾਕਰ ਪਹਿਲੇ ਜਬ ਮੈਂ ਨਿਰਉਪਾਧਿਕ ਥਾ ਤਬ ਬੜਾ ਸੁਖੀ ਥਾ ਅਬ ਮੇਰੇ ਕੋ ਨਾਨਾ ਉਪਾਧੀਓਂ ਮੇਂ ਪਾਕਰ ਇਸ ਪਾਰਬ੍ਰਹਮ ਨੇ ਦੁਖੀ ਕਰ ਦੀਆ ਹੈ।

ਉਪਾਧਿ ਦੁਆਰਾ ਅਨੇਕ ਜੋਨੀਓਂ ਮੇਂ ਭ੍ਰਮਣ ਕਰਤਾ ਹੂੰ ਔਰ ਨਾਨਾ ਪ੍ਰਕਾਰ ਕੇ ਦੁਖ ਸੁਖ ਸਹਿਨ ਕਰਤਾ ਹੂੰ । ਹੇ ਮੁਮੁਖਸੂ ! ਅਬ ਤੁਮਾਰਾ ਹਮਾਰਾ ਮੇਲ ਹੁਆ ਹੈ ਵੇਦ ਅਰਥ ਮੇਂ ਤੁਮਾਰੇ ਸੇ ਵਿਚਾਰ ਕਰਤਾ ਹੂੰ ਵੇਦ ਮੇਂ ਮੁਕਤੀ ਰੂਪ ਕੰਨਿਆਂ ਕੇ ਤੀਨ ਪਤੀ ਬਣਾਏ ਹੈਂ। ਏਕ ਕਰਮ ਕਰਨੇ ਵਾਲੇ ਕੋ ਮੁਕਤੀ ਰੂਪ ਕੰਨਿਆਂ ਮਿਲਨੀ ਚਾਹੀਏ। ਪ੍ਰਮਾਣ:-

**ਮੁਕ੍ਤੇ: ਕ੍ਰਿਆਭਿ: ਸਿੱਧਤ੍ਵਾਤ-ਗਿਆਨੰ ਤਤ੍ ਕਰੋਤਿ ਕਿੰ ॥**

ਟੀਕਾ-ਮੁਕਤੀ ਕ੍ਰਿਆ ਸੇ ਸਿੱਧ ਹੋਗੀ ਗਿਆਨ ਤਹਾਂ ਕਿਆ ਕਰੇਗਾ। ਤਥਾ-

**ਕਰਮਣਏਵ ਹੀ ਸੰਸਿੱਧਿਮਾਸਿਥਤਾ ਜਨਕਾਦਯਾ: ॥**

ਤਥਾ-ਜਨਕਾਦਿ ਰਾਜ ਰਿਸੀ ਕਰਮ ਕਰਕੇ ਹੀ ਮੁਕਤੀ ਕੋ ਪ੍ਰਾਪਤ ਹੁਏ ਹੈਂ। ਤਥਾ ਉਪਾਸਕੋ ਕੋ ਯਾਨੇ ਈਸ਼੍ਵਰ ਭਗਤ ਕੋ ਮੁਕਤੀ ਰੂਪ ਕੰਨਿਆਂ ਦੇਣੀ ਚਾਹੀਏ।

ਪ੍ਰਮਾਣ :-

**ਬਾਹੂਭਯਾਂ ਸਾਗਰੰ ਤਰਤੁੰਮੀਹਤੇ ਕ: ਪ੍ਰਮਾਨ ਭੁਵਿ ॥ ਵਾਸੁ ਦੇਵਮਨਾਰਾਧ੍ਯ ਕੋ ਮੋਖਸ਼ਸਮਾਪਤੁਮਿਛਤਿ ॥ ੧ ॥ ਗਰਭ ਜਨਮ ਜਰਾ ਰੋਗ ਦੁਖ: ਸੰਸਾਰ ਬੰਧਨੈ: ॥ ਨ ਬਾਧਯਤੇ ਨਰੋ ਨਿਤਯੰ ਵਾਸੁਦੇਵ ਮਨੁ ਸਿਮਰਨ ॥ ੨ ॥ ਤਦੈਵ ਪੁਰਸ਼ੋ ਮੁਕਤੋ ਜਨਮ ਮ੍ਰਿਤਯੂ ਜਰਾਧਿਭਿ: ਜਿਤੇਂਦ੍ਰਿਯੋ ਵਿਸ਼ੁੱਧਾਤਮਾ ਯਦੈਵ ਸਿਮਰਤੇ ਹਰਿੰ ॥ ੩ ॥**

੧. ਅਰਥ-ਇਸ ਪ੍ਰਿਥਵੀ ਲੋਕ ਮੇਂ ਕੌਣ ਐਸਾ ਪੁਰਸ਼ ਹੈ ਜੋ ਸਮੁੰਦਰ ਕੋ ਬਾਹੂਓਂ ਸੇ ਤਰਨੇ ਕੀ ਇੱਛਾ ਕਰੇ ਭਾਵ ਕੋਈ ਨਹੀਂ ਯੇਹ ਦ੍ਰਿਸ਼ਟਾਂਤ ਹੈ, ਤੈਸੇ ਵਾਸਦੇਵ ਕੇ ਅਰਾਧਨ ਬਿਨਾ ਕੌਣ ਮੋਖ ਕੋ ਪ੍ਰਾਪਤ ਹੋ ਸਕਤਾ ਹੈ ਭਾਵ ਕੋਈ ਨਹੀਂ, ਵਾਸੁਦੇਵ ਕੋ ਨਿਤਯ ਸਿਮਰਨੇ ਵਾਲਾ ਪੁਰਸ਼ ਗਰਭ ਜਨਮ ਜਰਾ ਆਦਿ ਰੋਗੋਂ ਸੇ ਪੀੜਿਤ ਨਹੀਂ ਹੋਤਾ। ਤਿਸੀ ਕਾਲ ਮੇਂ ਪੁਰਸ਼ ਜਨਮਾਂਤਰੋਂ ਸੇ ਮੁਕਤ ਹੋ ਜਾਤਾ ਹੈ, ਜਿਤਨੀ ਦੇਰ ਵਿਸ਼ੁਧ ਚਿਤ ਵਾਲਾ ਹੋ ਕਰ ਈਸ਼੍ਵਰ ਕਾ ਸਿਮਰਨ ਕਰਤਾ ਹੈ ਐਸੇ ਈਸ਼੍ਵਰ ਕੋ ਸਿਮਰਨ ਕਰਨੇ ਵਾਲੇ ਉਪਾਸਕੋਂ ਕੋ ਭੀ ਮੋਖ ਕੰਨਿਆ ਕੀ ਪ੍ਰਾਪਤੀ ਲਿਖੀ ਹੈ, ਤਥਾ ਗਿਆਨੀ ਕੋ ਭੀ ਮੋਖ ਕੰਨਿਆਂ ਕੀ ਪ੍ਰਾਪਤੀ ਲਿਖੀ ਹੈ । ਪ੍ਰਮਾਣ :-

**ਗਿਆਨਾ ਦੇਵ ਤੁ ਕੈਵਲਯੰ ਨਾਨਯ: ਪੰਥਾ ਵਿਦਯਤੇ ਅਯਨਾਯ ॥ ਤਥਾ ਰਿਤੇ ਗਯਾਨਾਤ੍ ਨ ਮੁਕ੍ਤਿ ॥**

ਅਰਥ-ਗਿਆਨ ਸੇ ਹੀ ਕੇਵਲ ਮੁਕਤੀ ਕੀ ਪ੍ਰਾਪਤੀ ਹੋਤੀ ਹੈ ਔਰ ਕੋਈ ਰਾਸਤਾ ਨਹੀਂ, ਤਥਾ ਗਿਆਨ ਕੇ ਬਿਨਾ ਮੁਕਤੀ ਨਹੀਂ ਮਿਲਤੀ, ਇਸ ਪ੍ਰਕਾਰ ਮੁਕਤੀ ਰੂਪੀ ਕੰਨਿਆ ਤੀਨੋਂ ਕੋ ਯਾਨੇ ਕਰਮੀ, ਉਪਾਸ਼ਕ, ਗਿਆਨੀ ਕੋ ਮਿਲਨੀ ਲਿਖੀ ਹੈ ਔਰ ਮੋਖ ਰੂਪ ਕੰਨਿਆ ਏਕ ਹੈ, ਹੇ ਮੁਮੁਖਸੂ ਕਿਸ ਕੋ ਦੇਣੀ ਚਾਹੀਏ, ਤਬ ਮੁਮੁਖਸੂ ਨੇ ਕਹਾ ਕਰਮੀ ਵਾ ਉਪਾਸਕ ਕੋ ਮਿਲਨੀ ਚਾਹੀਏ ਤਬ ਗੁਰ ਰੂਪ ਅਨਬੋਲਾ ਰਾਣੀ ਕਰੋਧ ਕਰ ਬੋਲਤੇ



ਭਏ ਅਰੇ ਨੀਚ ਮਮੁਖਸੂ ਕਰਮੀ ਔਰ ਉਪਾਸ਼ਗ ਕੋ ਕੈਸੇ ਮਿਲਨੀ ਚਾਹੀਏ ਕਿਉਂਕਿ ਵੇਦ ਅਨੁਸਾਰ ਕਰਮੀ ਕੋ ਜਨਮ ਮਿਲੇਂਗੇ ਔਰ ਉਪਾਸ਼ਕ ਕੋ ਭੀ ਉਪਰ ਸੇ ਨੀਚੇ ਗਿਰਾਯਾ ਜਾਏਗਾ ਕੰਨਿਆਂ ਗਿਆਨੀ ਕੋ ਮਿਲੇਗੀ, ਤਬ ਮਮੁਖਸੂ ਕਹਿਨੇ ਲਗਾ ਅਛਾ ਗੁਰੂ ਜੀ ਬੋਲੇ ਤਾਂ ਸਹੀ ਬੁਲਾਨੇ ਮੇਂ ਮਤਲਬ ਹੈਂ, ਤਬ ਗੁਰੂ ਬੋਲਾ ਅਛਾ ਅਬ ਨਹੀਂ ਬੋਲੂੰਗਾ, ਫੇਰ ਜਗਿਆਸੂ ਨੇ ਗੁਰੂ ਕੇ ਬੁਲਾਨੇ ਵਾਸਤੇ ਬੜਾ ਯਤਨ ਕੀਆ ਪਰ ਨ ਬੋਲੇ, ਤਬ ਹਾਰ ਕੀ ਨਿਆਈਂ ਹਿਰਦੇ ਮੇਂ ਰਹਿਨੇ ਵਾਲਾ ਜੋ ਅਹੰ ਸੀ ਉਸ ਅਹੰ ਸੇ ਪੂਛਾ ਅਰੇ ਅਹੰ ਬ੍ਰਹਮ ਹਿਰਦੇ ਮੇਂ ਪਰਮੇਸ਼ਰ ਸੇ ਕਠਾ ਰਹਿਤਾ ਹੈਂ ਬਤਲਾ ਤੂੰ ਸੁਖੀ ਹੈਂ ਕਿ ਦੁਖੀ। ਅਹੰ ਕਹਿਨੇ ਲਗਾ ਮੈਂ ਪਹਿਲੇ ਨਿਰਉਪਾਧਿਕ ਹੋਕਰ ਬੜਾ ਸੁਖੀ ਥਾ ਅਬ ਉਪਾਧਿ ਕੇ ਸੰਬੰਧ ਸੇ ਬੜਾ ਦੁਖੀ ਰਹਿਤਾ ਹੂੰ । ਯਗ ਦਾਨ ਕਰੇ ਹੂਏ ਸਭ ਨਿਸ਼ਫਲ ਹੋ ਜਾਤੇ ਹੈਂ। ਜੈਸੇ ਪ੍ਰਮਾਣ:-

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤਿ ਤਿਹਿ ਜਿਉ ਕੁੰਚਰ ਇਸਨਾਨੁ ॥** [ਸਲੋਕ ਮ: ੯ ੧੪੨੮

**ਜਿਸਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕ ਪਾਤੀ ਹੋਵਤ ਸੁਆਨੁ ॥ ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥ ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥**

[ਗਉੜੀ ਸੁਖਮਨੀ ਮ: ੫ ਅਸਟਪਦੀ ੧੨ ਸਫਾ ੨੭੮

ਅਬ ਮੈਂ ਦੇਹ ਇੰਦ੍ਰਿਯ ਮਨ ਬੁਧੀ ਕੇ ਸੰਗ ਸੇ ਬੜਾ ਦੁਖੀ ਹੋ ਰਹਾ ਹੂੰ, ਮੇਰੇ ਕੋ ਅੰਦਰ ਪਰਮੇਸ਼ਵਰ ਕੇ ਸਬੰਧ ਸੇ ਭੀ ਕੋਈ ਸੁਖ ਨਹੀਂ ਸਾਥ ਰਹਿਤਾ ਹੂੰ ਦਰਸ਼ਨ ਨਹੀਂ ਹੋਤਾ ਦਰਸ਼ਨ ਬਿਨਾ ਆਨੰਦ ਨਹੀਂ, ਜਬ ਸਾਖੀ ਰੂਪ ਥਾ ਤਬ ਪਰਮਾਨੰਦ ਥਾ। ਅਬ ਮੈਂ ਦੇਹ ਆਦਿਕੋਂ ਕੋ ਆਪਣਾ ਆਪ ਬਣਾ ਕੇ ਦੁਖੀ ਹੋ ਰਹਾ ਹੂੰ, ਮੇਰੀ ਬ੍ਰਹਮ ਕੇ ਸਾਥ ਕੌਣ ਏਕਤਾ ਹੈ, ਮੈਨੇ ਦੋ ਪ੍ਰਕਾਰ ਕੀ ਏਕਤਾ ਸੁਨੀ ਹੈ । ਏਕ ਬਾਧ ਸਮਾਨਾਧਿਕਰਣਤਾ। ਯਾਨੇ ਵੇਦ ਕਹਿਤਾ ਹੈ ਹੇ ਹੰਕਾਰ ਤੂੰ ਆਪਣੇ ਕੋ ਬਾਧ ਕਰਕੇ ਯਾਨੇ ਲੀਨ ਕਰਕੇ ਬ੍ਰਹਮ ਕੇ ਸਾਥ ਏਕ ਹੋ ਸਕਤਾ ਹੈਂ। ਔਰ ਦੂਸਰੀ ਮੁਖ ਸਮਾਨਾਧਿਕਰਣਤਾ ਯਾਨੇ ਬਾਧ ਨ ਕਰਕੇ ਭੀ ਬ੍ਰਹਮ ਕੇ ਸਾਥ ਮਿਲ ਸਕਤਾ ਹੈਂ। ਦੋਨੋਂ ਮੇਂ ਮੇਰੀ ਕੌਣ ਏਕਤਾ ਹੈ । ਜੈਸੇ ਹਾਰ ਨੇ ਮਹਾਰਾਜਾ ਬਿਕ੍ਰਮ ਸੇ ਪੂਛਾ ਥਾ ਧੜ ਵਾਲਾ ਯਾ ਸਿਰ ਵਾਲਾ ਪਤੀ ਰਾਣੀ ਕੋ ਮਿਲਣਾ ਚਾਹੀਏ ਤੈਸੇ ਮੈਂ ਪੂਛਤਾ ਹੂੰ ਕਿ ਮੇਰੀ ਬ੍ਰਹਮ ਸੇ ਬਾਧਸਮਾਨਾਧਿਕਰਣਤਾ ਹੈ ਯਾ ਮੁਖ ਸਮਾਨਾਧਿਕਰਣਤਾ ਧੜ ਯਾਨੇ ਬਾਧ ਸਮਾਧਿਕਰਣਤਾ ਹੈ ਔਰ ਸਿਰ ਯਾਨੇ ਮੁਖ-ਸਮਾਨਾਧਿਕਰਣਤਾ ਹੈ । ਤਬ ਮਮੁਖਸੂ ਕਹਿਨੇ ਲਗਾ ਬਾਧਸਮਾਨਾਧਿਕਰਣਤਾ ਹੈ ਤਬ ਗੁਰੂ ਕਹਿਨੇ ਲਗਾ ਅਰੇ ਮੂਰਖ ! ਬਾਧਸਮਾਨਾਧਿਕਰਣਤਾ ਕੈਸੇ ਹੋਗੀ ਕਿਉਂਕਿ ਅਹੰ

ਨਾਮ ਸਾਖੀ ਕਾ ਭੀ ਹੈ ਸਾਖੀ ਕਾ ਕੈਸੇ ਬਾਂਧ ਹੋਗਾ । ਈਹਾਂ ਅਹੰ ਨਾਮ ਕਰਕੇ ਸਾਖੀ ਕਾ ਗ੍ਰਹਿਣ ਕਰਨਾ ਦੇਹ ਤਥਾ ਇੰਦ੍ਰੀਆਂ ਪ੍ਰਾਣ ਮਨ ਬੁਧੀ ਅਵਸਥਾ ਜੀਵ ਆਦਕੋਂ ਕਾ ਨਾਮ ਅਹੰ ਨਹੀਂ । ਪ੍ਰਮਾਣ:-

**ਨ ਮੇ ਦੇਹ ਕਦਾਚਿਤ੍ਵਾਂ ਨ ਮੇ ਪ੍ਰਾਣਾਦਯ: ਕ੍ਵਚਿਤ੍ ॥ ਨ ਮੇ ਮਾਯਾ ਨ ਮੇ ਕਾਮੋ ਨ ਮੇ ਕ੍ਰੋਧ: ਪਰੋ ਅਸਮੀ ਅਹੰ ॥੮॥ ਨ ਮੇ ਦੋਸ਼ੇ ਨ ਮੇ ਲਿੰਗੰ ਨ ਮੇ ਚਖ੍ਯੂ ਨਮੇ ਮਨ: ॥ ੯ ॥ ਨਮੇ ਸ੍ਰੋਤੰ ਨਮੇ ਨਾਸਾ ਨਮੇ ਜਿਹ੍ਵਾ ਨਮੇ ਕਰ: ॥ ਨ ਮੇ ਜਾਗ੍ਰਤ੍ ਨ ਮੇ ਸ੍ਵਪਨੰ ਨ ਮੇ ਕਾਰਣੰ ਅਣੁ ਅਪਿ ॥ ੧੦ ॥ ਨਮੇ ਤੁਰੀਯੰ ਇਤਿ ਯ: ਸ ਜੀਵਨ ਮੁਕ੍ਤ ਉਚ੍ਯਤੇ ॥੧੧॥ ਨਮੇ ਕਾਲੋ ਨ ਮੇ ਦੇਸ਼ੋ ਨਮੇ ਵਸਤੁ ਨਮੇ ਮਤਿ: ॥ ਨ ਮੇ ਸਨਾਨੰ ਨ ਮੇ ਸੰਧ੍ਯਾ ਨ ਮੇ ਦੈਵੰ ਨਮੇ ਅਸਥਲੰ ॥ ੧੨ ॥ ਨਮੇ ਤੀਰਥੰ ਨ ਮੇ ਮੇਵਾ ਨ ਮੇ ਗ੍ਯਾਨੰ ਨ ਮੇ ਪਦੰ । ਨ ਮੇ ਬਧੋ ਨ ਮੇ ਜਨਮ ਨ ਕੇ ਵਾਕ੍ਯੰ ਨਮੇ ਰਵਿ: ॥ ੧੩ ॥ ਨ ਮੇ ਪੁਨ੍ਯੰ । ਨ ਮੇ ਪਾਪੰ ਨ ਮੇ ਕਾਰਯੰ ਨ ਮੇ ਸ਼ੁਭੰ ॥ ਨਮੇ ਜੀਵ ਇਤਿ ਸ੍ਵਾਤਮਾ ਨ ਮੇ ਕਿੰਚਿਤ੍ ਜਗੱਤ ਤ੍ਰਯਮ ॥ ੧੪ ॥ ਨ ਮੇ ਮੋਖ੍ਯੋ, ਨ ਮੇ ਦ੍ਵੈਤੰ ਨ ਮੇ ਵੇਦੋ ਨ ਮੇ ਵਿਧਿ:, ਨ ਮੇ ਅੰਤਿਕੰ ਨ ਮੇ ਦੂਰ ਨ ਮੇ ਬੋਧੋ ਨ ਮੇ ਰਹ: ॥ ੧੫ ॥ ਨ ਮੇ ਗੁਰੂ: ਨ ਮੇ ਸ਼ਿਸ਼੍ਯੋ ਨ ਮੇ ਹੀਨੋ ਨ ਚ ਅਧਿਕ:, ਨ ਮੇ ਬ੍ਰਹਮ ਨ ਮੇ ਵਿਸ਼ਣੂ: ਨ ਮੇ ਰੁਦ੍ਰੋ ਨ ਚੰਦ੍ਰਮਾ: ॥ ੧੬ ॥ ਨ ਮੇ ਪ੍ਰਿਥ੍ਵੀ ਨ ਮੇ ਤੋਯੰ ਨ ਮੇ ਵਾਯੂ: ਨ ਮੇ ਵਿਯਤ, ਨ ਮੇ ਵਨ੍ਹੀ: ਨ ਮੇ ਗੋਤ੍ਰੰ ਨ ਮੇ ਲਖ੍ਯੰ ਨ ਮੇ ਭਵ: ॥ ੧੭ ॥ ਨ ਮੇ ਧ੍ਯਾਤਾ ਨ ਧ੍ਯੇਯੰ ਨ ਮੇ ਧ੍ਯਾਨੰ ਨ ਮੇ ਮਨੂ: । ਨ ਮੇ ਸ਼ੀਤੰ ਨ ਮੇ ਚ ਉਸ਼ਣ ਨ ਮੇ ਤ੍ਰਿਸ਼ਣਾ ਨ ਮੇ ਖ੍ਯਧਾ: ॥ ੧੮ ॥ ਨ ਮੇ ਮਿਤ੍ਰੰ ਨ ਮੇ ਸ਼ਤ੍ਰੂ: ਨ ਮੇ ਮੋਹੋ ਨ ਮੇ ਜਯ: ਨ ਮੇ ਪੂਰਵ ਨ ਮੇ ਪਸ੍ਚਾਤ ਨ ਮੇ ਊਰਧ੍ਵੰ ਨ ਮੇ ਦਿਸ਼: ॥ ੧੯ ॥**

ਤੇਜੋ ਬਿੰਦੂ ਉਪਨਿਸ਼ਦੇ

ਅਰਥ-ਸ੍ਰੁਤਿ ਭਗਵਤੀ ਉੱਤਮ ਅਧਿਕਾਰੀ ਕੋ ਸਰਵ ਕਾ ਨਿਸ਼ੇਧ ਕਰਕੇ ਆਤਮਾ ਕਾ ਸੁਧ ਸ੍ਵਰੂਪ ਨਿਸ਼ਚੇ ਕਰਾ ਰਹੀ ਹੈ ਔਰ ਕਹਿ ਰਹੀ ਹੈ ਕਿ ਚਾਰੋਂ ਮਹਾਂ ਵਾਕੋਂ ਮੇਂ ਜੋ ਜੋ ਜੀਵ ਬੰਧਕ ਪਦ ਹੈਂ ਯਾਨੈ ਪ੍ਰਗ੍ਯਾਨੰ, ਅਹੰ, ਤ੍ਵੰ ਤਥਾ ਅਯੰ ਆਤਮਾ ਇਹ ਚਾਰੋਂ ਪਦ ਸਬਦ ਕੀ ਲਖ੍ਯਣਾ ਬ੍ਰਿਤਿ ਸੇ ਸਾਖੀ ਚੇਤਨ ਕੋ



ਆਤਮਾ ਨਿਸ਼ਚੇ ਕਰਾ ਰਹੇ ਹੈਂ ਯਾਂਤੇ ਤੂੰ ਅਪਨੇ ਕੋ ਸਾਖੀ ਬ੍ਰਹਮ ਰੂਪ ਨਿਸਚੇ ਕਰ ਤਥਾ ਦੇਹਾਦਿਕੋਂ ਮੇਂ ਅਹੰਤਾ ਮਮਤਾ ਤਿਆਗ ਦੇ ਔਰ ਮੇਰੇ ਵਚਨ ਸੇ ਤੂੰ ਯਹ ਨਿਸ਼ਚੇ ਕਰ ਕਿ ਮੇਰਾ ਸ੍ਵਰੂਪ ਨ ਦੇਹ ਹੈ ਨਾ ਪ੍ਰਾਣ ਆਦਿਕ ਹੈਂ ਨ ਮਾਯਾ ਹੈ ਨ ਕਾਮ ਹੈ ਨ ਕਰੋਧ ਹੈ ਕਿੰਤੂ ਮੇਰਾ ਸ੍ਵਰੂਪ ਇਨ੍ਹੋਂ ਸੇ ਪਰੇ ਇਨ੍ਹੋਂ ਕਾ ਸਾਖੀ ਬ੍ਰਹਮ ਮੇਰਾ ਸ੍ਵਰੂਪ ਹੈ (੮) ਤਥਾ ਅਗ੍ਯਾਨ ਦੋਸ਼ ਮੇਰਾ ਸ੍ਵਰੂਪ ਨਹੀਂ ਨ ਲਿੰਗ ਸੂਖ੍ਯਮ ਸਰੀਰ ਹੈ ਨ ਮੈਂ ਮਨ ਹੂੰ ਨ ਨੇਤ੍ਰ ਹੂੰ ਨ ਸ੍ਰੋਤ੍ਰ ਹੂੰ ਨ ਨਾਸਕਾ ਹੂੰ ਨ ਜਿਹਵਾ ਹੂੰ ਨ ਹੱਥ ਹੂੰ ਨ ਮੇਰੀ ਜਾਗ੍ਰਤ ਅਵਸਥਾ ਹੈ ਨ ਸ੍ਵਪਨ ਅਵਸਥਾ ਹੈ ਅਣੁਮਾਤ੍ਰ ਭੀ ਮੇਰੀ ਸੁਖੋਪਤੀ ਅਵਸਥਾ ਨਹੀਂ ਹੈ (੯)-(੧੦) ਨ ਮੇਰੀ ਤੁਰੀਯ ਅਵਸਥਾ ਹੀ ਹੈ ਐਸੇ ਨਿਸਚੇ ਵਾਲਾ ਪੁਰਖ ਜੀਵਨ ਮੁਕਤ ਕਹਾ ਜਾਤਾ ਹੈ (੧੧) ਨ ਮੈਂ ਕਾਲ ਹੂੰ ਨ ਮੈਂ ਦੇਸ਼ ਹੂੰ ਨ ਮੈਂ ਵਸਤੂ ਹੂੰ ਨ ਮੈਂ ਬੁਧੀ ਹੂੰ ਨ ਮੈਂ ਸ਼ਨਾਨ ਸੰਧਿਆ ਆਦਿ ਰੂਪ ਕਰਮ ਹੂੰ ਨ ਮੈਂ ਦੇਹ ਹੂੰ ਨ ਮੰਦਰ ਹੂੰ (੧੨) ਨ ਮੈਂ ਤੀਰਥ ਹੂੰ ਨ ਮੈਂ ਸੇਵਾ ਹੂੰ ਨ ਮੈਂ ਗ੍ਯਾਨ ਹੂੰ ਨ ਮੇਰਾ ਕੋਈ ਨਾਮ ਹੈ ਨ ਕੋਈ ਮੇਰੇ ਕੋ ਬੰਧਨ ਹੈ ਨ ਜਨਮ ਹੈ ਨ ਮੇਰੇ ਕੋ ਪ੍ਰਕਾਸ ਕਰਨੇ ਵਾਲੇ ਸ਼ਬਦ ਆਦਿ ਪ੍ਰਮਾਣ ਹੈਂ ਨ ਸੂਰਜ ਆਦਿ ਪ੍ਰਕਾਸ਼ ਹੈ (੧੩) ਨ ਮੇਰੇ ਕੋ ਪੁੰਨ ਹੈ ਨ ਪਾਪ ਹੈ ਨਾ ਕਰਤਬ੍ਯ ਹੈ ਨ ਸ਼ੁਭ ਹੈ ਨ ਅਸ਼ੁਭ ਹੈ ਨ ਮੈਂ ਜੀਵ ਹੂੰ ਨ ਜਗਤ ਹੂੰ ਕਿੰਤੂ ਇਨ ਸਭ ਕਾ ਪ੍ਰਕਾਸ਼ਕ ਸਾਖੀ ਚੇਤਨ ਮੈਂ ਹੂੰ (੧੪) ਨ ਮੇਰੇ ਮੇਂ ਦਵੈਤ ਹੈ ਨ ਮੇਰੇ ਉਪਰ ਵੇਦ ਕੀ ਵਿਧਿ ਹੈ । ਨ ਮੇਰੀ ਮੁਕਤੀ ਹੈ ਨ ਮੈਂ ਨੇੜੇ ਹੂੰ ਨ ਦੂਰ ਹੂੰ ਨ ਮੇਰੇ ਲੀਏ ਕੋਈ ਏਕਾਂਤ ਹੀ ਹੈ ਨ ਵਿਧਿ ਬੋਧ ਹੈ (੧੫) ਨ ਮੈਂ ਗੁਰੂ ਹੂੰ ਨ ਸਿਸ੍ਯ ਹੂੰ ਨ ਨੀਚ ਹੂੰ ਨ ਊਚ ਹੂੰ ਨ ਮੈਂ ਬ੍ਰਹਮਾ ਹੂੰ ਨ ਵਿਸ਼ਨੂੰ ਹੂੰ ਨ ਸ਼ਿਵ ਹੂੰ ਨ ਚੰਦ੍ਰਮਾ ਹੂੰ (੧੬) ਨ ਮੈਂ ਪ੍ਰਿਥਵੀ ਹੂੰ ਨ ਜਲ ਹੂੰ ਨ ਵਾਯੂ ਹੂੰ ਨ ਅਕਾਸ਼ ਹੂੰ ਨ ਮੈਂ ਅਗਨੀ ਹੂੰ, ਨ ਮੇਰਾ ਜਨਮ ਹੈ ਨ ਗੋਤ੍ਰ ਹੈ, ਨ ਲਖ੍ਯ ਹੈ ॥ ੧੭ ॥ ਨ ਮੈਂ ਧ੍ਯਾਤਾ ਹੂੰ ਨ ਧ੍ਯੇਯ ਹੂੰ ਨ ਧ੍ਯਾਨ ਹੂੰ ਤਥਾ ਨ ਮਨ ਹੂੰ ਨ ਮੇਰੇ ਕੋ ਠੰਢ ਹੈ ਨ ਗਰਮੀ ਹੈ ਨ ਪਿਆਸ ਹੈ, ਨ ਭੂਖ ਹੈ (੧੮) ਨ ਮੇਰਾ ਮਿਤ੍ਰ ਹੈ ਨ ਸ਼ਤ੍ਰ ਹੈ, ਨ ਮੇਰੀ ਹਾਰ ਹੈ ਨ ਜੀਤ ਹੈ, ਨ ਮੈਂ ਪੂਰਵ ਹੂੰ ਨ ਪਸਚਮ ਹੂੰ ਨ ਮੈਂ ਊਪਰ ਹੂੰ ਨ ਨੀਚੇ ਹੂੰ ਨ ਮੇਰੀ ਕੋਈ ਦਿਸਾ ਹੀ ਹੈ (੧੯) ਕਿੰਤੂ ਪਰਿ ਪੂਰਣ ਅਖੰਡ ਨਿਰਵਿਕਾਰ ਸ੍ਵਯੰ ਜ੍ਯੋਤੀ ਪਰਬ੍ਰਹਮ ਮੈਂ ਹੂੰ ਯਹ ਅਪਨਾ ਸ੍ਵਰੂਪ ਨਿਸਚੇ ਕਰ ਸੁਖੀ ਹੋ ਜਾਹ । ਐਸੇ ਸ੍ਰੁਤਿ ਭਗਵਤੀ ਅਧਿਕਾਰੀ ਕੋ ਉਪਦੇਸ਼ ਕਰ ਜੀਵਨ ਮੁਕਤ ਪਦ ਮੇਂ ਇਸਥਿਤ ਕਰ ਰਹੀ ਹੈ । ਗੁਰੂ ਪ੍ਰਮਾਣ:-

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥ ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮਜਾਲਾ ॥ ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥ ੧ ॥ ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥ ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸਕਾ ਇਹੁ**

ਕਰਨੈ ਜੋਗੁ ॥ ੨ ॥ ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥ ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥ ਤੀਨ ਗੁਣਾ ਇਕ ਸਕਤਿ ਉਪਾਇਆ ॥ ਮਹਾ ਮਾਇਆ ਤਾਕੀ ਹੈ ਛਾਇਆ ॥ ਅਛਲ ਅਛੇਦ ਅਭੇਦ ਦਇਆਲ ॥ ਦੀਨ ਦਇਆਲ ਸਦਾ ਕਿਰਪਾਲ ॥ ਤਾਕੀ ਗਤਿ ਮਿਤਿ ਕਛੂ ਨ ਪਾਇ ॥ ਨਾਨਕ ਤਾਕੈ ਬਲਿ ਬਲਿ ਜਾਇ ॥ ਗੋਂਡ ਮ: ੫ ਸਫਾ ੮੬੮

ਨਾ ਇਹੁ ਮਾਨਸੁ ਨਾ ਇਹੁ ਦੇਉ ॥ ਨਾ ਇਹੁ ਜਤੀ ਕਹਾਵੈ ਸੇਉ॥ ਨਾ ਇਹੁ ਜੋਗੀ ਨਾ ਅਵਧੂਤਾ ॥ ਨਾ ਇਸੁ ਮਾਇ ਨ ਕਾਹੂ ਪੂਤਾ ॥੧॥ ਇਆ ਮੰਦਰ ਮਹਿ ਕਉਨ ਬਸਾਈ ॥ ਤਾਕਾ ਅੰਤੁ ਨ ਕੋਊ ਪਾਈ॥ ੧ ॥ ਰਹਾਉ ॥ ਨਾ ਇਹੁ ਗਿਰਹੀ ਨਾ ਓਦਾਸੀ ॥ ਨਾ ਇਹੁ ਰਾਜ ਨ ਭੀਖ ਮੰਗਾਸੀ ॥ ਨਾ ਇਸੁ ਪਿੰਡ ਨ ਰਕਤੂ ਰਾਤੀ ॥ ਨਾ ਇਹੁ ਬ੍ਰਹਮਨੁ ਨਾ ਇਹੁ ਪਾਤੀ ॥ ੨ ॥ ਨਾ ਇਹੁ ਤਪਾ ਕਹਾਵੈ ਸੇਖੁ ॥ ਨਾ ਇਹੁ ਜੀਵੈ ਨ ਮਰਤਾ ਦੇਖੁ ॥ ਇਸੁ ਮਰਤੇ ਕੋ ਜੇ ਕੋਊ ਰੋਵੈ ॥ ਜੋ ਰੋਵੈ ਸੋਈ ਪਤਿ ਖੋਵੈ ॥ ੩ ॥ ਗੁਰਪ੍ਰਸਾਦਿ ਮੈ ਡਗਰੋ ਪਾਇਆ ॥ ਜੀਵਨ ਮਰਨੁ ਦੋਊ ਮਿਟਵਾਇਆ ॥ ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ ੨ ॥ ੫ ॥ ਗੋਂਡ ਕਬੀਰ ਸਫਾ ੮੭੧

ਸਾਖੀ ਕੀ ਬ੍ਰਹਮ ਕੇ ਸਾਥ ਮੁਖ ਏਕਤਾ ਹੈ ਯਾਨੇ ਵਾਸਤਵ ਅਭੇਦ ਹੈ। ਜੈਸੇ ਜਲ ਜਲ ਕਾ ਅਭੇਦ ਹੈ ਖੀਰ ਖੀਰ ਕਾ ਅਭੇਦ ਹੈ ਤੈਸੇ ਸਾਖੀ ਅਰ ਬ੍ਰਹਮ ਕਾ ਵਾਸਤਵ ਅਭੇਦ ਹੈ । ਅਭੇਦ ਕੋ ਕਹਿਨੇ ਵਾਲਾ ਜੋ ਅਹੰ ਬ੍ਰਹਮ ਅਸਮੀ ਮੰਤ੍ਰ ਹੈ ਉਸ ਕੇ ਜਪ ਕਾ ਬੜਾ ਮਹਾਤਮ ਲਿਖਾ ਹੈ ਪ੍ਰਮਾਣ ਤੇਜੋ ਬਿੰਦੂ ਉਪਨਿਸ਼ਦ।

ਅਹੰ ਬ੍ਰਹਮ ਅਸਮਿ ਮੰਤ੍ਰੋ ਅਯੰ ਦੇਹ ਦੋਸ਼ੰ ਵਿਨਾਸ਼ਯੇਤ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਜਨਮ ਪਾਪੰ ਵਿਨਾਸ਼ਯੇਤ ॥ ੬੧ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਮ੍ਰਿਤਯੂ ਪਾਸ਼ੰ ਵਿਨਾਸ਼ਯੇਤ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਦ੍ਵੈਤ ਦੁਖੰ ਵਿਨਾਸ਼ਯੇਤ੍ ॥ ੬੨ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਭੇਦ ਬੁਧਿੰ ਵਿਨਾਸ਼ਯੇਤ੍ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਚਿੰਤਾ



ਦੁਖੰ ਵਿਨਾਸ਼ਯੇਤ੍ ॥ ੬੩ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਬੁਧਿ ਵਿਯਾਧਿੰ ਵਿਨਾਸ਼ਯੇਤ੍ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਚਿਤ ਬੰਧੰ ਵਿਨਾਸ਼ਯੇਤ ॥ ੬੪ ॥ ਅਹੰ ਬ੍ਰਹਮ ਅਸਮਿ ਮੰਤ੍ਰੋ ਅਯੰ ਸਰਵ ਵ੍ਯਾਧੀਨ੍ ਵਿਨਾਸ਼ਯੇਤ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਸਰਵ ਸ਼ੋਕੰ ਵਿਨਾਸ਼ਯੇਤ੍ ॥ ੬੫ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਕਾਮਾਦੀਂ ਨਾਸ਼ਯੇਤ੍ ਖਯਣਾਤ੍ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਕ੍ਰੋਧ ਸ਼ਕ੍ਤਿੰ ਵਿਨਾਸ਼ਯੇਤ੍ ॥ ॥ ੬੬ ॥ ਅਹੰ ਬ੍ਰਹਮ ਅਸਮਿ ਮੰਤ੍ਰੋ ਅਯੰ ਚਿਤ੍ ਵ੍ਰਿਤਿੰ ਵਿਨਾਸ਼ਯੇਤ੍ ॥ ਅਹੰ ਬ੍ਰਹਮ ਅਸਮਿ ਮੰਤ੍ਰੋ ਅਯੰ ਸੰਕਲਪਾਦੀਂ ਵਿਨਾਸ਼ਯੇਤ ॥ ੬੭ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਕੋਟਿ ਦੋਸ਼ੰ ਵਿਨਾਸ਼ਯੇਤ੍ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਸਰਵ ਤਤ੍ਰੰ ਵਿਨਾਸ਼ਯੇਤ੍ ॥ ੬੮ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਆਤਮਾ ਅਗ੍ਯਾਨੰ ਵਿਨਾਸ਼ਯੇਤ੍ ॥ ਅਹੰ ਬ੍ਰਹਮ ਅਸ੍ਮਿ ਮੰਤ੍ਰੋ ਅਯੰ ਆਤਮਾ ਲੋਕ ਜਯ ਪ੍ਰਦ: ॥ ੬੯ ॥ [ਤੇਜੋ ਬਿੰਦੂ ਉਪਨਿਸਦ

ਅਰਥ–ਮੈਂ ਬ੍ਰਹਮ ਹੂੰ ਇਸ ਮੰਤ੍ਰ ਕਾ ਜਾਪ ਦੇਹ ਕੇ ਸਰਵ ਦੋਸੋਂ ਕਾ ਨਾਸ ਕਰਤਾ ਹੈ । ਤਥਾ ਜਨਮ ਜਨਮਾਂਤ੍ਰ ਕੇ ਪਾਪੋਂ ਕੋ ਨਾਸ਼ ਕਰਤਾ ਹੈ ॥ ੬੧ ॥ ਤਥਾ ਮ੍ਰਿਤਯੂ ਕੇ ਫਾਂਸੀ ਕੋ ਕਟ ਦੇਤਾ ਹੈ ਦਵੈਤ ਜਨਯ ਦੁਖ ਕੋ ਕਟ ਦੇਤਾ ਹੈ ॥ ੬੨ ॥ ਤਥਾ ਭੇਦ ਬੁਧੀ ਕੋ ਨਾਸ਼ ਕਰਤਾ ਹੈ। ਤਥਾ ਚਿੰਤਾ ਜਨਯ ਦੁਖ ਕੋ ਨਾਸ਼ ਕਰਤਾ ਹੈ ॥ ੬੩ ॥ ਤਥਾ ਬੁਧੀ ਕੇ ਰੋਗ ਕੋ ਨਾਸ਼ ਕਰਤਾ ਹੈ । ਤਥਾ ਹ੍ਰਿਦੇ ਗ੍ਰੰਥੀ ਕੋ ਯਾਨੇ ਅਧਯਾਸ (ਭ੍ਰਮ) ਕੋ ਦੂਰ ਕਰਤਾ ਹੈ । ੬੪ ॥ ਤਥਾ ਸਰਵ ਵ੍ਯਾਧੀਓਂ ਕੋ ਨਾਸ਼ ਕਰਤਾ ਹੈ ॥ ੬੫ ॥ ਤਥਾ ਸਰਵ ਕਾਮ ਕਰੋਧ ਆਦਿ ਦੋਸੋਂ ਕੋ ਖਯਣ ਮੇਂ ਨਾਸ਼ ਕਰਤਾ ਹੈ। ੬੬ ॥ ਤਥਾ ਚਿਤ ਵ੍ਰਿਤਿ ਕੋ ਲਯ ਕਰ ਦੇਤਾ ਹੈ । ਸੰਕਲਪੋਂ ਕੋ ਨਾਸ਼ ਕਰਤਾ ਹੈ। ੬੭ ॥ ਤਥਾ ਕਰੋੜੋਂ ਦੋਸ਼ੋਂ ਕੋ ਨਾਸ਼ ਕਰਤਾ ਹੈ। ਤਥਾ ਸਰਵ ਪਰਾਧੀਨਤਾ ਜਨਯਾ ਦੋਖੋਂ ਕੋ ਨਾਸ ਕਰਤਾ ਹੈ ॥ ੬੮ ॥ "ਅਹੰ ਬ੍ਰਹਮ" ਇਸ ਮੰਤ੍ਰ ਕਾ ਜਾਪ ਅਗਯਾਨ ਕੋ ਦੂਰ ਕਰ ਸ੍ਵ ਆਤਮ ਪਦ ਮੇਂ ਇਸਥਿਤ ਕਰ ਦੇਤਾ ਹੈ ॥ ੬੯ ॥ ਇਸ ਪ੍ਰਕਾਰ ਸ੍ਰੁਤੀ ਭਗਵਤੀ ਅਧਿਕਾਰੀ ਕੋ ਅਭੇਦ ਯਾਨੇ ਅਹੰਗਰੇ ਜਾਪ ਕਾ ਮਹਾਤਮ ਸੁਨਾ ਰਹੀ ਹੈਂ । ਤਬ ਮਮੁਖਸ਼ੂ ਕਹਿਨੇ ਲਗਾ ਗੁਰੂ ਜੀ ! ਆਪ ਕੋ ਬੁਲਾਨੇ ਮੇਂ ਮਤਲਬ ਥਾ ਬੋਲ ਤੋ ਪੜੇ ਗੁਰੂ ਕਹਿਨੇ ਲਗੇ ਅੱਛਾ ਅਬ ਤੇਰੇ ਸੇ ਨਹੀ ਬੋਲੂੰਗਾ । ਮਮੁਖਸ਼ੂ ਨੇ ਤੀਸਰੀ ਵਾਰ ਬੁਲਾਨੇ ਮੇਂ ਬੜੇ ਯਤਨ ਕੀਏ ਨ ਬੋਲੇ ਤਬ ਖਟ ਕੇ ਪਾਵ ਕੇ ਤੀਸਰੇ ਥੀਰ ਕੀ ਨਿਆਈਂ ਤਤ੍ਵਮਸਿ ਯੇ ਜੋ ਤੀਸਰਾ ਮਹਾਵਾਕ ਹੈ ਉਸ ਸੇ ਮਮੁਖਸ਼ੂ ਪੂਛਨੇ

ਲ... ਹੋ ਤਤ੍ਵਮਸਿ ਮਹਾਵਾਕ ਸ਼ਬਦ ਤੂੰ ਸੁਖੀ ਹੈਂ ਕਿ ਦੁਖੀ। ਤਬ ਤਤ੍ਵਮਸਿ ਸ਼ਬਦ ਕਹਿਨੇ ਲਗਾ ਜਬ ਮੈਂ ਅਸ਼ਬਦ ਥਾ ਤਬ ਸੁਖੀ ਥਾ ਪਰਮਾਤਮਾ ਨੇ ਸ਼ਬਦ ਬਣਾ ਕਰ ਦੁਖੀ ਕਰ ਦੀਆ। ਪਰਮਾਤਮਾ ਨੇ ਮੇਰੇ ਕੋ ਸ਼ਬਦ ਬਨਾਇ ਕਰ ਪਹਿਲੇ ਅਕਾਸ਼ ਮੇਂ ਰਖਾ ... ਪ੍ਰਤਿਧੁਨਿ ਰੂਪ ਹੋਕਰ ਰਹਿਤਾ ਥਾ ਜੈਸੇ ਕੋਈ ਬੋਲਤਾ ਥਾ ਵੈਸੇ ਹੀ ਮੈਂ ਬੋਲਤਾ ਥਾ ਫੇਰ ਵਾਯੂ ਮੇਂ ਆਕੇ ਸੀ ਸੀ ਸ਼ਬਦ ਹੂਆ ਅਗਨੀ ਮੇਂ ਆਕੇ ਭੁਕ ਭੁਕ ਹੂਆ ਜਲ ਮੇਂ ਆਕਰ ਚੁਲ ਚੁਲ ਹੂਆ ਔਰ ਪ੍ਰਿਥਵੀ ਮੇਂ ਆਕੇ ਕਟ ਕਟ ਹੂਆ ਤਬ ਭੀ ਸੁਖੀ ਰਹਾ। ਫੇਰ ਮੇਰੇ ਕੋ ਪਰਮਾਤਮਾ ਨੇ ਸਰੀਰ ਮੇਂ ਫੈਂਕ ਦੀਆ। ਹਿਰਦੇ ਮੇ 'ਪਰਾ' ਨਾਮ ਸੇ ਰਹਾ, ਕੰਠ ਮੇਂ ਪਸ਼ੰਤੀ ਨਾਮ ਸੇ ਰਹਾ। ਹੋਠੋਂ ਮੇਂ 'ਮਧਜਮਾ' ਨਾਮ ਸੇ, ਜ਼ਬਾਨ ਮੇਂ 'ਵੈਖਰੀ' ਨਾਮ ਸੇ ਹੋਨੇ ਲੇਗਾ। ਫੇਰ ਮੇਰੇ ਕੋ ਸ਼ਬਦ ਕਾ ਅਨੁਕਰਣ ਬਨਾ ਕਰ ਸਭ ਪੁਸਤਕੋਂ ਮੇਂ ਔਰ ਜੀਆਣਤੋਂ ਮੇਂ, ਹੋਡੀਓ ਮੇਂ ਪਾਕਰ ਮੇਰੀ ਬੜੀ ਦੁਰਦਸ਼ਾ ਕਰੀ ਹੈ ਪਰੰਤੂ ਹੇ ਜਗਿਆਸੂ ਮੈਂ ਜੋ ਤਤ੍ਵਮਸਿ ਵਾਕ ਹੂੰ ਮੇਰਾ ਤੀਨ ਪ੍ਰਕਾਰ ਕਾ ਵਾਕਜਰਥ ਵੇਦਵਾਦੀ ਮਾਨਤੇ ਹੈਂ ਏਕ ਸੰਸਰਗਵਾਕਜਾਰਥ ਜੈਸੇ ਘਨਮਾਨਜ ਗਾਮਾਨਯ ਵਾਕ ਕੀ ਨਿਆਈ ਮਾਨਤੇ ਹੈਂ। ਦੂਸਰਾ ਵਿਸਸ਼ਟ ਵਾਕਜਾਰਥ ਨੀਲੋਂਤਪਲ ਔਰ ਦੰਡੀ ਪੁਰਸ਼ ਵਾਕਜ ਕੀ ਨਿਆਈ। ਤੀਸਰਾ ਅਖੰਡ ਵਾਕਯਾਰਥ ਸੋਯੰ ਦੇਵਦੱਤ: ਕੀ ਨਿਆਈ ਕਹਿਤੇ ਹੈਂ ਮੈਂ ਤੁਮਾਰੇ ਪਾਸ ਵਿਨਤਰਾ ਪੂਛਤਾ ਹੂੰ ਜੈਸੇ ਖਟ ਕੇ ਪਾਵੇ ਨੇ ਰਾਜਾ ਬਿਕ੍ਰਮ ਸੇ ਪੂਛਾ ਥਾ ਰਾਜਾ ਕੀ ਕੰਨਿਆ ਜਿਸਕੋ ਰਾਖਸ਼ ਲੈ ਗਇਆ ਵੋਹ ਕੰਨਿਆਂ ਤੀਨੋਂ ਮੇਂ ਕਿਸਕੋ ਮਿਲਨੀ ਚਾਹੀਏ ਤੈਸੇ ਮੈ ਤੇਰੇ ਸੇ ਪੂਛਤਾ ਹੂੰ ਮੇਰਾ ਬ੍ਰਹਮ ਕੇ ਸਾਥ ਕੌਨ ਵਾਕਯਾਰਥ ਹੋਨਾ ਚਾਹੀਏ। ਮੁਮੁਖਸ਼ੂ ਨੇ ਕਹਾ ਤਤ੍ਵੰ ਯਾਨੇ ਹੇ ਬ੍ਰਹਮ ਰੂਪ ਜੀਵ ਤੁਮਾਰਾ ਸੰਸਰਗ ਵਾਕਯਾਰਥ ਹੈ ਯਾਨੇ ਅੰਸ਼ ਅੰਸ਼ੀ ਭਾਵ ਸੰਬੰਧ ਹੋਣਾ ਚਾਹੀਏ। ਜੈਸੇ ਗੀਤਾ ਮੇਂ ਭਗਵਾਨ ਲਿਖਤੇ ਹੈਂ :-

**ਮਮੈਵਾਂਸ਼ੋ ਜੀਵਲੋਕੇ ਜੀਵ ਭੂਤ ਸਨਾਤਨ: ॥** [ਗੀਤਾ ਅਧਯਾਯ ੧੫ ਸਲੋਕ ੭

ਤਬ ਗੁਰੂ ਕੋ ਕ੍ਰੋਧ ਆਯਾ ਔਰ ਕਹਿਨੇ ਲਗਾ ਅਰੇ ਮੁਮੁਖਸ਼ੂ ਤਤ੍ਵੰ ਕਾ ਸੰਸਰਗ ਵਾਕਯਾਰਥ ਯਾਨੇ ਅੰਸ਼ਅੰਸ਼ੀ ਭਾਵ ਕੈਸੇ ਹੋ ਸਕਤਾ ਹੈ? ਅੰਸ਼ਅੰਸ਼ੀ ਭਾਵ ਹਥ ਅੰਗਲੀਓ ਵਤ ਨਾਸ਼ੀ ਪਦਾਰਥੋਂ ਕਾ ਹੀ ਹੋਤਾ ਹੈ। ਅਗਰ ਇਨੋਂ ਕਾ ਅੰਸ਼ ਅੰਸ਼ੀ ਭਾਵ ਮਾਨੋਂਗੇ ਤੋ ਦੋਨੋਂ ਨਾਸ਼ੀ ਹੋ ਜਾਏਂਗੇ ਔਰ ਚੇਤਨ ਰੂਪ ਸੇ ਦੋਨੋਂ ਅਬਿਨਾਸ਼ੀ ਹੈਂ। ਯਾਤੇ ਇਨਕਾ ਅਖੰਡ ਵਾਕਯਾਰਥ ਹੀ ਬਣ ਸਕਤਾ ਹੈ। ਮੁਮੁਖਸ਼ੂ ਨੇ ਕਹਾ ਹਮ ਨੇ ਤੋ ਆਪ ਕੋ ਬੁਲਾਨਾ ਹੀ ਥੀ ਬੋਲ ਤੋ ਪੜੇ। ਤਬ ਗੁਰੂ ਕਹਿਨੇ ਲਗੇ ਅਬ ਨਹੀਂ ਤੁਮਾਰੇ ਸੇ ਬੋਲੇਂਗੇ। ਤਬ ਅਧਿਕਾਰੀ ਫੇਰ ਬੁਲਾਨੇ ਲਗਾ ਪਰੰਤੂ ਗੁਰੂ ਜੀ ਨ ਬੋਲੇ ਤਬ ਮੁਮੁਖਸ਼ੂ ਨੇ ਚੌਥੇ ਮਹਾਵਾਕ ਅਯੰ ਆਤਮਾ ਕੋ ਪੂਛਾ ਸੁਖੀ ਹੈਂ ਕਿ ਦੁਖੀ ਤਬ ਘੜੇਂ ਮੇਂ ਬੀਰ ਕੀ ਨਿਆਈਂ ਚਊਥਾ ਮਹਾਵਾਕ ਬੋਲਾ ਐ ਮੁਮੁਖਸ਼ੂ ਮੈਂ ਅਯਮਾਤਮਾ ਯਾਨੇ ਸਾਖਜਾਤ ਅਪਰੋਖਸ਼ ਯਾਨੇ ਮੁਖ ਅਪਰੋਖਸ਼ ਥਾ ਵੇਦ ਭੀ ਕਹਿਤੇ ਹੈਂ।

## ਯਤ ਸਾਖਜਾਤ ਅਪਰੋਖਜਾਤ ਬ੍ਰਹਮ ॥



ਗੁਰੂ ਜੀ ਭੀ ਕਹਿਤੇ ਹੈਂ-

**ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥** [ਜਾਪੁ ਸਾਹਿਬ

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥** [ਆਸਾ ਮ: ੧ ਸਫਾ ੩੫੪

**ਸੋ ਪ੍ਰਭੁ ਨੇਰੈ ਹੂ ਤੇ ਨੇਰੈ ॥** [ਦੇਵਗੰਧਾਰੀ ਮ: ੧ ਸਫਾ ੫੩੦

ਨੇੜੇ ਹੋਤੇ ਭੀ ਅਬ ਮੇਰੇ ਕੋ ਪਾਰਬ੍ਰਹਮ ਦਿਖਾਈ ਭੀ ਨਹੀਂ ਆਤਾ ਹੈ ਯੇ ਮਾਇਆ ਕਾ ਪ੍ਰਭਾਵ ਹੈ। ਬ੍ਰਹਮ ਕੋ ਤਥਾ ਮੇਰੇ ਕੋ ਲੋਕ ਜਾਣਤੇ ਹੀ ਨਹੀਂ ਸਤਿਕਾਰ ਪੂਜਨ ਤੋ ਕਹਾਂ ਹੀ ਰਹਾ ਜੈਸੇ ਕਿ :-

**ਅਬਜਕੁੰ ਬਜਕ੍ਤਿ ਮਾਪੰਨੰ ਮੰਨਜੰਤੇ ਮਾਮਬੁੱਧਯ: ॥ ਪਰੰਭਾਵਮਜਾਨੰਤੋ ਮਮਾਬਜਯਮਨੁੱਤਮੰ ॥ ੨੪ ॥ ਨਾਹੰ ਪ੍ਰਕਾਸ਼: ਸਰਵਸਜ ਯੋਗ ਮਾਯਾ ਸਮਾਵ੍ਰਿਤ: ॥ ਮੂਢੋਅਯੰ ਨਾਭਿ ਜਾਨਾਤਿ ਲੋਕੋ ਮਾਮਜਮਬਜਯੰ ॥ ੨੫ ॥**

[ਗੀਤਾ ਅਧਯਾਯ ੭

**ਟੀਕਾ-ਬੁਧਿ ਹੀਨ** ਪੁਰਸ਼ ਮੇਰੇ ਅਨੁਤਮ ਅਬਿਨਾਸ਼ੀ ਪਰਮ ਭਾਵ ਕੋ ਔਰ ਅਬਯਕਤ ਮਨ ਇੰਦ੍ਰੀਓਂ ਸੇ ਪਰੇ ਨ ਜਾਣਤੇ ਹੂਏ ਮੈਂ ਸਚਿਦਾਨੰਦ ਪਰਮਾਤਮਾ ਕੋ ਵਯਕਤਿ ਵਾਲਾ ਮਾਨਤੇ ਹੈਂ।। ੨੪ ॥ ਅਪਨੀ ਯੋਗ ਮਾਯਾ ਸੇ ਛਿਪਾ ਹੂਆ ਮੈਂ ਸਭ ਕੋ ਪ੍ਰਤੱਖ ਨਹੀਂ ਹੋਤਾ ਇਸ ਲੀਏ ਯੇ ਮੂਢ ਅਗਿਆਨੀ ਪੁਰਸ਼ ਜਨਮ ਰਹਿਤ ਅਬਿਨਾਸ਼ੀ ਪਰਮ ਭਾਵ ਕੋ ਤਤ੍ਵ ਸੇ ਨਹੀਂ ਜਾਣਤਾ ਹੈ ॥ ੨੫ ॥ ਪਰਮਾਤਮਾ ਕੋ ਤੋ ਕਹਾਂ ਮੈਂ ਆਤਮਾ ਕੋ ਨਹੀਂ ਜਾਣ ਸਕਤਾ ਯੇ ਭੀ ਨਹੀਂ ਜਾਣਤਾ ਹੈ ਮੈਂ ਕੀ ਹੂੰ। ਅੰਧਾ ਭੀ ਅਪਨੇ ਕੋ ਤੋ ਜਾਨਤਾ ਹੈ ਮੈਂ ਅਪਨੇ ਕੋ ਭੀ ਨਹੀਂ ਜਾਣਤਾ ਅੰਧੇ ਸੇ ਭੀ ਪਰੇ ਹੂੰ। ਬਹੁਤ ਹੂਆ ਤੋ ਯੇ ਜਾਨਤਾ ਹੂੰ ਕਿ ਮੈਂ ਦੇਹ ਹੂੰ ਮਨੁਸ਼ ਹੂੰ ਬ੍ਰਾਹਮਣ ਹੂੰ ਗ੍ਰਹਸਥੀ ਹੂੰ ਸਾਧੂ ਹੂੰ। ਜੈਸੇ ਰੱਸੀ ਕੋ ਸਰਪ ਸਮਝਤਾ ਹੈ ਐਸੇ ਅਪਨੇ ਕੋ ਦੇਹਾਦਿ ਸਮਝਤਾ ਹੂੰ ਅਪਨੇ ਕੋ ਨ ਜਾਨ ਕਰ ਦੁਖੀ ਰਹਿਤਾ ਹੂੰ। ਅੱਛਾ ਮੇਰੀ ਔਰ ਬ੍ਰਹਮ ਕੀ ਚਾਰ ਪ੍ਰਕਾਰ ਕੀ ਏਕਤਾ ਲਿਖੀ ਹੈ (੧) ਅਧਯਸਤ (੨) ਬਾਧ (੩) ਗਉਣ ਵਿਸ਼ੇਸ਼ਣ (੪) ਮੁਖ ਯਾਨੇ ਅਖੰਡ ਏਕਤਾ, ਹੇ ਮੁਮੁਖਸ਼ੂ ਤੂੰ ਸੁਨਾ ਕਿ ਮੇਰੀ ਕੌਨ ਏਕਤਾ ਹੋਣੀ ਚਾਹੀਏ। ਜੈਸੇ ਘੜੇ ਮੇਂ ਬੈਠੇ ਬੀਰ ਨੇ ਮਹਾਰਾਜਾ ਬਿਕ੍ਰਮ ਸੇ ਪੂਛਾ ਕਿ ਤ੍ਰਿਖਾਣ ਦਰਜੀ ਸੁਨਾਰ ਬ੍ਰਾਹਮਣ ਇਨ ਚਾਰੋਂ ਮੇਂ ਕਿਸਕੋ ਇਸਤ੍ਰੀ ਮਿਲਨੀ ਚਾਹੀਏ ਤਿਸਕੀ ਨਿਆਈਂ ਮੈਂ ਪੂਛਤਾ ਹੂੰ ਚਾਰੋਂ ਏਕਤਾ ਮੇਂ ਮੇਰੀ ਬ੍ਰਹਮ ਕੇ ਸਾਥ ਕੌਣ ਏਕਤਾ ਹੈ। ਤਬ ਮੁਮੁਖਸ਼ੂ ਕਹਿਨੇ ਲਗਾ ਤੇਰੀ ਬ੍ਰਹਮ ਕੇ ਸਾਥ ਅਧਯਸਤ ਏਕਤਾ ਹੋਣੀ ਚਾਹੀਏ ਜੈਸੇ ਰੱਸੀ ਕੇ ਸਾਥ ਸਰਪ ਕੀ ਏਕਤਾ ਹੈ। ਜੈਸੇ ਸਾਲਗ੍ਰਾਮ ਔਰ ਵਿਸ਼ਣੂ ਕੀ ਤਥਾ ਗੁਰੂ ਔਰ ਪਰਮੇਸ਼ਵਰ ਕੀ ਮਨ ਔਰ ਬ੍ਰਹਮ ਕੀ ਆਦਿਤਯ ਔਰ ਬ੍ਰਹਮ ਕੀ। ਇਨੋਂ ਕੀ ਜੈਸੇ ਅਧਯਸਤ ਏਕਤਾ ਹੈ ਤੈਸੇ ਹੀ ਬ੍ਰਹਮ ਨਾਲ ਤੇਰੀ ਏਕਤਾ ਹੈ। ਤਬ ਗੁਰੂ ਜੀ ਕੋਪ ਕਰ ਕਹਿਨੇ ਲਗੇ ਅਰੇ ਮੂਢ ! ਆਤਮਾ

ਔਰ ਬ੍ਰਹਮ ਕੀ ਅਧਜਸਤ ਏਕਤਾ ਕੈਸੇ ਹੋਗੀ । ਭਿੰਨ ਪਦਾਰਥੋਂ ਕੀ ਅਧਜਸਤ ਏਕਤਾ ਹੋਤੀ ਹੈ । ਅਭਿੰਨ ਪਦਾਰਥੋਂ ਕੀ ਅਖੰਡ ਏਕਤਾ ਹੋਤੀ ਹੈ । ਤਬ ਸ਼ਿਸ਼ ਬੋਲਾ ਮਹਾਰਾਜ ਮੇਰਾ ਆਪ ਕੋ ਬੁਲਾਨੇ ਕਾ ਮਤਲਬ ਸੀ ਸੋ ਆਪ ਬੋਲ ਤੋ ਪੜੇ ਆਪ ਕੀ ਪ੍ਰਤਗਯਾ ਚਾਰ ਵਾਰ ਬੁਲਾਨੇ ਕੀ ਸੀ ਸੋ ਮੈਨੇ ਆਪ ਕੋ ਚਾਰ ਵਾਰ ਬੁਲਾ ਲੀਆ ਅਬ ਹਮਾਰੇ ਕੋ ਜੀਵ ਯਾਨੇ ਸਾਖੀ ਅਰ ਬ੍ਰਹਮ ਕੀ ਅਖੰਡ ਏਕਤਾ ਕੈਸੇ ਹੈ ਸੋ ਸਿਧ ਕਰਕੇ ਸੁਨਾਓ । ਤਬ ਗੁਰੂ ਜੀ ਕਹਿਨੇ ਲਗੇ ਹੇ ਅਧਿਕਾਰੀ ! ਤੇਰੇ ਕੋ ਸਾਤ ਤਲਾਵ ਮੇਂ ਸਨਾਨ ਕਰਨਾ ਹੈ ਪਹਿਲੇ ਤੂੰ ਚਾਰ ਤਲਾਵ ਮੇਂ ਸਨਾਨ ਕਰ ਆ ਫੇਰ ਤੇਰੇ ਕੋ ਅਖੰਡ ਅਰਥ ਸੁਨਾ ਕਰ ਫੇਰ ਤੀਨ ਤਲਾਵ ਮੇਂ ਸਨਾਨ ਕਰਾਊਂਗਾ। ਪਹਿਲਾ ਸੁਭ ਇਛਾ ਤਲਾਵ ਹੈ ਦੂਸਰਾ ਸੁ ਵਿਚਾਰਨਾ, ਤੀਸਰਾ ਤਨੁ ਮਾਸਾ, ਚਉਥਾ ਸਤ੍ਵਾਪਤਿ, ਪੰਜਵਾਂ ਅਸੰ ਸ਼ਕਤਿ, ਛੇਵਾਂ ਪਦਾਰਥ ਅਭਾਵਨੀ, ਸਤਵਾਂ ਤੁਰੀਆ, ਏਹ ਸਤ ਗਿਆਨ ਕੀ ਭੂਮੀ ਰੂਪੀ ਸਤ ਤਲਾਵ ਹੈਂ । ਜੈਸੇ ਤਲਾਵ ਕੇ ਚਾਰ ਪਾਸੇ ਯਾਨੇ ਚਾਰ ਕਿਨਾਰੇ ਹੋਤੇ ਹੈਂ ਏਕ ਪਾਸੇ ਪਉੜੀ ਹੋਤੀ ਹੈ ਔਰ ਵਿਚ ਮੇਂ ਜਲ ਹੈ। ਤਲਾਵ ਕੇ ਨਮੂਨੇ ਕਾ ਪ੍ਰਕਾਰ ਲਿਖਤੇ ਹੈਂ ।

## ਅਗੇ ਦੇਖੋ ਨਕਸ਼ਾ ਸਫਾ ੬੪੯

## ਸਾਤ ਤਲਾਵ ਯਹ ਹੈਂ

| ਤਲਾਵ ਕਾ ਨਾਮ | ਪਹਿਲਾ ਕਿਨਾਰਾ | ੨ ਕਿਨਾਰਾ | ੩ ਕਿਨਾਰਾ | ੪ ਕਿਨਾਰਾ | ਪਉੜੀ | ਜਲ | ਸਨਾਨ ਕਾ ਫਲ |
|---|---|---|---|---|---|---|---|
| | ੧ | ੨ | ੩ | ੪ | ੫ | ੬ | ੭ |
| ੧ ਸੁਭ ਇਛਾ | ਸਤਿਸੰਗ | ਸਾਧੂ ਸੇਵਾ | ਪਦਾਰਥੋਂ ਮੇਂ ਗਿਲਾਨੀ | ਪ੍ਰਮੇਸੂਰ ਮੇਂ ਪ੍ਰੇਮ | ਸ਼ਰਧਾ | ਨਿਸਕਾਮਤਾ | ਮਲ ਨਿਵ੍ਰਿਤਿ |
| ੨ ਸੁਵਿਚਾਰਨਾ | ਸ੍ਰਵਣ | ਮੰਨਨ | ਆਤਮ ਸਤਿ ਨਿਸਚੇ | ਜਗ ਮਿਥਿਆ ਨਿਸਚੇ | ਜਗਆਸਤਾ ਤਯਾਗ | ਆਤਮਾ ਮੇ ਦ੍ਰਿੜ ਪ੍ਰੀਤੀ | ਸੰਸਯ ਨਿਵ੍ਰਿਤ |
| ੩ ਤਨੂਮਾਨਸਾ | ਪਾਂਚਯਮ | ਪਾਂਚ ਨਿਯਮ | ਆਸਨ | ਪ੍ਰਾਣਾਯਾਮ ਪ੍ਰਤਿਹਾਰ | ਧਾਰਨਾ | ਧਿਆਨ | ਚਿਤਕੀਏਕਾਗ੍ਰਤਾ ਰੂਪ ਸਮਾਧੀ |
| ੪ ਸਤ੍ਵਾਪੱਤਿ | ਬ੍ਰਹਮ ਚਿੰਤਨ | ਬ੍ਰਹਮ ਕਥਨ | ਪਰਸਪਰਬੋਧਨ | ਸਰਵ ਮੇ ਬ੍ਰਹਮ ਭਾਉ | ਬ੍ਰਹਮਾਕਾਰ ਬ੍ਰਿਤੀ | ਸਾਖਯਾਤਕਾਰ | ਅਗਿਆਨ ਨਿਵ੍ਰਤੀ |
| ੫ ਅਸੰਸੱਕਤੀ | ਉਪਰਾਮਤਾ | ਨਿਰਮਾਨਤਾ | ਪ੍ਰਵ੍ਰਿਤੀ ਅਭਾਵ | ਵਾਦਵਿਵਾਦ ਅਭਾਵ | ਦੁਖ ਅਭਾਵ | ਨਿਰਾਵਰਣ ਆਨੰਦ | ਵਾਸਨਾ ਅਭਾਵ |
| ੬ ਪਦਾਰਥ ਅਭਾਵਨ | ਤਤੁ ਗਿਆਨ | ਮਨੋ ਨਾਸ | ਵਾਸਨਾਖਯ | ਸਮ ਦ੍ਰਿਸਟੀ | ਬ੍ਰਹਮ ਇਸਥਿਤਿ | ਅਦ੍ਵੈਤ ਦ੍ਰਿਸਟੀ | ਆਨੰਦਇਸਥਿਤਿ |
| ੭ ਤੁਰੀਆ | ਸਰਵ ਸੰਕਲਪ ਅਭਾਵ | ਸਰਵ ਵ੍ਰਿਤੀ ਅਭਾਵ | ਹਿਰਦੇ ਗ੍ਰੰਥੀ ਅਭਾਵ | ਬ੍ਰਹਮਾਕਾਰ ਬ੍ਰਿਤੀ ਬੀ ਅਭਾਵ | ਨਿਰਾਵਰਣ ਆਨੰਦ | ਚੇਤਨ ਮਯ | ਵਿਦੇਹ ਮੁਕਤੀ |

ਜਬ ਇਸ ਪ੍ਰਕਾਰ ਮੁਮੁਖਸ਼ੂ ਚਾਰ ਤਲਾਓਂ ਮੇਂ ਸ਼ਨਾਨ ਕਰ ਆਇਆ ਤਬ ਉਨ੍ਹੋਂ ਕੇ ਗੁਰੂ ਚਾਰੋਂ ਮਹਾਵਾਕੋਂ ਕਾ ਅਖੰਡ ਅਰਥ ਸਰਵਣ ਕਰਾਤੇ ਭਏ ਪਹਿਲੇ ਤਤ ਤ੍ਵੰਮਸਿ ਆਦਿ ਚਾਰੋਂ ਮਹਾਵਾਕੋਂ ਕੇ ਵਾਚਯ ਅਰਥ ਸਰਵਣ ਕਰਾਤੇ ਭਏ, ਯਾਨੇ ਜੀਵ ਈਸ਼ਵਰ ਔਰ ਉਨ ਕੀ ਉਪਾਧਿ ਅਵਿਦਿਆ ਮਾਇਆ ਔਰ ਉਨ ਕੇ ਧਰਮ ਅਲਪਗਜਤਾ ਸਰਵਗਜਤਾ ਆਦਿਕ ਇਤਨਾ ਵਾਚਯ ਭਾਗ ਤਿਆਗ ਕਰਾ ਕਰ ਜੀਵ ਈਸ਼ਵਰ ਕੇ ਵਾਕਜ ਭਾਗ ਮੇਂ ਸ਼ੇਸ਼ ਰਹਿਆ ਜੋ ਚੇਤਨ ਭਾਗ ਹੈ ਤਿਸ ਚੇਤਨ ਭਾਗ ਕੀ ਏਕਤਾ ਰੂਪ ਅਖੰਡਤਾ ਨਿਸਚੇ ਕਰਾਤੇ ਭਏ, ਚਾਰੋਂ ਮਹਾਂਵਾਕੋਂ ਕਾ ਅਖੰਡ ਅਰਥ ਯਾਨੇ ਏਕਤਾ ਚੇਤਨ ਭਾਗ ਮੇਂ ਇਸ ਤਰ੍ਹਾਂ ਹੈ । ਜੀਵਵਾਚਕ-੧. ਪਰ ਗਿਆਨ । ੨. ਅਹੰ। ੩ ਤ੍ਵੰ ੪. ਅਯੰ ਆਤਮਾ ਇਨ ਚਾਰੋਂ ਪਦੋਂ ਕਾ, ਲਖਜ ਸਾਖੀ ਚੇਤਨ ਹੈ । ਈਸ਼ਵਰ ਵਾਚਕ- ੧. ਬ੍ਰਹਮ । ੨. ਬ੍ਰਹਮ । ੩. ਤਤ । ੪. ਬ੍ਰਹਮ । ਇਨ ਚਾਰੋਂ ਪਦੋਂ ਕਾ ਲਖਜ ਬ੍ਰਹਮ ਚੇਤਨ ਹੈ । ਦੋਨੋਂ ਚੇਤਨ ਯਾਨੇ ਸਾਖੀ ਚੇਤਨ ਔਰ ਬ੍ਰਹਮ ਚੇਤਨ ਕੀ ਏਕਤਾ ਯਾਨੇ ਅਭੇਦ ਯਾਨੇ ਅਖੰਡ ਅਰਥ ਚਾਰੋਂ ਮਹਾਵਾਕ ਕਹਿਤੇ ਹੈਂ। ਸੰਸਰਗ ਵਾ ਵਿਸ਼ਿਸ਼ਟ ਅਰਥ ਵਾਕਜਾਰਥ ਨਹੀਂ ਕਹਿਤੇ। ਨ ਅਧਜਸਤ ਏਕਤਾ, ਨ ਬਾਧ ਏਕਤਾ, ਨ ਵਿਸ਼ੇਸ਼ਟ ਏਕਤਾ ਕਹਿਤੇ ਹੈਂ, ਫਕਤ ਅਖੰਡ ਏਕਤਾ ਹੀ ਕਹਿਤੇ ਹੈਂ । ਇਸ ਵਾਸਤੇ ਤਤ੍ਵਮਸਿ ਆਦਿ ਮਹਾਵਾਕੋਂ ਕਾ ਜੋ ਜੋ ਵਾਦੀਓਂ ਨੇ ਅਰਥ ਕਲਪਨਾ ਕੀਆ ਹੈ ਸੋ ਖੰਡਨ ਕਰਨੇ ਲਾਯਕ ਹੈ। ਕੋਈ ਵਾਦੀ ਕਹਿਤੇ ਹੈਂ ਤਤ ਯਾਨੇ ਤਸਜ ਤ੍ਵੰ ਅੰਸ਼ ਅਸਿ ਵਿਕਾਰ [illegible] ਦਾਸੋ ਅਸਿ ਸਦ੍ਰਿਸ਼ੋ ਭਵਸਯਸਿ ਇਤਿਆਦਿ ਅਰਥ ਸਭ ਖੰਡਨ ਕਰਨੇ ਲਾਯਕ ਹੈਂ, ਯਾਤੇ ਅੰਸ਼ ਅੰਸ਼ੀ ਭਾਵ ਵਿਕਾਰ ਵਿਕਾਰੀ ਭਾਵ ਸਾਖੀ ਔਰ ਬ੍ਰਹਮ ਕਾ ਆਪਸ ਮੇਂ ਨਹੀਂ ਹੈ, ਦੋਨ ਚੇਤਨ ਹੋਨੇ ਸੇ ਏਕ ਹੈ ਯਾਨੇ ਅਖੰਡ ਅਰਥ ਹੈ।

ਔਰ ਸੰਸਰਗ ਬਖਾਨੋ ਜੇਤੇ । ਬਨੇ ਨ ਮਹਾਵਾਕ ਮੇ ਤੇਤੇ । ਤੂੰ ਇੰਦ੍ਰ ਤੂੰ ਕਰੁਣ ਸੋਅਹੇ। ਯਾ ਸਮ ਉਸਤਤਿ ਕੋ ਨ ਕਹੇ । ਯੇਹ ਕੁਮਾਰ ਪਾਵਕ ਪਹਿਚਾਨ । ਯਾ ਸਮ ਸਾਦ੍ਰਿਸ਼ਜ ਪਰਿ ਨਹਿ ਮਾਨ ॥ ੧੨੨ ॥ ਕਾਰਯ ਕਾਰਣ ਭਾਵ ਜੋ ਅਹੇ। ਘਟ ਮਾਟੀ ਸਮ ਯਾਹਿ ਨ ਕਹੇ। ਨਾ ਯਹਿ ਜਾਤਿ ਬਜਕਤਿ ਪੁਨਿ ਅਹੇ । ਗੋ ਖੰਡ ਸਮ ਤਾਂਤੇ ਵੈ ਨਹੇ॥ ੧੨੩ ॥ ਗੁਣ ਔਰ ਗੁਣੀ ਨਾ ਭਾਖੇ ਸੋਇ । ਨੀਲ ਕਮਲ ਸਮ ਕਾਹੇ ਹੋਇ। ਉਪਾਸਨ ਪਰ ਯਹਿ ਵਾਕਯ ਨ ਕਹੇ । ਮੂਰਤਿ ਹਰ ਜਿਉ ਤਾਂਤੇ ਨਹੇ॥੧੨੪॥ ਰਾਜ ਪੁਰਸ਼ ਰਾਜੇ ਯਹਿ ਹੈਯੇ। ਤਿਉ ਉਪਚਾਰਕ ਨ ਯਹ ਪੇਯੇ। ਕ੍ਰਮ ਕਰ ਸਕਲ ਪਖਜ ਕੇ ਮਾਹਿੰ । ਜੋ ਦੂਸ਼ਣ ਭਾਖੇ ਅਬ ਤਾਹਿੰ ॥੨੫॥ ਉਸਤਤਿ ਹੋਵੈ ਤਾ ਕਰ ਤਹਾਂ । ਭੇਦ ਹੋਇ ਜਾਂਕੋ ਪੁਨਿ ਜਹਾਂ। ਜਿਉਂ ਨਰ ਕੀ ਕੋ ਉਸਤੁਤਿ ਕਰੈ । ਸੁਰਪਤਿ ਨਾਮ ਤਾਹਿ



ਉਚਰੈ ॥੧੨੬॥ ਸਦੇਵ ਸੋਮਯ ਏਕ ਯਹਿ ਅਹੇ। ਯਾ ਬਿਨ ਦੂਸਰ ਕੋਇ ਨ ਅਹੇ। ਏਤਦਾਤਮ ਸਕਲ ਪਛਾਨੋਂ । ਯਾਂਹਿ ਵਿਖੇ ਸੰਸਾ ਨਾਂਹਿ ਆਨੋ ॥੧੨੭॥ ਜੀਵ ਈਸਨਿਖਿਲ ਕੋ ਭੇਦ । ਸ੍ਰੁਤਿ ਨਿਵਾਰੇ ਕਹੇ ਅਭੇਦ ਭੇਦ ਬਖਾਨੇ ਸ੍ਰੁਤਿ ਵਿਰੋਧ । ਤਾਹੀਂ ਕੋ ਨੀਕੇ ਉਰਸ਼ੋਧ ॥੧੨੮॥ ਜਾਤੇ ਭੇਦ ਨਾ ਦੋਨੋਂ ਕੇਰੋ। ਤਾਂਤੇ ਉਸਤੁਤਿ ਪਰ ਨਹਿ ਹੇਰੋ । ਗੁਣ ਅਵਯਵ ਕ੍ਰਿਆ ਸਮਾਨ। ਜਾਕੋ ਜਾਸੋ ਸੋ ਸਮ ਜਾਨ ॥ ੧੨੯ ॥ ਗੁਣ ਅਵਯਵ ਕ੍ਰਿਆ ਕਛੁ ਨਾਹੀ। ਵੇਦ ਬਖਾਨੀ ਤਾਂਕੇ ਮਾਂਹੀ। ਨਿਰਗੁਣ ਨਿਰਾਵਯਵ ਵਹੁ ਕਹੇ। ਅਣੁਅਪਿ ਕ੍ਰਿਆ ਤਾਹਿ ਨਹਿ ਸਹੇ ॥ ੧੩੦ ॥ ਤਾਂ ਬਿਨ ਸਾਦ੍ਰਿਸਜ ਕੈਸੇ ਹੋਈ । ਤਾਂਤੇ ਸਾਦ੍ਰਿਸਜ ਪਰ ਨਹੀਂ ਕੋਈ। ਕੁਮਾਰ ਅਗਨਿ ਸਮ ਵਾਕਜਸੁ ਨਾਹੀਂ। ਅਖੰਡ ਅਰਥ ਹੈ ਯਾਂਕੇ ਮਾਂਹੀ ॥ ੧੩੧ ॥ ਨਿਰਾਵਯਵ ਜਾਤੇ ਬਹੁ ਹੈਯੇ। ਆਰੰਭਕਤੁ ਤਾਂਤੇ ਨਹਿੰ ਪੇਯੇ। ਏਕ ਦੇਸ਼ ਵਾ ਸਗਲੋ ਹੋਈ। ਕਹੁ ਪਰਿਣਾਮੀ ਕਿਹ ਬਿਧਿ ਸੋਈ ॥ ੧੩੨ ॥ ਪ੍ਰਥਮ ਹੋਇ ਸਾਵਯਵ ਰੂਪ । ਦ੍ਵਿਤੀਯੇ ਨ ਸੁੱਧ ਤਾਂਕੋ ਰੂਪ । ਵਾਦੀ ਸੰਘਾਤਾਦਿਕ ਹੈ ਜੇਤੇ। ਸਕਲ ਅਸੰਗਤ ਭਾਖੇ ਤੇਤੇ ॥ [੧੩੩

ਤਾਂਤੇ ਕਾਰਯ ਕਾਰਣ ਭਾਵ । ਵਾਕਜ ਨ ਕਹੇ ਅਖੰਡ ਸੁਭਾਵ । ਜੀਵ ਰੂਪ ਵਜਤ੍ਰੀ ਕੇ ਮਾਹੀਂ। ਈਸ੍ਵਰ ਜਾਤਿ ਕਦਾਚਿਤ ਨਾਹੀਂ ॥ [੧੩੪

ਜੇ ਤਾਂਕੋ ਕੋ ਜਾਤਿ ਬਖਾਨੇ। ਗੋਤ੍ਵ ਸਮਾਨ ਜੜ੍ਹ ਤਹਿ ਮਾਨੇ । ਤਾਂਤੇ ਹੋਇ ਅਨੀਸ੍ਵਰ ਜਾਵ। ਈਸ੍ਵਰ ਨਾਮ ਨ ਸੋ ਕਹਿਲਾਵੇ ॥ [੧੩੫

ਈਸ਼੍ਵਰ ਸਰਵ ਗਿਆਤਾ ਅਹੇ । ਗੋਤ੍ਵ ਸਮਾਨ ਕਥੰ ਤਿਹ ਕਹੇ। ਯਾਂਤੇ ਜਾਤਿ ਬਜਕ੍ਤਿ ਨਹਿ ਕਹੇ। ਵਾਕਯ ਅਖੰਡ ਅਰਥ ਇਕ ਅਹੇ ॥ [੧੩੬

ਗੁਣ ਅਰ ਗੁਣੀ ਨ ਵਾਕਯ ਬਖਾਨੇ। ਕਾਹੇ ਵਾਕਯ ਕਦਰਥਨ ਠਾਨੇ*। ਜੀਵ ਜਬੈ ਈਸ਼੍ਵਰ ਗੁਣ ਹੋਈ। ਤਬ ਸੰਸਾਰੀ ਈਸ਼੍ਵਰ ਸੋਈ ॥ [੧੩੭

ਜੀਵ ਵਸਿਸ਼੍ਟ ਹੋਇ ਅਲਪਗਜ । ਕਾਹੇ ਵੇਦ ਕਹੇ ਸਰਵਗਯ ॥ ਜੋ ਪੁਨਿ ਈਸ਼ ਜੀਵ ਗਣ ਹੋਈ। ਤੋ ਸੰਸਾਰ ਨ ਤਾਂਕੋ ਕੋਈ ॥ [੧੩੮

*ਦੋਸ਼।

**ਨਿਤਯ ਮੁਕਤਿ ਯਹ ਪ੍ਰਾਪ੍ਤਿ ਅਰਥ। ਯਾਂ ਪ੍ਰਤਿ ਵੇਦ ਕਦੰਬ ਬਜਰਥ।**
**ਇਤਿਆਦਿਕ ਦੂਸ਼ਣ ਤੇ ਹਾਨੇ। ਨਿਰਗੁਣ ਸ੍ਰੁਤਿ ਕੋਪ ਪੁਨ ਠਾਨੇ** [੧੩੯
**ਨੀਲ ਕਮਲ ਸਮ ਤਾਂਤੇ ਨਾਂਹੀ। ਅਖੰਡ ਅਰਥ ਹੈ ਯਾਂਕੇ ਮਾਂਹੀ।**
**ਪ੍ਰਤਿਮਾ ਕੋ ਜਯੋਂ ਈਸ੍ਵਰ ਜਾਨ। ਕਹੇ ਉਪਾਸਨ ਬਹੁ ਉਰਮਾਨ** [੧੪੦
**ਤਯੋਂ ਹੀ ਜੀਵ ਬ੍ਰਹਮ ਉਰਮਾਨੇ। ਕਰੌਂ ਉਪਾਸ਼ਨ ਤਯੋਂ ਨ ਬਖਾਨੇ।**
**ਜੋ ਉਪਾਸਨਾ ਬੇਦ ਬਤਾਵੇ। ਤੌ ਅਧਯਸਤ ਏਕਤਾ ਆਵੇ॥** [੧੪੧
**ਤਾਂਤੇ ਤੇਰੋ ਪਖਯ ਅਸਾਰ। ਕਾਹੇ ਪੁਨ ਪੁਨ ਕਰੇ ਉਚਾਰ। ਜੌ ਨਹਿ**
**ਵਾਕਯ ਉਪਾਸਨ ਕਹੇ। ਅਖੰਡ ਅਰਥ ਬਿਨ ਔਰ ਨ ਅਹੇ॥** [੧੪੧
[ਮੋਖਸ਼ ਪੰਥ ਤ੍ਰਿਤੀਯੋ ਨਿਵਾਸ

ਟੀਕਾ–ਹੋਰ ਜੋ ਜੋ ਸੰਬੰਧ ਤੂੰ ਕਹਿਤਾ ਹੈਂ, ਮਹਾਂਵਾਕ ਕੇ ਲਖਯ ਅਰਥ ਕੂਟਸਥ ਬ੍ਰਹਮ ਮੇਂ ਵੋਹ ਸੰਬੰਧ ਨਹੀਂ ਬਣ ਸਕਤੇ। ਮਹਾਵਾਕ ਉਸਤਤਿ ਪਰਾਇਣ ਨਹੀਂ ਸਦਰਸ਼ ਪ੍ਰਾਇਣ ਨਹੀਂ, ਕੂਟਸਥ ਪਾਰਬ੍ਰਹਮ ਕਾ ਆਪਸ ਮੇਂ ਕਾਰਯ ਕਾਰਣ ਭਾਵ ਹੈ ਯੇਹ ਭੀ ਨਹੀਂ ਕਹਿਤਾ ਜਾਤਿ ਵਯਕਤਿ ਕਾ ਭਾਉ ਭੀ ਨਹੀਂ **ਕਹਿਤਾ,** ਗੁਣ ਗੁਣੀ ਭਾਵ ਭੀ ਨਹੀਂ ਕਹਿਤਾ, ਸਾਖੀ ਅਰ ਬ੍ਰਹਮ ਕਾ ਉਪਾਸਯ ਔਰ ਉਪਾਸਕਤਾ ਭੀ ਨਹੀਂ ਕਹਿਤਾ, ਔਰ ਜੈਸੇ ਰਾਜਾ ਕਾ ਪੁਤ੍ਰ ਯੇਹ ਰਾਜਾ ਹੈ ਈਹਾਂ ਜੈਸੇ ਗੌਣ ਏਕਤਾ ਹੈ ਤੈਸੇ ਗੌਣ ਏਕਤਾ ਭੀ ਕੂਟਸਥ ਔਰ ਬ੍ਰਹਮ ਕ਼ੀ ਮਹਾਵਾਕ ਨਹੀਂ ਕਹਿਤਾ । ਕਿੰਤੂ **ਅਖੰਡ** ਅਰਥ ਕਹਿਤਾ ਹੈ, ਅਗਰਵਾਕ ਉਸਤਤ ਪ੍ਰਾਇਣ ਹੋਵੇ ਤੋ ਜਹਾਂ ਜਿਸਕਾ ਭੇਦ ਹੋਤਾ ਹੈ ਵਹਾਂ ਉਸਕੀ ਉਸਤਤੀ ਹੋਵੇ ਹੈ ਜੈਸੇ ਮਨੁਸ਼ਯ ਕੋ ਕੋਈ ਕਹੇ ਤੂੰ ਇੰਦ੍ਰ ਹੈਂ ਤੂ ਕਰੁਣ ਹੈਂ ਇਸਤਰ੍ਹਾਂ ਦੇ ਮੇਂ ਉਸਤਤ ਹੋਵੇ ਹੈ ਔਰ ਕੂਟਸਥ ਬ੍ਰਹਮ ਏਕ ਹੈ ਵੇਦ ਭਗਵਾਨ ਕਹਿਤਾ ਹੈ ਛਾਂਦੋਗਯ ਮੇਂ ਉਦਾਲਕ ਮੁਨਿ ਅਪਨੇ ਪੁਤ੍ਰ ਕੋ ਕਹਿਤਾ ਹੈ । ਹੇ ਸੋਮਯ । ਸ੍ਰਿਸ਼ਟੀ ਸੇ ਪਹਿਲੇ ਏਕ ਸਤਿ ਹੀ ਥਾ ਦੂਸਰਾ ਕੋਈ ਨਹੀਂ ਥਾ, ਅਬ ਭੀ ਸਾਰਾ ਜਗਤ ਸਤਿ ਰੂਪ ਹੀ ਹੈ । ਇਸ ਮੇਂ ਸੰਸੇ ਨਹੀਂ ਔਰ ਜੀਵ ਈਸ਼੍ਵਰ ਕਾ ਭੇਦ ਸ੍ਰੁਤਿ ਖੰਡਨ ਕਰ ਅਭੇਦ ਕਹਿਤੀ ਹੈ । ਤਿਸ ਕੋ ਤੂ ਭਲੀ ਪ੍ਰਕਾਰ ਵਿਚਾਰ ਕੇ ਦੇਖ ਲੇ। ਜਬ ਕੂਟਸਥ ਬ੍ਰਹਮ ਕਾ ਭੇਦ ਨਹੀਂ ਤੋ ਉਸਤਿ ਪ੍ਰਾਯਣ ਕੈਸੇ ਹੋਗਾ, ਔਰ ਸਾਦਰਸ਼ ਪਰ ਭੀ ਨਹੀਂ ਹੋ ਸਕਤਾ, ਕਿਉਂਕਿ ਜਹਾਂ ਗੁਣ ਕ੍ਰਿਆ ਅਵਯਵ ਜਿਸਕੇ ਬਰਾਬਰ ਹੋਵੇ ਤਹਾਂ ਸਾਦ੍ਰਸ਼ਯਤਾ ਹੋਵੇ ਹੈ, ਕੂਟਸਥ ਔਰ ਬ੍ਰਹਮ ਮੇਂ ਗੁਣ ਨਹੀਂ ਕ੍ਰਿਆ ਨਹੀਂ, ਤਾਂਤੇ ਸਾਦ੍ਰਸਯ ਪਰਾਯਣ ਭੀ ਨਹੀਂ ਦੋਨੋਂ ਨਿਰਵਯਵ ਹੋਨੇ ਤੇ ਉਨੋਂ ਕਾ ਆਪਸ ਮੇਂ ਕਾਰਯ ਕਾਰਣ ਭਾਵ ਭੀ ਨਹੀਂ ਹੋ ਸਕਤਾ, ਔਰ ਜਾਤੀ ਵਯਕਤੀ ਭਾਵ ਭੀ ਨਹੀਂ ਹੋ ਸਕਤਾ, ਕਿਉਂਕਿ ਜੀਵ ਰੂਪ ਵਯਕਤੀ ਮੇਂ ਈਸ਼੍ਵਰ ਜਾਤੀ ਰਹਿ ਹੀ ਨਹੀਂ ਸਕਤੀ । ਅਗਰ ਈਸ਼ਰ ਕੋ ਜਾਤੀ ਮਾਨੋਂਗੇ ਤੋ ਗੋਤ੍ਵ ਸਮਾਨ ਜੜ ਹੋ



ਜਾਏਗਾ, ਸਰਵਗਯ ਨ ਕਹਾਏਗਾ । ਯਾਂਤੇ ਕੂਟਸਥ ਬ੍ਰਹਮ ਕਾ ਅਪੰਤ ਅਰਥ ਯਾਨੇ ਅਭੇਦ ਹੈ ਔਰ ਕੂਟਸਥ ਬ੍ਰਹਮ ਕਾ ਗੁਣ ਗੁਣੀ ਭਾਵ ਭੀ ਵਾਕਯ ਨਹੀਂ ਕਹਿਤਾ। ਗੁਣ ਗੁਣੀ ਹੋਨੇ ਪਰ ਅਗਰ ਜੀਵ ਈਸ੍ਵਰ ਕਾ ਗੁਣ ਹੋਗਾ ਤੋ ਈਸ਼੍ਵਰ ਸੰਸਾਰੀ ਔਰ ਅਲਪਗਯ ਹੋ ਜਾਏਗਾ। ਅਗਰ ਈਸ਼੍ਵਰ ਜੀਵ ਕਾ ਗੁਣ ਹੋਗਾ ਤੋ ਜੀਵ ਕੋ ਸੰਸਾਰ ਨ ਹੋਨਾ ਚਾਹੀਏ । ਜਿਸ ਪ੍ਰਕਾਰ ਜੀਵ ਈਸ੍ਵਰ ਕਾ ਗੁਣ ਗੁਣੀ ਭਾਵ ਨਹੀਂ ਬਣ ਸਕਤਾ ਤੋ ਕੂਟਸਥ ਔਰ ਬ੍ਰਹਮ ਕਾ ਗੁਣ ਗੁਣੀ ਭਾਵ ਕੈਸੇ ਹੋ ਸਕਤਾ ਹੈ । ਵੋ ਦੋਨੋਂ ਤੋ ਨਿਰਗੁਣ ਹੈਂ ਔਰ ਗੁਣ ਗੁਣੀ ਭਾਵ ਮਾਨਨੇ ਸੇ ਨਿਰਗੁਣ ਕਹਿਨੇ ਵਾਲੀ ਸ੍ਰੁਤਿ ਭੀ ਕੋਪ ਕਰੇਗੀ । ਯਾਂਤੇ ਸਮਤਾ ਪਰ ਯੇ ਵਾਕ ਨਹੀਂ, ਕੇਵਲ ਅਖੰਡ ਪਰਾਯਣ ਯੇ ਵਾਕਯ ਹੈਂ, ਅਰ ਉਪਾਸ਼ਯ ਉਪਾਸ਼ਕ ਭਾਵ ਪਰ ਭੀ ਯੇ ਵਾਕ ਨਹੀਂ, ਅਗਰ ਉਪਾਸਨਾ ਪਰ ਯੇ ਵਾਕ ਹੋਗਾ ਤੋ ਅਧਯਸਤ ਏਕਤਾ ਹੋਗੀ ਯਾਨੇ ਕਲਪਿਤ ਏਕਤਾ ਹੋਗੀ, ਸਚੀ ਨਹੀਂ ਹੋਗੀ। ਅਧਯਸ੍ਤ ਏਕਤਾ ਦੋ ਪ੍ਰਕਾਰ ਕੀ ਹੈ । ਏਕ ਦੋਸ਼ ਜਨਯ ਹੈ, ਦੂਸਰੀ ਮਾਨਸੀ ਕ੍ਰਿਆ ਰੂਪ ਹੈ, ਦੋਸ਼ਜਨਯ ਕੋ ਭਰਮ ਕਹਤੇ ਹੈਂ । ਜੈਸੇ ਰਸੀ ਮੇਂ ਸਰਪ ਸਿਪੀ ਮੇਂ ਰਜਤ, ਇਸਕੋ ਦੋਸ਼ਜਨਯ ਕਹਤੇ ਹੈਂ । ਦੂਸਰੀ ਸ਼ਾਸਤ੍ਰ ਕ੍ਰਿਤ ਦੋ ਪ੍ਰਕਾਰ ਕੀ ਹੈ । ਏਕ ਪ੍ਰਤੀਕ ਦੂਸਰੀ ਸੰਪਤ । ਯੇ ਪੂਰਵ ਕਹਿ ਆਏ ਹੈਂ । ਯਾਂਤੇ ਗੁਰੂ ਕੋ ਪ੍ਰਮੇਸ੍ਰੁਰ ਜਾਨਨਾ ਔਰ ਮੂਰਤੀ ਕੋ ਪ੍ਰਮੇਸ੍ਰੁਰ ਜਾਨਨਾ ਹੈ, ਇਸਕੇ ਸਮਾਨ ਕੂਟਸਥ ਔਰ ਬ੍ਰਹਮ ਕੀ ਯਧਯਸ੍ਤ ਏਕਤਾ ਭੀ ਨਹੀਂ, ਅਖੰਡ ਏਕਤਾ ਹੈ, ਔਰ ਯੇ ਰਾਜਪੁਤ੍ਰ ਰਾਜਾ ਹੈ, ਯੇ ਗਉਣ ਏਕਤਾ ਭੀ ਵਾਕਯ ਨਹੀਂ ਕਹਤਾ। ਅਗਰ ਯਹ ਗਉਣ ਹੈ ਤੋ ਉਦਾਲਕ ਰਿਸ਼ੀ ਅਪਨੇ ਪੁਤ੍ਰ ਕੋ ੯ ਵਾਰੀ ਤਤ੍ਵਮਸਿ ਯਾਨੇ ਸੋ ਬ੍ਰਹਮ ਤੂੰ ਹੈਂ ਯੇ ਨ ਕਹਤਾ, ਔਰ ਗੁਰੂ ਨਾਨਕ ਦੇਵ ਜੀ-(ਦਿਗਰ ਕੁਈ ਏਕ ਤੁਈ ਏਕ ਤੁਈ) ਯੇ ਚੌਦਹ ਵਾਰੀ ਨ ਕਹਤੇ, ਔਰ ਦਸਵੇਂ ਪਾਤਸ਼ਾਹ ੧੬ ਵਾਰੀ ਨ ਕਹਤੇ-ਜਲਸ ਤੁਹੀਂ । ਥਲਸ ਤੁਹੀਂ...... । ਇਤਿਆਦਿ। ਯਾਂਤੇ ਵਾਕ ਅਖੰਡ ਪਰਾਯਣ ਹੈ। ਵਾਕਯ (ਅਖੰਡ ਲੱਖਣ) ਸ਼ੰਕਾ-ਅਖੰਡ ਕਿਸਕੋ ਕਹਿਤੇ ਹੈਂ। ਉਤਰ :-

**ਸੰਸਰਗਸ੍ਰੁਨਯਤ੍ਵੇ ਸਤਿ ਬਾਧਹੀਨਤ੍ਵੰ ਅਖੰਡਤ੍ਵੰ ॥੧॥ ਜਾਤਿ ਗੁਣ ਕ੍ਰਿਆ ਸੰਬੰਧ ਰਹਿਤਤ੍ਵੇ ਸਤਿਵਸਤੁ ਤ੍ਵੰ ਅਖੰਡਤ੍ਵੰ॥ ੨ ॥**

ਅਰਥ-(੧) ਯਾਨੇ ਜਿਸ ਵਾਕ ਮੇਂ ਸੰਯੋਗ ਸਮਵਾਯ ਆਦਿ ਕੋਈ ਸਬੰਧ ਨਾਮਲੂਮ ਹੋਵੇ ਔਰ ਸਚੇ ਅਰਥ ਕਾ ਬੋਧਕ ਹੋਵੇ ਸੋ ਵਾਕ ਅਖੰਡ ਕਹੀਏ । ਜੈਸੇ ਰਸੀ ਕੋ ਦੇਖ ਕਰ ਪੁਰਸ਼ ਕਹਤਾ ਹੈ, ਅਯੰ ਸਰਪ: ਇਸ ਵਾਕ ਮੇਂ ਸਬੰਧ ਤੋ ਕੋਈ ਨਹੀਂ ਮਲੂਮ ਹੋਤਾ, ਪ੍ਰੰਤੂ ਯਹ ਵਾਕ ਯਥਾਰਥ ਨਹੀਂ, ਯਾਂਤੇ ਅਖੰਡ ਨਹੀਂ। ਦੰਡੀ ਪੁਰਸ਼: ਯੇ ਵਾਕ ਯਥਾਰਥ ਤੋ ਹੈ ਪਰੰਤੂ ਸਬੰਧ ਰਹਿਤ ਨਹੀਂ, ਕਿਉਂਕਿ ਦੰਡ ਔਰ ਪੁਰਸ਼ ਕਾ ਵਾਕ ਮੇਂ ਸੰਯੋਗ ਸਬੰਧ ਮਾਲੂਮ ਹੋਵੇ ਹੈ ਯਾਂਤੇ ਵਾਕ ਭੀ ਅਖੰਡ ਨਹੀਂ । ਤਤ੍ਵਮਸਿ ਤਥਾ ਸੋ ਅਯੰ ਦੇਵ ਦਤ:। ਇਨ ਦੋਨੋਂ ਵਾਕੋਂ ਮੇਂ ਸਬੰਧ ਰਹਿਤਤਾ ਭੀ ਹੈ, ਔਰ ਯਥਾਰਥ ਭੀ ਹੈ, ਯਾਂਤੇ ਯੇਹ ਦੋਨੋਂ ਵਾਕ ਅਖੰਡ ਹੈਂ । (੨) ਦੂਸਰੇ ਲਖਣ ਮੇਂ ਜਾਤਿ

ਗੁਣ ਕ੍ਰਿਆ ਸਬੰਧ ਸੂਨਯ ਸਸ਼ ਸ੍ਰਿੰਗ: ਵਾਕ ਭੀ ਹੈ, ਪਰੰਤੂ ਉਸ ਵਾਕ ਕਾ ਵਿਸ਼ਯ ਕੋਈ ਸਤਿ ਵਸਤੂ ਹੈ ਨਹੀਂ, ਯਾਂਤੇ ਸ਼ਸ਼ ਸ੍ਰਿੰਗ ਯਹ ਵਾਕਯ ਭੀ ਅਖੰਡ ਨਹੀਂ ਹੈ। ਘਟੰ ਆਨਯ ਇਸ ਵਾਕ ਕਾ ਵਿਸ਼ਯ ਸਤਿ ਵਸਤੂ ਤੋ ਹੈ, ਪਰੰਤੂ ਯਹ ਵਾਕ ਜਾਤਿ ਗੁਣ ਕ੍ਰਿਆ ਸਬੰਧ ਸੇ ਰਹਿਤ ਨਹੀਂ, ਕਿਉਂ ਇਸ ਮੇਂ ਆਨਯ ਯਾਨੇ ਲਾਉ ਇਸ ਕ੍ਰਿਆ ਯੁਕਤ ਹੈ ਯਾਂਤੇ ਯਹ ਵਾਕ ਭੀ ਅਖੰਡ ਨਹੀਂ 'ਤਤਤ੍ਵਮਸੀ ਵਾਕਜ ਤਥਾ ਸੋ ਅਯੰ ਦੇਵਦਤ:' ਯੇ ਵਾਕ ਜਾਤਿ ਗੁਣ ਕ੍ਰਿਆ ਸੇ ਰਹਿਤ ਭੀ ਹੈ, ਔਰ ਯਥਾਰਥ ਅਰਥ ਕਾ ਬੋਧਕ ਭੀ ਹੈ। ਯਾਂਤੇ ਯਹ ਦੋਨੋਂ ਵਾਕਜ ਅਖੰਡ ਹੈਂ, ਤੈਸੇ ਪ੍ਰਕ੍ਰਿਸਟ ਪ੍ਰਕਾਸ: ਚੰਦ੍ਰ ਯੇ ਵਾਕ ਭੀ ਅਖੰਡ ਹੈ। ਜੈਸੇ ਕੋਈ ਬਾਲਕ ਚੰਦ੍ਰ ਬਯਕਤੀ ਕੋ ਨਹੀਂ ਜਾਨਤਾ ਥਾ, ਔਰ ਚੰਦ੍ਰ ਨਾਮ ਅਨੇਕ ਵਾਰੀ ਸੁਨਾ ਹੂਆ ਥਾ, ਔਰ ਰਾਤ੍ਰੀ ਕੋ ਅਕਾਸ਼ ਮੇਂ ਤਾਰੇ ਭੀ ਦੇਖੇ ਥੇ, ਔਰ ਤਾਰਿਓਂ ਸੇ ਭਿੰਨ ਇਕ ਬੜੇ ਪ੍ਰਕਾਸ਼ ਵਾਲੀ ਵਯਕਤੀ ਭੀ ਦੇਖੀ ਸੀ ਪਰ ਯੇਹੀ ਚੰਦ੍ਰਮਾ ਹੈ, ਯੇ ਉਸ ਕੋ ਗਿਆਨ ਨਹੀਂ ਥਾ, ਤਬ ਅਪਨੇ ਬ੍ਰਿਧ ਸੇ ਪੂਛਤਾ ਹੈ:-

**ਚੌਪਈ-ਜਿਉ ਕੋ ਹੇਰ ਨਛਤ੍ਰ ਸਾਰੇ। ਬਹੁਰੋ ਮੁਖ ਤੇ ਪ੍ਰਸ਼ਨ ਉਚਾਰੇ। ਕੌਨ ਚੰਦ੍ਰ ਹੈ ਯਾਂਕੇ ਮਾਂਹੀ। ਚੰਦ੍ਰਾਭਿਗਜ ਉਚਾਰੇ ਤਾਂਹੀ। ਪ੍ਰਕ੍ਰਿਸਟ ਪ੍ਰਕਾਸ਼ ਚੰਦ੍ਰਮਾ ਹੈਯੇ। ਤਾ ਬਿਨ ਔਰ ਨ ਕੋ ਵਿਧੁ ਪੈਯੇ। ਚੰਦ੍ਰਾ ਭਿਗਯ ਉਚਾਰਿਓ ਜਬਹੀ। ਚੰਦ੍ਰ ਬੋਧ ਭਇਓ ਤਹਿ ਤਬ ਹੀ। ਅਖੰਡ ਸ਼ਸ਼ੀ ਕਾ ਹੋਵਹਿ ਬੋਧ। ਕਛੁ ਸੰਸਰਗ ਨਹਿ ਦੇਖੋ ਸ਼ੋਧ।** [ਮੋਖ ਪੰਥ

ਟੀਕਾ-ਜੈਸੇ ਕੋਈ ਪੁਰਸ਼ ਰਾਤ ਕੋ ਸਭ ਤਾਰੋਂ ਕੋ ਦੇਖ ਲੇਵੇ ਔਰ ਉਨ ਸੇ ਭਿੰਨ ਬੜੇ ਪ੍ਰਕਾਸ਼ ਕੋ ਦੇਖਕੇ ਅਪਨੇ ਬ੍ਰਿਧ ਸੇ ਪੂਛੇ ਕਿ ਇਨ ਮੇਂ ਸੇ ਚੰਦ੍ਰਮਾ ਕੌਨਸਾ ਹੈ। ਤਬ ਚੰਦ੍ਰ ਗਿਆਤਾ ਨੇ ਕਹਾ ਜੋ ਸਬ ਸੇ ਬੜਾ ਪ੍ਰਕਾਸ਼ ਹੈ ਯੇ ਹੀ ਚੰਦ੍ਰਮਾ ਹੈ, ਤਬ ਉਸ ਕੋ ਫਕਤ ਅਖੰਡ ਚੰਦ੍ਰਮਾ ਕਾ ਹੀ ਬੋਧ ਹੋਤਾ ਭਯਾ, ਔਰ ਸੰਬੰਧਾਦਿ ਪ੍ਰਕ੍ਰਿਸਟ ਪ੍ਰਕਾਸ਼ ਆਦਕੋਂ ਕੇ ਸਾਥ ਸਬੰਧਕਾ ਤਥਾ ਚੰਦ੍ਰਤ੍ਵ ਜਾਤਿ ਆਦਿਕੋਂ ਕਾ ਗਿਆਨ ਨ ਹੋਤਾ ਭਯਾ। ਕੇਵਲ ਸੁਧਚੰਦ੍ਰ ਮਾਤ੍ਰ ਕਾ ਹੀ ਗਿਆਨ ਹੋਤਾ ਭਯਾ, ਇਸ ਕਾ ਨਾਮ ਅਖੰਡ ਵਾਕਜ ਅਰਥ ਹੈ। ਜੈਸੇ ਲਿਖਾ ਭੀ ਹੈ:-

**ਪ੍ਰਕਰਸ਼ ਪ੍ਰਕਾਸ਼ਾਦਿਕ ਹੈਂ ਜੇਤੇ। ਪ੍ਰਸ੍ਨਾ ਕੋਈ ਨ ਪੂਛੇ ਤੇਤੇ। ਵਕਤਾ ਮੁਖ ਤੇ ਕੀਨ ਉਚਾਰ। ਚੰਦ੍ਰ ਪਰਚੈ ਹੋਤੇ ਨਿਰਧਾਰ। ਤਾਂਤੇ ਹੋਇ ਅਖੰਡ ਗਿਆਨ। ਨਹਿ ਸੰਸਰਗ ਹੋਇ ਕਛੁ ਭਾਨ। ਤਯੂੰਹੀ ਬ੍ਰਹਮ ਅਖੰਡਹਿ ਗਿਆਨ। ਉਪਜੇ ਕਰੈ ਸਗਲ ਭਵ ਹਾਨ। ਸਗਲ ਅਨਰਥ ਅਵਿਦਿਆ ਜੋਈ। ਗਿਆਨ ਨਾਸ਼ ਪਹਿਚਾਨੋ ਸੋਈ।** [ਮੋਖ ਪੰਥ



**ਅਸੰਸਰਗਤਿ ਸਤਯਾਰਥਤਾ ਗਯਾਤਪਦਾਨਾਂ ਅਨਨਯਾਰਥਤਾ ਵਾਪੀ ਅਖੰਡਾਰਥਤਾਤ੍ਰ। ਪ੍ਰਸਿੱਧਾ ਹਯਸਉ ਚੰਦ੍ਰ ਮਾਤ੍ਰ ਪ੍ਰਬੋਧਾਤ ਪ੍ਰਕ੍ਰਸ੍ਰ ਪ੍ਰਕਾਸ਼: ਸ਼ਮੀਤਯਾਦਿ ਵਾਕਯੇ ॥ ਪ੍ਰਕ੍ਰਸ੍ਰ ਪ੍ਰਕਾਸ਼ਤ੍ਵ ਚੰਦ੍ਰਤ੍ਵ ਯੋਗ ਬਯਵਤ੍ਛੇਦ ਭੇਦਾਦਯੋ ਨੈਵ ਪ੍ਰਸ੍ਰਾ: ॥ ਨਵਾਸ਼ਾਬਦ ਧੀਰਸ੍ਤੁ ਜਿਗਯਾਸਿਤੇ ਅਰਥੇ ਤਤੋ ਵਾਕਜ ਚੰਦ੍ਰ ਮਾਤ੍ਰ ਪ੍ਰਬੋਧ: ॥**

ਅਰਥ-ਪ੍ਰਾਕ੍ਰਸ਼ਟ ਪ੍ਰਕਾਸ਼ ਚੰਦ੍ਰ ਇਸ ਵਾਕ ਮੇਂ ਸੰਬੰਧ ਸੂਨਜਤਾ ਸਤਯਰਥ ਬੋਧਕਤਾ ਔਰ ਇਸ ਵਾਕ ਸੇ ਪਦੋਂ ਕੀ ਏਕ ਅਰਥਤਾ ਰੂਪ ਅਖੰਡ ਅਰਥਤਾ ਪ੍ਰਸਿੱਧ ਹੈ ਇਸ ਵਾਸਤੇ ਚੰਦ੍ਰ ਮਾਤ੍ਰ ਕਾ ਬੋਧ ਹੋਤਾ ਹੈ। ਪ੍ਰਕ੍ਰਿਸਟ ਪਰਮ ਪ੍ਰਕਾਸ਼ ਤ੍ਵ ਚੰਦ੍ਰਤ੍ਵਾਦਿ ਜਾਤੀਆਂ ਔਰ ਉਨੋਂ ਕਾ ਪਰਸਪਰ ਭੇਦ ਪ੍ਰਸਟਾ ਨੇ ਪੁਛਾ ਭੀ ਨ ਥਾ ਔਰ ਉਸ ਕੋ ਜਾਨਨੇ ਕੀ ਜਗਿਆਸਾ ਭੀ ਨਾ ਥੀ ਔਹ ਵਕਤਾ ਨੇ ਜੋ ਕਹੇ ਹੈਂ ਸੋ ਜਗਿਆਸੂ ਕੇ ਸਮਝਾਨੇ ਵਾਸਤੇ ਕਹੇ ਹੈਂ ਸੋ ਉਨੋਂ ਮੇਂ ਮਤਲਬ ਨ ਥਾ। ਵਕਤਾ ਕਾ ਮਤਲਬ ਫਕਤ ਚੰਦ੍ਰਮਾ ਕੇ ਜਨਾਨੇ ਮੇਂ ਥਾ। ਤਾਂਤੇ ਸ਼੍ਰੋਤਾ ਕੋ ਕੇਵਲ ਚੰਦ੍ਰਮਾ ਕਾ ਹੀ ਬੋਧ ਹੂਆ। ਇਸ ਕਾ ਨਾਮ ਅਖੰਡ ਵਾਕਯ ਅਰਥ ਹੈ। ਇਸ ਪ੍ਰਕਾਰ ਵਾਕ ਕੀ ਅਖੰਡ ਅਰਥਤਾ ਕਹਿ ਕਰ ਅਬ ਅਰਥ ਕੀ ਅਖੰਡ ਅਰਥਤਾ ਕਹਿਤੇ ਹੈਂ।

## ਸਜਾਤਿ ਵਿਜਾਤਿ ਸ੍ਵਗਤ ਭੇਦ ਸ਼ੂਨਜਤ੍ਵੰ ਅਖੰਡ ਅਰਥਤ੍ਵੰ ॥

ਅਰਥ-ਸਜਾਤੀਯ ਵਜਾਤੀਯ ਸ੍ਵਗਤ ਭੇਦ ਰਹਿਤ ਜੋ ਵਸਤੂ ਹੈ ਉਸਕੋ ਅਖੰਡ ਅਰਥ ਕਹਿਤੇ ਹੈਂ ਅਥਵਾ ਸਰਵ ਦੇਸ਼ ਸਰਬ ਕਾਲ ਸਰਬ ਵਸਤੂ ਮੇਂ ਪੂਰਣ ਹੋਵੇ ਤਿਸਕੋ ਅਖੰਡ ਅਰਥ ਕਹਿਤੇ ਹੈਂ। ਇਸ ਪ੍ਰਕਾਰ ਵਾਕਯ ਕੀ ਔਰ ਅਰਥ ਕੀ ਅਖੰਡਤਾ ਜੁਦਾ ਜੁਦਾ ਕਹਿ ਕਰ ਗੁਰੂ ਨੇ ਸ਼ਿਸ਼ ਕੋ ਅਖੰਡ ਵਸਤੂ ਕਾ ਬੋਧ ਕਰਾਇਆ ਤਬ ਸ਼ਿਸ਼ ਪ੍ਰਸ਼ਨ ਕਰਤਾ ਭਯਾ। (੧) ਸ਼ੰਕਾ-ਹੇ ਭਗਵਾਨ ! ਜੋ ਕੇਵਲ ਮਹਾਵਾਕ ਕੇ ਸ੍ਰਵਣ ਮਾਤ੍ਰ ਸੇ ਹੀ ਅਖੰਡ ਵਸਤੂ ਕਾ ਬੋਧ ਮਾਨੋਗੇ ਤੋ ਅਖੰਡ ਵਸਤੂ ਦ੍ਰਿਸ਼ਜ ਹੋਗਾ ਔਰ ਜੋ ਦ੍ਰਿਸ਼ਜ ਹੋਵੇ ਹੈ। ਸੋ ਨਾਸ਼ਵਾਨ ਭੀ ਹੋਵੇ ਹੈ ਸੋ ਅਖੰਡ ਵਸਤੂ ਕਾ ਨਾਸ਼ ਹੋ ਜਾਵੇਗਾ ਔਰ ਜਿਸਕਾ ਨਾਸ਼ ਹੋਵੇ ਹੈ ਉਸਕੀ ਉਤਪਤੀ ਭੀ ਹੋਵੇ ਹੈ ਔਰ ਉਤਪਤਿ ਦੂਸਰੇ ਸੇ ਹੋਵੇ ਹੈ। ਜਬ ਦੂਸਰਾ ਮਾਨੋਗੇ ਤੋ ਉਸ ਮੇਂ ਅਖੰਡਤਾ ਨਾ ਰਹੇਗੀ ਅਥਵਾ ਜੇਕਰ ਵਿਕਾਰ ਸਹਿਤ ਯਾਨੇ ਲਖਣਾ ਸੇ ਮਹਾਵਾਕ ਤੇ ਅਖੰਡ ਵਸਤੂ ਕਾ ਬੋਧ ਮਾਨੋਗੇ ਤੋ ਮਹਾਵਾਕ ਕੋ ਪੌਰਸ਼ੇਯ ਭਾਵ ਕੀ ਪ੍ਰਾਪਤੀ ਹੋਵੇਗੀ। ਔਰ ਮਹਾਵਾਕਜੋਂ ਸਹਿਤ ਵੇਦ ਕੋ ਅਪੌਰਸ਼ੇਯ ਯਾਨੇ ਈਸ਼੍ਵਰ ਬਾਣੀ ਕਹਿਤੇ ਹੈਂ। ਅਪੌਰਸ਼ੇਯ ਰੂਪ ਈਸ਼੍ਵਰ ਕੀ ਬਾਣੀ ਮੇਂ ਵਿਚਾਰ ਕਰਨੇ ਕੀ ਜ਼ਰੂਰਤ ਨਹੀਂ ਹੋਤੀ ਅਪੌਰਸ਼ੇਯ ਬਾਣੀ ਕੇ ਸ੍ਰਵਣ ਮਾਤ੍ਰ ਸੇ ਹੀ ਬੋਧ ਹੋਵੇ ਹੈ ਔਰ ਜੀਵ ਕੀ ਬਾਣੀ ਕੋ ਪੌਰਸ਼ਯ ਬਾਣੀ ਕਹਿਤੇ ਹੈਂ। ਮਹਾਵਾਕ ਭੀ ਯਦਿ ਵਿਚਾਰ ਸਹਿਤ ਅਖੰਡ ਅਰਥ ਕੇ ਬੋਧਨ ਕਰੇਗਾ ਤੋ

ਮਹਾਵਾਕ ਕੋ ਪੌਰਸ਼ੇਯ ਭਾਵ ਕੀ ਪ੍ਰਾਪਤੀ ਹੋਗੀ ਦੋਨੋਂ ਪ੍ਰਕਾਰ ਸੇ ਦੋਸ਼ ਆਤਾ ਹੈ। ਇਸਕੋ ਸਪਸ਼ਟ ਕਰਕੇ ਫੇਰ ਕਹਿਤੇ ਹੈਂ ਯਦਿ ਮਹਾਵਾਕ ਮੇਂ ਵਿਚਾਰ ਕਰੇਂਗੇ ਤੋ ਮਹਾਵਾਕੋਂ ਸਹਿਤ ਵੇਦ ਪੌਰਸ਼ੇਯ ਹੋਗਾ ਈਸ਼੍ਵਰ ਕ੍ਰਿਤ ਨ ਹੋਗਾ ਔਰ ਵਹਾਵਾਕ ਮੇਂ ਲਖਣਾ ਨ ਅੰਗੀਕਾਰ ਕਰੇਂ ਤਬ ਸ਼ਕਤੀ ਸੇ ਬੋਧ ਮਾਨੇ ਤੋ ਮਹਾਵਾਕੋਂ ਕਾ ਅਖੰਡ ਅਰਥ ਦ੍ਰਿਸ਼ਯ ਹੋਗਾ ਨਾਸ਼ੀ ਹੋਗਾ। ਦੋਨੋਂ ਪ੍ਰਕਾਰ ਅਖੰਡ ਵਸਤੂ ਕਾ ਬੋਧ ਮਹਾਵਾਕ ਸੇ ਅਸੰਭਵ ਹੈ। ਸਮਾਧਾਨ ੧-ਸ਼ਕਤੀ ਦੋ ਪ੍ਰਕਾਰ ਕੀ ਹੋਤੀ ਹੈ ਇਕ ਪੁਰਸ਼ ਕ੍ਰਿਤ ਯਾਨੇ ਪੌਰਸ਼ੇਯ ਸ਼ਕਤੀ ਦੂਸਰੀ ਈਸ਼੍ਵਰ ਕ੍ਰਿਤ ਯਾਨੇ ਅਪੌਰਸ਼ੇਯ ਸ਼ਕਤੀ। ਪਦ ਪਦਾਰਥ ਕੇ ਸੰਬੰਧ ਸੇ ਬੋਧ ਕਰਨੇ ਵਾਲੀ ਸ਼ਕਤੀ ਪੌਰਸ਼ੇਯ ਸ਼ਕਤੀ ਕਹਿਲਾਤੀ ਹੈ ਉਸਕਾ ਮਹਾਵਾਕ ਮੇਂ ਅੰਗੀਕਾਰ ਨਹੀਂ ਪਰੰਤੂ ਅਪੌਰੁਸ਼ੇਯ ਸ਼ਕਤੀ ਜਿਸਕੋ ਅਚਿੰਤ ਸ਼ਕਤੀ ਅਥਵਾ ਨੇਤ ਭੀ ਕਹਿਤੇ ਹੈਂ, ਉਸਕਾ ਮਹਾਵਾਕ ਮੇਂ ਅੰਗੀਕਾਰ ਹੈ ਮਹਾਵਾਕ ਮੇਂ ਲਖਣਾ ਕਾ ਅੰਗੀਕਾਰ ਨਹੀਂ। ਮਹਾਂਵਾਕ ਮੇਂ ਲਖਣਾ ਜੋ ਵਿਦ੍ਵਾਨੋਂ ਨੇ ਅੰਗੀਕਾਰ ਕਰੀ ਹੈ ਸੋ ਮੱਧਮ ਜਗਿਆਸੂ ਕੇ ਵਾਸਤੇ ਉਸਕਾ ਫਲ ਆਵਰਣ ਨਿਵ੍ਰਿਤੀ ਹੈ। ਬੋਧ ਫਲ ਨਹੀਂ ਬੋਧ ਤੋ ਮਹਾਂਵਾਕ ਕੇ ਸ੍ਰਵਣ ਕਰਨੇ ਸੇ ਹੋਵੇ ਹੈ। ਲਖਣਾ ਰੂਪ ਵਿਚਾਰ ਸੇ ਨਹੀਂ ਇਸ ਵਾਸਤੇ ਮਹਾਵਾਕਯ ਮੇਂ ਵਿਦ੍ਵਾਨੋਂ ਨੇ ਅਚਿੰਤਯ ਸ਼ਕਤੀ ਮਾਨੀ ਹੈ। ਜੈਸੇ ਲਿਖਾ ਹੈ।

**ਵਾਕਯੇਅਪਿ ਸ਼ਕਤਯਸ੍ਯੇਵ ਬੋਧਮਾਤ੍ਰ ਉਪਯੋਗੀ ਸਾ॥**

ਅਚਿੰਤਯ ਸ਼ਕਤੀ ਸੇ ਜਿਸਕਾ ਬੋਧ ਹੋਵੇ ਸੋ ਵਸਤੂ ਦ੍ਰਿਸ਼ਯ ਹੋਵੇ ਨਹੀਂ ਯਾਤੇ ਅਖੰਡ ਵਸਤੂ ਦ੍ਰਿਸ਼ਯ ਹੋਵੇ ਨਹੀਂ ਤਥਾ ਨਾਸ਼ਵਾਨ ਹੋਵੇ ਨਹੀਂ ਅਚਿੰਤਯ ਸ਼ਕਤੀ ਕੋ ਯੋਗ ਵਾਸ਼ਿਸ਼ਟ ਮੇਂ ਨੇਤ ਕਰਕੇ ਵਰਣਨ ਕਰਾ ਹੈ। ਪ੍ਰਮਾਣ:-

**ਅਚਿੰਤਨੀਯਾ ਨਿਯਤਿਰ ਯਦਿਯੰ ਦ੍ਰਿੰਦ੍ਰ ਮਾਹਿਤ: ॥**

[ਯੋਗ ਵਾਸਿਸ਼ਟ ਪੂਰਵਾਰਧ ਨਿਰਬਾਣ ਪ੍ਰਕਰਣ

ਬਾਲਮੀਕ ਜੀ ਭਾਰਦ੍ਵਾਜ ਕੋ ਕਹਿਤੇ ਹੈਂ। ਹੇ ਭਾਰਦ੍ਵਾਜ ਜੀ ਯਹ ਈਸ਼ਵਰ ਕੀ ਨੇਤ ਹੈ ਕਿ ਆਕਾਸ਼ ਨੇ ਸ਼ੂਨਯ ਹੋਣਾ ਹੈ ਵਾਯੂ ਨੇ ਸਪਰਸ਼ ਹੋਣਾ ਹੈ ਅਗਨੀ ਨੇ ਊਸ਼ਣ ਹੋਣਾ ਹੈ। ਜਲ ਨੇ ਗੀਲਾਹੀ ਕਰਨਾ ਹੈ ਔਰ ਠੰਢਾ ਹੀ ਹੋਣਾ ਹੈ। ਪ੍ਰਿਥਵੀ ਨੇ ਕਠੋਰ ਹੀ ਹੋਣਾ ਹੈ। ਨੇਤ ਨਾਮ ਸੁਭਾਵ ਕਾ ਹੈ ਯਾਨੇ ਯਹ ਇਨੋਂ ਕਾ ਸੁਭਾਵ ਹੀ ਹੋਣਾ ਹੈ ਤੈਸੇ ਮਹਾਵਾਕ ਕੇ ਸ੍ਰਵਣ ਮਾਤ੍ਰ ਸੇ ਅਖੰਡ ਵਸਤੂ ਕਾ ਬੋਧ ਹੋਤਾ ਹੈ ਯਹ ਈਸ਼੍ਵਰ ਕੀ ਨੇਤ ਹੈ। ਯਾਹੀ ਕੋ ਅਚਿੰਤਯ ਸ਼ਕਤੀ ਭੀ ਕਹੇ ਹੈਂ। ਵੇਦ ਵਿਆਸਾਦਿ ਆਚਾਰਿਓਂ ਕਾ ਭੀ ਯੇਹੀ ਮਤ ਹੈ। ਸ਼ੰਕਾ-ਆਚਾਰਿਓਂ ਕਾ ਯੇਹੀ ਮਤ ਹੋਵੇ ਔਰ ਮਹਾਵਾਕ ਕੇ ਸ੍ਰਵਣ ਮਾਤ੍ਰ ਸੇ ਬੋਧ ਹੋਤਾ ਹੋਵੇ ਤੋ ਅਧਿਕ ਵਿਚਾਰ ਕਰਨੇ ਕੀ ਕਿਆ ਜ਼ਰੂਰਤ ਹੈ ਔਰ ਸਭ ਮਮੁਖਸ਼ੂ ਅਧਿਕ ਵਿਚਾਰ ਕਰਤੇ ਦੇਖਨੇ ਮੇਂ ਆਤੇ ਹੈਂ ਯਾਤੇ ਕੇਵਲ ਮਹਾਵਾਕ ਕੇ ਸ੍ਰਵਣ ਸੇ ਬੋਧ ਹੋਵੇ ਹੈ। ਯਹ ਕਥਨ



ਅਸੰਗਤ ਹੈ, ਔਰ ਸ੍ਵਾਮੀ ਸ਼ੰਕਰਾਚਾਰਯਾਦਿਕ ਆਚਾਰਿਓਂ ਨੇ ਮਹਾਵਾਕ ਮੇਂ ਲਖਣਾ ਅੰਗੀਕਾਰ ਕਰੀ ਹੈ ਉਨ ਕੇ ਕਥਨ ਸੇ ਭੀ ਵਿਰੋਧ ਹੋਗਾ। ਯਾਤੇ ਦੋਨੋਂ ਪ੍ਰਕਾਰ ਸੇ ਮਹਾਵਾਕ ਕੇ ਸ੍ਰਵਣ ਮਾਤ੍ਰ ਸੇ ਅਖੰਡ ਵਸਤੂ ਕਾ ਬੋਧ ਹੋਵੇ ਨਹੀਂ। (ਸਮਾਧਾਨ ੨ ਉੱਤਮ ਮਧਮ ਕਨਿਸ਼ਟ ਭੇਦ ਸੇ ਮਮੁਖਸ਼ੂ ਤੀਨ ਪ੍ਰਕਾਰ ਕੇ ਹੋਵੇ ਹੈਂ ਚਾਰ ਸਾਧਨ ਸੰਪੰਨ ਅਧਿਕਾਰੀ ਉੱਤਮ ਕਹੀਏ ਹੈ ਤਾਂਕੋ ਮਹਾਂ ਵਾਕਯ ਕੇ ਸ੍ਰਵਣ ਮਾਤਰ ਸੇ ਅਖੰਡ ਵਸਤੂ ਕਾ ਨਿਰਸੰਦੇਹ ਬੋਧ ਹੋਵੇ ਹੈ ਯਾਂਤੇ ਤਾਂਕੋ ਪੁਨ: ਵਿਚਾਰ ਕੀ ਕੁਛ ਅਪੇਖਯਾ ਨਹੀਂ। ਔਰ ਬੋਧ ਤੋ ਮੱਧਮ ਮਮੁਖਸ਼ੂ ਕੋ ਭੀ ਹੋਵੇ ਹੈ। ਪਰੰਤੂ ਮਧਮ ਅਧਿਕਾਰੀ ਕੋ ਐਸੀ ਸ਼ੰਕਾ ਫੁਰੇ ਹੈ ਕਿ ਬ੍ਰਹਮ ਸਰਬ ਸ਼ਕਤੀਮਾਨ ਹੈ ਜੀਵ ਅਲਪ ਸ਼ਕਤੀਮਾਨ ਹੈ। ਬ੍ਰਹਮ ਸਰਵਗਯ ਹੈ ਜੀਵ ਅਲਪਗਯ ਹੈ। ਬ੍ਰਹਮ ਬਿਆਪਕ ਹੈ ਜੀਵ ਪ੍ਰਛਿੰਨ ਹੈ। ਤਿਨ ਦੋਨੋਂ ਕੀ ਏਕਤਾ ਮਹਾਂਵਾਕਯ ਸੇ ਸੰਭਵੇ ਨਹੀਂ। ਐਸੀ ਸ਼ੰਕਾ ਹੋਇਕੇ ਉਤਰ ਖਯਣ ਵਿਖੇ ਵਿਪਰੀਤ ਭਾਵਨਾ ਹੋਵੇ ਹੈ ਕਿ ਜੀਵ ਬ੍ਰਹਮ ਕਾ ਪਰਸਪਰ ਵਾਸਤਵ ਭੇਦ ਹੈ। ਜਿਸ ਤੇ ਜੀਵ ਬ੍ਰਹਮ ਕੇ ਪਰਸਪਰ ਧਰਮ ਵਿਰੁਧ ਹੈਂ। ਇਸ ਪੁਰਸ਼ ਅੰਪਰਾਧ ਕੀ ਨਿਵਿਰਤੀ ਵਾਸਤੇ ਲਖਣਾ ਅੰਗੀਕਾਰ ਕਰੀ ਹੈ। ਜਿਸ ਪਰਕਾਰ ਲਖਨਾ ਮਾਨੀ ਹੈ ਸੋ ਪਰਕਾਰ ਦਿਖਾਤੇ ਹੈਂ। ਤੱਤ੍ਵਮਸਿ ਮਹਾਵਾਕਯ ਮੇਂ ਤਤ ਪਦ ਕਾ ਵਾਚਯ ਅਰਥ ਈਸ਼ਵਰ ਹੈ ਔਰ ਤ੍ਵੰ ਪਦ ਕਾ ਵਾਚਯ ਅਰਥ ਜੀਵ ਹੈ ਤਿਨ ਦੋਨੋਂ ਕੀ ਏਕਤਾ ਕਾ ਬੋਧਕ "ਅਸਿ ਪਦ" ਹੈ, ਸਮਸ਼ਟੀ ਮੂਲਾ ਅਗਿਆਨ ਵਿਸਿਸਟ ਚੇਤਨ ਈਸ਼ਵਰ ਹੈ, ਵਿਅਸਟੀ ਅਗਿਆਨ ਵਿਸਿਸਟ ਚੇਤਨ ਜੀਵ ਹੈ, ਸਮਸ਼ਟੀ ਮਾਇਆ ਔਰ ਵਯਸਟੀ ਅਵਿਦਿਆ ਰੂਪ ਤੀਨੋਂ ਸਰੀਰ ਰੂਪੀ ਉਪਾਧਿ ਕਰਕੇ ਜੀਵ ਈਸ਼੍ਵਰ ਕਾ ਭੇਦ ਹੈ ਸਮਸਟੀ ਵਯਸਟੀ ਉਪਾਧੀਓਂ ਕੋ ਤਿਆਗ ਕਰਕੇ ਚੇਤਨ ਮਾਤ੍ਰ ਮੇਂ ਕਿਸੀ ਪ੍ਰਕਾਰ ਕਾ ਭੇਦ ਨਹੀਂ, ਚੇਤਨ ਸਰੂਪ ਸੋ ਹੀ ਅਖੰਡ ਰੂਪ ਕਰਕੇ ਇਸਥਿਤ ਹੈ, ਏਕਤਾ ਕੇ ਵਿਰੋਧੀ ਭਾਗ ਤਿਆਗ ਕਰਕੇ ਅਵਿਰੋਧੀ ਚਿੰਨ੍ਹ ਮਾਤ੍ਰ ਕੀ ਜਿਸ ਕਰਕੇ ਲਖਯਤਾ ਹੋਵੇ, ਸੋ ਭਾਗ ਤਿਆਗ ਲਖਣਾ ਹੈ, ਜਿਸ ਤੇ ਇਸ ਪਖਯ ਮੇਂ ਸੰਪੂਰਣ ਵਾਚਯ ਕੇ ਜੜ੍ਹ ਭਾਗ ਕੋ ਤਿਆਗ ਕਰਕੇ ਚੇਤਨ ਮਾਤ੍ਰ ਕੋ ਜਾਨੀਏ ਹੈ, ਇਸ ਅਸਥਾਨ ਮੇਂ ਭਾਗ ਤਿਆਗ ਲਖਣਾ ਕਾ ਅੰਗੀਕਾਰ ਹੈ, ਇਸ ਰੀਤੀ ਸੇ ਪੁਰਸ਼ ਅਪਰਾਧ ਕੀ ਨਿਵਰਤੀ ਹੋਵੇ ਹੈ ਯਾਂ ਤੇ ਲਖਣਾ ਨਿਸਫਲ ਨਹੀਂ ਔਰ ਲਖਣਾ ਸੇ ਗਿਆਨ ਕੀ ਉਤਪਤੀ ਨਹੀਂ ਹੋਵੇ ਹੈ। ਕਿੰਤੂ ਮਹਾਵਾਕ ਕੇ ਸਰਵਣ ਸੇ ਹੀ ਗਿਆਨ ਕੀ ਉਤਪਤੀ ਹੋਵੇ ਹੈ। ਦ੍ਰਿਸ਼ਟਾਂਤ-ਜੈਸੇ ਸੂਰਜ ਕੇ ਉਦੇ ਮਾਤ੍ਰ ਸੇ ਹੀ ਭਾਰਤ ਖੰਡ ਕੇ ਰਾਤ੍ਰੀ ਕੀ ਨਿਵਿਰਤੀ ਹੋਵੇ ਹੈ। ਪ੍ਰਮਾਣ:-

**ਕਬਿੱਤ-ਚੜ੍ਹੇ ਰਾਤ ਕੇ ਮਝਾਰੀ ਸ਼ਸ਼ੀ ਕਲਾ ਸਭ ਧਾਰੀ ਤਾਰੇ ਗਣ ਭਾਰੀ ਚੜ੍ਹੇ ਤੇਜ ਚਮਕਾਇਕੇ। ਗਰਭਣੀ ਆਗ ਜਲੀ ਤਦਪਿ ਨ ਰਾਤ ਟਲੀ, ਰਾਤ ਤੋ ਨਿਵਾਰੀ ਇਕ ਸੂਰਯ ਨੇ ਆਇਕੇ। ਜਪ ਤਪ ਦਾਨ**

**ਕਰੇ ਹੋਮ ਵਰਤ ਆਦੀ ਧਰੇ, ਤੀਰਥ ਮੇਂ ਜਾਇ ਮਰੇ ਹਿਮਗਿਰੀ ਧਾਇਕੇ। ਬ੍ਰਹਮਾ ਨਦ ਯੋਂ ਬਤਾਵੇ ਭਰਮ ਇਨ ਤੇ ਨ ਜਾਵੇ ਭਰਮ ਤੋ ਪਲਾਵੇ ਇਕ ਗਿਆਨ ਭਾਨੂ ਪਾਇਕੇ।**

ਰਾਤ੍ਰੀ ਕੀ ਨਿਵਿਰਤੀ ਵਾਸਤੇ ਪੁਨਾ ਕੁਛ ਕਰਤਬ ਨਹੀਂ, ਪਰੰਤੂ ਸੂਰਯ ਕੇ ਉਦੇ ਮਾਤ੍ਰ ਸੇ ਰਾਤ੍ਰੀ ਕੀ ਨਿਵਿਰਤੀ ਕੇ ਸਾਥ ਹੀ ਸ਼ੀਤ ਕੀ ਨਿਵਿਰਤੀ ਜਿਨ ਦੇਸ਼ੋਂ ਮੇਂ ਭਈ ਹੈ, ਤਿਨ ਦੇਸ਼ੋਂ ਮੇਂ ਇਸਥਿਤ ਪੁਰਸ਼ੋਂ ਕੋ ਅਗਨੀ ਪਰਜ੍ਵਲਤ ਕੀ ਕੁਛ ਅਪੇਖਸ਼ਾ ਨਹੀਂ ਹੈ, ਔਰ ਜਿਨ ਦੇਸ਼ੋਂ ਮੇਂ ਰਾਤ੍ਰੀ ਕੀ ਨਿਵਿਰਤੀ ਹੋਨੇ ਪਰ ਭੀ ਸੀਤ ਕੀ ਨਿਵਿਰਤੀ ਨਹੀਂ ਭਈ, ਤਿਨ ਦੇਸ਼ੋਂ ਮੇਂ ਇਸਥਿਤ ਪੁਰਸ਼ ਕੋ ਅਗਨੀ ਪਰਜ੍ਵਲਤ ਕਰਨੀ ਚਾਹੀਏ। ਅਗਨੀ ਕੇ ਜਲਾਵਨੇ ਕਾ ਰਾਤ੍ਰੀ ਕੀ ਨਿਵਿਰਤੀ ਮੇਂ ਉਪਯੋਗ ਨਹੀਂ ਜਿਸ ਸੇ ਰਾਤ੍ਰੀ ਕੀ ਨਿਵਿਰਤੀ ਸੂਰਯ ਕੇ ਉਦੇ ਮਾਤ੍ਰ ਸੇ ਹੀ ਹੋ ਜਾਵੇ ਹੈ, ਕਿੰਤੂ ਸੂਰਯ ਕੇ ਉਦਯ ਸੇ ਵਿਸ਼ੇਸ਼ ਆਰਾਮਦਾਰੀ ਕਾ ਪ੍ਰਤਿਬੰਧਕ ਜੋ ਸੀਤ ਹੈ ਤਾਂਕੀ ਨਿਵਿਰਤੀ ਅਗਨੀ ਸੇ ਹੋਵੇ ਹੈ, ਯਾਂ ਤੇ ਅਗਨੀ ਕਾ ਜਲਾਵਨਾ ਭੀ ਸਫਲ ਹੈ, ਰਾਤ੍ਰੀ ਕੀ ਨਿਵਿਰਤੀ ਕੇਵਲ ਸੂਰਯ ਕੇ ਉਦਯ ਮਾਤ੍ਰ ਸੇ ਹੀ ਹੋ ਜਾਵੇ ਹੈ ਯਾਂਤੇ ਸੂਰਯ ਕੀ ਸ੍ਵਯੰ ਪ੍ਰਕਾਸ਼ਤਾ ਕਾ ਅਭਾਵ ਨਹੀਂ ਤੈਸੇ ਮਹਾਂ ਵਾਕ੍ਯ ਕੇ ਸਰਵਣ ਮਾਤ੍ਰ ਸੇ ਹੀ ਅਖੰਡ ਵਸਤੂ ਕਾ ਬੋਧ ਹੋਵੇ ਹੈ, ਪਰੰਤੂ ਜਾਕੋ ਅਸੰਭਾਵਨਾ ਵਿਪਰੀਤ ਭਾਵਨਾ ਹੋਵੇ ਤਾਂਕੋ ਗਿਆਨ ਕਾ ਫਲ ਜੋ ਤ੍ਰਿਗੁਣ ਅਤੀਤ ਮੋਖਸ਼ ਹੈ, ਤਾਕੀ ਪਰਾਪਤੀ ਹੋਵੇ ਨਹੀਂ ਯਾਂਤੇ ਮੋਖਸ਼ ਕੇ ਪ੍ਰਤਿਬੰਧ ਜੋ ਅਸੰਭਾਵਨਾ ਵਿਪਰੀਤ ਭਾਵਨਾ ਹੈ ਤਾਕੀ ਨਿਵਿਰਤੀ ਵਾਸਤੇ ਲਖਨਾ ਰੂਪ ਵਿਚਾਰ ਕਰਿਆ ਚਾਹੀਏ। ਗਿਆਨ ਕੀ ਉਤਪਤੀ ਮੇਂ ਲਖਨਾ ਉਪਯੋਗੀ ਨਹੀਂ ਜਿਸ ਸੇ ਗਿਆਨ ਕੀ ਉਤਪਤੀ ਮਹਾ ਵਾਕ੍ਯ ਕੇ ਸਰਵਣ ਮਾਤ੍ਰ ਸੇ ਹੋਵੇ ਹੈ. ਯਾਂਤੇ ਮਹਾਂ ਵਾਕ੍ਯ ਸੁਤੰਤ੍ਰ ਹੈ, ਔਰ ਗਿਆਨ ਮੇਂ ਤਥਾ ਮੋਖ ਰੂਪ ਫਲ ਮੇਂ ਪ੍ਰਤੀਬੰਧਕ ਜੋ ਅਸੰਭਾਵਨਾ ਵਿਪਰੀਤ ਭਾਵਨਾ ਦੋਸ਼ ਹੈਂ, ਤਿਨ ਕੀ ਨਿਵਿਰਤੀ ਲਖਨਾ ਸੇ ਹੋਵੇ ਹੈ ਯਾਂਤੇ ਲਖਨਾ ਭੀ ਸਫਲ ਹੈ। ਸ਼ੰਕਾ-(੩) ਹੇ ਭਗਵਨ ਯਦਿ ਭਾਗ ਤਿਆਗ ਲਖਨਾ ਸੇ ਹੀ ਅਖੰਡ ਵਸਤੂ ਕਾ ਨਿਰਸੰਦੇਹ ਬੋਧ ਹੋਵੇ ਹੈ ਲਖਨਾ ਸੇ ਅਨੰਤਰ ਅਦ੍ਵੈ ਆਨੰਦ ਕੋ ਪ੍ਰਤਿਯਕ ਬੋਧ ਸੇ ਮਿਲਾਵਣਾ ਔਰ ਪ੍ਰਤਿਯਕ ਬੋਧ ਕੋ ਅਦ੍ਵੈ ਅਨੰਦ ਸੇ ਮਿਲਾਵਨਾ, ਯਹ ਜੋ ਓਤਪ੍ਰੋਤ ਭਾਵ ਰੂਪ ਵਿਚਾਰ ਕਰਨਾ ਨਿਸਫਲ ਹੈ। (ਦ੍ਰਿਸਟਾਤ)-ਜੈਸੇ ਏਕ ਪੁਰਸ਼ ਸ਼ਰੀਰ ਮੇਂ ਪੁਤਰ ਕੀ ਦ੍ਰਿਸ਼ਟੀ ਸੇ ਪਿਤਾਪਨ ਔਰ ਪੋਤਰੇ ਕੀ ਦ੍ਰਿਸ਼ਟੀ ਸੇ ਦਾਦਾਪਨ ਪ੍ਰਤੀਤ ਹੋਵੇ ਹੈ, ਔਰ ਪੁਤਰ ਪੋਤਰੇ ਕੀ ਦ੍ਰਿਸਟੀ ਤਿਆਗਨੇ ਸੇ ਨ ਪਿਤਾਪਨ ਹੈ ਔਰ ਨ ਦਾਦਾਪਨ ਹੈ, ਕੇਵਲ ਪੁਰਸ਼ ਕਾ ਪਿੰਡ ਮਾਤ੍ਰ ਹੈ, ਤਾਂ ਮੇਂ ਵਿਚਾਰ ਕੀ ਅਪੇਖਸ਼ਾ ਨਹੀਂ ਤੈਸੇ ਏਕ ਹੀ ਚੇਤਨ ਮੇਂ ਮਾਇਆ ਰੂਪ ਉਪਾਧਿ ਕਰਕੇ ਈਸ਼ਵਰਪੁਨਾ ਹੈ, ਅਵਿਦਿਆ ਰੂਪ ਉਪਾਧਿ ਕਰਕੇ ਜੀਵ ਪੁਨਾ ਪ੍ਰਤੀਤ ਹੋਵੇ ਹੈ ਔਰ ਮਾਇਆ ਤਥਾ ਅਵਿਦਿਆ ਕੇ



ਤਿਆਗ ਕਰਕੇ ਜੀਵ ਭਾਵ ਹੈ ਨ ਈਸ਼ਵਰ ਭਾਵ ਹੈ, ਨ ਪਰੋਖਯ ਹੈ ਨ ਅਪਰੋਖਯ ਹੈ ਕੇਵਲ ਅਖੰਡ ਚਿਨ੍ਹ ਮਾਤ੍ਰ ਕਰਕੇ ਇਸਥਿਤ ਹੈ ਯਾਤੇ ਪੁਨ: ਓਤ ਪ੍ਰੋਤ ਭਾਵ ਕੀ ਅਪੇਖਸ਼ਾ ਨਹੀਂ ਹੈ। ਸਮਾਧਾਨ-(੩) ਜਿਨਕੇ ਮਤ ਮੇਂ ਭਾਗ ਤਿਆਗ ਲਖਨਾ ਕਰਨੇ ਸੇ ਅਖੰਡ ਵਸਤੂ ਕਾ ਨਿਰਸੰਦੇਹ ਬੋਧ ਹੋਵੇ ਹੈ, ਤਿਨਕੇ ਮਤ ਮੇਂ ਓਤ ਪ੍ਰੋਤ ਭਾਵ ਕਾ ਅੰਗੀਕਾਰ ਨਹੀਂ ਹੈ ਔਰ ਜਿਨ ਕੇ ਮਤ ਮੇਂ ਓਤਪ੍ਰੋਤ ਭਾਵ ਕਾ ਅੰਗੀਕਾਰ ਹੈ ਉਨ ਕੇ ਮਤ ਮੇਂ ਭਾਗ ਤਿਆਗ ਲਖਨਾ ਕਰਨੇ ਸੇ ਭੀ ਅਖੰਡ ਵਸਤੂ ਕਾ ਨਿਰਸੰਦੇਹ ਬੋਧ ਹੋਵੇ ਨਹੀਂ, ਕਿੰਤੂ ਜੀਵ ਈਸ਼ਵਰ ਕੇ ਸ੍ਵਰੂਪ ਸੇ ਨਿਕਸ ਕੇ ਅਵਿਦਿਆ ਸੰਕੋਚ ਭਾਵ ਕੋ ਪ੍ਰਾਪਤ ਹੋਵੇ ਹੈ, ਸੰਕੋਚ ਕੋ ਪ੍ਰਾਪਤ ਹੁਈ ਅਵਿਦਿਆ ਜੀਵ ਈਸ਼੍ਵਰ ਕੇ ਅਭੇਦਪਨੇ ਮੇਂ ਰਹੇ ਹੈ। (ਦ੍ਰਿਸ਼ਟਾਂਤ)-ਜੈਸੇ ਦਹੇਲੀ (ਚੁਗਾਠ) ਕੇ ਉਪਰ ਦੀਪਕ ਕੇ ਰਖਨੇ ਸੇ ਗ੍ਰਿਹਿ ਕਾ ਅੰਧਕਾਰ ਸੰਕੋਚ ਕਰਕੇ ਏਕ ਕੋਨੇ ਮੇਂ ਰਹਿ ਜਾਵੇ ਹੈ, ਤੈਸੇ ਭਾਗ ਤਿਆਗ ਲਖਨਾ ਕਰਨੇ ਸੇ ਭੀ ਅਵਿਦਿਆ ਜੀਵ ਈਸ਼ਵਰ ਕੀ ਅਭੇਦਤਾ ਕੋ ਆਛਾਦਨ ਕਰਕੇ ਅਦ੍ਵੈ ਅਨੰਦ ਮੇਂ ਪਰੋਖਯਤਾ ਭ੍ਰਾਂਤਿ ਕੋ ਉਤਪੰਨ ਕਰੇ ਹੈ ਔਰ ਪ੍ਰਤਿਯਕ ਬੋਧ ਯਾਨੇ ਸਾਖੀ ਮੇਂ ਪ੍ਰਛਿੰਕ ਪਨੇ ਕੀ ਭ੍ਰਾਂਤੀ ਕੋ ਉਤਪਨ ਕਰੇ ਹੈ। ਤਿਸ ਅਵਿਦਿਆ ਕੀ ਨਿਵਿਰਤੀ ਵਾਸਤੇ ਓਤ ਪ੍ਰੋਤ ਭਾਵ ਕਾ ਅਵਸ਼੍ਯ ਹੀ ਅੰਗੀਕਾਰ ਕਰਨਾ ਚਾਹੀਏ। ਜਿਸ ਪ੍ਰਕਾਰ ਓਤ ਪ੍ਰੋਤ ਭਾਵ ਕੇ ਅੰਗੀਕਾਰ ਕਾ ਪ੍ਰਭਾਵ ਹੈ ਸੋ ਦਿਖਾਤੇ ਹੈਂ, ਤਤ ਪਦ ਕਾ ਲਖਯ ਅਰਥ ਜੋ ਅਦ੍ਵੈ ਅਨੰਦ ਬ੍ਰਹਮ ਹੈ, ਔਰ ਤ੍ਵੰ ਪਦ ਕਾ ਲਖਯ ਅਰਥ ਜੋ ਸਾਖੀ ਚੇਤਨ ਹੈ ਤਿਸਕੇ ਸਾਥ ਏਕਤਾ ਕਰਨੀ ਔਰ ਤ੍ਵੰ ਪਦ ਕੇ ਲਖਯ ਅਰਥ ਸਾਖੀ ਕੀ ਤਤ ਪਦ ਕੇ ਲਖਯ ਅਰਥ ਬ੍ਰਹਮ ਕੇ ਸਾਥ ਏਕਤਾ ਕਰਨੀ, ਇਸ ਪ੍ਰਕਾਰ ਪਰਸਪਰ ਮਿਲਾਵਨੇ ਕਰਕੇ ਤਤ੍ਵੰ ਪਦ ਕੇ ਅਭੇਦ ਮੇਂ ਰਹੀ ਜੋ ਅਵਿਦਯਾ ਉਸਕਾ ਅਭਾਵ ਹੋ ਜਾਵੇ ਹੈ ਔਰ ਅਵਿਦਿਆ ਕਾ ਕਾਰਯ ਰੂਪ ਜੋ ਤਤ ਪਦ ਮੇਂ ਪਰੋਖਯਤਾ ਔਰ ਤ੍ਵੰ ਪਦ ਮੇਂ ਪ੍ਰਛਿੰਨਤਾ ਭ੍ਰਾਂਤਿ ਕਾ ਭੀ ਅਭਾਵ ਹੋਵੇ ਹੈ ਤਦ ਅਨੰਤਰ ਸਜਾਤਿ ਵਿਜਾਤਿ ਸ੍ਵਗਤ ਭੇਦ ਸੇ ਰਹਿਤ ਅਖੰਡ ਵਸਤੂ ਮੇਂ ਵਿਦਵਾਨ ਕੀ ਇਸਥਿਤਿ ਹੋਵੇ ਹੈ ਐਸੀ ਅਖੰਡਾਕਾਰ ਬ੍ਰਿਤੀ ਕਾ ਨਾਮ ਸਮਯਕ ਬੋਧ ਹੈ। (ਸ਼ੰਕਾ ੪) ॥ ਹੇ ਭਗਵਨ ਅਦ੍ਵੈ ਅਨੰਦ ਬ੍ਰਹਮ ਕੋ ਪ੍ਰਤਿਯਕ ਬੋਧ ਸਾਖੀ ਕੇ ਸਾਥ ਮਿਲਾਵਨੇ ਸੇ ਦੋਨੋਂ ਕੀ ਅਭੇਦਤਾ ਨਿਰਾਵਰਣ ਹੋਵੇ ਹੈ ਯਾਂਤੇ ਪੁਨ: ਪ੍ਰਤਿਯਕ ਬੋਧ ਸਾਖੀ ਕੋ ਅਦ੍ਵੈ ਆਨੰਦ ਬ੍ਰਹਮ ਕੇ ਸਾਥ ਮਿਲਾਨਾ ਨਿਸ਼ਫਲ ਹੈ। ਤਥਾ ਪ੍ਰਤਿਯਕ ਬੋਧ ਸਾਖੀ ਕੋ ਅਦ੍ਵੈ ਆਨੰਦ ਬ੍ਰਹਮ ਕੇ ਸਾਥ ਮਿਲਾਨਾ ਤਥਾ ਅਦ੍ਵੈ ਆਨੰਦ ਬ੍ਰਹਮ ਕੋ ਪ੍ਰਤਿਯਕ ਬੋਧ ਸਾਖੀ ਕੇ ਸਾਥ ਮਿਲਾਵਨਾ ਨਿਸਫਲ ਹੈ। (ਸਮਾਧਾਨ ੪) ॥ ਸੂਖਯਮ ਵਿਚਾਰ ਕਰਕੇ ਦੇਖੀਏ ਤੋ ਭਾਗ ਤਿਆਗ ਲਖਨਾ ਕਰਨੇ ਸੇ ਭੀ ਜੀਵ ਈਸ਼੍ਵਰ ਕੇ ਅਭੇਦ ਮੇਂ ਅਵਿਦਿਆ ਕੀ ਅਤਯੰਤ ਨਿਵਿਰਤੀ ਹੋਵੇ ਨਹੀਂ ਕਾਹੇ ਤੇ ਤਤ ਪਦ ਮੇਂ ਲਖਨਾ ਕਰਨੇ ਸੇ ਈਸ਼੍ਵਰ ਸ੍ਵਰੂਪ ਮੇਂ ਉਤਪਤੀ ਪਾਲਨ ਸੰਘਾਰ. ਰੂਪ ਭ੍ਰਾਂਤਿ ਕੀ ਨਿਵਿਰਤੀ ਹੋਵੇ ਹੈ, ਯਾਂਤੇ ਈਸ਼੍ਵਰ ਮੇਂ ਅਕ੍ਰਿਯ ਰੂਪਤਾ ਕੀ ਨਿਰਾਵਰਣਤਾ ਹੋਵੇ ਹੈ, ਪਰੰਤੂ ਈਸ਼੍ਵਰ ਕੇ ਸ੍ਵਰੂਪ ਮੇਂ ਪ੍ਰਤਖਯਤਾ ਕੀ ਨਿਰਾਵਰਣਤਾ

ਹੋਵੇ ਨਹੀਂ ਯਾਂਤੇ ਸੰਕੋਚ ਭਾਵ ਕੋ ਪ੍ਰਾਪਤ ਹੂਈ ਅਵਿਦਿਆ ਈਸ੍ਰ ਕੇ ਸ੍ਵਰੂਪ ਮੇਂ ਪ੍ਰਤੱਖਜਤਾ ਵਿਸੇਸਣ ਕੇ ਆਸ੍ਰਿਤ ਰਹੇ ਹੈ ਔਰ ਤ੍ਵੰ ਪਦ ਮੇਂ ਲਖਣਾ ਕਰਨੇ ਸੇ ਜੀਵ ਕੇ ਸ੍ਵਰੂਪ ਮੇਂ ਕਰਤ੍ਰਿਤ੍ਵ ਭੋਕਤ੍ਰਿਤ੍ਵ ਭ੍ਰਾਂਤੀ ਕੀ ਨਿਵ੍ਰਿਤੀ ਹੋਵੇ ਹੈ ਯਾਂਤੇ ਜੀਵ ਮੇਂ ਅਕ੍ਰਿਯ ਵਿਸੇਸ਼ਣ ਕੀ ਨਿਰਾਵਰਣਤਾ ਤੋ ਹੋਵੇ ਹੈ ਪਰੰਤੂ ਜੀਵ ਕੇ ਸ੍ਵਰੂਪ ਮੇਂ ਵਿਭੁਤ੍ਵ ਵਿਸ਼ੇਸ਼ਣਤਾ ਕੀ ਨਿਰਾਵਰਣਤਾ ਹੋਵੇ ਨਹੀਂ । ਯਾਂਤੇ ਸੰਕੋਚ ਭਾਵ ਕੋ ਪ੍ਰਾਪਤ ਹੂਈ ਅਵਿਦਿਆ ਜੀਵ ਕੇ ਸ੍ਵਰੂਪ ਮੇਂ ਭੀ ਅਪਰਿਛਿੰਨਤਾ (ਵਿਭੂ) ਵਿਸ਼ੇਸ਼ਣ ਕੇ ਆਸ੍ਰਿਤ ਰਹੇ ਹੈ । ਅਦ੍ਵੈ ਅਨੰਦ ਬ੍ਰਹਮ ਕੋ ਪ੍ਰਤਯਕ ਬੋਧ ਸਾਖੀ ਕੇ ਸਾਥ ਮਿਲਾਵਨੇ ਸੇ ਦੋਨੋਂ ਕੀ ਅਭੇਦਤਾ ਨਿਰਾਵਰਣ ਹੋਵੇ ਹੈ ਯਾਂਤੇ ਅਦ੍ਵੈ ਅਨੰਦ ਬ੍ਰਹਮ ਸੇ ਪ੍ਰਤਖਜਤਾ ਵਿਸ਼ੇਸ਼ਣ ਕੀ ਭੀ ਨਿਰਾਵਰਣਤਾ ਹੋਵੇ ਹੈ ਪਰੰਤੂ ਪ੍ਰਤਯਕ ਬੋਧ ਸਾਖੀ ਮੇਂ ਅਪਰਿਛਿੰਨਤਾ ਵਿਸ਼ੇਸ਼ਣ ਕੀ ਨਿਵਾਰਣਤਾ ਹੋਵੇ ਨਹੀਂ । ਤਾਂਕੇ ਆਸ੍ਰਿਤ ਰਹੀ ਜੋ ਅਵਿਦਿਆ ਤਾਂਕੀ ਨਿਵਿਰਤੀ ਵਾਸਤੇ ਪੁਨ: ਪ੍ਰਤਯਕ ਬੋਧ ਸਾਖੀ ਕੋ ਅਦ੍ਵੈ ਆਨੰਦ ਬ੍ਰਹਮ ਕੇ ਸਾਥ ਮਿਲਾਵਨਾ ਚਾਹੀਏ ਤਦ ਅਨੰਤਰ ਪ੍ਰਤਯਕ ਬੋਧ ਸਾਖੀ ਮੇਂ ਭੀ ਅਪਰਿਛਿੰਨਤਾ ਯਾਨੇ ਪੂਰਣਤਾ ਕੀ ਨਿਰਾਵਰਣਤਾ ਹੋਵੇ ਹੈ ਯਾਨੇ ਸਾਖੀ ਮੇਂ ਪੂਰਣਤਾ ਸਪਸ਼ਟ ਭਾਨ ਹੋਵੇ ਹੈ । ਇਸ ਪ੍ਰਕਾਰ ਪਰਸਪਰ ਮਿਲਾਵਨੇ ਸੇ ਅਵਿਦਿਆ ਕੀ ਸਰਵਥਾ ਨਿਵਿਰਤੀ ਹੋਵੇ ਹੈ ਯਾਂਤੇ ਤਾਂਕਾ ਕਾਰਯ ਰੂਪ ਜੋ ਪਰੋਖਜਤਾ ਭ੍ਰਾਂਤਿ ਅਦ੍ਵੈ ਆਨੰਦ ਮੇਂ ਹੈ ਔਰ ਪਰਿਛਿੰਨਤਾ ਭ੍ਰਾਂਤਿ ਸਾਖੀ ਮੇਂ ਹੈ ਤਾਂਕੀ ਭੀ ਨਿਵਿਰਤੀ ਹੋਵੇ ਹੈ ਤਬ ਨਿਰਸੰਦੇਹ ਅਖੰਡ ਰੂਪਤਾ ਕਰਕੇ ਇਸਥਿਤੀ ਰੂਪ ਮੋਖਸ਼ ਹੋਵੇ ਹੈ। ਪੂਰਵੋਕਤ ਪ੍ਰਕਾਰ ਸੇ ਅਚਿੰਤਜ ਸ਼ਕਤੀ ਸੇ ਉਤਮ ਅਧਿਕਾਰੀ ਕੋ ਅਖੰਡ ਵਸਤੂ ਕਾ ਬੋਧ ਹੋਵੇ ਹੈ ਔਰ ਲਖਣਾ ਕਰਨੇ ਸੇ ਮੱਧਜਮ ਮੁਮੁਖਸ਼ੂ ਕੋ ਭੀ ਅਖੰਡ ਵਸਤੂ ਕਾ ਬੋਧ ਹੋਵੇ ਹੈ ਔਰ ਓਤ ਪ੍ਰੋਤ ਭਾਵ ਕਰਨੇ ਸੇ ਕਨਿਸ਼ਟ ਅਧਿਕਾਰੀ ਕੋ ਭੀ ਬੋਧ ਹੋਵੇ ਹੈ ਯਾਂਤੇ ਅਧਿਕਾਰੀ ਭੇਦ ਸੇ ਮਤੋਂ ਕਾ ਭੇਦ ਹੈ ਵਾਸਤਵ ਮੇਂ ਨਹੀਂ । ਕਾਹੇ ਤੇ ਅਖੰਡ ਵਸਤੂ ਕੇ ਪ੍ਰਤਿਪਾਦਕ ਜੋ ਪ੍ਰਕਾਰ ਹੈਂ ਤਾਂਕਾ ਭੇਦ ਹੈ ਔਰ ਪ੍ਰਤਿਪਾਦਜ ਜੋ ਅਖੰਡ ਵਸਤੂ ਸੋ ਏਕ ਹੀ ਹੈ। (ਸ਼ੰਕਾ ੫) ਹੇ ਭਗਵਨ ! ਪੂਰਵ ਜੋ ਤੀਨ ਪ੍ਰਕਾਰ ਸੇ ਅਖੰਡ ਵਸਤੂ ਕਾ ਬੋਧ ਕਥਨ ਕੀਆ ਹੈ ਸੋ ਸੰਭਵੇ ਨਹੀਂ । ਕਾਹੇ ਤੇ ਗਿਆਨ ਕਰਕੇ ਜਿਸ ਅਖੰਡ ਵਸਤੂ ਕਾ ਬੋਧ ਹੋਵੇ ਹੈ ਸੋ ਅਖੰਡ ਵਸਤੂ ਸਉਪਾਧਿਕ ਹੈ ਵਾ ਨਿਰਉਪਾਧਿਕ ਹੈ ? ਜੋ ਪ੍ਰਥਮ ਪਖ ਅੰਗੀਕਾਰ ਕਰੋਗੇ ਤੋ ਲਖਣਾ ਰੂਪ ਵਿਚਾਰ ਬਿਅਰਥ ਹੈ । ਕਾਹੇ ਤੇ ਏਕਤ੍ਰ ਕੇ ਵਿਰੋਧੀ ਜੋ ਸਮਸਟੀ ਬਯਸਟੀ ਤੀਨੋਂ ਸਰੀਰ ਤਿਨ ਕੇ ਤਿਆਗ ਵਾਸਤੇ ਲਖਣਾ ਕਾ ਅੰਗੀਕਾਰ ਹੈ। ਜੋ ਲਖਣਾ ਕਾ ਅੰਗੀਕਾਰ ਕਰਨੇ ਸੇ ਭੀ ਅਖੰਡ ਵਸਤੂ ਮੇਂ ਉਪਾਧਿ ਕੀ ਨਿਵਿਰਤੀ ਨ ਹੂਈ ਤੋ ਲਖਣਾ ਕਿਸ ਵਾਸਤੇ ਅੰਗੀਕਾਰ ਕਰਨੀ ਹੈ । ਕੇਵਲ ਸ਼ਕਤੀ ਬ੍ਰਿਤੀ ਸੇ ਹੀ ਸਉਪਾਦਿਕ ਅਖੰਡ ਵਸਤੂ ਕਾ ਬੋਧ ਹੋਵੇਗਾ ਜੋ ਦੁਤੀਯ ਪਖਜ ਅੰਗੀਕਾਰ ਕਰੋਗੇ ਤੋ ਭੀ ਨਿਰਉਪਾਧਿਕ ਅਖੰਡ ਵਸਤੂ ਮੇਂ ਲਖਣਾ ਬਨੈ ਨਹੀਂ । ਕਾਹੇ ਤੇ ਨਿਰਉਪਾਧਿਕ ਮਨ ਬਾਣੀ ਸੇ ਅਤੀਤ ਹੈ ਤਾਂਕੀ ਮਨ ਬਾਣੀ ਕਰਕੇ ਲਖਨਾ ਸੰਭਵ ਨਹੀਂ । (ਸਮਾਧਾਨ ੫) ਸਮਸਟੀ ਵਿਅਸਟੀ ਤੀਨੋਂ ਸਰੀਰ ਰੂਪ ਉਪਾਧੀਓਂ ਸੇ ਰਹਿਤ ਚਿੰਨ ਮਾਤ੍ਰ ਅਖੰਡ



ਵਸਤੂ ਨਿਰਉਪਾਧਿਕ ਹੈ। ਇਸ ਵਾਸਤੇ ਲਖਣਾ ਰੂਪ ਵਿਚਾਰ ਭੀ ਸਫਲ ਹੈ ਅਰ ਸਤਿ ਚਿਤ ਆਨੰਦ ਲਖਨਾ ਰੂਪ ਉਪਾਧੀਓਂ ਸਹਿਤ ਹੀ ਪ੍ਰਤਜਖਸ਼ ਹੋਵੇ ਹੈ, ਇਸ ਵਾਸਤੇ ਲਖਣਾ ਭੀ ਸੰਭਵ ਹੈ। (ਸ਼ੰਕਾ ੬) ਹੇ ਭਗਵਨ ਸਚਿਦਾਨੰਦ ਵਿਸ਼ੇਸ਼ਣੋਂ ਕਾ ਅਰਥ ਭਿੰਨ ਭਿੰਨ ਹੈ ਅਥਵਾ ਏਕ ਹੀ ਹੈ, ਜੋ ਪ੍ਰਥਮ ਪੱਖ ਅੰਗੀਕਾਰ ਕਰੋਗੇ ਤੋ ਅਖੰਡ ਵਸਤੂ ਮੇਂ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇਗੀ ਔਰ ਜੋ ਦੁਤੀਯ ਪਖ ਅੰਗੀਕਾਰ ਕਰੋਗੇ ਤੋ ਪੁਨਰ-ਉਕਤੀ ਦੋਸ਼ ਕੀ ਪ੍ਰਾਪਤੀ ਹੋਵੇਗੀ ਕਾਹੇ ਤੇ ਜਿਸ ਅਖੰਡ ਵਸਤੂ ਕੋ ਸਤ ਵਿਸ਼ੇਸ਼ਣ ਕਥਨ ਕਰੇ ਹੈ ਤਿਸੀ ਕੋ ਚੇਤਨ ਤਥਾ ਆਨੰਦ ਵਿਸ਼ੇਸ਼ਣ ਕਥਨ ਕਰੇ ਹੈ ਜਬ ਅਖੰਡ ਵਸਤੂ ਕੀ ਸਿਧੀ ਏਕ ਸਤ ਵਿਸ਼ੇਸ਼ਣ ਕੇ ਉਚਾਰਣ ਸੇ ਹੀ ਹੋਵੇ ਹੈ ਤਬ ਅਧਿਕ ਵਿਸ਼ੇਸ਼ਣੋਂ ਕਾ ਉਚਾਰਣ ਨਿਸਫਲ ਹੈ ਔਰ ਇਸ ਨਿਸਫਲਤਾ ਕਾ ਨਾਮ ਹੀ ਪੁਨਰ-ਉਕਤੀ ਦੋਸ਼ ਹੈ। ਦ੍ਰਿਸ਼ਟਾਂਤ–ਜੈਸੇ ਘਟ, ਕਲਸ, ਕੁੰਭ, ਇਨ ਸਬਦੋਂ ਕੋ ਇਕੱਠਾ ਉਚਾਰਣ ਕਰਨੇ ਮੇਂ ਪੁਨਰਉਕਤੀ ਦੋਸ਼ ਕੀ ਪ੍ਰਾਪਤੀ ਹੋਵੇ ਹੈ ਜਿਮ ਸੇ ਘਟ ਪਦਾਰਥ ਕੀ ਸਿਧਿ ਤੋਂ ਏਕ ਘਟ ਸ਼ਬਦ ਕੇ ਉਚਾਰਣ ਸੇ ਹੋਵੇ ਹੈ ਯਾਂਤੇ ਅਧਿਕ ਕਾ ਉਚਾਰਣ ਕਰਨਾ ਨਿਸਫਲ ਹੈ । ਸਮਾਧਾਨ ੬ ॥ ਸੱਚਿਦਾਨੰਦ ਵਿਸ਼ੇਸ਼ਣੋ ਕਰਕੇ ਨਿਰਾਵਰਣ ਹੂਆ ਜੋ ਅਖੰਡ ਵਸਤੂ ਹੈ ਸੋ ਏਕ ਹੀ ਹੈ ਯਾਂਤੇ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇ ਨਹੀਂ ਔਰ ਤੀਨ ਵਿਸ਼ੇਸ਼ਣ ਅਤਿ ਵਿਆਪਤੀ ਦੋਸ਼ ਕੀ ਨਿਵਿਰਤੀ ਵਾਸਤੇ ਕਥਨ ਕੀਏ ਹੈਂ । ਯਾਂਤੇ ਪੁਨਰ ਉਕਤੀ ਦੋਸ਼ ਕੀ ਪ੍ਰਾਪਤੀ ਭੀ ਹੋਵੇ ਨਹੀਂ ਜੋ ਸਤ ਵਸਤੂ ਹੈ ਵੋਹ ਹੀ ਅਖੰਡ ਵਸਤੂ ਹੈ ਐਸਾ ਲਖਣ ਕਰਤੇ ਤੋ ਇਸ ਲਖਣ ਕਾ ਲਖਜ ਜੋ ਅਖੰਡ ਵਸਤੂ ਹੈ । ਤਿਸ ਮੇਂ ਵਰਤ ਕਰਕੇ ਅਲਖਜ ਜੋ ਅਕਾਸ਼ ਪ੍ਰਧਾਨਾਦਿਕ ਹੈਂ ਤਿਨ ਮੇਂ ਭੀ ਵਰਤੇ ਹੈ। ਕਾਹੇ ਤੇ ਨਜਾਯਕ ਮਤ ਮੇਂ ਆਕਾਸ਼ ਪ੍ਰਮਾਣੂ ਸਨਾਦਿਕ ਨਿਤ ਮਾਨੇਂ ਹੈਂ ਔਰ ਸਾਖਜ ਮਤ ਮੇਂ ਪ੍ਰਧਾਨ ਕੋ ਨਿੱਤ ਮਾਨੇ ਹੈਂ ਯਾਂਤੇ ਆਕਾਸ਼ ਮਨ ਪ੍ਰਧਾਨਾਦਿਕ ਪਦਾਰਥ ਭੀ ਅਖੰਡ ਵਸਤੂ ਹੂਏ ਚਾਹੀਏ, ਇਸ ਕਾ ਨਾਮ ਅਤੀ ਬਜਾਪਤੀ ਦੋਸ਼ ਹੈ । ਤਿਨੋਂ ਕੀ ਵਿਆਵ੍ਰਿਤੀ ਕੇ ਨਮਿਤ ਚੇਤਨ ਵਿਸ਼ੇਸ਼ਣ ਕਾ ਉਚਾਰਨ ਕੀਆ ਹੈ । ਆਕਾਸ਼ ਮਨ ਪ੍ਰਧਾਨਾਦਿਕ ਚੇਤਨ ਨਹੀਂ, ਕਿੰਤੂ ਜੜ੍ਹ ਹੈਂ ਜੋ ਚੇਤਨ ਹੈ ਸੋਈ ਅਖੰਡ ਵਸਤੂ ਹੈ ਯਦਿ ਐਸਾ ਹੀ ਲਖਣ ਕਰਤੇ ਤੋ ਬੁਧੀ ਸੂਰਯਾਦਿਕ ਮੀ ਅਖੰਡ ਹੂਏ ਚਾਹੀਏ। ਕਾਹੇ ਤੇ ਵਿਗਿਆਨ ਵਾਦਿ ਬੁਧੀ ਕੋ ਸ੍ਵਪ੍ਰਕਾਸ਼ ਮਾਨੇ ਹੈਂ, ਸੂਰਯ ਕੇ ਉਪਾਸ਼ਕ ਸੂਰਯ ਕੋ ਸ੍ਵਪ੍ਰਕਾਸ਼ ਮਾਨੇ ਹੈਂ । ਔਰ ਸਾਂਖਜ ਮਤ ਵਾਲੇ ਪੁਰਸ਼ ਕੋ ਅਸੰਗ ਸ੍ਵਯੰ ਪ੍ਰਕਾਸ਼ ਮਾਨੇ ਹੈ, ਤਿਨ ਕੇ ਵਿਯਾਵ੍ਰਿਤੀ ਕੇ ਵਾਸਤੇ ਆਨੰਦ ਵਿਸ਼ੇਸ਼ਣ ਕਾ ਉਚਾਰਣ ਕੀਆ ਹੈ। ਬੁਧੀ, ਸੂਰਯ, ਪੁਰਸ਼, ਆਨੰਦ ਰੂਪ ਨਹੀਂ ਹੈ, ਇਸ ਰੀਤਿ ਸੇ ਅਨਜਮਤ ਸੇ ਭਿੰਨਤਾ ਕਰਕੇ ਅਖੰਡ ਵਸਤੂ ਕੋ ਤੀਨੋਂ ਵਿਸ਼ੇਸ਼ਣ ਲਖਾਵੇ ਹੈਂ । ਯਾਂਤੇ ਤੀਨੋਂ ਵਿਸ਼ੇਸ਼ਣ ਕਾ ਉਚਾਰਣ ਨਿਸਫਲ ਨਹੀਂ ਕਿੰਤੂ ਜਿਨ ਮੇਂ ਤੀਨੋਂ ਵਿਸ਼ੇਸ਼ਣ ਨਹੀਂ ਸੋ ਸੰਪੂਰਣ ਅਨਾਤਮਾ ਹੋਨੇ ਤੇ ਮਿਥਿਆ ਹੈ ਔਰ ਜੋ ਵਸਤੂ ਤੀਨੋਂ ਵਿਸ਼ੇਸ਼ਣੋਂ ਕੇ ਸਹਿਤ ਹੈ, ਸੋ ਅਖੰਡ ਵਸਤੂ ਹੈ । ਦ੍ਰਿਸ਼ਟਾਂਤ–ਜੈਸੇ ਕਟੂ, ਸੁਗੰਧ, ਸ਼ੀਤਲ, ਯਹ ਤੀਨ ਚੰਦਨ

ਕੇ ਵਿਸ਼ੇਸ਼ਣ ਹੈਂ । ਤਿਨ ਕੇ ਉਚਾਰਣ ਕਰਨੇ ਸੇ ਪੁਨਰਉਕਤੀ ਦੋਸ਼ ਕੀ ਪ੍ਰਾਪਤੀ ਹੋਵੇ ਨਹੀਂ ਕਾਹੇ ਤੇ ਜੋ ਕਟੂ ਹੈ ਸੋਈ ਚੰਦਨ ਹੈ ਯਦਿ ਐਸਾ ਹੀ ਲਖਣ ਕਰਤੇ ਤੋ ਕਟੂ ਨੀਮ ਆਦਿਕ ਪਦਾਰਥ ਭੀ ਹੈ । ਸੋ ਭੀ ਚੰਦਨ ਹੂਏ ਚਾਹੀਏ ਯਾਂਤੇ ਨੀਮਾਦਿਕੋਂ ਸੇ ਵਯਾਵ੍ਰਿਤੀ ਕੇ ਵਾਸਤੇ ਸੁਗੰਧ ਵਿਸ਼ੇਸ਼ਣ ਕਾ ਉਚਾਰਣ ਕੀਆ ਹੈ । ਜੋ ਸੁਗੰਧ ਰੂਪ ਹੈ ਸੋਈ ਚੰਦਨ ਹੈ । ਯਦਿ ਐਸਾ ਹੀ ਲਖਣ ਕਰਤੇ ਤੋ ਸੁਗੰਧ ਰੂਪ ਪੁਸ਼ਪਾਦਿਕ ਪਦਾਰਥ [illegible] ਹੈ ਸੋ ਭੀ ਚੰਦਨ ਹੂਏ ਚਾਹੀਏ । ਯਾਂ ਤੇ ਤਿੰਨ ਸੇ ਵਯਾਵ੍ਰਿਤੀ (ਭੇਦ) ਕੇ ਵਾਸਤੇ [illegible] ਵਿਸ਼ੇਸ਼ਣ ਕਾ ਉਚਾਰਣ ਕੀਆ ਹੈ, ਇਸ ਪ੍ਰਕਾਰ ਅਨਯ ਪਦਾਰਥੋਂ ਸੇ ਵਯਾਵ੍ਰਿਤੀ [illegible] ਤੀਨੋਂ ਵਿਸ਼ੇਸ਼ਣੋਂ ਕਾ ਉਚਾਰਣ ਹੈ ਯਾਤੇ ਪੁਨਰਉਕਤੀ ਦੋਸ਼ ਨਹੀਂ ਤੈਸੇ [illegible] ਵਿਸ਼ੇਸ਼ਣ ਭੀ ਅਨਯਮਤੋਂ ਸੇ ਤਥਾ ਅਸਤ ਜੜ੍ਹ ਦੁਖ ਰੂਪ ਅਨਾਤਮਾ ਸੇ [illegible] ਵਸਤੂ ਕੋ ਭਿੰਨ ਕਰਕੇ ਲਖਾਵੇ ਹੈ ਯਾਂਤੇ ਤਿਸ ਮੇਂ ਭੀ ਪੁਨਰਉਕਤੀ ਦੋਸ਼ ਨਹੀਂ ਹੈ। (ਸ਼ੰਕਾ ੭)–ਹੇ ਭਗਵਨ ਸਤ ਚਿਤ ਆਨੰਦ ਲਖਣ ਵਾਸਤਵ ਹੈ ਵਾ ਕਲਪਿਤ [illegible] । ਯਦਿ ਪ੍ਰਥਮ ਪਖ ਅੰਗੀਕਾਰ ਕਰੋਗੇ ਤੋ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇਗੀ [illegible] ਏਕ ਅਖੰਡ ਵਸਤੂ ਵਾਸਤਵ ਹੂਆ, ਦੂਸਰਾ ਸਚਿਦਾਨੰਦ ਲਖਣ ਵਾਸਤਵ [illegible] । ਅਰ ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਤੋ ਸਚਿਦਾਨੰਦ ਲਖਣ ਸੇ ਅਖੰਡ ਵਸਤੂ ਕਾ ਬੋਧ ਨ ਹੂਆ ਚਾਹੀਏ । (ਦ੍ਰਿਸ਼ਟਾਂਤ)–ਜੈਸੇ ਕਲਪਿਤ ਸੁਪਨ ਕੇ ਸੂਰਯ ਸੇ ਭਾਰਤ ਖੰਡ ਕਾ ਅੰਧਕਾਰ ਨਿਵ੍ਰਿਤ ਹੋਵੇ ਨਹੀਂ ਤੈਸੇ ਕਲਪਿਤ ਸਚਿਦਾਨੰਦ ਲਖਣ ਸੇ ਭੀ ਅਖੰਡ ਵਸਤੂ ਕਾ ਬੋਧ ਹੋਵੇ ਨਹੀਂ । (ਸਮਾਧਾਨ)–ਸਚਿਦਾਨੰਦ ਲਖਣ ਅਚਾਰਿਯੋਂ ਨੇ ਉਪਦੇਸ਼ ਕੇ ਵਾਸਤੇ ਕਲਪਿਆ ਹੈ ਵਾਸਤਵ ਮੇਂ ਨਹੀਂ ਹੈ ਯਾਤੇ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇ ਨਹੀਂ ਔਰ ਕਲਪਿਤ ਸਚਿਦਾਨੰਦ ਵਿਸ਼ੇਸ਼ਣ ਕਲਪਿਤ ਜੋ ਹੈ, ਅਵਿਦਿਆ ਤਤਕਾਰਯ ਅਸਤ ਜੜ ਦੁਖ ਰੂਪ ਤਿਸ ਕੋ ਨਿਸ਼ੇਧ ਕਰੇ ਹੈਂ। ਅਖੰਡ ਵਸਤੂ ਕੇ ਗਿਆਨ ਕੋ ਉਦੇ ਨਹੀਂ ਕਰਤੇ । ਜਿਸ ਸੇ ਅਖੰਡ ਵਸਤੂ ਬੋਧ ਸਰੂਪ ਹੈ, ਜੈਸੇ ਸੂਰਯ ਕੇ ਅਗ੍ਰਭਾਗ ਮੇਂ ਆਏ ਜੋ ਮੇਘ ਤਿਨ ਕੋ ਵਾਯੂ ਨਿਵਿਰਤ ਕਰੇ ਹੈ ਔਰ ਸੂਰਯ ਕੋ ਵਾਯੂ ਪ੍ਰਕਾਸ਼ ਨਹੀਂ ਕਰਤਾ ਜਿਸ ਤੇ ਸੂਰਯ ਸ੍ਵਯ ਪ੍ਰਕਾਸ਼ ਹੈ । ਜੈਸਾ ਦੇਵ ਤੈਸੀ ਬਲੀ ਯਹ ਲੋਗੋਂ ਕਾ ਕਥਨ ਭੀ ਸਫਲ ਹੂਆ । ਕਾਹੇ ਤੇ ਜੈਸੇ ਅਵਿਦਿਆ ਤਤ ਕਾਰਯ ਕਲਪਿਤ ਹੈ ਤੈਸੇ ਤਿਸ ਕੇ ਨਿਸ਼ੇਧਕ ਵਿਸ਼ੇਸ਼ਣ ਭੀ ਕਲਪਿਤ ਹੀ ਚਾਹੀਏ। (ਸ਼ੰਕਾ)–ਹੇ ਭਗਵਾਨ ਅਖੰਡ ਵਸਤੂ ਕਾ ਗਿਆਨ ਸਾਖੀ ਚੇਤਨ ਕੋ ਹੋਵੇ ਹੈ। ਵਾ ਜੜ ਬੁਧੀ ਕੋ ਹੋਵੇ ਹੈ । ਜੋ ਪ੍ਰਥਮ ਪਖਯ ਅੰਗੀਕਾਰ ਕਰੋਗੇ ਤੋ ਚੇਤਨ ਵਿਕਾਰੀ ਹੋਵੇਗਾ । ਔਰ ਜੋ ਦੁਤੀਯ ਪਖਯ ਅੰਗੀਕਾਰ ਕਰੋਗੇ, ਸੋ ਭੀ ਬਨੇ ਨਹੀਂ ਕਾਹੇ ਤੇ ਜੈਸੇ ਜੜ ਸ਼ਿਲਾ ਮੇਂ ਕਿਸੀ ਪਦਾਰਥ ਕਾ ਗਿਆਨ ਬਨੇ ਨਹੀਂ ਤੈਸੇ ਜੜ ਬੁਧਿ ਮੇਂ ਭੀ ਅਖੰਡ ਵਸਤੂ ਕਾ ਗਿਆਨ ਬਨੇ ਨਹੀਂ । (ਸਮਾਧਾਨ)–ਨ ਕੇਵਲ ਚੇਤਨ ਕੋ ਹੀ ਗਿਆਨ ਹੋਵੇ ਹੈ। ਨ ਕੇਵਲ ਬੁਧੀ ਕੋ ਗਿਆਨ ਹੋਵੇ ਹੈ । ਕਿੰਤੂ: ਅੰਤ: ਕਰਣ ਕੀ ਬ੍ਰਹਮਾਕਾਰ ਬ੍ਰਿਤੀ ਮੇਂ ਆਰੂਢ ਚੇਤਨ ਸਹਿਤ ਬ੍ਰਿਤੀ ਕੋ ਅਹੰ ਬ੍ਰਹਮ ਅਸਮਿ ਐਸਾ ਗਿਆਨ



ਹੋਵੇ ਹੈ। (ਦ੍ਰਿਸ਼ਟਾਂਤ)–ਜੈਸੇ ਸ਼ੀਸ਼ੇ ਮੇਂ ਇਸਥਿਤ ਨੇਤਰੋਂ ਕਾ ਗਿਆਨ ਨ ਅਪਨੇ ਕਰਕੇ ਹੋਵੇ ਹੈ। ਨ ਅਨਯ ਵਸਤੂ ਕਰਕੇ ਗਿਆਨ ਹੋਵੇ ਹੈ । ਕਿੰਤੂ ਦਰਪਣ ਮੇਂ ਇਸਥਿਤ ਹੋਇਕੇ ਨੇਤ੍ਰ ਹੀ ਆਪਣੇ ਆਪ ਕੋ ਦੇਖੇ ਹੈਂ । ਜੈਸੇ ਸੂਰਜ ਸ੍ਵ ਪ੍ਰਕਾਸ਼ ਹੈ ਪਰੰਤੂ ਨੇਤ੍ਰ ਮੇਂ ਇਸਥਿਤ ਹੋ ਕਰ ਨੇਤ੍ਰ ਰੂਪ ਹੋਕਰ ਅਪਨੇ ਆਪ ਕੋ ਦੇਖੇ ਹੈ । ਤੈਸੇ ਅਖੰਡਾਕਾਰ ਬ੍ਰਿਤੀ ਮੇਂ ਆਰੂਢ ਹੋ ਕੇ ਵਿਸ਼ੇਸ਼ ਚੇਤਨ ਹੀ ਅਪਨੇ ਆਪ ਕੋ ਦੇਖੇ ਹੈ। ਅਥਵਾ ਚੇਤਨ ਦੀ ਸਹਾਇਤਾ ਸੇ ਬ੍ਰਿਤੀ ਵਿਸ਼ੈ ਕਰੇ ਹੈ। ਵਾ ਬ੍ਰਿਤੀ ਕੀ ਸਹਾਇਤਾ ਸੇ ਚੇਤਨ ਵਿਸ਼ੇ ਕਰੇ ਹੈ ਬ੍ਰਿਤੀ ਮੇਂ ਆਰੂਢ ਚੇਤਨ ਕੋ ਫਲ ਚੇਤਨ ਕਹੇ ਹੈ ਔਰ ਬ੍ਰਿਤੀ ਸੇ ਰਹਿਤ ਸੱਤਾ ਮਾਤ੍ਰ ਚੇਤਨ ਕੋ ਸਾਮਾਨਯ ਚੇਤਨ ਕਹੇ ਹੈ । ਸਾਮਾਨਯ ਚੇਤਨ ਮੇਂ ਸੱਤਾ ਸਫੁਰਤੀ ਦੇਨੇ ਬਿਨਾਂ ਔਰ ਕੋਈ ਕਾਰਯ ਬਨੇ ਨਹੀਂ ਜੋ ਬੰਧ ਮੋਖਾਦਿਕ ਕਾਰਯ ਹੈਂ ਸੋ ਫਲ ਯਾਨੇ ਵਿਸ਼ੇਸ਼ ਚੇਤਨ ਮੇਂ ਹੀ ਹੈਂ ਯਾਂਤੇ ਗਿਆਨ ਭੀ ਵਿਸ਼ੇਸ਼ ਚੇਤਨ ਮੇਂ ਹੀ ਹੋਵੇ ਹੈ। (ਸ਼ੰਕਾ ੯)–ਹੇ ਭਗਵਨ ਅਖੰਡ ਵਸਤੂ ਮਨ ਬਾਣੀ ਕਾ ਵਿਸ਼ੇ ਹੈ। ਅਥਵਾ ਅਵਿਸ਼ੇ ਹੈ । ਜੇ ਪ੍ਰਥਮ ਪਖਯ ਅੰਗੀਕਾਰ ਕਰੋਗੇ ਤੋ ਅਖੰਡ ਵਸਤੂ ਦ੍ਰਿਸ਼ਯ ਹੋਵੇਗਾ । ਕਾਹੇ ਤੇ ਜੋ ਮਨ ਬਾਣੀ ਕਾ ਵਿਸ਼ੈ ਹੋਵੇ ਹੈ ਸੋ ਦ੍ਰਿਸ਼ਯ ਔਰ ਨਾਸਵਾਨ ਹੋਵੇ ਹੈ ਯਾਂਤੇ ਅਖੰਡ ਵਸਤੂ ਭੀ ਨਾਸ਼ੀ ਹੋਵੇਗਾ ਔਰ ਵੇਦ ਮੇਂ ਭੀ ਐਸਾ ਕਥਨ ਕੀਆ ਹੈ ਕਿ ਬ੍ਰਹਮ ਮਨ ਬਾਣੀ ਕਾ ਅਵਿਸ਼ਯ ਹੈ । ਯਾਤੇ ਵੇਦ ਸੇ ਵਿਰੋਧ ਹੋਵੇਗਾ । ਯਥਾ--

## ਯਤੋਵਾਚੋ ਨਿਵਰਤੰਤੇ ਅਪ੍ਰਾਪਯ ਮਨਸਾ ਸਹ ॥

ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਤੋ ਮਹਾਵਾਕਯ ਨਿਸ਼ਫਲ ਹੋਵੇਂਗੇ, ਔਰ ਮੁਮੁਖਸ਼ੂ ਕੋ ਗਿਆਨ ਨ ਹੂਆ ਚਾਹੀਏ । ਜਬ ਗਿਆਨ ਨ ਹੂਆ ਤਬ ਵੇਦਾਂਤ ਸੰਪ੍ਰਦਾਯ ਕਾ ਉਛੇਦ ਹੋਵੇਗਾ ਔਰ ਬ੍ਰਹਮ ਉਪਨਿਸ਼ਦ ਸੇ ਹੀ ਗੱਮਯ ਹੈ । ਤਥਾ ਆਤਮਾ ਮਨ ਕਰਕੇ ਜਾਨਨੇ ਯੋਗ੍ਯ ਹੈ, ਇਨ ਵਚਨੋਂ ਸੇ ਭੀ ਵਿਰੋਧ ਹੋਵੇਗਾ । (ਸਮਾਧਾਨ ੯) ॥ ਮਹਾਵਾਕਯ ਸ਼ਕਤੀ ਬ੍ਰਿਤੀ ਕਰਕੇ ਅਖੰਡ ਚਿਨ ਮਾਤ੍ਰ ਵਸਤੂ ਕੋ ਬੋਧਨ ਕਰੇ ਨਹੀਂ। ਇਸ ਅਭਿਪ੍ਰਾਯ ਤੇ ਹੀ ਬ੍ਰਹਮ ਬਾਣੀ ਕਾ ਅਵਿਸ਼ਯ ਕਹਾ ਹੈ, ਔਰ ਏਕਤਾ ਕੇ ਵਿਰੋਧੀ ਜੋ ਸਮਸਟੀ ਬਯਸਟੀ ਤੀਨੋਂ ਸ਼ਰੀਰ ਹੈਂ ਤਿਨ ਕੋ ਤਿਆਗ ਕਰਕੇ ਲਖਣਾ ਬ੍ਰਿਤੀ ਸੇ ਅਖੰਡ ਵਸਤੂ ਕਾ ਗਿਆਨ ਹੋਵੇ ਹੈ। ਇਸ ਅਭਿਪ੍ਰਾਯ ਸੇ ਆਤਮਾ ਬਾਣੀ ਕਾ ਵਿਸ਼ੇ ਕਥਨ ਕੀਆ ਹੈ, ਔਰ ਮਹਾ ਵਾਕਯ ਕੇ ਸ੍ਰਵਣ ਸੇ ਉਤਪੰਨ ਹੂਈ ਜੋ ਅਖੰਡਾਕਾਰ ਬ੍ਰਿਤੀ ਹੈ ਸੋ ਬ੍ਰਿਤੀ ਆਤਮਾ ਆਸ੍ਰਯ ਆਵਰਣ ਕੋ ਭੰਗ ਕਰੇ ਹੈ, ਇਸ ਅਭਿਪ੍ਰਾਯ ਸੇ ਆਤਮਾ ਮਨ ਕਾ ਵਿਸ਼ੇ ਕਥਨ ਕੀਆ ਹੈ, ਔਰ ਬ੍ਰਿਤੀ ਮੇਂ ਅਰੂੜ ਸੋ ਫਲ ਚੇਤਨ ਹੈ, ਤਿਸ ਫਲ ਚੇਤਨ ਕਾ ਅਖੰਡ ਵਸਤੂ ਘਟਾਦਿਕੋਂ ਕੀ ਨਿਆਈਂ ਵਿਸ਼ੇ ਨਹੀਂ ਹੈ, ਜਿਸਤੇ ਅਖੰਡ ਵਸਤੂ ਸ੍ਵਯੰ ਪ੍ਰਕਾਸ਼ ਹੈ ਇਸ ਅਭਿਪ੍ਰਾਯ ਤੇ ਆਤਮਾ ਮਨ ਕਾ ਅਵਿਸ਼ੇ ਕਥਨ ਕਰਾ ਹੈ । ਦ੍ਰਿਸ਼ਟਾਂਤ–ਜੈਸੇ ਕੂੰਡੇ ਕੇ ਨੀਚੇ ਦੀਪਕ ਪੜਾ ਹੂਆ ਹੋਵੇ, ਤਬ ਦੰਡ ਸੇ ਕੂੰਡੇ ਕੇ ਤੋੜ ਦੇਨੇ ਸੇ ਤਿਸ ਦੀਪਕ ਕੋ ਨਿਰਾਵਰਨ ਹੂਏ ਸੇ ਅਨੰਤਰ ਅਨਯ ਦੀਪਕ ਕੀ ਅਪੇਖਯਾ ਨਹੀਂ, ਜਿਸ ਤੇ

ਦੀਪਕ ਸ੍ਵਯੰ ਪ੍ਰਕਾਸ਼ ਹੈ। ਤੈਸੇ ਬ੍ਰਿਤੀ ਅਖੰਡ ਵਸਤੂ ਕਾ ਆਵਰਣ ਭੰਗ ਕਰੇ ਹੈ। ਪੁਨਾ ਕਿਸੀ ਅਨਯ ਪ੍ਰਕਾਸ਼ ਕੀ ਅਪੇਖਸ਼ਾ ਨਹੀਂ । ਇਸ ਵਾਸਤੇ ਬ੍ਰਹਮ ਮਨ ਬਾਣੀ ਕਾ ਅਵਿਸ਼ੇ ਹੈ, ਅਥਵਾ ਵਿਸ਼ੇ ਹੈ। ਯੇ ਦੋਨੋਂ ਪ੍ਰਕਾਰ ਸੰਭਵੇ ਹੈ, ਕੋਈ ਵਿਰੋਧ ਨਹੀਂ। (ਦ੍ਰਿਸ਼ਟਾਂਤ) ਜੈਸੇ ਸ੍ਰੀ ਰਾਮਚੰਦ੍ਰ ਔਰ ਸ੍ਰੀ ਲਖਮਣ ਜੀ ਕੋ ਚਿਤ੍ਰ ਕੂਟ ਮੇਂ ਰਿਸ਼ੀਓਂ ਕੇ ਬੀਚ ਮੇਂ ਬੈਠਾ ਦੇਖ ਕਰ ਰਿਸ਼ੀ ਇਸਤ੍ਰੀਓਂ ਨੇ ਸੀਤਾ ਜੀ ਸੇ ਪੂਛਾ ਕਿ ਇਨ ਦੋਨੋਂ ਮੇਂ ਸ੍ਰੀ ਰਾਮਚੰਦ੍ਰ ਜੀ ਕੌਣ ਹੈਂ। ਤਬ ਸੀਤਾ ਜੀ ਇਸ ਪ੍ਰਕਾਰ ਉਨ ਕੋ ਉਤਰ ਦੇਤੀ ਭਈ ਕਿ ਖਬ ਪਾਸ ਜੋ ਗੌਰ ਮੂਰਤੀ ਬੈਠੇ ਹੈਂ ਸੋ ਮੇਰੇ ਦੇਵਰ ਹੈਂ। ਐਸੇ ਕਹਿ ਕਰ ਸ੍ਰੀ ਸੀਤਾ ਜੀ ਚੁਪ ਹੋਤੀ ਭਈ। ਤਬ ਰਿਸ਼ੀਓਂ ਕੀ ਅੰਗਨਾਓਂ ਨੇ ਐਸੇ ਨਿਸਚੇ ਕੀਆ ਕਿ ਜੋ ਸਜੇ ਪਾਸ ਸਯਾਮ ਮੂਰਤੀ ਬੈਠੇ ਹੈਂ ਸੋ ਸ੍ਰੀ ਰਾਮਚੰਦਰ ਜੀ ਹੈਂ। ਇਸ ਪ੍ਰਕਾਰ ਸ੍ਰੀ ਰਾਮਚੰਦ੍ਰ ਜੀ ਸੀਤਾ ਕੇ ਵਾਕ ਕਾ ਅਵਿਸ਼ੇ ਭੀ ਹੈਂ ਔਰ ਵਿਸ਼ੇ ਭੀ ਹੈਂ, ਜਿਸ ਸੇ ਸੀਤਾ ਜੀ ਕੇ ਵਚਨੋਂ ਨੇ ਸਾਖਯਾਤ ਲਖਮਣ ਕੋ ਵਿਸ਼ੇ ਕੀਆ ਹੈ, ਔਰ ਸ੍ਰੀ ਰਾਮਚੰਦਰ ਜੀ ਕੋ ਵਿਸ਼ੇ ਨਹੀਂ ਕੀਆ, ਔਰ ਸੀਤਾ ਜੀ ਕੇ ਵਚਨ ਸੇ ਪਹਿਲੇ ਰਿਸ਼ੀ ਅੰਗਨਾਓਂ ਕੋ ਸ੍ਰੀ ਰਾਮਚੰਦਰ ਜੀ ਕਾ ਗਿਆਨ ਨੇਤਰੋਂ ਸੇ ਭੀ ਨਹੀਂ ਹੂਆ। ਕਾਹੇ ਤੇ ਸ੍ਰੀ ਰਾਮਚੰਦਰ ਜੀ ਕੀ ਵਿਯਕਤੀ ਸੇ ਨੇਤਰੋਂ ਕਾ ਸਬੰਧ ਸੀਤਾ ਜੀ ਕੇ ਉਪਦੇਸ਼ ਸੇ ਪੂਰਵ ਭੀ ਥਾ ਇਸ ਪ੍ਰਕਾਰ ਕੇਵਲ ਨੇਤਰੋਂ ਸੇ ਸ੍ਰੀ ਰਾਮਚੰਦਰ ਜੀ ਕਾ ਗਿਆਨ ਹੂਆ। ਯਾਂਤੇ ਨੇਤਰੋਂ ਕੇ ਅਵਿਸ਼ਯ ਹੈਂ ਔਰ ਸ੍ਰੀ ਰਾਮਚੰਦਰ ਜੀ ਕੇ ਦਰਸ਼ਨ ਮੇਂ ਸ੍ਰੀ ਲਖਮਣ ਜੀ ਵਿਰੋਧੀ ਹੈਂ, ਤਿਸ ਕੇ ਨਿਸ਼ੇਧ ਸੇ ਸ੍ਰੀ ਰਾਮਚੰਦਰ ਜੀ ਕਾ ਗਯਾਨ ਹੋਤਾ ਭਯਾ। ਯਾਂਤੇ ਸੀਤਾ ਜੀ ਕੇ ਵਚਨ ਕਾ ਸ੍ਰੀ ਰਾਮਚੰਦਰ ਜੀ ਵਿਸ਼ੇ ਭੀ ਹੈਂ, ਯਹ ਦ੍ਰਿਸ਼ਟਾਂਤ ਹੈ-ਤੈਸੇ ਸੀਤਾ ਰੂਪ ਬ੍ਰਹਮ-ਨਿਸ਼ਟ ਗੁਰੂ ਤਿਸ ਕੇ ਸਰਣ ਮੇਂ ਪ੍ਰਾਪਤ ਜੋ ਰਿਸ਼ੀ ਅੰਗਨਾ ਕੇ ਸਦ੍ਰਿਸ਼ ਮੁਮੁਖਸ਼ੂ ਨਿਮ੍ਰਤਾ ਪੂਰਬਕ ਪ੍ਰਸ਼ਨ ਕਰਤਾ ਭਯਾ, ਹੇ ਭਗਵਨ! ਹਮਾਰਾ ਵਾਸਤਵ ਸਰੂਪ ਆਤਮਾ ਕੌਨ ਹੈ, ਜਿਸ ਕੇ ਦਰਸ਼ਨ ਸੇ ਪਰਮਾਨੰਦ ਮੋਖ ਕੀ ਪ੍ਰਾਪਤੀ ਹੋਵੇ ਹੈ । ਤੋ ਗੁਰੂ ਜੀ ਕਹਿਨੇ ਲਗੇ ਸਮਸਟੀ ਬਯਸਟੀ ਅਸਥੂਲ ਸੂਖਯਮ ਕਾਰਣ ਜੋ ਤੀਨੋਂ ਸਰੀਰ ਹੈਂ ਸੋ ਤੇਰਾ ਸਰੂਪ ਨਹੀਂ। ਇਸ ਪ੍ਰਕਾਰ ਉਪਦੇਸ਼ ਕਰਕੇ ਮੋਨ ਕੋ ਪ੍ਰਾਪਤ ਭਏ । ਇਸ ਪ੍ਰਕਾਰ ਅਖੰਡ ਬ੍ਰਹਮ ਗੁਰੂ ਕੇ ਵਚਨੋਂ ਕਾ ਅਵਿਸ਼ੇ ਭੀ ਹੈ, ਕਿਉਂਕਿ ਗੁਰੂ ਕੇ ਵਚਨੋਂ ਨੇ ਸਾਖਯਾਤ ਸਮਸਟੀ ਵਯਸਟੀ ਅਸਥੂਲ ਸੂਖਮ ਕਾਰਣ ਤੀਨੋਂ ਸਰੀਰੋਂ ਕੋ ਵਿਸ਼ੇ ਕੀਆ ਹੈ, ਜੋ ਕਿ ਆਤਮ ਦਰਸ਼ਨ ਕੇ ਵਿਰੋਧੀ ਹੈਂ, ਤਿਸ ਕੇ ਖੰਡਨ ਦੁਆਰਾ ਤੀਨੋਂ ਸਰੀਰੋਂ ਕਾ ਦ੍ਰਿਸ਼ਟਾਰੂਪ ਜੋ ਸਾਖੀ ਹੈ, ਉਸ ਕੋ ਆਤਮ ਰੂਪ ਕਰਕੇ ਮਮੁਖਸ਼ੂ ਨਿਸਚੇ ਕਰਤਾ ਭਯਾ। ਇਸ ਪ੍ਰਕਾਰ ਦਵੈਤ ਕੇ ਨਿਸ਼ੇਧ ਦੁਆਰਾ ਅਖੰਡ ਵਸਤੂ ਬਾਣੀ ਕਾ ਵਿਸ਼ਯ ਭੀ ਹੈ, ਔਰ ਮਹਾਂਵਾਕ ਕੇ ਸ੍ਰਵਣ ਸੇ ਉਤਪੰਨ ਹੂਈ ਜੋ ਅਖੰਡਾਕਾਰ ਬ੍ਰਿਤੀ ਹੈ ਸੋ ਬ੍ਰਿਤੀ ਅਖੰਡ ਵਸਤੂ ਕੇ ਆਸ੍ਰਿਤ ਆਵਰਣ ਕਾ ਨਾਸ਼ ਭੀ ਕਰੇ ਹੈ। ਯਾਂਤੇ ਅਖੰਡ ਵਸਤੂ ਬ੍ਰਿਤੀ ਰੂਪ ਮਨ ਕਾ ਵਿਸ਼ਯ ਭੀ ਹੈ, ਔਰ ਅਖੰਡ ਵਸਤੂ ਸ੍ਵਯੰ ਪ੍ਰਕਾਸ਼ ਹੈ, ਤਾਂਕੇ ਪ੍ਰਕਾਸ਼ ਮੇਂ ਬ੍ਰਿਤੀ ਕੀ ਅਪੇਖਸ਼ਾ ਨਹੀਂ ਇਤਨੇ ਅੰਸ਼ ਮੇਂ ਮਨ ਕਾ ਅਵਿਸ਼ੇ ਭੀ ਹੈ ਯਾਂਤੇ ਅਖੰਡ ਵਸਤੂ ਮਨ ਬਾਣੀ ਕਾ ਵਿਸ਼ੇ ਭੀ ਹੈ।



ਅਵਿਸ਼ੇ ਭੀ ਹੈ, ਦੋਨੋਂ ਪ੍ਰਕਾਰ ਸੇ ਸੰਭਵ ਹੈ ਕੋਈ ਦੋਖ ਨਹੀਂ । (ਸ਼ੰਕਾ) ਹੇ ਭਗਵਾਨ! ਅਖੰਡ ਵਸਤੂ ਕਾ ਬੋਧ ਹੋਨੇ ਤੇ ਸਰਵ ਅਨਾਤਮ ਵਸਤੂ ਕਾ ਬੋਧ ਹੂਆ ਚਾਹੀਏ, ਕਾਹੇ ਤੇ ਸਰਵ ਅਨਾਤਮ ਜਗਤ ਬ੍ਰਹਮ ਮੇਂ ਅਧਯਸਤ ਹੈ । ਯਾਂਤੇ ਸਰਵ ਤਤ੍ਵੇਤਾ ਸਰਵਗਯ ਹੂਏ ਚਾਹੀਏਂ ਔਰ ਬ੍ਰਹਮਾਨੰਦ ਕੀ ਪ੍ਰਾਪਤੀ ਸੇ ਸਰਵ ਅਨੰਦੋਂ ਕੀ ਪ੍ਰਾਪਤੀ ਹੋਣੀ ਚਾਹੀਏ । ਕਾਹੇ ਤੇ ਸਰਵਾਨੰਦ ਬ੍ਰਹਮ ਅਨੰਦ ਕੇ ਅੰਤਰ ਗਤ ਹੈਂ । ਯਦਿ ਅਖੰਡ ਵਸਤੂ ਕੇ ਬੋਧ ਸੇ ਅਨਾਤਮਾ ਰੂਪ ਜਗਤ ਕਾ ਬੋਧ ਨਾ ਮਾਨੋਂਗੇ ਤੋ ਤਤ੍ਵੇਤਾ ਕੋ ਅਗਯਤਾ ਕੀ ਪ੍ਰਾਪਤੀ ਹੋਵੇਗੀ ਔਰ ਅਨਾਤਮ ਵਸਤੂ ਕੇ ਗਿਆਨ ਅਰਥ ਪੁਨ: ਕੁਛ ਕਰਤਬਯ ਕੀ ਅਪੇਖਸ਼ਾ ਭੀ ਹੋਵੇਗੀ ਔਰ ਸਰਵਾਨੰਦੋਂ ਕੀ ਪ੍ਰਾਪਤੀ ਨ ਭਈ ਤਬ ਤਤ੍ਵੇਤਾ ਕੀ ਆਪਤ ਕਾਮਤਾ ਕਾ ਅਭਾਵ ਹੂਆ । ਤਿਨ ਆਨੰਦੋਂ ਕੀ ਪ੍ਰਾਪਤੀ ਕੇ ਵਾਸਤੇ ਪੁਨ: ਕਰਤਵਯ ਕੀ ਅਪੇਖਯਾ ਹੋਨੀ ਚਾਹੀਏ । (ਸਮਾਧਾਨ ੧੦)-ਤਤ੍ਵੇਤਾ ਪਰਮਾਰਥ ਦਰਸ਼ੀ ਹੋਵੇ ਹੈ । ਜੈਸੇ ਰਜੂ ਕਾ ਸਰਪ ਰੂਪ ਕਰਕੇ ਗਿਆਨ ਭਰਮ ਰੂਪ ਹੈ ਸੋ ਭਰਮ ਰੂਪ ਗਿਆਨ ਭਰਮੀ ਕੋ ਹੋਵੇ ਹੈ, ਔਰ ਰੱਜੂ ਕੇ ਗਿਆਤਾ ਕੋ ਸਰਪ ਕਾ ਰੱਜੂ ਰੂਪ ਕਰਕੇ ਗਿਆਨ ਹੋਵੇ ਹੈ । ਤੈਸੇ ਤਤ੍ਵੇਤਾ ਪੁਰਸ਼ ਕੋ ਸਰਵ ਅਨਾਤਮ ਪਦਾਰਥੋਂ ਕਾ ਆਤਮ ਰੂਪ ਕਰਕੇ ਗਿਆਨ ਹੋਵੇ ਹੈ। ਯਾਂਤੇ ਅਨਾਤਮ ਪਦਾਰਥੋਂ ਕੇ ਗਿਆਨ ਵਾਸਤੇ ਪੁਨ: ਕੁਛ ਕਰਤਬਯ ਨਹੀਂ ਔਰ ਆਤਮਾ ਸੇ ਭਿੰਨਤਾ ਕਰਕੇ ਕਿਸੀ ਪਦਾਰਥ ਕੀ ਪ੍ਰਤੀਤੀ ਹੋਵੇ ਨਹੀਂ ; ਇਸ ਕਾਰਣ ਤੇ ਤਤ੍ਵੇਤਾ ਮੇਂ ਸਰਵਗਯਤਾ ਹੋਵੇ ਨਹੀਂ । ਅਥਵਾ ਯੇਹੀ ਸਰਵਗਯਤਾ ਹੈ ਜੋ ਆਤਮਾ ਸੇ ਭਿੰਨ ਕਿੰਚਤ ਮਾਤ੍ਰ ਭੀ ਨਹੀਂ ਹੈ ਔਰ ਸਰਵਾਨੰਦ ਕੀ ਭੀ ਆਤਮਾ ਰੂਪ ਕਰਕੇ ਹੀ ਪ੍ਰਾਪਤੀ ਹੋਵੇ ਹੈ। ਯਾਂਤੇ ਤਿਨ ਕੀ ਪ੍ਰਾਪਤੀ ਵਾਸਤੇ ਕੁਛ ਕਰਤਬਯ ਨਹੀਂ ਹੈ ਔਰ ਆਤਮਾ ਸੇ ਭਿੰਨਤਾ ਕਰਕੇ ਕਿਸੀ ਭੀ ਆਨੰਦ ਕੀ ਪ੍ਰਾਪਤੀ ਤਤ੍ਵੇਤਾ ਕੋ ਹੋਵੇ ਨਹੀਂ । ਯਾਂਤੇ ਤਤ੍ਵੇਤਾ ਮੇਂ ਸਰਵਾਨੰਦ ਨਹੀਂ ਦੀਖਤੇ। (ਦ੍ਰਿਸ਼ਟਾਂਤ)- ਜੈਸੇ ਸ੍ਵਪਨ ਸੇ ਜਾਗ ਪੁਰਸ਼ ਕੋ ਸਰਵ ਸ੍ਵਪਨ ਕੇ ਪਦਾਰਥੋਂ ਕੀ ਤਥਾ ਆਨੰਦੋਂ ਕੀ ਆਤਮਾ ਰੂਪਤਾ ਕਰਕੇ ਗਿਆਤ ਤਥਾ ਪ੍ਰਾਪਤੀ ਹੋਵੇ ਹੈ। ਤੈਸੇ ਅਗਿਆਨ ਰੂਪ ਨਿੰਦ੍ਰਾ ਸੇ ਜਾਗਿਆ ਜੋ ਤਤ੍ਵੇਤਾ ਪੁਰਸ਼ ਹੈ ਤਾਂਕੋ ਯਹ ਅਨੁਭਵ ਹੂਆ ਹੈ ਕਿ ਮੇਰੇ ਮੇਂ ਤੀਨ ਕਾਲ ਦ੍ਵੈਤ ਪ੍ਰਪੰਚ ਕਾ ਸੰਬੰਧ ਨਹੀਂ ਯਾਂਤੇ ਮੈਂ ਸਰਵਦਾ ਕਾਲ ਸ੍ਵਯੰ ਪ੍ਰਕਾਸ਼ ਰੂਪਤਾ ਕਰਕੇ ਇਸਥਿਤ ਹੂੰ । ਇਸ ਪ੍ਰਕਾਰ ਤਤ੍ਵੇਤਾ ਕੇ ਸ੍ਵਰੂਪ ਮੇਂ ਕੋਈ ਸ਼ੰਕਾ ਬਨੇ ਨਹੀਂ । (ਸ਼ੰਕਾ ੧੧)-ਹੇ ਭਗਵਾਨ ! ਤਤ੍ਵੇਤਾ ਕੀ ਇਸਥਿਤੀ ਰੂਪ ਮੋਖ ਕਾ ਸਾਧਨ ਜੋ ਗਿਆਨ ਹੈ ਤਿਸਕਾ ਸ੍ਵਰੂਪ ਕਿਆ ਹੈ ਔਰ ਤਿਸ ਗਿਆਨ ਕਾ ਫਲ ਰੂਪ ਮੋਖ ਤਿਸਕਾ ਭੀ ਸ੍ਵਰੂਪ ਕ੍ਰਿਪਾ ਕਰਕੇ ਕਹੋ । (ਸਮਾਧਾਨ ੧੧)-ਸੱਤਾ ਮਾਤ੍ਰ ਚੇਤਨ ਏਕ ਹੈ । ਯਾਂਤੇ ਸਜਾਤੀਯ ਭੇਦ ਨਹੀਂ ਅਵਿਦਿਆ ਤਤਕਾਰਯ ਕਾ ਪ੍ਰਮਾਰਥ ਮੇਂ ਅਤਯੰਤਾ ਭਾਵ ਹੈ । ਯਾਂਤੇ ਵਿਜਾਤੀਯ ਭੇਦ ਨਹੀਂ ਔਰ ਸੱਤਾ ਮਾਤ੍ਰ ਚੇਤਨ ਨਿਰਵਯਵ ਹੈ ਯਾਂਤੇ ਸ੍ਵਗਤ ਭੇਦ ਨਹੀਂ ਇਸ ਰੀਤੀ ਸੇ ਅਖੰਡ ਰੂਪਤਾ ਕਰਕੇ ਅਪਨੇ ਆਪ ਕੋ ਨਿਰਾਵਰਣ ਕਰਨੇ ਵਲੀ ਜੋ ਸਾਭਾਸ ਅੰਤ: ਕਰਣ ਕੀ

ਜ ਬ੍ਰਹਮਾਕਾਰ ਬ੍ਰਿਤੀ ਹੈ । ਤਿਸ ਬ੍ਰਿਤੀ ਕੋ ਸਮਜਕ ਬੋਧ ਕਹਿਤੇ ਹੈਂ ਤਿਸ ਬ੍ਰਿਤੀ ਸੰਬੰਧ ਤੇ ਰਹਿਤ ਨਿਰਵਿਕਲਪ ਰੂਪਤਾ ਕਰਕੇ ਇਸਥਿਤੀ ਤਾਂਕੋ ਮੋਖ ਕਹੇ ਹੈਂ। (ਸ਼ੰਕਾ ੧੨)-ਹੇ ਭਗਵਾਨ ! ਅਖੰਡ ਵਸਤੂ ਕੋ ਨਿਰਵਿਕਲਪ ਕਹਿਨਾ ਸੰਭਵੇ ਨਹੀਂ ਕਾਹੇ ਤੇ ਉਸ ਮੇਂ ਅਖੰਡਤ੍ਵ ਵਿਸ਼ੇਸ਼ਣ ਰੂਪ ਉਪਾਧਿ ਰਹੇ ਹੈ ਵਿਕਲਪ ਨਾਮ ਤ੍ਰਿਪੁਟੀ ਕਾ ਹੈ । ਤ੍ਰਿਪੁਟੀ ਸਹਿਤ ਕੋ ਸਵਿਕਲਪ ਕਹੇ ਹੈਂ ਔਰ ਤ੍ਰਿਪੁਟੀ ਰਹਿਤ ਕੋ ਨਿਰਵਿਕਲਪ ਕਹੇ ਹੈਂ । ਸਾਭਾਸ ਅੰਤਹ ਕਰਣ ਰੂਪ ਗਿਆਤਾ ਤਥਾ ਸਾਭਾਸ ਅੰਤਹਕਰਣ ਕੀ ਅਖੰਡਾਕਾਰ ਬ੍ਰਿਤੀ ਰੂਪ ਗਿਆਨ ਤਥਾ ਅਖੰਡਤ੍ਵ ਰੂਪ ਵਿਸ਼ੇਸ਼ਣ ਵਿਸ਼ਿਸ਼ਟ ਅਖੰਡ ਵਸਤੂ ਗਜੇਜ ਇਸ ਤ੍ਰਿਪੁਟੀ ਰੂਪ ਉਪਾਧਿ ਕਾ ਅਭਾਵ ਨਾ ਹੋਣੇ ਤੇ ਅਖੰਡ ਵਸਤੂ ਸਵਿਕਲਪ ਹੈ ਯਦੀ ਅਖੰਡ ਵਸਤੂ ਕੋ ਸਵਿਕਲਪ ਹੀ ਅੰਗੀਕਾਰ ਕਰੋਗੇ ਤੋ ਅਖੰਡ ਵਸਤੂ ਮੇਂ ਅਨਾਤਮਤਾ ਕੀ ਪ੍ਰਾਪਤੀ ਹੋਵੇਗੀ। (ਸਮਾਧਾਨ ੧੨)-ਅਸਤ ਜੜ ਦੁਖ ਰੂਪ ਅਵਿਦਿਆ ਤਤਕਾਰਜ ਕੇ ਨਿਸ਼ੇਧ ਵਾਸਤੇ ਸਚਿਦਾਨੰਦ ਵਿਸ਼ੇਸ਼ਣੋਂ ਕੀ ਕਲਪਨਾ ਕਰੀ ਹੈ । ਅਵਿਦਿਆ ਤਤਕਾਰਜ ਕੇ ਅਭਾਵ ਹੋਣੇ ਤੇ ਵਿਸ਼ੇਸ਼ਣੋਂ ਕਾ ਭੀ ਸਾਥ ਹੀ ਅਭਾਵ ਹੋਵੇ ਹੈ । ਤੈਸੇ ਸਖੰਡ ਰੂਪ ਜਗਤ ਕੇ ਅਭਾਵ ਹੋਣੇ ਤੇ ਅਖੰਡ ਰੂਪ ਵਿਸ਼ੇਸ਼ਣ ਕਾ ਭੀ ਅਭਾਵ ਹੋਵੇ ਹੈ । ਇਸ ਰੀਤੀ ਸੇ ਅਵਿਦਿਆ ਤਤਕਾਰਜ ਕੇ ਨਿਸ਼ੇਧ ਵਾਸਤੇ ਸਰਵ ਵਿਸ਼ੇਸ਼ਣੋਂ ਕੀ ਕਲਪਨਾ ਕਰੀ ਹੈ । ਅਵਿਦਿਆ ਤਤਕਾਰਜ ਕੇ ਅਭਾਵ ਹੋਣੇ ਸੇ ਸਰਵ ਵਿਸ਼ੇਸ਼ਣੋਂ ਕਾ ਭੀ ਅਭਾਵ ਹੋ ਜਾਵੇ ਹੈ ਪਰੰਤੂ ਗਯੇਯਤ੍ਵ ਵਿਸ਼ੇਸ਼ਣ ਕਾ ਅਭਾਵ ਹੋਵੇ ਨਹੀਂ ਕਾਹੇ ਤੇ ਗਯੇਯਤ੍ਵ ਵਿਸ਼ੇਸ਼ਣ ਅਖੰਡਾਕਾਰ ਵਿਰਤੀ ਨੇ ਕਲਪਿਆ ਹੈ । ਜਿਤਨਾ ਕਾਲ ਸਰੂਪ ਮੇਂ ਕਿਸੀ ਧਰਮ ਰੂਪ ਕਲੰਕ ਕੀ ਪ੍ਰਤੀਤੀ ਹੋਵੇ ਹੈ ਤਬ ਤਕ ਬ੍ਰਿਤੀ ਮੇਂ ਅਰੂੜ ਚੇਤਨ ਹੀ ਤਿਨਕਾ ਨਿਸ਼ੇਧ ਕਰੇ ਹੈ । ਜਬ ਸਰਵ ਵਿਸ਼ੇਸ਼ਣੋਂ ਕਾ ਨਿਸ਼ੇਧ ਹੂਆ ਤਬ ਬ੍ਰਿਤੀ ਭੀ ਸ਼ਾਂਤ ਹੋ ਜਾਵੇ ਹੈ। ਬ੍ਰਿਤੀ ਕੇ ਸ਼ਾਂਤ ਹੋਣੇ ਸੇ ਸਾਭਾਸ ਅੰਤਃਕਰਣ ਰੂਪ ਗਿਆਤਾ ਕਾ ਭੀ ਅਭਾਵ ਹਵੇ ਹੈ ਗਿਆਤਾ ਗਿਆਨ ਕਾ ਅਭਾਵ ਹੋਣੇ ਤੇ ਗਯੇਯ ਕਾ ਭੀ ਅਭਾਵ ਹੋਵੇ ਹੈ । (ਦ੍ਰਿਸ਼ਟਾਂਤ)-ਜੈਸੇ ਵਸਤ੍ਰ ਕੀ ਮੈਲ ਨਿਵਿਰਤੀ ਵਾਸਤੇ ਸੱਜੀ ਸਾਬਨ ਰੂਪ ਮੈਲ ਪਾਵੇ ਹੈਂ ਵਸਤ੍ਰ ਕੇ ਧੋਨੇ ਸੇ ਮੈਲ ਕੀ ਨਿਵਿਰਤੀ ਕੇ ਸਾਥ ਹੀ ਸੱਜੀ ਸਾਬਨ ਰੂਪ ਭੀ ਨਿਵਰਤ ਹੋ ਜਾਵੇ ਹੈ, ਪਰੰਤੂ ਕਿੰਚਿਤ ਜਲ ਅੰਸ਼ ਮੇਂ ਮਿਲਿਆ ਜੋ ਸਾਬਨ ਹੈ ਸੋ ਏਕ ਖਿਣ ਪੀਛੇ ਵਸਤ੍ਰ ਕੇ ਸ਼ੁਸ਼ਕ ਹੋਣੇ ਸੇ ਸੁਭਾਵਕ ਹੀ ਨਿਵਿਰਤ ਹੋ ਜਾਵੇ ਹੈ। ਤੈਸੇ ਅਵਿਦਿਆ ਤਤਕਾਰਜ ਕੀ ਨਿਵਿਰਤੀ ਵਾਸਤੇ ਅਨੇਕ ਵਿਸ਼ੇਸ਼ਣੋਂ ਕੀ ਕਲਪਨਾ ਕਰੀ ਹੈ ਅਵਿਦਯਾ ਤਤਕਾਰਜ ਕੇ ਅਭਾਵ ਹੋਣੇ ਤੇ ਅਖੰਡਾ-ਕਾਰ ਵਿਰਤੀ ਕਾ ਅਭਾਵ ਹੋਵੇ ਨਹੀਂ ਕਾਹੇ ਤੇ ਸਤਚਿਦਾਨੰਦ ਆਦਿਕ ਵਿਸ਼ੇਸ਼ਣ ਭੀ ਸੂਖਮ ਦਵੈਤ ਹੈ ਤਿਸੀ ਕਾਰਨ ਤੇ ਅਵਿਦਿਆ ਸਹਿਤ ਸਰਵ ਵਿਸ਼ੇਸ਼ਣੋਂ ਕਾ



ਅਭਾਵ ਹੋਣੇ ਤੇ ਉੱਤਰ ਖਿਣ ਮੇਂ ਗਯੇਯਤ੍ਵ ਵਿਸ਼ੇਸ਼ਣ ਸਹਿਤ ਸੁਭਾਵਕ ਹੀ ਗਯਾਤਾ ਗਿਆਨ ਕਾ ਅਭਾਵ ਹੋਵੇ ਹੈ ਇਸ ਰੀਤੀ ਸੇ ਤ੍ਰਿਪੁਟੀ ਕਾ ਅਭਾਵ ਹੋਣੇ ਸੇ ਵਿਦਵਾਨ ਕੀ ਇਸਥਿਤ ਸਵਿਕਲਪ ਨਹੀਂ ਔਰ ਤਿਸਕੋ ਨਿਰਵਿਕਲਪ ਭੀ ਨਹੀਂ ਕਥਨ ਕਰ ਸਕਤੇ ਕਾਹੇ ਤੇ ਸਵਿਕਲਪ ਕੀ ਅਪੇਖਯਾ ਕਰਕੇ ਨਿਰਵਿਕਲਪ ਕਥਨ ਹੋਤਾ ਹੈ ਯਾਂਤੇ ਵਿਦ੍ਵਾਨ ਕੀ ਇਸਥਿਤੀ ਪਰਮ ਮੋਨ ਰੂਪ ਹੈ। (ਸ਼ੰਕਾ ੧੩)-ਹੇ ਭਗਵਾਨ ! ਗਿਆਤਾ ਗਿਆਨ ਗਯੇਯ ਕੇ ਅਭਾਵ ਹੋਨੇ ਤੇ ਸ਼ੂਨਯਵਾਦ ਕੀ ਪ੍ਰਾਪਤੀ ਹੋਵੇਗੀ। ਕਾਹੇ ਤੇ ਯਾਂ ਅਸਥਾਨ ਮੇਂ ਅਖੰਡ ਵਸਤੂ ਕੋ ਗਯੇਯ ਕਹੇ ਹੈਂ ਗਯਾਤਾ ਗਯਾਨ ਕੇ ਅਭਾਵ ਹੋਨੇ ਤੇ ਗਯੇਯ ਕਾ ਭੀ ਅਭਾਵ ਹੋਵੇ ਹੈ ਯਾ ਤੇ ਸ਼ੇਸ਼ ਸ਼ੂਨਯ ਹੀ ਅੰਗੀਕਾਰ ਕਰਨਾ ਹੋਵੇਗਾ (ਸਮਾਧਾਨ ੧੩)-ਗਿਆਤਾ ਗਿਆਨ ਕੇ ਅਭਾਵ ਹੋਨੇ ਤੇ ਆਤਮਾ ਕਾ ਅਭਾਵ ਹੋਵੇ ਨਹੀਂ ਕਾਹੇ ਤੇ ਗਿਆਤਾ ਗਿਆਨ ਕੀ ਅਪੇਖਸ਼ਾ ਕਰਕੇ ਗਯੇਯਤ੍ਵ ਵਿਸ਼ੇਸ਼ਣ ਕੀ ਕਲਪਨਾ ਕਰੀ ਹੈ । ਗਯੇਯਤ੍ਵ ਵਿਸ਼ਿਸ਼ਟ ਆਤਮਾ ਕੋ ਗਯੇਯ ਕਹੇ ਹੈਂ। ਗਿਆਤਾ ਗਿਆਨ ਕੇ ਅਭਾਵ ਹੋਨੇ ਸੇ ਗਯੇਯਤ੍ਵ ਵਿਸ਼ੇਸ਼ਣ ਕਾ ਕੀ ਅਭਾਵ ਹੋਵੇ ਹੈ । (ਦ੍ਰਿਸ਼ਟਾਂਤ)-ਜੈਸੇ ਘਟ ਵਿਸ਼ਿਸ਼ਟ ਆਕਾਸ਼ ਕੋ ਘਟਾਕਾਸ਼ ਕਹਿਤੇ ਹੈਂ। ਜਬ ਦੰਡ ਕੇ ਪਰਿਹਾਰ ਸੇ ਘਟ ਕਾ ਧ੍ਵੰਸ ਹੋਵੇ ਹੈ । ਤਬ "ਘਟਾਕਾਸ਼ੋ ਨਾਸਤਿ" ਐਸੇ ਵਯਵਹਾਰ ਹੋਵੇ ਹੈ ਯਾ ਅਸਥਾਨ ਮੇਂ ਵਿਸ਼ੇਸ਼ਣ ਜੋ ਘਟ ਤਾਂਕਾ ਨਾਸ਼ ਹੋਵੇ ਹੈ ਔਰ ਵਿਸ਼ੇਸ਼ ਜੋ ਆਕਾਸ਼ ਤਾਂਕਾ ਨਾਸ਼ ਹੋਵੇ ਨਹੀਂ। ਪਰੰਤੂ ਘਟ ਕੇ ਨਾਸ਼ ਹੋਨੇ ਤੇ ਆਕਾਸ਼ ਕਾ ਨਾਸ਼ ਗਉਣ ਕਰਕੇ ਪ੍ਰਤੀਤ ਹੋਵੇ ਹੈ ਤੈਸੇ ਗਯੇਯਤ੍ਵ ਵਿਸ਼ੇਸ਼ਣ ਕੇ ਨਾਸ਼ ਹੋਨੇ ਤੇ ਆਤਮਾ ਕਾ ਨਾਸ਼ ਪ੍ਰਤੀਤ ਹੋਵੇ ਹੈ ਪਰੰਤੂ ਆਤਮਾ ਕਾ ਅਭਾਵ ਹੋਵੇ ਨਹੀਂ ਜਿਸ ਕਾਰਣ ਸੇ ਸਰਵ ਕੇ ਅਭਾਵ ਕਾ ਸਾਖੀ ਰੂਪ ਕਰਕੇ ਆਤਮਾ ਇਸਥਿਤ ਹੈ। ਯਾਂਤੇ ਸ਼ੂਨਯਵਾਦ ਕੀ ਪ੍ਰਾਪਤੀ ਹੋਵੇ ਨਹੀਂ । (ਸ਼ੰਕਾ ੧੪) ਹੇ ਭਗਵਾਨ ! ਅਖੰਡਾਕਾਰ ਬ੍ਰਿਤੀ ਕੇ ਅਭਾਵ ਕਾ ਕਾਰਣ ਆਤਮਾ ਹੈ ਵਾ ਅਵਿਦਿਆ ਤਤ ਕਾਰਯ ਹੈ ਵਾ ਬ੍ਰਿਤੀ ਹੈ, ਜੋ ਪ੍ਰਥਮ ਪਖ ਅੰਗੀਕਾਰ ਕਰੋਗੇ, ਤੋ ਸੰਭਵੇ ਨਹੀਂ, ਕਾਹੇ ਤੇ ਸਾਮਾਨਯ ਚੇਤਨ ਕਿਸੀ ਪਦਾਰਥ ਕਾ ਵਿਰੋਧੀ ਨਹੀਂ । (ਦ੍ਰਿਸ਼ਟਾਂਤ)-ਜੈਸੇ ਸਾਮਾਨਯ ਅਗਨੀ ਅੰਧਕਾਰ ਕਾ ਵਿਰੋਧੀ ਨਹੀਂ ਔਰ ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਤੋ ਭੀ ਬਨੇ ਨਹੀਂ ਜਿਸ ਸੇ ਅਵਿਦਿਆ ਤਤ ਕਾਰਯ ਕਾ ਬ੍ਰਿਤੀ ਕੇ ਅਭਾਵ ਸੇ ਪ੍ਰਥਮ ਹੀ ਅਭਾਵ ਹੋ ਚੁਕਾ ਹੈ, ਤ੍ਰਿਤੀਯ ਪਖ ਅੰਗੀਕਾਰ ਕਰੋ ਤੋ ਆਤਮਾ ਆਸ਼੍ਰਯ ਦੋਸ਼ ਹੋਗਾ, ਕਾਹੇ ਤੇ ਆਪ ਹੀ ਬ੍ਰਿਤੀ ਕੇ ਅਭਾਵ ਕਾ ਕਾਰਣ ਹੋਵੇ ਅਰ ਆਪ ਹੀ ਅਭਾਵ ਹੋਵੇ ਹੈ, ਯਹ ਵਾਰਤਾ ਅਤਯੰਤ ਅਸੰਭਵ ਹੈ, ਇਸ ਕੋ ਦੋਸ਼ ਕਹੇ ਹੈਂ, (ਦ੍ਰਿਸ਼ਟਾਂਤ)-ਜੈਸੇ ਆਪ ਹੀ ਮ੍ਰਿਤਯੂ ਹੋਵੇ ਔਰ ਆਪ ਹੀ ਮ੍ਰਿਤਯੂ ਹੋਨੇ ਵਾਲਾ ਹੋਵੇ। ਇਸ ਕਥਨ ਕੀ ਨਿਆਈਂ ਅਸੰਭਵ ਹੈ, ਜੋ ਦੂਸਰੀ ਬ੍ਰਿਤੀ ਅੰਗੀਕਾਰ ਕਰੋ ਤੋ ਤਿਸ

ਕੀ ਨਿਵਿਰਤੀ ਵਾਸਤੇ ਤੀਸਰੀ ਬ੍ਰਿਤੀ ਅੰਗੀਕਾਰ ਕਰਨੀ ਹੋਗੀ । ਔਰ ਤੀਸਰੀ ਕੀ ਨਿਵਿਰਤੀ ਵਾਸਤੇ ਚੌਥੀ ਬਿਰਤੀ ਅੰਗੀਕਾਰ ਕਰਨੀ ਹੋਗੀ, ਯਾਂਤੇ ਅਨਵਸਥਾ ਦੋਸ਼ ਕੀ ਪ੍ਰਾਪਤੀ ਹੋਵੇਗੀ ਇਸ ਰੀਤੀ ਸੇ ਬਿਰਤੀ ਕੇ ਅਭਾਵ ਕਾ ਕਾਰਣ ਕੋਈ ਬਨੇ ਨਹੀਂ ਯਾਂਤੇ ਬਿਰਤੀ ਸਤ ਹੈ । ਬਿਰਤੀ ਕੇ ਸਤਿ ਹੋਨੇ ਤੇ ਸਾਭਾਸ ਅੰਤ: ਕਰਣ ਰੂਪ ਗਿਆਤਾ ਭੀ ਸੱਤ ਹੈ । ਗਿਆਤਾ ਗਿਆਨ ਕੇ ਸੱਤ ਹੋਨੇ ਸੇ ਗਯੇਯ ਭੀ ਸੱਤ ਹੈ ਇਸ ਰੀਤਿ ਸੇ ਤ੍ਰਿਪੁਟੀ ਕੇ ਸਤਿ ਹੋਯਾਂ ਤਤਵੇਤਾ ਕੀ ਇਸਥਿਤੀ ਸਵਿਕਲਪ ਭਈ । ਜੋ ਸਵਿਕਲਪ ਵਸਤੂ ਹੋਵੇ ਸੋ ਨਾਸ਼ੀ ਹੋਵੇ ਯਾਂਤੇ ਆਤਮਵੇਤਾ ਕੀ ਇਸਥਿਤੀ ਕਾ ਭੀ ਅਭਾਵ ਹੂਆ ਚਾਹੀਏ । ਜਬ ਇਸ ਮਤ ਕਾ ਅਭਾਵ ਹੂਆ ਤੋ ਸੂਨਯ ਹੀ ਸ਼ੇਸ਼ ਰਹਾ ਸੋਈ ਪਰਮ ਤਤ ਹੈ। (ਸਮਾਧਾਨ ੧੪)–ਨ ਬ੍ਰਿਤੀ ਕੇ ਅਭਾਵ ਕਾ ਕਾਰਣ ਆਤਮਾ ਹੈ ਔਰ ਨ ਅਵਿਦਿਆ ਤਤਕਾਰਯ ਹੈ ਬ੍ਰਿਤੀ ਅਪਨੇ ਅਭਾਵ ਕਾ ਆਪ ਕਾਰਣ ਹੈ । ਕਿੰਤੂ ਅਸਤ ਜੜ੍ਹ ਦੁਖ ਰੂਪ ਅਵਿਦਿਆ ਤਤ ਕਾਰਯ ਤਥਾ ਤਿਸ ਕੇ ਨਿਸ਼ੇਧਕ ਜੋ ਸਤਿ ਚਿਤ ਆਨੰਦ ਆਦਿਕ ਵਿਸ਼ੇਸ਼ਣ ਹੈਂ ਤਿਨ ਸੰਪੂਰਣ ਕਾ ਅਭਾਵ ਹੀ ਬ੍ਰਿਤੀ ਕੇ ਅਭਾਵ ਕਾ ਕਾਰਣ ਹੈ। ਬ੍ਰਿਤੀ ਰੂਪ ਗਜਾਨ ਕੇ ਅਭਾਵ ਹੋਨੇ ਸੇ ਗਿਆਤਾ ਕਾ ਭੀ ਅਭਾਵ ਹੋਵੇ ਹੈ। ਗਿਆਤਾ ਗਿਆਨ ਕੇ ਅਭਾਵ ਹੋਨੇ ਸੇ ਗਯੇਯਤ੍ਵ ਵਿਸ਼ੇਸ਼ਣ ਕੇ ਸੰਬੰਧੀ ਰੂਪ ਜੋ ਗਯੇਯ ਤਾਂਕਾ ਅਭਾਵ ਹੋਵੇ ਹੈ। ਸ਼ੇਸ਼ ਰਹਾ ਜੋ ਤ੍ਰਿਪੁਟੀ ਕੇ ਅਭਾਵ ਕਾ ਸਾਖੀ ਸੋ ਸ਼ੂਨਯ ਰੂਪ ਕੈਸੇ ਹੋਵੇਗਾ ਵੋਹੀ ਤਤਵੇਤਾ ਕੀ ਇਸਥਿਤੀ ਹੈ। (ਦ੍ਰਿਸ਼ਟਾਂਤ)–ਜੈਸੇ ਮੈਲ ਯੁਕਤ ਜਲ ਮੇਂ ਕੱਤਕਰੇ ਨੂੰ (ਨਿਰਮਲੀ) ਕੇ ਪਾਵਨੈ ਸੇ ਮੈਲ ਕਾ ਅਭਾਵ ਹੋਵੇ ਹੈ ਔਰ ਮੈਲ ਕੇ ਅਭਾਵ ਕੇ ਸਾਥ ਹੀ ਨਿਰਮਲੀ ਬੂਟੀ ਕਾ ਭੀ ਅਭਾਵ ਹੋਵੇ ਹੈ । ਤੈਸੇ ਸਤ ਚਿਤ ਆਨੰਦ ਬ੍ਰਹਮ ਜਲ ਕੀ ਨਿਆਈਂ ਹੈ। ਅਵਿਦਿਆ ਤਤਕਾਰਯ ਮੈਲ ਕੀ ਨਿਆਈਂ ਹੈਂ ਤਿਸ ਅਵਿਦਜਾ ਤਤਕਾਰਯ ਤਥਾ ਬ੍ਰਹਮ ਕੀ ਤਦਰੂਪਤਾ ਹੋ ਰਹੀ ਹੈ ਔਰ ਅਖੰਡਾਕਾਰ ਬ੍ਰਿਤੀ ਨਿਰਮਲੀ ਕੀ ਨਿਆਈਂ ਹੈ ਤਿਸੀ ਬ੍ਰਿਤੀ ਕੇ ਉਤਪੰਨ ਹੋਨੇ ਸੇ ਅਵਿਦਿਆ ਤਤਕਾਰਜ ਔਰ ਤਿਸ ਕੇ ਨਿਸ਼ੇਧਕ ਜੋ ਅਨੇਕ ਵਿਸ਼ੇਸ਼ਣ ਹੈਂ ਤਾਂਕਾ ਭੀ ਅਭਾਵ ਹੋਵੇ ਹੈ ਤਿਨ ਸਰਵ ਕੇ ਅਭਾਵ ਕੇ ਸਾਥ ਹੀ ਅਖੰਡਾਕਾਰ ਬ੍ਰਿਤੀ ਕਾ ਭੀ ਅਭਾਵ ਹੋਵੇ ਹੈ । "ਅਨਜ ਦ੍ਰਿਸ਼ਟਾਂਤ" ਜੈਸੇ ਕਿਸੀ ਪੁਰਸ਼ ਨੇ ਨਿਦ੍ਰਾ ਕਰਕੇ ਸੁਪਨ ਮੇਂ ਏਕ ਸ਼ੇਰ ਦੇਖਾ । ਸ਼ੇਰ ਨੇ ਭਯਾਨਕ ਸ਼ਬਦ ਕਰਾ, ਭਯਾਨਕ ਸ਼ਬਦ ਸੇ ਨਿਦ੍ਰਾ ਖੁਲ੍ਹ ਗਈ ਤਬ ਸੁਪਨ ਕਾ ਅਭਾਵ ਹੂਆ ਸੁਪਨੇ ਕੇ ਅਭਾਵ ਕੇ ਸਾਥ ਹੀ ਸ਼ੇਰ ਕਾ ਭੀ ਅਭਾਵ ਹੋ ਜਾਵੇ ਹੈ ਤੈਸੇ ਅਗਿਆਨ ਰੂਪੀ ਨਿਦ੍ਰਾ ਕਰਕੇ ਸੁਪਨ ਰੂਪ ਜਾਗ੍ਰਿਤ ਜਗਤ ਪ੍ਰਤੀਤ ਹੋਵੇ ਹੈ। ਔਰ ਅਖੰਡਾਕਾਰ ਬ੍ਰਿਤੀ ਰੂਪ ਸ਼ੇਰ ਹੈ । ਤਿਸ ਕੇ ਉਤਪਤੀ ਮਾਤ੍ਰ ਸੇ ਦ੍ਵੈਤ ਪ੍ਰਪੰਚਕਾ ਕਾਰਣ ਸਹਿਤ ਅਭਾਵ ਹੋਵੇ ਹੈ ਤਿਸ ਪ੍ਰਪੰਚ ਕੇ ਅਭਾਵ ਕੇ ਸਾਥ ਹੀ ਅਖੰਡਾਕਾਰ ਬ੍ਰਿਤੀ ਕਾ ਭੀ ਅਭਾਵ ਹੋਵੇ ਹੈ। ਅਨਜ ਦ੍ਰਿਸ਼ਟਾਂਤ–ਜੈਸੇ ਕਿਸੀ ਰਾਜਾ ਨੇ ਅਪਨੇ ਸ਼ਤਰੂ ਕੇ ਮਾਰਨੇ ਵਾਸਤੇ ਤਿਸਕੇ ਗੜ੍ਹ



ਕੋ ਯਾਨੇ ਕਿਲੇ ਕੋ ਸੁਰੰਗ ਲਗਾ ਕਰ ਤਹਾਂ ਏਕ ਘਾਯਲ ਯਾਨੇ ਜਖਮੀ ਪੁਰਸ ਕੋ ਅਸਥਾਪਨ ਕਰ ਦੀਆ । ਤਥਾ ਉਸ ਕੇ ਹਾਥ ਮੇਂ ਏਕ ਬਤੀ ਪਕੜਾ ਦਿਣੀ । ਔਰ ਤਿਸ ਗੜ੍ਹ ਕੇ ਨੀਚੇ ਅਨੇਕ ਬਾਰੂਦ ਕੇ ਕੁੱਪੇ ਜਮਾ ਕਰਾ ਦੀਏ । ਤਬ ਤਿਸ ਘਾਯਲ ਪੁਰਸ਼ ਕੋ ਐਸੇ ਕਹਾ ਕਿ ਜਬ ਹਮ ਈਹਾਂ ਸੇ ਨਿਕਲ ਕਰ ਅਪਨੇ ਘਰ ਚਲੇ ਜਾਵੇਂ ਤਬ ਤੁਮ ਨੇ ਬਾਰੂਦ ਕੋ ਬੱਤੀ ਲਗਾ ਦੇਣੀ । ਤਬ ਤਿਸ ਘਾਯਲ ਪੁਰਸ਼ ਨੇ ਐਸੇ ਹੀ ਕੀਆ ਬਾਰੂਦ ਕੋ ਬੱਤੀ ਲਗਾਨੇ ਸੇ ਸਤ੍ਰ ਕੇ ਸਹਿਤ ਹੀ ਗੜ੍ਹ ਉਡ ਗਯਾ। ਔਰ ਗੜ੍ਹ ਕੇ ਅਭਾਵ ਕੇ ਸਾਥ ਹੀ ਘਾਯਲ ਪੁਰਸ਼ ਔਰ ਬੱਤੀ ਕਾ ਭੀ ਅਭਾਵ ਹੋ ਗਯਾ ਤਬ ਤਿਸ ਅਸਥਾਨ ਮੇਂ ਕੇਵਲ ਆਕਾਸ਼ ਹੀ ਰਹਿ ਗਯਾ। ਇਸ ਰੀਤਿ ਸੇ ਰਾਜਾ ਨੇ ਅਪਨੇ ਸ਼ਤ੍ਰ ਕੋ ਮਾਰ ਕਰ ਨਿਸਕੰਟਕ ਰਾਜ ਕੋ ਪ੍ਰਾਪਤ ਹੋ ਗਯਾ । ਤੈਸੇ ਅਹੰਕਾਰ ਰੂਪ ਸ਼ਤ੍ਰ ਕਾ ਪਾਂਚ ਕੋਸ਼ ਰੂਪੀ ਗੜ੍ਹ ਹੈ ਤਿਸ ਕੇ ਅਭਾਵ ਵਾਸਤੇ ਜਗਿਆਸੂ ਰੂਪੀ ਰਾਜਾ ਗੁਰੂ ਸਾਸ਼ਤ੍ਰ ਰੂਪੀ ਘਾਇਲ ਪੁਰਸ਼ ਕੀ ਕ੍ਰਿਪਾ ਸੇ ਅਖੰਡਾਕਾਰ ਬ੍ਰਿਤੀ ਰੂਪ ਬਤੀ ਸੰਪਾਦਨ ਕਰਤਾ ਭਯਾ ਅਖੰਡਾਕਾਰ ਬ੍ਰਿਤੀ ਕੇ ਉਦੇ ਹੋਨੇ ਸੇ ਸਮਸਟੀ ਵਿਯਸਟੀ ਪਾਂਚ ਕੋਸ਼ ਰੂਪੀ ਗੜ੍ਹ ਔਰ ਹੰਕਾਰ ਰੂਪੀ ਸ਼ਤ੍ਰ ਔਰ ਦਵੈਤ ਕੇ ਨਿਸ਼ੇਧਕ ਜੋ ਸਤਿ ਚਿਦਾਨੰਦ ਆਦਿਕ ਵਿਸੇਸ਼ਣ ਹੈ ਤਿਨ ਸਰਵ ਕਾ ਅਭਾਵ ਹੋਵੇ ਹੈ। ਤਿਨ ਕੇ ਅਭਾਵ ਕੇ ਸਾਥ ਹੀ ਘਾਯਲ ਪੁਰਸ਼ ਗੁਰੂ ਸਾਸਤ੍ਰ ਔਰ ਬਤੀ ਰੂਪੀ ਅਖੰਡਾਕਾਰ ਬ੍ਰਿਤੀ ਤਿਨਕਾ ਭੀ ਅਭਾਵ ਹੋਵੇ ਹੈ । ਅਖੰਡਾਕਾਰ ਬ੍ਰਿਤੀ ਕੇ ਅਭਾਵ ਹੋਨੇ ਸੇ ਗਯੇਯਤ੍ਵ ਵਿਸੇਸਣ ਕਾ ਭੀ ਅਭਾਵ ਹੋਵੇ ਹੈ। ਗਯੇਯਤ੍ਵ ਵਿਸ਼ੇਸ਼ਣ ਕੇ ਅਭਾਵ ਹੋਨੇ ਤੇ ਤਿਸਕੇ ਸੰਬੰਧੀ ਗਯੇਯਪਨੇ ਕਾ ਭੀ ਅਭਾਵ ਹੋਵੇ ਹੈ । ਸਰਵ ਕੇ ਅਭਾਵ ਕਾ ਸਾਖੀ ਜੋ ਆਤਮਾ ਹੈ ਫਕਤ ਤਾਕਾ ਅਭਾਵ ਹੋਵੇ ਨਹੀਂ ਇਸ ਰੀਤਿ ਸੇ ਤਤ੍ਵੇਤਾ ਸ੍ਵਯੰ ਪ੍ਰਕਾਸ਼ ਇਸਥਿਤੀ ਰੂਪ ਨਿਸ਼ਕੰਟਕ ਗੜ੍ਹ ਕੋ ਪ੍ਰਾਪਤ ਹੋਵੇ ਹੈ। ਭਾਵ ਯਹ ਹੈ ਕਿ ਦਵੈਤ ਪ੍ਰਪੰਚ ਸੇ ਰਹਿਤ ਪ੍ਰਕਾਸ਼ ਰੂਪ ਹੋ ਕਰ ਇਸਥਿਤ ਹੋਵੇ ਹੈ, [ਸੰਕਾ ੧੫) ॥ ਦਵੈਤ ਕਾ ਅਭਾਵ ਚੇਤਨ ਹੈ ਯਾ ਜੜ੍ਹ ਹੈ । ਜੋ ਚੇਤਨ ਕਹੋਗੇ ਤੋ ਤਤ੍ਵ ਵੇਤਾ ਕੀ ਇਸਥਿਤੀ ਮੇਂ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇਗੀ ਕਾਹੇ ਤੇ ਏਕ ਆਤਮਾ ਚੇਤਨ ਹੈ ਦੂਸਰਾ ਦਵੈਤ ਕਾ ਅਭਾਵ ਚੇਤਨ ਹੂਆ ਔਰ ਜੋ ਦਵੈਤ ਕਾ ਅਭਾਵ ਜੜ੍ਹ ਅੰਗੀਕਾਰ ਕਰੋਗੇ ਤੋ ਤਾਂਸੇ ਅਖੰਡਾਕਾਰ ਬ੍ਰਿਤੀ ਕਾ ਅਭਾਵ ਹੋਵੇ ਨਹੀਂ ਜੈਸੇ ਜੜ੍ਹ ਸ਼ਿਲਾ ਸੇ ਕੋਈ ਕਾਰਯ ਹੋਵੇ ਨਹੀਂ ਕਿਸੀ ਪਰਕਾਰ ਸੇ ਭੀ ਜੜ੍ਹ ਰੂਪ ਦ੍ਵੈਤ ਕੇ ਅਭਾਵ ਸੇ ਅਖੰਡਾਕਾਰ ਬ੍ਰਿਤੀ ਕਾ ਅੰਗੀਕਾਰ ਕਰੋਗੇ ਤੋ ਭੀ ਵਿਜਾਤੀ ਭੇਦ ਕੀ ਪ੍ਰਾਪਤੀ ਹੋਵੇਗੀ ਕਾਹੇ ਤੇ ਏਕ ਚੇਤਨ ਰੂਪ ਆਤਮਾ ਦੂਸਰਾ ਜੜ ਰੂਪ ਦ੍ਵੈਤ ਕਾ ਅਭਾਵ ਸ਼ੇਸ਼ ਰਹੇ ਹੈ । ਜਿਸ ਤੇ ਅਖੰਡਾਕਾਰ ਬ੍ਰਿਤੀ ਕਾ ਅਭਾਵ ਕਰਕੇ ਤਿਸ ਅਭਾਵ ਕੇ ਨਾਸ਼ ਕਾ ਹੇਤੂ ਕੋਈ ਹੈ ਨਹੀਂ । ਇਸ ਰੀਤੀ ਸੇ ਦੋਨੋਂ ਪ੍ਰਕਾਰ ਕੀ ਤਤ੍ਵੇਤਾ ਕੀ ਇਸਥਿਤੀ ਮੇਂ ਸਾਖੰਡਤਾ ਕੀ ਪ੍ਰਾਪਤੀ ਹੋਵੇ ਹੈ । ਜੋ ਸਾਖੰਡ ਵਸਤੂ ਹੋਵੇ ਹੈ, ਸੋ ਨਾਸ਼ੀ ਹੋਵੇ ਹੈ ਯਾਂਤੇ ਤਤ੍ਵੇਤਾ ਕੀ ਇਸਥਿਤੀ ਭੀ ਨਾਸ਼ ਹੋਵੇਗੀ ਜਬ ਤਤ੍ਵੇਤਾ ਕੀ ਇਸਥਿਤੀ ਕਾ ਅਭਾਵ ਹੂਆ ਤਬ ਸੂਨਯ ਅਵਸ਼ ਹੀ

ਅੰਗੀਕਾਰ ਕਰਨਾ ਹੋਗਾ। (ਸਮਾਧਾਨ ੧੫) – ਅਵਿਦਿਆ ਤਤਕਾਰਯ ਕਾ ਅਭਾਵ ਕੇਵਲ ਚੇਤਨ ਭੀ ਨਹੀਂ ਯਾਂਤੇ ਸਜਾਤੀਯ ਭੇਦ ਕੀ ਪ੍ਰਾਪਤੀ ਹੋਵੇ ਨਹੀਂ ਔਰ ਚੇਤਨ ਕੇ ਅਭਾਸ ਸਹਿਤ ਜੋ ਅਖੰਡਾਕਾਰ ਬ੍ਰਿਤੀ ਤਾਂਕੇ ਸਾਥ ਅਭੇਦ ਹੋ ਕਰ ਅਵਿਦਿਆ ਤਤ-ਕਾਰਯ ਕਾ ਅਭਾਵ ਇਸਥਿਤ ਹੋਵੇ ਹੈ ਯਾਂਤੇ ਅਵਿਦਿਆ ਤਤਕਾਰਯ ਕਾ ਅਭਾਵ ਕੇਵਲ ਜੜ ਭੀ ਨਹੀਂ ਔਰ ਜੜ ਨ ਹੋਨੇ ਸੇ ਅਖੰਡਾਕਾਰ ਬ੍ਰਿਤੀ ਕਾ ਅਭਾਵ ਕਰੇ ਹੈ ਔਰ ਅਖੰਡਾਕਾਰ ਬ੍ਰਿਤੀ ਕੇ ਅਭਾਵ ਕਰਕੇ ਸਾਥ ਹੀ ਆਪ ਭੀ ਅਭਾਵ ਹੋ ਜਾਵੇ ਹੈ ਯਾਂਤੇ ਵਿਜਾਤੀਯ ਭੇਦ ਕੀ ਪ੍ਰਾਪਤੀ ਹੋਵੇ ਨਹੀਂ। (ਦ੍ਰਿਸ਼ਟਾਂਤ)–ਜੈਸੇ ਨਦੀ ਕੇ ਵੇਗ ਮੇਂ ਰੁੜ੍ਹਿਆ ਜਾਤਾ ਜੋ ਪੁਰਸ਼ ਹੋਵੇ ਤਾਂਕੋ ਕੋਈ ਦਯਾਲੂ ਪੁਰਸ਼ ਦੇਖ ਕੇ ਨਦੀ ਮੇਂ ਪ੍ਰਵੇਸ਼ ਕਰਕੇ ਹਾਥ ਪਕੜ ਲੇਵੇ ਤਬ ਵੋਹ ਰੁੜ੍ਹ ਜਾਨੇ ਵਾਲਾ ਪੁਰਸ਼ ਭੈ ਸੇ ਵਿਆਕੁਲ ਹੋਕਰ ਦਯਾਲੂ ਪੁਰਸ਼ ਕੇ ਗਲ ਕੋ ਚਿੰਬੜ ਜਾਵੇ ਔਰ ਦਯਾਲੂ ਪੁਰਸ਼ ਉਸ਼ ਕੇ ਗਲ ਕੋ ਚਿੰਬੜ ਜਾਵੇ। ਪਰਸਪਰ ਆਪਸ ਮੇਂ ਮਿਲ ਕੇ ਡੂਬ ਜਾਵੇ ਹੈਂ। ਤੈਸੇ ਸਤਚਿਤ ਆਨੰਦ ਵਿਸ਼ੇਸ਼ਣ ਸਹਿਤ ਅਵਿਦਿਆ ਤਤਕਾਰਯ ਕਾ ਅਭਾਵ ਜਬ ਅਖੰਡਾਕਾਰ ਬ੍ਰਿਤੀ ਮੇਂ ਨਿਸਚੇ ਹੂਆ ਤਿਸ ਕੇ ਅਨੰਤਰ ਬ੍ਰਿਤੀ ਮੇਂ ਯਹ ਵਿਚਾਰ ਹੋਵੇ ਹੈ ਕਿ ਦਵੈਤ ਕਾ ਅਭਾਵ ਭੀ ਇਕ ਪਦਾਰਥ ਹੈ ਤਿਸ ਕੀ ਭੀ ਆਤਮਾ ਸੇ ਭਿੰਨ ਸਤਾ ਸਫੁਰਤੀ ਨਹੀਂ ਇਸ ਪ੍ਰਕਾਰ ਦਵੈਤ ਅਭਾਵ ਕਾ ਬ੍ਰਿਤੀ ਸੇ ਅਭੇਦ ਹੋਵੇ ਹੈ ਉਸ ਕੇ ਅਨੰਤਰ ਬ੍ਰਿਤੀ ਮੇਂ ਯਹ ਵਿਚਾਰ ਹੋਵੇ ਹੈ ਕਿ ਬ੍ਰਿਤੀ ਕੇ ਅਭਾਵ ਕਾ ਭੀ ਚਿੰਤਨ ਨਹੀਂ ਹੈ, ਤਿਸਕੇ ਅਨੰਤਰ ਦਵੈਤ ਕੇ ਅਭਾਵ ਕੇ ਸਾਥ ਮਿਲ ਕਰ ਅਖੰਡਾਕਾਰ ਬ੍ਰਿਤੀ ਕਾ ਅਭਾਵ ਹੋਵੇ ਹੈ, ਇਸ ਰੀਤੀ ਸੇ ਦਵੈਤ ਕਾ ਅਭਾਵ ਤਥਾ ਅਖੰਡਾਕਾਰ ਬ੍ਰਿਤੀ ਪਰਸਪਰ ਮਿਲ ਕੇ ਅਭਾਵ ਹੋ ਜਾਵੇ ਹੈ, ਯਹ ਵਿਚਾਰ ਤਤ੍ਵੇਤਾ ਕੋ ਸਪਸ਼ਟ ਹੋਵੇ ਹੈ, ਯਾਂਤੇ ਅੰਤਰ ਮੁਖ ਬ੍ਰਿਤੀ ਕਰਕੇ ਵਿਚਾਰਨੇ ਯੋਗ ਹੈ, ਸਰਵ ਕੇ ਅਭਾਵ ਹੋਯਾਂ ਹੋਯਾ ਸਰਵ ਕੇ ਅਭਾਵ ਕਾ ਜੋ ਅਧਿਸ਼ਠਾਨ ਸਾਖੀ ਰੂਪ ਆਤਮਾ ਹੈ, ਸੋ ਸੂਨਜ ਰੂਪ ਨਹੀਂ ਹੈ, ਜਿਸ ਸੇ ਕਲਪਿਤ ਵਸਤੂ ਕਾ ਅਭਾਵ ਚੇਤਨ ਮੇਂ ਹੀ ਹੋਵੇ ਹੈ। (ਸ਼ੰਕਾ ੧੬)-ਬ੍ਰਿਤੀ ਸੇ ਆਦਿ ਲੇ ਕਰ ਸਰਵ ਕਾ ਅਭਾਵ ਅੰਗੀਕਾਰ ਕਰਨੇ ਸੇਂ ਤਤ੍ਵੇਤਾ ਕੀ ਇਸਥਿਤੀ ਇਸ ਲੋਕ ਮੇਂ ਪ੍ਰਸਿਧ ਕੈਸੇ ਹੋਵੇਗੀ ਜਿਸ ਸੇ ਵਸਤੂ ਕੀ ਪਰਸਿੱਧੀ ਮਨ ਬਾਣੀ ਕਰਕੇ ਹੋਵੇ ਹੈ ਔਰ ਤੱਤ੍ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਸੰਬੰਧ ਨਹੀਂ, ਜਬ ਤਤ੍ਵੇਤਾ ਕੀ ਇਸਥਿਤੀ ਪ੍ਰਸਿੱਧ ਨ ਭਈ ਤਬ ਸ਼ਸ਼ਸ੍ਰਿੰਗ ਕੀ ਨਿਆਈਂ ਅਸਤ ਭਈ ਔਰ ਤਤ੍ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਅਭਾਵ ਅੰਗੀਕਾਰ ਕਰਨੇ ਸੇ ਵੇਦਾਂਤ ਸੰਪ੍ਰਦਾਯ ਕਾ ਭੀ ਅਭਾਵ ਹੋਵੇਗਾ ਜਿਸ ਤੇ ਮੁਮੁਖਸ਼ੂ ਕੋ ਉਪਦੇਸ਼ ਮਨ ਬਾਣੀ ਕਰਕੇ ਹੋਵੇ ਹੈ। ਮਨ ਬਾਣੀ ਕੇ ਅਭਾਵ ਹੋਨੇ ਸੇ ਉਪਦੇਸ਼ ਕਾ ਅਭਾਵ ਉਪਦੇਸ਼ ਕੇ ਅਭਾਵ ਹੋਨੇ ਸੇ ਗਿਆਨ ਕਾ ਅਭਾਵ ਗਿਆਨ ਕਾ ਅਭਾਵ ਹੋਨੇ ਸੇ ਤਤ੍ਵੇਤਾ ਕੀ ਇਸਥਿਤੀ ਕਾ ਅਭਾਵ ਅਵਸ਼ਜ ਅੰਗੀਕਾਰ ਕਰਨਾ ਹੋਗਾ, ਤਬ ਸੂਨਜ ਕੀ ਪ੍ਰਾਪਤੀ ਕੈਸੇ ਨ ਹੋਗੀ। (ਸਮਾਧਾਨ ੧੬) ਤਤ੍ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਅਭਾਵ ਹੋਵੇ ਹੈ। ਯਹ ਤੇਰਾ ਕਥਨ ਯਥਾਰਥ ਹੈ। ਪਰੰਤੂ



ਐਸੀ ਇਸਥਿਤੀ ਮੇਂ ਇਸਥਿਤ ਹੋਕਰ ਫੇਰ ਬ੍ਰਿਤੀ ਆਦਿਕ ਤ੍ਰਿਪੁਟੀ ਕੋ ਕਲਪਕਰ ਔਰ ਤਿਸ ਬ੍ਰਿਤੀ ਮੇਂ ਆਰੂੜ ਹੋਕਰ ਇਸਥਿਤੀ ਕੋ ਕਥਨ ਕਰੇ ਹੈਂ। ਯਾਂਤੇ ਤਤ੍ਵੇਤਾ ਕੀ ਇਸਥਿਤੀ ਲੋਕ ਮੇਂ ਪ੍ਰਸਿਧ ਹੋਵੇ ਹੈ। ਔਰ ਤਿਸ ਬ੍ਰਿਤੀ ਮੇਂ ਆਰੂੜ ਹੋ ਕਰ ਜਗਿਆਸੂ ਜਨੋਂ ਕੋ ਉਪਦੇਸ ਭੀ ਕਰੇ ਹੈ। ਤਿਸ ਉਪਦੇਸ ਮੇਂ ਗਿਆਨ ਕੋ ਪ੍ਰਾਪਤ ਹੂਏ ਹੂਏ ਤਤ੍ਵੇਤਾ ਕੀ ਇਸਥਿਤੀ ਕੋ ਪ੍ਰਾਪਤ ਹੋਵੇ ਹੈ। (ਦ੍ਰਿਸ਼ਟਾਂਤ) ਜੈਸੇ ਕੋਈ ਸੇਠ ਕੀ ਸੇਠਾਣੀ ਜਲ ਕੇ ਨਿਮਿਤ ਕੂਏ ਕੇ ਸਮੀਪ ਗਈ, ਔਰ ਉਸਨੇ ਸੁਭਾਵਕ ਹੀ ਕੂਪ ਕੇ ਜਲ ਕੀ ਤਰਫ ਦ੍ਰਿਸ਼ਟੀ ਕਰੀ ਤਬ ਤਿਸ ਕੇ ਨਕ ਕੀ ਨਥ ਸੁਚੇ ਮੋਤੀਓਂ ਸੇ ਯੁਕਤ ਕੂਏਂ ਕੇ ਜਲ ਮੇਂ ਗਿਰ ਗਈ ਤਬ ਉਸ ਨੇ ਝੀਵਰ ਕੋ ਬੁਲਾ ਕੇ ਕਹਾ ਕਿ ਮੇਰੀ ਇਸ ਕੂਏਂ ਮੇਂ ਬਹੁਤ ਦਾਮ ਵਾਲੀ ਨਥ ਗਿਰ ਗਈ ਹੈ ਅਗਰ ਤੂੰ ਨਥ ਨਿਕਾਲ ਦੇਵੇਂ ਤੋ ਤੇਰੇ ਕੋ ਪੰਜ ਰੁਪੈ ਇਨਾਮ ਦੂੰਗੀ, ਤਿਸ ਕੇ ਵਚਨ ਸੁਨ ਕਰ ਝੀਵਰ ਤਤਕਾਲ ਹੀ ਕੂਪ ਮੇਂ ਪ੍ਰਵੇਸ਼ ਕਰਤਾ ਭਯਾ ਔਰ ਟੁਬਕੀ ਲਗਾ ਕਰ ਜਲ ਕੇ ਨੀਚੇ ਹਾਥ ਫੇਰਤਾ ਭਯਾ, ਔਰ ਨਥ ਉਸ ਕੇ ਹਾਥ ਮੇਂ ਆਤੀ ਭਈ। ਤਬ ਉਸੀ ਵਕਤ ਉਸ ਕੋ ਨਥ ਕਾ ਗਿਆਨ ਹੋਤਾ ਭਯਾ ਔਰ ਪੰਜ ਰੁਪਈਓਂ ਕੀ ਖੁਸ਼ੀ ਹੋਤੀ ਭਈ। ਪਰੰਤੂ ਨਥ ਕੀ ਪ੍ਰਾਪਤੀ ਕੋ ਔਰ ਉਸ ਖੁਸ਼ੀ ਕੋ ਬਾਣੀ ਸੇ ਕਥਨ ਕਰਨੇ ਕੇ ਸਮਰਥ ਨ ਹੋਤਾ ਭਯਾ, ਜਿਸ ਸੇ ਪਾਣੀ ਮੇਂ ਬਾਣੀ ਕੀ ਗਮਯਤਾ ਨਹੀਂ, ਇਸੀ ਸੇ ਸਿਠਾਣੀ ਕੋ ਨਥ ਕੀ ਪਰਾਪਤੀ ਕਾ ਗਿਆਨ ਨ ਹੂਆ ਔਰ ਜਬ ਜਲ ਸੇ ਬਾਹਰ ਨਿਕਲ ਕਰ ਝੀਵਰ ਨੇ ਪੁਕਾਰਿਆ "ਨਥ ਮਿਲ ਗਈ ਹੈ" ਤਬ ਸੇਠਾਣੀ ਕੋ ਗਿਆਨ ਹੋਤਾ ਭਯਾ ਕਿ ਨੱਥ ਝੀਵਰ ਕੋ ਅਬ ਪਰਾਪਤ ਹੂਈ ਹੈ, ਪਰੰਤੂ ਨੱਥ ਝੀਵਰ ਕੇ ਕਥਨ ਸੇ ਪਹਿਲੇ ਹੀ ਮਿਲ ਗਈ ਸੀ। ਤੈਸੇ ਅਖੰਡਾਕਾਰ ਬ੍ਰਿਤੀ ਕੇ ਅਭਾਵ ਹੋਨੇ ਸੇ ਤਤ੍ਵੇਤਾ ਸਰਵ ਉਪਾਧਿ ਸੇ ਰਹਿਤ ਹੋਕਰ ਇਸਥਿਤ ਹੋਵੇ ਹੈ, ਪਰੰਤੂ ਤਿਸ ਇਸਥਿਤੀ ਕੋ ਕਥਨ ਨਹੀਂ ਕਰ ਸਕਤਾ, ਜਿਸ ਤੇ ਤਿਸ ਮੇਂ ਦੂਸਰੇ ਕਾ ਅਭਾਵ ਹੈ, ਪਰੰਤੂ ਫੇਰ ਵ੍ਰਿਤੀ ਕੋ ਕਲਪ ਕਰ ਔਰ ਤਿਸ ਮੇਂ ਆਰੂੜ ਹੋ ਕਰ ਇਸਥਿਤੀ ਕੋ ਐਸੇ ਕਥਨ ਕਰੇ ਹੈਂ ਮੇਰੇ ਸਰੂਪ ਮੇਂ ਨ ਅਧਯਾਰੋਪ ਹੈ ਨ ਅਪ੍ਵਾਦ ਹੈ ਨ ਗਿਆਨ ਹੈ ਨ ਅਗਿਆਨ ਹੈ ਨ ਬੰਧ ਹੈ ਨ ਮੋਖ ਹੈ ਨ ਗੁਰੂ ਹੈ ਨ ਸਿਸ਼ ਹੈ ਕੇਵਲ ਪਰਮਾਰਥ ਰੂਪ ਹੈ ਔਰ ਜਗਿਆਸੂ ਯਹ ਜਾਨਤੇ ਹੈਂ ਕਿ ਤਤਵੇਤਾ ਕੋ ਬੜੇ ਪੁੰਨੋਂ ਕੇ ਪ੍ਰਭਾਵ ਸੇ ਅਬ ਪਰਮਾਨੰਦ ਕੀ ਪਰਾਪਤੀ ਭਈ ਹੈ ਔਰ ਜਿਸ ਅਸਥਾਨ ਮੇਂ ਇਸਥਿਤ ਹੋਕਰ ਕਥਨ ਕਰੇ ਹੈਂ ਯਹ ਹੀ ਇਸਕੀ ਬ੍ਰਿਤੀ ਹੈ ਪ੍ਰੰਤੂ ਤਤ੍ਵੇਤਾ ਕੀ ਇਸਥਿਤੀ ਬਿਰਤੀ ਸੇ ਰਹਿਤ ਹੈ, ਔਰ ਬਿਰਤੀ ਸੇ ਪ੍ਰਥਮ ਹੀ ਸੁਪ੍ਰਕਾਸ਼ ਹੋਨੇ ਤੇ ਸਿਧ ਹੈ ਯਾਂਤੇ ਤਤ੍ਵੇਤਾ ਕੀ ਇਸਥਤੀ ਕੋ ਸੂਨਜ ਰੂਪ ਰਹਨਾ ਬਨੇ ਨਹੀਂ। (ਸ਼ੰਕਾ ੧੭) ਪੁਨ:-ਬਿਰਤੀ ਕੀ ਉਤਪਤੀ ਕਾ ਕਾਰਣ ਆਤਮਾ ਹੈ ਯਾ ਜਗਤ ਹੈ ਅਥਵਾ ਬਿਰਤੀ ਆਪ ਹੈ ਜੋ ਪ੍ਰਥਮ ਪਖ ਅੰਗੀਕਾਰ ਕਰੋ ਤੋ ਬਨੇ ਨਹੀਂ। ਕਾਹੇ ਤੇ ਸਾਮਾਨਜ ਚੇਤਨ ਰੂਪ ਆਤਮਾ ਕਿਸੀ ਵਿਵਹਾਰ ਕਾ ਹੇਤੁ ਨਹੀਂ ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਸੋ ਭੀ ਬਨੈ ਨਹੀਂ ਕਾਹੇ ਤੇ ਜਗਤ ਬਿਰਤੀ ਸੇ ਪੀਛੇ ਹੋਨੇ ਵਾਲਾ ਹੈ ਵੋ ਬਿਰਤੀ ਕਾ

ਕਾਰਣ ਬਨੇ ਨਹੀਂ ਔਰ ਜੋ ਤ੍ਰਿਤੀਯ ਪਖ ਅੰਗੀਕਾਰ ਕਰੋਗੇ ਤੋ ਬਿਰਤੀ ਆਪ ਹੀ ਅਪਨਾ ਕਾਰਣ ਹੋਵੇਗੀ ਤੋ ਆਤਮਾਸ਼੍ਰਯ ਦੋਸ ਆਏਗਾ ਯਹ ਵਾਰਤਾ ਭੀ ਅਯੋਗਯ ਹੈ ਯਾਂਤੇ ਇਸੀ ਕੋ ਦੋਸ ਕਹੇ ਹੈਂ ਇਸ ਰੀਤੀ ਸੇ ਬਿਰਤੀ ਕੀ ਉਤਪਤੀ ਕਾ ਕੋਈ ਕਾਰਣ ਬਣੇ ਨਹੀਂ ਯਾਂਤੇ ਬਿਰਤੀ ਬਿਨਾ ਕਾਰਣ ਪੈਦਾ ਨਹੀਂ ਹੋ ਸਕਤੀ ਬਿਰਤੀ ਕੇ ਅਭਾਵ ਸੇ ਤਤ੍ਵੇਤਾ ਕੀ ਇਸਥਿਤੀ ਭੀ ਨਹੀਂ ਹੈ । ਯੇਨ ਕੇਨ ਪ੍ਰਕਾਰ ਸੇ ਬਿਰਤੀ ਕਾ ਅੰਗੀਕਾਰ ਕਰੋਗੇ ਤੋ ਤਿਸ ਕੇ ਅਪਵਾਦ ਵਾਸਤੇ ਪੁਨਹ ਤਤ੍ਵੇਤਾ ਕੋ ਕਰਤਬਯ ਕੀ ਪ੍ਰਾਪਤਿ ਹੋਵੇਗੀ ਨਿਰਦੋਸ਼ ਇਸਥਿਤੀ ਵਾਲੇ ਤਤ੍ਵੇਤਾ ਕੋ ਪੁਨ: ਕਰਤਵਯ ਕੇ ਅੰਗੀਕਾਰ ਕਰਨੇ ਸੇ ਤਾਂਕੀ ਨਿਰਦੋਸ਼ ਰੂਪ ਇਸਥਿਤੀ ਕਾ ਕੈਸੇ ਅਭਾਵ ਨ ਹੋਵੇਗਾ ਇਸ ਰੀਤਿ ਸੇ ਦੋਨੋਂ ਪ੍ਰਕਾਰ ਸੇ ਤਤ੍ਵੇਤਾ ਕੀ ਇਸਥਿਤੀ ਕਾ ਅਭਾਵ ਨਿਸਚੇ ਹੂਆ ਯਾਂਤੇ ਸੂਨਯ ਕੀ ਪਰਮ ਤਤ੍ ਹੈ । (ਸਮਾਧਾਨ ੧੭) ਪੁਨਹ ਬਿਰਤੀ ਕੀ ਉਤਪਤੀ ਕਾ ਕਾਰਣ ਨ ਆਤਮਾ ਹੈ ਨ ਜਗਤ ਹੈ ਨ ਬਿਰਤੀ ਹੀ ਹੈ ਯਹ ਤੇਰਾ ਕਥਨ ਯਥਾਰਥ ਹੈ ਪਰੰਤੂ ਅਵਿਦਿਆ ਤਤ ਕਾਰਯ ਕੇ ਅਭਾਵ ਹੋਨੇ ਸੇ ਲੇਸ਼ਾ ਅਵਿਦਿਆ ਸ਼ੇਸ਼ ਰਹੇ ਹੈ। ਸੋਈ ਬ੍ਰਿਤੀ ਕੀ ਉਤਪਤੀ ਮੇਂ ਕਾਰਣ ਹੈ । ਲੇਸ਼ਾ ਅਵਿਦਿਆ ਮੇਂ ਦ੍ਰਿਸ਼ਟਾਂਤ ਕਹੇ ਹੈਂ, ਜੈਸੇ ਲਸਨ ਕੇ ਪਾਤ੍ਰ ਮੇਂ ਸੇ ਲਸਨ ਕੋ ਨਿਕਾਲਨੇ ਸੇ ਭੀ ਸੂਖਯਮ ਲਸਨ ਕੀ ਗੰਧ ਰਹੇ ਹੈ, ਤੈਸੇ ਅਵਿਦਿਆ ਕੇ ਅਭਾਵ ਹੋਨੇ ਸੇ ਸ਼ੇਸ਼ਲੇਸ਼ਾ ਅਵਿਦਿਆ ਆਤਮਾ ਆਸ੍ਰਯ ਰਹੇ ਹੈ, ਸੋਈ ਬ੍ਰਿਤੀ ਕੀ ਉਤਪਤੀ ਮੇਂ ਕਾਰਣ ਹੈ । ਔਰ ਜੈਸੇ ਭਾਂਡੇ ਕੇ ਵਰਤਨੇ ਸੇ ਕੁਛ ਕਾਲ ਪਾ ਕੇ ਲਸਨ ਕੀ ਗੰਧ ਸੁਭਾਵਕ ਹੀ ਨਿਵਿਰਤ ਹੋ ਜਾਵੇ ਹੈ ਤੈਸੇ ਬ੍ਰਿਤੀ ਕੋ ਆਰੋਪ ਕਰ ਤਤ੍ਵੇਤਾ ਕੁਛਕ ਕਾਲ ਉਪਦੇਸ਼ ਆਦਿਕ ਬਯਵਹਾਰ ਕਰੇ ਹੈਂ ਫੇਰ ਲੇਸ਼ਾ ਅਵਿਦਿਆ ਕੇ ਅਭਾਵ ਹੋਨੇ ਤੇ ਬ੍ਰਿਤੀ ਆਦਿਕ ਬਯਵਹਾਰ ਕਾ ਸਹਿਜੇ ਹੀ ਅਭਾਵ ਹੋ ਜਾਵੇ ਹੈ ਤਾਂ ਮੇਂ ਕਰਤਬਯ ਕੀ ਕੁਛ ਅਪੇਖਯਾ ਨਹੀਂ । (ਅਨਯ ਦ੍ਰਿਸ਼ਟਾਂਤ) ਜੈਸੇ ਕਿਸੀ ਬਾਜੀਗਰ ਕਾ ਲੜਕਾ ਰਾਜਕੁਮਾਰ ਕਾ ਸ੍ਵਾਂਗ ਧਾਰਨ ਕਰਨੇ ਵਾਸਤੇ ਵਸਤ੍ਰ ਭੂਖਣ ਪਹਿਨਤਾ ਭਯਾ ਔਰ ਸ਼ਸਤ੍ਰ ਧਾਰਨ ਕਰਤਾ ਭਯਾ ਤਬ ਉਸ ਕੋ ਅਪਨਾ ਬਾਜੀਗਰਪਨਾ ਭੂਲ ਜਾਤਾ ਭਯਾ ਔਰ ਅਪਨੇ ਕੋ ਵਸਤ੍ਰ ਭੂਸ਼ਣ ਰੂਪ ਮਾਨਤਾ ਭਯਾ ਔਰ ਉਸ ਕੋ ਐਸਾ ਦ੍ਰਿੜ ਵਿਸ੍ਵਾਸ ਹੋਤਾ ਭਯਾ ਜੋ ਸਮਝਾਨੇ ਪਰ ਭੀ ਨ ਸਮਝਤਾ ਥਾ, ਤਬ ਉਸ ਕਾ ਪਿਤਾ ਬਾਰੰਬਾਰ ਉਪਦੇਸ਼ ਕਰਤਾ ਥਾ ਕਿ ਹੇ ਪੁਤ੍ਰ ! ਤੂੰ ਵਸਤ੍ਰ ਸ਼ਸਤ੍ਰ ਭੂਸ਼ਣ ਰੂਪ ਨਹੀਂ ਤੂੰ ਤੋ ਹਮਾਰਾ ਪੁਤ੍ਰ ਹੈਂ ਮਨੁਸ਼ਯ ਹੈਂ ਬਾਜ਼ੀਗਰ ਹੈਂ । ਤਬ ਵੋਹ ਵਸਤ੍ਰ ਭੂਸ਼ਣੋਂ ਕੀ ਤਰਫ ਦੇਖ ਕਰ ਕਹਿਨੇ ਲਗਾ, ਜੈਸੇ ਮੈਂ ਵਸਤ੍ਰ ਭੂਸ਼ਨ ਦੇਖਤਾ ਹੂੰ ਐਸੇ ਕਭੀ ਬਾਜੀਗਰਪਨਾ ਦੇਖਾ ਨਹੀਂ, ਆਪ ਕਿਸ ਵਾਸਤੇ ਝੂਠ ਬੋਲਤੇ ਹੋ ਕਿ ਤੂੰ ਵਸਤ੍ਰ ਸ਼ਸਤ੍ਰ ਭੂਸ਼ਣ ਰੂਪ ਨਹੀਂ, ਉਸ ਕਾ ਪਿਤਾ ਫੇਰ ਕਹਿਨੇ ਲਗਾ ਤੂੰ ਮਨੁਸ਼ਯ ਹੈਂ ਬਾਜੀਗਰ ਹੈਂ । ਵਸਤ੍ਰ ਸ਼ਸਤ੍ਰ ਭੂਸ਼ਣ ਰੂਪ ਨਹੀਂ। ਤਬ ਬਾਲਕ ਕੁਛਕੁ ਸੰਦੇਹ ਕੋ ਪ੍ਰਾਪਤ ਹੂਆ ਔਰ ਪੂਛਤਾ ਭਯਾ ਆਪ ਜੋ ਬਾਰ ਬਾਰ ਕਹਿਤੇ ਹੋ ਤੂੰ ਮਨੁਸ਼ਯ ਹੈਂ ਬਾਜੀਗਰ ਹੈਂ ਮੈਂ ਕਿਸ ਪ੍ਰਕਾਰ ਬਾਜੀਗਰ ਹੂੰ ।



ਤਬ ਉਸ ਕਾ ਪਿਤਾ ਮਨੁਸ਼ਯ ਔਰ ਬਾਜੀਗਰਪਨੇ ਕੇ ਅਛਾਦਿਕ ਜੋ ਵਸਤ੍ਰ ਭੂਸ਼ਣ ਥੇ ਵੋ ਉਤਰਵਾਤਾ ਭਯਾ ਔਰ ਉਸ ਕਾ ਪਿੰਡ (ਸ਼ਰੀਰ) ਹਸਤ ਪਾਦਾਦਿ ਉਸ ਕੋ ਦਿਖਾਤਾ ਭਯਾ । ਫੇਰ ਸ਼ੀਸ਼ਾ ਲੇਕਰ ਉਸ ਕਾ ਮੁਖ ਭੀ ਉਸ ਕੋ ਦਿਖਾਤਾ ਭਯਾ ਤਬ ਉਸ ਕੋ ਪੂਰਵ ਦੇਖੇ ਅਪਨੇ ਸਰੀਰ ਕੀ ਸਿਮ੍ਰਿਤੀ ਹੋਤੀ ਭਈ । ਤਿਸ ਸੇ ਅਨੰਤਰ ਨਿਸਚੇ ਹੋਤਾ ਭਯਾ ਕਿ ਮੈਂ ਮਨੁਸ਼ਯ ਔਰ ਬਾਜੀਗਰ ਹੂੰ । ਮੇਰੇ ਮੇਂ ਵਸਤ੍ਰ ਭੂਸ਼ਣ ਆਦਿਕੋਂ ਕਾ ਤੀਨ ਕਾਲ ਭੀ ਸੰਬੰਧ ਨਹੀਂ ਹੈ ਤੈਸੇ ਸੁਧ ਸਤਿ ਚਿਤ ਆਨੰਦ ਬ੍ਰਹਮ ਅਪਨੀ ਮਾਇਆ ਅਵਿਦਿਆ ਰੂਪ ਕਾਰਣ ਉਪਾਧਿਕਰ ਅੰਤਰਯਾਮੀ ਤਥਾ ਪ੍ਰਾਗਯ ਅਭਿਮਾਨ ਕੋ ਧਾਰਣ ਕਰਤਾ ਭਯਾ । ਤਿਸ ਕੇ ਅਨੰਤਰ ਸਮਸਟੀ ਵਯਸਟੀ ਸੂਖਮ ਉਪਾਧਿਕਰ ਹਿਰਣਯ ਗਰਭ ਔਰ ਤੈਜਸ ਅਭਿਮਾਨ ਕੋ ਧਾਰਣ ਕਰਤਾ ਭਯਾ ਤਿਸ ਸੇ ਅਨੰਤਰ ਅਸਥੂਲ ਸਮਸਟੀ ਬਯਸਟੀ ਉਪਾਧਿਕਰ ਵੈਰਾਠ ਔਰ ਵਿਸ਼੍ਵ ਅਭਿਮਾਨ ਕੋ ਧਾਰਣ ਕਰਤਾ ਭਯਾ ਤਿਸ ਕੇ ਅਨੰਤਰ ਵਿਸ਼੍ਵਨਾਮਾ ਜੀਵ ਪਸ਼ੂ ਪੰਖੀ ਮਨੁਸ਼ਯ ਦੇਵਤਾ ਤ੍ਰਿਯਗ ਅਸਥਾਵਰ ਇਤਿਆਦਿ ਅਨੇਕ ਸੰਗਯਾ ਕੋ ਧਾਰਣ ਕਰਤਾ ਭਯਾ ਔਰ ਤਿਸ ਅਨਾਤਮ ਅਭਿਮਾਨ ਕਰ ਜਨਮ ਮ੍ਰਿਤਯੂ ਆਦਿਕ ਅਨੇਕ ਅਨਰਥੋਂ ਕੋ ਪ੍ਰਾਪਤ ਹੋਤਾ ਭਯਾ ਇਸ ਪ੍ਰਕਾਰ ਦੁਖੀ ਹੂਆ ਕਦਾਚਿਤ ਪੁਨਯ ਪ੍ਰਭਾਵ ਸੇ ਸ੍ਰੋਤ੍ਰੀਯ ਬ੍ਰਹਮ ਨਿਸ਼ਟ ਗੁਰੂ ਕੇ ਸ਼ਰਣ ਮੇਂ ਆਤਾ ਭਯਾ। ਤਬ ਵੋਹ ਗੁਰੂ ਉਸ ਸੇ ਪੂਛਤੇ ਭਏ, ਹੇ ਮਨੁਸ਼ਯ ਤੂੰ ਕੌਨ ਹੈਂ ਤਬ ਕਹਤਾ ਭਯਾ। ਮਹਾਰਾਜ ! ਮੈਂ ਜੀਵ ਹੂੰ ਤਬ ਤਤ੍ਵੇਤਾ ਮਹਾਤਮਾ ਕਹਤੇ ਭਏ ਤੂੰ ਜੀਵ ਨਹੀਂ·ਤੂੰ ਸੁਧ ਸੱਤਾ ਮਾਤ੍ਰ ਬ੍ਰਹਮ ਹੈਂ। ਤਬ ਫੇਰ ਕਹਨੇ ਲਗਾ ਮਹਾਰਾਜ ! ਆਪ ਐਸੇ ਮਤ ਕਹੋ ਕਿ ਤੂੰ ਸੁੱਧ ਬ੍ਰਹਮ ਹੈਂ ਮੈਂ ਨੇ ਤੋ ਸੁੱਧ ਬ੍ਰਹਮ ਦੇਖਾ ਸੁਨਾ ਭੀ ਨਹੀਂ ਮੈਂ ਤੋ ਪਾਪੀ ਜੀਵ ਹੂੰ, ਜਬ ਈਸ਼੍ਵਰ ਕ੍ਰਿਪਾ ਕਰੇਗਾ ਤਬ ਮੇਰਾ ਕਲਿਆਨ ਹੋਵੇਗਾ। ਤਬ ਗੁਰੂ ਜੀ ਫੇਰ ਕਹਿਨੇ ਲਗੇ ਤੂੰ ਤੋ ਸੁੱਧ ਸੱਤਾ ਮਾਤ੍ਰ ਬ੍ਰਹਮ ਹੈਂ ਤੇਰੇ ਸ੍ਵਰੂਪ ਮੇਂ ਜੀਵ ਈਸ਼੍ਵਰ ਭਾਵ ਤੀਨ ਕਾਲ ਹੂਆ ਹੀ ਨਹੀਂ ਤੂੰ ਵਿਚਾਰ ਕਰਕੇ ਦੇਖ ਤਬ ਉਸ ਕੋ ਅਪਨੇ ਆਪ ਮੇਂ ਸੰਦੇਹ ਹੋ ਗਯਾ ਔਰ ਨਿਮ੍ਰਤਾ ਪੂਰਬਕ ਕਹਨੇ ਲਗਾ ਕਿ ਮਹਾਰਾਜ ! ਆਪ ਜੋ ਵਾਰੰਵਾਰ ਕਹਤੇ ਹੋ ਤੂੰ ਸੁਧ ਬ੍ਰਹਮ ਹੈਂ ਸੋ ਮੈਂ ਕਿਸਤਰਹ ਬ੍ਰਹਮ ਹੂੰ। ਤਬ ਗੁਰੂ ਜੀ ਕਹਨੇ ਲਗੇ ਅਸਥੂਲ ਸੂਖਮ ਕਾਰਣ ਜੋ ਸਮਸਟੀ ਬਯਸਟੀ ਤ੍ਰਿਤੀਯ ਸ਼ਰੀਰ ਹੈਂ ਸੋ ਤੂੰ ਨਹੀਂ ਹੈ ਔਰ ਸ਼ਰੀਰ ਕੇ ਅਭਿਮਾਨ ਕਰਨੇ ਵਾਲਾ ਭੀ ਤੂੰ ਨਹੀਂ। ਇਸ ਪ੍ਰਕਾਰ ਸਭ ਕਾ ਨਿਸ਼ੇਧ ਕਰਕੇ ਸਰਬ ਕੇ ਨਿਸ਼ੇਧ ਕਾ ਅਧਿਸ਼ਠਾਨ ਸਾਖੀ ਤੂੰ ਹੈਂ ਐਸੇ ਕਹਿ ਕਰ ਮਹਾਵਾਕਯ ਰੂਪ ਸ਼ੀਸ਼ਾ ਗੁਰੂ ਜੀ ਦਿਖਾਤੇ ਭਏ। ਭਾਵ ਯਹ ਹੈ ਕਿ ਕਾਰਣ ਕਾਰਜ ਰੂਪ ਉਪਾਧਿਓਂ ਕਾ ਨਿਸ਼ੇਧ ਕਰਨੇ ਸੇ ਪੀਛੇ ਰਹਾ ਜੋ ਸੱਤਾ ਮਾਤ੍ਰ ਸੁੱਧ "ਬ੍ਰਹਮ" ਸੋ ਤੂੰ ਹੈਂ। ਤਿਸ ਮੇਂ ਨ ਈਸ਼੍ਵਰ ਭਾਵ ਹੈ ਨ ਜੀਵ ਭਾਵ ਨ ਜਨਮ ਨ ਮ੍ਰਿਤਯੂ ਹੈ ਕੇਵਲ ਸ੍ਵਯੰ ਪ੍ਰਕਾਸ਼ ਸੱਤਾ ਹੈ । ਉਸ ਕੋ ਤੂੰ ਆਪਨਾ ਆਪ ਜਾਣ ਕਰ ਇਸਥਿਤ ਹੋ ਜਾ ਤਬ ਤੇਰੇ ਕਲੇਸ਼ ਮਿਟ ਜਾਏਂਗੇ । ਐਸੇ ਗੁਰੂ ਕੇ ਵਚਨ ਸੁਨ ਕਰ ਅਪਨਾ ਸਰੂਪ ਸੱਤਾ ਮਾਤ੍ਰ ਨਿਸ਼ਚੇ ਕਰਤਾ ਭਯਾ ਔਰ ਕਹਿਨੇ ਲਗਾ ਮੇਰੇ ਸਰੂਪ ਮੇਂ ਅਸੱਤ ਰੂਪ ਜੜ ਸੰਸਾਰ ਕਾ ਤੀਨੋਂ

ਕਾਲ ਮੇਂ ਅਭਾਵ ਹੈ। ਤਿਸਕੇ ਅਭਾਵ ਹੋਨੇ ਸੇ ਤਿਨੋਂ ਕੇ ਨਿਸ਼ੇਧਕ, ਸਤਿ ਚਿਤ ਆਨੰਦ ਆਦਿਕ ਵਿਸ਼ੇਸਣੋਂ ਕਾ ਭੀ ਅਭਾਵ ਹੈ। ਸਰਵ ਅਨਾਤਮ ਪਦਾਰਥੋਂ ਕਾ ਅਭਾਵ ਭੀ ਏਕ ਪਦਾਰਥ ਹੈ ਯਾਂਤੇ ਸੋ ਭੀ ਨਹੀਂ ਹੈ। ਤਥਾ ਸਰਵ ਕੇ ਨਿਸ਼ੇਧ ਕਾ ਚਿੰਤਨ ਭੀ ਨਹੀਂ ਹੈ। ਇਸ ਰੀਤਿ ਸੇ ਬ੍ਰਿਤੀ ਆਦਿਕ ਸਰਵ ਕਾ ਨਿਸ਼ੇਧ ਕਰਕੇ ਪਰਮ ਮੌਨ ਰੂਪ ਇਸਥਿਤੀ ਮੇਂ ਇਸਥਿਤ ਹੋਤਾ ਭਯਾ। (ਦ੍ਰਿਸ਼ਟਾਂਤ)-ਮੇਂ ਜੈਸੇ ਬਾਜੀਗਰ ਅਪਨੇ ਪੁਤ੍ਰ ਕੋ ਮਨੁਸ਼ਯ ਪਣਾ ਔਰ ਬਾਜੀਗਰ ਪਣਾ ਨਿਸਚੇ ਕਰਾ ਕਰ ਫੇਰ ਵਸਤ੍ਰ ਭੂਸ਼ਣ ਪਹਿਰਾ ਕਰ ਰਾਜ ਕੁਮਾਰ ਕਾ ਸ੍ਵਾਂਗ ਧਾਰਣ ਕਰਾ ਕਰ ਉਪਜੀਵਕਾ ਨਿਮਿਤ ਸਭਾ ਮੇਂ ਲਿਆਤਾ ਭਯਾ। ਪਰੰਤੂ ਪ੍ਰਥਮ ਕੀ ਨਿਆਈਂ ਭਰਮ ਕੋ ਨ ਪ੍ਰਾਪਤ ਹੋਤਾ ਭਯਾ ਤੈਸੇ ਤਤ੍ਵੇਤਾ ਭੀ ਲੇਸ਼ਾ ਅਵਿਦਿਆ ਸੇ ਬ੍ਰਿਤੀ ਕੋ ਫੇਰ ਕਲਪ ਕਰ ਔਰ ਤਾਂਮੇਂ ਅਰੂੜ ਹੋਕਰ ਕੁਛਕ ਕਾਲ ਉਪਦੇਸਾਦਿਕ ਵਯਵਹਾਰ ਕਰੇ ਹੈ, ਪਰੰਤੂ ਪ੍ਰਥਮ ਕੀ ਨਿਆਈਂ "ਦੇਹੋ ਅਹੰ" ਐਸਾ ਭਰਮ ਹੋਵੇ ਨਹੀਂ, ਕਿਉਂਕਿ ਅਪਨਾ ਸ੍ਵਰੂਪ ਸ੍ਵਯੰ ਪ੍ਰਕਾਸ਼ ਕਰਕੇ ਤਾਂਕੋ ਸਪਸ਼ਟ ਹੈ। ਪੁਨਹ ਲੇਸ਼ਾਅਵਿਦਿਆ ਸੇ ਆਦਿ ਲੇਕਰ ਬ੍ਰਿਤੀ ਪਰਯੰਤ ਸ੍ਵਭਾਵਕ ਹੀ ਸ਼ਾਂਤਿ ਹੋ ਜਾਵੇ ਹੈ। ਯਾਂਤੇ ਬ੍ਰਿਤੀ ਆਦਿਕ ਕੀ ਨਿਵ੍ਰਤੀ ਵਾਸਤੇ ਕੁਛ ਕਰਤਬਯ ਕੀ ਅਪੇਖਯਾ ਨਹੀਂ। ਇਸ ਰੀਤਿ ਸੇ ਸਰਵ ਅਨਾਤਮ ਪਦਾਰਥੋਂ ਕੇ ਅਭਾਵ ਕੀ ਸੀਮਾ ਜੋ ਵਿਦ੍ਵਾਨ ਕੀ ਇਸਥਿਤੀ ਹੈ ਤਾਂਕੋ ਸ਼ੂਨਯ ਰੂਪਤਾ ਕਹਿਨਾ ਸੰਭਵੈ ਨਹੀਂ, ਕਿਉਂਕਿ ਕਲਪਿਤ ਕਾ ਅਭਾਵ ਅਧਿਸ਼ਠਾਨ ਚੇਤਨ ਮੇਂ ਹੀ ਹੋਵੇ ਹੈ। (ਸ਼ੰਕਾ ੧੮) ਹੇ ਭਗਵਨ ! ਅਖੰਡਾਕਾਰ ਬ੍ਰਿਤੀ ਕਾ ਅਭਾਵ ਅੰਗੀਕਾਰ ਕਰਨੇ ਸੇ ਵਿਦ੍ਵਾਨ ਕੋ ਪੁਨਹ ਅਗਿਆਨ ਕੀ ਪ੍ਰਾਪਤੀ ਹੋਵੇਗੀ। ਕਾਹੇ ਤੇ ਅਗਿਆਨ ਕੇ ਅਭਾਵ ਕਾ ਨਾਮ ਗਿਆਨ ਹੈ। ਔਰ ਗਿਆਨ ਕੇ ਅਭਾਵ ਕਾ ਨਾਮ ਅਗਿਆਨ ਹੈ। ਜਬ ਗਿਆਨ ਕਾ ਅਭਾਵ ਅੰਗੀਕਾਰ ਕੀਆ। ਤਬ ਅਵਸ਼ਯ ਹੀ ਵਿਦਵਾਨ ਮੇਂ ਅਗਿਆਨ ਕੀ ਪਰਾਪਤੀ ਹੋਵੇਗੀ ਔਰ ਤਿਸ ਅਗਿਆਨ ਨਿਵਿਰਤੀ ਵਾਸਤੇ ਪੁਨਹ ਕਰਤਵਯ ਕੀ ਭੀ ਪ੍ਰਾਪਤੀ ਹੋਵੇਗੀ ਜਬ ਵਿਦਵਾਨ ਮੇਂ ਪੁਨਹ ਕਰਤਵਯ ਕੀ ਪਰਾਪਤੀ ਹੁਈ ਤਬ ਤਾਂਕੀ ਨਿਰਦੋਸ਼ ਰੂਪ ਇਸਥਿਤੀ ਕਾ ਅਭਾਵ ਹੂਆ ਏਕ ਵਾਰ ਮਹਾਵਾਕਯੋਂ ਸੇ ਉਦੇ ਹੂਆ ਜੋ ਤਤ੍ਵ ਬੋਧ ਹੈ ਸੋ ਕਿਸੀ ਅਵਸਥਾ ਮੇਂ ਨਾਸ ਹੋਤਾ ਨਹੀਂ। ਐਸਾ ਸ਼ਾਸਤਰ ਨੇ ਕਥਨ ਕੀਆ ਹੈ। ਤਾਂਸੇ ਭੀ ਵਿਰੋਧ ਹੋਵੇਗਾ ਔਰ ਜੋ ਅਖੰਡਾਕਾਰ ਬ੍ਰਿਤੀ ਰੂਪ ਬੋਧ ਕੋ ਅਵਿਨਾਸ਼ੀ ਅੰਗੀਕਾਰ ਕਰੋਗੇ ਤੋ ਵਿਦਵਾਨ ਕੀ ਇਸਥਿਤੀ ਮੇਂ ਸਾਵਿਕਲਪਤਾ ਕੀ ਪਰਾਪਤੀ ਹੋਵੇਗੀ। ਜਿਸ ਤੇ ਬਿਰਤੀ ਕੇ ਹੋਣੇ ਸੇ ਸਰਵਥਾ ਕਲੰਕ ਕੀ ਨਿਵਿਰਤੀ ਹੋਵੇ ਨਹੀਂ ਕਿੰਤੂ ਕਿਸੀ ਵਿਸ਼ੇਸ਼ਣ ਰੂਪ ਕਲੰਕ ਸਹਿਤ ਹੀ ਆਤਮਾ ਕਾ ਸਾਖਯਾਤਕਾਰ ਕਰਨਾ ਹੋਵੇਗਾ। ਜੋ ਕਲੰਕਿਤ ਵਸਤੂ ਹੋਵੇ ਹੈ ਸੋ ਨਾਸ਼ੀ ਹੋਵੇ ਹੈ। ਯਾਂਤੇ ਆਤਮਾ ਭੀ ਨਾਸ਼ੀ ਹੂਆ ਚਾਹੀਏ। ਦੋਨੋਂ ਪਰਕਾਰ ਸੇ ਵਿਦਵਾਨ ਕੀ ਇਸਥਿਤੀ ਕਾ ਅਭਾਵ ਪ੍ਰਸੰਗ ਹੋਨੇ ਸੇ ਸੇਸ਼ ਸ਼ੂਨਯ ਹੀ ਸਿੱਧ ਹੋਵੇ ਹੈ। (ਸਮਾਧਾਨ) ਬ੍ਰਹਮ ਗਿਆਨ ਕਾ ਜੋ ਫਲ ਹੈ ਆਵਰਣ ਕੀ ਨਿਵ੍ਰਤੀ, ਸੋ ਅਧਿਸ਼ਠਾਨ ਬ੍ਰਹਮ ਰੂਪ ਹੈ, ਕਾਹੇ ਤੇ ਕਲਪਿਤ ਵਸਤੂ ਕਾ ਅਭਾਵ ਅਧਿਸਠਾਨ ਰੂਪ ਹੋਵੇ ਹੈ। ਜੈਸੇ ਕਲਪਿਤ ਸਰਪ



ਕਾ ਅਭਾਵ ਰਜੂ ਰੂਪ ਹੈ, ਤੈਸੇ ਅਵਿਦਿਆ ਤਤਕਾਰਯ ਕਾ ਅਭਾਵ ਬ੍ਰਹਮ ਰੂਪ ਹੈ। ਸੋ ਬ੍ਰਹਮ ਤੀਨ ਕਾਲ ਵਿਖੇ ਸਤਿ ਰੂਪ ਹੋਨੇ ਸੇ ਅਵਿਨਾਸ਼ੀ ਹੈ। ਇਸ ਰੀਤਿ ਸੇ ਗਿਆਨ ਕਾ ਫਲ ਜੋ ਦੁਖ ਸੰਬੰਧ ਸੇ ਰਹਿਤ ਬ੍ਰਹਮ ਰੂਪਤਾ ਕਰਕੇ ਇਸਥਿਤੀ ਰੂਪ ਮੋਖਯ ਸਤਿ ਹੈ। ਤਾਂਕੇ ਸਤਿ ਹੋਨੇ ਸੇ ਤਿਸਕਾ ਸਾਧਨ ਜੋ ਗਿਆਨ ਹੈ, ਤਾਂਮੇਂ ਭੀ ਗਉਣਤਾ ਸੇ ਅਬਿਨਾਸ਼ੀ ਸ਼ਬਦ ਕਾ ਪ੍ਰਯੋਗ ਕਥਨ ਹੋਵੇ ਹੈ। ਯਾਂਤੇ ਕੋਈ ਵਿਰੋਧ ਨਹੀਂ। (ਦ੍ਰਿਸ਼ਟਾਂਤ)-ਜੈਸੇ ਕਿਸੀ ਕਾ ਪਿਤਾ ਮਰ ਜਾਤਾ ਹੈ, ਤਬ ਤਿਸ ਕੇ ਪੁਤ੍ਰ ਕੋ ਲੋਕ ਐਸਾ ਕਹਿਤੇ ਹੈਂ ਕਿ ਅਮੁਕੇ ਕਾ ਪੁਤ੍ਰ ਜੀਤਾ ਹੈ, ਤਿਸ ਕਥਨ ਕਾ ਕੋਈ ਵਿਰੋਧ ਨਹੀਂ ਹੈ। ਔਰ ਗਿਆਨ ਨੇ ਅਪਨਾ ਅਭਾਵ ਕਰਕੇ, ਉਤਰ ਖਿਨ ਮੇਂ ਪਰਮਾਨੰਦ ਰੂਪ ਮੋਖ ਕਰਕੇ ਇਸਥਿਤ ਹੋਨਾ ਹੈ। ਇਸ ਅਭਿਪ੍ਰਾਯ ਸੇ ਭੀ ਭਵਿਸ਼ਤ ਗਿਆਨ ਕੋ ਅਵਿਨਾਸ਼ੀ ਕਥਨ ਕਰਾ ਹੈ। (ਦ੍ਰਿਸ਼ਟਾਂਤ)-ਜੈਸੇ ਰਾਜਾ ਕੇ ਪੁਤ੍ਰ ਕੋ ਭੀ ਭਵਿਸ਼ਤ ਚਕ੍ਰਵਰਤੀ ਰਾਜਾ ਕੇ ਯੋਗਯ ਹੋਨੇ ਸੇ ਰਾਜਾ ਕਹੇ ਹੈਂ। ਔਰ ਗਿਆਨ ਹੋਨੇ ਸੇ ਅਗਿਆਨ ਕੀ ਉਤਪਤੀ ਪੁਨਹ ਹੋਵੇ ਨਹੀਂ ਜਿਸ ਸੇ ਗਿਆਨ ਕਰਕੇ ਅਗਿਆਨ ਕੇ ਅਭਾਵ ਕੋ ਜਾਨ ਲੀਆ ਹੈ ਔਰ ਅਗਿਆਨ ਕਾ ਅਭਾਵ ਕਰਿਆ ਨਹੀਂ, ਯਾਂਤੇ ਅਗਿਆਨ ਪੁਨਹ ਉਤਪੰਨ ਹੋਵੇਗਾ। ਯਹ ਸ਼ੰਕਾ ਬਨੈ ਨਹੀਂ ਔਰ ਗਿਆਨ ਕੋ ਅਵਿਨਾਸ਼ੀ ਅੰਗੀਕਾਰ ਕਰਨੇ ਮੇਂ ਆਤਮਾ ਮੇਂ ਕਲੰਕ ਕੀ ਪ੍ਰਾਪਤੀ ਹੋਵੇ ਹੈ, ਯਹ ਕਹਿਨਾ ਯਦਯਪਿ ਸਤਿ ਹੈ। ਕਾਹੇ ਤੇ ਬ੍ਰਿਤੀ ਨੇ ਕਿਸੀ ਵਿਸ਼ੇਸ਼ਣ ਰੂਪ ਉਪਾਧਿ ਵਸਿਸ਼ਟ ਹੀ ਆਤਮਾ ਕੋ ਗ੍ਰਹਿਣ ਕਰਨਾ ਹੈ। ਜਬ ਲਗ ਉਪਾਧਿ ਵਿਸਿਸ਼ਟ ਅਪਨੇ ਆਪ ਕਾ ਗਿਆਨ ਹੈ, ਤਬ ਲਗ ਸੂਖਮ ਹੰਕਾਰ ਰੂਪ ਕਰਤਬਯ ਕਾ ਅਭਾਵ ਹੋਵੇ ਨਹੀਂ, ਤਥਾਪਿ ਜਦ ਬ੍ਰਿਤੀ ਕਾ ਅਭਾਵ ਅੰਗੀਕਾਰ ਕੀਆ ਤਬ ਸਰਬ ਕਰਤਬਯ ਕਾ ਅਭਾਵ ਹੋਵੇ ਹੈ। (ਦ੍ਰਿਸ਼ਟਾਂਤ)- ਜੈਸੇ ਕੋਈ ਚਮਾਰ ਲੋਗੋਂ ਕੇ ਸਾਥ ਮਿਲ ਕਰ ਹਰਿਦੁਆਰ ਕੇ ਅਸ਼ਨਾਨ ਨਮਿਤ ਗਮਨ ਕਰਤਾ ਭਯਾ। ਵਹਾਂ ਜਾ ਕੇ ਲੋਕੋਂ ਨੇ ਸ਼ਨਾਨ ਕੀਆ ਤਥਾ ਦਾਨ ਕੀਆ, ਤਥਾ ਕੋਈ ਫਲ ਛੋੜਾ। ਤਬ ਚਮਾਰ ਭੀ ਤਿਨ ਲੋਗੋਂ ਕੀ ਤਰਫ ਦੇਖ ਕਰਕੇ ਵਿਗਾਰ ਕੋ ਛੋੜਤਾ ਭਯਾ। ਤਿਸ ਤੇ ਅਨੰਤਰ ਆਪਨੇ ਗ੍ਰਿਹਿ ਮੇਂ ਆ ਕਰਕੇ ਚਮਾਰਪਣੇ ਕੇ ਕਰਮੋਂ ਕੋ ਕਰਤਾ ਰਹਾ। ਤਬ ਕੋਈਕੁ ਦਿਨ ਵਯਤੀਤ ਹੋਨੇ ਸੇ ਕੋਈ ਰਾਜ ਪੁਰਸ਼ ਵਿਗਾਰ ਕੇ ਵਾਸਤੇ ਤਿਸੀ ਚਮਾਰ ਕੋ ਆਗਿਆ ਦੇਤਾ ਭਯਾ। ਤਬ ਵੋਹ ਚਮਾਰ ਕਹਿਨੇ ਲਗਾ ਕਿ ਹਮ ਨੇ ਵਿਗਾਰ ਹਰਿਦੁਆਰ ਮੇਂ ਛੋੜ ਦੀਆ ਹੈ। ਤਬ ਰਾਜ ਪੁਰਸ਼ ਕਹਿਨੇ ਲਗਾ ਅਬ ਤੁਮ ਕੌਨ ਹੋ ? ਤਬ ਚਮਾਰ ਕਹਿਨੇ ਲਗਾ ਕਿ ਮੈਂ ਚਮਾਰ ਹੂੰ ਤਬ ਰਾਜ ਪੁਰਸ਼ ਨੇ ਤਾੜਨਾ ਕੀ ਔਰ ਬੋਝਾ ਉਠਵਾ ਕੇ ਆਗੇ ਲਗਾ ਲੀਆ। ਤਬ ਚਮਾਰ ਬੋਝਾ ਉਠਾ ਕੇ ਦੂਸਰੇ ਗ੍ਰਾਮ ਮੇਂ ਪਹੁੰਚਾ ਕਰਕੇ ਜਬ ਆਪਨੇ ਗ੍ਰਾਮ ਮੇਂ ਆਯਾ ਤਬ ਜਿਨ ਕੇ ਸਾਥ ਗੰਗਾ ਜੀ ਮੇਂ ਬਿਗਾਰ ਛੋੜੀ ਥੀ ਉਨ ਕੋ ਕਹਿਨੇ ਲਗਾ ਕਿ ਮੈਂ ਨੇ ਆਪ ਲੋਗੋਂ ਕੇ ਸਾਹਮਣੇ ਹਰਿਦੁਆਰ ਮੇਂ ਬਿਗਾਰ ਕੋ ਛੋੜਾ ਹੈ। ਅਬ ਹਮ ਕੋ ਰਾਜ ਪੁਰਸ਼ ਬਿਗਾਰ ਕੇ ਵਾਸਤੇ ਕਲੇਸ਼ ਕਿਉਂ ਦੇਤੇ ਹੈਂ ਤਬ ਗ੍ਰਾਮ ਵਾਸੀ ਲੋਗੋਂ ਨੇ ਕਹਾ

ਕਿ ਜਬ ਤੁਮਾਰੇ ਕੋ ਰਾਜ ਪੁਰਸ਼ ਨੇ ਆ ਕੇ ਬਿਗਾਰ ਕੇ ਵਾਸਤੇ ਕਹਾ ਥਾ ਕਿ ਹਮਾਰਾ ਬੋਝਾ ਦੂਸਰੇ ਗਰਾਮ ਮੇਂ ਪਹੁੰਚਾਦੋ ਤਬ ਤੁਮ ਨੇ ਕਿਆ ਉਤਰ ਦੀਆ ਥਾ। ਤਬ ਚਮਾਰ ਬੋਲਾ ਮੈਂ ਬਿਗਾਰ ਹਰਿਦੁਆਰ ਛੋਡ ਆਯਾ ਹੂੰ ਯੇ ਕਹਾ ਥਾ ਤਬ ਉਸ ਰਾਜ ਪੁਰਸ਼ ਨੇ ਕਹਾ ਕਿ ਅਬ ਤੁਮ ਕੌਨ ਹੋ ਤਬ ਮੈਨੇ ਕਹਾ ਕਿ ਮੈਂ ਚਮਾਰ ਹੂੰ ਤਬ ਉਸ ਰਾਜ ਪੁਰਸ ਨੇ ਬਲਾਤਕਾਰ ਸੇ ਬੋਝਾ ਉਠਵਾ ਲੀਆ ਤਬ ਗ੍ਰਾਮ ਵਾਸੀਓਂ ਨੇ ਕਹਾ ਅਰੇ ਨੀਚ ! ਜੈਸੇ ਤੁਮ ਨੇ ਬਿਗਾਰ ਕਾ ਤਿਆਗ ਕੀਆ ਥਾ ਤੈਸੇ ਤੁਮ ਨੇ ਚਮਾਰ ਪਨੇ ਕਾ ਤਿਆਗ ਨਹੀਂ ਕੀਆ। ਇਸ ਵਾਸਤੇ ਹੀ ਤੁਮ ਕੋ ਕਲੇਸ਼ ਪਰਾਪਤ ਹੂਆ ਹੈ ਤਬ ਉਸ ਚਮਾਰ ਨੇ ਨਿਮਰਤਾ ਸੇ ਪ੍ਰਸ਼ਨ ਕੀਆ ਹੇ ਮਹਾਜਨੋ ! ਅਬ ਮੈਂ ਕੌਨ ਉਪਾਇ ਕਰੂੰ ਜਿਸ ਕਰਕੇ ਮੇਰਾ ਕਲੇਸ ਨਿਵਿਰਤ ਹੋ ਜਾਵੇ ਸੋ ਉਪਾਇ ਆਪ ਕ੍ਰਿਪਾ ਕਰਕੇ ਕਹੋ। ਤਬ ਗਰਾਮ ਵਾਸੀ ਜਨ ਕਹਿਨੇ ਲਗੇ ਕਿ ਜਬ ਪੁਨਹ ਕੋਈ ਰਾਜ ਪੁਰਸ਼ ਬੋਝੇ ਕੇ ਵਾਸਤੇ ਕਹੇ ਤੋ ਤਮ ਨੇ ਚਮਾਰਪਨੇ ਕਾ ਅਭਿਆਨ ਛੋੜ ਕੇ ਔਰ ਕਿਸੀ ਜਾਤੀ ਕਾ ਭੀ ਅਭਿਮਾਨ ਨਹੀਂ ਕਰਨਾ ਕਿੰਤੂ ਮੋਨ ਕੋ ਧਾਰਣ ਕਰਕੇ ਪ੍ਰਿਥਵੀ ਪਰ ਦੰਡ ਕੀ ਨਿਆਈਂ ਲੇਟ ਜਾਨਾ ਤਬ ਚਮਾਰ ਲੋਗੋਂ ਕਾ ਉਪਦੇਸ਼ ਸ੍ਰਵਣ ਕਰਕੇ ਅਪਨੇ ਘਰ ਮੇਂ ਆਇਆ ਤਬ ਕੁਛ ਦਿਨ ਵਤੀਤ ਹੋਨੇ ਸੇ ਅਨੰਤਰ ਪੁਨਹ ਕੋਈ ਰਾਜ ਪੁਰਸ਼ ਆ ਕੇ ਕਹਿਨੇ ਲਗਾ ਕਿ ਹੇ ਚਮਾਰ ਤੁਮ ਹਮਾਰਾ ਬੋਝਾ ਉਠਾਓ ਤਬ ਚਮਾਰ ਬੋਲਾ ਕਿ ਮੈਂ ਚਮਾਰ ਨਹੀਂ ਹੂੰ ਤਬ ਰਾਜ ਪੁਰਸ਼ ਨੇ ਕਹਾ ਤੁਮ ਕੌਨ ਹੋ ਜਾਟ ਹੋ ਚਮਾਰ ਨੇ ਕਹਾ ਨਹੀਂ, ਪੁਨਹ ਤੁਮ ਬ੍ਰਾਹਮਣ ਹੋ, ਚਮਾਰ ਨੇ ਕਹਾ ਨਹੀਂ, ਪੁਨਹ ਖਤ੍ਰੀ ਹੋ ਚਮਾਰ ਨੇ ਕਹਾ ਨਹੀਂ। ਪੁਨਹ ਤੁਮ ਵੈਸ਼ ਹੋ ਚਮਾਰ ਨੇ ਕਹਾ ਨਹੀਂ। ਪੁਨਹ ਤੁਮ ਸੂਦਰ ਹੋ ਚਮਾਰ ਨੇ ਕਹਾ ਨਹੀਂ। ਇਸ ਪ੍ਰਕਾਰ ਸਰਵ ਕਾ ਨਿਸ਼ੇਧ ਕਰਨੇ ਲਗਾ ਪਰੰਤੂ ਜਬ ਤਕ ਨਿਸੇਧ ਕਰਤਾ ਰਹਾ ਤਬ ਤਕ ਰਾਜ ਪੁਰਸ ਬੁਲਾਤਾ ਹੀ ਰਹਾ। ਜਬ ਚਮਾਰ ਅਪਨੀ ਬਾਣੀ ਕੋ ਤਿਆਗ ਕਰਕੇ ਭੂਮੀ ਕੇ ਉਪਰ ਦੰਡ ਕੀ ਨਿਆਈਂ ਪੜ ਗਯਾ ਤਬ ਰਾਜ ਪੁਰਸ਼ ਚਮਾਰ ਕੋ ਤਿਆਗ ਕੇ ਚਲਾ ਗਯਾ। (ਦਾਰਿਸਟਾਂਤ)-ਤੈਸੇ ਸਤਿਸੰਗ ਰੂਪੀ ਹਰਿਦੁਆਰ ਮੇਂ ਪ੍ਰਾਪਤ ਹੋਕਰ ਤਤ-ਵੇਤਾ ਕੇ ਉਪਦੇਸ਼ ਕੋ ਸ੍ਰਵਣ ਕਰਕੇ ਅਨੇਕ ਮੁਮੁਖਸ਼ ਜਨ ਬੀਤ ਰਾਗ ਹੋਕਰ ਵਿਚਰਤੇ ਹੈਂ। ਤਿਨ ਕੋ ਦੇਖ ਕਰ ਕਨਿਸ਼ਠ ਜਗਿਆਸੂ ਨੇ ਭੀ ਅਸਥੂਲ ਸੂਖਮ ਕਾਰਣ ਜੋ ਤ੍ਰਿਤੀਯ ਸਮਸਟੀ ਬਯਸਟੀ ਸਰੀਰ ਤਿਨ ਕੇ ਅਭਿਮਾਨ ਰੂਪੀ ਬੇਗਾਰ ਕੋ ਤਿਆਗ ਦੀਆ ਔਰ ਸਚਿਦਾਨੰਦ ਵਿਸ਼ੇਸਣ ਵਿਸ਼ਿਸਟ ਬ੍ਰਹਮ ਕੋ ਅਪਨਾ ਆਪ ਨਿਸਚੇ ਕਰ ਲੀਆ ਤਬ ਕੁਛਕ ਦਿਨ ਪਾਕਰ ਯਹ ਮਨੋਰਾਜ ਕਰਤਾ ਭਯਾ ਮੈਂ ਬ੍ਰਹਮ ਗਿਆਨੀ ਹੂੰ ਯਾਂਤੇ ਮੇਰੇ ਕੋ ਜੀਵਨ ਮੁਕਤੀ ਸੁਖ ਵਾਸਤੇ ਤੱਤ ਗਿਆਨ ਮਨੋ ਨਾਸ਼ ਵਾਸ਼ਨਾਖਯ ਕਾ ਅਭਿਆਸ ਕਰਨਾ ਯੋਗ ਹੈ। ਤਿਸ ਤੇ ਅਨੰਤਰ ਹੰਕਾਰ ਰੂਪੀ ਸਿਪਾਹੀ ਨੇ ਸਮਾਧੀ ਕੇ ਸਾਧਨ ਯਮ ਨਿਯਮ ਆਦਿਕੋਂ ਮੇਂ ਪਰਵਿਰਤ ਕਰਾ ਦੀਆ। ਸਮਾਧੀ ਕੇ ਸਾਧਨ ਕਰਤਬਯ ਰੂਪ ਬੋਝਾ ਹੈ ਕਾਹੇ ਤੇ ਜੈਸੇ ਬੋਝਾ ਕਲੇਸ਼ ਕਾ ਹੇਤੂ ਹੈ ਤੈਸੇ ਸਮਾਧਿ ਆਦਿ ਕਰਤਬਯ ਭੀ ਕਲੇਸ਼ ਕੇ ਹੇਤੂ ਹੈਂ ਯਾਤੇ ਬੋਝਾ ਕਹੀਏ ਹੈ। ਇਸ ਪ੍ਰਕਾਰ ਸਾਧਨੋਂ ਕੇ ਕਰਨੇ ਸੇ ਕੋਈਕੁ ਵਾਸ਼ਨਾਖਯ



ਹੋਤੀਆਂ ਹੈਂ ਪਰੰਤੂ ਸਰਵ ਵਾਸ਼ਨਾ ਖਯ ਹੋਵੇ ਨਹੀਂ ਜਿਸ ਤੇ ਵਾਸਨਾ ਅੰਤਃ ਕਰਣ ਕਾ ਸਹਿਜ ਧਰਮ ਹੈ ਯਾਂਤੇ ਐਸਾ ਪਸ਼ਚਾਤਾਪ ਕਰਤਾ ਭਯਾ ਕਿ ਇਤਨਾ ਕਾਲ ਹਮ ਨੇ ਸਮਾਧੀ ਕਾ ਅਭਿਆਸ ਕੀਆ ਭੀ ਪਰੰਤੂ ਮਨ ਸਾਂਤ ਨ ਹੂਆ ਇਸ ਮੇਂ ਕੌਨ ਕਾਰਨ ਹੈ। ਇਸ ਪ੍ਰਕਾਰ ਸੰਦੇਹ ਯੁਕਤ ਹੂਆ ਤਤਵੇਤਾ ਪੁਰਸੋਂ ਕੇ ਪਾਸ ਜਾਕਰ ਐਸਾ ਪ੍ਰਸ਼ਨ ਕਰਤਾ ਭਯਾ। ਆਤਮਵੇਤਾ ਸ਼ੋਕ ਸੇ ਤਰ ਜਾਤੇ ਹੈਂ ਔਰ ਮੈਂ ਬ੍ਰਹਮ ਗਿਆਨ ਪਾਕਰ ਭੀ ਸੋਕ ਸਹਿਤ ਹੂੰ ਇਸ ਮੇਂ ਕੌਨ ਕਾਰਨ ਹੈ। ਤਬ ਤਤਵੇਤਾ ਕਹਿਤਾ ਭਯਾ ਹੇ ਮੁਮੁਖਸ਼ੂ ! ਤੂੰ ਅਪਨੇ ਆਪ ਕੋ ਕਿਆ ਜਾਨਤਾ ਹੈਂ ਤਬ ਵਹ ਕਹਿਨੇ ਲਗਾ ਮੈਂ ਸਤਿ ਚਿਦਾਨੰਦ ਬ੍ਰਹਮ ਕਾ ਗਿਆਤਾ ਹੂੰ। ਤਬ ਵੋ ਤਤਵੇਤਾ ਕਹਿਤੇ ਭਏ ਹੇ ਜਗਿਆਸੂ ! ਜੈਸੇ ਤੁਮ ਨੇ ਅਵਿਦਿਆ ਤਤ ਕਾਰਯ ਕੋ ਤਿਆਗ ਦੀਆ ਥਾ ਤੈਸੇ ਗਿਆਤਾਪਨੇ ਕੋ ਤਿਆਗਿਆ ਨਹੀਂ। ਇਸੀ ਕਾਰਣ ਤੇ ਹੰਕਾਰ ਰੂਪ ਸਿਪਾਹੀ ਨੇ ਸਮਾਧਿ ਆਦਿ ਕਰਤਬਯ ਰੂਪ ਬੋਝਾ ਤੁਝ ਕੋ ਚੁਕਾ ਦੀਆ ਹੈ ਔਰ ਤੁਮ ਨੇ ਭੀ ਵਿਗਿਆਨਮਯ ਕੋਸ਼ ਕੋ ਅਪਨਾ ਆਪ ਸਮਝ ਰਖਾ ਹੈ ਕਾਹੇ ਤੇ ਕਰਤਬਯ ਨਿਸ਼ਕਰਤਬਯ ਇਤਿਆਦਿਕ ਸੰਪੂਰਣ ਧਰਮ ਵਿਗਿਆਨਮਯ ਕੋਸ਼ ਮੇਂ ਹੀ ਹੋਵੇ ਹੈ। ਆਤਮਾ ਮੇਂ ਕਿਸੀ ਧਰਮ ਕਾ ਸੰਬੰਧ ਨਹੀਂ। ਤਬ ਜਗਿਆਸੂ ਨਿਮਰਤਾ ਸਹਿਤ ਪੂਛਤਾ ਭਯਾ ਕਿ ਕਿਸ ਤਰਹ ਮੇਰਾ ਸੋਕ ਨਿਵਿਰਤ ਹੋਵੇਗਾ। ਤਬ ਵੋ ਤਤਵੇਤਾ ਮਹਾਤਮਾ ਉਪਦੇਸ਼ ਕਰਤਾ ਭਯਾ ਹੇ ਜਗਿਆਸੂ ਤੂੰ ਅਸਥੂਲ ਸਰੀਰ ਸੇ ਆਦਿ ਲੇਕਰ ਅਖੰਡਾਕਾਰ ਬ੍ਰਿਤੀ ਪਰਯੰਤ ਜੋ ਭੀ ਅਨਾਤਮ ਪਦਾਰਥ ਹੈਂ ਤਿਨ ਸਰਵ ਕਾ ਨਿਸ਼ੇਧ ਕਰਕੇ ਸੱਤਾ ਮਾਤ੍ਰ ਭੂਮੀ ਪਰ ਇਸਥਿਤ ਹੋ, ਜਿਸ ਕਰ ਕਰਤਬਯ ਰੂਪੀ ਬੋਝਾ ਸਿਰ ਸੇ ਦੂਰ ਹੋ ਜਾਵੇ। ਯਹ ਵਚਨ ਸ੍ਰਵਣ ਕਰ ਇਕਾਂਤ ਮੇਂ ਬੈਠ ਕਰ ਜਗਿਆਸੂ ਐਸੇ ਵਿਚਾਰ ਕਰਤਾ ਭਯਾ। ਅਸਤ ਜੜ ਦੁਖ ਰੂਪ ਅਵਿਦਿਆ ਤਤ ਕਾਰਯ ਕਾ ਮੇਰੇ ਸਰੂਪ ਮੇਂ ਸੰਬੰਧ ਨਹੀਂ ਮੈਂ ਸਚਿਦਾਨੰਦ ਬ੍ਰਹਮ ਹੂੰ। ਭਾਵ ਯਹ ਜੋ ਸਚਿਦਾਨੰਦ ਵਿਸ਼ੇਸ਼ਣ ਵਿਸ਼ਿਸ਼ਟ ਆਪਣੇ ਆਪ ਕੋ ਜਾਨਤਾ ਭਯਾ। ਫੇਰ ਐਸੇ ਵਿਚਾਰ ਕਰਤਾ ਭਯਾ ਕਿ ਜਬ ਅਸਤ ਜੜ ਦੁਖ ਰੂਪ ਦ੍ਵੈਤ ਕਾ ਮੇਰੇ ਸਰੂਪ ਮੇਂ ਸੰਬੰਧ ਨਹੀਂ। ਤਬ ਤਿਨ ਕੇ ਨਿਸ਼ੇਧ ਕਰਨੇ ਵਾਲੇ ਸਚਿਦਾਨੰਦ ਆਦਿਕ ਵਿਸ਼ੇਸ਼ਣ ਤਿਨਕਾ ਭੀ ਮੇਰੇ ਸ੍ਵਰੂਪ ਮੇਂ ਸੰਬੰਧ ਨਹੀਂ। ਇਸ ਪ੍ਰਕਾਰ ਸਰਵ ਵਿਸ਼ੇਸ਼ਣੋਂ ਕਾ ਅਭਾਵ ਕਰਤਾ ਭਯਾ ਤਿਸ ਕੇ ਅਨੰਤਰ ਐਸਾ ਵਿਚਾਰ ਕਰਤਾ ਭਯਾ ਕਿ ਮੇਰੇ ਸਰੂਪ ਮੇਂ ਸਰਵ ਦ੍ਵੈਤ ਪ੍ਰਪੰਚ ਕੇ ਅਭਾਵ ਕਾ ਭੀ ਸੰਬੰਧ ਨਹੀਂ। ਤਾਤਪਰਯ ਯਹ ਹੈ ਕਿ ਅਭਾਵ ਕਾ ਭੀ ਅਭਾਵ ਕਰਤਾ ਭਯਾ। ਤਿਸ ਕੇ ਅਨੰਤਰ ਐਸਾ ਵਿਚਾਰ ਕਰਤਾ ਭਯਾ ਕਿ ਅਭਾਵ ਕੇ ਅਭਾਵ ਕੀ ਚਿੰਤਨ ਰੂਪ ਜੋ ਬ੍ਰਿਤੀ ਤਾਂਕਾ ਭੀ ਮੇਰੇ ਸ੍ਵਰੂਪ ਮੇਂ ਸੰਬੰਧ ਨਹੀਂ। ਇਸ ਪ੍ਰਕਾਰ ਅਖੰਡਾਕਾਰ ਬ੍ਰਿਤੀ ਕੋ ਭੀ ਤਿਆਗ ਕਰਕੇ ਪਰਮ ਮੋਨ ਰੂਪ ਇਸਥਿਤੀ ਕੋ ਪ੍ਰਾਪਤ ਹੋਤਾ ਭਯਾ। ਤਬ ਸਰਵ ਕਰਤਬਯ ਸ਼ੋਕ ਸੰਸ਼ਯ ਆਦਿਕੋਂ ਸੇ ਰਹਿਤ ਹੂਆ। ਕਾਹੇ ਤੇ ਕਰਤਬਯ ਅਕਰਤਬਯ ਆਦਿ ਅਨਰਥ ਮਨ ਬਾਣੀ ਮੇਂ ਹੋਵੇ ਹੈਂ ਔਰ ਤਤ੍ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਤੀਨ ਕਾਲ ਮੇਂ ਅਭਾਵ ਹੈ। ਯਾਂਤੇ ਕਿਸੀ ਪਰਕਾਰ ਕੀ ਸ਼ੰਕਾ ਤਤ੍ਵੇਤਾ ਕੀ ਇਸਥਿਤੀ ਮੇਂ ਬਨੇ ਨਹੀਂ ਔਰ ਤਤ੍ਵੇਤਾ ਕੀ

ਇਸਥਿਤੀ ਸੂਨਯ ਰੂਪ ਭੀ ਨਹੀਂ, ਜਿਸ ਤੇ ਸੂਨਯ ਕੀ ਸਿਧਿ ਭੀ ਮਨ ਬਾਣੀ ਕਰ ਹੋਵੇ ਹੈ। ਔਰ ਤਤ੍ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਲੇਸ਼ ਭੀ ਨਹੀਂ। (ਸ਼ੰਕਾ ੧੯) ਹੇ ਭਗਵਾਨ ! ਤਤ੍ਵੇਤਾ ਕੀ ਇਸਥਿਤੀ ਰੂਪ ਮੋਖਯ ਕੀ ਗਿਆਨ ਸੇ ਉਤਪਤੀ ਹੋਵੇ ਹੈ ਅਥਵਾ ਨਹੀਂ, ਅਗਰ ਕਹੋ ਗਿਆਨ ਸੇ ਉਤਪਤੀ ਹੋਵੇ ਤੋ ਤਤ੍ਵੇਤਾ ਕੀ ਇਸਥਿਤੀ ਰੂਪ ਮੋਖ ਕਾ ਅਭਾਵ ਹੋਵੇਗਾ ਕਿਉਂਕਿ ਜੋ ਉਤਪਤੀ ਵਾਲੀ ਵਸਤੂ ਹੋਵੇ ਹੈ ਸੋ ਨਾਸ਼ਵਾਨ ਭੀ ਹੋਵੇ ਹੈ। ਜੇਕਰ ਮੋਖ ਕੀ ਉਤਪਤੀ ਮਾਨੋਗੇ ਸੋ ਅਵਸ਼ਯ ਹੀ ਨਾਸ਼ੀ ਭੀ ਹੋਵੇਗੀ ਔਰ ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਤੇ ਗਿਆਨ ਸੇ ਮੋਖ ਕੀ ਉਤਪਤੀ ਨਹੀਂ ਹੋਤੀ ਤੋ ਗਿਆਨ ਨਿਸ਼ਫਲ ਹੋਗਾ ਔਰ ਗਿਆਨ ਕੇ ਸਾਧਨ ਸ੍ਰਵਣਾਦਿ ਭੀ ਨਿਸ਼ਫਲ ਹੋਂਗੇ ਸਾਧਨੋਂ ਕੇ ਨਿਸ਼ਫਲ ਹੂਏ ਤਤ੍ਵੇਤਾ ਕੀ ਇਸਥਿਤੀ ਰੂਪ ਮੋਖ ਕੀ ਪ੍ਰਾਪਤੀ ਕਿਸੀ ਕੋ ਭੀ ਨ ਹੋਗੀ ਯਾਂਤੇ ਭੀ ਮੋਖ ਕਾ ਅਭਾਵ ਪ੍ਰਸੰਗ ਹੂਆ ਜਬ ਮੋਖ ਕਾ ਅਭਾਵ ਹੂਆ ਤੋ ਅਵਸ਼ਯ ਹੀ ਸੂਨਯਵਾਦ ਕੀ ਪ੍ਰਾਪਤੀ ਹੂਈ। (ਸਮਾਧਾਨ ੧੯) ਗਿਆਨ ਮੋਖ ਕੀ ਉਤਪਤੀ ਨਹੀਂ ਕਰਤਾ, ਕਿਉਂਕਿ ਮੋਖ ਨਿਤ ਸਿੱਧ ਹੈ ਪਰੰਤੂ ਗਿਆਨ ਨਿਤ ਸਿੱਧ ਮੋਖ ਕੋ ਲਖਾਇ ਦੇਤਾ ਹੈ। ਕਾਹੇ ਤੇ ਅਵਿਦਿਆ ਤਤਕਾਰਯ ਕੀ ਨਿਵਿਰਤੀ ਔਰ ਪਰਮਾਨੰਦ ਕੀ ਪ੍ਰਾਪਤੀ ਮੋਖ ਕਹੀਏ ਹੈ। ਗਿਆਨ ਪਰਮਾਨੰਦ ਕੀ ਪ੍ਰਾਪਤੀ ਨਹੀਂ ਕਰਤਾ ਜਿਸ ਸੇ ਪਰਮਾਨੰਦ ਆਪਣਾ ਸਰੂਪ ਹੀ ਹੈ। ਯਾਂਤੇ ਨਿਤ ਪ੍ਰਾਪਤ ਹੀ ਹੈ। ਔਰ ਗਿਆਨ ਅਵਿਦਿਆ ਤਤਕਾਰਯ ਕੋ ਨਿਵਿਰਤ ਭੀ ਨਹੀਂ ਕਰ ਸਕਤਾ ਜਿਸ ਤੇ ਅਵਿਦਿਆ ਤਤਕਾਰਯ ਕਾ ਆਤਮਾ ਮੇਂ ਅਤਯੰਤਾ ਭਾਵ ਹੈ। ਪਰੰਤੂ ਪਰਮਾਨੰਦ ਕੋ ਤਥਾ ਅਵਿਦਿਆ ਤਤਕਾਰਯ ਕੇ ਅਭਾਵ ਕੋ ਗਿਆਨ ਲਖਾ ਦੇਤਾ ਹੈ। (ਦ੍ਰਿਸ਼ਟਾਂਤ)-ਜੈਸੇ ਨੇਤਰ ਸੂਰਜ ਕੋ ਔਰ ਸੂਰਜ ਮੇਂ ਤਮਾਭਾਵ ਕੋ ਲਖਾ ਦੇਤੇ ਹੈਂ, ਪਰੰਤੂ ਨੇਤਰ ਸੂਰਜ ਕੋ ਉਤਪੰਨ ਨਹੀਂ ਕਰ ਸਕਤੇ। ਜਿਸ ਤੇ ਸੂਰਜ ਤਮ ਸੰਬੰਧ ਸੇ ਰਹਿਤ ਸ੍ਵਪ੍ਰਕਾਸ਼ ਰੂਪ ਕਰਕੇ ਇਸਥਿਤ ਹੈ, ਪਰ ਨੇਤਰ ਉਸ ਕੋ ਲਖਾ ਦੇਤੇ ਹੈਂ। ਯਾਂਤੇ ਨੇਤਰ ਭੀ ਸਫਲ ਹੈਂ ਤੈਸੇ ਅਖੰਡਾਕਾਰ ਬਿਰਤੀ ਰੂਪ ਗਿਆਨ ਦਵੈਤ ਸੰਬੰਧ ਸੇ ਰਹਿਤ ਪਰਮਾਨੰਦ ਆਤਮਾ ਕੋ ਲਖਾ ਦੇਤਾ ਹੈ। ਔਰ ਨਿੱਤ ਮੁਕਤ ਰੂਪ ਤਤ੍ਵੇਤਾ ਕੀ ਇਸਥਿਤੀ ਕੋ ਉਤ-ਪਨ ਨਹੀਂ ਕਰਤਾ ਯਾਂਤੇ ਗਿਆਨ ਭੀ ਸਫਲ ਹੈ। ਔਰ ਤਤ੍ਵੇਤਾ ਕੇ ਇਸਥਿਤੀ ਕਾ ਅਭਾਵ ਪਰਸੰਗ ਭੀ ਹੋਵੇ ਨਹੀਂ। ਔਰ ਜੋ ਕੁਛ ਭੀ ਕਥਨ ਹੋਵੇ ਹੈ ਸੋ ਜਗਿਆਸੂ ਕੇ ਉਪਦੇਸ਼ ਵਾਸਤੇ ਕੁਛਕੁ ਅਗਿਆਨ ਕੋ ਅੰਗੀਕਾਰ ਕਰਕੇ ਹੀ ਹੋਵੇ ਹੈ। ਔਰ ਅਤਿਅੰਤ ਵਿਚਾਰ ਕਰਕੇ ਦੇਖੀਏ ਤੋ ਆਤਮਾ ਮੇਂ ਅਧਯਾਰੋਪ ਅਪਵਾਦ ਕੀ ਗੰਧ ਭੀ ਨਹੀਂ। ਕਾਹੇ ਤੇ ਅਖੰਡਾਕਾਰ ਬ੍ਰਿਤੀ ਕੇ ਅਭਾਵ ਤੇ ਉਤਰ ਖਿਨ ਮੇਂ ਐਸੀ ਸੁਭਾਵਕ ਹੀ ਸਫੁਰਤਿ ਹੋਵੇ ਹੈ ਕਿ ਮੇਰੇ ਸਰੂਪ ਮੇਂ ਕਭੀ ਭੀ ਅਗਿਆਨ ਹੂਆ ਨਹੀਂ ਯਾਂਤੇ ਗਿਆਨ ਭੀ ਨਹੀਂ ਤਥਾ ਬੰਧ ਨਹੀਂ ਮੋਖ ਨਹੀਂ। ਸਵਿਕਲਪਤਾ ਨਹੀਂ ਨਿਰਵਿਕਲਪਤਾ ਭੀ ਨਹੀਂ ਔਰ ਮੁਝ ਕੋ ਆਪਣਾ ਆਪ ਨਿਤ ਪ੍ਰਾਪਤ ਹੈ। ਯਾਂਤੇ



ਕਿਸੀ ਸਾਧਨ ਕਰਕੇ ਮੇਰੇ ਸਰੂਪ ਕੀ ਪ੍ਰਾਪਤੀ ਹੋਵੇ ਨਹੀਂ। ਇਸ ਬਾਣੀ ਰੂਪ ਕਥਨ ਕਾ ਭੀ ਮੇਰੇ ਸਰੂਪ ਮੇਂ ਸੰਬੰਧ ਨਹੀਂ। ਇਸ ਰੀਤੀ ਸੇ ਆਪਣਾ ਆਪ ਸ੍ਵਯੰ ਪ੍ਰਕਾਸ਼ ਰੂਪਤਾ ਕਰਕੇ ਸਰਵਦਾ ਕਾਲ ਇਸਥਿਤ ਹੈ। ਇਸ ਗੂੜ ਅਭਿਪ੍ਰਾਯ ਕੇ ਜਾਨੇ ਬਿਨਾਂ ਅਨੇਕ ਸ਼ੰਕਾ ਸਮਾਧਾਨ ਹੋਵੇ ਹੈਂ। ਔਰ ਐਸੀ ਇਸਥਿਤੀ ਰੂਪ ਹੋ ਕਰ ਇਸਥਿਤ ਹੋਵੇ ਤਬ ਸ਼ੰਕਾ ਸਮਾਧਾਨ ਕਾ ਕਰਤਾ ਭੀ ਕੋਈ ਨਹੀਂ। ਪੂਰਵੋਕਤ ਪਰਕਾਰ ਸੇ ਵਿਦੇਹ ਮੁਕਤੀ ਪਹਿਲੇ ਹੋਵੇ ਹੈ। ਔਰ ਜੀਵਨਮੁਕਤੀ ਪੀਛੇ ਹੋਵੇ ਹੈ। ਅਖੰਡਾਕਾਰ ਬਿਰਤੀ ਕੇ ਅਭਾਵ ਕੋ ਵਿਦੇਹ ਮੁਕਤੀ ਕਹੇ ਹੈਂ। ਔਰ ਅਖੰਡਾਕਾਰ ਬਿਰਤੀ ਕੇ ਭਾਵ ਕੋ ਜੀਵਨ ਮੁਕਤੀ ਕਹੇ ਹੈਂ। ਯਹ ਸਿਧਾਂਤ ਹੈ ਔਰ ਕੋਈ ਮਤ ਵਾਲੇ ਐਸੇ ਕਹਿਤੇ ਹੈਂ ਵਿਦਵਾਨ ਪਹਿਲੇ ਜੀਵਨ ਮੁਕਤ ਹੋਵੇ ਹੈ ਔਰ ਵਿਦੇਹ ਮੁਕਤ ਪੀਛੇ ਹੋਵੇ ਹੈ। ਯਾਂਤੇ ਅਗਿਆਨ ਕੇ ਅਭਾਵ ਹੋਯਾਂ ਭੀ ਅਖੰਡਾਕਾਰ ਬਿਰਤੀ ਕਾ ਅਭਾਵ ਹੋਵੇ ਨਹੀਂ। (ਸ਼ੰਕਾ ੨੦) ਅਖੰਡਾਕਾਰ ਬ੍ਰਿਤੀ ਸਤ ਹੈ ਅਥਵਾ ਅਸਤਿ. ਹੈ। ਜੋ ਪ੍ਰਥਮ ਪਖ ਯਾਨੇ ਸਤਿ ਅੰਗੀਕਾਰ ਕਰੋਗੇ ਤਬ ਤਤ੍ਵੇਤਾ ਕੀ ਇਸਥਿਤੀ ਮੇਂ ਸਖੰਡਤਾ ਯਾਨੇ ਦਵੈਤ ਕੀ ਪ੍ਰਾਪਤੀ ਹੋਵੇਗੀ ਕਾਹੇ ਤੇ ਏਕ ਤੋ ਚੇਤਨ ਰੂਪ ਤਤ੍ਵੇਤਾ ਕੀ ਇਸਥਿਤੀ ਸਤ ਔਰ ਦੂਸਰੀ ਜੜ ਰੂਪ ਬ੍ਰਿਤੀ ਸਤ ਯਾਂਤੇ ਵਿਜਾਤਿ ਭੇਦ ਕੀ ਪ੍ਰਾਪਤੀ ਭਈ। ਔਰ ਜੋ ਵਸਤੂ ਸਖੰਡ ਹੋਵੇ ਹੈ ਸੋ ਨਾਸ਼ੀ ਭੀ ਹੋਵੇ ਹੈ ਯਾਂਤੇ ਤਤਵੇਤਾ ਕੀ ਇਸਥਿਤੀ ਨਾਸ਼ੀ ਭੀ ਹੋਵੇਗੀ ਔਰ ਜੋ ਦੂਤੀਯ ਪਖ ਅੰਗੀਕਾਰ ਕਰੋ ਕਿ ਬ੍ਰਿਤੀ ਅਸਤ ਹੈ। ਤੋ ਵੇਦਾਂਤ ਸੰਪ੍ਰਦਾਯ ਕਾ ਉਛੇਦ ਹੋਵੇਗਾ ਕਾਹੇ ਤੇ ਜਗਿਆਸੂ ਕੋ ਉਪਦੇਸ਼ ਤੋ ਮਨ ਬਾਣੀ ਕਰਕੇ ਹੋਵੇ ਹੈ। ਔਰ ਤਤਵੇਤਾ ਕੇ ਮਨ ਬਾਣੀ ਕਾ ਅਗਿਆਨ ਨਿਵਰਤੀ ਕੇ ਸਮਕਾਲ ਹੀ ਅਭਾਵ ਹੋਵੇ ਹੈ। ਮਨ ਬਾਣੀ ਸੇ ਬਿਨਾਂ ਜਗਿਆਸੂ ਕੋ ਉਪਦੇਸ਼ ਕੈਸੇ ਹੋਗਾ। ਉਪਦੇਸ਼ ਬਿਨਾਂ ਗਿਆਨ ਔਰ ਮੁਕਤੀ ਕੈਸੇ ਹੋਗੀ ਯਾਂਤੇ ਸ਼ੇਸ਼ ਸੂਨਯ ਹੀ ਪਰਮ ਤਤ ਹੋਵੇਗਾ। (ਸਮਾਧਾਨ ੨੦) ਅਗਿਆਨ ਨਿਵਿਰਤੀ ਕੇ ਸਮਕਾਲ ਅਖੰਡਾਕਾਰ ਬ੍ਰਿਤੀ ਕਾ ਅਭਾਵ ਹੋਵੇ ਨਹੀਂ ਯਾਂਤੇ ਜਗਿਆਸੂ ਜਨੋਂ ਕੋ ਉਪਦੇਸ਼ਾਦਿ ਬਯਵਹਾਰ ਹੋ ਸਕਤਾ ਹੈ। ਇਸੀ ਕਾਰਣ ਤੇ ਵੇਦਾਂਤ ਸੰਪ੍ਰਦਾਯਕਾ ਉਛੇਦ ਭੀ ਹੋਵੇ ਨਹੀਂ ਔਰ ਗਿਆਨ ਕਰਕੇ ਅਗਿਆਨ ਕਾ ਸਰੂਪ ਬਾਧ ਹੋਵੇ ਹੈ ਔਰ ਅਗਿਆਨ ਕੇ ਕਾਰਯ ਸੂਖਮ ਅਸਥੂਲ ਸ਼ਰੀਰ ਕਾ ਮਿਥਯਤ੍ਵ ਬਾਧ ਹੋਵੇ ਹੈ। ਔਰ ਸੂਖਮ ਸ਼ਰੀਰ ਮੇਂ ਹੋਨੇ ਵਾਲੀ ਜੋ ਅਖੰਡਾਕਾਰ ਬ੍ਰਿਤੀ ਤਾਂਕਾ ਭੀ ਮਿਥਯਤ੍ਵ ਬਾਧ ਹੋਵੇ ਹੈ। ਯਾਂਤੇ ਗਿਆਨ ਭੀ ਸਫਲ ਹੈ, ਔਰ ਜੋ ਮਿਥਿਆ ਵਸਤੂ ਹੋਵੇ ਹੈ ਸੋ ਵਸਤੂ ਅਧਿਸ਼ਠਾਨ ਸੇ ਜੁਦਾ ਹੋਵੇ ਨਹੀਂ ਕਿੰਤੂ ਅਧਿਸ਼ਠਾਨ ਰੂਪ ਹੀ ਹੋਵੇ ਹੈ। (ਦ੍ਰਿਸ਼ਟਾਂਤ)-ਜੈਸੇ ਲੋਕ ਕਹਿਤੇ ਹੈਂ ਕਿ ਆਕਾਸ਼ ਨੀਲਾ ਹੈ, ਪਰੰਤੂ ਆਕਾਸ਼ ਮੇਂ ਨੀਲਤਾ ਮਿਥਿਆ ਹੈ। ਸੋ ਨੀਲਤਾ ਅਧਿਸ਼ਠਾਨ ਆਕਾਸ਼ ਸੇ ਜੁਦਾ ਹੋਵੇ ਨਹੀਂ। ਤੈਸੇ ਅਖੰਡਾਕਾਰ ਬਿਰਤੀ ਆਦਿ ਬਿਵਹਾਰ ਮਿਥਿਆ ਹੈ, ਪਰੰਤੂ ਅਧਿਸ਼ਠਾਨ ਆਤਮ ਸਰੂਪ ਹੈ। ਯਾਂਤੇ ਤਤ੍ਵੇਤਾ ਕੀ ਇਸਥਿਤੀ ਸਖੰਡ ਨਹੀਂ। ਇਸ ਰੀਤੀ ਸੇ ਸਰਵ ਕੇ ਭਾਵ ਅਭਾਵ ਕਾ ਅਧਿਸਠਾਨ ਸਰੂਪ ਜੋ ਤਤ੍ਵੇਤਾ ਕੀ ਇਸ਼ਥਿਤੀ ਹੈ ਸੋ ਸੂਨ ਰੂਪਯ

ਕੈਸੇ ਹੋਵੇ ਹੈ ਕਿੰਤੂ ਨਹੀਂ ਹੋਵੇ ਹੈ । (ਸ਼ੰਕਾ ੨੧) ਅਧਿਸ਼ਠਾਨ ਕੇ ਗਿਆਨ ਸੇ ਕਲਪਿਤ ਕੀ ਨਵਿਰਤੀ ਹੋਵੇ ਹੈ ਯਹ ਨਿਯਮ ਹੈ । ਜੈਸੇ ਅਧਿਸ਼ਠਾਨ ਸੁਕਤੀ ਕੇ ਗਿਆਨ ਸੇ ਕਲਪਿਤ ਰਜਤ ਕੀ ਨਿਵਿਰਤੀ ਹੋਵੇ ਹੈ । ਤੈਸੇ ਕਲਪਿਤ ਜਗਤ ਕਾ ਅਧਿਸਠਾਨ ਜੋ ਸਤਿਚਿਦਾਨੰਦ ਬ੍ਰਹਮ ਤਾਂਕਾ ਆਤਮ ਰੂਪਤਾ ਕਰਕੇ ਗਿਆਨ ਹੋਨੇ ਸੇ ਅਸਥੂਲ ਸਰੀਰ ਸੇ ਲੇ ਕਰ ਅਖੰਡਾਕਾਰ ਬਿਰਤੀ ਪਰਯੰਤ ਸਰਵ ਕਾ ਅਭਾਵ ਹੂਆ ਚਾਹੀਏ । ਜਬ ਸਰਵ ਅਨਾਤਮ ਵਸਤੂ ਕਾ ਅਭਾਵ ਭਯਾ ਤਬ ਜੀਵਨ ਮੁਕਤ ਕਾ ਭੀ ਅਭਾਵ ਹੋਵੇਗਾ ਔਰ ਵੇਦਾਂਤ ਸੰਪ੍ਰਦਾਯ ਕਾ ਭੀ ਅਭਾਵ ਹੋਵੇਗਾ ਔਰ ਜੇਕਰ ਆਪ ਬ੍ਰਹਮ ਗਿਆਨ ਕਰ ਕਲਪਿਤ ਦਵੈਤ ਕਾ ਅਭਾਵ ਅੰਗੀਕਾਰ ਨ ਕਰੋਗੇ ਤਬ ਗਿਆਨ ਨਿਸਫਲ ਹੋਗਾ । ਅਰ ਦਵੈਤ ਕੀ ਨਵਿਰਤੀ ਵਾਸਤੇ ਤਤ੍ਵੇਤਾ ਕੋ ਕਿਸੀ ਔਰ ਕਰਤਬਜ ਕੀ ਪਰਾਪਤੀ ਹੋਵੇਗੀ । ਜਬ ਤਤ੍ਵੇਤਾ ਕੋ ਫੇਰ ਕਰਤਬਜ ਹੂਆ ਤਬ ਤਾਕੀ ਇਸਥਿਤੀ ਰੂਪ ਮੋਖ ਕਾ ਅਭਾਵ ਪਰਸੰਗ ਹੋਗਾ । ਔਰ ਸੂਨਯ ਹੀ ਸੇਸ਼ ਹੋਗਾ । (ਸਮਾਧਾਨ ੨੧) ਭਰਮ ਦੋ ਪਰਕਾਰ ਕਾ ਹੈ। ਏਕ ਨਿਰੁਪਾਧਿਕ ਦੂਸਰਾ ਸਉਪਾਧਿਕ । (ਦ੍ਰਿਸ਼ਟਾਂਤ)-ਜੈਸੇ ਸੁਕਤੀ ਮੇਂ ਰਜਤ ਪਰਤੀਤੀ ਨਿਰੁਪਾਧਿਕ ਭਰਮ ਹੈ । ਜਾਕਾ ਅਧਿਸ਼ਠਾਨ ਕੇ ਗਿਆਨ ਸੇ ਸਰੂਪ ਬਾਧ ਹੋਵੇ ਸੋ ਨਿਰੁਪਾਧਿਕ ਭਰਮ ਕਹੀਏ ਹੈ । ਜੈਸੇ ਅਧਿਸ਼ਠਾਨ ਸੁਕਤੀ ਕੇ ਗਿਆਨ ਸੇ ਰਜਤ ਕਾ ਸ੍ਵਰੂਪ ਬਾਧ ਹੋਵੇ ਹੈ । ਯਾਂਤੇ ਰਜਤ ਕਾ ਨਿਰੁਪਾਧਿਕ ਧਰਮ ਕਹੀਏ ਹੈ ਔਰ ਜਾਂਕਾ ਅਧਿਸ਼ਠਾਨ ਕੇ ਗਿਆਨ ਸੇ ਸਰੂਪ ਬਾਧ ਹੋਵੇ ਨਹੀਂ ਕਿੰਤੂ ਮਿਥਿਅਤ੍ਵ ਬਾਧ ਹੋਵੇ ਸੋ ਸਉਪਾਧਕਿ ਭਰਮ ਕਹੀਏ ਹੈ । ਜੈਸੇ ਜਲ ਕੇ ਤੀਰੇ ਮੇਂ ਇਸਥਿਤ ਯਾਨੇ ਖੜਾ ਜੋ ਪੁਰਸ਼ ਹੈ ਸੋ ਜਲ ਮੇਂ ਉਲਟਾ ਹੋਕੇ ਪਰਤੀਤ ਹੋਵੇ ਹੈ ਸੋ ਉਸ ਕੋ ਭਰਮ ਹੈ, ਪਰੰਤੂ ਯਹ ਸਉਪਾਧਿਕ ਭਰਮ ਹੈ । ਜਬ ਉਸਕੋ ਆਪਣ ਸਰੀਰ ਕਾ ਗਿਆਨ ਹੋਵੇ ਤੋ ਜਲ ਮੇਂ ਉਲਟੇ ਪਨੇ ਕਾ ਮਿਥਤ੍ਵ ਬਾਧ ਹੋਵੇ ਹੈ । ਯਾਂਤੇ ਜਲ ਮੇਂ ਉਲਟੇ ਪਨੇ ਕਾ ਸਉਪਾਧਿਕ ਭਰਮ ਹੈ । ਜਬ ਪੁਰਸ ਕਿਨਾਰੇ ਸੇ ਪਰੇ ਹੋ ਜਾਵੇ ਅਥਵਾ ਜਲ ਔਰ ਪੁਰਸ਼ ਕੇ ਸੰਬੰਧ ਰੂਪ ਉਪਾਧਿ ਕਾ ਅਭਾਵ ਹੋਵੇ ਤਬ ਉਲਟਪਨੇ ਕਾ ਸਰੂਪ ਬਾਧ ਹੋਵੇ ਹੈ । ਤੈਸੇ ਜਗਤ ਸਉਪਾਧਿਕ ਭਰਮ ਹੈ । ਕਾਹੇ ਤੇ ਜਗਤ ਪ੍ਰਾਰਬਧ ਕਰਮ ਰੂਪੀ ਉਪਾਧਿ ਸਹਿਤ ਅਵਿਦਿਆ ਕਾ ਕਾਰਯ ਹੈ । ਬ੍ਰਹਮ ਯਾ ਆਤਮ ਰੂਪ ਸੇ ਗਿਆਨ ਹੋਨੇ ਕਰ ਯਾਨੇ ਮੈਂ ਬ੍ਰਹਮ ਹੂੰ, ਇਸ ਪਰਕਾਰ ਕੇ ਗਿਆਨ ਹੋਨੇ ਪਰ ਅਵਿਦਿਆ ਕਾ ਤੋ ਸਰੂਪ ਬਾਧ ਹੋਵੇ ਹੈ ਔਰ ਸੂਖਮ ਅਸਥੂਲ ਜਗਤ ਕਾ ਮਿਥਜਤ੍ਵ ਬਾਧ ਹਵੇ ਹੈ, ਕਿਉਂਕਿ ਅਵਿਦਿਆ ਅੰਸ਼ ਮੇਂ ਨਿਰੁਪਾਧਿਕ ਭਰਮ ਹੈ ਔਰ ਸੂਖਮ ਅਸਥੂਲ ਜਗਤ ਮੇਂ ਸਉਪਾਧਿਕ ਭਰਮ ਹੈ। ਅਵਿਦਿਆ ਕੇ ਨਿਵਿਰਤ ਹੋਨੇ ਪਰ ਭੀ ਜਬ ਪ੍ਰਾਰਬਧ ਕਰਮ ਰੂਪ ਉਪਾਧਿ ਕਾ ਭੋਗ ਕਰ ਅਭਾਵ ਹੋਗਾ ਤਬ ਅਸਥੂਲ ਸਰੀਰ ਸੇ ਲੇ ਕਰ ਅਖੰਡਾਕਾਰ ਬਿਰਤੀ ਪਰਯੰਤ ਸਰਵ ਕਾ ਅਭਾਵ ਹੋਵੇਗਾ । ਇਸਕਾ ਨਾਮ ਵਿਦੇਹ ਮੁਕਤੀ ਹੈ । ਇਸ ਰੀਤੀ ਸੇ ਬ੍ਰਹਮ ਗਿਆਨ ਕਰਕੇ ਜਗਤ ਕਾ ਮਿਥਜਤ੍ਵ ਬਾਧ ਹੋਵੇ ਹੈ ਯਾਂਤੇ ਗਿਆਨ ਭੀ



ਸਫਲ ਹੈ। ਔਰ ਗਿਆਨ ਸਮ ਕਾਲ ਮੇਂ ਜਗਤ ਕਾ ਸਰੂਪ ਬਾਧ ਨਹੀਂ ਹੋਵੇ. ਯਾ ਤੇ ਉਪਦੇਸ ਆਦਿਕ ਵਿਵਹਾਰ ਭੀ ਬਣ ਸਕੇ ਹੈ ਔਰ ਪ੍ਰਾਰਬਧ ਕੇ ਸਾਂਤ ਹੋਣੇ ਸੇ ਸ੍ਵਭਾਵਕ ਹੀ ਅਖੰਡਾ ਕਾਰ ਬਿਰਤੀ ਪਰਯੰਤ ਸਰਬ ਕਾ ਅਭਾਵ ਹੋਵੇ ਹੈ। ਯਾਤੇ ਤਤ੍ਵੇਤਾ ਕੋ ਤਾਂਕੇ ਨਿਵਿਰਤੀ ਵਾਸਤੇ ਅਨਯ ਕਰਤਬਯ ਕੀ ਜਰੂਰਤ ਨਹੀਂ, ਇਸ ਪ੍ਰਕਾਰ ਸਰਵ ਕੇ ਅਭਾਵ ਕਾ ਅਧਿਸਠਾਨ ਜੋ ਤਤ੍ਵੇਤਾ ਕੀ ਇਸਥਿਤੀ ਤਾਂਕੋ ਸੂਨਯ ਰੂਪ ਕਥਨ ਸੰਭਵੇ ਨਹੀਂ। (ਸੰਕਾ ੨੨)-ਉਪਾਦਾਨ ਕਾਰਨ ਕੇ ਅਭਾਵ ਹੋਣੇ ਸੇ ਕਾਰਯ ਕਾ ਅਵਸ਼ਯ ਹੀ ਅਭਾਵ ਹੋਵੇ ਹੈ। ਜੈਸੇ ਉਪਾਦਾਨ ਮ੍ਰਿਤਿਕਾ ਕਾ ਅਭਾਵ ਹੋਣੇ ਸੇ ਘਟ ਕਾ ਅਵਸ਼ਯ ਹੀ ਅਭਾਵ ਹੋਵੇ ਹੈ। ਤੈਸੇ ਜਗਤ ਕਾ ਉਪਾਦਾਨ ਕਾਰਣ ਜੋ ਅਵਿਦਿਆ ਤਾਂਕਾ ਅਭਾਵ ਹੋਨੇ ਸੇ ਅਖੰਡਾਕਾਰ ਬਿਰਤੀ ਪਰਯੰਤ ਸਰਵ ਕਾਰਯ ਕਾ ਅਭਾਵ ਹੂਆ ਚਾਹੀਏ। ਜਬ ਅਖੰਡਾਕਾਰ ਬਿਰਤੀ ਕਾ ਅਭਾਵ ਹੂਆ ਤਬ ਜੀਵਨ ਮੁਕਤੀ ਕਾ ਭੀ ਅਭਾਵ ਪਰਸੰਗ ਹੋਗਾ। ਔਰ ਜੇਕਰ ਅਵਿਦਿਆ ਕੇ ਅਭਾਵ ਹੋਣੇ ਸੇ ਜਗਤ ਕਾ ਅਭਾਵ ਅੰਗੀਕਾਰ ਨ ਕਰੋਗੇ ਤੋ ਫਿਰ ਅਵਿਦਿਆ ਨਿਵਿਰਤ ਹੂਈ ਹੀ ਨਹੀਂ ਯਹ ਸਿੱਧ ਹੋਗਾ। ਕਾਹੇ ਤੇ ਜੈਸੇ ਮ੍ਰਿਤਕਾ ਕੇ ਅਭਾਵ ਹੋਨੇ ਸੇ ਘਟ ਕਾ ਅਵਸਯ ਹੀ ਅਭਾਵ ਹੋਵੇ ਹੈ ਤੈਸੇ ਅਵਿਦਿਆ ਕੇ ਅਭਾਵ ਹੋਨੇ ਸੇ ਜਗਤ ਕਾ ਅਵਸਯ ਹੀ ਅਭਾਵ ਹੂਆ ਚਾਹੀਏ। ਜੇਕਰ ਜਗਤ ਕਾ ਅਭਾਵ ਨਹੀਂ ਹੂਆ ਹੈ ਤੋ ਅਵਿਦਿਆ ਕਾ ਭੀ ਅਭਾਵ ਨਹੀਂ ਹੂਆ ਹੈ ਯੇਹ ਨਿਸਚੇ ਹੈ। ਜਬ ਗਿਆਨ ਕਰਕੇ ਭੀ ਅਵਿਦਿਆ ਕਾ ਅਭਾਵ ਨ ਹੂਆ ਤਬ ਕਿਸੀ ਸਾਧਨ ਕਰਕੇ ਭੀ ਅਵਿਦਿਆ ਕਾ ਅਭਾਵ ਨ ਹੋਏਗਾ ਯਾ ਤੇ ਤਤ੍ਵੇਤਾ ਕੋ ਸਦਾ ਬੰਧਨ ਹੀ ਰਹੇਗਾ ਵਿਦੇਹ ਮੁਕਤੀ ਕਾ ਭੀ ਅਭਾਵ ਪਰਸੰਗ ਹੋਏਗਾ ਯਾਤੇ ਸੂਨਯ ਹੀ ਸੇਸ਼ ਗ੍ਰਹਣ ਕਰਨਾ ਹੋਗਾ (ਸਮਾਧਾਨ ੨੨)- ਅਗਿਆਨ ਕੀਆਂ ਦੋ ਸਕਤੀਆਂ ਹਨ, ਏਕ ਵਿਖੇਪ ਦੂਸਰੀ ਆਵਰਣ, ਵਿਖੇਪ ਸ਼ਕਤੀ ਪ੍ਰਧਾਨ ਅਗਿਆਨ ਮਾਇਆ ਕਹਾਵੇ ਹੈ। ਆਵਰਣ ਸ਼ਕਤੀ ਪਰਧਾਨ ਅਗਿਆਨ ਅਵਿਦਿਆ ਕਹਾਵੇ ਹੈ। ਮਾਇਆ ਈਸਵਰ ਕੀ ਉਪਾਧਿ ਹੈ। ਅਵਿਦਿਆ ਜੀਵ ਕੀ ਉਪਾਧਿ ਹੈ। ਯਾਤੇ ਆਵਰਣ ਸਕਤੀ ਪ੍ਰਧਾਨ ਅਗਿਆਨ ਜੀਵ ਪਨੇ ਕਾ ਉਪਾਦਾਨ ਕਾਰਣ ਹੈ ਔਰ ਵਿਖ੍ਯੇਪ ਸ਼ਕਤੀ ਪ੍ਰਧਾਨ ਅਗਯਾਨ ਅਕਾਸ਼ ਸੇ ਆਦਿ ਲੇਕਰ ਅਖੰਡਾਕਾਰ ਬ੍ਰਿਤੀ ਪ੍ਰਯੰਤ ਸਰਵ ਜਗਤ ਕਾ ਉਪਾਦਾਨ ਕਾਰਣ ਹੈ। ਉਪਾਦਾਨ ਕਾਰਣ ਕੇ ਅਭਾਵ ਹੋਨੇ ਸੇ ਕਾਰਜ ਕਾ ਅਵਸਯ ਹੀ ਅਭਾਵ ਹੋਵੇ ਹੈ। ਯਹ ਕਥਨ ਤੇਰਾ ਯਥਾਰਥ ਹੈ। ਜਿਸ ਤੇ ਆਵਰਣ ਪਰਧਾਨ ਅਗਿਆਨ ਕਾ ਗਿਆਨ ਕਰ ਸਰੂਪ ਬਾਧ ਹੋਨੇ ਸੇ ਤਾਂਕਾ ਕਾਰਯ ਜੋ ਜੀਵਤ੍ਵ ਭਾਵ ਤਾਂਕਾ ਭੀ ਸਰੂਪ ਬਾਧ ਹੋਵੇ ਹੈ। ਔਰ ਆਕਾਸ਼ਾਦਿ ਜਗਤ ਉਪਾਦਾਨ ਕਾ ਕਾਰਣ ਜੋ ਵਿਖੇਪ ਸ਼ਕਤੀ ਪ੍ਰਧਾਨ ਅਗਿਆਨ ਹੈ ਤਾਂਕਾ ਸਰੂਪ ਬਾਧ ਹੋਵੇ ਨਹੀਂ ਕਿੰਤੂ ਮਿਥਜਤ੍ਵ ਬਾਧ ਹੋਵੇ ਹੈ। ਯਾਂਤੇ ਤਾਂਕਾ ਕਾਰਯ ਜੋ ਆਕਾਸ਼ਾਦਿ ਜਗਤ ਤਾਂਕਾ ਭੀ ਸਰੂਪ ਬਾਧ ਹੋਵੇ ਨਹੀਂ ਕਿੰਤੂ ਮਿਥਜਤ੍ਵ ਬਾਧ ਹੋਵੇ ਹੈ ਜਿਸ ਕਾਰਣ ਤੇ ਆਵਰਣ ਪ੍ਰਧਾਨ ਅਗਿਆਨ ਕੇ ਅਭਾਵ ਹੋਣੇ ਸੇ ਭੀ ਅਖੰਡਾਕਾਰ ਬ੍ਰਿਤੀ ਸੇ ਆਦਿ ਲੇ ਕਰ ਜਗਤ ਕਾ ਸਰੂਪ ਬਾਧ ਨਹੀਂ ਹੋਤਾ ਇਸੀ ਕਾਰਣ ਤੇ ਜੀਵਨ ਮੁਕਤੀ ਸੰਭਵ ਹੈ ਇਸ ਪ੍ਰਕਾਰ ਜੀਵਨ ਮੁਕਤ ਪੁਰਸ਼ ਕੁਛਕ ਕਾਲ ਉਪਦੇਸ਼ਾਦਿ ਬਯਵਹਾਰ ਕੋ

ਕਰਕੇ ਪਸਚਾਤ ਵਿਖੇਪ ਪ੍ਰਧਾਨ ਅਗਿਆਨ ਕੇ ਅਭਾਵ ਹੋਣੇ ਸੇ ਅਖੰਡਾਕਾਰ ਬ੍ਰਿਤੀ ਪੂਰਬਕ ਸਰਵ ਕਾ ਅਭਾਵ ਹੋਵੇ ਹੈ । ਤਬ ਵਿਦੇਹ ਮੁਕਤ ਹੋਵੇ ਹੈ। (ਦ੍ਰਿਸ਼ਟਾਂਤ)–ਜੈਸੇ ਯੁਧ ਮੇਂ ਕਿਸੀ ਪੁਰਸ਼ ਕੇ ਸੰਪੂਰਣ ਅੰਗ ਕਟੇ ਜਾਵੇਂ ਤਬ ਕੁਛ ਕਾਲ ਕੇ ਪੀਛੇ ਵੁਹ ਨਿਰਯਤਨ ਹੀ ਮਰ ਜਾਤਾ ਹੈ ਤੈਸੇ ਆਵਰਣ ਪ੍ਰਧਾਨ ਅਗਿਆਨ ਕੇ ਅਭਾਵ ਹੋਨੇ ਸੇ ਵਿਖੇਪ ਪ੍ਰਧਾਨ ਅਗਿਆਨ ਕਾ ਔਰ ਜਗਤ ਕਾ ਮਿਥਯਤ੍ਵ ਬਾਧ ਹੋਵੇ ਹੈ । ਕੁਛਕ ਕਾਲ ਪਾਛੇ ਵਿਖੇਪ ਪ੍ਰਧਾਨ ਅਗਿਆਨ ਕਾ ਸਹਜ ਹੀ ਅਭਾਵ ਹੋਵੇ ਹੈ। ਤਿਸਕੇ ਅਭਾਵ ਹੋਨੇ ਸੇ ਜਗਤ ਕਾ ਅਭਾਵ ਹੋਵੇ ਹੈ । ਜਗਤ ਕੇ ਅਭਾਵ ਹੋਨੇ ਸੇ ਅਖੰਡਾਕਾਰ ਬ੍ਰਿਤੀ ਕਾ ਭੀ ਅਭਾਵ ਹੋਵੇ ਹੈ । ਅਖੰਡਾਕਾਰ ਬ੍ਰਿਤੀ ਕੇ ਅਭਾਵ ਕੋ ਹੀ ਵਿਦੇਹ ਮੁਕਤੀ ਕਹਤੇ ਹੈਂ । ਯਹ ਕਥਨ ਭੀ ਉਪਦੇਸ਼ ਕੇ ਵਾਸਤੇ ਹੈ ਔਰ ਵਾਸਤਵ ਸੇ ਤਤ ਵੇਤਾ ਕੀ ਇਸਥਿਤੀ ਮੇਂ ਜੀਵਨ ਮੁਕਤੀ ਕਾ ਔਰ ਵਿਦੇਹ ਮੁਕਤੀ ਕਾ ਲੇਸ਼ ਭੀ ਨਹੀਂ । ਜੋ ਕੁਛ ਕਥਨ ਹੋਵੇ ਹੈ ਸੋ ਮਨ ਬਾਣੀ ਕਰਕੇ ਹੋਵੇ ਹੈ ਔਰ ਤਤ੍ਵ ਵੇਤਾ ਕੀ ਇਸਥਿਤੀ ਮੇਂ ਮਨ ਬਾਣੀ ਕਾ ਅਭਾਵ ਹੈ ਯਾਂਤੇ ਤਤ੍ਵ ਵੇਤਾ ਕੀ ਇਸਥਿਤੀ ਪਰਮ ਮੋਨ ਰੂਪ ਹੈ ਸੂਨਯ ਰੂਪ ਨਹੀਂ ਜਿਸਤੇ ਸ੍ਵਯੰ ਪ੍ਰਕਾਸ਼ ਹੈ। (ਸ਼ੰਕਾ ੨੩)–ਹੇ ਭਗਵਾਨ ! ਯੁਕਤੀ ਕਰਕੇ ਤੋ ਆਤਮ ਰੂਪ ਵਿਦਵਾਨ ਕੀ ਇਸਥਿਤੀ ਸਿਧ ਹੋਵੇ ਹੈ। ਪਰਤੂ ਸਰਵਕਾ ਅਭਾਵ ਕਰਕੇ ਸ਼ੇਸ਼ ਜੋ ਸ਼ਰਵ ਕਾ ਅਧਿਸਠਾਨ ਆਤਮਾ ਹੈ ਸੋ ਬੁਧੀ ਮੇਂ ਆਰੂੜ ਹੋਵੇ ਨਹੀਂ ਯਾਨੇ ਬੁਧੀ ਕਾ ਵਿਸ਼ਯ ਹੋਵੇ ਨਹੀਂ ਯਾਂਤੇ ਅਨਾਤਮਾ ਪਦਾਰਥ ਕੀ ਨਿਆਈਂ ਆਤਮਾ ਕਾ ਭੀ ਅਭਾਵ ਹੋਵੇ ਹੈ। ਜਬ ਆਤਮਾ ਕਾ ਅਭਾਵ ਹੂਆ, ਤਬ ਨਿਰ ਆਤਮ ਭਾਵ ਕੀ ਪ੍ਰਾਪਤੀ ਹੋਵੇਗੀ ਕਿਉਂਕਿ ਆਤਮਾ ਕੇ ਅਭਾਵ ਕਾ ਨਾਮ ਨਿਰਆਤਮਾ ਹੈ । (ਸਮਾਧਾਨ ੨੩)–ਅਨੇਕ ਸ਼ੰਕਾ ਸਮਾਧਾਨ ਕਰਕੇ ਨਿਰਣੀਤ ਜੋ ਤਤ੍ਵਵੇਤਾ ਕੀ ਇਸਥਿਤੀ ਰੂਪ ਜੋ ਸਿਧ ਅਰਥ ਹੈ ਤਾਂ ਮੇਂ ਬਹੁਤ ਕੁਤਰਕ ਕਰਨੀ ਜੋਗ ਨਹੀਂ ਜਿਸ ਕਾਰਣ ਸੇ ਬਹੁਤ ਕੁਤਰਕ ਕਰਨੇ ਸੇ ਆਤਮ ਪਦ ਮੇਂ ਵਿਸ੍ਰਾਂਤਿ ਨਹੀਂ ਹੋਤੀ ਔਰ ਕੁਤਰਕ ਦੂਸਤ ਬੁਧਿ ਕਨਿਸਟ ਅਧਿਕਾਰੀ ਕਹੀਏ ਹੈ ਔਰ ਫੇਰ ਭੀ ਜੋ ਹਮਾਰੇ ਸਿਧਾਂਤ ਮੇਂ ਸ਼ੰਕਾ ਕਰੇ ਤਾਂਕੋ ਹਮ ਯਹ ਪੂਛੇ ਹੈਂ ਕਿ ਅਵਿਦਿਆ ਤਤਕਾਰਯ ਕੇ ਅਭਾਵ ਕਾ ਕੋਈ ਅਧਿਸ਼ਠਾਨ ਸਾਖੀ ਹੈ ਅਥਵਾ ਨਹੀਂ। ਜੋ ਪ੍ਰਥਮ ਪਖ ਅੰਗੀਕਾਰ ਕਰੇ ਕਿ ਅਧਿਸ਼ਠਾਨ ਹੈ । ਤਬ ਹਮ ਉਸ ਸੇ ਯਹ ਪੂਛਤੇ ਹੈਂ ਵੋਹ ਅਧਿਸ਼ਠਾਨ ਆਤਮਾ ਹੈ ਅਥਵਾ ਅਨਾਤਮਾ ਹੈ । ਜੋ ਅਨਾਤਮਾ ਅੰਗੀਕਾਰ ਕਰੇ ਤੋ ਬਨੇ ਨਾਹੀਂ ਕਾਹੇ ਤੇ ਅਨਾਤਮਾ ਅਵਿਦਿਆ ਤਤਕਾਰਯ ਹੈ । ਵੋਹ ਆਪ ਕਲਪਿਤ ਹੈ । ਅਭਾਵ ਹੋਣੇ ਵਾਲਾ ਹੈ ਸੋ ਅਪਨੇ ਅਭਾਵ ਕਾ ਆਪ ਅਧਿਸ਼ਠਾਨ ਸਾਖੀ ਕੈਸੇ ਹੋਵੇ ਹੈ। (ਦ੍ਰਿਸ਼ਟਾਂਤ)–ਜੈਸੇ ਅਪਨੇ ਮਰਨੇ ਕੋ ਆਪ ਕੋਈ ਜਾਣੇ ਨਹੀਂ ਜੋ ਅਵਿਦਿਆ ਤਤਕਾਰਯ ਕੇ ਅਭਾਵ ਕਾ ਅਧਿਸਠਾਨ ਚੇਤਨ ਆਤਮਾ ਕੋ ਅੰਗੀਕਾਰ ਕਰੋਗੇ ਤੋ ਤਾਂਕੀ ਭਾਵ ਰੂਪਤਾ ਅਵਸ਼ਯ ਅੰਗੀਕਾਰ ਕਰਨੀ ਹੋਵੇਗੀ ਜਿਸ ਕਾਰਣ ਤੇ ਅਭਾਵ ਕਾ ਅਧਿਸ਼ਠਾਨ ਭਾਵ ਹੀ ਹੋਵੇ ਹੈ ਜੈਸੇ ਕਲਪਿਤ ਰਜਤ ਕੇ ਅਭਾਵ ਕਾ



ਅਧਿਸ਼ਠਾਨ ਭਾਵ ਰੂਪੀ ਸੁਕਤੀ ਹੈ ਔਰ ਦ੍ਵਿਤੀਯ ਪਖ ਯਾਨੇ ਅਵਿਦਿਆ ਤਤਕਾਰਯ ਕੇ ਅਭਾਵ ਕਾ ਕੋਈ ਅਧਿਸਠਾਨ ਨਹੀਂ ਯਹ ਪਖ ਅੰਗੀਕਾਰ ਕਰੋਗੇ ਤੋ ਬਨੇ ਨਹੀਂ, ਜਿਸ ਤੇ ਅਧਿਸ਼ਠਾਨ ਕੇ ਬਿਨਾਂ ਕਿਸੀ ਵਸਤੂ ਕਾ ਅਭਾਵ ਹੋਵੇ ਨਹੀਂ। ਯਾਂਤੇ ਭੀ ਅਵਿਦਿਆ ਤਤਕਾਰਯ ਕੇ ਅਭਾਵ ਕੇ ਸਿਧਿ ਵਾਸਤੇ ਆਤਮਾ ਕੀ ਭਾਵ ਰੂਪਤਾ ਅਵਸ਼ਯ ਅੰਗੀਕਾਰ ਕਰਨੀ ਹੋਵੇਗੀ । ਇਸ ਪਰਕਾਰ ਵਿਚਾਰ ਸੇ ਦੇਖੀਏ ਤੋ ਆਤਮਾ ਕਾ ਅਭਾਵ ਕਦਾਚਿਤ ਹੋਵੇ ਨਹੀਂ । ਜੋ ਆਤਮਾ ਕਾ ਅਭਾਵ ਅੰਗੀਕਾਰ ਕਰੇ ਤਾਂਕੋ ਯਹ ਪੂਛੇ ਹੈਂ ਕਿ ਆਤਮਾ ਕੇ ਅਭਾਵ ਕਾ ਕੋਈ ਅਧਿਸ਼ਠਾਨ ਸਾਖੀ ਹੈ ਅਥਵਾ ਨਹੀਂ, ਜੋ ਦ੍ਵਿਤੀਯ ਪਖ ਯਾਨੇ ਨਹੀਂ ਹੈ ਯਹ ਅੰਗੀਕਾਰ ਕਰੇ ਤੋ ਆਤਮਾ ਕਾ ਅਭਾਵ ਹੋਵੇ ਨਹੀਂ ਯਹ ਅਰਥ ਸਿਧ ਹੂਆ ਕਾਹੇ ਤੇ ਸਾਖੀ ਸੇ ਬਿਨਾ ਕਿਸੀ ਵਸਤੂ ਕੀ ਸਿਧੀ ਹੋਵੇ ਨਹੀਂ ਔਰ ਜੋ ਪ੍ਰਥਮ ਪਖ ਯਾਨੇ ਸਾਖੀ ਹੈ ਯਹ ਅੰਗੀਕਾਰ ਕਰੇ ਤੋ ਆਤਮਾ ਕੇ ਅਭਾਵ ਕਾ ਅਧਿਸ਼ਠਾਨ ਜੋ ਸਾਖੀ ਵੋਹ ਆਤਮਾ ਹੈ ਅਥਵਾ ਅਨਾਤਮਾ ਹੈ ਜੋ ਅਨਾਤਮਾ ਅੰਗੀਕਾਰ ਕਰੋ ਤੋ ਬਨੇ ਨਹੀਂ ਜਿਸ ਤੇ ਅਨਾਤਮਾ ਅਵਿਦਿਆ ਤਤਕਾਰਯ ਆਪ ਹੀ ਅਭਾਵ ਰੂਪ ਹੈ ਸੋ ਅਨਯ ਕੇ ਅਭਾਵ ਕਾ ਅਧਿਸਠਾਨ ਸਾਖੀ ਕੈਸੇ ਹੋਵੇਗਾ । ਜੋ ਆਤਮਾ ਕੇ ਅਭਾਵ ਕਾ ਸਾਖੀ ਹੈ ਸੋ ਆਤਮਾ ਹੀ ਹੈ ਐਸੇ ਮਾਨੋ ਤੋ ਜਿਸ ਆਤਮਾ ਕਾ ਅਭਾਵ ਅੰਗੀਕਾਰ ਕਰਨਾ ਹੈ ਸੋਈ ਅਧਿਸ਼ਠਾਨ ਸਾਖੀ ਆਤਮਾ ਹੈ ਅਥਵਾ ਉਸ ਸੇ ਨਿਆਰਾ ਦੂਸਰਾ ਹੈ, ਜੋ ਪ੍ਰਥਮ ਪਖ ਅੰਗੀਕਾਰ ਕਰੋ ਤੋ ਆਤਮਾਸ੍ਰਯ ਦੋਸ਼ ਹੋਵੇਗਾ । ਕਾਹੇ ਤੇ ਆਤਮਾ ਆਪ ਹੀ ਅਭਾਵ ਔਰ ਆਪ ਹੀ ਅਭਾਵ ਕਾ ਸਾਖੀ ਯਹ ਕਹਿਨਾ ਅਤਯੰਤ ਵਿਰੁਧ ਹੈ ਔਰ ਜੋ ਆਤਮਾ ਕੇ ਅਭਾਵ ਕਾ ਸਾਖੀ ਦ੍ਵਿਤੀਯ ਅੰਗੀਕਾਰ ਕਰੋਗੇ ਤੋ ਦ੍ਵਿਤੀਯ ਆਤਮਾ ਕੇ ਅਭਾਵ ਕਾ ਸਾਖੀ ਤ੍ਰਿਤੀਯ ਔਰ ਤ੍ਰਿਤੀਯ ਕੇ ਅਭਾਵ ਕਾ ਸਾਖੀ ਚਤੁਰਥ ਅੰਗੀਕਾਰ ਕਰਨਾ ਹੋਗਾ ਇਸ ਪਰਕਾਰ ਅਨਵਸਥਾ ਹੋਏਗੀ । ਯਾਂਤੇ ਆਤਮਾ ਕੇ ਅਭਾਵ ਕਾ ਅਧਿਸ਼ਠਾਨ ਸਾਖੀ ਕੋਈ ਬਨੇ ਨਹੀਂ ਸਾਖੀ ਬਿਨਾ ਆਤਮਾ ਕੇ ਅਭਾਵ ਕਾ ਨਿਸਚੇ ਹੋਵੇ ਨਹੀਂ ਯਾਂਤੇ ਆਤਮਾ ਕਾ ਅਭਾਵ ਹੋਵੇ ਨਹੀਂ ਜਿਸ ਤੇ ਆਤਮਾ ਨਿਤ ਹੈ। ਫੇਰ ਭੀ ਜੋ ਵਾਦੀ ਆਤਮਾ ਕਾ ਅਭਾਵ ਅੰਗੀਕਾਰ ਕਰੇ ਤਾਂਕੋ ਯਹ ਪੂਛੇ ਹੈਂ ਕਿ ਆਤਮਾ ਕੇ ਅਭਾਵ ਕਾ ਅਨੁਭਵ ਕਿਸੀ ਨੇ ਕੀਆ ਹੈ ਅਥਵਾ ਨਹੀਂ ਜੋ ਦ੍ਵਿਤੀਯ ਪਖ ਅੰਗੀਕਾਰ ਕਰੋਗੇ ਤੋ ਬਨੇ ਨਹੀਂ ਕਾਹੇ ਤੇ ਜਿਸ ਵਸਤੂ ਕਾ ਕਿਸੀ ਕੋ ਭੀ ਅਨੁਭਵ ਨ ਹੋਵੇ ਸੋ ਸ਼ਸ਼ਸ੍ਰਿੰਗ ਕੀ ਨਿਆਈ ਅਸਤ ਹੋਵੇ ਹੈ ਤੈਸੇ ਆਤਮਾ ਕੇ ਅਭਾਵ ਕਾ ਅਨੁਭਵ ਜੇ ਕਰ ਕਿਸੀ ਕੋ ਭੀ ਨਹੀਂ ਹੈ ਤੋ ਆਤਮਾ ਕਾ ਅਭਾਵ ਹੋਵੇ ਨਹੀਂ ਯਹ ਅੰਗੀਕਾਰ ਕਰਨਾ ਚਾਹੀਏ ਔਰ ਜੋ ਪਹਿਲਾ ਪਖ ਅੰਗੀਕਾਰ ਕਰੇਂ ਯਾਨੇ ਆਤਮਾ ਕੇ ਅਭਾਵ ਕਾ ਅਨੁਭਵ ਕੀਆ ਹੈ ਤੋ ਜਿਸ ਨੇ ਅਨੁਭਵ ਕੀਆ ਹੈ ਵੋਹੀ ਆਤਮਾ ਹੈ। ਵੋ ਤੇਰਾ ਸਰੂਪ ਹੈ ਵੋਹੀ ਸਰਵ ਕਾ ਸਰੂਪ ਹੈ। ਤਾਂਕਾ ਅਭਾਵ ਕਦਾਚਿਤ ਹੋਵੇ ਨਹੀਂ ਐਸਾ

ਨਿਸਚੇ ਕਰ। (ਸ਼ੰਕਾ ੨੪) ਹੇ ਭਗਵਾਨ! ਤਿਸ ਆਤਮਾ ਕੇ ਜਾਨਨੇ (ਗਿਆਨ) ਮੈਂ ਕੋਈ ਪ੍ਰਮਾਣ ਹੋਵੇ ਨਹੀਂ। ਯਦਿ ਪ੍ਰਮਾਣ ਅੰਗੀਕਾਰ ਕਰੋਗੇ ਤੋ ਆਤਮਾ ਦ੍ਰਿਸ਼ਜ ਹੋਗਾ ਜੋ ਵਸਤੂ ਹੋਵੇ ਹੈ ਸੋ ਨਾਸ਼ੀ ਹੋਵੇ ਹੈ ਯਾਂਤੇ ਆਤਮਾ ਭੀ ਨਾਸ਼ੀ ਹੋਵੇਗਾ ਯਦਿ ਪ੍ਰਮਾਣ ਕਾ ਅਭਾਵ ਅੰਗੀਕਾਰ ਕਰੋਗੇ ਤੋਂ ਤਾਂਕਾ ਗਿਆਨ ਬਨੇ ਨਹੀਂ। ਆਤਮਾ ਕਾ ਗਿਆਨ ਕਿਸੀ ਕੋ ਭੀ ਹੂਆ ਨਹੀਂ ਤਬ ਸ਼ਸ਼ਸ੍ਰਿੰਗ ਕੀ ਨਿਆਈਂ ਆਤਮਾ ਕਾ ਅਭਾਵ ਪ੍ਰਸੰਗ ਹੂਆ। (ਸਮਾਧਾਨ ੨੪) ਆਤਮਾ ਕਿਸੀ ਪ੍ਰਮਾਣ ਕਾ ਵਿਸ਼ੈ ਨਹੀਂ ਯਾਂਤੇ ਦ੍ਰਿਸ਼ਜ ਹੋਵੇ ਨਹੀਂ ਔਰ ਸ੍ਵਯੰ ਪ੍ਰਕਾਸ਼ ਰੂਪਤਾ ਕਰਕੇ ਇਸਥਿਤ ਹੈ ਯਾਂਤੇ ਤਿਸ ਕੇ ਗਿਆਨ ਅਰਥ ਅਨਜ ਪ੍ਰਮਾਣ ਕੀ ਜ਼ਰੂਰਤ ਭੀ ਨਹੀਂ। (ਦ੍ਰਿਸ਼ਟਾਂਤ) ਜੈਸੇ ਸ੍ਵਯੰ ਪ੍ਰਕਾਸ਼ ਰੂਪ ਸੂਰਯ ਕੋ ਆਪਨੇ ਪ੍ਰਕਾਸ਼ ਮੇਂ ਅਨਯ ਪ੍ਰਕਾਸ਼ ਕੀ ਜ਼ਰੂਰਤ ਨਹੀਂ (ਸ਼ੰਕਾ ੨੫) ਹੇ ਭਗਵਨ ਆਤਮਾ ਕੋ ਸ੍ਵਯੰ ਪ੍ਰਕਾਸ਼ ਅੰਗੀਕਾਰ ਕਰਨੇ ਸੇ ਆਤਮਾਸ਼੍ਰਯ ਦੋਸ਼ ਹੋਵੇਗਾ। ਕਾਹੇ ਤੇ ਸ੍ਵਯੰ ਕਹੀਏ ਆਪ ਹੀ ਆਤਮਾ ਪ੍ਰਕਾਸ਼ਕ ਯਾਨੇ ਪ੍ਰਕਾਸ਼ ਕਰਨੇ ਵਾਲਾ ਔਰ ਆਪ ਹੀ ਪ੍ਰਕਾਸ਼ ਕਰਨੇ ਯੋਗ ਯਹ ਵਾਰਤਾ ਅਸੰਭਵ ਹੈ। ਯਾਂਹੀ ਕੋ ਦੋਸ਼ ਕਹੇ ਹੈਂ ਔਰ ਜੋ ਆਤਮਾ ਕੇ ਪ੍ਰਕਾਸ਼ ਮੇਂ ਅਨਜ ਪ੍ਰਕਾਸ਼ ਕੋ ਅੰਗੀਕਾਰ ਕਰੋਗੇ ਤੋ ਆਤਮਾ ਦ੍ਰਿਸ਼ਜ ਹੋਨੇ ਸੇ ਨਾਸ਼ੀ ਹੋਵੇਗਾ ਔਰ ਆਤਮਾ ਕੇ ਨਾਸ਼ੀ ਹੋਨੇ ਸੇ ਸ਼ੂਨਜਵਾਦ ਕੀ ਪ੍ਰਾਪਤੀ ਕੈਸੇ ਨ ਹੋਗੀ। (ਸਮਾਧਾਨ ੨੫) ਸ੍ਵਯੰ ਪ੍ਰਕਾਸ਼ ਵਾਕ ਕਾ ਯਹ ਅਰਥ ਨਹੀਂ ਕਰਨਾ ਜੋ ਆਪ ਹੀ ਪ੍ਰਕਾਸ਼ਕ ਔਰ ਆਪ ਹੀ ਪ੍ਰਕਾਸ਼ਨੇ ਯੋਗ ਕਿੰਤੂ ਸ੍ਵਯੰ ਪਦ ਅਨਜ ਕਾ ਨਿਸ਼ੇਧਕ ਹੈ, ਯਾਂਤੇ ਸ੍ਵਯੰ ਕਹੀਏ ਇੱਤਰ ਸੱਤਾ ਰਹਿਤ ਜੋ ਪ੍ਰਕਾਸ਼ ਰੂਪ ਸੱਤਾ ਯਾ ਅਸਥਾਨ ਮੇਂ ਯਹ ਸਿਧਾਂਤ ਹੈ ਕਿ ਆਤਮਾ ਸੇ ਇੱਤਰ ਤਮ ਰੂਪ ਜੋ ਅਵਿਦਿਆ ਤਤਕਾਰਯ ਤਿਸ ਕੇ ਤ੍ਰੈ ਕਾਲ ਸੰਬੰਧ ਸੇ ਰਹਿਤ ਜੋ ਪ੍ਰਕਾਸ਼ ਰੂਪ ਕਰਕੇ ਇਸਥਿਤੀ ਸੋ ਕਹੀਏ ਸ੍ਵਯੰ ਪ੍ਰਕਾਸ਼ ਐਸੇ ਸ੍ਵਯੰ ਪ੍ਰਕਾਸ਼ ਅਪਨੇ ਸਰੂਪ ਮੇਂ ਅਧ ਾਰੋਪ ਅਪਵਾਦ ਕਾ ਲੇਸ਼ ਭੀ ਨਹੀਂ। ਜਗਿਆਸੂ ਜਨੋਂ ਕੇ ਉਪਦੇਸ਼ ਅਰਥ ਤਤ੍ਵੇਤਾਓਂ ਨੇ ਅਣਹੋਤੇ ਕੀ ਕਲਪਨਾ ਕਰੀ ਹੈ। (ਸ਼ੰਕਾ ੨੬) ਹੇ ਭਗਵਨ ਏਕ ਸ੍ਵਯੰ ਪ੍ਰਕਾਸ਼ ਆਤਮਾ ਵਿਖੇ ਅਧਜਾਰੋਪ ਅਪਵਾਦ ਕਾ ਅਭਾਵ ਕਥਨ ਸੰਭਵੈ ਨਹੀਂ ਔਰ ਇਸ ਅਰਥ ਵਿਖੇ ਕੋਈ ਦ੍ਰਿਸ਼ਟਾਂਤ ਭੀ ਨਹੀਂ। (ਸਮਾਧਾਨ ੨੬) ਜੋ ਭੀ ਕਥਨ ਹੋਵੇ ਹੈ ਸੋ ਅਗਿਆਨ ਕੋ ਅੰਗੀਕਾਰ ਕਰਕੇ ਹੀ ਹੋਵੇ ਹੈ, ਕੇਵਲ ਅਪਨੇ ,ਆਪ ਮੇਂ ਇਸਥਿਤ ਹੋ ਕਰਕੇ ਦੇਖੀਏ ਤੋ ਮੌਨ ਹੀ ਹੈ ਕਥਨ ਸੰਭਵੈ ਨਹੀਂ ਜਿਸ ਸੇ ਅਪਨੇ ਆਪ ਮੇਂ ਮਨ ਬਾਣੀ ਕਾ ਸੰਬੰਧ ਨਹੀਂ। ਯਾਂਤੇ ਕੁਛ ਅਗਿਆਨ ਕੀ ਕਲਪਨਾ ਕਰਕੇ ਅਧਜਾਰੋਪ ਅਰ ਅਪਵਾਦ ਦੋਨੋਂ ਕਾ ਕਥਨ ਸੰਭਵੈ ਹੈ। ਇਸ ਅਰਥ ਮੇਂ ਦ੍ਰਿਸ਼ਟਾਂਤ ਭੀ ਹੈ। ਜੈਸੇ ਸੁਕਤੀ (ਸਿਪੀ) ਕੇ ਜਾਨਨੇ ਵਾਲੇ ਕੀ ਦ੍ਰਿਸ਼ਟੀ ਕਰਕੇ ਸੁਕਤੀ ਯਾਨੇ ਸਿੱਪੀ ਮੇਂ ਰਜਤ ਬਿਲਕੁਲ ਨਹੀਂ ਹੈ ਪਰੰਤੂ ਅਪਨੇ ਪਾਸ ਖੜਾ ਜੋ ਭਰਮੀ ਪੁਰਸ਼ ਹੈ ਤਿਸ ਕੋ ਸਿੱਪੀ ਮੇਂ ਚਾਂਦੀ ਕਾ ਭਰਮ ਹੋ ਰਹਾ ਹੈ। ਤਬ ਉਸ ਕੇ ਭਰਮ ਦੂਰ ਕਰਨੇ ਵਾਸਤੇ ਸਿੱਪੀ ਕਾ ਗਿਆਤਾ ਪੁਰਸ਼ ਅਪਨੇ ਨਿਸਚੇ ਯਾਨੇ ਗਿਆਨ ਕੋ ਦਬਾ ਕਰ ਯਾਨੇ ਰੋਕ ਕਰ ਪਹਿਲੇ ਤਿਸ ਕੇ ਭਰਮੋਂ ਕਾ ਅਨੁਵਾਦ ਕਰਕੇ ਯਾਨੇ ਅਰੋਪ ਕਰਕੇ ਕਲਪਨਾ ਕਰਕੇ ਫੇਰ ਉਸ ਕਾ ਨਿਸ਼ੇਧ ਕਰੇ ਹੈ ਔਰ ਕਹੇ ਹੈ ਹੇ ਮਨੁਸ਼ਯ ਯਹ ਜੋ ਤੂੰ ਚਾਂਦੀ ਦੇਖਤਾ ਹੈਂ



ਸੋ ਚਾਂਦੀ ਨਹੀਂ ਹੈ। ਇਸ ਪ੍ਰਕਾਰ ਚਾਂਦੀ ਕੇ ਨਿਸ਼ੇਧ ਕਰਨੇ ਸੇ ਤਿਸ ਮਨੁਸ਼ਜ ਕੋ ਐਸਾ ਗਿਆਨ ਹੋਵੇ ਹੈ। ਮੇਰਾ ਭਰਮ ਇਸ ਕੇ ਕਹਿਣੇ ਸੇ ਦੂਰ ਹੂਆ ਹੈ। ਤਬ ਸਿੱਪੀ ਕਾ ਗਿਆਤਾ ਪੁਰਸ਼ ਅਪਨੇ ਅਨੁਭਵ ਕੋ ਪ੍ਰਗਟ ਕਰੇ ਹੈ ਯਹ ਸਿੱਪੀ ਹੈ। ਚਾਂਦੀ ਕਾ ਸਿੱਪੀ ਕੇ ਸਾਥ ਤੀਨ ਕਾਲ ਸੰਬੰਧ ਨਹੀਂ ਤਬ ਉਸ ਕੋ ਭੀ ਐਸਾ ਬੋਧ ਹੋਵੇ ਹੈ ਕਿ ਸਿੱਪੀ ਕੇ ਸਾਥ ਚਾਂਦੀ ਕਾ ਤੀਨ ਕਾਲ ਸੰਬੰਧ ਨਹੀਂ। ਯਹ ਦ੍ਰਿਸ਼ਟਾਂਤ ਹੈ ਅਬ (ਦਾਰਸ਼ਟਾਂਤ) ਕਹਤੇ ਹੈਂ। ਤੈਸੇ ਤਤ੍ਵੇਤਾ ਕੀ ਦ੍ਰਿਸਟੀ ਮੇਂ ਅਧਜਾਰੋਪ ਅਪਵਾਦ ਕਾ ਅਤਯੰਤਾ ਭਾਵ ਹੈ। ਪਰੰਤੂ ਦਵੈਤ ਕੀ ਵਾਸ਼ਨਾ ਵਾਲਾ ਜੋ ਮੁਮੁਖਸ਼ੂ ਹੈ ਜਬ ਇਸ ਪ੍ਰਕਾਰ ਕਾ ਪ੍ਰਸ਼ਨ ਕਰੇ ਕਿ ਯਹ ਮਹਾਂ ਦੁਖ ਰੂਪ ਸੰਸਾਰ ਕਹਾਂ ਸੇ ਪੈਦਾ ਹੂਆ ਹੈ। ਇਸ ਕੀ ਨਿਵ੍ਰਿਤੀ ਕੈਸੇ ਹੋਵੇਗੀ ਤਬ ਵਿਦ੍ਵਾਨ ਅਪਨੇ ਸ੍ਵਯੰ ਪ੍ਰਕਾਸ਼ ਸਰੂਪ ਕਾ ਉਪਦੇਸ਼ ਕਰਨੇ ਵਾਸਤੇ ਪ੍ਰਥਮ ਅਪਨੇ ਗਿਆਨ ਕੋ ਛਿਪਾ ਕਰਕੇ ਤਾਂਕੇ ਭਰਮ ਕਾ ਅਨੁਵਾਦ ਕਰੇ ਹੈ। ਭਰਮ ਦੂਰ ਕਰਨੇ ਵਾਸਤੇ, ਹੇ ਮਮੁਖਸ਼ੂ! ਬ੍ਰਹਮ ਕੇ ਕਿਸੀ ਅੰਸ਼ ਮੇਂ ਅਗਿਆਨ ਸ਼ਕਤੀ ਹੈ, ਤਿਸ ਅਗਿਆਨ ਸ਼ਕਤੀ ਨੇ ਜੀਵ ਈਸ਼੍ਵਰ ਜਗਤ ਕੀ ਕਲਪਨਾ ਕਰੀ ਹੈ। ਤਿਸ ਜਗਤ ਮੇਂ ਜੀਵ ਚੋਰਾਸੀ ਲੱਖ ਯੋਨੀਓਂ ਕੋ ਪ੍ਰਾਪਤ ਹੋਵੇ ਹੈ ਔਰ ਜਗਤ ਕੀ ਉਤਪਤੀ ਇਸ ਰੀਤ ਹੁਈ ਹੈ ਕਿ ਪੰਚ ਤਤੋਂ ਸੇ ਜਗਤ ਕੀ ਉਤਪਤੀ ਸ੍ਰੁਤੀ ਸਿਮ੍ਰਤੀਓਂ ਮੇਂ ਲਿਖੀ ਹੈ ਸੋ ਸ਼੍ਰੁਤੀ ਸਿਮ੍ਰਿਤੀ ਨੇ ਭਰਮੀ ਪੁਰਸ਼ ਕੇ ਦ੍ਰਿਸ਼ਟੀ ਕਾ ਅਨੁਵਾਦ ਕਰਾ ਹੈ। ਨਿਸ਼ੇਧ ਵਾਸਤੇ ਸੁਦ੍ਰਿਸ਼ਟੀ ਸੇ ਕਥਨ ਨਹੀਂ ਕਰਾ ਹੈ। ਜਗਿਆਸੂ ਫੇਰ ਪ੍ਰਸ਼ਨ ਕਰੇ ਹੈ। ਹੇ ਭਗਵਨ! ਇਸ ਦੁਖ ਰੂਪ ਸੰਸਾਰ ਕੀ ਕੈਸੇ ਨਿਵ੍ਰਿਤੀ ਹੋਵੇਗੀ ਤਬ ਤਤ੍ਵੇਤਾ ਐਸੇ ਉਪਦੇਸ਼ ਕਰੇ ਹੈ ਕਿ ਹੇ ਜਗਿਆਸੂ! ਯਹ ਜਾਗ੍ਰਿਤ ਕਾਲ ਜਗਤ ਜੋ ਤੁਮਾਰੇ ਕੋ ਦਿਖਾਈ ਆਤਾ ਹੈ ਸ੍ਵਪਨ ਅਵਸਥਾ ਮੇਂ ਇਸ ਕਾ ਅਭਾਵ ਹੋ ਜਾਵੇ ਹੈ। ਸ੍ਵਪਨ ਅਰ ਜਾਗ੍ਰਿਤ ਦੋਨੋਂ ਕਾ ਸੁਸ਼ੁਪਤਿ ਮੇਂ ਅਭਾਵ ਹੋ ਜਾਵੇ ਹੈ ਫਕਤ ਕਾਰਣ ਰੂਪ ਏਕ ਅਵਿਦਿਆ ਰਹਿ ਜਾਵੇ ਹੈ ਔਰ ਨਿਰਵਿਕਲਪ ਅਵਸਥਾ ਰੂਪ ਸਮਾਧੀ ਮੇਂ ਸਰਵ ਕਾਰਣ ਕਾਰਯ ਕਾ ਅਭਾਵ ਹੋਵੇ ਹੈ। ਤਾਂਤੇ ਨਿਰਵਿਕਲਪ ਹੋ ਕੇ ਦੇਖ ਦਵੈਤ ਭਰਮ ਕਹਾਂ ਹੈ ਭਾਵ ਕਹੀਂ ਭੀ ਨਹੀਂ। ਤਬ ਜਗਿਆਸੂ ਐਸੇ ਨਿਸਚੇ ਕਰਤਾ ਹੈ ਜਗਤ ਭਰਮ ਕੀ ਨਿਵ੍ਰਤੀ ਇਸ ਤਤ੍ਵੇਤਾ ਕੀ ਕ੍ਰਿਪਾ ਸੇ ਅਬ ਭਈ ਹੈ। ਇਤਨਾ ਕਾਲ ਜਗਤ ਭਰਮ ਮੇਂ ਦੁਖ ਪਾਇਆ ਥਾ ਸੋ ਦੁਖ ਅਬ ਨਿਵ੍ਰਿਤ ਭਇਆ ਹੈ ਤਬ ਫੇਰ ਮਮੁਖਸ਼ੂ ਪੂਛਤਾ ਹੈ। ਹੇ ਪ੍ਰਭੋ ਜੇਕਰ ਮੇਰੇ ਸਰੂਪ ਮੇਂ ਕਾਰਯ ਕਾਰਣ ਰੂਪ ਜਗਤ ਕਾ ਅਭਾਵ ਹੈ ਤੋ ਮੇਰਾ ਸਰੂਪ ਕ੍ਰਿਯਾ ਹੈ। ਤਬ ਤਤ੍ਵੇਤਾ ਸੁਦ੍ਰਿਸ਼ਟੀ ਕੋ ਪ੍ਰਗਟ ਕਰੇ ਹੈ। ਸ੍ਵਯੰ ਪ੍ਰਕਾਸ਼ ਅਖੰਡ ਸਰੂਪ ਹੈ ਯਾਂਤੇ ਤੁਮਾਰੇ ਸਰੂਪ ਮੇਂ ਤ੍ਰੈਕਾਲ ਤਮੋ ਰੂਪ ਅਵਿਦਿਆ ਔਰ ਤਤਕਾਰਯ ਦਵੈਤ ਕਾ ਸੰਬੰਧ ਨਹੀਂ ਇਸ ਪ੍ਰਕਾਰ ਤਤ੍ਵੇਤਾ ਕੀ ਸੁਦ੍ਰਿਸ਼ਟੀ ਕੋ ਸ੍ਰਵਣ ਕਰਕੇ ਜਗਿਆਸੂ ਕੋ ਭੀ ਐਸਾ ਗਿਆਨ ਹੋਵੇ ਹੈ ਕਿ ਮੇਰੇ ਸਰੂਪ ਮੇਂ ਤ੍ਰੈਕਾਲ ਤਮੋ ਰੂਪ ਦਵੈਤ ਕਾ ਸੰਬੰਧ ਨਹੀਂ। ਮੈਂ ਏਕ ਅਮੰੜ ਅਦੁਤੀਯ ਹੂੰ। ਸਰਵਦਾਕਾਲ ਸੁਪ੍ਰਕਾਸ਼ ਰੂਪਤਾ

ਕਰਕੇ ਇਸਥਿਤ ਹੂੰ ਤਿਸ ਮੇਂ ਮਨ ਬਾਣੀ ਕੀ ਗਮਜਤਾ ਨਹੀਂ। ਇਸ ਪ੍ਰਕਾਰ ਮਨ ਬਾਣੀ ਸੇ ਪਰੇ ਅਨਬੋਲਾ ਰਾਣੀ ਕੀ ਤਰਹ ਪਰਮ ਬ੍ਰਹਮ ਭਾਵ ਕੋ ਅਧਿਕਾਰੀ ਪਰਾਪਤ ਹੋਤਾ ਭਯਾ। ਇਸ ਪਰਕਾਰ ਗੁਰੂ ਜੀ ਮਹਾਵਾਕ ਕਾ ਅਖੰਡ ਅਰਥ ਸੁਨਾਕਰ ਔਰ ਤੀਨ ਥਣੋਂ ਵਾਲੀ ਭੇਡ ਕੀ ਨਿਆਈਂ ਜੀਵਨ ਮੁਕਤੀ ਜਿਸ ਮੇਂ ਤੀਨ ਸਾਧਨ ਤਤ ਗਿਆਨ, ਮਨੋ ਨਾਸ਼, ਵਾਸ਼ਨਾ ਖਯ, ਤੀਨ ਸਾਧਨ ਰੂਪ ਥਣੋਂ ਮੇਂ ਅਖੰਡ ਅਰਥ ਰੂਪ ਦੂਧ ਥਾ ਓਹ ਸਾਧਨ ਕਰਾਕਰ ਮਮੁਖਸ਼ੂ ਕੋ ਦੂਧ ਪਿਲਾ ਕਰ ਔਰ ਅਸੰਸ਼ਕਤੀ ਪਦਾਰਥ ਅਭਾਵਨੀ ਔਰ ਤੁਰੀਆ ਰੂਪ ਤੀਨ ਤਲਾਵ ਮੇਂ ਸ਼ਨਾਨ ਕਰਾਕਰ ਅਨਬੋਲਾ ਰਾਣੀ ਰੂਪ ਮਨ ਬਾਣੀ ਸੇ ਰਹਿਤ ਪਰਬ੍ਰਹਮ ਭਾਵ ਕੋ ਪਰਾਪਤ ਕੀਆ ਇਸਕਾ ਨਾਮ ਗਿਆਨ ਹੈ। ਹੰਸ ਕੀ ਨਿਆਈਂ ਇਸਕਾ ਵਿਵੇਚਨ ਕੀਆ ਯਾਨੇ ਵਿਚਾਰ ਕੀਆ ਔਰ ਵਿਵੇਚਨ ਕਰਕੇ ਅਧਿਕਾਰੀ ਸੇ ਜਲ ਕੋ ਤਿਆਗ ਕਰਾਕੇ ਦੂਧ ਪਿਲਾਯਾ ਜੈਸੇ ਗਊ ਕੇ ਚਾਰ ਥਣੋਂ ਮੇਂ ਬਛਰੇ ਕੇ ਲੀਏ ਦੂਧ ਹੋਤਾ ਹੈ ਤੈਸੇ ਵੇਦ ਰੂਪੀ ਗਊ ਕੇ ਚਾਰੋਂ ਮਹਾਵਾਕ ਰੂਪੀ ਚਾਰ ਥਣੋਂ ਮੇਂ ਅਖੰਡ ਅਰਥ ਰੂਪ ਦੂਧ ਹੈ ਵਿਚਾਰ ਦੁਆਰਾ ਗੁਰੂ ਲੋਗ ਜਗਿਆਸੂ ਕੋ ਵੋਹ ਦੂਧ ਪਿਲਾਤੇ ਹੈਂ। ਯਹ ਗਿਆਨ ਰੂਪ ਦੂਧ ਮਹਾਵਾਕਯ ਸ਼ਬਦ ਵਿਚਾਰ ਮੇਂ ਹੀ ਰਹਿਤਾ ਹੈ। ਇਸ ਵਾਸਤੇ ਗੁਰੂ ਜੀ ਲਿਖਤੇ ਹੈਂ:-

**ਤੀਰਥੁ ਸਬਦ ਵੀਚਾਰੁ ਅੰਤਰਿ ਗਿਆਨੁ ਹੈ ॥** [ਧਨਾ: ਛੰ: ਮ: ੧ ਸਫਾ ੬੮੭

**ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥**
[ਮਾਝ ਮ: ੩ ਸਫਾ ੧੨੫

**ਸਬਦੇ ਅਕਥੁ ਕਥੇ ਸਾਲਾਹੇ ॥ ਮੇਰੇ ਪ੍ਰਭ ਸਾਚੇ ਵੇਪਰਵਾਹੇ॥**
**ਆਪੇ ਗੁਣ ਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ॥**
[ਮਾਰੂ ਮ: ੩ ਸਫਾ ੧੦੫੭

**ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ॥**
[ਵਡਹੰਸ ਵਾਰ ਮ: ੩ ਸਫਾ ੫੯੩

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥**
[ਸੋਰਠ ਅਸਟਪਦੀਆ ਮ: ੧ ਸਫਾ ੬੩੫

**ਸਬਦੁ ਚੀਨਿ੍ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ॥**
[ਸੂਹੀ ਮ: ੩ ਸਫਾ ੭੫੭

**ਸਬਦਿ ਗੁਰੂ ਭਵਸਾਗਰੁ ਤਰੀਐ ਇਤੁ ਉਤ ਏਕੋ ਜਾਣੈ॥**
**ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥**
[ਰਾਮਕਲੀ ਸਿਧ ਗੋਸਟ ਮ: ੧ ਸਫਾ ੯੪੪



**ਸਬਦੁ ਚੀਨਿ੍ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥**
[ਬਿਲਾਵਲ ਮ: ੩ ਸਫਾ ੮੩੨

**ਸਬਦੁ ਚੀਨਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥**
[ਪ੍ਰਭਾਤੀ ਮ: ੩ ਸਫਾ ੧੩੪੬

ਇਸ ਪ੍ਰਕਾਰ ਸਬਦ ਵਿਚਾਰ ਕਰਤਾ ਹੂਆ ਗੁਰੂ ਦੁਆਰਾ ਅਖੰਡ ਅਰਥ ਕੋ ਪਾਕਰ ਅਧਿਕਾਰੀ ਕ੍ਰਿਤ ਕ੍ਰਿਤ ਭਾਵ ਕੋ ਪ੍ਰਾਪਤ ਹੋਤਾ ਭਯਾ ਜੈਸੇ ਕ੍ਰਿਤ ਕ੍ਰਿਤਯਾ ਜਿਗਯਾਸੀ ਕੇ ਤ੍ਰਿਪਤੀ ਦੀਪ ਮੇਂ ਬ੍ਰਹਮਵੇਤਾ ਨੇ ਗਾਯਨ ਕਰੀ ਹੈ:-

**ਸਾਂਕੁਸ਼ਾ ਵਿਸ਼ਯੈ:ਤ੍ਰਿਪ੍ਤਿ: ਇਯੰ ਤ੍ਰਿਪ੍ਤਿ: ਨਿਰਅੰਕੁਸ਼ਾ ॥ ਕ੍ਰਿਤੰ ਕ੍ਰਿਤਯੰ ਪ੍ਰਾਪਣੀਯੰ ਪ੍ਰਾਪ੍ਤੰ ਇਤਯੇਵ ਤ੍ਰਿਪ੍ਯਤਿ: ॥ ੧ ॥ ਐਹਿਕ ਅਮੁਸ਼ਮਿਕ ਬ੍ਰਾਤ ਸਿਧਯੈ: ਮੁਕ੍ਤੈਸ੍ਚ ਸਿਧਯੇ॥ ਬਹੁ ਕ੍ਰਿਤਯੰ ਪੁਰਾ ਅਸਯਾ ਅਭੂਤ੍ ਤਤ੍ ਸਰਵੰ ਅਧੁਨਾ ਕ੍ਰਿਤੰ ॥ ੨ ॥ ਤਦੇਤਤ੍ ਕ੍ਰਿਤਯਤ੍ਵੰ ਪ੍ਰਤੀ ਯੋਗੀ ਪੁਰ: ਸਰੰ॥ ਅਨੁ ਸੰਦਧਦ੍ ਏਵਾਯੰ ਸੇਵੰ ਤ੍ਰਿਪਯਤਿ ਨਿਤਯਸ਼: ॥੩॥ ਦੁਖੀਨੋ ਅਗਯਾ: ਸੰਸਰੰਤੂ ਕਾਮੰ ਪੁਤ੍ਰਾਦਿ ਅਪੇਖਸ਼ਯਾ ॥ ਪਰਮਾਨੰਦ ਪੂਰਣੋਅਹੰ ਸੰਸਰਾਮਿ ਕਿਮਿਛਯਾ ॥ ੪ ॥ ਅਨੁਤਿਸ੍ਟੰਤੂ ਕਰਮਾਣਿ ਪਰਲੋਕ ਯਯਾਸਵ: ॥ ਸਰਵਲੋਕ ਆਤਮਕ: ਕਸਮਾਤ੍ ਅਨੁਤਿਸ਼ਾਮਿ ਕਿੰ ਕਥੰ ॥ ੫ ॥ ਵਿਯਾਚਖਯਤਾਂ ਤੇ ਸ਼ਾਸ਼ਤ੍ਰਾਣਿ ਵੇਦਾਨ੍ ਅਧਯਾਪਯੰਤੂ ਵਾ ॥ ਯੇਅਤ੍ ਅਧਿਕਾਰਿਣੋ ਮੇ ਤੂ ਨ ਅਧਿਕਾਰੋ ਅਕ੍ਰਿਯਤ੍ਵਤ: ॥ ੬ ॥ ਨਿਦ੍ਰਾ ਭਿਖਯੇ ਸਨਾਨ ਸ਼ਉਚੇ ਨ ਇਛਾਮਿ ਨ ਕਰੋਮਿ ਚ ॥ ਦ੍ਰਸ਼ਟ੍ਰਾਰਸ੍ਚੇਤ ਕਲਪਯੰਤਿ ਕਿੰ ਮੇ ਸਯਾਤ ਅਨਯ ਕਲਪਨਾਤ੍ ॥ ੭ ॥ ਗੁੰਜਾ ਪੁੰਜਾਦਿ ਦਹਯੇਤ ਨ ਅਨਯਾਰੋਪਿਤ ਵਨ੍ਹਿਨਾ ॥ ਨ ਅਨਯਾਰੋਪਿਤ ਸੰਸਾਰ ਧਰਮਾਨ ਏਵੰ ਅਹੰ ਭਜੇ ॥ ੮ ॥ ਸ੍ਰਿਣਵੰਤੂ ਅਗਯਾਤ੍ ਤਤ੍ਵਾਸ੍ਤੇ ਜਾਨਨ੍ ਕਸਮਾਤ੍ ਸ੍ਰਿਣੋਮਿ ਅਹੰ ॥ ਮਨਯੰਤਾ ਸੰਸ਼ਯਆਪੰਨਾ ਨ ਮਨਯੇ ਅਹੰ ਅਸੰਸ਼ਯ ॥ ੯ ॥ ਵਿਪਰਯਸ੍ਤੋ ਨਿਦਿਧਯਾਸੇਤੁ ਕਿੰ ਧਯਾਨੰ ਅਵਿਪਰਯਾਤ੍ ॥ ਦੇਹਾਤਮਤ੍ ਵਿਪਰਯਾਸੰ ਨ ਕਦਾਚਿਤ ਭਜਾਮਿ ਅਹੰ ॥੧੦॥ ਅਹੰ ਮਨੁਸ਼ਯ ਇਤਯਾਦਿ ਵਿਯਵਹਾਰੋ ਵਿਨਾਪਿ ਅਮੂੰ ॥ ਵਿਪਰਯਾਸੰ ਚਿਰਾਭਯਸ੍ ਵਾਸਨਾਤੋ ਅਵ**

**ਕਲਪਯਤੇ ॥੧੧॥ ਪ੍ਰਾਰਬਧ ਕਰਮਣਿ ਖਯੀਣੇ ਵਿਯਵਹਾਰੋ ਨਿਵਰਤਤੇ। ਕਰਮਾਖਯਯੇ ਤੁ ਅਸਊ ਨੈਵ ਸਾਮਯੇਤ੍ ਧਯਾਨ੍ ਸਹਸ੍ਰਤ: ॥੧੨॥ ਵਿਰਲਤ੍ਵ ਵਿਯਵਹਿਰਤੇ ਇਸ੍ਰੰ ਚੇਤ੍ ਧਯਾਨੰ ਅਸ੍ਤੁਤੇ ॥ ਅਬਾਪਿਕਾਂ ਵਿਯਵਹਰਤਿੰ ਪਸ਼ਯਨ ਧਯਾਯਾਮਿ ਅਹੰ ਕੁਤ: ॥੧੩॥ ਵਿਖਯੇਪੋ ਨਾਤ੍ਰਿ ਯਮਮਾਨ ਮੇ ਨ ਸਮਾਧਿ: ਤਤੋ ਮਮ ॥ ਵਿਖਯੇਪੋ ਵਾ ਸਮਾਧਿ:.ਵਾ ਮਨਸਾ ਸਯਾਤ ਵਿਕਾਰੀਣ: ॥ ੧੪ ॥ ਨਿਤਯ ਅਨੁਭਵ ਰੂਪਸਯ ਕੋ ਮੇਵਾ ਅਨੁਭਵ: ਪ੍ਰਿਥਕ੍॥ ਕ੍ਰਿਤੰ ਕਿਤਯੰ ਪ੍ਰਾਪਣੀਯੰ ਪ੍ਰਾਪ੍ਤੰ ਇਤਯੇਵ ਨਿਸ੍ਚਯ ॥ ੧੫ ॥**

[ਪੰਚਦਸੀ ਤ੍ਰਿਪਤੀ ਦੀਪ

ਟੀਕਾ–ਵਿਸ਼ਿਓਂ ਸੇ ਜੋ ਤ੍ਰਿਪਤੀ ਹੋਵੇ ਹੈ । ਸੋ ਸਾਂਕੁਸ਼ ਹੈ ਯਾਨੇ ਦੰਡ ਸਹਿਤ ਹੈ । ਔਰ ਆਤਮ ਗਿਆਨ ਸੇ ਜਨਯ ਤ੍ਰਿਪਤੀ ਕੋ ਨਿਰਅੰਕੁਸ਼ ਤ੍ਰਿਪਤੀ ਕਹਿਤੇ ਹੈਂ । ਜਿਸ ਨਿਰਅੰਕੁਸ਼ ਤ੍ਰਿਪਤੀ ਕੋ ਹੀ ਦਿਖਾਤੇ ਹੈਂ । ਜੋ ਕੁਛ ਕਰਨੇ ਯੋਗ ਥਾ ਸੋ ਕਰ ਲੀਆ । ਜੋ ਪਾਨੇ ਯੋਗ ਥਾ ਪਾ ਲੀਆ । ਇਸ ਪਰਕਾਰ ਗਿਆਨੀ ਤ੍ਰਿਪਤੀ ਯਾਨੇ ਹਰਸ ਕੋ ਪਾਤਾ ਹੈ ॥ ੧ ॥ ਇਸ ਗਿਆਨੀ ਕੋ ਪੂਰਵ ਅਗਿਆਨ ਕਾਲ ਮੇਂ ਇਸ ਲੋਕ ਔਰ ਪਰਲੋਕ ਸੰਬੰਧੀ ਭੋਗੋਂ ਕੇ ਸਮੂਹ ਕੀ ਸਿੱਧਿਅਰਥ ਔਰ ਮੁਕਤਿ ਕੀ ਸਿੱਧਿਅਰਥ ਬਹੁਤ ਕਰਤਬਯ ਥਾ। ਸੋ ਸਰਵ ਅਬ ਗਿਆਨ ਕੇ ਉਦੇ ਹੋਨੇ ਤੇ ਸਿੱਧ ਹੋ ਗਯਾ ਯਾਨੇ ਸਭ ਕਰ ਲੀਆ (੨)। ਜੈਸੇ ਵੇਦਾਂਤ ਮੁਕਤਾਵਲੀ ਆਦਿ ਗ੍ਰੰਥੋਂ ਮੇਂ ਲਿਖਾ ਹੈ:-

**ਸ੍ਨਾਤੰ ਤੇਨ ਸਮਸ੍ਤ ਤੀਰਥ ਸਲਿਲੇਦੱਤਾ ਚ ਸਰਵਾਵਨੀਃ ॥ ਯਗਯਾਨਾਂਚਕ੍ਰਿਤੰ ਸਹਸ੍ਰ ਮਖਿਲਾ ਦੇਵਾਸ੍ਚ ਸੰਪੂਜਿਤਾ: । ਸੰਸਾਰਾਤ੍ ਸਮੁੱਧ੍ਰਿਤਾ: ਸ੍ਵਪਿਤਰ: ਤ੍ਰੈਲੋਕਯ ਪੂਜਯੋ ਅਪੀ ਅਸਊ। ਯਸਯ ਬ੍ਰਹਮ ਵਿਚਾਰਣੇ ਖਯਣਮਪਿ ਇਸਥੈਰਯੰ ਮਨ: ਪ੍ਰਾਪ੍ਨਯਾਤ੍ ॥**

ਟੀਕਾ–ਜਿਸ ਕਾ ਮਨ ਏਕ ਖਿਣ ਭੀ ਬ੍ਰਹਮ ਵਿਚਾਰ ਕਰਤੇ ਕਰਤੇ ਏਕਾਗਰ ਹੋ ਜਾਵੇ ਉਸ ਨੇ ਸਭ ਕੁਛ ਕਰ ਲੀਆ ਯਾਨੇ ਬ੍ਰਹਮੰਡ ਕੇ ਸਮਗ੍ਰ ਤੀਰਥੋਂ ਮੇਂ ਸਨਾਨ ਭੀ ਕਰ ਲੀਆ । ਸਨਾਨ ਕੇ ਪੀਛੇ ਦਾਨ ਕਰਾ ਜਾਤਾ ਹੈ । ਸੋ ਸਾਰੀ ਪ੍ਰਿਥਵੀ ਮੰਡਲ ਕਾ ਦਾਨ ਉਨ ਕਾ ਹੋ ਗਯਾ। ਦਾਨ ਸੇ ਪੀਛੇ ਯਗਯੋਂ ਬਾਦ ਦੇਵਤਾਓਂ ਕਾ ਪੂਜਨ ਕੀਆ ਜਾਤਾ ਹੈ, ਸੋ ਉਨਕਾ ਪੂਜਨ ਭੀ ਹੋ ਗਿਆ ਸਾਰੇ ਦੇਵਤਾ ਭਲੀ ਪਰਕਾਰ ਪਰਸੰਨ ਹੋ ਗਏ । ਔਰ ਸੰਸਾਰ ਸੇ ਸਾਰੇ ਪਿਤਰੋਂ ਕਾ ਭੀ. ਉਸ ਨੇ ਉਧਾਰ ਕਰ ਲੀਆ ਤ੍ਰਿਲੋਕੀ ਮੇਂ ਵੋਹ ਪੂਜਨੇ ਲਾਇਕ ਭੀ ਹੋ ਜਾਤਾ ਹੈ ਜਿਸਕਾ ਮਨ ਬ੍ਰਹਮ ਵਿਚਾਰ ਸੇ ਏਕ



ਖਿਣ ਭੀ ਏਕਾਗਰ ਹੋ ਜਾਵੇ । ਗੁਰੂ ਸਾਹਿਬ ਜੀ ਲਿਖਤੇ ਹੈਂ –

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ.ਗਾਏ ॥**
**ਅਨਿਕ ਰਾਜ ਭੋਗ ਵਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥**

[ਗਉੜੀ ਸੁਖਮਨੀ ਮ: ੫ ਸਫਾ ੨੯੦

ਇਸ ਪਰਕਾਰ ਕ੍ਰਿਤ ਕ੍ਰਿਤਯਪਨੇ ਕੋ ਕਹਿ ਕਰ ਕ੍ਰਿਤ ਕ੍ਰਿਤਯਪਨੇ ਕੇ ਫਲ ਰੂਪ ਤ੍ਰਿਪਤੀ ਕੋ ਦਿਖਾਤੇ ਹੈਂ। ਯਹ ਗਿਆਨੀ ਇਸ ਕਰਤਬ ਕੇ ਅਭਾਵ ਕੇ ਪ੍ਰਤਿਯੋਗੀ ਕੋ ਸਿਮਰਣ ਪੂਰਬਕ ਜੈਸੇ ਹੋਇ ਤੈਸੇ ਸਿਮਰਣ ਕਰਤਾ ਹੂਆ ਹੀ ਸਰਵਦਾ ਤ੍ਰਿਪਤੀ ਕੋ ਪਾਤਾ ਹੈ ਸੋ ਅਬ ਕਹਿਤੇ ਹੈਂ ॥ ੩ ॥ ਦੁਖੀ ਜੋ ਅਗਿਆਨੀ ਹੈ ਸੋ ਜੈਸੀ ਇਛਾ ਹੋ ਪੁਤ੍ਰਾਦਿਕੋਂ ਕੀ ਇਛਾ ਕਰਤੇ ਹੂਏ ਇਸ ਲੋਕ ਸੰਬੰਧੀ ਬਯਵਹਾਰ ਕਰੇਂ ਪਰਮਾਨੰਦ ਪੂਰਣ ਮੈਂ ਕਿਸਤਰਹ ਬਯਵਹਾਰ ਕਰੂੰ ਭਾਵ ਨਹੀਂ ਕਰਤਾ ॥ ੪ ॥ ਪਰਲੋਕ ਜਾਣੇ ਕੀ ਇਛਾ ਵਾਲੇ ਯਗ ਆਦਿ ਕਰਮ ਕਰੇਂ ਸਰਵ ਲੋਕ ਮੇਂ ਪੂਰਣ ਜੋ ਮੈਂ ਹੂੰ ਸੋ ਮੈਂ ਕੈਸੇ ਕਿਸ ਤਰਹ ਯੱਗ ਆਦਿ ਕਰੂੰ ਭਾਵ ਨਹੀਂ ਕਰਤਾ ॥ ੫ ॥ ਜੋ ਆਚਾਰਯ ਪੁਰਸ਼ ਇਸ ਪਰਮਾਰਥ ਪ੍ਰਵ੍ਰਿਤੀ ਵਿਖੇ ਅਧਿਕਾਰੀ ਹੋਵੇ ਵਹੁ ਸ਼ਾਸਤਰੋਂ ਕਾ ਵਿਆਖਿਆਨ ਕਰੇਂ ਔਰ ਵੇਦੋਂ ਕੋ ਪੜ੍ਹਾਵੇਂ ਮੇਰੇ ਕੋ ਤੋ ਅਕ੍ਰਿਯ ਹੋਨੇ ਤੇ ਪਰਮਾਰਥ ਪ੍ਰਵ੍ਰਿਤੀ ਵਿਖੇ ਅਧਿਕਾਰੀ ਹੀ ਨਹੀਂ ॥ ੬ ॥ (ਸ਼ੰਕਾ) ਖਾਤੇ ਪੀਤੇ ਆਦਿ ਵਯਵਹਾਰ ਕਰਤੇ ਦੇਖਣੇ ਮੇਂ ਆਤੇ ਹੋ ਫੇਰ ਕਹਿਤੇ ਹੋ ਮੈਂ ਅਕ੍ਰਿਯ ਹੂੰ ਸੋ ਕੈਸੇ ? (ਸਮਾਧਾਨ) ਨਿੰਦ੍ਰਾ ਭੋਜਨ ਸ਼ਨਾਨ ਸੋਚ ਇਨ ਕ੍ਰਿਆਓਂ ਕੋ ਮੈਂ ਚਾਹਤਾ ਭੀ ਨਹੀਂ ਔਰ ਕਰਤਾ ਵੀ ਨਹੀਂ ਦੇਖਨੇ ਵਾਲੇ ਪੁਰਸ਼ ਜੋ ਕਲਪਨਾ ਕਰਤੇ ਹੈਂ ਸੋ ਅਨਯ ਪੁਰਸ਼ੋਂ ਸੇ ਕਲਪਨੇ ਸੇ ਮੇਰੀ ਹਾਨਿ ਕਿਆ ਹੋਗੀ ॥ ੭ ॥ ਜੈਸੇ ਅਗਨਿ ਕੇ ਸਦ੍ਰਿਸ਼ ਲਾਲੜੀਆਂ ਯਾਨੇ ਰੱਤੀਆਂ ਮੇਂ ਅਨਯ ਵਾਨਰ ਆਦਿਕ ਆਰੋਪਿਤ ਅਗਨਿ ਕਰ ਜੈਸੇ ਦਾਹ ਹੋਵੇ ਨਹੀਂ, ਐਸੇ ਅਨਯ ਅਨਯ ਪੁਰਸ਼ੋਂ ਕਰਕੇ ਆਰੋਪਿਤ ਸੰਸਾਰ ਕੇ ਧਰਮੋਂ ਕੋ ਮੈਂ ਨਹੀਂ ਪ੍ਰਾਪਤ ਹੋਤਾ ਹੂੰ ॥ ੮ ॥ (ਸ਼ੰਕਾ) ਅਨਯ ਸੰਸਾਰਿਕ ਫਲ ਕੀ ਇਛਾ ਕੇ ਅਭਾਵ ਤੇ ਕਰਮੋਂ ਕਾ ਅਨੁਸਠਾਨ ਮਤ ਹੋ । ਪਰੰਤੂ ਤਤ੍ਵ ਕੇ ਸਾਖਯਾਤਕਾਰ ਅਰਥ ਸ੍ਰਵਣਾਦਿ ਕਰਤਵਯ ਹੀ ਹੈਂ । (ਸਮਾਧਾਨ) ਜੋ ਅਗਿਆਤ ਤਤ੍ਵ ਹੈਂ ਵੋਹ ਸ੍ਰਵਣ ਕਰੇਂ । ਮੈਂ ਤਤ੍ਵ ਕੋ ਜਾਨਣੇ ਵਾਲਾ ਕੈਸੇ ਸ੍ਰਵਣ ਕਰੂੰ, ਸੰਸ਼ਯ ਕੋ ਪ੍ਰਾਪਤ ਹੋਣੇ ਵਾਲੇ ਮਨਨ ਕਰੇਂ ਸੰਸ਼ਯ ਰਹਿਤ ਮੈਂ ਕੈਸੇ ਮਨਨ ਕਰੂੰ । ਜਿਸ ਕੋ ਵਿਪਰੀਤ ਭਾਵਨਾ ਹੋਵੇ ਸੋ ਨਿਦਿਧਯਾਸਨ ਯਾਨੇ ਧਯਾਨ ਕਰੇ ਵਿਪਰਯਯ ਸੇ ਰਹਿਤ ਮੈਂ ਕੈਸੇ ਧਿਆਨ ਕਰੂੰ । ਦੇਹ ਮੇਂ ਆਤਮ ਬੁਧਿ ਰੂਪ ਵਿਪਰਯਯ ਸੇ ਰਹਿਤ ਮੈਂ ਕੈਸੇ ਧਿਆਨ ਕਰੂੰ । ਦੇਹ ਮੇਂ ਆਤਮ ਬੁਧਿ ਰੂਪ ਵਿਪਰਯਯ ਕੋ ਕਦਾਚਿਤ ਮੈਂ ਧਾਰਣ ਨਹੀਂ ਕਰਤਾ ॥ ੧੦ ॥ (ਸ਼ੰਕਾ) ਵਿਪਰਯਯ ਸੇ ਬਿਨਾਂ ਮੈਂ ਮਨੁਸ਼ਯ ਹੂੰ, ਮੈਂ ਬ੍ਰਾਹਮਨ ਹੂੰ ਇਤਿਆਦਿ ਬਯਵਹਾਰ ਕੈਸੇ ਬਣੇਗਾ (ਸਮਾਧਾਨ) ਮੈਂ ਮਨੁਸ਼ਯ ਹੂੰ ਇਤਯਾਦਿ ਵਯਵਾਰ ਵਿਪਰਯਯ ਸੇ ਬਿਨਾਂ ਭੀ ਅਨਾਦਿ ਕਾਲ ਕੇ ਅਭਿਆਸ ਕਰੀ ਵਾਸ਼ਨਾ ਤੇ

ਤੁਲਾਲ ਚਕ੍ਰ ਕੇ ਭ੍ਰਮਣ ਕੀ ਨਿਆਈਂ ਹੋਵੇ ਹੈ । ਪ੍ਰਾਰਬਧ ਕੇ ਖੈ ਹੂਏ ਹੀ ਯਹ ਵਿਵਹਾਰ ਨਿਵਿਰਤ ਹੋਵੇ ਹੈ ਅਰ ਪ੍ਰਾਰਬਧ ਕੇ ਨਾਸ਼ ਬਿਨਾ ਹਜ਼ਾਰੋਂ ਵਾਰ ਧਿਆਨ ਕਰਨੇ ਸੇ ਭੀ ਯਹ ਵਯਵਹਾਰ ਨਿਵ੍ਰਿਤ ਹੋਵੇ ਨਹੀਂ ॥ ੧੧ ॥ (ਸ਼ੰਕਾ) ਪ੍ਰਾਰਬਧ ਰੂਪ ਨਿਮਿਤ ਵਾਲੇ ਕੋ ਭੀ ਵਯਵਹਾਰ ਕੀ ਨਯੂਨਤਾ ਅਰਥ ਧਿਆਨ ਕਰਤਵਯ ਹੀ ਹੈਂ ॥ ੧੨ ॥ (ਸਮਾਧਾਨ) ਹੇ ਵਾਦੀ! ਵਯਵਹਾਰ ਕੀ ਅਲਾਪਤਾ ਜੀਵਨ ਮੁਕਤੀ ਕੇ ਸੁਖ ਅਰਥ ਤੇਰੇ ਕੋ ਇਛਿਤ ਹੋ ਤੋ ਤੁਮ ਧਿਆਨ ਕਰੋ ਔਰ ਮੈਂ ਵਯਵਹਾਰ ਕੋ ਆਤਮ ਗਿਆਨ ਅਰ ਮੋਖ ਕਾ ਬਾਧ ਯਾਨੇ ਅਭਾਵ ਨ ਕਰਨੇ ਹਾਰਾ ਦੇਖਤਾ ਹੂਆ ਕਾਹੇ ਤੇ ਧਿਆਨ ਕਰੂੰ ॥ ੧੩ ॥ (ਸ਼ੰਕਾ) ਧਿਆਨ ਕੀ ਅਕਰਤਬਯਤਾ ਹੂਏ ਭੀ ਵਿਖੇਪ ਨਿਵਾਰਣ ਅਰਥ ਸਮਾਧਿ ਕਰਤਬਯ ਹੈ । (ਸਮਾਧਾਨ) ਮੇਰੇ ਕੋ ਨਿਰਵਿਕਾਰ ਹੋਨੇ ਤੇ ਮੇਰੇ ਮੇਂ ਨ ਵਿਖੇਪ ਹੈ ਨ ਸਮਾਧੀ ਹੈ । ਵਿਖੇਪ ਯਾ ਸਮਾਧੀ ਵਿਕਾਰੀ ਮਨ ਕੋ ਹੀ ਹੈ । (ਸ਼ੰਕਾ) ਸਮਾਧੀ ਕਾ ਫਲ ਜੋ ਅਨੁਭਵ ਹੈ ਸੋ ਤੋ ਆਪ ਕੇ ਭੀ ਸੰਪਾਦਨ ਯਾਨੇ ਸਿੱਧ ਕਰਨੇ ਯੋਗ ਹੈ ॥ ੧੪ ॥ (ਸਮਾਧਾਨ) ਨਿਤਯ ਅਨੁਭਵ ਰੂਪ ਹੋਨੇ ਤੇ ਮੇਰੇ ਕੋ ਕੌਨ ਅਨੁਭਵ ਭਿੰਨ ਸਿੱਧ ਕਰਨਾ ਹੋਗਾ। ਇਸ ਵਾਸਤੇ ਮੇਰੇ ਕੋ ਕੁਛ ਕਰਤਬਯ ਨਹੀਂ ਜੋ ਕਰਨਾ ਥਾ ਕਰ ਲੀਆ, ਭਾਵ ਕੁਛ ਨਹੀਂ ਜੋ ਪ੍ਰਾਪਤ ਹੋਨਾ ਥਾ ਸੋ ਪ੍ਰਾਪਤ ਕਰ ਲੀਆ ਯਹ ਮੇਰਾ ਨਿਸਚਯ ਹੈ ॥ ੧੫ ॥ ਅਸਟਾ ਵਕ੍ਰ ਮੁਨੀ ਨੇ ਅਪਨੀ ਗੀਤਾ ਕੇ ਅਠਾਰਵੇਂ ਪ੍ਰਕਰਣ ਮੇਂ ਰਾਜਾ ਜਨਕ ਕੋ ਕ੍ਰਿਤ ਕ੍ਰਿਤਯਤਾ ਕਾ ਉਪਦੇਸ਼ ਕੀਆ ਹੈ –

**ਨ ਵਿਖਯੇਪੋ ਨ ਏਕਾਗ੍ਰਯੰ ਨਾਤਿ ਬੋਧੋ ਨ ਮੂਢਤਾ। ਨ ਸੁਖੰ ਨਚਵਾ ਦੁਃ੍ਖੰ ਉਪਸ਼ਾਂਤਸਯ ਯੋਗਿਨਃ ॥ ੧੦ ॥ ਕ੍ਵਧਰਮਃ ਕ੍ਵਚਵਾਕਾਮਃ ਕ੍ਵਚਾਰਥਾਃ ਕ੍ਵਵਿਵੇਕ੍ਤਾ । ਇਦੰ ਕ੍ਰਿਤਮਿਦੰ ਨੇਤਿ ਦ੍ਵੰਦ੍ਵੈਃ ਮੁਕ੍ਤਸਯ ਯੋਗਿਨਃ ॥ ੧੨ ॥ ਕ੍ਰਿਤਯੰ ਕਿਮਪਿ ਨੈਵਸ੍ਤਿ ਨਕਾਪਿ ਹ੍ਰਿਦਿ ਰੰਜਨਾ। ਯਥਾ ਜੀਵਨੰ ਏਵ ਈਹ ਜੀਵਨ ਮੁਕ੍ਤਸਯ ਯੋਗਿਨਃ ॥ ੧੩ ॥**

[ਅਸਟਾ ਵਕਰ ਗੀਤਾ

ਅਰਥ– ਜੀਵਨ ਮੁਕਤ ਚਿਤ ਸਾਂਤ ਵਾਲੇ ਯੋਗੀ ਕੇ ਚਿਤ ਮੇਂ ਨਾ ਵਿਖੇਪ ਹੈ ਨ ਏਕਾਗ੍ਰਤਾ ਹੈ ਨ ਗਿਆਨ ਹੈ ਨ ਅਗਿਆਨ ਹੈ ਨ ਸੁਖ ਹੈ ਨ ਦੁਖ ਹੈ ਕਿਉਂਕਿ ਯੇਹ ਸਭ ਮਨ ਕੇ ਧਰਮ ਹੈਂ ਆਤਮਾ ਕੇ ਨਹੀਂ, ਇਸੀ ਤੌਰਹ ਦ੍ਵੰਦ੍ਵ ਸੇ ਰਹਿਤ ਜੋ ਯੋਗੀ ਹੈ ਉਸ ਕੇ ਧਰਮ ਕਹਾਂ ਕਾਮ ਕਹਾਂ ਅਰਥ ਕਹਾਂ ਵਿਵੇਕ ਕਹਾਂ ਕਰਤਬ ਕਹਾਂ ਅਕਰਤਬਯ ਕਹਾਂ ਸਭ ਮਨ ਕੇ ਧਰਮ ਮਾਨਤਾ ਹੂਆ ਅਪਨੇ ਮੇਂ ਕੁਛ ਭੀ ਨਹੀਂ ਮਾਨਤਾ। ਕਰਤਬ ਉਸ ਕੋ ਕੁਛ ਭੀ ਨਹੀਂ ਔਰ ਨ ਕੋਈ ਹ੍ਰਿਦੇ ਮੇਂ ਵਾਸ਼ਨਾ ਹੀ ਹੈ, ਪ੍ਰਾਰਬਧ ਕੇ ਅਨੁਸਾਰ ਜੈਸੀ ਚੇਸ਼ਟਾ ਹੋ ਤੈਸੀ ਹੋ ਉਸਕੇ ਕੋਈ ਸੰਕਲਪ ਨਹੀਂ ॥੧੩॥



**ਸ੍ਵਾਰਾਜਯੇ ਭੈਖਯ ਵ੍ਰਿਤਉ ਚ ਲਾਭਾਲਾਭਉ ਜਨੇ ਬਨੇ । ਨਿਰਵਿਕਲਪ ਸ੍ਵਭਾਵਸਯ ਨ ਵਿਸ਼ੇਸ਼ੋ ਅਸ਼ਤੀ ਯੋਗਿਨਃ ॥ ੧੧ ॥**

ਟੀਕਾ-ਰਾਜਯ ਮੇਂ ਵਾ ਭਿਖਯਾ ਮਾਂਗਨੇ ਮੇਂ ਲਾਭ ਮੇਂ ਅਲਾਭ ਮੇਂ ਜਨਸਮੁਦਾਯ ਮੇਂ ਵਾ ਬਨ ਮੇਂ ਨਿਰਵਿਕਲਪ ਸੁਭਾਵ ਵਾਲੇ ਯੋਗੀ ਕੋ ਕੁਛ ਭੀ ਵਿਸ਼ੇਸ਼ਤਾ ਨਹੀਂ ਯਾਨੇ ਸਭ ਮੇਂ ਸਮਦ੍ਰਿਸ਼ਟੀ ਹੈ, ਇਸ ਪ੍ਰਕਾਰ ਗਿਆਨ ਕੋ ਪਾ ਕਰ ਅਧਿਕਾਰੀ ਕ੍ਰਿਤ ਕ੍ਰਿਤਯ ਹੋ ਜਾਤਾ ਹੈ ।

**ਯਸਯ ਸਰਵੇ ਸਮਾਰੰਭਾਃ ਕਾਮ ਸੰਕਲਪ ਵਰਜਿਤਾਃ। ਗਯਾਨਾ ਗ੍ਰਿਗਧ ਕਰਮਾਣੰ ਤਮਾਹੁਃ ਪੰਡਿਤੰ ਬੁਧਃ ॥ ੧ ॥ ਤਯਕ੍ਤਵਾ ਕਰਮ ਫਲਾ ਸੰਗੰ ਨਿਤਯ ਤ੍ਰਿਪ੍ਤੋ ਨਿਰਾਸ਼੍ਰਯਃ। ਕਰਮਣੀ ਅਭਿ ਪ੍ਰਵ੍ਰਿਤੋ ਅਪਿ ਨੈਵ ਕਿੰਚਿੰਤ ਕਰੋਤਿਸਃ ॥ ੨ ॥ ਨਿਰਾਸ਼ੀ ਯਤ੍ਰ ਚਿਤਾ ਤਮਾਤਯਕ੍ਤ ਸਰਵ ਪਰਿਗ੍ਰਹਃ । ਸ਼ਾਰੀਰੰ ਕੇਵਲੰ ਕਰਮ ਕੁਰਵਨ੍ਨਾਪੋਤਿ ਕਿਲ੍ਬਿਸੰ ॥ ੩ ॥ ਯਦ੍ਰਿਛਾਲਾਭ ਸੰਤੁਸ੍ਟੋ ਦ੍ਵੰਦ੍ਵਾਤੀਤੋ ਵਿਮਤਸਰਃ। ਸਮਃ ਸਿੱਧਾ ਵਸਿੱਧਉ ਚ ਕ੍ਰਿਤ੍ਵਾਪਿ ਨਨਿਬਧਯਤੇ ॥ ੪ ॥ ਗਤ ਸੰਗਸਯ ਮੁਕ੍ਤਸਯ ਗਯਾਨਾਵ ਸਿਥਤ ਚੇਤਸਃ। ਜਗਯਾਯਾ ਚਰਤਃ ਕਰਮ ਸਮਗ੍ਰੰ ਪ੍ਰਵਿਲੀਯਤੇ ॥ ੫ ॥**

[ਗੀਤਾ ਅ: ੪

ਟੀਕਾ–ਜਿਸ ਕੇ ਸੰਪੂਰਣ ਅਰੰਭ ਕਾਮਨਾ ਔਰ ਸੰਕਲਪ ਸੇ ਰਹਿਤ ਹੈਂ ਐਸੇ ਗਿਆਨ ਰੂਪ ਅਗਨਿ ਦੁਆਰਾ ਭਸਮ ਹੂਏ ਕਰਮੋਂ ਵਾਲੇ ਪੁਰਸ਼ ਕੋ ਗਿਆਨੀ ਜਨ ਪੰਡਤ ਕਹਿਤੇ ਹੈਂ ॥ ੧ ॥ ਸੰਸਾਰਿਕ ਆਸ਼੍ਰਯ ਸੇ ਰਹਿਤ ਸਦਾ ਪਰਮਾਨੰਦ ਪਰਮਾਤਮਾ ਮੇਂ ਤ੍ਰਿਪਤ ਹੈ। ਵੋਹ ਕਰਮੋਂ ਕੇ ਫਲ ਔਰ ਸੰਗ ਅਰਥਾਤ ਕਰਤ੍ਰਿਤ੍ਵ ਅਭਿਮਾਨ ਕੋ ਤਿਆਗ ਕਰ ਕਰਮ ਮੇਂ ਅਛੀ ਪ੍ਰਕਾਰ ਵਰਤਤਾ ਹੂਆ ਭੀ ਕੁਝ ਭੀ ਨਹੀਂ ਕਰਤਾ ॥ ੨ ॥ ਜੀਤ ਲੀਆ ਹੈ ਅੰਤਃ ਕਰਣ ਔਰ ਸ਼ਰੀਰ ਜਿਸ ਨੇ ਤਥਾ ਤਿਆਗ ਦੀ ਹੈ ਭੋਗੋਂ ਕੀ ਸਾਮਗ੍ਰੀ ਜਿਸ ਨੇ ਐਸਾ ਆਸ਼ਾ ਰਹਿਤ ਪੁਰਸ਼ ਕੇਵਲ ਸ਼ਰੀਰ ਸੰਬੰਧੀ ਕਰਮ ਕੋ ਕਰਤਾ ਹੂਆ ਭੀ ਪਾਪ ਕੋ ਨਹੀਂ ਪ੍ਰਾਪਤ ਹੋਤਾ ਹੈ ॥ ੩ ॥ ਆਪਨੇ ਆਪ ਜੋ ਕੁਛ ਆਇ ਪ੍ਰਾਪਤ ਹੋ ਉਸ ਮੇਂ ਹੀ ਸੰਤੁਸ਼ਟ ਰਹਿਨੇ ਵਾਲਾ ਔਰ ਹਰਸ਼ ਸ਼ੋਕਾਦਿ ਦ੍ਵੰਦ੍ਵੋ ਸੇ ਅਤੀਤ ਹੂਆ ਤਥਾ ਮਤਸਰਤਾ ਅਰਥਾਤ ਈਰਖਾ ਸੇ ਰਹਿਤ ਸਿਧਿ ਔਰ ਅਸਿਧਿ ਮੇਂ ਸਮਤ੍ਵ ਭਾਵ ਵਾਲਾ ਪੁਰਸ਼ ਕਰਮੋਂ ਕੋ ਕਰਕੇ ਭੀ ਬੰਧਨ ਕੋ ਨਹੀਂ ਪ੍ਰਾਪਤ ਹੋਤਾ ਹੈ ॥ ੪ ॥ ਆਸਕ੍ਤੀ ਸੇ ਰਹਿਤ ਗਿਆਨ ਮੇਂ ਇਸਥਿਤ ਹੂਏ ਚਿੱਤ ਵਾਲੇ ਯੱਗ ਕੇ ਲੀਏ ਆਚਰਣ ਕਰਤੇ ਹੂਏ ਮੁਕਤ ਪੁਰਸ਼ ਕੇ ਸੰਪੂਰਣ ਕਰਮ ਨਸ਼ਟ ਹੋ ਜਾਤੇ ਹੈਂ ॥ ੫ ॥

ਸੁਖ ਮਾਤਯੰਤਿਕੰ ਯਤ੍ ਤਤ੍ ਬੁਧਿ ਗ੍ਰਾਹਯ ਮਤਿੰਦ੍ਰਿਯੰ ॥ ਵੇਤਿ ਯਤ੍ਰ ਨ ਚੈਵਾਯੰ ਇਸਥਿਤ ਸ੍ਚਲਤਿ ਤਤ੍ਵਤ: ॥ ੨੧ ॥ ਯੰ ਲਬਧ੍ਵਾ ਚਾਪਰੰ ਲਾਭੰ ਮਨਯਤੇ ਨਾਧਿਕੰ ਤਤ: ॥ ਯਸਮਿਨ ਇਸਥਿਤੋ ਨ ਦੁਖੇਨ ਗੁਰੁਣਾਪਿ ਵਿਚਾਲਯਤੇ ॥ ੨੨ ॥

[ਗੀਤਾ ਅਧਯਾਯ ੬

ਅਰਥ-ਇੰਦ੍ਰੀਓਂ ਸੇ ਅਤੀਤ ਕੇਵਲ ਸ਼ੁਧ ਹੂਈ ਸੂਖਮ ਬੁਧਿ ਦੁਆਰਾ ਗ੍ਰਹਣ ਕਰਨੇ ਯੋਗ ਜੋ ਅਨੰਤ ਆਨੰਦ ਹੈ ਉਸ ਕੋ ਜਿਸ ਅਵਸਥਾ ਮੇਂ ਅਨੁਭਵ ਕਰਤਾ ਹੈ ਔਰ ਜਿਸ ਅਵਸਥਾ ਮੇਂ ਇਸਥਿਤ ਹੂਆ ਯਹ ਯੋਗੀ ਭਗਵਤ ਸਰੂਪ ਮੇਂ ਚਲਾਯਮਾਨ ਨਹੀਂ ਹੋਤਾ ਹੈ ॥ ੨੧ ॥ ਪਰਮੇਸ੍ਵਰ ਕੀ ਪ੍ਰਾਪਤੀ ਰੂਪ ਜਿਸ ਲਾਭ ਕੋ ਪ੍ਰਾਪਤ ਹੋਕਰ ਉਸ ਸੇ ਅਧਿਕ ਦੂਸਰਾ ਕੁਛ ਭੀ ਲਾਭ ਨਹੀਂ ਮਾਨਤਾ ਹੈ ਔਰ ਭਗਵਤ ਪ੍ਰਾਪਤੀ ਰੂਪ ਜਿਸ ਅਵਸਥਾ ਮੇਂ ਇਸਥਿਤ ਹੂਆ ਯੋਗੀ ਬੜੇ ਭਾਰੀ ਦੁਖ ਸੇ ਭੀ ਚਲਾਇਮਾਨ ਨਹੀਂ ਹੋਤਾ ਹੈ ॥ ੨੨ ॥ ਗੁਰੂ ਜੀ ਲਿਖਤੇ ਹੈਂ ਪ੍ਰਮਾਣ :-

ਆਨਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥ ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥

[ਗਉੜੀ ਮ: ੫ ਸਫਾ ੧੮੦

ਹਰਿ ਰਸੁ ਪੀਵਤ ਸਦਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥ ਹਰਿ ਰਸੁ ਕੇ ਮਾਤੇ ਮਨਿ ਸਦਾ ਆਨੰਦ ॥ ਆਨਰਸਾ ਮਹਿ ਵਿਆਪੈ ਚਿੰਦ ॥ ੧ ॥ ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨਰਸਾ ਸਭਿ ਹੋਛੇ ਰੇ ॥੧॥ ਰਹਾਉ ॥ ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥ ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪ੍ਰਾਪਤਿ ਤਿਸਹੀ ਦੇਹਿ ॥੨॥ ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥ ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥ ੩ ॥ ੨੭ ॥

[ਆਸਾ ਮ: ੫ ਸਫਾ ੩੭੭

ਮਾਈ ਰੀ ਮਨੁ ਮੇਰੋ ਮਤਵਾਰੋ ॥ ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ ॥ ੧ ॥ ਰਹਾਉ ॥ ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ ॥ ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ ॥ ੧ ॥ ਕਰ ਗਹਿ ਲੀਨੇ ਸਰਬਸੁ ਦੀਨੇ ਦੀਪਕ



ਭਇਓ ਉਜਾਰੋ ॥ ਨਾਨਕ ਨਾਮਿ ਰਸਿਕ ਬੈਰਾਗੀ ਕੁਲਹਸਮੂਹਾ ਤਾਰੇ ॥

[ਸਾਰਗ ਮ: ੫.ਸਫਾ ੧੨੨੫

ਇਸ ਪ੍ਰਕਾਰ ਮਹਾ ਅਨੰਦ ਕੋ ਪਾ ਕਰ ਗਿਆਨੀ ਅਪਨੇ ਮੇਂ ਅਗਿਆਨ ਰਾਗ ਦ੍ਵੇਸ਼ ਆਦਿਕੋਂ ਕਾ ਅਭਾਵ ਅਨੁਭਵ ਕਰਤਾ ਹੈ ਪ੍ਰਮਾਣ ਮੋਖ ਪੰਥ:-

ਜਾਂ ਅਗਿਆਨ ਰਚਿਓ ਸੰਸਾਰ। ਕਹਾਂ ਗਯੋ ਕੁਛ ਅਹੇ ਨ ਸਾਰ।
ਰਾਗੁ ਦੁਏਸ਼ ਵਿਆਘ੍ਰ ਭਉ ਜੋਈ । ਕਹਾ ਗਏ ਅਬ ਪਿਖੂੰ ਨ ਕੋਈ।
ਆਤਮ ਏਕ ਭਇਓ ਮੁਹਿ ਭਾਨ। ਤਾ ਬਿਨ ਲਖਿਓ ਨ ਰੰਚਕ ਆਨ।
ਹਰਿ ਨਰ ਦੇਵ ਅਦੇਵ ਨ ਭੇਦ । ਕਹਾ ਗਇਓ ਅਬ ਪਿਖੂੰ ਅਭੇਦ।
ਪਾਂਚ ਕੋਸ਼ ਮੈਂ ਪੰਚ ਕਿਵਾੜ । ਆਤਮ ਕੇ ਕੋ ਗਇਓ ਉਪਾੜ।
ਅਹੋ ਨਿਰੰਜਨ ਦਰਸ਼ਨ ਪਾਏ । ਬਹੁਤ ਕਾਲ ਕੇ ਦੂਖ ਮਿਟਾਏ।
ਮੋ ਬਿਨ ਨਾਹਿ ਨਿਰੰਜਨ ਆਨ । ਆਤਮ ਰੂਪ ਭਇਓ ਮੋਹਿ ਭਾਨ।
ਅਹੋ ਆਚਾਰਯ ਕੀ ਗਤਿ ਨਿਆਰੀ । ਜਾਕੇ ਦਰਸ ਮਿਟੇ ਭਵ ਭਾਰੀ।

ਵਿਵੇਕ ਚੂੜਾ ਮਣੀ ਦਾ ਪ੍ਰਮਾਣ:-

ਕ੍ਵ ਗਤੰ ਕੇਨਵਾਨੀਤੰ ਕੁਤ੍ਰ ਲੀਨ ਮਿਦੰ ਜਗਤ ॥ ਅਧੁਨੈਵ ਮਯਾਦ੍ਰਿਸ਼ੰ ਨਾਸ੍ਤਿ ਕਿਮਦਭੁਤੰ ॥ ੧ ॥

ਅਰਥ-ਯਹ ਸੰਸਾਰ ਕਹਾਂ ਗਯਾ ਕੌਨ ਲੇ ਗਯਾ । ਕਿਸ ਮੇਂ ਲੀਨ ਹੋ ਗਯਾ ਅਭੀ ਮੈਨੇ ਦੇਖਾ ਥਾ। ਅਭੀ ਖਿਨ ਮੇਂ ਅਤਯੰਤ ਨਿਵਿਰਤ ਹੋ ਗਯਾ ਯਹ ਬੜਾ ਅਸਚਰਯ ਹੈ॥ ੩ ॥ ਇਸ ਪਰਕਾਰ ਸਭ ਕਾ ਅਭਾਵ ਦੇਖਤਾ ਹੂਆ ਔਰ ਅਖੰਡ ਵਸਤੂ ਕਾ ਅਨੁਭਵ ਕਰਤਾ ਹੂਆ ਜਬ ਪਰਬ੍ਰਹਮ ਮੇਂ ਲੀਨ ਹੋਨੇ ਲਗਤਾ ਹੈ ਤਬ ਉਸ ਕਾ ਤੋ ਕਿਆ ਕਹਿਨਾ ਹੈ ਉਸ ਕੇ ਮਾਤਾ ਪਿਤਾ ਕੁਲ ਕੋ ਭੀ ਧੰਨਵਾਦ ਕਰਤੇ ਹੈਂ ਔਰ ਜਹਾਂ ਓਹ ਪੈਰ ਰਖਤਾ ਹੈ ਵੋ ਪ੍ਰਿਥਵੀ ਭੀ ਪਵਿਤ੍ਰ ਹੋ ਜਾਤੀ ਹੈ । ਤਥਾ ਦੇਵਤਾਓਂ ਕੋ ਪ੍ਰਸੰਨ ਕਰ ਲੀਆ ਵੇਦੋਂ ਕੋ ਭੀ ਸਫਲ ਕਰ ਦੀਆ ਔਰ ਦੇਵਤਾ ਲੋਗ ਮਿਲ ਕਰ ਵਿਮਾਨ ਮੇਂ ਬੈਠ ਕਰ ਉਸ ਕੋ ਧੰਨਵਾਦ ਕਰਨੇ ਆਤੇ ਹੈਂ ਜਬ ਬ੍ਰਹਮ ਮੇਂ ਲੀਨ ਹੋਨੇ ਲਗਤਾ ਹੈ ਜੈਸੇ ਮੋਖ ਪੰਥ ਮੇਂ ਲਿਖਾ ਹੈ:-

ਧੰਨ ਭਈ ਤਿਨ ਕੀ ਜਨਨੀ ਕੁਲ ਪਾਵਨ ਤਾਹਿ ਕਰੀ ਜਗ ਸਾਰੀ।
ਭੂਮੀ ਸੁ ਪੁਨਯਵਤੀ ਕਰ ਸੋ ਸਭ ਹੀ ਸੁਰ ਕੀ ਅਰਚਾ ਵਿਸਤਾਰੀ।
ਬ੍ਰਹਮ ਸਨਾਤਨ ਹੇਰ ਜਨੇ ਉਰ ਤੇ ਸਭ ਵਾਸਨ ਦੂਰ ਨਿਵਾਰੀ।
ਵੇਦਨ ਕੀ ਗਤਿ ਜੇਤਕ ਥੀ ਸਭ ਤੇਤਕ ਤਾਹਿੰ ਉਦਾਰ ਸੰਵਾਰੀ।

ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਂ ਕਬੀਰ ਜੀ ਅਪਨੇ ਸ਼ਬਦ ਮੇਂ ਕਹਿਤੇ ਹੈਂ ਕਿ ਸਭ ਦੇਵਤਾ ਵਿਮਾਨੋਂ ਮੇਂ ਬੈਠ ਕਰ ਆਕਾਸ਼ ਮਾਰਗ ਮੇਂ ਆਕਰ ਧੰਨਵਾਦ ਕਰਤੇ ਹੈਂ ਜਬ ਵਿਦਵਾਨ ਬ੍ਰਹਮ ਮੇਂ ਲੀਨ ਹੋਨੇ ਲਗਤਾ ਹੈ ਦੇਵਤਾਓਂ ਕੇ ਨਾਮ ਕਹਾਂ ਸਾਖਯਾਤ ਕਹਾਂ ਵਾਹਨੋਂ ਦੁਆਰਾ ਅਜਹਿਤ ਲਖਣਾ ਦੁਆਰਾ ਕਹੇਂਗੇ।

## ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥

ਫੀਲ ਯਾਨੇ ਹਸਤੀ ਯਾਨੇ ਐਰਾਵਤ ਹਾਥੀ ਵਾਲਾ ਇੰਦ੍ਰ ਔਰ ਰਵਿ ਸੂਰਜ ਔਰ ਆਬ ਯਾਨੇ ਜਲ। ਔਰ ਬੈਲ ਵਾਹਨ ਵਾਲਾ ਮਹਾਦੇਵ। ਪਖੋਂ ਸੇ ਆਵਾਜ ਹੈ ਜਿਸਕਾ ਗਰੁੜ ਤਥਾ ਗਰੁੜ ਵਾਹਨ ਵਾਲਾ ਭਗਵਾਨ ਵਿਸ਼ਣੂ ਔਰ ਕਊਆ ਕਰਕੇ ਕਾਕ ਭਸੁੰਡੀ ਯਾ ਕਊਆ ਵਾਹਨ ਵਾਲੀ ਅਲੰਬਸਾ ਦੇਵੀ ਵਾ ਚੰਡਕਾ ਦੇਵੀ ਔਰ ਤਾਲੋਂ ਕੇ ਬਜਾਨ ਵਾਲਾ ਨਾਰਦ। ਯੇ ਸਭ ਵਿਮਾਨੋਂ ਮੇਂ ਬੈਠ ਕਰ ਧੰਨਵਾਦ ਕਰਨੇ ਆਏ।

## ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥

ਚੋਲਿਓਂ ਕੇ ਪਹਿਨਨੇ ਵਾਲਾ ਕ੍ਰਿਸ਼ਨ ਔਰ ਗੋਪੀਆਂ। ਗਦਹਾ ਵਾਹਨ ਵਾਲੀ ਸ਼ੀਤਲਾ ਦੇਵੀ ਇਹ ਭੀ ਨਿਰਤਕਾਰੀ ਕਰ ਰਹੇ ਹਨ ਔਰ ਭੈਸਾ ਵਾਹਨ ਵਾਲਾ ਯਮ ਰਾਜਾ ਭਗਤੀ ਕਰਨੇ ਵਾਲਾ ਗਜੇਂਦ੍ਰ ਹਸਤੀ।

## ਰਾਜਾ ਰਾਮ ਕਕਰੀਆ ਬਰੇ ਪਕਾਏ ॥

ਰਾਮਚੰਦ੍ਰ ਪਰਸੁਰਾਮ ਵਾ ਬਲਰਾਮ। ਕਕਰੀਆ ਯਾਨੇ ਹਿਮਾਂਚਲ ਰਾਜਾ। ਬਰੇ ਯਾਨੇ ਬੜੇ ਸਾਧਨੋਂ ਕੇ ਕਰਨੇ ਵਾਲੇ ਸਨਕਾਦਿ ਮੁਨੀ।

## ਕਿਨੈ ਬੂਝਨ ਹਾਰੈ ਖਾਏ ॥ ੧ ॥ ਰਹਾਉ ॥

ਬੂਝਨਹਾਰੇ ਯਾਨੇ ਆਤਮਾ ਕੋ ਜਾਨਨੇ ਵਾਲੇ ਕਿਨੈ ਯਾਨੇ ਕਿਤਨੇ ਹੀ ਵਿਆਸ ਵਸਿਸ੍ਟਾਦਿ ਖ ਯਾਨੇ ਅਕਾਸ਼ ਮੇਂ ਵਿਵਾਨੋ ਮੇਂ ਬੈਠ ਕਰ ਆਏ ਹੈਂ।

## ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥

ਬੈਠ ਨਾਮ ਸਮਾਧੀ ਮੇਂ ਬੈਠਨੇ ਵਾਲੇ ਗੋਰਖ ਮਛੰਦਰ ਆਦਿ, ਸਿੰਘ ਯਾਨੇ ਨਰ ਸਿੰਘ ਭਗਵਾਨ। ਸੰਸਾਰ ਘਰ ਮੇਂ ਜੀਵੋਂ ਕੋ ਮਾਇਆ ਰੂਪੀ ਪਾਣ ਲਗਾ ਕਰ ਭੁਲਾਨੇ ਵਾਲੇ ਦੇਵਤੇ। ਘੀਸ ਵਾਹਨ ਵਾਲਾ ਕੁਬੇਰ ਗਲਉ ਯਾਨੇ ਚੰਦ੍ਰਮਾ। ਯੇ ਭੀ ਆਪਣੇ ਆਪਣੇ ਵਿਮਾਨ ਮੇਂ ਬੈਠ ਕਰ ਆਏ ਹੈਂ।

## ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥ ੨ ॥

ਸੰਸਾਰ ਰੂਪੀ ਘਰ ਕੇ ਘੜਨੇ ਵਾਲੇ ਬ੍ਰਹਮਾ ਜੀ ਵਾ ਵਿਸ਼ਕਰਮਾ ਜੀ। ਮੁਸਰੀ ਯਾਨੇ ਚੂਹੀ ਵਾਹਨ ਵਾਲਾ ਗਣੇਸ਼ ਜੀ। ਤਥਾ ਮੰਗਲ ਦੇਵਤਾ ਕਛੂਆ-ਕਛ ਅਵਤਾਰ ਸੰਖ ਵਜਾਵੇ ਯਾਨੇ ਸੰਖ ਬਜਾਨੇ ਵਾਲਾ ਭਗਵਾਨ ਵਿਸ਼ਨੂੰ ਜੀ ਤਥਾ ਕ੍ਰਿਸ਼ਨ ਜੀ।



## ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥ ੩ ॥

ਕੰਨਿਆਂ ਰੂਪ ਮੇਂ ਰਹਿਨੇ ਵਾਲੀ ਸੁੰਦਰ ਇਸਤ੍ਰੀਆਂ ਲਖਿਮੀ ਜੀ, ਸੀਤਾ ਜੀ, ਤਾਰਾ, ਮੰਦੋਦਰੀ, ਦ੍ਰੋਪਦੀ ਆਦਿ ਬੇਧੀ ਨਾਮ ਮਿਲ ਕਰ ਵਿਦਵਾਨ ਕੋ ਧੰਨਵਾਦ ਕਰਨੇ ਆਈਆਂ ਹਨ। ਤਥਾ ਸਸਾ ਵਾਹਨ ਵਾਲਾ ਲਾਲ ਵੇਗ ਚੂਹੜਿਓਂ ਕਾ ਗੁਰੂ ਔਰ ਸਿੰਘ ਗੰਧਰਵ ਯੇ ਸਭ ਆਏ ਹੈਂ।

## ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥

ਕਬੀਰ ਜੀ ਕਹਿਤੇ ਹੈਂ ਹੇ ਸੰਤੋ ! ਸੁਨੋ ਕੀਟੀ ਵਾਹਨ ਵਾਲਾ ਅਗਨੀ ਦੇਵ ਵ ਸਨੀਚਰ ਦੇਵਤਾ ਔਰ ਪਰਵਤ ਨਿਵਾਸੀ ਸਿਧ ਚਾਰਣ ਆਦਿ ਯਾ ਗੰਧਰਵ ਲੋਕ ਭੀ ਸੁਮੇਰੂ ਕੈਲਾਸ਼ ਆਦਿ ਪਰਬਤੋਂ ਕੇ ਅਭਿਮਾਨੀ ਖ ਯਾਨੇ ਆਕਾਸ਼ ਮੇਂ ਵਿਮਾਨ ਲੈਕੇ ਆਇਆ ਯਾਨੇ ਆਏ ਹੈਂ।

## ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥ ੪ ॥ ੬ ॥

ਸੰਸਾਰ ਕੋ ਕਛਨੇ ਵਾਲੇ ਬਾਵਨ ਅਵਤਾਰ ਓਹ ਭੀ ਧੰਨਵਾਦ ਕਰਤੇ ਹੈਂ ਔਰ ਅੰਗਾਰ ਯਾਨੇ ਅੰਗਰਾਦੀ ਰਿਖੀ ਵਾ ਖਟ ਸ਼ਾਸਤ੍ਰ ਔਰ ਉਨ ਕੇ ਵਿਲੋਨੇ ਵਾਲੇ। ਯਾਨੇ ਵਿਚਾਰਨੇ ਵਾਲੇ ਖਟ ਮੁਨੀ। ਔਰ ਲੂਕੀ ਅਗਨਿ ਦੇਵਤਾ। ਅਥਵਾ ਲੂਕੀ ਨਾਮ ਗੁੱਤੀ। ਗੁੱਤੀ ਵਾਹਨ ਵਾਲਾ ਵਾਯੂ ਦੇਵ। ਔਰ ਸਬਦ ਸੁਨਾਨੇ ਵਾਲੇ ਚਾਰੋਂ ਵੇਦ ਯੇ ਸਭ ਆਪਣੇ ਆਪਣੇ ਵਿਮਾਨੋਂ ਮੇਂ ਬੈਠ ਕਰ ਵਿਦਵਾਨ ਕੋ ਧੰਨਵਾਦ ਦੇਨੇ ਆਏ ਹੈਂ। ਕਬ ਜਬ:-

## ਬੰਸ ਕੋ ਪੂਤੁ ਬਿਆਹਨ ਚਲਿਆ ਸੁਇਨੇ ਮੰਡਪ ਛਾਏ ॥

[ਆਸਾ ਕਬੀਰ ਸਫਾ ੪੭੭

ਬ੍ਰਹਮ ਕਾ ਬੰਸ ਯਾਨੇ ਸਰੂਪ ਜੋ ਜੀਵ ਪਵਿੱਤਰ ਹੋ ਕਰ ਔਰ ਦਵੈਤ ਭਾਵ ਕੋ ਹਨ ਯਾਨੇ ਤੋੜ ਕਰ ਬ੍ਰਹਮ ਮੇਂ ਅਭੇਦ ਹੋਕਰ ਚਲਿਆ ਯਾਨੇ ਪ੍ਰਾਪਤ ਹੂਆ। ਤਬ ਸੁਇਨ ਜੋ ਅਫੁਰ ਮੰਡਪ ਯਾਨੇ ਅਸਥਾਨ ਬ੍ਰਹਮ ਤਿਸ ਮੇਂ ਛਾਏ ਨਾਮ ਇਸਥਿਰ ਹੂਆ ਵਾ ਸੁਇਨ ਯਾਨੇ ਆਕਾਸ਼ ਮੇਂ ਮੰਡਪ ਯਾਨੇ ਵਿਮਾਨ ਛਾਏ ਗਏ ਕਠੇ ਹੋ ਗਏ, ਇਸ ਪਰਕਾਰ ਸਾਰੇ ਦੇਵਤਾ ਮਿਲ ਕਰ ਵਿਦਵਾਨ ਕੋ ਧੰਨਵਾਦ ਕਰਨੇ ਆਤੇ ਹੈਂ। ਤਬ ਵਿਦਵਾਨ ਬ੍ਰਹਮ ਮੇਂ ਉਪਾਧਿ ਕੋ ਛੋੜ ਕਰ ਐਸੇ ਲੀਨ ਹੋ ਜਾਤਾ ਹੈ।

**ਸਵੈਯਾ ॥ ਖੀਰਨ ਖੀਰੁ ਸੁਨੀਰਨ ਨੀਰੁ ਸਮੀਰਨ ਮਾਹਿ ਸਮੀਰ ਸਮਾਵੈ ॥ ਆਤਪ ਮਾਹਿ ਮਿਲੇ ਜਗ ਆਤਪ ਮਾਹਿ ਦਿਸ਼ਾ ਦਿਗ ਭੂਰ ਸਮਾਵੈ ॥ ਫੂਟਤ ਹੀ ਘਟ ਕੇ ਨਭ ਮੇਂ ਨਭ ਏਕ ਭਯੋ ਨਹਿ ਭੇਦ ਦਿਖਾਵੈ ॥ ਮੋਖ ਤਥਾ ਨਹਿ ਭੇਦ ਪਿਖੋ ਹਰਿ ਕੋਵਿਦ ਵੇਦ ਯਹੀ ਵਿਧ ਗਾਵੈ ॥ ੪੬ ॥**

ਸਵੈਯਾ ॥ ਸ਼ੁਧ ਸਨਾਤਨ ਨਿਤਯ ਪ੍ਰਬੁੱਧ ਸੁ ਏਕ ਅਖੰਡਤ ਬ੍ਰਹਮ ਪਛਾਨੋ ॥ ਆਨਦ ਪੂਰ ਸੁ ਧੂਰ ਬਿਹੀਨ ਇਸੋ ਘਨ ਸੈਂਧ ਵ ਖਿਲਤ ਪਛਾਨੋ ॥ ਬਿੰਦੁ ਸੁ ਪੂਰਿ ਰਹੀ ਅਵਨੀ ਅਰ ਬਿੰਦੁ ਪੁਰੰਦ੍ਰ ਕੇ ਪੁਰ ਮਾਨੋ ॥ ਤਨ ਹਾਠ ਸਨਾਤਨ ਬ੍ਰਹਮ ਭਯੋ ਜਿਮ ਖੰਡ ਅਕਾਸ਼ ਅਕਾਸ਼ ਸਮਾਨੋ ॥੪੧॥

[ਸੋਖ ਪੰਥ ਪੰਜਵਾਂ ਨਿਵਾਸ

ਅੰਤਰਿ ਹੋਇ ਗਿਆਨ ਪ੍ਰਗਾਸੁ ॥ ਉਸੁ ਅਸਥਾਨ ਕਾ ਨਹੀ ਬਿਨਾਸੁ ॥ ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥

[ਗਉੜੀ ਸੁਖਮਨੀ ਮ: ੫ ਸਫਾ ੨੭੮

ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥

[ਧਨਾਸਰੀ ਕਬੀਰ ਸਫਾ ੬੯੨

ਇਸ ਪਰਕਾਰ ਜਗਿਆਸੂ ਗੁਰੂ ਦੁਆਰਾ ਮਹਾਵਾਕਯ ਕੇ ਅਖੰਡ ਅਰਥ ਕਾ ਵਿਚਾਰ ਕਰਤਾ ਹੁਆ ਅਨਬੋਲਾ ਰਾਣੀ ਕੇ ਸਦ੍ਰਸ਼ ਪਾਰਬ੍ਰਹਮ ਕੋ ਪ੍ਰਾਪਤ ਹੋਤਾ ਭਯਾ। ਇਸ ਪ੍ਰਕਾਰ ਨਾਮ ਕਾ ਅਰਥ ਸਗੁਣ ਨਿਰਗੁਣ ਪਰਮਾਤਮਾ ਹੈ ਯਾਨੇ ਸਗੁਣ ਨਿਰਗੁਣ ਦੋਨੋਂ ਨਾਮੀ ਹੈਂ, ਨਾਮ ਦੁਵਾਰਾ ਦੋਨੋਂ ਕੀ ਪ੍ਰਾਪਤੀ ਹੋਤੀ ਹੈ ਇਸ ਵਾਸਤੇ ਨਾਮ ਦੋਨੋਂ ਨਾਮੀਓਂ ਸੇ ਬੜਾ ਸਿਧ ਹੈ। ਪ੍ਰਮਾਣ ਤੁਲਸੀ ਰਾਮਾਇਣ ॥

ਚੌਪਈ:—ਅਗੁਣ ਸਗੁਣ ਦੋਊ ਬ੍ਰਹਮ ਸੁਰੂਪਾ ॥ ਅਕਥ ਅਨਾਦਿ ਅਗਾਧ ਅਨੂਪਾ ॥ ੧ ॥ ਮੋਰੇ ਮਤ ਬਡ ਨਾਮ ਦੁਹੂੰਤੇ ॥ ਕੀਏ ਜੇ ਜੁਗ ਨਿਜ ਵਸ਼ ਨਿਜ ਬੂਤੇ* ॥ ੨ ॥ ਪ੍ਰੌਢ() ਸੁਜਨ ਜਨ ਜਾਨਹਿੰ ਜਨਕੀ ॥ ਕਹਹੁ ਪ੍ਰਤੀਤਿ ਪ੍ਰੀਤਿ ਰੁਚਿ ਮਨ ਕੀ ॥ ੩ ॥ ਪਾਵਕ ਯੁਗ ਸਮ ਬ੍ਰਹਮ ਵਿਵੇਕੂ ॥ ਏਕ ਦਾਰੁ ਗਤਿ ਦੇਖਿਯ ਏਕੂ ॥ ੪ ॥ ਉਭਯ ਅਗਮ ਯੁਗ: ਸੁਗਮ ਨਾਮ ਤੇ ॥ ਕਹਹੁ ਨਾਮ ਬਡ ਬ੍ਰਹਮ ਰਾਮ ਤੇ ॥ ੫ ॥ ਵ੍ਯਾਪਕ ਏਕ ਬ੍ਰਹਮ ਅਵਿਨਾਸ਼ੀ ॥ ਸਤ ਚੇਤਨ ਘਨ ਆਨੰਦ ਰਾਸ਼ੀ ॥ ੬ ॥ ਅਸ ਪ੍ਰਭੁ ਹ੍ਰਿਦਯ ਅਛਤ ਅਵਿਕਾਰੀ ॥ ਸਕਲ ਜੀਵ ਜਗ

()ਤਤਰ।



ਦੀਨ ਦੁਖਾਰੀ ॥ ੭ ॥ ਨਾਮ ਨਿਰੂਪਣ ਨਾਮ ਯਤਨ ਤੇ ॥ ਸੋ ਪ੍ਰਗਟਤ ਜਿਮਿ ਮੋਲ ਰਤਨ ਤੇ ॥ ੮ ॥

ਦੋਹਰਾ:—ਨਿਰਗੁਣ ਤੇ ਇਹਿ ਭਾਂਤਿ ਬਡ ਨਾਮ ਪ੍ਰਭਾਵ ਅਪਾਰ ॥ ਕਹਉਂ ਨਾਮ ਬਡ ਰਾਮ ਤੇ ਨਿਜ ਵਿਚਾਰ ਅਨੁਸਾਰ ॥ ੨੯ ॥

ਚੌਪਈ:—ਰਾਮ ਭਕਤ ਹਿਤ ਨਰਤਨੁ ਧਾਰੀ ॥ ਸਹਿ ਸੰਕਟ ਕਿਯੇ ਸਾਧੁ ਸੁਖਾਰੀ ॥੧॥ ਨਾਮ ਸਪ੍ਰੇਮ ਜਪਤ ਅਨਯਾਸਾ ॥ ਭਕ੍ਤ ਹੋਹਿੰ ਮੁਦ ਮੰਗਲ ਰਾਸਾ ॥ ਰਾਮ ਏਕ ਤਪਾਸ ਤਿਯ ਤਾਰੀ ॥ ਨਾਮ ਕੋਟਿ ਖਲ ਕੁਮਤਿ ਸੁਧਾਰੀ ॥੩॥ ਰਿਸ਼ਿ ਹਿਤ ਰਾਮ ਸੁਕੇਤੁ ਸੁਤਾ* ਕੀ ॥ ਸਹਿਤ ਸੇਨ ਸੁਤ ਕੀਨ ਬਿਬਾਕੀ() ॥ ੪ ॥ ਸਹਿਤ ਦੋਸ਼ ਦੁਖ ਦਾਸ ਦੁਰਾਸਾ ॥ ਦਲਇ ਨ ਜਿਮਿ ਰਵਿ ਨਿਸ਼ਿ ਨਾਸਾ ॥ ੫ ॥ ਭੰਜੇਉ ਰਾਮ ਆਪ ਭਵ ਜਾਪੂ ॥ ਭਵ ਭਯ ਭੰਜਨ ਨਾਮ ਪ੍ਰਤਾਪੂ ॥ ੬ ॥ ਦੰਡਕ ਬਨ ਪ੍ਰਭੁ ਕੀਨ ਸੁਹਾਵਨ ॥ ਜਨ ਮਨਿ ਅਮਿਤ ਨਾਮਕਿਯ ਪਾਵਨ ॥ ੭ ॥ ਨਿਸ਼ਿਚਰ ਨਿਕਰ ਦਲੇ ਰਘੁਨੰਦਨ ॥ ਨਾਮ ਸਕਲ ਕਲਿ ਕਲੁਸ਼ ਨਿਕੰਦਨ ॥ ੮ ॥

ਦੋਹਰਾ:—ਸ਼ਬਰੀ ਗੀਧ ਸੁ ਸੇਵਕਨ, ਸੁਗਤਿ ਦੀਨ ਰਘੁਨਾਥ ॥ ਨਾਮ ਉਧਾਰੇ ਅਮਿਤ ਖਲਵੇਦ ਵਿਦਿਤ ਗੁਣ ਗਾਥ ॥ ੩੦ ॥

ਚੌਪਈ:—ਰਾਮ ਸੁਕੰਠ ਵਿਭੀਸ਼ਣ ਦੋਊ ॥ ਰਾਖੇ ਸ਼ਰਣ ਜਾਨ ਸਬ ਕੋਊ ॥ ੧ ॥ ਨਾਮ ਅਨੇਕ ਗਰੀਬ ਨਿਵਾਜੇ ॥ ਲੋਕ ਵੇਦ ਵਰ ਵਿਰਦ ਬਿਰਾਜੇ ॥ ੨ ॥ ਰਾਮ ਭਾਲੁ ਕਪਿ ਕਟਕ ਬਟੋਰਾ ॥ ਸੇਤੁ ਹੇਤੁ ਸ਼੍ਰਮ ਕੀਨ ਨ ਥੋਰਾ ॥ ੩ ॥ ਨਾਮ ਲੇਤ ਭਵ ਸਿੰਧੁ ਸੁਖਾਹੀਂ ॥ ਕਰਹੁ ਵਿਚਾਰ ਸੁ ਜਨ ਮਨ ਮਾਹੀਂ ॥ ੪ ॥ ਰਾਮ ਸਕੁਲ ਰਣ ਰਾਵਣ ਮਾਰਾ ॥ ਸੀਯ ਸਹਿਤ ਨਿਜ ਪੁਰ ਪਗੁ ਧਾਰਾ ॥ ੫ ॥ ਰਾਜਾ ਰਾਮ ਅਵਧ ਰਜਧਾਨੀ ॥ ਗਾਵਤ ਗੁਣ ਸੁਰ ਮੁਨਿਵਰ ਬਾਨੀ ॥ ੬ ॥ ਸੇਵਕ ਸੁਮਿਰਤ ਨਾਮ ਸਪ੍ਰੀਤੀ ॥ ਬਿਨੁ ਸ਼੍ਰਮ ਪ੍ਰਬਲ ਮੋਹ ਦਲ ਜੀਤੀ ॥ ੭ ॥ ਫਿਰਤ ਸਨੇਹ ਮਗਨ ਸੁਖ ਅਪਨੇ ॥ ਨਾਮ ਪ੍ਰਸਾਦ ਸ਼ੋਚ ਨਹਿੰ ਸੁਪਨੇ ॥ ੮ ॥

*ਤਾੜਕਾ ()ਖਾਲੀ।

**ਦੋਹਾ–ਬ੍ਰਹਮ ਰਾਮ ਤੇ ਨਾਮ ਬਡ, ਵਰਦਾਯਕ ਵਰ ਦਾਨਿ॥**
**ਰਾਮ ਚਰਿਤ ਸ਼ਤ ਕੋਟਿ ਮਹਿੰ, ਲਿਯ ਮਹੇਸ਼ ਜਿਯ ਜਾਨਿ ॥ ੩੧॥**

[ਤੁਲਸੀ ਰਾਮਾਯਣ ਬਾਲ ਕਾਂਡ

**ਚੌਪਈ–ਨਿਜ ਤੇ ਅਧਿਕ ਹੇਤ ਸ੍ਰੀ ਰਾਮੂ ॥ ਜਗਹ ਲਖਾਯੋ ਲਿਖ ਕਰ ਨਾਮੂ ॥ ੧ ॥ ਸਰਵਰ ਪਰ ਗਿਰਵਰ ਧਰ ਭਾਰੇ ॥ ਤਰਵਰ ਕੇ ਪਾਤਨ ਸਮ ਤਾਰੇ ॥ ੨ ॥ ਪੁਨ ਸ੍ਰੀ ਗੁਰੂ ਅਰਜਨ ਗੁਣ ਦਾਈ ॥ ਨਿਜ ਤੇ ਮਹਿਮਾ ਅਧਿਕ ਲਿਖਾਈ ॥ ੩ ॥ ਗੁਰੂ ਗ੍ਰੰਥ ਮਹਿੰ ਲਿਖ ਜਸਨਾਮੂ॥ ਤਹਿੰ ਤੇ ਅਧਉ ਭਏ ਸੁਖ ਧਾਮੂ ॥ ੪ ॥**

[ਗੁ: ਪ੍ਰ: ਸੂ: ਭਾਈ ਸੰਤੋਖ ਸਿੰਘ

ਸ੍ਰੀ ਬਾਲਮੀਕ ਜੀ ਨੇ ਸੌ ਕਰੋੜ ਸਲੋਕ ਰਾਮਾਇਣ ਗ੍ਰੰਥ ਬਨਾ ਕਰ ਬ੍ਰਹਮਾ ਵਿਸ਼ਨੂੰ ਸ਼ਿਵ ਇਨ ਤੀਨੋਂ ਦੇਵਤਾਓਂ ਕੀ ਭੇਟ ਕੀਆ ਤਬ ਸ਼ਿਵਜੀ ਕਹਿਨੇ ਲਗੇ ਤੁਮ ਆਪ ਹੀ ਬਾਂਟ ਦੇਵੋ ਤਬ ਬਾਲਮੀਕ ਜੀ ਬਾਂਟਨੇ ਲਗੇ ਤਬ ਸੌ ਕਰੋੜ ਕੋ ਤੀਨ ਹਿੱਸੋਂ ਮੇਂ ਕਰਕੇ ਤੇਤੀਸ ਤੇਤੀਸ ਕਰੋੜ ਬਾਂਟ ਦੀਏ ਪੀਛੇ ਏਕ ਕਰੋੜ ਬਚਾ ਉਸ ਕੇ ਭੀ ਤੀਨ ਹਿੱਸੇ ਕਰਕੇ ਤੇਤੀਸ ਲਾਖ ਏਕ ਏਕ ਕੋ ਅਰਪਣ ਕੀਏ ਬਾਕੀ ਏਕ ਲਾਖ ਬਚਾ ਉਸ ਕੇ ਤੀਨ ਹਿੱਸੇ ਕਰਕੇ ਤੇਤੀਸ ਤੇਤੀਸ ਹਜ਼ਾਰ ਪ੍ਰਤਿ ਏਕ ਕੋ ਦੀਏ ਬਾਕੀ ਇਕ ਹਜ਼ਾਰ ਬਚ ਗਿਆ ਉਸ ਕੇ ਤੀਨ ਹਿੱਸੇ ਕਰਕੇ ਤੀਨ ਤੀਨ ਸੌ ਬਾਂਟ ਦੀਏ ਬਾਕੀ ਸੌ ਸ਼ਲੋਕ ਰਹੇ ਉਸ ਕੇ ਤੀਨ ਹਿੱਸੇ ਕਰਕੇ ਤੇਤੀਸ ਤੇਤੀਸ ਸ਼ਲੋਕ ਬਾਂਟ ਦੀਏ ਏਕ ਏਕ ਸ਼ਲੋਕ ਰਹਿ ਗਿਆ ਉਸ ਕੇ ਬਤੀਸ ਅੱਖਰ ਥੇ ਤੀਨ ਹਿੱਸੇ ਕਰਕੇ ਚਸ ਦਸ ਅੱਖਰ ਪ੍ਰਤਿਏਕ ਕੋ ਦੇ ਦੀਏ ਬਾਕੀ ਦੋ ਅੱਖਰ ਰਕਾਰ ਮਕਾਰ (ਰਾਮ) ਰਹਿ ਗਏ ਸ਼ਿਵਜੀ ਨੇ ਇਹ ਦੋ ਅੱਖਰ ਸਰਵ ਗ੍ਰੰਥ ਕਾ ਸਾਰ ਸਮਝ ਕਰ ਗ੍ਰਹਣ ਕਰ ਲੀਏ ਬਾਕੀ ਕੋ ਤਿਆਗ ਦੀਆ । ਫਿਰ ਪਾਰਬਤੀ ਕੀ ਭੀ ਰਾਮ ਨਾਮ ਮੇਂ ਸ਼ਰਧਾ ਕਰਾਈ ਪਾਰਬਤੀ ਹਰ ਰੋਜ਼ ਵਿਸ਼ਨੂ ਸਹੰਸਰ ਨਾਮ ਕਾ ਪਾਠ ਕਰ ਫਿਰ ਅੰਨ ਜਲ ਗ੍ਰਹਿਣ ਕਰਤੀ ਥੀ ਯਹ ਉਸ ਕਾ ਨਿਯਮ ਥਾ ਔਰ ਮਹਾਦੇਵ ਕਾ ਪਾਰਬਤੀ ਕੇ ਸਾਥ ਇਕੱਠੇ ਭੋਜਨ ਕਰਨੇ ਕਾ ਨਿਯਮ ਥਾ ਏਕ ਦਿਨ ਮਹਾਦੇਵ ਜੀ ਕੀ ਸੇਵਾ ਕਰਤੀ ਪਾਰਬਤੀ ਕੋ ਦੇਰੀ ਹੋ ਗਈ ਭੋਜਨ ਕਾ ਵਕਤ ਹੋ ਗਿਆ ਵਿਸ਼ਨੂ ਸਹੰਸਰ ਨਾਮ ਕਾ ਅਭੀ ਪਾਠ ਕਰਾ ਨਹੀਂ ਥਾ ਉਸ ਸਮੇਂ ਮਹਾਦੇਵ ਜੀ ਨੇ ਬੁਲਾਇਆ ਆਓ ਪਾਰਬਤੀ ਭੋਜਨ ਕਰੀਏ ਤਬ ਪਾਰਬਤੀ ਨੇ ਕਹਾ ਮੈਂ ਅਪਨਾ ਨਿੱਤ ਨਿਯਮ ਯਾਨੇ ਵਿਸ਼ਨੂੰ ਸਹਸਰ ਨਾਮ ਕਾ ਪਾਠ ਨਹੀਂ ਕੀਆ ਤਬ ਸ਼ਿਵਜੀ ਨੇ ਪਾਰਬਤੀ ਕੌ ਕਹਾ ਤੀਨ ਵਾਰ ਰਾਮ ! ਰਾਮ ! ਰਾਮ !!! ਕਹੋ ਤਬ ਪਾਰਬਤੀ ਨੇ ਤੀਨ ਵਾਰ ਸ਼ਰਧਾ ਭਗਤੀ ਸੇ ਰਾਮ ਨਾਮ ਕਹਾ ਤਬ ਅਕਾਸ਼ ਬਾਣੀ ਹੂਈ ਹੇ ਪਾਰਬਤੀ ! ਵਿਸ਼ਨੂ ਸਹਸਰ ਨਾਮ ਕਾ ਪਾਠ ਹੋ ਗਿਆ ਆਪ ਮਹਾਦੇਵ ਜੀ ਕੇ ਸਾਥ ਭੋਜਨ ਕਰੀਏ ਮਹਾਦੇਵ ਜੀ ਨੇ ਭੀ ਐਸੇ ਹੀ ਕਹਾ ।



**ਸ਼ਲੋਕ–ਰਾਮ ਰਾਮੇਤਿ ਰਾਮੇਤਿ ਰਮੇ ਰਾਮੇ ਮਨੋਰਮੇ: ॥ ਸਹਸਰ ਨਾਮ ਤਤ੍ ਤੁਲ੍ਯੰ ਰਾਮ ਨਾਮ ਵਰਾਨਨੇ ॥**

ਇਸਕਾ ਅਰਥ ਉਪਰ ਲਿਖ ਦੀਆ ਹੈ ਤਬ ਪਾਰਬਤੀ ਕੀ ਰਾਮ ਨਾਮ ਮੇਂ ਪਰਮ ਸ਼ਰਧਾ ਹੂਈ ਔਰ ਮਹਾਦੇਵ ਕੇ ਸਾਥ ਭੋਜਨ ਕਰਨੇ ਲਗੀ । ਪਾਰਬਤੀ ਨੇ ਅਪਨ ਪੁਤ੍ਰ ਗਣੇਸ਼ ਜੀ ਕੋ ਰਾਮ ਨਾਮ ਮੇਂ ਸ਼ਰਧਾ ਕਰਾਈ ਜਬ ਤੇਤੀਸ ਕਰੋੜ ਦੇਵਤਾਓਂ ਮੇਂ ਵਿਵਾਦ ਹੂਆ ਥਾ ਕਿ ਪ੍ਰਥਮ ਪੂਜਨੀਯ ਕੌਨ ਹੋਨਾ ਚਾਹੀਏ ਸਰਵ ਸੰਮਤੀ ਸੇ ਯਹ ਫੈਸਲਾ ਹੂਆ ਕਿ ਵਿਸ਼ਨੂ ਭਗਵਾਨ ਕੀ ਜੋ ਚਾਰ ਪ੍ਰਕਰਮਾ ਪਹਿਲੇ ਕਰੇਗਾ ਵੁਹੀ ਪੂਜਨੀਯ ਹੋਗਾ । ਸਭ ਦੇਵਤਾ ਅਪਨੇ ਅਪਨੇ ਵਾਹਨੋ ਪਰ ਬੈਠ ਕਰ ਸ਼ੀਘਰਤਾ ਸੇ ਪ੍ਰਕਰਮਾ ਕਰਨੇ ਲਗੇ ਔਰ ਗਣੇਸ਼ ਜੀ ਚੁਪ ਕਰ ਬੈਠ ਗਏ ਕਿਉਂਕਿ ਵਾਹਨ ਚੂਹਾ ਛੋਟਾ ਥਾ ਔਰ ਸ਼ਰੀਰ ਭਾਰਾ ਹੋਨੇ ਕਰਕੇ ਪੈਦਲ ਭੀ ਨ ਦੌੜ ਸਕੇ ਤਬ ਪਾਰਬਤੀ ਗਣੇਸ਼ ਜੀ ਕੋ ਕਹਿਨੇ ਲਗੀ ਕਿ ਚੁਪ ਕਰਕੇ ਕਿਉਂ ਬੈਠੇ ਹੋ ਸਭ ਸੇ ਪ੍ਰਥਮ ਪੂਜਯ ਬਨਨੇ ਕਾ ਪੁਰਸ਼ਾਰਥ ਕਿਉਂ ਨਹੀਂ ਕਰਤੇ ਮੈਂ ਤੁਮ ਕੋ ਯੁਕਤੀ ਬਤਲਾਤੀ ਹੂੰ ਸੋ ਕਰੋ ਤ ਸਭ ਸੇ ਪੂਜਯ ਹੋ ਜਾਓਗੇ ਸਮੁੰਦਰ ਕੇ ਤੀਰੇ ਰੇਤੇ ਪਰ ਰਾਮ ਨਾਮ ਲਿਖੋ ਔਰ ਨਾਮ ਨਾਮੀ ਕਾ ਅਭੇਦ ਚਿੰਤਨ ਕਰੋ ਯਾਨੇ ਜੈਸੇ ਨਾਮੀ ਵਿਆਪਕ ਹੈ ਤੈਸੇ ਨਾਮ ਭੀ ਵਿਆਪਕ ਹੈ ਐਸੇ ਅਭੇਦ ਚਿੰਤਨ ਕਰਤੇ ਹੂਏ ਅਪਨੇ ਵਾਹਨ ਪਰ ਬੈਠ ਕਰ ਨਾਮ ਕੇ ਚਾਰੋਂ ਤਰਫ ਚਾਵਲ ਫੈਂਕਤੇ ਹੂਏ ਚਾਰ ਪ੍ਰਦਖਣਾ ਕਰੋ ਇਸ ਪ੍ਰਕਾਰ ਨਾਮ ਕੀ ਪ੍ਰਦਖਣਾ ਕਰਨੇ ਸੇ ਨਾਮੀ ਕੀ ਪ੍ਰਦਖਣਾ ਹੋ ਜਾਇਗੀ ਗਣੇਸ਼ ਜੀ ਨੇ ਐਸਾ ਹੀ ਕੀਆ ਤਬ ਸਾਰੇ ਬ੍ਰਹਮਾਂਡ ਮੇਂ ਚੂਹੇ ਕੀ ਪੈੜ ਔਰ ਚਾਵਲ ਦਿਖਾਈ ਆਨੇ ਲਗੇ ਸਭ ਦੇਵਤਾ ਦੇਖ ਕਰ ਹੈਰਾਨ ਹੂਏ ਔਰ ਕਹਿਨੇ ਲਗੇ ਕਿ ਗਣੇਸ਼ ਜੀ ਸਭ ਸੇ ਪਹਿਲੇ ਪਹੁੰਚ ਗਏ ਹੈਂ ਔਰ ਗਣੇਸ ਜੀ ਕੋ ਵਿਸ਼ਨੂ ਭਗਵਾਨ ਪਾਸ ਬੈਠੇ ਹੂਏ ਕੋ ਦੇਖ ਭੀ ਲੀਆ ਔਰ ਭਗਵਾਨ ਵਿਸ਼ਨੂ ਨੇ ਭੀ ਕਹਾ ਕਿ ਤੁਮ ਮੇਂ ਸੇ ਪ੍ਰਥਮ ਪੂਜਯ ਸ੍ਰੀ ਗਣੇਸ਼ ਜੀ ਹੋਂਗੇ ਕਿਉਂਕਿ ਇਨਹੋਂ ਨੇ ਨਾਮ ਨਾਮੀ ਕਾ ਅਭੇਦ ਚਿੰਤਨ ਕਰਕੇ ਹਮਾਰੀ ਪਹਿਲੇ ਪ੍ਰਦਖਣਾ ਕਰੀ ਹੈ ਤਬ ਸਬ ਦੇਵਤਾਓਂ ਕੋ ਰਾਮ ਨਾਮ ਮੇਂ ਸ਼ਰਧਾ ਹੂਈ ਔਰ ਸ੍ਰੀ ਗਣੇਸ਼ ਜੀ ਕੋ ਉਸ ਦਿਨ ਸੇ ਪੂਜਯ ਮਾਨਨੇ ਲਗੇ ਪ੍ਰਮਾਣ–

**ਮਹਿਮਾ ਜਾਸ ਜਾਣ ਗਣ ਰਾਉ ॥ ਪ੍ਰਥਮ ਪੂਜਯਤ ਨਾਮ ਪ੍ਰਭਾਉ ॥**

[ਤੁਲਸੀ ਰਾਮਾਇਣ

ਇਸ ਪਰਕਾਰ ਨਾਮ ਕੀ ਤੀਨ ਯੁਕਤੀਆਂ ਨਿਰੂਪਨ ਕਰੀਆਂ । ਕੂੰਜ ਕੀ ਨਿਆਈਂ ਸਿਮਰਣ ਯੁਕਤੀ ਕਛੂ ਕੀ ਨਿਆਈਂ ਧਿਆਨ ਯੁਕਤੀ ਹੰਸ ਕੀ ਨਿਆਈਂ ਗਿਆਨ ਯੁਕਤੀ । ਯੇ ਨਾਮ ਕੀਆ, ਤੀਨ ਯੁਕਤੀਆਂ ਸੁਣ ਕਰ ਸੰਤ ਮੰਡਿਲ ਤਥਾ ਭਗਤ ਮੰਡਲ ਬੜੇ ਗਦ ਗਦ ਚਿੱਤ ਹੂਏ । ਔਰ ਆਪਸ ਮੇਂ ਕਹਿਨੇ ਲਗੇ ਕੁੰਭ ਕਾ ਸਰਬ ਫਲ ਪ੍ਰਾਪਤ ਕਰ ਲੀਆ । ਔਰ ਸ੍ਰੀ ਨਾਰਾਇਣ ਹਰਿ ਕੋ ਮਨ ਬਾਣੀ ਸਰੀਰ ਸੇ ਧੰਨਵਾਦ ਦੇਤੇ ਭਏ ।

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥

[ਗਉੜੀ ਵਾਰ ਮ: ੪ ਸਫਾ ੩੧੦

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥

[ਸਿਰੀ ਰਾਗ ਮ: ੩ ਸਫਾ ੩੨

ਧਨਿ ਧਨਿ ਓਆ ਦਿਨ ਸੰਜੋਗ ਸਭਾਗਾ ॥ [ਗਉੜੀ ਬਾ: ਅ: ਮ: ੫ ਸਫਾ ੨੫੪

ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ ਹਰਿ ਕਥਾ ਸੁਣਾਵਹੁ ਮੇਰੇ ਗੁਰ ਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥

[ਕਾਨੜਾ ਵਾਰ ਮ: ੪ ਸਫਾ ੧੩੧੭

ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥ [ਰਾਮਕਲੀ ਮ: ੫ ਸਫਾ ੮੮੩

ਸਾਧ ਸੰਗਿ ਜਾਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਂਗਾ ॥ [ਸੂਹੀ ਕਬੀਰ ਸਫਾ ੭੯੨

ਧਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪ੍ਰਗਾਸਿ ॥ [ਰਹਿਰਾਸ ਗੂਜਰੀ ਮ: ੪ ਸਫਾ ੧੦

ਧਨੁ ਧਨੁ ਸਾਧ ਜਿਨਿ ਹਰਿ ਪ੍ਰਭੁ ਜਾਨਿਆ ਮਿਲਿ ਸਾਧੂ ਪਤਿਤ ਉਧਰਿਆ ॥ [ਕਾਨੜਾ ਮ: ੪ ਸਫਾ ੯੮੪

ਧਨੁ ਧਨੁ ਸਾਧੁ ਜਿਨ੍ਹੀ ਹਰਿ ਪ੍ਰਭੁ ਪਾਇਆ ਤਿਨ ਪੂਛਉ ਹਰਿ ਕੀ ਬਾਤਾ॥

[ਮਾਲੀ ਗਉੜਾ ਮ: ੪ ਸਫਾ ੯੮੪

ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨ ਗੁਣ ਗਾਉ॥ ਧਨੁ ਹਰਿ ਭਗਤਿ ਧਨੁ ਕਰਣੈ ਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ॥

[ਭੈਰਉ ਮ: ੫ ਸਫਾ ੧੧੪੯

ਇਸ ਪਰਕਾਰ ਕੁੰਭ ਕਾ ਮੇਲਾ ਖਤਮ ਹੂਆ । ਬਹੁਤ ਪ੍ਰੇਮੀ ਲੋਕੋਂ ਨੇ ਸ੍ਰੀ ੧੦੮ ਨਾਰਾਇਣ ਹਰਿ ਜੀ ਕੋ ਪੰਜਾਬ ਮੇਂ ਲੇ ਜਾਨੇ ਕੀ ਪ੍ਰਾਰਥਨਾ ਕਰੀ ਤਬ ਉਨੋਂ ਕੇ ਪ੍ਰੇਮ ਕੋ ਦੇਖ ਕਰ ਪੰਜਾਬ ਕਾ ਰਟਨ ਕਰਤੇ ਕਰਤੇ ਵੈਸਾਖੀ ਜਾ ਕਰ ਕਟਾਖਜਰਾਜ ਮੇਂ ਕਰਤੇ ਭਏ ਵਹਾਂ ਅਨੇਕ ਭਗਤੋਂ ਅਰ ਸੰਤੋਂ ਕੇ ਸਾਥ ਸ਼ਾਸਤ੍ਰ



ਵਿਚਾਰ ਹੂਆ ਵਹਾਂ ਹੀ ਇਕ ਦਿਨ ਏਕ ਪ੍ਰੇਮੀ ਨੇ ਯਹ ਪ੍ਰਸ਼ਨ ਕੀਆ ਕਿ ਗ੍ਰਿਹਸਤ ਆਤਮ ਗਿਆਨ ਕਾ ਅਧਿਕਾਰੀ ਹੈ ਯਾ ਨਹੀਂ। ਯਾਨੇ ਗ੍ਰਿਹਸਥ ਕੋ ਆਤਮ ਗਿਆਨ ਹੋਤਾ ਹੈ ਯਾ ਨਹੀਂ ਇਸ ਮੇਂ ਕਈ ਵਿਚਾਰ ਹੋਤੇ ਹੋਤੇ ਆਖਰ ਕਿਸੀ ਏਕ ਮਹਾਤਮ ਨੇ ਜ਼ਿਆਦਾ ਹਠ ਕਰਾ ਕਿ ਆਤਮ ਗਿਆਨ ਸੰਨਿਆਸੀ ਕੋ ਹੋ ਸਕਤਾ ਹੈ ਗ੍ਰਿਹਸਥੀ ਕੋ ਨਹੀਂ । ਤਬ ਸਭ ਆ ਕਰ ਸ੍ਰੀ ੧੦੮ ਨਾਰਾਇਣ ਹਰਿ ਜੀ ਸੇ ਪੂਛਨੇ ਲਗੇ ਕਿ ਗ੍ਰਿਹਸਥੀ ਕੋ ਆਤਮ ਗਿਆਨ ਹੋਤਾ ਹੈ ਕਿ ਨਹੀਂ, ਤਬ ਸ੍ਰੀ ੧੦੮ ਨਾਰਾਇਣ ਹਰਿ ਜੀ ਕਹਿਨੇ ਲਗੇ ਕਿ ਗਿਆਨ ਤੋ ਗ੍ਰਿਹਸਤੀਓਂ ਕੋ ਭੀ ਹੋ ਸਕਤਾ ਹੈ, ਪਰੰਤੂ ਜੀਵਨ ਮੁਕਤਿ ਕਾ ਜੋ ਵਿਸ਼ੇਸ਼ ਅਨੰਦ ਹੈ ਉਸ ਕੇ ਵਾਸਤੇ ਹੀ ਸੰਨਿਆਸ ਲੀਆ ਜਾਤਾ ਹੈ । ਗ੍ਰਿਹਸਤੀ ਕੋ ਗਿਆਨ ਹੋਤਾ ਹੈ, ਇਸ ਪਰ ਪ੍ਰਮਾਣ ਗੁਰੂ ਸਾਹਿਬ ਜੀ ਕੇ:-

ਮਨ ਰੇ ਗ੍ਰਿਹਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥ ੧ ॥ ਰਹਾਉ ॥ ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥ [ਸ੍ਰੀ ਰਾਗ ਮ: ੧ ਸਫਾ ੨੬

ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥

[ਮਾਝ ਮ: ੫ ਸਫਾ ੧੦੮

ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥ ਗ੍ਰਿਹਸਤ ਮਹਿ ਸੋਈ ਨਿਰਬਾਨੁ ॥

[ਗਉੜੀ ਸੁਖ: ਮ: ੫ ਸਫਾ ੨੮੧

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥ ਵਿਚੇ ਗ੍ਰਿਸਤ ਉਦਾਸ ਰਹਾਈ ॥ [ਗੂਜਰੀ ਮ: ੪ ਸਫਾ ੪੯੪

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ [ਗੂਜਰੀ ਵਾਰ ਮ: ੫ ਸਫਾ ੫੨੨

ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥

[ਧਨਾਸਰੀ ਮ: ੧ ਸਫਾ ੬੬੧

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥

[ਰਾਮਕਲੀ ਵਾਰ ਮ: ੧ ਸਫਾ ੯੫੨

ਜਿਉ ਜਲ ਮਹਿ ਕਮਲ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥
[ਰਾਮਕਲੀ ਵਾਰ ਮ: ੧ ਸਫਾ ੯੪੦

ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥ ਸਬਦਿ ਮੁਏ ਹਰਿ ਨਾਮਿ ਨਿਵਾਸੀ ॥ ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ ॥
[ਮਾਰੂ ਸੋਲਹੇ ਮ: ੩ ਸਫਾ ੧੦੪੬

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥
[ਸਲੋਕ ਫਰੀਦ ਮ: ੩ ਸਫਾ ੧੩੮੩

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥ ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥ ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥
[ਆਸਾ ਮ: ੧ ਸਫਾ ੪੧੯

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥
[ਥਿਤੀ ਗਉੜੀ ਮ: ੫ ਸਫਾ ੩੦੦

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
[ਸੂਹੀ ਮ: ੫ ਸਫਾ ੭੪੭

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ [ਬਿਲਾ: ਮ: ੪ ਸਫਾ ੮੦੦

ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥ ਨਿਰਤਿ ਨ ਪਾਈਆ ਗਣੀ ਸਹੰਸ ॥ ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥ [ਰਾਮਕਲੀ ਮ: ੧ ਸਫਾ ੮੭੮

ਖਤ੍ਰੀ ਬ੍ਰਾਹਮਣ ਸੂਦੁ ਵੈਸੁ ਸਭ ਏਕੈ ਨਾਮਿ ਤਰਾਨਥ ॥ ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥
[ਮਾਰੂ ਮ: ੫ ਸਫਾ ੧੦੦੧



ਤਥਾ ਅਨਯ ਸ਼ਾਸਤਰੋਂ ਮੇਂ ਭੀ ਲਿਖਾ ਹੈ ਕਿ ਗਯਾਨੀਓਂ ਕੇ ਪਰਾਰਬਧ ਕਰਮ ਵਿਚਿਤ੍ਰ ਹੋਤੇ ਹੈਂ। ਔਰ ਕਰਮ ਅਨੁਸਾਰ ਗਿਆਨੀਓਂ ਕੀ ਚੇਸ਼ਟਾ ਭੀ ਵਿਲਖਣ ਹੋਤੀ ਹੈ। ਪਰੰਤੂ ਗਿਆਨ ਤਥਾ ਵਿਦੇਹ ਮੁਕਤੀ ਏਕ ਜੈਸੀ ਹੋਤੀ ਹੈ।

**ਆਰਬਧ ਕਰਮ ਨਾਨਾਤ੍ਵਾਤ ਬੁਧਾਨਾਂ ਅਨਯਥਾ ਅਨਯਥਾ। ਵਰਤਨੰ ਤੇਨ ਸ਼ਾਂਸਤ੍ਰਾਰਥੇਨ ਭ੍ਰਮਿਤਬਯੰ ਨ ਪੰਡਿਤੈ: ॥੧॥ ਸ੍ਵਸ੍ਵ ਕਰਮਾਨੁ ਸਾਰੇਣ ਵਰਤੰਤਾਂ ਤੇ ਯਥਾ ਤਥਾ। ਅਵਿਸ਼ਿਸ੍ਟਾ: ਸਰਵ ਬੋਧਾ: ਸਮਾ ਮੁਕਤੀਤਿਸਿਥਤਿ: ॥ ੨ ॥ ਕ੍ਰਿਸ਼ਣੋ ਭੋਗੀ ਸ਼ੁਕਸ੍ਤ੍ਯਾਗੀ ਭੂਪਊ ਜਨਕ ਰਾਘਵਊ। ਵਸ਼ਿਸ਼੍ਟ: ਕਰਮ ਕਰਤਾਚ ਤੇਏਤੇ ਗਿਅਨਨਿ: ਮ: ॥ ੩ ॥**

ਕ੍ਰਿਸ਼ਨ ਜੀ ਭੋਗੀ ਹੂਏ ਹੈਂ, ਸੁਕਦੇਵ ਜੀ ਤਿਆਗੀ ਹੂਏ ਹੈਂ। ਸ੍ਰੀ ਰਾਮ ਚੰਦਰ ਔਰ ਜਨਕ ਰਾਜਾ ਹੂਏ ਹੈਂ, ਵਸਿਸ਼ਟ ਜੀ ਕਰਮ ਕਾਂਡੀ ਹੂਏ ਹੈਂ, ਯਹ ਸਭ ਗਿਆਨ ਮੇਂ ਏਕ ਜੈਸੇ ਹੈਂ। ਤਥਾ :-

**ਸਵੈਯਾ—ਇਕ ਰਾਜ ਕਰੇ ਗਜ ਬਾਜ ਚੜ੍ਹੇ ਇਕ ਭੂਧਰ ਪੈਰ ਨ ਆਪ ਚਲੇ ਹੈ। ਇਕ ਮੋਨ ਭਜੇ ਭਵਮੰਡਲ ਮੇਂ ਇਕ ਈਸ਼੍ਵਰ ਕੋ ਉਰ ਜਾਪੁ ਜਪੇ ਹੈ। ਇਕ ਜਾਇ ਪਹਾਰਨ ਯੋਗ ਕਰੇਂ ਇਕ ਭੋਗ ਕਰੇਂ ਘਰ ਮਾਹਿ ਰਮੇ ਹੈਂ। ਕਰੁਣਾਰਸ ਪੂਰਣ ਏਕ ਰਹੇ ਇਕ ਬੀਰ ਰਸੇ ਅਰਿ ਸੰਗਿ ਲਰੇ ਹੈਂ।**

[ਮੋਖ ਪੰਥ

ਗਿਆਨੀਓਂ ਕੀ ਪ੍ਰਾਰਬਧ ਨਿਆਰੀ ਨਿਆਰੀ ਹੈ। ਜੈਸੇ ਜਨਕਾਦਿ ਰਾਜ ਹੀ ਕਰਤੇ ਰਹੇ ਹੈਂ। ਔਰ ਏਕ ਜੜ ਭਰਤ ਵਰਗੇ ਪੈਦਲ ਪਰਬਤੋਂ ਪਰ ਘੂਮਤੇ ਰਹੇ ਹੈਂ ਔਰ ਏਕ ਰਿਸ਼ਭਦੇਵ ਵਰਗੇ ਗਿਆਨ ਪਾ ਕੇ ਮੌਨ ਹੀ ਧਾਰਨ ਕਰੇ ਹੈਂ। ਔਰ ਏਕ ਸੁਕ੍ਰਦੇਵ ਨਾਰਦ ਵਰਗੇ ਗਿਆਨੀ ਈਸਵਰ ਭਗਤੀ ਹੀ ਕਰਤੇ ਰਹੇ ਹੈਂ। ਔਰ ਏਕ ਜੋਗੀਸਬਯ ਆਦਿ ਯੋਗ ਹੀ ਕਹਤੇ ਰਹੇ ਹੈਂ। ਔਰ ਏਕ ਸੌਭ੍ਰੀ ਰਿਸ਼ੀ ਗਿਆਨ ਪਾ ਕੇ ਪਚਾਸ ਇਸਤ੍ਰੀਓਂ ਕੇ ਸਾਥ ਭੋਗ ਹੀ ਕਰਤੇ ਭਏ ਹੈਂ. ਔਰ ਏਕ ਸਨਕਾਦਿ ਗਿਆਨ ਪਾ ਕੇ ਬੜੇ ਕ੍ਰਿਪਾਲੂ ਹੀ ਰਹੇ ਹੈਂ ਯਾਂਤੇ ਗਿਆਨੀਓਂ ਕੀ ਪ੍ਰਾਰਬਧ ਅਨੁਸਾਰ ਚੇਸ਼ਟਾ ਵਿਚਿਤ੍ਰ ਹੈ ਤਾਂਤੇ ਗ੍ਰਿਹਸਥੀਓਂ ਕੋ ਭੀ ਗਿਆਨ ਹੋ ਸਕਤਾ ਹੈ ਔਰ ਗ੍ਰਿਹਸਥੋਂ ਮੇਂ ਭੀ ਸਭ ਕੋ ਯਾਨੇ ਬ੍ਰਹਮਣ ਖਤ੍ਰੀ ਵੈਸ਼ ਸੂਦ੍ਰ ਤਥਾ ਇਸਤ੍ਰੀਓਂ ਕੋ ਭੀ ਗਿਆਨ ਹੋ ਸਕਤਾ ਹੈ।

**ਯੋਗੀਸ਼ਬਯੋ ਯਥਾ ਵਿਪ੍ਰੋ ਯਥਾ ਚੈਵਾਸਤਾਦਯ: । ਖਯਤ੍ਰਿਯਾ ਜਨਕਾਦ ਯਸਤੁ ਤੁਲਾਧਾਰਾਦਯੋਵਿਸ਼: ॥ ੧ ॥ ਧਰਮ ਵਿਆਧਾਦਯ-**

**ਸ੍ਵੈਵ ਸੂਦ੍ਰਾ: ਪੈਲ੍ਰਕਾਦਯ: । ਮੈਤ੍ਰੇਯੀ ਸੁਲਭਾ ਗਾਰਗੀ ਸ਼ਾਂਡਿਲੀ ਚ ਤਪਸ੍ਵਿਨੀ ॥ ੨ ॥ ਏਤੇ ਚ ਅਨਯੇਚ ਬਹਵੋ ਤਾਸੁ ਯੋਨਿਗਤਾਅਪਿ। ਗਯਾਨ ਨਿਸ੍ਵਾਂ ਪਰਾਂ ਪ੍ਰਾਪ੍ਤਾ: ਪੂਰਵਾ ਭਯਸਤਸ੍ਵਯੋਗਤ: ॥ ੩ ॥ ਕ੍ਰਿਤਾਰਥਊ ਪਿਤਰਊ ਤੇਨ ਧਨਯੋ ਦੇਸ਼: ਕੁਲੰਚਤਤ੍ਰ । ਜਾਯਤੇ ਗਿਆਨ ਵਾਨ ਯਤ੍ਰ ਦੱਤ੍ਵੰ ਅਖਯਤਾਂ ਬ੍ਰਜੇਤ ॥ ੪ ॥**

ਟੀਕਾ–ਜੈਸੇ ਜੋਗੀ ਸ਼ਬਯ ਤਥਾ ਅਸਤਿ ਮੁਨੀ ਆਦਿ ਬ੍ਰਹਮਣ ਹੂਏ ਹੈ ਜਨਕਾਦਿ ਖਤ੍ਰੀ ਹੂਏ ਹੈਂ ਤੁਲਾਧਾਰਾਦਿ ਵੈਸ਼ ਗਿਆਨੀ ਹੂਏ ਹੈਂ ॥ ੧ ॥ ਧਰਮ ਵਿਆਧਾਦਿ ਔਰ ਪੈ ਲ੍ਰਕਾਦਿ ਸੂਦ੍ਰ ਹੂਏ ਹੈਂ। ਔਰ ਮੈਤਰੇਯੀ ਸੁਲਭਾ ਗਾਰਗੀ ਸਾਂਡਿਲੀ ਆਦਿਕ ਇਸਤ੍ਰੀਆਂ ਗਿਆਨਵਾਨ ਹੂਈਆਂ ਹੈ ॥ ੨ ॥ ਇਨ ਸ਼ਲੋਕੋਂ ਮੇਂ ਜੋ ਗਿਨੇ ਹੈਂ ਔਰ ਅਗਿਨਤ ਬਹੁਤ ਹੈਂ ਜੋ ਤਿਸ ਤਿਸ ਜਾਤੀ ਮੇਂ ਪ੍ਰਾਪਤ ਹੋਕਰ ਅਰ ਪੂਰਵ ਅਭਿਆਸ ਕੀਏ ਹੂਏ ਯੋਗ ਸੇ ਗਿਆਨ ਨਿਸ਼ਠਾ ਕੋ ਪਾ ਕਰ ਪਰਮਗਤਿ ਕੋ ਪ੍ਰਾਪਤ ਹੂਏ ਹੈਂ । ਅਰ ਵੇਦੋਂ ਮੇਂ ਗ੍ਰਹਸਥ ਗਿਆਨੀਓਂ ਕੇ ਨਾਮ ਸੁਨੇ ਜਾਤੇ ਹੈਂ, ਜੈਸੇ ਬ੍ਰਾਹਮਣੋਂ ਮੇਂ ਯਾਗਯਵਲਕਯ ਅਸਟਾ ਵਕਰ ਤਥਾ ਰਾਜਾਓਂ ਕੇ ਨਾਮ ਅਜਾਨੁ ਸ੍ਰਤਿ ਜੇਵਲੀ ਪਰਵਾਨ ਗੋਪੀ ਚੰਦ ਭਰਥਰੀ ਪੂਰਨ ਪ੍ਰਹਿਲਾਦ ਧ੍ਰਵ ਆਦਿ ਹੋ ਚੁਕੇ ਹੈਂ। ਤਥਾ ਕਲਿਯੁਗ ਕੇ ਗਿਆਨੀ ਧੰਨਾ ਜੱਟ, ਤ੍ਰਿਲੋਚਨ ਵੈਸ਼ਯ, ਕਬੀਰ, ਨਾਮਦੇਵ, ਰਵਦਾਸ, ਸੈਨ ਯੇ ਸਭ ਸੂਦਰ ਹੈਂ ਤਥਾ ਅਨਾਯਤ ਸ਼ਾਹ, ਸ਼ੇਖ ਫਰੀਦ, ਬੁਲੇਸ਼ਾਹ, ਮਨਸੂਰ, ਸਮਸਤਬਰੇਜ਼ ਆਦਿ ਯਵਨ । ਮਦਾਲਸਾ ਤਥਾ ਚੂੜਾਲਾ ਵਾਚਕਨਵੀ, ਮੀਰਾਂ, ਭੀਲਨੀ ਕਰਮਾ ਬਾਈ, ਮੁਸਲਮਾਨੀ ਰਾਇਬਾਂ ਇਤਿਆਦਿਕ ਬਹੁਤ ਇਸਤ੍ਰੀਆਂ ਭੀ ਸੁਨੀਆਂ ਜਾਤੀਆਂ ਹੈਂ ਪਰੰਤੂ ਇਤਨਾ ਜ਼ਰੂਰ ਹੈ ਕਿ ਗ੍ਰਿਹਸਥ ਮੇਂ ਜੀਵਨ ਮੁਕਤੀ ਕਾ ਅਨੰਦ ਨਹੀਂ ਹੋਤਾ। ਜੀਵਨ ਮੁਕਤੀ ਕੇ ਵਿਸ਼ੇਸ਼ ਆਨੰਦ ਕੇ ਲੀਏ ਵਿਦ੍ਵਤ ਸੰਨਯਾਸ ਕਾ ਵਿਧਾਨ ਹੈ ਯਾਗਵਲਕਯ ਆਦਿ ਮੁਨੀਓਂ ਨੇ ਵਿਦ੍ਵਤ ਸੰਨਯਾਸ ਲੀਆ ਥੀ ਹੈ। ਤਥਾ ਕਿਸੀ ਮਹਾਤਮਾ ਸੇ ਏਕ ਗ੍ਰਿਹਸਥ ਪ੍ਰੇਮੀ ਨੇ ਪ੍ਰਸ਼ਨ ਕਰਾ ਥਾ ਜਬ ਗਿਆਨ ਗ੍ਰਿਹਸਥੀ ਕੋ ਔਰ ਸੰਨਿਆਸੀ ਕੋ ਦੋਨੋਂ ਕੋ ਹੋ ਸਕਤਾ ਹੈ ਫੇਰ ਸੰਨਿਆਸ ਲੇਨੇ ਯਾਨੇ ਸਾਧੂ ਬਨਨੇ ਕੀ ਕੀ ਜ਼ਰੂਰਤ ਹੈ। ਤਬ ਮਹਾਤਮਾ ਕਹਿਨੇ ਲਗੇ ਵੋਹ ਸਾਧੂਪਨਾ ਗਿਆਨ ਕੇ ਅਰਥ ਨਹੀਂ ਕਿੰਤੂ ਜੀਵਨ ਮੁਕਤੀ ਕੇ ਸੁਖ ਅਰਥ ਹੈ। ਕੈਸੇ ? ਜੈਸੇ ਦੋ ਆਦਮੀ ਹੈਂ ਦੋਨੋਂ ਕੋ ਏਕ ਜੈਸਾ ਰੋਗ ਹੈ। ਪੇਟ ਮੇਂ ਪੀੜਾ ਹੈ, ਬਦਹਜ਼ਮੀ ਹੈ, ਦੋਨੋਂ ਹੀ ਏਕ ਹਕੀਮ ਪਾਸ ਆਏ। ਹਕੀਮ ਨੇ ਦੋਨੋਂ ਕੋ ਏਕ ਜੈਸੀ ਦਵਾਈ ਦਿਤੀ, ਪੁੜੀਆਂ ਦਿਤੀਆਂ ਦਸਤੋਂ ਕੀਆਂ ਔਰ ਕਹਾ ਚਾਰ ਪੰਜ ਦਸਤ ਆਏਂਗੇ । ਦੋਨੋਂ ਨੇ ਪੁੜੀਆਂ ਖਾਈਆਂ, ਦੋਨੋਂ ਕੋ ਦਸਤ ਆਏ ਪਰੰਤੂ ਉਨ ਮੇਂ ਏਕ ਪੁਰਸ਼ਾਰਥੀ ਥਾ ਏਕ ਆਲਸੀ ਥਾ । ਪੁਰਸ਼ਾਰਥੀ ਕੋ ਜਬ ਚਾਰ ਪੰਜ ਦਸਤੇ ਆ ਗਏ ਤਬ ਝਟਤਿ ਹੀ ਸਨਾਨ ਕਰਕੇ ਕਪੜੇ ਬਦਲ ਕਰ ਅਪਨੇ ਆਸਨ



ਪਰ ਬੈਠ ਗਯਾ ਔਰ ਆਲਸੀ ਕੋ ਚਾਰ ਪੰਜ ਦਸਤ ਆ ਗਏ ਬੀਮਾਰੀ ਦੂਰ ਹੋ ਗਈ ਪਰ ਆਲਸ ਕੇ ਪ੍ਰਭਾਵ ਸੇ ਵਹਾਂ ਹੀ ਬੈਠਾ ਰਹਾ ਉਠਾ ਨਹੀਂ ਉਸ ਕੋ ਦੁਰਗੰਧੀ ਆਤੀ ਹੈ ਔਰ ਮੱਖੀਓਂ ਕੀ ਭਿਣ ਭਿਣ ਸਹਿਨ ਕਰਤਾ ਹੈ ਤੈਸੇ ਹੀ ਗ੍ਰਿਹਸਥੀ ਔਰ ਸੰਨਿਆਸੀ ਕਾ ਇਤਨਾ ਭੇਦ ਹੈ । ਗ੍ਰਿਹਸਥੀ ਗਿਆਨ ਪਾ ਕੇ ਗ੍ਰਿਹਸਥ ਮੇਂ ਬੈਠਾ ਇਸਤ੍ਰੀ ਪੁਤ੍ਰਾਦਿਕੋਂ ਕਾ ਦੁਖ ਸ੍ਰਵਣ ਕਰਤਾ ਹੈ । ਔਰ ਸਨਿਆਸੀ ਸ੍ਰਵਣ ਨਹੀਂ ਕਰਤਾ । ਜੀਵਨ ਮੁਕਤੀ ਕਾ ਆਨੰਦ ਲੇਤਾ ਹੈ ਯੇਹੀ ਉਸ ਮੇਂ ਅਧਿਕਤਾ ਹੈ । ਬਾਕੀ ਗਿਆਨ ਔਰ ਵਿਦੇਹ ਮੁਕਤੀ ਦੋਨੋਂ ਕੀ ਏਕ ਜੈਸੀ ਹੈ । ਤਾਂਤੇ ਗ੍ਰਿਹਸਥੀ ਭੀ ਗਿਆਨੀ ਹੋ ਸਕਤੇ ਹੈਂ । ਇਤਨੇ ਪ੍ਰਮਾਣੋਂ ਦੁਆਰਾ ਪ੍ਰਸੰਗ ਸੁਨ ਕਰ ਸਭ ਸੰਤ ਔਰ ਭਗਤ ਬੜੇ ਖੁਸ਼ ਔਰ ਆਪ ਕੋ ਧੰਨਵਾਦ ਦੇਤੇ ਭਏ । ਦੂਸਰੇ ਦਿਨ ਫੇਰ ਮਹਾਤਮਾਓਂ ਕਾ ਇਕੱਠ ਹੂਆ । ਅਰ ਭਗਤ ਨੇ ਫਿਰ ਦੂਸਰਾ ਪ੍ਰਸ਼ਨ ਕਰਾ ਕਿ ਸੰਨਿਆਸ ਲੇਨੇ ਕਾ ਅਧਿਕਾਰ ਕਿਸ ਕੋ ਹੈ । ਤਬ ਏਕ ਮਹਾਤਮਾ ਫੇਰ ਹਠ ਕਰਤੇ ਭਏ ਕਿ ਸੰਨਿਆਸ ਕਾ ਅਧਿਕਾਰ ਕੇਵਲ ਬ੍ਰਾਹਮਣ ਕੋ ਹੈ ਕਿਉਂਕਿ ਵੇਦੋਂ ਮੇਂ ਜਹਾਂ ਜਹਾਂ ਸੰਨਿਆਸ ਕਾ ਪ੍ਰਸੰਗ ਆਤਾ ਹੈ ਤਹਾਂ ਤਹਾਂ ਬ੍ਰਾਹਮਣ ਕਾ ਨਾਮ ਹੀ ਲਿਖਤੇ ਹੈਂ ਜੈਸੇ ਬ੍ਰਹਦਾਰਣਕੋਪਨਿਸ਼ਦ ਮੇਂ ਲਿਖਾ ਹੈ:–

**ਏਤੰਵੈ ਤਮਾਤਮਾਨੰ ਵਿਦਿਤ੍ਵਾ ਬ੍ਰਾਹਮਣਾ ਪੁਤ੍ਰਈਸ਼ਣਾਯਾਸ੍ਚ ॥ ਵਿੱਤਈਸ਼ਣਾਯਾਸ੍ਚ ਲੋਕਈਸ਼ਣਾਯਾਸ੍ਚ ਵਯੁਥਾਯਅਥ ਭਿਖਯਾ-ਚਰਯੰ ਚਰੰਤਿ ॥**

[ਬ੍ਰਹਦਾਰਣਯਕ ਉਪਨਿਸ਼ਦ ॥

ਇਤਿਆਦਿ ਅਨੇਕ ਅਰਥ ਵੇਦਾਂਤ ਵਾਕਯ ਪ੍ਰਤਿਪਾਦਿਤ ਅਤਿ ਪ੍ਰਸਿੱਧ ਆਤਮਾ ਕੋ ਜਾਣ ਕਰ ਬ੍ਰਾਹਮਣ ਲੋਕ, ਪੁਤਰ ਧਨ ਔਰ ਲੋਕ ਇਛਾ ਸ਼ੇ ਰਹਿਤ ਹੂਏ ਹੂਏ ਭਿਖਿਆ ਬ੍ਰਿਤੀ ਕੋ ਕਰਤੇ ਹੈਂ । ਯਾਨੇ ਵਿਦ੍ਵਤ ਸੰਨਿਆਸ ਕੋ ਧਾਰਣ ਕਰਤੇ ਹੈਂ । ਐਸੇ ਵਿਦ੍ਵਤ ਸੰਨਿਆਸ ਕਹਿ ਕਰ ਅਬ ਵਿਵਿਦਸ਼ਾ ਸੰਨਿਆਸ ਮੇਂ ਭੀ ਬ੍ਰਾਹਮਣ ਕਾ ਅਧਿਕਾਰ ਕਹਤੇ ਹੈਂ ।

**ਤਮਏਤੰ ਵੇਦ ਅਨੁਵਚਨੇਨ ਬ੍ਰਾਹਮਣਾ: ਵਿਵਿਦਿਸ਼ੰਤੀ ਯਗਯੇਨ ਦਾਨੇਨ ਤਪਸਾਅਨਾਸ਼ਕੇਨ ॥ ਏਤੰਏਵ ਵਿਦਤ੍ਵਾ ਮੁਨਿਰਭਵਤਿ ਏਤੰ ਏਵ ਪ੍ਰਬ੍ਰਾਜਿਨੋ ਲੋਕੰ ਇਛੰਤ: ਪ੍ਰਬ੍ਰਜਤਿ ॥**

ਅਰਥ–ਤਿਸ ਇਸ ਆਤਮਾ ਕੋ ਬ੍ਰਾਹਮਣ ਲੋਕ ਵੇਦ ਪਾਠ ਦੁਆਰਾ, ਯੱਗ ਦੁਆਰਾ, ਦਾਨ ਦੁਆਰਾ, ਸਰੀਰ ਕੋ ਨ ਨਾਸ਼ ਕਰਨੇ ਵਾਲੇ ਤਪ ਦੁਆਰਾ ਜਾਨਨੇ ਕੀ ਇੱਛਾ ਕਰਤੇ ਹੈਂ ਔਰ ਇਸ ਆਤਮਾ ਲੋਕ ਕੀ ਇਛਾ ਕਰਤੇ ਹੂਏ ਸਾਧੂ ਲੋਗ ਗ੍ਰਿਹਸਥ ਕਾ ਤਿਆਗ ਕਰਤੇ ਹੈਂ ਯਹਾਂ ਵਿਵਿਦਸ਼ਾ ਸੰਨਿਆਸ ਕਾ ਅਧਿਕਾਰ ਭੀ ਬ੍ਰਾਹਮਣ ਕੋ ਹੀ ਲਿਖਾ ਹੈ । ਇਸ ਪ੍ਰਕਾਰ ਏਕ ਮਹਾਤਮਾ ਕਾ ਹਠ ਦੇਖ ਕਰ ਆਪ ਸੇ ਸਭ ਸੰਤ

ਔਰ ਭਗਤ ਲੋਗ ਇਸ ਬਾਤ ਕਾ ਨਿਰਣਯ ਕਰਾਨੇ ਵਾਸਤੇ ਪੂਛਤੇ ਭਏ ਤਬ ਆਪ ਵਾਰਤਿਕ ਕਾਰ ਕੇ ਮਤ ਅਨੁਸਾਰ ਉਤਰ ਦੇਤੇ ਭਏ ਕਿ ਯਹਾਂ ਸ੍ਰੁਤਿ ਮੇਂ ਜੋ ਬ੍ਰਾਹਮਣ ਪਦ ਕਹਾ ਗਯਾ ਹੈ ਸੋ ਦ੍ਵਿਜ ਯਾਨੇ ਬ੍ਰਾਹਮਣ ਖਤ੍ਰੀ ਵੈਸ਼ਯ ਕਾ ਬੋਧਕ ਹੈ। ਪ੍ਰਮਾਣ:-

**ਬਹੂਨੀਈਹ ਪ੍ਰਮਾਣਾਨਿ ਸੰਨਯਾਸੇਅਪਿ ਤ੍ਰਿਕਰਤ੍ਰਿਕੇ । ਯਤ੍ਰ ਤੁ ਬ੍ਰਾਹਮਣ: ਪ੍ਰੋਕ੍ਤ ਸ ਤਯੋ: ਉਪਲਖਣਮ੍ ॥ ੧ ॥** [ਬ੍ਰਿਹਸਪਤੀ ਸਿਮ੍ਰਿਤੀ

**ਤ੍ਰਯਾਣਾਂ ਵਿਸੇਸ਼ੇਣ ਸੰਨਯਾਸ: ਸ਼੍ਰਯਤੇ ਸ਼੍ਰੁਤਉ । ਯਤ ਉਪਲਖਣ ਅਰਥੰਸਯਾਤ ਬ੍ਰਾਹਮਣ ਗ੍ਰਹਣੰ ਤਦਾ ॥ ੨ ॥** [ਵਾਰਤਕਕਾਰ

**ਤਯੋ: ਯਤ੍ਰ ਤੁ ਸੰਨਯਾਸੇ ਅਨਅਧਿਕਾਰੋ ਨਿਰੂਪਤ: । ਉਸਤੁਤੀ ਅਰਥੰ ਤਤ੍ਰ ਵਿਪ੍ਰਸਯ ਨਤੁ ਨਿੰਦਾਂ ਪਰੋਹਿ ਸ: ॥ ੩ ॥** [ਬ੍ਰਿਹਸਪਤੀ ਸਿਮ੍ਰਿਤੀ

**ਬ੍ਰਾਹਮਣ: ਖਯ਼ਤ੍ਰਿਯੋ ਵੈਸ਼ਯਸਤਤੋ ਗਛੇਤ੍ਰ ਬਨੰ ਕ੍ਰਿਤਿ । ਸੰਨਯਸੇਤ ਬੰਧ ਨਾਸ਼ਾਯ ਸਰਵਭੂਤ ਦਯਾਪਰ: ॥ ੪ ॥** [ਸਿਮ੍ਰਿਤੀ

**ਤ੍ਰੈਵਰਣਕਾਨਾਂ ਸੰਨਯਾਸੋ ਵਿਦਯਤੇ ਨਾਤ੍ਰ ਸ਼ੰਸ਼ਯ: । ਸ਼ਿਖਾ ਯਗਯੋ ਪਵੀਤਾਨਾਂ ਤਿਆਗ ਪੂਰਬ ਏਕ ਦੰਡਯੁਕ੍ ॥ ੫ ॥** [ਬ੍ਰਹਮਾਂਡ ਪੁਰਾਣ

**ਵੈਰਾਗਯੋਤਪਤਿਮਾਨ ਏਵ ਸੰਨਯਾਸੇ ਪਰਿਯੁਜਯਤੇ । ਰਾਗਵਾਨ ਨਤੁ ਵਿਪ੍ਰੋ ਵੇਦ ਵੇਦਾਂਗ ਵਿਤ੍ਤਮ: ॥ ੬ ॥** [ਬ੍ਰਹਮਵੈਵਰਤ ਪੁਰਾਣ

**ਤ੍ਰਿਵਰਣਾਨਾਂ ਤੁ ਸੰਨਯਾਸੋ ਵੇਦ ਮੰਤ੍ਰ ਅਨੁਸਾਰਤ: । ਵੇਦ ਵਿੰਧਿ ਬਿਨਾਚੈ ਦ੍ਰਿਸ਼ਯਤੇ ਵਿਦੁਰਾਦਿਸ਼ੁ ॥ ੭ ॥**

ਅਰਥ-ਈਹਾਂ ਸਨਿਆਸ ਮੇਂ ਬਹੁਤ ਪ੍ਰਮਾਣ ਤੀਨ ਵਰਣੋਂ ਯਾਨੇ ਬ੍ਰਾਹਮਣ ਖਤ੍ਰੀ ਵੈਸ਼ ਪਰ ਹੈਂ ਔਰ ਜਹਾਂ ਬ੍ਰਾਹਮਣ ਪਦ ਕਹਾ ਭੀ ਹੈ ਸੋ ਪਦ ਖਤ੍ਰੀ ਵੈਸ਼ ਕੇ ਉਪਲਖਯਨ ਅਰਥ ਹੈ ਬ੍ਰਾਹਮਣ ਖਤ੍ਰੀ ਵੈਸ਼ ਤੀਨੋਂ ਕੋ ਏਕ ਜੈਸਾ ਸੰਨਿਆਸ ਸ਼੍ਰੁਤਿ ਮੇਂ ਸੁਨਾ ਜਾਤਾ ਹੈ। ਔਰ ਜਹਾਂ ਸ੍ਰੁਤੀ ਮੇਂ ਬ੍ਰਾਹਮਣ ਪਦ ਗ੍ਰਹਣ ਕੀਆ ਹੈ ਸੋ ਦੋਨੋਂ ਕੇ ਉਪਲਖਣ ਅਰਥ ਹੈ। (੨) ਔਰ ਖਤ੍ਰੀ ਵੈਸ਼ ਕਾ ਜਹਾਂ ਸੰਨਿਆਸ ਮੇਂ ਅਨਅਧਿਕਾਰ ਕਹਾ ਹੈ। ਤਹਾਂ ਵੋਹ ਵਚਨ ਖਤ੍ਰੀ ਵੈਸ਼ ਕੇ ਨਿੰਦਾ ਪਰਾਯਣ ਨਹੀਂ ਹੈ ਕਿੰਤੂ ਬ੍ਰਾਹਮਣ ਕੇ ਉਸਤੁਤੀ ਪ੍ਰਾਇਣ ਹੈ ॥ ੩ ॥ ਬ੍ਰਾਹਮਣ ਖਤ੍ਰੀ ਵੈਸ਼ ਗ੍ਰਿਹਸਥ ਸੇ ਵਾਨਪ੍ਰਸਤ ਮੇਂ ਜਾਵੇ ਔਰ ਬੰਧਨ ਕੇ ਦੂਰ ਕਰਨੇ ਵਾਸਤੇ ਸੰਨਿਆਸ ਲੇਵੇ ਔਰ ਸੰਨਿਆਸ ਲੇਕਰ ਸਰਵ ਭੂਤੋਂ ਪਰ ਦਯਾ ਕਰੇ ॥ ੪ ॥ ਤੀਨ



ਵਰਨ ਵਾਲੇ ਬ੍ਰਾਹਮਣ ਖਤ੍ਰੀ ਵੈਸ ਕੋ ਹੀ ਸੰਨਿਆਸ ਮੇਂ ਦੇਖਾ ਜਾਤਾ ਹੈ ਇਸ ਮੇਂ ਸੰਦੇਹ ਨਹੀਂ ਸ਼ਿਖਾ (ਚੋਟੀ) ਔਰ ਜਨੇਊ ਕੇ ਤਿਆਗ ਪੂਰਬਕ ਏਕ ਦੰਡ ਕੋ ਗ੍ਰਹਣ ਕਰੇ ॥ ੫ ॥ ਪਰੰਤੂ ਜਿਸਕੇ ਅੰਤ:ਕਰਣ ਮੇਂ ਵੈਰਾਗਯ ਉਤਪੰਨ ਹੋਵੇ ਵੋ ਸੰਨਿਆਸ ਕੇ ਲਾਯਕ ਹੈ ਪਦਾਰਥ ਮੇਂ ਰਾਗਵਾਲਾ ਵਿਪ੍ਰ ਵੇਦ ਵੇਦਾਂਤ ਕੇ ਜਾਨਨੇ ਵਾਲਾ ਭੀ ਸੰਨਿਆਸ ਕੇ ਲਾਯਕ ਨਹੀਂ ॥ ੬ ॥ ਔਰ ਵੇਦ ਮੰਤ੍ਰ ਅਨੁਸਾਰ ਤੀਨ ਵਰਣੋਂ ਕੋ ਸੰਨਿਆਸ ਦੀਆ ਜਾਤਾ ਹੈ ਔਰ ਵੇਦ ਮੰਤ੍ਰ ਕੇ ਬਿਨਾਂ ਚੌਥੇ ਸੂਦ੍ਰ ਵਰਣ ਵਾਲੇ ਕੋ ਭੀ ਸੰਨਿਆਸ ਦੀਆ ਜਾਤਾ ਹੈ। ਜੈਸੇ ਵਿਦੁਰ ਆਦਿ ਸੰਨਿਆਸੀਓਂ ਮੇਂ ਦੇਖਾ ਜਾਤਾ ਹੈ ॥ ੭ ॥ ਏਕ ਕਾਲ ਮੇਂ ਵੈਸੰਪਾਯਨ ਰਿਸ਼ੀ ਰਾਜਾ ਜਨਮੇਜਯ ਕੋ ਸੁਨਾ ਰਹੇ ਹੈਂ ਕਿ ਤੁਮਾਰਾ ਪਰਪਿਤਾਮਹ ਰਾਜਾ ਯੁਧਿਸ਼ਟਰ ਰਾਜ ਕੋ ਛੋੜ ਕਰ ਸਾਧੂ ਬਨਨੇ ਲਗਾ ਥਾ। ਤਬ ਭੀਸ਼ਮ ਪਿਤਾਮਹ ਸੇ ਆਦਿ ਲੇਕਰ ਸਭ ਉਸਕੋ ਸਮਝਾਨੇ ਲਗੇ ਔਰ ਵਿਸ਼ੇਸ਼ ਕਰਕੇ ਅਰਜੁਨ ਜਿਆਦਹ ਕਹਿਨੇ ਲਗਾ ਕਿ ਆਪ ਸਾਧੂ ਨ ਹੋਈਏ ਰਾਜਾ ਜਨਕ ਭੀ ਸਾਧੂ ਹੋਨੇ ਲਗਾ ਥਾ, ਪਰੰਤੂ ਸਾਧਨ ਕਠਨ ਦੇਖ ਕਰ ਗ੍ਰਿਹਸਤ ਆਸ਼ਰਮ ਮੇਂ ਰਹਿ ਕਰ ਹੀ ਬ੍ਰਹਮ ਅਭਿਆਸ ਕਰਨੇ ਲਗਾ। ਪ੍ਰਮਾਣ :-

**ਉਤਸ੍ਰਿਜਯ ਰਾਜਯੰ ਭੈਖਸ਼ਯਾਰਥੰ ਕ੍ਰਿਤ ਬੁਧਿੰ ਨਰੇਸ੍ਵਰੰ । ਵਿਦੇਹ ਰਾਜ ਮਹਿਸ਼ੀ ਦੁਖਿਤਾ ਯਤ ਅਭਾਸ਼ਿਤ ॥ ੩ ॥ ਧਨਾਨੀ ਅਪਤਯ ਦਾਰਾਂਸ੍ਚ ਰਤਨਾਨਿ ਵਿਵਿਧਾਨਿਚ । ਪੰਥਾਨੰ ਪਾਵਕੰ ਹਿਤ੍ਵਾ ਜਨਕੋ ਮਉਢਯੰ ਆਸਿਥਤ: ॥ ੪ ॥ ਤੰ ਦਦਰਸਪ੍ਰਿਯਾ ਭਾਰਯਾ ਭੈਖਸ਼ਯ ਵ੍ਰਿਤਿੰਅਕਿੰਚਨਮ੍ । ਧਾਨਯਮੁਸ੍ਰਿੰ ਉਪਾਸੀਨੰ ਨਿਰੀਹੰ ਗਤ ਮਤਸਰਮ੍ ॥ ੫ ॥**

[ਮਹਾਂਭਾਰਤ ਸ਼ਾਂਤੀ ਪਰਬ ਅਧਯਾਯ ੮

ਟੀਕਾ-ਮਹਾਰਾਜਾ ਜਨਕ ਏਕ ਕਾਲ ਮੇਂ ਰਾਜ ਤਿਆਗ ਕਰ ਸਾਧੂਓਂ ਕਾ ਭੇਸ ਧਾਰ ਕੇ ਘਰ ਘਰ ਮੇਂ ਭਿਖਿਆ ਮਾਂਗਨੇ ਲਗੇ। ਤਬ ਮਹਾਰਾਜਾ ਜਨਕ ਕੀ ਪਟਰਾਨੀ ਦੁਖੀ ਹੋ ਕਰ ਕਹਿਨੇ ਲਗੀ। ਰਾਜਾ ਜਨਕ ਧਨ ਪੁਤਰ ਇਸਤ੍ਰੀ ਤਰਹ ਤਰਹ ਕੇ ਰਤਨ ਗ੍ਰਿਹਸਤ ਆਸ਼ਰਮ ਅਗਨਿ ਹੋਤ੍ਰਾਦਿ ਸਭ ਕੋ ਤਿਆਗ ਕਰ ਸੰਨਿਆਸ ਕੋ ਪਰਾਪਤ ਹੂਆ ॥ ੪ ॥ ਸੰਗ੍ਰਹ ਰਹਿਤ ਵਿਰੱਕਤ ਬਿਰਤੀ ਸੇ ਭਿਖਿਆ ਮਾਂਗਤਾ ਦੇਖ ਕਰ ਔਰ ਜਿਸਕੋ ਏਕ ਧਾਨ ਕੀ ਮੁਠੀ ਹੀ ਪਰਾਪਤ ਹੂਈ ਹੈ ਔਰ ਇਛਾ ਰਹਿਤ ਹੈ। ਉਸਕੋ ਦੇਖ ਕਰ ਪਟਰਾਨੀ ਦੁਖੀ ਹੋ ਕਰ ਕਹਿਨੇ ਲਗੀ ॥ ੫ ॥

**ਯਾ ਇਮਾਂਕੁੰਡਿਕਾਂ ਭਿਦਯ ਤ੍ਰਿਵਿਸ੍ਰਿਬਧੰ ਚ ਯੋ ਹਰੇਤ । ਵਾਸਸ੍ਚਾਪਿ ਹਰੇਤ੍ਰ ਤਸਮਿਨ ਕਥੰ ਤੇ ਮਾਨਸੰ ਭਵੇਤ ॥ ੧੯ ॥**

ਅਰਥ–ਔਰ ਕੁਛ ਗੁਪਤ ਰੀਤੀ ਸੇ ਦੂਤੋਂ ਸੇ ਤਾੜਨਾ ਕਰਾ ਕਰ ਚਿਤ ਕੀ ਦਸ਼ਾ ਪੂਛਤੀ ਭਈ । ਅਗਰ ਆਪ ਕੇ ਇਸ ਮ੍ਰਿਤਕਾ ਕੇ ਪਾਤਰ ਯਾਨੇ ਠੂਠੇ ਕੋ ਕੋਈ ਭੰਨ ਦੇਵੇ ਔਰ ਇਸ ਦੰਡ ਕੋ ਖੋਸ ਲੇਵੇ ਔਰ ਆਪ ਦੇ ਵਸਤਰ ਫਾੜ ਦੇਵੇ, ਉਸ ਕਾਲ ਮੇਂ ਆਪ ਕੇ ਚਿਤ ਕੀ ਕੈਸੀ ਹਾਲਤ ਹੋਤੀ ਹੈ । ਤਬ ਰਾਜਾ ਕਹਿਨੇ ਲਗਾ ਐਸੇ ਕਰਨੇ ਪਰ ਕਿੰਚਿਤ ਸ਼ੋਕ ਹੋ ਜਾਤਾ ਹੈ ਤਬ ਰਾਜਾ ਕੋ ਰਾਣੀ ਕਹਿਨੇ ਲਗੀ ਆਪ ਈਹਾਂ ਬੈਠ ਕੇ ਬ੍ਰਹਮ ਅਭਿਆਸ ਕਰੋ ਸੰਨਿਆਸ ਮਤ ਲਓ । ਤਬ ਰਾਜਾ ਜਨਕ ਐਸੇ ਹੀ ਕਰਤੇ ਭਏ । ਅਰਜਨੋ ਵਾਚ:–

**ਤਤ੍ਵਗਯੋ ਜਨਕੋ ਰਾਜਾ ਲੋਕੇ ਅਸਮਿਨ ਇਤਿ ਗੀਯਤੇ। ਸੋ ਅਪਿ ਆਸੀਤ ਮੋਹ ਸੰਪੰਨੋ ਮਾਮੋਹ ਵਸ਼ੰ ਅਨ੍ਰਗਾਃ ॥ ੩੭ ॥**

ਟੀਕਾ–ਅਰਜਨ ਕਹਿਨੇ ਲਗਾ ਤਤ੍ਵ ਗਿਆਨੀਓਂ ਮੇਂ ਪਰਸਿੱਧ ਰਾਜਾ ਜਨਕ ਇਸ ਲੋਕ ਮੇਂ ਕਹਾ ਗਯਾ ਹੈ । ਸੋ ਭੀ ਮੋਹ ਕੋ ਪਰਾਪਤ ਹੋਤਾ ਭਯਾ । ਆਪ ਭੀ ਸੰਨਿਆਸ ਲੇਨੇ ਮੇਂ ਮੋਹ ਕੋ ਮਤ ਪਰਾਪਤ ਹੋਵੋ । ਤਥਾ ਏਕ ਰਾਜਾ ਕਾ ਪਰਸੰਗ ਬਿਰਧੋਂ ਸੇ ਐਸੇ ਸੁਣਾ ਗਯਾ ਹੈ । ਏਕ ਰਾਜਾ ਥਾ ਉਸ ਕੀ ਚਾਰ ਰਾਣੀਆਂ ਥੀਂ । ਚਾਰੋਂ ਰਾਜਾ ਕੋ ਮਿਲ ਕਰ ਇਸ਼ਨਾਨ ਕਰਾਯਾ ਕਰਤੀਆਂ ਥੀਆਂ । ਏਕ ਦਿਨ ਰਾਜਾ ਕੋ ਗਰਮੀਆਂ ਕੇ ਦਿਨੋਂ ਮੇਂ ਠੰਢੇ ਜਲ ਸੇ ਇਸ਼ਨਾਨ ਕਰਾ ਕਰ ਛੋਟੀ ਰਾਣੀ ਰਾਜਾ ਕਾ ਪਿੰਡਾ ਪੋਚ ਰਹੀ ਥੀ ਨਾਲੇ ਕਿਸੀ ਕਾਰਣ ਸੇ ਰੋ ਰਹੀ ਥੀ। ਔਰ ਰੋਨੇ ਸੇ ਨੇਤਰੋਂ ਕਾ ਗਰਮ ਜਲ ਰਾਜਾ ਕੇ ਠੰਢੇ ਸਰੀਰ ਤੇ ਪੜਾ ਤਬ ਰਾਜਾ ਨੇ ਰੋਨੇ ਕਾ ਕਾਰਣ ਪੂਛਾ । ਰਾਣੀ ਨੇ ਕਹਾ ਮੇਰੇ ਭਾਈ ਕੀ ਚਿਠੀ ਆਈ ਹੈ ਕਿ ਮੈਂ ਸਾਧੂ ਹੋ ਜਾਊਂਗਾ, ਅਗਰ ਆਠ ਦਿਨ ਕੇ ਅੰਦਰ ਮਿਲਨਾ ਹੈ ਤੋ ਮਿਲ ਜਾ । ਇਸ ਵਾਸਤੇ ਮੈਂ ਰੁਦਨ ਕਰਤੀ ਹੂੰ । ਰਾਜਾ ਨੇ ਕਹਾ ਕਿ ਤੂੰ ਰੋ ਮਤ । ਵੁਹੁ ਸਾਧੂ ਨਹੀਂ ਹੋਗਾ। ਰਾਣੀ ਨੇ ਕਹਾ ਨਹੀਂ, ਉਸ ਕੇ ਖਿਆਲ ਪਹਿਲੇ ਸੇ ਹੀ ਐਸੇ ਹੈਂ । ਰਾਜਾ ਨੇ ਕਹਾ ਨਹੀਂ ਜੋ ਸਾਧੂ ਹੋਤੇ ਹੈਂ ਸੋ ਕਿਸੀ ਸੇ ਪੂਛ ਕੇ ਵਾ ਚਿਠੀ ਲਿਖ ਕੇ ਨਹੀਂ ਹੋਤੇ । ਵੈਰਾਗਯ ਸੇ ਪੂਛੇ ਬਿਨਾਂ ਹੀ ਘਰ ਕੋ ਛੋੜ ਕਰ ਚਲੇ ਜਾਤੇ ਹੈਂ ਚਿਠੀਆਂ ਲਿਖਨਾ ਵੈਰਾਗਯ ਨਹੀਂ, ਤਬ ਰਾਣੀ ਨੇ ਕਹਾ ਵੈਰਾਗਯ ਕਿਸ ਤਰ੍ਹਾਂ ਕਾ ਹੋਤਾ ਹੈ । ਰਾਜਾ ਨੇ ਕਹਾ ਦਿਖਾਊਂ । ਰਾਣੀ ਨੇ ਕਹਾ ਦਿਖਾਓ। ਫੇਰ ਰਾਜਾ ਨੇ ਸਭ ਰਾਣੀਓਂ ਕੋ ਕਹਾ ਦਿਖਾਊਂ । ਰਾਣੀਓਂ ਨੇ ਕਹਾ ਦਿਖਾਓ ਐਸੇ ਤੀਨ ਵਾਰ ਰਾਜਾ ਨੇ ਸਭ ਸੇ ਪੂਛਾ । ਜਬ ਸਭ ਨੇ ਕਹਾ ਦਿਖਾਓ ਤਬ ਉਸੀ ਤਰ੍ਹਾਂ ਏਕ ਧੋਤੀ ਪਹਿਰਾ ਹੂਆ ਰਾਜਾ ਰਾਣੀਓਂ ਕੋ ਕਹਿਨੇ ਲਗੇ ਆਜ ਸੇ ਲੇ ਕਰ ਤੁਮ ਮੇਰੀਆਂ ਮਾਤਾ ਹੋ ਰਾਜ ਸੰਭਾਲੋ ਮੈਂ ਅਬ ਚਲਤਾ ਹੂੰ । ਐਸੇ ਕਹਿ ਕਰ ਰਾਜਾ ਚਲ ਪੜਾ । ਰਾਣੀਓਂ ਨੇ ਕਹਾ ਰਾਜਾ ਸ਼ਾਇਦ ਬਿਲਾਸ ਕਰਤਾ ਹੈ ਪਰੰਤੂ ਰਾਜਾ ਸਚ ਮੁਚ ਹੀ ਚਲਾ ਔਰ ਏਕ ਬ੍ਰਹਮਵੇਤਾ ਮਹਾਤਮਾ ਕਾ ਸ਼ਿਸ਼



ਬਨਨੇ ਕਾ ਖਿਆਲ ਕਰਤਾ ਭਇਆ । ਈਹਾਂ ਰਾਣੀਆਂ ਰੁਦਨ ਕਰਨੇ ਲਗੀਆਂ ਔਰ ਵਜ਼ੀਰ ਕੋ ਸਾਥ ਲੇਕਰ ਰਾਜਾ ਪਾਸ ਪਹੁੰਚ ਗਈਆਂ ਔਰ ਚਰਣ ਪਕੜ ਕਰ ਬਹੁਤ ਪ੍ਰਾਰਥਨਾ ਕਰਨੇ ਲਗੀਂ ਪਰੰਤੂ ਰਾਜਾ ਨੇ ਇਕ ਗਲ ਭੀ ਨ ਮਾਨੀ। ਤਬ ਰਾਣੀਆਂ ਕਹਿਨੇ ਲਗੀਆਂ ਕਿ ਮਹਾਰਾਜ ! ਹਮਾਰੇ ਇਕ ਇਕ ਪ੍ਰਸ਼ਨ ਕਾ ਉਤਰ ਦੇ ਕਰ ਹਮਾਰੇ ਕੋ ਤਸੱਲੀ ਕਰਾਓ ਤਦ ਰਾਜਾ ਕਹਿਣੇ ਲਗਾ ਕਹੋ ਮੈਂ ਉਤਰ ਦੇਕਰ ਤਸੱਲੀ ਕਰਤਾ ਹੂੰ। ਤਬ ਏਕ ਵਡੀ ਰਾਣੀ ਕਹਿਣੇ ਲਗੀ ਕਿ ਆਪ ਕਿਉਂ ਸਾਧੂ ਹੋਤੇ ਹੋ। ਰਾਜਾ ਕਹਿਣੇ ਲਗਾ ਬ੍ਰਹਮ ਸੁਖ ਕੇ ਅਨੁਭਵ ਵਾਸਤੇ, ਰਾਜਜ ਮੇਂ ਉਹ ਸੁਖ ਨਹੀਂ। ਜੈਸੇ ਗੁਰੂ ਜੀ ਕਹਿਤੇ ਹੈਂ:–

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥**
**ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥**

[ਗਉ: ਸੁਖਮਨੀ ਮ: ੫ ਸਫਾ ੨੬੪

ਤਾਂਤੇ ਮੈਂ ਹਰਿ ਕਾ ਨਾਮ ਲੈ ਕੇ ਸੁਖੀ ਹੋਊਂਗਾ ਇਸ ਵਾਸਤੇ ਸਾਧੂ ਹੋਤਾ ਹੂੰ । ਪ੍ਰਸ਼ਨ ੧–ਤਬ ਪਹਿਲੀ ਰਾਣੀ ਕਹਿਣੇ ਲਗੀ ਸਾਧੂ ਹੋਣਾ ਬ੍ਰਹਮ ਰਸ ਲੇਨਾ ਬੜਾ ਕਠਨ ਹੈ, ਆਪ ਨਹੀਂ ਲੇ ਸਕੋਗੇ ਮੈਂ ਪਤਿਬ੍ਰਤਾ ਆਪ ਕੋ ਸਮਝਾ ਰਹੀ ਹੂੰ ਐਸੇ ਨ ਹੋ ਜੋ ਬ੍ਰਹਮ ਰਸ ਲੇਤੇ ਲੇਤੇ ਮਤ ਵਿਸ਼ਯ ਰਸਾਂ ਸੇ ਭੀ ਚਲੇ ਜਾਓ ਦੋਨੋਂ ਰਸੋਂ ਸੇ ਖਾਲੀ ਨ ਰਹਿ ਜਾਓ । ਜੈਸੇ ਏਕ ਬਗਲਾ ਅਪਨੀ ਪਿਆਰੀ ਪਤਨੀ ਕਾ ਕਹਾ ਨ ਮਾਨ ਕਰ ਦੋਨੋਂ ਰਸੋਂ ਸੇ ਭ੍ਰਸ਼ਟ ਹੂਆ ਤੈਸੇ ਆਪ ਭੀ ਭ੍ਰਸ਼ਟ ਨ ਹੋ ਜਾਓ । ਅਬ ਰਾਣੀ ਰਾਜਾ ਕੋ ਬਗਲੇ ਕੀ ਕਥਾ ਸੁਨਾਤੀ ਹੈ:–ਸਮੁੰਦਰ ਕੇ ਕਿਨਾਰੇ ਏਕ ਬਗਲਾ ਬਗਲੀ ਰਹਾ ਕਰਤੇ ਥੇ ਆਪਸ ਮੇਂ ਉਨੋਂ ਕਾ ਬੜਾ ਪ੍ਰੇਮ ਥਾ ਹਮੇਸ਼ ਮਛੀਆਂ ਪਕੜ ਕਰ ਖਾਯਾ ਕਰਤੇ ਥੇ। ਉਸ ਕਿਨਾਰੇ ਪਰ ਨਾਰਯਲੋਂ ਕੇ ਬ੍ਰਿਖ ਥੇ ਇਕ ਦਿਨ ਵਹਾਂ ਹੰਸ ਆ ਗਏ । ਔਰ ਨਾਰਯਲ ਕੇ ਫਲੋਂ ਮੇਂ ਅਪਨੀ ਚੋਂਚ ਮਾਰ ਕਰ ਨਾਰਯਲ ਕਾ ਦੂਧ ਪੀਤੇ ਭਏ, ਔਰ ਕੁਛ ਸ਼ੇਸ਼ ਦੂਧ ਛੋੜ ਕਰ ਨੀਚੇ ਗਿਰਾਤੇ ਭਏ ਤਬ ਬਗਲਾ ਬਗਲੀ ਕਹਿਣੇ ਲਗੇ ਯਹ ਹਮਾਰੇ ਜੈਸੇ ਹੈਂ ਦੂਧ ਕਿਉਂ ਪੀਤੇ ਹੈਂ ਮਛਲੀਆਂ ਕਿਉਂ ਨਹੀਂ ਖਾਤੇ ਹੈਂ । ਤਬ ਬਗਲੀ ਕਹਿਣੇ ਲਗੀ ਯਹ ਹਮਾਰੇ ਜੈਸੇ ਸਫੇਦ ਹੋਨੇ ਪਰ ਭੀ ਬਗਲੇ ਨਹੀਂ ਹੈ ਹੰਸ ਹੈ, ਯਹ ਦੂਧ ਮੇਂ ਮਿਲੇ ਪਾਨੀ ਕੋ ਅਲਹਿਦਾ ਕਰ ਸਕਤੇ ਹੈਂ । ਹਮ ਨਹੀਂ ਕਰ ਸਕਤੇ ਜੈਸੇ ਲਿਖਾ ਭੀ ਹੈ:–

**ਹੰਸ: ਸ੍ਵੇਤੋ ਬਕ: ਸ੍ਵੇਤੋ: । ਕੋ ਭੇਦੋ ਬਕ ਹੰਸਯੋ: । ਖੀਰ ਨੀਰ ਸਮਾਸ੍ਰਿਤਯ ਹੰਸੋ ਹੰਸ: ਬਕੋ ਬਕ: ।**

ਜੈਸੇ ਹੰਸ ਸਫੇਦ ਹੋਤਾ ਹੈ ਔਰ ਬਗਲਾ ਭੀ ਸਫੇਦ ਹੋਤਾ ਹੈ। ਫਿਰ ਹੰਸ ਔਰ ਬਗਲੇ ਮੇਂ ਭੇਦ ਹੀ ਕਿਆ ਹੈ ? ਮਿਲੇ ਹੁਏ ਦੂਧ

ਜਲ ਕੇ ਜੁਦਾ ਕਰਨੇ ਸਮੇਂ ਹੰਸ ਹੰਸ ਹੀ ਹੋਤਾ ਹੈ, ਬਗਲਾ ਬਗਲਾ ਹੀ ਹੋਤਾ ਹੈ। ਇਸ ਵਾਸਤੇ ਯੇ ਦੂਧ ਹੀ ਪੀਆ ਕਰਤੇ ਹੈਂ । ਤਬ ਬਗਲਾ ਕਹਿਨੇ ਲਗਾ ਚਲੋ ਆਪਾਂ ਭੀ ਦੂਧ ਕਾ ਸਵਾਦ ਦੇਖੇਂ ਤਬ ਗਿਰੇ ਹੂਏ ਫਲੋਂ ਕਾ ਦੂਧ ਪੀਨੇ ਲਗੇ ਬੜਾ ਸਵਾਦ ਆਇਆ ਤਬ ਕਹਿਨੇ ਲਗਾ ਆਪਾਂ ਤਾਂ ਏਵੇਂ ਹੀ ਮਛੀਓਂ ਕੇ ਕੰਡੇ ਖਾਤੇ ਰਹੇ । ਤਬ ਬਗਲਾ ਬਗਲੀ ਕੋ ਕਹਿਨੇ ਲਗਾ ਆਓ ਮੱਛੀਓਂ ਕੋ ਤਿਆਗ ਕਰ ਆਪਾਂ ਭੀ ਸੰਕਲਪ ਕਰੇਂ । ਆਪਾਂ ਭੀ ਇਨੋਂ ਕੇ ਭਾਈ ਹੀ ਹੈਂ ਦੂਧ ਹੀ ਪੀਆ ਕਰੇਂ । ਤਬ ਬਗਲੀ ਕਹਿਨੇ ਲਗੀ ਹਮਾਰੇ ਵਾਸਤੇ ਵਿਧਾਤਾ ਨੇ ਮਛੀਆਂ ਹੀ ਬਣਾਈਆਂ ਹੈਂ ਦੂਧ ਹੰਸੋਂ ਵਾਸਤੇ ਹੈ ਹਮ ਹੰਸ ਨਹੀਂ ਹੈਂ । ਇਸ ਵਾਸਤੇ ਮੈਂ ਪ੍ਰਤੱਗਿਆ ਨਹੀਂ ਕਰਤੀ ਔਰ ਨਾ ਆਪ ਪ੍ਰਤੱਗਿਆ ਕਰੋ । ਬਗਲੇ ਨੇ ਕਹਾ ਮੈਂ ਤੋ ਪ੍ਰਤੱਗਿਆ ਕਰਤਾ ਹੂੰ ਮੈਂ ਮਛੀਆ ਕਭੀ ਨ ਖਾਊਂਗਾ । ਬਗਲੀ ਨੇ ਬਹੁਤ ਸਮਝਾਇਆ ਪਰ ਮੂਰਖ ਬਗਲਾ ਸਮਝਾ ਨਹੀਂ ਆਖਰ ਪ੍ਰਤੱਗਿਆ ਕਰ ਹੀ ਦਿਤੀ । ਤਬ ਵੋ ਹਰ ਰੋਜ਼ ਆ ਕੇ ਗਿਰੇ ਹੂਏ ਨਾਰਯਲ ਕਾ ਦੂਧ ਚਾਟਤੇ ਭਏ ਨਿਰਬਾਹ ਹੋਤਾ ਭਯਾ । ਜਬ ਕੁਛ ਦਿਨ ਬੀਤ ਗਏ ਨਾਰਯਲ ਕੇ ਫਲ ਥੋੜੇ ਰਹਿ ਗਏ ਹੰਸ ਉਡ ਗਏ । ਤਬ ਬਗਲਾ ਬਗਲੀ ਨਾਰਯਲ ਕੇ ਬ੍ਰਿਖੋਂ ਕੇ ਨੀਚੇ ਫਲ ਢੂੰਡਨੇ ਲਗੇ ਕੋਈ ਫਲ ਗਿਰਾ ਹੋ ਪਰੰਤੂ ਕੋਈ ਫਲ ਗਿਰਾ ਨ ਦੇਖਾ ਤਬ ਊਪਰ ਬ੍ਰਿਖ ਮੇਂ ਫਲ ਲਗੇ ਦੇਖ ਕਰ ਬਗਲਾ ਬਗਲੀ ਕੋ ਕਹਿਨੇ ਲਗਾ ਦੇਖੋ ਫਲ ਲਗੇ ਹੂਏ ਹੈਂ । ਆਓ ਆਪਾਂ ਆਪੇ ਹੀ ਤੋੜਕੇ ਦੂਧ ਪੀ ਲੇਵੇਂ। ਤਬ ਬਗਲੀ ਕਹਿਨੇ ਲਗੀ ਨ ਆਪ ਉਡਕੇ ਪਹੁੰਚ ਸਕੇਂਗੇ ਔਰ ਨ ਫਲ ਤੋੜ ਸਕੇਂਗੇ ਹਮਾਰੀ ਚੋਂਚ ਕੱਚੀ ਹੈ । ਪਰੰਤੂ ਮੂਰਖ ਬਗਲਾ ਪਤਿਬ੍ਰਤਾ ਇਸਤ੍ਰੀ ਕਾ ਕਹਾ ਨ ਮਾਨ ਕਰ ਬ੍ਰਿਖ ਤੇ ਚੜ੍ਹ ਗਯਾ। ਔਰ ਫਲ ਕੋ ਅਪਨੀ ਚੂੰਚ ਮਾਰ ਕਰ ਤੋੜਨੇ ਲਗੇ ਤੋ ਚੂੰਚ ਫਲ ਮੇਂ ਖੁਭ ਗਈ ਫਲ ਨਾਲ ਲਟਕਨੇ ਲਗਾ ਔਰ ਅਪਨੇ ਪ੍ਰਾਣ ਦੇ ਦੀਏ ਜੈਸੇ ਉਹ ਮੂਰਖ ਬਗਲਾ ਬਗਲੀ ਕਾ ਕਹਾ ਨ ਮਾਨ ਕਰ ਦੂਧ ਕਾ ਰਸ ਲੇਤਾ ਲੇਤਾ ਮਛੀਓਂ ਸੇ ਭੀ ਗਯਾ ਤੈਸ ਆਪ ਭੀ ਮੇਰਾ ਪਤਿਬ੍ਰਤਾ ਕਾ ਕਹਾ ਨ ਮਾਨ ਕਰ ਬ੍ਰਹਮਾ-ਨੰਦ ਲੇਤੇ ਲੇਤੇ ਮਤ ਵਿਸ਼ਯਾਨੰਦ ਸੇ ਭੀ ਚਲੇ ਜਾਓ । ਇਸ ਵਾਸਤੇ ਘਰ ਹੀ ਚਲੋ।

ਉਤ੍ਰ ੧-ਰਾਜਾ ਕਹਿਨੇ ਲਗਾ ਮੈਂ ਐਸਾ ਮੂਰਖ ਨਹੀਂ ਜੋ ਮੈਂ ਤੇਰਾ ਕਹਿਣਾ ਮਾਨ ਕਰ ਸਤਿਸੰਗ ਔਰ ਬ੍ਰਹਮ ਰਸ ਛੋੜਦੂੰ ਜੈਸੇ ਲਿਖਾ ਹੈ:-

**ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥**

[ਰਾਮਕਲੀ ਵਾਰ ਮ: ੩ ਸਫਾ ੯੫੩

ਤੇਰਾ ਕਹਿਨਾ ਸੁਨ ਕਰਕੇ ਅਗਰ ਮੈਂ ਘਰ ਜਾਤਾ ਹੂੰ ਤੋ ਮੂਰਖ ਕਹਾਊਂਗਾ ਔਰ ਨ ਮੈਂ ਐਸਾ ਮੂਰਖ ਹੂੰ ਜੋ ਬ੍ਰਹਮ ਰਸ ਛੋੜ ਕਰ ਲਵ ਲੇਸ਼ ਆਨੰਦ ਕੋ ਚਟਨੇ ਲਗ ਜਾਊਂ ਜੈਸੇ ਏਕ ਬਾਲਕ ਹੂਆ ਹੈ, ਉਸਕੀ ਕਥਾ ਇਸਤਰਹ ਹੈ:- ਏਕ ਗਰੀਬ ਜਿਮੀਂਦਾਰ ਥਾ ਉਸ ਕੇ ਏਕ ਕੰਨਿਆਂ ਔਰ ਏਕ ਛੋਟਾ ਲੜਕਾ ਥਾ



ਜਬ ਕੰਨਿਆਂ ਸ਼ਾਹੂਕਾਰ ਕੇ ਘਰ ਮੇਂ ਵਿਵਾਹੀ ਗਈ ਤਬ ਵਹਾਂ ਗਊਆ ਭੈਂਸਾਂ ਬਹੁਤ ਸੀਆਂ ਤੋ ਉਸ ਕੰਨਿਆ ਨੇ ਵਿਚਾਰ ਕੀਆ ਕਿ ਹਮਾਰੇ ਪੇਕੇ ਘਰ ਕੋਈ ਗਊ ਭੈਂਸ ਨਹੀਂ ਅਪਨੇ ਭਾਈ ਕੋ ਬੁਲਾ ਕਰ ਦੂਧ ਮੱਖਣ ਖਿਲਾ ਕਰ ਰਾਜ਼ੀ ਕਰ ਭੇਜਾਂ। ਤਬ ਵੋ ਅਪਨੇ ਭਾਈ ਕੋ ਬੁਲਾਤੀ ਭਈ । ਗਰਮੀ ਕੇ ਦਿਨ ਥੇ ਸਵੇਰੇ ਦਹੀਂ ਰਿੜਕ ਕਰ ਮਖਨ ਨਿਕਾਲ ਕਰ ਸੋਏ ਹੂਏ ਭਾਈ ਕੋ ਉਠਾਤੀ ਭਈ ਔਰ ਹਥ ਮੂੰਹ ਧੁਆ ਕਰ ਕੇ ਉਸ ਕੇ ਹਥ ਪਰ ਮੱਖਣ ਕਾ ਪੇੜਾ ਰਖਤੀ ਭਈ ਔਰ ਕਹਤੀ ਭਈ ਇਸਕੋ ਜਲਦੀ ਖਾ ਲੋ। ਪਹਿਲੇ ਉਸ ਨੇ ਕਭੀ ਮਖਨ ਖਾਯਾ ਨਹੀਂ ਸੀ ਔਰ ਉਸ ਕੋ ਦੇਖਨੇ ਲਗ ਗਯਾ ਇਤਨੇ ਮੇਂ ਸੂਰਜ ਕੀ ਤਪਤ ਸੇ ਮਖਨ ਢਲ ਕਰ ਉਸ ਕੇ ਬਾਂਹੋਂ ਸੇ ਨੀਚੇ ਗਿਰਨੇ ਲਗਾ ਤਬ ਵੋ ਮੂਰਖ ਬਾਲਕ ਮਖਣ ਕੇ ਪੇੜੇ ਯਾਨੇ ਗੋਲੇ ਕੋ ਛੋੜ ਕਰ ਬਾਂਹ ਸੇ ਨੀਚੇ ਗਿਰਤੇ ਤਿਬਕੇ ਕੋ ਚਟਨੇ ਲਗਾ ਔਰ ਊਪਰ ਸੇ ਇੱਲ ਆਈ ਉਹ ਹਥ ਕੋ ਝਪਟ ਮਾਰ ਕਰ ਕੁਛ ਮਖਣ ਲੇ ਗਈ ਕੁਛ ਮਿਟੀ ਮੇਂ ਗਿਰਾਤੀ ਭਈ ਔਰ ਬਾਲਕ ਵਹਾਂ ਕਾ ਵਹਾਂ ਹੀ ਰੋਤਾ ਭਯਾ । ਐਸਾ ਮੈਂ ਮੂਰਖ ਨਹੀਂ ਜੋ ਮਹਾਤਮਾ ਕੇ ਦੀਏ ਹੂਏ ਹਸਤ ਆਮਲਕ ਵਤ ਬ੍ਰਹਮਾਨੰਦ ਕੋ ਛੋੜ ਕਰ ਤੁਮਾਰੇ ਵਿਸ਼ਯ ਆਨੰਦ ਰੂਪ ਲਵਲੇਸ਼ ਆਨੰਦ ਕੋ ਚਟ ਕਰ ਹਮੇਸ਼ ਕੇ ਲੀਏ ਰੋਤਾ ਰਹੂੰ ਐਸਾ ਮੈਂ ਮੂਰਖ ਨਹੀਂ ਗੁਰੂ ਜੀ ਲਿਖਤੇ ਹੈਂ:-

**ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥ ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥** [ਰਮਕਲੀ ਵਾਰ ਮ: ੩ ਸਫਾ ੯੪੯

ਤਬ ਵੋ ਰਾਣੀ ਕਹਿਨੇ ਲਗੀ ਹਮਾਰੀ ਤਰਫ ਸੇ ਬ੍ਰਹਮ ਚਿੰਤਨ ਕਰੋ। (ਪ੍ਰਸ਼ਨ ੨) ਤਬ ਦੂਸਰੀ ਰਾਣੀ ਬੋਲੀ ਮਹਾਰਾਜ ! ਆਪ ਕਿਸ ਲੀਏ ਸਾਧੂ ਹੋਤੇ ਹੈਂ (ਉਤਰ) ਬ੍ਰਹਮ ਸੁਖ ਕੇ ਅਨੁਭਵ ਵਾਸਤੇ । ਕਿਉਂਕਿ ਬ੍ਰਹਮ ਸੇ ਬਿਨਾਂ ਵੋਹ ਸੁਖ ਕਿਤੇ ਭੀ ਨਹੀਂ ਜੈਸੇ ਗੁਰੂ ਜੀ ਲਿਖਤੇ ਹੈਂ:-

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**
**ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥...**
**ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥**

[ਭੈਰਉ ਮ: ੫ ਸਫਾ ੧੧੪੭

ਰਾਣੀ ਕਹਿਨੇ ਲਗੀ ਮਹਾਰਾਜ ! ਐਸਾ ਸੁਖ ਤੋ ਕਿਸੀ ਕੋ ਹੀ ਮਿਲਤਾ ਹੈ ਚਲੋ ਘਰ ਚਲੀਏ । ਆਪ ਇਸ ਸੁਖ ਕੀ ਤਲਾਸ਼ ਮਤ ਕਰੋ । ਐਸੇ ਨ ਹੋ ਕਿ ਆਪ ਉਸ ਸੁਖ ਕੋ ਢੂੰਡਤੇ ਢੂੰਡਤੇ ਮਤ ਵਿਸ਼ਯ ਸੁਖ ਸੇ ਭੀ ਚਲੇ ਜਾਵੇਂ ਜੈਸੇ ਗਿਦੜ ਅਪਨੀ ਗਿਦੜੀ ਕਾ ਕਹਾ ਨ ਮਾਨ ਕਰ ਮਾਂਸ ਕਾ ਰਸ ਲੇਤਾ ਲੇਤਾ ਘਾਸ ਸੇ ਭੀ ਚਲਾ ਗਯਾ । ਸੁਨੋ ਮੈਂ ਏਕ ਗਿਦੜ ਕੀ ਕਥਾ ਸੁਨਾਤੀ ਹੂੰ ਮੇਰੇ ਕੋ ਇਸ ਬਾਤ ਕਾ ਉਤਰ ਦੇਕਰ ਫਿਰ ਸਾਧੂ ਬਨਨਾ । ਏਕ ਨਿਰਜਨ ਬਨ ਮੇਂ ਏਕ ਗਿਦੜ ਔਰ ਗਿਦੜੀ ਰਹਾ ਕਰਤੀ ਥੀ

ਜਲ ਕੇ ਜੁਦਾ ਕਰਨੇ ਸਮੇਂ ਹੰਸ ਹੰਸ ਹੀ ਹੋਤਾ ਹੈ, ਬਗਲਾ ਬਗਲਾ ਹੀ ਹੋਤਾ ਹੈ। ਇਸ ਵਾਸਤੇ ਯੇ ਦੂਧ ਹੀ ਪੀਆ ਕਰਤੇ ਹੈਂ । ਤਬ ਬਗਲਾ ਕਹਿਨੇ ਲਗਾ ਚਲੋ ਆਪਾਂ ਭੀ ਦੂਧ ਕਾ ਸਵਾਦ ਦੇਖੇਂ ਤਬ ਗਿਰੇ ਹੂਏ ਫਲੋਂ ਕਾ ਦੂਧ ਪੀਨੇ ਲਗੇ ਬੜਾ ਸਵਾਦ ਆਇਆ ਤਬ ਕਹਿਨੇ ਲਗਾ ਆਪਾਂ ਤਾਂ ਏਵੇਂ ਹੀ ਮਛੀਓਂ ਕੇ ਕੰਡੇ ਖਾਤੇ ਰਹੇ । ਤਬ ਬਗਲਾ ਬਗਲੀ ਕੋ ਕਹਿਨੇ ਲਗਾ ਆਓ ਮੱਛੀਓਂ ਕੋ ਤਿਆਗ ਕਰ ਆਪਾਂ ਭੀ ਸੰਕਲਪ ਕਰੇਂ । ਆਪਾਂ ਭੀ ਇਨੰ ਕੇ ਭਾਈ ਹੀ ਹੈਂ ਦੂਧ ਹੀ ਪੀਆ ਕਰੇਂ । ਤਬ ਬਗਲੀ ਕਹਿਨੇ ਲਗੀ ਹਮਾਰੇ ਵਾਸਤੇ ਵਿਧਾਤਾ ਨੇ ਮਛੀਆਂ ਹੀ ਬਣਾਈਆਂ ਹੈਂ ਦੂਧ ਹੰਸੋਂ ਵਾਸਤੇ ਹੈ ਹਮ ਹੰਸ ਨਹੀਂ ਹੈਂ । ਇਸ ਵਾਸਤੇ ਮੈਂ ਪ੍ਰਤੱਗਿਆ ਨਹੀਂ ਕਰਤੀ ਔਰ ਨਾ ਆਪ ਪ੍ਰਤੱਗਿਆ ਕਰੋ । ਬਗਲੇ ਨੇ ਕਹਾ ਮੈਂ ਤੋ ਪ੍ਰਤੱਗਿਆ ਕਰਤਾ ਹੂੰ ਮੈਂ ਮਛੀਆਂ ਕਭੀ ਨ ਖਾਊਂਗਾ । ਬਗਲੀ ਨੇ ਬਹੁਤ ਸਮਝਾਇਆ ਪਰ ਮੂਰਖ ਬਗਲਾ ਸਮਝਾ ਨਹੀਂ ਆਖਰ ਪ੍ਰਤੱਗਿਆ ਕਰ ਹੀ ਦਿਤੀ । ਤਬ ਵੋ ਹਰ ਰੋਜ਼ ਆ ਕੇ ਗਿਰੇ ਹੂਏ ਨਾਰਯਲ ਕਾ ਦੂਧ ਚਾਟਤੇ ਭਏ ਨਿਰਬਾਹ ਹੋਤਾ ਭਯਾ । ਜਬ ਕੁਛ ਦਿਨ ਬੀਤ ਗਏ ਨਾਰਯਲ ਕੇ ਫਲ ਥੋੜੇ ਰਹਿ ਗਏ ਹੰਸ ਉਡ ਗਏ । ਤਬ ਬਗਲਾ ਬਗਲੀ ਨਾਰਯਲ ਕੇ ਬ੍ਰਿਖੋਂ ਕੇ ਨੀਚੇ ਫਲ ਢੂੰਡਨੇ ਲਗੇ ਕੋਈ ਫਲ ਗਿਰਾ ਹੋ ਪਰੰਤੂ ਕੋਈ ਫਲ ਗਿਰਾ ਨ ਦੇਖਾ ਤਬ ਊਪਰ ਬ੍ਰਿਖ ਮੇਂ ਫਲ ਲਗੇ ਦੇਖ ਕਰ ਬਗਲਾ ਬਗਲੀ ਕੋ ਕਹਿਨੇ ਲਗਾ ਦੇਖੋ ਫਲ ਲਗੇ ਹੂਏ ਹੈਂ । ਆਓ ਆਪਾਂ ਆਪੇ ਹੀ ਤੋੜਕੇ ਦੂਧ ਪੀ ਲੇਵੇਂ । ਤਬ ਬਗਲੀ ਕਹਿਨੇ ਲਗੀ ਨ ਆਪ ਉਡਕੇ ਪਹੁੰਚ ਸਕੇਂਗੇ ਔਰ ਨ ਫਲ ਤੋੜ ਸਕੇਂਗੇ ਹਮਾਰੀ ਚੋਂਚ ਕੱਚੀ ਹੈ । ਪਰੰਤੂ ਮੂਰਖ ਬਗਲਾ ਪਤਿਬ੍ਰਤਾ ਇਸਤ੍ਰੀ ਕਾ ਕਹਾ ਨ ਮਾਨ ਕਰ ਬ੍ਰਿਖ ਤੇ ਚੜ੍ਹ ਗਯਾ । ਔਰ ਫਲ ਕੋ ਅਪਨੀ ਚੂੰਚ ਮਾਰ ਕਰ ਤੋੜਨੇ ਲਗੇ ਤੋ ਚੂੰਚ ਫਲ ਮੇਂ ਖੁਭ ਗਈ ਫਲ ਨਾਲ ਲਟਕਨੇ ਲਗਾ ਔਰ ਅਪਨੇ ਪ੍ਰਾਣ ਦੇ ਦੀਏ ਜੈਸੇ ਉਹ ਮੂਰਖ ਬਗਲਾ ਬਗਲੀ ਕਾ ਕਹਾ ਨ ਮਾਨ ਕਰ ਦੂਧ ਕਾ ਰਸ ਲੇਤਾ ਲੇਤਾ ਮਛੀਓਂ ਸੇ ਭੀ ਗਯਾ ਤੈਸ ਆਪ ਭੀ ਮੈਂ ਪਤਿਬ੍ਰਤਾ ਕਾ ਕਹਾ ਨ ਮਾਨ ਕਰ ਬ੍ਰਹਮਾ-ਨੰਦ ਲੇਤੇ ਲੇਤੇ ਮਤ ਵਿਸ਼ਯਾਨੰਦ ਸੇ ਭੀ ਚਲੇ ਜਾਓ । ਇਸ ਵਾਸਤੇ ਘਰ ਹੀ ਚਲੋ।

ਉਤ੍ਰ ੧-ਰਾਜਾ ਕਹਿਨੇ ਲਗਾ ਮੈਂ ਐਸਾ ਮੂਰਖ ਨਹੀਂ ਜੋ ਮੈਂ ਤੇਰਾ ਕਹਿਣਾ ਮਾਨ ਕਰ ਸਤਿਸੰਗ ਔਰ ਬ੍ਰਹਮ ਰਸ ਛੋੜਦੂੰ ਜੈਸੇ ਲਿਖਾ ਹੈ:-

**ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥**

[ਰਾਮਕਲੀ ਵਾਰ ਮ: ੩ ਸਫਾ ੯੫੩

ਤੇਰਾ ਕਹਿਨਾ ਸੁਨ ਕਰਕੇ ਅਗਰ ਮੈਂ ਘਰ ਜਾਤਾ ਹੂੰ ਤੋ ਮੂਰਖ ਕਹਾਊਂਗਾ ਔਰ ਨ ਮੈਂ ਐਸਾ ਮੂਰਖ ਹੂੰ ਜੋ ਬ੍ਰਹਮ ਰਸ ਛੋੜ ਕਰ ਲਵ ਲੇਸ਼ ਆਨੰਦ ਕੋ ਚਟਨੇ ਲਗ ਜਾਊਂ ਜੈਸੇ ਏਕ ਬਾਲਕ ਹੂਆ ਹੈ, ਉਸਕੀ ਕਥਾ ਇਸਤਰਹ ਹੈ:- ਏਕ ਗਰੀਬ ਜਿਮੀਂਦਾਰ ਥਾ ਉਸ ਕੇ ਏਕ ਕੰਨਿਆਂ ਔਰ ਏਕ ਛੋਟਾ ਲੜਕਾ ਥਾ



ਜਬ ਕੰਨਿਆਂ ਸ਼ਾਹੂਕਾਰ ਕੇ ਘਰ ਮੇਂ ਵਿਵਾਹੀ ਗਈ ਤਬ ਵਹਾਂ ਗਊਆ ਭੈਂਸਾਂ ਬਹੁਤ ਸੀਆਂ ਤੋ ਉਸ ਕੰਨਿਆ ਨੇ ਵਿਚਾਰ ਕੀਆ ਕਿ ਹਮਾਰੇ ਪੇਕੇ ਘਰ ਕੋਈ ਗਊ ਭੈਂਸ ਨਹੀਂ ਅਪਨੇ ਭਾਈ ਕੋ ਬੁਲਾ ਕਰ ਦੂਧ ਮੱਖਣ ਖਿਲਾ ਕਰ ਰਾਜ਼ੀ ਕਰ ਭੇਜਾਂ। ਤਬ ਵੋ ਅਪਨੇ ਭਾਈ ਕੋ ਬੁਲਾਤੀ ਭਈ । ਗਰਮੀ ਕੇ ਦਿਨ ਥੇ ਸਵੇਰੇ ਦਹੀਂ ਰਿੜਕ ਕਰ ਮਖਨ ਨਿਕਾਲ ਕਰ ਸੋਏ ਹੂਏ ਭਾਈ ਕੋ ਉਠਾਤੀ ਭਈ ਔਰ ਹਥ ਮੂੰਹ ਧੁਆ ਕਰ ਕੇ ਉਸ ਕੇ ਹਥ ਪਰ ਮੱਖਣ ਕਾ ਪੇੜਾ ਰਖਤੀ ਭਈ ਔਰ ਕਹਤੀ ਭਈ ਇਸਕੋ ਜਲਦੀ ਖਾ ਲੋ। ਪਹਿਲੇ ਉਸ ਨੇ ਕਭੀ ਮਖਨ ਖਾਯਾ ਨਹੀਂ ਸੀ ਔਰ ਉਸ ਕੋ ਦੇਖਨੇ ਲਗ ਗਯਾ ਇਤਨੇ ਮੇਂ ਸੂਰਜ ਕੀ ਤਪਤ ਸੇ ਮਖਨ ਢਲ ਕਰ ਉਸ ਕੇ ਬਾਹੀਂ ਸੇ ਨੀਚੇ ਗਿਰਨੇ ਲਗਾ ਤਬ ਵੋ ਮੂਰਖ ਬਾਲਕ ਮਖਣ ਕੇ ਪੇੜੇ ਯਾਨੇ ਗੋਲੇ ਕੋ ਛੋੜ ਕਰ ਬਾਂਹ ਸੇ ਨੀਚੇ ਗਿਰਤੇ ਤਿਬਕੇ ਕੋ ਚਟਨੇ ਲਗਾ ਔਰ ਊਪਰ ਸੇ ਇੱਲ ਆਈ ਉਹ ਹਥ ਕੋ ਝਪਟ ਮਾਰ ਕਰ ਕੁਛ ਮਖਣ ਲੇ ਗਈ ਕੁਛ ਮਿਟੀ ਮੇਂ ਗਿਰਾਤੀ ਭਈ ਔਰ ਬਾਲਕ ਵਹਾਂ ਖੜਾ ਵਹਾਂ ਹੀ ਰੋਤਾ ਭਯਾ । ਐਸਾ ਮੈਂ ਮੂਰਖ ਨਹੀਂ ਜੋ ਮਹਾਤਮਾ ਕੇ ਦੀਏ ਹੂਏ ਹਸਤ ਆਮਲਕ ਵਤ ਬ੍ਰਹਮਾਨੰਦ ਕੋ ਛੋੜ ਕਰ ਤੁਮਾਰੇ ਵਿਸ਼ਯ ਆਨੰਦ ਰੂਪ ਲਵਲੇਸ਼ ਆਨੰਦ ਕੋ ਚਟ ਕਰ ਹਮੇਸ਼ ਕੇ ਲੀਏ ਰੋਤਾ ਰਹੂੰ ਐਸਾ ਮੈਂ ਮੂਰਖ ਨਹੀਂ ਗੁਰੂ ਜੀ ਲਿਖਤੇ ਹੈਂ:-

**ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥ ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥** [ਰਾਮਕਲੀ ਵਾਰ ਮ: ੩ ਸਫਾ ੯੪੯

ਤਬ ਵੋ ਰਾਣੀ ਕਹਿਨੇ ਲਗੀ ਹਮਾਰੀ ਤਰਫ ਸੇ ਬ੍ਰਹਮ ਚਿੰਤਨ ਕਰੋ। (ਪ੍ਰਸ਼ਨ ੨) ਤਬ ਦੂਸਰੀ ਰਾਣੀ ਬੋਲੀ ਮਹਾਰਾਜ ! ਆਪ ਕਿਸ ਲੀਏ ਸਾਧੂ ਹੋਤੇ ਹੈਂ (ਉਤਰ) ਬ੍ਰਹਮ ਸੁਖ ਕੇ ਅਨੁਭਵ ਵਾਸਤੇ । ਕਿਉਂਕਿ ਬ੍ਰਹਮ ਸੇ ਬਿਨਾਂ ਵੋਹ ਸੁਖ ਕਿਤੇ ਭੀ ਨਹੀਂ ਜੈਸੇ ਗੁਰੂ ਜੀ ਲਿਖਤੇ ਹੈਂ:-

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**
**ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥...**
**ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥**

[ਭੈਰਉ ਮ: ੫ ਸਫਾ ੧੧੪੭

ਰਾਣੀ ਕਹਿਨੇ ਲਗੀ ਮਹਾਰਾਜ ! ਐਸਾ ਸੁਖ ਤੋ ਕਿਸੀ ਕੋ ਹੀ ਮਿਲਤਾ ਹੈ ਚਲੋ ਘਰ ਚਲੀਏ । ਆਪ ਇਸ ਸੁਖ ਕੀ ਤਲਾਸ਼ ਮਤ ਕਰੋ । ਐਸੇ ਨ ਹੋ ਕਿ ਆਪ ਉਸ ਸੁਖ ਕੋ ਢੂੰਡਤੇ ਢੂੰਡਤੇ ਮਤ ਵਿਸ਼ਯ ਸੁਖ ਸੇ ਭੀ ਚਲੇ ਜਾਵੇਂ ਜੈਸੇ ਗਿਦੜ ਅਪਨੀ ਗਿਦੜੀ ਕਾ ਕਹਾ ਨ ਮਾਨ ਕਰ ਮਾਂਸ ਕਾ ਰਸ ਲੇਤਾ ਲੇਤਾ ਘਾਸ ਸੇ ਭੀ ਚਲਾ ਗਯਾ । ਸੁਨੋ ਮੈਂ ਏਕ ਗਿਦੜ ਕੀ ਕਥਾ ਸੁਨਾਤੀ ਹੂੰ ਮੇਰੇ ਕੋ ਇਸ ਬਾਤ ਕਾ ਉਤਰ ਦੇਕਰ ਫਿਰ ਸਾਧੂ ਬਨਨਾ । ਏਕ ਨਿਰਜਨ ਬਨ ਮੇਂ ਏਕ ਗਿਦੜ ਔਰ ਗਿਦੜੀ ਰਹਾ ਕਰਤੀ ਥੀ

ਉਨਕਾ ਆਪਸ ਮੇਂ ਬੜਾ ਪ੍ਰੇਮ ਥਾ । ਏਕ ਦਿਨ ਬਰਸਾਤ ਕੇ ਦਿਨ ਮੇਂ ਨਦੀ ਮੇਂ ਰੁੜਤਾ ਰੁੜਤਾ ਏਕ ਮੁਰਦਾ ਆ ਗਯਾ ਉਸ ਕੋ ਦੇਖ ਕਰ ਗਿਦੜ ਗਿਦੜੀ ਬੜੇ ਪ੍ਰਸੰਨ ਹੂਏ। ਕਈ ਦਿਨ ਮੁਰਦੇ ਕੋ ਖਾਤੇ ਹੀ ਰਹੇ । ਫੇਰ ਇਕ ਦਿਨ ਮੁਰਦੇ ਕੋ ਖਾ ਕਰ ਪ੍ਰਸੰਨ ਹੂਏ। ਗਿਦੜ ਨੇ ਗਿਦੜੀ ਕੋ ਕਹਾ ਸਾਡੀ ਉਮਰ ਤੋ ਘਾਸ ਖਾਤੇ ਐਵੇਂ ਹੀ ਨਿਕਲ ਗਈ ਆਓ ਪ੍ਰਤਗਯਾ ਕਰੇਂ ਕਿ ਆਜ ਸੇ ਪੀਛੇ ਘਾਸ ਨ ਖਾਏਂਗੇ। ਗਿਦੜੀ ਨੇ ਬਹੁਤ ਸਮਝਾਯਾ ਕਿ ਮੁਰਦਾ ਤੋ ਤਬ ਤਕ ਹੈ ਜਬ ਤਕ ਨਦੀ ਹੈ। ਵਿਧਾਤਾ ਨੇ ਹਮਾਰੇ ਵਾਸਤੇ ਘਾਸ ਹੀ ਰਚਾ ਹੈ ਪਰ ਮੂਰਖ ਗਿਦੜ ਹਿਤ ਕੇ ਵਚਨ ਅਪਨੀ ਇਸਤ੍ਰੀ ਕੇ ਨ ਮਾਨ ਕਰ ਹਠ ਸੇ ਪ੍ਰਤਗਯਾ ਕਰਤਾ ਭਯਾ ਕਿ ਮੈਂ ਆਜ ਸੇ ਘਾਸ ਨ ਖਾਊਂਗਾ । ਜਬ ਕੁਛ ਦਿਨ ਗੁਜ਼ਰ ਗਏ ਨਦੀ ਮੇਂ ਮੁਰਦਾ ਨ ਆਇਆ। ਗਿਦੜੀ ਨੇ ਬਹੁਤ ਸਮਝਾਇਆ ਕਿ ਘਾਸ ਖਾ ਲੋ ਤਬ ਗਿਦੜ ਨੇ ਕਹਾ ਮੈਂ ਅਪਨੀ ਪ੍ਰਤਗਯਾ ਨ ਤੋੜੂੰਗਾ। ਤੀਨ ਦਿਨ ਭੂਖੇ ਰਹਿਤੇ ਹੋ ਗਏ ਖਾਨੇ ਕੋ ਕੁਛ ਭੀ ਨ ਮਿਲਿਆ। ਚੌਥੇ ਦਿਨ ਬੜੇ ਜ਼ੋਰ ਸੇ ਬਰਸਾਤ ਹੂਈ ਨਦੀ ਚਲ ਪੜੀ ਏਕ ਮੁਰਦਾ ਬਹਿਤੇ ਬਹਿਤੇ ਪਾਰਲੇ ਕਿਨਾਰੇ ਲਗ ਗਯਾ ਤਬ ਗਿਦੜ ਗਿਦੜੀ ਕੋ ਕਹਿਣੇ ਲਗਾ ਕਿ ਚਲੋ ਪਾਰ ਸੇ ਮੁਰਦਾ ਈਹਾਂ ਲੇ ਆਵੇਂ ਕਈ ਦਿਨ ਮੌਜ ਸੇ ਖਾਏਂਗੇ ਗਿਦੜੀ ਕਹਿਣੇ ਲਗੀ ਯੇ ਬਾਤ ਠੀਕ ਹੈ ਪਰੰਤੂ ਪਹਿਲੇ ਤੋ ਹਮ ਪਾਰ ਨਹੀਂ ਪਹੁੰਚ ਸਕੇਂਗੇ ਕਿਉਂਕਿ ਪਾਣੀ ਬਹੁਤ ਹੈ । ਜੇ ਪਹੁੰਚ ਭੀ ਗਏ ਤੋ ਲਾ ਨਹੀਂ ਸਕੇਂਗੇ ਕਿਉਂਕਿ ਨਦੀ ਵੇਗ ਸੇ ਚਲ ਰਹੀ ਹੈ ਔਰ ਬਰਸਾਤ ਅਭੀ ਪੜ ਰਹੀ ਹੈ। ਗਿਦੜ ਕਹਿਣੇ ਲਗਾ ਅਛਾ ਮੈਂ ਜਾਤਾ ਹੂੰ। ਗਿਦੜੀ ਨੇ ਬਹੁਤ ਰੋਕਾ ਪਰੰਤੂ ਗਿਦੜ ਹਠ ਸੇ ਕੂਦ ਕੇ ਪਾਰ ਹੋ ਗਯਾ ਔਰ ਮੁਰਦੇ ਕੋ ਪਕੜ ਕਰ ਉਰਾਰ ਲੇ ਆਨੇ ਲਗਾ ਪਰੰਤੂ ਨਦੀ ਦਾ ਵੇਗ ਬਹੁਤ ਥਾ ਔਰ ਮੁਰਦੇ ਸਹਿਤ ਰੁੜ ਗਯਾ ਔਰ ਡੂਬ ਕੇ ਮਰ ਗਯਾ। ਐਸੇ ਆਪ ਭੀ ਮੇਰਾ ਬਚਨ ਨ ਮਾਨ ਕਰ ਬ੍ਰਹਮਾਨਦ ਲੇਤੇ ਲੇਤੇ ਮਤ ਵਿਸ਼ਨਯਾਨੰਦ ਸੇ ਭੀ ਚਲੇ ਜਾਵੋ। ਇਸ ਵਾਸਤੇ ਘਰ ਚਲੋ ਮੇਰਾ ਕਹਾ ਮਾਨ ਲੋ। ਉਤਰ-ਤਬ ਰਾਜਾ ਕਹਿਣੇ ਲਗਾ ਮੈਂ ਐਸਾ ਮੂਰਖ ਨਹੀਂ । ਜੈਸੇ ਲਿਖਾ ਹੈ:-

**ਮੂਰਖ ਅੰਧਾ ਤਤੁ ਨ ਪਛਾਣੈ ॥**

[ਮਾਰੂ ਮ: ੩ ਸਫਾ ੧੦੬੧

**ਮੂਰਖ ਅੰਧੇ ਤ੍ਰੈਗੁਣ ਸੇਵਹਿ ਮਾਇਆ ਕੈ ਬਿਉਹਾਰੀ ॥**

[ਸਾਰੰਗ ਵਾਰ ਮ: ੩ ਸਫਾ ੧੨੪੬

ਮੈਂ ਐਸਾ ਭੀ ਮੂਰਖ ਨਹੀਂ ਹੂੰ ਜੈਸੇ ਕਿ ਏਕ ਮੂਰਖ ਮਜੂਰ ਥਾ ਉਸ ਕੀ ਕਥਾ ਯਹ ਹੈ । ਏਕ ਸ਼ਾਹੂਕਾਰ ਠੇਕੇਦਾਰ ਸੁਵਰਣ ਕੀ ਖਾਣ ਯਾਨੇ ਪਹਾੜ ਖੁਦਾ ਰਹਾ ਥਾ ਕਈ ਮਜ਼ਦੂਰ ਲਗਾਏ ਹੂਏ ਥੇ ਸਭ ਕੇ ਹਾਥ ਮੇ ਹਥਿਆਰ ਥੇ ਸਭ ਜੁਦਾ ਜੁਦਾ ਕਾਮ ਕਰ ਰਹੇ ਥੇ । ਤਬ ਏਕ ਮਜੂਰ ਪੱਥਰ ਖੋਦ ਰਹਾ ਥਾ ਤੋ ਉਸ ਕੇ ਨੀਰੇ ਏਕ ਪਾਰਸ ਕਾ ਟੁਕੜਾ ਆ ਗਯਾ ਪਾਰਸ ਸੇ ਲੋਹਾ ਲਗਣੇ ਕਰਕੇ ਲੋਹੇ ਕਾ ਰੰਗ ਪੀਲਾ ਹੋ ਗਯਾ ਸੋਨਾ ਹੋ ਗਯਾ । ਸੋਨਾ ਹੋ ਕਰ ਵੋ ਹਥਿਆਰ ਮੁੜ ਗਯਾ ਤਬ



ਵੋ ਮੂਰਖ ਮਜੂਰ ਰੋਣੇ ਲਗਾ। ਇਤਨੇ ਮੇਂ ਵੋ ਮਾਲਕ ਠੇਕੇਦਾਰ ਆ ਗਯਾ ਔਰ ਉਸ ਕੋ ਰੋਤਾ ਦੇਖ ਕਰ ਪੂਛਾ ਕਿਸ ਕਾਰਣ ਸੇ ਰੋਤਾ ਹੈਂ। ਤਬ ਵੋ ਕਹਿਨੇ ਲਗਾ ਮਹਾਰਾਜ ! ਮੇਰਾ ਕਸੂਰ ਨਹੀਂ ਮੈਨੇ ਇਸ ਪੱਥਰ ਪਰ ਹਥਿਆਰ ਮਾਰਾ ਤੋ ਪੀਲਾ ਹੋਕੇ ਮੁੜ ਗਯਾ ਮੇਰੇ ਪੈਸੇ ਨ ਕਾਟਨੇ ਮੈਨੇ ਨਹੀਂ ਮੋੜਾ। ਤਬ ਵੋ ਠੇਕੇਦਾਰ ਅੰਦਰ ਸੇ ਪਾਰਸ ਸਮਝ ਕਰ ਬੜਾ ਖੁਸ਼ ਹੂਆ ਪਰੰਤੂ ਬਾਹਰ ਸੇ ਉਸ ਕੋ ਤਾੜਨੇ ਲਗਾ ਔਰ ਦੂਸਰਾ ਸ਼ਸਤ੍ਰ ਮੰਗਾ ਕੇ ਦੀਆ ਔਰ ਕਹਾ ਕਿ ਇਸ ਸੇ ਕਾਮ ਕਰ ਅਗਰ ਯਹ ਭੀ ਪੀਲਾ ਹੋ ਕੇ ਮੁੜ ਗਯਾ ਤੋ ਤੇਰੇ ਕੋ ਛੋੜੇਂਗੇ ਨਹੀਂ ਤੋ ਨ ਛੋੜੇਂਗੇ ਉਸ ਨੇ ਵੋ ਹਥਿਆਰ ਉਸੀ ਪੱਥਰ ਪਰ ਮਾਰਾ ਤੋ ਵੋ ਭੀ ਪੀਲਾ ਹੋ ਕੇ ਮੁੜ ਗਯਾ। ਤਬ ਤਿਖੇ ਹਥਿਆਰ ਮੰਗਾ ਕਰ ਉਸ ਮਜੂਰ ਸੇ ਉਹ ਪੱਥਰ ਨਿਕਲਵਾਯਾ ਔਰ ਜੋ ਹਥਿਆਰ ਪੀਲੇ ਹੋ ਗਏ ਥੇ ਵੋ ਭੀ ਅਪਨੇ ਘਰ ਪਹੁੰਚਵਾਏ ਔਰ ਉਨ ਕੋ ਦੂਸਰੇ ਹਥਿਆਰ ਮੰਗਵਾ ਕੇ ਦੀਯੇ ਔਰ ਫਿਰ ਕਾਮ ਮੇਂ ਲਗਾਯਾ । ਜੈਸੇ ਓਹ ਮੂਰਖ ਮਜੂਰ ਪਾਰਸ ਕੋ ਪਾਇ ਕਰ ਭੀ ਦਰਿਦ੍ਰੀ ਕਾ ਦਰਿਦ੍ਰੀ ਹੀ ਰਹਾ ਤੈਸੇ ਸੰਤੋਂ ਕੇ ਦੁਆਰਾ ਆਨੰਦ ਸਰੂਪ ਆਤਮਾ ਕਾ ਦਰਸ਼ਨ ਕਰਤੇ ਮੈਂ ਦਰਿਦ੍ਰੀ ਨਹੀਂ ਰਹੂੰਗਾ:-

**ਅਬ ਮੈ ਸੁਖੁ ਪਾਇਓ ਆਗਿ* ॥ ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗੁ ॥੧॥ ਰਹਾਉ ॥ ਜਉ ਦਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ ॥ ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ ॥ ਤਰਿਓ ਸਾਗਰੁ ਪਾਵਕ ਕੋ ਜਉ ਸੰਤ ਭਟੇ ਵਡਭਾਗਿ ॥ ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ ਲਾਗਿ ॥੨॥੧॥੫॥**

ਜੈਤਸਰੀ ਮ: ੫ ਸਫਾ ੭੦੧

ਰਾਜਾ ਕੇ ਐਸੇ ਵਚਨ ਸੁਣ ਕਰ ਦੂਸਰੀ ਰਾਣੀ ਭੀ ਚੁਪ ਹੋਤੀ ਭਈ ਔਰ ਕਹਿਤੀ ਭਈ ਯਦਿ ਆਪ ਬ੍ਰਹਮਾਨੰਦ ਕੇ ਲੇਨੇ ਕੋ ਸੰਤ ਬਣਤੇ ਹੋ ਤੋ ਬੇਸ਼ਕ ਬਣੋ । (੩ ਪ੍ਰਸ਼ਨ) ਤਬ ਤੀਸਰੀ ਰਾਣੀ ਕਹਿਣੇ ਲਗੀ ਮਹਾਰਾਜ ! ਮੇਰਾ ਭੀ ਸੰਦੇਹ ਦੂਰ ਕਰੋ ਆਪ ਕੋ ਸਭ ਸੁਖ ਘਰ ਮੇਂ ਮਉਜੂਦ ਹੈਂ ਇਸ ਸੇ ਅਧਿਕ ਆਪ ਕੋ ਕੌਣ ਸੁਖ ਹੈ ਜਿਸ ਕੇ ਤਲਾਸ਼ ਮੇਂ ਆਪ ਜਾ ਰਹੇ ਹੋ ਘਰ ਮੇਂ ਆਪ ਕੋ ਸੁਗੰਧਿਤ ਸੀਤਲ ਚੰਦਨ ਆਦਿਕੋਂ ਕੇ ਲੇਪਨ ਹਮ ਕਰਤੇ ਥੇ ਰੇਸ਼ਮੀ ਬਸਤ੍ਰ ਪਹਿਨਾਤੇ ਥੇ ਔਰ ਅੰਗ ਮੇਂ ਭੂਸ਼ਣ, ਗਲ ਮੇਂ ਮੋਤੀਓਂ ਕੀ ਮਾਲਾ ਹਮ ਪਹਿਨਾਤੇ ਥੇ । ਸਰਦੀ ਕੇ ਦਿਨੋਂ ਮੇਂ ਰਜਾਈਆਂ ਤੁਲਾਈਆਂ ਔਰ ਗਰਮੀ ਮੇਂ ਫੂਲੋਂ ਕੀ ਸੇਜਾ ਵਿਛਾ ਕਰ ਆਪ ਕੋ ਸ਼ਯਨ ਕਰਾਤੇ ਥੇ ਔਰ ਖੋੜਸ ਬਰਸ ਕੀਆਂ ਇਸਤ੍ਰੀਆਂ ਸੋਲਹ ਸ਼ਿੰਗਾਰ ਕਰ ਹਮ ਆਪ ਕੇ ਪਾਸ ਖੜੀਆਂ ਰਹਿਤੀਆਂ ਥੀਆਂ ਔਰ ਕਚਹਿਰੀ ਦਰਬਾਰ ਮੇਂ ਬੜੇ ੨ ਸਿਧਿ ਪੁਰਸ਼ ਭੀ ਆਪ ਕੋ ਮਿਲਣੇ ਕੇ ਲੀਯੇ ਆਯਾ ਕਰਤੇ ਥੇ ਔਰ ਕਿਤਨੇ ਰਾਜੇ ਮਹਾਰਾਜੇ ਆਪ ਕੇ

*ਆਗਿਆ ।

ਸਿਰ ਪਰ ਛਤ੍ਰ ਝੁਲਾਤੇ ਥੇ ਇਤਨੇ ਸੁਖੋਂ ਕੋ ਛੋੜ ਕਰ ਜਿਸ ਸੁਖ ਕੋ ਆਪ ਚਾਹਤੇ ਹੋ ਐਸਾ ਨ ਹੋ ਕਿ ਯਹ ਭੀ ਚਲਾ ਜਾਵੇ ਔਰ ਓਹ ਭੀ ਨਾ ਮਿਲੇ ਦੋਨੋਂ ਪਦ ਸੇ ਭ੍ਰਸ਼ਟ ਹੋ ਜਾਓ। ਤਾਂਤੇ ਮੇਰੀ ਪ੍ਰਾਰਥਨਾ ਮਾਨੋਂ ਘਰ ਚਲੋ ਨਹੀਂ ਤਾਂ ਬੰਦਰ ਕੀ ਨਿਆਈਂ ਆਪ ਕੀ ਹਾਲਤ ਹੋਗੀ (ਓਹ ਕਥਾ ਇਸਤਰ੍ਹਾਂ ਹੈ)। ਏਕ ਉਜਾੜ ਮੇਂ ਤਲਾਵ ਕੇ ਕਿਨਾਰੇ ਬੰਦਰ ਬੰਦਰੀ ਰਹਾ ਕਰਤੇ ਥੇ ਔਰ ਫਲ ਫੂਲ ਸੇ ਵਹਾਂ ਸੁਖ ਸੇ ਨਿਰਬਾਹ ਕਰਤੇ ਥੇ ਦੋਨੋਂ ਕੀ ਪਰਸਪਰ ਬੜੀ ਪ੍ਰੀਤੀ ਥੀ ਏਕ ਦਿਨ ਆਕਾਸ਼ ਬਾਣੀ ਹੂਈ ਆਜ ਇਸ ਤਲਾਵ ਮੇਂ ਜੋ ਸ਼ਨਾਨ ਕਰੇਗਾ ਸੋ ਪਸ਼ੂ ਸੇ ਮਨੁਸ਼ਜ, ਮਨੁਸ਼ਜ ਸੇ ਦੇਵਤਾ ਹੋ ਜਾਏਗਾ। ਤਬ ਬੰਦਰ ਨੇ ਬੰਦਰੀ ਕੋ ਕਹਾ ਆਓ ਸ਼ਨਾਨ ਕਰੇਂ ਤਬ ਸ਼ਨਾਨ ਕਰਨੇ ਸੇ ਦੋਨੋਂ ਮਨੁਸ਼ਜ ਬਣ ਗਏ। ਫੇਰ ਦੂਸਰੀ ਵਾਰ ਆਕਾਸ਼ ਬਾਣੀ ਹੂਈ ਅਬ ਜੋ ਮਨੁਸ਼ਜ ਸ਼ਨਾਨ ਕਰੇਗਾ ਚਾਹੇ ਮਨੁਸ਼ਜ ਸੇ ਦੇਵਤਾ ਬਣੇ ਚਾਹੇ ਮਨੁਸ਼ਜ ਸੇ ਫਿਰ ਪਸ਼ੂ ਬਣੇ। ਤਬ ਬੰਦਰ ਜੋ ਮਨੁਸ਼ਜ ਬਣ ਗਯਾ ਥਾ ਓਹ ਅਪਨੀ ਇਸਤ੍ਰੀ ਕੋ ਕਹਿਨੇ ਲਗਾ ਆਓ ਫੇਰ ਸ਼ਨਾਨ ਕਰੇਂ ਦੇਵਤਾ ਬਣੇਂਗੇ। ਤਬ ਬੁਧਿਮਾਨ ਇਸਤ੍ਰੀ ਨੇ ਕਹਾ ਸ਼ਬਦ ਕਾ ਭਾਵ ਆਪ ਨੇ ਸਮਝਾ ਨਹੀਂ ਇਸ ਮੇਂ ਵਿਕਲਪ ਹੈ ਯਾਨੇ ਸੰਦੇਹ ਹੈ ਔਰ ਬਚਨ ਕਾ ਪਿਛਲਾ ਅਰਥ ਹੀ ਸਫਲ ਹੂਆ ਕਰਤਾ ਹੈ। ਪਿਛਲੇ ਅਰਥ ਮੇਂ ਮਨੁਸ਼ਜ ਸੇ ਪਸ਼ੂ ਹੋਣਾ ਕਹਾ ਹੈ ਯਾਨੇ, ਸ਼ਨਾਨ ਕਰੋਗੇ ਤੇ ਬੰਦਰ ਹੋ ਜਾਓਗੇ ਪਰੰਤੂ ਮੂਰਖ ਬੰਦਰ ਨੇ ਨ ਮਾਨਾ ਸ਼ਨਾਨ ਕਰ ਲੀਆ ਮਨੁਸ਼ਜ ਸੇ ਬੰਦਰ ਹੋ ਗਯਾ। ਦੇਵਤਾਪਨੇ ਕਾ ਅਨੰਦ ਲੇਤਾ ਲੇਤਾ ਮਨੁਸ਼ਜ ਆਨੰਦ ਸੇ ਭੀ ਗਯਾ ਔਰ ਅਪਨੀ ਇਸਤ੍ਰੀ ਸੇ ਭੀ ਗਯਾ। ਤੈਸੇ ਆਪ ਭੀ ਐਸੇ ਨ ਹੋਵੇ ਜੋ ਬ੍ਰਹਮਾਨੰਦ ਢੂੰਡਤੇ ੨ ਪੀਛੇ ਕਥਨ ਕਰਾ ਜੋ ਰਾਜ ਆਦਿਕੋਂ ਕੇ ਆਨੰਦ ਹੈਂ ਮਤ ਉਨ ਸੇ ਭੀ ਜਾਓ ਰਾਜਾ ਨੇ ਕਹਾ ਮੂਰਖ ਬੰਦਰ ਨੇ ਤੋ ਸ਼ਬਦ ਕਾ ਭਾਵ ਨਾ ਸਮਝਾ ਜੈਸੇ ਲਿਖਾ ਹੈ:-

**ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥** [ਰਾਮ: ਦਖ: ਮ: ੧ ਸ: ੯੩੮

ਇਸ ਵਾਸਤੇ ਬੰਦਰ ਦੁਖੀ ਹੂਆ ਔਰ ਜੋ ਘਰ ਕੇ ਤੁਮ ਨੇ ਸੁਖ ਗਿਨਾਏ ਹੈਂ ਸੋ ਸਭ ਦੁਖ ਰੂਪ ਹੈਂ ਇਨ ਮੇਂ ਕੁਛ ਭੀ ਸੁਖ ਨਹੀਂ ਹਰਿ ਨਾਮ ਸੇ ਬਿਨਾਂ ਕਹੀਂ ਭੀ ਸੁਖ ਨਹੀਂ ਜੈਸੇ ਲਿਖਾ ਹੈ:-

**ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥ ੧ ॥ ... ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥ ੨ ॥ ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥ ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ**



**ਨਾਮ ਸੁ ਦੇਹ ਦੁਖਾਲੀ ॥ ੪ ॥ ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠ ਦਿਵਾਜੇ ॥ ੫ ॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥ ੬ ॥ ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਰਵਸਿ ਕਾਜਾ ॥ ੭ ॥** [ਗਉੜੀ ਮ: ੧ ਸਫਾ ੨੨੫

ਰਾਜਾ ਨੇ ਕਹਾ ਯੇ ਜੋ ਪਦਾਰਥ ਗਿਨਾਏ ਹੈਂ ਇਨ ਮੇਂ ਕੋਈ ਸੁਖ ਨਹੀਂ, ਸੁਖ ਹਰਿ ਸ਼ਰਣ ਮੇਂ ਹੈ, ਔਰ ਮੈਂ ਐਸਾ ਭੀ ਮੂਰਖ ਨਹੀਂ, ਜੈਸਾ ਕਿ ਜ਼ਿਮੀਂਦਾਰ ਮੂਰਖ ਥਾ ਉਸ ਕੀ ਕਥਾ ਐਸੇ ਹੈ। ਏਕ ਪੰਜਾਬ ਕਾ ਰਹਿਨੇ ਵਾਲਾ ਜ਼ਿਮੀਂਦਾਰ ਅਮਰ ਨਾਥ ਕੀ ਯਾਤਰਾ ਕਰਨੇ ਵਾਸਤੇ ਕਸ਼ਮੀਰ ਗਯਾ। ਵਹਾਂ ਸੁੰਦਰ ਬਾਸਮਤੀ ਚਾਵਲੋਂ ਕੇ ਖੇਤ ਦੇਖੇ ਔਰ ਖ਼ਿਆਲ ਕਰਾ ਕਿ ਹਮ ਮੋਠ ਬਾਜਰਾ ਬੀਜਤੇ ਹੈਂ। ਉਨ ਮੇਂ ਕੋਈ ਫ਼ਾਇਦਾ ਨਹੀਂ। ਪੁਤਰ ਕੋ ਚਿਠੀ ਲਿਖੀ ਕਿ ਮੋਠ ਬਾਜਰੇ ਕੇ ਖੇਤ ਉਖਾੜ ਕੇ ਸਾਫ ਕਰ ਦੇ। ਹਮ ਚਾਵਲੋਂ ਕੀ ਪਨੀਰੀ ਲੇ ਆਤੇ ਹੈਂ। ਤਬ ਲੜਕੇਂ ਨੇ ਮੋਠ ਬਾਜਰੇ ਕੇ ਖੇਤ ਸਾਫ ਕਰ ਦੀਏ ਔਰ ਉਹ ਚਾਵਲੋਂ ਕੀ ਪਨੀਰੀ ਲੇ ਆਯਾ। ਖੇਤੋਂ ਮੇਂ ਬੀਜ ਦੀ, ਪਰੰਤੂ ਪਾਣੀ ਕੇ ਨ ਮਿਲਣੇ ਸੇ ਧਾਨੋਂ ਕੀ ਪਨੀਰੀ ਸੁਕ ਗਈ। ਜੈਸੇ ਉਹ ਮੂਰਖ ਜ਼ਿਮੀਂਦਾਰ ਸਮਾਂ ਨ ਪਛਾਣ ਕਰ ਦੋਨੋਂ ਭਾਵ ਸੇ ਗਯਾ। ਜੈਸੇ ਲਿਖਾ ਹੈ:-

**ਜੋ ਜੀਐ ਕੀ ਸਾਰ ਨ ਜਾਣੈ ॥ ਤਿਸੁ ਸਿਉ ਕਿਛੁ ਨ ਕਹੀਐ ਅਜਾਣੈ ॥ ਮੂਰਖ ਸਿਉ ਨਹ ਲੂਝੁ ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ ॥**

[ਮਾਰੂ ਸੋਲਹੇ ਮ: ੪ ਸਫਾ ੧੦੭੦

ਇਸ ਵਾਸਤੇ ਮੈਂ ਸੰਤੋਂ ਕੀ ਸੰਗਤ ਮੇਂ ਜਾ ਕੇ ਪਰਮ ਸੁਖ ਕੋ ਲਊਂਗਾ। ਸੰਤੋਂ ਕੀ ਸੰਗਤ ਸੁਖੋਂ ਕਾ ਸਮੁੰਦਰ ਹੈ। ਜੈਸੇ ਲਿਖਾ ਹੈ:-

**ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥ ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥ ੧ ॥ ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥ ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥** [ਸੋਰਠ ਮ: ੩ ਸਫਾ ੬੦੩

ਸੋ ਇਸ ਪਰਕਾਰ ਮੇਂ ਮਨੁਸ਼ ਜਨਮ ਕੋ ਸਫਲ ਕਰੂੰਗਾ ਤਾਂ ਤੀਸਰੀ ਰਾਣੀ ਕਹਿਣੇ ਲਗੀ, ਅਛਾ ਮਹਾਰਾਜ ! ਜੇਕਰ ਆਪ ਕਾ ਬ੍ਰਹਮ ਚਿੰਤਨ ਕਰਨੇ ਕਾ ਐਸਾ ਪੱਕਾ ਖਿਆਲ ਹੈ ਤੋ ਮੈਂ ਕੁਛ ਨਹੀਂ ਕਹਿਤੀ ਬੇਸ਼ਕ ਬ੍ਰਹਮ ਚਿੰਤਨ ਕਰੋ।

(੪ ਪ੍ਰਸ਼ਨ)–ਤਬ ਚੋਥੀ ਰਾਣੀ ਕਹਿਣੇ ਲਗੀ ।ਮਹਾਰਾਜ ! ਆਪ ਸਾਧੂ ਕਿਉਂ ਹੋਤੇ ਹੋ । ਆਪ ਕੇ ਘਰ ਮੇਂ ਮੋਤੀਓਂ ਕੇ ਮੰਦਰ ਹੀਰੋਂ ਕੇ ਜੜਾਵ ਕਸਤੂਰੀ ਕੁੰਕਮ ਕੇ ਲੇਪ ਅਰ ਹੀਰੇ ਲਾਲੋਂ ਸੇ ਜੜਿਤ ਧਰਤੀ ਔਰ ਪਲੰਘ ਲਾਲੋਂ ਕੇ, ਔਰ ਸੁੰਦਰ ਮੁਖ ਵਾਲੀਆਂ ਮੋਹਣੀਆਂ ਇਸਤ੍ਰੀਆਂ ਤਥਾ ਸਿਧੀਆਂ ਦੇਣ ਵਾਲੇ ਆਪ ਕੋ ਪਰਸੰਨ ਕਰਨੇ ਵਾਲੇ ਮਹਾਤਮਾ ਆਪ ਕੇ ਪਾਸ ਰਹਿਤੇ ਹੈਂ, ਆਪ ਬੜੇ ਪਾਤਸ਼ਾਹ ਹੈਂ, ਇਤਨਾ ਸੁਖ ਛੋੜ ਕਰ ਆਪ ਕਿਸ ਆਨੰਦ ਵਾਸਤੇ ਸਾਧੂ ਹੋਤੇ ਹੋ । ਅਰ ਐਸਾ ਨ ਹੋ ਜੋ ਉਹ ਅਨੰਦ ਭੀ ਨ ਮਿਲੇ ਔਰ ਇਸ ਅਨੰਦ ਸੇ ਭੀ ਚਲੇ ਜਾਓ। ਜੈਸੇ ਇਕ ਮੂਰਖ ਰਾਜਾ ਆਪਣੀ ਪਿਆਰੀ ਪਟਰਾਨੀ ਕਾ ਬਚਨ ਨ ਮਾਨ ਕਰ ਨੀਰੋਗਤਾ ਕਾ ਅਨੰਦ ਢੂੰਡਤੇ ਢੂੰਡਤੇ ਰਾਜਜ ਆਨੰਦ ਸੇ ਭੀ ਚਲਾ ਗਯਾ ਥਾ । ਉਸ ਕੀ ਕਥਾ ਇਸ ਤਰ੍ਹਾਂ ਹੈ ਏਕ ਰਾਜਾ ਥਾ ਘਰ ਮੇਂ ਅਨੰਤ ਭੋਗ ਕੀ ਸਮੱਗ੍ਰੀ ਔਰ ਸਭ ਸੰਬੰਧੀ ਅਨੁਕੂਲ ਸੀ, ਪਰੰਤੂ ਉਸ ਕੇ ਸਰੀਰ ਮੇਂ ਕੋਹੜ ਹੋ ਗਯਾ ਥਾ। ਕੋਹੜ ਨਿਵਿਰਤੀ ਵਾਸਤੇ ਅਨੇਕ ਉਪਾਯ ਕਰੇ ਭੀ ਪਰੰਤੂ ਕੋਹੜ ਦੂਰ ਨ ਹੂਆ, ਤਬ ਰਾਜਾ ਨੇ ਸੁਣਾ ਏਕ ਵੇਸ਼ਵਾ ਪਾਸ ਕੋਹੜ ਕੀ ਦਵਾਈ ਹੈ, ਪਰੰਤੂ ਉਸ ਕੀ ਯਹ ਸ਼ਰਤ ਹੈ ਜੋ ਮੇਰੇ ਨਾਲ ਚੌਪੜ ਖੇਲ ਕੇ ਮੇਰੇ ਕੋ ਜਯ ਕਰੇਗਾ, ਉਸ ਕੋ ਮੈਂ ਰਾਜ਼ੀ ਕਰੂੰਗੀ, ਅਗਰ ਮੈਂ ਉਸ ਕੋ ਜਯ ਕਰੂੰਗੀ ਤੋ ਉਸ ਕੋ ਮੈਂ ਆਪਣਾ ਗੁਲਾਮ ਬਣਾ ਲੂੰਗੀ, ਅਰ ਰਾਜਾ ਨੇ ਐਸਾ ਭੀ ਸੁਨਾ ਥਾ ਕਿ ਉਹ ਬੜੀ ਧੂਰਤ (ਕਪਟਿਣ) ਹੈ ਔਰ ਏਕ ਸੇ ਬਿਨਾਂ ਦੂਸਰੇ ਆਦਮੀ ਕੋ ਆਪਣੇ ਪਾਸ ਆਨੇ ਨਹੀਂ ਦੇਤੀ । ਯੇ ਸਭ ਹਾਲ ਸੁਣ ਕਰ ਰਾਜਾ ਨੇ ਵਹਾਂ ਜਾਣੇ ਕੀ ਇਛਾ ਕਰੀ, ਉਸ ਕੀ ਪਤਿਬ੍ਰਤਾ ਪਟਰਾਣੀ ਨੇ ਇਸਤ੍ਰੀਓਂ ਕੀ ਅਨੇਕ ਚਤੁਰਤਾ ਚਾਲਾਕੀ ਸੁਣਾ ਕੇ ਸਮਝਾਯਾ ਭੀ ਪਰੰਤੂ ਰਾਜਾ ਨ ਸਮਝਾ ਤਬ ਰਾਜਾ ਜਾ ਕਰ ਉਸ ਕੇ ਸਾਥ ਚੌਪੜ ਖੇਲਤਾ ਭਯਾ, ਔਰ ਖੇਲਤੇ ੨ ਹਾਰ ਗਯਾ ਔਰ ਹਮੇਸ਼ਾਂ ਕੇ ਵਾਸਤੇ ਗੁਲਾਮ ਬਣ ਗਿਆ, ਜੈਸੇ ਨਿਰੋਗਤਾ ਕਾ ਆਨੰਦ ਲੇਤਾ ਹੂਆ ਰਾਜਯ ਸੇ ਭੀ ਗਯਾ । ਤੈਸੇ ਆਪ ਭੀ ਬ੍ਰਹਮਾਨੰਦ ਲੇਤੇ ਲੇਤੇ ਮਤ ਰਾਜਯ ਸੇ ਭੀ ਚਲੇ ਜਾਵੇਂ । ਇਸ ਵਾਸਤੇ ਮੈਂ ਪ੍ਰਾਰਥਨਾ ਕਰਤੀ ਹੂੰ ਘਰ ਚਲੋ । (ਉਤਰ ੪) ਤਬ ਰਾਜਾ ਕਹਿਣੇ ਲਗਾ ਦੁਖ ਨਿਵਿਰਤੀ ਵਾਸਤੇ ਜੋ ਪਰਮੇਸ਼ਵਰ ਕੀ ਸ਼ਰਣ ਕੋ ਛੋੜ ਕਰ ਕਿਸੀ ਦੂਸਰੇ ਕੀ ਸ਼ਰਣ ਮੇਂ ਜਾਤੇ ਹੈਂ, ਵੋ ਮੂਰਖ ਹੈਂ ਜੈਸੇ ਲਿਖਾ ਹੈ:–

**ਆਤੁਰੁ ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥**

[ਸਾਰੰਗ ਮ: ੫ ਸਫਾ ੧੨੨੩

ਮੈਂ ਉਸ ਰਾਜਾ ਕੀ ਨਿਆਈਂ ਮੂਰਖ ਨਹੀਂ ਜੋ ਪਰਮੇਸ਼ਰ ਕੀ ਸ਼ਰਣ ਛੋੜ ਕਿਸੀ ਮਨੁਸ਼ਯ ਯਾ ਦੇਵਤੇ ਕੀ ਸ਼ਰਣ ਲਊਂ ਜਹਾਂ ਸੇ ਦੁਖ ਪੈਦਾ ਹੋਵੇ । ਮੈਂ ਤੋ ਪਰਮੇਸ਼ਵਰ ਕੀ ਸ਼ਰਣ ਲਊਂਗਾ । ਔਰ ਜੋ ਤੁਮ ਨੇ ਘਰ ਕੇ ਸੁਖ ਸੁਨਾਏ ਹੈਂ ਸੋ



ਪ੍ਰਮੇਸ਼ੁਰ ਸੇ ਬੇਮੁਖ ਕਰਨੇ ਵਾਲੇ ਹੈਂ । ਗੁਰੂ ਪ੍ਰਮਾਣ:–

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ੧ ॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤੁ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥**

[ਸਿਰੀ ਰਾਗ ਮ: ੧ ਸਫਾ ੧੪

ਇਨ ਬਚਨੋਂ ਸੇ ਰਾਜਯ ਕੇ ਜਿਤਨੇ ਸੁਖ ਹੈਂ ਸਾਰੇ ਦੁਖ ਰੂਪ ਹੈਂ, ਔਰ ਪਰਮੇਸ਼ਰ ਪ੍ਰਾਪਤੀ ਕੇ ਪ੍ਰਤਿਬੰਧਕ ਹੈ ਤਾਂਤੇ ਮੈਂ ਐਸਾ ਮੂਰਖ ਨਹੀਂ ਹੂੰ ਜੈਸਾ ਕਿ ਏਕ ਲੜਕਾ ਮੂਰਖ ਥਾ । ਉਸ ਕੀ ਯੇ ਕਥਾ ਹੈ । ਏਕ ਰਾਜਾ ਥਾ ਉਸ ਕੀ ਰਾਣੀ ਪਰਪੁਰਸ਼ ਮੇਂ ਪ੍ਰੀਤੀ ਕਰਨੇ ਵਾਲੀ ਸੀ । ਉਸ ਨੇ ਗੋੱਲੀ ਦੁਆਰਾ ਏਕ ਸ਼ਾਹੂਕਾਰ ਕੇ ਲੜਕੇ ਕੋ ਮਹਿਲ ਮੇਂ ਬੁਲਾਯਾ । ਜਬ ਸ਼ਾਹੂਕਾਰ ਕਾ ਲੜਕਾ ਮਹਿਲ ਮੇਂ ਪਹੁੰਚ ਗਯਾ ਤੋ ਇਤਨੇ ਮੇਂ ਰਾਜਾ ਸਾਹਿਬ ਖੁਦ ਆ ਗਏ ਤਬ ਲੜਕਾ ਕਹਿਣੇ ਲਗਾ ਮੇਰੇ ਕੋ ਲੁਕਾਓ ਤਬ ਰਾਣੀ ਨੇਂ ਉਸ ਕੋ ਨੀਚਲੀ ਟੱਟੀ ਕੀ ਕੋਠੜੀ ਮੇਂ ਲੁਕਾ ਛੋੜਾ । ਔਰ ਰਾਜਾ ਬੀਮਾਰ ਥਾ ਨੇ ਦਿਨ ਦਸਤ ਹੀ ਕਰਤਾ ਰਹਾ ਔਰ ਉਸ ਕੇ ਉਪਰ ਹੀ ਟੱਟੀ ਫਿਰਤਾ ਰਹਾ ਔਰ ਉਹ ਨੌਂ ਦਿਨ ਮਹਾਂ ਦੁਰਗੰਧਿ ਸਹਿਤਾ ਰਹਾ ਔਰ ਪੁਕਾਰ ਕਰਤਾ ਰਹਾ ਹੇ ਭਗਵਨ ! ਮੇਰੇ ਕੋ ਯਹਾਂ ਸੇ ਕਢ, ਫੇਰ ਮੈਂ ਈਹਾਂ ਨ ਫਸੂੰਗਾ । ਜਬ ਰਾਜਾ ਰਾਜ਼ੀ ਹੂਆ, ਨੌਂ ਦਿਨ ਕੇ ਬਾਦ ਰਾਣੀ ਨੇ ਉਸ ਕੋ ਬਾਹਰ ਨਿਕਾਲ ਕਰ ਪ੍ਰੇਮ ਸੇ ਨਵਾ ਧੁਆ ਕਰ ਔਰ ਹਾਰ ਸ਼ਿੰਗਾਰ ਕਰਾ ਕਰ ਹਾਸ ਬਿਲਾਸ ਕਰਨੇ ਲਗੀ ਤਬ ਵੋਹ ਲੜਕਾ ਨੌਂ ਦਿਨ ਕੇ ਟੱਟੀ ਕੇ ਦੁਖ ਕੋ ਭੂਲ ਗਯਾ। ਪਰੰਤੂ ਗੁਰੂ ਕ੍ਰਿਪਾ ਸੇ ਅਬ ਮੈਂ ਨਹੀਂ ਭੂਲੂੰਗਾ ਗੁਰੂ ਕ੍ਰਿਪਾ ਸੇ ਪਹਿਲੇ ਪਹਿਲੇ ਮੈਂ ਭੂਲ ਕਰ ਮੈਂ ਤੁਮਾਰੇ ਸੇ ਪ੍ਰੇਮ ਕਰਤਾ ਰਹਾ। ਇਸੀ ਤਰਹ ਮਾਤਾ ਕੇ ਗਰਭ ਮੇਂ ਜੋ ਮੈਨੇ ਨੌਂ ਮਹੀਨੇ ਦੁਖ ਸਹਿਨ ਕੀਏ ਹੈਂ ਔਰ ਪਰਮੇਸ਼ਵਰ ਕੋ ਪ੍ਰਾਰਥਨਾ ਕਰੀ ਹੈ। ਸੋ ਗੁਰੂ ਕਿਰਪਾ ਸੇ ਮੇਰੇ ਕੋ ਯਾਦ ਹੈਂ । ਹੇ ਰਾਣੀ ਜਬ ਨੌਂ ਮਹੀਨੋਂ ਕਾ ਦੁਖ ਭੂਲ

ਜਾਊਂਗਾ ਤਬ ਮੈਂ ਤੁਮਾਰੇ ਸੇ ਪ੍ਰੀਤੀ ਕਰੂੰਗਾ। ਗਰਭ ਕਾ ਦੁਖ ਗੁਰੂ ਜੀ ਲਿਖਤੇ ਹੈਂ :-

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥ ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥ ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥ ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥-- ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥**

[ਸ੍ਰੀ ਰਾਗ ਮ: ੧ ਸਫਾ ੭੪

ਇਸ ਪ੍ਰਕਾਰ ਗਰਭ ਕੇ ਦੁਖ ਗੁਰੂਓਂ ਨੇ ਸ੍ਰਵਣ ਕਰਾ ਕੇ ਸੰਸਾਰ ਮੇਂ ਦੁਖ ਦ੍ਰਿਸ਼ਟੀ ਕਰਾ ਦਿਤੀ ਹੈ, ਔਰ ਆਨੰਦ ਕਾ ਅਸਥਾਨ ਜਨਾ ਦੀਆ ਹੈ। ਜੈਸੇ ਗੁਰੂ ਜੀ ਲਿਖਤੇ ਹੈਂ :-

**ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥ ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥**

[ਬਿਲਾਵਲ ਮ: ੩ ਸਫਾ ੮੧੩

**ਮਾਈ ਮੇਰੇ ਮਨ ਕੋ ਸੁਖੁ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥ ੧ ॥ ਰਹਾਉ॥ ਕੋਟਿ ਜਨਮ ਕੇ ਕਿਲ ਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ॥ ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥ ੧॥ ਚਾਰਿ ਪਦਾਰਥ ਅਸਟ ਮਹਾਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥ ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥ ੨॥ ੧੦॥ ੨੯॥**

[ਟੋਡੀ ਮ: ੫ ਸਫਾ ੭੧੭

ਜਬ ਰਾਜਾ ਨੇ ਐਸੇ ਕਹਾ ਤਬ ਰਾਣੀ ਨੇ ਕਹਾ ਯਦਿ ਐਸੇ ਹੈ ਤੋ ਮੇਰੀ ਤਰਫ ਸੇ ਬੇਸ਼ਕ ਧ੍ਰਾਸ ਬਣ ਜਾਓ ਔਰ ਬ੍ਰਹਮਾ ਨੰਦ ਕਾ ਰਸ ਲਓ। ਇਨ ਵਚਨੋਂ ਸੇ



ਖਤ੍ਰੀਓਂ ਕੋ ਭੀ ਸੰਨਿਆਸ ਲੇਨੇ ਕਾ ਅਧਿਕਾਰ ਮਲੂਮ ਹੋਤਾ ਹੈ। ਤਥਾ ਗੋਪੀ ਚੰਦ ਭਰਥਰੀ ਪੂਰਣਾਦਿ ਰਾਜ ਕੁਮਾਰ ਸੰਨਿਆਸੀ ਸੁਨਨੇ ਮੇਂ ਆਤੇ ਹੈਂ। ਇਸੀ ਤਰਹ ਤੀਨੋਂ ਵਰਣੋਂ ਕੇ ਸੰਨਿਆਸੀ ਦੇਖਨੇ ਮੇਂ ਆਤੇ ਹੈਂ। ਯਾਂਤੇ ਤੀਨੋਂ ਵਰਣੋਂ ਕੋ ਸੰਨਿਆਸ ਲੇਨੇ ਕਾ ਅਧਿਕਾਰ ਹੈ। ਇਸ ਪ੍ਰਕਾਰ ਕੇ ਵਚਨ ਸੁਨ ਕਰ ਸੰਤ ਮੰਡਲੀ ਤਥਾ ਭਗਤ ਮੰਡਲੀ ਬੜੀ ਪ੍ਰਸੰਨ ਹੂਈ। ਔਰ ਆਪ ਕਾ ਯਸ਼ ਗਾਯਨ ਕਰਨੇ ਲਗੇ ਔਰ ਉਥੇ ਹੀ ਹੋਤੀ ਮਰਦਾਨ ਵਾਲੇ ਸੰਤ ਮਹਾਰਾਜ ਤਾਰਾ ਸਿੰਘ ਜੀ ਮਿਲੇ ਔਰ ਸੰਤ ਪ੍ਰੇਮ ਸਿੰਘ ਜੀ ਨਵੇਂ ਨਵੇਂ ਹੀ ਸੰਤ ਹੋਏ ਸੀ ਅਜੇ ਅਖਰ ਹੀ ਸੀਖ ਰਹੇ ਸੀ ਬੜੇ ਪ੍ਰੇਮ ਸੇ ਮਿਲੇ ਅੰਤ ਤਕ ਦੋਨੋਂ ਪ੍ਰੇਮ ਸੇ ਰਹੇ। ਫੇਰ ਉਹਾਂ ਸੇ ਮਹਾਰਾਜ ਉਠ ਕਰ ਗੁਜਰਖਾਨ ਆਏ, ਵਹਾਂ ਪ੍ਰੇਮੀਓਂ ਕੋ ਸਦ ਉਪਦੇਸ਼ ਕੀਆ। ਰਾਵਲਪਿੰਡੀ ਪੰਜਾ ਸਾਹਿਬ ਰਹਿ ਕਰ ਹੋਤੀ ਮਰਦਾਨ ਬਾਬਾ ਕਰਮ ਸਿੰਘ ਜੀ ਕੇ ਦਰਸਨ ਵਾਸਤੇ ਗਏ ਉਹ ਬੜੇ ਪ੍ਰੇਮ ਸੇ ਮਿਲੇ, ਔਰ ਬਹੁਤ ਦਿਨ ਪ੍ਰੇਮ ਸੇ ਰਖਾ। ਬਾਬਾ ਲਾਲ ਸਿੰਘ ਜੀ ਔਰ ਸੰਤ ਆਯਾ ਸਿੰਘ ਜੋ ਪ੍ਰੇਮ ਸੇ ਸੇਵਾ ਕਰਤੇ ਰਹੇ। ਵਹਾਂ ਸੇ ਉਠ ਕਰ ਆਪ ਪਿਸ਼ਾਵਰ ਆਏ। ਵਹਾਂ ਭਾਈ ਮਿੱਠਾ ਸਿੰਘ ਔਰ ਕਰਮ ਸਿੰਘ ਰਾਗੀ ਆਪ ਕੇ ਅਨੰਨਯ ਸੇਵਕ ਹੂਏ। ਉਹਾਂ ਆਪ ੪ ਮਹੀਨੇ ਰਹਿ ਕਰ ਫੇਰ ਸ਼ਬਕਦੂਰ-ਕਿਲੇ ਮੇਂ ੪ ਮਹੀਨੇ ਰਹੇ, ਭਾਈ ਮਿੱਠਾ ਸਿੰਘ ਕਰਮ ਸਿੰਘ ਨਾਲ ਹੀ ਰਹਾ ਕਰਤੇ ਥੇ। ਸੰਗਤ ਕੀ ਬੜੀ ਭੀੜ ਰਹਾ ਕਰਤੀ ਥੀ। ਭਾਈ ਮਿੱਠਾ ਸਿੰਘ ਆਦਿਕੋਂ ਨੇ ਗ੍ਰਹਸਥ ਆਸ਼੍ਰਮ ਕੇ ਧਰਮ ਪੂਛੇ ਕਈ ਦਿਨ ਤਕ ਪ੍ਰਸੰਗ ਚਲਤੇ ਰਹੇ। ਕੁਛ ਪ੍ਰਸੰਗ ਯਹਾਂ ਲਿਖਤੇ ਹੈਂ- ਗੁਰੂ ਪ੍ਰਮਾਣ:-

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ॥**

[ਰਾਮਕਲੀ ਵਾਰ ਮ: ੩ ਸਫਾ ੯੫੨

**ਸ਼ਲੋਕ-ਸੁ ਵਿਪ੍ਰ ਪਾਦੋਦਕ ਕਰਦਮਾਨਿ ਸੁਵੇਦ ਸ਼ਾਸਤ੍ਰ ਧੁਨਿ ਗਰਜਿਤਾਨਿ ॥ ਸ੍ਵਾਹਾ ਸ੍ਵਧਾਕਾਰ ਨਿਰੰਤਰਾਣਿ ਸ੍ਵਾਨੰਦ ਤੁਲਜਾਨਿ ਗ੍ਰਿਹਾਨਿਤਾਨਿ ॥**

ਅਰਥ-ਬ੍ਰਾਹਮਣੋਂ ਸਾਧੂਓਂ ਕੇ ਚਰਨ ਧੋਨੇ ਸੇ ਜਿਨ੍ਹੋਂ ਕੇ ਘਰੋਂ ਮੇਂ ਚਿੱਕੜ ਹੋਵੇ। ਔਰ ਵੇਦ ਸ਼ਾਸਤਰੋਂ ਕੀ ਧੁਨਿ ਜਿਨ੍ਹੋਂ ਕੇ ਘਰ ਮੇਂ ਗਰਜ ਰਹੀ ਹੋਵੇ। ਔਰ ਪਰਮੇਸ਼੍ਵਰ ਸਾਧੂਓਂ ਕੀ ਪੂਜਾ ਜਿਨ੍ਹੋਂ ਕੇ ਘਰੋਂ ਮੇਂ ਰੋਜ ਹੋਤੀ ਹੋਵੇ ਉਹ ਆਤਮ ਆਨੰਦ ਕੇ ਬਰਾਬਰ ਘਰ ਹੈ।

**ਨ ਵਿਪ੍ਰ ਪਾਦੋਦਕ ਪੰਕਿਲਾਨਿ ਨ ਵੇਦ ਸ਼ਾਸਤ੍ਰ ਧੁਨਿ ਗਰਜਿਤਾਨਿ ॥**

**ਸ੍ਵਾਹਾ ਸ੍ਵਧਾਕਾਰ ਵਿਵਰਜਿਤਾਨਿ ਸ਼ਮਸ਼ਾਨਤੁਲਯਾਨਿ ਗ੍ਰਿਹਾਣਿਤਾਨਿ।**

ਅਰਥ–ਜਿਨੇਂ ਘਰੋਂ ਮੇਂ ਸਾਧੂ ਬ੍ਰਾਹਮਣੋਂ ਕੇ ਚਰਨ ਧੋਨੇ ਸੇ ਚਿਕੜ ਨਹੀਂ ਹੋਤੀ। ਔਰ ਵੇਦ ਸਾਸਤ੍ਰ ਕੀ ਧੁਨਿ ਜਿਨ ਘਰੋਂ ਮੇਂ ਨਹੀਂ ਗਰਜਤੀ । ਔਰ ਸ੍ਵਾਹਾ ਸ੍ਵਧਾਕਾਰ ਸੇ ਰਹਿਤ ਘਰ ਹੈਂ । ਵੋਹ ਸ਼ਮਸਾਨ ਯਾਨੇ ਮਸਾਨ ਕੇ ਬਰਾਬਰ ਘਰ ਹੈਂ । ਗੁਰੂ ਜੀ ਲਿਖਤੇ ਹੈਂ :–

**ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥**

[ਸਲੋਕ ਕਬੀਰ ਸਫਾ ੧੩੭੪

ਤਥਾ ਇਸ ਮੇਂ ਏਕ ਕਥਾ ਭੀ ਹੈ ਏਕ ਮਹਾਤਮਾ ਬੜੇ ਬੀਤਰਾਗ ਏਕ ਰਾਜਾ ਕੇ ਸਹਿਰ ਮੇਂ ਆਏ ਬਹੁਤ ਲੋਗ ਉਨੋਂ ਕੇ ਸਤਿਸੰਗ ਮੇਂ ਜਾਯਾ ਕਰਤੇ ਔਰ ਰਾਜਾ ਕੋ ਭੀ ਸਤਿਸੰਗ ਕਰਨੇ ਸੇ ਸ਼ਰਧਾ ਹੂਈ ਔਰ ਹਰ ਰੋਜ ਆਨੇ ਲਗਾ। ਏਕ ਦਿਨ ਹਾਥ ਜੋੜ ਕੇ ਪ੍ਰਾਰਥਨਾ ਕਰੀ ਕਿ ਮਹਾਰਾਜ ਕੋਈ ਚਾਰ ਵਚਨ ਸੁਨਾਓ ਜਿਨ ਕਰ ਮੇਰਾ ਲੋਕ ਪਰਲੋਕ ਸੁਧਰ ਜਾਵੇ ਤਬ ਮਹਾਤਮਾ ਇਹ ਸ਼ਲੋਕ ਸੁਨਾਤੇ ਭਏ :–

**ਸ਼ਲੋਕ–ਆਗਤੇ ਸ੍ਵਾਗਤੰ ਸਾਰੰ ਰਾਤ੍ਰਉ ਸਾਰੰ ਚ ਜਾਗ੍ਰਿਣੰ ॥ ਭੋਜਨੇ ਚ ਘ੍ਰਿਤੰ ਸਾਰੰ ਇਸਤ੍ਰਿਯਾਂ ਸਾਰੰ ਚ ਤਾੜਨੰ ॥**

ਟੀਕਾ–ਆਏ ਅਤਿਥੀ ਕਾ ਸਤਿਕਾਰ ਕਰਨਾ ਯੇ ਗ੍ਰਿਹਸਥੀ ਕਾ ਪਹਿਲਾ ਧਰਮ ਹੈ। ਦੂਸਰਾ ਰਾਤ੍ਰੀ ਕੇ ਪਿਛਲੇ ਪਹਿਰ ਮੇਂ ਜਾਗਨਾ । ਤੀਸਰਾ ਸਾਤ੍ਵਿਕ ਭੋਜਨ ਕਰਨਾ ਖੁਸ਼ਕ ਭੋਜਨ ਕਭੀ ਨ ਕਰਨਾ, ਕਰੋਗੇ ਤੋ ਲੜਾਈ ਹੋ ਜਾਏਗੀ ਔਰ ਹਟੇਗੀ ਨਹੀਂ ਇਸ ਵਾਸਤੇ ਖੁਸ਼ਕ ਭੋਜਨ ਨ ਕਰਨਾ । ਚੌਥਾ ਘਰ ਕੀ ਇਸਤ੍ਰੀ ਹਠ ਕਰੇ ਤਬ ਉਸ ਕੋ ਤਾੜਨਾ। ਯਹ ਅਮੋਲਕ ਵਚਨ ਹੈਂ ਇਨਕਾ ਕੋਈ ਮੁਲ ਨਹੀਂ । ਇਨੋਂ ਕੋ ਵਿਸਤਾਰ ਸੇ ਸੁਨਾਤੇ ਹੈਂ । ਗ੍ਰਿਹਸਥੀ ਕੇ ਪਾਸ ਜਬ ਕੋਈ ਭੀ ਅਤਿਥੀ ਆਵੇ ਤੋ ਉਸ ਕੋ ਪ੍ਰਮੇਸ਼੍ਵਰ ਜਾਣ ਕੇ ਉਸ ਕੀ ਪੂਜਾ ਕਰੇ । ਵੇਦੋਂ ਮੇਂ ਲਿਖਾ ਹੈ :–

**ਅਤਿਥੀਰ ਦੇਵੋ ਭਵ ॥**

[ਤੈਤ੍ਰੀਉ ਪਨਿਸ਼ਦ

ਹੇ ਅਧਿਕਾਰੀ ਅਤਿਥੀ ਕੋ ਪਰਮੇਸ੍ਵਰ ਜਾਣ ਕੇ ਪੂਜਨ ਕਰਨੇ ਵਾਲਾ ਹੋ ਔਰ ਪਰਾਸ਼ਰ ਜੀ ਭੀ ਲਿਖਤੇ ਹੈਂ :–

**ਕਾਸ਼੍ਟ ਭਾਰ ਸਹਸ੍ਰੇਣ ਘ੍ਰਿਤ ਕੁੰਭ ਸ਼ਤੇਨ ਚ ॥ ਅਤਿਥਿਰ ਯਸਯ ਭਗਨਆਸ਼: ਤਸਯ ਹੋਮੋ ਨਿਰਾਰਥਕ: ॥ ੧ ॥**

[ਪਰਾਸ਼ਰ ਸਿਮ੍ਰਿਤੀ

**ਅਹਨਿਅਹਨਿ ਯੇ ਦਦਯਾਤ ਕਪਿਲਾਂ ਦ੍ਵਾਦਸ਼ ਸਮਾ: ॥ ਮਾਸਿ ਮਾਸਿ ਚ**



**ਸਤ੍ਰੇਣ, ਯੇ ਯਜੇਤ ਸਦਾ ਨਰ: ॥ ੨ ॥ ਗਵਾਂ ਸ਼ਤ ਸਹਸ੍ਰੰਚ ਯੋ ਦਦਯਾਤ ਜ੍ਯੇਸ਼੍ਠ ਪੁਸ਼ਕਰੇ ॥ ਨ ਤਦਧਰਮ ਫਲੰ ਤੁਲਯ ਅਤਿਥਿਰ ਯਸਯ ਤੁਸ਼ਯਤਿ ॥ ੩ ॥ ਨ ਯਗਯੇ ਦਖਸ਼ਿਣਾ ਵਦਭਿਰ ਵਨ੍ਹਿ ਸ਼ੁਸ਼੍ਰੂਸ਼ਯਤਥਾ ॥ ਗ੍ਰਹੀ ਸ੍ਵਰਗੰ ਅਵਾਪਨੋਤੀ ਯਥਾ ਅਤਿਥਿ ਪੂਜਨਾਤ ॥ ੪ ॥**

[ਮਹਾਭਾਰਤ ਅਨੁਸਾਸ਼ਨ ਪਰਵ ਅਧਯਾਯ ੧੩੦

ਟੀਕਾ–ਪਰਾਸ਼ਰ ਜੀ ਕਹਿਤੇ ਹੈਂ ਹਜ਼ਾਰੋਂ ਕਾਠ ਕੇ ਭਾਰ ਸੇ ਤਥਾ ਸੈਂਕੜੇ ਹੀ ਘੀ ਕੇ ਘੜੋਂ ਸੇ ਹਵਨ ਕੀਆ ਜਾਵੇ ਪਰੰਤੂ ਜਿਸ ਕੇ ਘਰ ਅਤਿਥੀ ਆ ਕੇ ਨਿਰਾਸ਼ ਲੌਟ ਜਾਵੇ ਉਸਕਾ ਸਭ ਹਵਨ ਨਿਰਾਰਥਕ (ਨਿਸਫਲ) ਹੈ ॥੧॥ ਮਹਾਭਾਰਤ ਕੇ ਅਨੁਸ਼ਾਸਨ ਪਰਵ ਮੇਂ ਅਧਯਾਯ ੧੩੦ ਕੇ ੬੭ ਸਲੋਕ ਮੇਂ ਲਿਖਤੇ ਹੈਂ । ਰੋਜ਼ ਰੋਜ਼ ਜੋ ਬਾਰਹ ਬਰਸ ਤਕ ਕਪਿਲਾ ਗਊ ਦੇਤਾ ਹੈ ਔਰ ਮਹੀਨੇ ਮਹੀਨੇ ਮੇਂ ਜੋ ਯੱਗੋਂ ਸੇ ਹਵਨ ਕਰਤਾ ਹੈ ॥੨॥ ਔਰ ਸਭ ਸੇ ਬੜਾ ਜੋ ਪੁਸ਼ਕਰ ਰਾਜ ਤੀਰਥ ਹੈ ਉਸ ਮੇਂ ਜਾਕਰ ਸੌ ਹਜ਼ਾਰ ਗਊ ਭੀ ਦਾਨ ਕਰਤਾ ਹੈ ਉਸ ਪੁੰਨ ਸੇ ਅਧਿਕ ਅਤਿਥਿ ਕੋ ਅੰਨ ਜਲ ਸੇ ਪ੍ਰਸੰਨ ਕਰਨੇ ਕਾ ਹੋਤਾ ਹੈ ॥ ੩ ॥ ਦੱਖਣਾ ਸਹਿਤ ਯੱਗ ਕਰਨੇ ਸੇ, ਅਗਨੀ ਹੋਤ੍ਰ ਕਰਨੇ ਸੇ ਤਥਾ ਨਾਨਾ ਪ੍ਰਕਾਰ ਸੇ ਬੜਿਓਂ ਕੀ ਸੇਵਾ ਕਰਨੇ ਸੇ ਗ੍ਰਿਹਸਥੀ ਕੋ ਐਸਾ ਸ੍ਵਰਗ ਨਹੀਂ ਮਿਲਤਾ ਜੈਸੇ ਕਿ ਅਤਿਥੀ ਕੇ ਪੂਜਨੇ ਸੇ ॥ ੪ ॥ ਇਸ ਮੇਂ ਏਕ ਕਥਾ ਹੈ। ਮਹਾਰਾਜਾ ਵਿਕ੍ਰਮ ਉਜੈਨ ਕਾ ਰਾਜਾ ਥਾ ਬੜਾ ਪ੍ਰਤਾਪੀ ਸੂਰਬੀਰ ਰਾਜਾ ਥਾ । ਉਨੋਂ ਕੋ ਏਕ ਦਿਨ ਖਿਆਲ ਹੂਆ ਕਿ ਮੈਨੇ ਐਸਾ ਕੌਨ ਪੁੰਨ ਕੀਆ ਹੈ ਜੋ ਐਸਾ ਧਰਮਾਤਮਾ ਪ੍ਰਤਾਪੀ ਰਾਜਾ ਬਣਿਆ ਹੂੰ । ਅਪਨੇ ਪੁੰਨ ਕਾ ਵਿਚਾਰ ਕਰਨਾ ਜ਼ਰੂਰੀ ਹੈ ਤਬ ਉਸਨੇ ਬੜੇ ਬੜੇ ਵਿਦਵਾਨ ਜੋਤਸ਼ੀ ਬੁਲਾਏ ਅਰ ਕਹਾ ਦਸੋ ਮੈਨੇ ਕੌਣ ਪੁੰਨ ਕੀਆ ਹੈ ਮੇਰੇ ਕੋ ਅਠ ਦਿਨ ਕੇ ਅੰਦਰ ਜਵਾਬ ਨਾ ਦੋਗੇ ਤੋ ਆਪ ਕੋ ਯੋਗ ਦੰਡ ਦੀਆ ਜਾਏਗਾ । ਤਬ ਬ੍ਰਾਹਮਣੋਂ ਨੇ ਬੜੇ ਯਤਨ ਕੀਏ ਪਰੰਤੂ ਪਤਾ ਨ ਲਗਾ । ਆਖਿਰ ਰਾਜਾ ਕੇ ਪੁਰੋਹਿਤ ਕੀ ਕੰਨਿਆਂ ਨੇ ਅਪਨੇ ਪਿਤਾ ਕੋ ਦੂਖੀ ਦੇਖਕੇ ਕਹਾ ਮੈਂ ਰਾਜਾ ਕੇ ਪ੍ਰਸ਼ਨ ਕਾ ਉੱਤਰ ਦੂੰਗੀ ਯਦਿ ਰਾਜਾ ਇਕੱਲਾ ਮੇਰੇ ਪਾਸ ਆਵੇ। ਰਾਜਾ ਉਸ ਕੰਨਿਆਂ ਪਾਸ ਗਯਾ । ਕੰਨਿਆਂ ਨੇ ਰਾਜਾ ਕੋ ਕਹਾ ਕਿ ਮੈਂ ਤੁਮਾਰਾ ਸਭ ਹਾਲ ਜਾਣਤੀ ਹੂੰ ਪਰੰਤੂ ਤੁਮਾਰੀ ਤਸੱਲੀ ਵਾਸਤੇ ਤੁਮਕੋ ਏਕ ਮਹਾਤਮਾ ਪਾਸ ਭੇਜਤੀ ਹੂੰ ਈਹਾਂ ਸੇ ਦਸ ਕੋਸ ਦੂਰ ਚਲੇ ਜਾਓ ਆਪਕੋ ਏਕ ਮਹਾਤਮਾ ਮਿਲੇਗਾ ਉਸਕੀ ਯੇ ਨਿਸ਼ਾਨੀ ਹੋਗੀ ਅੰਨ ਨਹੀਂ ਖਾਵੇਗਾ ਜਲਤੇ ਹੋਏ ਕੋਇਲੇ ਅੰਗਾਰ ਹੀ ਭਖਸ਼ਣ ਕਰੇਗਾ। ਉਸਕੋ ਮੇਰੀ ਨਮਸਕਾਰ ਕਰਕੇ ਆਪਨਾ ਹਾਲ ਪੂਛਨਾ । ਰਾਜਾ ਕੰਨਿਆਂ ਕਾ ਕਹਾ ਮਾਨ ਕਰ ਉਸਕੇ ਪਾਸ ਗਯਾ ਔਰ ਦੇਖਾ ਬੜੀਆਂ ਬੜੀਆਂ ਜਟਾਏਂ ਹੈਂ ਔਰ ਅਗਨੀ ਭਖਸ਼ਣ ਕਰਤਾ ਹੈ, ਔਰ ਉਸਕੋ ਕੰਨਿਆਂ ਕੀ ਨਮਸਕਾਰ ਤਥਾ ਅਪਨੀ ਨਮਸਕਾਰ ਕਰ ਬੈਠ ਗਯਾ ਔਰ ਪੂਛਨੇ ਲਗਾ ਕਿ ਦਸੋ ਕਿ ਮੈਂ ਕਿਸ ਪੁੰਨ ਕੇ ਪ੍ਰਤਾਪ ਸੇ ਪ੍ਰਤਾਪੀ ਰਾਜਾ ਤਥਾ ਧਰਮਾਤਮਾ ਬਣਾ ਹੂੰ ਉਨੋਂ ਨੇ ਭੀ ਕਹਾ

ਕਿ ਮੈਂ ਤੁਮਾਰਾ ਸਭ ਹਾਲ ਜਾਨਤਾ ਹੂੰ ਪਰੰਤੂ ਤੁਮਾਰੀ ਤਸੱਲੀ ਵਾਸਤੇ ਏਕ ਹੋਰ ਮਹਾਤਮਾ ਕੇ ਪਾਸ ਭੇਜਤਾ ਹੂੰ। ਈਹਾਂ ਸੇ ੧੦ ਕੋਸ ਦੂਰ ਚਲੇ ਜਾਓ ਵਹਾਂ ਏਕ ਮਹਾਤਮਾ ਮਿਲੇਗਾ ਜੋ ਕੇਵਲ ਸੁਆਹ ਹੀ ਖਾਤਾ ਹੈ ਉਸਕੋ ਮੇਰੀ ਨਮਸਕਾਰ ਕਰਕੇ ਉਸ ਸੇ ਅਪਨਾ ਹਾਲ ਪੂਛਨਾ। ਰਾਜਾ ਉਥੇ ਗਯਾ ਨਮਸਕਾਰ ਕਰੀ ਸਭ ਹਾਲ ਕਹਾ ਔਰ ਪੂਛਾ ਪਰੰਤੂ ਉਨੋਂ ਨੇ ਭੀ ਕਹਾ ਹਮ ਤੇਰਾ ਹਾਲ ਸਭ ਕੁਛ ਜਾਣਤੇ ਹੈਂ ਪਰੰਤੂ ਤੇਰੀ ਤਸੱਲੀ ਵਾਸਤੇ ਫਿਰ ਅਗੇ ਭੇਜਤੇ ਹੈਂ ਯਹਾਂ ਸੇ ਦਸ ਕੋਸ ਦੂਰ ਜਾਓ ਵਹਾਂ ਏਕ ਰਾਜਾ ਕੇ ਘਰ ਲੜਕਾ ਜਨਮੇਗਾ ਓਹ ਦੂਧ ਨਹੀਂ ਪੀਏਗਾ ਉਸਕੋ ਦੂਧ ਤੁਮਨੇ ਪਿਲਾ ਕਰ ਪੂਛਨਾ ਓਹ ਤੁਮਕੋ ਸਭ ਹਾਲ ਸੁਨਾਏਗਾ। ਰਾਜਾ ਵਿਕ੍ਰਮ ਉਸਕੇ ਕਹਿਨੇ ਸੇ ਵਹਾਂ ਗਯਾ ਔਰ ਉਸ ਰਾਜਾ ਕੇ ਘਰ ਬਾਲਕ ਪੈਦਾ ਹੂਆ ਔਰ ਦੂਧ ਨਹੀਂ ਸੀ ਪੀਤਾ ਰਾਜਾ ਵਿਕ੍ਰਮ ਨੇ ਦੂਧ ਪਿਲਾਯਾ ਔਰ ਪੂਛਾ, ਤਬ ਉਹ ਬਾਲਕ ਪੂਰਵ ਜਨਮ ਕਾ ਸਭ ਵਿਰਤਾਂਤ ਸੁਨਾਨੇ ਲਗਾ ਕਿ ਮਹਾਰਾਜ ਮੈਂ ਔਰ ਆਪ ਔਰ ਉਹ ਦੋਨੋਂ ਰਿਸ਼ੀ ਹਮ ਚਾਰੋਂ ਮਿਲ ਕਰ ਨਿਰਜਨ ਬਨ ਮੇਂ ਤਪੱਸਯਾ ਕਰ ਰਹੇ ਥੇ ਔਰ ਵੋਹ ਪੁਰੋਹਿਤ ਕੀ ਕੰਨਿਆਂ ਏਕ ਵਾਨਪ੍ਰਸਤ ਕੀ ਇਸਤ੍ਰੀ ਥੀ ਵਹਾਂ ਗੰਗਾ ਕਿਨਾਰੇ ਰਹਿਤੀ ਥੀ ਔਰ ਹਮਾਰੇ ਕੋ ਰੋਜ਼ ਦੋ ਦੋ ਰੋਟੀਆਂ ਦੇ ਦੀਆ ਕਰਤੀ ਸੀ ਬਾਕੀ ਹਮ ਫਲ ਪਤ੍ਰ ਖਾਕੇ ਨਿਰਵਾਹ ਕਰਤੇ ਸੀ। ਜਬ ਕੁਛ ਸਮਾਂ ਤਪਸਿਆ ਕਰਤੇ ਵਿਤੀਤ ਹੋ ਗਯਾ ਤਬ ਵਿਸ਼ਨੂ ਭਗਵਾਨ ਜੀ ਹਮ ਚਾਰੋਂ ਕੇ ਚਿਤ ਕੀ ਨਰਮਾਈ ਕੀ ਪਰੀਖਿਆ ਕਰਨੇ ਵਾਸਤੇ ਬ੍ਰਿਧ ਭੂਖੇ ਬ੍ਰਾਹਮਣ ਕਾ ਰੂਪ ਧਾਰ ਕਰ ਉਸ ਬਨ ਵਿਖੇ ਆਏ ਔਰ ਪਹਿਲੇ ਉਸ ਅਗਨੀ ਖਾਨੇ ਵਾਲੇ ਮਹਾਤਮਾ ਕੀ ਕੁਟੀਆ ਮੇਂ ਗਏ। ਓਹ ਮਹਾਤਮਾ ਅਜੇ ਰੋਟੀ ਲੈ ਕਰ ਆਯਾ ਹੀ ਸੀ ਉਸਕੋ ਕਹਿਨੇ ਲਗੇ ਮੈਂ ਤੀਨ ਦਿਨ ਕਾ ਬਹੁਤ ਭੂਖਾ ਹੂੰ ਮੇਰੇ ਕੋ ਰਜ ਕੇ ਰੋਟੀ ਖਲਾਓ ਮੈਂ ਏਕ ਵਾਰ ਹੀ ਰੋਟੀ ਖਾਯਾ ਕਰਤਾ ਹੂੰ। ਤਬ ਉਸਨੇ ਕਹਾ ਮੈਂ ਭੀ ਸਾਰੇ ਦਿਨ ਕਾ ਭੂਖਾ ਹੂੰ ਏਕ ਰੋਟੀ ਆਪ ਲੇ ਲੇਂ ਔਰ ਇਕ ਮੈਂ, ਬ੍ਰਾਹਮਣ ਨੇ ਨ ਮਾਨਾ ਉਨੋਂ ਨੇ ਕਹਾ ਡੇਢ ਰੋਟੀ ਲੇ ਲੇ ਆਧੀ ਮੇਰੇ ਕੋ ਖਾਨੇ ਕੋ ਦੇ ਦੋ ਪਰੰਤੂ ਵੋ ਅਤਿਥੀ ਨ ਮਾਨਾ। ਤਬ ਉਸ ਸੰਤ ਨੇ ਗੁਸੇ ਹੋ ਕੇ ਕਹਾ ਮੈਂ ਤੇਰੇ ਕੋ ਸਾਰੀਆਂ ਰੋਟੀਆਂ ਦੇਦੂੰ ਤੋ ਕਿਆ ਮੈਂ ਅਗਨੀ ਖਾਊਂ। ਉਨੋਂ ਨੇ ਕਹਾ ਤਥਾਸਤੂ ਉਸ ਦਿਨ ਸੇ ਅਭੀ ਤਕ ਅਗਨੀ ਹੀ ਖਾਤਾ ਹੈ। ਤਬ ਦੂਸਰੇ ਪਾਸ ਗਏ ਉਨੋਂ ਨੇ ਭੀ ਐਸੇ ਕਹਾ। ਤਬ ਉਨੋਂ ਨੇ ਕਹਾ ਕਿਆ ਮੈਂ ਸੁਆਹ ਖਾਊਂ ਤਬ ਸੇ ਵੋਹ ਸੁਆਹ ਹੀ ਖਾਤਾ ਰਹਿਤਾ ਹੈ ਜਬ ਮੇਰੇ ਪਾਸ ਆਇਆ ਤੋ ਮੈਂ ਨੇ ਭੀ ਏਕ ਤਥਾ ਡੇਢ ਰੋਟੀ ਦੇਨੇ ਕੋ ਕਹਾ ਉਸਨੇ ਨ ਮਾਨਾ, ਤਬ ਮੈਂਨੇ ਭੀ ਕਹਿ ਦੀਆ ਕਿਆ ਮੈਂ ਮਰ ਜਾਊਂ ਉਨੋਂ ਨੇ ਕਹਾ ਤਥਾਸਤੂ। ਤਬ ਸੇ ਮੈਂ ਮਰਤਾ ਜਨਮਤਾ ਰਹਿਤਾ ਹੂੰ। ਫੇਰ ਵੋ ਆਪਕੇ ਪਾਸ ਆਯਾ। ਆਪਕਾ ਚਿਤ ਬੜਾ ਦਿਆਲੂ ਥਾ, ਜਬ ਆਪਕੇ ਪਾਸ ਆਯਾ ਤਬ ਅਪਨੇ ਕਹਿਨੇ ਕੇ ਪਹਿਲੇ ਹੀ ਆਸਣ ਵਿਛਾਕੇ ਬਿਠਾਯਾ ਔਰ ਦੋਨੋਂ ਰੋਟੀਆਂ ਔਰ ਫਲ ਫੂਲ ਲਾਕੇ ਰਖੇ ਔਰ ਲਸੀ ਕਾ ਲੋਟਾ ਲਿਆਕੇ ਆਗੇ ਰਖਾ, ਅਤਿਥੀ ਭਗਵਾਨ ਖਾਕੇ ਰਜੇ। ਔਰ ਵਰਦਾਨ ਕੀਆ ਕਿ ਆਪ ਕੋ ਏਕ ਜਨਮ ਔਰ ਪ੍ਰਤਿਬੰਧਕ ਹੈ। ਉਸ ਮੇਂ ਆਪ ਚਕ੍ਰਵਰਤੀ ਰਾਜਾ ਪ੍ਰਤਾਪੀ ਧਰਮਾਤਮਾ ਗਿਆਨਵਾਨ ਹੋਕੇ



ਮੁਕਤ ਹੋ ਜਾਓਗੇ ਔਰ ਯੇ ਜੋ ਤੀਨ ਹੈਂ, ਇਨ ਕੋ ਹਮ ਨੇ ਸ਼ਾਪ ਦੀਆ ਹੈ ਸੋ ਜਬ ਆਪ ਇਸ ਬਾਤ ਕੋ ਭੂਲ ਜਾਓਗੇ ਤਬ ਇਨ ਕੇ ਪਾਸ ਪੂਛਨੇ ਜਾਓਗੇ ਤੋ ਇਨੋਂ ਕੇ ਸ਼ਾਪ ਕੀ ਨਵਿਰਤੀ ਹੋ ਜਾਏਗੀ। ਔਰ ਯੇ ਜੋ ਵਾਨਪ੍ਰਸਤ ਕੀ ਇਸਤ੍ਰੀ ਹੈ ਇਸ ਕੋ ਭੀ ਏਕ ਜਨਮ ਪ੍ਰਤਿਬੰਧਕ ਹੈ ਦੂਸਰੇ ਜਨਮ ਮੇਂ ਪੁਰੋਹਿਤ ਕੀ ਕੰਨਿਆਂ ਹੋਕਰ ਗਿਆਨਵਾਨ ਹੋ ਕੇ ਮੁਕਤ ਹੋ ਜਾਏਗੀ। ਸੋ ਹੇ ਮਹਾਰਾਜਾ ਵਿਕ੍ਰਮ ! ਹਮ ਨੇ ਆਪ ਕੋ ਕਥਾ ਸੁਨਾਈ, ਯੇ ਹੀ ਕਥਾ ਦੋਨੋਂ ਰਿਸ਼ੀ ਤਥਾ ਕੰਨਿਆ ਸੁਨਾਏਗੀ ਔਰ ਉਨ ਰਿਸ਼ੀਓਂ ਕੋ ਅਪਨੇ ਰਾਜ ਮੇਂ ਲੇ ਜਾਨਾ ਔਰ ਸੇਵਾ ਕਰਨੀ। ਅਬ ਹਮ ਮੁਕਤ ਹੂਏ। ਯੇ ਸਾਰਾ ਫਲ ਮਹਾਰਾਜਾ ਵਿਕ੍ਰਮ ਕੋ ਏਕ ਅਤਿਥੀ ਕੇ ਦੋ ਰੋਟੀਆਂ ਖਿਲਾਨੇ ਸੇ ਮਿਲਾ ਤਾਂਤੇ ਗ੍ਰਿਹਸਤ ਆਸ਼ਰਮ ਕੋ ਅੰਨ ਦਾਨ ਕਰਨਾ ਚਾਹੀਏ ਯਮਦੂਤ ਭੀ ਏਕ ਰਾਜਾ ਕੋ ਤਥਾ ਏਕ ਵੈਸ਼ਯ ਕੋ ਅਤਿਥੀ ਮਹਾਤਮ ਕਾ ਉਪਦੇਸ਼ ਕਰਤੇ ਭਏ :-

**ਦਦਤ੍ਸ੍ਵੰਨੰ ਦਦਤ੍ਸ੍ਵੰਨੰ ਦਦਤ੍ਸ੍ਵੰਨੰ ਨਰਾਧਿਪ ॥ ਕਰਮ ਭੂਮਉ ਗਤ: ਭੂਯੋ ਯਦਿ ਸ੍ਵਰਗਤ੍ਰ ਮਿਛਸਿ ॥ ੧ ॥ ਪਾਨੀਯੰ ਪ੍ਰਦਦੇਤ੍ਰ ਗ੍ਰੀਸ਼ਮੇ ਹੇਮੰਤੇ ਚ ਤਪੋ ਧਨ: ॥ ਅਨੰ ਚ ਸਰਵਦਾ ਦਤ੍ਵਾ ਗਛੇਤ੍ਰ ਨ ਯਾਮਯ ਯਾਤਨਾਂ ॥ ੨ ॥ ਸਰਵੇਸ਼ਾਂ ਏਵ ਭੂਤਾਨਾਂ ਅਨੰ ਪ੍ਰਾਣ: ਪ੍ਰਤਿਸ਼੍ਰਿਤਾ: ॥ ੩ ॥ ਤੇਨ ਅਨਾਦੋ ਵਿਸ਼ਾਂ ਸ੍ਰੇਸ਼੍ਟ ਪ੍ਰਾਣ: ਦਾਤਾ ਸਿਮ੍ਰਿਤੋ ਬੁਧੈ: ॥**

ਟੀਕਾ-ਹੇ ਰਾਜਾ ! ਅੰਨ ਦਾਨ ਦਿਓ। ਮਾਤ ਲੋਕ ਮੇਂ ਗਯਾ ਹੂਆ ਯਦਿ ਸਵਰਗ ਕੋ ਚਾਹਤਾ ਹੈਂ ॥ ੧ ॥ ਹੇ ਯਸਸ੍ਵੀ ਗਰਮੀ ਕੇ ਦਿਨੋਂ ਮੇਂ ਜਲ ਦਾਨ ਕਰੇ ਔਰ ਸਰਦੀ ਕੇ ਦਿਨੋਂ ਮੇਂ ਅੰਨ ਸਦਾ ਦਾਨ ਕਰੇ। ਯਮਰਾਜ ਕੀ ਤਾੜਨਾ ਸੇ ਛੂਟ ਜਾਏਗਾ ॥ ੨ ॥ ਸਭ ਭੂਤੋਂ ਕੇ ਪ੍ਰਾਣ ਅੰਨ ਮੇਂ ਇਸਥਿਤ ਹੈਂ। ਇਸ ਵਾਸਤੇ ਹੇ ਵੈਸ਼ਯੋ ਮੇਂ ਸਰੇਸ਼ਟ ! ਅੰਨ ਦਾਤਾ ਕਹਾ ਜਾਤਾ ਹੈ ॥ ੩ ॥

**ਸਲੋਕ ॥ ਤਤਸ੍ਵ ਭਾਰਤੇ ਵਰਸ਼ੇ ਰਾਜਾ ਭਵਤਿ ਧਾਰਮਕ: । ਅਨ ਦੋ ਦੀਰਘੰ ਆਯੁਸ੍ਵ ਵਿਦਯਤੇ ਸੁਖ ਸੰਪਦ: ॥**

ਟੀਕਾ-ਭਾਰਤ ਵਰਸ਼ ਮੇਂ ਰਾਜਾ ਧਰਮਾਤਮਾ ਹੋਤਾ ਹੈ। ਅੰਨ ਕੇ ਦੇਨੇ ਵਾਲਾ ਦੀਰਘ ਆਯੂ ਵਾਲਾ ਔਰ ਸੁਖੋਂ ਸੇ ਸੰਪੰਨ ਹੋਤਾ। ਇਸ ਵਾਸਤੇ ਗ੍ਰਿਹਸਤ ਆਸ਼੍ਰਮ ਮੇਂ ਪਹਿਲੀ ਸਾਰ ਬਾਤ ਯਹ ਹੈ ਕਿ ਆਏ ਕਾ ਅੰਨ ਆਦਿਕੋਂ ਸੇ ਸਤਿਕਾਰ ਕਰਨਾ।

**ਆਗਤੇ ਸ੍ਵਾਗਤੰ ਸਾਰੰ ॥ ੧ ॥ ਰਾਤ੍ਰਉ ਸਾਰੰ ਚ ਜਾਗਣੰ ॥**

ਰਾਤ੍ਰੀ ਕਾ ਪਿਛਲਾ ਪਹਿਰ ਜਾਗਨਾ ਸਰੇਸ਼ਟ ਹੈ । ਪਿਛਲੇ ਪਹਿਰ ਕੋ ਬ੍ਰਹਮ ਮਹੂਰਤ ਕਹਿਤੇ ਹੈਂ । ਮਨੂ ਜੀ ਕਹਿਤੇ ਹੈਂ । ਪ੍ਰਮਾਣ:-

**ਬ੍ਰਹਮ ਮੁਹੂਰਤੇ ਬੁਧਯੇਤੇ ਧਰਮਾਰਥਉ ਅਨੁਚਿੰਤਯੇਤ੍, ਕਾਯ ਕਿਲੇਸ਼ਾਂਸ੍ਰ ਤੰਨ੍ ਮੂਲਾਨਵੇਦਤਤ੍ਵਾਰਥੰ ਏਵਚ ॥ ੧ ॥** [ਮਨੁਸਿਮ੍ਰਤੀ

**ਰਾਤ੍ਰੇ: ਪਸ੍ਚਿਮ ਯਾਮਸਯ ਮੁਹੂਰਤੋ ਯਤ੍ਰਿਤੀਯਕ: । ਸਬ੍ਰਾਹਮੰ ਇਤਿ ਵਿਗਯੇਯੋ ਵਿਹਿਤ: ਸ ਪ੍ਰਬੋਧਨੇ ॥ ੨ ॥** [ਵਿਸ਼ਨੂ ਪੁਰਾਣ

**ਬ੍ਰਾਹਮੇ ਮੁਹੂਰਤੇ ਯਾ ਨਿਦ੍ਰਾ ਸਾਪੁੰਨ ਖਯਕਾਰਿਣੀ ਤਾਂ ਕਰੋਤਿਦ੍ਵਿਜੋ ਮੋਹਾਤ੍ਪਾਦਕ੍ਰਿਛ੍ਰੇਣ ਸ਼ੁਧਯਤਿ ॥ ੩ ॥** [ਸਿਮ੍ਰਿਤੀ ਰਤਨਾਵਲੀ

ਟੀਕਾ-ਮਨੂ ਜੀ ਕਹਿਤੇ ਹੈਂ ਬ੍ਰਹਮ ਮੁਹੂਰਤ ਮੇਂ ਜਾਗਨਾ ਚਾਹੀਏ ਜਾਗ ਕਰ ਪਥਮਾਰਥ ਕਾ ਵਿਚਾਰ ਕਰੇ ਜੋ ਵਿਚਾਰ ਸਰੀਰ ਕੇ ਦੁਖੋਂ ਕੋ ਔਰ ਉਨਕਾ ਮੂਲ ਅਗਿਆਨ ਕੋ ਨਾਸ ਕਰਤਾ ਹੈ । ਐਸੇ ਵੇਦ ਕੇ ਤਤ੍ਵ ਅਰਥ ਮਹਾਵਾਕਯੋਂ ਕਾ ਚਿੰਤਨ ਕਰੇ ॥ ੧ ॥ ਰਾਤ੍ਰੀ ਕੇ ਚੌਥੇ ਪਹਿਰ ਕਾ ਜੋ ਤ੍ਰਿਤੀਯ ਮੁਹੂਰਤ ਹੈ । ਯਾਨੇ ਕਮ ਸੇ ਕਮ ਪਾਚ ਘੜੀ ਰਾਤ੍ਰੀ ਰਹਿਤੀ ਹੋਵੇ ਉਸਕੋ ਬ੍ਰਹਮ ਮੁਹੂਰਤ ਕਹਿਤੇ ਹੈਂ, ਉਸ ਮੇਂ ਜਾਗਰਣ ਕਰਨੇ ਕੀ ਸਾਸਤ੍ਰ ਕੀ ਆਗਿਆ ਹੈ ॥ ੨ ॥ ਬ੍ਰਹਮ ਮੁਹੂਰਤ ਮੇਂ ਜੋ ਨਿੰਦਰਾ ਕਰਤਾ ਹੈ। ਉਹ ਨਿੰਦਰਾ ਉਸਕੇ ਪੁੰਨੋਂ ਕੋ ਖਯ ਕਰ ਦੇਤੀ ਹੈ। ਜੋ ਬ੍ਰਾਹਮਣ ਖਤਰੀ ਵੈਸ਼ ਪ੍ਰਮਾਦ ਸੇ ਨਿੰਦਰਾ ਕਰਤਾ ਹੈ। ਸੋ ਤੀਨ ਦਿਨ ਕੇ ਉਪਵਾਸ (ਬ੍ਰਤ) ਸੇ ਸੁਧ ਹੋ ਜਾਤਾ ਹੈ ॥ ੩ ॥

**ਕਾਰ੍ਯ ਤੁਝੈ ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧ ॥ ਨ ਬਿਆਪਈ ਨਾਨਕ ਮਿਟੈ ਉਪਾਧਿ ॥** [ਗਉੜੀ ਬਾਵਨ ਅਖਰੀ ਸਫਾ ੨੫੫

**ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥** [ਸੂਹੀ ਮ: ੫ ਸਫਾ ੭੪੩

**ਗੁਰੁ ਸਤਿਗੁਰੁ ਕਾ ਜੋ ਸਿਖੁ ਅਖਾਏ ਸੋ ਭਲਕੇ ਉਠਿ ਹਰਿਨਾਮੁ ਧਿਆਵੈ ॥** [ਗਉੜੀ ਵਾਰ ਮ: ੪ ਸਫਾ ੩੦੫

**ਫਰੀਦਾ ਪਿਛਲਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥** [ਸ: ਫ: ਸਫਾ ੧੩੮੩

ਇਨ ਪ੍ਰਮਾਣੋਂ ਸੇ ਪਿਛਲੀ ਰਾਤ ਕਾ ਜਾਗਣ ਭੀ ਸ੍ਰੇਸ਼ਟ ਹੈ ।

**ਭੋਜਨੇ ਚ ਘ੍ਰਿਤੰ ਸਾਰੰ ॥ ੩ ॥**



ਭੋਜਨ ਮੇਂ ਘ੍ਰਿਤ ਪਾ ਕੇ ਸ੍ਵਾਦਿਸ਼ਟ ਖਾਨਾ ਹੀ ਸਾਰ ਹੈ ਕਿਉਂਕਿ ਵੇਦੋਂ ਮੇਂ ਲਿਖਾ ਹੈ:-

**ਅੰਨੰ ਅਸ਼ਿਤੰਤ੍ਰੇਧਾ ਵਿਧੀਯਤੇ ਤਸਯ ਯ: ਅਸਥਵਿਸ੍ਰੋ ਧਾਤੁਸ ਤਤ੍ ਪੁਰੀਸ਼ ਭਵਤਿ ਯੋਮਧਯਮ: ਤਨਮਾਂਸੰ ਯੋਅਣਿਸ੍ਰਸੁਨ੍ ਮਨ: । ਆਪ: ਪੀਤਾਸ ਤ੍ਰੇਧਾ ਵਿਧੀਯੰਤ ਤਾਸਾਂ ਯ: ਅਸਥਵਿਸ਼੍ਰ ਧਾਤੂਸੁਨ ਮੂਤ੍ਰੰ ਭਵਤਿ ॥ ਯੋ ਮਧਯਮਸ ਤਤ੍ ਲੋਹਿਤ ਯੋਅਨਿਸ ਸਪ੍ਰਾਣ: । ਤੇਜੋ ਅਸ਼ਿਤੰ ਤ੍ਰੇਧਾ ਵਿਧੀਯਤੇ ਤਸਯ ਯ: ਅਸਥਵਿਸੋ ਧਾਤੂਸੁੰਦਅਸਥਿ ਭਵਤਿ ਯੋ ਮਧਯਮ: ਸ ਮੱਜਾ ਯੋਅਣਿਸ੍ਰ: ਸਾਵਾਕ । ਅੰਨਮਯੰਹਿ ਸੋਮਯ ਮਨ ਆਪੋਮਯ: ਪ੍ਰਾਣਸਤੇਜੋ ਮਯੀ ਵਾਗਿਤਿ ।**

[ਸਾਮ ਵੇਦ ਕੀ ਛਾਂਦੋਗਯ ਉਪਨਿਸ਼ਦ ਅਧਯਾਯ ੬ ਖੰਡ ੫

ਟੀਕਾ-ਉਦਾਲਕ ਰਿਸ਼ੀ ਆਪਨੇ ਪੁਤਰ ਸ੍ਵੇਤ ਕੇਤੂ ਕੋ ਕਹਿਤਾ ਹੈ । ਹੇ ਸੋਮਯ ਖਾਯਾ ਹੂਆ ਅੰਨ ਅੰਦਰ ਜਾ ਕੇ ਤੀਨ ਹਿਸੋਂ ਕੋ ਪ੍ਰਾਪਤ ਹੋਤਾ ਹੈ । ਜੋ ਮੋਟਾ ਭਾਗ ਹੈ ਉਸਕਾ ਵਿਸ਼ਟਾ ਬਣਤਾ ਹੈ। ਵਿਚਲੇ ਭਾਗ ਕਾ ਮਾਂਸ ਬਣਤਾ ਹੈ ਔਰ ਸੂਖਮ ਹਿੱਸਾ ਮਨ ਕੋ ਮਿਲਤਾ ਹੈ । ਐਸੇ ਪੀਆ ਹੂਆ ਜਲ ਭੀ ਤੀਨ ਭਾਗ ਕੋ ਪ੍ਰਾਪਤ ਹੋਤਾ ਹੈ ਮੋਟਾ ਹਿੱਸਾ ਮੂਤਰ ਔਰ ਮਧਯ ਹਿਸਾ ਰਕਤ ਔਰ ਸੂਖਮ ਪ੍ਰਾਣੋਂ ਕੋ ਮਿਲਤਾ ਹੈ । ਇਸੀ ਪਰਕਾਰ ਖਾਏ ਹੂਏ ਘੀ ਤੇਲ ਬਦਾਮ ਵਗੈਰਾ ਤੀਨ ਹਿਸੇ ਕੋ ਪ੍ਰਾਪਤ ਹੋਵੇ ਹੈਂ, ਮੋਟੇ ਭਾਗ ਕੀਆਂ ਹਡੀਆਂ ਬਣ ਜਾਤੀ ਹੈਂ ਔਰ ਜੋ ਵਿਚਲਾ ਭਾਗ ਹੈ ਉਸਕੀ ਚਰਬੀ ਬਣਤੀ ਹੈ। ਔਰ ਜੋ ਸੂਖਮ ਭਾਗ ਹੈ ਵੋਹ ਜ਼ਬਾਨ ਕੋ ਮਿਲਤਾ ਹੈ । ਇਸ ਵਾਸਤੇ ਰਾਗੀ ਲੋਕ ਗਰਮ ਪਦਾਰਥ ਖਾਤੇ ਹੈਂ । ਐਸੇ ਹੇ ਪਿਆਰੇ ਮਨ ਅੰਨਮਯ ਹੈ। ਯਾਨੇ ਅੰਨ ਰੂਪ ਹੈ । ਜੈਸਾ ਅੰਨ ਤੈਸਾ ਮਨ, ਜਲ ਪ੍ਰਾਣ ਰੂਪ ਹੈ । ਜ਼ਬਾਨ ਤੇਜ ਰੂਪ ਹੈ ਯਾਨੇ ਤੇਜਸ੍ਵੀ ਪਦਾਰਥ ਖਾਏਗਾ, ਉਤਨੀ ਜ਼ਬਾਨ ਹੱਛੀ ਰਹੇਗੀ ਔਰ ਵੇਦੋਂ ਮੇਂ ਐਸੇ ਭੀ ਲਿਖਾ ਹੈ:-

**ਆਹਾਰ ਸ਼ੁਧਉ ਸਤ੍ਵ ਸ਼ੁਧਿ: । ਸਤ੍ਵ ਸ਼ੁਧਉ ਧ੍ਰੁਵਾ ਸਿਮ੍ਰਿਤੀ: । ਸਿਮ੍ਰਿਤੀ ਲਾਭੇਸਰਵ ਗ੍ਰੰਥੀਨਾਂ ਵਿ ਪ੍ਰ ਮੋਖਯ: ॥**

ਅਰਥ-ਆਹਾਰ ਕੇ ਸੁਧ ਸੇ ਅੰਤ: ਕਰਣ ਸੁਧ ਹੋਤਾ ਹੈ । ਅੰਤ: ਕਰਣ ਕੀ ਸੁਧਿ ਸੇ ਪ੍ਰਮਾਤਮਾ ਕੀ ਅਡੋਲ ਯਾਦਗਾਰੀ ਹੋਤੀ ਹੈ ਔਰ ਪ੍ਰਮਾਤਮ ਸਿਮ੍ਰਿਤੀ ਸੇ ਸਭ ਅਧਯਾਸ ਔਰ ਦੁਖੋਂ ਕੀ ਨਿਵ੍ਰਿਤੀ ਹੋ ਜਾਤੀ ਹੈ। ਤਾਂਤੇ ਆਹਾਰ ਕੋ ਸੁਧ ਰਖਨਾ ਚਾਹੀਏ। ਚਉਥੀ ਬਾਤ (ਇਸਤ੍ਰੀਆਂ ਸਾਰੰ ਚ ਤਾੜਣੰ) ।

**ਸ਼ਲੋਕ -ਨ ਈਖ੍ਯੇਤ ਪਤਿ ਕ੍ਰੂਰ ਦ੍ਰਿਸ਼੍ਟ੍ਯਾ ਸ਼੍ਰਾਵਯੇਤ੍ਰ ਨ ਵਾ ਦੁਰਵਚ:।ਨ ਅਪ੍ਰਿਯ ਮਨਸਾ ਵਾਪਿ ਚਰੇਤ੍ਰ ਪਤਯੁ: ਪਤਿਬ੍ਰਤਾ ॥**

ਟੀਕਾ–ਪਤਿਬ੍ਰਤਾ ਇਸਤ੍ਰੀ ਆਪਨੇ ਪਤੀ ਕੋ ਕ੍ਰੂਰ ਦ੍ਰਿਸ਼ਟੀ ਸੇ ਕਭੀ ਨ ਦੇਖੇ ਔਰ ਨ ਕਭੀ ਦੁਰਵਚਨ ਕੰਨੋਂ ਮੇਂ ਸਰਵਣ ਕਰਾਵੇ ਔਰ ਅਪਨੇ ਮਨੋਂ ਸੇ ਕਭੀ ਭੀ ਅਪ੍ਰਿਯ ਨ ਕਹੇ। ਪਤਿਬ੍ਰਤਾ ਇਸਤ੍ਰੀ ਅਪਨੇ ਪਤੀ ਸੇ ਐਸੇ ਆਚਰਣ ਕਰੇ।

**ਸ਼ਲੋਕ–ਨਾਸ੍ਤਿ ਭਰਤ੍ਰੀ ਸਮੋ ਨਾਥੋ ਨਾਸ੍ਤਿ ਭਰਤ੍ਰੀ ਸਮੰ ਸੁਖ। ਵਿਸ੍ਰਿਜ੍ਯ ਧਨ ਸਰਵਸ੍ਵੰ ਭਰਤਾ ਵੈਸ਼ਰਣ ਇਸਿਤ੍ਰਯ: ॥ ੧ ॥ ਛਾਯਾਇਵ ਅਨੁਗਤਾ ਸ੍ਵਛਾ ਸਖੀਇਵ ਹਿਤ ਕਰਮਸੁ । ਦਾਸੀਇਵ ਅਦਿਸ੍ਰ ਕਾਰਯੇਸ਼ੁ ਭਾਰਯਾ ਭਰਤੁ: ਸਦਾ ਭਵੇਤ ॥ ੨ ॥**

ਟੀਕਾ–ਪਤਿ ਕੇ ਸਮਾਨ ਕੋਈ ਸਵਾਮੀ ਯਾਨੇ ਰਖਸ਼ਕ ਨਹੀਂ ਔਰ ਪਤੀ ਕੇ ਸਮਾਨ ਕੋਈ ਸੁਖ ਨਹੀਂ ਸਰਵ ਸ੍ਵ ਧਨ ਕੋ ਛੋੜ ਕਰ ਪਤੀ ਕੀ ਹੀ ਸ਼ਰਣ ਇਸਤ੍ਰੀਆਂ ਹੋਕੇ ਰਹੇਂ । ਛਾਯਾ ਕੇ ਸਮਾਨ ਤੋ ਇਸਤ੍ਰੀ ਅਪਨੇ ਪਤੀ ਕੇ ਸਾਥ ਸਦਾ ਵਰਤੇ ਔਰ ਸਹੇਲੀ ਕੀ ਤਰਹ ਉਸ ਸੇ ਪਰੇਮ ਕਰੇ ਔਰ ਕਾਮੋਂ ਮੇਂ ਦਾਸੀ ਕੀ ਤਰਹ ਆਗਿਆ ਕਾ ਪਾਲਨ ਕਰੇ । ਇਨ ਬਾਤੋਂ ਕੋ ਨ ਮਾਨ ਕਰ ਹਠ ਕਰੇ, ਤੋ ਐਸੀ ਇਸਤ੍ਰੀ ਕੋ ਤਾੜਨਾ ਕਰਨਾ ਹੀ ਸ੍ਰੇਸ਼ਟ ਹੈ ਪਤੀ ਕੇ ਅਨੁਕੂਲ ਹੀ ਇਸਤ੍ਰੀ ਰਹੇ । ਯਹ ਇਸਤ੍ਰੀਓਂ ਕੇ ਧਰਮ ਹੈਂ ਯੇ ਚਾਰ ਵਚਨ ਸੰਤੋਂ ਨੇ ਰਾਜਾ ਕੋ ਸੁਨਾਏ । ਰਾਜਾ ਸੁਨਕੇ ਘਰ ਗਯਾ ਔਰ ਰਾਨੀ ਕੋ ਕਹਾ ਅਜ ਮੇਰੇ ਕੋ ਸਵੇਰੇ ਚਾਰ ਬਜੇ ਉਠਾਨਾ ਮੈਂ ਮਹਾਤਮਾਓਂ ਕੇ ਵਚਨ ਸੁਨਕੇ ਆਯਾ ਹੂੰ । ਯਹ ਬਾਤ ਸੁਣਕੇ ਰਾਣੀ ਬੜੀ ਖੁਸ਼ ਹੂਈ ਕਿਉਂਕਿ ਵੋ ਬੜੀ ਪਤਿਬ੍ਰਤਾ ਥੀ ਔਰ ਆਪ ਸਵੇਰੇ ਉਠਾ ਕਰਤੀ ਥੀ, ਸ਼ਨਾਨਾਦਿ ਕ੍ਰਿਆ ਕਰਕੇ ਪਹਿਲੇ ਭੀ ਰਾਜਾ ਕੋ ਕਈ ਵਾਰ ਜਗਾਇਆ ਕਰਤੀ ਥੀ, ਪਰ ਰਾਜਾ ਉਠਾ ਨਹੀਂ ਕਰਤਾ ਥਾ ਅਬ ਕਹਿਨੇ ਲਗੀ ਮੈਂ ਜ਼ਰੂਰ ਉਠਾਊਂਗੀ ਭਜਨ ਕਰਨਾ। ਭਜਨ ਸੇ ਮੇਰੇ ਕੋ ਭੀ ਲਾਭ ਹੋਗਾ, ਕਿਉਂਕਿ ਅਰਧੰਗੀ ਹੂੰ । ਪ੍ਰਾਤ:ਕਾਲ ਹੋਤੇ ਹੀ ਰਾਜਾ ਕੋ ਜਗਾਯਾ । ਪਰ ਰਾਜਾ ਆਗੇ ਕਭੀ ਉਠਾ ਨਹੀਂ ਥਾ ਉਠ ਕੇ ਫਿਰ ਸੌਂ ਜਾਵੇ । ਰਾਣੀ ਨੇ ਕਹਾ ਅਪਨੇ ਗੁਰੂ ਜੀ ਕੇ ਤੋ ਬਚਨ ਮਾਨੋ। ਰਾਜਾ ਕਹਿਨੇ ਲਗਾ ਮੈਂ ਕਿਆ ਕਰੂੰ ਨੀਂਦ ਹਟਤੀ ਨਹੀਂ ਰਾਣੀ ਨੇ ਕਹਾ ਅੱਛਾ ਸਿਪਾਹੀਓਂ ਕੇ ਕਪੜੇ ਪਹਿਨਕੇ ਨਗਰ ਮੇਂ ਚੱਕਰ ਲਗਾ ਆਓ ਨੀਂਦ ਖੁਲ੍ਹ ਜਾਏਗੀ ਤਬ ਰਾਜਾ ਸਿਪਾਹੀਓਂ ਕੇ ਕਪੜੇ ਪਹਿਨ ਕਰ ਨਗਰ ਮੇਂ ਗਯਾ। ਘੂਮਤਾ ਘੂਮਤਾ ਕਿਆ ਦੇਖਤਾ ਹੈ ਏਕ ਗਰੀਬ ਕਾ ਟੂਟਾ ਸਾ ਘਰ ਹੈ ਉਸ ਮੇਂ ਏਕ ਇਸਤ੍ਰੀ ਔਰ ਪਤੀ ਰਹਿਤਾ ਹੈ ਦੋਨੋਂ ਕਾ ਬੜਾ ਆਪਸ ਮੇਂ ਪ੍ਰੇਮ ਹੈ।



ਇਸਤ੍ਰੀ ਪਤਿਬ੍ਰਤਾ ਹੈ ਔਰ ਇਸਤ੍ਰੀ ਨੇ ਸਵੇਰੇ ਉਠ ਕਰ ਇਸ਼ਨਾਨ ਕਰਕੇ ਪਤੀ ਕੋ ਇਸ਼ਨਾਨ ਕਰਾਯਾ ਕਪੜੇ ਪਹਿਨਾਏ ਚਰਨਾਂਮ੍ਰਿਤ ਲੀਆ ਪੁਸ਼ਪੋਂ ਸੇ ਪੂਜਨ ਕੀਆ ਫੂਲ ਮਾਲਾ ਪਹਿਰਾਈ ਫੇਰ ਪਤੀ ਜਬ ਸਤਿਸੰਗ ਮੇਂ ਗਯਾ ਤਬ ਮਾਈ ਚਰਖਾ ਕਤਨੇ ਲਗ ਗਈ। ਚਰਖਾ ਕਤਤੀ ਹੈ ਰਾਮ ਰਾਮ ਕਰਤੀ ਹੈ ਨਾਲ ਰੋਤੀ ਭੀ ਹੈ ਰਾਜਾ ਦੇਖਕੇ ਹੈਰਾਨ ਹੂਆ ਔਰ ਵਿਚਾਰ ਕੀਆ ਮਾਈ ਕੋ ਤਕਲੀਫ ਹੋਗੀ ਤਬ ਮਾਈ ਸੇ ਕਾਰਣ ਪੂਛਾ ਮਾਈ ਨੇ ਜਾਣ ਲੀਆ ਕਿ ਯਹ ਰਾਜਾ ਹੈ ਫੇਰ ਭੀ ਪ੍ਰਗਟ ਨਹੀਂ ਕੀਆ ਚੁਪ ਕਰ ਰਹੀ ਰਾਜਾ ਫੇਰ ਫੇਰ ਪੂਛਤਾ ਹੈ। ਮਾਈ ਤੂੰ ਚਰਖਾ ਕਤਤੀ ਹੈਂ ਰਾਮ ਰਾਮ ਕਰਤੀ ਹੈਂ ਔਰ ਰੋਤੀ ਭੀ ਹੈਂ ਇਨ ਤੀਨੋਂ ਕਾ ਕਾਰਨ ਸੁਨਾ। ਤਬ ਮਾਈ ਕਹਿਨੇ ਲਗੀ ਅਪਨੀ ਉਪਜੀਵਕਾ ਕੇ ਵਾਸਤੇ ਚਰਖਾ ਕਤਤੀ ਹੂੰ। ਕਿਉਂਕਿ ਜਬ ਸੇ ਮੈਂ ਵਿਵਾਹੀ ਹੂੰ ਤਬ ਸੇ ਮੈਂ ਅਪਨਾ ਪੈਸਾ ਪਤੀ ਕੋ ਖਿਲਾਯਾ ਹੈ ਪਰੰਤੂ ਉਸ ਕਾ ਖਾਯਾ ਨਹੀਂ ਕਿਉਂਕਿ ਪਤੀ ਕੀ ਸੇਵਾ ਕਰਨੀ ਮੇਰਾ ਧਰਮ ਹੈ ਇਸ ਵਾਸਤੇ ਮੈਂ ਚਰਖਾ ਕਤਤੀ ਹੂੰ। ਮੋਖਸ਼ ਕੇ ਲੀਏ ਰਾਮ ਰਾਮ ਜਪਤੀ ਹੂੰ ਔਰ ਰੋਤੀ ਇਸ ਵਾਸਤੇ ਹੂੰ ਕਿ ਈਹਾਂ ਰਾਜਾ ਕਾ ਬੜਾ ਧਰਮਾਤਮਾ ਹੈ ਉਹ ਆਜ ਸੇ ਅਠਵੇਂ ਦਿਨ ਮਰ ਜਾਏਗਾ ਇਸ ਵਾਸਤੇ ਰੋਤੀ ਹੂੰ। ਰਾਜਾ ਅਪਨਾ ਮਰਨਾ ਸੁਨ ਕਰ ਡਰ ਗਯਾ ਔਰ ਮਾਈ ਸੇ ਪੂਛਾ, ਮਾਈ! ਰਾਜਾ ਕਿਸ ਤਰਹ ਮਰੇਗਾ, ਤੂੰ ਕਿਸ ਪ੍ਰਕਾਰ ਜਾਣਤੀ ਹੈਂ। ਮਾਈ ਕਹਿਨੇ ਲਗੀ ਮੈਂ ਪਤਿਬ੍ਰਤ ਧਰਮ ਸੇ ਸਭ ਹਾਲ ਜਾਣਤੀ ਹੂੰ। ਮਾਈ ਨੇ ਕਹਾ ਅਠਵੇਂ ਦਿਨ ਯਮਦੂਤ ਸਰਪ ਕੇ ਰੂਪ ਮੇਂ ਆ ਕਰ ਰਾਜਾ ਕੋ ਮਾਰੇਂਗੇ। ਤਬ ਰਾਜਾ ਮਾਈ ਸੇ ਕੁਛ ਨ ਪੂਛ ਸਕਾ ਉਸ ਕੇ ਘਰ ਕਾ ਪਤਾ ਨਿਸ਼ਾਨ ਲਿਖ ਲੈ ਆਯਾ। ਆਕਰ ਸਭ ਹਾਲ ਅਪਨੀ ਰਾਣੀ ਔਰ ਵਜ਼ੀਰ ਕੋ ਕਹਾ। ਤਬ ਵਜ਼ੀਰ ਔਰ ਰਾਣੀ ਨੇ ਬੜੇ ਬੜੇ ਉਪਾਯ ਕਰੇ ਅਨੇਕ ਪ੍ਰਕਾਰ ਕੇ ਦਾਨ ਪੁੰਨ ਕਰਾਏ। ਫੇਰ ਰਾਜਾ ਕੋ ਮਹਾਤਮਾ ਕੇ ਵਚਨ ਚੇਤੇ ਆ ਗਏ। ਔਰ "ਆਗਤੇ ਸ੍ਵਾਗਤੰਸਾਰੇ" ਯੇ ਵਚਨ ਯਾਦ ਹੂਆ। ਤਬ ਵਜ਼ੀਰ ਕੋ ਪੂਛਾ ਜੋ ਸਰਪ ਹਮਾਰੇ ਕੋ ਮਾਰਨੇ ਆਏਗਾ, ਉਸਕਾ ਭੀ ਸਤਿਕਾਰ ਕਰਨਾ ਸ੍ਰੇਸ਼ਟ ਹੈ। ਤਬ ਵਜ਼ੀਰ ਕਹਿਨੇ ਲਗੇ ਹੇ ਮਹਾਰਾਜ! ਜੋ ਸਰਪ ਰੂਪ ਮੇਂ ਯਮਦੂਤ ਆਵੇਗਾ ਉਸਕੋ ਅਤਿਥੀ ਸਮਝ ਕਰ ਸਤਿਕਾਰ ਕਰਨਾ ਕਿਉਂਕਿ ਮਨੁਆਦਿ ਸਿਮ੍ਰਿਤੀ ਸਲੋਕੋਂ ਮੇਂ ਲਿਖਾ ਹੈ:–

**ਬਾਲੋ ਵਾ ਯਦਿ ਵਾ ਬ੍ਰਿਧੋ ਯੁਵਾ ਵਾ ਗ੍ਰਿਹੰ ਆਗਤਾ ॥ ਤਸ੍ਯ ਪੂਜਾ ਵਿਧਾਤਬ੍ਯ ਸਰਵਸ੍ਯਾਭਿਆਗਤੋ ਗੁਰੂ: ॥ ੧ ॥ ਚਉਰੋ ਵਾ ਯਦਿ ਵਾ ਚਾਂਡਾਲ: ਸ਼ਤ੍ਰੁ ਵਾ ਪਿਤ੍ਰਿ ਘਾਤਕ: ਵੈਸ਼੍ਯ ਦੇਵੇ ਤੁ ਸੰਪ੍ਰਾਪ੍ਤੇ ਸੋ ਅਤਿਥੀ ਸਰਵ ਸੰਗੀਮ: ॥ ੨ ॥**

ਟੀਕਾ– ਬਾਲਕ ਹੋ ਬ੍ਰਿਧ ਹੋ ਚਾਹੇ ਜਵਾਨ ਹੋ ਜੋ ਭੀ ਅਪਨੇ ਘਰ ਮੇਂ ਆ ਜਾਵੇ

ਉਸਕੋ ਅਤਿਥੀ ਸਮਝ ਕਰ ਪੂਜਨ ਕਰੇ । ਕਿਉਂਕਿ ਅਭਿਆਗਤ ਸਭ ਕਾ ਪੂਜਕ ਹੋਤਾ ਹੈ ॥ ੧ ॥ ਚੋਰ ਹੋ ਅਥਵਾ ਚੰਡਾਲ ਹੋ ਵੈਰੀ ਹੋ ਵਾ ਮਾਤਾ ਪਿਤਾ ਕੇ ਮਾਰਨੇ ਵਾਲਾ ਹੋ । ਭੋਜਨ ਕੇ ਸਮੇਂ ਘਰ ਮੇਂ ਆ ਜਾਵੇ ਤੋ ਸਰਵੰ ਪ੍ਰਕਾਰ ਸੇ ਅਤਿਥੀ ਹੈ। ਔਰ ਅਤਿਥੀ ਕੇ ਨ ਸਤਿਕਾਰ ਕਰਨੇ ਸੇ ਬੜੇ ਦੋਸ਼ ਹੈਂ । ਜੈਸੇ ਕਸ਼ਯਪ ਕੀ ਇਸਤ੍ਰੀ ਅਦਿਤੀ ਕੇ ਜਬ ਸੂਰਯ ਨਾਰਾਇਣ ਉਨ ਕੇ ਗਰਭ ਮੇਂ ਥੇ ਅਤਿਥੀ ਰੂਪ ਸੇ ਘਰ ਮੇਂ ਆਇ ਬੁਧਕੋ, ਭਿਖਿਆ ਨ ਦਿਤੀ ਤਬ ਬੁਧ ਨੇ ਸ਼ਾਪ ਦੀਆ ਤੂੰ ਅਤਿਥੀ ਕਾ ਸਤਿਕਾਰ ਨਹੀਂ ਕਰਤੀ ਤੇਰਾ ਗਰਭ ਸੁਕ ਜਾਏਗਾ । ਤਬ ਗਰਭ ਸੁਕ ਗਯਾ ਯਹ ਕਥਾ ਪੁਰਾਣੋਂ ਮੇਂ ਪ੍ਰਸਿਧ ਹੈ ਤਥਾ ਏਕ ਕਾਲ ਮੇਂ ਸ੍ਰੀ ਲਖਮੀ ਜੀ ਨੇ ਅਤਿਥੀ ਰੂਪ ਸੇ ਘਰ ਮੇਂ ਆਏ ਨਾਰਦ ਜੀ ਕਾ ਸਤਿਕਾਰ ਨ ਕੀਆ ਤਬ ਨਾਰਦ ਜੀ ਨੇ ਸ਼ਾਪ ਦੀਆ ਜਾ ਤੂੰ ਰਾਖਸ਼ੀ ਹੋ ਜਾ ਤਬ ਲਖਮੀ ਅੰਸ਼ ਰੂਪ ਸੇ ਰਾਖਸ਼ੀ ਹੋ ਕਰ ਬਿੰਦ੍ਰਾ ਕਾ ਰੂਪ ਧਾਰਣ ਕਰਤੀ ਭਈ ਯੇ ਕਥਾ ਭੀ ਪੁਰਾਣੋਂ ਮੇਂ ਪ੍ਰਸਿਧ ਹੈ। ਤਾਤੇ ਚਾਹੇ ਦੁਸ਼ਮਨ ਭੀ ਹੋ ਪਰ ਅਤਿਥੀ ਰੂਪ ਮੇਂ ਆਏ ਕਾ ਸਤਿਕਾਰ ਕਰੇ । ਸੋ ਆਪ ਭੀ ਸਰਪ ਕਾ ਸਤਿਕਾਰ ਕਰੋ ਤਬ ਰਾਜਾ ਨੇ ਬਾਗ਼ ਮੇਂ ਸ਼ੀਸ਼ ਮਹੱਲ ਬਣਾਇਆ ਔਰ ਸਰਪ ਕੇ ਸਤਿਕਾਰ ਕੇ ਵਾਸਤੇ ਚਾਰੋਂ ਦਰਵਾਜੋਂ ਮੇਂ ਦੂਧ ਕੇ ਔਰ ਸ਼ਰਬਤ ਕੇ ਕੁੰਡ ਬਣਾਏ ਔਰ ਚੰਦਨ ਕੇ ਬੜੇ ੨ ਪੇੜ ਲਗਾਏ । ਸਰਪ ਕੋ ਪ੍ਰਸੰਨ ਕਰਨੇ ਵਾਸਤੇ ਬੀਨਾਂ ਬਜਵਾਈਆਂ ਔਰ ਨਮਸਕਾਰ ਕਰਨੇ ਵਾਸਤੇ ਫੌਜ ਖੜੀ ਕਰਵਾਈ ਜਬ ਬਾਰਾਂ ਬਜੇ ਸਰਪ ਆਯਾ ਤੋ ਸਭ ਨੇ ਨਮਸਕਾਰ ਕਰੀ ਜਲ ਕੇ ਕੁੰਡੋਂ ਮੇਂ ਇਸ਼ਨਾਨ ਕਰਵਾਯਾ ਔਰ ਦੂਧ ਪਿਲਾਯਾ ਚੰਦਨ ਕੇ ਬੂਟੋਂ ਪਰ ਬਿਠਾਕੇ ਬੀਨਾਂ ਸੁਨਵਾਈਆਂ ਸਰਪ ਕੇ ਰੂਪ ਮੇਂ ਯਮਦੂਤ ਬੜਾ ਪ੍ਰਸੰਨ ਹੂਆ ਕਹਿਣੇ ਲਗਾ ਮੈਂ ਕ੍ਰਿਤਘਨ ਹੋ ਕੇ ਇਸ ਕੋ ਨਾ ਮਾਰੂੰਗਾ ਯਮਰਾਜ ਕੀ ਆਗਿਆ ਇਸ ਕੋ ਮਾਰਨੇ ਕੀ ਹੈ ਪਰ ਮੈਂ ਇਸ ਕੋ ਆਪਨੀ ਆਯੂ ਦੇਕੇ ਚਲਾ ਜਾਊਂਗਾ । ਸਮਯ ਪਾ ਕਰ ਸਰਪ ਰਾਜਾ ਪਾਸ ਆਇਆ । ਰਾਜਾ ਨੇ ਉਠ ਕੇ ਸਤਿਕਾਰ ਕੀਆ ਸਰਪ ਨੇ ਕਹਾ ਮੈਂ ਤੇਰੇ ਸਤਿਕਾਰ ਸੇ ਬੜਾ ਪ੍ਰਸੰਨ ਹੂੰ ਮਾਰੂੰਗਾ ਫਿਰ ਡਰਨਾ ਨਹੀਂ । ਮੈਂ ਇਕ ਵਾਰੀ ਧਰਮ ਰਾਜਾ ਕੀ ਆਗਿਆ ਸੇ ਤੇਰੇ ਕੋ ਮਾਰੂੰਗਾ ਫਿਰ ਜਿਵਾ ਕਰ ਅਪਨੀ ਆਯੂ ਦੇਕੇ ਬਚਾਊਂਗਾ । ਐਸੇ ਕਹ ਕਰ ਰਾਜਾ ਕੋ ਬੜਾ ਡੰਗ ਮਾਰਾ ਰਾਜਾ ਮਰ ਗਯਾ ਗਿਰ ਗਯਾ ਝਟਤਿ ਹੀ ਜਿਵਾ ਕਰ ਅਪਨੀ ਪੰਚ ਵਰਸ਼ ਕੀ ਆਯੂ ਦਿਤੀ ਜੈਸੇ ਗੁਰੂ ਅਮਰਦਾਸ ਜੀ ਨੇ ਆਪਣੀ ਆਯੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕੋ ਦਿਤੀ ਸੀ। ਔਰ ਕਹਾ ਹਮ ਦੇਵਤਾਓਂ ਕੀ ਪਾਂਚ ਵਰਸ਼ ਮਨੁਸ਼ੋਂ ਕੀ (੭੫) ਵਰਸ਼ੋਂ ਕੀ ਆਯੂ ਹੋਤੀ ਹੈ ਅਬ ਤੂੰ ੭੫ ਵਰਸ਼ ਹਮਾਰੀ ਆਯੂ ਸੇ ਰਾਜ ਕਰ। ਤਬ ਰਾਜਾ ਪ੍ਰਸੰਨ ਹੋ ਕਰ ਅਨੇਕ ਪ੍ਰਕਾਰ ਕੀ ਸਮਗਰੀ ਸੇ ਸਰਪ ਕੀ ਪੂਜਾ ਕਰਤਾ ਭਯਾ ਸਰਪ ਫੇਰ ਪ੍ਰਸੰਨ ਹੋ ਕਰ ਦੂਸਰੀ ਵਿਦਿਆ ਦੇਤਾ ਭਯਾ ਕਿ ਯਾਵਤ ਚਰਾਚਰ ਜੀਵ ਪਸ਼ੂ ਪੰਖੀ ਜੋ ਕੁਛ ਭੀ ਬੋਲੀ ਬੋਲੇਂਗੇ ਤੂੰ ਸਮਝ ਜਾਏਂਗਾ । ਪਰੰਤੂ ਕਿਸੀ ਕੀ ਭੀ ਵਾਰਤਾ ਮਨੁਸ਼ਯ ਮਾਤ੍ਰ ਕੋ ਨ ਸੁਨਾਣੀ ਅਪਣੀ ਪਟਰਾਣੀ ਕੋ ਭੀ ਨ ਸੁਨਾਣੀ । ਅਗਰ



ਸੁਨਾਓਗੇ ਤੋ ਉਸੀ ਵਕਤ ਮ੍ਰਿਤਯੂ ਹੋ ਜਾਓਗੇ। ਐਸੇ ਕਹਿ ਕਰ ਸਰਪ ਚਲਾ ਗਿਆ। ਰਾਜਾ ਖੁਸ਼ ਹੋ ਕੇ ਘਰ ਆਇਆ ਕਹਾ ਮਹਾਤਮਾ ਕਾ ਦੂਸਰਾ ਬਚਨ ਭੀ ਅਮੋਲਕ ਹੈ। ਫੇਰ ਕੁਛ ਦਿਨ ਬਾਦ ਰਾਜਾ ਕੋ ਤੀਸਰਾ ਬਚਨ ਯਾਦ ਆਇਆ ਕਿ ਖੁਸ਼ਕ ਭੋਜਨ ਨਹੀਂ ਕਰਨਾ ਅਗਰ ਕਰੋਗੇ ਤੋ ਲੜਾਈ ਹੋ ਜਾਵੇਗੀ, ਅਛਾ ਰਾਣੀ ਕੇ ਸਾਥ ਲੜਾਈ ਹੋਗੀ ਤੋ ਸੰਭਾਲ ਲੂੰਗਾ । ਯਹ ਵਿਚਾਰ ਕਰ ਰਾਣੀ ਕੋ ਕਹਾ ਕਿ ਮੈਂ ਆਜ ਬਿਲਕੁਲ ਖੁਸ਼ਕ ਭੋਜਨ ਕਰਨਾ ਚਾਹਤਾ ਹੂੰ, ਘੀ ਬਿਲਕੁਲ ਨ ਛੂਨਾ ਔਰ ਭੋਜਨ ਤੁਮਨੇ ਬਨਾਣਾ ਦੂਸਰੇ ਕੋ ਛੂਨੇ ਭੀ ਨ ਦੇਣਾ । ਸੁਣਕੇ ਰਾਣੀ ਬੜੀ ਖੁਸ਼ ਹੂਈ ਔਰ ਭੋਜਨ ਬਨਾਇਆ । ਰਾਜਾ ਰੋਜ ਕੀੜੀਆਂ ਵਾਸਤੇ ਏਕ ਗ੍ਰਾਸ ਭੋਜਨ ਕਾ ਬਾਹਰ ਨਿਕਾਲ ਕਰ ਖਾਤਾ ਥਾ, ਜਬ ਕੀੜੀਆਂ ਆਈਆਂ ਔਰ ਖੁਸ਼ਕ ਭੋਜਨ ਦੇਖ ਕਰ ਰਾਜਾ ਕੀ ਨਿੰਦਾ ਕਰਨੇ ਲਗੀਆਂ ਔਰ ਅਨੇਕ ਪਰਕਾਰ ਕੀ ਗਾਹਲੀਆਂ ਦੇਨੇ ਲਗੀਆਂ, ਰਾਜਾ ਸੁਣ ਕੇ ਹਸ ਪੜਾ । ਰਾਣੀ ਹਸਨੇ ਕਾ ਕਾਰਣ ਪੂਛਨੇ ਲਗੀ । ਰਾਜਾ ਕਹਿਨੇ ਲਗਾ ਮੈਂ ਹਸਨੇ ਕਾ ਕਾਰਨ ਨ ਦਸੂੰਗਾ, ਅਗਰ ਮੈਂ ਦਸੂੰਗਾ ਤੋ ਮ੍ਰਿਤਯੂ ਹੋ ਜਾਊਂਗਾ । ਰਾਣੀ ਕਹਿਣੇ ਲਗੀ ਨ ਦਸੋਗੇ ਤੋ ਮੈਂ ਫਾਂਸੀ ਡਾਲ ਕਰ ਮਰ ਜਾਊਂਗੀ । ਦੋਨੋਂ ਕਾ ਬੜਾ ਹਠ ਹੂਆ । ਆਖਿਰ ਇਸਤ੍ਰੀ ਕਾ ਹਠ ਬੜਾ ਜ਼ਬਰਦਸਤ ਹੋਤਾ ਹੈ । ਰਾਣੀ ਮਰਨੇ ਲਗੀ, ਰਾਜਾ ਨੇ ਕਹਾ ਅਛਾ ਮੇਰੇ ਕੋ ਗੰਗਾ ਪਰ ਲੈ ਚਲ ਮੈਂ ਸੁਣਾਊਂਗਾ, ਮਰ ਜਾਊਂਗਾ ਮੇਰੇ ਕੋ ਗੰਗਾ ਪਰਵਾਹ ਕਰ ਦੇਣਾ । ਰਾਣੀ ਨੇ ਗੰਗਾ ਜਾਨੇ ਕੀ ਤਿਆਰੀ ਕਰੀ । ਰਾਣੀ ਕੋ ਬਹੁਤੋਂ ਨੇ ਸਮਝਾਇਆ, ਪਰ ਰਾਣੀ ਹਠ ਸੇ ਨ ਹਟੀ ਗੰਗਾ ਕੋ ਚਲ ਪੜੇ ਜਾਤੇ ਜਾਤੇ ਰਸਤੇ ਮੇਂ ਰਾਤ ਪੜ ਗਈ । ਜੰਗਲ ਮੇਂ ਕੂਏਂ ਕੇ ਕਿਨਾਰੇ ਤੰਬੂ ਲਗਾ ਲੀਏ । ਕੂਏਂ ਕੇ ਚਾਰੋਂ ਤਰਫ ਹਰਾ ਹਰਾ ਘਾਸ ਸੀ ਸੋ ਰਾਤ ਕੇ ਜਲ ਭਰਨੇ ਸੇ ਚਿਕੜ ਸੇ ਲਤਾੜਿਆ ਗਿਆ। ਸਵੇਰੇ ਅਜੇ ਰਾਜਾ ਅਭੀ ਦੂਧ ਹੀ ਪੀ ਰਹਾ ਥਾ ਕਿ ਇਤਨੇ ਮੇਂ ਏਕ 'ਬਕਰਾਰ' ਬਕਰੀਆਂ ਲੇਕਰ ਕੂਏਂ ਪਰ ਆਇਆ ਸਭ ਬਕਰੀਆਂ ਘਾਸ ਖਾਨੇ ਲਗ ਗਈਆਂ, ਏਕ ਬਕਰੀ ਘਾਸ ਨ ਖਾਵੇ ਉਸ ਕੇ ਪਤਿ ਬਕਰੇ ਨੇ ਉਸਕੋ ਬਹੁਤ ਸਮਝਾਇਆ, ਉਸਨੇ ਕਹਾ ਮੈਂ ਯੇ ਲਤਾੜਿਆ ਹੂਆ ਘਾਸ ਨ ਖਾਊਂਗੀ । ਤਬ ਬਕਰੇ ਨੇ ਕਹਾ ਕੌਣ ਸਾ ਘਾਸ ਖਾਏਂਗੀ, ਉਸਨੇ ਕਹਾ ਕੂਏਂ ਕੇ ਈਂਟੋਂ ਮੇਂ ਜੋ ਘਾਸ ਲਗਾ ਹੂਆ ਹੈ ਉਹ ਲਿਆਓਗੇ ਤੋ ਖਾ ਲੂੰਗੀ ਬਕਰੇ ਨੇ ਲੇਨੇ ਕੋ ਬੜਾ ਯਤਨ ਕੀਆ, ਪਰੰਤੂ ਕੂਏਂ ਮੇਂ ਸੇ ਲੇ ਨ ਸਕਾ ਗਿਰਨੇ ਕਾ ਖਤਰਾ ਸੀ ਬਕਰੀ ਕੋ ਬਹੁਤ ਸਮਝਾਇਆ, ਪਰੰਤੂ ਬਕਰੀ ਹਠ ਨ ਛੋੜਤੀ ਭਈ । ਤਬ ਬਕਰੇ ਕੋ ਬੜਾ ਕਰੋਪ ਆਇਆ, ਔਰ ਕਹਿਣੇ ਲਗਾ ਹਠ ਨ ਛੋੜੇਂਗੀ, ਯਹ ਕਹਿ ਕਰ ਬਕਰੀ ਕੋ ਦੋ ਚਾਰ ਸਿੰਙ ਔਰ ਲਤਾਂ ਮਾਰ ਕਰ ਅਧਮੂਆ ਕਰ ਛੋੜਾ ਤਬ ਬਕਰੀ ਕਹਿਣੇ ਲਗੀ ਮੈਂ ਲਿਤਾੜਿਆ ਹੂਆ ਘਾਸ ਹੀ ਖਾ ਲੂੰਗੀ । ਮੇਰੇ ਕੋ ਮਾਰੇ ਨ ਜੋ ਕਹੋਗੇ ਸੋ ਮਾਨੂੰਗੀ ਮੈਂ ਨੇ ਆਪਣਾ ਹਠ ਛੋੜਿਆ । ਰਾਜਾ ਕੋ ਯਹ ਬਕਰੇ ਬਕਰੀ ਕੇ ਬਚਨ ਸੁਣ ਕਰ ਮਹਾਤਮਾ ਕੇ ਕਹੇ ਹੂਏ ਚੌਥੇ ਬਚਨ ਯਾਦ ਆਏ

ਮਹਾਤਮਾ ਨੇ ਕਹਾ ਥਾ ਹਠ ਪਰ ਆਈ ਇਸਤ੍ਰੀ ਕੋ ਤਾਂੜਨਾ ਹੀ ਸਰੇਸ਼ਟ ਹੈ। ਤਬ ਰਾਣੀ ਕੋ ਬੁਲਾਯਾ ਔਰ ਕਹਾ ਹਠ ਨਹੀਂ ਛੋੜੇਂਗੀ, ਰਾਣੀ ਨੇ ਕਹਾ ਮੈਂ ਮਰ ਜਾਊਂਗੀ ਹਠ ਨਹੀਂ ਛੋੜੂੰਗੀ । ਤਬ ਰਾਜਾ ਕੋ ਬੜਾ ਕਰੋਧ ਆਯਾ ਔਰ ਉਠਕੇ ਰਾਣੀ ਕੋ ਲਗਾ ਮਾਰਨੇ ਔਰ ਤਲਵਾਰ ਨਿਕਾਲਕੇ ਖੜਾ ਹੋ ਗਿਆ ਕਹਾ ਹਠ ਛੋੜੇਂਗੀ ਕਿ ਨਹੀਂ । ਤਬ ਰਾਣੀ ਕਹਿਨੇ ਲਗੀ ਮੈਂ ਨੇ ਹਠ ਛੋੜਾਂ ਮੇਰੇ ਕੋ ਮਾਰੋ ਨ । ਆਪ ਚਾਹੇ ਹਸੋ ਚਾਹੇ ਰੋਵੋ ਮੇਰੇ ਕੋ ਕਿਆ। ਤਬ ਰਾਜਾ ਵਾਪਸ ਘਰ ਆਇਆ ਔਰ ਰਾਣੀ ਕੇ ਸਾਥ ਸੁਖ ਪੂਰਬਕ ਰਹਿਨੇ ਲਗਾ, ਇਸ ਪਰਕਾਰ ਰਾਜਾ ਨੇ ਮਹਾਤਮਾ ਕੇ ਚਾਰੋਂ ਬਚਨੋਂ ਕੀ ਪਰੀਖਿਆ ਕਰੀ ਔਰ ਚਾਰੋਂ ਵਚਨ ਅਮੋਲਕ ਨਿਕਲੇ ਤਬ ਰਾਜਾ ਨੇ ਮਹਾਤਮਾ ਕਾ ਬੜਾ ਪੂਜਨ ਕੀਆ । ਇਸ ਪ੍ਰਕਾਰ ਗ੍ਰਿਹਸਥ ਆਸ਼੍ਰਮ ਕੇ ਧਰਮ ਪੂਛ ਕਰ ਫੇਰ ਭਾਈ ਮਿੱਠਾ ਸਿੰਘ ਨੇ ਗਿਆਨੀ ਅਗਿਆਨੀਓਂ ਕੇ ਲਖਣ ਪੂਛੇ ਤੋ ਆਪ ਨੇ ਆਸਾ ਰਾਗ ਮੇਂ ਸੇ ਨਾਵੇਂ ਮਹਲ ਕਾ ਏਕ ਸ਼ਬਦ ਪੜ੍ਹਾ:-

**ਬਿਰਥਾ ਕਹਉ ਕਉਨ ਸਿਉ ਮਨ ਕੀ ॥ ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ੧ ॥ ਰਹਾਉ ॥ ਸੁਖ ਕੈ ਹੇਤ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨਕੀ ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥ ੧ ॥ ਮਾਨਸ ਜਨਮੁ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥ ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥**

[ਆਸਾ ਮ: ੯ ਸਫਾ ੪੧੧

ਅਰਥ-ਏਕ ਕਾਲ ਮੇਂ ਸ੍ਰੀ ਅਨੰਦ ਪੁਰ ਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੇ ਪਾਸ ਭਰੀ ਹੂਈ ਸਭਾ ਮੇਂ ਦੋ ਪ੍ਰੇਮੀਓਂ ਨੇ ਆ ਕਰ ਭਿੰਨ ਭਿੰਨ ਪ੍ਰਸ਼ਨ ਕੀਏ ਏਕ ਨੇ ਕਹਾ ਅਗਿਆਨੀਓਂ ਕੇ ਕਿਆ ਚਿੰਨ੍ਹ (ਨਿਸ਼ਾਨੀਆਂ) ਹੈਂ ? ਦੂਸਰੇ ਨੇ ਗਿਆਨੀਓਂ ਕੇ ਲਖਣ ਪੂਛੇ। ਤਬ ਸ੍ਰੀ ਗੁਰੂ ਮਹਾਰਾਜ ਜੀ ਏਕ ਹੀ ਸ਼ਬਦ ਮੇਂ ਅਗਿਆਨੀ ਤਥਾ ਗਿਆਨੀਓਂ ਕੇ ਲਖਣ ਸ੍ਰਵਣ ਕਰਾਤੇ ਭਏ । ਇਸ ਸ਼ਬਦ ਕੇ ਦੋ ਅਰਥ ਹੋਵੇਂਗੇ । ਪਹਿਲੇ ਅਰਥ ਮੇਂ ਅਗਿਆਨੀਓਂ ਕੇ ਲਖਣ ਕਹੇਂਗੇ ਦੂਸਰੇ ਅਰਥ ਮੇਂ ਗਿਆਨੀਓਂ ਕੇ ਲਖਣ ਕਹੇਂਗੇ। ਪਹਿਲੇ ਅਗਿਆਨੀਓਂ ਕੇ ਲਖਣ ਲਿਖਤੇ ਹੈਂ:-

ਅਰਥ-ਅਗਿਆਨੀਓਂ ਕੇ ਮਨ ਕੀ ਬਿਰਥਾ ਯਾਨੇ ਹਾਲ, ਚਿੰਨ੍ਹ, ਨਿਸ਼ਾਨਾ ਕਿਸ ਕੇ ਤਾਈਂ ਕਹੇਂ ਭਾਵ ਲੋਗ ਜਾਣਤੇ ਹੈਂ । ਜਾਣੀ ਹੂਈ ਵਸਤੂ ਕੋ ਕਹਿਣਾ ਐਸੇ ਹੋਤਾ ਹੈ ਜੈਸੇ ਪੀਸੇ ਕਾ ਪੀਸਨਾ, ਤਾਂਤੇ ਸਭ ਕੋ ਗਿਆਨ ਹੋਨੇ ਤੇ ਅਗਿਆਨੀਓਂ ਕੇ ਚਿਹਨ ਕਿਸ ਕੇ ਤਾਈਂ ਕਹੇਂ। ਤਬ ਪਰੇਮੀਓਂ ਨੇ ਕਹਾ ਯਦਪਿ ਹਮ ਜਾਨਤੇ ਹੈਂ ਤੋ ਭੀ ਆਪ ਕੇ ਮੁਖ ਸੇ ਸੁਨਨਾ ਚਾਹਤੇ ਹੈਂ ਆਪ ਕਹੇਂ। ਤਬ ਗੁਰੂ ਜੀ ਕਹਿਨੇ ਲਗੇ ਅਗਿਆਨੀਓਂ



ਕਾ ਮਨ ਲੋਭ ਨੇ ਗ੍ਰਸ ਲੀਆ ਹੈ ਯਾਨੇ ਧਰਮ ਔਰ ਗਿਆਨ ਸੇ ਬੇਮੁਖ ਕਰ ਛੋਡਾ ਹੈ ਲੋਭ ਹੀ ਅਗਿਆਨ ਕਾ ਚਿਹਨ ਹੈ ਜੈਸੇ ਲਿਖਾ ਹੈ । 'ਰਾਗੋ ਲਿੰਗੰ ਅਬੋਧਸਜ' ਯਾਨੇ ਅਗਿਆਨ ਕਾ ਚਿਹਨ ਲੋਭ ਹੈ ਯਾਨੇ ਰਾਗ ਹੈ (ਪ੍ਰਸ਼ਨ) ਕੈਸੇ ਜਾਣਿਆ ਜਾਵੇ ਕਿ ਇਸ ਕੇ ਚਿਤ ਮੇਂ ਲੋਭ ਹੈ। (ਉਤਰ) ਜਿਨੋਂ ਕਾ ਚਿਤ ਲੋਭ ਗ੍ਰਸਿਆ ਹੈ ਵੋਹ ਪੁਰਸ਼ ਧਨ ਕੀ ਇਛਾ ਕਰਕੇ ਦਸ਼ੋਂ ਦਿਸ਼ਾਓਂ ਮੇਂ ਦੌੜਤੇ ਰਹਿਤੇ ਹੈਂ ਔਰ ਯਦਿ ਕਿੰਚਤ ਧਨ ਕੇ ਸੁਖ ਅਰਥ ਬਹੁਤ ਦੁਖ ਪਾਤੇ ਹੈਂ ਜਣੇ ਜਣੇ ਕੀ ਸੇਵਾ ਕਰਤੇ ਹੈਂ ਅਥਵਾ ਮਨੁਸ਼ਜ ਔਰ ਇਸਤ੍ਰੀਓਂ ਕੀ ਭੀ ਸੇਵਾ ਕਰਤੇ ਹੈਂ ਯਾਨੇ ਵੈਸ੍ਯਾ ਯਵਨਾਦਿਕੋਂ ਕੀ ਭੀ ਸੇਵਾ ਕਰਤੇ ਹੈਂ ਜੈਸੇ ਭਰਥਰੀ ਜੀ ਵੈਰਾਗ ਸ਼ਤਕ ਮੇਂ ਲਿਖਤੇ ਹੈਂ:-

**ਕਬਿਤ-ਦੁਰਗਮ ਵਿਖਮ ਅਸ਼ੇਸ਼ ਦੇਸ਼ ਭਰਮ ਕਰ ਲਹਿਓ ਮੈਂ ਕਲੇਸ਼ ਗਹਿਓ ਲੇਸ਼ ਨਾਹਿ ਧਨ ਕੋ । ਜਾਤ ਕੁਲ ਕਾ ਅਭਿਮਾਨ ਉਚਿਤ ਵਿਹਾਯ ਤਾਹਿ ਸੇਵਾ ਕੀਨੀ ਫਲ ਹੀਨੀ ਸੋਚ ਭਯੋ ਮਨ ਕੋ। ਕਾਕ ਯੌਂ ਸਸ਼ੰਕ ਮਾਨ ਬਿਨ ਪਰ ਧਾਮ ਖਾਯੋ ਅਜੇ ਰਜੇ ਨਹ ਪ੍ਰੀਤਿ ਭਜੇ ਦੂਰ ਤਨ ਕੋ । ਬ੍ਰਹਮ ਤੇ ਬਿਛੋਰ ਨੀਚ ਤ੍ਰਿਸ਼ਨੇ ਕੀਨੋ ਢੋਰ ਅਬ ਹੋਰ ਜੋ ਨਚਾਤ ਕਹਾਂ ਹੋਰ ਕਰੇਂ ਜਨ ਕੋ ॥ ੨੧ ॥ ਆਸ਼ੇ ਫਲ ਹੀਨੀ ਕੀਨੀ ਤੇਰੇ ਬਲ ਸੋ ਸੇਵਾਦਿ ਮੂਢੋਂ ਕੇ ਕੁਬੈਨ ਸੋਢੇ ਨੈਨ ਛੋੜੇਂ ਬਨ ਕੋ । ਚਿਤ ਕੋ ਸੰਕੋਚ ਕੀਨੇ ਕੈ ਦ੍ਰਿਗ ਸੋ ਰੋਕ ਲੀਨੋ ਭਾਵੀ ਸ਼ੋਕ ਚੀਨੋ ਪੀਨੋ ਕੀਨੋ ਨ ਵਚਨ ਕੋ । ਹਸਯੋ ਭੀ ਨਿਕਾਰ ਦੰਤ ਜੈਸੇ ਚਿੰਤਾਮਾਨ ਜੰਤ ਜੋਰ ਕਰ ਕਰ ਕਰੀ ਵੰਦਨਾ ਨੀਚਨ ਕੋ। ਤੈਸੇ ਨਮੋ ਕਰੋਂ ਤੁਮੇਂ ਤੇਰੇ ਸੰਗ ਚਿਰ ਭ੍ਰਮੇ ਅਬ ਚਾਹੇ ਛੋਰ ਹਮੇਂ ਕਾਹੇ ਦਾਹੇ ਜਨ ਕੋ ॥** [ਵੈਰਾਗਜ ਸ਼ਤਕ

ਇਸ ਪਰਕਾਰ ਧਨ ਕੀ ਇਛਾ ਕਰਕੇ ਨਾਨਾ ਪ੍ਰਕਾਰ ਕੇ ਕਲੇਸ਼ ਸਹਿਨ ਕਰਤੇ ਹੈਂ, ਫੇਰ ਏਕ ਜਗਹ ਭੀ ਨੌਕਰੀ ਨਹੀਂ ਕਰਤੇ ਕਿੰਤੂ ਘਰ ਘਰ ਮੇਂ ਕੁਤੇ ਕੀ ਨਿਆਈਂ ਡੋਲਤੇ ਰਹਿਤੇ ਹੈਂ ਔਰ ਪਰਮੇਸ਼੍ਵਰ ਕੇ ਭਜਨ ਕੀ ਤੋ ਉਨਕੋ ਖਬਰ ਨਹੀਂ ਔਰ ਨ ਲੋਭੀ ਕੋ ਧਰਮ ਕੀ ਖਬਰ ਹੈ । ਜੈਸੇ ਰਾਜਾ ਭੋਜ ਕੀ ਸਭਾ ਮੇਂ ਏਕ ਪੁਰਸ਼ ਨੇ ਆਕੇ ਪ੍ਰਸ਼ਨ ਕੀਆ ਥਾ ਕਿ ਮਨੁਸ਼ਜ ਜਿਸ ਮੇਂ ਫਸ ਜਾਵੇ ਕਿਸੀ ਸੂਰਤ ਭੀ ਨ ਨਿਕਲ ਸਕੇ । ਐਸੀ ਦਲਦਲ ਯਾਨੇ ਚਿਕੜ ਕੌਨ ਹੈ । ਰਾਜਾ ਭੋਜ ਕੀ ਸਭਾ ਮੇਂ ੧੪੦੦ ਪੰਡਿਤ ਰਹਾ ਕਰਤੇ ਥੇ ਸਭ ਨੇ ਜੁਦੇ ਜੁਦੇ ਉਤਰ ਦੀਏ ਪਰੰਤੂ ਉਸਕੋ ਤਸੱਲੀ ਨਹੀਂ ਹੂਈ । ਤਬ ਰਾਜਾ ਨੇ ਹੁਕਮ ਦੀਆ ਔਰ ਵਿਸ਼ੇਸ਼ ਕਰ ਅਪਨੇ ਪੁਰੋਹਿਤ ਕੋ ਕਹਾ ਕਿ ਅਠ ਦਿਨ ਕੇ ਅੰਦਰ ਇਸਕਾ ਉਤਰ ਨ ਦੋਗੇ ਤੋ ਕਤਲ ਕੀਏ ਜਾਓਗੇ । ਉਸਕੇ ਪੁਰੋਹਿਤ ਨੇ ਬਹੁਤ ਸੋਚਾ ਪਰੰਤੂ ਉਸਕੀ ਸਮਝ ਮੇਂ ਨ ਆਵੇ। ਐਸੇ ਛੇ ਦਿਨ ਗੁਜ਼ਰ ਗਏ। ਸਾਤਵੇਂ ਦਿਨ ਸ਼ਹਿਰ

ਕੋ ਛੋਡ ਕਰ ਜੰਗਲ ਮੇਂ ਜਾਕਰ ਏਕਾਂਤ ਮੇਂ ਬੈਠ ਕਰ ਅਨੇਕ ਪ੍ਰਕਾਰ ਕੇ ਉਤਰ ਸੋਚਨੇ ਲਗਾ । ਤਬ ਭੇਡੋਂ ਕੇ ਚਰਾਨੇ ਵਾਲਾ ਏਕ ਬ੍ਰਿਧ ਅਯਾਲੀ ਜੋ ਪੁਰਾਣਾ ਸਤਿਸੰਗੀ ਔਰ ਵਿਚਾਰ ਸ਼ੀਲ ਥਾ ਉਸਨੇ ਆਕੇ ਰਾਜ ਪੁਰੋਹਿਤ ਸੇ ਪੂਛਾ ਕਿ ਮਹਾਰਾਜ ! ਆਪਕਾ ਮੁਖ ਪ੍ਰਸੰਨ ਕਿਉਂ ਨਹੀਂ ? ਕਿਆ ਬਾਤ ਹੈ ? ਤਬ ਰਾਜ ਪੁਰੋਹਿਤ ਨੇ ਅਪਨਾ ਸਭ ਦੁਖ ਸੁਣਾਇਆ । ਤਬ ਅਯਾਲੀ ਨੇ ਕਹਾ ਮਹਾਰਾਜ ! ਰਾਜ ਕੋ ਛੋਡ ਦੋ ਮੇਰੇ ਪਾਸ ਪਾਰਸ ਕਾ ਟੁਕੜਾ ਹੈ ਮੈਂ ਭੀ ਫਕੀਰ ਹੂੰ ਗ੍ਰਿਹਸਥ ਕਰਾ ਨਹੀਂ ਮੇਰੇ ਸ਼ਿਸ਼ ਬਣੋ ਔਰ ਉਸ ਪਾਰਸ ਕੋ ਲੈ ਲੋ ਕਿਉਂਕਿ ਉਤਮ ਸਮਗ੍ਰੀ ਸ਼ਿਸ਼ ਕੋ ਯਾ ਪੁਤਰ ਕੋ ਹੀ ਦੀ ਜਾਤੀ ਹੈ । ਕੋਈ ਕਿਸੀ ਸੇ ਗੁਣ ਲੇਤਾ ਹੈ ਸੋ ਭੀ ਸ਼ਿਸ਼ ਬਣਕੇ ਲੇਤਾ ਹੈ । ਮੇਰੀ ਵਸਤੂ ਲੈ ਕੇ ਆਪ ਸਤ ਪੀੜੀਆਂ ਤਕ ਖਾਤੇ ਰਹੋ ਮੁਕੇਗੀ ਨਹੀਂ ਨੌਕਰੀ ਕਰਨੇ ਕੀ ਜ਼ਰੂਰਤ ਨਹੀਂ । ਐਸੇ ਵਚਨ ਸੁਣ ਕਰ ਲੋਭ ਮੇਂ ਆਕੇ ਸ਼ਿਸ਼ ਬਣਨੇ ਕੋ ਤਿਆਰ ਹੂਆ ਤੋ ਅਯਾਲੀ ਨੇ ਕਹਾ ਅਗਰ ਆਪ ਮੇਰੇ ਸ਼ਿਸ਼ ਬਣਨੇ ਕੋ ਤਿਆਰ ਹੋਤੇ ਤੋ ਮੈਂ ਅਪਨੀ ਭੇਡ ਕਾ ਦੂਧ ਨਿਕਾਲ ਕਰ ਆਪ ਪੀਕਰ ਤੁਮਾਰੇ ਕੋ ਅਪਨਾ ਜੂਠਾ ਦੂਧ ਦੂੰਗਾ ਅਗਰ ਪੀਓਗੇ ਤੋ ਪਾਰਸ ਦੂੰਗਾ । ਪੁਰੋਹਿਤ ਕਹਿਨੇ ਲਗਾ ਬ੍ਰਾਹਮਣ ਕੇ ਲੀਏ ਭੇਡ ਕਾ ਦੂਧ ਵਰਜਿਤ ਹੈ ਫਿਰ ਤੂੰ ਯਵਨ ਹੈਂ ਯਾਨੇ ਮੁਸਲਮਾਨ ਹੈਂ ਤੇਰਾ ਜੂਠਾ ਕੈਸੇ ਪੀਊਂਗਾ । ਤਬ ਅਯਾਲੀ ਉਠਕੇ ਖੜਾ ਹੋ ਗਿਆ ਕਹਿਨੇ ਲਗਾ ਪੀਨਾ ਹੈ ਤੋ ਪੀ ਨਹੀਂ ਤੋ ਮੈਂ ਔਰ ਸ਼ਰਤ ਸੇ ਦੂੰਗਾ । ਜਦ ਅਯਾਲੀ ਕੁਛ ਆਗੇ ਚਲਾ ਗਿਆ ਤੋ ਪੁਰੋਹਿਤ ਕਹਿਨੇ ਲਗਾ ਪ੍ਰਾਸਚਿਤ ਕਰ ਲੇਊਂਗਾ ਹਮੇਸ਼ ਕੇ ਲੀਏ ਨੌਕਰੀ ਸੇ ਛੂਟ ਜਾਊਂਗਾ ਯਹ ਵਿਚਾਰ ਕਰ ਅਯਾਲੀ ਕੋ ਬੁਲਾਇਆ ਅਰ ਕਹਾ ਅੱਛਾ ਭੇਡ ਕਾ ਦੂਧ ਤੁਮਾਰਾ ਜੂਠਾ ਪੀ ਲੂੰਗਾ ਪਾਰਸ ਲਾਓ ਤਬ ਅਯਾਲੀ ਕਹਿਨੇ ਲਗਾ ਵੋ ਵਕਤ ਗਿਆ । ਅਬ ਮੈਂ ਪੀਕੇ ਅਪਨਾ ਜੂਠਾ ਕੁਤੇ ਕੋ ਪਿਲਾਕੇ ਫਿਰ ਤੇਰੇ ਕੋ ਦੂੰਗਾ । ਕੁਤੇ ਕਾ ਜੂਠਾ ਪੀਓਗੇ ਤੋ ਪਾਰਸ ਮਿਲੇਗਾ । ਪੁਰੋਹਿਤ ਕਹਿਨੇ ਲਗਾ ਕੁਤੇ ਕਾ ਜੂਠਾ ਮੈਂ ਨਹੀਂ ਪੀਊਂਗਾ । ਅਯਾਲੀ ਫਿਰ ਚਲ ਪੜਾ ਫੇਰ ਪੁਰੋਹਿਤ ਨੇ ਸੋਚਾ ਪ੍ਰਾਸਚਿਤ ਤੋ ਕਰਨਾ ਹੀ ਹੈ ਕਠਾ ਕਰ ਲੂੰਗਾ । ਦੁਕਾਨ ਮੇਂ ਕੁਤੇ ਬਿੱਲੀਆਂ ਜੂਠਾ ਕਰ ਹੀ ਜਾਂਦੀਆਂ ਹਨ । ਯੇ ਵਿਚਾਰ ਕਰ ਫਿਰ ਅਯਾਲੀ ਕੋ ਬੁਲਾਇਆ । ਅਯਾਲੀ ਨੇ ਕਹਾ ਵੋ ਵਕਤ ਗਿਆ । ਅਬ ਕੁਤੇ ਕਾ ਝੂਠਾ ਦੂਧ ਮਨੁਸ਼ਯ ਕੀ ਖੋਪਰੀ ਮੇਂ ਪਾਕਰ ਤਾਜ਼ੀਆਂ ਭੇੜ ਕੀਆਂ ਮੀਂਗਣਾ ਪਾਕੇ ਦੂੰਗਾ । ਪੁਰੋਹਿਤ ਨੇ ਕਹਾ ਐਸੇ ਨਹੀਂ ਹੋਗਾ । ਤਬ ਅਯਾਲੀ ਫੇਰ ਚਲਾ ਗਿਆ । ਤਬ ਪੁਰੋਹਿਤ ਕਹਿਨੇ ਲਗਾ ਪ੍ਰਾਸਚਿਤ ਸਭ ਕੱਠਾ ਹੀ ਕਰ ਲੂੰਗਾ ਪੁਤਰ ਪੋਤਰੇ ਤੋਂ ਸੁਖੀ ਹੋ ਜਾਏਂਗੇ । ਤਬ ਅਯਾਲੀ ਕੋ ਫਿਰ ਬੁਲਾਇਆ, ਅਯਾਲੀ ਨੇ ਭੇਡੋਂ ਕਾ ਦੂਧ ਆਪ ਪੀਕਰ ਕੁਤੇ ਕੋ ਪਿਲਾ ਕਰ ਫਿਰ ਮਨੁਸ਼ਯ ਕੀ ਖੋਪਰੀ ਮੇਂ ਪਾਕੇ ਭੇਡ ਕੀ ਮੀਂਗਣਾ ਪਾਕੇ ਪੁਰੋਹਿਤ ਕੋ ਦੀਆ । ਉਸਨੇ ਉਠਾ ਕੇ ਜਬ ਮੂੰਹ ਤਕ ਲੈ ਆਂਦਾ ਤਬ ਅਯਾਲੀ ਨੇ ਉਸਕੀ ਬਾਂਹ ਪਕੜ ਲੀ ਔਰ ਕਹਾ ਯਹ ਹੀ ਲੋਭ ਰੂਪੀ ਦਲਦਲ ਹੈ । ਇਸ ਮੇਂ ਫਸਾ ਹੂਆ ਆਦਮੀ ਧਰਮ ਅਧਰਮ ਕਾ ਵਿਚਾਰ ਨਹੀਂ ਕਰ ਸਕਤਾ ਨਿਕਲ



ਨਹੀਂ ਸਕਤਾ । ਇਸ ਸਾਰੀ ਬਾਤ ਕੋ ਕਿਸੀ ਨੇ ਸ਼ਲੋਕ ਮੇਂ ਲਿਖਾ ਭੀ ਹੈ :-

**ਪੁਰਾ ਮਲੇਛ ਉਚਿਸ੍ਰੰ ਤਤ੍ ਆਪੀ ਚ ਸ਼ੂਨਾ ਲੀਢਮ ਅਪੁਨਾ, ਸਮੀ-ਖਯੰਤੰ ਖਯੀਰੰ ਸੁਸ਼ਮਲੰ ਅਵਿਨਾਮੁ ਦ੍ਵਿਜਵਰ: ॥ ਪ੍ਰਵ੍ਰਿਤ: ਤੰ ਪਾਤੁੰ ਤ੍ਰਮਸਿ ਚਲ ਚੇਤੋ ਧਨ ਕ੍ਰਿਤੇ, ਪ੍ਰਣਸ੍ਰਾ ਅਸਯਾਂ ਵੀਥਯਾਂ ਤ੍ਰਤ ਇਵ ਨਯਾਯ: ਸਰਵ ਜੰਤੂਨਾਂ ॥ ੨ ॥**

ਟੀਕਾ-ਹੇ ਬ੍ਰਾਹਮਣੋਂ ਮੇਂ ਸ੍ਰਿਸ਼ਟ ਦੇਖ ਪਹਿਲੇ ਤੋ ਮੁਸਲਮਾਨ ਕਾ ਪੀਆ ਹੂਆ ਦੂਧ ਔਰ ਫਿਰ ਕੁਤੇ ਕਾ ਚਟਿਆ ਹੂਆ ਦੂਧ ਦੇਖਕੇ ਭੀ ਫਿਰ ਭੇਡੋਂ ਕੀਆਂ ਮੀਗਣਾਂ ਯੁਕਤ ਦੂਧ ਕੋ ਤੂੰ ਪੀਨੇ ਕੇ ਲੀਏ ਪ੍ਰਵ੍ਰਿਤ ਹੂਆ ਹੈ । ਬਸ ਯੇ ਹੀ ਲੋਭੀ ਰੂਪੀ ਦਲਦਲ ਹੈ । ਇਸ ਮੇਂ ਹੀ ਸਾਰੇ ਲੋਗ ਤੇਰੀ ਤਰਹ ਨਸ਼ਟ ਹੋ ਰਹੇ ਹੈਂ, ਸਭ ਜੀਵੋਂ ਕਾ ਐਸਾ ਨਿਆਇ ਹੈ । ਇਸ ਲੋਭ ਪਰ ਇਕ ਦੂਸਰੀ ਕਥਾ ਭੀ ਮਹਾਤਮਾ ਲੋਗ ਕਹਿਤੇ ਹੈਂ । ਏਕ ਖਟ ਸ਼ਾਸਤ੍ਰੀ ਵਿਦ੍ਵਾਨ ਕਾਸ਼ੀ ਸੇ ਪੜ੍ਹ ਕਰ ਏਕ ਸ਼ਹਿਰ ਮੇਂ ਆਕੇ ਕਥਾ ਕਰਨੇ ਲਗਾ । ਤਬ ਏਕ ਸਤਿਸੰਗੀ ਨੇ ਪੂਛਾ ਪਾਪ ਕਾ ਕਾਰਨ ਕੌਣ ਹੈ । ਤਥਾ ਬੀਮਾਰੀਓਂ ਕਾ ਮੂਲ ਕੌਣ ਹੈ ਪੰਡਿਤ ਜੀ ਨੇ ਅਨੇਕ ਉਦਾਹਰਣ ਦੀਏ ਪਰੰਤੂ ਸਤਿਸੰਗੀ ਨੇ ਕਹਾ ਸਾਹਮਨੇ ਦਿਖਾਓ, ਨਹੀਂ ਤੋ ਮੈਂ ਦਿਖਾਤਾ ਹੂੰ । ਤਦ ਪੰਡਿਤ ਜੀ ਨੇ ਕਹਾ ਅਛਾ ਤੁਮ ਹੀ ਦਿਖਾਓ । ਸਤਿਸੰਗੀ ਨੇ ਕਹਾ ਬਹੁਤ ਅਛਾ ਅਠ ਦਿਨ ਕੇ ਅੰਦਰ ਦਿਖਾ ਦੂੰਗਾ । ਤਬ ਸਤਿਸੰਗੀ ਏਕ ਵੇਸ਼ਯਾ ਪਾਸ ਗਯਾ ਜੋ ਬੜੀ ਧਨਾਢਯ ਔਰ ਦਾਨਿਣ ਸੀ । ਉਸ ਕੋ ਕਹਾ ਇਸ ਪੰਡਿਤ ਕੋ ਪਾਪ ਕਾ ਬਾਪ ਦਿਖਾਓ । ਵੇਸ਼ਯਾ ਬੜੀ ਬੁਧਿਮਾਨ ਸੀ ਉਸਨੇ ਪੰਡਿਤ ਜੀ ਕੋ ਬੁਲਾਕੇ ਰੇਸ਼ਮੀ ਪੋਸ਼ਾਕ ਔਰ ਪੰਜ ਗਿਨੀਆਂ ਧਰਕੇ ਮਥਾ ਟੇਕਿਆ ਔਰ ਕਹਾ ਮੈਂ ਆਪ ਸੇ ਸਲਾਹ ਪੂਛਤੀ ਹੂੰ । ਮੈਂ ਸਾਰੀ ਉਮਰ ਪਰ ਪੁਰਸ਼ੋਂ ਕੇ ਸਾਥ ਵਿਭਚਾਰ ਕਰਕੇ ਧਨ ਕਠਾ ਕੀਆ ਹੈ । ਅਬ ਦਾਨ ਸੇ ਸੁਧ ਹੋਨਾ ਚਾਹਤੀ ਹੂੰ । ਪਰਸੂੰ ਗ੍ਰਹਿਣ ਹੈ ਨਾਲੇ ਸੋਮਾਵਤੀ ਅਮਾਵਸ ਹੈ । ਲਖ ਰੁਪਯਾ ਨਗਦ ਔਰ ਬਾਕੀ ਬਹੁਤ ਸਾਰੀ ਸਮਗ੍ਰੀ ਭੀ ਦਾਨ ਦੇਊਂਗੀ, ਪਰੰਤੂ ਅਪਨੇ ਹਾਥ ਸੇ ਚਾਵਲ ਦਾਲ ਫੁਲਕਾ ਬਣਾਕਰ ਕਚਾ ਭੋਜਨ ਕਿਸੀ ਬ੍ਰਾਹਮਣ ਕੋ ਖਿਲਾ ਕਰ ਦੇਨਾ ਚਾਹਤੀ ਹੂੰ, ਪਹਿਲੇ ਆਪ ਆਕੇ ਲੇ ਜਾਓ ਤੋ ਸਭ ਸੇ ਅਛਾ ਨਹੀਂ ਤੋ ਹੋਰ ਕੋਈ ਵਿਦ੍ਵਾਨ ਬੁਲਾ ਲੂੰਗੀ । ਆਪ ਕਾ ਕਿਆ ਵਿਚਾਰ ਹੈ । ਬ੍ਰਾਹਮਣ ਨੇ ਪਹਿਲੇ ਤੋ ਬਹੁਤ ਨਹੀਂ ਨਹੀਂ ਕਰੀ ਪਰੰਤੂ ਲੋਭਵਸ਼ ਹੋਕਰ ਕਹਾ ਪ੍ਰਾਸ਼ਚਤ ਕਰ ਲੂੰਗਾ ਆਧਾ ਧਨ ਦਾਨ ਕਰ ਲੂੰਗਾ ਆਖਿਰ ਕੋ ਮਾਨ ਲੀਆ ਕਿ ਮੈਂ ਹੀ ਆਕੇ ਲੇ ਜਾਊਂਗਾ । ਹੋਰ ਕੋ ਨ ਬੁਲਾਨਾ ਗ੍ਰਹਿਣ ਵਾਲੇ ਦਿਨ ਸਵੇਰੇ ਫੇਰ ਵੇਸ਼ਯਾ ਨੇ ਬੁਲਾਯਾ ਔਰ ਕਹਾ ਮੈਂ ਆਜ ਹੀ ਰਜਸੂਲਾ ਹੋ ਗਈ ਹੂੰ, ਮੇਰਾ ਦਾਨ ਲੋਗੇ ? ਅਗਰ ਲਓ ਤੋ ਭੋਜਨ ਤਿਆਰ ਕਰੂੰ, ਭੋਜਨ ਖਿਲਾਕੇ ਹੀ ਦਾਨ ਦੂੰਗੀ । ਬ੍ਰਾਹਮਣ ਨੇ ਪਹਿਲੇ ਨਹੀਂ ਨਹੀਂ ਕਰੀ ਪਰ ਲੋਭ ਵਸ਼ ਹੋ ਕੇ ਕਹਾ

ਤਿਆਰ ਕਰੋ । ਮੈਂ ਤੁਮਾਰਾ ਭੋਜਨ ਖਾ ਹੀ ਲੂੰਗਾ । ਤਬ ਵੇਸ਼ਯਾ ਨੇ ਭੋਜਨ ਤਿਆਰ ਕਰਾ ਔਰ ਲਗੇ ਗ੍ਰਹਿਣ ਮੇਂ ਉਸ ਰਜਸ੍ਵਲਾ ਇਸਤ੍ਰੀ ਨੇ ਅਪਨੇ ਪਾਸ ਬਿਠਾ ਕਰ ਕਚਾ ਭੋਜਨ ਪਰੋਸ ਕੇ ਪੰਡਿਤ ਜੀ ਕੇ ਆਗੇ ਰਖਾ । ਜਬ ਪੰਡਿਤ ਜੀ ਗ੍ਰਾਸ ਖਾਨੇ ਲਗੇ ਤੋ ਉਸਨੇ ਹਾਥ ਪਕੜ ਕੇ ਕਹਾ ਕਿ ਯੇ ਹੀ ਪਾਪ ਕਾ ਬਾਪ ਹੈ । ਏਕ ਤੋ ਮੈਂ ਰਜਸ੍ਵਲਾ ਫਿਰ ਕਚਾ ਭੋਜਨ ਫਿਰ ਗ੍ਰਹਿਣ ਲਗਾ ਹੂਆ ਔਰ ਫਿਰ ਸੋਮਾਵਤੀ ਅਮਾਵਸ ਹੈ। ਯੇ ਧਨ ਕਾ ਲੋਭ ਹੀ ਪਾਪ ਕਾ ਬਾਪ ਹੈ ਲਿਖਾ ਹੈ–

## ਸ਼ਲੋਕ–ਲੋਭ ਮੂਲਾਨਿ ਪਾਪਨਿ ਰਸਮੂਲਾ ਹਿ ਵਿਆਧਯ: ॥

ਅਰਥ–ਲੋਭ ਹੀ ਪਾਪੋਂ ਕਾ ਮੂਲ ਹੈ ਔਰ ਵਿਆਧੀਓਂ ਕਾ ਮੂਲ ਰਸ ਹੀ ਹੈ ਜੈਸੇ ਭਰਥਰੀ ਵੈਰਾਗ ਸ਼ੱਤਕ ਮੇਂ ਲਿਖਤੇ ਹੈਂ 'ਇੰਦ੍ਰਿਯਨ ਕੇ ਭੋਗ ਸਾਰੇ ਭਾਰੇ ਰੋਗ ਦੇਨੇ ਵਾਲੇ' ਤਬ ਪੰਡਿਤ ਜੀ ਬੜੇ ਲਜਿਤ ਹੂਏ ਔਰ ਲੋਭ ਕੋ ਛੋੜਤੇ ਭਏ । ਤਾਂਤੇ ਲੋਭ ਹੀ ਅਗਿਆਨੀ ਕਾ ਚਿੰਨ੍ਹ ਹੈ । ਤਥਾ ਲੋਭ ਕੋ ਗੁਰੂ ਜੀ ਨੇ ਹਲਕੇ ਕੁਤੇ ਕੀ ਨਿਆਈਂ ਲਿਖਾ ਹੈ। ਪ੍ਰਮਾਣ :–

## ਲੋਭ ਲਹਰਿ ਸਭ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥

[ਨਟ: ਮ: ੪ ਸਫਾ ੯੮੩

ਅਰਥ–ਲੋਭ ਕੀ ਲਹਿਰ ਯਾਨੇ ਤੀਬਰ ਇਛਾ ਨਾਲ ਸਭ ਮਨੁਸ਼ਯ ਹਲਕੇ ਕੁਤੇ ਕੀ ਨਿਆਈਂ ਹੋ ਰਹੇ ਹੈਂ ਔਰ ਜੋ ਉਨ੍ਹੋਂ ਕੀ ਸੰਗਤ ਕਰਤਾ ਹੈ ਉਸ ਕੋ ਭੀ ਹਲਕੇ ਕੁਤੇ ਕੀ ਨਿਆਈਂ ਬਣਾ ਦੇਤੇ ਹੈਂ। ਜੈਸੇ ਹਲਕੇ ਕੁਤੇ ਦੀਆਂ ਪੰਜ ਨਿਸ਼ਾਨੀਆਂ ਹੈਂ ਤੈਸੇ ਲੋਭੀ ਪੁਰਸ਼ ਦੀਆਂ ਭੀ ਪੰਜ ਨਿਸ਼ਾਨੀਆਂ ਹੈਂ । ਹਲਕੇ ਕੁਤੇ ਦੀਆਂ ਪੰਜ ਨਿਸ਼ਾਨੀਆਂ ਯੇ ਹਨ:–ਪਹਿਲੀ ਨਿਸ਼ਾਨੀ ਜਬ ਕੁਤਾ ਹਲਕਾ ਹੋਤਾ ਹੈ ਤਬ ਘਰ ਛੋੜਕੇ ਬਾਹਰ ਚਲਾ ਜਾਤਾ ਹੈ ਦੂਸਰੀ ਨਿਸ਼ਾਨੀ ਮਾਲਕ ਕੋ ਭੀ ਕਾਟਤਾ ਹੈ । ਤੀਸਰੀ ਨਿਸ਼ਾਨੀ ਪੂਛ ਸੀਧੀ ਹੋ ਜਾਤੀ ਹੈ ਚੌਥੀ ਨਿਸ਼ਾਨੀ ਮੂੰਹ ਸੇ ਝਗ ਛੂਟਤੀ ਹੈ । ਪੰਜਵੀਂ ਨਿਸ਼ਾਨੀ ਜਲ ਕੋ ਦੇਖ ਡਰਤਾ ਹੈ । ਤੈਸੇ ਲੋਭੀ ਦੀਆਂ ਭੀ ਪੰਜ ਨਿਸ਼ਾਨੀਆਂ ਹੈਂ ਪਹਿਲੀ ਨਿਸ਼ਾਨੀ ਜਬ ਲੋਭ ਮੇਂ ਆਤਾ ਹੈ ਤੋ ਘਰ ਛੋਡ ਕਰ ਦਸ਼ੋਂ ਦਿਸ਼ਾਓਂ ਕੋ ਦੌੜਤਾ ਹੈ, ਔਰ ਕਿਸੀ ਆਦਮੀ ਪਰ ਭਰੋਸਾ ਨਹੀਂ ਰਖਤਾ। ਔਰ ਈਸ਼੍ਵਰ ਵਿਸੰਵਭਰ ਪਾਲਤਾ ਹੈ । ਯੇ ਵਿਚਾਰ ਨਹੀਂ ਕਰਤਾ। ਗੁਰ ਪ੍ਰਮਾਣ :–

## ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ॥
## ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਣ ਨਹੀ ਮੂਰਖ ਜਾਤਾ ਰੇ॥

[ਸੋਰਠ ਮਹਲਾ ੫ ਸਫਾ ੬੧੨



ਦੂਸਤਾ ਲੋਭ ਵਸ਼ ਹੋਕਰ ਲੋਭੀ ਪੁਰਸ਼ ਐਸੇ ਵਿਚਾਰ ਕੋਂ ਭੀ ਭੁਲਾ ਦੇਤਾ ਹੈ । ਮਾਤਾ ਪਿਤਾ ਗੁਰੂ ਈਸ਼੍ਵਰ ਕੇ ਦੀਏ ਹੁਏ ਪਦਾਰਥ ਭੀ ਆਪ ਰਖ ਲੇਤਾ ਹੈ । ਯੇ ਮਾਲਕ ਕੋ ਕਟਨਾ ਹੈ । ਤੀਸਰਾ ਹਥ ਰੂਪੀ ਪੂਛ ਲੇਨੇ ਕੇ ਵਾਸਤੇ ਸੀਧਾ ਹੋ ਜਾਤਾ ਹੈ ਨਾਹ ਨਹੀਂ ਕਰਤਾ। ਦੇ, ਦੇ, ਸ਼ਬਦ ਕਹਿਤਾ ਹੈ ਯੇ ਮੂੰਹ ਸੇ ਝਗ ਸੁਟਤਾ ਹੈ। ਸ਼ਾਸਤ੍ਰ ਮੇਂ ਕਹਿਤੇ ਹੈਂ ਕਿ:–

## ਸ਼ਲੋਕ–ਦੇਹੀਤਿ ਵਚਨੰ ਸ਼੍ਰੁਤ੍ਵਾ ਦੇਹਸਥਾ: ਪੰਚਦੇਵਿਤਯਾ ਦੇਹੰ ਉਤਸ੍ਰਿਜਯਗਛੰਤਿ ਧੀ, ਹੀ, ਸ਼੍ਰੀ, ਕਾਂਤਿ ਕੀਰਤਯ:

ਅਰਥ–ਦੇ, ਦੇ ਐਸੇ ਵਚਨ ਕੋ ਸੁਨ ਕਰ ਦੇਹ ਮੇਂ ਰਹਿਣੇ ਵਾਲੀਆਂ ਜੋ ਪੰਜ ਦੇਵੀਆਂ ਹੈਂ ਵੋਹ ਦੇਹ ਕੋ ਛੋੜ ਕਰ ਚਲੀਆਂ ਜਾਤੀਆਂ ਹੈਂ । ਯਾਨੇ ਲੋਭੀ ਪੁਰਸ਼ ਮੇਂ ਨਹੀਂ ਰਹਿਤੀਆਂ। ਪੰਜ ਦੇਵੀਓਂ ਕੇ ਨਾਮ ਯਹਿ ਹੈਂ। ਬੁਧਿ ਲੱਜਾ, ਲਖਮੀ, ਮੁਖ ਕੀ ਸ਼ੋਭਾ, ਕੀਰਤੀ। ਦੇ, ਦੇ ਕਹਿਨਾ ਯੇ ਮੂੰਹ ਸੇ ਝਗ ਸਿਟਨਾ ਹੈ ਯੇ ਚੌਥੀ ਨੀਸ਼ਾਨੀ ਹੈ। ਸਤਿਸੰਗ ਰੂਪੀ ਜਲ ਸੇ ਡਰਨਾ ਯੇ ਪੰਜਵੀਂ ਨਿਸ਼ਾਨੀ ਹੈ ਇਸ ਵਾਸਤੇ ਹਲਕੇ ਕੁਤੇ ਕੀ ਨਿਆਈਂ ਕਹਾ ਹੈ। ਗੁਰੂ ਜੀ ਲਿਖਤੇ ਹੈਂ:–

## ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ ॥

[ਵਾਰਾਂ ਤੇ ਵਧੀਕ ਸਲੋਕ ਮ: ੩ ਸ਼ਫਾ ੧੪੧੭

ਯਾਨੇ ਲੋਭੀ ਕਭੀ ਸਤਿ ਮੇਂ ਕਾਇਮ ਨ ਰਹੇਗਾ। ਲੋਭ ਵਸ਼ ਹੋਕਰ ਝੂਠੇ ਆਦਿ ਅਨੇਕਾਂ ਕੁਕਰਮ ਕਰੇਗਾ ਜੈਸੇ ਉਪਰ ਲਿਖ ਆਏ ਹੈਂ, ਔਰ ਲੋਭੀ ਪੁਰਸ਼ ਅਪਨੇ ਮਨੁਸ਼ਯ ਜਨਮ ਕੋ ਨਿਸ਼ਫਲ ਖੋ ਦੇਤਾ ਹੈ, ਉਸ ਕੋ ਪਰਲੋਕ ਮੇਂ ਦੇਵਤਾ ਲੋਗ ਹਾਸੀ ਕਰੇਂਗੇ, ਪਰੰਤੂ ਲੋਭੀ ਪੁਰਸ਼ ਕੋ ਲੋਗੋਂ ਕੇ ਹਸਨੇ ਕੀ ਭੀ ਲਜਾ ਨਹੀਂ । ਤਾਂਤੇ ਗੁਰੂ ਜੀ ਲਿਖਤੇ ਹੈਂ ਐਸੇ ਲੋਭੀ ਪੁਰਸ਼ ਕੀ ਸੰਗਤਿ ਛੋਡ ਕਰ:–

## (ਮੂਲ) ਨਾਨਕ ਹਰਿ ਜਸ ਕਿਉ ਨਹੀ ਗਾਵਤਿ ਕੁਮਤਿ ਬਿਨਾਸੈ ਤਨ ਕੀ ॥

ਏਕਾਂਤ ਮੇਂ ਬੈਠ ਕਰ ਹਰਿ ਜਸ ਕਿਉਂ ਨਹੀਂ ਗਾਯਨ ਕਰਤੇ ਹੋ ਜਿਸ ਸੇ ਤੁਮ੍ਹਾਰੇ ਅੰਤਹਕਰਣ ਕੀ ਮਨਮਤਿ ਦੂਰ ਹੋ ਜਾਵੇ। ਫੇਰ ਤੁਮ੍ਹਾਰੇ ਪਰ ਪਰਮੇਸ਼ਵਰ ਕੀ ਕ੍ਰਿਪਾ ਹੋਗੀ। ਇਸ ਪ੍ਰਕਾਰ ਅਗਿਆਨੀਓਂ ਕੇ ਚਿੰਨ੍ਹ ਕਹਿ ਕਰ ਅਬ ਗਿਆਨੀਓਂ ਕੇ ਚਿੰਨ੍ਹ ਦੂਸਰੇ ਅਰਥ ਮੇਂ ਕਹਿਤੇ ਹੈਂ:–

## (ਮੂਲ) ਬਿਰਥਾ ਕਹਉ ਕਉਨ ਸਿਉ ਮਨ ਕੀ ॥

ਸ੍ਰੀ ਗੁਰੂ ਤੇਗ ਬਹਾਦੁਰ ਜੀ ਸੇ ਜਿਸ ਪੁਰਸ਼ ਨੇ ਗਿਆਨੀਓਂ ਕੇ ਲਖਣ ਪੂਛੇ ਥੇ ਉਸ ਕੋ ਭੀ ਇਸੀ ਸ਼ਬਦ ਮੇਂ ਹੀ ਗਿਆਨੀਓਂ ਕੇ ਲਖਣ ਸੁਨਾਤੇ ਹੈਂ:–'ਬਿਰਥਾ ਕਹਉ ਕਉਨ ਸਿਉ ਮਨ ਕੀ।' ਗਿਆਨਵਾਨੋਂ ਕੇ ਮਨ ਕੀ ਹਾਲਤ ਕਿਸਕੇ ਤਾਈਂ ਕਹੇਂ ਕੋਈ ਅਧਿਕਾਰੀ ਨਹੀਂ ਦਿਖਾਈ ਆਤਾ। ਤਬ ਪ੍ਰੇਮੀਓਂ ਨੇ ਕਹਾ ਮਹਾਰਾਜ ਯਦਪਿ ਹਮ ਅਧਿਕਾਰੀ ਨਹੀਂ ਤੋ ਭੀ ਹਮ ਕੋ ਸੁਨਾਓ ਸੁਨਕਰ ਅਧਿਕਾਰੀ ਹੋ ਜਾਏਂਗੇ। ਤਬ ਗੁਰੂ ਜੀ ਨੇ ਕਹਾ ਅੱਛਾ

ਸ੍ਰਵਣ ਕਰੋ ਗਿਆਨਵਾਨੋਂ ਨੇ ਪਹਿਲੇ ਅੰਤਹਕਰਣ ਮੇਂ ਜੋ ਲੋਭ ਥਾ ਉਸਕੋ ਗ੍ਰਸ ਲੀਆ ਯਾਨੇ ਹਟਾ ਦੀਆ ਹੈ। ਲੋਭ ਕਰਕੇ ਵਿਸ਼ਯੋਂ ਕਾ ਧਿਆਨ ਯਾਨੇ ਯੇ ਵਿਸ਼ਯ ਮੇਰੇ ਅਨਕੂਲ ਹੈਂ ਸੁਖਦਾਈ ਹੈਂ । ਇਸ ਧਿਆਨ ਕੇ ਯਾਨੇ ਸੋਚਨ ਅਧਿਆਸ ਕੋ ਹਟਾ ਦੀਆ । ਵਿਸ਼ਿਓਂ ਕੇ ਧਿਆਨ ਰੂਪ ਲੋਭ ਸੇ ਹੀ ਸਭ ਵਿਕਾਰ ਪੈਦਾ ਹੋਤੇ ਹੈਂ ਔਰ ਇਸ ਸੇ ਹੀ ਜਨਮ ਮਰਣ ਕੋ ਪ੍ਰਾਪਤ ਹੋਤੇ ਹੈਂ । ਜੈਸੇ ਗੀਤਾ ਕੇ ਦ੍ਵਿਤੀਯ ਅਧਯਾਯ ਕੇ ੬੨ –੬੩ ਸ਼ਲੋਕ ਮੇਂ ਕਹਤੇ ਹੈਂ:–

**ਧਯਾਯਤੋ ਵਿਸ਼ਯਾਨ੍ ਪੁੰਸ: ਸੰਗ: ਤੇਸ਼ੂ ਉਪਜਾਯਤੇ ॥ ਸੰਗਾਤ੍ ਸਜਾਯਤੇ ਕਾਮ: ਕਾਮਾਤ੍ ਕ੍ਰੋਧੋ ਅਭਿਜਾਯਤੇ ॥ ੬੨ ॥ ਕ੍ਰੋਧਾਤ੍ ਭਵਿਤ ਸੰਮੋਹ: ਸੰਮੋਹਾਤ੍ ਸਿਮ੍ਰਿਤਿ ਵਿਭ੍ਰਮ: ॥ ਸਿਮ੍ਰਿਤਿ ਭ੍ਰੰਸ਼ਾਤ੍ ਬੁਧਿਨਾਸ਼: ਬੁਧਿਨਾਸ਼ਾਤ੍ ਪ੍ਰਣਸ਼ਯਤਿ ॥**

[ਗੀਤਾ ਅਧਿ: ੨

ਟੀਕਾ–ਵਿਸ਼ਯੋਂ ਕੇ ਚਿੰਤਨ ਕਰਨ ਵਾਲੇ ਪੁਰਸ਼ ਕੀ ਉਨ ਵਿਸ਼ਯੋਂ ਮੇਂ ਆਸਕਤੀ ਹੋ ਜਾਤੀ ਹੈ, ਔਰ ਆਸਕਤੀ ਸੇ ਉਨ ਵਿਸ਼ਯੋਂ ਕੀ ਕਾਮਨਾ ਉਤਪੰਨ ਹੋਤੀ ਹੈ, ਔਰ ਕਾਮਨਾ ਮੇਂ ਵਿਘਨ ਪੜਨੇ ਸੇ ਕ੍ਰੋਧ ਉਤਪੰਨ ਹੋਤਾ ਹੈ ॥ ੬੨ ॥ ਕ੍ਰੋਧ ਸੇ ਅਵਿਵੇਕ ਅਰਥਾਤ ਮੂਢ ਭਾਵ ਉਤਪੰਨ ਹੋਤਾ ਹੈ ਔਰ ਅਵਿਵੇਕ ਸੇ ਸਿਮਰਣ ਸ਼ਕਤੀ ਭ੍ਰਮਿਤ ਹੋ ਜਾਤੀ ਹੈ, ਔਰ ਸਿਮਰਣ ਸ਼ਕਤੀ ਕੇ ਭ੍ਰਮਿਤ ਹੋ ਜਾਨੇ ਸੇ ਬੁਧਿ ਅਰਥਾਤ ਗਿਆਨ ਸਕਤੀ ਕਾ ਨਾਸ਼ ਹੋ ਜਾਤਾ ਹੈ, ਔਰ ਬੁਧਿ ਕੇ ਨਾਸ਼ ਹੋਨੇ ਸੇ ਯੇ ਪੁਰਸ਼ ਆਪਨੇ ਸ਼੍ਰੇਯ ਸਾਧਨ ਸੇ ਗਿਰ ਜਾਤਾ ਹੈ ॥ ੬੩ ॥ ਇਸ ਵਾਸਤੇ ਮਹਾਤਮਾ ਨੇ ਪਹਿਲੇ ਵਿਚਾਰ ਔਰ ਸੰਤੋਸ਼ ਕੇ ਪ੍ਰਭਾਵ ਸੇ ਲੋਭ ਕੋ ਗ੍ਰਸ ਲੀਆ ਹੈ । ਸਦਾ ਵਿਚਾਰ ਔਰ ਸੰਤੋਸ਼ ਮੇਂ ਰਹਿਤੇ ਹੈਂ । ਯੇਹੀ ਗਿਆਨਵਾਨੋਂ ਕਾ ਚਿੰਨ੍ਹ ਹੈ । ਲੋਭ ਕੋ ਜਯ ਕਰਨੇ ਸੇ ਧਨ ਕੀ ਇਛਾ ਸੇ ਦਸੋਂ ਦਿਸ਼ਾਓਂ ਮੇਂ ਜੈਸੇ ਲੋਭੀ ਦੌੜਤੇ ਹੈਂ, ਗਿਆਨੀਓਂ ਕੀ ਦ੍ਰਿਸਟੀ ਮੇਂ ਸੋ ਧਨ ਕਿਆ ਚੀਜ਼ ਹੈ ਭਾਵ ਤੁਛ ਹੈ–'ਵਿਰਕਤਸਯ ਤ੍ਰਿਣ ਜਗਤ' ਅਰਥ–ਵਿਰਕਤ ਪੁਰਸ਼ ਕੋ ਸਾਰਾ ਜਗਤ ਤ੍ਰਿਣ ਕੇ ਬਰਾਬਰ ਹੈ, ਔਰ ਜੋ ਸੰਤੋਖੀ ਕੋ ਸੁਖ ਹੈਂ ਸੋ ਦਸੋਂ ਦਿਸ਼ਾਓਂ ਮੇਂ ਦੌੜਨੇ ਮੇਂ ਲੋਭੀ ਕੋ ਨਹੀਂ ਹੈਂ । ਜੈਸੇ ਲਿਖਾ ਭੀ ਹੈ:–

**ਸ਼ਲੋਕ–ਸੰਤੋਸ਼ ਅੰਮ੍ਰਿਤ ਤ੍ਰਿਪਤਾਨਾਂ ਯਤਸੁਖੰ ਸ਼ਾਂਤ ਚੇਤਸ਼ਾਂ । ਕੁਤ: ਤਤ੍ਰਧਨ ਲੁਬਧਨਾਂ ਇਤਸ੍ਹ ਇਕੱਸ੍ਹ ਧਾਵਤਾਂ ॥ ੬ ॥ ਅਕਿੰਚ ਨਸਯਦਾਂਤਸਯ ਸ਼ਾਂਤਸਯ ਸਮ ਚੇਤਸ: । ਸਦਾ ਸੰਤੁਸ ਮਨਸ: ਸਰਵਾ: ਸੁਖਮਯਾ ਦਿਸ਼ਾ: ॥ ੨ ॥ ਅਕਿੰਚਨੋ ਅਪਿਅਸਊਜੰਤੁ: ਸ਼ਾਮ੍ਰਾਜਯਸੁਖੰ ਅਸ਼ਨੁਤੇ । ਆਧਿ ਬਿਯਾਧਿ ਵਿਨਿਰਮੁਕਤੰ ਸੰਤੁਸ਼ਟੰ ਯਸਯਮਾਨਸੰ ॥੩॥**



ਟੀਕਾ–ਸੰਤੋਸ਼ ਰੂਪੀ ਅੰਮ੍ਰਿਤ ਕੇ ਪਾਨ ਸੇ ਤ੍ਰਿਪਤਿ ਸ਼ਾਂਤ ਚਿਤ ਵਾਲੋਂ ਕੋ ਜੋ ਸੁਖ ਹੈ, ਸੋ ਸੁਖ ਧਨ ਕੇ ਲੋਭ ਸੇ ਈਹਾਂ ਊਹਾਂ ਦੌੜਨੇ ਵਾਲੋਂ ਕੋ ਕਹਾਂ ਹੈ ਕਿੰਤੂ ਨਹੀਂ ॥ ੧ ॥ ਜੋ ਪੁਰਸ਼ ਅਕਿੰਚਨ ਯਾਨੇ ਤਿਆਗੀ ਹੈਂ, ਔਰ ਸ਼ਮਦਮ ਵਾਲੇ ਸਮਾਚਿਤ ਹੈਂ ਔਰ ਮਨ ਸੇ ਸਦਾ ਤ੍ਰਿਪਤ ਹੈਂ ਉਨਕੋ ਸਾਰੀਆਂ ਦਿਸ਼ਾਏਂ ਸੁਖ ਰੂਪ ਹੈਂ ॥ ੨ ॥ ਵੋਹ ਵਿਰਕਤ ਪੁਰਸ਼ ਸਾਮਰਾਜਯ ਸੁਖ ਕੋ ਅਨੁਭਵ ਕਰਤਾ ਹੈ, ਜਿਸ ਕਾ ਚਿਤ ਆਧਿ ਬਿਆਧਿ ਸੇ ਰਹਿਤ ਸਦਾ ਸੰਤੁਸ਼ਟ ਹੈ ਵੋਹ ਧਨ ਸੇ ਬਿਨਾਂ ਭੀ ਚਕ੍ਰਵਰਤੀ ਰਾਜਯ ਕੇ ਸੁਖ ਕੋ ਅਨੁਭਵ ਕਰਤਾ ਹੈ । ਸ਼ੰਕਾ–ਅਗਰ ਉਨ ਕੋ ਧਨ ਕੀ ਇਛਾ ਨਹੀਂ ਤੋ ਉਨੋਂ ਕਾ ਚਿਤ ਕਹਾਂ ਹੈ ? ਉਤਰ–ਸੁਖ ਕੇ ਹੇਤ ਬਹੁਤ । ਯਾਨੇ ਬਹੁਤ ਸੁਖ ਸਰੂਪ ਪਰਮਾਤਮਾ ਕੇ ਬੀਚ ਉਨੋਂ ਕਾ ਹਿਤ ਪ੍ਰੇਮ ਹੈ । ਯਾਨੇ ਹਰ ਵਕਤ ਸਮਾਧੀ ਮੇਂ ਰਹਤੇ ਹੈਂ । ਸ਼ੰਕਾ–ਜਬ ਸਮਾਧਿ ਸੇ ਉਠਤੇ ਹੈਂ ਫੇਰ ਕਿਆ ਕਰਤੇ ਹੈਂ ? ਉਤਰ–'ਦੁਖਪਾਵਤ' ਯਾਨੇ ਦੂਰਸੰਕਲਪ ਕੋ ਖਪਾਵਤ ਯਾਨੇ ਹਟਾਤੇ ਰਹਿਤੇ ਹੈਂ । ਜੈਸੇ ਏਕ ਮਹਾਤਮਾ ਨੇ ਖੋਟੇ ਸੰਕਲਪ ਹਟਾ ਕਰ ਔਰ ਕਈ ਦਿਨ ਆਪਨੇ ਕੋ ਭੂਖਾ ਰਖਾ ਹੈ । ਮਨ ਕੋ ਸਮਝਾਣਾ ਮਹਾਤਮਾ ਕਾ ਧਰਮ ਹੈ :–

**(ਸ਼ਲੋਕ)–ਸਰਪਾ: ਪਿਵੰਤਿ ਪਵਨੰ ਨਚ ਦੁਰਬਲਾਸ੍ਤੇ ਸ਼ੁਸ਼ਕੈ: ਤ੍ਰਿਣੈ: ਬਨ ਗਜਾ ਬਲਿਨੋ ਭਵੰਤਿ । ਕੰਦੈ: ਫਲੈ: ਵਰਾ: ਖਯਪਯੰਭਿ ਕਾਲੰ ਸੰਤੋਸ਼ਏਵ ਪੁਰੁਸ਼ਸਯ ਪਰੰਨਿਧਾਨੰ ॥**

ਅਰਥ–ਹੇ ਮਨ ! ਜੈਸੇ ਸਰਪ ਵਾਯੂ ਖਾ ਕੇ ਭੀ ਦੁਰਬਲ ਦੇਖਨੇ ਮੇਂ ਨਹੀਂ ਆਤੇ ਹੈਂ । ਬਨ ਮੇਂ ਰਹਿਣ ਵਾਲੇ ਹਸਤੀ ਔਰ ਪਸ਼ੂ ਸੂਕਾ ਘਾਸ ਖਾਕੇ ਭੀ ਬੜੇ ਬੜੇ ਬਲਵਾਨ ਹੋਤੇ ਹੈਂ । ਰਿਸ਼ੀ ਲੋਗ ਕੰਦ-ਮੂਲੋਂ ਸੇ ਹੀ ਨਿਰਬਾਹ ਕਰ ਲੇਤੇ ਹੈਂ । ਤਾਂਤੇ ਸੰਤੋਸ਼ ਹੀ ਪੁਰਸ਼ੋਂ ਕਾ ਪਰਮ ਖਜ਼ਾਨਾ ਹੈ ।

**(ਸ਼ਲੋਕ)–ਤੇ ਧੰਨਯਾ: ਪੁਨਯ ਭਾਜਨਸ੍ਤੇ ਤੈ ਤੀਰਣ: ਕਲੇਸ ਸਾਗਰ: । ਜਗਤ ਸਮੂਹ ਜਨਨੀਯੈ: ਆਸ਼ਾਆਸ਼ੀ ਵਿਖੀ ਜਿਤ ।**

ਵੋ ਪੁਰਸ਼ ਧੰਨ ਹੈਂ ਪੁੰਨ ਭਾਗੀ ਹੈਂ ਔਰ ਕਲੇਸ਼ ਰੂਪ ਸੰਸਾਰ ਸਾਗਰ ਸੇ ਵੋਹ ਤਰ ਗਏ ਹੈਂ । ਜਿਨੋਂ ਨੇ ਸਾਰੇ ਜਗਤ ਕੀ ਮਾਤਾ ਆਸ਼ਾ ਰੂਪ ਸਰਪਿਣੀ ਕੋ ਜੀਤ ਲੀਆ ਹੈ । ਸ਼ੰਕਾ–ਜਬ ਉਨ ਕੋ ਧਨ ਕੀ ਇਛਾ ਮਾਤਰ ਭੀ ਨਹੀਂ ਤੋ ਉਨੋਂ ਕੇ ਸਰੀਰ ਕੀ ਕ੍ਰਿਯਾ ਕੈਸੇ ਹੋਤੀ ਹੈ । ਉਤਰ–ਸੇਵ ਕਰਤ ਜਨ ਜਨ ਕੀ ॥ ਯਾਨੇ ਉਸ ਮਹਾਤਮਾ ਕੀ ਮਨੁਸ਼ ਔਰ ਇਸਤ੍ਰੀਆਂ ਪਰਲੋਕ ਕੇ ਸੁਖ ਵਾਸਤੇ ਸੇਵਾ ਕਰਤੇ ਹੈਂ । ਜੈਸੇ ਗੁਰੂ ਪ੍ਰਮਾਣ :–

**ਚਾਰ ਪਦਾਰਥ ਜੇਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥**

[ਗਉੜੀ ਸੁਖਮਨੀ ਮ: ੫ ਸਫਾ ੨੬੬

ਪਰੰਤੂ ਮਹਾਤਮਾ ਕਿਸੀ ਕੀ ਸੇਵਾ ਨ ਲੇਤੇ ਹੂਏ ਘਰ ਘਰ ਮੇਂ ਮਧੂਕਰੀ ਬ੍ਰਿਤੀ ਕਰਤੇ ਹੈਂ । 'ਦੁਆਰਹਿ ਦੁਆਰਿ ਸੁਆਨ ਜਿਉ ਡੋਲਤ' । ਯਾਨੇ ਕੁਤੇ ਕੀ ਨਿਆਈਂ ਕੇਵਲ ਅੰਨਾਰਥੀ ਹੋ ਕਰ ਸਤਿਕਾਰ ਤ੍ਰਿਸਕਾਰ ਨ ਦੇਖ ਕਰ ਘਰ ਘਰ ਮੇਂ ਮਧੂਕਰੀ ਬ੍ਰਿਤੀ ਕਰਤੇ ਹੈਂ । ਜੈਸੇ ਲਿਖਾ ਹੈ:-

**ਭਿਖਜਾ ਮਧੂਕਰੀ ਨਾਮ ਸਰਵ ਪਾਪ ਪ੍ਰਣਾਸ਼ਿਨੀ । ਅਵਧੂਤ: ਚ ਪੂਤ: ਚ ਸੋਮਪਾਨੰ ਦਿਨੇ ਦਿਨੇ ॥ ੧ ॥ ਭਿਖਜਾ ਹਾਰੋ ਨਿਰਾਹਾਰੋ ਭਿਖਜਾ ਨੈਵ ਪ੍ਰਤਿਗ੍ਰਹ: । ਸ਼੍ਰੋਤ੍ਰਿਯਾ ਅੰਨੰ ਚ ਭੈਖੰ ਚ ਹੁਤ ਸ਼ੇਸ਼ੰ ਚ ਯਦ ਹਵਿ: ॥੨॥ ਗੰਗਾ ਤੋਯੰ ਚ ਭੈਖੰ ਚ ਵੈਸ਼ਨ੍ਵ ਅੰਨੰ ਵਿਸ਼ੇਸ਼ਤ: ਆਨਖਾ: ਅਗ੍ਰਾਤ੍ ਮੋਚਯੇਤ੍ ਪਾਪੰ ਮੰਤ੍ਰ ਪੂਤੰ ਹਵਿਰ ਯਥਾ ॥ ੩ ॥ ਗੰਗਾਯਾ: ਸਲਿਲੰ ਪੁਣਯੰ ਸ਼ਾਲਗ੍ਰਾਮ ਸ਼ਿਲਾਤਥਾ । ਭਿਖਜਾ ਅੰਨੰ ਪੰਚ ਗਬਜੰ ਚ ਪਵਿਤ੍ਰਾਣਿ ਯੁਗੇ ਯੁਗੇ ॥ ੪ ॥ ਨ ਭਿਖਜਾਯਾਂ ਭਵੇਤ੍ ਦੋਸ਼ੋ ਨ ਚ ਭਿਖਜਾ ਪ੍ਰਤਿਗ੍ਰਹ: । ਸੋਮਪਾਨ ਸਮਾਭਿਖਜਾ ਤਸਮਾਤ੍ ਅਹਰ ਅਹਸ੍ਰੁਰੇਤ੍ ॥ ੫ ॥**

ਟੀਕਾ-ਘਰ ਘਰ ਸੇ ਮਾਂਗਨੇ ਵਾਲੀ ਭਿਖਿਆ ਸਰਬ ਪਾਪੋਂ ਕੇ ਨਾਸ਼ ਕਰਨੇ ਵਾਲੀ ਹੋਤੀ ਹੈ। ਦੋਸ ਰਹਿਤ ਹੈ ਔਰ ਪਵਿਤਰ ਹੈ। ਔਰ ਦਿਨ ਦਿਨ ਮੇਂ ਖਾਈ ਭਿਖਿਆ ਅੰਮ੍ਰਿਤ ਕੇ ਪਾਨ ਬਰਾਬਰ ਹੈ ॥ ੧ ॥ ਭਿਖਾ ਕਾ ਅੰਨ ਖਾਨੇ ਵਾਲਾ ਸਦਾ ਬ੍ਰਤੀ ਰਹਿਤਾ ਹੈ । ਭਿਖਿਆ ਕਾ ਅੰਨ ਪ੍ਰਤਿਗ੍ਰਹ ਨਹੀਂ । ਵੇਦਵੇਤਾ ਕਾ ਅੰਨ ਔਰ ਭਿਖਜਾ ਕਾ ਭੋਜਨ ਔਰ ਯਗਜ ਸ਼ੇਸ਼ ਔਰ ਆਹੂਤੀ ਕੀ ਸਮਗ੍ਰੀ ਚਾਰੋਂ ਅੰਨ ਪਵਿੱਤਰ ਅੰਨ ਹੈਂ । ਗੰਗਾ ਕਾ ਜਲ ਭਿਖਿਆ ਕਾ ਅੰਨ ਤਥਾ ਵਿਸ਼ੇਸ਼ ਕਰਕੇ ਵੈਸ਼ਨਵ ਭਗਤ ਕਾ ਅੰਨ ਨਖ ਸੇ ਲੇਕਰ ਚੋਟੀ ਤਕ ਪਾਪੋਂ ਸੇ ਐਸੇ ਮੁਕਤ ਕਰਤਾ ਹੈ ਜੈਸੇ ਮੰਤਰੋਂ ਸੇ ਸ਼ੁਧ ਕਰੀ ਹੁਈ ਹਵੀ ॥ ੩ ॥ ਗੰਗਾ ਕਾ ਜਲ ਔਰ ਸਾਲਗ੍ਰਾਮ ਕੀ ਸ਼ਿਲਾ ਔਰ ਭਿਖਿਆ ਕਾ ਅੰਨ ਔਰ ਪਾਂਚ ਗਵਯ ਯਾਨੇ ਗੋ ਮੂਤਰ, ਗੋਬਰ, ਗੋ ਦੂਧ, ਗੋ ਦਧੀ, ਗੋ ਘ੍ਰਿਤ, ਯੁਗੋਂ ਯੁਗੋਂ ਮੇਂ ਪਵਿੱਤਰ ਹੈਂ ॥ ੪ ॥ ਭਿਖਿਆ ਕਰਨੇ ਮੇਂ ਕੋਈ ਦੋਸ਼ ਨਹੀਂ । ਭਿਖਿਆ ਪ੍ਰਤਿਗ੍ਰਹ ਨਹੀਂ ਹੈ । ਅੰਮ੍ਰਿਤ ਪਾਨ ਕੇ ਸਮਾਨ ਭਿਖਿਆ ਹੈ। ਇਸ ਵਾਸਤੇ ਭਿਖਿਆ ਰੋਜ਼ ਰੋਜ਼ ਕਰੇ ॥ ੫ ॥ ਯਦ੍ਯਪਿ ਭਿਖਿਆ ਪਾਂਚ ਪਰਕਾਰ ਕੀ ਸ਼ਾਸਤ੍ਰ ਮੇਂ ਕਹੀ ਹੈ। ਜੈਸੇ ਊਸ਼ਨ ਰਿਸ਼ੀ ਲਿਖਤੇ ਹੈਂ :-



**ਮਾਧੂਕਰੰ ਅਸ਼ੰਕਿਲ੍ਪੰ ਪ੍ਰਾਕ ਪ੍ਰਣੀਤੰ ਅਯਾਚਿਤੰ ॥ ਤਾਤਾਕਾਲਿਕੰਚ ਉਪਪੰਨੰ ਭੈਖਜੰ ਪੰਚ ਵਿਧੰਸਿਮ੍ਰਿਤੰ ॥ ੧ ॥ ਮਨ: ਸੰਕਲਪ ਰਹਿਤਾਨ੍ ਗ੍ਰਹਾਨ ਤ੍ਰੀਨ ਪੰਚ ਸਪ੍ਤਵਾ। ਮਧੂਵ੍ਰਤ ਹ੍ਰਿਤੰ ਯਤ੍ ਤਨ੍ ਮਾਧੂਕਰੰ ਇਤਿ ਸਿਮ੍ਰਿਤੰ ॥ ੨ ॥ ਸ਼ਯਨ ਉਥਾਪਨਾਤ ਪ੍ਰਾਕ੍ ਯਤ ਪ੍ਰਾਰਥਿਤੰ ਭਗਤੀ ਸੰ ਜਿਤੈ: । ਤਤ ਪ੍ਰਾਕ ਪ੍ਰਣੀਤੰ ਇਤਯਾਹ ਭਗ ਵਾਨਊਸ਼ਣੋ ਮੁਨੀ: ॥ ੩ ॥ ਭਿਖਯਾਟਨ ਸਮ ਉਦਯੋਗਾਤ੍ ਪ੍ਰਾਕ ਕੇਨਾਪਿ ਨਿਮੰਤ੍ਰਿਤੰ। ਅਯਾਚਿਤੰ ਤੂ ਤਦਭੈਖੰ ਭੋਕ੍ਤਬਜ ਮਨੁ ਅਬ੍ਰਵੀਤ ॥ ੪ ॥ ਉਪਸਥਾਨੇ ਨਯੇਤ੍ਰ ਪੋਕ੍ਤੰ ਭਿਖਜਾ ਅਰਥੰ ਬ੍ਰਾਹਮਣੇਨਹਿ। ਤਤਾਕਲਿਕੰ ਇਤਿ ਖਯਾਤੰ ਤਬ ਅਤਬਜੰ ਮੁਮੁਖਸ਼ੂਣਾ ॥ ੫ ॥ ਸਿੱਧ ਅੰਨੰ ਭਗਤ ਜਨੈ: ਆਨੀਤੰ ਯਤ੍ਮਠੰਪ੍ਰਤਿ। ਉਪਪਨੰਤਦ੍ ਇਤਯਾਹੂ: ਮੁਨਯੋ ਮੋਖਯ ਕਾਂਖਿਣ: ॥੬॥**

ਟੀਕਾ-ਭਿਖਿਆ ਪਾਂਚ ਪਰਕਾਰ ਕੀ ਕਹੀਂ ਗਈ ਹੈ । ਪਹਿਲੀ ਮਾਧੂਕਰੀ ਦੂਸਰੀ ਪ੍ਰਾਕ ਪ੍ਰਣੀਤ ਤੀਸਰੀ ਅਯਾਚਿਤ ਚੌਥੀ ਤਤਕਾਲਿਕ ਪੰਜਵੀਂ ਉਪਪੰਨ । ਪਾਂਚ ਪਰਕਾਰ ਕੀ ਭਿਖਿਆ ਕਹੀ ਗਈ ਹੈ । ਬੇਵਾਕਫ ਤੀਨ, ਪਾਂਚ ਯਾ ਸਾਤ ਘਰੋਂ ਸੇ ਜੋ ਭੌਰੇਂ ਕੀ ਤਰਹ ਜੋ ਪਰਾਪਤ ਹੋਨਾ ਉਸਕਾ ਨਾਮ ਮਧੁਕਰ ਹੈ ॥ ੨ ॥ ਸ਼ਯਨ ਕੇ ਉਠਨੇ ਸੇ ਪਹਿਲੇ ਜੋ ਨਿਮੰਤ੍ਰਣ ਆਕੇ ਕਿਸੀ ਨੇ ਦੇਣਾ ਉਸਕਾ ਨਾਮ ਪ੍ਰਾਕ ਪਰਣੀਤ ਦੂਸਰੀ ਭਿਖਿਆ ਹੈ ॥ ੩ ॥ ਭਿਖਿਆ ਕੋ ਜਾਨੇ ਸੇ ਪਹਿਲੇ ਆਕੇ ਕਿਸੀ ਨੇ ਕਹਾ ਕਿ ਮਹਾਰਾਜ ! ਅਜ ਭੋਜਨ ਮੇਰੇ ਪਾਸ ਹੋਵੇ ਉਸਕਾ ਨਾਮ ਅਯਾਚਿਤ ਭਿਖਿਆ ਤੀਸਰੀ ਹੈ ਯੇ ਮਨੂ ਜੀ ਨੇ ਕਹਾ ਹੈ ॥ ੪ ॥ ਭਿਖਿਆ ਵਾਸਤੇ ਗਏ ਕੋ ਰਸਤੇ ਮੇਂ ਕਿਸੀ ਨੇ ਭੋਜਨ ਵਾਸਤੇ ਕਹਾ ਉਸਕਾ ਨਾਮ ਤਤਕਾਲਿਕ ਚੌਥੀ ਭਿਖਿਆ ਹੈ ॥ ੫ ॥ ਔਰ ਮਨ ਮੇਂ ਜੇ ਕੋਈ ਸ਼ਿਸ਼ ਭਗਤ ਆਪ ਭੋਜਨ ਲੇ ਆਏ ਉਸਕੋ ਪੰਜਵੀਂ ਉਪਪੰਨ ਭਿਖਿਆ ਕਹਿਤੇ ਹੈਂ ।

**ਨਕ੍ਤਾਤ ਪਰਸੋਪਵਾਸ ਉਪਵਾਸਾਦ੍ ਅਯਾਚਿਤੰ। ਅਯਾਚਿਤਾਤ ਪਰੰਭੈਖੰ ਤਸਮਾਤ੍ ਭੈਖੰ ਵਰਤਯੇਤ੍ ॥**

ਅਰਥ-ਰਾਤ੍ਰੀ ਮੇਂ ਏਕ ਵਕਤ ਭੋਜਨ ਕਰਨੇ ਸੇ ਨਿਰਜਲ ਬ੍ਰਤ ਅਛਾ ਹੈ । ਅਰ ਨਿਰਜਲ ਬ੍ਰਤ ਸੇ ਅਯਾਚਿਤ ਬ੍ਰਤ ਅਛਾ ਹੈ । ਯਾਨੇ ਕੋਈ ਦੇ ਗਯਾ ਖਾ ਲੀਆ ਨਹੀਂ ਤੋ ਬਸ । ਉਸ ਸੇ ਮਧੂਕਰੀ ਅਛੀ । ਇਸ ਵਾਸਤੇ ਸਾਧੂ ਬ੍ਰਾਹਮਣ ਰੋਜ਼ ਰੋਜ਼ ਮਧੂਕਰੀ ਕਰੇਂ । ਇਨ ਬਚਨੋਂ ਸੇ ਮਹਾਤਮਾ ਕਿਸੀ ਕੀ ਸੇਵਾ ਨ ਲੇਤਾ ਹੂਆ

ਦੁਆਰੇ ਦੁਆਰੇ ਪਰ ਮਧੂਕਰੀ ਬ੍ਰਿਤੀ ਕਰਤਾ ਹੂਆ ਕੁਤੇ ਕੀ ਨਿਆਈਂ ਭ੍ਰਮਣ ਕਰਤਾ ਹੈ ਜੈਸੇ ਕੁਤਾ ਸਤਿਕਾਰ ਕੋ ਨ ਦੇਖਤਾ ਹੈ । ਤੈਸੇ ਸੰਤ ਭੀ ਘਰ ਘਰ ਮੇਂ ਮਧੂਕਰੀ ਵਾਸਤੇ ਗਾਲੀਆਂ ਸਹਨ ਕਰਤੇ ਹੈਂ ਆਪਨੇ ਸਤਿਕਾਰ ਕੋ ਨਹੀਂ ਦੇਖਤੇ । ਛਾਂਦੋਗਯ ਉਪਨਿਸ਼ਦ ਮੇਂ ਲਿਖਾ ਹੈ ਬਕਦਾਲਬਜ ਏਕ ਰਿਸ਼ੀ ਥਾ । ਉਸਕੇ ਪਾਸ ਉਸ ਕੇ ਊਪਰ ਅਨੁਗ੍ਰਹ ਕਰਨੇ ਕੇ ਵਾਸਤੇ ਮੁਖ ਪ੍ਰਾਣ ਤਥਾ ਇੰਦ੍ਰਿਯ ਗਣ ਕੁਤੋਂ ਕੇ ਰੂਪ ਮੇਂ ਦਰਸ਼ਨ ਦੇਤੇ ਭਏ ਔਰ ਏਕ ਦੂਸਰੇ ਕੇ ਪੂਛ ਮੇਂ ਮੂੰਹ ਦੇਕਰ 'ਹਿੰਦੂਰਵੇਤਿ' ਹਿੰਹਿੰ ਕਰ ਕਹਿਤੇ ਸੀ ਕਿ ਹਮਾਰੇ ਕੋ ਭੂਖ ਲਗੀ ਹੈ ਅੰਨ ਦੇ ਇਸ ਵਾਸਤੇ ਗੁਰੂ ਜੀ ਨੇ ਪ੍ਰਾਣਾਰਥੀ ਹੋਕਰ ਕੁਤੇ ਕੇ ਦ੍ਰਿਸ਼ਟਾਂਤ ਸੇ ਮਹਾਤਮਾ ਕੋ ਲਿਖਾ ਹੈ ਅਥਵਾ ਧਨ ਕੇ ਅਰਥੀ ਹੋ ਕਰ ਕੁਤੇ ਕੀ ਨਿਆਈਂ ਨਿਰਲਜ ਹੋਕਰ ਘਰ ਘਰ ਮੇਂ ਨਹੀਂ ਜਾਤੇ ਕਿਉਂਕਿ ਉਨ ਕੋ ਪਰਮੇਸ਼੍ਰਰ ਕੇ ਭਜਨ ਕੀ ਖਬਰ ਰਹਿਤੀ ਹੈ । ਉਸ ਮਹਾਤਮਾਓਂ ਨੇ ਮਨੁਸ਼ਯ ਜਨਮ ਕੀ ਅਕਾਰਥਿਤਾ ਯਾਨੇ ਨਿਸ਼ਫਲਤਾ ਖੋ ਦਿਤੀ ਹੈ ਯਾਨੇ ਮਨੁਸ਼ਯ ਜਨਮ ਸਫਲ ਕਰ ਦੀਆ ਹੈ ਅਰ ਹਰਿ ਸਿਮਰਣ ਕਰਤੇ ਲੋਕੋਂ ਕੇ ਹਸਨੇ ਕੀ ਲੱਜਾ ਨਹੀਂ । ਗੁਰੂ ਜੀ ਕਹਿਤੇ ਹੈਂ ਐਸੇ ਚਿਨ੍ਹੋਂ ਵਾਲੇ ਸਾਧਨੋਂ ਵਾਲੇ ਸੰਤੋਂ ਸੇ ਮਿਲ ਕਰ ਤੁਮ ਹਰਿ ਜਸ ਕਿਉਂ ਨਹੀਂ ਗਾਯਨ ਕਰਤੇ । ਗਾਯਨ ਕਰੋਗੇ ਤੋ ਤੁਮਾਰੀ ਕੁਮਤਿ ਦੂਰ ਹੋ ਜਾਏਗੀ ਫੇਰ 'ਤਨ ਕੀ' ਜਿਸ ਸ਼ਰੀਰ ਕਾ ਅਧਿਆਸ ਕਰਤੇ ਹੋ ਉਹ ਸਰੀਰ ਕੀ, ਯਾਨੇ ਕਿਆ ਚੀਜ ਹੈ ਭਾਵ ਤੁਛ ਮਾਲੂਮ ਹੋਗਾ । ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਨੇ ਗਿਆਨੀ ਅਗਿਆਨੀਓਂ ਕੇ ਲਖਣ ਸੁਣਾਏ । ਲੋਭ ਅਗਿਆਨੀਓਂ ਕਾ ਚਿੰਨ੍ਹ ਹੈ ਔਰ ਨਿਰਲੋਭਤਾ ਉਦਾਰਤਾ ਵਿਚਾਰ ਸੰਤੋਸ਼ ਯੇ ਗਿਆਨੀਓਂ ਕੇ ਚਿਨ੍ਹ ਹੈਂ । ਇਸ ਪ੍ਰਕਾਰ ਪਿਸ਼ਾਵਰ ਮੇਂ ਆਠ ਮਹੀਨੇ ਰਹਿ ਕਰ ਭਾਈ ਮਿੱਠਾ ਸਿੰਘ ਔਰ ਕਰਮ ਸਿੰਘ ਆਦਿਕੋਂ ਕੋ ਨਵੇਂ ਨਵੇਂ ਅਨੇਕ ਪ੍ਰਸੰਗ ਸੁਨਾਏ ਜੋ ਅਬ ਤਕ ਆਪ ਕੋ ਔਰ ਆਪ ਕੇ ਪ੍ਰਸੰਗੋਂ ਕੋ ਯਾਦ ਕਰਤੇ ਹੈਂ । ਸੰ: ੧੯੫੦ ਕਾ ਸਾਲ ਵਹਾਂ ਰਹਿ ਕਰ ੧੯੫੧ ਮੇਂ ਆਪ ਹਜ਼ਰੋ ਪੰਜਾ ਸਾਹਿਬ ਹਰੀਪੁਰ ਹਜ਼ਾਰਾ, ਨਵਾਂ ਸ਼ਹਿਰ, ਮਾਨਸੇਰਾ, ਗੜ੍ਹੀ ਦੁਮੇਲ ਹੋਤੇ ਹੂਏ ਕਸ਼ਮੀਰ ਪਹੁੰਚੇ । ਕਸ਼ਮੀਰ ਕੇ ਛੋਟੇ ਬੜੇ ਸ਼ਹਿਰ ਸਭ ਕੀ ਯਾਤ੍ਰਾ ਕਰੀ ਫੇਰ ਬਹੁਤ ਦਿਨ ਉਥੇ ਰਹੇ । ਫੇਰ ਅਮਰ ਨਾਥ ਕੀ ਯਾਤ੍ਰਾ ਕਰੀ, ਫੇਰ ਵਾਪਸ ਆਪ ਕੋ ਇਛਾ ਬਲ, ਅਨੰਤ ਨਾਗ, ਔਰ ਸ੍ਰੀ ਨਗਰ ਮੇਂ ਕਸ਼ਮੀਰ ਕੇ ਬ੍ਰਾਹਮਣੋਂ ਨੇ ਬੜੇ ਪਰੇਮ ਸੇ ਆਪ ਕੋ ਰਖਾ ਸਤਿਕਾਰ ਔਰ ਪ੍ਰੇਮ ਸੇ ਸੇਵਾ ਕਰੀ ਫੇਰ ਵਹਾਂ ਆਪ ਜੀ ਕਾ ਪ੍ਰੇਮੀ ਭਾਈ ਧਰਮ ਸਿੰਘ ਅਨੰਨਯ ਸੇਵਕ ਬਣਾ ਪਰਵਾਰ ਸਹਿਤ ਬੜੀ ਸੇਵਾ ਕਰਤਾ ਰਹਾ । ਆਪ ਕਈ ਵਾਰੀ ਤਿਆਰ ਹੋਤੇ ਥੇ ਪਰ ਉਸਨੇ ਛੋੜਾ ਨਹੀਂ ਅਟਕਾ ਰਖਾ । ਫਿਰ ਬਰਫਾਂ ਪੜ ਗਈਆਂ ਰਸਤੇ ਬੰਦ ਹੋ ਗਏ ਵਹਾਂ ਬਰਾਬਰ ਡੇਢ ਸਾਲ ਰਹੇ ਜਹਾਂ ਜਾਤੇ ਥੇ ਵਹਾਂ ਆਪ ਕੇ ਸਾਥ ਜਾਤਾ ਥਾ ਔਰ ਆਪ ਸੇ ਸਤਿਸੰਗ ਕਾ ਬੜਾ ਲਾਭ ਲੇਤਾ ਥਾ ਔਰ ਆਪ ਕੇ ਸਤਿਸੰਗ ਮੇਂ ਬਹੁਤ ਪ੍ਰੇਮੀ ਆਯਾ ਕਰਤੇ ਥੇ ਔਰ ਸ਼ਰਧਾ ਸੇ ਆਪ ਕਾ ਸਤਿਸੰਗ ਕਰਤੇ ਥੇ । ਏਕ ਦਿਨ ਸਤਿਸੰਗੀਓਂ ਨੇ ਆਪ ਸੇ ਨਾਮ ਜਪਨੇ ਕਾ ਵੇਰਵਾ ਪੂਛਾ ਕਿਸ ਵੇਲੇ ਨਾਮ ਜਪਨਾ ਚਾਹੀਏ



ਕਿਸ ਅਵਸਥਾ ਮੇਂ ਜਪਨਾ ਚਾਹੀਏ । ਤਬ ਆਪ ਨੇ ਰਾਗ ਮਾਝ ਵਾਰ ਕਾ ਏਕ ਸ਼ਲੋਕ ਪੜ੍ਹਾ ਔਰ ਕਈ ਦਿਨ ਉਸਕਾ ਅਰਥ ਸੁਨਾਤੇ ਰਹੇ ਸੋ ਸ਼ਲੋਕ ਯਹ ਹੈ:-

**ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ ਵਖਤੇ ਉਪਰਿ ਲੜਿ ਮੁਏ ॥ ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਸੋਇ ॥**

[ਮਾਝ ਵਾਰ ਸਲੋਕ ਮ: ੧ ਸਫਾ ੧੪੫

ਜੈਸੇ ਗੁਰੂ ਨਾਨਕ ਦੇਵ ਜੀ ਜਬ ਕਰਤਾਰ ਪੁਰ ਮੇਂ ਵਿਰਾਜਮਾਨ ਥੇ ਬਹੁਤ ਸੰਗਤ ਆਪ ਕੇ ਪਾਸ ਸਤਿਸੰਗ ਅਰਥ ਆਤੀ ਥੀ ਤਬ ਗੁਰੂ ਜੀ ਨਾਮ ਜਪਨੇ ਕਾ ਪਰਚਾਰ ਕਰਾ ਕਰਤੇ ਥੇ । ਤਬ ਚਾਰ ਅਧਿਕਾਰੀਓਂ ਨੇ ਜੁਦੇ ਜੁਦੇ ਚਾਰ ਪ੍ਰਸ਼ਨ ਕਰੇ ਤਬ ਗੁਰੂ ਜੀ ਇਸ ਏਕ ਹੀ ਸ਼ਬਦ ਮੇਂ ਚਾਰੋਂ ਕੋ ਜਵਾਬ ਦੇਤੇ ਭਏ । ਜੈਸੇ ਬ੍ਰਿਹਦਾਰਣ ਕੋਪਨਿਸ਼ਿਦ ਮੇਂ ਲਿਖਾ ਹੈ ਬ੍ਰਹਮਾ ਜੀ ਕੇ ਪਾਸ ਏਕ ਕਾਲ ਮੇਂ ਦੇਵਤਾਓਂ ਕਾ ਰਾਜਾ, ਮਨੁਸ਼ਯੋਂ ਕਾ ਰਾਜਾ, ਦੈਤਯੋਂ ਕਾ ਰਾਜਾ, ਤੀਨੋਂ ਸ਼ਰਣ ਕੋ ਪ੍ਰਾਪਤ ਹੋਕਰ ਅਪਨੇ ਕਲਿਆਨ ਕਾ ਸਾਧਨ ਪੂਛਤੇ ਭਏ । ਬ੍ਰਹਮਾ ਜੀ 'ਦ' ਅਖਯਰ ਦੁਆਰਾ ਤੀਨੋਂ ਕੋ ਉਪਦੇਸ਼ ਦੇਤੇ ਭਏ ਤਬ ਉਨੋਂ ਨੇ ਕਹਾ ਹਮ ਨੇ ਸਮਝਾ ਨਹੀਂ ਤਬ ਬ੍ਰਹਮਾ ਜੀ ਇੰਦ੍ਰ ਕੇ ਤਾਈਂ ਕਹਿਨੇ ਲਗੇ ਤੁਮ ਭੋਗੀ ਹੋ ਤਾਂਤੇ ਇਨ ਇੰਦ੍ਰੀਓਂ ਕੋ 'ਦ' ਯਾਨੇ ਦਮਨ ਕਰੋ । ਮਨੁਸ਼ਯੋਂ ਕੇ ਰਾਜਾ ਕੋ ਕਹਾ ਦਕਾਰ ਦੁਆਰਾ ਤੁਮ ਕੋ ਦਾਨ ਦੇਨਾ ਕਹਾ ਹੈ ਤੁਮ ਦਾਨ ਦੀਆ ਕਰੋ ਦੈਤਯੋਂ ਕੇ ਰਾਜਾ ਕੋ ਦਕਾਰ ਕਾ ਅਰਥ ਕਹਾ 'ਦ' ਯਾਨੇ ਦਯਾ ਕਰੋ । ਤੀਨੋਂ ਹੀ ਦਕਾਰ ਕਾ ਅਰਥ ਸੁਨਕੇ ਅਪਨੇ ਅਪਨੇ ਸਾਧਨ ਕਰਕੇ ਪਰਮਗਤਿ ਕੋ ਪ੍ਰਾਪਤ ਹੋ ਗਏ । ਜੈਸੇ ਬ੍ਰਹਮਾ ਜੀ ਇਕ ਦਕਾਰ ਸੇ ਤੀਨੋਂ ਅਧਿਕਾਰੀਓਂ ਕੋ ਉਪਦੇਸ਼ ਕਰਤੇ ਭਏ ਤੈਸੇ ਗੁਰੂ ਜੀ ਭੀ ਚਾਰੋਂ ਅਧਿਕਾਰੀਓਂ ਕੋ ਜੁਦੇ ਜੁਦੇ ਪ੍ਰਸ਼ਨ ਕਾ ਏਕ ਹੀ ਸ਼ਬਦ ਮੇਂ ਉਤਰ ਦੇਤੇ ਭਏ । ਪਹਿਲੇ ਅਧਿਕਾਰੀਓਂ ਕੇ ਚਾਰ ਪ੍ਰਸ਼ਨ ਲਿਖਤੇ ਹੈਂ:-ਪ੍ਰਸ਼ਨ ਪਹਿਲੇ ਕਾ-ਚਾਰ ਪਹਿਰ ਰਾਤ੍ਰੀ ਕੇ ਹੈਂ ਕਿਸ ਪਹਿਰ ਮੇਂ ਨਾਮ ਜਪਨਾ ਚਾਹੀਏ ? ਪ੍ਰਸ਼ਨ ਦੂਸਰੇ ਕਾ-ਮਨੁਸ਼ਯ ਕੇ ਸਰੀਰ ਕੀਆਂ ਮੁਖ ਚਾਰ ਅਵਸਥਾਏਂ ਹੈਂ ਬਾਲਯ ਅਵਸਥਾ, ਕੁਮਾਰ ਅਵਸਥਾ ਯੁਵਾ ਅਵਸਥਾ ਔਰ ਬ੍ਰਿਧ ਅਵਸਥਾ ਕਿਸ ਅਵਸਥਾ ਮੇਂ ਨਾਮ ਜਪਨਾ ਚਾਹੀਏ ? ਤੀਸਰੇ ਨੇ ਕਹਾ ਚਾਰ ਪ੍ਰਕਾਰ ਕੇ ਪੁਰਸ਼ ਹੋਤੇ ਹੈਂ । ਗਿਆਨੀ, ਜਗਿਆਸੂ, ਵਿਸ਼ਈ, ਚੌਥੇ ਪਾਮਰ ਇਨ ਮੇਂ ਸੇ ਕੌਨ ਨਾਮ ਕਾ ਰਸੀਆ ਹੋਤਾ ਹੈ ॥ ੩ ॥ ਚੌਥੇ ਨੇ ਪੂਛਾ

ਨਾਮ ਕੇ ਰਜੀਓਂ ਕੇ ਚਿਹਨ ਕਿਆ ਹੈਂ । ਇਨ ਚਾਰੋਂ ਪ੍ਰਸ਼ਨੋਂ ਕੇ ਚਾਰ ਅਰਥ ਹੋਂਗੇ ਇਸੀ ਸ਼ਬਦ ਮੇਂ ਗੁਰੂ ਜੀ ਚਾਰੋਂ ਕੋ ਉਤਰ ਦੇਂਗੇ । ਮੂਲ ਸ਼ਬਦ ਪਹਿਲੇ ਪ੍ਰਸ਼ਨ ਕਾ ਉਤਰ 'ਸਬਾਹੀ ਸਾਲਾਹ' ਦਿਨ ਕਾ ਜੋ ਸਵੇਰ ਕਾ ਵੇਲਾ ਹੈ । ਯਾਨੇ ਪਹਿਲਾ ਪਹਿਰ ਉਸੀ ਕੋ ਰਾਤ੍ਰੀ ਕਾ ਪਿਛਲਾ ਪਹਿਰ ਕਹਿਤੇ ਹੈਂ । ਉਸੀ ਕੋ ਪ੍ਰਾਤ:ਕਾਲ ਔਰ ਬ੍ਰਹਮ ਮੁਹੂਰਤ ਕਹਿਤੇ ਹੈਂ । ਨਾਮ ਜਪਨੇ ਕਾ ਵਕਤ ਉਹੀ ਹੈ, ਦੂਸਰਾ ਨਹੀਂ । ਜੈਸੇ ਲਿਖਾ ਹੈ । ਪ੍ਰਮਾਣ:-

**ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥**

[ਮਾਰੂ ਵਾਰ ਡਖਣੇ ਮ: ੫ ਸਫਾ ੧੦੯੯

**ਦਹੀ ਰੋਗੁ ਨ ਲਗਈ ਪਲੇ ਸਭੁ ਕਿਛੁ ਪਾਇ ॥** [ਸਲੋਕ ਫਰੀਦ ਸਫਾ ੧੩੮੨

**ਪਹਿਲੇ ਪਹਿਰੈ ਫੁਲੜਾ ਫਲੁ ਭੀ ਪਿਛਾ ਰਾਤਿ ॥** [ਸਲੋਕ ਫਰੀਦ ਸਫਾ ੧੩੮੪

**ਤਥਾ-ਬੇਦਾਰੀ ਸ਼ਬਨੇਮਤੇ ਅਸੁ ਵਾ ਅਜਬ ਮਨਜ਼ਿਲ ਅਸੁ**

ਅਰਥ ਰਾਤ੍ਰੀ ਕਾ ਪਿਛਲਾ ਪਹਿਰ ਜਾਗਨਾ ਬੜੀ ਨਿਆਮਤ ਹੈ ਯਾਨੇ ਉਤਮ ਪਦਾਰਥ ਹੈ ਔਰ ਪਰਮੇਸ਼੍ਵਰ ਕੇ ਪਾਵਣੇ ਕਾ ਅਜਬ ਰਸਤਾ ਹੈ ।

**(ਮੂਲ) ਜਿਨੀ ਧਿਆਇਆ ਇਕ ਮਨ ਸੇਈ ਪੂਰੇ ਸਾਹ ॥**

ਜਿਨ ਜਿਨ ਨੇ ਪ੍ਰਾਤ:ਕਾਲ ਉਠ ਕਰ ਇਕ ਮਨ ਹੋਕੇ ਧਿਆਇਆ ਹੈ, ਉਹ ਪੂਰਨ ਸ਼ਾਹ ਹੋ ਗਏ ਹੈਂ। ਜੈਸੇ ਗੁਰੂ ਜੀ ਲਿਖਤੇ ਹੈਂ :-

**ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥** [ਬਿਹਾਗੜਾ ਮ: ੫ ਸਫਾ ੫੪੬

**ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ...**

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜ ਨ ਲਹੀਐ ॥**

[ਗਉੜੀ ਕਬੀਰ ਸਫਾ ੩੩੬

**ਜ਼ਰਾ ਯਾਦੇ ਅਲਾਹੀ ਬਿ ਹਜ਼ਾਰ ਬਾਦਸ਼ਾਹੀ ॥**

ਬੁਲੇਸ਼ਾਹ ਫਕੀਰ ਦਾਰਾ ਸ਼ਕੋਹ ਬਾਦਸ਼ਾਹ ਕੋ ਚਿਠੀ ਮੇਂ ਲਿਖਤੇ ਹੈਂ ਕਿ ਅਲਾਹ ਕੀ ਥੋੜੀ ਸੀ ਯਾਦਗਾਰੀ ਹਜ਼ਾਰ ਬਾਦਸ਼ਾਹੀ ਸੇ ਭੀ ਬਿਹਤਰ ਯਾਨੇ ਜ਼ਿਆਦਾ ਹੈ। ਤਾਂਤੇ ਸਵੇਰੇ ਉਠ ਕਰ ਨਾਮ ਜਪਨਾ ਚਾਹੀਏ, ਔਰ ਨਾਮ ਜਪਨੇ ਵਾਲੇ ਦੁਖੋਂ ਸੇ ਰਹਿਤ ਹੋ ਜਾਤੇ ਹੈਂ, ਔਰ ਉਨ ਕੇ ਵਿਰੋਧੀ ਭੀ ਲੜ ਲੜ ਮਰ ਜਾਤੇ ਹੈਂ । 'ਵਖਤੇ ਉਪਰਿ ਲੜ ਮੁਏ' । ਪ੍ਰਮਾਣ:-

**ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥** [ਬਿਹਾਗੜਾ ਮ: ੫ ਸਫਾ ੫੪੬

**ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ॥ ਹਰਿ ਸਿਮਰਤਿ ਸਗਲ ਬਿਨਾਸੇ ਦੂਖਾ ।**

[ਆਸਾ ਮ: ੫ ਸਫਾ ੩੮੫



**ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥** [ਆਸਾ ਮ: ੫ ਸਫਾ ੪੦੧

ਜੈਸੇ ਅਜਾਮਲ ਨੇ ਅੰਤਕਾਲ ਮੇਂ ਨਾਰਾਯਨ ਕਾ ਨਾਮ ਲੀਆ। ਪਹਿਲੇ ਯਮਦੂਤ ਲੇਨੇ ਆਏ ਥੇ ਫੇਰ ਵਿਸ਼ਨੂ ਗਣ ਆਏ, ਔਰ ਵਿਸ਼ਨੂ ਗਣੋਂ ਨੇ ਯਮਦੂਤੋਂ ਕੋ ਮਾਰ ਕਰ ਭਗਾ ਦੀਆ । ਯਹ ਕਥਾ ਸ੍ਰੀ ਮਦ ਭਾਗਵਤ ਕੇ ਛੇਵੇਂ ਸਕੰਧ ਮੇਂ ਲਿਖੀ ਹੈ ਹਮ ਭੀ ਥੋੜੀ ਕਹਿ ਆਏ ਹੈਂ । ਸੋ ਨਾਮ ਜਪਨੇ ਕਾ ਵੇਲਾ ਤਥਾ ਦਾਨ ਕਰਨੇ ਕਾ ਔਰ ਸ਼ਨਾਨ ਕਾ ਵੇਲਾ ਭੀ ਪ੍ਰਾਤ:ਕਾਲ ਹੀ ਹੈ । ਧਰਮਾਤਮਾ ਲੋਕ ਪ੍ਰਾਤ:ਕਾਲ ਹੀ ਦਾਨ ਦੀਆ ਕਰਤੇ ਹੈਂ ਔਰ ਪ੍ਰਾਤ:ਕਾਲ ਕੇ ਸ਼ਨਾਨ ਕਾ ਮਹਾਤਮ ਜਮਦੂਤੋਂ ਨੇ ਏਕ ਵੈਸ਼ਜ ਕੇ ਪ੍ਰਤਿ ਕਹਾ ਹੈ :-

**ਸ਼ਲੋਕ-ਪ੍ਰਾਤ:ਕਾਲ ਸ੍ਨਾਨੇ ਨ ਪੂਯੰਤੇ ਅਤਿ ਧਾਪ ਕਰਾ ਨਰਾ ਪ੍ਰਾਤ:ਸਾਨ ਹਰੇਤ੍ ਵੈਸ਼ਯ ਸਬਾਹਜ ਅਭਯੰਤਰੰ ਮਲੰ ॥ ੧ ॥ ਪ੍ਰਾਤ: ਸ੍ਨਾਨੇਨ ਨਿਸ਼ਪਾਪੋਨਰੋ ਨ *ਨਿਰਤੰ ਬ੍ਰਜੇਤ । ਸ੍ਨਾਨੰ ਬਿਨਾ ਤੁ ਯੇ ਭੁੰਕਤੰਸ ਮਲਆਸ਼ੀ ਸਦਾਨਰ: ॥ ੨ ॥ ਅਸ੍ਨਾਜੀਨੋ ਅਸ਼ੁਚਿ:ਤਸਯ ਮ੍ਰਿਸ਼ਾ ਪਿਤ੍ਰੀ ਦੇਵਤਾ: । ਸਾਨ ਹੀਨੋ ਨਰ: ਪਾਪ: ਸ੍ਨਾਨ ਹੀਨੇ ਅਸ਼ੁਚਿ: ॥ ੩ ॥ ਪ੍ਰਾਤੂ: ਉਥਾਯ ਯੋ ਵਿਪ੍ਰ:ਪ੍ਰਾਤ:ਸ੍ਨਾਈ ਭਵੇਤ ਸਦਾ। ਰੂਪਕਾਰਜਸਮਾਖਜਾਸ ਵਰ ਧੰਤੇ ਨਾਤ੍ਰ ਸ਼ੰਸਜ ॥੪॥ ਗੁਣਾਦਸ਼ ਸ੍ਨਾਨ ਪਰਸਜ ਸਾਧੋ ਰੂਪੰਚ ਪ੍ਰਸ੍ਰਿਸਬਲੰਚ ਤੇਜ: ॥ ੫ ॥ ਆਰੋਗਯੰ ਆਯੁਸੁ ਮਨੋ ਅਨੁਰੋਧ: ਦੁ:ਸ੍ਵਪ੍ਨ ਘਾਤਸੁ ਤਪਸੁ ਮੇਧਾ: ॥੬॥ ਸਪ੍ਤ ਜਨਮ ਕ੍ਰਿਤੰ ਪਾਪੰ ਤ੍ਰਿਭਿਵਰਸ਼ੈ: ਵਿਪੋਹਤਿ । ਉਸ਼ਸਿ ਉਸ਼ਸਿਯਤ ਸ੍ਨਾਨੰ ਸੋਧਯਾਂਉਦਤੇ ਰਵਉ ॥ ੭ ॥ ਪ੍ਰਜਾਪਤਿਜੇਨ ਤਤ੍ ਤੁਲਯੰ ਮਹਾ ਪਾਤਕ ਨਾਸਨੰ । ਪ੍ਰਾਤ: ਸ੍ਨਾਨੰ ਪ੍ਰਸ਼ੰਸਜੰਤਿ ਦ੍ਰਿਸ਼ਟਾ ਦ੍ਰਿਸ਼ਟ ਕਰਮਹਿ ਤਤ ॥ ੮ ॥**

ਟੀਕਾ-ਪ੍ਰਾਤਹ ਸ਼ਨਾਨ ਸੇ ਅਤਿ ਪਾਪੀ ਪੁਰਸ਼ ਪਵਿਤ੍ਰ ਹੋ ਜਾਤੇ ਹੈਂ ਹੇ ਵੈਸ਼ਜ ਪ੍ਰਾਤ:ਕਾਲ ਕਾ ਸ਼ਨਾਨ ਅੰਦਰ ਬਾਹਰ ਕੇ ਮਲ ਕੋ ਨਾਸ਼ ਕਰ ਦੇਤਾ ਹੈ॥ ੧ ॥ ਪ੍ਰਾਤਹ ਕਾਲ ਕੇ ਸ਼ਨਾਨ ਸੇ ਪੁਰਸ਼ ਨਿਸ਼ਪਾਪ ਹੋ ਕਰ ਨਰਕ ਕੋ ਨਹੀਂ ਜਾਤਾ ਔਰ ਜੋ ਸ਼ਨਾਨ ਸੇ ਬਿਨਾ ਖਾਤਾ ਹੈ ਓਹ ਪੁਰਸ਼ ਮਲਭਖੀ ਕਹਾ ਜਾਤਾ ਹੈ ਜੋ ਪ੍ਰਾਤ: ਇਸ਼ਨਾਨ ਨਹੀਂ ਕਰਦਾ ਓਹ ਸਦਾ ਅਪਵਿਤ੍ਰ ਰਹਿਤਾ ਹੈ ਔਰ ਉਸਕੇ ਘਰ ਸੇ ਪਿਤਰ ਔਰ ਦੇਵਤਾ ਨਿਰਾਸ ਹੋ ਕੇ ਚਲੇ ਜਾਤੇ ਹੈਂ ਇਸ਼ਨਾਨਹੀਨ ਪੁਰਸ਼ ਪਾਪੀ ਰਹਿਤਾ ਹੈ ਔਰ ਸਦਾ ਅਪਵਿਤ੍ਰ ਰਹਿਤਾ ਹੈ ॥ ੫ ॥ ਔਰ ਜੋ ਪੁਰਸ਼ ਪ੍ਰਾਤ:ਕਾਲ

*ਨਰਕ ।

ਉਠ ਕਰ ਇਸ਼ਨਾਨ ਕਰਤਾ ਹੈ ਉਸਕਾ ਸੁੰਦਰ ਰੂਪ ਔਰ ਸੁਭ ਕਰਮ ਯਾਨੇ ਸਦਾਚਾਰੀ ਔਰ ਯਸ ਵਧ ਜਾਤਾ ਹੈ ਇਸ ਮੇਂ ਸੰਦੇਹ ਨਹੀਂ ॥ ੬ ॥ ਹੇ ਸਾਧੋ ਇਸ਼ਨਾਨ ਪਰਾਇਣ ਪੁਰਸ਼ ਮੇਂ ਦਸ ਗੁਣ ਆ ਜਾਤੇ ਹੈਂ ਸਰੀਰ ਪੁਸ਼ਟੀ, ਬਲ, ਤੇਜ, ਨਿਰੋਗਤਾ, ਦੀਰਘ ਆਯੂ, ਮਨ ਕੀ ਰੁਕਾਵਟ, ਦੁਸ਼ਟ ਸੁਪਨੇ ਕਾ ਨਾਸ, ਤਪਸਯਾ ਔਰ ਬੁਧਿ ਵਧ ਜਾਤੀ ਹੈ ਜੋ ਪੁਰਸ਼ ਹਰ ਰੋਜ਼ ਪ੍ਰਾਤਃ ਇਸ਼ਨਾਨ ਕਰਤਾ ਹੈ ਔਰ ਸੂਰਜ ਕੇ ਉਦੇ ਕਾਲ ਸੇ ਸੰਧਿਆ ਕਰਤਾ ਹੈ ਉਸਕੇ ਸਾਤ ਜਨਮੋਂ ਕੇ ਕੀਏ ਪਾਪ ਤੀਨ ਵਰਸ਼ ਮੇਂ ਨਸ਼ਟ ਹੋ ਜਾਤੇ ਹੈਂ ॥ ੭ ॥ ਪ੍ਰਾਤਃਕਾਲ ਕਾ ਇਸ਼ਨਾਨ ਪ੍ਰਜਾਪਤਿ ਕੇ ਯੱਗ ਕੇ ਬਰਾਬਰ ਪਾਪੋਂ ਕੋ ਨਸ਼ਟ ਕਰਤਾ ਹੈ ਪ੍ਰਾਤਃ ਇਸ਼ਨਾਨ ਕੀ ਸਾਰੇ ਪ੍ਰਸੰਸਾ ਕਰਤੇ ਹੈਂ ਔਰ ਦ੍ਰਿਸ਼ਟ ਅਦ੍ਰਿਸ਼ਟ ਫਲ ਕੇ ਦੇਨੇ ਵਾਲਾ ਹੋਤਾ ਹੈ ॥ ੮ ॥ ਇਸ ਪਰਕਾਰ ਨਾਮ ਦਾਨ ਇਸ਼ਨਾਨ ਤੀਨੋਂ ਹੀ ਪ੍ਰਾਤਃਕਾਲ ਕਰਨੇ ਚਾਹੀਏ। ਅਗਰ ਜੋ ਪ੍ਰਮਾਦੀ ਤੀਨੋਂ ਕੋ ਪ੍ਰਾਤਃਕਾਲ ਨ ਕਰੇਗਾ ਤੋ ਦਾਨ ਇਸ਼ਨਾਨ ਦੂਸਰੇ ਪਹਿਰ ਮੇਂ ਭੀ ਹੋ ਜਾਏਗਾ ਪਰ ਨਾਮ ਨਹੀਂ ਜਪਾ ਜਾਏਗਾ ਨਾਮ ਜਪਨੇ ਕਾ ਵੇਲਾ ਸਵੇਰ ਕਾ ਹੀ ਹੈ। (ਸ਼ੰਕਾ) ਨਾਮ ਦੂਸਰੇ ਪਹਿਰ ਮੇਂ ਕਿਉਂ ਨਹੀਂ ਜਪਿਆ ਜਾਏਗਾ। (ਉਤਰ) ਨਾਮ ਏਕਾਗਰ ਚਿਤ ਸੇ ਜਪਿਆ ਜਾਤਾ ਹੈ । ਸੋ ਚਿਤ ਕੀ ਏਕਾਗ੍ਰਤਾ ਪਹਿਲੇ ਪਹਿਰ ਮੇਂ ਹੀ ਹੋਤੀ ਹੈ ਦੂਸਰੇ ਤੀਸਰੇ ਪਹਿਰ ਮੇਂ ਨਹੀਂ ।

**(ਮੂਲ) ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥**

ਦੂਸਰੇ ਪਹਿਰ ਮੇਂ ਮਨ ਕੇ ਬਾਹਰ ਨਿਕਲਨੇ ਕੇ ਰਸਤੇ ਬਹੁਤ ਹੋ ਜਾਤੇ ਹਨ ਔਰ ਬ੍ਰਿਤੀਆਂ ਖਿਲਰ ਜਾਤੀਆਂ ਹਨ ।

**(ਮੂਲ) ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥**

ਦੂਸਰੇ ਪਹਿਰ ਮੇਂ ਯੇ ਜੀਵ ਬਹੁਤ ਅਸਗਾਹ ਸੰਸਾਰ ਸਾਗਰ ਮੇਂ ਗੋਤੇ ਖਾਤੇ ਰਹਿਤੇ ਹੈਂ ਨਿਕਲ ਨਹੀਂ ਸਕਤੇ ਭਜਨ ਨਹੀਂ ਕਰ ਸਕਤੇ, ਇਸ ਵਾਸਤੇ ਪਹਿਲੇ ਪਹਿਰ ਮੇਂ ਭਜਨ ਕੀਆ ਜਾਤਾ ਹੈ । ਦੂਸਰੇ ਮੇਂ ਨਹੀਂ । ਸ਼ੰਕਾ–ਤੀਸਰੇ ਪਹਿਰ ਮੇਂ ਨਾਮ ਜਪ ਲੇਂਗੇ। ਉਤਰ–

**(ਮੂਲ) ਤੀਜੈ ਮੁਹੀ ਗਿਰਾਹ ।**

ਤੀਸਰੇ ਪਹਿਰ ਮੇਂ ਮੁਖ ਮੇਂ ਗ੍ਰਾਸ ਪਾਨੇ ਕੀ ਇਛਾ ਹੋਗੀ, ਕਿਉਂਕਿ ਭੂਖ ਪਿਆਸ ਦੋਨੋਂ ਕੜਕ ਉਠਤੀਆਂ ਹਨ । ਰਾਤ੍ਰੀ ਕਾ ਖਾਯਾ ਅੰਨ ਵਿਸ਼ਟਾ ਹੋਕੇ ਨਿਕਲ ਜਾਤਾ ਹੈ ਖਾਨੇ ਨਾਲ ਦੋਸਤੀ ਹੋਗੀ ਭਜਨ ਨਾਲ ਨਹੀਂ, ਕਿਉਂਕਿ ਭਗਤ ਕਬੀਰ ਨੇ ਲਿਖਾ ਭੀ ਹੈ:–

**ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥**

[ਸੋਰਠ ਕਬੀਰ ਸਫਾ ੬੫੬

**ਜੈਸੀ ਭੂਖੇ ਪ੍ਰੀਤਿ ਅਨਾਜ ॥**

[ਭੈਰਉ ਨਾਮਦੇਵ ਸਫਾ ੧੧੬੪

ਤਥਾ–ਭੂਖ ਸਭ ਦੈਵੀ ਗੁਣੋਂ ਕੋ ਨਸ਼ਟ ਕਰ ਦੇਤੀ ਹੈ ਜੈਸੇ ਏਕ ਭੂਖਾ ਬ੍ਰਾਹਮਣ



ਰਾਜਾ ਪਾਸ ਆ ਕਰ ਦੁਖੀ ਹੋ ਕਰ ਰੋਨੇ ਲਗਾ ਰਾਜਾ ਝਟ ਦੌੜ ਕਰ ਉਸ ਕੇ ਪਾਸ ਆਇਆ ਔਰ ਕਹਾ ਕਿਆ ਦੁਖ ਹੈ । ਕੌਨ ਤੇਰੇ ਕੋ ਸਤਾਤਾ ਹੈ ਤਬ ਬ੍ਰਾਹਮਣ ਨੇ ਕੁਛ ਸ਼ਲੋਕ ਕਹੇ ਵੋ ਯਹ ਹੈਂ :–

**ਆਦਉ ਰੂਪ ਵਿਨਾਸ਼ਿਨੀ ਕ੍ਰਿਸ਼ਿ ਕਰੀ ਕਾਮਸਯ ਵਿਧ੍ਵੰਸਿਨੀ ॥ ਗਯਾਨਉ ਛੇਦ ਕਰੀ ਤਪ: ਖਯਯਕਰੀ ਧਰਮਸਯ ਨਿਰਮੂਲਨੀ ॥ ਪੁਤ੍ਰ ਭ੍ਰਾਤ੍ਰ ਕਲਤ੍ਰ ਭੇਦਨ ਕਰੀ ਲੱਜਾ ਕੁਲ ਛੇਦਿਨੀ ॥ ਸਾ ਮਾਂ ਪੀੜਯੇਤ ਸਰਵ ਦੋਸ਼ ਜਨਨੀ ਪ੍ਰਾਣ ਅਪਹਾਰੀ ਖਯੁਧਾ ॥ ੧ ॥ ਸਤਯੰ ਸੌਚੰ ਸ਼੍ਰਿਯੋ ਧੈਰਯੰ ਵੀਰਯੰ ਪਰਾਕ੍ਰਮੰ । ਯਸੋ ਧਰਮਾਦਕਾਂਸ੍ਚ ਏਤਾਨ ਗੁਣਾਨ ਹੰਤਿ ਖਯੁਧਾ ਖਯਣਾਤ ॥ ੨ ॥ ਸ਼ੈਯਾ ਵਸਤ੍ਰੰ ਚੰਦਨ ਚਾਰੂ ਹਾਸਯੰ। ਬੀਣਾ ਬਾਣੀ ਸੁੰਦਰੀ ਯਾ ਚ ਨਾਰੀ । ਨ ਭ੍ਰਾਜਯੰ ਤੇ ਖਯੁਧ ਪਿਪਾਸ ਆਤੁਰਾਣਾਂ । ਸਰਵ ਆਰੰਭਾ: ਤੰਡੁਲ ਪਰਸਤ ਮੂਲਾ: ॥ ੩ ॥ ਅਸਯ ਦਗਧਉ ਦਰਸਯ ਅਰਥੇ ਕਿੰਨਕੁਰਵੰਤਿ ਪੰਡਿਤਾ। ਵਾਨਰੀਇਵ ਵਾਗਦੇਵੀਂ ਨ੍ਰਿਤਯੰਤਿ ਗ੍ਰਿਹੇ ਗ੍ਰਿਹੇ ॥ ੪ ॥ ਇਯੰ ਉਦਰਦਰੀਦੁਰੰਤਪੂਰਾ ਯਦਿ ਨ ਭਵੇਤ ਅਭਿਮਾਨ ਭੰਗ ਭੂਮਿ । ਖਯਣੰ ਅਪਿਨਸਹੇ ਭਵਾਦ੍ਰਿਸ਼ਾਨਾਂ। ਕੁਟਲ ਕਟਾਖਯ ਨਿਰੀਖਯਣੰ ਨਿਰਪਾਣਾਂ ॥੫॥ ਕਿੰਅਕਾਰਿ ਨਕਾਰਪਣਯੰ ਕਤਯਆਲੰਘੀ ਨ ਦੇਹੁਲੀ ਅਸਯ ਪਾਪਉਦਰਸਯ ਅਰਥੇ ਕਿੰਅਨਾਟਿ ਨ ਨਾਟਕੰ ।**

ਟੀਕਾ–ਬ੍ਰਾਹਮਣ ਰਾਜਾ ਕੋ ਕਹਿਤਾ ਹੈ, ਹੇ ਮਹਾਰਾਜ ! ਮੇਰੇ ਪੀਛੇ ਓਹ ਰਾਖਯਸੀ ਉਪਜੀ ਹੈ ਜੋ ਸਭ ਕੇ ਰੂਪ ਕੋ ਨਾਸ਼ ਕਰਨੇ ਵਾਲੀ ਔਰ ਸਭ ਕੋ ਕ੍ਰਿਸ਼ ਕਰਨੇ ਵਾਲੀ ਔਰ ਕਾਮਚੇਸ਼ਟਾ ਕੋ ਧ੍ਵੰਸ ਕਰਨੇ ਵਾਲੀ ਔਰ ਗਿਆਨ ਕੋ ਨਾਸ਼ ਕਰਨੇ ਵਾਲੀ, ਤਪ ਕੋ ਖਯ ਕਰਨੇ ਵਾਲੀ ਧਰਮ ਕੋ ਜੜ੍ਹ ਸੇ ਉਖਾੜਨੇ ਵਾਲੀ ਪੁਤਰ ਭਾਈ ਇਸਤ੍ਰੀ ਆਦਿਕੋਂ ਮੇਂ ਫੂਟ ਪਾਨੇ ਵਾਲੀ ਲਜਾਦਿ ਦੈਵੀ ਗੁਣੋਂ ਕੇ ਸਮੁਦਾਯ ਕੋ ਛੇਦਨ ਕਰਨੇ ਵਾਲੀ ਸਰਬ ਦੋਸੋਂ ਕੋ ਪੈਦਾ ਕਰਨੇ ਵਾਲੀ ਔਰ ਪ੍ਰਾਣੋਂ ਕੋ ਭੀ ਨਾਸ਼ ਕਰਨੇ ਵਾਲੀ ਐਸੀ ਜੋ ਭੂਖ ਹੈ ਸੋ ਮੇਰੇ ਕੋ ਪੀੜਤ ਕਰ ਰਹੀ ਹੈ ॥ ੧ ॥ ਔਰ ਸਤਿ ਕੋ, ਸੌਚ ਕੋ, ਮੁਖ ਕੀ ਸ਼ੋਭਾ ਕੋ, ਧੈਰਯ ਕੋ, ਬਲ ਕੋ ਪਰਾਕ੍ਰਮ ਕੋ, ਯਸ਼ ਧਰਮਾਦਿ ਗੁਣੋਂ ਕੋ ਏਕ ਖਿਣ ਮੇਂ ਨਸ਼ਟ ਕਰ ਦੇਤੀ ਹੈ ॥ ੨ ॥ ਸੇਜਾ ਵਸਤਰ ਚੰਦਨ ਆਦਿ ਸੁਗੰਧੀਆਂ ਸੁੰਦਰ ਹਾਸ ਬਿਲਾਸ ਬੀਣਾ ਆਦਿ ਧੁਨੀਆਂ ਔਰ ਸੁੰਦਰ ਸੁੰਦਰ ਪਿਆਰੇ ਪਿਆਰੇ ਵਚਨ ਔਰ ਸੁੰਦਰ ਇਸਤ੍ਰੀਆਂ ਖਯੁਧਾ ਪਿਪਾਸਾ ਕਰਕੇ ਪੀੜਤ ਪੁਰਸ਼ ਕੋ ਯੇਹ ਸੁੰਦਰ ਪਦਾਰਥ ਭੀ ਅਛੇ ਨਹੀਂ ਲਗਤੇ ॥ ੩ ॥

ਇਸ ਸੜੇ ਪੇਟ ਦੇ ਵਾਸਤੇ ਪੰਡਿਤ ਲੋਗ ਕਿਆ ਕਿਆ ਨਹੀਂ ਕਰਤੇ ਭਾਵ ਸਭ ਕਾਮ ਕਰ ਲੇਤੇ ਹੈਂ ਅਪਨੀ ਬਾਣੀ ਕੋ ਬਾਂਦਰੀ ਕੀ ਨਿਆਈਂ ਘਰ ਘਰ ਮੇਂ ਨਚਾਤੇ ਹੈਂ ਯੇਹ ਪੇਟ ਰੁਖੀ ਪਿਟਾਰੀ ਯਾਨੇ ਗੁਫਾ ਜਿਸਕਾ ਪੂਰਨ ਕਰਨਾ ਬੜਾ ਕਠਿਨ ਹੈ। ਯੇਹ ਪੇਟ ਕੀ ਪਿਟਾਰੀ ਜੋ ਅਭਿਮਾਨ ਕੇ ਭੰਗ ਕਰਨੇ ਵਾਲੀ ਹੈ ਅਗਰ ਯਹ ਨ ਹੋਤੀ ਤੋ ਆਪ ਜੈਸੇ ਰਾਜਾਓਂ ਕੇ ਕੁਟਿਲ ਕਟਾਖਯ ਖਿਣ ਮਾਤ੍ਰ ਭੀ ਨ ਸਹਾਰਤੇ ॥ ੫ ॥ ਜੈਸੇ ਭਰਤਰੀ ਜੀ ਲਿਖਤੇ ਹੈਂ:-

**ਐਸੀ ਪੇਟ ਕੀ ਪਿਟਾਰੀ ਲਾਈ ਕਰੂਰ ਮੁਖਚਾਰੀ ਪੂਰਪੂਰ ਸਭ ਹਾਰੀ ਠਾਗੀ ਵਿਸ਼੍ਵ ਸਾਰੀ ਹੈ ॥**

ਇਸ ਪਾਪੀ ਉਦਰ ਕੇ ਵਾਸਤੇ ਕਿਆ ਕਿਆ ਕਾਰਯ ਨਹੀਂ ਕੀਆ ਔਰ ਕਿਸ ਕਿਸ ਕੇ ਦਰਵਾਜ਼ੇ ਨਹੀਂ ਲੰਘੇ ਔਰ ਕਿਆ ਕਿਆ ਨਾਚ ਨਹੀਂ ਨਚਾਇਆ।

**(ਸ਼ਲੋਕ)–ਮਾਤ੍ਰੀ ਪਿਤ੍ਰੀ ਗੁਰੂ ਭ੍ਰਾਤ੍ਰੀ ਪੁਤ੍ਰ ਮਿਤ੍ਰ ਕਲਤ੍ਰਕੰ । ਖੁਧਾ ਆਤੁਰੋ ਹਿਨਸ੍ਤਿ ਅਤ੍ਰ ਨਿਰਧਨੋ ਰਾਖਸ਼ੋ ਯਸਾ ॥ ੧ ॥ ਨਾਸ੍ਤਿ ਖੁਧਾ ਸਮੰ ਦੁਖੰ ਨਾਸ੍ਤਿ ਰੋਗ: ਖੁਧਾ ਸਮ: । ਨਾਸ੍ਤਿ ਆਹਾਰ ਸਮੰ ਸੌਖੰ ਨਾਸ੍ਤਿ ਕ੍ਰੋਧਸਮੋ ਰਿਪੁ: ॥ ੨ ॥**

ਅਰਥ–ਮਾਤਾ ਪਿਤਾ ਗੁਰੂ ਭਾਈ ਪੁਤਰ ਮਿਤਰ ਇਸਤ੍ਰੀ ਆਦਿਕੋਂ ਕੋ ਨਿਰਧਨ ਰਾਖਸ਼ ਕੀ ਨਿਆਈਂ ਖੁਧਾ ਆਤੁਰ ਪੁਰਸ਼ ਮਾਰ ਦੇਤਾ ਹੈ। ੧। ਖੁਧਾ ਕੇ ਸਮਾਨ ਕੋਈ ਦੁਖ ਨਹੀਂ ਔਰ ਨ ਕੋਈ ਰੋਗ ਖੁਧਾ ਕੇ ਸਮਾਨ ਹੈ । ਔਰ ਆਹਾਰ ਕੇ ਸਮਾਨ ਕੋਈ ਸੁਖ ਨਹੀਂ ਔਰ ਕ੍ਰੋਧ ਕੇ ਸਮਾਨ ਕੋਈ ਸ਼ਤਰੂ ਨਹੀਂ ॥ ੨ ॥ ਸ੍ਰੀ ਕ੍ਰਿਸ਼ਨ ਜੀ ਕੋ ਧ੍ਰਿਤਰਾਸ਼ਟਰ ਜੀ ਨੇ ਕਹਾ ਹੈ।

**(ਸ਼ਲੋਕ)–ਵਾਸਦੇਵ ਜਰਾ ਕਸ੍ਟੰ ਕਸ੍ਟੰ ਨਿਰਧਨ ਜੀਵਨੰ । ਪੁਤ੍ਰ ਮਰਣੰ ਅਤਿ ਕਸ੍ਟੰ ਕਸ੍ਟਾਤ੍ ਕਸ੍ਟਤਰੰ ਖੁਧਾ: ।**

ਅਰਥ–ਹੇ ਸ੍ਰੀ ਕਿਸ਼ਨ ਜੀ ਬ੍ਰਿਧ ਅਵਸਥਾ ਕਾ ਬੜਾ ਦੁਖ ਹੈ । ਉਸ ਸੇ ਭੀ ਨਿਰਧਨ ਕਾ ਜੀਵਨ ਬੜਾ ਦੁਖ ਹੈ । ਉਸ ਸੇ ਅਧਿਕ ਕਠੇ ਸਉ ੧੦੦) ਪੁਤਰੋਂ ਕਾ ਮਰਨਾ ਭੀ ਬਹੁਤ ਦੁਖ ਹੈ, ਪਰੰਤੂ ਇਨ ਸਭ ਸੇ ਭੁਖ ਅਤਿ ਦੁਖ ਰੂਪ ਹੈ । ਤੀਸਰੇ ਪਹਿਰ ਮੇਂ ਐਸੀ ਜਬ ਭੁਖ ਕੜਕੇਗੀ ਤੋ ਅੰਨ ਮੇਂ ਹੀ ਪ੍ਰੀਤੀ ਹੋਗੀ, ਪਰਮੇਸ਼ਵਰ ਮੇਂ ਪ੍ਰੀਤੀ ਨਹੀਂ ਹੋਗੀ। ਯਾਂਤੇ ਤੀਸਰੇ ਪਹਿਰ ਮੇਂ ਭੀ ਨਾਮ ਨਹੀਂ ਜਪਾ ਜਾਏਗਾ। (ਸ਼ੰਕਾ) ਅਛਾ, ਤੀਸਰੇ ਪਹਿਰ ਖਾ ਪੀ ਕਰ ਚੌਥੇ ਪਹਿਰ ਮੇਂ ਨਾਮ ਜਪ ਲੇਂਗੇ।

**(ਸਮਾਧਾਨ)–ਚਉਥੇ ਆਈ ਊਘ ਅਖੀ ਮੀਟਿ ਪਵਾਰ ਗਇਆ ॥**

ਚੌਥੇ ਪਹਿਰ ਮੇਂ ਭੀ ਨਾਮ ਨਹੀਂ ਜਪਿਆ ਜਾਏਗਾ, ਕਿਉਂਕਿ ਨੀਂਦ ਆ ਜਾਏਗੀ, ਅਖੀਆਂ ਮੀਟੀਆਂ ਜਾਏਂਗੀਆਂ ਐਸੀ ਦਸ਼ਾ ਹੋ ਜਾਏਗੀ, ਜੈਸੇ ਮੁਰਦਾ ਹੋਤਾ ਹੈ। ਉਸ ਵਕਤ ਭੀ ਨਾਮ ਨਹੀਂ ਜਪਿਆ ਜਾਵੇਗਾ। ਪ੍ਰਮਾਣ:-



**(ਸ਼ਲੋਕ) ਨਿਦ੍ਰਾਯਾ ਲੋਕ ਵਾਰਤਾਯਾ ਸ਼ਬਦਾਦੇ ਅਪਿ ਵਿਸਮ੍ਰਿਤੇ। ਕ੍ਵਚਿਤ ਨ ਅਵਿਸਰੰ ਦਤ੍ਵਾ ਸ੍ਵਅਧਯਾਸ: ਅਪਨਯਨ ਕੁਰੂ: ।**

(ਵਿਵੇਕ ਚੂੜਾਮਣਿ

ਨਿੰਦ੍ਰਾ ਕੋ, ਲੋਕ ਵਾਰਤਾ ਕੋ, ਸਬਦਾਦਿ ਵਿਸ਼ਯੋਂ ਕੋ ਆਤਮ ਵਿਸਿਮ੍ਰਤੀ ਕੋ ਕੁਛ ਭੀ ਸਮਾਂ ਨ ਦੇਕਰ ਪਹਿਲੇ ਆਤਮਾ ਮੇਂ ਦੇਹ ਅਧਿਆਸ ਕੋ ਦੂਰ ਕਰਨਾ ਚਾਹੀਏ ਕਿਉਂਕਿ ਨਿੰਦ੍ਰਾ ਕੁਛ ਵਿਚਾਰ ਕਰਨੇ ਨਹੀਂ ਦੇਤੀ । ਇਸ ਵਾਸਤੇ ਕਬੀਰ ਜੀ ਨੇ ਲਿਖਾ ਹੈ:-

**ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥ ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥ ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰ ਜਾਗੁ ॥ ਜਾਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥**

[ਸਲੋਕ ਕਬੀਰ ਸਫਾ ੧੩੭੧

ਇਸ ਪ੍ਰਕਾਰ ਨਿਦ੍ਰਾ ਕਾ ਤਿਆਗ ਹੀ ਸਭ ਲਿਖਤੇ ਹੈਂ ਔਰ ਚੌਥੇ ਪਹਿਰ ਮੇਂ ਨਿਦ੍ਰਾ ਘੇਰ ਲੇਗੀ ਨਾਮ ਨਹੀਂ ਜਪਿਆ ਜਾਏਗਾ ਨਾਮ ਜਪਨੇ ਕਾ ਵੇਲਾ ਪ੍ਰਾਤਾਕਾਲ ਹੀ ਹੈ।

ਸ਼ੰਕਾ–ਚਉਥੇ ਪਹਿਰੇ ਮੇਂ ਨੀਂਦ ਕਰਕੇ ਫਿਰ ਨਾਮ ਜਪ ਲੇਂਗੇ। ਉਤਰ:-

**(ਮੂਲ) ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥**

ਫਿਰ ਭੀ ਉਠਕੇ ਝਗੜੇ ਕਰੋਗੇ ਕਿਉਂਕਿ ਸਉ ਵਰਿਹੇਂ ਕੇ ਜੀਨੇ ਕੀ ਇਛਾ ਰਖੀ ਹੈ ਨਾਮ ਨਹੀਂ ਜਪਿਆ ਜਾਵੇਗਾ। ਨਾਮ ਜਪਨੇ ਕਾ ਵੇਲਾ ਸਵੇਰੇ ਹੀ ਹੈ।

(ਸ਼ੰਕਾ)-ਅਗਰ ਸਵੇਰੇ ਨਾਮ ਨ ਜਪਿਆ ਜਾਵੇ ਤੋ ਫੇਰ ਕਿਸੀ ਸਮਯ ਨਾਮ ਨਹੀਂ ਜਪਿਆ ਜਾਏਗਾ। ਦੂਸਰੇ ਵਕਤ ਨਾਮ ਜਪਨੇ ਕੀ ਆਗਿਆ ਦਿਓ।

(ਸਮਾਧਾਨ) **ਮੂਲ–ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥** [ਮਾਝ ਵਾਰ ਮ: ੧ ਸਫਾ ੧੪੬

ਗੁਰੂ ਜੀ ਕਹਿਤੇ ਹੈਂ ਅਗਰ ਪਰਮੇਸ਼ੁਰ ਕੇ ਭਯ ਪੂਰਬਕ ਕਿਸੀ ਵੇਲੇ ਭੀ ਨਾਮ ਜਪਿਆ ਜਾਵੇ ਤੋ ਊਹੀ ਵੇਲਾ ਅਛਾ ਹੈ ਔਰ ਨਾਮ ਜਪ ਕੇ ਸੰਸਾਰ ਮੇਂ ਉਸ ਕਾ ਆਨਾ ਫਿਰ ਨਹੀਂ ਹੋਗਾ। ਪ੍ਰਮਾਣ :-

**ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮ ਫਿਟੁ ਭਲੇਰੀ ਰੁਤਿ ॥** ਗਉੜੀ ਵਾਰ ਮ: ੫ ਸਫਾ ੩੧੮

ਤਾਂਤੇ ਨਾਮ ਜਪਨੇ ਕੇ ਦੋ ਹੀ ਵਕਤ ਹੈਂ ਪ੍ਰਾਤ: ਕਾਲ ਔਰ ਭਯ ਪੂਰਬਕ ਜਿਸ ਵੇਲੇ ਜਪਿਆ ਜਾਵੇ । ਇਸ ਪ੍ਰਕਾਰ ਪਹਿਲੇ ਅਧਿਕਾਰੀ ਕੋ ਉਤਰ ਦੇਕੇ ਅਬ ਦੂਸਰੇ ਅਧਿਕਾਰੀ ਕੋ ਉਤਰ ਦੇਤੇ ਹੈਂ, ਜਿਸ ਨੇ ਪੂਛਾ ਹੈ ਕਿ ਚਾਰ ਅਵਸਥਾ ਯਾਨੇ ਬਾਲ, ਕੁਮਾਰ, ਯੁਵਾ ਔਰ ਬ੍ਰਿਧ, ਇਨ ਮੇਂ ਸੇ ਕਿਸ ਅਵਸਥਾ ਮੇਂ ਨਾਮ ਜਪਨਾ ਚਾਹੀਏ।

(ਉਤਰ ਮੂਲ) "ਸਬਾਹੀ ਸਾਲਾਹ" ਪਹਿਲੀ ਅਵਸਥਾ ਯਾਨੇ ਬਾਲਕ ਅਵਸਥਾ ਮੇਂ। ਬਾਲਕ ਅਵਸਥਾ ਹੀ ਪਰਮੇਸ਼ਵਰ ਕੇ ਭਜਨ ਕੀ ਹੈ ਔਰ ਅਵਸਥਾ ਨਹੀਂ। ਬਾਰਹ ਬਰਸ ਤਕ ਬਾਲਕ ਅਵਸਥਾ ਕਹਾਤੀ ਹੈ। ਜੈਸੇ ਗੁਰੂ ਜੀ ਕਹਿਤੇ ਹੈਂ:-

**ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥**

[ਆ: ਕ: ਸਫਾ ੪੭੯

ਔਰ ਬਾਰਹ ਸੇ ੨੫ ਬਰਸ ਤਕ ਕੁਮਾਰ ਅਵਸਥਾ ਔਰ ੨੫ ਸੇ ੫੦ ਤਕ ਜਵਾਨੀ। (ਜੋਬਨ) ਅਵਸਥਾ ਔਰ ੫੦ ਸੇ ੧੦੦ ਬਰਸ ਤਕ ਬ੍ਰਿਧ ਅਵਸਥਾ ਕਹਿਲਾਤੀ ਹੈ। ਨਾਮ ਜਪਨੇ ਕੀ ਅਵਸਥਾ ਕੇਵਲ ੧੨ ਬਰਸ ਤਕ ਹੈ ਪੀਛੇ ਨਹੀਂ ਜੈਸੇ ਗੁਰੂ ਜੀ ਲਿਖਤੇ ਹੈਂ:-

**ਰਾਮ ਜਪਉ ਜੀਅ ਐਸੇ ਐਸੇ। ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥**

[ਗਉੜੀ ਕਬੀਰ ਸਫਾ ੩੩੭

ਐਸੇ ਐਸੇ ਦੋ ਵਾਰ ਕਹਾ ਹੈ ਐਸੇ ਜੈਸੇ ਧ੍ਰੂ, ਐਸੇ ਜੈਸੇ ਪ੍ਰਹਿਲਾਦ। ਧ੍ਰੂਵ ਨੇ ਅਨਾਥ ਹੋ ਕੇ ਜਿਸ ਕਾ ਕੋਈ ਭੀ ਰਖਸ਼ਕ ਨਹੀਂ ਥਾ, ਏਕ ਈਸ਼ਵਰ ਕੀ ਓਟ ਲੇ ਕਰ ਨਾਮ ਜਪਿਆ ਹੈ: ਪ੍ਰਮਾਣ:-

**ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥**

[ਮਾਰੂ ਮ: ੫ ਸਫਾ ੯੯੯

ਇਸ ਪ੍ਰਕਾਰ ਧ੍ਰੂਵ ਕੀ ਉਮਰ ਪਾਂਚ ਬਰਸ ਕੀ ਥੀ ਔਰ ਅਨਾਥ ਦਸ਼ਾ ਮੇਂ ਪ੍ਰਮੇਸ੍ਰੁਰ ਕੇ ਨਾਮ ਕੋ ਜਿਸ ਤਰਹ ਜਪਿਆ ਹੈ ਉਸੀ ਤਰਹ ਜਪਨਾ ਚਾਹੀਏ। ਔਰ ਜਿਸ ਤਰਹ ਪ੍ਰਹਿਲਾਦ ਨੇ ੯ ਬਰਸ ਕੀ ਅਵਸਥਾ ਮੇਂ ਔਰ ਦੁਖ ਉਠਾ ਉਠਾ ਕੇ ਨਾਮ ਜਪਿਆ ਹੈ ਇਸ ਤਰਹ ਨਾਮ ਜਪਨਾ ਚਾਹੀਏ। ਗੁਰੂ ਪ੍ਰਮਾਣ:-

**ਪਿਤਾ ਪ੍ਰਹਲਾਦੁ ਪੜਣ ਪਠਾਇਆ ॥ ਲੈ ਪਾਟੀ ਪਾਧੇ ਕੈ ਆਇਆ॥ ਨਾਮ ਬਿਨਾ ਨਹ ਪੜਉ ਅਚਾਰ ॥ ਮੇਰੀ ਪਟੀਆ ਲਿਖਿ ਦੇਹੁ ਗੋਬਿੰਦੁ ਮੁਰਾਰਿ ॥੨॥ ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥ ਪਰਵਿਰਤਿ ਨ ਪੜਹੁ ਰਹੀ ਸਮਝਾਇ ॥** (ਪ੍ਰਹਲਾਦ) **ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥ ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥੩॥ ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ॥ ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥ ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ ਕਿਛੁ ਨ ਵਸਾਈ ॥**

[ਭੈਰਉ ਮ: ੩ ਸਫਾ ੧੧੫੪

**ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥ ਸਾਸਨਾ ਤੇ ਬਾਲਕੁ ਗਮੁ ਨ ਕਰੈ॥**

[ਭੈਰਉ ਮ: ੩ ਸਫਾ ੧੧੩੩



**ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥ ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥**

[ਬਸੰਤ ਕਬੀਰ ਸਫਾ ੧੧੯੪

ਤਬ ਪ੍ਰਹਿਲਾਦ ਕੋ ਪਿਤਾ ਨੇ ਬਹੁਤ ਸਮਝਾਯਾ ਜਬ ਨ ਸਮਝਾ ਤਬ ਪਿਤਾ ਨੇ ਅਪਨੀ ਭੈਣ ਹੋਲੀ ਕੋ ਕਹਾ ਕਿ ਇਸਕੋ ਜਾਕੇ ਅਗਨੀ ਮੇਂ ਸਾੜ ਆਓ ਕਿਉਂਕਿ ਹੋਲੀ ਕੋ ਬ੍ਰਹਮਾ ਜੀ ਨੇ ਏਕ ਚਾਦਰ ਦਿਤੀ ਸੀ ਕਿ ਜਬ ਤਕ ਤੇਰੇ ਊਪਰ ਚਾਦਰ ਰਹੇਗੀ ਤਬ ਤਕ ਤੇਰੇ ਕੋ ਅਗਨੀ ਨਹੀਂ ਸਾੜੇਗੀ। ਹੋਲੀ ਪ੍ਰਹਲਾਦ ਕੋ ਲੇਕਰ ਅਗਨੀ ਮੇਂ ਸਾੜਨੇ ਗਈ, ਪਰ ਪ੍ਰਹਿਲਾਦ ਨਿਡਰ ਹੋ ਕਰ ਸੰਗਤ ਕੋ ਕਹਿਨੇ ਲਗਾ ਸੰਗਤ ਬੋਲੋ ਰਾਮ ੨ ਮੇਰੇ ਕੋ ਅਗਨੀ ਦੇਵ ਨਹੀਂ ਸਾੜੇਗਾ। ਲੋਕ ਤ੍ਰਾਹਿ ਤ੍ਰਾਹਿ ਕਰ ਰਹੇ ਹੈਂ। ਜਬ ਅਗਨੀ ਕੀ ਲਾਟ ਤੇਜ਼ ਕਰੀ ਔਰ ਹੋਲੀ ਅਪਨੇ ਊਪਰ ਚਾਦਰ ਓੜ ਕਰ ਪ੍ਰਹਿਲਾਦ ਕੋ ਅਗਨੀ ਮੇਂ ਲੇ ਆਈ ਔਰ ਅਗਨੀ ਦੇਵ ਪ੍ਰਹਿਲਾਦ ਕੋ ਜਲਾਨੇ ਲਗਾ। ਤਬ ਅਕਾਸ਼ ਬਾਣੀ ਹੁਈ ਅਰੇ ਅਗਨੀ ਦੇਵ! ਦੇਖ ਤੂੰ ਤੋ ਪਹਿਲੇ ਹੀ ਊਸ਼ਣ ਯਾਨੇ ਜਲਤਾ ਰਹਿਤਾ ਹੈ। ਅਗਰ ਮੇਰੇ ਭਗਤ ਕੋ ਜਲਾਯਾ ਤੋ ਤੂੰ ਪਹਿਲੇ ਸੇ ਭੀ ਜ਼ਿਆਦਾ ਜਲਤਾ ਰਹੇਂਗਾ। ਤਬ ਅਗਨੀ ਨੇ ਅਪਨੇ ਪਿਤਾ ਵਾਯੂ ਕੋ ਪ੍ਰਾਰਥਨਾ ਕਰੀ, ਔਰ ਕਹਾ ਕਿ ਤੂੰ ਮੇਰੀ ਮਦਦ ਕਰ, ਐਸੇ ਕਰ ਕਿ ਹੋਲੀ ਕੀ ਚਾਦਰ ਪ੍ਰਹਿਲਾਦ ਪਰ ਪਾ ਦੇ ਔਰ ਹੋਲੀ ਕੋ ਮੈਂ ਸਾੜ ਦੂੰਗਾ। ਤਬ ਵਾਯੂ ਖੂਬ ਜ਼ੋਰ ਸੇ ਚੱਲਾ ਔਰ ਹੋਲੀ ਸੇ ਚਾਦਰ ਉਤਾਰ ਕਰ ਪ੍ਰਹਿਲਾਦ ਪਰ ਪਾ ਦੀ ਔਰ ਹੋਲੀ ਸੜ ਗਈ ਪ੍ਰਹਿਲਾਦ ਨ ਸੜਾ। ਤਬ ਪ੍ਰਹਿਲਾਦ ਅਗਨੀ ਮੇਂ ਕੂਦਨੇ ਲਗਾ:-

**ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ॥**

[ਬਿਲਾਵਲ ਮ: ੫ ਸਫਾ ੮੨੯

ਸੰਗਤ ਕੋ ਕਹਿਨੇ ਲਗਾ, ਸੰਗਤ! ਬੋਲੋ ਰਾਮ ਰਾਮ! ਸੰਗਤ! ਬੋਲੋ ਰਾਮ ਰਾਮ! ਤਬ ਸਾਰੀ ਸੰਗਤ ਰਾਮ ਰਾਮ ਕਹਿਨੇ ਲਗੀ। ਪਹਿਲੇ ਤੋ ਕੇਵਲ ਚਾਟੜੇ ਯਾਨੇ ਬਾਲਕ ਬਿਗਾੜੇ ਥੇ ਅਬ ਤੋ ਸਾਰੀ ਸੰਗਤਿ ਹੀ ਵਿਗੜ ਗਈ, ਸਾਰੀ ਸੰਗਤਿ ਰਾਮ ਰਾਮ ਕਹਿਨੇ ਲਗੀ।

**(ਸ਼ਲੋਕ) ਅਗ੍ਨਿ ਤਸਜ ਜਲਾਯਤੇ ਜਲਨਿਧਿ ਕੁਲਜਾਯਤੇ ਤਤ ਖਜਨਾਤ੍।**

ਅਬ ਪ੍ਰਹਿਲਾਦ ਕਾ ਪਿਤਾ ਸਮੁੰਦਰ ਮੇਂ ਡੁਬਾਨੇ ਕੇ ਲੀਏ ਜਹਾਜ਼ ਪਰ ਚੜ੍ਹ ਕਰ ਲੇ ਗਿਆ ਔਰ ਬੀਚ ਸਮੁੰਦਰ ਮੇਂ ਜਾਕੇ ਪ੍ਰਹਿਲਾਦ ਕੋ ਫੈਂਕ ਦੀਆ। ਜਬ ਸਮੁੰਦਰ ਪ੍ਰਹਿਲਾਦ ਕੋ ਡੋਬਨੇ ਲਗਾ ਤਬ ਅਕਾਸ਼ ਬਾਣੀ ਹੋਈ ਕਿ ਅਰੇ ਸਮੁੰਦਰ! ਤੂੰ

ਜਾਣਤਾ ਨਹੀਂ ਪਹਿਲੇ ਸੰਤ ਦੋਖੀ ਹੋਕੇ ਖਾਰਾ ਹੋ ਗਿਆ ਹੈਂ ਮੇਰੇ ਭਗਤ ਕੋ ਜੇ ਡੁਬੋਯਾ ਤੋ ਦੁਖ ਪਾਏਂਗਾ ਤਬ ਸਮੁੰਦਰ ਗੋਡੇ ਗੋਡੇ ਪਾਣੀ ਹੋ ਗਿਆ। ਤਬ ਪ੍ਰਹਲਾਦ ਸਮੁੰਦਰ ਮੇਂ ਨਚਨੇ ਕੂਦਨੇ ਲਗਾ ਔਰ ਕਹਿਣੇ ਲਗਾ ਸੰਗਤ ਦੇਖੋ ਮੈਂ ਨਹੀਂ ਡੂਬਾ ਬੋਲੋ ਰਾਮ ਰਾਮ ਇਸ ਪ੍ਰਕਾਰ ਸਮੁੰਦਰ ਸੇ ਲੇਕਰ ਮੁਲਤਾਨ ਤਕ ਰਾਮ ਨਾਮ ਕਾ ਪ੍ਰਚਾਰ ਕਰਤਾ ਰਹਾ ਤਬ ਉਸ ਕਾ ਪਿਤਾ ਬੜਾ ਦੁਖੀ ਹੂਆ ਕਿ ਪਹਿਲੇ ਤੋ ਯੇਹ ਬਾਲਕ ਹੀ ਰਾਮ ਕਾ ਨਾਮ ਲੇਤਾ ਥਾ ਅਬ ਸਾਰੇ ਰਾਮ ਕਾ ਨਾਮ ਲੇਨੇ ਲਗ ਗਏ ਹੈਂ। ਇਸ ਵਾਸਤੇ ਇਸ ਕੋ ਮਾਰਨਾ ਹੀ ਚਾਹੀਏ। ਤਬ ਪ੍ਰਹਿਲਾਦ ਕੋ ਬਹੁਤ ਸਮਝਾਯਾ ਕਿ ਰਾਮ ਨਾਮ ਛੋੜ ਦੇ ਪਰੰਤੂ ਪ੍ਰਹਿਲਾਦ ਕਹਿਨੇ ਲਗਾ :-

**ਨਹੀ ਛੋਡਉ ਰੇ ਬਾਬਾ ਰਾਮ ਨਾਮ ॥**

[ਬਸੰਤ ਕਬੀਰ ਸਫਾ ੧੧੯੪

ਤਬ ਹਿਰਣਕਸ਼ਪੁ ਨੇ ਸਲਾਹ ਪਕਾਈ। ਪ੍ਰਮਾਣ:-

**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ॥**
**ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮ ਮਾਇਆ ਫੇਰੀ॥**

[ਭੈਰਉ ਨਾਮਦੇਵ ਸਫਾ ੧੧੬੫

ਇਸਕੋ ਸੁਮੇਰੂ ਪਰਬਤ ਸੇ ਗੇਰਨਾ ਚਾਹੀਏ ਤਬ ਚੂਰਣ ਹੋ ਜਾਏਗਾ, ਤਬ ਪ੍ਰਹਿਲਾਦ ਕੋ ਪਕੜ ਕੇ ਸੁਮੇਰੂ ਪਰ ਲੇ ਗਏ। ਅਰ ਚੋਟੀ ਤੇ ਚੜ੍ਹਾ ਕਰ ਧੱਕਾ ਦੀਆ ਤਬ ਸੁਮੇਰੂ ਕੋ ਆਕਾਸ਼ ਬਾਣੀ ਹੂਈ ਅਰੇ ਸੁਮੇਰੂ! ਤੂੰ ਅਗੇ ਹੀ ਪਥਰ ਹੈਂ ਸਖਤ ਹੈਂ। ਅਗਰ ਮੇਰੇ ਭਗਤ ਕੋ ਦੁਖ ਦੇਂਗਾ ਤੋ ਜ਼ਿਆਦਾ ਦੁਖੀ ਹੋਏਂਗਾ ਸੇਵਾ ਕਾ ਮੌਕਾ ਹੈ, ਸੇਵਾ ਕਰ। ਤਬ ਸੁਮੇਰੂ ਨੇ ਕੋਮਲ ਰੂਈ ਕਾ ਰੂਪ ਧਾਰਣ ਕਰ ਲੀਆ, ਔਰ ਜੈਸੇ ਗਦੇਲੋਂ ਸੇ ਲੇਟਤਾ ਲੇਟਤਾ ਕੋਈ ਨੀਚੇ ਆਤਾ ਹੈ ਇਸ ਪ੍ਰਕਾਰ ਪ੍ਰਹਿਲਾਦ ਸੁਖ ਪੂਰਬਕ ਲੇਟਤਾ ਲੇਟਤਾ ਨਚਤਾ ਕੂਦਤਾ ਟਪਤਾ ਸੰਗਤ ਕੋ ਕਹਤਾ ਹੈ। ਸੰਗਤ ਬੋਲੋ ਹਰੇ ਰਾਮ। ਸੰਗਤ ਬੋਲੋ ਹਰੇ ਰਾਮ। ਤਬ ਸੰਗਤ ਜੋਰ ਸੇ ਹਰੇ ਰਾਮ ਕੀ ਧੁਨਿ ਕਰਨੇ ਲਗੀ ਧੁਨਿ ਸੁਨ ਕਰ ਹਿਰਣ ਕਸ਼ਿਪੂ ਬੜਾ ਦੁਖੀ ਹੋਨੇ ਲਗਾ। ਮੈਂ ਦੂਸਰੇ ਕੋ ਕਿਆ ਕਹੂੰ ਮੇਰਾ ਪੁਤ੍ਰ ਹੀ ਬਿਗੜਾ ਹੂਆ ਹੈ, ਇਸ ਕੋ ਮਾਰੂੰ ਫੇਰ ਸੰਗਤ ਕੀ ਖਬਰ ਲੂੰਗਾ। ਦੁਸ਼ਟ ਸਭਾ ਨੇ ਮਿਲ ਕਰ ਮੰਤ੍ਰ ਪਕਾਯਾ ਕਿ ਪ੍ਰਹਿਲਾਦ ਕੋ ਬਹੁਤ ਭੂਖੇ ਸ਼ੇਰੋਂ ਕੇ ਬੀਚ ਛੋੜਦੇਂ ਤੋ ਸ਼ੇਰ ਉਸਕੋ ਖਾ ਲੇਂਗੇ ਐਸੇ ਕਹ ਕਰਿ ਜੰਗਲੀ ਸ਼ੇਰ ਮੰਗਾਏ ਔਰ ਪ੍ਰਹਲਾਦ ਕੋ ਕਹਾ ਕਿ ਰਾਮ ਕਾ ਨਾਮ ਛੋੜਦੋ ਨਹੀਂ ਤੋ ਇਨ ਭੂਖੇ ਸ਼ੇਰੋਂ ਕੇ ਅਗੇ ਪਾ ਦੇਂਗੇ। ਤਬ ਪ੍ਰਹਲਾਦ ਕਹਿਣੇ ਲਗਾ "ਨਹੀਂ ਛੋਡਉ ਰੇ ਬਾਬਾ ਰਾਮ ਨਾਮ।" ਤਬ ਪ੍ਰਹਿਲਾਦ ਕੋ ਸਭ ਸੰਗਤ ਕੇ ਸਾਮਨੇ ਸ਼ੇਰੋਂ ਕੇ ਪਿੰਜਰੇ ਮੇਂ ਪਾਯਾ, ਸ਼ੇਰ ਇਕ ਦਮ ਦਉੜੇ, ਤਬ ਆਕਾਸ਼ ਬਾਣੀ ਹੋਈ ਕਿ ਹੇ ਸ਼ੇਰੋ ਤੁਮ ਅਗੇ ਹੀ ਤਾਮਸੀ ਹੋ ਕਚਾ ਮਾਸ ਖਾਨੇ ਵਾਲੇ ਹੋ ਅਗਰ ਮੇਰੇ ਭਗਤ ਕੋ ਦੁਖ ਦਿਓਗੇ ਤੋ ਜ਼ਿਆਦਾ ਤਾਮਸੀ ਜੂਨੀ ਮਿਲੇਗੀ। ਤਬ ਆਕਾਸ਼ ਬਾਣੀ ਸੁਣ ਕਰ 'ਸ਼ੇਰ' ਭਗਤ ਸੇ ਪਰੇਮ ਕਰਨੇ ਲਗ ਗਏ ਭਗਤ ਕੋ ਚਟਨੇ ਲਗ ਗਏ ਅਰ ਬਾਲਕ ਸ਼ੇਰੋਂ ਨਾਲ ਖੇਲਨੇ ਲਗਾ ਕਿਸੀ ਤੇ ਚੜ੍ਹਤਾ ਹੈ ਕਿਸੀ ਕੋ ਮਾਰਤਾ



ਹੈ, ਔਰ ਸੰਗਤ ਕੋ ਕਹਿਣੇ ਲਗਾ ਸੰਗਤ ਦੇਖੋ ਮੈਂ ਨਹੀਂ ਮਰਾ। ਬੋਲੋ ਹਰੇ ਰਾਮ। ਤਬ ਸੰਗਤ ਬਿਲਕੁਲ ਨਿਰਭੈ ਹੋਕੇ ਕਹਿਨੇ ਲਗੀ–ਹਰੇ ਰਾਮ, ਹਰੇ ਰਾਮ, ਔਰ ਸਾਰੀ ਸੰਗਤ ਕਾ ਰਾਮ ਨਾਮ ਮੇਂ ਪਰੇਮ ਹੋ ਗਿਆ। ਜਬ ਬਾਲਕ ਕੋ ਸ਼ੇਰੋਂ ਨੇ ਨ ਮਾਰਾ ਤੋ ਵਿਖਧਰ ਸਰਪੋਂ ਮੇਂ ਪਾਯਾ। ਤਬ ਸਰਪੋਂ ਕੋ ਅਕਾਸ਼ ਬਾਣੀ ਹੂਈ ਅਰੇ ਆਗੇ ਹੀ ਤੁਮ ਤਾਮਸੀ ਹੋ ਜਲਤੇ ਰਹਿਤੇ ਹੋ ਵਿਖ ਨਾਲ ਭਰੇ ਹੋ ਭਗਤ ਕੋ ਦੁਖਾਓਗੇ ਤੋ ਜ਼ਿਆਦਾ ਦੁਖ ਪਾਓਗੇ ਸੇਵਾ ਕਰੋ। ਤਬ ਸਰਪ ਭਗਤ ਕੋ ਚਟਨੇ ਲਗ ਗਏ ਪਰੇਮ ਕਰਨੇ ਲਗ ਗਏ ਔਰ ਬਾਲਕ ਸਰਪੋਂ ਕੋ ਰਸੀਓਂ ਕੀ ਤਰਹ ਗਲ ਨਾਲ ਲਪੇਟੇ ਖੇਲੇ ਔਰ ਕਹਿਨੇ ਲਗਾ–ਸੰਗਤ ਦੇਖੋ ਸਰਪ ਮੇਰੇ ਕੋ ਨਹੀਂ ਕਾਟਤੇ ਸੰਗਤ ਬੋਲੋ ਰਾਮ ਰਾਮ। ਆਗੇ ਸੇ ਭੀ ਬਹੁਤ ਨਿਡਰ ਹੋਕੇ ਸਭ ਲੋਗ ਰਾਮ ਨਾਮ ਕਹਿਨੇ ਲਗੇ। ਰਾਮ ਨਾਮ ਕਾ ਪਰਚਾਰ ਕਰਨੇ ਲਗੇ। ਤਬ ਪਿਤਾ ਨੇ ਬਿਖ ਕੇ ਪਿਆਲੇ ਪਿਲਾਏ ਕਿ ਮਰ ਜਾਏ, ਪਰੰਤੂ ਪ੍ਰਹਲਾਦ ਨਿਡਰ ਹੋਕੇ ਅੰਮ੍ਰਿਤ ਕਰਕੇ ਪੀ ਗਿਆ, ਔਰ ਕੁਛ ਨਾ ਹੂਆ। 'ਤਬ ਸੰਗਤ ਆਗੇ ਸੇ ਭੀ ਨਿਰਭੈ ਹੋ ਕੇ ਰਾਮ ਨਾਮ ਕੀ ਧੁਨਿ ਕਰਨੇ ਲਗੀ। ਸਾਰੀ ਨਗਰੀ ਮੇਂ ਭਗਤੀ ਦ੍ਰਿੜ ਹੋ ਗਈ। ਗੁਰੂ ਪ੍ਰਮਾਣ:--

**ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ ਕਿਛੁ ਨ ਵਸਾਈ ॥ ੪ ॥ ਸੰਡੈ ਮਰਕੈ ਕੀਈ ਪੂਕਾਰ ॥ ਸਭੇ ਦੈਤ ਰਹੇ ਝਖ ਮਾਰਿ ॥ ਭਗਤ ਜਨਾ ਕੀ ਪਤਿ ਰਾਖੈ ਸੋਈ ॥ ਕੀਤੇ ਕੈ ਕਹਿਐ ਕਿਆ ਹੋਈ ॥ ੫ ॥ ਕਿਰਤ ਸੰਜੋਗੀ ਦੈਤ ਰਾਜੁ ਚਲਾਇਆ ॥ ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥ ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥ ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥ ੬ ॥ ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥ ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰੁ ਗੋਪਾਲਾ ॥ ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥ ਜੋ ਧੁਰਿ ਲਿਖਿਆ ਸੁ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ॥ ਪਿਤਾ ਪ੍ਰਹਿਲਾਦੁ ਸਿਉ ਗੁਰਜ ਉਠਾਈ ॥ ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥ ਜਗ ਜੀਵਨੁ ਦਾਤਾ ਅੰਤਿ ਸਖਾਈ ॥ ਜਹ ਦੇਖਾ ਤਹ ਰਹਿਆ ਸਮਾਈ ॥ ੮ ॥ ਥੰਮ੍ਹੁ ਉਪਾੜਿ ਹਰਿ ਆਪਿ ਦਿਖਾਇਆ ॥ ਅਹੰਕਾਰੀ ਦੈਤੁ ਮਾਰਿ ਪਚਾਇਆ ॥ ਭਗਤਾ ਮਨਿ ਆਨੰਦੁ ਵਜੀ ਵਧਾਈ ॥ ਅਪਨੇ ਸੇਵਕ ਕਉ ਦੇ ਵਡਿਆਈ ॥ ੯ ॥ ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ ਕਰਤੈ ਲਿਖਿ ਪਾਇਆ ॥ ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥ ਭਗਤਾ ਕਾ ਬੋਲੁ ਆਗੈ ਆਇਆ**

॥੧੦॥ ਦੇਵਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥ ਲਖਿਮੀ ਭਉ ਕਰੈ ਨ ਸਾਕੈ ਜਾਇ ॥ ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥

[ਭੈਰਉ ਮ: ੩ ਸਫਾ ੧੧੫੪

ਸ਼ਲੋਕ–ਵਨ੍ਹੀਤਸਜ ਜਲਾਯਤੇ ਜਲਨਿਧਿ ਕੁਲਜਾਯਤੇ ਤਤਖਜਣਾਤ੍। ਮੇਰੂ ਸ੍ਵਲਪ ਸ਼ਿਲਾਯਤੇ ਮ੍ਰਿਗਪਤੀ ਸਿੰਘ ਕੁਰੰਗਾਯਤੇ । ਵਿਆਲੋ ਮਾਲਜ ਗੁਣਾਯਤੇ ਵਿਸ਼ਰਸੰ ਪੀਯੂਸ਼ਵਰਸ਼ਾਯਤੇ। ਯਸਜਾਂਗੇ ਅਖਿਲਲੋਕ ਵਲਭ ਤਮ ਸ਼ੀਲ ਸਨਉਨਮੀਲਜਤੇ ॥ ੧ ॥ ਨਵਾ ਸੁਦੇਵ ਭਕ੍ਤਾਨਾਂ ਅਸ਼ੁਭੰ ਵਿਦਜਤੇ ਕ੍ਵਚਿਤ੍ । ਹਰੇ ਸੁਦਰਸਨੰ ਚਕ੍ਰੰ ਸ਼ਸ਼੍ਰ ਰਖਜਤਿ ਵੈਸ਼ਣਵਾਨ ॥ ੨ ॥ ਯਦਾਯਦਾ ਵਿਪਤੀਰ ਹਿ ਭਵਤਿ ਭਕ੍ਤਾਨਾਂ ਕ੍ਵਚਿਤ। ਤਦਤਦਾ ਹਰਾਮਿ ਆਸ਼ੁ ਤਤਖਜਣਾਤ੍ ਸਰਵਸ਼ਃ ਸਦਾ ॥ ੩ ॥

ਟੀਕਾ–ਜਿਸ ਕੇ ਹਿਰਦੇ ਮੇਂ ਸਰਵ ਲੋਕ ਕੋ ਪਿਆਰਾ ਲਗਨੇ ਵਾਲਾ ਸੀਲ ਸੁਭਾਵ ਪ੍ਰਗਟ ਹੋ ਰਹਾ ਹੈ। ਅਗਨਿ ਦੇਵ ਉਸਕੇ ਤਾਈਂ ਜਲ ਰੂਪ ਹੋ ਜਾਤਾ ਹੈ। ਅਥਾਹ ਸਮੁੰਦਰ ਉਸ ਕੇ ਵਾਸਤੇ ਗੋਡੇ ਪ੍ਰਮਾਣ ਹੋ ਜਾਤਾ ਹੈ । ਸੁਮੇਰੂ ਕਠਨ ਪਰਵਤ ਵੀ ਉਸਕੇ ਵਾਸਤੇ ਕੋਮਲ ਔਰ ਛੋਟਾ ਰੂਪ ਹੋ ਜਾਤਾ ਹੈ ਔਰ ਮ੍ਰਿਗੋਂ ਕਾ ਪਤੀ (ਸਿੰਘ) ਉਸਕੇ ਵਾਸਤੇ ਹਰਿਨ ਹੋ ਜਾਤਾ ਹੈ, ਔਰ ਵਿਸਧਰ ਸਰਪ ਉਸਕੇ ਵਾਸਤੇ ਰਸੀਆਂ ਬਣ ਜਾਤੇ ਹੈਂ ਔਰ ਵਿਖ ਅੰਮ੍ਰਿਤ ਹੋ ਜਾਤਾ ਹੈ ॥੧॥ ਵਾਸਦੇਵ ਕੇ ਭਗਤੋਂ ਕੋ ਕਭੀ ਭੀ ਅਸੁਭ ਨਹੀਂ ਹੋਤਾ ਕਿਉਂਕਿ ਹਰੀ ਕਾ ਸੁਦਰਸ਼ਨ ਚਕ੍ਰ ਵੈਸ਼ਣਵ ਯਾਨੇ ਭਗਤੋਂ ਕੀ ਨਿਰੰਤਰ ਰਖਜਾ ਕਰਤਾ ਹੈ॥੨॥ ਭਗਵਾਨ ਕਹਿਤੇ ਹੈਂ ਜਬ ਜਬ ਭੀ ਭਗਤੋਂ ਪਰ ਕਦਾਚਿਤ ਵਿਪਤੀ ਆ ਜਾਤੀ ਹੈ ਤਬ ਤਬ ਹੀ ਤਤਖਿਣ ਸਰਵ ਪ੍ਰਕਾਰ ਸੇ ਸਰਵਦਾ ਕਾਲ ਵਿਪਤਿ ਕੋ ਹਰ ਲੇਤਾ ਹੂੰ ॥੩॥

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ ਵਖਤੇ ਉਪਰਿ ਲੜਿ ਮੁਏ ॥

[ਮਾਝ ਵਾਰ ਮ: ੧ ਸਫਾ ੧੪੫

ਨਾਮ ਜਪਿ ਪ੍ਰਭੂ ਕੀਨ ਪ੍ਰਸਾਦੂ। ਭਗਤ ਸ਼ਿਰੋਮਣਿ ਭਏ ਪ੍ਰਲ੍ਹਾਦੂ॥

[ਤੁਲਸੀ ਰਾਮਾਇਣ

ਧ੍ਰੂ ਸਗਿਲਾਨ ਜਪਿਓ ਹਰਿ ਨਾਊ॥ ਪਾਇਓ ਅਚਲ ਅਨੂਪਮ ਠਾਊ॥ ਸਿਮਰਿ ਪਵਨ ਸੁਤ ਪਾਵਨ ਨਾਮੂ॥ ਅਪਨੇ ਵਸ਼ ਕਰ ਰਾਖਿਓ ਰਾਮੂ॥ ਜਪਤ ਅਜਾਮਲ ਗਜ ਗਨਕਾਹੂ। ਭਏ ਮੁਕਤਿ ਹਰਿ ਨਾਮ ਪ੍ਰਭਾਊ॥



ਕਹੂੰ ਕਹਾਂ ਲਗ ਨਾਮ ਬੜਾਈ॥ ਰਾਮ ਨ ਸਕਹਿ ਨਾਮ ਗੁਨ ਗਾਈ॥

[ਤੁਲਸੀ ਰਾਮਾਯਣ

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥

[ਮਾਝ ਵਾਰ ਮ: ੧ ਸਫਾ ੧੪੫

ਅਰਥ–ਦੂਸਰੀ ਕੁਮਾਰ ਅਵਸਥਾ ਮੇਂ ਪੁਰਸ਼ ਕੇ ਮਨ ਮੇਂ ਬਹੁਤ ਤਰਹ ਕੇ ਖਿਆਲ ਹੋ ਜਾਤੇ ਹੈਂ ਕੋਈ ਪੜ੍ਹਨੇ ਕਾ ਖਿਆਲ ਕਰਤਾ ਹੈ ਕੋਈ ਨੌਕਰੀ ਕਾ ਕੋਈ ਦੁਕਾਨ ਕਾ ਕੋਈ ਸ਼ਾਦੀ ਕਾ ਇਨ ਖਿਆਲੋਂ ਮੇਂ ਮਨ ਏਕਾਗਰ ਨਹੀਂ ਹੋਤਾ ਕਿਉਂਕਿ ਮਨ ਕੀਆਂ ਮਤੀਆਂ ਖਿੰਡਰ ਜਾਤੀਆਂ ਹੈਂ ਔਰ ੧੨ ਸੇ ੨੫ ਵਰਸ਼ ਕੁਮਾਰ ਅਵਸਥਾ ਮੇਂ ਕੋਈ ਸ਼ਰੀਰ ਕਮਜ਼ੋਰ ਹੋ ਜਾਵੇ ਤੋ ਮਾਤਾ ਪਿਤਾ ਉਸ ਕੇ ਸਰੀਰ ਪੁਸ਼ਟ ਕਰਨੇ ਵਾਸਤੇ ਅਨੇਕ ਇਲਾਜ ਕਰਤੇ ਹੈਂ। ਜੈਸੇ ਗੁਰੂ ਜੀ ਲਿਖਤੇ ਹੈਂ :–

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥ ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥ ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥ ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥

[ਸ੍ਰੀ ਰਾਗ ਕਬੀਰ ਸਫਾ ੯੩

ਕੁਮਾਰ ਅਵਸਥਾ ਮੇਂ ਸ਼ਰੀਰ ਕਮਜ਼ੋਰ ਦੇਖ ਕਰ ਸੰਧੂਰ ਆਦਿ ਰਸ ਖਾਨੇ ਕੇ ਬਹਾਨੇ ਪਵਿਤ੍ਰ ਘ੍ਰਿਤਾਦਿ ਔਰ ਅਪਵਿਤ੍ਰ ਮਾਂਸ ਆਦਿ ਪਦਾਰਥ ਖਾਏ ਤੋ ਕਾਮ ਕ੍ਰੋਧਾਦਿ ਪੰਜੋਂ ਕਾ ਸਮੁਦਾਇ ਪੈਦਾ ਹੋ ਜਾਤਾ ਹੈ ਉਨਕੇ ਪ੍ਰਭਾਵ ਸੇ ਸਭ ਜਪ ਤਪ ਸੰਜਮ ਛੋਡ ਦੀਏ ਔਰ ਪਰਮੇਸ਼੍ਵਰ ਕਾ ਨਾਮ ਨ ਅਰਾਧਿਆ ਔਰ ਕਾਮ ਕਾ ਵੇਗ ਜ਼ਿਆਦਾ ਹੋ ਗਯਾ ਮਤਿ ਕੋ ਕਾਲਸ਼ ਲਗ ਗਈ ਤੋ ਮਾਤਾ ਪਿਤਾ ਨੇ ਇਸਤ੍ਰੀ ਲਾ ਕੇ ਗਲ ਨਾਲ ਬਾਂਧ ਦੀ ਔਰ ਉਸ ਇਸਤ੍ਰੀ ਕੇ ਕਾਮ ਕਲੋਲੋਂ ਮੇਂ ਹੀ ਗੋਤੇ ਖਾਤਾ ਰਹਾ ਨਿਕਲ ਨਹੀਂ ਸਕਿਆ ਪਰਮੇਸ਼੍ਵਰ ਕਾ ਭਜਨ ਨਹੀਂ ਕੀਆ ਇਸ ਵਾਸਤੇ ਦੂਸਰੀ ਕੁਮਾਰ ਅਵਸਥਾ ਭੀ ਭਜਨ ਵਾਸਤੇ ਨਹੀਂ ਭਜਨ ਵਾਸਤੇ ਬਾਲਜ ਅਵਸਥਾ ਹੀ ਹੈ । (ਸ਼ੰਕਾ) ਅਗਰ ਕੁਮਾਰ ਅਵਸਥਾ ਭਜਨ ਵਾਸਤੇ ਨਹੀਂ ਤੋ ਯੁਵਾ ਅਵਸਥਾ ਮੇਂ ਭਜਨ ਕਰ ਲੇਂਗੇ। (ਉਤਰ) ਤਰੁਣ ਨਾਮ ਜਵਾਨੀ ਮੇਂ ਭੀ ਭਜਨ ਨਹੀਂ ਹੋਗਾ । ਕਿਉਂਕਿ ਜਵਾਨੀ ਮੇਂ ਕਾਮ ਕੇ ਪ੍ਰਭਾਵ ਸੇ ਪਰ ਇਸਤ੍ਰੀ ਆਦਿਕੋਂ ਕੋ ਦੇਖੇਗਾ ਔਰ ਇੰਦ੍ਰੀਓਂ ਸੇ ਭੋਗ ਭੋਗਨੇ ਕੀ ਇਛਾ ਕਰੇਗਾ। ਭੋਗੋਂ ਮੇਂ ਹੀ ਪਿਆਰ ਹੋਗਾ ਪਰਮੇਸ਼ੁਰ ਮੇਂ ਨਹੀਂ :–

ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥

[ਮਾਝ ਵਾਰ ਮ: ੧ ਸਫਾ ੧੪੬

ਤਰੁਣ ਤੇਜੁ ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥ ਸੁਤ ਸੰਪਤਿ ਦੇਖ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥ ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥

[ਸ੍ਰੀ ਰਾਗ ਕਬੀਰ ਸਫਾ ੯੩

(ਚੌਪਈ) ਤਰੁਣ ਅਵਸਥਾ ਮੇਂ ਬਹੁ ਲੋਭ । ਧਨ ਕੋ ਹੋਵੈ ਚਿਤ ਕੋ ਖੋਭ। ਅਬਿਲਾ ਜੂਪ ਵਿਖੇ ਮਨ ਲਾਗੇ। ਕੁਲ ਕੀ ਲੱਜਾ ਸਗਲ ਤਿਆਗੇ। ਤਰੁਣ ਅਵਸਥਾ ਮੇਂ ਬਹੁ ਕ੍ਰੋਧ। ਯਾਤੇ ਹੋਵੈ ਧਰਮ ਕੋ ਰੋਧ। ਆਪ ਜਲੇ ਔਰਨ ਕੋ ਮਾਰੇ ॥ ਬ੍ਰਾਹਮਣ ਹੂੰ ਕੋ ਪ੍ਰਾਣ ਨਿਕਾਰੇ । ਕ੍ਰੋਧ ਭਰਿਓ ਬਹੁ ਪਾਪੁ ਕਮਾਵੈ। ਈਹਾਂ ਦੁਖ ਆਗੇ ਪੁਨਿ ਪਾਵੈ ॥ [ਮੋਖ ਪੰਥ

(ਸੋਰਠਾ) ਜੋਬਨ ਧਨ ਅਵਿਵੇਕ ਪ੍ਰਭੁਤਾ ਚਾਰੋਂ ਪਰਮ ਰਿਪੁ। ਦੇਤ ਅਨਰਥ ਇਕ ਏਕ ਜਹਿਂ ਚਾਰੋ ਤਹਿਂ ਕਿਆ ਕਥਾ ॥

ਕਈ ਜਵਾਨ ਬੜੇ ਰੂਪ ਵਾਲੇ ਅਪਨੀ ਜਵਾਨੀ ਕੋ ਐਸੇ ਨਸ਼ਟ ਕਰਤੇ ਹੈਂ ਜੈਸੇ ਪਤੰਗੇ ਦੀਵੇ ਪਰ ਅਪਨੇ ਆਪ ਕੋ:-

ਸ਼ਲੋਕ—ਯੋਸ਼ਿਤ ਹਿਰਣਯ ਆਭਰਣ ਅੰਬਰਾਦੀਃ ਦ੍ਰਬਯੇਸ਼ੁ ਮਾਯਾ ਰਚਿਤੇਸ਼ੁ ਮੂਢਾਃ । ਪ੍ਰਲੋਭਿਤ ਆਤਮਾ ਹੀ ਉਪਭੋਗ ਬੁਧੀਃ ਪਤਗਵਤ੍ਰ ਨਸ਼ਯਤਿ ਨਸ਼੍ਰ ਦ੍ਰਿਸ਼੍ਰੀ ॥ ੧ ॥ ਮਤੇਭ ਕੁੰਭ ਦਲਨੇ ਭੁਵਿ ਸੰਤਿ ਸ਼ੂਰਾ। ਕੇਚਿਤ ਪ੍ਰਚੰਡ ਮ੍ਰਿਗਰਾਜ ਬਧੇਸ਼ੁ ਦਖਯਃ ॥ ੨ ॥ ਕਿੰਤੂ ਬ੍ਰਵੀਮਿ ਬਲੀਨਾਂ ਪੁਰਤਃ ਪ੍ਰਸਹਯ। ਕੰਦਰਪ ਦਰਪ ਦਲਨੇ ਵਿਰਲੋ ਮਨੁਸ਼ਯ ॥ ੩ ॥

ਅਰਥ- ਇਸਤ੍ਰੀ ਸੁਵਰਣ ਭੂਸ਼ਣ ਕਪੜੇ ਆਦਿ ਮਾਯਾ ਰਚਿਤ ਦ੍ਰਬਯੋਂ ਮੇਂ ਮੂਢ ਪੁਰਸ਼ ਲੋਭ ਯੁਕਤ ਆਤਮਾ ਵਾਲੇ ਉਪਭੋਗੋਂ ਕੀ ਬੁਧੀ ਕਰਕੇ ਇਸ ਤਰਹ ਨਸ਼ਟ ਹੋਤੇ ਹੈਂ ਜੈਸੇ ਪਤੰਗੇ ਦੀਵੇ ਪਰ ਅਪਨੇ ਆਪ ਕੋ ਨਸ਼ਟ ਕਰ ਦੇਤੇ ਹੈਂ । ਜਿਨ੍ਹੋਂ ਕੀ ਗਿਆਨ ਦ੍ਰਿਸ਼ਟੀ ਨਸ਼ਟ ਹੋ ਗਈ ਹੈ ॥ ੧ ॥ ਮਦ ਸੇ ਉਨਮਤ ਹਾਥੀ ਕੇ ਸਿਰ ਕੋ ਦਲਨ ਕਰਨੇ ਮੇਂ ਤੋ ਇਸ ਸੰਸਾਰ ਮੇਂ ਬਹੁਤ ਸੂਰਬੀਰ ਹੈਂ ਔਰ ਕਈ ਪੁਰਸ਼ ਪ੍ਰਚੰਡ ਸ਼ੇਰੋਂ ਕੇ ਮਾਰਨੇ ਮੇਂ ਚਤੁਰ ਹੈਂ ॥ ੨ ॥ ਕਿੰਤੂ ਬਲੀ ਪੁਰਸ਼ੋਂ ਕੇ ਸਾਮ੍ਹਨੇ ਹਠ ਪੂਰਬਕ ਕਹਿਤਾ ਹੂੰ ਕਿ ਕਾਮ ਕ੍ਰੋਧਾਦਿ ਜੋ ਰਿਪੁ ਹੈਂ ਉਨਕੇ ਦਲਨ ਕਰਨੇ ਮੇਂ ਕੋਈ ਵਿਰਲਾ ਹੀ ਪੁਰਸ਼ ਹੈ ॥ ੩ ॥ (ਸ਼ੰਕਾ) ਚੌਥੀ ਬ੍ਰਿਧ ਅਵਸਥਾ ਮੇਂ ਨਾਮ ਜਪ ਲਵੇਂਗੇ। (ਉਤਰ)-

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ [ਮਾਝ ਵਾਰ ਮ: ੧ ਸਫਾ ੧੪੬



ਬਿਰਧਿ ਭਇਆ ਤਨੁ ਛੀਜੈ ਦੇਹੀ ॥ ਰਾਮੁ ਨ ਜਪਈ ਅੰਤਿ ਸਨੇਹੀ ॥ ਨਾਮੁ ਵਿਸਾਰਿ ਚਲੈ ਮੁਹਿ ਕਾਲੈ ਦਰਗਹ ਝੂਠੁ ਖੁਆਰਾ ਹੇ ॥

[ਮਾਰੂ ਸੋਲਹੇ ਮ: ੧ ਸਫਾ ੧੦੨੭

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥ ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥ ਆਸਾ ਮ: ੧ ਪਟੀ ਸ: ੪੩੨

ਜੋਬਨੁ ਗਇਆ ਬਤੀਤਿ ਜਰੁ ਮਲਿ ਬੈਠੀਆ ॥ ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥ ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥ ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥ ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥ ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥

[ਜੈਤਸਰੀ ਮ: ਸਫਾ ੭੦੫

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥ [ਸਲੋਕ ਮ: ੯ ਸਫਾ ੧੪੨੮

ਬ੍ਰਿਧਿ ਅਵਸਥਾ ਯਾਂ ਭਉ ਜੋਈ। ਬਹੁ ਦੁਖ ਕਾ ਆਲਯ ਹੈ ਸੋਈ ॥ ਦ੍ਰਿਗ ਕੀ ਜੋਤਿ ਲੀਨ ਹੋਇ ਜਾਵੈ । ਸਮਯਕ ਕੋਈ ਨਜ਼ਰ ਨ ਆਵੈ ॥ ਸਰਮਾ* ਪੈਠ ਕਰੇ ਦੁਧਿ ਪਾਨ। ਤਾਤੇ ਕਰੇ ਸੋ ਬਹੁ ਅਪਮਾਨ ॥ ਖਾਨੇ ਕੋ ਜੜ ਬੈਠੇ ਜਬਹੀਂ। ਅਲੰ ਨ ਮੁਖ ਤੇ ਭਾਖੇ ਕਬਹੀਂ। ਦੁਆਰੇ ਪਰ ਜੜ ਪਾਦ ਪਸਾਰੇ। ਸ਼ਯਨ ਕਰੇ ਸਬ ਕਾਜਿ ਬਿਗਾਰੇ ॥ [ਮੋਖ ਪੰਥ

ਸ਼ੰਕਾ—ਜੇ ਬਾਲ ਅਵਸਥਾ ਮੇਂ ਨਾਮ ਨ ਜਪਿਆ ਜਾਵੇ ਤੋ ਸਾਰੀ ਉਮਰ ਐਵੇਂ ਗਈ। ਉਤਰ—ਬ੍ਰਹਮਵੇਤਾਓਂ ਕੀ ਸਗਤ ਔਰ ਪਰਮੇਸ਼੍ਵਰ ਕੇ ਭੈ ਪੂਰਵਕ ਜਿਸ ਅਵਸਥਾ ਮੇਂ ਨਾਮ ਜਪੇ ਉਸੀ ਅਵਸਥਾ ਮੇਂ ਮੁਕਤ ਹੋ ਜਾਤਾ ਹੈ ਜੈਸੇ ਖਟਵਾਂਗ ਰਾਜਾ ਬ੍ਰਹਮ ਵੇਤਾ ਇੰਦ੍ਰ ਕੇ ਸੰਗ ਸੇ ਅੰਤਕਾਲ ਮੇਂ ਨਾਮ ਜਪ ਕਰ ਮੁਕਤ ਹੋ ਗਯਾ। ਤੀਸਰੇ ਪੁਰਸ਼ ਕੇ ਪ੍ਰਸ਼ਨ ਕਾ ਉਤਰ—ਜਿਸਨੇ ਪ੍ਰਸ਼ਨ ਕੀਆ ਥਾ ਮੁਕਤ, ਜਗਿਆਸੂ ਵਿਸ਼ਈ, ਪਾਮਰ ਇਨ ਮੇਂ ਸੇ ਕੌਨ ਨਾਮ ਜਪਤਾ ਹੈ । ਨਾਮ ਕਾ ਰਸੀਆ ਕੌਨ ਹੈ ? ਉਤਰ—"ਸਬਾਹੀ ਸਾਲਾਹ" ਪ੍ਰਥਮ ਪੁਰਸ਼ ਗਿਆਨੀ ਕੇ ਨਾਮ ਕੇ ਰਸੀਏ ਹੈਂ । ਜੈਸੇ ਗੁਰੂ ਜੀ ਲਿਖਤੇ ਹੈਂ—

*ਕੁਤੀ ।

**ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥ ਅਮਲਨ ਸਿਉ ਅਮਲੀ ਲਪਟਾਇਓ...**

[ਸੋਰਠ ਮ: ੫ ਸਫਾ ੬੧੩

**ਜਿਉ ਮਾਤਾ ਬਾਲਿ ਲਪਟਾਵੈ ॥ ਤਿਉ ਗਿਆਨੀ ਨਾਮੁ ਕਮਾਵੈ॥**

[ਸੋਰਠ ਮ: ੫ ਸਫਾ ੬੨੯

**ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ॥**

[ਗਉੜੀ ਸੁਖਮਨੀ ਮ: ੫ ਸਫਾ ੨੭੩

**ਪ੍ਰਮਾਣ–ਚਤੁਰ ਵਿਧਾ: ਭਜੰਤੇ ਮਾਮ੍ ਜਨਾ: ਸੁਕ੍ਰਿਤਿਨੋ: ਅਰਜੁਨ ॥ ਆਰਤੋ: ਜਗਯਾਸੁ: ਅਰਥਾਰਥੀ ਗਯਾਨੀ ਚ ਭਰਤਰਸ਼ਭ ॥ ੧੬ ॥ ਤੇਸ਼ਾਂ ਗਯਾਨੀ ਨਿਤਯ ਯੁਕ੍ਤ: ਏਕ ਭਕ੍ਤਿ: ਵਿਸ਼ਿਸ਼ਯਤੇ ॥ ਪ੍ਰਿਯ: ਹਿ ਗਯਾਨਿਨ: ਅਤ੍ਯਰਥੰ ਅਹਮ੍ ਸ: ਚ ਮਮ ਪ੍ਰਿਯ: ॥ ੧੭ ॥ ਉਦਾਰਾ: ਸਰਵ ਏਵ ਏਤੇ ਗਯਾਨੀ ਤੁ ਆਤਮਾ ਏਵ ਮੇ ਮਤਮ੍ ॥ ਆਸਿਥਤ: ਸ: ਹਿ ਯੁਕਾਤਮਾ ਮਾਮਏਵ ਅਨੁੱਤਮਾਮ੍ ਗਤਿਮ੍ ॥ ੧੮ ॥ ਬਹੁਨਾਂ ਜਨਮਨਾਂ ਅੰਤੇ ਗਯਾਨਵਾਨੁ ਮਾਮ੍ ਪ੍ਰਪਦਯਤੇ ॥ ਵਾਸਦੇਵ: ਸਰਵੰ ਇਤੀ ਸ ਮਹਾਤ੍ਮਾ ਸੁਦੁਰਲਭ: ॥੧੯॥**

[ਗੀਤਾ ਅਧਯਾਯ ੭

ਟੀਕਾ–ਹੇ ਅਰਜੁਨ ਚਾਰ ਪ੍ਰਕਾਰ ਕੇ ਮੇਰੇ ਭਗਤ ਹੈਂ। ੧. ਏਕ ਆਰਤ। ੨. ਜਗਯਾਸੂ ੩. ਅਰਥੀ ਅਰਥੀ। ੪. ਗਿਆਨੀ। ਏ ਚਾਰ ਪ੍ਰਕਾਰ ਕੇ ਭਗਤ ਹੈਂ। ੧੬। ਉਨੋਂ ਮੇਂ ਨਿਤ ਮੇਰੇ ਨਾਲ ਜੁੜਾ ਹੂਆ ਅਨਨਯ ਭਗਤੀ ਵਾਲਾ ਗਿਆਨੀ ਹੀ ਅਤਿ ਉਤਮ ਹੈ ਕਿਉਂਕਿ ਗਿਆਨੀ ਮੇਰੇ ਕੋ ਅਤਯੰਤ ਪਿਆਰਾ ਹੈ ਔਰ ਮੈਂ ਗਿਆਨੀ ਕੋ ਅਤਯੰਤ ਪਿਆਰਾ ਹੂੰ ॥ ੧੭ ॥ ਬਾਕੀ ਜੋ ਤੀਨ ਭਗਤ ਹੈਂ ਵਹੁ ਭੀ ਸ੍ਰੇਸ਼ਟ ਹੀ ਹੈਂ ਪਰੰਤੂ ਗਿਆਨੀ ਮੇਰਾ ਸਰੂਪ ਹੀ ਹੈ। ਐਸਾ ਮੇਰਾ ਮਤ ਹੈ। ਕਿਉਂਕਿ ਵੋਹ ਇਸਥਿਰ ਬੁਧੀ ਵਾਲਾ ਅਤਿ ਉਤਮ ਗਤਿ ਸਰੂਪ ਮੇਰੇ ਮੇਂ ਹੀ ਇਸਥਿਤ ਹੈ ॥ ੧੮ ॥ ਬਹੁਤ ਜਨਮੋਂ ਕੇ ਪੀਛੇ ਅੰਤ ਸਰਵ ਕੇ ਜਨਮ ਮੇਂ ਤਤ੍ਵ ਗਿਆਨ ਕੋ ਪ੍ਰਾਪਤ ਹੂਆ ਗਿਆਨੀ ਸਭ ਵਾਸਦੇਵ ਹੀ ਹੈ। ਐਸੇ ਰੂਪ ਸੇ ਮੇਰਾ ਭਜਨ ਕਰਤਾ ਹੈ। ਉਹ ਮਹਾਤਮਾ ਅਤਿ ਦੁਰਲਭ ਹੈ ॥ ੧੯ ॥ ਗੁਰੂ ਜੀ ਲਿਖਤੇ ਹੈਂ :–

**ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥**

[ਗਉੜੀ ਮਾਝ ਮ: ੫ ਸਫਾ ੨੧੮

ਇਕ ਸਾਬਿਤ ਗਿਆਨੀ ਔਰ ਆਧਾ ਜਗਿਆਸੂ ਯੇ ਨਾਮ ਕੇ ਰਸੀਏ ਹੈਂ ਅਸਲ ਨਾਮ ਕਾ ਰਸੀਆ ਗਿਆਨੀ ਹੀ ਹੈ ਔਰ ਜਿਨ ਗਿਆਨੀਓਂ ਨੇ ਇਕ ਮਨ ਹੋਕੇ



ਧਿਆਨ ਕੀਆ ਹੈ ਵੋਹੀ ਗਿਆਨੀ ਪੂਰੇ ਸ਼ਾਹ ਹੋ ਗਏ ਹੈਂ। ਗੁਰੂ ਪ੍ਰਮਾਣ:–

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥**

[ਗਉੜੀ ਸੁਖਮਨੀ ਮ: ੫ ਸਫਾ ੨੭੩

**ਜਿਸੁ ਨੀਚ ਕਉ ਕੋਈ ਨ ਜਾਨੈ ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥... ਜਾ ਕੈ ਨਿਕਟਿ ਨ ਆਵੈ ਕੋਈ ॥ ਸਗਲ ਸ੍ਰਿਸਟਿ ਉਆ ਕੇ ਚਰਣ ਮਲਿ ਧੋਈ ॥**

[ਆਸਾ ਮ: ੫ ਸਫਾ ੩੮੬

ਜੈਸੇ ਬਾਲਮੀਕ ਜੋ ਸੁਪਚ ਥਾ ਉਸਕੇ ਚਰਣ ਪਾਂਡਵੋਂ ਨੇ ਅਪਨੇ ਯੱਗ ਮੇਂ ਧੋਏ ਥੇ ਯਹ ਨਾਮ ਕਾ ਪ੍ਰਭਾਵ ਹੈ। (ਮੂਲ) 'ਦੂਜੇ ਬਹੁਤੇ ਰਾਹ'। ਦੂਸਰੇ ਮਮੁਖਸ਼ੂ ਹੈਂ ਉਨਕੇ ਬਹੁਤ ਰਸਤੇ ਹੈਂ ਯਾਨੇ ਉਤਮ ਮਧਯਮ ਔਰ ਕਨਿਸ਼ਟ ਭੇਦ ਸੇ ਤੀਨ ਪ੍ਰਕਾਰ ਕੇ ਹੈਂ ਉਨ ਕਾ ਅਪਨੇ ਅਪਨੇ ਸਾਧਨੋਂ ਮੇਂ ਪ੍ਰੇਮ ਹੈ। ਪਰਮੇਸ਼ਰ ਮੇਂ ਨਹੀਂ ਸਾਧਨ ਭੀ ਸਭ ਕੇ ਨਿਆਰੇ ਨਿਆਰੇ ਹੈਂ।

**ਪ੍ਰਮਾਣ–ਬ੍ਰਾਹਮਣਾ ਵਿਵਦਿਸ਼ੰਤਿ ਯਗਯੇਨ ਦਾਨੇਨ ਤਪਸਾਂ ਬ੍ਰਹਮਚਰਯਣ ਨਿਤਯੰ ॥**

ਕਈ ਬ੍ਰਾਹਮਣ ਮਮੁਖਸ਼ੂ ਜਾਨਨੇ ਕੀ ਇਛਾ ਕਰਤੇ ਹੈਂ ਯੱਗੋਂ ਸੇ ਤਪ ਸੇ ਦਾਨ ਸੇ ਬ੍ਰਹਮਚਰਯ ਸੇ ਐਸੇ ਭਿੰਨ ਭਿੰਨ ਸਾਧਨੋਂ ਮੇਂ ਲਗੇ ਹਨ। ਤਥਾ–ਕੋਈ ਯੋਗ ਕੇ ਸਾਧਨੋਂ ਮੇਂ ਕੋਈ ਗਿਆਨ ਕੇ ਸਾਧਨੋਂ ਮੇਂ ਲਗੇ ਹੂਏ ਹੈਂ। ਐਸੇ ਉਨ ਕੇ ਮਨ ਕੀ ਬ੍ਰਿਤੀਆਂ ਖਿੰਡੀਆਂ ਹੋਈਆਂ ਹਨ:–

**ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥** [ਮਾਝ ਵਾਰ ਮ: ੧ ਸਫਾ ੧੪੫

ਬਹੁਤ ਮਮੁਖਸ਼ੂ ਸੰਸਾਰ ਸਮੁੰਦਰ ਮੇਂ ਨ ਗੋਤੇ ਹੀ ਖਾਤੇ ਹੈਂ ਨ ਨਿਕਲ ਹੀ ਸਕਤੇ ਹੈਂ। ਜੈਸੇ ਭਰਥਰੀ ਜੀ ਵੈਰਾਗ ਸ਼ੱਤਕ ਕੇ ਤੀਸਰੇ ਅਧਯਾਯ ਮੇਂ ਲਿਖਤੇ ਹੈਂ:–

**ਹੈ ਕੁਛਕ ਨਿਮੇਸ਼ਾ ਹਮਰੀ ਬੇਸਾ ਲਖੋਂ ਨ ਕੈਸੇ ਕਾਮ ਕਰੋਂ ॥**
**ਸੁਰਸਰੀ ਕੇ ਤਟ ਪਰ ਕੁਟਿਆ ਠਠ ਕਰ ਤਾਮੇ ਤਪ ਕਰ ਤਾਪ ਹਰੋਂ ॥**
**ਗੁਣ ਜਾਂਹਿ ਉਦਾਰੇ ਅਸਗਣ ਦਾਰੇਂ ਮਮ ਰੁਚਿ ਧਾਰੇਂ ਤਿਹਂ ਵਿਚਰੋਂ ॥**
**ਗਣ ਗੰਥਨ ਮੋ ਉਤ ਕਾਵ੍ਯਨ ਮੋ ਯੁਤ ਕਦਾ ਰਸਾਂਮਿਤ ਪਾਨ ਕਰੋਂ ॥**

ਇਸ ਪ੍ਰਕਾਰ ਮਮੁਖਸ਼ੂ ਕਭੀ ਕਹਿਤੇ ਹੈਂ ਗੰਗਾ ਕਿਨਾਰੇ ਬੈਠਕੇ ਤਪ ਕਰੇਂ। ਕਭੀ ਕਹਿਤੇ ਹੈਂ ਸੁੰਦਰ ਇਸਤ੍ਰੀਓਂ ਸੇ ਰਮਣ ਕਰੇਂ ਕਭੀ ਕਥਾ ਰਸ ਅੰਮ੍ਰਿਤਪਾਨ ਕਰੇਂ। ਐਸੇ ਨ ਗੋਤੇ ਖਾਤੇ ਹੈਂ ਨ ਨਿਕਲਤੇ ਹੀ ਹੈਂ। ਪ੍ਰਮਾਣ:–

**ਗਹੇ ਛਛੂੰਦਰ ਸਰਪ ਜਿਉ ਉਗਲਤ ਬਨਤ ਨ ਖਾਤ।**

ਜੈਸੇ ਸਰਪ ਛਛੂੰਦਰ ਕੋ ਨ ਖਾ ਸਕਤਾ ਹੈ ਨ ਛੋਡ ਸਕਤਾ ਹੈ ਇਸ ਵਾਸਤੇ ਸੇਸ਼ਯ

ਆਤਮ ਬ੍ਰਿਤੀ ਹੋਨੇ ਤੇ ਮੁਮੁਖਸ਼ੂ ਭੀ ਭਗਤ ਨਹੀਂ ਹੋ ਸਕਤੇ। (ਸ਼ੰਕਾ) ਤੀਸਰਾ ਵਿਸ਼ਈ ਤੋ ਪਰਮੇਸ਼ੁਰ ਕਾ ਭਜਨ ਕਰਤੇ ਹੋਂਗੇ:–

ਸਮਾਧਾਨ–**(ਮੂਲ) ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥**

[ਮਾਝ ਵਾਰ ਮ: ੧ ਸਫਾ ੧੪੬

ਜੈਸੇ ਗੁਰੂ ਜੀ ਲਿਖਤੇ ਹੈਂ:–

**ਵਿਖਈ ਦਿਨੁ ਰੈਨਿ ਇਵਹੀ ਗੁਦਾਰੈ ॥ ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਏ ਜਿਉ ਹਾਰੈ ॥ ੧ ॥ ਰਹਾਉ ॥ ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥ ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ ੧ ॥ ਕਾਲਰ ਪੋਟ ਉਠਾਵਹਿ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥ ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥ ੨ ॥ ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥ ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥ ੩ ॥ ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥ ੪ ॥ ੧੦ ॥**

[ਸਾਰੰਗ ਮ: ੫ ਸਫਾ ੧੨੦੫

**ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥ ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤ ਬਿਧਿ ਮਨੁ ਧੀਰੇ ॥**

**ਸਲੋਕ–ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹਦਿਸਹ ॥**

[ਜੈਤਸਰੀ ਵਾਰ ਮ: ੫ ਸਫਾ ੭੦੭

**ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥** [ਮਾਝ ਵਾਰ ਮ: ੧ ਸਫਾ ੧੪੬

ਜੈਸੇ ਭੋਗੇ ਹੋਏ ਜੋ ਭੋਗ ਹੈਂ ਓਹ ਤੋ ਸੁਆਹ ਹੋ ਗਏ ਫੇਰ ਭੀ ਭੋਗ ਪਦਾਰਥੋਂ ਮੇਂ ਪ੍ਰੀਤਿ ਹੋਗੀ ਜੈਸੇ ਨਿਹੁਸ਼ ਰਾਜਾ ਕੇ ਪੁਤ੍ਰ ਯਯਾਤੀ ਰਾਜਾ ਨੇ ਅਪਨੀ ਸਾਰੀ ਉਮਰ ਭੋਗੋਂ ਮੇਂ ਗੁਜ਼ਾਰ ਲਈ ਫਿਰ ਭੀ ਭੋਗੋਂ ਕੀ ਇਛਾ ਦੂਰ ਨ ਹੁਈ। ਸਰੀਰ ਬ੍ਰਿਧ ਹੋ ਗਯਾ ਤਬ ਅਪਨੇ ਪਾਂਚੋਂ ਪੁਤ੍ਰੋਂ ਕੋ ਕਹਾ ਤੁਮਾਰੇ ਮੇਂ ਸੇ ਏਕ ਕੋਈ ਮੇਰੀ ਬ੍ਰਿਧਾ ਅਵਸਥਾ ਲੇ ਲੇਵੇ ਔਰ ਅਪਨੀ ਜਵਾਨੀ ਦੇਵੇ। ਤਬ ਚਾਰ ਪੁਤਰੋਂ ਨੇ ਤੋ ਨਹੀਂ ਮਾਨਾ ਪਰੰਤੂ ਪੰਜਵੇਂ ਛੋਟੇ ਪੁਤ੍ਰ ਪੁਰੂ ਨਾਮ ਵਾਲੇ ਨੇ ਅਪਨੀ ਯੁਵਾ ਅਵਸਥਾ ਦੇਕਰ ਬ੍ਰਿਧਾ ਅਵਸਥਾ ਲੇ ਲੀ। ਯਹ



ਕਥਾ ਸ੍ਰੀ ਮਦ ਭਾਗਵਤ ਕੇ ੯ ਸਿਕੰਧ ਕੇ ੧੮ ਵੇਂ ਅਧਿਆਇ ਮੇਂ ਵਿਸਤਾਰ ਸੇ ਲਿਖੀ ਹੈ। ਤਥਾ ਇੰਦ੍ਰ ਕੀ ਬਹੁਤ ਭੋਗੋਂ ਕੇ ਭੋਗਨੇ ਪਰ ਭੀ ਤ੍ਰਿਸ਼ਨਾ ਦੂਰ ਨ ਹੁਈ ਜੈਸੇ ਭਰਥਰੀ ਜੀ ਲਿਖਤੇ ਹੈਂ:–

**ਦੋਹਾ–ਤੁੰਗ ਭੋਗ ਸੰਜੋਗ ਕਰ ਨਾਸ਼ ਜੁ ਹੁਤੀ ਪਿਆਸ। ਮਘਵਾ ਹੋਤੇ ਦੀਨ ਕਤ ਹਰਿ ਅਜਾਦ ਕੇ ਪਾਸ।**

[ਵੈਰਾਗਜ ਸਤਕ

**ਵਡੇ ਵਡੇ ਰਾਜਨ ਅਰੁ ਭੂਮਨ ਤਾਕੀ ਤ੍ਰਿਸਨ ਨ ਬੂਝੀ ॥ ਲਪਟ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥ ੧ ॥ ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ ਰਹਾਉ ॥ ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾਕੀ ਮਿਟੈ ਨ ਭੂਖਾ ॥ ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥ ੨ ॥ ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥ ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥ ੩ ॥**

[ਧਨਾਸਰੀ ਮ: ੫ ਸਫਾ ੬੭੨

(ਸ਼ੰਕਾ) ਚਉਥੇ ਪਾਮਰ ਪੁਰਸ਼ ਨਾਮ ਕੇ ਰਸੀਏ ਹੋਏਂਗੇ ?

ਸਮਾਧਾਨ–**(ਮੂਲ)–ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥**

[ਮਾਝ ਵਾਰ ਮ: ੧ ਸਫਾ ੧੪੬

**ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥ ੧ ॥ ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥**

[ਬਸੰਤ ਕਬੀਰ ਸਫਾ ੧੧੯੩

**ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥**

[ਸਲੋਕ ਵਾਰਾਂ ਤੇ ਵਧੀਕ ਮਹਲਾ ੫ ਸਫਾ ੧੪੨੫

**ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥**

[ਆਸਾ ਮ: ੫ ਸਫਾ ੩੮੦

**ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਮੀਠੈ ਸਾਦਿ ॥ ਮਨੁ ਸੋਇਆ ਮਾਇਆ ਵਿਸਮਾਦਿ ॥**

[ਗਉੜੀ ਮ:੫ ਸਫਾ ੧੮੨

ਇਸ ਮੇਂ ਏਕ ਕਥਾ ਹੈ, ਸਹਾਰਨ ਪੁਰ ਮੇਂ ਏਕ ਸੇਠ ਰਹਿਤਾ ਥਾ ਜੋ ਬੜਾ ਸ਼ਾਹੂਕਾਰ ਥਾ ਉਸਕੀ ਇਸਤ੍ਰੀ ਮਰ ਗਈ। ਦੋ ਉਸ ਕੇ ਲੜਕੇ ਥੇ ਦੋਨੋਂ ਵਿਵਾਹੇ ਹੂਏ ਥੇ। ਜਬ ਉਸਕੀ ਬ੍ਰਿਧ ਅਵਸਥਾ ਹੂਈ ਤੋ ਘਰ ਮੇਂ ਪੜਾ ਰਹਿਤਾ ਥਾ। ਖੰਘਾਰੇ ਹੀ ਫੇਂਕਤਾ ਰਹਿਤਾ ਥਾ, ਨੂੰਹਾਂ ਕੋ ਬਹੁਤ ਗਿਲਾਨੀ ਆਤੀ ਰਹਿਤੀ ਥੀ ਖਾਨੇ ਪੀਨੇ ਕੋ ਕਿਸੀ ਕੋ ਪੈਸਾ ਨਹੀਂ ਦੇਤਾ ਥਾ। ਤਬ ਨੂੰਹਾਂ ਨੇ ਆਪਣੇ ਪਤੀਓਂ ਕੋ ਕਹਾ ਕਿ ਤੁਮ ਆਪਣੇ ਬਾਪ ਕੋ ਗੰਗਾ ਪਰ ਲੇ ਚਲੋ ਦਾਨ ਪੁੰਨ ਕਰੇਗਾ ਗੰਗਾ ਸਨਾਨ ਕਰੇਗਾ ਸਤਿਸੰਗ ਕਰੇਗਾ ਗਤਿ ਹੋ ਜਾਏਗੀ। ਤਬ ਦੋਨੋਂ ਲੜਕੋਂ ਨੇ ਬਰਾਦਰੀ ਕੋ ਬੁਲਾ ਕੇ ਪਿਤਾ ਜੀ ਕੋ ਬਹੁਤ ਸਮਝਾਯਾ ਕਿ ਗੰਗਾ ਜੀ ਚਲੋ ਹਮ ਭੀ ਵਹਾਂ ਵਾਰੀ ਵਾਰੀ ਆਪ ਕੇ ਸਾਥ ਰਹੇਂਗੇ ਚਲਕੇ ਦਾਨ ਕਰੋ ਸਤਿਸੰਗ ਕਰੋ ਸਨਾਨ ਕਰੋ। ਪੁਤਰੋਂ ਨੇ ਤੋ ਹਿਤ ਕੀ ਬਾਤ ਕਹੀ, ਪਰ ਪਿਤਾ ਕੋ ਬੜਾ ਕ੍ਰੋਧ ਹੂਆ ਅਰ ਕਹਿਨੇ ਲਗਾ ਹੁਣੇ ਹੀ ਮੇਰੇ ਕੋ ਘਰ ਸੇ ਬਾਹਰ ਨਿਕਾਲਨੇ ਲਗੇ ਹੋ ਮੈਂ ਨਹੀਂ ਗੰਗਾ ਤੇ ਜਾਊਂਗਾ ਗੰਗਾ ਕਾ ਪਾਣੀ ਠੰਡਾ ਹੈ ਔਰ ਵਾਟੀ ਹੈ। ਮੈਂ ਨਹੀਂ ਪੀਊਂਗਾ ਨ ਸਨਾਨ ਕਰੂੰਗਾ ਔਰ ਸਾਧੂ ਬ੍ਰਾਹਮਣ ਤੋ ਪੈਸਾ ਲੂਟਣੇ ਵਾਲੇ ਠਗ ਹੈਂ। ਮੈਂ ਉਨਕਾ ਦਰਸ਼ਨ ਨਹੀਂ ਕਰੂੰਗਾ। ਆਖਿਰ ਨਹੀਂ ਗਯਾ। ਕੁਛ ਸਮਯ ਬਾਦ ਮਰ ਗਯਾ ਉਸਕੇ ਪੁਤ੍ਰੋਂ ਨੇ ਅਪਨੇ ਸੰਬੰਧੀ ਔਰ ਬਰਾਦਰੀ ਸੇ ਵਿਚਾਰ ਕਰਾ ਕਿ ਪਿਤਾ ਜੀ ਕਾ ਗੰਗਾ ਤੇ ਚਲਕੇ ਸਸਕਾਰ ਕਰੇਂਗੇ ਵਹਾਂ ਹੀ ਸਤਾਰੀ ਕਾ ਭੰਡਾਰਾ ਵਗੈਰਹ ਕਰੇਂਗੇ ਐਸਾ ਵਿਚਾਰ ਕਰ ਪਾਲਕੀ ਸਜਾ ਕਰ ਬੜੀ ਧੂਮ ਧਾਮ ਕੇ ਸਾਥ ਹਰਿਦੁਆਰ ਲੇ ਆਨੇ ਲਗੇ, ਆਤੇ ਆਤੇ ਰਸਤੇ ਮੇਂ ਰਾਤ੍ਰੀ ਪੜ ਗਈ ਏਕ ਉਜਾੜ ਮੇਂ ਧਰਮਸ਼ਾਲਾ ਥੀ ਵਹਾਂ ਰਹਿ ਪੜੇ ਗਰਮੀ ਕੇ ਦਿਨ ਥੇ ਮਰੇ ਪਿਤਾ ਕੀ ਪਾਲਕੀ ਅੰਦਰ ਰਖਕੇ ਆਪ ਬਾਹਰ ਸੋ ਗਏ ਔਰ ਬਾਤੇਂ ਕਰਨੇ ਲਗੇ ਕਿ ਪਿਤਾ ਜੀ ਕੋ ਬਹੁਤ ਕਹਾ ਪਰੰਤੂ ਨਹੀਂ ਮਾਨਿਆ ਗੰਗਾ ਕੋ ਗਾਲੀਆਂ ਦੇਤਾ ਥਾ ਅਬ ਉਸਕੀ ਹੱਡੀਆਂ ਗੰਗਾ ਜੀ ਮੇਂ ਛੋਡ ਆਵੇਂਗੇ ਤਬ ਉਸਕੀ ਗਤਿ ਹੋ ਜਾਏਗੀ ਐਸਾ ਕਹਿਤੇ ੨ ਸੋ ਗਏ। ਅੰਦਰ ਏਕ ਕੋੜੀ ਰਹਿਤਾ ਥਾ ਓਹ ਸਾਰੀ ਬਾਤ ਸੁਨਤਾ ਰਹਾ। ਜਬ ਸਭ ਸੋ ਗਏ ਤਬ ਵਿਚਾਰ ਕਰਨੇ ਲਗਾ ਕਿ ਇਨਕੇ ਮਰੇ ਬਾਪ ਕੋ ਅਪਨੇ ਆਸਨ ਪਰ ਰਖ ਕਰ ਮੈਂ ਪਾਲਕੀ ਮੇਂ ਸੋ ਕਰ ਹਰਦੁਵਾਰ ਪਹੁੰਚ ਜਾਊਂ। ਉਥੇ ਮੰਗਕੇ ਨਿਰਬਾਹ ਕਰ ਲੂੰਗਾ ਏਥੇ ਕੋਈ ਕੁਛ ਦੇਤਾ ਨਹੀਂ ਐਸਾ ਵਿਚਾਰ ਕਰ ਮੁਰਦੇ ਕੋ ਆਪਣੇ ਆਸਨ ਪਰ ਰਖ ਦੀਆ। ਅਰ ਆਪ ਮੁਰਦਾ ਬਣ ਉਸ ਪਾਲਕੀ ਮੇਂ ਸੋ ਗਯਾ। ਪ੍ਰਾਤ ਕਾਲ ਹੋਤੇ ਹੀ ਉਨੋਂ ਨੇ ਪਾਲਕੀ ਉਠਾਈ। ਔਰ ਹਰਿਦੁਆਰ ਪਹੁੰਚ ਗਏ, ਬ੍ਰਾਹਮਣ ਸਾਧੂ ਕਠੇ ਕਰਕੇ ਜਬ ਪਿਤਾ ਕੇ ਸਸਕਾਰ ਕਰਨੇ ਵਾਸਤੇ ਪਾਲਕੀ ਖੋਹਲਨੇ ਲਗੇ ਤਬ ਕੋਹੜੀ ਨੇ ਅੰਗ ਹਿਲਾਏ। ਉਹ ਦੇਖ ਕਰ ਅਸਚਰਜ ਹੋ ਗਏ ਹੈਂ! ਮੁਰਦਾ ਜ਼ਿੰਦਾ ਹੋ ਗਯਾ। ਤਬ ਸਭ ਲੋਕ ਦੇਖ ਕਰ ਹੈਰਾਨ ਹੋ ਗਏ, ਆਖਿਰ ਉਸ ਕੋ ਖੋਲ੍ਹਾ ਤੋ ਪਾਲਕੀ ਮੇਂ ਸੇ ਕੋਹੜੀ ਨਿਕਲਾ। ਦੇਖ ਕਰ ਡਰ ਗਏ ਕਿ ਯੇਹ ਕੋਹੜੀ ਕਹਾ ਸੇ ਆ ਗਯਾ। ਜਹਾਂ ਉਸ ਸੇ ਪੂਛਾ ਤੋ ਉਸ ਨੇ ਕਹਾ ਤੁਮ੍ਹਾਰਾ ਪਿਤਾ ਉਸੀ ਧਰਮਸ਼ਾਲਾ ਮੇਂ ਹੈ। ਜਹਾਂ



ਰਾਤ ਰਹੇ ਥੇ। ਮੈਂ ਉਹਾਂ ਭੂਖਾ ਰਹਿਤਾ ਥਾ। ਈਹਾਂ ਹਰਿਦੁਆਰ ਮੇਂ ਮੰਗ ਕੇ ਖਾ ਲੂੰਗਾ, ਇਸ ਵਾਸਤੇ ਪਾਲਕੀ ਮੇਂ ਬੈਠ ਗਯਾ ਥਾ। ਤਬ ਓਹ ਵਿਚਾਰ ਕਰਨੇ ਲਗੇ ਜ਼ਿੰਦਾ ਬਾਪ ਤੋ ਗੰਗਾ ਪਰ ਨਹੀਂ ਆਯਾ, ਪਰੰਤੂ ਮਰ ਕਰ ਭੀ ਨਹੀਂ ਆਤਾ। ਫੇਰ ਉਨ੍ਹੋਂ ਨੇ ਦੋ ਆਦਮੀ ਏਕ ਉਸ ਕਾ ਲੜਕਾ ਏਕ ਔਰ ਆਦਮੀ ਮਿਲ ਕਰ ਪਿਤਾ ਜੀ ਕੋ ਲੇਨੇ ਆਏ। ਆ ਕਰ ਦੇਖਾ ਬਰਾਬਰ ਮੁਰਦਾ ਪੜਾ ਹੈ। ਤਬ ਉਨ੍ਹੋਂ ਨੇ ਮਰੇ ਹੂਏ ਪਿਤਾ ਕੋ ਘਰ ਕੀ ਘੋੜੀ ਕੇ ਸਾਥ ਬਾਂਧ ਦੀਆ, ਅਰ ਏਕ ਘੋੜੀ ਪਰ ਦੋਨੋਂ ਚੜ੍ਹ ਗਏ, ਜਿਸ ਘੋੜੀ ਪਰ ਮੁਰਦਾ ਥਾ ਵਹੁ ਘੋੜੀ ਐਸੀ ਡਰੀ ਜੋ ਲੋਟਕੇ ਫੇਰ ਸਹਾਰਨ ਪੁਰ ਹੀ ਆ ਗਈ। ਤਬ ਸਭ ਲੋਗ ਦੇਖਕੇ ਹਸਨੇ ਲਗ ਗਏ, ਇਹ ਕਿਆ ਹੂਆ, ਇਸ ਕੋ ਤੋ ਪਾਲਕੀ ਪਰ ਚੜ੍ਹਾਕੇ ਬ੍ਰਾਦਰੀ ਸੰਬੰਧੀ ਕਠੇ ਹੋਕਰ ਹਰਿਦਵਾਰ ਲੇ ਗਏ ਥੇ, ਈਆ ਘੋੜੀ ਤੇ ਕੈਸੇ ਆ ਗਯਾ। ਤਬ ਸਾਰਾ ਸਮਾਚਾਰ ਸੁਨ ਕਰ ਕਹਾ ਕਿ ਇਸ ਕੀ ਈਹਾਂ ਹੀ ਦਾਹ ਕ੍ਰਿਆ ਕਰੇਂ ਔਰ ਏਕ ਆਦਮੀ ਹਰਿਦੁਆਰ ਭੇਜਾ, ਉਹ ਹਰਿਦੁਆਰ ਸੇ ਸਭ ਕੋ ਲੇ ਆਯਾ, ਔਰ ਦਾਹ ਕ੍ਰਿਆ ਕੀ। ਚਉਥੇ ਦਿਨ ਹਡੀਆਂ ਚੁਨ ਕਰ ਅਪਨੇ ਪਰੋਹਿਤ ਬ੍ਰਾਹਮਣ ਕੋ ਬੁਲਾ ਕਰ ਬੜੀ ਤਾਕੀਦ ਨਾਲ ਕਹਾ ਪਿਤਾ ਕੀਆਂ ਹਡੀਆਂ ਗੰਗਾ ਜੀ ਮੇਂ ਪਾ ਆਓ, ਔਰ ਸਭ ਪ੍ਰਵਾਰ ਨੇ ਖੁਸ਼ ਹੋਕੇ ਪੁਰੋਹਤ ਕੋ ਕਿਸੀ ਨੇ ੨) ਰੁਪਏ ਕਿਸੀ ਨੇ ੩) ਰੁਪਏ ਕਿਸੀ ਨੇ ਦਸ ਰੁਪਏ ਦੀਏ, ਉਸਕਾ ੧੦੦) ਰੁਪਯਾ ਕਠਾ ਹੋ ਗਿਆ! ਜਬ ਪੁਰੋਹਿਤ ਹਡੀਆਂ ਲੇਕਰ ਬਾਹਰ ਆਯਾ ਤੋ ਵਿਚਾਰ ਹੂਆ ਕਿ ਮੈਂ ਯੇ ਅਪਨਾ ੧੦੦) ਰੁਪਯਾ ਹਰਿਦੁਆਰ ਲੇ ਜਾਊਂਗਾ ਤੋ ਰਸਤੇ ਮੇਂ ਕੋਈ ਡਾਕੂ ਮਿਲੇਗਾ ਤੋ ਲੂਟ ਲੇਗਾ, ਮੈਂ ਰਖ ਆਊਂ ਤੋ ਅਛਾ ਹੈ। ਐਸਾ ਵਿਚਾਰ ਕਰ ਸੰਘਨੇ ਬਨ ਮੇਂ ਏਕ ਬ੍ਰਿਖ ਪਰ ਟਾਹਨੀਓਂ ਮੇਂ ਗੁਥਲੀ ਕੋ ਲੁਕਾ ਕਰ ਘਰ ਮੇਂ ੧੦੦) ਰੁਪਯਾ ਰਖਨੇ ਗਯਾ। ਪੀਛੇ ਸੇ ਏਕ ਭੰਗੀ ਲਕੜੀਆਂ ਲੇਨੇ ਕੋ ਉਸ ਬਨ ਮੇਂ ਉਸ ਹੀ ਬ੍ਰਿਖ ਪਰ ਚੜ੍ਹਾ ਗੁਥਲੀ ਦੇਖ ਕਰ ਉਸ ਕੋ ਭ੍ਰਮ ਹੂਆ ਕਿ ਇਸ ਮੇਂ ਕੋਈ ਪੈਸੇ ਹੋਂਗੇ। ਐਸੇ ਵਿਚਾਰ ਕਰ ਗੁਥਲੀ ਲੇਕਰ ਦੂਰ ਬਨ ਮੇਂ ਜਾਕੇ ਗੁਥਲੀ ਖੋਲੀ ਔਰ ਪੈਸੇ ਨਿਕਾਲ ਕਰ ਹਡੀਓਂ ਕੋ ਦੂਰ ਦੂਰ ਫੇਂਕ ਦੀਆ, ਔਰ ਦੂਸਰੇ ਰਸਤੇ ਹੋਕੇ ਘਰ ਚਲਾ ਗਯਾ। ਈਹਾਂ ਸੇ ਪਰੋਹਿਤ ਆਯਾ ਉਸ ਬ੍ਰਿਖ ਪਰ ਆ ਕੇ ਦੇਖਾ ਤੋ ਗੁਥਲੀ ਹੈ ਹੀ ਨਹੀਂ ਬੜੀ ਤਲਾਸ਼ ਕਰੀ ਪਰ ਗੁਥਲੀ ਨ ਮਿਲੀ ਤਬ ਕਹਿਨੇ ਲਗਾ ਅਛਾ ਇਕ ਵਾਰੀ ਹਰਿਦੁਆਰ ਹੋਕੇ ਝੂਠੀਆਂ ਚਿਠੀਆਂ ਲਿਖਵਾਕੇ ਇਨਕੋ ਪ੍ਰਸੰਨ ਕਰ ਦੂੰ। ਤਬ ਉਹ ਹਰਿਦੁਆਰ ਕੋ ਚਲ ਪੜਾ, ਔਰ ਪਹੁੰਚ ਕਰ ਪੰਡੋਂ ਕੋ ਕੁਛ ਰੁਪਏ ਦੇਕਰ ਚਿਠੀ ਲਿਖਾਕੇ ਉਨ ਕੇ ਪੁਤਰੋਂ ਕੋ ਜਾਕਰ ਦੇ ਦੀ, ਔਰ ਅਬ ਵਹੁ ਨਿਸਚਿੰਤ ਹੋ ਗਏ ਕਿ ਹਮਾਰੇ ਬਾਪ ਕੀਆਂ ਹੱਡੀਆਂ ਤੋ ਗੰਗਾ ਜੀ ਮੇਂ ਪਹੁੰਚ ਗਈਆਂ। ਤਬ ਛੇ ਮਹੀਨੇ ਬਾਦ ਉਸ ਭੰਗੀ ਨੇ ਉਸ ਕੀਮਖਾਬ ਕੇ ਕਪੜੇ ਕੀ ਕੁੜਤੀ ਬਣਾ ਲੀ, ਉਸ ਕੁੜਤੀ ਕੋ ਪਹਿਨ ਕਰ ਉਹ ਭੰਗੀ ਉਸ ਸੇਠ ਕੇ ਘਰ ਟਟੀ ਸਾਫ ਕਰਨੇ ਗਯਾ, ਤਬ ਸੇਠ ਕੀ ਨੂੰਹ ਨੇ ਉਸ ਕਪੜੇ ਕੋ ਪਛਾਨ ਲੀਆ ਅਰ ਅਪਨੇ ਪਤੀ ਸੇ ਕਹਾ ਕਿ ਇਸ ਕੋ ਧਮਕੀ ਦੇ ਕੇ ਪੂਛੋ। ਤਬ ਉਨ੍ਹੋਂ ਨੇ ਪੂਛਾ ਤੋ ਭੰਗੀ ਕਹਿਨੇ ਲਗਾ ਕਿ

ਬਰਾਬਰ ਛੇ ਮਹੀਨੇ ਹੂਏ ਕਿ ਏਕ ਗੁਥਲੀ ਬ੍ਰਿਖ ਪਰ ਟੰਗੀ ਹੂਈ ਥੀ, ਉਸ ਮੇਂ ਪੰਸੇ ਪਾਊਂਡ ਪੜੇ ਥੇ ਉਸਕੋ ਮੈਨੇ ਲੈਕੇ ਹਡੀਆਂ ਦੂਰ ਦੂਰ ਇਕ ਇਕ ਕਰਕੇ ਸੁਟ ਦਿਤੀਆਂ। ਪੈਸੇ ਵਰਤ ਲੀਏ ਔਰ ਇਸ ਕਪੜੇ ਕੀ ਕੁੜਤੀ ਬਣਾਕੇ ਪਹਿਨ ਲੀ । ਤਬ ਉਨ੍ਹੋਂ ਨੇ ਬ੍ਰਾਦਰੀ ਕਠੀ ਕਰੀ ਪਰੋਹਿਤ ਕੋ ਬੁਲਾਯਾ ਅਰ ਕਹਾ ਕਿ ਸਚ ਸਚ ਕਹੋ । ਯੇ ਜੋ ਹਰਿਦੁਆਰ ਸੇ ਚਿਠੀ ਲਿਖਾਕੇ ਲੇ ਆਏ ਹੋ ਯਹ ਚਿਠੀ ਸਚੀ ਹੈ ਯਾ ਝੂਠੀ, ਸਚ ਕਹੋ ਨਹੀਂ ਤੋ ਤੁਮਾਰਾ ਪੁਰੋਹਿਤਪਣਾ ਕਟ ਦੇਂਗੇ । ਤਬ ਬ੍ਰਾਹਮਣ ਡਰ ਗਿਆ ਔਰ ਕਹਨੇ ਲਗਾ ਕਿ ਦੇਖੋ ਤੁਮਾਰਾ ਬਾਪ ਜੀਤੇ ਜੀਤੇ ਤੋ ਹਰਿਦੁਆਰ ਨ ਗਯਾ ! ਮਰਨੇ ਪਰ ਬ੍ਰਾਦਰੀ ਸਾਥ ਪਾਲਕੀ ਪਰ ਚੜ੍ਹਕੇ ਭੀ ਨ ਗਯਾ ਤੋ ਮੈਂ ਇਕੇਲੇ ਬੂਢੇ ਬ੍ਰਾਹਮਣ ਕੇ ਸਾਥ ਕੈਸ ਜਾ ਸਕਤਾ ਥਾ, ਐਸੇ ਕਹਿ ਕਰ ਕਥਾ ਸੁਨਾਈ ਤਬ ਸਭ ਬ੍ਰਾਦਰੀ ਨੇ ਵਿਚਾਰ ਲੀਆ, ਯੇ ਹਰਿ ਸਿਮਰਣ ਸੇ ਵਿਮੁਖ ਥਾ, ਇਸ ਲੀਏ ਇਸ ਕੋ ਸ੍ਰੀ ਗੰਗਾ ਜੀ ਨੇ ਅਪਨੀ ਸਰਣ ਮੇਂ ਨਹੀਂ ਆਨੇ ਦੀਆ :-

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥ ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥**

[ਸਲੋਕ ਕਬੀਰ ਜੀ ਸਫਾ ੧੩੬੮

ਇਸ ਪ੍ਰਕਾਰ ਪਾਮਰ ਪੁਰਸ਼ ਭੀ ਨਾਮ ਕੇ ਰਸੀਏ ਨਹੀਂ । ਸ਼ੰਕਾ-ਗਿਆਨੀ ਸੇ ਬਿਨਾਂ ਨਾਮ ਨਹੀਂ ਜਪਿਆ ਜਾਏਗਾ ਗਤੀ ਨਹੀਂ ਹੋਗੀ । ਸਮਾਧਾਨ-ਅਪਨੇ ਕੋ ਪਤਿਤ ਔਰ ਪਰਮੇਸ਼ੁਰ ਕੋ ਪਤਿਤ ਪਾਵਨ ਸਮਝ ਕਰ ਭੈ ਪੂਰਬਕ ਨਾਮ ਜਪੇ ਤੋ ਕਲਿਆਣ ਹੋ ਜਾਏਗੀ । ਜੈਸੇ ਅਜਾਮਲ ਪੂਤਨਾ ਗਨਕਾ ਆਦਿ ਹੂਏ ਹੈਂ-

**ਅਜਾਮਲੁ ਕਉ ਅੰਤਕਾਲ ਮੈ ਨਾਰਾਇਨ ਸੁਧਿ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਂਛਤ ਸੋ ਗਤਿ ਛਿਨ ਮਹਿ ਪਾਈ ॥**

[ਰਾਮਕਲੀ ਮ: ੯ ਸਫਾ ੯੦੨

**ਹਰਿ ਹਰਿ ਕਰਤ ਪੂਤਨਾ ਤਰੀ ॥ ਬਾਲ ਘਾਤਨੀ ਕਪਟਹਿ ਭਰੀ ॥- ਸੂਆ ਪੜਾਵਤ ਗਨਿਕਾ ਤਰੀ ॥**

[ਗੋਂਡ ਨਾਮਦੇਵ ਸਫਾ ੮੭੪

ਇਤਆਦਿ--ਸਭੇ ਵੇਲੇ ਸਭੇ ਵਕਤ ਭੈ ਪੂਰਬਕ ਨਾਮ ਜਪੇਂ ਤੋ ਅਛਾ ਹੈ । ਇਸ ਪ੍ਰਕਾਰ ਤੀਸਰੇ ਕੋ ਉਤਰ ਦੇਕੇ ਚਉਥੇ ਕੋ ਭੀ ਉਤਰ ਦੇਤੇ ਹੈਂ । ਚਉਥੇ ਅਧਿਕਾਰੀ ਨੇ ਜਿਸਨੇ ਗਿਆਨਵਾਨੋਂ ਕੇ ਲਖਣ ਪੂਛੇ ਥੇ ਉਸਕੋ ਗਿਆਨਵਾਨੋਂ ਕੇ ਲਖਣ ਸੁਨਾਤੇ ਹੈਂ । ਚਉਥੇ ਅਰਥ ਮੇਂ ਗਿਆਨਵਾਨੋਂ ਕੇ ਲਖਣ ਲਿਖਤੇ ਹੈਂ ।

**(ਮੂਲ) ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥**

'ਸ' ਕਹੀਏ ਸ ਪਰਮਾਤਮਾ 'ਬ' ਕਹੀਏ ਨਿਸਚੇ ਕਰਕੇ 'ਹੀ' ਯਾਨੇ ਮੈਂ ਹੂੰ ਐਸੇ 'ਜਿਨੀ ਧਿਆਇਆ ਇਕ ਮਨਿ' ਯਾਨੇ ਅਪਨੇ ਨਾਲ ਜਿਨ੍ਹੋਂ ਨੇ ਅਭੇਦ ਕਰਕੇ ਧਿਆਇਆ ਹੈ 'ਸੇਈ ਪੂਰੇ ਸਾਹ' 'ਬ੍ਰਹਮ ਵਿਦ ਬ੍ਰਹਮੇਵ ਭਵਤਿ' 'ਵਖਤੈ ਉਪਰਿ ਲੜਿ ਮੂਏ' ।



**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

[ਸੂਹੀ ਮ. ੫ ਸਫਾ ੭੪੯

ਔਰ ਬ੍ਰਹਮ ਵੇਤਾ ਕੇ ਸਾਥ ਦਵੈਸ਼ ਕਰਨੇ ਵਾਲੇ ਲੜ ਲੜ ਮ੍ਰਿਤਯੂ ਹੋ ਜਾਤੇ ਹੈਂ ।
ਫਿਰ ਬ੍ਰਹਮਵੇਤਾ ਕੇ ਲਖਣ ਯਹ ਹੈਂ ਦੂ ਯਾਨੇ ਦ੍ਵੈਤ ਕੋ ਜਿਨ੍ਹੋਂ ਨੇ ਜੇ ਕਰਾ ਹੈ, ਗੁਰੂ ਪ੍ਰਮਾਣ:-

**ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸਕਾ ਦੁਖੁ ਜਾਈ ॥ ੧ ॥ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥ ੧ ॥ ਰਹਾਉ ॥ ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ ਜੋ ਇਸੁ ਮਾਰੇ ਤਿਸਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥ ੨ ॥ ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਵੰਤਾ ॥ ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥ ੩ ॥ ਜੋ ਇਸੁ ਮਾਰੇ ਤਿਸਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥ ੪ ॥ ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁ ਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥ ੫ ॥ ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥ ੬ ॥ ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥ ੭ ॥ ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥ ੮ ॥ ੫ ॥**

[ਗਉੜੀ ਮ: ੫ ਸਫਾ ੨੩੭

**(ਤਥਾ)-ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ ਤਬ ਤੇ ਦੂਖ ਡੰਡ ਅਰੁ ਖੇਦਾ ॥**

[ਗਉੜੀ ਮ: ੫ ਸਫਾ ੨੩੫

ਦ੍ਰਿਸ਼ਟਾਂਤ-ਜੇਸੇ ਏਕ ਇਸਤ੍ਰੀ ਪਤੀ ਕਾ ਆਪਸ ਮੇਂ ਭੇਦ ਪੜ ਗਯਾ ਥਾ ਤੇ ਕਈਓਂ ਆਦਮੀਓਂ ਕਾ ਨੁਕਸਾਨ ਹੋ ਗਯਾ ਥਾ ਉਸ ਕੀ ਕਥਾ ਯਹ ਹੈ। ਏਕ ਸ਼ਹਿਰ ਮੇਂ ਏਕ ਇਸਤ੍ਰੀ ਪਤੀ ਰਹਾ ਕਰਤੇ ਥੇ ਉਨਕਾ ਆਪਸ ਮੇਂ ਬੜਾ ਪ੍ਰੇਮ ਥਾ। ਇਸਤ੍ਰੀ ਬੜੀ ਪਤਿਬ੍ਰਤਾ ਥੀ ਉਨਕਾ ਯਸ ਬੜਾ ਫੈਲ ਗਯਾ। ਪੜੋਸੀ ਉਨਕਾ ਯਸ ਸੁਨ ਕਰ ਜਲਾ ਕਰਤੇ ਥੇ। ਤਬ ਪੜੋਸੀਆਂ ਨੇ ਵਿਚਾਰ ਕਰਾ ਕਿ ਕਿਸੀ ਤਰਹ ਇਨਕੀ ਫੂਟ ਪਾ ਦੇਈਏ। ਤਬ ਉਨੋਂ ਨੇ ਚੰਦਾ ਕਰਕੇ ੫੦੦) ਰੁਪਯਾ ਕੱਠਾ ਕੀਆ ਔਰ ਫਫਾਕੁਟਣੀ ਯਾਨੇ ਦੂਤੀ ਕੋ ਕਹਾ ਕਿ ਇਨਕੇ ਪ੍ਰੇਮ ਮੇਂ ਫੁਟ ਪਾ ਦੇ। ਤਬ ਦੂਤੀ ਰੋਜ਼ ਪ੍ਰਸ਼ਾਦ ਲੇਕੇ ਪਤਿਬ੍ਰਤਾ ਪਾਸ ਜਾਯਾ ਕਰੇ ਭਗਤਣੀ ਬਣ ਗਈ। ਏਕ ਦਿਨ ਪ੍ਰਾਰਥਨਾ ਕਰੀ ਕਿ ਮੈਨੇ ਗੁਰੂ ਪਾਸੋਂ ਗੁਰਮੰਤ੍ਰ ਲੀਆ ਹੈ। ਉਨੋਂ ਨੇ ਕਹਾ ਕਿ ਪਤਿਬ੍ਰਤਾ ਇਸਤ੍ਰੀ ਕੇ ਕੰਨ ਪਰ ਜਾਕੇ ਪੱਕਾ ਕਰ ਲੇ ਤੋ ਜਲਦੀ ਸਿਧ ਹੋਗਾ। ਸੋ ਤੂੰ ਏਕ ਦਿਨ ਮੇਰੇ ਕੋ ੧੫ ਮਿੰਟ ਵਾਸਤੇ ਅਪਨਾ ਕੰਨ ਦੇਦੇ ਮੈਂ ਮੰਤ੍ਰ ਪਕਾ ਲੂੰ। ਤਬ ਸਿਆਲੇ ਕੇ ਦਿਨੋਂ ਮੇਂ ਏਕ ਦਿਨ ਪਤੀ ਕੋ ਸਨਾਨ ਕਰਾ ਕਰ ਔਰ ਚਾਹ ਪਿਲਾ ਕਰ ਧੂਪ ਮੇਂ ਮੰਜੀ ਵਿਛਾ ਦਿਤੀ। ਇਤਨੇ ਮੇਂ ਦੂਤੀ ਆ ਗਈ ਉਸਕੋ ਪਤਿਬ੍ਰਤਾ ਨੇ ਕਹਾ ਆਜ ਅਪਨਾ ਜਪ ਕਰ ਲੇ। ਤਬ ਉਸ ਕੀ ਪਿਠ ਪਤੀ ਕੀ ਤਰਫ ਕਰਾ ਕਰ ਉਸਕੇ ਪਤੀ ਕੋ ਹਾਥ ਕੇ ਇਸ਼ਾਰਿਓਂ ਸੇ ਧਿਕਾਰ ਕਹਿਨੇ ਲਗੀ। ਜਬ ਦੂਤੀ ਚਲੀ ਗਈ ਤਬ ਪਤੀ ਨੇ ਅਪਨੀ ਇਸਤ੍ਰੀ ਕੋ ਕਹਾ ਤੂ ਮੇਰੇ ਕੋ ਕਿਉਂ ਗਾਲੀਆਂ ਦਿਲਾ ਰਹੀ ਸੀ ਉਸ ਨੇ ਪਤੀ ਕੋ ਕਹਾ ਮੈਨੇ ਕੁਛ ਭੀ ਨਹੀਂ ਕੀਆ ਪਰ ਉਸਨੇ ਨਹੀਂ ਮਾਨਾ ਤਬ ਉਸਕੋ ਕ੍ਰੋਧ ਆ ਗਯਾ। ਵਿਚਾਰ ਕੁਛ ਨ ਰਹਾ ਦੋ ਚਾਰ ਸੱਟੀਆਂ ਮਾਰੀਆਂ ਇਤਨੇ ਮੇਂ ਰੌਲਾ ਪੜ ਗਯਾ ਇਸਤ੍ਰੀ ਕਾ ਸਿਰ ਫੂਟ ਗਯਾ। ਇਸਤ੍ਰੀ ਕੇ ਪੇਕੇ ਵਹਾਂ ਹੀ ਥੇ ਵੋਹ ਕੱਠੇ ਹੋ ਗਏ। ਪੜੋਸੀਓਂ ਨੇ ਜਾਨ ਬੂਝ ਕਰ ਲੜਾਈ ਪਾ ਦਿਤੀ। ਖੂਬ ਲੜਾਈ ਹੋ ਗਈ ਦਸ ਬੀਸ ਕੇ ਸਿਰ ਫੂਟ ਗਏ ਨਿਰਨਾ ਕਰਨੇ ਪਰ ਪਤਾ ਲਗਾ ਕਿ ਫਫਾਕੁਟਨੀ ਕੀ ਫੂਟ ਸੇ ਯਹ ਨੁਕਸਾਨ ਹੂਆ ਹੈ। ਫੂਟ ਨਾਮ ਦ੍ਵੈਤ ਭਾਵ ਕਾ ਹੈ:-

**ਦੂਜਾ ਭਾਉ ਨ ਦੇਈ ਲਿਵ ਲਾਗਣਿ... ॥** [ਬਿਲਾਵਲ ਮ: ੩ ਸਫਾ ੭੯੬

**ਮਨ ਕਾ ਸੂਤਕੁ ਦੂਜਾ ਭਾਉ ॥** [ਗਉੜੀ ਮ: ੩ ਸਫਾ ੨੨੯

ਤਥਾ-**ਭਵਜਲਿ ਡੂਬੇ ਦੂਜੈ ਭਾਇ ॥** [ਗਉੜੀ ਮ: ੩ ਸਫਾ ੨੩੧

ਇਸ ਪਰਕਾਰ ਗਿਆਨਵਾਨੋਂ ਨੇ ਦੂਜੇ ਯਹ ਦ੍ਵੈਤ ਕੋ ਜੈ ਕਰਾ ਹੈ। ਦ੍ਵੈਤ ਯਾਨੇ ਭੇਦ। ਬ੍ਰਹਮ ਕੇ ਸਾਥ ਜੀਵ ਕਾ ਹੈ ਭੀ ਨਹੀਂ ਭਰਮ ਕਰਕੇ ਭੇਦ ਮਾਲੂਮ ਹੋਤਾ ਹੈ। ਪ੍ਰਮਾਣ-

**ਜਬ ਇਸ ਤੇ ਸਭ ਬਿਨਸੇ ਭਰਮਾ ॥ ਭੇਦੁ ਨਾਹੀ ਹੈ ਪਾਰਬ੍ਰਹਮਾ ॥**

[ਗਉੜੀ ਮ: ੫ ਸਫਾ ੨੩੫

ਕੈਸਾ ਭੇਦ ਹੈ ਜਿਸ ਭੇਦ ਕਰਕੇ ਜੀਵ ਕੇ ਬਹੁਤੇ ਰਾਹ ਹੋ ਜਾਤੇ ਹੈਂ ਯਾਨੇ ਸੰਕਲਪ ਵਿਕਲਪ ਪੈਦਾ ਹੋ ਜਾਤੇ ਹੈਂ ਔਰ ਮਨ ਕੀਆ ਮਤੀਆਂ ਖਿੰਡ ਜਾਤੀਆਂ ਹਨ। ਤਾਤੇ



ਭੇਦ ਕੋ ਤਿਆਗ ਕਰ ਬ੍ਰਹਮਵੇਤਾ :-

**ਮੂਲ- ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥**

ਬੇਅਤ ਜੋ ਬ੍ਰਹਮ ਹੈ ਉਸ ਮੇਂ ਪਏ ਗੋਤੇ ਖਾਤੇ ਹੈਂ ਯਾਨੇ ਬ੍ਰਹਮ ਸੇ ਬਹਿਰ ਮੁਖ ਨਹੀਂ ਹੋਤੇ। ਪ੍ਰਮਾਣ:-

**ਸ਼ਲੋਕ-ਨਿਮਿਸ਼ਾਰਧੰ ਨ ਤਿਸ੍ਟੰਤਿ ਬ੍ਰਿਤਿੰ ਬ੍ਰਹਮ ਮਈਂ ਬਿਨਾ ॥**

ਅਰਥ-ਆਧਾ ਨਿਮਿਸ਼ ਭੀ ਬ੍ਰਹਮਾਕਾਰ ਬ੍ਰਿਤੀ ਸੇ ਅਲਗ ਨਹੀਂ ਹੋਤੇ ਪਏ ਚੁਭੀਆਂ ਲਗਾਤੇ ਹੈਂ। ਪ੍ਰਮਾਣ:-

**ਸ਼ਲੋਕ-ਬਾਹਯੇ ਨਿਰੁਧੇ ਮਨਸ: ਪ੍ਰਸੰਨਤਾ। ਮਨ: ਪ੍ਰਸਾਦੇ ਪਰਮਾਤਮ ਦਰਸ਼ਨੰ ॥ ਤਸਮਿਨ ਸੁ ਦ੍ਰਿਸ਼੍ਟੇ ਭਵਬੰਧ ਨਾਸ਼ੋ ॥ ਬਹਿਰ ਨਿਰੋਧ: ਪਦਵੀ ਵਿਮੁਕ੍ਤੇ ॥ ੩੩੬ ॥ ਅੰਤਰ ਬਹਿ: ਸ੍ਵੰ ਇਸਥਿਰ ਜੰਗਮੇਸ਼ੁ। ਗਯਾਤ੍ਵਾਤ੍ਮਨਾਧਾਰ ਤਯਾਵਿਲੋਕਯਾ ॥ ਤਯਕ੍ਤਵਾ ਖਿਲੋਪਾਧਿਰਖੰਡ ਰੂਪ:। ਪੂਰਣਾਤਮਨਾ ਯ:ਇਸਥਿਤ ਏਸ਼ਮੁਕ੍ਤ ॥ ੩੩੯ ॥** [ਵਿਵੇਕ ਚੂੜਾਮਣੀ

ਅਰਥ-ਬਾਹਯ ਬ੍ਰਿਤੀਓਂ ਕੇ ਰੋਕਨੇ ਸੇ ਮਨ ਕੀ ਪ੍ਰਸੰਨਤਾ ਯਾਨੇ ਨਿਰਮਲਤਾ ਹੋਤੀ ਹੈ ਔਰ ਮਨ ਕੀ ਸੁਧੀ ਸੇ ਪਰਮਾਤਮ ਦਰਸ਼ਨ ਹੋਤਾ ਹੈ ਔਰ ਪਰਮਾਤਮ ਦਰਸ਼ਨ ਸੇ ਸੰਸਾਰ ਬੰਧਨ ਕਾ ਨਾਸ਼ ਹੋਤਾ ਹੈ ਇਸ ਵਾਸਤੇ ਬਾਹਯ ਬ੍ਰਿਤੀਓਂ ਕਾ ਨਿਰੋਧ ਯਾਨੇ ਰੁਕਾਵਟ ਹੀ ਮੁਕਤੀ ਕੋ ਦੇਨੇ ਵਾਲੀ ਹੈ ॥ ੩੩੬ ॥ ਅਸਥਾਵਰ ਜੰਗਮ ਜੀਵੋਂ ਕੇ ਅੰਦਰ ਬਾਹਰ ਆਤਮਾ ਕੋ ਜਾਣ ਕਰ ਔਰ ਅਸਥਾਵਰ ਜੰਗਮੋਂ ਕਾ ਆਧਾਰ ਆਤਮਾ ਕੋ ਦੇਖ ਕਰ ਔਰ ਸੰਪੂਰਣ ਉਪਾਧਿ ਕੋ ਤਿਆਗ ਕਰ ਅਖੰਡ ਪੂਰਣ ਰੂਪ ਕਰਕੇ ਜੋ ਇਸਥਿਤੀ ਹੈ ਏਹੀ ਮੁਕਤ ਹੈ ॥ ੩੩੯ ॥ ਇਸ ਪਰਕਾਰ ਹਰ ਵਕਤ ਆਤਮਾ ਮੇਂ ਹੀ ਗੋਤੇ ਖਾਤੇ ਰਹਿਤੇ ਹੈ, ਨਿਕਲਤੇ ਨਹੀਂ।

**(ਮੂਲ)-ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥** [ਮਾਝ ਵਾਰ ਸਲੋਕ ਮ: ੧ ਸਫਾ ੧੪੬

ਪਤੀ ਨਾਮ ਇਸਤ੍ਰੀ ਕਾ ਪਮੇਸ਼ਵਰ ਕੀ ਮਾਇਆ ਰੂਪ ਇਸਤ੍ਰੀ ਕੋ ਜਿਨ੍ਹੋਂ ਨੇ ਜੈ ਕਰ ਲੀਆ ਹੈ। ਕੈਸੀ ਮਾਇਆ ਸੀ ਜਿਸ ਮਾਇਆ ਕਰਕੇ ਇੰਦ੍ਰਯ ਰੂਪੀ ਮੂੰਹ ਮੇਂ ਗਿਰਾਸ ਯਾਨੇ ਭੋਗ ਭੋਗਨੇ ਕੀ ਇਛਾ ਹੋਤੀ ਥੀ। ਔਰ ਆਸਾ ਤ੍ਰਿਸ਼ਨਾ ਭਉਕ ਉਠਤੀਆਂ ਸੀਆਂ ਯਾਨੇ ਕੜਕ ਉਠਤੀਆਂ ਸੀਆਂ। ਉਸ ਮਾਇਆ ਕੋ ਜਿਨ੍ਹ ਮਹਾਤਮਾਓਂ ਨੇ ਜਯ ਕੀਆ ਹੈ। ਪ੍ਰਮਾਣ:-

ਗਲਿ ਚਮੜੀ ਜਉ ਛੋਡੈ ਨਾਹੀ ॥ ਲਾਗਿ ਛੁਟੋ ਸਤਿਗੁਰ ਕੀ ਪਾਈ ॥
ਐਸੀ ਸੁੰਦਰ ਮਨ ਕਉ ਮੋਹੈ ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥
ਮਨਿ ਤਨਿ ਲਾਗੈ ਹੋਇਕੈ ਮੀਠੀ ॥ ਗੁਰਪ੍ਰਸਾਦਿ ਮੈ ਖੋਟੀ ਡੀਠੀ ॥੨॥
ਅਗਰਕ ਉਸਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨਾ ਮਾਊ ॥
ਮੇਲੀ ਅਪਨੇ ਉਨ ਲੇ ਬਾਧੇ ॥ ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥੩॥

[ਆਸਾ ਮ: ੫ ਸਫਾ ੩੯੨

(ਮੂਲ)– ਖਾਧਾ ਹੋਆ ਸੁਆਹ ਭੀ ਖਾਣੇ ਸਿਉ ਦੋਸਤੀ ॥

ਮਾਇਆ ਕੇ ਅਗਰਕ ਕਾਮ ਕ੍ਰੋਧ ਆਦਿ ਖਾ ਕਰ ਯਾਨੇ ਹਟਾ ਕਰ ਸਵਾਹ ਕਰ ਦਿਤੇ ਹਨ ਫੇਰ ਭੀ ਸਮਾਧੀ ਸੇ ਉਠ ਕਰ ਕਾਮ ਕ੍ਰੋਧਾਦਿਕ ਕੋ ਤਥਾ ਮਾਯਕ ਸੰਕਲਪੋਂ ਕੋ ਖਾਨੇ ਮੇਂ ਹੀ ਯਾਨੇ ਹਟਾਨੇ ਮੇਂ ਦੋਸਤੀ ਯਾਨੇ ਪ੍ਰੇਮ ਰਖਤੇ ਹੈਂ।

(ਮੂਲ)– ਚਉਥੈ ਆਈ ਊਂਘ ਅਖੀ ਮੀਟਿ ਪਵਾਰ ਗਇਆ ॥

ਚਉਥਾ ਯਾਨੇ ਤੁਰੀਯ ਜੋ ਆਤਮ ਵਸਤੂ ਹੈ। ਉਸ ਮੇਂ ਮਹਾਤਮਾ ਕੋ ਊਂਘ ਨਾਮ ਯੋਗ ਨਿੰਦ੍ਰਾ ਆਈ ਹੈ। ਔਰ ਬਾਹਜ ਬ੍ਰਿਤੀਆਂ ਰੂਪ ਅਖੀਆਂ ਮੀਟ ਗਈਆਂ। ਔਰ ਜੀਤੇ ਜੀਤੇ ਐਸੇ ਹੋ ਗਏ ਹੈਂ ਜੈਸੇ ਮੁਰਦੇ ਕੀ ਨਿਆਈਂ ਤੁਰੀਐ ਕਾ ਸਰੂਪ। ਮਾਂਡੂਕਯ ਉਪਨਿਸਦ ਮੇਂ ਐਸੇ ਲਿਖਾ ਹੈ:–

ਨ ਅੰਤ:ਪ੍ਰਗਯੰ ਨ ਬਹਿ: ਪ੍ਰਗਯੰ ਨੋਭਯਤ: ਪ੍ਰਗਯੰ ਨ ਪ੍ਰਗਯਾਨ ਘਨੰ ਨਪ੍ਰੰਗਯੰ ਨਾਪ੍ਰਗਯੰ। ਅਦ੍ਰਿਸ਼੍ਟ ਮਬਯਵਹਾਰਯ ਮਗ੍ਰਾਹਯਮਲਖਯਣ ਮਚਿੰਤਯਮਵਯਪਦੇਸ਼ਯ ਮੇਕਾਤਮ ਪ੍ਰਤਯਸਾਰੰ। ਪ੍ਰਪੰਚੋਪਸ਼ਮੰ ਸ਼ਾਂਤੰ ਸ਼ਿਵ ਮਦ੍ਵੈਤੰ ਚਤੁਰਥੰ ਮਨਯੰਤੇ ਸਆਤਮਾਸਵਿਗਯੇਯ ॥੭॥ [ਮਾਂਡੂਕਯ ਉਪਨਿਸਦ

ਅਰਥ–ਤਤ੍ਵੇਤਾ ਕੀ ਇਸਥਿਤੀ ਕੋ ਸਾਖਯਾਤ ਸ੍ਰੁਤਿ ਭਗਵਤੀ ਪ੍ਰਤਿਪਾਦਨ ਕਰੇ ਹੈ। ਇਸ ਇਸਥਿਤੀ ਮੇਂ ਇਸਥਿਤ ਵਿਦਵਾਨ ਕੀ ਬੁਧੀ ਨ ਅੰਤਰ ਹੈ ਨ ਬਾਹਰ ਹੈ। ਨ ਦੋਨੋਂ ਓਰ ਬੁਧੀ ਹੈ ਨ ਬੁਧੀ ਹੈ ਨ ਬੁਧਿ ਘਨ ਰੂਪ ਹੈ। ਬੁਧਿ ਵਾਲਾ ਭੀ ਨਹੀਂ ਬਧਿ ਸੇ ਰਹਿਤ ਭੀ ਨਹੀਂ ਹੈ। ਮਨ ਬਾਣੀ ਕਾ ਅਵਿਸ਼ਯ ਹੈ। ਇਸਥਿਤ ਮੇਂ ਕੋਈ ਵਿਯਵਹਾਰ ਨਹੀਂ ਹੈ। ਤਥਾ ਗ੍ਰਹਿਣ ਕਾ ਵਿਸ਼ਯ ਨਹੀਂ ਹੈ। ਅਲਖਣ ਹੈ, ਚਿੰਤਨ ਕਾ ਵਿਸ਼ਯ ਨਹੀਂ। ਉਪਦੇਸ਼ ਕਾ ਵਿਸ਼ਯ ਨਹੀਂ ਹੈ। ਵਿਜਾਤੀਯ ਸੁਜਾਤ ਭੇਦ ਸੇ ਰਹਿਤ ਏਕ ਆਤਮਾ ਹੈ। ਸਰਵ ਪ੍ਰਤਯੋਂ ਕਾ ਪ੍ਰਕਾਸ਼ਕ ਸਾਰ ਰੂਪ ਹੈ ਤਥਾ ਤਿਸ ਵਿਦਵਾਨ ਕੀ ਇਸਥਤਿ ਮੇਂ ਪ੍ਰਪੰਚ ਕਾ ਅਭਾਵ ਹੈ ਸਾਂਤਿ ਹੈ। ਸ਼ਿਵ ਰੂਪ ਹੈ ਅਦ੍ਵੈਤ ਹੈ। ਚਤੁਰਥ ਅਵਸਥਾ ਹੈ। ਐਸਾ ਸ਼ਾਸਤ੍ਰ



ਮੇਂ ਲਿਖਾ ਹੈ। ਸੋਈ ਆਤਮਾ ਹੈ। ਸੋਈ ਜਾਨਨੇ ਯੋਗਯ ਹੈ।

(ਸ਼ਲੋਕ)–ਬ੍ਰਹਮਾਕਾਰ ਤਯਾ ਸਦਾਇਸਥਿਤਤਯਾ ਨਿਰਮੁਕਤ ਬਾਹਯਾਂ ਅਰਥਧੀ:। ਅਨਯ ਆਵੇਦਿਤ ਭੋਗਯ ਭੋਗ ਕਲਨ: ਨਿਦ੍ਰਾਲੂ ਵਤ੍ ਬਾਲਵਤ੍ ਸ੍ਵਪਨ ਆਲੋਕਿਤ ਲੋਕਵਤ ਜਗਤਇਦੰ ਪਸ਼ਯਨ੍ ਕ੍ਵਚਿਤ ਲਬਧਧੀ:। ਆਸਤੇ ਕਸ੍ਚਿਤ ਅਨੰਤ ਪੁਨਯਫਲ ਭੁਕ, ਧਨਯ: ਸਮਾਨਯੋ ਭੁਵਿ ॥ [ਵਿਵੇਕ ਚੂੜਾਮਣਿ

ਅਰਥ–ਸਦਾ ਬ੍ਰਹਮਾਕਾਰ ਇਸਥਿਤੀ ਕਰਕੇ ਬਾਹਯ ਵਿਸ਼ਿਓਂ ਕੇ ਚਿੰਤਨ ਸੇ ਰਹਿਤ ਬੁਧੀ ਵਾਲਾ ਅਨਯ ਸ਼ਰਧਾਲੂ ਜਨੋਂ ਕਰ ਸਰਵ ਓਰ ਸੇ ਅਰਪਣ ਕੀਏ ਜੋ ਭੋਗ ਪਦਾਰਥ ਹੈਂ ਉਨਕੋ ਭੋਗਤਾ ਹੂਆ ਨਿੰਦ੍ਰਾ ਵਾਲੇ ਕੀ ਨਿਆਈਂ ਤਥਾ ਬਾਲਕ ਕੀ ਨਿਆਈਂ ਅਥਵਾ ਨਿੰਦ੍ਰਾ ਯੁਕਤ ਬਾਲਕ ਕੀ ਨਿਆਈਂ ਮਾਤਾ ਕੇ ਥਣੋਂ ਕਾ ਦੂਧ ਪਾਨ ਕਰਤਾ ਹੂਆ ਬਾਹਯ ਕਿਸੀ ਧਨ ਪਦਾਰਥ ਕੋ ਭੀ ਸਿਮਰਣ ਨਹੀਂ ਕਰਤਾ। ਤੈਸੇ ਭੋਗ ਭੋਗਤਾ ਹੂਆ ਭੀ ਪੁਨਹ ਸਿਮਰਣ ਨਹੀਂ ਕਰਤਾ ॥੧॥ ਤਥਾ ਸੁਪਨ ਵਿਖੇ ਦੇਖੇ ਪਦਾਰਥ ਕੀ ਨਿਆਈਂ ਮਿਥਯਾ ਰੂਪ ਸੇ ਇਸ ਪ੍ਰਪੰਚ ਜਗਤ ਕੋ ਦੇਖਤਾ ਹੂਆ ਔਰ ਬ੍ਰਹਮਾਕਾਰ ਬ੍ਰਿਤੀ ਵਾਲਾ ਅਨੰਤ ਜਨਮੋਂ ਮੇਂ ਕਠੇ ਕੀਏ ਪੁੰਨ ਸਮੁਦਾਯ ਕੋ ਭੋਗਤਾ ਹੂਆ ਕ੍ਰਿਤਯ ਕ੍ਰਿਤ ਮਨੁਸ਼ ਇਸ ਭੂਮੀ ਮੇਂ ਧੰਨ ਜਤਾ ਕੇ ਯੋਗੰ ਵਿਰਲਾ ਹੀ ਹੈ ॥੨॥

(ਮੂਲ)–ਭੀ ਉਠਿ ਰਚਿਓਨੁ ਵਾਦ ਸੈ ਵਰਿਹਾ ਕੀ ਪਿੜ ਬਧੀ ॥

[ਸ਼ਲੋਕ]–ਕਿੰਚਿਤ ਕਾਲੰ ਸਮਾਧਾਯ ਪਰੇ ਬ੍ਰਹਮਣਿ ਮਾ ਨਸੰ। ਉਥਾਯ ਪਰਮਾਨੰਦਾਤ੍ ਇਦੰਵਚਨੰ ਬ੍ਰਵੀਤ੍। ਬੁ ਧਿ: ਵਿਨਸ਼੍ਟਾ ਗਲਿਤਾ:ਪ੍ਰਵ੍ਰਿਤਿ: ਬ੍ਰਹਮਾਤਮਨੋ: ਏਕਤਯਾ ਅਧਿਗਤਯਾ ਇਦੰ ਨ ਜਾਨੇ ਅਪਿ ਅਨ ਇਦੰ ਨ ਜਾਨੇ ਕਿੰਵਾ ਕਿਯਤ੍ ਵਾ ਸੁਖਮ੍ ਅਸਤਿ ਅਪਾਰੰ। ੨। [ਵਿਵੇਕ ਚੂੜਾਮਣਿ

ਅਰਥ–ਸ੍ਵਲਪਕਾਲ ਅਪਨੇ ਮਨ ਕੋ ਪਰਬ੍ਰਹਮ ਵਿਖੇ ਇਸਥਿਤਿ ਕਰਕੇ ਔਰ ਪਰਮ ਆਨੰਦ ਸ੍ਵਰੂਪ ਤੇ ਉਤਥਾਨ ਹੋ ਕਰ ਇਸ ਬਚਨ ਕੋ ਸ਼ਿਸ਼ਯ ਕਹਿਤਾ ਭਯਾ।੧। ਬ੍ਰਹਮਾਤਮਾ ਕੇ ਏਕਤ੍ਵ ਗਿਆਨ ਕਰਕੇ ਭੇਦ ਕੋ ਨਿਸਚੇ ਕਰਨੇ ਵਾਲੀ ਬੁਧਿ ਨਸ਼ਟ ਹੋ ਗਈ ਹੈ। ਤਥਾ ਭੇਦ ਗਿਆਨ ਜਨਯ ਜੋ ਅਸ਼ੁਭ ਪ੍ਰਵਿਰਤੀ ਥੀ ਸੋ ਭੀ ਨਸ਼ਟ ਹੋ ਗਈ ਹੈ। ਔਰ ਇੰਦ੍ਰੀਓਂ ਕੇ ਸਨਮੁਖ ਪਦਾਰਥੋਂ ਕੋ ਆਤਮਾ ਸੇ ਭਿੰਨ

ਨਹੀਂ ਜਾਨਤਾ ਔਰ ਇੰਦ੍ਰੀਓਂ ਕੇ ਪਰੋਖਯ ਜੋ ਪਦਾਰਥੋਂ ਕੋ ਭੀ ਆਤਮਾ ਸੇ ਭਿੰਨ ਨਹੀਂ ਜਾਨਤਾ । "ਸਭ ਗੋਬਿੰਦ ਹੈ ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਈ" ॥ ਤਥਾ ਇਸ ਆਤਮ ਇਸਥਿਤੀ ਵਾਲਾ ਸੁਖ ਕਿਤਨਾ ਕੁ ਹੈ ਔਰ ਕੈਸਾ ਕੁ ਹੈ ਯੇ ਭੀ ਨਹੀਂ ਕਹਿ ਸਕਤਾ । ਫਕਤ ਇਤਨਾ ਜਾਨਤਾ ਹੂੰ ਕਿ ਸ੍ਵ ਸਰੂਪ ਸੁਖ ਮਨ ਬਾਣੀ ਸੇ ਪਰੇ ਅਪਾਰ ਹੈ ॥ ੨ ॥ ਇਸ ਪਰਕਾਰ ਉਠ ਕਰ ਅਗਿਆਨ ਤਤਕਾਰਯ ਕੇ ਸਾਥ ਵਿਦਵਾਨ ਝਗੜਾ ਹੀ ਕਰਤਾ ਹੈ, ਕਿਉਂਕਿ ਅਨੇਕ ਜਨਮੋਂ ਮੇਂ ਅਗਿਆਨ ਕੇ ਨਾਸ਼ ਕਰਨੇ ਕਾ ਇਸਨੇ ਸੰਕਲਪ ਕਰਾ ਹੈ । ਪ੍ਰਮਾਣ ਗੀਤਾ:-

**ਬਹੁਨਾਂ ਜਨਮਨਾਮੰਤੇ ਗਿਆਨਵਾਨੁ ਮਾਂ ਪ੍ਰਪਦਯਤੇ।**

ਅਰਥ:-ਬਹੁਤ ਜਨਮੋਂ ਮੇਂ ਸਾਧਨ ਕਰਤਾ ਹੂਆ ਗਿਆਨਵਾਨ ਹੋਕਰ ਮੇਰੇ ਕੋ ਪ੍ਰਾਪਤ ਹੋਤਾ ਹੈ। ਲਿਖਾ ਹੈ ਕਿ ਗਿਆਨੀ ਕੇ ਵਾਸਤੇ ਸਭ ਵਕਤ ਅਛੇ ਹੈਂ। ਕਿਉਂਕਿ:-

**ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥**

[ਗਉੜੀ ਸੁਖਮਨੀ ਮ: ੫ ਸਫਾ ੨੮੬

ਅਗਿਆਨੀਓਂ ਕੇ ਵਾਸਤੇ ਤੀਨ ਵਾਰ ਸੰਧਿਆ ਔਰ ਮੁਸਲਮਾਨ ਅਗਿਆਨੀਓਂ ਕੇ ਲੀਏ ਪੰਜ ਵਕਤ ਨਿਮਾਜ ਲਿਖਾ ਹੈ । ਔਰ ਗਿਆਨੀ ਤੋ ਹਰ ਸਮਯ ਹਰੀ ਚਿੰਤਨ ਕਰਤਾ ਹੀ ਰਹਿਤਾ ਹੈ। ਇਸ ਮੇਂ ਏਕ ਕਥਾ ਲਿਖਤੇ ਹੈਂ ਜੈਸੇ ਏਕ ਮੁਸਲਮਾਨ ਫਕੀਰ ਬਾਦਸ਼ਾਹੀ ਮਸੀਤ ਮੇਂ ਨਿਮਾਜ਼ ਪੜ੍ਹਤਿਓਂ ਕੋ ਦੇਖ ਕਰ ਕਹਿਨੇ ਲਗਾ, ਨਿਮਾਜ਼ ਪੜ੍ਹਨੇ ਵਾਲੇ ਕਾਫਰ ਹੈਂ. ਔਰ ਨਿਮਾਜ ਨ ਪੜ੍ਹਨੇ ਵਾਲੇ ਮੁਸਲਮੀਨ ਹੈਂ। ਕਾਜੀਓਂ ਨੇ ਯੇ ਬਾਤ ਸੁਨ ਕਰ ਗੁਸਾ ਕੀਆ ਔਰ ਬਾਦਸ਼ਾਹ ਪਾਸ ਸ਼ਕਾਇਤ ਕਰੀ। ਬਾਦਸ਼ਾਹ ਨੇ ਕਹਾ ਸਬਰ ਕਰੋ, ਉਸ ਸੇ ਪੂਛ ਕਰ ਭਾਵ ਸਮਝ ਕਰ ਫੇਰ ਦੰਡ ਦੇਂਗੇ । ਦੂਸਰੇ ਦਿਨ ਫਕੀਰ ਬਜ਼ਾਰ ਮੇਂ ਬੈਠਾ ਥਾ, ਮੁਸਲਮਾਨ ਏਕ ਮੁਰਦੇ ਕੋ ਲੇਜਾ ਰਹੇ ਥੇ। ਮੁਰਦੇ ਕੋ ਦੇਖ ਕਰ ਫਕੀਰ ਸੌਂ ਗਯਾ, ਇਸ ਸੇ ਭੀ ਮੁਸਲਮਾਨੋਂ ਕੋ ਗੁਸਾ ਲਗਾ ਫਿਰ ਬਾਦਸ਼ਾਹ ਪਾਸ ਸ਼ਕਾਇਤ ਕਰੀ। ਬਾਦਸ਼ਾਹ ਨੇ ਕਹਾ ਸਬਰ ਕਰੋ । ਤੀਸਰੇ ਦਿਨ ਇਕ ਹਿੰਦੂ ਨੇ ਟੁਕੜਾ ਦੀਆ ਤੋ ਉਸਨੇ ਲੇਕੇ ਖਾ ਲੀਆ, ਮੁਸਲਮਾਨ ਨੇ ਦੀਆ ਤੋ ਨਹੀਂ ਲੀਆ । ਚਉਥੇ ਦਿਨ ਚੀਚੀ ਮੇਂ ਮੁੰਦ੍ਰੀ ਪਾ ਕਰ ਮੁਸਲਮਾਨ ਸੁਨਾਰ ਪਾਸ ਗਯਾ ਔਰ ਕਹਿਨੇ ਲਗਾ ਖੁਦਾ ਕੀ 'ਚੀਚੀ' ਸੇ ਮੁੰਦਰੀ ਉਤਾਰ ਦੇ। ਮੁਸਲਮਾਨ ਇਸ ਸੇ ਭੀ ਤੰਗ ਹੋ ਗਏ । ਬਾਦਸ਼ਾਹ ਪਾਸ ਸ਼ਕਾਇਤ ਕਰੀ। ਬਾਦਸ਼ਾਹ ਨੇ ਫਕੀਰ ਕੋ ਬੁਲਾ ਕਰ ਚਾਰੋਂ ਸਵਾਲੋਂ ਕਾ ਜਵਾਬ ਪੂਛਾ । (ਸ਼ੰਕਾ ੧) ਫਕੀਰ ਸਾਈਂ ਆਪ ਕਹਿਤੇ ਹੋ ਕਿ ਨਿਮਾਜ਼ ਪੜ੍ਹਨੇ ਵਾਲੇ ਕਾਫਰ ਹੈਂ, ਨ ਪੜ੍ਹਨੇ ਵਾਲੇ ਮੁਸਲਮਾਨ ਹੈਂ । (ਸਮਾਧਾਨ ੧) ਹਾਂ ਠੀਕ ਬਾਦਸ਼ਾਹ ! ਯੇ ਕੈਸੇ ? ਫਕੀਰ- ਐ ਬਾਦਸ਼ਾਹ ਤੁਮਾਰੇ ਕਿਤਨੇ ਲੜਕੇ ਹੈਂ । ਬਾਦਸ਼ਾਹ-ਦੋ, ਫਕੀਰ-ਕਹਾਂ ਹੈਂ। ਬਾਦਸ਼ਾਹ-ਏਕ ਵਿਲਾਯਤ ਗਯਾ ਹੂਆ ਹੈ ਦੂਸਰਾ ਯਹ ਮੇਰੀ ਗੋਦ ਮੇਂ ਹੈ । ਫਕੀਰ-



ਵਿਲਾਯਤ ਵਾਲੇ ਕੋ ਕਿਤਨੀ ਵਾਰੀ ਯਾਦ ਕਰਤੇ ਹੋ ਔਰ ਗੋਦ ਵਾਲੇ ਕੋ ਕਿਤਨੀ ਵਾਰੀ । ਬਾਦਸ਼ਾਹ-ਵਿਲਾਯਤ ਵਾਲੇ ਕੋ ਤੀਨ ਯਾ ਪੰਜ ਵਾਰੀ ਦਿਨ ਮੇਂ ਯਾਦ ਕਰਤਾ ਹੂੰ ਕਿਉਂਕਿ ਦੂਰ ਹੈ ਔਰ ਗੋਦ ਵਾਲੇ ਕੋ ਹਰ ਵਕਤ ਆਠੋਂ ਪਹਿਰ ਯਾਦ ਕਰਤਾ ਹੂੰ, ਇਸਕੇ ਦੇਖੇ ਬਿਨਾ ਚੈਨ ਨਹੀਂ ਆਤੀ ਕਿਉਂਕਿ ਸਮੀਪ ਹੈ । ਫਕੀਰ-ਇਸੀ ਤਰਹ ਐ ਬਾਦਸ਼ਾਹ ! ਜੋ ਖੁਦਾ ਕੋ ਦੂਰ ਸਮਝਤੇ ਹੈਂ ਵੋਹ ਕਾਫਰ ਹੈਂ ਕਿਉਂਕਿ ਖੁਦਾ ਹਰ ਜਗਹ ਮੌਜੂਦ ਹੈ। ਤਥਾ ਅਪਨਾ ਆਪ ਹੈ, ਅਪਨੇ ਆਪ ਹੋਨੇ ਸੇ ਨੇੜੇ ਤੋਂ ਨੇੜੇ ਹੈ, ਦੂਰ ਸਮਝਨੇ ਵਾਲੇ ਅਗਿਆਨੀ ਬੇਮੁਖ ਕਾਫਰ ਹੈਂ ਔਰ ਦੂਰ ਸਮਝ ਕਰ ਪੰਜ ਵਾਰ ਨਿਮਾਜ਼ ਦੁਆਰਾ ਖੁਦਾ ਕੋ ਯਾਦ ਕਰਤੇ ਹੈਂ ਤੇਰੇ ਬੜੇ ਪੁਤਰ ਕੀ ਨਿਆਈਂ । ਇਸ ਵਾਸਤੇ ਮੈਨੇ ਕਹਾ ਹੈ ਨਿਮਾਜ਼ ਪੜ੍ਹਨੇ ਵਾਲੇ ਕਾਫਰ ਹੈਂ ਔਰ ਜੋ ਖੁਦਾ ਕੋ ਅਪਨੇ ਹਿਰਦੇ ਮੇਂ ਨੇੜੇ ਤੋਂ ਨੇੜੇ ਅਪਨਾ ਰੂਪ ਕਰਕੇ ਸਮਝਤੇ ਹੈਂ ਵੋ ਗਿਆਨੀ ਹੈਂ ਮੁਸਲਮਾਨ ਹੈਂ, ਤੇਰੇ ਛੋਟੇ ਪੁਤਰ ਕੀ ਨਿਆਈਂ, ਵੋ ਆਠੋਂ ਪਹਿਰ ਖੁਦਾ ਕੋ ਯਾਦ ਰਖਤੇ ਹੈਂ। ਇਸ ਪਹਿਲੇ ਸਵਾਲ ਕਾ ਉਤਰ ਸੁਨਕੇ ਬਾਦਸਾਹ ਖੁਸ਼ ਹੂਆ । (ਸ਼ੰਕਾ ੨) ਫੇਰ ਬਾਦਸ਼ਾਹ ਨੇ ਦੂਸਰੇ ਸਵਾਲ ਕਾ ਜਵਾਬ ਪੂਛਾ-ਆਪ ਮੁਰਦੇ ਕੋ ਆਤਾ ਦੇਖ ਕਰ ਬੈਠੇ ਹੂਏ ਕਿਉਂ ਸੌਂ ਗਏ। ਫਕੀਰ-ਤੋ ਫਿਰ ਮੈਂ ਕਿਆ ਕਰਤਾ ? ਬਾਦਸ਼ਾਹ-ਉਠਕੇ ਖੜਾ ਹੋਨਾ ਥਾ । ਫਕੀਰ-ਮੁਰਦਾ ਮੁਰਦੇ ਕੋ ਦੇਖ ਕਰ ਉਠ ਕੇ ਖੜਾ ਨਹੀਂ ਹੋਤਾ ਨ ਸਾਥ ਜਾਤਾ ਹੈ, ਮੈਂ ਭੀ ਮੁਰਦਾ ਹੂੰ ਮੁਰਦੇ ਕਾ ਔਰ ਫਕੀਰ ਕਾ ਸ੍ਵਾਂਗ ਏਕ ਹੀ ਹੋਤਾ ਹੈ ਯਾਨੇ ਗਲੇ ਮੇਂ ਖਫਨੀ ਸਿਰ ਪਰ ਟੋਪੀ ਮੁਰਦੇ ਕੋ ਪਹਿਨਾਈ ਜਾਤੀ ਹੈ ਤੈਸੇ ਹੀ ਮੈਂਨੇ ਪਹਿਰੀ ਹੈ, ਮੁਝੇ ਮੁਰਦੇ ਕੋ ਦੇਖ ਕਰ ਲਜਾ ਆਈ ਕਿਉਂਕਿ ਮੁਰਦਾ ਬੋਲਤਾ ਨਹੀਂ, ਮੈਂ ਬੋਲਤਾ ਹੂੰ, ਇਸ ਵਾਸਤੇ ਲਜਾ ਸੇ ਲੰਬਾ ਪੜ ਗਯਾ ਬਾਦਸ਼ਾਹ ਨੇ ਕਹਾ ਠੀਕ ਹੈ । (ਸ਼ੰਕਾ ੩) ਬਾਦਸ਼ਾਹ-ਆਪ ਹਿੰਦੂਓਂ ਕੇ ਟੁਕੜੇ ਖਾਤੇ ਹੋ ਔਰ ਮੁਸਲਮਾਨੋਂ ਕੇ ਨਹੀਂ ? (ਸਮਾਧਾਨ ੩) ਫਕੀਰ-ਮੁਸਲਮਾਨ ਹੰਕਾਰੀ ਹੈਂ, ਹਿੰਦੂ ਗਰੀਬ ਸ਼ਰਧਾਲੂ ਹੈਂ। ਹਮਾਰਾ ਖੁਦਾ (ਭਗਵਾਨ) ਸ਼ਰਧਾ ਸੇ ਦੀਏ ਗਰੀਬੋਂ ਕਾ ਭੋਜਨ ਖਾਤਾ ਹੈ ਹੰਕਾਰੀਓਂ ਕਾ ਨਹੀਂ । ਜੈਸੇ ਭਗਵਾਨ ਕ੍ਰਿਸ਼ਨ ਨੇ 'ਦੁਰਜੋਧਨ ਕੇ ਮੇਵੇ ਤਿਆਗੇ, ਸਾਗ ਬਿਦੁਰ ਘਰਿ ਖਾਇਆ' ਮੁਸਲਮਾਨੀ ਬਾਦਸ਼ਾਹਤ ਮੇਂ ਮੁਸਲਮਾਨ ਹੰਕਾਰੀ ਹੋ ਚੁਕੇ ਹੈਂ। ਬਾਦਸ਼ਾਹ-ਯੇਹ ਠੀਕ ਹੈ, ਆਪ ਕਹਿਤੇ ਹੋ ਕਿ ਖੁਦਾ ਕੀ ਚੀਚੀ ਸੇ ਮੁੰਦਰੀ ਉਤਾਰ ਦੋ ਏਹ ਖੁਦਾ ਕੀ ਚੀਚੀ ਹੈ ? ਫਕੀਰ-ਹਾਂ, ਯੇ ਖੁਦਾ ਕੀ ਚੀਚੀ ਹੈ । ਬਾਦਸ਼ਾਹ-ਏਹ ਕੈਸੇ ? ਫਕੀਰ-ਬਾਦਸ਼ਾਹ ਏਹ ਮੁਲਕ ਕਿਸ ਕਾ ਹੈ । ਬਾਦਸ਼ਾਹ-ਖੁਦਾ ਕਾ। ਫਕੀਰ-ਯੇਹ ਰਾਜ ਕਿਸ ਕਾ । ਬਾਦਸ਼ਾਹ-ਖੁਦਾ ਕਾ । ਫਕੀਰ-ਹੇ ਬਾਦਸ਼ਾਹ ! ਤੂੰ ਕਿਸ ਕਾ ਹੈਂ । ਏਹ ਸਭ ਸ਼ੈ ਕਿਸ ਕੀ ਬਾਦਸ਼ਾਹ-ਸਭ ਖੁਦਾ ਕੀ । ਮੈਂ ਕਿਸ ਕਾ ਹੂੰ। ਬਾਦਸ਼ਾਹ-ਤੂੰ ਭੀ ਖੁਦਾ ਕਾ ਹੈਂ । ਫਕੀਰ-ਜਬ ਸਭ ਖੁਦਾ ਕਾ ਹੈ ਤੋ ਯੇ ਚੀਚੀ ਖੁਦਾ ਕੀ ਨਹੀਂ ? ਬਾਦਸ਼ਾਹ-ਹਾਂ ਖੁਦਾ ਕੀ ਹੈ । ਫਕੀਰ ਮੈਨੇ ਭੀ ਯਹੀ ਕਹਾ ਥਾ ਖੁਦਾ ਕੀ ਚੀਚੀ ਸੇ ਮੁੰਦਰੀ ਉਤਾਰ ਦੇ । ਬਾਦਸ਼ਾਹ ਸੁਣਕੇ ਬੜਾ ਖੁਸ਼ ਹੂਆ। ਤਬ ਫਕੀਰ

ਨੇ ਕਹਾ ਇਕ ਨਾਈ ਬੁਲਾਓ । ਨਾਈ ਆਯਾ ਤੋ ਉਸਕੋ ਕਹਾ ਮੇਰੀ ਚੀਚੀ ਕਾ ਨਖ ਉਤਾਰੋ ਸਭ ਕਾ ਉਤਰ ਜਾਏਗਾ। ਨਾਈ ਨੇ ਨਖ ਉਤਾਰਾ ਸਭ ਕਾ ਨਖ ਉਤਰ ਗਯਾ ਬਾਦਸ਼ਾਹ ਚਰਨੋਂ ਮੇਂ ਪੜਾ ਔਰ ਸ਼ਿਸ਼ ਬਣਾ ਔਰ ਕਹਿਨੇ ਲਗਾ ਆਪ ਬੇਸ਼ੱਕ ਨਿਮਾਜ਼ ਨ ਪੜ੍ਹੋ । ਸੋ ਗੁਰੂ ਜੀ ਲਿਖਤੇ ਹੈਂ ਗਿਆਨਵਾਨੋਂ ਕੇ ਵਾਸਤੇ ਸਾਰੇ ਵਕਤ ਅਛੇ ਹੈਂ, ਜਿਸ ਵੇਲੇ ਭੀ ਨਾਮ ਜਪੇਂ ਭੈ ਪੂਰਬਕ ਜਪੇਂ ਤੋ ਮੁਕਤ ਹੋ ਜਾਏਂਗੇ ਔਰ ਸੰਸਾਰ ਮੇਂ ਆਏਂ ਜਾਏਂਗੇ ਨਹੀਂ ਮੁਕਤ ਹੋ ਜਾਏਂਗੇ । ਇਸ ਪ੍ਰਕਾਰ ਸ਼ਬਦ ਕੇ ਚਾਰੋਂ ਅਰਥ ਭਾਈ ਧਰਮ ਸਿੰਘ ਆਦਿਕੋਂ ਕੋ ਸੁਨਾ ਕਰ (੧॥) ਡੇਢ ਬਰਸ ਵਹਾਂ ਰਹਿ ਕਰ ਕਸ਼ਮੀਰ ਸੇ ਘੂਮਤੇ ਘੂਮਤੇ ੧੯੫੩ ਮੇਂ ਰਾਵਲ ਪਿੰਡੀ ਪਹੁੰਚੇ ਵਹਾਂ ਬਾਹਰ ਤਪੋ ਬਨ ਮੇਂ ਰਹੇ ਔਰ ੧੦ ਦਿਨ ਚਣੇ ਆਦਿ ਖਾ ਕੇ ਨਿਰਬਾਹ ਕੀਆ ਕਿਉਂਕਿ ਆਪ ਨਲਕੇ ਕਾ ਜਲ ਨਹੀਂ ਵਰਤਾ ਕਰਤੇ ਥੇ ਦਸ ਦਿਨ ਸੇ ਬਾਦ ਭਗਤੋਂ ਕੋ ਪਤਾ ਲਗਾ ਔਰ ਸਭ ਨੇ ਆਕੇ ਪ੍ਰਾਰਥਨਾ ਕਰੀ ਕਿ ਹਮ ਕੂਏਂ ਕੇ ਜਲ ਸੇ ਭੋਜਨ ਬਨਾਤੇ ਹੈਂ ਆਪ ਭਿਖਿਆ ਲੇ ਆਓ ਉਹਾਂ ਬਹੁਤ ਦਿਨ ਰਹੇ ਔਰ ਭਾਈ ਕਾਕਾ ਸਿੰਘ ਜੀ ਹਰਿਮੰਦਰ ਕੇ ਭਗਤੋਂ ਸਹਿਤ ਆਪ ਕੀ ਅਨੰਨਯ ਸੇਵਾ ਕਰਤੇ ਭਏ । ਭਾਈ ਕਾਕਾ ਸਿੰਘ ਨੇ ਅੰਤ ਤਕ ਸੇਵਾ ਕਾ ਨਿਰਬਾਹ ਕਰਿਆ ਤਥਾ ਸਰਦਾਰ ਬੂਟਾ ਸਿੰਘ ਭੀ ਅਨੰਨਯ ਸੇਵਾ ਕਰਤਾ ਰਹਾ । ਔਰ ਅੰਤ ਤਕ ਸੇਵਾ ਕਾ ਨਿਰਬਾਹ ਕੀਆ । ਇਸੀ ਤਰਹ ਸਰਦਾਰ ਸੁਜਾਨ ਸਿੰਘ ਔਰ ਸਰਦਾਰ ਹਰਦਿਤ ਸਿੰਘ ਔਰ ਅਨਯ ਭਗਤ ਸਤਿਸੰਗ ਕਾ ਲਾਭ ਉਠਾਤੇ ਰਹੇ । ਭਾਈ ਕਾਕਾ ਸਿੰਘ ਆਪ ਸੇ ਅਨੇਕ ਪ੍ਰਕਾਰ ਕੇ ਪ੍ਰਸੰਗ ਪੂਛਤਾ ਰਹਾ, ਔਰ ਇਕ ਦਿਨ ਆਪ ਜੀ ਸੇ ਯਹ ਪ੍ਰਸ਼ਨ ਕਰੇ । ਪ੍ਰਸ਼ਨ-ਗਜਾਤਬਯ ਵਸਤੂ ਕੌਨ ਹੈ ? ਯਾਨੇ ਜਾਨਨੇ ਲੇਕ ਵਸਤੂ ਕੌਨ ਹੈ । ੨ ਉਸਕੇ ਜਾਨਨੇ ਕਾ ਮੁਖਯ ਏਕ ਸਾਧਨ ਕੌਨ ਹੈ ? ੩. ਉਸ ਕੇ ਰਹਿਨੇ ਕਾ ਖਾਸ ਅਸਥਾਨ ਕੌਨ ਹੈ ? ਜਹਾਂ ਦਰਸ਼ਨ ਹੋਗਾ। ਤਬ ਆਪ ਨੇ ਕਹਾ ਸ੍ਰੀ ਅਨੰਦਪੁਰ ਸਾਹਿਬ ਮੇਂ ਬਿਰਾਜਮਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਕੇ ਪਾਸ ਅਧਿਕਾਰੀਓਂ ਨੇ ਯਹ ਹੀ ਪ੍ਰਸ਼ਨ ਕਰੇ ਥੇ ਉਨ੍ਹੋਂ ਕੇ ਉਤਰ ਮੇਂ ਸ੍ਰੀ ਗੁਰੂ ਜੀ ਨੇ ਯੇਹ ਸ਼ਬਦ ਉਚਾਰਨ ਕੀਆ ਹੈ ਇਸ ਸ਼ਬਦ ਕਾ ਅਰਥ ਗਿਆਨੀਓਂ ਕੇ ਸੰਪ੍ਰਦਾਯ ਮੇਂ ਦੂਸਰਾ ਭੀ ਹੈ ਪਰ ਉਸ ਕੋ ਹਮ ਨਹੀਂ ਲਿਖਤੇ । ਪ੍ਰਸ਼ਨ ਕੇ ਉਤਰ ਵਾਲਾ ਹੀ ਲਿਖਤੇ ਹੈਂ । ਸੋ ਸ਼ਬਦ ਯਹ ਹੈ:-

**ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥ ਘਰ ਕੀ ਨਾਰਿ ਬਹੁਤੁ ਹਿਤ ਜਾ ਸਿਉ ਸਦਾ ਰਹਤ ਸੰਗ ਲਾਗੀ ॥ ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥ ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ**



**ਨੇਹੁ ਲਗਾਇਓ ॥ ਅੰਤਿ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥**

[ਸੋਰਠ ਮ: ੯ ਸਫਾ ੬੩੪

ਉਤਰ ੧। (ਮੂਲ) ਪ੍ਰੀਤਮ ਜਾਨ-ਪਹਿਲੇ ਪ੍ਰਸ਼ਨ ਕਾ ਉਤਰ-(ਪ੍ਰੀਤਮ ਜਾਨਿ) ਯਾਨੇ ਪ੍ਰੀਤਮ ਹੀ ਜਾਨਨੇ ਲਾਇਕ ਹੈ ॥ ੧ ॥ (ਮੂਲ) ਲੇਹੁ ਮਨ-ਦੂਸਰੇ ਪ੍ਰਸ਼ਨ ਕਾ ਉਤਰ-(ਲੇਹੁ ਮਨ) ਯਾਨੇ ਮਨ ਕੋ ਵਸ ਕਰੋ ॥ ੨ ॥ (ਮੂਲ) ਮਨ ਮਾਹੀ-ਤੀਸਰੇ ਪ੍ਰਸ਼ਨ ਕਾ ਉਤਰ-ਮਨ ਕੋ ਦੋਨੋਂ ਪਾਸੇ ਲਗਾ ਕਰ ਅਰਥ ਕਰਨਾ ਯਾਨੇ ਲੇਹੁ ਮਨ-(ਮਨ ਮਾਹੀਂ) ਮਨ ਮਾਹੀਂ-ਯਾਨੇ ਪ੍ਰੀਤਮ ਮਨ ਮੇਂ ਹੀ ਹੈ । ਇਸ ਕੋ ਵਿਸਥਾਰ ਸੇ ਕਹਿਤੇ ਹੈਂ । ਹੇ ਅਧਿਕਾਰੀ ! ਪਿਆਰ ਕੇ ਤੀਨ ਦਰਜੇ ਹੈਂ । ੧. ਪ੍ਰਿਯ ਯਾਨੇ ਪਿਆਰੇ । ਦੇਹ ਸੇ ਭਿੰਨ ਇਸਤ੍ਰੀ ਪੁਤ੍ਰ ਆਦਿ ਜਿਨ੍ਹੋਂ ਮੇਂ ਮੇਰਾਪਨ ਰਹਤਾ ਹੈ। ਯਾਨੇ ਮੇਰਾ ਘਰ ਮੇਰਾ ਪੁਤ੍ਰ ਮੇਰੀ ਇਸਤ੍ਰੀ ਪੁਤ੍ਰ ਆਦਿ ਇਨਹੋਂ ਕੋ ਪ੍ਰਿਯ ਕਹਾ ਜਾਤਾ ਹੈ । ੨. ਦੂਸਰੇ ਪ੍ਰਿਯਤਰ ਯਾਨੇ ਪੁਤ੍ਰਾਦਕੋਂ ਸੇ ਭੀ ਪਿਆਰੇ ਦੇਹ ਔਰ ਦੇਹ ਮੇਂ ਰਹਿਨੇ ਵਾਲੇ ਇੰਦ੍ਰਯ ਪ੍ਰਾਣ ਮਨ ਬੁਧੀ ਤਕ ਪ੍ਰਿਯਤਰ ਕਹਾਤੇ ਹੈਂ । ੩. ਤੀਸਰਾ ਪ੍ਰਿਯਤਮ ਯਾਨੇ ਮਨਬੁਧਿ ਆਦਿਕੋਂ ਸੇ ਭੀ ਪਿਆਰਾ ਜੋ ਸਾਖੀ ਆਤਮਾ ਹੈ, ਵੋਹੀ ਪ੍ਰਿਯਤਮ ਕਹਾਤਾ ਹੈ । ਵੋਹੀ ਆਤਮਾ ਹੈ ਵੋਹੀ ਗਿਆਤਬਯ ਹੈ, ਉਸਕੇ ਗਿਆਨ ਸੇ ਮੁਕਤੀ ਹੋਤੀ ਹੈ ਔਰ ਜੋ ਪ੍ਰੀਯਤਮ ਹੋਤਾ ਹੈ, ਵੋਹੀ ਪਰਮਾਨੰਦ ਹੋਤਾ ਹੈ ਔਰ ਯਹ ਅਨੁਮਾਨ ਕੀਆ ਜਾਤਾ ਹੈ। "ਆਤਮਾ ਪਰਮਾਨੰਦ: ਪਰਮ ਪ੍ਰੇਮ ਅਸਪਦਤ੍ਵਾਤ ।" ਅਰਥਾਤ ਆਤਮਾ ਪਰਮਾਨੰਦ ਹੈ ਪਰਮ ਪ੍ਰੇਮ ਕਾ ਆਸ੍ਰਯ ਹੋਨੇ ਤੇ ਜੋ ਕਿਸੀ ਵਾਸਤੇ ਪ੍ਰੇਮ ਹੋਵੇ ਉਹ ਪਰਮ ਪ੍ਰੇਮ ਨਹੀਂ ਹੈ, ਫਕਤ ਆਤਮਾ ਵਾਸਤੇ ਹੋਵੇ । ਸੋ ਪਰਮ ਪ੍ਰੇਮ ਕਹਿਲਾਤਾ ਹੈ, ਜੋ ਦੂਸਰੇ ਵਾਸਤੇ ਹੋਵੇ ਉਹ ਪਰਮ ਪ੍ਰੇਮ ਨਹੀਂ ਕਹਿਲਾਤਾ । ਆਤਮਾ ਮੇਂ ਜੋ ਪ੍ਰੇਮ ਹੈ ਸੋ ਦੂਸਰੇ ਵਾਸਤੇ ਨਹੀਂ। ਇਸ ਵਾਸਤੇ ਆਤਮਾ ਮੇਂ ਪ੍ਰੇਮ ਪਰਮ ਪ੍ਰੇਮ ਕਹਿਲਤਾ ਹੈ । ਇਸਤ੍ਰੀ ਆਦਿਕੋਂ ਮੇਂ ਜੋ ਪ੍ਰੇਮ ਹੈ ਸੋ ਇਸਤ੍ਰੀ ਆਦਿਕੋਂ ਕੇ ਵਾਸਤੇ ਨਹੀਂ ਆਪਨੇ ਵਾਸਤੇ ਹੈ । ਇਸ ਵਾਸਤੇ ਉਹ ਪਰਮ ਪ੍ਰੇਮ ਨਹੀਂ ਪਰਮ ਪ੍ਰੇਮ ਆਤਮਾ ਮੇਂ ਹੀ ਹੈ। ਤਾਂਤੇ ਆਤਮਾ ਹੀ ਪਰਮਾਨੰਦ ਵਸਤੂ ਹੈ । ਪਰਮਾਨੰਦ ਯਾਨੇ ਪਰਮ ਸੁਖ, ਮਨੁਸ਼ ਕੀ ਇਛਾ ਸੁਖ ਪ੍ਰਾਪਤ ਔਰ ਦੁਖ ਨਿਵਿਰਤ ਵਾਸਤੇ ਹੋਤੀ ਹੈ ਔਰ ਜਿਸਕੀ ਜਿਸ ਮੇਂ ਇਛਾ ਹੋਤੀ ਹੈ ਉਹ ਉਸ ਕੇ ਜਾਨਨੇ ਕੀ ਇਛਾ ਕਰਤਾ ਹੈ । ਤਾਂਤੇ ਆਤਮਾ ਹੀ ਸੁਖ ਰੂਪ ਹੈ ਯਾਤੇ ਆਤਮਾ ਹੀ ਜਾਨਨੇ ਲਾਇਕ ਹੈ ਔਰ ਆਤਮਾ ਕੀ ਆਨੰਦ ਰੂਪਤਾ ਅਨੇਕ ਵੇਦ ਵਚਨੋਂ ਮੇਂ ਲਿਖੀ ਹੈ:-

**ਯੋਵੈ ਭੂਮਾ ਤਤ੍ਸੁਖੰ ਨ ਅਲਪੇ ਸੁਖੰ ਅਸ੍ਤਿ: ਤਥਾ ਰਸੋਵ ਈਸ: ਰਸੰ ਹਿ ਏਵਾਯੰ ਲਬਧ੍ਵਾ ਆਨੰਦੀ ਭਵਤਿ ॥ ੨ ॥ ਆਨੰਦੋ ਬ੍ਰਹਮ ਵਿਦ੍ਵਾਨ੍ ਨ ਬਿਭੇਤਿ ਕੁਤਸ੍ ਚ ਨ ॥ ੩ ॥ ਪ੍ਰੇਯੋ ਪੁਤ੍ਰਾਤ੍ ਪ੍ਰੇਯੋ ਵਿਤਾਤ੍ ਪ੍ਰੇਯੋ ਅਨਯਸਮਾਤ੍ ਸਰਵਸਮਾਤ੍ ।** [illegible]

ਜੋ ਨਿਸਚੇ ਕਰਕੇ ਭੂਮਾ ਯਾਨੇ ਬ੍ਰਹਮ ਹੈ, ਸੋ ਹੀ ਸੁਖ ਰੂਪ ਹੈ। ਅਲਪ ਵਸਤੂ ਮੇਂ ਸੁਖ ਨਹੀਂ ॥ ੧ ॥ ਸੋ ਰਸ ਰੂਪ ਹੈ, ਆਨੰਦ ਸਰੂਪ ਹੈ। ਇਸ ਆਨੰਦ ਸਰੂਪ ਆਤਮਾ ਕੋ ਪਾ ਕਰਕੇ ਸਾਰੀ ਤ੍ਰਿਲੋਕੀ ਅਨੰਦ ਰੂਪ ਹੋ ਜਾਤੀ ਹੈ ॥ ੨ ॥ ਬ੍ਰਹਮ ਕੋ ਆਨੰਦ ਰੂਪ ਜਾਣਕੇ ਕਿਸੀ ਸੇ ਨਹੀਂ ਡਰਤਾ ॥ ੩ ॥ ਯੇ ਆਤਮਾ ਪੁਤ੍ਰ ਸੇ ਭੀ ਪਿਆਰਾ ਔਰ ਧਨ ਸੇ ਭੀ ਪਿਆਰਾ, ਔਰ ਸਭ ਸੇ ਆਤਮਾ ਪਿਆਰਾ ਹੈ। ਤਥਾ ਨੱਚਕੇਤਾ ਕੋ ਧਰਮਰਾਜ ਭੀ ਕਹਿਤੇ ਹੈਂ:-

**ਇੰਦ੍ਰਿਯੇਭਯ: ਪਰਾਹਿ ਅਰਥਾ ਅਰਥੇ ਭਯਸ਼ ਪਰੰਮਨ: । ਮਨਸਸ ਪਰਾ ਬੁਧਿ ਬੁਧੇਆਤਮਾ ਮਹਾਨਪਰ:** [ਕਠਵੱਲੀ

ਅਰਥ-ਪਰੇ ਕੇ ਅਰਥ ਤੀਨ ਹੈਂ। ੧. ਅੰਦਰ, ੨. ਸੂਖਯਮ, ੩. ਪਿਆਰਾ। ਇੰਦ੍ਰੀਓਂ ਸੇ ਪਿਆਰੇ ਵਿਸ਼ਯ ਹੈਂ । ਵਿਸ਼ਯੋਂ ਸੇ ਪਿਆਰਾ ਮਨ । ਮਨ ਸੇ ਪਿਆਰੀ ਬੁਧਿ, ਬੁਧਿ ਸੇ ਪਰੇ ਮਹਤਤ੍ਵ ਯਾਨੇ ਈਸ੍ਵਰੀ ਬੁਧਿ।

**ਸ਼ਲੋਕ-ਮਹਤ: ਪਰਮ੍ ਅਵ੍ਯਕ੍ਤਮ੍ ਅਵ੍ਯਕਤਾਤ੍ਰ ਪੁਰੁਸ਼: ਪਰ। ਪੁਰੁਸ਼ਾਤ ਨ ਪਰੰਕਿੰਚਤ ਸਾ ਕਾਸ੍ਠਾ ਪਰਾਂਗਤਿ।**

ਅਰਥ-ਮਹਤਤ੍ਵ ਸੇ ਪਰੇ ਅਬਯਕ੍ਤ ਮਾਇਆ ਹੈ । ਮਾਇਆ ਸੇ ਪਰੇ ਪੁਰਸ਼ ਆਤਮਾ ਹੈ ਉਸ ਸੇ ਪਰੇ ਕਿੰਚਤ ਭੀ ਨਹੀਂ ਸੋ ਆਤਮਾ ਹੀ ਪ੍ਰੇਮ ਕੀ ਅਵਧਿ ਹੈ, ਸੋ ਹੀ ਪਰਮ ਗਤਿ ਹੈ।

**ਵਿਤਾਤ੍ਰ ਪੁਤ੍ਰ: ਪ੍ਰਿਯ: ਪੁਤ੍ਰਾਤ੍ਰ ਪਿੰਡ: ਪਿੰਡਾਤ ਤਥਾ ਇੰਦ੍ਰਯੰ॥ ਇੰਦ੍ਰਯੇਭਯ ਪ੍ਰਿਯ ਪ੍ਰਾਣ: ਪ੍ਰਾਣਾਤ੍ਰ ਆਤਮਾ ਮਹਾਨ੍ ਪ੍ਰਿਯ: ॥**

ਅਰਥ-ਧਨ ਸੇ ਪੁਤਰ ਪਿਆਰਾ ਹੈ, ਔਰ ਪੁਤਰ ਸੇ ਸ਼ਰੀਰ ਪਿਆਰਾ ਹੈ, ਸ਼ਰੀਰ ਸੇ ਇੰਦ੍ਰਿਯ ਪਿਆਰੇ ਹੈਂ। ਔਰ ਇੰਦ੍ਰਿਯੋਂ ਸੇ ਪ੍ਰਾਣ ਪਿਆਰੇ ਹੈਂ। ਔਰ ਪ੍ਰਾਣੋਂ ਸੇ ਭੀ ਆਤਮਾ ਪਿਆਰਾ ਹੈ।

**(ਤਥਾ) ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥**

[ਸਿਰੀ ਰਾਗ ਮ: ੫ ਸਫਾ ੭੩

**ਫਰੀਦਾ ਸਕਰ ਖੰਡੁ ਨਿਵਾਤ ਗੁੜ ਮਾਖਿਉ ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥** [ਸਲੋਕ ਫਰੀਦਾ ਸਫਾ ੧੩੭੯

ਇਸ ਪ੍ਰਕਾਰ ਆਤਮਾ ਅਨੰਦ ਰੂਪ ਹੈ ਉਸਕੋ ਜਾਨਨੇ ਕੀ ਇਛਾ ਕਰ । ਔਰ ਯਾਗਯਵਲਕ ਨੇ ਅਪਨੀ ਇਸਤ੍ਰੀ ਮੈਤ੍ਰੇਯੀ ਕੋ ਐਸੇ ਕਹਾ ਹੈ । ਆਤਮਾ ਬਾਰੇ ਦ੍ਰਸ੍ਟਬਯ: । ਅਰੇ ਮੈਤ੍ਰੇਯੀ ਆਤਮਾ ਹੀ ਦਰਸ਼ਨ ਕੇ ਲਾਯਕ ਹੈ। ਇਸ ਪ੍ਰਕਾਰ ਗਯਾਤਵਯ ਵਸਤੂ ਕੋ ਕਹਿ ਕਰ ਅਬ ਅਬ ਉਸਕੀ ਪ੍ਰਾਪਤੀ ਕਾ ਸਾਧਨ ਕਹਿਤੇ ਹੈਂ। ਪ੍ਰਮਾਣ:-



**ਨਾਯਮਾਤਮਾ ਪ੍ਰਵਚਨੇਨ ਲਭਯੋ ਨ ਮੇਧਯਾ ਨ ਬਹੁਨਾ ਸ਼ੁਤੇਨ ॥ ਯਮੇਵੈਸ ਵ੍ਰਿਣੁਤੇ ਤੇਨ ਲਬਯਸ੍ ਤਸ਼ਯੈਸ਼ ਆਤਮਾ ਵਿਵਿਰਣੂਤੇ ਤਨੂਸ੍ਵਾਂ ॥ ਨਆਵਿਰਤੋ ਦੁਸਚਰਤਾਤ੍ਰ ਨ ਅਸ਼ਾਂਤੋ ਨ ਅਸਮਾਹਿਤ: ॥ ਨਅਸ਼ਾਂਤ ਮਾਨਸੋ ਵਾਪਿ ਪ੍ਰਗਿਯਾਨੇਨ ਏਨਮ ਆਪਨਯਾਤ੍ ॥** [ਕਠਵੱਲੀ

ਯਹ ਆਤਮਾ ਵੇਦਾਂਤ ਅਧਯਨ ਦਵਾਰਾ ਪ੍ਰਾਪਤ ਹੋਨੇ ਯੋਗ ਨਹੀਂ ਔਰ ਨ ਗ੍ਰੰਥ ਕੇ ਅਰਥੋਂ ਕੀ ਧਾਰਣ ਸ਼ਕਤੀ ਵਾਲੀ ਬੁੱਧੀ ਕਰਕੇ ਹੀ ਪ੍ਰਾਪਤ ਹੋਤਾ ਹੈ ਤਥਾ ਬਹੁਤ ਬਾਰ ਨ ਕੇਵਲ ਸੁਨਨੇ ਸੇ ਹੀ ਪ੍ਰਾਪਤ ਹੋ ਸਕਤਾ ਹੈ । (ਸ਼ੰਕਾ) ਤੋ ਫਿਰ ਕੈਸੇ ਪ੍ਰਾਪਤ ਹੋਤਾ ਹੈ। (ਉਤਰ) ਜਿਸ ਇਸ ਆਪਣੇ ਆਤਮਾ ਕੋ ਜੋ ਜਗਯਾਸੂ ਚਾਹਤਾ ਹੈ ਸੋਈ ਪ੍ਰਾਪਤ ਕਰ ਸਕਤਾ ਹੈ। ਤਿਸ ਜਗਯਾਸੂ ਕੋ ਹੀ ਯਹ ਆਤਮਾ ਆਪਨੇ ਵਾਸਤਵ ਪਰਮਾਰਥ ਸ੍ਵਰੂਪ ਕੋ ਪ੍ਰਕਾਸ਼ਤ ਕਰਾਤਾ ਹੈ । ਯਾਨੇ ਅਪਨਾ ਸ੍ਵਰੂਪ ਪ੍ਰਗਟ ਕਰ ਦਿਖਾ ਦੇਤਾ ਹੈ ॥ ੧ ॥ ਜੋ ਪਾਪ ਕਰਮੋਂ ਸੇ ਨਿਵਿਰਤ ਨਹੀਂ ਹੂਆ ਹੈ । ਜਿਸ ਕੀ ਇੰਦ੍ਰਯਾਂ ਸ਼ਾਂਤਿ ਨਹੀਂ ਹੈਂ, ਔਰ ਜਿਸ ਕਾ ਚਿਤ ਅਸਮਾਹਿਤ ਵਾ ਅਸ਼ਾਂਤ ਹੈ । ਵੋਹ ਇਸ ਆਤਮਾ ਕੋ ਗਿਆਨ ਦੁਆਰਾ ਪ੍ਰਾਪਤ ਨਹੀਂ ਕਰ ਸਕਤਾ ਹੈ ॥ ੨ ॥ ਤਾਂਤੇ ਆਤਮ ਪ੍ਰਾਪਤੀ ਕਾ ਯਹ ਸਾਧਨ ਹੈ (ਲੋਹੁ ਮਨ) ਮਨ ਕੋ ਨਿਗ੍ਰਹ ਕਰ ਜੈਸੇ ਵਸ਼ਿਸ਼ਠ ਜੀ ਭੀ ਕਹਤੇ ਹੈਂ।

**ਸ਼ਲੋਕ-ਅਸਯ ਸੰਸਾਰ ਬ੍ਰਿਖਯਸਯ ਸਰਵ ਉਪਦ੍ਰਵ ਦਾਯਿਨ: । ਉਪਾਯ ਏਕ ਏਵ ਅਸ੍ਤਿ ਮਨਸ਼:ਸ੍ਵਸਯਨਿਗ੍ਰਹ: ।** [ਯੋਗ ਵਸ਼ਿਸ਼ਟ

ਟੀਕਾ-ਇਸ ਸੰਸਾਰ ਰੂਪ ਬ੍ਰਿਖ ਸੇ ਸਰਵ ਉਪਦ੍ਰਵੋਂ ਕੋ ਦੇਨੇ ਵਾਲਾ ਮਨ ਹੀ ਹੈ। ਇਸ ਸੰਸਾਰ ਸੇ ਤਰਨੇ ਕਾ ਏਕ ਹੀ ਉਪਾਯ ਹੈ ਜੋ ਮਨ ਕੋ ਨਿਗ੍ਰਹ ਕਰਨਾ। ਹੇ ਰਾਮ ਜੀ ! ਬੜੇ ਯਤਨ ਸੇ ਇਸ ਮਨ ਕੋ ਜਯ ਕਰਨਾ। ਪ੍ਰਮਾਣ-

**ਸ਼ਲੋਕ-ਹਸ੍ਤੰ ਹਸ੍ਤੇਨ ਸੰਪੀਡਯ ਦੰਤੈਰ ਦੰਤਾਨ ਵਿਚੂਰਣਯਚ ॥ ਅੰਗਾਨਿ ਅੰਗੈ ਸਮਾਕ੍ਰਮਯ ਜਯੇਤ ਆਦਉ ਸ੍ਵਕੰ ਮਨ ॥**

ਟੀਕਾ-ਹਾਥੋਂ ਸੇ ਹਾਥੋਂ ਕੋ ਦਬਾ ਕਰ ਦਾਤੋਂ ਸੇ ਦਾਂਤੋਂ ਕੋ ਦਬਾ ਕਰ। ਅੰਗੋਂ ਸੇ ਅੰਗੋਂ ਕੋ ਦਬਾ ਕਰ ਯਾਨੇ ਕਚੀਚੀਆਂ ਖਾ ਕਰ। ਪਹਿਲੇ ਅਪਨੇ ਮਨ ਕੋ ਜਯ ਕਰੇਂ।

**ਸ਼ਲੋਕ-ਦ੍ਵਉਕ੍ਰਮਉ ਚਿੱਤਨਾਸ਼ਸਯ ਯੋਗੋ ਗਿਆਨੰ ਚ ਰਾਘਵ ॥ ਯੋਗਸ ਤ੍ਵਦ ਬ੍ਰਿਤਿ ਰੋਧੋਹਿ ਗਿਆਨੰ ਸਮਯਗ ਵੇਖਯਣੰ ॥**

ਅਰਥ-ਹੇ ਰਾਮ ਜੀ ! ਚਿਤ ਕੇ ਨਾਸ ਕਰਨੇ ਕੇ ਦੋ ਹੀ ਸਾਧਨ ਹੈਂ । ਏਕ ਯਗ ਦੂਸਰਾ ਗਿਆਨ । ਚਿਤ ਬ੍ਰਿਤਿ ਕੇ ਨਿਰੋਧ ਕਾ ਨਾਮ ਯੋਗ ਹੈ । ਔਰ ਅਛੀ ਤਰ੍ਹਾਂ ਅਵਲੋਕਨ ਕਰਨੇ ਕਾ ਨਾਮ ਗਿਆਨ ਹੈ।

**ਅਭਤ੍ਯਾਸ ਵੈਰਾਗਤ੍ਯਾਭਤ੍ਯਾਂ ਤਤ੍ ਨਿਰੋਧ: ॥**

[ਪਾਤੰਜਲ ਯੋਗ ਸੂਤ੍ਰ

ਅਭਿਆਸ ਔਰ ਵੈਰਾਗ ਸੇ ਮਨ ਕਾ ਨਿਰੋਧ ਹੋਤਾ ਹੈ ਤਥਾ ਗੁਰੂ ਜੀ ਲਿਖਤੇ ਹੈਂ-

**ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾਤੇ ਥਿਰੁ ਨ ਰਹਾਈ ॥**

[ਗਉੜੀ ਮ: ੯ ਸਫਾ ੨੧੯

ਅਬ ਮਨ ਕੇ ਜਯ ਕੇ ਲੀਏ ਚਾਰ ਯੁਕਤੀਆਂ ਲਿਖਤੇ ਹੈਂ-

**ਸ਼ਲੋਕ-ਅਧਤ੍ਯਾਤਮ ਵਿਦਤ੍ਯਾ ਅਧਿਗਮ: ਸਾਧੂ ਸੰਗਮ ਏਵਚ । ਵਾਸ਼ਨਾ ਸੰਪਰਿਤਤ੍ਯਾਗ ਪ੍ਰਾਣਸਪਦੰ ਨਿਰੋਧਨੰ। ਏਤਾ: ਤ੍ਰ ਯੂਕਤਤ੍ਯ: ਪ੍ਰਸ੍ਰ: ਸੰਤਿ ਚਿੱਤ ਜਯੇਕਿਲ ॥**

ਅਰਥ-ਹੇ ਰਾਮ ਜੀ ! ਇਨ ਚਾਰ ਯੁਕਤੀਓਂ ਮੇਂ ਸੇ ਏਕ ਭੀ ਪ੍ਰਬਲ ਸਿਧ ਹੋ ਜਾਯ ਤੋ ਨਿਸ਼ਚੇ ਕਰਕੇ ਚਿਤ ਕੋ ਜਯ ਕਰ ਦੇਤੀ ਹੈ।

**ਆਸੁਪ੍ਤੇ: ਆਮ੍ਰਿਤੇ: ਕਾਲੰ ਨਯੇਤ ਵੇਦਾਂਤ ਚਿੰਤਯਾ ॥**

ਸੂਰਯੋਦਯ ਸੇ ਲੇਕੇ ਸ਼ਯਨ ਤਕ ਔਰ ਜਨਮ ਸੇ ਲੇ ਕਰ ਮਰਣ ਪਰਯੰਤ ਵੇਦਾਂਤ ਚਿੰਤਨ ਕਰੇ । ਗੁਰੂ ਜੀ ਲਿਖਤੇ ਹੈਂ:-

**ਦਿਨੁ ਰਾਤੀ ਆਰਾਧਹੁ ਪਿਆਰੇ ਨਿਮਖ ਨ ਕੀਜੈ ਢੀਲਾ ॥ ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥**

[ਗੂਜਰੀ ਮ: ੫ ਸਫਾ ੪੯੮

ਦੂਸਰਾ ਸਾਧਨ ਵਿਰਕਤ ਸੰਤ ਸਤਿਪੁਰਸ਼ੋਂ ਕੀ ਸੰਗਤ ਕਰਨਾ ਯਾਨੇ ਉਨਕੇ ਸਾਥ ਤਾਤਪਰਯ ਯਾਨੇ ਭਾਵ ਮਿਲਾਨਾ ਇਸਕਾ ਨਾਮ ਸੰਗਤਿ ਹੈ । ਤੀਸਰਾ ਸਾਧਨ ਵਾਸ਼ਨਾ ਖਯ ਹੈ ਲੋਕ ਵਾਸ਼ਨਾ, ਸ਼ਾਸਤ੍ਰ ਵਾਸ਼ਨਾ, ਦੇਹ ਵਾਸ਼ਨਾ ਇਤਿਆਦਿ ਵਾਸ਼ਨਾਓਂ ਕਾ ਤਿਆਗ ਕਰਨਾ ਯਹ ਪਹਿਲੇ ਲਿਖ ਆਏ ਹੈਂ। ਚਉਥਾ ਸਾਧਨ ਪ੍ਰਾਣਾਯਾਮ ਕਰਨਾ ਕੁੰਭਕ ਕਰਕੇ ਪ੍ਰਾਣੋਂ ਕੋ ਰੋਕ ਛੋੜਨਾ ਇਨ ਚਾਰੋਂ ਮੇਂ ਸੇ ਏਕ ਸਾਧਨ ਭੀ ਮਨ ਕੋ ਜੈ ਕਰ ਸਕਤਾ ਹੈ। ਇਨ ਸੇ ਪਹਿਲੇ ਯਹ ਸਾਧਨ ਕਰੇ।

**ਸ਼ਲੋਕ-ਚਿਤਸਤ੍ਯ ਭੋਗੈ ਦ੍ਵਉਭਾਗਉ ਸ਼ਾਸ਼ਤ੍ਰੇਣ ਏਕੰ ਪ੍ਰਪੂਰਯੇਤ੍ ॥ ਗੁਰੂ ਸ਼ੁਸ਼੍ਰੂਸ਼ਯਾ ਭਾਗੰ ਅਵ੍ਯੁਤਪੰਨਸਤ੍ਯ ਸੰਕ੍ਰਮ: ॥ ੧ ॥ ਕਿੰਚਿਦ੍ਵ੍ਯੁਤਪਤਿ ਯੁਕੰਤਸਤ੍ਯ ਭਾਰੰ ਭੋਗੈ: ਪ੍ਰਪੂਰਯੇਤ ॥ ਗੁਰੂ ਸ਼ੁਸ਼੍ਰੂਸ਼ਯਾ ਭਾਗਉ ਭਾਗੰ ਸ਼ਾਸਤ੍ਰਾਰਥ ਚਿੰਤਯਾ ॥ ੨ ॥ ਵ੍ਯੁਤਪਤਿ ਮਨੁਯੰਤਸਤ੍ਯ ਪੂਯੇਤ ਚੇਤਸੋ ਅਨ੍ਵਹੰ ॥ ਦ੍ਵਉਭਾਗਉਸ਼ਾਸਤ੍ਰ ਵੈਰਾਗਤ੍ਯੈ: ਦ੍ਵਉਧਿਆਨਗੁਰੁਪੂਜਯਾ ॥ ੩ ॥**



ਟੀਕਾ-ਹੇ ਰਾਮ ਜੀ ਪਹਿਲੇ ਚੰਚਲ ਚਿਤ ਕੋ ਦੋ ਭਾਗੋਂ ਦੁਆਰਾ ਸ਼ਾਂਤ ਕਰੇ ਯਾਨੇ ਏਕਾਗ੍ਰ ਕਰੇ ਔਰ ਏਕ ਭਾਗ ਯਾਨੇ ਪਹਿਰ ਸ਼ਾਸਤ੍ਰ ਵਿਚਾਰ ਮੇਂ ਲਗਾਵੇ ਔਰ ਦੂਸਰਾ ਭਾਗ ਗੁਰੂ ਸੇਵਾ ਮੇਂ ਲਗਾਵੇ ਜਬ ਕੁਛ ਨਿਪੁਣ ਹੋ ਜਾਵੇ ਤੋ ਏਕ ਪਹਿਰ ਭੋਗੋਂ ਮੇਂ ਔਰ ਦੋ ਪਹਿਰ ਗੁਰੂ ਸੇਵਾ ਮੇਂ ਲਗਾਵੇ ਔਰ ਏਕ ਪਹਿਰ ਮੇਂ ਸ਼ਾਸਤ੍ਰ ਵਿਚਾਰ ਕਰੇ। ਔਰ ਜਬ ਪੂਰਨ ਨਿਪੁਣ ਹੋ ਜਾਵੇ ਤੋ ਚਿਤ ਕੋ ਰੋਜ਼ ਰੋਜ਼ ਬਢਾਤਾ ਬਢਾਤਾ ਇਕ ਪਹਿਰ ਸ਼ਾਸਤ੍ਰ ਚਿੰਤਨ ਮੇਂ ਏਕ ਪਹਿਰ ਵੈਰਾਗਯ ਮੇਂ, ਏਕ ਧਿਆਨ ਮੇਂ ਔਰ ਏਕ ਗੁਰੂ ਸੇਵਾ ਮੇਂ ਲਗਾਵੇ।

**(ਮੰਤ੍ਰ) ਏਸ਼ਸਰਵੇਸ਼ੂ ਭੂਤੇਸ਼ੂ ਗੂੜ੍ਹੋਆਤਮਾ ਨ ਪ੍ਰਕਾਸ਼ਤੇ ਦ੍ਰਿਸ਼ਯਤੇ ਤ੍ਵਅਗ੍ਰਯਯਾ ਬੁਧਯਾ ਸੂਖਤ੍ਯਮਯਾ ਸੂਖਤ੍ਯਮਦਰਸ਼ਿਭਿ: ॥**

ਅਰਥ-ਸੰਪੂਰਣ ਭੂਤੋਂ ਮੇਂ ਛਿਪਾ ਹੂਆ ਜੋ ਆਤਮਾ ਕਿਸੀ ਕੋ ਮਾਲੂਮ ਨਹੀਂ ਹੋਤਾ ਇਸ ਵਾਸਤੇ ਕਈ ਯਾਨੇ ਨਾਸਤਿਕ ਕਹਤੇ ਹੈਂ ਕਿ ਆਤਮਾ ਹੈ ਨਹੀਂ ਪਰੰਤੂ ਸੂਖਮ ਦਰਸ਼ੀ ਪੁਰਸ਼ੋਂ ਦੁਆਰਾ ਅਪਨੀ ਤੀਬਰ ਸੂਖਮ ਬੁਧਿ ਤਥਾ ਏਕਾਗਰ ਸਾਤ੍ਰਿਕ ਬੁਧਿ ਸੇ ਯੇ ਆਤਮਾ ਦੇਖਾ ਜਾ ਸਕਤਾ ਹੈ ਯਾਂਤੇ ਗੁਰੂ ਜੀ ਲਿਖਤੇ ਹੈਂ।

(ਮੂਲ)-ਲੇਹੁ ਮਨ ॥ ਕਿਉਂਕਿ ਮਨ ਕੇ ਇਕਾਗਰ ਕੀਏ ਬਿਨਾ ਆਤਮ ਗਿਆਨ ਔਰ ਗਿਆਨ ਕੇ ਸਾਧਨ ਸ੍ਰਵਣ ਆਦਿਕ ਨਹੀਂ ਹੋ ਸਕਤੇ ਸ੍ਰਵਣ ਮੇਂ ਕੇਵਲ ਮਨ ਕੀ ਇਕਾਗ੍ਰਤਾ ਹੀ ਸਾਧਨ ਨਹੀਂ, ਕਿੰਤੂ ਚੋਦਹ ਸਾਧਨ ਹੈਂ, ਸ੍ਰੋਤਾ ਕੇ ਚੋਦਹ ਲਖਣ ਹੈਂ। ਪ੍ਰਮਾਣ:-

**ਭਕਤੋ ਵਕਤੁਰ ਗਰਬਿਤਾ ਸੁਚੀ ਰੁਚੀ ਚਾਂਚਲਤ੍ਯ ਹੀਨੋ ਪਟੂ: ॥ ਪ੍ਰਸ਼ਨਗਤ੍ਯਸਤੁ ਬਹੂ ਸ਼ੁਰਤੋ ਅਪਿ ਅਨਲਸ਼: ਨਿੰਦ੍ਰੋਝਿਤਅਖਤ੍ਯ ਸੁਧੀ ਦਾਤਾ ਤ੍ਯਕਤ ਕਥਾਂਤਰ: ਸੁਚੀ ਬਪੂ ਦੰਭੋ ਝ੍ਰਿਤ ਸਰਬਦਾ ਸ੍ਰੋਤੂ ਪੁੰਸੀ ਅਮੀ ਚਤੁਰਦਸ਼ ਗੁਣਾ ਸ੍ਵਰਗੇ ਪ੍ਰਸ਼ਸ਼ਤਾ ਸਦਾ ॥**

ਅਰਥ-ਵਕਤ ਕਾ ਭਕਤ ਹੋਣਾ । ੧. ਗਰਭ ਰਹਿਤ ਹੋਣਾ । ੨. ਪਵਿਤ੍ਰਤਾ ਮੇਂ ਰੁਚੀ ਹੋਣਾ । ੩. ਚੰਚਲਤਾ ਰਹਿਤ । ੪. ਪਟੂ ਯਾਨੇ ਚਤੁਰ ਹੋਣਾ । ੫. ਪ੍ਰਸ਼ਨ ਕਾ ਗਿਆਤਾ । ੬. ਬਹੁ ਸੁਰਤੇ ਯਾਨੇ ਸੁਨਨੇ ਵਾਲਾ । ੭. ਆਲਸਤ੍ਯ ਰਹਿਤ । ੮. ਇੰਦ੍ਰੀਉਂ ਕੇ ਪਰਮਾਦ ਰਹਿਤ । ੯, ਬੁਧੀਮਾਨ ਹੋਣਾ । ੧੦, ਦਾਤਾ । ੧੧. ਅੰਨਯ ਕਥਾ ਯਾਨੇ ਸ਼ਾਸਤ੍ਰ ਵਿਰੁਧ ਕਥਾ ਕਾ ਤਿਆਗੀ ਹੋਣਾ । ੧੨. ਮਨ ਬਾਣੀ ਸੇ ਪਵਿਤ੍ਰ ਰਹਿਨੇ ਵਾਲਾ । ੧੩. ਸਦਾ ਦੰਭ ਰਹਿਤ ਹੋਣਾ । ੧੪. ਇਨ ਚੋਦਹ ਸਾਧਨੋਂ ਮੇਂ ਏਕ ਭੀ ਸਾਧਨ ਨ ਹੋਵੇ ਤੋ ਭੀ ਸ੍ਰਵਣ ਕਾ ਫਲ ਪ੍ਰਾਪਤ ਨਹੀਂ ਹੋਤਾ, ਜੈਸੇ ਬੁਧੀ ਰਹਿਤ ਸ੍ਰੋਤਾਓਂ ਕੋ ਉਲਟਾ ਫਲ ਹੂਆ । ਕਥਾ- ਏਕ ਸ਼ਹਿਰ ਮੇਂ ਏਕ ਸੇਠ ਰਹਿਤਾ ਥਾ ਉਸਕੇ ਪਾਸ ਕਾਂਸ਼ੀ ਕਾ ਪੜ੍ਹਾ ਹੂਆ ਖਟ

ਸ਼ਾਸਤ੍ਰੀ ਪੰਡਿਤ ਬ੍ਰਾਹਮਣ ਆ ਗਿਆ । ਪੰਡਿਤ ਕੋ ਸੇਠ ਨੇ ਪ੍ਰਾਰਥਨਾ ਕਰੀ ਮਹਾਰਾਜ ਹਮ ਕੋ ਮਹਾਂਭਾਰਤ ਕੀ ਕਥਾ ਸੁਨਾਓ ਹਮ ਚਾਰ ਤੋ ਆਪ ਕੇ ਪਕੇ ਸ੍ਰੋਤਾ ਹੈਂ ਮੈਂ ਸੇਠਾਨੀ, ਹਮਾਰਾ ਲੜਕਾ, ਉਸ ਕੀ ਇਸਤ੍ਰੀ, ਇਹ ਚਾਰ ਹਮ ਮੁਖਯ ਸ੍ਰੋਤਾ ਹੈਂ ਔਰ ਜੋ ਕੋਈ ਆਵੇ ਮਨ੍ਹਾਂ ਨਹੀਂ, ਪੰਡਿਤ ਜੀ ਕਥਾ ਸੁਨਾਨੇ ਲਗੇ ਕਰਤੇ ੨ ਡੇਢ ਬਰਖ ਮੇਂ ਕਥਾ ਕਾ ਭੋਗ ਪਾਇਆ ਪੰਡਿਤ ਨੇ ਸਮਝਾ ਆਜ ਤੋ ਮਾਲੋ ਮਾਲ ਹੋ ਜਾਊਂਗਾ ਪਰੰਤੂ ਸੇਠ ਨੇ ਫੂਲ ਮਾਲਾ ਕੇ ਬਿਨਾ ਔਰ ਕੁਝ ਨਹੀਂ ਚੜ੍ਹਾਇਆ । ਪੰਡਿਤ ਨੇ ਸੋਚਾ ਕਿ ਗੁਪਤ ਦਾਨ ਕਰੇਗਾ ਆਪ ਹੀ ਘਰ ਭੇਜ ਦੇਵੇਗਾ ਪੰਦ੍ਰਹ ਦਿਨ ਤਕ ਦੇਖਤਾ ਰਹਾ ਕੋਈ ਗੁਪਤ ਦਾਨ ਭੀ ਨਹੀਂ ਆਇਆ, ਅਖੀਰ ਪੰਡਿਤ ਸੇਠ ਕੇ ਘਰ ਗਿਆ, ਕਹਾ ਸੇਠ ਜੀ ਰਾਮ ਰਾਮ । ਸੇਠ ਨੇ ਕਹਾ ਨਮਸਕਾਰ, ਆਓ ਪੰਡਿਤ ਜੀ ! ਪੰਡਿਤ ਜੀ ਨੇ ਪੂਛਾ ਹਮਾਰੀ ਸੁਨਾਈ ਹੂਈ ਕਥਾ ਯਾਦ ਹੈ । ਸੇਠ ਨੇ ਕਹਾ ਮਹਾਰਾਜ ਪੰਡਿਤ ਜੀ ਆਪ ਕੀ ਕਥਾ ਹਮ ਕਭੀ ਭੂਲ ਸਕਤੇ ਹੈਂ ? ਤਬ ਪੰਡਿਤ ਨੇ ਕਹਾ ਕਿਆ ਗੁਣ ਧਾਰਣ ਕੀਆ । ਉਸਕੇ ਉਤਰ ਮੇਂ ਸੇਨ ਨੇ ਕਹਾ ਕਿ ਮਹਾਂ ਭਾਰਤ ਮੇਂ ਪ੍ਰਸੰਗ ਆਇਆ ਥਾ ਕਿ ਪਾਂਡਵੋਂ ਕੀ ਓਰ ਸੇ ਦੂਤ ਬਨ ਕਰ ਭਗਵਾਨ ਕ੍ਰਿਸ਼ਨ ਚੰਦ੍ਰ ਦੁਰਜੋਧਨ ਕੇ ਪਾਸ ਗਏ ਬਿਦਰ ਕੇ ਘਰ ਰਹੇ, ਦੁਰਜੋਧਨ ਸੇ ਕਹਾ ਪਾਂਡਵੋਂ ਕੋ ਆਧਾ ਰਾਜ ਦੇਦੋ ਬਹੁਤ ਕਹਾ ਨਹੀਂ ਮਾਨਾ ਤਬ ਕਹਾ ਪਾਂਚ ਪਾਂਡਵ ਹੈਂ ਪਾਂਚ ਗ੍ਰਾਮ ਹੀ ਦੇ ਦਿਓ ਦੁਰਜੋਧਨ ਨੇ ਨਹੀਂ ਮਾਨਾ ।

**(ਸ਼ਲੋਕ) ਸੂਚਯਗ੍ਰੇਣ ਸੁਤੀਖੇਯਣ ਭਿਦਯਤੇ ਯਾਚ ਮੇਦਿਨੀ । ਤਸਯਾਰਧੰ ਨੈਵ ਦਦਾਮੀ ਬਿਨਾ ਯੁਧੇਨ ਕੇਸ਼ਵ ॥**

ਅਰਥ–ਸੂਈ ਕੇ ਤਿਖੇ ਅਗਰ ਭਾਗ ਸੇ ਜੋ ਪ੍ਰਿਥਵੀ ਭੇਦਨ ਹੋਵੇ ਯਾਨੇ ਫੂਟੇ ਉਸਕਾ ਆਧਾ ਹਿੱਸਾ ਭੀ ਬਿਨਾਂ ਯੁਧ ਸੇ ਨ ਦੂੰਗਾ । ਪੰਡਿਤ ਜੀ ਆਪ ਕੇ ਇਹ ਬਚਨ ਸੁਨ ਕਰ ਮੈਂ ਤੋ ਪ੍ਰਤਿਗਯਾ ਕਰ ਲੀ ਕਿ ਕਭੀ ਕਿਸੀ ਕੋ ਕੁਛ ਦਾਨ ਨਹੀਂ ਦੂੰਗਾ, ਇਸ ਲੀਏ ਆਪ ਕੀ ਕਥਾ ਮੇਂ ਕੁਝ ਭੀ ਨਹੀਂ ਚੜ੍ਹਾਇਆ । ਬ੍ਰਾਹਮਣ ਨੇ ਕਹਾ ਦਾਨ ਪ੍ਰਸੰਗ ਜੋ ਮਹਾਂ ਭਾਰਤ ਮੇਂ ਆਏ ਥੇ ਉਹ ਨਹੀਂ ਸੁਨੇ । ਸੇਠ ਨੇ ਕਹਾ ਮਹਾਰਾਜ ਹਮ ਨੇ ਤੋ ਏਕ ਯਹੀ ਬਾਤ ਧਾਰਣ ਕਰੀ ਹੈ ਔਰ ਕੋਈ ਬਾਤ ਨਹੀਂ ਲੀ ਤਬ ਬ੍ਰਾਹਮਣ ਪਸਚਾਤਾਪ ਕਰਤਾ ਸੇਠਾਣੀ ਪਾਸ ਗਿਆ ਅਰ ਕਹਾ ਕਥਾ ਯਾਦ ਹੈ ! ਸੇਠਾਣੀ ਨੇ ਉਤਰ ਮੇਂ ਕਹਾ ਖੂਬ ਯਾਦ ਹੈ ਫਿਰ ਪੂਛਾ ਕਿਆ ਧਾਰਨ ਕੀਆ ਉਤਰ ਮੇਂ ਕਹਾ, ਮਹਾ ਭਾਰਤ ਮੇਂ ਪਰਸੰਗ ਆਇਆ ਥਾ, ਕਿ ਦ੍ਰੋਪਤੀ ਕੇ ਪਾਂਚ ਪਤੀ ਥੇ, ਉਸਕਾ ਇਸ ਵਾਸਤੇ ਨਾਮ ਪੰਚਾਲੀ ਪੜਾ, ਔਰ ਉਹ ਪਾਂਚ ਪਤੀਓਂ ਕੇ ਹੋਤੇ ਪ੍ਰਤਿਬ੍ਰਤਾ ਕਹਿਲਾਈ ਸੋ ਮੈਂ ਭੀ ਪੰਚਾਲੀ ਬਨੂੰ, ਤਬ ਪ੍ਰਤਿਬ੍ਰਤਾ ਕਹਿਲਾਊਂ ਸੋ ਮੇਰੇ ਚਾਰ ਪਤੀ ਤੋ ਬਣ ਗਏ ਹੈਂ ਪਾਂਚਵਾਂ ਅਭੀ ਬਨਾਣਾ ਹੈ ਜਬ ਪਾਂਚ ਪਤੀ ਕਰ ਲੂੰਗੀ ਤਬ ਆਪ ਕੋ ਮਾਲਾ ਮਾਲ ਕਰ ਦੂੰਗੀ । ਪੰਡਿਤ ਦੁਖੀ ਹੋ ਕਰ ਚੁਪ ਕਰ ਗਿਆ ਫਿਰ



ਲੜਕੇ ਕੇ ਪਾਸ ਗਿਆ ਔਰ ਕਹਾ ਮੈਂ ਜੋ ਮਹਾਂ ਭਾਰਤ ਕੀ ਕਥਾਂ ਸੁਣਾਈ ਸੀ ਉਹ ਯਾਦ ਹੈ, ਸੇਠ ਦੇ ਲੜਕੇ ਨੇ ਕਹਾ ਖੂਬ ਯਾਦ ਹੈ । ਮਹਾਰਾਜ ਪੰਡਿਤ ਜੀ ਆਪ ਕੋ ਮਾਲਾ ਮਾਲ ਕਰੂੰਗਾ, ਪਰੰਤੂ ਮੈਂ ਪਿਤਾ ਕੇ ਮਾਰਨੇ ਕਾ ਖਿਆਲ ਕਰਤਾ ਹੂੰ ਆਪ ਨੇ ਕਥਾ ਮੇਂ ਕਹਾ ਥਾ ਕਿ ਆਤਮਾ ਤੋ ਮਰਤਾ ਨਹੀਂ, ਸ਼ਰੀਰ ਨੇ ਰਹਿਣਾ ਨਹੀਂ, ਇਸ ਲੀਏ ਪਾਪ ਹੋ ਨਹੀਂ ਸਕਤਾ, ਇਹ ਮੇਰਾ ਪਿਤਾ ਹਮ ਕੋ ਧਨ ਦੇਤਾ ਨਹੀਂ ਸੂਮ ਹੈ ਇਸਕੋ ਮਾਰ ਦੇਂ ਤੋ ਅੱਛਾ ਹੈ ਕਈ ਲੋਗ ਸੁਖੀ ਹੋ ਜਾਏਂਗੇ ਸੋ ਮੈਂ ਪਿਤਾ ਕੋ ਮਾਰਨੇ ਵਾਲਾ ਹੀ ਹੂੰ ਫਿਰ ਆਪ ਕੋ ਮਾਲਾ ਮਾਲ ਕਰੂੰਗਾ । ਪੰਡਿਤ ਜੀ ਨੇ ਕਹਾ ਕਿ ਭਾਈ ਮਾਤਾ ਪਿਤਾ ਕੀ ਸੇਵਾ ਕੇ ਪ੍ਰਸੰਗ ਭੀ ਤੋ ਸੁਨਾਏ ਥੇ ਔਰ ਜੀਵੋਂ ਕੇ ਮਾਰਨੇ ਕੇ ਦੋਸ਼ ਭੀ ਤੋ ਕਹੇ ਥੇ ਸੇਠ ਕੇ ਲੜਕੇ ਨੇ ਕਹਾ ਮਹਾਰਾਜ ਮੈਂਨੇ ਤੋ ਔਰ ਕੁਛ ਯਾਦ ਰਖਾ ਹੀ ਨਹੀਂ ਮੇਰੇ ਕੋ ਤੋ ਇਹੀ ਯਾਦ ਹੈ ਤਬ ਪੰਡਿਤ ਜੀ ਨੇ ਕਹਾ ਓਹੋ ! ਮੈਂ ਇਨ ਕੋ ਕਥਾ ਸੁਨਾ ਕਰ ਪਾਪ ਹੀ ਕੀਆ ਹੈ । ਫਿਰ ਉਸਕੀ ਬਹੂ ਕੇ ਪਾਸ ਆਇਆ ਤਬ ਬਹੂ ਨੇ ਨਮਸਕਾਰ ਕਰੀ ਫਿਰ ਪੂਛਾ ਬਹੂ ! ਕਥਾ ਯਾਦ ਹੈ ਉਸਨੇ ਕਹਾ ਮਹਾਰਾਜ ਕਬੀ ਭੂਲ ਨਹੀਂ ਸਕਤੀ । ਆਪ ਨੇ ਕਹਾ ਥਾ ਕਿ ਕੁੰਤੀ ਕਾ ਪਤੀ ਪੰਡੂ ਰਾਜਾ ਪੁਤਰ ਪੈਦਾ ਨਹੀਂ ਕਰ ਸਕਤਾ ਥਾ ਕਿਉਂਕਿ ਰਿਖੀ ਕਾ ਸ਼ਾਪ ਥਾ ਕਿ ਇਸਤ੍ਰੀ ਕਾ ਸੰਗ ਕਰਤੇ ਹੀ ਮਰ ਜਾਏਗਾ ਸੋ ਕੁੰਤੀ ਨੇ ਦੇਵਤਾਓਂ ਸੇ ਪੁਤ੍ਰ ਲੀਏ ਉਹੀ ਪਾਂਡਵ ਕਹਿਲਾਏ ਬੜੇ ਧਰਮਾਤਮਾ ਹੂਏ ਮੇਰਾ ਪਤੀ ਭੀ ਨਮਰਦ ਹੈ ਮੈਂ ਭੀ ਦੂਸਰੇ ਪੁਰਖ ਸੇ ਪੁਤ੍ਰ ਪੈਦਾ ਕਰਨੇ ਕਾ ਨਿਸਚਯ ਕਰਕੇ ਦੋ ਮਹੀਨੇ ਕਾ ਗਰਭ ਧਾਰਨ ਕਰਾ ਹੈ ਦੇਖੋਂ ਪੁਤ੍ਰ ਪੈਦਾ ਹੋ ਜਾਵੇਗਾ, ਫਿਰ ਆਪ ਕੋ ਮਾਲਾ ਮਾਲ ਕਰੂੰਗੀ ਦੂਸਰੇ ਸੇ ਪੁਤ੍ਰ ਪੈਦਾ ਕਰਾਨੇ ਕਾ ਦੋਖ ਤੋ ਕੋਈ ਹੈ ਨਹੀਂ, ਪੰਡਿਤ ਜੀ ਨੇ ਕਹਾ ਅਨੇਕ ਪਤੀ ਬ੍ਰਤਾਓਂ ਕੇ ਪ੍ਰਸੰਗ ਸੁਨਾਏ ਥੇ ਉਹ ਯਾਦ ਨਹੀਂ, ਉਸ ਨੇ ਕਹਾ ਮਹਾਰਾਜ ਮੇਰੇ ਕੋ ਤੋ ਇਹੀ ਯਾਦ ਹੈ । ਪੰਡਿਤ ਜੀ ਨੇ ਕਹਾ ਮੈਂ ਤੋ ਇਨ ਕੋ ਕਥਾ ਸੁਨਾ ਕਰ ਪਾਪ ਹੀ ਕੀਆ ਹੈ ਅਛਾ ਨਹੀਂ ਹੂਆ, ਕਿਉਂਕਿ ਚਾਰ ਕਿਸਮ ਕੇ ਸ੍ਰੋਤਾ ਹੋਤੇ ਹੈਂ । ੧. ਊਂਘੂ, ੨. ਖੁੰਘੂ, ੩. ਸੁੰਘੂ, ੪. ਚੁੰਘੂ, ੧. ਕਥਾ ਮੇਂ ਸੋਨੇ ਵਾਲਾ । ੨. ਸੋਤਾ ਹੂਆ ਖਾਂਸਨੇ ਵਾਲਾ । ੩. ਸੂੰਘਨੇ ਵਾਲਾ, ਹਾਂ ਕਥਾ ਬੜੀ ਅਛੀ ਹੈ, ੪. ਚੁੰਘੂ ਵਿਚਾਰ ਕਰਨੇ ਵਾਲਾ । ਸੋ ਕਲਿਆਣ ਚੁੰਘੂ ਕਾ ਹੀ ਹੋਤਾ ਹੈ, ਔਰ ਚਾਰ ਪ੍ਰਕਾਰ ਕੇ ਪੁਰਖ ਹੈਂ–੧. ਅਗਿਆਨੀ, ੨. ਧਰਮਾਤਮਾ, ੩. ਜਗਿਆਸੂ, ੪. ਮੁਕਤ । ਇਨ ਚਾਰ ਪ੍ਰਕਾਰ ਕੇ ਪੁਰਖੋਂ ਕੇ ਭੇਦ ਸੇ ਮਨ ਬੁਧੀ ਚਿਤ ਅਹੰਕਾਰ ਭੀ ਚਾਰ ਪ੍ਰਕਾਰ ਕੇ ਹੈਂ ।

| | | | | |
|---|---|---|---|---|
| ਮਨੁਸ਼ | ਮਨ | ਬੁਧੀ | ਚਿਤ | ਅਹੰਕਾਰ |
| ਅਗਿਆਨੀ | ਸ਼ੱਤ੍ਰੂ | ਗਨਿਕਾ | ਧੂਮ | ਪ੍ਰਛਿੰਨ ਮਾਲਕ |
| ਧਰਮਾਤਮਾ | ਬੰਧੂ | ਵਿਭਚਾਰਨੀ | ਆਮ੍ਰ ਬ੍ਰਿਖ | ਏਕ ਗ੍ਰਾਮ ਕਾ |
| ਜਗਿਆਸੂ | ਮਿਤ੍ਰ | ਸ੍ਵ ਇਸਤ੍ਰੀ | ਮੇਘ | ਰਾਜਾ |
| ਮੁਕਤ | ਸੁਹਿਰਦ | ਪਤੀਬ੍ਰਤਾ | ਚੰਦ੍ਰਮਾ | ਸਰਬ ਰੂਪ |

ਇਸ ਪ੍ਰਕਾਰ ਅਗਿਆਨੀ ਕਾ ਮਨ ਸ਼ਤਰੂ ਹੋਨੇ ਸੇ ਮਾਰਨੇ ਪਰ ਭੀ ਮਰਤਾ ਨਹੀਂ ਜੈਸੇ ਦਹਾ:-

**ਮੈ ਜਾਨਿਆ ਮਨ ਮਰ ਗਿਆ ਮਨ ਨ ਮੁਆ ਜਾਇ ॥**

**ਬਰਖਾ ਭਈ ਕੁਸੰਗ ਕੀ ਦਾਦਾਰ ਜਿਉ ਬਰਰਾਇ ॥**

ਤਾਂਤੇ ਲੇਹੁ ਮਨ ਇਹ ਦੂਸਰੇ ਪ੍ਰਸ਼ਨ ਕਾ ਉਤਰ ਕਹਾ ਹੈ:-
ਪ੍ਰਸ਼ਨ ੩-ਤੀਸਰਾ ਪ੍ਰਸ਼ਨ ਯਹ ਹੈ ਕਿ ਵੋਹ ਆਤਮਾ ਕਹਾਂ ਰਹਿਤਾ ਹੈ, ਕਹਾ ਦਰਸ਼ਨ ਹੋਗਾ ? ਉਤਰ-ਮਨ ਮਾਂਹੀ । ਪ੍ਰਮਾਣ:-

**ਸ਼ਲੋਕ-ਅੰਗੁਸ੍ਟ ਮਾਤ੍ਰ: ਪੁਰਸ਼ੋ ਮਧਯ ਆਤਮਨਿ ਤਿਸ੍ਟਤਿ । ਈਸ਼ਾਨੰ ਭੂਤ ਭਬਯਸਯ ਨ ਤਤੋ ਵਿਜੁ ਗੁਪਸ਼ਤੇ ਏਤਤ੍ਵ ਵਈ ਤਤ ।**

ਅਰਥ--ਜੋ ਅੰਗੁਸ੍ਟ ਪਰਿਮਾਣ ਪੁਰਸ਼ ਸ਼ਰੀਰ ਕੇ ਮਧਯ ਮੇਂ ਇਸਥਿਤ ਹੈ ਉਸੇ ਭੂਤ ਭਵਿਸ਼ਯਤ ਔਰ ਵਰਤਮਾਨ ਕਾ ਸ਼ਾਸਕ ਜਾਨ ਕਰ ਵੋਹ ਉਸ ਆਤਮਾ ਕੇ ਗਿਆਨ ਕੇ ਕਾਰਣ ਅਪਨੇ ਸਰੀਰ ਕੀ ਰਖਸ਼ਾ ਕਰਨਾ ਨਹੀਂ ਚਾਹਤਾ ਨਿਸਚਯ ਯੇਹੀ ਵੋਹ ਬ੍ਰਹਮ ਤਤ੍ਵ ਹੈ ।

**ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥** [ਮਾਝ ਮ: ੫ ਸਫਾ ੧੦੮

**ਸਗਲ ਸਮਗ੍ਰੀ ਜਾਕੈ ਸੂਤਿ ਪਰੋਈ ॥ ਘਟ ਘਟ ਅੰਤਰਿ ਰਵਿਆ ਸੋਈ ॥ ਓਪਤਿ ਪਰਲਉ ਖਿਨ ਮਹਿ ਕਰਤਾ ॥ ਆਪ ਅਲੇਪਾ ਨਿਰਗੁਨੁ**



[ਆਸਾ ਮ: ੫ ਸਫਾ ੩੮੮

ਰਹਤਾ ॥

**ਘਟ ਘਟ ਅੰਤਰਿ ਸਾਹਿਬੁ ਨੇਰਾ ॥** [ਦੇਵਗੰਧਾਰੀ ਮ: ੫ ਸਫਾ ੫੩੫

**ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ॥** [ਸੋਰਠ ਮ: ੧ ਸਫਾ ੫੯੭

ਪਰ ਗੁਰਮੁਖ ਉਸਕੋ ਖੋਜ ਲੇਤੇ ਹੈਂ । ਜੈਸੇ ਭਾਈ ਗੁਰਦਾਸ ਜੀ ਲਿਖਤੇ ਹੈਂ:-

**ਕਬਿੱਤ--ਜੈਸੇ ਤੋ ਮਿਠਾਈ ਰਾਖੀਏ ਛਿਪਾਇ ਜਤਨ ਕੇ ਚੀਟੀ ਚਲ ਜਾਹਿ ਚੀਨ ਤਾਹਿੰ ਲਪਟਾਤ ਹੈ ॥ ਦੀਪਕ ਜਗਾਇ ਜੈਸੇ ਰਾਖੀਏ ਦੁਰਾਹਿ ਗ੍ਰਿਹ ਪ੍ਰਗਟ ਪਤੰਗ ਤਾਮੇਂ ਸਹਜ ਸਮਾਤ ਹੈ । ਜੈਸੇ ਤੋ ਵਿਮਲ ਜਲ ਕਮਲ ਏਕਾਂਤ ਬਸੇ ਮਧੁਕਰ ਮਧੁ ਅਚਵਨ ਤਹਿ ਜਾਤ ਹੈ ॥ ਤੈਸੇ ਗੁਰਮੁਖ ਜਹਿੰ ਘਟ ਪ੍ਰਗਟ ਪ੍ਰੇਮ ਸਕਲ ਸੰਸਾਰ ਤਹਿੰ ਦੁਆਰ ਬਿਲਲਾਤ ਹੈ ॥**

ਅਰਥ-ਜੈਸੇ ਮਿਠਾਈ ਕਿਤਨੀ ਭੀ ਛਿਪਾ ਰਖੇਂ ਤੋ ਕੀਟੀ ਪਹੁੰਚ ਹੀ ਜਾਤੀ ਹੈ ਔਰ ਕਿਥੇ ਭੀ ਦੀਵੇ ਕੋ ਜਲਾ ਕੇ ਛਿਪਾ ਕੇ ਰਖੋ ਤੋ ਭੀ ਪਤੰਗੇ ਆਕੇ ਲਭ ਲਤੇ ਹੈਂ ਔਰ ਜੈਸੇ ਸੁਗੰਧ ਕੋ ਕਿਤਨਾ ਭੀ ਛਿਪਾਈਏ ਤੋ ਭੌਰੇ ਆਕੇ ਲਭ ਲੇਤੇ ਹੈਂ ਤੈਸੇ ਗੁਰਮੁਖ ਲੋਗ ਛਿਪੇ ਹੂਏ ਆਤਮਾ ਕੋ ਲਭ ਲੇਤੇ ਹੈਂ ਔਰ ਜੈਸੇ ਤੀਨ ਪਰਦੋਂ ਕੇ ਅੰਦਰ ਬਦਾਮੋਂ ਮੇਂ ਬਾਦਾਮ ਰੋਗਨ ਛਿਪਾ ਰਹਿਤਾ ਹੈ ਉਸਕੋ ਲੋਗ ਕਢ ਲੇਤੇ ਹੈਂ । ਐਸੇ ਹੀ ਵਿਵੇਕੀ ਗੁਰਮੁਖ ਲੋਗ ਆਤਮਾ ਕੋ ਪਾ ਲੇਤੇ ਹੈਂ । ਪਰੰਤੂ ਮਨਮੁਖ ਲੋਗ ਨਹੀਂ ਪਾਤੇ ਹੈਂ, ਜੈਸੇ ਅੰਧੇ ਲੋਗ ਸਮੀਪ ਪੜੀ ਵਸਤੂ ਕੋ ਭੀ ਨਹੀਂ ਦੇਖ ਸਕਤੇ ਹੈਂ ਤੈਸੇ ਅਗਿਆਨੀ ਲੋਗ ਅੰਦਰ ਆਤਮਾ ਕੋ ਨਹੀਂ ਜਾਨ ਸਕਤੇ । ਜੈਸੇ ਗੁਰੂ ਜੀ ਕਹਿਤੇ ਹੈਂ:-

**ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥... ਬਹੁਤੁ ਜਨਮ ਭ੍ਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥** [ਸੋਰਠ ਮ: ੯ ਸਫਾ ੬੩੨

**ਘਟ ਹੀ ਭੀਤਰਿ ਬਸੈ ਨਿਰੰਜਨੁ ਤਾਕੋ ਮਰਮੁ ਨ ਪਾਇਆ ॥** [ਜੈਤਸਰੀ ਮ: ੯ ਸਫਾ ੭੦੩

ਇਸ ਵਾਸਤੇ ਮਨਮੁਖ ਨਹੀਂ ਪਾ ਸਕਤੇ ਔਰ ਦਰਸ਼ਨ ਭੀ ਅੰਦਰ ਅਹੰਬ੍ਰਿਤੀ ਮੇਂ ਹੋਗਾ ਇਦੋਂ ਮੇਂ ਦਰਸ਼ਨ ਨਹੀਂ ਹੋਗਾ ।

**ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ ਗੁਰਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥** [ਮਾਝ ਮ: ੫ ਸਫਾ ੧੦੨

**ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥**

[ਮਾਝ ਮ: ੩ ਸਫਾ ੧੨੪

**ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥**

[ਧਨਾਸਰੀ ਮ: ੯ ਸਫਾ ੬੮੪

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿਕੰਡਾ ਮੋੜੇਹਿ ॥ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥**

[ਸਲਕ ਫਰੀਦ ਸਫਾ ੧੩੭੮

**ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥** ਸੋਰਠ ਨਾਮਦੇਵ ਸਫਾ ੬੫੭

ਜੈਸੇ ਅਗਨੀ ਲਕੜੀਓਂ ਕੇ ਬੀਚ ਮੇਂ ਰਹਿਤੀ ਹੈ ਦੂਰ ਨਹੀਂ ਰਹਿਤੀ, ਪਰ ਸੰਜਮ ਕਰਕੇ ਨਿਕਾਲੀ ਜਾਤੀ ਹੈ । ਤੈਸੇ ਆਤਮਾ ਅੰਦਰ ਹੈ ਉਹ ਭੀ ਸੰਜਮ ਸੇ ਪ੍ਰਗਟ ਕੀਆ ਜਾਤਾ ਹੈ । ਸੰਜਮ ਯਹ ਹੈ ਤਤ ਤ੍ਵੰ ਕਾ ਵਿਚਾਰ ਕਰਨਾ, ਇਸ ਪ੍ਰਕਾਰ ਅਹੰ ਬ੍ਰਿਤੀ ਮੇਂ ਵਿਚਾਰ ਕਰਨੇ ਸੇ ਦਰਸ਼ਨ ਹੋਗਾ । ਅਹੰ ਨਾਮ ਜੀਵ ਕਾ ਹੈ ਤਥਾ ਅਹੰ ਨਾਮ ਸਾਖੀ ਕਾ ਭੀ ਲਿਖਾ ਹੈ ।

**ਏਕ ਹੀ ਸਮੇਂ ਭਾਨ ਹੁਵੈ ਸਾਖੀ ਔਰ ਆਭਾਸ । ਦੂਜੋ ਚੇਤਨ ਕੋ ਵ੍ਰਿਥੇ ਸਾਖੀ ਸ੍ਵਯੰ ਪ੍ਰਕਾਸ਼ ॥**

[ਵਿਚਾਰ ਸਾਗਰ

ਅਰਥ–ਸਾਖੀ ਔਰ ਆਭਾਸ ਯਾਨੇ ਜੀਵ ਦੋਨੋਂ ਕਾ ਭਾਨ ਦਰਸ਼ਨ ਯਾਨੇ ਗਿਆਨ ਅਹੰ ਬ੍ਰਿਤੀ ਮੇਂ ਹੋਤਾ ਹੈ । ਇਦੰ ਬ੍ਰਿਤੀ ਮੇਂ ਨਹੀਂ । ਪਰੰਤੂ ਜੀਵ ਪਰ ਪ੍ਰਕਾਸ਼ ਸੇ ਔਰ ਸਾਖੀ ਸ੍ਵਯੰ ਪ੍ਰਕਾਸ਼ ਸੇ ਭਾਨ ਹੋਤਾ ਹੈ ਯਾਨੇ ਜੀਵ ਗਿਆਤਾ ਰੂਪ ਸੇ ਤ੍ਰਿਪੁਟੀ ਮੇਂ ਭਾਨ ਹੋਤਾ ਹੈ । ਔਰ ਸਾਖੀ ਗਯੇਯ ਰੂਪ ਸੇ ਤ੍ਰਿਪੁਟੀ ਮੇਂ ਭਾਨ ਹੋਤਾ ਹੈ ਔਰ ਗਿਆਤਾ ਗਿਆਨ ਗਯੇਯ ਤੀਨੋਂ ਕਾ ਪ੍ਰਕਾਸ਼ ਸਾਖੀ ਹੈ । ਗਯੇਯ ਮੇਂ ਭੀ ਗਯੇਯਤ੍ਵ ਵਿਸ਼ੇਸ਼ਣ ਕੋ ਛੋੜ ਕਰ ਤਥਾ ਸਤਚਿਦਾਨੰਦ ਆਦਿ ਵਿਸ਼ੇਸ਼ਣੋਂ ਕੋ ਛੋੜ ਕਰ ਵਸਤੂ ਮਾਤ੍ਰ ਕਰਕੇ ਭਾਨ ਹੋਤਾ ਹੈ । ਜੈਸੇ ਸ਼ਿਸ਼ੁਪਤੀ ਮੇਂ ਸੁਖ ਮਾਤ੍ਰ ਕਰ ਭਾਨ ਹੋਤਾ ਹੈ, ਤੈਸੇ ਹੀ ਅਹੰ ਬ੍ਰਿਤੀ ਮੇਂ ਬ੍ਰਿਤਿਤ੍ਵ ਭਾਵ ਕੋ ਯਾਨੇ ਗਿਆਤਾ ਗਿਆਨ ਗਯੇਯ ਭਾਵ ਕੋ ਛੋੜ ਸਾਖੀ ਸੁਖੁ ਰੂਪ ਕਰ ਭਾਨ ਹੋਤਾ ਹੈ। ਇਸ ਪ੍ਰਕਾਰ ਤੀਸਰੇ ਪ੍ਰਸ਼ਨ ਕਾ ਉਤਰ ਕਹਿ ਦੀਆ । ਅੰਦਰ ਹੀ ਅਹੰਬ੍ਰਿਤੀ ਮੇਂ ਸੁਖ ਰੂਪ ਸਾਖੀ ਰੂਪ ਕਰਕੇ ਆਤਮਾ ਕਾ ਦਰਸ਼ਨ ਹੋਤਾ ਹੈ । (ਸ਼ੰਕਾ) ਸੁਖ ਤੋ ਇਸਤ੍ਰੀ ਆਦਿ ਵਿਸ਼ਯ ਪਦਾਰਥੋਂ ਮੇਂ ਭੀ ਮਲੂਮ ਹੋਤਾ ਹੈ ਕਿਉਂਕਿ ਲੋਕ ਉਨ੍ਹੋਂ ਕੀ ਕਾਮਨਾ ਕਰਤੇ ਦੇਖਨੇ ਮੇਂ ਆਤੇ



ਹੈਂ। ਇਸ ਲੋਕ ਸੇ ਬ੍ਰਹਮ ਲੋਕ ਤਕ ਅਨਾਤਮ ਪਦਾਰਥੋਂ ਕੀ ਕਾਮਨਾ ਕਰਤੇ ਲੋਗ ਦਿਖਾਈ ਆਤੇ ਹੈਂ । (ਸਮਾਧਾਨ) ਇਸ ਲੋਕ ਸੇ ਬ੍ਰਹਮ ਲੋਕ ਤਕ ਯਾਵਤ ਅਨਾਤਮ ਪਦਾਰਥ ਹੈ, ਓਪ੍ਰਿਯ ਹੈ ਪ੍ਰਿਯਤਰ ਨਹੀਂ । ਯਾਂਤੇ ਉਨ ਕੀ ਕਾਮਨਾ-ਅਰਥ ਹੈ, ਵਿਸ਼ਯ ਅਰਥ ਨਹੀਂ ਯਾਂਨੇ ਅਪਨੇ ਅਨਕੂਲ ਹੋਨੇ ਤੇ ਪਿਆਰੇ ਹੈਂ ਸੁਭਾਵਕ ਪਿਆਰੇ ਨਹੀਂ । ਔਰ ਵਿਸ਼ਯ ਸੁਭਾਵਕ ਸੁਖ ਰੂਪ ਭੀ ਨਹੀਂ ਭਰਮ ਸੇ ਸੁਖ ਰੂਪ ਹੈਂ । ਜਿਸ ਸੇ ਪ੍ਰੀਯਤਮ ਹੀ ਸੁਖ ਰੂਪ ਹੋਤਾ ਹੈ ਔਰ ਵੋਹੀ ਪ੍ਰੀਜਤਮ ਹੈ ਆਤਮਾ ਹੀ ਪ੍ਰੀਯਤਮ ਹੈ । ਇਸ ਵਾਸਤੇ ਵਿਸਜੋਂ ਮੇਂ ਜੋ ਇਛਾ ਹੈ । ਸੋ ਅਪਨੇ ਅਰਥ ਹੈ, ਵਿਸ਼ਯ ਅਰਥ ਨਹੀਂ ਯਾਨੇ ਪਤੀ ਜੋ ਇਸਤ੍ਰੀ ਮੇਂ ਪ੍ਰੇਮ ਕਰਤਾ ਹੈ ਸੋ ਅਪਨੇ ਅਰਥ ਕਰਤਾ ਹੈ ਇਸਤ੍ਰੀ ਅਰਥ ਨਹੀਂ । ਔਰ ਇਸਤ੍ਰੀ ਜੋ ਪਤੀ ਮੇਂ ਪ੍ਰੇਮ ਕਰਤੀ ਹੈ । ਸੋ ਅਪਨੇ ਅਰਥ, ਪਤੀ ਅਰਥ ਨਹੀਂ, ਔਰ ਨਹੀਂ। ਸ਼ਿਸ਼ ਜੋ ਗੁਰੂ ਮੇਂ ਪ੍ਰੇਮ ਕਰਤਾ ਹੈ ਸੋ ਅਪਨੇ ਅਰਥ, ਗੁਰੂ ਅਰਥ ਨਹੀਂ, ਔਰ ਉਪਾਸ਼ਕ ਜੋ ਉਪਾਸ਼ਯ ਮੇਂ ਪ੍ਰੇਮ ਕਰਤਾ ਹੈ ਸੋ ਅਪਨੇ ਅਰਥ, ਉਪਾਸ਼ਯ ਅਰਥ ਨਹੀਂ । ਐਸੇ ਜੋ ਕੋਈ ਜਿਸ ਨਾਲ ਪ੍ਰੇਮ ਕਰਤਾ ਹੈ ਸੋ ਅਪਨੇ ਅਰਥ ਹੈ ਪਰ ਅਰਥ ਨਹੀਂ । ਇਸ ਵਾਸਤੇ ਗੁਰੂ ਜੀ ਲਿਖਤੇ ਹੈਂ ।

**(ਮੂਲ) ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥**

[ਸੋਰਠ ਮਹਲਾ ੯ ਸਫਾ ੬੩੪

ਯਾਨੇ ਅਪਨੇ ਸੁਖ ਵਾਸਤੇ ਸਭ ਜਗਤ ਕੇ ਲੋਗ ਪਰਸਪਰ ਪ੍ਰੇਮ ਕਰਤੇ ਹੈਂ ਅਪਨੇ ਸੁਖ ਸੇ ਬਿਨਾ ਕੋਈ ਕਿਸੀ ਸੇ ਪ੍ਰੇਮ ਨਹੀਂ ਕਰਤਾ । ਯਹ ਵਾਰਤਾ ਬ੍ਰਹਮਦਾਰਣਯ-ਕੋਪਨਿਸ਼ਿਦ ਕੇ ਚੋਥ ਅਧਯਾਯ ਕੇ ਪਾਂਚਵੇਂ ਬ੍ਰਾਹਮਣ ਕੇ ਛੇਵੇਂ ਮੰਤ੍ਰ ਮੇਂ ਯਾਗ ਯਵਲਕਯ ਮੁਨੀ ਨੇ ਅਪਨੀ ਇਸਤ੍ਰੀ ਮੈਤ੍ਰੇਯੀ ਕੋ ਕਹਾ ਹੈ ਕਿ ਆਤਮਾ ਹੀ ਪਰਮ ਪਿਆਰਾ ਹੈ ਤਥਾ ਅਪਨੇ ਅਰਥ ਹੀ ਸਭ ਹੀ ਸਭ ਕਾ ਦੂਸਰੋਂ ਸੇ ਪ੍ਰੇਮ ਹੈ । ਯਹ ਬਾਤ ਜਨਾਨੇ ਕੇ ਵਾਸਤੇ ਲਿਖਾ ਹੈ:–

**(ਮੰਤ) ਸਹੋਵਾਚ ਨ ਵਾ ਅਰੇ ਪਤਯੁ: ਕਾਮਾਯ ਪਤਿ: ਪ੍ਰਿਯੋ ਭਵਤਿ ਆਤਮਨਸ੍ਤੁ ਕਾਮਾਯ ਪਤਿ: ਪ੍ਰਿਯੋ ਭਵਤਿ ॥ ਨ ਵਾ ਅਰੇ ਜਾਯਾਯੈ ਕਾਮਾਯ ਜਾਯਾ ਪ੍ਰਿਯਾ ਭਵਤਿ ਆਤਮਨਸ੍ਤੁ ਕਾਮਾਯ ਜਾਯਾ ਪ੍ਰਿਯਾ ਭਵਤਿ ॥ ਨ ਵਾ ਅਰੇ ਪੁਤ੍ਰਾਣਾਂ ਕਾਮਾਯ ਪੁਤ੍ਰਾ: ਪ੍ਰਿਯਾ ਭਵੰਤਿ ਆਤਮਨਸ੍ਤੁ ਕਾਮਾਯ ਪੁਤ੍ਰਾ: ਪ੍ਰਿਯਾ ਭਵੰਤਿ ॥ ਨ ਵਾ ਅਰੇ ਵਿੱਤਸਯ ਕਾਮਾਯ ਵਿੱਤੰ ਪ੍ਰਿਯੰ ਭਵਤਿ ਆਤਮਨਸ੍ਤੁ ਕਾਮਾਯ ਵਿੱਤੰ ਪ੍ਰਿਯੰ ਭਵਤਿ ॥ ਨ ਵਾ ਅਰੇ ਪਸ਼ੂਨਾਂ ਕਾਮਾਯ ਪਸ਼ਵ: ਪ੍ਰਿਯਾ ਭਵੰਤਿ ਆਤਮਨਸ੍ਤੁ ਕਾਮਾਯ ਪਸ਼ਵ: ਪ੍ਰਿਯਾ ਭਵੰਤਿ ॥ ਨ ਵਾ ਅਰੇ ਬ੍ਰਹਮਣ: ਕਾਮਾਯ ਬ੍ਰਹਮ ਪ੍ਰਿਯੰ**

**ਭਵਤਿ ॥ ਆਤਮਨਸ੍ਤੁ ਕਾਮਾਯ ਬ੍ਰਹਮ ਪ੍ਰਿਯੰ ਭਵਤਿ ॥ ਨ ਵਾ ਅਰੇ ਖਜਤ੍ਰਸਜ ਕਾਮਾਯ ਖੱਜਤ੍ਰੰ ਪ੍ਰਿਯੰ ਭਵਤਿ ਆਤਮਨਸ੍ਤੂ ਕਾਮਾਯ ਖਜਤ੍ਰੰ ਪ੍ਰਿਯੰ ਭਵਤਿ ॥ ਨ ਵਾ ਅਰੇ ਲੋਕਾਨਾਂ ਕਾਮਾਯ ਲੋਕਾ: ਪ੍ਰਿਯਾ ਭਵੰਤਿ ਆਤਮਨਸ੍ਤੂ ਕਾਮਾਯ ਲੋਕਾ: ਪ੍ਰਿਯਾ ਭਵੰਤਿ ॥ ਨ ਵਾ ਅਰੇ ਦੇਵਾਨਾਂ ਕਾਮਾਯ ਦੇਵਾ: ਪ੍ਰਿਯਾ ਭਵੰਤਿ ਆਤਮਨਸ੍ਤੁ ਕਾਮਾਯ ਦੇਵਾ: ਪ੍ਰਿਯਾ ਭਵੰਤਿ ॥ ਨ ਵਾ ਅਰੇ ਵੇਦਾਨਾਂ ਕਾਮਾਯ ਵੇਦਾ: ਪ੍ਰਿਯਾ ਭਵੰਤਿ ॥ ਆਤਮਨਸ੍ਤੁ ਕਾਮਾਯ ਵੇਦਾ: ਪ੍ਰਿਯਾ ਭਵੰਤਿ ॥ ਨ ਵਾ ਅਰੇ ਭੂਤਾਨਾਂ ਕਾਮਾਯ ਭੂਤਾਨੀ ਪ੍ਰਿਯਾਣਿ ਭਵੰਤਿ ॥ ਆਤਮਨਸ੍ਤੁ ਕਾਮਾਯ ਭੂਤਾਨਿ ਪ੍ਰਿਯਾਣਿ ਭਵੰਤਿ ॥ ਨ ਵਾ ਅਰੇ ਸਰਵਸਜ ਕਾਮਾਯ ਸਰਵੰ ਪ੍ਰਿਯੰ ਭਵਤਿ ॥ ਆਤਮਨਸ੍ਤੁ ਕਾਮਾਯ ਸਰਵੰ ਪ੍ਰਿਯੰ ਭਵਤੀ ॥ ਆਤਮਾ ਵਾ ਅਰੇ ਦ੍ਰਿਸ਼੍ਟਬਜ ਸ੍ਰੋਤਬਜੋ ਮੰਤਬਜੋ ਨਿਦਿਧਜਾਸਿਤਬਜੋ ਮੈਤ੍ਰੇਯੀ ਆਤਮਨਿ ਖਲ੍ਵਰੇ ਦ੍ਰਿਸ਼੍ਟੇ ਸ਼੍ਰੁਤੇ ਮਤੇ ਵਿਗਯਾਤ ਇਦੰ ਸਰਵੰ ਵਿਦਿਤਮ੍ ॥ ੬ ॥**

[ਬ੍ਰਹਦਾਰਣ ਕੋਪਨਿਸ਼ਟ

ਅਰਥ–ਸੋ ਯਾਗਯਵਲਕਯ ਮੁਨੀ ਪ੍ਰਸਿਧ (ਨਿਸਚਿਤ) ਯਹ ਵਚਨ ਕਹਿਤਾ ਭਇਆ ਕਿ ਹੇ ਮੈਤ੍ਰੇਈ ਪਤੀ ਕੇ ਸੁਖ ਵਾਸਤੇ ਇਸਤ੍ਰੀ ਕੋ ਪਤੀ ਪਿਆਰਾ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਹੀ ਇਸਤ੍ਰੀ ਕੋ ਪਿਆਰਾ ਹੈ ॥ ੧ ॥ ਇਸੀ ਤਰ੍ਹਾਂ ਹੀ ਇਸਤ੍ਰੀ ਕੇ ਸੁਖ ਵਾਸਤੇ ਪਤੀ ਕੋ ਇਸਤ੍ਰੀ ਪਿਆਰੀ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਪਤੀ ਕੋ ਇਸਤ੍ਰੀ ਪਿਆਰੀ ਹੈ ॥ ੨ ॥ ਇਸੀ ਤਰ੍ਹਾਂ ਹੀ ਪੁਤ੍ਰੋਂ ਕੇ ਸੁਖ ਵਾਸਤੇ ਪਿਤਾ ਕੋ ਪੁਤ੍ਰ ਪਿਆਰੇ ਨਹੀਂ ਹੈਂ ਕਿੰਤੂ ਪਿਤਾ ਕੋ ਅਪਨੇ ਸੁਖ ਵਾਸਤੇ ਹੀ ਪੁਤ੍ਰ ਪਿਆਰੇ ਹੈਂ ॥ ੩ ॥ ਇਸੀ ਤਰ੍ਹਾਂ ਧਨ ਕੇ ਸੁਖ ਯਾਨੇ ਸਫਲਤਾ ਵਾਸਤੇ ਲੋਗੋਂ ਕੋ ਧਨ ਪਿਆਰਾ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਲੋਗੋਂ ਕੋ ਧਨ ਪਿਆਰਾ ਹੈ ॥ ੪ ॥ ਇਸੀ ਤਰ੍ਹਾਂ ਪਸ਼ੂਓਂ ਕੇ ਸੁਖ ਵਾਸਤੇ ਪੁਰਸ਼ੋਂ ਕੋ ਪਸ਼ੂ ਪਿਆਰੇ ਨਹੀਂ ਹੈਂ ਕਿੰਤੂ ਅਪਨੇ ਸੁਖ ਵਾਸਤੇ ਪੁਰਸ਼ੋਂ ਕੋ ਪਸ਼ੂ ਪਿਆਰੇ ਹੈਂ ॥ ੫ ॥ ਇਸੀ ਤਰ੍ਹਾਂ ਬ੍ਰਾਹਮਣ ਕੇ ਸੁਖ ਵਾਸਤੇ ਪੁਰਸ਼ੋਂ ਕੋ ਬ੍ਰਾਹਮਣ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਲੋਗੋਂ ਕੋ ਬ੍ਰਾਹਮਣ ਪਿਆਰੇ ਹੈਂ ॥ ੬ ॥ ਇਸੀ ਤਰ੍ਹਾਂ ਖਜਤ੍ਰੀਓਂ ਕੇ ਸੁਖ ਵਾਸਤੇ ਲੋਗੋਂ ਕੋ ਖਜਤ੍ਰੀ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਲੋਗੋਂ ਕੋ ਖਜਤ੍ਰੀ ਪਿਆਰੇ ਹੈਂ ॥ ੭ ॥ ਇਸੀ ਤਰ੍ਹਾਂ ਲੋਕੋਂ ਕੇ ਸੁਖ ਵਾਸਤੇ ਮਨੁਖੋਂ ਕੋ ਲੋਕ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਮਨੁਸ਼ੋਂ ਕੋ ਲੋਕ ਪਿਆਰੇ



ਹੈ ॥ ੮ ॥ ਇਸੀ ਤਰ੍ਹਾਂ ਦੇਵਤਾਓਂ ਕੇ ਸੁਖ ਵਾਸਤੇ ਪੁਰਸ਼ੋਂ ਕੋ ਦੇਵਤੇ ਪਿਆਰੇ ਨਹੀਂ, ਕਿੰਤੂ ਅਪਨੇ ਸੁਖ ਵਾਸਤੇ ਪੁਰਸ਼ੋਂ ਕੋ ਦੇਵਤੇ ਪਿਆਰੇ ਹੈਂ ॥ ੯ ॥ ਇਸੀ ਤਰ੍ਹਾਂ ਵੇਦੋਂ ਕੇ ਸੁਖ ਵਾਸਤੇ ਮਨੁਸ਼ੋਂ ਕੋ ਵੇਦ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਮਨੁਸ਼ੋਂ ਕੋ ਵੇਦ ਪਿਆਰੇ ਹੈਂ ॥ ੧੦ ॥ ਇਸੀ ਤਰ੍ਹਾਂ ਭੂਤੋਂ (ਜੀਵ ਸਮੁਦਾਯ) ਕੇ ਸੁਖ ਵਾਸਤੇ ਲੋਗੋਂ ਕੋ ਭੂਤ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਲੋਗੋਂ ਕੋ ਭੂਤ ਪਿਆਰੇ ਹੈਂ ॥ ੧੧ ॥ ਇਸੀ ਤਰ੍ਹਾਂ ਸਰਵ ਪਦਾਰਥੋਂ ਕੇ ਸੁਖ ਵਾਸਤੇ ਮਨੁਸ਼ੋਂ ਕੋ ਸਰਵ ਪਦਾਰਥ ਪਿਆਰੇ ਨਹੀਂ ਕਿੰਤੂ ਅਪਨੇ ਸੁਖ ਵਾਸਤੇ ਸਰਵ ਪਦਾਰਥ ਪਿਆਰੇ ਹੈਂ ॥ ੧੨ । ਹੇ ਮੈਤ੍ਰੇਯੀ ਆਤਮਾ ਹੀ ਦਰਸ਼ਨ ਕੇ ਲਾਇਕ ਹੈਂ ਅਨਾਤਮਾ ਨਹੀਂ । ਆਤਮ ਦਰਸ਼ਨ ਵਾਸਤੇ ਹੀ ਆਤਮਾ ਕਾ ਸ੍ਰਵਣ ਕਰਨਾ ਚਾਹੀਏ ਅਨਾਤਮਾ ਕਾ ਨਹੀਂ । ਤੈਸੇ ਆਤਮਾ ਕਾ ਹੀ ਮੰਨਨ ਔਰ ਧਿਆਨ ਕਰਨਾ ਚਾਹੀਏ, ਅਨਾਤਮਾ ਕਾ ਨਹੀਂ ਅਰੀ ਮੈਤ੍ਰੇਯੀ ਆਤਮਾ ਕੇ ਦਰਸ਼ਨ ਸੇ ਸ੍ਰਵਣ ਸੇ ਮੰਨਨ ਸੇ ਗਿਆਨ ਸੇ ਅਨਾਤਮਾ ਕਾ ਭੀ ਦਰਸ਼ਨ ਸ੍ਰਵਣ ਮੰਨਨ ਗਿਆਨ ਹੋਏ ॥ ੧੩ ॥ ਇਸ ਪ੍ਰਕਾਰ ਯਾਗਵਲਜਕ ਮੁਨੀ ਕੇ ਵਚਨੋਂ ਸੇ ਯਹ ਸਿਧ ਹੂਆ ਕਿ ਵਿਸ਼ਯ ਪ੍ਰਿਯ ਹੈ ਯਾਂਤੇ ਸੁਖ ਰੂਪ ਹੈ ਪਰੰਤੂ ਬਹੁਤ ਸੁਖ ਰੂਪ ਨਹੀਂ ਬਹੁਤ ਸੁਖ ਰੂਪ ਤੋ ਏਕ ਆਤਮਾ ਹੀ ਹੈ। ਪ੍ਰਿਯਤਮ ਹੋਨੇ ਤੇ, ਕਿਉਂਕਿ ਗੀਤਾ ਅਧਜਾਯ ੬ ਮੇਂ ਲਿਖਾ ਹੈ:–

**ਸ਼ਲੋਕ–ਸੁਖਮਆਤਜੰਤਿਕੰ ਯਤ੍ਰ ਤਤ੍ਰ ਬੁਧਿ ਗ੍ਰਾਹਯੰ ਅਤੀਂਦਿਯੋ ॥ ਵੇਤਿ ਯਤ੍ਰ ਨਚ ਏਵਅਯੰ ਇਸਥਿਤ: ਚਲਤਿ ਤਤ੍ਵਤ: ॥ ੨੧ ॥**

ਟੀਕਾ–ਇੰਦ੍ਰਿਓਂ ਸੇ ਅਤੀਤ ਕੇਵਲ ਸ਼ੁਧ ਹੂਈ ਸੂਖਮ ਬੁਧਿ ਦੁਆਰਾ ਗ੍ਰਹਿਣ ਕਰਨੇ ਯੋਗਜ ਜੋ ਅਨੰਤ ਆਨੰਦ ਹੈ । ਉਸ ਕੋ ਜਿਸ ਅਵਸਥਾ ਮੇਂ ਅਨੁਭਵ ਕਰਤਾ ਹੈ ਔਰ ਜਿਸ ਅਵਸਥਾ ਮੇਂ ਇਸਥਿਤ ਹੂਆ ਯਹ ਯੋਗੀ ਭਗਵਤ ਸੁਰੂਪ ਸੇ ਚਲਾਯਮਾਨ ਨਹੀਂ ਹੋਤਾ ਹੈ ਸੋਈ ਪ੍ਰਿਯਤਮ ਹੈ ਇਸ ਵਾਸਤੇ ਗੁਰੂ ਜੀ ਕਹਿਤੇ ਹੈਂ:–

## (ਮੂਲ)–ਸੁਖ ਮੈ ਆਨਿ ਬਹੁਤੁ ..॥

ਯਾਨੇ ਬਹੁਤ ਸੁਖ ਰੂਪ ਪਰਮਾਨੰਦ ਆਤਮ ਮੇਂ ਪ੍ਰੀਤਿ ਕੋ ਆਨਿ । ਵਿਸ਼ਯੋਂ ਮੇਂ ਪ੍ਰੀਤਿ ਕੋ ਤਿਆਗਦੇ । (ਸ਼ੰਕਾ) ਪ੍ਰੀਤਿ ਕਿਸਕੋ ਕਹਿਤੇ ਹੈਂ । ਉਤਰ–ਪੰਚ ਦਸੀ ਮੇਂ ਬ੍ਰਹਮਾਨੰਦ ਆਤਮਾਨੰਦ ਪ੍ਰਕਰਣ ਕੇ ੨੧ ਸਲੋਕ ਮੇਂ ਐਸੀ ਸ਼ੰਕਾ ਔਰ ਸਮਾਧਾਨ ਹੈ :

**ਅਥ ਕਾ ਇਯੰ ਪ੍ਰੀਤਿ ਸ਼੍ਰੁਯਤੇ ਯਾ ਨਿਜਾਤਮਨਿ । ਰਾਗੋ ਬਧ੍ਵਾਦਿ ਵਿਸ਼ਯੇ ਸ਼੍ਰਧਾ ਯਾਗਾਦਿ ਕਰਮਣਿ ॥ ੧ ॥ ਭਕ੍ਤਿ ਸਜਾਤ ਗੁਰੂ ਦੇਵਾਦਊ ਇਛਾ**

**ਤੂਆਪ੍ਰਾਪ੍ਤ ਵਸ੍ਤੁਨਿ ॥...**

[ਪੰਚ ਦਸ਼ੀ

ਸ਼ੰਕਾ–ਅਬ ਯਾਨੇ ਪ੍ਰਸ਼ਨ–ਜੋ ਨਿਜ ਆਤਮਾ ਵਿਖੇ ਪ੍ਰੀਤੀ ਸੁਨੀ ਜਾਤੀ ਹੈ ਪ੍ਰੀਤਿ ਕਾ ਅਰਥ ਰਾਗ ਹੈ ਅਥਵਾ ਸ਼ਰਧਾ ਹੈ ਵਾ ਭਕਤਿ ਯਾ ਇਛਾ ਹੈ । ਅਗਰ ਕਹੋ ਪ੍ਰੀਤਿ ਰਾਗ ਹੈ ਤੋ ਰਾਗ ਰੂਪ ਪ੍ਰੀਤਿ ਇਸਤ੍ਰੀ ਆਦਿਕੋਂ ਮੇਂ ਹੀ ਹੋਵੇਗੀ । ਅਗਰ ਪ੍ਰੀਤਿ ਕਾ ਅਰਥ ਸ਼ਰਧਾ ਹੈ ਤੋ ਯਾਗਾਦਿ ਕਰਮੋਂ ਮੇਂ ਹੀ ਹੋਵੇਗੀ ਅਗਰ ਕਹੋ ਪ੍ਰੀਤਿ ਕਾ ਅਰਥ ਭਕਤਿ ਹੈ ਤੋ ਗੁਰ ਅਰ ਦੇਵਤਾਦਿਕੋਂ ਮੇਂ ਹੀ ਹੋਵੇਗੀ । ਅਗਰ ਪ੍ਰੀਤਿ ਕਾ ਅਰਥ ਇਛਾ ਹੈ ਤੋ ਅਪ੍ਰਾਪਤ ਵਸਤੂ ਮੇਂ ਹੋਗੀ ਅਰ ਆਤਮਾ ਸਭ ਕਾ ਅਪਨਾ ਆਪ ਹੋਨੇ ਤੇ ਅਪ੍ਰਾਪਯ ਹੈ ਨਹੀਂ ਯਾਂਤੇ ਆਤਮਾ ਮੇਂ ਜੋ ਪ੍ਰੀਤਿ ਹੈ ਉਸਕਾ ਕਿਆ ਨਾਮ ਹੈ ? (ਸਮਾਧਾਨ) "ਤਰਹੀ ਅਸਤੂ ਸਾਤ੍ਵਿਕੀ ਬ੍ਰਿਤੀ ਸੁਖ ਮਾਤ੍ਰਾਨੁਵਰਤਿਨੀ"। ਅਰਥ-ਤੋ ਫੇਰ ਸੁਖ ਮਾਤ੍ਰ ਕੋ ਗ੍ਰਹਿਣ ਕਰਨੇ ਵਾਲੀ ਸਾਤ੍ਵਿਕੀ ਬ੍ਰਿਤੀ ਕਾ ਨਾਮ ਹੀ ਪ੍ਰੀਤਿ ਹੈ ।

**ਸੁਖੇ ਵੈਸ਼ਯਿਕੇ ਪ੍ਰੀਤਿ ਮਾਤ੍ਰਮ੍ ਆਤਮਾ ਤ੍ਵਅਤਿ ਪ੍ਰਿਯ: । ਸੁਖੇ ਬਯਭਿਚਰਤਿ ਏਸ਼ਾ ਨ ਆਤਮਨਿ ਬਯਭਿਚਾਰਣੀ, ਏਕੰ ਤ੍ਯਕਤ੍ਵਾ ਅਨਯਤ੍ਰਆਦਤੇ ਸੁਖੰ ਵੈਸ਼ਯਿਕੰ ਸਦਾ ॥ ਨਆਤਮਾ ਤਯਾਜਯੋ ਨ ਚ ਆਦੇਯ: ਤਸਮਿਨ ਬਯਭਿਚਰੇਤ ਕਥੰ ॥**

[ਪੰਚ ਦਸ਼ੀ ਬ੍ਰਹਮਾਨੰਦੇ ਆਤਮਨੰਦ ਸ਼ਲੋਕ ੨੫-੨੬

ਟੀਕਾ–ਵਿਸ਼ਯ ਜਨਯ ਸੁਖ ਮੇਂ ਪ੍ਰੀਤੀ ਮਾਤ੍ਰ ਹੈ । ਨਿਰਤਿਸ਼ਯ ਪ੍ਰੀਤੀ ਨਹੀਂ ਔਰ ਆਤਮਾ ਵਿਖੇ ਤੋ ਨਿਰਅਤਿਸ਼ਯ ਪ੍ਰੀਤੀ ਹੈ। ਇਸ ਵਾਸਤੇ ਵਿਸ਼ਯ ਜਨਯ ਸੁਖ ਕੇ ਤੁਲਯ ਨਹੀਂ ਕਿੰਤੂ ਅਧਿਕ ਹੈ ਔਰ ਵਿਸ਼ਯ ਸੁਖ ਮੇਂ ਉਹ ਪ੍ਰੀਤੀ ਬਿਭਚਾਰੀ ਭੀ ਰਹਿਤੀ ਹੈ। ਕਭੀ ਏਕ ਵਿਸ਼ਯ ਸੁਖ ਕੋ ਤਿਆਗਕੇ ਦੂਸਰੇ ਸੁਖ ਕੀ ਇਛਾ ਕਰਤੀ ਹੈ । ਏਕ ਵਿਸ਼ੇ ਮੇਂ ਉਹ ਪ੍ਰੀਤੀ ਨਿਯਮ ਸੇ ਰਹਿਤੀ ਨਹੀਂ ਅਰ ਆਤਮਾ ਮੇਂ ਉਹ ਪ੍ਰੀਤੀ ਕਭੀ ਬਯਭਿਚਾਰ ਕੋ ਪ੍ਰਾਪਤ ਨਹੀਂ ਹੋਤੀ ਏਕ ਰਸ ਰਹਿਤੀ ਹੈ । ਕਿਉਂਕਿ ਆਤਮਾ ਗ੍ਰਹਿਣ ਔਰ ਤਿਆਗ ਕੇ ਯੋਗ ਨਹੀਂ ਹੈ । (ਸ਼ੰਕਾ) ਆਤਮਾ ਗ੍ਰਹਿਣ ਤਿਆਗਕੇ ਯੋਗ ਨ ਹੋ ਤੋ ਭੀ ਤ੍ਰਿਣਾਦਿਕੋਂ ਕੀ ਨਿਆਈਂ ਉਪੇਖਯਾ ਯੋਗ ਹੋ ਜਾਏਗਾ, ਇਸ ਸ਼ੰਕਾ ਔਰ ਸਮਾਧਾਨ ਕਾ ਸ਼ਲੋਕ ਕਹਿਤੇ ਹੈਂ:–

**ਹਾਨ ਆਦਾਨ ਵਿਹੀਨੇ ਅਸ੍ਮਿਨ੍ ਉਪੇਖਯਾ ਚੇਤ੍ ਤ੍ਰਿਣਾ ਦਿਵਤ ਉਪੇਖਯਤੁ: ਸ੍ਵਰੂਪਤ੍ਵਾਤ੍ ਨੋਪੇਖਯਤ੍ਵੰ ਨਿਜਾਤਮਨ: ।**

[ਪੰਚ ਦਸ਼ੀ

ਸ਼ੰਕਾ–ਆਤਮ ਕਾ ਤਿਆਗ ਗ੍ਰਹਣ ਨ ਹੋ ਤੋ ਤ੍ਰਿਣਾਦਿਕੋਂ ਕੀ ਨਿਆਈਂ ਉਸ ਮੇਂ ਉਪੇਖਯਾ ਕਿਉਂ ਨ ਹੋ ? (ਸਮਾਧਾਨ)–ਉਪੇਖਯਾ ਕਰਨੇ ਵਾਲੇ ਕਾ ਸ੍ਵਰੂਪ ਹੋਨੇ



ਤੇ ਆਤਮ ਮੇਂ ਉਪੇਖਯਪਨਾ ਭੀ ਨਹੀਂ ਬਣ ਸਕਤੀ। ਕਿੰਤੂ ਆਤਮਾ ਮੇਂ ਪਰਮ ਪ੍ਰੀਤਿ ਹੋ ਸਕਤੀ ਹੈ। ਜਬ ਆਤਮਾ ਮੇਂ ਪਰਮ ਪ੍ਰੀਤਿ ਹੋਤੀ ਹੈ ਤਬ:–

**ਬਹੁਤ ਮਿਲਿ ਬੈਠਤ ਰਹਤ ਚਹੂੰਦਿਸਿ ਘੇਰੇ ॥**

ਇੰਦ੍ਰਯਗਣ ਮਨ ਬੁਧਿ ਅਪਨੇ ਅਪਨੇ ਵਿਸ਼ਯੋਂ ਕੋ ਛੋਡ ਕਰ ਏਕਾਗ੍ਰ ਹੋਕਰ ਬੈਠਤੇ ਹੈਂ ਔਰ ਜੋ ਚਾਰੋਂ ਓਰ ਸੇ ਘੇਰਾ ਪਾ ਲੇਤੇ ਸੀ, ਯਾਨੇ ਜੀਵ ਕੋ ਦਬਾ ਲੇਤੇ ਸੀ। ਸੋ ਉਨਕੇ ਘੇਰੇ ਰਹਿ ਜਾਤੇ ਹੈਂ, ਯਾਨੇ ਹਟ ਜਾਤੇ ਹੈਂ:–

**ਪ੍ਰਮਾਣ–ਯਦਾਪੰਚਾਵਤਿਸ੍ਟੰਤੇ ਗਿਆਨਾਨਿ ਮਨਸਾਸਹ । ਬੁਧਿਸ਼੍ਚ ਨ ਵਿਚੇਸ੍ਟਤ ਤਮਾਹੂ ਪਰਮਾਂ ਗਤਿੰ ॥ ੧ ॥ ਤਾ ਯੋਗੰ ਇਤਿ ਮਨਯੰਤੇ ਇਸਥਿਰਾਂ ਇੰਦ੍ਰਯਧਾਰਣਾਂ ॥ ਅਪ੍ਰਮੱਤ: ਤਦਾਭਵਤਿ ਯੋਗੋ ਹਿ ਪ੍ਰਭਵਾਪਯਯਊ ॥ ੨ ॥**

[ਜੀਵਨ ਮੁਕਤੀ ਵਿਵੇਕ

ਅਰਥ–ਜਬ ਗਿਆਨ ਇੰਦ੍ਰੀਆਂ ਮਨ ਕੇ ਸਾਥ ਚੁਪ ਹੋਕੇ ਬੈਠਤੀਆਂ ਹਨ, ਯਾਨੇ ਸਭ ਵਿਸ਼ਯੋਂ ਕੋ ਛੋਡ ਦੇਤੀਆਂ ਹਨ ਔਰ ਬੁਧਿ ਭੀ ਚੇਸ਼ਟਾ ਨਹੀਂ ਕਰਤੀ। ਤਿਸ ਕੋ ਪਰਮ ਗਤਿ ਕਹਤੇ ਹੈਂ । ਇੰਦ੍ਰਿਯੋਂ ਕੀ ਜੋ ਇਸਥਿਤ ਧਾਰਨਾ ਹੈ ਉਸ ਕੋ ਵਿਦ੍ਵਾਨ 'ਯੋਗ' ਕਹਿਤੇ ਹੈਂ। ਪ੍ਰਮਾਦ ਰਹਿਤ ਹੋਕਰ ਉਸ 'ਯੋਗ' ਕੋ ਕਰਨਾ ਚਾਹੀਏ, ਜਿਸਸੇ ਯੋਗ ਉਤਪਤਿ ਔਰ ਨਾਸ਼ ਕੋ ਨ ਪ੍ਰਾਪਤ ਹੋਵੇ ।

**ਸ਼ਲੋਕ–ਪ੍ਰਸ਼ਾਂਤ ਵ੍ਰਿਤਿਕੰ ਚਿਤੰ ਪਰਮਾਨੰਦ ਦੀਪਕੰ । ਅਸੰਪ੍ਰਗਯਾਤੇ ਨਾਮਾਯੰ ਸਮਾਧਿਰ ਯੋਗੀਨਾਂ ਪ੍ਰਿਯ: ।**

[ਜੀਵਨ ਮੁਕਤੀ ਵਿਵੇਕ

ਆਤਮ ਦਰਸ਼ਨ ਕੋ ਸੁਤੇ ਸਿੱਧ ਹੋਨੇ ਪਰ ਭੀ ਪ੍ਰਤਿਬੰਧਕ ਜੋ ਅਨਾਤਮ ਦਰਸ਼ਨ ਉਸਕੀ ਨਿਵ੍ਰਿਤੀ ਵਾਸਤੇ ਇੰਦ੍ਰਯੋਂ ਕੇ ਨਿਰੋਧ ਕਾ ਅਭਿਆਸ ਕਰਨਾ ਚਾਹੀਏ। ਇਸ ਵਾਸਤੇ ਕਹਿਤੇ ਹੈਂ 'ਪ੍ਰਸ਼ਾਂਤਿ ਵ੍ਰਿਤਿਕਚਿਤੰ ।' ਅਰਥ–ਬ੍ਰਿਤੀਓਂ ਕੇ ਸ਼ਾਂਤਿ ਵਾਲਾ ਚਿਤ ਪਰਮਾਨੰਦ ਕੇ ਪ੍ਰਕਾਸ਼ ਕਰਨੇ ਲਾਯਕ ਹੈ। ਯੇਹੀ ਯੋਗੀਓਂ ਕੋ ਪ੍ਰਿਯ ਅਸੰਪ੍ਰਗਿਆਤ ਸਮਾਧਿ ਹੈ। ਇਸ ਪ੍ਰਕਾਰ ਬਹੁਤ ਸੁਖਰੂਪ ਆਤਮਾ ਮੇਂ ਅਧਿਕਾਰੀ ਨੇ ਜਬ ਪ੍ਰੀਤਿ ਕਰੀ ਤਬ ਇੰਦ੍ਰਯਗਣ ਮਿਲ ਕਰ ਬੈਠ ਗਏ ਔਰ ਚਾਰੋਂ ਤਰਫ ਉਨਕੇ ਘੇਰੇ ਰਹਿ ਗਏ ।

**ਸ਼ਲੋਕ–ਸੁਖ ਦੁ:ਖ ਦਸ਼ਾ ਧੀਰੰ ਸਾਮਯਤ੍ ਨ ਪਰ ਉਧਰੰਤਿ ਯੰ ॥ ਨਿਸ਼੍ਵਾਸਾ ਇਵ ਸ਼ੈਲੇ ਇੰਦਰਮ੍ ਤਸਯ ਚਿੱਤੰ ਮ੍ਰਿਤੰ ਵਿਦੁ: ॥ ੧ ॥ ਆਪਤ ਕਾਰਪੱਨਯੰ ਉਤਸਾਹੋ ਮਦੋ ਮਾਂਦਯੰ ਮਹੋਤਸ੍ਵ: ॥ ਯੰਨਯੰਤਿ ਨ**

**ਵੈਰਪਯੰ ਤਸਯ ਨਸ਼ੰ ਮਨੋ ਵਿਦੁ: ॥ ੨ ॥ ਭੂਯੋ ਜਨਮ ਵਿਨਿਰ ਮੁਕਤੰ ਜੀਵਨ ਮੁਕਤਸਯ ਤਤ੍ ਮਨ: ॥ ਸ੍ਰੂਪੋ ਅਸਊ ਮਨੋ ਨਾਸ਼ੋ ਜੀਵਨ ਮੁਕਤਸਯ ਵਿਦਜਤੇ ॥੩॥ ਅਰੂਪਸ੍ਤੁਮਨੋ ਨਾਸ਼ੋ ਯੇਮਾਯਾਉਕ੍ਤੋ ਰਘੂਦ੍ਵ: ॥ ਵਿਦੇਹ ਮੁਕਤਊ ਏਵਾ ਅਸਊ ਵਿਦਜਤੇ ਨਿਸ਼ਕਲ ਆਤਮਕ: ॥ ੪ ॥**

[ਯੋਗ ਵਸ਼ਿਸ਼੍ਟ

ਅਰਥ-ਸੁਖ ਦੁਖ ਕੀ ਦਸ਼ਾ ਮੇਂ ਸਮ ਰਹਿਨੇ ਵਾਲੇ ਧੀਰ ਪੁਰਸ਼ ਕੋ ਮਨ ਐਸੇ ਚਲਾਯਮਾਨ ਨਹੀਂ ਕਰਤਾ ਜੈਸੇ ਅਡੋਲ ਸੁਮੇਰੂ ਪਰਬਤ ਕੋ ਕੋਈ ਚਲਾਯਮਾਨ ਨਹੀਂ ਕਰਤਾ, ਜਿਸ ਕੇ ਚਿਤ ਕੀ ਐਸੀ ਇਸਥਿਤੀ ਹੈ ਉਸ ਕਾ ਚਿਤ ਮ੍ਰਿਤਕ ਜਾਨਨਾ ॥ ੧ ॥ ਵਿਪਤਿ ਮੇਂ ਕਾਇਰਤਾ ਮੇਂ, ਖੁਸ਼ੀ ਮੇਂ ਮਦ ਮੇਂ, ਵਿਆਕੁਲਤਾ ਮੇਂ ਤਥਾ ਮਹੋਉਤਸ੍ ਮੇਂ ਜਿਸ ਕਾ ਚਿਤ ਵਿਕਾਰੀ ਨਹੀਂ ਹੋਤਾ ਤਿਸ ਕਾ ਮਨ ਮਰਿਆ ਹੋਇਆ ਸਮਝਨਾ ॥ ੨ ॥ ਉਸ ਜੀਵਨ ਮੁਕਤਿ ਕਾ ਮਨ ਪੁਨਹ ਜਨਮ ਸੇ ਰਹਿਤ ਜਾਨਨਾ। ਜੀਵਨ ਮੁਕਤੀ ਕਾਲ ਮੇਂ ਇਹ ਮਨ ਕਾ ਸ੍ਰੂਪਨਾਸ਼ ਕਹਾ ਜਾਤਾ ਹੈ ਯਾਨੇ ਮਨ ਕੇ ਹੋਨੇ ਪਰ ਭੀ ਮਨ ਕਾ ਸ੍ਰੂਪ ਸੰਕਲਪ ਵਿਕਲਪ ਆਦਿ ਵਿਕਾਰ ਨ ਹੋਨੇ ਇਸ ਕਾ ਨਾਮ ਸ੍ਰੂਪ ਨਾਸ਼ ਹੈ ॥੩॥ ਹੇ ਰਾਮਚੰਦ੍ਰ ! ਜੋ ਮੈਨੇ ਤੁਮ ਕੋ ਮਨ ਕਾ ਦੂਸਰਾ ਅਰੂਪ ਨਾਸ਼ ਯਾਨੇ ਮਨ ਕਾ ਅਤਯੰਤਾ ਭਾਵ ਰੂਪ ਨਾਸ਼ ਕਹਾ ਹੈ ਸੋ ਵਿਦੇਹ ਮੁਕਤੀ ਕਾਲ ਮੇਂ ਹੋਵੇ ਹੈ। ਨਿਸ਼ਕ੍ਰਿਯ ਰੂਪ ਹੋਨੇ ਤੇ । ਇਸ ਪ੍ਰਕਾਰ ਮਨ ਬੁਧੀ ਆਦਿਕੋਂ ਕੋ ਵਿਕਾਰ ਯਾਨੇ "ਘੇਰ" ਸਭ ਰਹਿ ਜਾਤੇ ਹੈਂ। ਤਥਾ:-

**(ਮੂਲ)-ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥**

ਜਬ ਬੁਧੀਵ੍ਰਿਤਿ ਰੂਪ ਇਸਤ੍ਰੀ ਕੀ ਵਿ ਨਾਮ ਵਿਸ਼ੇਸ਼ ਕਰਕੇ ਪਤਿ ਯਾਨੇ ਆਤਮਾ ਨਾਲ ਪ੍ਰੀਤੀ ਪੜੀ ਤਬ ਸਭ ਹੀ ਸੰਗ ਛਾਡਤ, ਯਾਨੇ ਸਭ ਇੰਦ੍ਰਿਯਗਣੋਂ ਕਾ ਤਥਾ ਮਨ ਬੁਧਿ ਕਾ ਸੰਗੁ ਛੋੜ ਦੀਆ । ਅਨਾਤਮ ਰੂਪ ਹੋਨੇ ਸੇ ਕੋਈ ਭੀ ਨੇੜੇ ਨਹੀਂ ਆਤਾ, ਸਭ ਪਰੇ ਹੀ ਰਹਿਤੇ ਹੈਂ । ਅਥਵਾ ਜਬ ਇੰਦ੍ਰਿਯੋਂ ਪਰ ਸ੍ਰ ਵਿਸ਼ਯੋਂ ਕਾ ਤਿਆਗ ਰੂਪ ਵਿਪਤੀ ਪੜੀ ਤੋ ਕਾਮ ਕ੍ਰੋਧਾਦਿਕੋਂ ਨੇ ਸਭ ਨੇ ਸੰਗ ਛੋੜ ਦੀਆ, ਅਬ ਕੋਈ ਭੀ ਬ੍ਰਿਤਿਕੇ ਨੇੜੇ ਨਹੀਂ ਆਤਾ ਔਰ ਆਤਮਾ ਮੇਂ ਪ੍ਰੀਤੀ ਕਰਨੇ ਸੇ ਪਹਿਲੇ ਅਗਿਆਨ ਕਾਲ ਮੇਂ ਜੋ ਘਰ ਇਸਤ੍ਰੀ ਪੁਤ੍ਰ ਮਾਇਆ ਪਿਆਰੇ ਲਗਤੇ ਸੀ ਸੋ ਅਬ ਕੀ ਹੈਂ ਯਾਨੇ ਤੁਛ ਮਲੂਮ ਹੋਤੇ ਹੈਂ । ਸੋ ਅਬ ਕਹਿਤੇ ਹੈਂ:-

**(ਮੂਲ)-ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**

[ਸੋਰਠਿ ਮ: ੯ ਸਫ਼ਾ ੬੩੪



ਯਾਨੇ ਆਤਮ ਪ੍ਰੀਤੀ ਸੇ ਅਨੰਤਰ ਘਰ ਕੀ ਹੈ? ਨਾਰਿ ਕੀ ਹੈ ਔਰ ਬਹੁਤ ਹਿ ਜਾਸਿਉ ਯਾਨੇ ਪੁਤ੍ਰ ਔਰ ਸਦਾ ਰਹਿਤ ਸੰਗ ਲਾਗੀ । ਯਾਨੇ ਮਾਇਆ ਕੀ ਹੈ? ਭਾਵ ਤੁ ਹੈ, ਅਵਿਦਿਆ ਕਾਲ ਮੇਂ ਇਨ੍ਹੋਂ ਸੇ ਪ੍ਰੀਤਿ ਹੋਤੀ ਹੈ-ਚਾਰ ਪ੍ਰਕਾਰ ਕੀ ਤੂਲਾ ਅਵਿਦਿਆ ੧. ਦੇਹਾਦਿਕ ਅਨਾਤਮ ਮੇਂ ਆਤਮ ਬੁਧਿ, ੨. (ਇਸਤ੍ਰੀ ਆਦਿਕੋਂ ਕੇ ਸਰੀਰ) ਅਸੁ ਮੇਂ ਸੁਚਿ ਬੁਧਿ, ੩. (ਪੁਤ੍ਰਾਦਿ) ਦੁਖ ਮੇਂ ਸੁਖ ਬੁਧਿ, ੪. ਸ੍ਵਰਗ ਲੋਕਾਦਿ ਮਾਯਕ ਅਨਿਤ ਪਦਾਰਥੋਂ ਮੇਂ ਨਿਤਯ ਬੁਧੀ ਅਗਿਆਨੀ ਕੋ ਏਹ ਪਦਾਰਥ ਪਿਆਰੇ ਹੋਤੇ ਹੈਂ, ਗਿਆਨੀ ਨਹੀਂ। ਜੈਸੇ ੪ ਆਦਮੀ ਕਾਮਨਾ ਵਾਲੇ ਏਕ ਸਿਧ ਪੁਰਸ਼ ਮਹਾਤਮਾ ਕੀ ਸੇਵਾ ਕਰਨੇ ਲ ਸੇਵਾ ਸੇ ਜਬ ਮਹਾਤਮਾ ਪ੍ਰਸੰਨ ਹੂਏ ਕਹਨੇ ਲਗੇ ਕੁਛ ਮਾਂਗੋ । ਚਾਰੋਂ ਨੇ ਕਹਾ ਸਾ ਸੁਖ ਕੀ ਇਛਾ ਹੈ। ਤਬ ਮਹਾਤਮਾ ਨੇ ਕਹਾ ਤੁਮ ਨੇ ਕਿਸ ਕੋ ਸੁਖ ਰੂਪ ਮਾਨ ਰਖ ਹੈ। ਤਬ ਏਕ ਨੇ ਕਹਾ ਮੈਨੇ ਤੋ ਘਰ ਕੋ ਸੁਖ ਰੂਪ ਮਾਨਾ ਹੈ, ਕਿਉਂਕਿ ਘਰ ਛੋੜ ਜੋ ਵਿਰਕਤ ਪੁਰਸ਼ ਹੂਏ ਹੈਂ ਉਨ੍ਹੋਂ ਨੇ ਭੀ ਪਰਮੇਸ਼੍ਰ ਸੇ ਘਰ ਹੀ ਮਾਂਗਾ ਹੈ। ਜੈਸੇ ਫਰੀਦ ਜੀ ਲਿਖਤੇ ਹੈਂ:-

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥ ਜੇ ਤੂ ਏ ਰਖਸੀ ਜੀਉ ਸਰੀਰਹੁ ਲੇਹਿ ॥**

[ਸਲੋਕ ਫਰੀਦ ਸਫਾ ੧੩੮

ਸੋ ਫਰੀਦ ਜੀ ਨੇ ਦੁਖੀ ਹੋ ਕਰਕੇ ਪਰਮੇਸ਼੍ਰ ਸੇ ਘਰ ਮਾਂਗਾ ਹੈ। ਸੋ ਮੇਰੇ ਕੋ ਘਰ ਚਾਹੀਏ। ਦੂਸਰੇ ਨੇ ਕਹਾ ਮੈਂ ਇਸਤ੍ਰੀ ਮੇਂ ਸੁਖ ਮਾਨਤਾ ਹੂੰ, ਕਿਉਂਕਿ ਧੰਨਾ ਭਗਤ ਨੇ ਇਸਤ੍ਰੀ ਹੀ ਮਾਂਗੀ ਹੈ। ਪ੍ਰਮਾਣ:-

**ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥**

[ਧਨਾਸਰੀ ਭਗਤ ਧੰਨਾ ਸਫਾ ੬੯੫

ਸੋ ਧੰਨੇ ਭਗਤ ਨੇ ਘਰ ਕੀ ਅਛੀ ਇਸਤ੍ਰੀ ਮੰਗੀ ਹੈ । ਤਾਂਤੇ ਇਸਤ੍ਰੀ ਹੀ ਸਾਰ ਹੈ ਔਰ ਲਿਖਤੇ ਭੀ ਹੈਂ-"ਸਾਰ ਸੰਸਾਰ ਕੋ ਨਾਰਿ ਜਾਨਾਂ" ਤਥਾ-ਜਿਸਕੀ ਇਸਤ੍ਰੀ ਮਰ ਜਾਤੀ ਹੈ ਉਹ ਰੋਤੇ ਰਹਤੇ ਹੈਂ, ਔਰ ਦੂਸਰੀ ਸ਼ਾਦੀ ਕਰ ਲੇਤੇ ਹੈਂ ਦੂਸਰੀ ਮਰ ਜਾਵੇ ਤੋ ਤੀਸਰੀ ਸ਼ਾਦੀ ਕਰ ਲੇਤੇ ਹੈਂ। ਇਸ ਵਾਸਤੇ ਮੈਂ ਜਾਨਤਾ ਹੂੰ ਇਸਤ੍ਰੀ ਮੇਂ ਹੀ ਸੁਖ ਹੈ। ਤੀਸਰਾ ਕਹਿਨੇ ਲਗਾ ਮੈਂ ਪੁਤ੍ਰ ਮੇਂ ਸੁਖ ਮਾਨਤਾ ਹੂੰ । ਲਿਖਾ ਭੀ ਹੈ ਵੇਦੋਂ ਮੇਂ:- "ਪੁਤ੍ਰੇਣੈਵਾਯੰ ਲੋਕੋ ਜਯਤਿ" ਪੁਤ੍ਰ ਸੇ ਹੀ ਇਸ ਮਾਨੁਸ ਲੋਕ ਕੋ ਜੀਤ ਲੇਤਾ ਹੈ, ਔਰ ਕਈ ਰਾਜਾ ਮਹਾਰਾਜਾ ਪੁਤ੍ਰ ਕੀ ਇਛਾ ਕਰਤੇ ਹੂਏ ਕਈ ਯੱਗ ਕਰਤੇ ਰਹਤੇ ਹੈਂ ਔਰ ਪੁਤ੍ਰ ਸੇ ਹੀ ਘਰ ਪਵਿਤ੍ਰ ਮਾਨਤੇ ਹੈਂ, ਇਸ ਵਾਸਤੇ ਮੈਂ ਜਾਨਤਾ ਹੂੰ ਪੁਤ੍ਰ ਮੇਂ ਹੀ ਸੁਖ ਹੈ। ਚੌਥਾ ਕਹਿਨੇ ਲਗਾ ਮੈਂ ਮਾਇਆ ਮੇਂ ਸੁਖ ਮਾਨਤਾ ਹੂੰ, ਕਿਉਂਕਿ ਸਭ ਲੋਗ ਹਰ ਵਕਤ ਮਾਇਆ ਕੋ ਸਾਥ ਰਖਤੇ ਹੈਂ, ਔਰ ਮੂਰਖ ਭੀ ਮਾਯਾ ਵਾਲਾ ਹੋ ਤੋ ਕਈ ਚਤੁਰ ਉਸ ਕੀ ਸੇਵਾ ਕਰਤੇ ਹੈਂ। ਗੁਰੂ ਜੀ ਲਿਖਤੇ ਹੈਂ:-

**ਆਥਿ ਹੋਇ ਤਾ ਮੁਗਧੁ ਸਿਆਨਾ॥** [ਰਾਮਕਲੀ ਦਖ: ਓਅੰ: ਮ: ੧ ਸਫਾ ੯੩੧

**ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦਮ ॥**[ਵਾ: ਤੋਂ ਵ: ਸ: ਮ: ੫ ਸ: ੧੪੨੬

ਇਸ ਵਾਸਤੇ ਮੈਂ ਮਾਇਆ ਹੀ ਚਾਹਤਾ ਹੂੰ। ਤਬ ਮਹਾਤਮਾ ਕਹਨੇ ਲਗੇ ਯੇ ਚਾਰੋਂ ਸੁਖਦਾਈ ਨਹੀਂ ਇਨ੍ਹੋਂ ਮੇਂ ਅਵਿਦਿਆ ਸੇ ਤੁਮ੍ਹਾਰੇ ਕੋ ਸੁਖ ਬੁਧਿ ਕਾ ਭਰਮ ਹੋ ਰਹਾ ਹੈ। ਸੋ ਇਨ ਮੇਂ ਸੁਖ ਨਹੀਂ। (ਘਰ ਤੋ ਸੁਖ ਰੂਪ ਹੈ ਨਹੀਂ, ਕਿਉਂਕਿ ਸੁਕਦੇਵ ਜੀ ਕਹਿਤੇ ਹੈਂ–

**ਗ੍ਰਿਹਾਰੰਭੋ ਹਿ ਦੁਖਾਯ ਨ ਸੁਖਾਯ ਕਦਾਚਨ।**

ਔਰ ਕਈ ਰਾਜਾ ਮਹਾਰਾਜਾ ਕਈ ਮਹਲ ਮਾੜ੍ਹੀਆਂ ਛੋਡਕੇ ਸਾਧੂ ਹੋ ਗਏ ਹੈਂ। ਅਗਰ ਘਰ ਸੁਖ ਰੂਪ ਹੋਤਾ ਤੋ ਛੋਡਕੇ ਕਿਉਂ ਜਾਤੇ ? ਜੈਸੇ:–

**ਜਿਹੜੇ ਰੰਗ ਮਹਲਾਂ ਦੇ ਸਾਈਂ ਹੈਸਨ ਸੋ ਘਰ ਛੋਡ ਜੰਬੀਲਾਂ* ਨੂੰ ਨੱਪ ਗਏ। ਹੈਦਰ ਅਲੀ ਕਹਕੇ ਦੇਵਾਲ ਦੇ ਕੰਧ ਵਾਂਗੂ ਆਸ਼ਿਕ ਟੱਪਦੇ ਟੱਪਦੇ ਟੱਪ ਗਏ।**

ਤਾਂਤੇ ਘਰ ਮੇਂ ਸੁਖ ਕੇਵਲ ਭਰਮ ਮਾਤ੍ਰ ਹੀ ਹੈ ਅਰ ਇਸਤ੍ਰੀ ਭੀ ਭਰਮ ਸੇ ਹੀ ਸੁਖ ਰੂਪ ਮਾਲੂਮ ਹੋਤੀ ਹੈ। ਵਿਚਾਰ ਕਰ ਦੁਖ ਰੂਪ ਹੀ ਨਜ਼ਰ ਆਤੀ ਹੈ ਕਿਉਂਕਿ ਤੀਨ ਪ੍ਰਕਾਰ ਕੀ ਇਸਤ੍ਰੀ ਹੋਤੀ ਹੈ। ਅਪਨੀ, ਪਰਾਈ ਔਰ ਵੇਸ਼ਵਾ।

**ਨਾਰਿ ਬੁਰੀ ਵੈਸਯਾ ਔਰ ਪਰ ਕੀ । ਤੀਜੀ ਨਰਕ ਨਿਸ਼ਾਨੀ ਘਰ ਕੀ।**

[ਵਿਚਾਰ ਸਾਗਰ

ਵੇਸ਼ਯਾ ਔਰ ਪਰ ਇਸਤ੍ਰੀ ਤੋ ਬੁਰੀ ਹੈ ਪਰੰਤੂ ਘਰ ਕੀ ਇਸਤ੍ਰੀ ਤੋ ਨਰਕ ਕੀ ਨਿਸ਼ਾਨੀ ਹੈ। ਜੈਸੇ ਸ੍ਰੀ ਰਾਮਚੰਦ੍ਰ ਨੇ ਅਰੰਨਯ ਕਾਂਡ ਮੇਂ ਨਾਰਦ ਜੀ ਕੇ ਪੂਛਨੇ ਪਰ ਯੇ ਵਚਨ ਕਹੇ ਹੈਂ। ਜਬ ਪੰਪਾ ਸਰੋਵਰ ਪਰ ਰਾਮ ਜੀ ਆਏ ਹਨ ਤਬ ਨਾਰਦ ਜੀ ਮਹਾਰਾਜ ਸ੍ਰੀ ਰਾਮ ਜੀ ਕੇ ਦਰਸ਼ਨ ਵਾਸਤੇ ਆਏ ਹੈਂ। ਤਬ ਸ੍ਰੀ ਰਾਮ ਜੀ ਕੋ ਸੀਤਾ ਕੇ ਵਿਛੜੇ ਸੇ ਦੁਖੀ ਦੇਖ ਕਰ ਵਿਚਾਰਨੇ ਲਗੇ ਕਿ ਮੇਰੇ ਸ਼ਾਪ ਸੇ ਹੀ ਮਹਾਰਾਜ ਦੁਖੀ ਹੋ ਰਹੇ ਹਨ ਤਬ ਮਹਾਰਾਜ ਕੋ ਪ੍ਰਸੰਨ ਕਰਕੇ ਕਹਾ:–

**ਰਾਮ ਜਬਹਿੰ ਪ੍ਰੇਰਹੁ ਨਿਜ ਮਾਯਾ । ਮੋਹੇਹੁ ਮੋਹਿ ਸੁਨਹੁ ਰਘੁਰਾਯਾ॥ ਤਬ ਵਿਵਾਹ ਮੈਂ ਚਾਹਿਉ ਕੀਨਹਾ। ਪ੍ਰਭੂ ਕਿਹ ਕਾਰਨ ਕਰਨ ਨ ਦੀਨਹਾ**

ਤਬ ਰਾਮ ਜੀ ਉਸਕਾ ਉਤਰ ਦੇਨੇ ਲਗੇ:–

**ਸੁਨ ਮੁਨਿ ਤੋਹਿ ਕਹੌਂ ਸਹ ਰੋਸਾ। ਭਜਹਿੰ ਜੇ ਮੋਹਿ ਤਜ ਸਕਲ ਭਰੋਸਾ ਕਰੌਂ ਸਦਾ ਤਿਨਕੀ ਰਖਵਾਰੀ। ਜਿਮਿ ਬਾਲਕ ਰਾਖੇ ਮਹਿਤਾਰੀ**

*ਨੂਨਾ



**ਗਹ ਸ਼ਿਸ਼ੂ ਵਤਸ ਅਨਲ ਅਹਿਧਾਈ। ਤਹਿੰ ਰਾਖੇ ਜਨਨੀ ਅਰ ਗਾਈ।**

[ਤੁਲਸੀ ਰਾਮਾਯਣ ਆਰਣਯ ਕਾਂਡ

**ਦੋਹਾ–ਕਾਮ ਕ੍ਰੋਧ ਲੋਭਾਦਿ ਮਦ ਪ੍ਰਬਲ ਮੋਹ ਕੀ ਧਾਰ। ਤਿਨ ਮਹਿ ਅਤਿ ਦਾਰੁਣ ਦੁਖਦ ਮਾਯਾ ਰੂਪੀ ਨਾਰ ॥ ੭੪ ॥ ਅਉਗੁਣ ਮੂਲ ਸੂਲ ਪ੍ਰਦ ਪ੍ਰਮਦਾ ਸਭ ਦੁਖ ਖਾਨਿ ॥ ਤਾਂਤੇ ਕੀਨ ਨਿਵਾਰਣ ਮੁਨਿ ਮੈਂ ਯਹ ਜੀਅ ਜਾਨਿ ॥ ੭੫ ॥ ਗੁਨਾਗਾਰ ਸੰਸਾਰ ਦੁਖ ਰਹਿਤ ਵਿਗਤ ਸੰਦੇਹ ॥ ਤਜ ਮਮ ਚਰਣ ਸਰੋਜ ਪ੍ਰਿਯ ਤਿਨ ਕਹਿੰ ਦੇਹ ਨ ਗੇਹ ॥ ੭੬ ॥ ਦੀਪ ਸ਼ਿਖਾ ਸਮ ਯੁਵਤਿ ਜਨ ਮਨ ਜਨਿ ਹੋਸਿ ਪਤੰਗ ॥ ਭਜਹਿ ਰਾਮ ਤਜ ਕਾਮ ਮਦ ਕਰਹਿ ਸਦਾ ਸਤਸੰਗ ॥ ੭੯ ॥**

[ਤੁਲਸੀ ਰਾਮਾਯਣ ਆਰੰਨਕਾਂਡ

ਅਰਥ–ਸੁਨੋ ਮੁਨੀ ਨਾਰਦ ਜੀ ਮੈਂ ਸਤਯ ਕਹਿਤਾ ਹੂੰ ਜ ਮੇਰੇ ਕੋ ਸੂਰਤਾ ਪੂਰਬਕ ਤਥਾ ਅੰਨਯ ਕਾ ਭਰੋਸਾ ਛੋਡ ਕਰ ਭਜਤਾ ਹੈ ਉਸਕੀ ਮੈਂ ਐਸੇ ਰਖਿਆ ਕਰਤਾ ਹੂੰ ਜੈਸੇ ਬਾਲਕ ਕੀ ਮਾਤਾ ਰਖਿਆ ਕਰਤੀ ਹੈ ਕਾਮ ਕ੍ਰੋਧ ਲੋਭ ਮਦ ਆਦਿ ਪ੍ਰਬਲ ਮੋਹ ਕੀ ਧਾਰ ਹੈ ਉਨ ਮੇਂ ਅਤਿ ਦੁ:ਸਹ ਦੁਖ ਦੇਨੇ ਵਾਲੀ ਮਾਯਾ ਰੂਪੀ ਨਾਰੀ ਹੈ ॥੭੪॥ ਅਵਗੁਣੋਂ ਕਾ ਕਾਰਣ ਦੁਖ ਦੇਨੇ ਵਾਲੀ ਔਰ ਸਭ ਦੁਖੋਂ ਕੀ ਖਾਨ ਇਸਤ੍ਰੀ ਹੈ। ਇਸ ਵਾਸਤੇ ਮੈਨੇ ਨਿਵਾਰਣ ਕੀ ਹੈ। ਹੇ ਮੁਨਿ ਯੇ ਤੂੰ ਮੇਰੇ ਜੀਅ ਕੀ ਨਿਸਚੇ ਜਾਨ ॥ ੭੫ ॥ ਗੁਣ ਕੇ ਘਰ ਸੰਸਾਰ ਦੁਖ ਸੇ ਰਹਿਤ ਤਥਾ ਸੰਦੇਹ ਰਹਿਤ ਮੇਰੇ ਚਰਣੋਂ ਕੀ ਪ੍ਰੀਤੀ ਕੋ ਛੋਡ ਕਰ, ਉਨ ਕੋ ਨ ਦੇਹ ਪਿਆਰਾ ਹੈ ਨ ਘਰ ਪਿਆਰਾ ਹੈ ॥ ੭੬ ॥ ਹੇ ਮਨ ਦੀਵੇ ਕੀ ਲਾਟ ਸਮਾਨ ਇਸਤ੍ਰੀ ਜਨੋਂ ਮੇਂ ਪਤੰਗ ਕੀ ਤਰ੍ਹਾਂ ਮਤ ਜਲ। ਕਾਮ ਮਦ ਕੋ ਛੋਡ ਕਰ ਸਦਾ ਰਾਮ ਕੋ ਭਜ ਔਰ ਸਤਸੰਗ ਕਰ ॥ ੭੭ ॥

**ਨਾਰੀ ਕਾਲੀ ਬਾਘਨੀ ਇਨ ਖਾਯਾ ਸੰਸਾਰ। ਰਿਸ਼ੀ ਮੁਨੀ ਸੁਰ ਜੇਤੜੇ ਇਨ ਪੈ ਚਲੇ ਹਾਰ। ਨਾਰੀ ਨਿਕਟ ਨ ਜਾਈਐ ਨਾਰੀ ਹੈ ਪ੍ਰਤਖ ਕਾਲ। ਜਿਨ ਨਾਰੀ ਤੇ ਮਨ ਖਿਚਿਆ ਤਿਨ ਸਹਿਜੇ ਮਿਲਿਆ ਗੋਪਾਲ। ਨਾਰੀ ਕੁੰਡੀ ਨਰਕ ਕੀ ਸਭੁ ਜਗੁ ਰਖਿਓ ਲਾਗ। ਕੋਈ ਸਾਧੂ ਜਨ ਉਬਰਿਓ ਇਸ ਪਾਪਨਿ ਤੇ ਭਾਗ।**

ਇਸ ਪਰਕਾਰ ਇਸਤ੍ਰੀ ਮੇਂ ਜੋ ਸੁਖ ਬੁਧੀ ਹੈ ਸੋ ਕੇਵਲ ਭਰਮ ਹੈ ਔਰ ਪੁਤ੍ਰ ਮੇਂ ਭੀ ਸੁਖ ਬੁਧੀ ਭਰਮ ਹੀ ਹੈ ਜੈਸੇ ਚਿਤ੍ਰਕੇਤੂ ਰਾਜਾ ਕੇ ਕਰੋੜ ਰਾਣੀ ਹੋਣੇ ਪਰ ਭੀ ਪੁਤ੍ਰ ਨ ਹੋਨੇ ਸੇ ਦੁਖ ਪਾਯਾ ਫੇਰ ਪੁਤ੍ਰ ਮਰਨੇ ਸੇ ਦੁਖ ਪਾਯਾ। ਇਸੀ ਪਰਕਾਰ ਰਾਜਾ ਦਸਰਥ ਨੇ ਭੀ ਪੁਤ੍ਰ ਕੇ ਨ ਹੋਨੇ ਸੇ ਪਹਿਲੇ ਦੁਖ ਪਾਇਆ ਫੇਰ ਪੁਤ੍ਰ ਕੇ ਬਨ ਮੇਂ ਜਾਨੇ ਕੇ ਵਿਯੋਗ ਸੇ ਦੁਖੀ ਹੋਕਰ ਮ੍ਰਿਤ੍ਯੂ ਕੋ ਪ੍ਰਾਪਤ ਹੋਤਾ ਭਯਾ। ਇਸ ਪਰਕਾਰ ਅਨੇਕੋਂ ਕੀਆਂ ਐਸੀਆਂ ਕਥਾਏਂ

ਆਤੀਆਂ ਹਨ ਜੋ ਪੁਤ੍ਰ ਕੇ ਨਿਮਿਤ ਸੇ ਦੁਖ ਕੋ ਪਰਾਪਤ ਹੋਤੇ ਭਏ। ਇਸ ਪਰਕਾਰ ਪੁਤ੍ਰ ਮੇਂ ਸੁਖ ਬੁਧੀ ਭੀ ਕੇਵਲ ਭਰਮ ਰੂਪ ਹੈ ਤਥਾ ਮਾਯਾ ਭੀ ਦੁਖ ਰੂਪ ਹੈ। ਉਸ ਮੇਂ ਭੀ ਸੁਖ ਬੁਧੀ ਕੇਵਲ ਭਰਮ ਹੈ। ਜੈਸੇ ਸ੍ਰੀ ਰਾਮਚੰਦ੍ਰ ਜੀ ਨੇ ਯੋਗ ਵਸ਼ਿਸ਼੍ਟ ਕੇ ਵੈਰਾਗਯ ਪ੍ਰਕਰਣ ਕੇ ੧੩ ਸਰਗ ਮੇਂ ਲਿਖਾ ਹੈ:-

**ਸ਼ਲੋਕ—ਨ ਸ੍ਰੀ ਸੁਖਾਯ ਭਗਵਾਨ੍ ਦੁਖਾਯ ਏਵ ਹੀ ਵਰਧਤੇ। ਗੁਪਤਾ ਵਿਨਾਸ਼ਨੰਧੱਤੇ ਮ੍ਰਿਤਿੰ ਵਿਖਲਤਾ ਯਥਾ ॥ ੧ ॥ ਪ੍ਰਾਗਯਾ: ਸ਼ੂਰਾ: ਕ੍ਰਿਤਗਯਾਸ੍ਚ ਪੇਸ਼ਲਾ ਮ੍ਰਿਦਵ: ਚ ਯੇ: ਪਾਂਸ਼ੂ ਪੁਟ੍ਰੀਏਵ ਮਣਯ: ਸ਼੍ਰਿਯਾ ਤੇ ਮਲਨੀ ਕ੍ਰਿਤਾ: ॥ ੨ ॥ ਮਨੋਰਮਾ ਕਰਸ਼ਤਿ ਚਿਤ ਬ੍ਰਿਤੀਂ । ਕਦਰਥ ਸਾਧਯਾਖਯਣ ਭੰਗੁਰਾਚ। ਬਯਾਲ ਆਵਲੀ ਗਾਤ੍ਰ ਵਿਵ੍ਰਿਤ ਦੇਹਾ। ਸ੍ਵਭ੍ਰਉਥਿਤਾ ਪੁਸ਼ਪਲਤੇਵ ਲਖਯਮੀ: ॥ ੩ ॥**

[ਯੋਗ ਵਸ਼ਿਸ਼੍ਟ

ਹੇ ਭਗਵਾਨ ਵਸ਼ਿਸ਼ਟ ਜੀ! ਯੇ ਮਾਯਾ ਸੁਖ ਕੇ ਵਾਸਤੇ ਨਹੀਂ ਕੇਵਲ ਦੁਖ ਬ੍ਰਿਧੀ ਵਾਸਤੇ ਹੈ ਗੁਪਤ ਹੋ ਕਰ ਮਾਰਤੀ ਹੈ ਜੈਸੇ ਵਿਖ ਕੀ ਵਲੀ ਮਾਰ ਦੇਤੀ ਹੈ॥੧॥ ਬੜੇ ਬੁਧਿਮਾਨ ਬੜੇ ਯੋਧਾ ਬੜੇ ਕ੍ਰਿਤਗਯ ਬੜੇ ਚਤੁਰ ਬੜੇ ਕੋਮਲ ਚਿਤ ਵਾਲੇ ਬੜੇ ਬੜੇ ਸ਼ਿਰੋਮਨੀ ਮਨੁਸ਼ੋਂ ਕੋ ਲਖਮੀ ਐਸੇ ਮਲਿਨ ਕਰ ਦੇਤੀ ਹੈ ਜੈਸੇ ਧੂਲੀ ਕੀ ਮੁਠੀ ਰਤਨੋਂ ਕੋ॥੨॥ ਯੇ ਮਨੋਰਮਾ ਮਾਯਾ ਚਿਤ ਬ੍ਰਿਤੀ ਕੋ ਖਿਚ ਲੇਤੀ ਹੈ ਔਰ ਬੜੇ ਕਸ਼ਟੋਂ ਸੇ ਸਾਧਯ ਹੈ ਫੇਰ ਖਿਣ ਭੰਗੁਰ ਹੈ ਯਾਨੇ ਏਕ ਖਿਣ ਮੇਂ ਨਸ਼ਟ ਹੋਣੇ ਵਾਲੀ ਹੈ ਔਰ ਸਰਪੋਂ ਕੀ ਮਾਲਾ ਕੀ ਨਿਆਈਂ ਦੁਖਦਾਈ ਹੈ। ਇਸ ਪ੍ਰਕਾਰ ਗੁਰੂ ਜੀ ਕਹਿਤੇ ਹੈਂ ਘਰ ਪੁਤ੍ਰ ਇਸਤ੍ਰੀ ਮਾਯਾ ਮੇਂ ਕੀ ਸੁਖ ਹੈ, ਕੁਛ ਸੁਖ ਨਹੀਂ। ਇਸ ਵਾਸਤੇ ਇਨ ਕੋ ਛੋੜ ਕਰ ਆਤਮਾ ਮੇਂ ਪ੍ਰੀਤਿ ਕਰਨੀ ਚਾਹੀਏ।

**ਪੁਤ੍ਰ ਕਲਤ੍ਰ ਲਛਮੀ ਮਾਇਆ ॥ ਇਨ ਤੇ ਕਹੁ ਕਵਨੈ ਸੁਖੁ ਪਾਇਆ॥**

[ਧਨਾਸਰੀ ਕਬੀਰ ਸਫਾ ੬੯੨

ਇਨ ਸੇ ਕਿਸ ਨੇ ਸੁਖ ਪਾਯਾ ? ਬ੍ਰਹਮਾ ਵਿਸ਼ਣੂ ਮਹੇਸ਼ ਕਿਸੀ ਕਾ ਨਾਮ ਤੋ ਕਹੋ ? ਵਿਸ਼ਣੂ ਭਗਵਾਨ ਘਰ ਕੇ ਦੁਖੋਂ ਸੇ ਦੁਖੀ ਹੋ ਕਰ ਹਥ ਪੈਰ ਕਟਾ ਕਰ ਜਗਨ ਨਾਥ ਮੇਂ ਜਾਕੇ ਬੈਠ ਗਏ ਔਰ ਸ਼ਿਵਜੀ ਗ੍ਰਿਹਿ ਸੇ ਦੁਖੀ ਹੋ ਕਰ ਬਿਖ ਖਾਕਰ ਮਰਨੇ ਲਗੇ ਔਰ ਬ੍ਰਹਮਾ ਜੀ ਕੀ ਤੋ ਇਸਤ੍ਰੀਓਂ ਕੇ ਵਿਰੋਧ ਸੇ ਪੂਜਾ ਹੀ ਨਹੀਂ ਹੋਤੀ। ਜੈਸੇ ਏਕ ਕਵੀ ਲਿਖਤੇ ਹੈਂ:-

**ਸ਼ਲੋਕ—ਦ੍ਵਿਭਾਰਯਾ ਪ੍ਰਕ੍ਰਿਤ ਮੁਖਰਾ ਚੰਚਲਾਪਿ ਦ੍ਵਿਤੀਯਾ ਏਕ: ਪੁਤ੍ਰੋ। ਤ੍ਰਿਭੁਵਨ ਵਿਜਯ ਮਨਮਥੋ ਦੁਰ ਨਿਵਾਰ: । ਸ਼ੇਸ ਸੇਯਾ ਜਲਧਿ**



**ਸ਼ਯਨੰ ਵਾਹਨੰ ਪੰਨ ਗਾਰਿ । ਇੱਥੰ ਸਿਮ੍ਰਿਤ੍ਵਾਸ੍ਵਗ੍ਰਹਚਰਿਤ੍ਰੰ ਦਾਰੂ ਭੂਤੋ ਮੁਰਾਰਿ: ।**

ਟੀਕਾ-ਮੁਰਾਰਿ ਯਾਨੇ ਭਗਵਾਨ ਵਿਸ਼ਣੂ ਇਸ ਪ੍ਰਕਾਰ ਘਰ ਕਾ ਚਰਿਤ੍ਰ (ਵਰਤਾਵ) ਯਾਦ ਕਰ ਲਕੜੀ ਕੇ ਬਣ ਕਰ ਜਗਨ ਨਾਥ ਮੇਂ ਜਾਕਰ ਬੈਠ ਗਏ। ਘਰ ਕਾ ਚਰਿਤ੍ਰ ਯੇਹ ਹੈ। ਦੋ ਭਗਵਾਨ ਕੀਆਂ ਇਸਤ੍ਰੀਆਂ ਥੀਆਂ ਏਕ ਤਮੋਗੁਣ ਪ੍ਰਧਾਨ ਪ੍ਰਕ੍ਰਿਤੀ ਜਗਤ ਕੇ ਰਚਨੇ ਵਾਲੀ ਦੂਸਰੀ ਰਜੋਗੁਣ ਪ੍ਰਧਾਨ ਚੰਚਲ ਮਾਇਆ, ਦੋਨੋਂ ਆਗਿਆਕਾਰੀ ਨਹੀਂ ਕਿਉਂਕਿ ਭਗਵਾਨ ਸਤੋਗੁਣੀ ਹੈਂ ਗੁਣੋ ਕਾ ਮੇਲ ਨਹੀਂ। ਇਸ ਪਰਕਾਰ ਇਸਤ੍ਰੀਓਂ ਸੇ ਦੁਖੀ ਹੈਂ ਔਰ ਏਕ ਭਗਵਾਨ ਕਾ ਪੁਤ੍ਰ ਮਨ ਮਥ ਕਾਮ ਦੇਵ ਹੈ ਓਹ ਹਟਤਾ ਨਹੀਂ ਰਿਸ਼ੀ ਮੁਨੀਓਂ ਕੋ ਤੰਗ ਕਰਤਾ ਹੈ ਉਸ ਕੇ ਉਲਾਂਭੇ ਆਤੇ ਰਹਿਤੇ ਹੈਂ। ਇਸ ਪਰਕਾਰ ਪੁਤ੍ਰ ਸੇ ਭੀ ਦੁਖੀ ਹੈਂ ਔਰ ਸਰਪ ਯਾਨੇ ਸ਼ੇਸ਼ਨਾਗ ਭਗਵਾਨ ਕੀ ਸੇਜਾ ਮੇਂ ਹੈ ਤਾਮਸੀ ਹੈ ਇਸ ਸੇ ਭੈ ਬਣਾ ਰਹਿਤਾ ਹੈ ਯਾਨੇ ਡੰਗ ਨ ਮਾਰੇ। ਔਰ ਖੀਰ ਸਮੁੰਦ੍ਰ ਮੇਂ ਸ਼ਯਨ ਹੈ ਸਹੁਰਿਓਂ ਕੇ ਘਰ। ਪਰਾਏ ਘਰ ਮੇਂ ਵਾਸ ਭੀ ਦੁਖ ਹੈ ਔਰ ਵਾਹਨ ਭਗਵਾਨ ਕਾ ਗਰੁੜ ਹੈ। ਹਿੰਸਕ ਤਥਾ ਤਮੋਗੁਣੀ ਹੈ। ਸਰਪੋਂ ਸੇ ਲੜਾਈ ਰਖਤਾ ਹੈ। ਸਾਰੇ ਤੋ ਤਮੋਗੁਣੀ ਹੈਂ ਔਰ ਭਗਵਾਨ ਹੀ ਏਕ ਸਤੋਗੁਣੀ ਹੈ। ਇਸ ਵਾਸਤੇ ਭਗਵਾਨ ਜਗਨ ਨਾਥ ਮੇਂ ਲਕੜੀ ਕੇ ਬਣ ਕਰ ਬੈਠ ਗਏ। ਔਰ ਇਸੀ ਤਰਹ ਸ਼ਿਵਜੀ ਕੇ ਬਾਰੇ ਮੇਂ ਲਿਖਾ ਹੈ:-

**ਅੱਤੁ ਵਾਂਛਤਿ ਵਾਹਨੰਗਣਪਤੇ ਰਾਖੁੰ ਖਯੁਧਾਆਰਤੋ ਫਣੀ । ਤੰਚ ਕਿਰਊਂਚ ਪਤੇ ਸਿਖੀ ਚ ਗਿਰਜਾ ਸ਼ਿੱਘੋਅਪਿ ਨਾਗਾਨਨੰ । ਗੌਰੀ ਜਨ੍ਹੁਸੁਤਾਮਸੂਯਤਿ ਨਿਸ਼ਾ ਨਥੰਕਪਾਲਨਨੋ । ਨਿਰਵਿਣਾਸ ਪਪਊਕੁਟੰਬ ਕਲ੍ਹੈਹਾਤ੍ਰ ਈਸੋ ਆਪਿਹਾਲਾਹਲੰ ॥**

ਟੀਕਾ-ਈਸ਼੍ਵਰ ਮਹਾਦੇਵ ਭੀ ਕੁਟੰਬ ਕੀ ਕਲਹ ਸੇ ਦੁਖੀ ਹੋਕਰ ਵਿਖ ਪੀਨੇ ਲਗੇ ਥੇ। ਕਿਆ ਦੁਖ ਥਾ ਸੋ ਕਹਿਤੇ ਹੈਂ। ਪਹਿਲੇ ਪੁਤ੍ਰੋਂ ਕਾ ਗਣੇਸ਼ ਔਰ ਕਾਰਤਿਕੇਯ ਕਾ ਆਪਸ ਮੇਂ ਵਿਰੋਧ ਥਾ ਸ੍ਵਾਮੀ ਕਾਰਤਿਕੇਯ ਨੇ ਗਣੇਸ਼ ਕਾ ਦਾਂਤ ਤੋੜ ਦੀਆ ਥਾ, ਤਥਾ ਜਬ ਗਣੇਸ਼ ਜੀ ਵਾਹਨ ਚੂਹੇ ਸਹਿਤ ਪਿਤਾ ਕੇ ਦਰਸ਼ਨ ਕੋ ਆਤੇ ਥੇ ਤੋ ਸਰਪ ਚੂਹੇ ਕੋ ਖਾਨੇ ਦੌੜਤੇ ਥੇ ਔਰ ਕਾਰਤਿਕੇਯ ਕਾ ਵਾਹਨ ਮੋਰ ਉਹ ਮਹਾਦੇਵ ਕੇ ਗਲੇ ਮੇਂ ਪੜੇ ਸਰਪੋਂ ਕੋ ਖਾਨੇ ਲਗਤਾ ਥਾ ਹਟਾਨੇ ਸੇ ਭੀ ਹਟਤਾ ਨ ਥਾ ਔਰ ਪਾਰਬਤੀ ਕਾ ਵਾਹਨ ਸ਼ੇਰ ਮਹਾਦੇਵ ਕੇ ਵਾਹਨ ਬੈਲ ਕੋ ਤਥਾ ਗਜਮੁਖ ਵਾਲੇ ਗਣੇਸ਼ ਕੋ ਦੇਖ ਕਰ ਖਾਨੇ ਕੋ ਦੌੜਤਾ ਥਾ ਹਟਤਾ ਨ ਥਾ। ਤਥਾ ਪਾਰਬਤੀ ਸ੍ਰੀ

ਗੰਗਾ ਜੋ ਜੋ ਮਹਾਂਦੇਵ ਕੇ ਜਟਾ ਮੇਂ ਰਹਿਤੀ ਹੈ, ਉਸ ਕੇ ਸਾਥ ਸੌਂਕਣ ਕੀ ਨਿਆਈਂ ਵਿਰੋਧ ਰਖਤੀ ਥੀ । ਹਟਾਏ ਪਰ ਵੀ ਨਹੀਂ ਹਟਤੀ ਥੀ ਔਰ ਚੰਦ੍ਰਮਾ ਤਥਾ ਤੀਸਰਾ ਨੇਤ੍ਰ ਅਗਨਾਖਜ ਸਰਦ ਗਰਮ ਹੋਨੇ ਸੇ ਆਪਸ ਮੇਂ ਵਿਰੋਧ ਰਖਤੇ ਹੈਂ । ਬ੍ਰਹਮਾ ਵਿਸ਼ਨੂ ਸ਼ਿਵ ਯੇ ਤੀਨੋਂ ਦੇਵਤਾ ਤੋ ਆਨੰਦ ਰੂਪ ਹੈਂ ਇਨ੍ਹੋਂ ਕੋ ਤੋ ਦੁਖ ਕਲੇਸ਼ ਭੀ ਨਹੀਂ ਪਰੰਤੂ ਕਵੀਓਂ ਨੇ ਯੇ ਸੂਚਨ ਕਰਾਯਾ ਕਿ ਪੁਤ੍ਰ ਕਲਤ੍ਰ ਆਦਿਕੋਂ ਮੇਂ ਇਨ ਤੀਨ ਮੁਖ ਦੇਵਤਾਓਂ ਕੋ ਭੀ ਦੁਖ ਹੂਆ ਤੋ ਕਿਆ ਔਰੋਂ ਕੋ ਨ ਹੋਗਾ ਕਿੰਤੂ ਜ਼ਰੂਰ ਹੋਗਾ ਯਾਂਤੇ ਇਨ੍ਹੋਂ ਮੇਂ ਪ੍ਰੀਤਿ ਛੋੜ ਕਰ ਆਤਮਾ ਮੇਂ ਕਰਨੀ ਚਾਹੀਏ ।

**ਪੁਤ੍ਰ ਕਲਤ੍ਰ ਲਛਮੀ ਮਾਇਆ ॥ ਇਨਤੇ ਕਹੁ ਕਵਨੈ ਸੁਖੁ ਪਾਇਆ ॥**

ਕਿਸੀ ਨੇ ਭੀ ਸੁਖ ਨਹੀਂ ਪਾਯਾ ਤਾਂਤੇ ਇਨ੍ਹੋਂ ਸੇ ਪ੍ਰੀਤੀ ਹਟਾਕਰ ਆਤਮਾ ਮੇਂ ਪ੍ਰੀਤੀ ਕਰਨੀ ਚਾਹੀਏ ਗੁਰੂ ਜੀ ਕਹਿਤੇ ਹੈਂ :–

**ਇਹੁ ਰਸੁ ਛਾਡੇ ਉਹ ਰਸ ਆਵਾ ॥ ਉਹ ਰਸ ਆਵੈ ਇਹੁ ਰਸ ਨਹੀ ਭਾਵਾ ॥**

(ਦ੍ਰਿਸ਼ਟਾਂਤ) ਜੈਸੇ ਏਕ ਰਾਜਾ ਕੇ ਅਸ੍ਵਸ਼ਾਲਾ ਮੇਂ ਏਕ ਕੀੜੀਓਂ ਕਾ ਭਵਨ ਥਾ । ਰਾਜਾ ਕੇ ਘੋੜਿਓਂ ਕੋ ਦਾਨਾ ਪਾਯਾ ਜਾਤਾ ਥਾ ਕੁਛ ਦਾਣੇ ਲਿਦ ਮੇਂ ਬਾਹਰ ਨਿਕਲ ਜਾਤੇ ਸੀ ਉਨ ਦਾਣੋਂ ਕੋ ਕੀੜੀਆਂ ਅਪਨੇ ਭਵਨ ਮੇਂ ਲੇ ਜਾਤੀਆਂ ਔਰ ਖਾ ਲੇਤੀਆਂ ਥੀਆਂ ਏਕ ਦਿਨ ਏਕ ਕੀੜੀ ਕੇ ਚਿਤ ਮੇਂ ਵਿਚਾਰ ਹੂਆ ਕਿ ਹੇ ਵਿਧਾਤਾ ਕਿਆ ਹਮਾਰੇ ਵਾਸਤੇ ਯੇ ਦਾਣੇ ਹੀ ਰਚੇ ਹਨ ਲਿਦ ਕਾ ਅੰਨ ਹੀ ਬਣਾਯਾ ਹੈ । ਮੈਂ ਪ੍ਰਤਗਯਾ ਕਰਤੀ ਹੂੰ ਅਗੇ ਵਾਸਤੇ ਮੈਂ ਯਹਿ ਦਾਣ ਨਹੀਂ ਖਾਊਂਗੀ, ਅੰਨ ਛੋਡ ਦੀਆ ਬਹੁਤ ਕੀੜੀਓਂ ਨੇ ਮਨਾਇਆ ਪਰੰਤੂ ਨ ਮਾਨੀ ਆਖਿਰ ਕੋ ਬਾਹਰ ਨਿਕਲ ਗਈ ਬਾਹਰ ਨਿਕਲਤੇ ਹੀ ਹਲਵਾਈ ਕੀ ਦੁਕਾਨ ਦੇਖੀ ਕਈ ਪ੍ਰਕਾਰ ਕੀ ਮਿਠਾਈ ਗਿਰੀ ਪੜੀ ਸੀ ਖਾਕਰ ਬੜੀ ਪ੍ਰਸੰਨ ਹੂਈ ਔਰ ਵਹਾਂ ਹੀ ਆਪਣਾ ਭਵਨ ਬਣਾ ਲੀਆ । ਫੇਰ ਵਿਚਾਰ ਕੀਆ ਕਿ ਮੈਂ ਅਪਨੇ ਸਾਥ ਵਾਲੇ ਕੋ ਭੀ ਇਹ ਰਸ ਚਖਾਊਂ ਆਕਰ ਕਹਾ ਕਿ ਚਲੋ ਮਿਠਾਈ ਖਿਲਾਊਂ ਪਰੰਤੂ ਬਹੁਤੋਂ ਨੇ ਕਹਾ ਹਮਨੇ ਮਿਠਾਈ ਦੇਖੀ ਸੁਨੀ ਭੀ ਨਹੀਂ ਤੂੰ ਝੂਠ ਬੋਲਤੀ ਹੈਂ ਬਹੁਤ ਕਹਿਨੇ ਪਰ ਦੋ ਚਾਰ ਚੀਂਟੀਆਂ ਉਨਕੇ ਸਾਥ ਗਈਂ ਪ੍ਰੰਤੂ ਅੰਨ ਕਾ ਦਾਣਾ ਮੂੰਹ ਮੇਂ ਲੇ ਗਈਂ । ਜਬ ਤਕ ਅੰਨ ਕੇ ਦਾਣੇ ਕੋ ਨਹੀਂ ਛੋੜਾ ਤਬ ਤਕ ਮਿਠਾਈ ਕਾ ਰਸ ਨਹੀਂ ਆਇਆ, ਜਬ ਅੰਨ ਕਾ ਦਾਣਾ ਛੋੜਾ ਤਬ ਮਿਠਾਈ ਕਾ ਅਨੰਦ ਆਯਾ । ਤੈਸੇ ਮਹਾਤਮਾ ਨੇ ਚਾਰੋਂ ਸ਼ਿਸ਼ੋਂ ਕੋ ਕਹਾ ਤੁਮ ਅਨਾਤਮ ਪਦਾਰਥੋਂ ਕੋ ਛੋੜੋ ਔਰ ਆਤਮ ਅਨੰਦ ਕੋ ਗ੍ਰਹਣ ਕਰੋ । ਜਬ ਉਨ੍ਹੋਂ ਨੇ ਸ਼ਰੀਰਾਦਿ ਅਨਾਤਮ ਪਦਾਰਥੋਂ ਕੋ ਛੋੜਾ ਤੋ ਆਤਮਾ ਆਨੰਦ ਕੋ ਪ੍ਰਾਪਤ ਕੀਆ । ਇਸ ਵਾਸਤੇ ਗੁਰੂ ਜੀ ਕਹਤੇ ਹੈਂ-

**(ਮੂਲ) ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥**

ਜਬ ਹੰਸ ਕੀ ਨਿਆਈਂ ਸ਼ੁਧ ਜੀਵ ਨੇ ਕਾਇਆ ਨਾਮ ਤੀਨ ਸਰੀਰ ਮਿਥਿਆ ਜਾਣਕੇ ਛੋੜ ਦੀਏ. ਤੋ ਉਨਕੀ ਧੀ ਯਾਨੇ ਬੁਧੀ ਪ੍ਰੇਤ ਯਾਨੇ ਪ੍ਰੀਯਤਰ ਤਥਾ ਪ੍ਰੀਯਤਮ ਆਤਮਾ ਹੈ ਐਸੇ ਨਿਸਚੇ ਕਰ ਆਤਮਾ ਕੀ ਓਰ ਭਾਗੀ ।



ਜੈਸੇ ਲਿਖਾ ਹੈ:–

**ਸਲੋਕ–ਅਹਲਾਦ ਰੂਪਤਾ ਯਸਜ ਸਿਸ਼ਪੁਤੇ: ਸਰਵ ਸਾਖਿਜਕੀ । ਤਤ੍ਰੋ ਪੇਖਜਾ ਭਵੇਤ੍ ਯਸਜ ਪਸ਼ੁ: ਸਜਾਤ੍ਅਨਜਥਾ ਕਥੰ । ਹਿ੍ਣਜ ਗਰਭੈ ਐਸ੍ਵਰਯੰਤੂ ਯਸ੍ਮਿਨੁ ਦ੍ਰਿਸ੍ਹੇ ਤ੍ਰਿਣਾਯਤੇ । ਸੀਮਾ ਸਰਵ ਪੁਮਰਥਾਨਾਂ ਅਪੁਮਰਥੰ ਕਥੇ ਭਵੇਤ ॥**

[ਵੇਦਾਂਤ ਮੁਕਤਾਵਲੀ

ਟੀਕਾ–ਜਿਸ ਆਤਮਾ ਕੀ ਅਹਲਾਦ ਰੂਪਤਾ ਸ਼ਿਸ਼ੁਪਤਿ ਅਵਸਥਾ ਮੇਂ ਸਰਵ ਕੋ ਅਨੁਭਵ ਸਿਧ ਹੈ । ਤਿਸ ਆਤਮਾਨੰਦ ਮੇਂ ਜਿਸ ਕੋ ਉਦਾਸੀਨਤਾ ਹੈ । ਉਸ ਸੇ ਪਰੇ ਪਸ਼ੂ ਔਰ ਕੋਨ ਹੋਗਾ ? ॥ ੧ ॥ ਬ੍ਰਹਮਾ ਕੇ ਬ੍ਰਹਮਾਂਡ ਕਾ ਐਸ਼੍ਵਰਯ ਭੀ ਜਿਸਕੇ ਆਗੇ ਯਾਨੇ ਆਤਮਾਨੰਦ ਕੇ ਆਗੇ ਤੁਛ ਲਗਤਾ ਹੈ । ਜੋ ਆਤਮਾਨੰਦ ਸਰਵ ਪੁਰਸ਼ਾਰਥੋਂ ਕੀ ਅਵਧਿ ਹੈ ਸੋ ਆਤਮਾ ਤਯਾਗਨੇ ਲਾਇਕ ਕੈਸੇ ਹੋਗਾ ਕਿੰਤੂ ਨਹੀਂ ਹੋਗਾ, ਆਨੰਦ ਸਰੂਪ ਹੋਨੇ ਤੇ ਇਹ ਵਿਚਾਰ ਕਰ ਉਨਕੀ ਬੁਧੀ ਆਤਮਾ ਸ੍ਵਰੂਪ ਕੀ ਤਰਹ ਹੀ ਭਾਗਤੀ ਹੈ । ਇਸ ਪ੍ਰਕਾਰ ਉਨਕਾ ਰਾਤ ਦਿਨ ਕਾ ਐਸਾ ਵਿਯਵਹਾਰ ਬਣਾ ਹੂਆ ਹੈ ।

**(ਮੂਲ) ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥**

[ਸੋਰਠ ਮ: ੯ ਸਫਾ ੬੩੪

ਅਰਥ–ਜਾਂ ਪੁਰਸ਼ ਨੇ ਆਤਮਾ ਸਿਉ ਨੇਹੁ ਯਾਨੇ ਪ੍ਰੀਤੀ ਲਗਾਈ ਹੈ । ਉਸ ਪੁਰਸ਼ ਕਾ ਰਾਤ ਦਿਨ ਕਾ ਬ੍ਰਹਮ ਪਰਾਯਣ ਬਯਵਹਾਰ ਬਣਾ ਹੂਆ ਹੈ ।

**ਵਿਸ਼ੁਧ ਅੰਤ: ਕਰਣੰ ਸ੍ਵਰੂਪੇ ਨਿਵੇਸ਼ਜ ਸਾਖਿਜਣਿ ਅਵਬੋਧ ਮਾਤ੍ਰੇ ॥ ਸ਼ਨੈ: ਸ਼ਨੈ ਨਿਸ੍ਚਲਿਤਾਂ ਉਪਾਨਯਨ ਪੂਰਣੰ ਸ੍ਵਮੇਵਾਨੁਵਿਲੋਕਜੇਤ੍ ਤਤ: ॥**

ਅਰਥ–ਅਤਯੰਤ ਯਾਨੇ ਸੰਗਦੋਸ਼ ਸੇ ਰਹਿਤ ਅੰਤ:ਕਰਣ ਕੋ ਪ੍ਰਤਯਗ ਅਭਿੰਨ ਬ੍ਰਹਮ ਵਿਖੇ ਤ੍ਰਿਪੁਟੀ ਕੇ ਤਿਆਗ ਪੂਰਬਕ ਪੁਨ: ਪੁਨ: ਚਿੰਤਨ ਰੂਪ ਪ੍ਰਵੇਸ਼ ਕਰਕੇ ਅੰਤ:ਕਰਣ ਕੇ ਪ੍ਰਕਾਸ਼ਕ ਚੇਤਨ ਮਾਤ੍ਰ ਵਿਖੇ ਚਿਤ ਕੋ ਅਚਲ ਕਰ ਅਪਨੇ ਵਿਆਪਕ ਪਰਿਪੂਰਣ ਭਾਵ ਕੋ ਨਿਰੰਤਰ ਅਨੁਭਵ ਕਰਤਾ ਹੈ ਐਸੇ ਨਿਰੰਤਰ ਚਿੰਤਨ ਕਰਨੇ ਵਾਲੇ ਕਾ ਯੇ ਅੰਤ ਕਾ ਜਨਮ ਹੈ ਫਿਰ ਜਨਮ ਮੇਂ ਨਹੀਂ ਆਵੇਗਾ ।

**(ਮੂਲ) ਅੰਤਿ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥**

[ਸੋਰਠ ਮ: ੯ ਸਫਾ ੨੩੪

ਟੀਕਾ–ਅੰਤ ਬਾਰ ਯਾਨੇ ਐਸੇ ਮਹਾਤਮਾ ਕਾ ਯੇਹ ਅੰਤ ਕਾ ਜਨਮ ਹੈ ਫਿਰ ਜਨਮ ਨ ਹੋਗਾ ਕਿਉਂਕਿ ਉਨ ਕੇ ਅਨੁਭਵ ਮੇਂ ਹਰਿ ਜੀ ਸੇ ਬਿਨਾਂ ਹੋਰ ਕੋਈ

ਕਾਮਿ ਯਾਨੇ ਪਦਾਰਥ ਨਹੀਂ ਆਤਾ। ਸਭ ਹਰਿ ਜੀ ਹੀ ਦਿਖਾਈ ਆਤਾ ਹੈ :-

**ਦੁਇ ਦੁਇ ਲੋਚਨ ਪੇਖਾ॥ ਹਉ ਹਰਿ ਬਿਨੁ ਅਵਰੁ ਨ ਦੇਖਾ॥**

[ਸੋਰਠਿ ਕਬੀਰ ਸਫਾ ੬੫੫

**ਪਉੜੀ॥ ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ॥ ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ॥ ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥ ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥ ਜਿਸਨੋ ਕ੍ਰਿਪਾਲੁ ਹੋਵੈ ਹਰਿ ਆਪੇ ਤਿਸਨੋ ਹੁਕਮੁ ਮਨਾਵੈ॥੬॥**

[ਬਿਹਾਗੜਾ ਵਾਰ ਮ: ੩ ਸਫਾ ੫੫੦

**ਪਉੜੀ॥ ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ॥ ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ॥ ਇਕਥੈ ਪੜਿ ਬੁਝੈ ਸਭੁ ਆਪੇ ਇਕਥੈ ਆਪੇ ਕਰੇ ਇਆਣੇ॥ ਇਕਨਾ ਅੰਦਰਿ ਮਹਲਿ ਬੁਲਾਇ ਜਾ ਆਪਿ ਤੇਰੈ ਮਨਿ ਸਚੇ ਭਾਣੇ॥ ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ॥ ੧੧॥**

[ਬਿਹਾਗੜਾ ਵਾਰ ਮ: ੩ ਸਫਾ ੫੫੨

**ਪਉੜੀ—ਆਪੇ ਸੁਰਿਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ॥ ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ॥ ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ॥ ਆਪੇ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ॥ ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ॥ ੧੨॥**

[ਬਿਹਾਗੜਾ ਵਾਰ ਮ: ੩ ਸਫਾ ੫੫੩

**ਪਉੜੀ—ਆਪੇ ਤੰਤੁ ਪਰਮਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ॥ ਆਪੇ ਦਸ ਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ॥ ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ॥ ਆਪਿ ਅਭੁਲੁ ਨ ਭੁਲੈ ਕਬਹੀ ਸਭੁ ਸਚੁ ਤਪਾਵਸੁ ਸਚੁ ਥਿਆ॥ ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ॥ ੧੩॥**

[ਬਿਹਾਗੜਾ ਵਾਰ ਮ: ੩ ਸਫਾ ੫੫੩



ਇਸ ਪਰਕਾਰ ਜਿਨ੍ਹੋਂ ਕੋ ਸਰਵਾਤਮ ਦ੍ਰਿਸ਼ਟੀ ਹੋ ਜਾਤੀ ਹੈ ਉਨ੍ਹੋਂ ਕੋ ਅੰਤ ਕੀ ਵਾਰੀ ਯਾਨੇ ਅੰਤ ਕਾ ਜਨਮ ਹੋਤਾ ਹੈ ਫੇਰ ਜਨਮ ਮੇਂ ਨਹੀਂ ਆਤੇ। ਐਸੇ ਪ੍ਰਕਰਣ ਸੰਗਤ ਕੋ ਸ੍ਰਵਣ ਕਰਾਇਆ ਕਰਤੇ ਥੇ ਪਰੰਤੂ ਭਾਈ ਕਾਕਾ ਸਿੰਘ ਜੀ ਕਾ ਚਿਤ ਬਹੁਤ ਹੀ ਖਿੜ ਜਾਯਾ ਕਰੇ ਬਹੁਤ ਸ਼ਰਧਾ ਹੂਈ, ਸਾਥ ਹੀ ਰਹਾ ਕਰੇ ਏਕ ਦਿਨ ਆਪ ਕੋ ਰਾਮ ਕੁੰਡ ਲੇ ਗਏ ਆਪ ਨੇ ਉਨਕੋ ਬੜੇ ਅਪੂਰਬ ਅਰਥ ਸੁਨਾਏ ਔਰ ਪ੍ਰਸੰਨ ਹੋਕਰ ਭਾਈ ਕਾਕਾ ਸਿੰਘ ਕਹਿਨੇ ਲਗਾ ਕਿ ਯਹਾਂ ਰਾਵਲਪਿੰਡੀ ਮੇਂ ਅਨੇਕ ਵਿਦ੍ਵਾਨ ਆਏ ਪਰੰਤੂ ਐਸੇ ਗੁਰੂ ਮਹਾਰਾਜ ਜੀ ਕੀ ਬਾਣੀ ਕੇ ਸਾਥ ਵੇਦ ਸ਼ਾਸ਼ਤ੍ਰੋਂ ਕੇ ਪ੍ਰਮਾਣ ਮਿਲਾਕੇ ਕਿਸੀ ਨੇ ਨਹੀਂ ਸਰਵਣ ਕਰਾਏ। ਆਪ ਨੇ ਪਹਿਲੇ ਪਹਿਲ ਸੁਨਾਏ ਹੈਂ ਆਪ ਧੰਨ ਹੋ ਐਸੇ ਕਹਿਤੇ ਭਏ। ਫਿਰ ਕੁਛ ਦਿਨੋਂ ਬਾਦ ਧੀਰੇ ਧੀਰੇ ਪੈਦਲ ਚਲਕਰ ਸੰਮਤ ੧੯੫੩ ਕੇ ਅੰਤ ਮੇਂ ਆਪ ਸ਼ਾਹਪੁਰ ਆ ਗਏ। ਵਹਾਂ ਆਪ ਕੂਏਂ ਤੇ ਕਪੜੇ ਧੋਕਰ ਸੁਕਾ ਰਹੇ ਸੀ। ਇਤਨੇ ਮੇਂ ਸ਼ਕਰ ਦਾਸ ਵਕੀਲ ਜੋ ਵਕਾਲਤ ਕਰਨੇ ਕੋ ਕਚਹਿਰੀ ਜਾ ਰਹਾ ਥਾ ਆਪ ਕੋ ਦੇਖ ਕਰ ਨਮਸਤੇ ਕਹੀ ਆਪਨੇ ਉਸਕੋ ਅਸ਼ੀਰਵਾਦ ਕਹੀ, ਦੋ ਤੀਨ ਮਿੰਟ ਵਾਰਤਾਲਾਪ ਹੂਆ ਆਪ ਕੋ ਸ਼ੰਕਰ ਦਾਸ ਨੇ ਭੋਜਨ ਵਾਸਤੇ ਕਹਾ। ਆਪਨੇ ਉਸਕੋ ਕਹਾ ਕਿ ਸ਼ਰਧਾ ਸੇ ਪ੍ਰਾਰਥਨਾ ਸੇ ਨਿਮਰਤਾ ਸੇ ਭੋਜਨ ਮਨਾਏਂਗਾ ਤੋ ਮਾਨ ਲੇਂਗੇ ਨਹੀਂ ਤੋ ਨਹੀਂ। ਤਬ ਸ਼ੰਕਰ ਦਾਸ ਕਹਿਨੇ ਲਗਾ ਮੈਂ ਸ੍ਵਾਮੀ ਦਯਾਨੰਦ ਕਾ ਬਣਾਯਾ ਹੂਆ ਕੱਟਰ ਸਮਾਜੀ ਹੂੰ ਮੇਰੇ ਕੋ ਪੁੰਨ ਕੀ ਕੋਈ ਇਛਾ ਨਹੀਂ ਅਗਰ ਰੋਟੀ ਖਾਣੀ ਹੋ ਤੋ ਭੇਜ ਦੇਵਾਂ ਆਪ ਨੇ ਉਸਕਾ ਭੋਜਨ ਨਹੀਂ ਮਾਨਾ। ਤਬ ਓਹ ਕਹਿਨੇ ਲਗਾ ਅੱਛਾ ਮੈਂ ਆਪ ਕੋ ਸ਼ਰਧਾ ਸੇ ਦੀਨਤਾ ਸੇ ਭੋਜਨ ਮਨਾਤਾ ਹੂੰ ਆਪ ਮੇਰਾ ਨਿਮੰਤ੍ਰਣ ਮਾਨੇਂ। ਤਬ ਆਪਨੇ ਕਹਾ ਯੇ ਕਿਤਾਬ ਰਖਦੇ ਮੇਰੇ ਕੋ ਭੰਗ ਰਗੜ ਕੇ ਪਿਲਾ ਫੇਰ ਤੇਰਾ ਨਿਮੰਤ੍ਰਣ ਮਾਨੇਂਗੇ। ਤਬ ਓਹ ਕਹਿਨੇ ਲਗਾ ਕਿਆ ਆਪ ਸਾਧੂ ਹੋ ਕੇ ਭੰਗ ਪੀਤੇ ਹੋ? ਤਬ ਆਪ ਗੰਭੀਰ ਚਿਤ ਸੇ ਕਹਿਨੇ ਲਗੇ ਹਾਂ ਹਮ ਭੰਗ ਪੀਤੇ ਹੈਂ। ਤਬ ਉਸਨੇ ਕਿਤਾਬ ਰਖ ਕਰ ਭੰਗ ਆਪ ਸੇ ਲਈ ਆਪ ਨੇ ਰਤੀ ਭਰ ਭੰਗ ਦੀ ਤਬ ਉਸਨੇ ਕਹਾ ਏ ਤਾਂ ਕੋਈ ਭੰਗ ਨਹੀਂ ਤਬ ਭੰਗ ਸਰਦਾਈ ਰਗੜਕੇ ਪਿਲਾਈ ਔਰ ਪ੍ਰਾਰਥਨਾ ਕੀ ਕਿ ਕ੍ਰਿਪਾ ਕਰਕੇ ਆਪ ਭਿਖਿਆ ਨਮਿਤ ਸਹਿਰ ਨ ਜਾਨਾ ਈਹੋਂ ਹੀ ਮੇਰਾ ਨੌਕਰ ਰੋਟੀ ਦੇ ਜਾਏਗਾ ਆਪ ਨੇ ਮਾਨ ਲੀਆ। ਐਸੇ ਕਹਿ ਕਰ ਓਹ ਕਚਹਿਰੀ ਕੋ ਚਲਾ ਗਯਾ ਔਰ ਆਪ ਵਹਾਂ ਹੀ ਬੈਠੇ ਰਹੇ ਉਸਕੋ ਭੋਜਨ ਕੀ ਬਾਤ ਭੂਲ ਗਈ ਆਪ ਭੂਖੇ ਬੈਠੇ ਰਹੇ ਜਬ ਕਚਹਿਰੀ ਸੇ ਵਾਪਸ ਲੌਟਾ ਔਰ ਆਪ ਕੋ ਬੈਠਾ ਦੇਖਾ ਤੋ ਉਸਕੇ ਮਨ ਮੇਂ ਬੜਾ ਪਸ਼ਚਾਤਾਪ ਹੂਆ ਆਪ ਸੇ ਮਾਫੀ ਮਾਂਗੀ। ਆਪ ਨੇ ਬੜੇ ਧੀਰਜ ਸੇ ਉਸਕੋ ਸਮਝਾਯਾ ਕੋਈ ਬਾਤ ਨਹੀਂ ਉਸਕੋ ਬੜੀ ਸ਼ਰਧਾ ਹੂਈ ਔਰ ਛਾਵਣੀ ਕੇ ਏਕ ਬਾਗ ਮੇਂ ਏਕ ਕੋਠੀ ਮੇਂ ਆਪ ਕਾ ਆਸਨ ਕਰਾਯਾ ਭੋਜਨ ਮੰਗਾ ਕੇ ਖਿਲਾਯਾ ਔਰ ਸੇਵਾ ਕੀ ਸਮਗ੍ਰੀ ਆਪਕੇ ਪਾਸ ਮੰਗਵਾਕੇ ਰਖ ਦਿਤੀ। ਏਕ ਨੌਕਰ ਆਪਕੀ ਟਹਿਲ ਕੇ ਵਾਸਤੇ ਰਖ ਦੀਆ। ਫੇਰ ਦਿਨੋ ਦਿਨ ਉਸਕੀ ਸ਼ਰਧਾ ਵਧਤੀ ਗਈ ਔਰ ਅਪਨੇ ਹਾਥ ਸੇ ਆਪਕੀ

ਸੇਵਾ ਕਰਤਾ ਰਹਾ। ਜਲ ਭਰਨਾ, ਇਸ਼ਨਾਨਾ ਕਰਾਨਾ, ਸਰਦਾਈ ਰਗੜ ਕੇ ਪਿਲਾਨੀ ਆਦਿ ਸੇਵਾ ਕਰਤਾ ਰਹਾ ਔਰ ਉਸਕੇ ਨਾਲ ਬ੍ਰਿਜਲਾਲਪੁਰੀ ਵਕੀਲ, ਜਗਦੀਸ ਲਾਲ ਬ੍ਰਾਹਮਣ ਸਰਿਸ਼ਤੇਦਾਰ, ਸੰਤਰਾਮ ਠਾਣੇਦਾਰ, ਭਗਤ ਮੋਰਾ ਮੱਲ, ਬਖਸ਼ੀ ਬਾਲ ਮੁਕੰਦ ਸ਼ੱਬਰ, ਏਹ ਸਭ ਸੇਵਾ ਕਰਤੇ ਰਹੇ ਔਰ ਪ੍ਰਾਤਹਕਾਲ ਇਸ਼ਨਾਨ ਕੀ ਕ੍ਰਿਆ ਰੋਜ਼ ਨਿਯਮ ਪੂਰਬਕ ਰਲਾ ਰਾਮ ਸ਼ੱਬਰ ਕਰਤਾ ਰਹਾ ਔਰ ਆਪ ਵਹਾਂ ਏਕ ਵਕਤ ਭੋਜਨ ਕਰਤੇ ਥੇ ਔਰ ਰਾਤ੍ਰੀ ਕੋ ਦੂਧ ਪੀ ਲੀਆ ਕਰਤੇ ਥੇ ਔਰ ਸਾਰੇ ਅਮਲੇ ਕੇ ਲੋਕ ਆਪ ਕੇ ਸੇਵਕ ਬਣ ਗਏ। ਆਪ ਉਨਕੋ ਸ੍ਰੀ ਧਰੀ ਟੀਕਾਵਲੀ ਗੀਤਾ ਪੜ੍ਹਾਯਾ ਕਰਤੇ ਥੇ ਸਭ ਪ੍ਰੇਮੀ ਸਾਰਾ ਦਿਨ ਗਦ ਗਦ ਰਹਾ ਕਰਤੇ ਥੇ। ਦਿਨ ਕਾ ਬਹੁਤ ਵਕਤ ਸਤਿਸੰਗੀ ਆਪ ਕੇ ਸਤਿਸੰਗ ਔਰ ਸੇਵਾ ਮੇਂ ਬਤੀਤ ਕਰਾ ਕਰਤੇ ਥੇ ਔਰ ਨਾਨਾ ਪ੍ਰਕਾਰ ਕੇ ਪ੍ਰਸ਼ਨ ਕੀਆ ਕਰਤੇ ਥੇ। ਏਕ ਦਿਨ ਸਭ ਕਠੇ ਹੋ ਕਰਕੇ ਆਪ ਸੇ ਪੂਛਨੇ ਲਗੇ ਕਿ ਜੀਵ ਕੀ ਮਰ ਕਰਕੇ ਕਿਆ ਕਿਆ ਗਤਿ ਹੋਤੀ ਹੈ। ਆਪ ਨੇ ਉਤਰ ਦੀਆ ਕਿ ੬ ਪਰਕਾਰ ਕੀ ਗਤਿ ਹੋਤੀ ਹੈ। ੧. ਗਿਆਨ-ਵਾਨ ਕੀ। ੨. ਯੋਗ ਭ੍ਰਸ਼ਟ ਕੀ। ੩. ਕਾਰਕ ਕੀ। ੪. ਉਪਾਸ਼ਕ ਕੀ। ੫. ਸ਼ੁਭ ਕਰਮੀ ਕੀ। ੬. ਪਾਪੀ ਕੀ। ਗਿਆਨਵਾਨ ਜਹਾਂ ਸਰੀਰ ਛੋਡਤਾ ਹੈ ਤਹਾਂ ਹੀ ਤੱਤੋਂ ਮੇਂ ਤਤ ਲੀਨ ਹੋ ਜਾਤੇ ਹੈਂ ਔਰ ਲਿੰਗ ਭੰਗ ਹੋ ਜਾਤਾ ਹੈ। ਪ੍ਰਮਾਣ:-

**ਯੋ ਅਕਾਮੋ ਨਿਸ਼ਕਾਮੋ ਆਪ੍ਤਕਾਮਸ੍ਯ ਆਤਮਕਾਮੋ ਨ ਤਸਯ ਪ੍ਰਾਣਾ ਉਤਕ੍ਰਾਮੰਤਿ ਅਤ੍ਰੈਵ ਸੰਵਿਲੀਯਤੇ।**

[ਬ੍ਰਹਦਾਰਣਯਕੋਪਨਿਸ਼ਦ

ਤਿਸ ਵਿਦ੍ਵਾਨ ਕੇ ਪ੍ਰਾਣ ਕਿਸੀ ਲੋਕ ਮੇਂ ਨਹੀਂ ਜਾਤੇ ਈਹਾਂ ਹੀ ਲੈ ਹੋ ਜਾਤੇ ਹੈਂ।

**(ਸ਼੍ਰੁਤਿ)—ਤਸਯਤਾਵਦੇਵਚਿਰੰ ਯਾਵਦ ਨ ਵਿਮੋਖਯੇ ਅਥ ਸੰਪਤਸਯੇ॥**

ਅਰਥ-ਤਿਸ ਵਿਦ੍ਵਾਨ ਕੋ ਵਿਦੇਹ ਮੁਕਤੀ ਮੇਂ ਤਬ ਤਕ ਦੇਰ ਹੈ ਜਬ ਤਕ ਦੇਹ ਪਾਤ ਨਹੀਂ ਹੋਤਾ ਦੇਹ ਪਾਤ ਕੇ ਅਨੰਤਰ ਬ੍ਰਹਮ ਰੂਪ ਹੋ ਜਾਤਾ ਹੈ ਭਾਵੇਂ ਕਹੀਂ ਭੀ ਸ਼ਰੀਰ ਛੋੜੇ:-

**ਸ੍ਵੈਯਾ—ਤਟ ਤੀਰਥ ਮਾਹਿ ਤਜੇ ਤਨ ਕੋ ਉਤ ਊਖਰ ਦੇਸ਼ ਵਿਖੇ ਤਨ ਡਾਰੇ। ਦਿੱਜ ਮੰਦਰ ਮੇਂ ਤਨ ਤਿਆਗ ਕਰੇ ਉਤ ਜਾਯ ਮਰੇ ਵ੍ਹ ਨੀਰ ਦੁਆਰੇ। ਹਰਿ ਧਿਆਨ ਧਰੇ ਤਨ ਤਿਆਗ ਕਰੇ ਉਤ ਹਾ ਹਾ ਕਰੇ ਦ੍ਰਿਗ ਤੇ ਜਲ ਡਾਰੇ। ਤਨ ਡਾਰਤ ਹੀ ਸੁਖ ਸਿੰਧੁ ਭਯੋ ਨਹਿ ਔਰ ਤਨੂ ਹਿਤ ਲੋਕ ਪਧਾਰੇ।**

**ਸ਼ਲੋਕ—ਤਨੁੰ ਤ੍ਯਜਤੁ ਵਾ ਕਾਸ਼ਯਾਂ ਸ੍ਵਪਚਸਯ ਗ੍ਰਹੇ ਅਥਵਾ ॥ ਗਿਆਨ ਸੰਪ੍ਰਾਪ੍ਤਿ ਸਮਯੇ ਮੁਕ੍ਤੋ ਅਸਉ ਵਿਗਤਾਸਯ: ॥ ੧ ॥ ਨੀਰੋਗ**



**ਉਪਵਿਸ਼੍ਟੋਭਾ ਰੁਗਣੋਵਾ ਵਿਲਪਨ੍ਭੁਵਿ। ਮੂਰਛਿਤੋਵਾ ਤਜਜੇਤ੍ ਪ੍ਰਾਣਾਨ੍ ਭ੍ਰਾਂਤਿਰ ਨ ਸਰਵਥਾ॥ ੨ ॥**

ਅਰਥ-ਸ਼ਰੀਰ ਕਾਂਸੀ ਮੇਂ ਛੋੜੇ ਅਥਵਾ ਚੰਡਾਲ ਕੇ ਘਰ ਮੇਂ ਛੋੜੇ ਇਛਾ ਰਹਿਤ ਗਿਆਨੁ ਸਪ੍ਰਾਪਤਿ ਕਾਲ ਮੇਂ ਹੀ ਓ ਪੁਰਸ਼ ਮੁਕਤ ਹੈ॥ ੧ ॥ ਰਿਸ਼ਟ ਪੁਸ਼ਟ ਤੰਦਰੁਸਤ ਸਿਧਾਧਨ ਮੇਂ ਬੈਠਾ ਹੂਆ ਸ਼ਰੀਰ ਕੋ ਛੋੜੇ ਅਥਵਾ ਹਾਹਾ ਕਰਤਾ ਹੂਆ ਵਾ ਮੂਰਛਿਤ ਹੋਕਰ ਸ਼ਰੀਰ ਛੋੜੇ। ਭ੍ਰਾਂਤਿਨ ਹੋਨੇ ਸੇ ਸਦਾ ਹੀ ਮੁਕਤ ਹੈ।

**ਗਤਾ: ਕਲਾ: ਪੰਚਦਸ਼ਾ ਪ੍ਰਤਿਸ੍ਠਾ: ਦੇਵਾਸ੍ਚ ਸਰਵੇ ਪ੍ਰਤਿਦੇਵ ਤਾਸੁ। ਕਰਮਾਣਿ ਵਿਗਿਆਨ ਮਯਸ੍ਚ ਆਤਮਾ ਪਰੇ ਅਵ੍ਯਯੇ ਸਰਵ ਏਕੀ ਭਵੰਤਿ ॥ ੧ ॥ ਯਥਾਨਦ੍ਯ: ਸਯੰਦਮਾਨਾ: ਸਮੁਦ੍ਰੇ ਅਸ੍ਤੰ ਗਛੰਤਿ ਨਾਮਰੂਪੇ ਵਿਹਾਯ। ਤਥਾ ਵਿਦ੍ਵਾਨ ਨਾਮ ਰੂਪਾਦ੍ ਵਿਮੁਕ੍ਤ: ਪਰਾਤਪਰੰ ਪੁਰਸ਼ ਮੁਪੈਤਿ ਦਿਵਯੰ ॥ ੨ ॥**

[ਮੰਡਕੋਪਨਿਸ਼ਦ

ਅਰਥ-(ਪ੍ਰਾਣਾਦਿ) ਪੰਦ੍ਰਹ ਕਲਾਏਂ (ਦੇਹਾਰੰਭਕ ਤਤ੍ਵ) ਅਪਨੇ ਆਸ਼੍ਰਯੋਂ ਮੇਂ ਇਸਥਿਤ ਹੋ ਜਾਤੀ ਹੈਂ। (ਚਖ੍ਯੁ ਆਦਿ ਇੰਦ੍ਰਿਯੋਂ ਕੇ ਅਧਿਸ੍ਠਾਤਾ ਸਮਸ੍ਤ ਦੇਵਗਣ ਅਪਨੇ ਪ੍ਰਤਿ ਦੇਵਤਾ (ਆਦਿਤ ਆਦਿ) ਮੇਂ ਲੀਨ ਹੋ ਜਾਤੇ ਹੈਂ! ਤਥਾ ਉਸ ਕੇ ਸੰਚਿਤਾਦਿ) ਕਰਮ ਔਰ ਵਿਗਿਆਨਮਯ ਆਤਮਾ ਆਦਿ ਸਭ ਕੇ ਸਭ ਪਰ ਤਥਾ ਅਬਿਨਾਸੀ ਦੇਵ ਮੇਂ ਏਕੀ ਭਾਵ ਕੋ ਪ੍ਰਾਪਤ ਹੋ ਜਾਤੇ ਹੈਂ। ਜਿਸ ਪਰਕਾਰ ਨਿਰੰਤਰ ਬਹਿਤੀ ਹੁਈ ਨਦੀਆਂ ਅਪਨੇ ਨਾਮ ਰੂਪ ਕੋ ਤਿਆਗ ਕਰ ਸਮੁੰਦ੍ਰ ਮੇਂ ਅਸਤ ਹੋ ਜਾਤੀ ਹੈਂ ਇਸੀ ਪ੍ਰਕਾਰ ਵਿਦ੍ਵਾਨ ਨਾਮ ਰੂਪ ਸੇ ਮੁਕਤਿ ਹੋਕਰ ਪਰਾਤਪਰ ਦਿਬਯ ਪੁਰਸ਼ ਕੋ ਪ੍ਰਾਪਤ ਹੋ ਜਾਤਾ ਹੈ। ਤਥਾ-

**ਪ੍ਰਮਾਣ—ਉਪਾਧਿ ਵਿਨਿਰ ਮੁਕਤ ਘਟਾਕਾਸ਼ਵਤ ਪ੍ਰਾਰਬਧ ਖਯਯਾਤ੍ ਵਿਦੇਹ ਮੁਕਤਿ।**

[ਮੁਕਤਿ ਕੋਪਨਿਸ਼ਦ

ਅਰਥ-ਪਰਾਰਬਧ ਕੇ ਨਾਸ਼ ਸੇ ਤੀਨੋਂ ਦੇਹੋਂ ਕੇ ਨਾਸ਼ ਕੋ ਪ੍ਰਾਪਤ ਹੋ ਕਰ ਉਪਾਧਿ ਰਹਿਤ ਘਟਾਕਾਸ਼ ਕੀ ਨਿਆਈ ਪਰਿ ਪੂਰਣ ਭਾਵ ਕੀ ਪ੍ਰਾਪਤੀ ਹੀ ਵਿਦੇਹ ਮੁਕਤੀ ਹੈ ਸੋ ਕੈਵਲਯ ਮੁਕਤੀ ਹੈ। ਕੈਵਲਯ ਮੁਕਤੀ ਕਾ ਸਰੂਪ ਮਤ ਭੇਦ ਸੇ ਇਸ ਤਰਹ ਲਿਖਾ ਹੈ। (੧) ਨਯਾਯਕ ਮਤ।

**ਸ੍ਵ ਸਮਾਨ ਅਧੀਕਰਣ ਦੁਰਤ ਪ੍ਰਾਗਾਭਾਵ ਅਸਮਾਨ ਕਾਲੀਨ ਦੁਤ ਧ੍ਵੰਸ ਮੁਕਤੀ: ॥**

ਯਾਨੇ ਇਕੀਸ ਦੂਖੋਂ ਕੀ ਨਿਵਰਤੀ ਹੀ ਮੁਕਤੀ ਮਾਨਤੇ ਹੈਂ। (੨) ਮੀਮਾਂਸਕ ਮਤ। ਅਗਨੀ ਹੋਤਰ ਦਵਾਰਾ ਸਵਰਗ ਸੁਖ ਪ੍ਰਾਪਤੀ ਮੋਖਯ ਹੈ, ਭਟ ਪਾਦ ਪ੍ਰਭਾਕਰ ਮੁਰਾਰੀ ਮਿਸ਼ਰ ਯਹਿ ਮੀਮਾਂਸਕ ਕਹਾਤੇ ਹੈਂ। (੧) ਭਟਪਾਦ ਨਿਤ ਸੁਖ ਕੀ ਅਭਿਵਯਕਤੀ ਕੋ ਮੋਖਸ਼ ਕਹਿਤਾ ਹੈ। (੨) ਪ੍ਰਭਾਕਰ ਆਤਮ ਗਿਆਨ ਪੂਰਬਕ ਵੈਦਕ ਕਰਮਾਨੁਸ਼੍ਟਾਨ ਸੇ ਮੂਲ ਸਹਿਤ ਧਰਮਾਧਰਮ ਕੇ ਖੈ ਨਿਮਿਤਕ ਜੋ ਦੇਹ ਇੰਦ੍ਰਿਯਾਦਿਕੋਂ ਕੇ ਸਬੰਧ ਕਾ ਅਤਯੰਤ ਉਛੇਦ ਹੈ ਉਸ ਕੋ ਮੁਕਤੀ ਕਹਿਤਾ ਹੈ। (੩) ਮੁਰਾਰੀ ਮਿਸ਼ਰ ਦੂਖੋਂ ਕਾ ਜੋ ਆਤਮਾ ਮੇਂ ਸਮਾਯਕ ਅਤਯੰਤਾਭਾਵ ਹੈ ਉਸਕੋ ਮੁਕਤੀ ਕਹਿਤਾ ਹੈ। (੩) ਸਾਂਖਯਮਤ ਪਰਕਿਰਤੀ ਪੁਰਸ਼ ਕੇ ਵਿਵੇਕ ਤੇ ਦੂਖ ਨਵਿਰਤੀ ਪੂਰਬਕ ਜੋ ਆਤਮਾ ਅਸੰਗ ਆਦਿ ਰੂਪ ਇਸਥਿਤੀ ਹੈ ਉਸ ਕੋ ਮੁਕਤੀ ਕਹਿਤਾ ਹੈ। (੪) ਜੋਗ ਮਤ ਯਾਨੇ ਪਾਤੰਜਲ ਮਤ, ਪੰਜ ਕਲੇਸ਼ ਯਾਨੇ (੧) ਅਵਿਦਿਆ (੨) ਅਸਮਿਤਾ, (੩) ਰਾਗ, (੪) ਦ੍ਵੇਸ਼, (੫) ਅਭੀਨ੍ਵੇਸ਼ ਯਾਨੀ ਹਠ ਯਹ ਪੰਜ ਕਲੇਸ਼ ਔਰ ਤੀਨ ਪ੍ਰਕਾਰ ਕਾ ਕਰਮ ਫਲ ਯਾਨੀ ਜਾਤੀ ਆਯੂ ਭੋਗ ਯਹਿ ਸਭ ਪ੍ਰਾਧੀਨਤਾ ਰੂਪ ਬੰਧਨ ਹੈਂ, ਅਸ਼ਟਾਂਗ ਯੋਗ ਤੇ ਇਨਕੀ ਨਵਿਰਤੀ ਰੂਪ ਜੋ ਸੁਤੰਤ੍ਰਤਾ ਹੈ ਸੋਈ ਮੁਕਤੀ ਹੈ। (੫) ਪਸ਼ੂਪਤਿ ਮਤ, ਪਸ਼ੂ ਰੂਪ ਜੀਵ ਕਾ ਪਸ਼ੂ ਪਤੀ ਪਰਮੇਸ਼ਰ ਕੇ ਪੂਜਨ ਧਿਆਨ ਆਦਿਕੋਂ ਸੇ ਬੰਧ ਰੂਪ ਫਾਸੀ ਕੇ ਨਵਿਰਤੀ ਪੂਰਬਕ ਜੋ ਪੁੰਨ ਆਬ੍ਰਿਤੀ ਤੇ ਰਹਿਤ ਪਸ਼ੂ ਪਤੀ ਕੇ ਸਮੀਪ . ਗਮਨ ਹੀ ਮੁਕਤੀ ਹੈ। (੬) ਨਾਰਦ ਯਾਨੇ ਵੈਸ਼ਨੋ ਮਤ, ਨਾਰਦ ਪੰਜਰਾਤਰ ਗ੍ਰੰਥ ਵਿਖੇ ਵਿਸ਼ਨੂੰ ਭਗਤੋਂ ਕੇ ਜੋ ਧਰਮ ਕਥਨ ਕੀਏ ਹੈਂ ਉਨ ਧਰਮੋਂ ਕੇ ਅਨੁਸ਼ਠਾਨ ਸੇ ਵਿਸ਼ਨੂੰ ਕੇ ਪ੍ਰਸਾਦ ਪੂਰਬਕ ਪੁਨਰਾਬ੍ਰਿਤੀ ਰਹਿਤ ਜੋ ਵਿਸ਼ਨੂੰ ਲੋਕ ਮੇਂ ਗਮਨ ਹੈ ਯਹੀ ਮੁਕਤੀ ਹੈ। (੭) ਹੈਰਨਯ ਗਰਭ। ਪੰਚਾਗਨੀ ਵਿਦਿਆ ਸੇ ਅਰਚੀ ਮਾਰਗ ਦਵਾਰਾ ਜੋ ਪੁਨਰਬ੍ਰਿਤੀ ਰਹਿਤ ਬ੍ਰਹਮ ਲੋਕ ਕੀ ਪ੍ਰਾਪਤੀ ਹੈ ਯਹੀ ਮੁਕਤੀ ਹੈ। (੮) ਵੇਦਾਂਤ ਕੇ ਤੀਨ ਮਤ ਹੈਂ-੧. ਏਕ ਡੰਡੀ ਵੇਦਾਂਤੀ, ਮਹਾਂ ਵਾਕਯਸ੍ਰਵਣ ਤੇ ਜੋ ਅਵਿਦਿਆ ਆਦਿ ਸਭ ਉਪਾਧੀਓਂ ਸੇ ਰਹਿਤ ਆਤਮਾ ਕੀ ਅਸੰਗ ਬ੍ਰਹਮ ਰੂਪ ਤੇ ਜੋ ਇਸਥਿਤੀ ਹੈ ਇਸ ਕਾ ਨਾਮ ਮੁਕਤੀ ਹੈ। ੨. ਤ੍ਰਿਡੰਡੀ ਵੇਦਾਂਤੀ, ਗਿਆਨ ਕਰਮ ਕੇ ਸਮੁਚੇ ਕੇ ਅਭਿਆਸ ਤੇ ਕਾਰਨ ਰੂਪ ਬ੍ਰਹਮ ਮੇਂ ਕਾਰਯ ਰੂਪ ਜੀਵ ਕਾ ਕਰਮ ਵਾਸ਼ਨਾ ਸਹਿਤ ਭੇਦ ਅੰਸ਼ ਕੀ ਨਵਿਰਤੀ ਰੂਪ ਲਯ ਹੋਵੇ ਹੈ ਸੋਈ ਮੁਕਤੀ ਹੈ। ੩. ਅਨਯ ਵੇਦਾਂਤੀ-ਗਿਆਨ ਕਰਮ ਸਮੁਚੇ ਸੇ ਜੀਵ ਕੀ ਸਵਿਕਾਰ ਅਵਸਥਾ ਤਿਆਗ ਪੂਰਬਕ ਜੋ ਨਿਰਵਿਕਾਰ ਰੂਪ ਸੇ ਇਸਥਿਤੀ ਹੈ ਯਹੀ ਮੁਕਤੀ ਹੈ। (ਰਾਮਾਨੁਜ, ਵਾਸਦੇਵ ਭਗਵਾਨ ਮੇਂ ਸਰਬ ਜਗਤ ਕਰਤ੍ਰਿਤ੍ਵ ਧਰਮ ਕੋ ਛੋੜ ਕੇ ਬਾਕੀ ਜੋ ਭਗਵਾਨ ਕੇ ਧਰਮ ਹੈਂ ਉਨ ਧਰਮੋਂ ਕੀ ਪ੍ਰਾਪਤੀ ਪੂਰਬਕ ਜੋ ਭਗਵਾਨ ਕੇ ਸਰੂਪ ਕਾ ਅਨੁਭਵ ਹੈ ਸੋਈ ਮੁਕਤੀ ਹੈ। (੧੦) ਮਧੁਮਤ, ੧. ਜਗਤ੍ਰ ਕਰਤ੍ਰਿਤ੍ਰ ੨. ਲਖਮੀ, ੩. ਸ੍ਰੀ ਵਤਸ, ਇਨ ਤੀਨ ਧਰਮੋਂ ਕੋ ਛੋੜ ਕਰ ਬਾਕੀ



ਭਗਵਾਨ ਕੇ ਜਿਤਨੇ ਧਰਮ ਹੈਂ ਉਨ ਸਦਰਸ਼ ਧਰਮੋਂ ਕੀ ਪ੍ਰਾਪਤੀ ਮੁਕਤੀ ਹੈ, ਵਹੁ ਮੁਕਤੀ-੧. ਸਾਲੋਕਯ ੨. ਸਾਮੀਪਯ, ੩. ਸਾਰੂਪਯ, ੪. ਸਾਯੁਜ, ਇਸ ਭੇਦੋਂ ਸੇ ਚਾਰ ਪ੍ਰਕਾਰ ਕੀ ਹੈ। (੧੧) ਵਲਭਮਤ-ਗੋਲੋਕ ਮੇਂ ਦੋ ਭੁਜਾ ਵਾਲੇ ਭਗਵਾਨ ਕੇ ਸਾਥ ਅੰਸ਼ ਰੂਪ ਜੀਵ ਕੋ ਜੋ ਰਾਸ਼ਲੀਲਾ ਕਾ ਅਨੁਭਵ ਯਹੀ ਮੁਕਤੀ ਹੈ। (੧੨) ਵਿਯਾਕਰਨਮਤ ਪਰਾ, ਪਸ਼ੰਤੀ ਮਧਮਾ, ਵੈਖਰੀ ਯਹ ਚਾਰ ਬਾਣੀਆਂ ਹੈਂ-੧ ਪਰਾਬ੍ਰਹਮ ਰੂਪ ਹੈ ਤਿਸਕਾ ਦਰਸ਼ਨ ਹੀ ਮੁਕਤੀ ਹੈ। (੧੩) ਰਸ ਈਸ਼੍ਵਰ ਵਾਦੀ ਪਾਰਦ ਰਸ ਕੇ ਪਾਨੇ ਕਰਨੇ ਸੇ ਜਰਾ ਮਰਨ ਰਹਿਤ ਜੋ ਦੇਹ ਕੀ ਇਸਥਿਤੀ ਰੂਪ ਜੀਵਨ ਮੁਕਤੀ ਹੈ ਯਹੀ ਮੁਕਤੀ ਪਦਾਰਥ ਹੈ। (੧੪) ਚਾਰ ਵਾਕ ਯਾਨੀ ਦੇਹ ਆਤਮਵਾਦੀ ਇਸ ਕੇ ਦੋ ਮਤ ਹੈਂ। ੧. ਵਿਧੀ ਨਿਸ਼ੇਧ ਤੇ ਰਹਿਤ ਹੋ ਕਰ ਜੋ ਸੁਤੰਤਰਤਾ ਹੈ ਯਹੀ ਮੁਕਤੀ ਹੈ। ੨. ਸ਼ਰੀਰ ਰੂਪਾਤਮਾ ਕੀ ਜੇ ਮ੍ਰਿਤਯੂ ਹੈ ਯਹੀ ਮੁਕਤੀ ਹੈ। (੧੫) ਸ਼ੂਨਯਵਾਦੀ-ਸਰਬ ਜਗਤ ਸ਼ੂਨਯ ਰੂਪ ਹੈ ਐਸੇ ਸ਼ੂਨਯ ਆਤਮਾ ਕੇ ਤਤ ਗਿਆਨ ਸੇ ਜੋ ਸ਼ੂਨਯ ਭਾਵ ਕੀ ਪ੍ਰਾਪਤੀ ਹੈ ਯਹੀ ਮੁਕਤੀ ਹੈ। (੧੬) ਵਿਗਿਆਨਵਾਦੀ ਯੋਗਾਚਾਰ, ਪ੍ਰਵਿਰਤੀ ਵਿਗਿਆਨ ਧਾਰਾ ਕੇ ਉਛੇਦ ਯਾਨੀ ਨਿਵਿਰਤ ਹੋਨੇ ਸੇ ਜੋ ਕੇਵਲ ਆਲਯ ਵਿਗਿਆਨ ਧਾਰਾ ਕੀ ਪ੍ਰਾਪਤੀ ਹੈ ਯਹੀ ਮੁਕਤੀ ਹੈ। (੧੭) ਅਰਹੰਤ ਮਤ, ਸੋ ਦੋ ਪ੍ਰਕਾਰ ਕਾ ਹੈ। ੧. ਅਸ਼ਟ ਪ੍ਰਕਾਰ ਕੇ ਕਰਮ ਰੂਪ ਬੰਧਨ ਸੇ ਰਹਿਤ ਸਮਾਧੀ ਕਰਕੇ ਸੁਖ ਏਕ ਰੂਪ ਨਿਰਾਵਰਨ ਗਿਆਨ ਰੂਪ ਆਤਮਾ ਕਾ ਜੋ ਸੁਤੰਤਰ ਹੋਕਰ ਨਿਰੰਤਰ ਊਰਧ ਗਮਨ ਹੈ ਸੋਈ ਮੁਕਤੀ ਹੈ। ੨. ਆਲੋਕਕ ਆਕਾਸ਼ ਵਿਖੇ ਜੋ ਗਮਨ ਹੈ ਸੋਈ ਮੁਕਤੀ ਨੇ। [ਇਤੀ ਮੁਕਤੀ ਵਾਦ] ਪ੍ਰਮਾਣ ਨਿਆਇ ਪ੍ਰਕਾਸ਼। ਈਹਾਂ ਏਕ ਦੰਡੀ ਵੇਦਾਂਤੀ ਕੀ ਰੀਤੀ ਅਨੁਸਾਰ ਮੁਕਤੀ ਕਾ ਨਿਰੂਪਣ ਹੈ। ਪ੍ਰਮਾਣ:-

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥**

[ਗਉੜੀ ਸੁਖਮਨੀ ਮ: ੫ ਸਫਾ ੨੭੮

'ਬ੍ਰਹਮੈਵਸਨ ਬ੍ਰਹਮਾਪੇਜਤਿ' ਬ੍ਰਹਮ ਰੂਪ ਹੋਕਰ ਬ੍ਰਹਮ ਕੋ ਪ੍ਰਾਪਤਿ ਹੋਤਾ ਹੈ। ਯੇ ਪਹਿਲੀ ਗਤੀ ਵਿਦੇਹ ਕੰਵਲਯ ਰੂਪ ਗਿਆਨਵਾਨੋਂ ਕੀ ਕਹੀ। ਦੂਸਰੀ ਗਤੀ ਯੋਗ ਭ੍ਰਸ਼ਟੋਂ ਕੀ ਹੈ ਏਕ ਜਨਮ ਯਾ ਦੋ ਜਨਮ ਪਾ ਕਰ ਮੁਕਤ ਹੋ ਜਾਤਾ ਹੈ। ਜੈਸੇ ਗੀਤਾ ਮੇਂ ਭਗਵਾਨ ਜੀ ਸੇ ਅਰਜਨ ਨੇ ਪੂਛਾ ਹੈ:-

**ਪ੍ਰਮਾਣ-ਅਯਤਿ: ਸ਼੍ਰੱਧਯਾ ਉਪੇਤ: ਯੋਗਾਤ ਚਲਿਤ੍ ਮਾਨਸ: । ਅਪ੍ਰਾਪਯ ਯੋਗ ਸੰਸਿੱਧਿੰ ਕਾਂ ਗਤਿੰ ਕ੍ਰਿਸ਼ਣ ਗਛਤਿ ॥੩੭॥ ਕੱਚਿਤ ਨ ਉਭਯ ਵਿਭ੍ਰਸ਼੍ਟ: ਛਿੱਨਾਭ੍ਰਮ੍ ਇਵ ਨਸ਼ਯਤਿ । ਅਪ੍ਰਤਸ਼ੋ: ਮਹਾਬਾਹੋ ਵਿਮੂਢੋ ਬ੍ਰਾਹਮਣ: ਪਥਿ ॥ ੩੮ ॥ ਏਤਤ੍ ਮੇ ਸੰਸ਼ਯੰ ਕ੍ਰਿਸ਼ਣ ਛੇਤ੍ਰੁ**

**ਅਰਹਸਿ ਅਸ਼ੇਸ਼ਤ: । ਤ੍ਵਦਨਜ: ਸੰਸ਼ਯਸਜ ਅਸਜ ਛੇੱਤਾ ਨਹਿ ਉਪਪਦਜਤੇ ॥੩੯॥**

[ਗੀਤਾ ਅਧਜਾਯ ੬

ਅਰਥ–ਹੇ ਕ੍ਰਿਸਨ ਯੋਗ ਸੇ ਗਿਰ ਗਯਾ ਹੈ ਮਨ ਜਿਸਕਾ ਐਸਾ ਸਿਥਿਲ ਯਤਨ ਵਾਲਾ ਸ਼ਰਧਾ ਯੁਕਤ ਪੁਰਸ਼ ਆਤਮ ਗਜਾਨ ਕੋ ਨ ਪ੍ਰਾਪਤ ਹੋਕਰ ਕਿਸ ਗਤੀ ਕੋ ਪ੍ਰਾਪਤ ਹੋਤਾ ਹੈ ॥ ੩੭ ॥ ਹੇ ਮਹਾ ਭੁਜਾ ਵਾਲੇ ਕ੍ਰਿਸ਼ਨ ! ਕਿਆ ਵੋਹ ਆਤਮ ਗਿਆਨ ਸੇ ਮੋਹਿਤ ਹੂਆ, ਆਸ਼੍ਰਯ ਰਹਿਤ ਹੂਆ ਛਿਨ ਭਿੰਨ ਬਾਦਲ ਕੀ ਨਿਆਈਂ ਦੋਨੋਂ ਸੇ ਯਾਨੇ ਭਗਵਤ ਪ੍ਰਾਪਤੀ ਔਰ ਸੰਸਾਰ ਭੋਗੋਂ ਸੇ ਭ੍ਰਸ਼ਟ ਤੋ ਨਹੀਂ ਹੋ ਜਾਤਾ ? ॥ ੩੮ ॥ ਹੇ ਕ੍ਰਿਸਨ ਮੇਰੇ ਇਸ ਸੰਸ਼ਯ ਕੋ ਸੰਪੂਰਣਤਾ ਸੇ ਛੇਦਨ ਯਾਨੇ ਦੂਰ ਕਰਨੇ ਮੇਂ ਆਪ ਹੀ ਸਮਰਥ ਹੋ, ਕਿਊਂਕਿ ਆਪਕੇ ਸਿਵਾਇ ਦੂਸਰਾ ਪੁਰਸ ਇਸ ਸੰਸਯ ਕੇ ਦੂਰ ਕਰਨੇ ਮੇਂ ਮਿਲਨਾ ਕਠਨ ਹੈ। ੩੯ ॥

**[ਭਗਵਾਨੋਵਾਚ] ਪਾਰਥਨੇਵੇਹਨਾਮੁਤ੍ਰ ਵਿਨਾਸਸ੍ਯਸਜ ਵਿਦਜਤੇ । ਨਹਿ ਕਲਜਾਣ ਕ੍ਰਿਤ ਕਸ੍ਚਿਤ ਦੁਰਗਤਿੰ ਤਾਤ ਗਛਤਿ ॥੪੦॥ ਪ੍ਰਾਪਜ ਪੁੰਨਜ ਕ੍ਰਿਤਾਂ ਲੋਕਾਨ੍ ਉਸ਼ਿਤ੍ਵਾ ਸ਼ਾਸ਼੍ਵਤੀ: ਸਮਾ: । ਸ਼ੁਚੀਨਾਂ ਸ਼੍ਰੀਮਤਾਂ ਗੇਹੇ ਯੋਗ ਭ੍ਰਸ਼੍ਟੋ ਅਭਿਜਾਯਤੇ ॥ ੪੧ ॥ ਅਥਵਾ ਯੋਗੀਨਾਮੇਵ ਕੁਲੇ ਭਵਤਿ ਧੀਮਤਾਂ । ਏਤਦ੍ਧਿ ਦੁਰਲਭਤਰੰ ਲੋਕੇ ਜਨਮ ਯਤ੍ ਈਦ੍ਰਸ਼ੰ ॥੪੨॥ ਤਤ੍ਰ ਤੰ ਬੁਧਿ ਸੰਯੋਗੰ ਲਭਤੇ ਪਊਰਵ ਦੇਹਿਕੰ । ਯਤਤੇ ਚ ਤਤੋ ਭੂਯ: ਸੰਸਿਧਊ ਕੁਰੂ ਨੰਦਨ ॥ ੪੩ ॥**

ਅਰਥ–ਹੇ ਪਾਰਥ ਅਰਜੁਨ ! ਉਸ ਯੋਗਭ੍ਰਸ਼ਟ ਕਾ ਨ ਇਸ ਲੋਕ ਮੇਂ ਨ ਪਰਲੋਕ ਮੇਂ ਨਾਸ਼ ਹੋਤਾ ਹੈ। ਜਿਸ ਵਾਸਤੇ ਹੇ ਪਿਆਰੇ ਕੋਈ ਭੀ ਭਗਵਤ ਅਰਥ ਕਰਮ ਕਰਨੇ ਵਾਲਾ ਦੁਰਗਤਿ ਕੋ ਨਹੀਂ ਪ੍ਰਾਪਤ ਹੋਤਾ ॥ ੪੦ ॥ ਯੋਗ ਭ੍ਰਸ਼੍ਟ ਪੁਰਸ਼ ਪੁਨਯਵਾਨੋਂ ਕੇ ਲੋਕੋਂ ਕੋ ਅਰਥਾਤ ਬ੍ਰਹਮ ਲੋਕਾਦਿ ਉਤਮ ਲੋਕੋਂ ਕੋ ਪ੍ਰਾਪਤ ਕਰ ਉਨ ਮੇਂ ਬਹੁਤ ਵਰਸ਼ੋਂ ਤਕ ਵਾਸ ਕਰਕੇ ਸੁਧ ਆਚਰਣ ਵਾਲੇ ਔਰ ਧਨਾਢਯ ਪੁਰਸ਼ ਕੇ ਘਰ ਮੇਂ ਜਨਮ ਲੇਤਾ ਹੈ, ਰਾਜਾ ਜਨਕ ਕੀ ਨਿਆਈਂ ॥ ੪੧ ॥ ਅਥਵਾ ਵੈਰਾਗਜ ਵਾਨ ਪੁਰਸ਼ ਉਨ ਲੋਕੋਂ ਮੇਂ ਨ ਜਾਕਰ ਗਿਆਨਵਾਨ ਯੋਗੀਓਂ ਕੇ ਕੁਲ ਮੇਂ ਹੀ ਜਨਮ ਲੇਤਾ ਹੈ, ਪਰੰਤੂ ਇਸ ਪ੍ਰਕਾਰ ਕਾ ਜੋ ਯੇ ਜਨਮ ਹੈ ਸੋ ਸੰਸਾਰ ਮੇਂ ਨਿਸਚੇ ਕਰਕੇ ਅਤਿ ਦੁਰਲਭ ਹੈ ॥ ੪੨ ॥ ਵਹਾਂ ਉਸ ਪਹਿਲੇ ਸਰੀਰ ਮੇਂ ਸਾਧਨ ਕੀਏ ਹੂਏ ਬੁਧਿ ਕੇ ਸੰਯੋਗ ਕੋ ਅਰਥਾਤ ਸਮੱਤ ਬੁਧਿ ਯੋਗ ਕੇ ਸੰਸਕਾਰੋਂ ਕੋ ਅਨਾਯਾਸ ਸੇ ਹੀ ਪ੍ਰਾਪਤ ਹੋ ਜਾਤਾ ਹੈ ਔਰ ਉਸਕੇ ਪ੍ਰਭਾਵ ਸੇ ਹੀ ਫਿਰ ਅਛੀ ਪ੍ਰਕਾਰ ਭਗਵਤ ਪ੍ਰਾਪਤੀ ਕੇ ਨਮਿੱਤ ਯਤਨ ਕਰਤਾ ਹੈ ॥੪੩॥

**ਸ਼ਲੋਕ–ਪੂਰਵਾਭਜਾਸੇਨ ਤੇਨੈਵ ਹ੍ਰਿਯਤੇ ਹਿ ਅਵਸ਼ੋ ਅਪਿਸ: ਜਗਿਆਸ੍ਰ**



**ਰਪਿ ਯੋਗਸਜ ਸ਼ਬਦ ਬ੍ਰਹਮਾ ਤਿਵਰਤਤੇ ॥ ਪ੍ਰਯਤਨਾਤ੍ ਯਤਮਾਨਸ੍ਤੁਯੋਗੀ ਸੰਸ਼ੁੱਧ ਕਿਲ੍ਬਿਸ਼: ॥ ਅਨੇਕ ਜਨਮ ਸੰਸਿਧੀ:ਤਤੋ ਯਾਤਿ ਪਰਾਂਗਤਿੰ॥**

ਅਰਥ–ਸੋ ਸ੍ਰੀ ਮਾਨੋਂ ਕੇ ਘਰ ਮੇਂ ਜਨਮ ਲੇਨੇ ਵਾਲਾ ਯੋਗ ਭ੍ਰਸ੍ਟ ਪੁਰਸ਼ ਵਿਸ਼ਯੋਂ ਕੇ ਵਸ਼ ਮੇਂ ਹੂਆ ਭੀ ਉਸ ਪਹਿਲੇ ਕੇ ਅਭਿਆਸ ਸੇ ਹੀ ਨ੍ਰਿਸੰਦੇਹ ਭਗਵਤ ਪ੍ਰਾਪਤੀ ਕੀ ਓਰ ਖੈਂਚਾ ਜਾਤਾ ਹੈ । ਤਥਾ ਸੱਮਤ ਬੁਧ ਰੂਪ ਯੋਗ ਕਾ ਜਗਿਆਸੂ ਭੀ ਵੇਦ ਮੇਂ ਕਹੇ ਹੂਏ ਕਰਮ ਉਪਾਸ਼ਨਾ ਕੇ ਫਲੋਂ ਕੋ ਉਲੰਘਨ ਕਰ ਜਾਤਾ ਹੈ । ਇਸ ਪ੍ਰਕਾਰ ਅਨੇਕ ਜਨਮੋਂ ਸੇ ਅੰਤ:ਕਰਣ ਕੀ ਸ਼ੁਧਿ ਰੂਪ ਸਿਧਿ ਕੋ ਪ੍ਰਾਪਤ ਹੂਆ ਔਰ ਅਤਿ ਪ੍ਰਯਤਨ ਸੇ ਅਭਿਆਸ ਕਰਨੇ ਵਾਲਾ ਯੋਗੀ ਸੰਪੂਰਣ ਪਾਪੋਂ ਸੇ ਅਛੀ ਪ੍ਰਕਾਰ ਸ਼ੁਧ ਹੋਕਰ ਉਸ ਸਾਧਨ ਕੇ ਪ੍ਰਭਾਵ ਸੇ ਪਰਮ ਗਤਿ ਕੋ ਪ੍ਰਾਪਤ ਹੋਤਾ ਹੈ, ਅਰਥਾਤ ਪ੍ਰਮਾਤਮਾ ਕੋ ਪ੍ਰਾਪਤ ਹੋਤਾ ਹੈ। ਇਸ ਪ੍ਰਕਾਰ ਯੋਗ ਭ੍ਰਸ਼ਟ ਪੁਰਸ਼ ਏਕ ਯਾ ਦੋ ਜਨਮੋਂ ਕੋ ਪਾ ਕਰ ਮੁਕਤ .ਹੋ ਜਾਤਾ ਹੈ। ਯੇ ਦੂਸਰੀ ਗਤਿ ਹੈ ਔਰ ਤੀਸਰੀ ਗਤਿ ਕਾਰਕੋਂ ਕੀ ਹੈ। ਕਾਰਕੋਂ ਕੀ ਚਾਰੋਂ ਯੁਗ ਹਜ਼ਾਰ ਵਾਰੀ ਗੁਜ਼ਰ ਜਾਵੇਂ ਉਤਨਾ ਬ੍ਰਹਮਾ ਜੀ ਕਾ ਏਕ ਦਿਨ ਹੈ । ਉਸ ਕੋ ਏਕ ਕਲਪ ਕਹਿਤੇ ਹੈਂ । ਏਕ ਕਲਪ ਬੀਤੇ ਬਿਨਾਂ ਉਨ ਕੀ ਵਿਦੇਹ ਮੁਕਤੀ ਨਹੀਂ ਹੋਤੀ ਇਤਨੀ ਉਨ ਮੇਂ ਦੇਰ ਹੈ ਬਾਕੀ ਆਪਣੀ ਇਛਾ ਸੇ ਜਹਾਂ ਰਹੇਂ ਵਹਾਂ ਰਹਿ ਸਕਤੇ ਹੈਂ, ਔਰ ਜਹਾਂ ਜਾਨਾ ਚਾਹੇਂ ਜਾ ਸਕਤੇ ਹੈਂ । ਔਰ ਜੋ ਚਾਹੇਂ ਉਹ ਚੀਜ਼ ਉਨਕੋ ਮਿਲ ਸਕਤੀ ਹੈ ਪਰੰਤੂ ਵਿਦੇਹ ਮੁਕਤੀ ਨਹੀਂ ਹੋ ਸਕਤੀ । ਏ ਵਾਰਤਾ ਬਜਾਸ ਭਗਵਾਨ ਨੇ ਅਪਨੇ ਬਨਾਏ ਬ੍ਰਹਮ ਸੂਤ੍ਰ ਕੇ ਤੀਸਰੇ ਅਧਯਾਯ ਕੇ ਤੀਸਰੇ ਪਾਦ ਕੇ ੩੨ ਬਤੀਸਵੇਂ ਸ਼ਲੋਕ ਮੇਂ ਲਿਖੀ ਹੈ:–

**ਯਾਵਦਧਿਕਾਰ ਮਵਸਿਥਤਿ ਰਾਧਿਕਾਰਿਕਾਣਾਂ ॥**

[ਬ੍ਰਹਮ ਸੂਤ੍ਰ

ਜਬ ਤਕ ਕਾਰਕ ਪੁਰਸ਼ੋਂ ਕਾ ਅਧਿਕਾਰ ਹੈ । ਯਾਨੇ ਏਕ ਕਲਪ ਪਰਯੰਤ ਆਯੂ ਹੈ ਤਬ ਤਕ ਕਾਰਕ ਪੁਰਸ਼ੋਂ ਕੇ ਸ਼ਰੀਰ ਕੀ ਇਸਥਿਤਿ ਰਹਤੀ ਹੈ । ਪਰੰਤੂ ਉਨ੍ਹੋਂ ਕੋ ਸ੍ਵੰ ਸਰੂਪ ਮੇਂ ਅਗਿਆਨ, ਭਰਮ, ਆਦਿ ਨਹੀਂ ਹੋਤੇ, ਔਰ ਨ ਉਨ੍ਹੋਂ ਕੋ ਗੁਰੂ ਧਾਰਣ ਕਰਨੇ ਕੀ ਆਵਸ਼ਜਕਤਾ ਹੈ। ਅਪਨੀ ਇਛਾ ਸੇ ਲੋਕੋਂ ਕੇ ਊਪਰ ਅਨੁਗ੍ਰਹ ਕਰਤੇ ਹੁਏ ਵਿਚਰਤੇ ਹੈਂ। ਤਥਾ ਗੁਰੂ ਜੀ ਭੀ ਲਿਖਤੇਂ ਹੈਂ–

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

[ਸੂਹੀ ਮ: ੫ ਸਫਾ ੭੪੯

ਇਸ ਪ੍ਰਕਾਰ ਤੀਸਰੀ ਗਤਿ ਕਾਰਕੋਂ ਕੀ ਕਹੀ ਹੈ । ਚਊਥੀ ਗਤਿ ਉਪਾਸ਼ਕੋਂ ਕੀ ਹੈ। ਪ੍ਰਮਾਣ–

**ਤੇ ਯ ਏਵ ਮੇਤਤ੍ ਵਿਦੁਰਯੇ ਚਾਮੀ ਅਰਣਯੇ ਸ਼੍ਰੱਧਾਂ ਸਤਯਮੁਪਾਸਤੇ ਤੇ**

**ਅਰਚਿਰਭਿ ਸੰਭਵੰਤਯ ॥ ਰਚਿਸ਼ੋ ਅਹਰਹਨ੍ਹਆਪੂਰਯਮਾਣ ਪਖਯਮਾਪੂਰਯ ਮਾਣ ਪਖਯਾਦ ਯਾਨਸ਼ਣਮਾਸਾਨੁਦੰਙਾਦਿਤਯ ਏਤਿ ਮਾਸੇਭਯੋ ਦੇਵ ਲੋਕੰ ਦੇਵ ਲੋਕਾ ਦਾਦਿਤਯੰ ਆਦਿਤਯਾਦ੍ਵੈਦਯੁਤੰ ॥ ਤਾਨ ਵੈਦਯੁਪਾਨ੍ ਪੁਰਸ਼ੋ ਮਾਨਸ ਏਤਯ ਬ੍ਰਹਮਲੋਕਾਨ੍ ਗਮਯਤਿ ਤੇ ਤੇਸ਼ੁ ਬ੍ਰਹਮ ਲੋਕੇਸ਼ੁ ਪਰਾ: ਪਰਾਵਤੋ ਵਸੰਤਿ ਤੇਸ਼ਾਂ ਨ ਪੁਨਰਾਵ੍ਰਿਤਿ: ॥**

[ਬ੍ਰਹਦਾਰਣਯਕੋਪਨਿਸਦਿ

ਅਰਥ–ਜੋ ਯੇ ਓਅੰਕਾਰ ਕੀ ਉਪਾਸ਼ਨਾ ਕਰਨੇ ਵਾਲੇ ਹੈਂ ਔਰ ਜੋ ਪੰਚਾਗਨਿ ਕੋ ਜਾਨਨੇ ਵਾਲੇ ਹੈਂ ਜੋ ਬਨ ਮੇਂ ਬੈਠ ਕਰ ਸ਼ਰਧਾ ਸਤਯ ਕੀ ਉਪਾਸ਼ਨਾ ਕਰਤੇ ਹੈਂ ਉਨ੍ਹੋਂ ਕੋ ਸ਼ਰਨ ਕਾਲ ਮੇਂ ਅਗਨਿ ਦੇਵਤਾ ਆਕੇ ਸ਼ਰੀਰ ਸੇ ਪ੍ਰਾਣੋਂ ਕੋ ਲੇ ਜਾਤਾ ਹੈ। ਅਗਨੀ ਸੇ ਦਿਨ ਅਭਿਮਾਨੀ ਦੇਵ ਲੇ ਜਾਤਾ ਹੈ, ਵਹਾਂ ਸੇ ਸੁਕਲ ਪਖਯ ਅਭਿਮਾਨੀ ਦੇਵਤਾ ਲੇ ਜਾਤਾ ਹੈ। ਵਹਾਂ ਸੇ ਛੇ ਮਾਸ ਉਤ੍ਰਾਯਣ ਕਾ ਅਭਿਮਾਨੀ ਦੇਵ ਲੇ ਜਾਤਾ ਹੈ ਵਹਾਂ ਸੇ ਬਰਸ ਅਭਿਮਾਨੀ ਦੇਵ ਲੇ ਜਾਤਾ ਹੈ ਵਹਾਂ ਸੇ ਦੇਵ ਲੋਕ ਅਭਿਮਾਨੀ ਲੇ ਜਾਤਾ ਹੈ, ਵਹਾਂ ਸੇ ਅਦਿਤਯ ਲੋਕ ਅਭਿਮਾਨੀ, ਵਹਾਂ ਸੇ ਬਿਜਲੀ ਲੋਕ ਅਭਿਮਾਨੀ ਅਪਨੇ ਲੋਕ ਮੇਂ ਲੇ ਜਾਵੇ ਹੈ। ਵਹਾਂ ਬ੍ਰਹਮ ਲੋਕ ਸੇ ਦੋ ਦੇਵਤਾ ਆਤੇ ਹੈਂ। ਓਹ ਉਪਾਸ਼ਕ ਕੋ ਬ੍ਰਹਮ ਲੋਕ ਮੇਂ ਲੇ ਜਾਤੇ ਹੈਂ ਔਰ ਵਹਾਂ ਆਨ ਕਰ ਅਮਾਨਵ ਪੁਰਸ਼ ਉਪਾਸ਼ਕ ਕੋ ਬ੍ਰਹਮ ਮੇਂ ਲੇ ਜਾਤੇ ਹੈਂ ਵਹਾਂ ਉਪਾਸ਼ਕ ਬ੍ਰਹਮਾ ਜੀ ਕੇ ਸਾਥ ਮੁਕਤ ਹੋ ਜਾਤੇ ਹੈਂ ਲੌਟ ਕੇ ਨਹੀਂ ਆਤੇ। ਇਹ ਉਤਰਾਯਣ ਮਾਰਗ ਸੇ ਬ੍ਰਹਮ ਲੋਕ ਕੀ ਪ੍ਰਾਪਤੀ ਉਪਾਸ਼ਕ ਕੀ ਚਉਥੀ ਗਤੀ ਕਹੀ ਤਥਾ ਪ੍ਰਮਾਣ ਗੀਤਾ:–

**ਅਗ੍ਨਿਰ ਜਯੋਤਿ ਰਹ: ਸ਼ੁਕ੍ਲ: ਸ਼ਣਮਾਸਾ ਉਤਰਾਯਣੰ ॥ ਤਤ੍ਰ ਪ੍ਰਯਾਤਾ: ਗਛੰਤਿ ਬ੍ਰਹਮ ਬ੍ਰਹਮ ਵਿਦੋ ਜਨਾ: ॥**

[ਗੀਤਾ ਅਧਿਆਇ ੮ ਸਲੋਕ ੨੪

ਅਰਥ–ਉਪਾਸ਼ਕ ਕੇ ਸਰੀਰ ਸੇ ਨਿਕਲ ਕਰ ਪਹਿਲੇ ਅਗਨੀ ਅਭਿਮਾਨੀ ਦੇਵ ਅਪਨੇ ਲੋਕ ਮੇਂ ਲੇ ਜਾਤਾ ਹੈ ਵਹਾਂ ਸੇ ਦਿਨ ਅਭਿਮਾਨੀ, ਵਹਾਂ ਸੇ ਸ਼ੁਕਲ ਪਖਯ ਅਭਿਮਾਨੀ ਵਹਾਂ ਸੇ ਛੇ ਮਾਸ ਉਤਰਾਯਣ ਅਭਿਮਾਨੀ ਅਪਨੇ ਲੋਕ ਮੇਂ ਲੇ ਜਾਤਾ ਹੈ। ਇਸ ਪ੍ਰਕਾਰ ਬ੍ਰਹਮ ਉਪਾਸ਼ਕ ਮਰ ਕਰ ਉਸ਼ ਮਾਰਗ ਸੇ ਦੇਵਤਾਓਂ ਦਵਾਰਾ ਕ੍ਰਮ ਸੇ ਲੇ ਗਏ ਹੁਏ ਬ੍ਰਹਮ ਲੋਕ ਦ੍ਵਾਰਾ ਬ੍ਰਹਮ ਕੋ ਪ੍ਰਾਪਤ ਹੋਤਾ ਹੈ।

ਅਬ ਪੰਜਵੀਂ ਕਰਮੀਓਂ ਕੀ ਗਤਿ ਕਹਿਤੇ ਹੈਂ। ਪ੍ਰਮਾਣ–

**ਅਥ ਯੇ ਯਗਯੇਨ ਦਾਨੇਨ ਤਪਸਾ ਲੋਕਾਨ ਜਯੰਤਿ ਤੇ ਧੂਮਮਭਿਸੰਭ ਵੰਤਿ ॥ ਧੂਮਾਦ੍ਰਾਤ੍ਰਿੰ ਰਾਤ੍ਰੇਰਖਸ਼ੀਯਮਾਣਪਖਯੰ ਅਪਖਯੀਯਮਾਣ ਪਖਯਾਦ ਯਾਨਸ਼ਨਸਾਸਾਨ ਦਖਯਣਾਦਿਤਯ ਏਤਿ ਮਾਸੇਭਯ: ਪਿਤ੍ਰੀਲੋਕੰ ਪਿਤ੍ਰੀ ਲੋਕਾਤ੍ਰਚੰਦ੍ਰੰਤੇ ਪ੍ਰਾਪਯ ਅੰਨੰ ਭਵੰਤਿ ਤਾਂਸ੍ਤਤ੍ਰੇਵਾ ਯਥਾ ਸੋਮੰ ਰਜਾਨਮਾਪਯਾਯਸ੍ਵਾਪਖਯੀਯਸ੍ਵੇਤਯੇਵਮੇਨਾਸ੍ਤਤ੍ਰ ਭਖਯਯੰਤਿ ਤੇਸ਼ਾਂ ਯਦਾ ਤਤਪਰਯ ਵੈਤਯਥੇਮਮੇਵਾਕਾਸ਼ ਮਭਿਨਿਸ਼ ਪਦਯੰਤੇ ॥ ਆਕਾਸ਼ਾਦਵਾਯੁੰ ਵਾਯੋ ਵ੍ਰਿਸ਼ੰ ਵ੍ਰਿਸ਼ਟੇ: ਪ੍ਰਿਥਵੀਂ ਤੇ ਪ੍ਰਿਥਵੀਪ੍ਰਾਪਯਾਨੰ ਭਵੰਤਿ ਤੇ ਪੁਨ: ਪੁਰਸ਼ਾਗਨਊਰਹੂਯੰਤੇ ॥ ਤਤੋ ਯੋਸ਼ਾਗਨਉ ਜਾਯੰਤੇ ਲੋਕਾਂਨ ਪ੍ਰਤਯੁਥਾਯਿਨਸ੍ ਏਵਮੇਵਾਨੁ ਪਰਿ ਵਰਤੰਤੇ ਅਥ ਯ ਏਤਊ ਪੰਥਾਨਊ ਨ ਵਿਦੁਸਤੇ ਕੀਟਾ: ਪਤੰਗਾ ਯਦਿਦੰ ਦੰਦ ਸ਼ੂਕੰ ॥**



[ਬ੍ਰਹਦਾਰਨਕੋਪਨਿਸ਼ਦ ੧੬ ਬ੍ਰਹਮਣ

ਅਰਥ–ਜੋ ਯੱਗ ਦਾਨ ਤਪਸਯਾ ਸੇ ਸੁਰਗਾਦਿ ਲੋਕੋਂ ਕੋ ਪ੍ਰਾਪਤ ਕਰਤੇ ਹੈਂ। ਮਰਣ ਕਾਲ ਮੇਂ ਤਿਨਕੇ ਸਰੀਰ ਸੇ ਪ੍ਰਾਣੋਂ ਕੋ ਧੂਮ ਅਭਿਮਾਨੀ ਦੇਵਤਾ ਆਕੇ ਲੇ ਜਾਤਾ ਹੈ। ਧੂਮਾਅਭਿਮਾਨੀ ਸੇ ਰਾਤ੍ਰ ਅਭਿਮਾਨੀ, ਉਸ ਸੇ ਕ੍ਰਿਸ਼ਨ ਪਖਯ ਅਭਿਮਾਨੀ, ਉਸ ਸੇ ੬ ਮਾਸ ਦਖਯਣਾਯਣ ਅਭਿਮਾਨੀ, ਅਪਨੇ ਲੋਕ ਕੋ ਲੇ ਜਾਤਾ ਹੈ, ਵਹਾਂ ਸੇ ਪਿਤ੍ਰੀ ਲੋਕ ਕੋ ਲੇ ਜਾਤੇ ਹੈਂ। ਪਿਤ੍ਰੀ ਲੋਕ ਸੇ ਚੰਦ੍ਰ ਲੋਕ ਕੋ ਪ੍ਰਾਪਤ ਹੋ ਜਾਤੇ ਹੈਂ ਚੰਦ੍ਰ ਲੋਕ ਮੇਂ ਜਾਕਰ ਦੇਵਤਾਓਂ ਕਾ ਭੋਗ ਹੋ ਜਾਤੇ ਹੈਂ ਵਹਾਂ ਬਹੁਤ ਕਾਲ ਦੇਵਤਾਓਂ ਕੇ ਸਾਥ ਰਮਣ ਕਰਕੇ ਜਬ ਨੀਚੇ ਗਿਰਾਏ ਜਾਤੇ ਹੈਂ ਤੋ ਪਹਿਲੇ ਆਕਾਸ਼ ਕੋ ਪ੍ਰਾਪਤ ਹੋਤੇ ਹੈਂ ਆਕਾਸ਼ ਸੇ ਵਾਯੂ, ਵਾਯੂ ਸੇ ਵ੍ਰਿਸ਼ਟੀ ਕੋ ਪ੍ਰਾਪਤ ਹੋਤੇ ਹੈਂ। ਵ੍ਰਿਸ਼ਟੀ ਦੁਆਰਾ ਪ੍ਰਿਥਵੀ ਕੋ ਪ੍ਰਾਪਤ ਹੋਤੇ ਹੈਂ। ਪ੍ਰਿਥਵੀ ਮੇਂ ਆ ਕੇ ਬ੍ਰਿਖੋਂ ਮੇਂ ਫਲ ਔਰ ਖੇਤੋਂ ਮੇਂ ਅੰਨ ਭਾਵ ਕੋ ਪ੍ਰਾਪਤ ਹੋਤੇ ਹੈਂ। ਅੰਨ ਦੁਆਰਾ ਪੁਰਸ਼ ਸ਼ਰੀਰ ਮੇਂ ਵੀਰਯ ਭਾਵ ਕੋ ਪ੍ਰਾਪਤ ਹੋਤੇ ਹੈਂ ਫਿਰ ਇਸਤ੍ਰੀ ਸਬੰਧ ਦੁਆਰਾ ਪੁਤ੍ਰ ਭਾਵ ਕੋ ਪ੍ਰਾਪਤ ਹੋਤੇ ਹੈਂ। ਫਿਰ ਬੜੇ ਹੋ ਕਰ ਅਗਨਿ ਹੋਤ੍ਰਾਦਿ ਅਨੁਸ਼ਠਾਨ ਕਰਕੇ ਫੇਰ ਸੁਰਗ ਕੋ ਜਾਤੇ ਹੈਂ ਔਰ ਫੇਰ ਇਸੀ ਪ੍ਰਕਾਰ ਲੌਟ ਆਤੇ ਹੈਂ ਇਸ ਪ੍ਰਕਾਰ ਸੁਰਗ ਮੇਂ ਆਤੇ ਜਾਤੇ ਹੈਂ, ਇਸ ਪੰਚਵੀਂ ਗਤੀ ਮੇਂ ਕਰਮੀ ਲੋਗ ਸੁਰਗ ਸੇ ਆਤੇ ਜਾਤੇ ਹੈਂ। ਕਰਮੀਓਂ ਕੀ ਗਤੀ ਭਗਵਾਨ ਕ੍ਰਿਸ਼ਨ ਜੀ ਭੀ ਗੀਤਾ ਮੇਂ ਲਿਖਤੇ ਹੈਂ।

**ਧੂਮੋ ਰਾਤ੍ਰਿ: ਤਥਾ ਕ੍ਰਿਸ਼ਣ: ਖਣ ਮਾਸਾ ਦਖਿਣਾਯਨੰ ॥ ਤਤ੍ਰ ਚਾਂਦ੍ਰ ਮਸੰ ਜਯੋਤਿਰ ਯੋਗੀ ਪ੍ਰਾਪਯ ਨਿਵਰਤਤੇ ॥ ੨੫ ॥ ਸੁਕ੍ਲ ਕ੍ਰਿਸ਼ਣੇ ਗਤੀ ਹਯੇਤੇ ਜਗਤ: ਸ਼ਾਸ੍ਵਤੇ ਮਤੇ । ਏਕਯਾ ਯਾਤ੍ਯਨਾਵ੍ਰਿਤਿਮੰਨਯਾਯਾ ਵਰਤਤੇ ਪੁਨਾ: ॥ ੨੬ ॥**

[ਗੀਤਾ ਅਧਿਆਇ ੮

ਅਰਥ–ਕਰਮੀ ਕੋ ਧੂਮ ਅਭਿਮਾਨੀ ਦੇਵਤਾ ਮਰਨ ਕਾਲ ਮੇਂ ਆ ਕਰ ਸ਼ਰੀਰ

ਸੇ ਨਿਕਾਲ ਕਰ ਅਪਨੇ ਲੋਕ ਮੇਂ ਲੇ ਜਾਤਾ ਹੈ । ਵਹਾਂ ਸੇ ਰਾਤ੍ਰੀ ਅਭਿਮਾਨੀ ਵਹਾਂ ਸੇ ਕ੍ਰਿਸ਼ਨ ਪਖਯ ਅਭਿਮਾਨੀ ਵਹਾਂ ਸੇ ਛੇ ਮਾਸ ਦਖਯਣਾਯਣ ਅਭਿਮਾਨੀ ਵਹਾਂ ਸੇ ਚੰਦ੍ਰ ਲੋਕ ਅਭਿਮਾਨੀ ਅਪਨੇ ਲੋਕ ਮੇਂ ਲੇ ਜਾਤਾ ਹੈ। ਵਹਾਂ ਜਾਕਰ ਯੋਗੀ ਯਾਨੇ ਸਕਾਮ ਕਰਮੀ ਫਿਰ ਲੌਟ ਆਤਾ ਹੈ ॥ ੨੫ ॥ ਕਿਉਂਕਿ ਜਗਤ ਕੇ ਯੇ ਦੋ ਪ੍ਰਕਾਰ ਕੇ ਸੁਕਲ ਔਰ ਕ੍ਰਿਸ਼ਨ ਅਰਥਾਤ ਦੇਵਯਾਨ ਔਰ ਪਿਤ੍ਰੀ ਯਾਨ ਮਾਰਗ ਸਨਾਤਨ ਮਾਨੇ ਗਏ ਹੈਂ ਇਸ ਮੇਂ ਏਕ ਕੇ ਦੁਆਰਾ ਗਯਾ ਹੂਆ ਪੀਛੇ ਨਾ ਆਨੇ ਵਾਲੀ ਪਰਮਗਤਿ ਕੋ ਪ੍ਰਾਪਤ ਹੋਤਾ ਹੈ ਔਰ ਦੂਸਰੇ ਦੁਆਰਾ ਗਯਾ ਹੂਆ ਪੀਛੇ ਲੌਟ ਆਤਾ ਹੈ । ਅਰਥਾਤ ਜਨਮ ਮ੍ਰਿਤਯੂ ਕੋ ਪ੍ਰਾਪਤ ਹੋਤਾ ਹੈ। ਇਸ ਪ੍ਰਕਾਰ ਕਰਮੀਓਂ ਕੀ ਪੰਜਵੀਂ ਗਤੀ ਸੁਰਗ ਮੇਂ ਆਣਾ ਜਾਣਾ ਰੂਪ ਕਹੀ ਹੈ ਗੁਰੂ ਜੀ ਭੀ ਯਹ ਛੇ ਗਤੀਆਂ ਕਹਿਤੇ ਹੈਂ:-

**ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥**

[ਵਾਰ ਮਾਝ ਸਫਾ ੪੨

ਟੀਕਾ-ਰਾਹ ਤੋ ਦੋ ਹੈਂ ਯਾਨੇ ੧) ਉਤਰਾਯਣ (੨) ਦਖਿਣਾਯਣ ਏਕ ਕੋ ਜਾਨਨੇ ਵਾਲੇ ਮੁਕਤ ਹੋ ਜਾਏਂਗੇ । ਸੋ ਤੀਨ ਹੈਂ ਗਿਆਨੀ, ਯੋਗਭ੍ਰਸ਼ਟ, ਕਾਰਕ ਔਰ ਛੇਵਾਂ "ਕੁਫਰ ਗੋਅ ਕੁਫਰਾਣੈ ਪਇਆ ਦਝਸੀ" ਯਾਨੇ ਝੂਠ ਬੋਲਨੇ ਵਾਲਾ ਨਰਕ ਮੇਂ ਪਇਆ ਸੜੇਗਾ । ਪਰਮੇਸ਼੍ਵਰ ਕਾ ਨਾਮ ਪਤਿਤ ਪਾਵਨ ਹੈ, ਪਤਿਤ ਪਾਵਨ ਸੇ ਯਾਨੇ ਪਰਮੇਸ਼੍ਵਰ ਕੀ ਸ਼ਰਣ ਲੇਨੇ ਸੇ, ਪਾਪੀਓਂ ਕੀ ਭੀ ਗਤੀ ਹੋ ਜਾਏਗੀ। ਨਹੀਂ ਤੋ ਪਾਪੀਓਂ ਕੋ ਨਰਕ ਕੀ ਸਜ਼ਾ ਮਿਲੇਗੀ । ਪ੍ਰਮਾਣ:-

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥ ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ ਕੂਕ ਪੁਕਾਰ ਕੋ ਨ ਸੁਣੈ ਓਹੁ ਅਉਖਾ ਹੋਇ ਹੋਇ ਰੋਇਆ ॥ ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥**

[ਗਉੜੀ ਵਾਰ ਮ: ੪ ਸਫਾ ੩੦੯

ਤਥਾ ਯਮ ਮਾਰਗ ਕੋ ਗੁਰੂ ਜੀ ਕਹਿਤੇ ਹੈਂ:-

**ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥**

[ਗਉੜੀ ਮ: ੫ ਸਫਾ ੨੪੯

**ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥** [ਮਾਰੂ ਮ: ੩ ਸਫਾ ੯੯੪

**ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥**

[ਵਡਹੰਸ ਮ: ੩ ਸਫਾ ੫੮੪



**ਜਮ ਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ ॥**

[ਸਾਰਗ ਵਾਰ ਮ: ੩ ਸਫਾ ੧੨੮੫

**ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ ਜਮਪੁਰਿ ਬਾਧਾ ਚੋਟਾ ਖਾਵੈ ॥ ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥**

[ਗਉੜੀ ਮ: ੫ ਸਫਾ ੧੯੪

ਇਸ ਪਰਕਾਰ ਜਮ ਕੀ ਤਾੜਨਾ ਸਹਿਨ ਕਰਤਾ ਹੈ। ਤਥਾ:-

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥..**

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹ ਚਰਨ ਕਰਤ ਨਹੀ ਤਰੈ ॥...**

[ਗਉੜੀ ਸੁਖਮਨੀ ਮ: ੫ ਸਫਾ ੨੬੪

**ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥**

[ਮਾਰੂ ਸੋਲਹੇ ਮ: ੫ ਸਫਾ ੧੦੭੩

ਅੰਨਯ ਗ੍ਰੰਥੋਂ ਮੇਂ ਭੀ ਨਰਕੋਂ ਕਾ ਬਿਆਨ ਔਰ ਯਮਪੁਰੀ ਕਾ ਬਿਆਨ ਇਸ ਰੀਤੀ ਸੇ ਲਿਖਾ ਹੈ:-

**ਸਹਿਸ ਛਯਾਸੀ ਯੋਜੇਨ ਭੂਰੀ ॥ ਮ੍ਰਿਤਯੂ ਲੋਕ ਤੇ ਯਮਪੁਰੀ ਦੂਰੀ ॥ ਆਠ ਹੈਂ ਠਉਰ ਪੰਥ ਮੇਂ ਭਾਰੀ ॥ ਘੋਰ ਕਸ੍ਰ ਪਾਵੈ ਨਰਨਾਰੀ ॥**

ਟੀਕਾ-ਈਹਾਂ ਸੇ ੮੬ ਹਜ਼ਾਰ ਯੋਜਨ ਯਮਪੁਰੀ ਦੂਰ ਹੈ ਔਰ ਰਾਸਤੇ ਮੇਂ ਆਠ ਹੀ ਠਹਿਰਨੇ ਕੀਆ ਜਗ੍ਹਾ ਹੈਂ। ਵਹਾਂ ਪਰ ਨਰਨਾਰੀ ਭਾਰੀ ਕਸ਼ਟ ਪਾਤੇ ਹੈਂ:--

**ਚੌਪਈ-ਪ੍ਰਥਮ ਸਹਸਦ੍ਵੈ ਮੰਜੁਲ ਜੋਈ ॥ ਤਹਾਂ ਲਹਤ ਦੁਖ ਸੁਖ ਨਹਿੰ**

ਕੋਈ ॥ ਜਹਿ ਸਤਿਸੰਗ ਆਯੂ ਬਿਤਾਈ ॥ ਤਿਨਹਿੰ ਨ ਭੈ ਬਿਆਪੈ ਭਾਈ ॥ ਆਗੇ ਯੋਜਨ ਅਯਤ* ਅਪਾਰਾ ॥ ਸਿੰਘ ਭਰੇ ਭੈ ਦੇਹਿੰ ਕਰਾਰਾ ॥ ਆਠ ਸਹਸ ਯੋਜਨ ਮਗ ਆਵੈ ॥ ਪਰੇ ਕਾਂਟ ਪਦ ਮਹਿ ਚੁਭਿ ਜਾਵੈ ॥ ਕੀਨੇ ਜੇ ਗਜ ਰਥ ਹਯ[] ਦਾਨਾ ॥ ਤਿਨਹਿ ਕਾਂਟ ਸੋ ਫੂਲ ਸਮਾਨਾ ॥ ਉਭਯ ਸਹਸ ਯੋਜਨ ਬਹੁ ਭਾਂਤੀ ॥ ਬਾਰੂ ਤਪਤਿ ਰਹਤਿ ਅਤਿ ਰਾਤੀ ॥ ਜਿਨ ਪਦ ਤ੍ਰਾਣ ਛਤ੍ਰ ਕੀਏ ਦਾਨਾ ॥ ਤਿਨਹਿ ਤਹਾਂ ਨਹਿ ਸ਼ੋਕ ਵਖਾਨਾ ॥ ਯੋਜਨ ਆਠ ਸਹਸ ਮਗ ਭਾਰਾ॥ ਮਿਲਤ ਮਹਾਂ ਜਲ ਅਗਮ ਅਪਾਰਾ ॥ ਜੋ ਨਰ ਕੁਛ ਮਹੀ ਦਾਨਹਿੰ ਦੇਵੈ॥ ਸੋ ਜਲ ਪੇ ਥਲ ਮਾਰਗ ਲੇਵੇ ॥ ਯੋਜਨ ਤੀਸ ਅਗਾੜੀ ਆਵੇ ॥ ਅੰਧਕਾਰ ਤਹਿ ਕਛੁ ਨ ਲਖਾਵੈ॥ ਦੀਪ ਦਾਨ ਮੰਦਰ ਜੇ ਬਾਰੇ॥ ਤੀਰਥ ਮਹਿ ਯਾ ਠਾਕੁਰ ਦੁਆਰੇ ॥ ਦੋਹਾ–ਸਾਧੂ ਭਵਨ ਤੁਲਸੀ ਤਰੇ ਬ੍ਰਾਹਮਣ ਗ੍ਰਿਹ ਮਗ ਮਾਂਹਿ॥

ਗੰਗ ਯਮਨ ਸਰਯੂ ਤਟੇ ਧਰੇ ਦੀਪ ਜੇ ਆਹਿ ॥

ਚੌਪਈ–ਏਤੇ ਥਾਨ ਜੇ ਦੀਪ ਬਰਾਵੈ ॥ ਤਿਨਹਿ ਉਜਾਰਾ ਤਾਹਿੰ ਹੋ ਜਾਵੈ ॥ ਯੋਜਨ ਆਠ ਅਗਾਰੀ ਆਵੈਂ ॥ ਅੰਡ ਬੰਡ ਘਾਟ ਦੇਖ ਘਬਰਾਵੈਂ ॥ ਕਿਨਹਿ ਚੜ੍ਹਾਉ ਕਿਨਹਿ ਗਹਨ ਉਤਾਰਹਿੰ ॥ ਹੋਤ ਬਿਕਲ ਤਹਿੰ ਪ੍ਰਾਨ ਅਪਾਰਹਿੰ ॥ ਯੋਜਨ ਸਹਸ ਅਠਾਰਹ ਆਗੇ ॥ ਤਪਤਾ ਭਾਨੁ ਅਤਿ ਤਾਪਹਿੰ ਲਾਗੇ॥ ਕੂਪ ਬਉਲੀ ਜੇ ਖਨਵਾਵਹਿੰ ॥ ਤਾਲ ਬੰਧਾਇ ਪਿਆਉ ਬੈਠਾਵਹਿੰ॥ ਤਿਨਹਿ ਤਹਾਂ ਸਭ ਬਿਧਿ ਸੀਤਲਾਈ ॥ ਜੋ ਨਿਜ ਕਰ ਗਏ ਬ੍ਰਿਖ ਲਗਾਈ॥ ਸਹਸ ਛਿਹਾਸੀ ਏਹ ਬਿਧਿ ਜਾਈ ॥ ਗਇਓ ਬਿਪ੍ਰ ਅਤਿਸਯ ਘਬਰਾਈ ॥ ਆਗੇ ਏਕ ਨਦੀ ਗੰਭੀਰਾ ॥ ਵੈਤਰੁਣੀ ਯਮਪੁਰੀ ਕੇ ਤੀਰਾ ॥ ਮੱਜਾ ਰੁਦ੍ਰ ਭਰਾ ਤਹਿੰ ਮਾਹੀਂ ॥ ਸੌ ਯੋਜਨ ਵਿਸਤਾਰ ਵਖਾਹੀਂ ॥

ਦੋਹਾ–ਨਦੀ ਵੈਤਰਣੀ ਉਤਰ ਦ੍ਵਿਜ ਯਮਪੁਰੀ ਕੀਓ ਪ੍ਰਵੇਸ਼ ॥

ਏਕ ਅਯੁਤ ਯੋਜਨਪੁਰੀ ਚਾਰ ਦੁਆਰਿ ਨਿਰਦੇਸ਼ ॥

ਚੌਪਈ–ਤੀਨ ਦੁਆਰ ਤੇ ਧਰਮੀ ਜਾਵੈਂ ॥ ਦਖਿਣ ਪਾਪਿਨ ਹੇਤ ਬਤਾਵੈਂ ॥

*ਦਸ ਹਜ਼ਾਰ । []ਘੋੜੇ ।

ਦੋਹਾ–ਤਿਨ ਨਰਕਨਿ ਮਹਿ ਮੁਖ ਯਹ ਨਰਕ ਅਠਾਰਹ ਜਾਨਿ ॥

ਸਭ ਕੇ ਨਾਮ ਸੁਨਾਇਕੇ ਫਲਹੁੰ ਕਰਹੁੰ ਬਖਾਨਿ ॥

ਗੁਰੂ ਜੀ ਨੇ ਚਉਰਾਸੀ ਨਰਕ ਲਿਖੇ ਹੈਂ ਉਨ ਮੇਂ ੧੮ ਨਰਕ ਮੁਖ ਹੈਂ । ਉਨਕੇ ਨਾਮ ਔਰ ਗੁਣ ਕਹਿਤੇ ਹੈਂ–

ਚਉਰਾਸੀਹ ਨਰਕ ਸਾਕਤੁ ਭੋਗਾਈਐ ॥ [ਮਾਰੂ ਸੋਲਹੇ ਮ: ੧ ਸਫਾ ੧੦੨੮

ਚੌਪਈ–੧. ਕੁੰਭੀ ਪਾਕੁ, ਪ੍ਰਥਮ ਦਿਖਲਾਵਾ ॥ ਅਤਿਸ਼ਯ ਦੁਖਦਾਈ ਤਹਿ ਪਾਵਾ ॥ ੨. ਦੂਸਰ ਨਰਕ ਅਬੀਚੀ ਕਹਾਵੈ ॥ ਯਾਮੇਂ ਨਹਿੰ ਆਰਾਮ ਲਖਾਵੈ ॥ ੩. ਅਬ ਰੌਰਵ ਕੀ ਸੁਨਿ ਲੇਹੁ ਕਥਾ ॥ ਜਹਿੰ ਆਰਾਮ ਜੀਵਹਿੰ ਘੋਰਵਯਥਾ ॥ ਦੋਹਾ–੪. ਚਉਥੇ ਨਰਕ ਗੁੜ ਨਾਮ ਜਸ ਤਸ ਗੁੜ ਰਸ ਓਟਾਇ ॥ ਅਉਟੇ ਪ੍ਰਾਣੀ ਡਾਰਿ ਤਿਮ ਪ੍ਰਾਣ ਤਹਾ ਬਿਲਲਾਇ ॥ ਚੌਪਈ–੫. ਪੰਚਮ ਕੂਪ ਨਰਕ ਕਹਾਵੈਂ ॥ ਤਾਮੇਂ ਪ੍ਰਾਣੀ ਅਤਿ ਦੁਖੁ ਪਾਵੈਂ ॥ ਪੀਕ ਰੱਕਤ ਕ੍ਰਿਮੀ ਤਾਮੈਂ ਡਾਵਾ ॥ ਅੰਧ ਕੂਪ ਇਵ ਤਾਹਿ ਬਨਾਵਾ ॥ ਕੀ ਨਹਿ ਭਗਤੀ ਨਹਿ ਦੀਖਿਆ ਲੀਨਾ ॥ ਸਿਮਰਨ ਸ਼ੰਕਰ ਰਾਮ ਨ ਕੀਨਾ ॥ ਸੁਨੇ ਨ ਸ਼ਰਵਣ ਵੇਦ ਪੁਰਾਨਾ ॥ ਸਤਿਸੰਗਤਿ ਨਹਿ ਕੀਨਹਿ ਦਾਨਾ ॥ ਦੋਹਾ–ਲੇ ਨਰ ਤਨ ਕਰਤ ਨ ਬਨਿਓ ਕਰਮ ਧਰਮ ਨ ਦਾਨ ॥ ਵੇਸ਼ਯਾ ਦਾਸੀ ਪ੍ਰੇਮ ਰੱਤ ਪਰਤ ਕੂਪ ਮੈਂ ਆਨ ॥ ਚੌਪਈ–੬. ਛਠਾ ਨਰਕ ਪੁਨਿ ਕੀਟ ਕਹਾਵੈ ॥ ਤਾਮਹਿ ਕੀੜਾ ਬਹੁ ਬਿਲਲਾਵੈ ॥ ਪਾਪੀ ਪਰਤ ਕਾਟ ਸੋ ਖਾਵੈਂ ॥ ਯਾਮੈਂ ਘੋਰ ਦੁਖ ਜਨ ਪਾਵੈਂ ॥ ਬਧ ਬਧ ਜੀਵ ਮੀਨ ਜੋ ਖਾਵੈਂ ॥ ਕ੍ਰਮੀ ਰੂਪ ਹੋਇ ਯਾਮਹਿ ਆਵੈਂ ॥ ਜੋ ਨਹਿੰ ਦਯਾ ਜੀਵ ਪਰ ਧਾਰੈ ॥ ਕੀਟ ਨਰਕ ਸੋ ਜਾਵੈ ਡਾਰੈ ॥ ੭. ਸਪਤਮ ਅਸ ਪਤ੍ਰ ਬੇਨ ਜਾਨਾ ॥ ਤਹਾਂ ਪਾਤ ਦ੍ਵਿਧਾਰ ਬਖਾਨਾ । ਤਾਂ ਪਰ ਜੀਵਹਿ ਜੀਭ ਘਸਾਵੈ ॥ ਕਟਿ ਕਟਿ ਤਿਨ ਪੁਨਿ ਜੁੜ ਜੁੜ ਜਾਵੈ ॥ ਜੋ ਨਿਜ ਹਿਤ ਪਿਤੁ ਮਿਤ੍ਰ ਸੰਘਾਰੈ ॥ ਨਿਜ ਕਰ ਕਾਟ ਹਰਤ ਤਰੁ ਡਾਰੈ ॥ ਕੁਟਲ ਕੁਕਰਮੀ ਕਾਮੀ ਕ੍ਰੋਧੀ ॥ ਪਰ ਨਿੰਦਕ ਗੁਰ ਬਿਪ੍ਰਵਿਰੋਧੀ ॥ ਰਾਖ ਬ੍ਰਿਤ ਪੁਨਿ ਮੰਗੇ ਜੋਈ ॥ ਅਸਿਪਤ੍ਰ ਪਰਤ ਨਰ ਸੋਈ। ੮. ਅਸਟਮ ਦਾਰਣ ਨਰਕ ਕਹਾਵੈ ॥ ਮਹਾਂ ਭਯਾਨਕ ਲਖ ਭੈ ਛਾਵੈ ॥ ਤਪਤ ਖੰਭੁ ਨਰ ਨਾਰ ਅਕਾਰਾ ॥ ਚਹੁੰਦਿਸ ਅਗਨਿ ਕਰੇ ਧੁੰਧਕਾਰਾ ॥

ਕਾਮੀ ਨਰ ਔਰ ਕਾਮਕੁ ਨਾਰੀ ॥ ਮਿਲੇ ਤਿਨਹਿ ਤਹਿੰ ਪਰ ਦੁਖ ਭਾਰੀ ॥ ਕਹੈਂ ਕਿ ਲੋਹੁ ਚੀਨਹੁ ਸੋਈ ਨਾਰੀ ॥ ਜਿਸਕੇ ਸੰਗ ਲਗਾਈ ਯਾਰੀ ॥ ੯. ਨੌਵਾਂ ਨਰਕ ਨਾਮ ਨਿ: ਸ੍ਵਾਸਾ ॥ ਘਟੇ ਜਾਂਹਿ ਤਾਂਹਿ ਨਰ ਸ੍ਵਾਸਾ ॥ ਸੁਰ ਗੁਰ ਵਿਧਵਾ ਬ੍ਰਾਹਮਣ ਅੰਸ਼ਾ ॥ ਹਰੀ ਚੁਰਾਵੇ ਜੇ ਨਰ ਬੰਸਾ ॥ ਤੇ ਨਿ: ਸ੍ਵਾਸ ਨਰਕ ਮਹਿੰ ਜਾਵੇ ॥ ਕਹਤ ਨ ਬਨੇ ਜਿਉਂ ਦੁਖ ਪਾਵੇ ॥ ੧੦ ਦਸਵਾਂ ਕੁਲ ਸੰਕਲ ਅਸਨਾਮਾ ॥ ਤਾਂ ਮੇਂ ਘੋਰ ਦੁਖ ਅਭਿਰਾਮਾ ॥ ਜੀਵ ਕੇ ਹਿੰਸਕ ਭਖਸ਼ਕ ਪ੍ਰਾਣੀ ॥ ਯੇਹੀ ਨਰਕ ਮਹਿ ਡਾਰੇ ਆਨੀ ॥ ਨਾਰੀ ਬਧੇ ਬ੍ਰਾਹਮਣਨ ਸਤਾਵੇ ॥ ਸੋ ਸੂਚੀ ਮੁਖ ਨਰਕਹਿੰ ਜਾਵੇ ॥ (੧੨) ਬਾਰਵਾਂ ਨਾਮ ਨਰਕ ਕਰ ਘੋਰਾ ॥ ਮਹਾ ਭਯਾਨਕ ਤਾ ਮੇਂ ਸ਼ੋਰਾ ॥ ਦੋਹਰਾ—ਜਿਨ ਰਸਨਾ ਹਰਿ ਨਹ ਕਢੇ ਭਾਖੇ ਕਟੁਕੁ ਕੁਬੋਲ ॥ ਤਾਮੇਂ ਨਾਗ*ਲਗਾਵਤੇ ਯਮ ਗਣ ਕਹੈਂ ਮੁਖ ਖੋਲ ॥ ਚੌਪਈ-(੧੩) ਤੇਰਵਾਂ ਸੂਲੀ ਨਰਕ ਬਖਾਨਾ ॥ ਸੂਲੀ ਮੁਖ ਤਹਿ ਹੋਤ ਮਹਾਨਾ ॥ (੧੪) ਚੌਦਵਾਂ ਨਰਕ ਅਤਿ ਦੁਖਦਾਈ ॥ ਅਗਨਿ ਕੁੰਡ ਨਾਮ ਸ੍ਰੁਤਿ ਗਾਈ ॥ (੧੫) ਨਰਕ ਪੰਦਰਵਾਂ ਕੋਲੂ ਜਾਨੋ ॥ ਤੇਲ ਯੰਤ੍ਰ ਤਹਿੰ ਨਾਮ ਬਖਾਨੋ ॥ ਛਿਪ ਦੁਰਾਇ ਜੋ ਖੇਤਹਿ ਕਾਟੇ ॥ ਤਾਤ ਮਾਤ ਕੋ ਮਾਰੇ ਡਾਟੇ ॥ (੧੬) ਨਰਕ ਸੋਲਵਾਂ ਦੁਖ ਦਾ ਨਾਮਾਂ। ਝੇਲੇ ਮਹਾਂ ਦੁਖ ਨਰ ਵਾਮਾਂ ॥ ਜੋ ਨਰ ਹੈ ਮਦ ਮਾਂਸ ਆਹਾਰੀ। ਝੂਠੇ ਦੋਸ਼ ਲਗਾਵਹਿੰ ਭਾਰੀ (੧੭) ਨਰਕ ਸਤਾਰਵਾਂ ਹੈ ਅੰਧਕਾਰਾ ॥ ਮਹਾਂ ਭਯਾਨਕ ਤਮਕ ਜਰਾਰਾ ॥ (੧੮) ਨਰਕ ਅਠਾਰਵਾਂ ਨਾਮ ਵਿਲੋਚਨ ॥ ਦੁਖ ਕਰ ਮੂਲ ਸਕ੍ਰਿਤ ਵਿਮੋਚਨ ॥

ਇਸ ਪ੍ਰਕਾਰ ਕੇ ਚਉਰਾਸੀ ਨਰਕੋਂ ਮੇਂ ਅਠਾਰਹ ਨਰਕ ਮੁਖ ਹੈਂ। ਸ੍ਰੀ ਮਦ ਭਾਗਵਤ ਕੇ ਪਾਚਵੇਂ ਸਕੰਧ ਮੇਂ ਛੱਬੀਸਵੇਂ ਅਧਯਾਯ ਮੇਂ ਵਿਸਥਾਰ ਸੇ ਲਿਖੇ ਹੈਂ। ਵਹਾਂ ਸੇ ਦੇਖ ਲੇਂ। ਇਸ ਪ੍ਰਕਾਰ ਛਵੀਂ ਨਰਕ ਗਤੀ ਪਾਪੀਓਂ ਕੇ ਵਾਸਤੇ ਕਹੀ ਗਈ ਹੈ। ਜੋ ਹਰ ਵਕਤ ਨਰਕ ਕਾ ਔਰ ਜਨਮ ਮਰਣ ਕਾ ਦੁਖ ਸਹਿਨ ਕਰਤੇ ਰਹਿਤੇ ਹੈਂ। ਪ੍ਰਮਾਣ:-

ਤਿਹੁ ਗੁਣ ਮਹਿ ਜਾਕਉ ਭਰਮਾਇ ॥ ਜਨਮਿ ਮਰੈ ਫਿਰਿ ਆਵੈ ਜਾਇ ॥

[ਗਉੜੀ ਸੁਖਮਨੀ ਮ: ੫ ਸਫਾ ੨੮੪

*ਸਰਪ।



ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਜਨਮਿ ਮਰੈ ਫਿਰਿ ਆਵੈ ਜਾਏ ॥

[ਮਾਰੂ ਸੋਲਹੇ ਮ: ੪ ਸਫਾ ੧੦੭੦

ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥

[ਗਉੜੀ ਸੁਖਮਨੀ ਮ: ੫ ਸਫਾ ੨੭੮

ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥

[ਵਾਰਾਂ ਤੋਂ ਵਧੀਕ ਸਲੋਕ ਮ: ੧ ਸਫਾ ੧੪੧੧

ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥ [ਆਸਾ ਮ: ੧ ਸਫਾ ੪੨੦

ਇਸ ਪ੍ਰਕਾਰ ਛਵੀਂ ਗਤੀ ਜਨਮ ਮਰਣ ਔਰ ਨਰਕੋਂ ਕੇ ਦੁਖ ਯਮਪੁਰੀ ਕੇ ਦੁਖ ਯੇ ਛੇਵੀਂ ਗਤੀ ਪਾਪੀਓਂ ਕੇ ਵਾਸਤੇ ਕਹੀ। ਇਸ ਪ੍ਰਕਾਰ ਛੇ ਗਤੀਆਂ ਆਪ ਜੀ ਨੇ ਮਤ ਕੋ ਸੁਨਾਈਆਂ ਔਰ ਸਾਰੇ ਸੁਣ ਕਰ ਬੜੇ ਪ੍ਰਸੰਨ ਹੋਤੇ ਭਏ। ਇਸ ਪ੍ਰਕਾਰ ਆਪ ਜੀ ਰੋਜ ਨਏ ਤੋਂ ਨਏ ਪ੍ਰਸੰਗ ਸੁਨਾਯਾ ਕਰਤੇ ਥੇ। (ਸ਼ੰਕਾ) ਨਰਕ ਸੇ ਕੈਸੇ ਬਚੀਏ ? (ਉਤਰ) ਪਾਪੋਂ ਸੇ ਬਚਨੇ ਕਰ। (ਪ੍ਰਸ਼ਨ) ਪਾਪ ਸੇ ਕੈਸੇ ਬਚੇਂ ? (ਉਤਰ) ਈਸ਼੍ਵਰ ਕੋ ਨਿਯੰਤਾ ਅੰਤਰਯਾਮੀ ਦੇਖਨੇ ਸੇ ਪਾਪ ਸੇ ਬਚ ਜਾਤਾ ਹੈ, ਜੈਸੇ ਬ੍ਰਹਦਾਰਣਯ ਕੋਪਨਿਸ਼ਦ ਮੇਂ ਅਨੇਕ ਦ੍ਰਿਸ਼ਟਾਂਤ ਦੇਕਰ ਅੰਤਰਯਾਮੀ ਪਰਮਾਤਮਾ ਕੋ ਪਰਿਪੂਰਣ ਸਿਧ ਕੀਯਾ ਹੈ -

ਯ: ਪ੍ਰਿਥਿਵਯਾਂ ਤਿਸ਼ਠਨ ਪ੍ਰਿਥਿਵਯਾ ਅੰਤਰੋ ਯੰ ਪ੍ਰਿਥਿਵੀ ਨ ਵੇਦ ਯਸਯ ਪ੍ਰਿਥਿਵੀ ਸ਼ਰੀਰੰ ॥ ਯਾ ਪ੍ਰਿਥਿਵੀਮੰਤਰੋ ਯਮਯਤਿ ਏਸ਼ ਤ ਅੰਤਰਯਾਮੀ ਅੰਮ੍ਰਿਤ: ॥

[ਯਜੁਰਵੇਦ ਬ੍ਰਹਦਾਰਣਯਕੋਪਨਿਸ਼ਦ ਅੰਤਰਯਾਮੀ ਬ੍ਰਾਹਮਣ ਭਾਗ

ਟੀਕਾ-ਜੋ ਪ੍ਰਿਥਵੀ ਮੇਂ ਰਹਿ ਕਰ ਪ੍ਰਿਥਵੀ ਕੇ ਅੰਦਰ ਹੈ, ਔਰ ਜਿਸਕੋ ਪ੍ਰਿਥਵੀ ਨਹੀਂ ਜਾਨਤੀ, ਔਰ ਪ੍ਰਿਥਵੀ ਜਿਸ ਕਾ ਸਰੀਰ ਯਾਨੇ ਉਪਾਧਿ ਹੈ। ਪ੍ਰਿਥਵੀ ਕੇ ਅੰਦਰ ਬੈਠ ਕਰ ਪ੍ਰਿਥਵੀ ਕੋ ਚੇਸ਼ਟਾ ਕਰਾ ਰਹਾ ਹੈ, ਯਹ ਹੀ ਤੇਰਾ ਅੰਤਰਯਾਮੀ ਅੰਮ੍ਰਿਤ ਯਾਨੇ ਮ੍ਰਿਤੂ ਸੇ ਰਹਿਤ ਹੈ। ੧. ਇਸ ਪ੍ਰਕਾਰ ਇਨ ਇਕੀਸ ਦ੍ਰਿਸ਼ਟਾਂਤੋਂ ਕਾ ਯਹੀ ਅਰਥ ਕਰਨਾ। ੨. ਜਲ। ੩. ਅਗਨੀ। ੪. ਅੰਤਰਖਸ਼। ੫. ਵਾਯੂ। ੬. ਆਕਾਸ਼। ੭. ਸੂਰਯ। ੮. ਦਿਸ਼ਾ। ੯. ਚੰਦ੍ਰਮਾ। ੧੦. ਸ੍ਵਰਗ। ੧੧. ਅਧਕਾਰ। ੧੨. ਤੇਜ। ੧੩. ਸਰਵਭੂਤ। ੧੪. ਪ੍ਰਾਣ। ੧੫. ਬਾਣੀ। ੧੬. ਨੇਤ੍ਰ। ੧੭. ਸ੍ਰੋਤ੍ਰ। ੧੮. ਮਨ। ੧੯. ਤ੍ਵਚਾ। ੨੦ ਬੁਧਿ। ੨੧. ਰੇਤ। ਇਤਿਆਦਿ ਅਨੇਕ ਦ੍ਰਿਸ਼ਟਾਂਤੋਂ ਸੇ ਅੰਤਰਯਾਮੀ ਪਰਮਾਤਮਾ ਕੀ ਸਿਧੀ ਕਰੀ ਹੈ। ਅੰਤਰਯਾਮੀ ਕੇ ਪੂਰਣ ਦੇਖਣੇ ਸੇ ਤਥਾ ਮਹਾਤਮਾ ਕੀ ਸੰਗਤ ਸੇ, ਪਾਪ ਸੇ ਬਚ ਜਾਤਾ ਹੈ। ਜੈਸੇ ਸੁਮਤੀ ਨਾਮ ਬ੍ਰਾਹਮਣ ਕੇ ਸਤਸੰਗ ਸੇ ਏਕ ਚੰਡਾਲ ਪਾਪੋਂ ਸੇ ਹਟ ਕਰ ਧਰਮਾਤਮਾ ਹੋ ਗਯਾ। ਪ੍ਰਮਾਣ:--

[ਸ੍ਰੁਤਉ ਵਾਚ]-ਏਕ ਸਿਮਿਨ੍ ਨਗਰੇ ਕਸ੍ਚਿਤ੍ ਚੰਡਾਲ ਕਰਮ ਰਹਿਤ

ਕੁਮਾਰਗ ਆਪਤ੍ ਧਨੇਨ ਏਵ ਕੁਟੰਬੰ ਪਾਲਯਤਿ ਅਸਊ ॥੧॥ ਸਮ੍ਰਤੀ ਨਾਮ ਵਿਪ੍ਰੇਂਦ੍ਰ:ਤਸਯ ਅਸੀਤ ਪ੍ਰਤੀ ਵੇਸ਼ਕ: ਤਸਯ ਸੰਸਾਰਤ ਚਰੇ ਪਰੇ ਏਕਾਦਸ਼ੀ ਬ੍ਰਤੰ ॥ ੨ ॥ ਏਕਾਦਸਯਾਂ ਨਿਰਾਹਾਰੋ ਵਿਪ੍ਰ ਸੰਗੇਨ ਸਰਵਦਾ ਰਾਤ੍ਰਊ ਜਾਗਰਣੰ ਕ੍ਰਿਤ੍ਵਾ ਸਮਯਕ ਗਾਯਤਿ ਭਕ੍ਤਿਤ: ॥੩॥ ਜਾਗਰਣੰ ਕਰਤੁੰ ਕਾਮੋ ਆਸਊ ਆਸ਼੍ਰਮਾਤ੍ ਵਿਜਨੇ ਬਨੇ ਜਗਾਮ ਅਨੇਕ ਗੀਤਾਨਿ ਗਾਯਨ ਸ ਹਰੀਮੰਦਿਰੰ ॥ ੪ ॥ ਤਸ੍ਮਿਨ ਉਗ੍ਰ ਤਰੇਮਾਰਗ ਮਧਯੇ ਅਤੀ ਭੀਸ਼ਣ ਦਦਰਸ਼ ਵਿਕ੍ਰਿਤ੍ ਆਕਾਰੰ ਬ੍ਰਹਮ ਰਾਖਯਸੰ ਅਦ-ਭੁਤੰ ॥ ੫ ॥ [ਰਾਖਯਸੋ ਵਾਚ]—ਅਦਯਮੇ ਦਸ਼ਮੀ ਰਾਤ੍ਰੀ ਨਿਰਾਹਾਰਸਯ ਗਛਤੀ ਧਾਤ੍ਰਾ ਨਿਵੇਦਿਤੋ ਅਸੀਤ੍ਵੰ ਮਮ ਗ੍ਰਾਸੋ ਜਿਗਿਤ੍ਸਿਤ: ॥੬॥ ਅਦਯਤ੍ਵਾਂ ਭਖਸਯਾਮਿ ਸ ਵਸਾਮਾਂਸ ਸ਼ੋਣਿਤੰ । ਪਰਾਂ ਤ੍ਰਿਪਿਤੀਂ ਗਮਿਸ਼ਯਾਮਿ ਨਾਤ੍ਰ ਕਾਰਯ ਵਿਚਾਰਣੰ ॥ ੭ ॥ (ਸੁਪਾਕੋ ਵਾਚ—ਵਿਸ਼ਣੂ ਸੰਤੋਸ਼ਣ ਅਰਥਾਯ ਬ੍ਰਿਤੰ ਏਤਦ੍ ਉਤਮੰ । ਜਾਗ੍ਰੇ ਵਿਨਿਵਿਰਤੰ ਮਾਂ ਭਖਯਸ੍ਵ ਯਥਾ ਸੁਖੰ ॥ ੮ ॥ (ਰਾਖਯਸ਼ੋ ਵਾਚ)—ਮ੍ਰਿਸ਼ਾਕਿੰ ਭਾਸ਼ਤੇ ਧੂਰਤ ਪੁਨਰ ਏਸ਼ਯਾਮਿ ਤੇ ਅੰਤਿਕੇ ਕੋਹਿਰਖਯਮੁਖਾਤ੍ ਭ੍ਰਸ੍ਟ: ਪੁਨਰ ਆਯਾਤਿ ਤਦ੍ ਅੰਤਿਕੇ ॥੯॥ ਸ਼੍ਰੁਤਿ ਸਿਮ੍ਰਿਤਿ ਪੁਰਾਣਾਨਿ ਰਟੰਤਿ ਏਵੰ ਪੁਨ: ਪੁਨ: ॥ ੧੦ ॥ ਪ੍ਰਾਪਤ ਵੋਸਤੂ ਪਰਿ ਤਯਾਗੋ ਕਾਰਯਨਾਸੋ ਭਵੇਦ ਧੁਰਵੰ ॥ ੧੦ ॥ ਸੁਪਾਕਉਵਾਚ-ਨਾਹੰ ਸਤਯਾਤ੍ ਪਰਿਭ੍ਰਸਟ ਇਤਿ ਨਿਸਚਿਤ ਰਾਖਯਸ ਸ਼ਪਾਮਿ ਚ ਪੁਨਰ ਯਾਸਯੇ ਕ੍ਰਿਤ੍ਵਕਾਰਯੰ ਤ੍ਵਤ੍ ਅੰਤਿਕੇ ॥ ੧੧ ॥ ਸ਼ਤਯਮੂਲੰ ਜਗਤਸਰਵੰ ਸਤਯੇਲੋਕਾ ਪ੍ਰਤਿਸ਼੍ਠਿਤਾ ਸਤਯੇਨ ਪ੍ਰਾਪਯਤੇ ਸਊਖਯੇ ਏਵੰ ਆਹੁਰ ਮਨੀਸ਼ਿਣ: ॥੧੨॥ ਸਤਯੇਨ ਤਪਤਿ ਸੂਰਯੋ ਵਾਤਿ ਸਤਯੇਨਮਾਰੁਤ: । ਸਤਯੇਨ ਪ੍ਰਾਤਯਤੇ ਸ੍ਵਰਗੰ ਸਰਵੰਸਤਯੇਨ ਪ੍ਰਤਿਸ਼੍ਠਿਤੰ ॥ ੧੩ ॥ ਉਦਧਿਰ ਲੰਘਯਤੇ ਨੈਵ ਮਰਯਾਦਾਂ ਸਤਯ ਪਾਲਿਤ: । ਸਤਯੇਨ ਜ੍ਵਲਤਿਵਹਿਨ: ਸਤਯੇਨ ਪ੍ਰਿਥਵੀ ਇਸਥਿਰ: ॥੧੪॥ ਸਤਯੇਨ ਪ੍ਰਾਪਯਤੇ ਧਰਮ: ਸਤਯੇਨ ਪ੍ਰਾਪਯਤੇ ਸੁਖੰ । ਵਸਤਿ ਅਦਯਾਪਿ ਪਾਤਾਲੇ ਬਲੀ ਸਤਯ ਸਮਾਸ਼੍ਰਿਤ: ॥



੧੫॥ ਧਰਮਾਵਰਣ ਆਸ਼੍ਰਮਾਣਾਂ ਯੇਵਾਯਮੇਧਾਦਯੋਮਖ: । ਸਤਯੰਚ ਤੁਲਤੋ ਤਸ੍ਮਾਤਸਤਯਮੇਵਾਭ੍ਯੁਤਗੁਰੂ: ॥੧੬॥ ਅਸ਼੍ਵਮੇਧ ਸਹਸ੍ਰੰਚ ਸਤਯੰ ਚ ਤੁਲਯਾ ਧ੍ਰਿਤੰ । ਅਸ਼੍ਵਮੇਧ ਸਹਸ੍ਰਾਤ ਹਿ ਸਤਯਮੇਵ ਅਵਸ਼ਿਸਯਤੇ । ਏਵੰ ਸਤਯਸਯ ਮਹਾਤਮਯੰ ਸੁਰਤ੍ਵਾਦ੍ਵਿਸ਼੍ਵਾ ਚ ਤਤ੍ਵਤ: । ਪੁਨਃ ਏਸ਼ਯਾਮਿ ਅਹੰਰਖਯ: ਸਤਯੰ ਸਤਯੰ ਨਸੰਸ਼ਯ ॥ ੧੭ ॥ ਸੂਤਉਵਾਚ ॥ ਰਖਯ: ਪ੍ਰਸਾਦ ਸਿਧਿ-ਅਰਥੰ ਵਿਸ਼੍ਵਾਸਅਰਥੰ ਚ ਪੁਲਕਸ਼: । ਪੁਨ:ਨਾਨਾ ਵਿਧਾਂਸ੍ਚਕ੍ਰੇ ਸ਼ਪਥਾਨ ਜਾਗਰਤਉਤਸੁਕ: ॥੧੮॥

ਸੁਪਾਕੋ ਵਾਚ–ਯੇ ਮਹਾ ਪਾਪੀਨਾਂ ਲੋਕਾ: ਕ੍ਰਿਤਘਨਾਨਾਂ ਦੁਰਾਤਮਨਾਂ । ਤਾਂ ਲੋਕਾਨ ਵੈ ਗਮਿਸ਼ਯਾਮਿ ਨ ਆਗਮਿਸ਼ਯਾਮਿ ਚੇਤ ਪੁਨ: ॥ ੧੯ ॥ ਮਿਥਯਾ ਵਾਦਰਤਾਨਾਂਚ ਪਰਦਾਰੋਪਸੇਵਿਨਾ । ਪਾਪੈ: ਕਰਤੂ ਲਿਪਯੇਹੰ ਨ ਆਗਮਿਸ਼ਯਾਮਿਚੇਤ੍ ਪੁਨ: ॥ ੨੦ ॥ ਉਦਕਯ ਆਗਾਮੀਨੰ ਪਾਪੰ ਪਾਕਭੇਦ ਕਰਸਯਹੰ । ਯਤਪਾਪੰ ਤਦ ਭਵੇਤ੍ ਮਹਿਯੰ ਨਾ ਆਗਮਿ–ਸ਼ਯਾਮਿਚੇਤ ਪੁਨ: ॥੨੧॥ ਦ੍ਵਿਜਤ੍ਵੇ ਦੁਰਲਭੇ ਪ੍ਰਾਪਯ ਨਾ ਅਧੀਤ੍ ਸ੍ਰੁਤਿ ਦ੍ਵਿਜਾ ਤਸਯ ਦੋਸ਼ੋ ਮਮਾਸਤੂ ਅਦਯ ਨ ਆਗਮਿਸ਼ਯਾਮਿਚੇਤ ਪੁਨ:॥ ੨੨ ॥ ਆਖਯੇਪਕੇ ਪਿਸ਼ੁਨੇ ਚੋਰੇ ਘਾਤਕੇ ਮ੍ਰਿਤ ਭੋਜੀਨੇ । ਯਤ੍ ਪਾਪੰ ਤੇਨ ਲਿਪਯੇਹੰ ਨ ਆਗਮਿਸ਼ਯਾਮਿਚੇਤ ਪੁਨ: ॥ ੨੩ ॥ ਭੋਜਨ ਅਵਸਰੇ ਦੀਪੇ ਗਤੇ ਯੋ ਰੁਰੂਤੇ ਭੁੰਜੀਮ੍ ਮੇ ਭੂਯਾਤ੍ ਅਘੰ ਤਸਯ ਨ ਆਗਮਿ-ਸ਼ਯਾਮਿਚੇਤ ਪੁਨ: ॥ ੨੪ ॥ ਯੋ ਦ੍ਵਿਭਾਰਯਾ ਉਭੇ ਭਾਰਯੇ ਸਮਦ੍ਰਿਸ਼੍ਯ ਨ ਪਸ਼ਯਤਿ ; ਤਸਯ ਤਾਤੁ ਕਲੁਸ਼ੰ ਨ ਮਹਿਯੰ ਨ ਆਗਮਿਸ਼ਯਾਮਿ ਚੇਤ ਪੁਨ: ॥ ੨੫ ॥ ਮਾਤਾ ਸ੍ਵਸਾ ਸਨੁਸ਼ਾ ਕਨਿਆ ਮਮੇਤਿ ਵਚਨ । ਕਰੋਤਿ ਪਾਪ ਦ੍ਰਿਸ਼੍ਟੀਂ ਯਸ੍ਤ ਪਾਪੰ ਮੇ ਅਨਯਥਾ ਭਵੇਤ ॥ ੨੬ ॥ ਸ੍ਵ ਪਾਕਸਯ ਵਚ ਸ਼੍ਰੁਤ੍ਵਾ ਭਗਵਾਨ ਬ੍ਰਿਧ ਰੂਪ ਧ੍ਰਿਤ੍ ॥ ਨਿਸ੍ਚਯੇ ਦ੍ਰਿੜਤਾਂ ਤਸਯ ਵਿਗਯਾਤ੍ਵੇ ਪੁਨ: ਅਬ੍ਰਵੀਤ ॥ ੨੭ ॥ ਸ੍ਵਪਾਕਉਵਾਚ--ਸਤਯਮੇਵ ਪਰੋ ਧਰਮ ਸਤਯਮੇਵ ਪਰੰ ਤਪ: ॥ ਸਤਯਮੇਵਪਰੰ ਦਾਨੰ ਸਤਯਮੇਵਪਰੰ ਬ੍ਰਤੰ ॥੨੮॥

**ਏਹਿ ਏਹਿ ਮਮ ਅੰਗਾਨਿ ਭਖਜਸ੍ਵ ਯਥੇਛਯਾ । ਯਥਾ ਸਜਾਤ੍ਰ ਅਨਲੇ ਹਰਸ਼ੇ ਯਥਾ ਚ ਤ੍ਵ ਰੋਚਜਤੇ ॥੨੯॥**

ਟੀਕਾ–ਸੂਤ ਜੀ ਕਹਿਤੇ ਹੈਂ ਇਕ ਨਗਰ ਮੇਂ ਕੋਈ ਚੰਡਾਲ ਨਿਸ਼ਿਧ ਕਰਮ ਕਰਨੇ ਵਾਲਾ, ਕੁਮਾਰਗ ਸੇ ਪ੍ਰਾਪਤ ਧਨ ਦ੍ਵਾਰਾ ਕੁਟੰਬ ਕੋ ਪਾਲਤਾ ਭਯਾ । ਏਕ ਦਿਨ ਸ਼ਿਕਾਰ ਦੁਆਰਾ ਜੀਵੋਂ ਕੋ ਮਾਰਤਾ ਹੂਆ ਪਿਆਸ ਸੇ ਦੁਖੀ ਹੋਕਰ, ਸੁਮਤੀ ਨਾਮ ਬ੍ਰਾਹਮਨ ਕੀ ਕੁਟੀਆ ਮੇਂ ਪਹੁੰਚਤਾ ਭਯਾ, ਔਰ ਕਿਸੀ ਪੁੰਨ ਕੇ ਪ੍ਰਭਾਵ ਸੇ ਮਹਾਤਮਾ ਪਾਸ ਪਾਪ ਨ ਕਰਨੇ ਕੀ ਪ੍ਰਤਿਗਯਾ ਕਰਤਾ ਭਯਾ, ਔਰ ਉਸਕੇ ਸਾਥ ਏਕਾਦਸ਼ੀ ਬ੍ਰਤ ਰਖਨੇ ਕੀ ਪ੍ਰਤਿਗਯਾ ਕਰਤਾ ਭਯਾ, ਏਕਾਦਸ਼ੀ ਕੇ ਦਿਨ ਉਸ ਬ੍ਰਹਮਣ ਕੇ ਸਾਥ ਨਿਰਾਹਾਰ ਰਹਿ ਕਰ ਔਰ ਰਾਤ੍ਰੀ ਜਾਗਰਣ ਕਰ, ਭਲੀ ਪਰਕਾਰ ਭਗਵਾਨ ਕੇ ਗੀਤ ਗਾਤਾ ਭਯਾ । ਐਸ ਬਹੁਤ ਕਾਲ ਬੀਤਨੇ ਪਰ, ਏਕ ਦਿਨ ਜਾਗਰਣ ਕੀ ਕਾਮਨਾ ਵਾਲਾ ਹੋਕਰ ਅਪਨੇ ਘਰ ਸੇ ਮਹਾਤਮਾ ਕੀ ਕੁਟੀਆ ਮੇਂ, ਯਾਨੇ ਬਨ ਮੇਂ 'ਹਰਿਮੰਤਰ ਕੋ' ਗਾਯਨ ਕਰਤਾ ਜਾ ਰਹਾ ਥਾ ।੩। ਤਿਸ ਅਤਯੰਤ ਉਗ੍ਰ ਬਨ ਮੇਂ ਮਾਰਗ ਕੇ ਬੀਚ ਮੇਂ ਅਤਯੰਤ ਭਯੰਕਰ ਵਿਕਰਾਲ ਮੂਰਤੀ ਬ੍ਰਹਮ ਰਾਖਜਸ਼ ਕੋ ਦੇਖਤਾ ਭਯਾ ॥ ੪ ॥ ਰਾਖਜਸ਼ ਉਸਕੋ ਦੇਖ ਕਰ ਕਹਿਨੇ ਲਗਾ ਆਜ ਦਸਵੀਂ ਰਾਤ੍ਰੀ ਮੇਰੇ ਕੋ ਨਿਰਾਹਾਰ ਮੇਂ ਹੀ ਜਾ ਰਹੀ, ਵਿਧਾਤਾ ਕਾ ਭੇਜਾ ਹੂਆ ਤੂੰ ਮੇਰਾ ਏਕ ਗ੍ਰਾਸ ਹੀ ਹੈਂ ॥੫॥ ਆਜ ਮੈਂ ਤੇਰੇ ਕੋ ਭਖਜਣ ਕਰੂੰਗਾ, ਤੇਰਾ ਮਾਂਸ ਖਾ ਕਰ ਰੁਧਰ ਆਦਿ ਪੀ ਕਰ ਕੁਛ ਤ੍ਰਿਪਤ ਹੋਊਂਗਾ, ਤਿਸ ਮੇਂ ਤੂੰ ਸੰਦੇਹ ਨ ਕਰ ॥ ੬ ॥ ਚੰਡਾਲ ਕਹਿਨੇ ਲਗਾ ਮੈਨੇ ਵਿਸ਼ਨੂੰ ਭਗਵਾਨ ਕੇ ਪ੍ਰਸੰਨ ਕਰਨੇ ਵਾਸਦੇ, ਏਕਾਦਸ਼ੀ ਕਾ ਬ੍ਰਤ ਰਖਾ ਹੈ । ਔਰ ਹਰਿਮੰਦਰ ਮੇਂ ਰਾਤ ਜਾਗਰਣ ਕਰੂੰਗਾ, ਫਿਰ ਮੇਰੇ ਕੋ ਤੈਂ ਨੇ ਸੁਖ ਪੂਰਬਕ ਖਾ ਲੇਨਾ ॥ ੮ ॥ ਰਾਖਜਸ਼ ਕਹਿਨੇ ਲਗਾ ਅਰੇ ਧੂਰਤ ਝੂਠ ਕਿਉਂ ਬੋਲਤਾ ਹੈ ? ਕਿ ਮੈਂ ਤੇਰੇ ਪਾਸ ਆਊਂਗਾ ਮ੍ਰਿਤ੍ਯੂ ਕੇ ਮੁਖ ਸੇ ਏਕ ਵਾਰ ਛੁਟ ਕਰ, ਫਿਰ ਮ੍ਰਿਤ੍ਯੂ ਕੇ ਮੁਖ ਮੇਂ ਕੌਣ ਆ ਸਕਤਾ ਹੈ ? ਸੁਰਤੀਆਂ ਸਿਮ੍ਰਤੀਆਂ ਔਰ ਪੁਰਾਣ ਫਿਰ ਫਿਰ ਯੇ ਪੁਕਾਰ ਕੇ ਕਹਿਤੇ ਹੈਂ । ਪ੍ਰਾਪਤ ਵਸਤੂ ਕਾ ਤਿਆਗ ਨ ਕਰਨਾ ਚਾਹੀਏ ਕਿਉ ਕਿ ਪ੍ਰਾਪਤ ਵਸਤੂ ਕੇ ਤਿਆਗ ਸੇ ਨਿਸਚੇ ਹਾਨਿ ਹੋਤੀ ਹੈ। ਸੋ ਤੂੰ ਮੇਰੇ ਕੋ ਪ੍ਰਾਪਤ ਹੈਂ ਤੇਰੇ ਕੋ ਕੈਸੇ ਤਿਆਗੂੰ । ੯ । ਚੰਡਾਲਉਵਾਚ–ਮੈਂ ਸਤ ਸੇ ਭ੍ਰਿਸ਼ਟ ਨਹੀਂ ਹੋਤਾ । ਹੇ ਰਾਖਜਸ਼ ਤੂ ਯੇ ਨਿਸਚੇ ਕਰ ਔਰ ਸਪਥ ਖਾ ਕਰ ਕਹਿਤਾ ਹੂੰ ਕਿ ਰਾਤ੍ਰੀ ਕਾ ਜਾਗਰਣ ਕਰ, ਮੈਂ ਤੇਰੇ ਪਾਸ ਆ ਜਾਊਂਗਾ ਕਿਉਂਕਿ ਮੈਂ ਮਹਾਤਮਾ ਦੁਆਰਾ ਸੁਨਾ ਹੈ ॥ ੧੦ ॥ ਸਾਰਾ ਜਗਤ ਸਤ ਮੂਲਕ ਹੈ, ਔਰ ਸਤ ਮੇਂ ਹੀ ਸਰਵ ਲੋਕ ਇਸਥਿਤ ਹੈਂ, ਔਰ ਸਤ ਸੇ ਹੀ ਸੁਖ ਪ੍ਰਾਪਤ ਹੋਤਾ ਹੈ ਐਸੇ ਵਿਦ੍ਵਾਨ ਕਹਿਤੇ ਹੈਂ ॥੧੧॥ ਸਤ ਸੇ ਸੂਰਜ ਤਪਤਾ ਹੈ ਔਰ ਸਤ ਸੇ ਵਾਯੂ ਚਲਤਾ ਹੈ, ਸਤ ਸੇ ਸ੍ਵਰਗ ਪ੍ਰਾਪਤ ਹੋਤਾ ਹੈ । ਔਰ ਸਰਵ ਸਾਧਨ ਸਤ ਮੇਂ ਇਸਥਿਤ ਹੈਂ ॥ ੧੨ ॥ ਸਤ ਕੋ ਪਾਲਨ ਕਰਤਾ ਹੂਆ ਸਮੁੰਦ੍ਰ ਦੇਵ ਅਪਨੀ ਮਰਯਾਦਾ ਕੋ ਨਹੀਂ ਤਿਆਗਤਾ ਹੈ, ਔਰ ਸਤ ਸੇ ਹੀ ਅਗਨੀ ਪ੍ਰਕਾਸ਼ ਔਰ ਪਾਕ ਸਿਧ ਕਰਤੀ ਹੈ, ਔਰ ਪ੍ਰਿਥਵੀ ਭੀ ਸਤ ਕੇ ਕਰਕੇ ਖੜੀ ਹੈ ॥੧੩॥ ਸਤ ਸੇ ਧਰਮ ਔਰ ਸੁਖ ਪ੍ਰਾਪਤ ਹੋਤਾ ਹੈ, ਔਰ ਸਤ ਕੇ ਪ੍ਰਭਾਵ ਸੇ ਬਲਿ ਰਾਜਾ ਅਬ ਤਕ ਪਤਾਲ ਮੇਂ ਇਸਥਿਤ ਹੈ ॥ ੧੪ ॥ ਬ੍ਰਹਮਾ ਜੀ



ਨੇ ਵਰਣਾਸ਼੍ਰਮ ਕੇ ਧਰਮ ਔਰ ਅਸ੍ਵਮੇਧਾਦਿ ਯੱਗ ਸਭ ਮਿਲਾਕਰ, ਸਤ ਸੇ ਤੋਲੇ ਤੋ ਸਤ ਹੀ ਭਾਰਾ ਹੂਆ । ਫਿਰ ਹਜ਼ਾਰ ਅਸ੍ਵਮੇਧ ਯੱਗ ਸਤ ਕੇ ਸਾਥ ਤੋਲੇ ਤੋ ਭੀ ਸਤ ਹੀ ਭਾਰਾ ਹੂਆ ॥੧੫॥ ਐਸੇ ਸਤ ਕਾ ਮਹਾਤਮ ਮੈਨੇ ਕਾਨੋਂ ਸੇ ਸੁਨ ਔਰ ਆਂਖੋਂ ਸੇ ਦੇਖ ਕਰ, ਮੈਂ ਸਤ ਸਤ ਕਹਿਤਾ ਹੂੰ ਕਿ ਮੈਂ ਫੇਰ ਆਪ ਪਾਸ ਆ ਜਾਊਂਗਾ, ਸੰਦੇਹ ਨ ਕਰ ਸੂਤ ਕਹਿਨੇ ਲਗਾ ਰਾਖਜਸ਼ ਕੇ ਪ੍ਰਸੰਨਤਾ ਵਾਸਤੇ ਔਰ ਵਿਸ੍ਵਾਸ ਅਰਥ ਚੰਡਾਲ ਰਾਤ੍ਰੀ ਜਾਗਰਣ ਕਾ ਉਤਸ਼ਾਹ ਕਰਤਾ ਹੂਆ, ਨਾਨਾ ਪ੍ਰਕਾਰ ਕੇ ਕਸਮ ਖਾਤਾ ਭਯਾ ॥ ੧੮ ॥ ਚੰਡਾਲ ਕਹਿਤਾ ਹੈ ਜੋ ਮਹਾਂ ਪਾਪੀਓਂ ਕੋ, ਤਥਾ ਕ੍ਰਿਤਘਨੋਂ ਕੋ ਪ੍ਰਾਪਤ ਹੋਨੇ ਵਾਲੇ ਲੋਕ ਹੈ ਉਨ ਨਰਕੋਂ ਮੇਂ ਪ੍ਰਾਪਤ ਹੋਊਂ, ਅਗਰ ਮੈਂ ਤੇਰੇ ਪਾਸ ਨ ਆਊਂ ॥ ੧੯ ॥ ਮਿਥਿਆ ਵਾਦ ਕਰਨੇ ਵਾਲੇ ਔਰ ਪਰ ਇਸਤ੍ਰੀ ਗਮਨ ਕਰਨੇ ਵਾਲੇ ਪਾਪੋਂ ਕੋ ਪ੍ਰਾਪਤ ਹੋ ਜਾਊਂ, ਅਗਰ ਮੈਂ ਤੇਰੇ ਪਾਸ ਨ ਆਊਂ ॥ ੨੦ ॥ ਜਲ ਕੇ ਸੰਬੰਧ ਸੇ ਹੋਨੇ ਵਾਲੇ ਪਾਪੋਂ ਕੋ, ਤਥਾ ਵਿਖਮ ਰੀਤਿ ਸੇ ਅੰਨ ਬਾਂਟਨੇ ਵਾਲੇ ਪਾਪੋਂ ਕੋ, ਮੈਂ ਪ੍ਰਾਪਤ ਹੋਊਂ ਯਦਿ ਮੈਂ ਤੇਰੇ ਪਾਸ ਨ ਆਊਂ ॥ ੨੧ ॥ ਦ੍ਵਿਜਤ੍ਵ ਭਾਵ ਕੋ ਪ੍ਰਾਪਤ ਹੋਕਰ ਜੋ ਵੇਦ ਪਾਠਾਦਿ ਨਿੱਤਨੇਮ ਨਹੀਂ ਕਰਤਾ, ਉਸਕੋ ਜੋ ਦੋਸ਼ ਹੋਤਾ ਹੈ ਉਸਕੋ ਮੈਂ ਪ੍ਰਾਪਤ ਹੋਊਂ ॥ ੨੨ ॥ ਦੂਸਰੇ ਕੀ ਬਾਤ ਕੋ ਖੰਡਨ ਕਰਨੇ ਵਾਲਾ, ਤਥਾ ਚੁਗਲ, ਚੋਰ ਤਥਾ ਦੂਸਰੇ ਕੇ ਘਾਤ ਕਰਨੇ ਵਾਲਾ, ਔਰ ਮ੍ਰਿਤਕ ਸੰਬੰਧੀ ਭੋਜਨ ਕਰਨੇ ਵਾਲਾ ਇਨ ਕੋ ਜੋ ਪਾਪ ਹੋਤੇ ਹੈਂ ਸੋ ਮੇਰੇ ਕੋ ਪ੍ਰਾਪਤ ਹੋਵੇਂ, ਯਦਿ ਮੈਂ ਤੇਰੇ ਪਾਸ ਨ ਆਊਂ ॥ ੨੩ ॥ ਭੋਜਨ ਕਰਤੇ ਕਰਤੇ ਦੀਪਕ ਬੁਝਨੇ ਪਰ ਭੀ ਜੋ ਭੋਜਨ ਕਰਤਾ ਹੈ, ਉਸ ਕੋ ਜੋ ਪਾਪ ਲਗਤਾ ਹੈ ਸੋ ਪਾਪ ਮੇਰੇ ਕੋ ਲਗੇ ॥ ੨੪ ॥ ਜੋ ਦੋ ਇਸਤ੍ਰੀਆਂ ਰਖਤਾ ਹੈ ਔਰ ਦੋਨੋਂ ਮੇਂ ਸਮ ਦ੍ਰਿਸ਼ਟੀ ਨਹੀਂ ਕਰਤਾ, ਉਸਕੋ ਜੋ ਪਾਪ ਹੋਤਾ ਹੈ ਸੋ ਮੇਰੇ ਕੋ ਪ੍ਰਾਪਤ ਹੋਵੇ ॥ ੨੫ । ੧. ਤੂੰ ਮੇਰੀ ਮਾਤਾ ਹੈਂ, ੨. ਤੂੰ ਮੇਰੀ ਭੈਣ ਹੈਂ, ੩. ਤੂੰ ਮੇਰੀ ਨੂੰਹ ਹੈਂ, ੪. ਤੂੰ ਮੇਰੀ ਕੰਨਿਆਂ ਹੈਂ ਐਸਾ ਕਹਿ ਕਰ ਫੇਰ ਜੋ ਉਨ੍ਹੋਂ ਮੇਂ ਪਾਪ ਦ੍ਰਿਸਟੀ ਕਰੇ, ਉਸਕੋ ਜੋ ਪਾਪ ਲਗਤਾ ਹੈ ਸੋ ਮੇਰੇ ਕੋ ਪਾਪ ਲਗੇ, ਜੇ ਮੈਂ ਤੇਰੇ ਪਾਸ ਨ ਆਊਂ, ੨੬. ਚੰਡਾਲ ਕੇ ਵਚਨ ਸੁਣ ਕਰ ਬ੍ਰਿਧ ਰੂਪ ਧਾਰੀ ਭਗਵਾਨ, ਤਿਸ ਰਾਖਜਸ਼ ਕੇ ਦ੍ਰਿੜ੍ਹ ਨਿਸਚੇ ਜਾਨਨੇ ਵਾਸਤੇ ਕਹਿਤਾ ਭਯਾ ਤੂੰ ਇਸਕੋ ਛੋੜਦੇ ਫਿਰ ਯੇ ਆ ਜਾਏਗਾ । ਤਬ ਰਾਖਜਸ ਛੋੜ ਦੇਤਾ ਭਯਾ ਤਬ ਵੋਹ ਜਾਕਰ ਰਾਤ੍ਰੀ ਜਾਗਰਣ ਕਰ ਗੁਰੂ ਸੇ ਆਗਿਆ ਲੇ ਕਰ, ਵਚਨ ਪਾਲਨੇ ਵਾਸਤੇ ਰਾਖਜਸ਼ ਪਾਸ ਆ ਜਾਤਾ ਭਯਾ, ਔਰ ਰਾਖਜਸ਼ ਕੋ ਕਹਿਨੇ ਲਗਾ–ਚੰਡਾਲ ਕਹਿਤਾ ਹੈ–(੨੭) ਸੱਤ ਹੀ ਪਰਮ ਧਰਮ ਹੈ, ਸੱਤ ਹੀ ਪਰਮ ਤਪ ਹੈ । ਔਰ ਸਤ ਹੀ ਪਰਮ ਦਾਨ ਹੈ, ਸਤ ਹੀ ਪਰਮ ਬ੍ਰਤ ਹੈ । (੨੮) ਆ ਜਾ ਆ ਜਾ ਮੇਰੇ ਸਰੀਰ ਕੋ ਅਪਨੀ ਇੱਛਾ ਅਨੁਸਾਰ ਭਖਜਣ ਕਰ ਔਰ ਤੂੰ ਆਪਣੀ ਜਠਰਾਗਨੀ ਕੋ, ਆਪਣੀ ਇੱਛਾ ਅਨੁਸਾਰ ਪ੍ਰਸੰਨ ਕਰ । ਰਾਖਜਸ਼ ਐਸੇ ਬਚਨ ਸੁਣ ਕਰ, ਕਿ ਐਸੇ ਸਤਵਾਦੀ ਪ੍ਰਮੇਸ਼ਰ ਰੂਪ ਪੁਰਸ਼ ਕੋ ਮਾਰ ਕਰ ਮੈਂ ਕਿਸ ਗਤਿ ਕੋ ਜਾਊਂਗਾ, ਤਾਂਤੇ ਇਸ ਕਾ ਸ਼ਿਸ਼ ਬਣਕੇ ਸੇਵਾ ਕਰਕੇ ਦੁਰਗਤਿ ਸੇ ਛੂਟੂੰ। ਤਬ ਉਸਕਾ ਸ਼ਿਸ਼ ਬਣ ਕਰ ਉਪਦੇਸ਼ ਲੇਕਰ, ਰਾਖਜਸ਼ ਭਾਵ

ਸੇ ਛੁਟ ਜਾਤਾ ਭਯਾ । ਸੋ ਇਸ ਪ੍ਰਕਾਰ ਸਤ ਕਾ ਯੇ ਮਹਾਤਮ ਹੈ । ਕਈ ਰਾਜਾਓਂ ਨੇ ਸਤ ਕੇ ਪਾਲਣ ਕਰਨੇ ਵਾਸਤੇ ਰਾਜਜ ਕੋ ਦੇ ਦੀਆ ਹੈ ਜੈਸੇ-ਏਕ ਚੰਦ੍ਰਕੇਤੂ ਰਾਜਾ ਬੜਾ ਸਤਵਾਦੀ ਥਾ, ਉਸਕੇ ਸਤ ਕਾ ਪ੍ਰਭਾਵ ਇੰਦ੍ਰ ਲੋਕ ਤਕ ਪ੍ਰਸਿੱਧ ਹੋ ਚੁਕਾ ਥਾ। ਤਬ ਦੇਵਤਾਓਂ ਨੇ ਉਸ ਕੇ ਸਤ ਕੀ ਪ੍ਰੀਖਯਾ ਵਾਸਤੇ ਅਗਨੀ ਦੇਵ ਕੋ ਉਸਕੇ ਦੁਆਰੇ ਪਰ ਭੇਜਾ । ਰਾਜਾ ਕਾ ਪ੍ਰਣ ਥਾ ਮੈਂ ਆਪਨੇ ਦੁਆਰੇ ਪਰ ਤੀਨ ਦਿਨ ਤਕ ਕਿਸੀ ਅਭਿਆਗਤ ਕੋ ਭੂਖਾ ਨ ਰਹਿਨੇ ਦੂੰਗਾ । ਕਿਸੀ ਸੂਰਤ ਭੀ ਉਸਕੋ ਪ੍ਰਸੰਨ ਕਰ ਆਪਣਾ ਪ੍ਰਣ ਪਾਲੂੰਗਾ । ਤਬ ਅਗਨੀ ਦੇਵ ਉਸਕੇ ਦੁਆਰੇ ਪਰ ਆਕੇ ਬ੍ਰਾਹਮਣ ਕੇ ਰੂਪ ਮੇਂ ਭੂਖਾ ਰਹਿਨੇ ਲਗਾ । ਰਾਜਾ ਨੇ ਅਨੇਕ ਪ੍ਰਕਾਰ ਸੇ ਉਨਕੋ ਸੰਤੁਸ਼੍ਟ ਕਰਨਾ ਚਾਹਾ ਪਰੰਤੂ ਬ੍ਰਾਹਮਣ ਪ੍ਰਸੰਨ ਨ ਹੂਆ ਔਰ ਕਹਾ ਯਾ ਅਪਨਾ ਧਰਮ ਛੋੜੋ ਯਾ ਮੇਰੇ ਕੋ ਰਾਜ ਦੇ ਕਰ ਏਕ ਏਕ ਬਸਤ੍ਰ ਲੇ ਕਰ ਅਪਨੀ ਇਸਤ੍ਰੀ ਔਰ ਦੋਨੋਂ ਬੱਚੋਂ ਕੋ ਸਾਥ ਲੇਕਰ ਰਾਜਜ ਸੇ ਬਾਹਰ ਹੋ ਜਾਓ । ਰਾਜਾ ਵਿਚਾਰ ਕਰਨੇ ਲਗਾ ਕਿ ਰਾਜ ਸੇ ਧਰਮ ਬੜਾ ਹੈ, ਇਸ ਵਾਸਤੇ ਧਰਮ ਕੀ ਰਖਿਆ ਕਰਨੇ ਕੇ ਵਾਸਤੇ ਰਾਜ ਕਾ ਤਿਆਗ ਕਰੇਂ, ਜੈਸੇ ਸ੍ਰੀ ਰਾਮ ਚੰਦਰ ਨੇ ਪਿਤਾ ਕੀ ਆਗਿਆ ਰੂਪ ਧਰਮ ਕੇ ਪਾਲਨ ਕਰਨੇ ਕੇ ਵਾਸਤੇ, ਰਾਜ ਤਿਆਗ ਦੀਆ ਥਾ । ਔਰ ਬਲੀ ਰਾਜਾ ਨੇ ਧਰਮ ਰਖਿਆ ਵਾਸਤੇ ਬਾਵਨ ਭਗਵਾਨ ਕੋ, ਅਪਨਾ ਸਰਵੰਸ ਦੇ ਦੀਆ । ਔਰ ਰਾਜਾ ਹਰੀਸ ਚੰਦਰ ਨੇ ਅਪਨਾ ਰਾਜ ਦੇ ਕਰ, ਅਪਨੀ ਇਸਤ੍ਰੀ ਔਰ ਅਪਨੇ ਪੁਤ੍ਰ ਕੋ, ਤਥਾ ਅਪਨੇ ਆਪ ਕੋ ਬੇਚ ਕਰ ਧਰਮ ਕੀ ਰਖਿਆ ਕਰੀ, ਤੈਸੇ ਮੈਂ ਭੀ ਬ੍ਰਾਹਮਣ ਕੋ ਰਾਜ ਦੇ ਕਰ ਅਪਨੇ ਧਰਮ ਕੀ ਰਖਿਆ ਕਰੂੰ, ਐਸਾ ਵਿਚਾਰ ਕਰ ਕਚਹਿਰੀ ਲਗਾਈ ਔਰ ਬ੍ਰਾਹਮਣ ਕੋ ਰਾਜ ਦੇ ਕਰ, ਇਸਤ੍ਰੀ ਬਚੋਂ ਕੋ ਸਾਥ ਲੇ ਕਰ ਰਾਜਜ ਸੇ ਬਾਹਰ ਹੋ ਗਿਆ, ਔਰ ਭੂਖ ਪਿਆਸ ਸੇ ਦੁਖੀ ਹੋ ਕਰ, ਜਾ ਰਹਾ ਥਾ ਮਾਂਗਨੇ ਪਰ ਕਿਸੀ ਨੇ ਥੋੜਾ ਅੰਨ ਦੀਆ ਉਸ ਸੇ ਗੁਜ਼ਰਾਨ ਕਰਾ, ਦੂਸਰੇ ਦਿਨ ਮਜੂਰੀ ਕਰਕੇ ਅਪਨਾ ਨਿਰਬਾਹ ਕਰਨੇ ਲਗੇ । ਐਸੇ ਮਜੂਰੀ ਕਰਤੇ ਕੁਛ ਦਿਨ ਬਤੀਤ ਹੂਏ ਤਬ ਧਰਮ ਭੀ ਰਾਜਾ ਕੀ ਪ੍ਰੀਖਯਾ ਕਰਨੇ ਲਗਾ, ਕਿ ਵਿਪਤਿਕਾਲ ਮੇਂ ਮੇਰੀ ਰਖ੍ਯਾ ਕਰਤਾ ਹੈ ਯਾ ਨਹੀਂ, ਯਾਨੇ ਸਰਨਾਗਤ ਆਈ ਇਸਤ੍ਰੀ ਔਰ ਬਚੋਂ ਕਾ ਧੀਰਜ ਸੇ ਪਾਲਨ ਕਰਤਾ ਹੈ ਯਾ ਨਹੀਂ, ਪਰੰਤੂ ਰਾਜਾ ਵਿਪਤਿਕਾਲ ਮੇਂ ਭੀ ਧੀਰਜ ਰਖ ਕਰ ਧਰਮ ਕੀ ਰਖ੍ਯਾ ਕਰਤਾ ਹੂਆ ਅਪਨੀ ਇਸਤ੍ਰੀ ਬੱਚੋਂ ਕੀ ਪਾਲਨਾ ਕਰਤਾ ਭਯਾ । ਏਕ ਦਿਨ ਜਹਾਜ਼ ਪਰ ਮਜੂਰੀ ਕਰਤੇ ਏਕ ਸੌਦਾਗਰ ਰਾਣੀ ਕੋ ਦੇਖ ਕਰ ਮੋਹਿਤ ਹੂਆ ਔਰ ਰਾਜਾ ਕੇ ਪਰ ਬੱਚੋਂ ਕੇ ਸਾਥ ਨਾ ਹੋਨੇ ਪਰ ਰਾਣੀ ਕੋ ਜਹਾਜ਼ ਮੇਂ ਬਿਠਾ ਕਰ ਲੇ ਗਿਆ । ਰਾਜਾ ਬੱਚੋਂ ਕੇ ਸਾਥ ਰਾਣੀ ਕੀ ਤਲਾਸ਼ ਕਰਨੇ ਲਗਾ ਪਰ ਕੋਈ ਪਤਾ ਨਾ ਲਗਾ, ਢੂੰਡਤੇ ਢੂੰਡਤੇ ਏਕ ਬਰਸਾਤੀ ਨਦੀ ਕੇ ਕਿਨਾਰੇ ਪਹੁੰਚੇ, ਔਰ ਭੂਖ ਪਿਆਸ ਸੇ ਵਿਆਕੁਲ ਹੋ ਰਹੇ ਥੇ, ਨਦੀ ਸੇ ਪਾਰ ਹੋਨੇ ਲਗੇ । ਏਕ ਲੜਕੇ ਕੋ ਲੇਕਰ ਰਾਜਾ ਨਦੀ ਸੇ ਪਾਰ ਪਹੁੰਚਾ ਆਇਆ ਇਸ ਪਾਰ ਆਨੇ ਲਗਾ ਤੋ ਨਦੀ ਕਾ ਜਲ ਬਰਸਾਤ ਸੇ ਬੜ੍ਹ



ਗਿਆ, ਔਰ ਰਾਜਾ ਕੋ ਰੋੜ੍ਹ ਕਰ ਦੂਰ ਜਾ ਫੈਂਕਾ, ਅਬ ਲੜਕੇ ਰਾਜਾ ਸੇ ਔਰ ਆਪਸ ਸੇ ਭੀ ਵਿਛੜ ਗਏ, ਐਸੇ ਬਹੁਤ ਦਿਨ ਵਿਛੜ ਕਰ ਦੁਖ ਪਾਇਆ, ਪਰੰਤੂ 'ਧਰਮੋਂ ਰਖਸ਼ਤਿ ਰਖਸ਼ਤਾ:' । ਧਰਮ ਨੇ ਸਹਾਇਤਾ ਕਰੀ ਤਬ ਰਾਜਾ ਕਿਸੀ ਸ਼ਹਿਰ ਮੇਂ ਪਹੁੰਚਾ, ਉਸ ਦੇਸ਼ ਕਾ ਰਾਜਾ ਮਰ ਗਿਆ ਥਾ, ਉਨ੍ਹੋਂ ਨੇ ਨਿਯਮ ਕੀਆ ਥਾ, ਕਿ ਜੋ ਪਹਿਲੇ ਸ਼ਾਹੀ ਦਰਵਾਜ਼ੇ ਕੋ ਖੋਲ੍ਹੇਗਾ, ਉਸ ਕੋ ਰਾਜ ਮਿਲੇਗਾ । ਇਸ ਨਿਯਮ ਸੇ ਰਾਜਾ ਕੋ ਰਾਜਾ ਬਣਾਇਆ ਗਿਆ । ਔਰ ਵੋਹ ਦੋਨੋਂ ਭਾਈ ਭੀ ਆਪਸ ਮੇਂ ਕਠੇ ਹੋ ਗਏ, ਔਰ ਅਪਣੇ ਪਿਤਾ ਕੀ ਰਾਜਧਾਨੀ ਮੇਂ, ਕਿਸੀ ਗਰੀਬ ਕੇ ਘਰ ਮੇਂ ਰਹਿਨੇ ਲਗੇ, ਔਰ ਅਹਿਲਕਾਰੋਂ ਕੀ ਸਿਫਾਰਸ਼ ਸੇ, ਬੰਦਰ ਪਰ ਪਹਿਰਾ ਦੇਨੇ ਕੀ ਨੌਕਰੀ ਕਰਨੇ ਲਗੇ। ਬਹੁਤ ਦਿਨੋਂ ਕੇ ਬਾਦ ਵੋਹ ਸਉਦਾਗਰ, ਉਨਕੀ ਮਾਤਾ ਕੋ ਸਾਥ ਲੇਕਰ ਉਸ ਬੰਦਰ ਪਰ ਪਹੁੰਚੇ । ਔਰ ਉਨਕੀ ਮਾਤਾ ਸਉਦਾਗਰ ਕੇ ਬਹੁਤ ਯਤਨ ਕਰਨੇ ਪਰ ਭੀ ਅਪਨਾ ਮਤ ਨ ਛੋੜਤੀ ਭਈ, ਔਰ ਹਰ ਵਕਤ ਉਦਾਸੀਨ ਰਹਿਤੀ ਰਹੀ । ਸਉਦਾਗਰ ਨੇ ਉਸਕੀ ਪ੍ਰਸੰਨਤਾ ਵਾਸਤੇ ਹੀਰੇ ਜਵਾਹਰੋਂ ਕੇ ਬਹੁਤ ਡੱਬੇ ਉਸਕੇ ਪਾਸ ਰਖੇ ਥੇ, ਔਰ ਅੱਛੇ ਕਮਰੇ ਮੇਂ ਰਖਾ ਹੂਆ ਥਾ, ਤਥਾ ਅੱਛੇ ਅੱਛੇ ਪਦਾਰਥ ਦੇਤਾ ਥਾ, ਤਬ ਭੀ ਵੋਹ ਉਦਾਸੀਨ ਰਹਿਤੀ ਥੀ, ਜਬ ਜਹਾਜ਼ ਉਸ ਬੰਦਰ ਤੇ ਪਹੁੰਚਾ ਸਉਦਾਗਰ ਨੇ ਪਹਿਰੇਦਾਰ ਮਾਂਗੇ, ਤੋ ਵੋਹ ਦੋਨੋਂ ਲੜਕੇ ਪਹਿਰਾ ਦੇਨੇ ਲਗੇ । ਸਉਦਾਗਰ ਨੇ ਉਨਕੇ ਮਾਤਾ ਵਾਲੇ ਕਮਰੇ ਪਰ ਪਹਿਰਾ ਦੇਨੇ ਕੋ ਰਖਾ, ਜਬ ਆਧੀ ਰਾਤ ਹੂਈ ਸਭ ਸੋ ਗਏ ਤੋ ਛੋਟੇ ਭਾਈ ਕੋ ਨੀਂਦ ਆਨੇ ਲਗੀ । ਤਬ ਬੜੇ ਭਾਈ ਕੋ ਕਹਾ ਜਨਮ ਕੀ ਕਥਾ ਸੁਨਾਓ । ਤਬ ਬੜਾ ਭਾਈ ਕਹਿਨੇ ਲਗਾ, ਹਮ ਰਾਜਾ ਚੰਦ੍ਰਕੇਤੂ ਕੇ ਪੁਤ੍ਰ ਹੈਂ, ਹਮਾਰੀ ਮਾਤਾ ਕਾ ਨਾਮ ਮਲਯਾਗਿਰੀ ਹੈ । ਏਕ ਬ੍ਰਾਹਮਣ ਨੇ ਤੀਨ ਦਿਨ ਭੂਖਾ ਰਹਿ ਕਰ, ਪਿਤਾ ਸੇ ਰਾਜਜ ਲੇ ਲੀਆ ਥਾ। ਹਮ ਏਕ ਕਪੜਾ ਲੇਕਰ ਰਾਜ ਸੇ ਬਾਹਰ ਹੋ ਗਏ, ਬੜੀ ਵਿਪਤੀ ਕਾਟੀ। ਮਾਤਾ ਕੋ ਸਉਦਾਗਰ ਜਹਾਜ ਪਰ ਬਿਠਾ ਕਰ ਲੇ ਗਯਾ । ਔਰ ਪਿਤਾ ਨਦੀ ਮੇਂ ਰੁੜ੍ਹ ਗਿਆ ਥਾ, ਖਬਰ ਨਹੀਂ ਅਬ ਕਹਾਂ ਹੈ ? ਇਤਨਾ ਵਚਨ ਜਬ ਮਾਤਾ ਨੇ ਸੁਨਾ ਅਪਨੇ ਪੁਤ੍ਰ ਸਮਝ ਕਰ ਰਤਨੋਂ ਕੇ ਡੱਬੇ ਲੁਕਾ ਰਖੇ, ਔਰ ਚੋਰ ਚੋਰ ਕਰਕੇ ਪੁਕਾਰਨੇ ਲਗੀ । ਰਾਣੀ ਕਹਿਨੇ ਲਗੀ ਰਾਜਾ ਕੇ ਸਨਮੁਖ ਚੋਰੋਂ ਕੋ ਪਕੜਾਊਂਗੀ । ਸਵੇਰੇ ਜਬ ਰਾਜਾ ਕੇ ਪਾਸ ਪਹੁੰਚੇ, ਰਾਣੀ ਰਾਜਾ ਕੋ ਕਹਿਨੇ ਲਗੀ ਰਾਤ ਵਾਲੀ ਕਹਾਨੀ ਬੱਚੋਂ ਸੇ ਸੁਨੋਂ ਰਾਜਾ ਨੇ ਰਾਤ ਵਾਲੀ ਕਹਾਨੀ ਸੁਨੀ, ਔਰ ਸਮਝਾ ਕਿ ਬੱਚੇ ਮੇਰੇ ਹੈਂ, ਔਰ ਰਾਣੀ ਭੀ ਮੇਰੀ ਹੈ, ਸਉਦਾਗਰ ਕੋ ਦੰਡ ਦੀਆ। ਔਰ ਰਾਣੀ ਔਰ ਬੱਚੇ ਆਪਣੇ ਪਾਸ ਰਖੇ । ਸੁਖੀ ਹੂਆ ਵਹਾਂ ਸੇ ਅਗਨੀ ਦੇਵ ਆਕਰ ਰਾਜਾ ਕੋ ਮਿਲਾ, ਔਰ ਉਸ ਕੋ ਅਪਨਾ ਰਾਜ ਭੀ ਦੇਤਾ ਭਯਾ। ਰਾਜਾ ਦੋਨੋਂ ਰਾਜ ਅਪਨੇ ਪੁਤਰੋਂ ਕੋ ਦੇਤਾ ਭਯਾ, ਔਰ ਆਪ ਏਕਾਂਤ ਮੇਂ ਰਹਿ ਕਰ, ਈਸ਼ੁਰ ਚਿੰਤਨ ਕਰ ਮੁਕਤ ਹੂਆ, ਯਹ ਸਭ ਸਤ ਕਾ ਮਹਾਤਮ ਹੈ, ਯਹੀ ਉਪਦੇਸ਼ ਭਗਵਾਨ ਕ੍ਰਿਸ਼ਨ ਚੰਦ੍ਰ ਜੀ ਅਰਜਨ ਕੋ ਕਹਿਤੇ ਭਏ । ਅਰਜਨ ਨੇ ਪੂਛਾ ਥਾ ਕਿ ਆਪ ਹਮਾਰੇ ਅੰਗ ਸੰਗ ਰਹਿਤੇ ਹੋ, ਫਿਰ ਭੀ ਹਮਾਰੇ ਕੋ ਇਤਨੇ ਦੁਖ ਕਿਉਂ ਹੋ:

ਹੈਂ ? ਜੈਸੇ ਕਿ ਲਾਖਾ ਗ੍ਰਹ ਮੇਂ ਅਗਨੀ ਹਮਾਰੇ ਕੋ ਲਗਾਈ ਗਈ, ਬਨੋਂ ਮੇਂ ਹਮ ਫਿਰਤੇ ਰਹੇ । ਮਤਲਬ ਅਨੰਤ ਦੁਖ ਹਮ ਨੇ ਪਾਏ ਆਪ ਕੇ ਹੋਤੇ ਇਤਨੇ ਦੁਖ ਹਮ ਕੋ ਨ ਹੋਨੇ ਚਾਹੀਏਂ । ਭਗਵਾਨ ਕਹਿਨੇ ਲਗੇ ਤੁਮ ਧਰਮ ਕੋ ਪੈਦਾ ਨਹੀਂ ਕਰਤੇ ਹੋ, ਇਸ ਵਾਸਤੇ ਦੁਖ ਪਾਤੇ ਹੋ ਧਰਮ ਸਤ ਸੇ ਪੈਦਾ ਹੋਤਾ ਹੈ, ਔਰ ਦਯਾ ਦਾਨ ਸੇ ਵਧਤਾ ਹੈ ।

**ਸਤਜਾਤ੍ ਉਤਪਦਜਤੇ ਧਰਮ ਦਯਾ ਦਾਨਾਸ੍ਹ ਵਰਧਤੇ ॥ (ਤਥਾ) ਧਰਮੋ ਰਖਜਤਿ ਰਖਜਤ: ॥**

[ਮਹਾ ਭਾਰਤ

ਜੋ ਕੋਈ ਧਰਮ ਕੀ ਰਖਜਾ ਕਰਤਾ ਹੈ, ਧਰਮ ਉਸਕੀ ਰਖਜਾ ਕਰਤਾ ਹੈ ਤੁਮ ਧਰਮ ਨਹੀਂ ਕਰਤੇ ਸਤ ਨਹੀਂ ਬੋਲਤੇ । ਮਨੁਸ਼ਜ ਕੋ ਚਾਹੀਏ ਕਿ ਜੋ ਪ੍ਰਤਗਯਾ ਕਰੇ ਉਸਕਾ ਪਾਲਨ ਕਰੇ । ਤੁਮ ਵਚਨ ਕਰਕੇ ਪਾਲਤੇ ਨਹੀਂ ਇਸ ਵਾਸਤੇ ਦੁਖ ਪਾਤੇ ਹੋ ਤਬ ਅਰਜੁਨ ਨੇ ਕਹਾ ਅੱਛਾ ਮਹਾਰਾਜ ! ਅਬ ਜੋ ਆਪ ਸੇ ਪ੍ਰਤਿਗਯਾ ਕਰੂੰਗਾ ਉਸਕੋ ਪਾਲੂੰਗਾ । ਭਗਵਾਨ ਕਹਿਨੇ ਲਗੇ ਅੱਛਾ ਅਬ ਕਿਆ ਪ੍ਰਤਿਗਯਾ ਕਰਤਾ ਹੈਂ । ਅਰਜੁਨ ਕਹਿਨੇ ਲਗਾ ਜਬ ਮੈਂ ਆਪਕੇ ਪਾਸ ਰਹੂੰਗਾ, ਅਥਵਾ ਆਪ ਹਮਾਰੇ ਪਾਸ ਹੋਂਗੇ ਤੋ ਆਪਕੋ ਖਿਲਾਕੇ, ਭੋਜਨ ਖਾਊਂਗਾ ਪਹਿਲੇ ਨਹੀਂ ਖਾਊਂਗਾ । ਭਗਵਾਨ ਨੇ ਕਹਾ ਅਗਰ ਮੈਂ ਬ੍ਰਤ ਰਖੂੰ ਤੋ ਕਿਆ ਕਰੇਗਾ ? ਅਰਜੁਨ ਨੇ ਕਹਾ ਮੈਂ ਭੀ ਬ੍ਰਤ ਰਖੂੰਗਾ । ਤਬ ਕੁਛ ਦਿਨ ਬਾਦ ਅਰਜੁਨ ਕੋ ਭਗਵਾਨ ਕਹਿਨੇ ਲਗੇ ਅਰਜੁਨ ! ਅਬ ਕਾਰਤਿਕ ਮਾਸ ਮੇਂ ਮੈਂ ਪਾਂਚ ਭੀਖਮੋਂ ਕਾ ਬ੍ਰਤ ਰਖੂੰਗਾ । ਅਰਜੁਨ ਨੇ ਕਹਾ ਮੈਂ ਭੀ ਰਖੂੰਗਾ । ਵਚਨ ਕਰਾ ਹੈ ਪਾਲੂੰਗਾ । ਭਗਵਾਨ ਨੇ ਬਤ ਰਖ ਲੀਆ ਅਰਜੁਨ ਕਾ ਪਹਿਲਾ ਦਿਨ ਤੋ ਸੁਖ ਸੇ ਗੁਜ਼ਰਾ ਦੂਸਰੇ ਦਿਨ ਬੜੇ ਲਾਚਾਰੀ ਸੇ ਵੱਕਤ ਗੁਜ਼ਾਰਾ ਤੀਸਰੇ ਦਿਨ :–

**ਭੂਖੇ ਪ੍ਰੀਤ ਅਨਾਜ ॥ (ਤਥਾ) ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥**

[ਸੋਰਠਿ ਕਬੀਰ ਸਫਾ ੬੫੬

ਇਸ ਪ੍ਰਕਾਰ ਅੰਨ ਮੇਂ ਪ੍ਰੀਤ ਰਹੀ ਅਰਜੁਨ ਕੀ ਭਗਵਾਨ ਮੇਂ ਪ੍ਰੀਤੀ ਨ ਰਹੀ, ਖਿਆਲ ਕਰਾ ਕਿ ਭਗਵਾਨ ਕਹੀਂ ਚਲੇ ਜਾਏਂ, ਯਾ ਮੈਂ ਕਹੀਂ ਜਾਕੇ ਖਾ ਆਊਂ । ਭਗਵਾਨ ਨੇ ਕੋਈ ਵਕਤ ਨਹੀਂ ਦੀਆ । ਸ਼ਾਮ ਹੂਈ ਤਬ ਭਗਵਾਨ ਨੇ ਅਰਜੁਨ ਕੋ ਕਹਾ ਲੋਟਾ ਲੇਕੇ ਚਲੋ ਸੋਚ ਹੋ ਆਏਂ । ਬਾਹਰ ਗਏ । ਭਗਵਾਨ ਲੋਟਾ ਲੇਕੇ ਸੋਚ ਚਲੇ ਗਏ । ਅਰਜੁਨ ਬੜਾ ਖੁਸ ਹੁਆ ਕਿ ਭਗਵਾਨ ਚਲੇ ਤੋ ਗਏ, ਤਬ ਖੇਤ ਮੇਂ ਸੇ ਮੱਕੀ ਕੇ ਦਾਨੇ ਨਿਕਾਲ ਕਰ ਖਾਨੇ ਲਗਾ । ਤਬ ਭਗਵਾਨ ਵਹਾਂ ਹੀ ਪ੍ਰਗਟ ਹੋ ਗਏ, ਔਰ ਕਹਿਨੇ ਲਗੇ ਅਰੇ ਅਰਜੁਨ ਯਹ ਕਿਆ ਕਰਤਾ ਹੈਂ ? ਤੈਨੇ ਕਿਆ ਕਹਾ ਥਾ ? ਕਿ ਖਿਲਾਕੇ ਫਿਰ ਖਾਊਂਗਾ । ਅਬ ਤੁਮਨੇ ਮੇਰੇ ਕੋ ਖਿਲਾਯਾ ਨਹੀਂ । ਇਸੀ ਵਾਸਤੇ ਤੋ ਤੁਮ ਇਤਨੇ ਦੁਖੀ ਰਹਿਤੇ ਹੋ ਅਬ ਅਰਜੁਨ ਬੜਾ ਲੱਜਿਤ ਹੁਆ ਔਰ ਕਹਿਨੇ ਲਗਾ ਅੱਛਾ ਮਹਾਰਾਜ "ਭੁਲਣ ਅੰਦਰ ਸਭ ਕੋ" ਮੈਂ ਇਕ ਵਾਰੀ ਭੂਲ ਗਯਾ ਫਿਰ ਆਗੇ ਨ ਭੂਲੂੰਗਾ ਮਾਫੀ ਦੋ । ਭਗਵਾਨ ਨੇ ਮਾਫੀ ਦਿਤੀ



ਫਿਰ ਕੁਛ ਸਮਾਂ ਪਾਕੇ ਭਗਵਾਨ ਨੇ ਅਰਜੁਨ ਕੋ ਕਹਾ ਚਲੋ, ਸੋਚ ਹੋ ਆਏਂ ਨਾਲੇ ਜਮੁਨਾ ਇਸ਼ਨਾਨ ਕਰ ਆਈਏ । ਤਬ ਜਮੁਨਾ ਤੇ ਗਏ ਜਬ ਕਪੜੇ ਉਤਾਰ ਰਖਨੇ ਲਗੇ ਤੋ ਦੇਖਾ ਵੈਜੰਤੀ ਮਾਲਾ ਗਲੇ ਮੇਂ ਪੜੀ ਹੈ । ਤਬ ਭਗਵਾਨ ਨੇ ਕਹਾ ਅਰਜੁਨ ਚਲੋ ਘਰ ਚਲੇਂ ਇਸ ਮਾਲਾ ਕੋ ਰਖਕੇ ਆਏਂ ਇਸ ਮਾਲਾ ਕੋ ਸ਼ੋਚ ਨਹੀਂ ਲੇ ਜਾਨਾ ਹੈ । ਤਬ ਅਰਜੁਨ ਨੇ ਕਹਾ ਮਹਾਰਾਜ ! ਇਸ ਮਾਲਾ ਕੇ ਵਾਸਤੇ ਫੇਰ ਘਰ ਕਿਉਂ ਚਲੀਏ ? ਮੇਰੇ ਕੋ ਦੋ ਮੈਂ ਸੰਭਾਲ ਕੇ ਰਖਤਾ ਹੂੰ ਭਗਵਾਨ ਨੇ ਕਹਾ ਪ੍ਰਾਣੋਂ ਜੈਸੇ ਰਖਜਾ ਕਰੇਂਗਾ ? ਅਰਜੁਨ ਨੇ ਕਹਾਂ ਹਾਂ ਪ੍ਰਤਗਯਾ । ਤਬ ਭਗਵਾਨ ਨੇ ਮਾਲਾ ਉਤਾਰ ਕਰ ਅਰਜੁਨ ਕੋ ਦੇ ਦਿਤੀ । ਆਪ ਲੋਟਾ ਲੇਕੇ ਸੌਚ ਚਲੇ ਗਏ । ਅਰਜੁਨ ਨੇ ਵਿਚਾਰਾ ਕਿ ਜਬ ਤਕ ਭਗਵਾਨ ਸ਼ੌਚ ਹੋਕਰ ਆਵੇਂ, ਤਬ ਤਕ ਮੈਂ ਇਸ਼ਨਾਨ ਕਰ ਲੂੰ । ਫੇਰ ਭਗਵਾਨ ਕੋ ਇਸਨਾਨ ਕਰਾਊਂਗਾ । ਐਸਾ ਵਿਚਾਰ ਕਰ ਕਪੜੇ ਉਤਾਰ ਕਰ ਧਨੁਸ਼ ਰਖ ਕਰ ਨਹਾਨੇ ਲਗ ਗਯਾ, ਨਹਾਤਾ ਰਹਾ ਟੁਬੀਆਂ ਲਗਾਤਾ ਰਹਾ, ਤੈਰਤਾ ਰਹਾ । ਇਤਨੇ ਮੇਂ ਜੰਗਲ ਸੇ ਏਕ ਸੇਰ ਪਾਨੀ ਪੀਨੇ ਕੇ ਲੀਏ ਉਸੀ ਜਗਹ ਆਯਾ, ਜਹਾਂ ਅਰਜੁਨ ਨੇ ਸ਼ਸਤ੍ਰ ਬਸਤ੍ਰ ਰਖੇ ਥੇ, ਅਰਜੁਨ ਦੇਖ ਕਰ ਹੈਰਾਨ ਹੁਆ ਔਰ ਉਪਾਯ ਸੋਚਨੇ ਲਗਾ, ਕਿ ਇਧਰ ਸੇ ਮਹਾਰਾਜਾ ਆਏਂਗੇ ਉਨਕੋ ਖਾ ਜਾਏਗਾ ਔਰ ਕੋਈ ਪੱਥਰ ਭੀ ਨ ਮਿਲਾ, ਔਰ ਗਾਂਡੀਵ ਧਨੁਸ਼ ਭੀ ਬਾਹਰ ਰਖਾ ਹੈ । ਤਬ ਮਾਲਾ ਸੇ ਸ਼ੇਰ ਕੋ ਡਰਾਨੇ ਲਗਾ, ਪਰੰਤੁ ਸੇਰ ਨ ਹਟਾ, ਤਬ ਅਰਜੁਨ ਨੇ ਜੋਰ ਸੇ ਸ਼ੇਰ ਕੇ ਮੂੰਹ ਪਰ ਮਾਲਾ ਮਾਰੀ, ਓਹ ਸੇਰ ਉਸ ਮਾਲਾ ਕੋ ਮੂੰਹ ਮੇਂ ਪਕੜ ਕਰ ਚਲਾ ਗਯਾ, ਸ਼ੇਰ ਕੇ ਜਾਨੇ ਕੇ ਬਾਦ ਅਰਜੁਨ ਜਲਦੀ ਸੇ ਬਾਹਰ ਆਕੇ ਗਾਂਡੀਵ ਧਨੁਸ਼ ਲੇਕੇ ਉਸ ਕੇ ਪੀਛੇ ਗਯਾ, ਪਰ ਸੇਰ ਬਨ ਮੇਂ ਘੁਸ ਜਾਨੇ ਸੇ ਅਰਜੁਨ ਕੋ ਨ ਮਿਲਾ । ਇਤਨੇ ਮੇਂ ਭਗਵਾਨ ਆ ਗਏ, ਔਰ ਇਸਨਾਨ ਕਰਕੇ ਮਾਲਾ ਮਾਂਗੀ, ਤਬ ਅਰਜੁਨ ਨੇ ਉਨ ਕੋ ਸਾਰੀ ਕਥਾ ਸੁਨਾਈ । ਤਬ ਭਗਵਾਨ ਨਰਾਜ ਹੋਕਰ ਅਰਜੁਨ ਕੋ ਤਾੜਨੇ ਲਗੇ, ਕਿ ਦੂਸਰੀ ਵਾਰੀ ਤੁਮ ਨੇ ਕਿਉਂ ਪ੍ਰਤਗਯਾ ਭੰਗ ਕਰੀ, ਅਰਜੁਨ ਨੇ ਕਹਾ ਮੈਨੇ ਤੋ ਆਪ ਕੇ ਔਰ ਅਪਨੇ ਪ੍ਰਾਣ ਬਚਾਨੇ ਕੋ ਯਹ ਕਾਮ ਕਰਾ ਥਾ, ਭਗਵਾਨ ਨੇ ਕਹਾ ਨਹੀਂ ਪ੍ਰਾਣੋਂ ਸੇ ਪਿਆਰੀ, ਮਾਲਾ ਕੋ ਰਖਨਾ ਚਾਹੀਏ ਥਾ, ਐਸੇ ਤਾੜਨੇ ਲਗੇ ਤਬ ਅਰਜੁਨ ਕੋ ਰੋਸ ਹੂਆ, ਔਰ ਕਹਾ ਆਪ ਕੋ ਐਸਾ ਕੋਈ ਭਗਤ ਨ ਮਿਲੇਗਾ, ਜੋ ਬਚਨ ਪਾਲਨ ਵਾਸਤੇ ਅਪਨੇ ਪ੍ਰਾਣ ਦੇ ਦੇਵੇ । ਭਗਵਾਨ ਨੇ ਕਹਾ ਮੇਰੇ ਐਸੇ ਭੀ ਬਹੁਤ ਭਗਤ ਹੈਂ । ਅਰਜੁਨ ਨੇ ਕਹਾ ਦਿਖਾਓ । ਤਬ ਦੋਨੋਂ ਬੜੇ ਬੀਤ ਰਾਗ ਸਾਧੂ ਬਣ ਗਏ । ਏਕ ਭਗਤ ਕੇ ਘਰ ਪਹੁੰਚੇ, ਉਸਕੀ ਦੋ ਇਸਤ੍ਰੀਆਂ ਥੀਂ ਪਰੰਤੂ ਦੋਨੋਂ ਸੇ ਵਰਤਾਵ ਨਹੀਂ ਕਰਤਾ ਥਾ, ਦੋਨੋਂ ਕੇ ਹਾਥ ਕੀ ਸੇ ਨਹੀਂ ਖਾਯਾ ਕਰਤਾ ਥਾ । ਦੋਨੋਂ ਕੋ ਭੋਗਣਾ ਸਮਝਤਾ ਥਾ, ਉਸਕੇ ਲੀਏ ਭੋਗਣਾ ਥੀਂ ਔਰ ਵਾਸਤੇ ਨਹੀਂ । ਜਬ ਭਗਵਾਨ ਉਨਕੇ ਘਰ ਪਹੁੰਚੇ, ਅਰ ਕਹਾ ਨਾਰਾਇਣ ਹਮਨੇ ਭੋਜਨ ਕਰਨਾ ਹੈ, ਤਬ ਭਗਤ ਨੇ ਬੜੀ ਪ੍ਰੀਤਿ ਸੇ ਕਹਾ ਆਓ ਮਹਾਰਾਜ ! ਭੋਜਨ ਕਰੋ ਤਿਆਰ ਹੈ । ਆਸਨ ਵਿਛਾਏ

ਭਗਵਾਨ ਕਹਿਨੇ ਲਗੇ ਭਗਤ ਜੀ ਆਪ ਬੈਠ ਜਾਓ, ਕੱਠੇ ਭੋਜਨ ਕਰੇਂਗੇ। ਤਬ ਭਗਤ ਕਹਿਨੇ ਲਗਾ ਨਹੀਂ ਆਪ ਭੋਜਨ ਕਰੋ ਹਮ ਪੀਛੇ ਭੋਜਨ ਕਰੇਂਗੇ। ਆਖਿਰ ਦੋਨੋਂ ਕਾ ਹਠ ਹੋ ਗਯਾ। ਹਠ ਮੇਂ ਆਕੇ ਭਗਵਾਨ ਨੇ ਕਹਾ ਯਦਿ ਤੁਮ ਹਮਾਰੇ ਸਾਥ ਬੈਠ ਕਰ ਭੋਜਨ ਨ ਕਰੋਗੇ ਤੋ ਹਮ ਚਲੇ ਜਾਤੇ ਹੈਂ। ਤੂੰ ਭਗਤ ਹੋਕਰ ਹਮਾਰਾ ਕਹਾ ਨਹੀਂ ਮਾਨਤਾ। ਭਗਤ ਕਹਿਨੇ ਲਗਾ ਅੱਛਾ ਮੈਂ ਮੁਰੱਬਾ ਪ੍ਰੇਮ ਸੇ ਖਾਯਾ ਕਰਤਾ ਹੂੰ ਲੇ ਆਵਾਂ, ਤਬ ਭਗਤ ਊਪਰ ਗਯਾ ਵਹਾਂ ਹੀ ਹੀਰਾ ਚੱਟਕੇ ਮਰ ਗਯਾ ਦੇਰ ਹੋ ਗਈ ਆਯਾ ਨਹੀਂ। ਭਗਵਾਨ ਨੇ ਇਸਤ੍ਰੀਓਂ ਸੇ ਪੂਛਾ ਭਗਤ ਕਿਉਂ ਨਹੀਂ ਆਯਾ। ਓਹ ਕਹਿਨੇ ਲਗੀਆਂ ਮਹਾਰਾਜ ਵੋਹ ਤੋ ਹੀਰਾ ਚੱਟਕੇ ਮਰ ਗਯਾ। ਭਗਵਾਨ ਕਹਿਨੇ ਲਗੇ ਕਿਉਂ ! ਕਿਉਂ !! ਇਸਤ੍ਰੀਓਂ ਨੇ ਕਹਾ ਹਮਾਰਾ ਪਤੀ ਸਤ ਵਾਦੀ ਥਾ ਪ੍ਰਾਣ ਦੇ ਦੀਏ ਪਰ ਵਚਨ ਝੂਠਾ ਨਹੀਂ ਕੀਆ।

## ਰਘੁਕੁਲ ਰੀਤਿ ਸਦਾ ਚਲ ਆਈ। ਪ੍ਰਾਣ ਜਾਏ ਵਰ ਵਚਨ ਨ ਜਾਈ।

[ਤੁਲਸੀ ਰਾਮਾਇਣ

ਇਸ ਲੀਏ ਪ੍ਰਾਣ ਦੇ ਦੀਏ ਪਰ ਵਚਨ ਨ ਹਾਰਾ, ਅਸੀਂ ਭੀ ਰਘੁਕੁਲ ਕੇ ਹੈਂ ਤਬ ਭਗਵਾਨ ਨੇ ਜਾਕੇ ਦੇਖਾ ਤੋ ਠੀਕ ਮਰਾ ਹੂਆ ਹੈ, ਇਸਤ੍ਰੀਓਂ ਸੇ ਪੂਛਾ ਕਿਉਂ ਮਰ ਗਯਾ ? ਉਨ੍ਹੋਂ ਨੇ ਕਹਾ ਕਿ ਯੇਹੀ ਆਪ ਕੋ ਦਸੇਂਗੇ, ਤਬ ਭਗਵਾਨ ਨੇ ਅਰਜਨ ਕੋ ਕਹਾ ਕਿਆ ਕਰਨਾ ਚਾਹੀਏ ਅਰਜਨ ਨੇ ਕਹਾ ਜਿਵਾਦੋ, ਤਬ ਭਗਵਾਨ ਨੇ ਜਲ ਕਾ ਛਿਟਾ ਦੀਆ ਤੋ ਭਗਤ ਜੀ "ਜੀ ਪੜਾ" ਭਗਵਾਨ ਨੇ ਪੂਛਾ ਕਿਉਂ ਮਰ ਗਯਾ ਥਾ? ਭਗਤ ਨੇ ਕਹਾ ਮਹਾਰਾਜ ਇਨ੍ਹੋਂ ਕੇ ਹਥ ਕੀ ਰੋਟੀ ਮੈਂ ਖਾਨੀ ਨਹੀਂ ਸੀ, ਆਪ ਤੰਗ ਕਰਤੇ ਸੀ, ਇਸ ਵਾਸਤੇ ਮੈਂ ਊਪਰ ਆਕੇ ਮਰ ਗਯਾ। ਭਗਵਾਨ ਨੇ ਕਹਾ ਅਪਨੀ ਇਸਤ੍ਰੀਓਂ ਕੇ ਹਾਥ ਕੀ ਰੋਟੀ ਕਿਓਂ ਨਹੀਂ ਖਾਤਾ ? ਉਸਨੇ ਕਹਾ ਭੈਂਗਣਾਂ ਸਮਝ ਕਰ, ਭਗਵਾਨ ਨੇ ਕਹਾ ਯਹ ਭੈਂਗਣਾਂ ਹੈਂ ਸਾਨੂੰ ਭ੍ਰਸ਼ਟ ਕਰਨਾ ਸੀ, ਹਰੇ ਰਾਮ ! ਭਗਤ ਕਹਿਨੇ ਲਗਾ ਨਹੀਂ ਮਹਾਰਾਜ ! ਯਹ ਖਤ੍ਰਾਣੀਆਂ ਹਨ ਫਕਤ ਮੇਰੇ ਲੀਏ ਹੀ ਭੈਂਗਣਾਂ ਹੈਂ। ਭਗਵਾਨ ਨੇ ਕਹਾ ਕੈਸੇ ? ਤਬ ਭਗਤ ਕਹਿਨੇ ਲਗਾ ਮਹਾਰਾਜ ! ਏਹ ਮੇਰੀ ਬੜੀ ਇਸਤ੍ਰੀ ਹੈ ਔਰ ਯੇ ਛੋਟੀ ਹੈ, ਬੜੀ ਇਸਤ੍ਰੀ ਕੀ ਮੇਰੇ ਨਾਲ ਬਚਪਨ ਮੇਂ ਹੀ ਸ਼ਾਦੀ ਹੋਈ ਥੀ, ਏਹ ਅਪਨੇ ਘਰ ਰਹੀ ਮੈਂ ਅਪਨੇ ਘਰ ਰਹਾ, ਔਰ ਹਮਾਰਾ ਆਪਸ ਮੇਂ ਅਛੀ ਤਰਹ ਮੇਲ ਭੀ ਨਹੀਂ ਹੂਆ ਥਾ। ਫਿਰ ਮੇਰੇ ਬੜਾ ਹੋਨੇ ਪਰ, ਵਿਦੇਸ ਮੇਂ ਬਿਓਪਾਰ ਕੇ ਲੀਏ, ਮੇਰੇ ਪਿਤਾ ਨੇ ਭੇਜ ਦੀਆ, ਪੀਛੇ ਮੇਰੀ ਮਾਤਾ ਬੀਮਾਰ ਹੋ ਗਈ, ਇਸ ਕੋ ਸੇਵਾ ਕੇ ਲੀਏ ਬੁਲਾਯਾ ਥੋੜੇ ਦਿਨੋਂ ਬਾਦ ਮਾਤਾ ਮਰ ਗਈ ਤਬ ਪਿਤਾ ਨੇ ਮੇਰੇ ਕੋ ਵਲਾਇਤ ਸੇ ਬੁਲਾਯਾ, ਮੈਨੇ ਚਿੱਠੀ ਲਿਖ ਦੀ ਕਿ ਮੈਂ ਫਲਾਣੀ ਤਾਰੀਖ ਕੋ ਆਊਂਗਾ, ਮੇਰੇ ਪਿਤਾ ਨੇ ਮੇਰੀ ਇਸਤ੍ਰੀ ਕੋ ਸੁਨਾਯਾ ਯਹ ਰਾਮਾਯਣਾਦਿ ਪੜੀ ਥੀ, ਤਬ ਮੇਰੇ ਪਿਤਾ ਕੋ ਇਸਨੇ ਪ੍ਰਾਰਥਨਾ ਕੀ, ਕਿ ਮੈਂ ਪਤੀ ਕੀ ਸੇਵਾ ਅਪਨੇ ਹਾਥ ਸੇ ਕਰੂੰਗੀ ਮੈਂ ਆਪ ਹੀ ਸਭ ਚੀਜ਼ ਲੇ ਆਊਂਗੀ। ਪਿਤਾ ਨੇ ਆਗਿਆ ਦਿਤੀ ਕਿ ਜੈਸੇ ਤੁਮ ਚਾਹੋ



ਕਰੋ, ਤਬ ਯੇਹ ਲੇਪਨ ਦੇਨੇ ਕੇ ਲੀਏ ਗੋਬਰ ਲੇਨੇ ਕੋ ਗਈ, ਸ਼ਾਹੂਕਾਰ ਕੀ ਲੜਕੀ ਥੀ, ਗੋਬਰ ਕੀ ਪਰਾਤ ਇਸ ਸੇ ਉਠਾਈ ਨ ਜਾਵੇ, ਔਰ ਜਿਤਨਾ ਉਠਾ ਸਕਤੀ ਥੀ ਉਹ ਥੋੜਾ ਥਾ। ਤਬ ਈਹਾਂ ਊਹਾਂ ਦੇਖਨੇ ਲਗੀ ਕਿ ਕੋਈ ਆਦਮੀ ਆਵੇ, ਤਬ ਮੈਂ ਭੀ ਆਪਨੇ ਜਹਾਜ਼ ਸੇ ਉਤਰ ਕਰ, ਔਰ ਨੌਕਰੋਂ ਕੋ ਸਾਮਾਨ ਵਾਸਤੇ ਕਹਾ ਕਿ ਦੁਕਾਨ ਤੇ ਲੇ ਆਨਾ, ਔਰ ਮੈਂ ਜਲਦੀ ਆਨੇ ਲਗਾ। ਇਸ ਨੇ ਮੇਰੇ ਕੋ ਪਛਾਣਿਆ ਨਹੀਂ ਮੈਂਨੇ ਭੀ ਇਸਕੋ ਨਹੀਂ ਪਛਾਣਿਆਂ, ਜਬ ਇਸ ਨੇ ਮੇਰੇ ਕੋ ਦੇਖਾ ਪ੍ਰਾਰਥਨਾ ਸੇ ਕਹਾ ਦਯਾਲੂ ਜੀ ! ਏਹ ਪਰਾਤ ਮੇਰੇ ਸਿਰ ਪਰ ਰਖ ਦੋ, ਮੇਰੇ ਸੇ ਉਠਾਈ ਨਹੀਂ ਜਾਤੀ, ਮੈਂ ਭੀ ਅਪਨੇ ਕੋ ਦੇਸ ਭਗਤ ਬਨਾਨਾ ਚਾਹਤਾ ਥਾ, ਔਰ ਬੜੇ ਪ੍ਰੇਮ ਸੇ ਪਰਾਤ ਉਠਾ ਕਰ ਇਸ ਕੇ ਸਿਰ ਪਰ ਰਖਨੇ ਲਗਾ, ਪਰੰਤੂ ਇਸ ਪਤਿਬ੍ਰਤਾ ਨੇ ਮੇਰੇ ਕੋ ਕਹਾ ਮੇਰੇ ਸਾਥ ਛੂਨਾ ਨਹੀਂ, ਮੇਰੇ ਕੋ ਭੈਂਗਣਿ ਸਮਝਨਾ ਮੈਂ ਪਰ ਪੁਰਸ਼ ਕੇ ਸਾਥ ਛੂਤੀ ਨਹੀਂ ਤਬ ਮੈਨੇ ਕਹਾ ਤੂੰ ਮੇਰੇ ਲੀਏ ਭੈਂਗਣ ਹੀ ਹੈ, ਭੈਂਗਣ ਸਮਝਕੇ ਇਸਕੇ ਸਿਰ ਪਰ ਥਾਲ ਰਖ ਦੀਆ। ਤਬ ਇਸਨੇ ਅਪਨੇ ਘਰ ਆਕੇ ਜਗਹ ਲੀਪੀ, ਮੰਜਾ ਵਿਛਾਕੇ ਸਜਾਕੇ ਤਿਆਰ ਕੀਆ ਗਦੀ ਵਿਛਾਈ, ਸਭ ਸਾਮਗ੍ਰੀ ਤਿਆਰ ਕਰੀ ਮਾਲਾ ਤਿਆਰ ਕਰੀ ਇਤਨੇ ਮੇਂ ਮੇਰੇ ਕੋ ਭੀ ਪਿਤਾ ਜੀ ਸਾਥ ਲੇਕੇ ਘਰ ਆਏ, ਔਰ ਮੇਰੀ ਇਸਤ੍ਰੀ ਕੋ ਕਹਾ ਯੇਹ ਤੇਰੇ ਪਤਿ ਦੇਵ ਆ ਗਏ ਹੈਂ। ਜਬ ਵੋਹ ਮੇਰੇ ਕੋ ਮਾਲਾ ਪਹਿਰਾਨੇ ਲਗੀ ਤੋ ਮੈਨੇ ਦੇਖਕੇ ਕਹਾ, ਤੂੰ ਮੇਰੇ ਲੀਏ ਭੈਂਗਣ ਹੈਂ। ਮੇਰੇ ਕੋ ਮਹਾਤਮਾ ਨੇ ਸਿਖਿਆ ਦਿਤੀ ਹੈ, ਕਿ ਸਤ ਕਾ ਪਾਲਨ ਕਰਨਾ, ਇਸ ਲੀਏ ਮੈਂ ਉਨਕੇ ਵਚਨ ਵਿਅਰਥ ਨ ਜਾਨੇ ਦੂੰਗਾ। ਮੇਰੇ ਕੋ ਉਸਨੇ ਪ੍ਰਾਰਥਨਾ ਕਰੀ ਪਿਤਾ ਨੇ ਭੀ ਬਹੁਤ ਕਹਾ, ਪਰੰਤੂ ਮੈਨੇ ਏਕ ਭੀ ਨ ਮਾਨੀ, ਸਤੋਂ ਕੇ ਵਚਨ ਸਤ ਰਖੇ। ਯੇਹ ਤੋ ਇਸ ਬੜੀ ਇਸਤ੍ਰੀ ਕੀ ਕਥਾ ਹੈ। ਜਬ ਮੈਂ ਪਹਿਲੀ ਇਸਤ੍ਰੀ ਸੇ ਕੁਛ ਬਯਵਹਾਰ ਨ ਕੀਆ, ਤਬ ਉਸ ਨੇ ਸੋਚਾ ਮੇਰਾ ਹੀ ਅਪਰਾਧ ਹੈ ਮੈਂ ਨੇ ਹੀ ਉਸਕੋ ਕਹਾ ਥਾ ਕਿ ਮੇਰੇ ਕੋ ਭੈਂਗਣ ਸਮਝਨਾ, ਸੋ ਵਿਚਾਰ ਕਰਕੇ ਮੇਰੇ ਕੋ ਪ੍ਰਾਰਥਨਾ ਕਰੀ, ਕਿ ਆਪ ਦੂਸਰੀ ਸਾਦੀ ਕਰਾ ਲੋ ਮੈਂ ਨੇ ਬਹੁਤ ਮਨ੍ਹਾ ਕੀਆ, ਕਿ ਤੁਮ ਕੋ ਸੌਂਕਣੋਂ ਕਾ ਦੁਖ ਬੜਾ ਹੋਗਾ, ਸਹਿਨ ਨ ਕੀਆ ਜਾਏਗਾ ਪਰੰਤੂ ਯਹ ਮੇਰੇ ਪ੍ਰੇਮ ਮੇਂ ਆਕੇ ਕਹਿਨੇ ਲਗੀ ਕਿ ਨਹੀਂ। ਤਬ ਅਪਨੀ ਮਾਸੀ ਕੀ ਲੜਕੀ ਨਾਲ ਮੇਰੀ ਸਗਾਈ ਕਰਾ ਦਿਤੀ। ਜਬ ਸਾਦੀ ਹੋ ਗਈ ਤੋ ਮੇਰੀ ਛੋਟੀ ਇਸਤ੍ਰੀ ਕੀ ਮਾਤਾ ਬੜੀ ਸੂਧੀ ਸਾਧੀ ਸੀ, ਉਸ ਨੇ ਕਹਾ ਮੇਰੀ ਕੰਨਿਆਂ ਕੋ ਅਪਨੀ ਪਹਿਲੀ ਇਸਤ੍ਰੀ ਕੇ ਤੁਲਯ ਸਮਝਨਾ, ਕਮ ਨ ਸਮਝਨਾ ਔਰ ਦੋਨੋਂ ਕੋ ਸਮ ਸਮਝਨਾ, ਤਬ ਤੁਮ ਧਰਮਾਤਮਾ ਕਹਾਓਗੇ। ਮੈ ਨੇ ਉਸਕੋ ਬਹੁਤ ਸਮਝਾਯਾ ਪਰ ਉਸਨੇ ਹਠ ਕੀਆ ਨ ਮਾਨੀ, ਤਬ ਮੈ ਨੇ ਵਚਨ ਦੇ ਦੀਆ ਕਿ ਪਹਿਲੀ ਕੇ ਸਮ ਹੀ ਸਮਝੂੰਗਾ ਔਰ ਲਿਆਕੇ ਪਹਿਲੀ ਇਸਤ੍ਰੀ ਕੇ ਸਪੁਰਦ ਕਰ ਦੀਆ, ਔਰ ਕਹਾ ਇਸ ਕੋ ਭੀ ਤੁਮ ਸੰਭਾਲੋ ਤਬ ਸੇ ਯੇਹ ਦੋਨੋਂ ਭੈਂਗਣ ਹੀ ਮੇਰੇ ਵਾਸਤੇ ਹੈਂ। ਅਲਹਿਦਾ ਖਾਤੀਆਂ ਪੀਤੀਆਂ ਹੈਂ, ਮੇਰੇ ਨਾਲ ਕੋਈ ਬਯਵਹਾਰ ਨਹੀਂ ਕਰਤੀ ਹੈਂ, ਆਜ ਆਪ ਮੇਰਾ ਬ੍ਰਤ

ਤੋੜਨੇ ਲਗੇ । ਇਸ ਵਾਸਤੇ ਹੀਰਾ ਚਟਕੇ ਮੈਂ ਮਰ ਗਯਾ । ਭਗਵਾਨ ਅਰਜੁਨ ਕੋ ਕਹਿਨੇ ਲਗੇ ਅਰਜੁਨ ਦੇਖ! ਐਸੇ ਸਤ ਪੁਰਸ਼ ਜਗਤ ਕੇ ਥੰਭੇ ਹੋਤੇ ਹੈਂ। ਫੇਰ ਉਸਕੋ ਕਹਾ ਮਰਣ ਤਕ ਬ੍ਰਤ ਹੋਤਾ ਹੈ । ਸੋ ਤੁਮ ਨੇ ਬ੍ਰਤ ਪੂਰਾ ਕੀਆ, ਅਬ ਤੁਮ ਇਨਕੋ ਖਤ੍ਰਿਆਣੀ ਸਮਝਕੇ ਵਰਤਾਉ ਕਰੋ । ਇਸ ਪ੍ਰਕਾਰ ਭਗਵਾਨ ਉਨਕਾ ਆਪਸ ਮੇਂ ਮੇਲ ਕਰਾ ਕਰ ਚਲੇ ਗਏ । ਉਸ ਦਿਨ ਸੇ ਅਰਜੁਨ ਭੀ ਸਤ ਪ੍ਰਤਗਯ ਹੋਤਾ ਭਯਾ । ਤਥਾ ਗੁਰੂ ਜੀ ਲਿਖਤੇ ਹੈਂ "ਬੋਲੀਐ ਸਤਿ ਧਰਮ ਝੂਠ ਨ ਬੋਲੀਐ" ਇਸ ਪਰ ਏਕ ਦੂਸਰੀ ਕਥਾ ਹੈ ਰਾਜਾ ਭੋਜ ਕਾ ਏਕ ਬੁਧਿ ਸਾਗਰ ਵਜ਼ੀਰ ਥਾ, ਉਹ ਰਾਜਾ ਭੋਜ ਕੋ ਬਚਪਨ ਸੇ ਅਛੀ ਅਛੀ ਸਿਖਿਆ ਦੇਤਾ । ਰਾਜਾ ਭੋਜ ਭੀ ਪਿਤਾ ਕੀ ਨਿਆਈਂ ਉਨਕੋ ਮਾਨਤਾ ਥਾ, ਇਕ ਦਿਨ ਉਹ ਵਜ਼ੀਰ ਰਾਜਾ ਭੋਜ ਕੋ ਕਹਿਨੇ ਲਗਾ ਮਹਾਰਾਜ ! ਆਪ ਸੇ ਰਾਜ ਗੱਦੀ ਤੇ ਬੈਠ ਕਰ ਕੋਈ ਅਨਜਾਯ ਨ ਹੋ ਜਾਏ, ਇਸ ਵਾਸਤੇ ਆਪ ਕਾਨੋਂ ਸੇ ਸੁਨ ਕਰ ਭੀ, ਬਿਨਾ ਦੇਖੇ, ਔਰ ਆਂਖੋਂ ਸੇ ਦੇਖ ਕਰ ਭੀ, ਬਿਨਾਂ ਵਿਚਾਰੇ, ਫੈਸਲਾ ਨਹੀਂ ਕਰਨਾ। ਕਾਨੋਂ ਸੇ ਸੁਨ ਲੋ , ਆਂਖੋਂ ਸੇ ਦੇਖ ਲੋ, ਫੇਰ ਭੀ ਵਿਚਾਰ ਕੇ ਕਾਮ ਕਰਨਾ। ਰਾਜਾ ਸੁਨ ਕਰਕੇ ਹੈਰਾਨ ਹੂਆ, ਔਰ ਕਹਿਨੇ ਲਗਾ ਆਂਖੋਂ ਸੇ ਦੇਖ ਲੀਆ, ਫੇਰ ਵਿਚਾਰ ਕਰਨੇ ਕੀ ਕਿਆ ਜ਼ਰੂਰਤ ਹੈ ? ਪਰੰਤੂ ਵਜ਼ੀਰ ਨੇ ਬਹੁਤ ਹਠ ਕਰਾ, ਰਾਜਾ ਭੋਜ ਕੀ ਸਮਝ ਮੇਂ ਨ ਆਯਾ, ਔਰ ਅਪਨੀ ਬੈਠਕ ਮੇਂ ਬੈਠ ਕਰ ਉਸੀ ਬਾਤ ਕਾ ਵਿਚਾਰ ਕਰਨੇ ਲਗਾ, ਔਰ ਵਿਚਾਰ ਕਰਤੇ ਕਰਤੇ ਰਾਤ੍ਰੀ ਕੇ ੧੧ ਵਜ ਗਏ, ਘਰ ਭੀ ਨ ਗਯਾ । ਰਾਜਾ ਭੋਜ ਕੀ ਮੁਖ ਪਟਰਾਨੀ ਲੀਲਾਵਤੀ ਥੀ, ਉਸ ਕੇ ਮਹਲ ਮੇਂ ਰਾਜਾ ਰਾਤ੍ਰੀ ਕੇ ਅਠ ਵਜੇ ਜਾਯਾ ਕਰਤਾ ਥਾ, ਰਾਣੀ ਕੋ ਕਹਾ ਥਾ ਅਗਰ ਮੈਂ ਆਠ ਬਜੇ ਨ ਆਊਂ, ਤੋ ਦਸ ਬਜੇ ਤੁਮ ਹੀ ਸ਼ਯਨ ਘਰ ਮੇਂ ਆ ਜਾਨਾ,ਔਰ ਵਹਾਂ ਆਕਰ ਮਿਲਨਾ। ਰਾਣੀ ਐਸੇ ਹੀ ਕਰਤੀ ਥੀ, ਔਰ ਇਕ ਵਾਰ ਰਾਣੀ ਪਰ ਸ਼ਕ ਹੋ ਗਯਾ ਥਾ, ਕਿ ਏਹ ਕਾਲੀ ਦਾਸ ਸੇ ਮਿਲੀ ਹੂਈ ਹੈ। ਪਰੰਤੂ ਏਹ ਪੂਰੀ ਪਤਿਬ੍ਰਤਾ ਥੀ ਰਾਜਾ ਕਾ ਸ਼ਕ ਦੂਰ ਕਰਨੇ ਵਾਸਤੇ ਸ੍ਰੀ ਸੀਤਾ ਜੀ ਕੀ ਨਿਆਈਂ, ਸਭ ਸਭਾ ਕੇ ਸਾਹਮਣੇ ਅਗਨੀ ਮੇਂ ਪ੍ਰਵੇਸ਼ ਕਰਕੇ ਬਾਹਰ ਨਿਕਲ ਆਈ ਸੀ, ਰਾਜਾ ਕਾ ਸ਼ਕ ਦੂਰ ਹੋ ਗਯਾ, ਔਰ ਰਾਜਾ ਉਸ ਨਾਲ ਬੜੀ ਪ੍ਰੀਤੀ ਕਰਤਾ ਥਾ। ਆਜ ਜਬ ਰਾਣੀ ਨੇ ਦੇਖਾ ਆਠ ਬਜ ਗਏ, ਮਹਾਰਾਜ ਆਏ ਨਹੀਂ ੧੦ ਬਜ ਗਏ, ਤੋ ਭੀ ਨ ਆਏ । ਤਬ ਵੋ ਸ਼ਯਨ ਘਰ ਮੇਂ ਚਲੀ ਗਈ ਜਹਾਂ ਰਾਜਾ ਕੀ ਫੂਲੋਂ ਕੀ ਸੇਜਾ ਅਨੇਕ ਸੁਗੰਧੀਆਂ ਨਾਲ ਵਿਛਾਈ ਜਾਤੀ ਥੀ । ਆਕਰ ਦੇਖਾ ਕਿ ਉਸ ਪਲੰਘ ਤੇ ਰਾਜਾ ਕਾ ਦੁਸ਼ਾਲਾ ਓਢ ਕਰ, ਕੋਈ ਸੋਯਾ ਪੜਾ ਹੈ ਰਾਣੀ ਨੇ ਬਹੁਤ ਉਪਾਇ ਕੀਏ ਕਿ ਕਿਸੀ ਸੂਰਤ ਰਾਜਾ ਜਾਗ ਪੜੇ, ਪਰ ਉਹ ਨ ਜਾਗੇ ਤਬ ਉਸ ਨੇ ਸੋਚਾ ਕਿ ਰਾਜਾ ਕੋ ਗਹਰੀ ਨੀਂਦ ਆਈ ਹੈ। ਉਠਾਨਾ ਯੋਗ ਨਹੀਂ; ਐਸਾ ਸੋਚ ਕਰ ਉਹ ਵੀ ਅਪਨਾ ਦੁਸ਼ਾਲਾ ਲੈਕੇ, ਸੋ ਗਈ ਔਰ ਗਹਰੀ ਨੀਂਦ ਆ ਗਈ, ਜਬ ਰਾਜਾ ਭੋਜ ਆਯਾ, ਔਰ ਦੇਖ ਕਿ ਲੀਲਾਵਤੀ ਕਿਸੀ ਦੂਸਰੇ ਆਦਮੀ ਨਾਲ ਸੋਈ ਪੜੀ ਹੈ। ਤਬ ਰਾਜਾ ਕੋ ਬੜਾ ਕ੍ਰੋਧ ਆਯਾ, ਔਰ ਤਲਵਾਰ ਨਿਕਾਲਕੇ ਮਾਰਨੇ ਲਗਾ ਤੋ ਵਜ਼ੀਰ ਕੇ



ਵਚਨ ਯਾਦ ਆ ਗਏ, ਕਿ ਦੇਖਕੇ ਭੀ ਫਿਰ ਵਿਚਾਰਕੇ ਕਾਮ ਕਰਨਾ । ਝਟ ਵਜ਼ੀਰ ਕੋ ਬੁਲਾਯਾ, ਔਰ ਕਹਾ ਦੇਖੋ ਯੇ ਮੇਰੀ ਰਾਣੀ ਲੀਲਾਵਤੀ, ਜੋ ਉਸ ਦਿਨ ਅਗਨੀ ਪ੍ਰਵੇਸ਼ ਕਰਕੇ ਭੀ, ਆਜ ਫਿਰ ਕਿਸੀ ਦੂਸਰੇ ਆਦਮੀ ਨਾਲ ਸੋਈ ਪੜੀ ਹੈ, ਇਸ ਕੋ ਤਲਵਾਰ ਲਗਾਵਾਂ ਕਿ ਨਾ । ਵਜ਼ੀਰ ਨੇ ਕਹਾ ਨ ਮਹਾਰਾਜ ! ਅਭੀ ਵਿਚਾਰ ਕਰੋ । ਰਾਜਾ ਨੇ ਕਹਾ ਤੁਮ ਹੀ ਵਿਚਾਰ ਕਰੋ । ਤਬ ਵਜ਼ੀਰ ਨੇ ਰਾਜਾ ਕੋ ਏਕ ਗੁਪਤ ਕਮਰੇ ਮੇਂ ਚਿਕਾਂ ਲਗਾਕੇ ਬੈਠਾ ਦੀਆ, ਔਰ ਗੋਲੀਆਂ ਬੁਲਾਈਆਂ, ਔਰ ਕਹਾ ਤੁਮ ਕੋ ਪਤਾ ਹੈ ? ਰਾਣੀ ਕਿਸਕੇ ਨਾਲ ਸੋਈ ਪੜੀ ਹੈ ? ਉਨਹੋਂ ਨੇ ਕਹਾ ਦਸ ਬਜੇ ਕੇ ਪੀਛੇ, ਹਮਾਰੇ ਕੋ ਈਹਾਂ ਆਨੇ ਕੀ ਇਜਾਜ਼ਤ ਨਹੀਂ, ਇਸ ਵਾਸਤੇ ਹਮਾਰੇ ਕੋ ਪਤਾ ਨਹੀਂ। ਤਬ ਵਜ਼ੀਰ ਨੇ ਦਾਸੀਓਂ ਕੋ ਕਹਾ ਯੇ ਜੋ ਰਾਣੀ ਸੋਈ ਪੜੀ ਹੈ, ਇਸਕੋ ਬੜੇ ਧੀਰਜ ਨਾਲ ਨੀਚੇ ਉਤਾਰੋ । ਜਬ ਰਾਣੀ ਕੋ ਨੀਚੇ ਉਤਾਰਾ ਰਾਣੀ ਕੀ ਜਾਗ ਖੁਲ੍ਹ ਗਈ, ਦੇਖਾ ਵਜ਼ੀਰ ਖੜਾ ਹੈ। ਤਬ ਵਜ਼ੀਰ ਨੇ ਕਹਾ ਰਾਣੀ ਸਾਹਬਾ ਆਪ ਕਿਸ ਕੇ ਸਾਥ ਸੋਏ ਪੜੇ ਹੋ ? ਰਾਣੀ-ਮੰਤ੍ਰੀ ਜੀ ਮੈਂ ਅਪਨੇ ਪਤੀ ਕੇ ਸਾਥ ਸੋਈ ਪੜੀ ਸੀ । ਵਜ਼ੀਰ ਨੇ ਕਹਾ, ਨਹੀਂ ਰਾਜਾ ਸਾਹਿਬ ਤੋ ਅਜੇ ਆਏ ਹੀ ਨਹੀਂ, ਸਚ ਸੁਨਾਓ ਕਿਸ ਕੇ ਸਾਥ ਸੋਈ ਪੜੀ ਥੀ। ਰਾਣੀ ਕਹਨੇ ਲਗੀ ਅਗੇ ਭੀ ਕਈ ਵਾਰ ਮਹਾਰਾਜਾ ਪਹਿਲੇ ਹੀ ਆ ਕੇ ਸੋ ਜਾਯਾ ਕਰਤੇ ਥੇ, ਇਸ ਪ੍ਰਕਾਰ ਆਜ ਭੀ ਉਹ ਪਹਿਲੇ ਹੀ ਆਕੇ ਸੋ ਗਏ ਹੈਂ, ਮੈਂ ਭੀ ਆਕੇ ਉਨਕੇ ਸਾਥ ਪੜ ਗਈ । ਮਹਾਰਾਜਾ ਸਾਹਿਬ ਕੇ ਬਗੈਰ ਇਸ ਪਲੰਘ ਪਰ ਕੌਨ ਸੋਨੇ ਵਾਲਾ ਹੈ ? ਵਜ਼ੀਰ ਸੋਨੇ ਵਕਤ ਤੈਂਨੇ ਵਿਚਾਰ ਨਹੀਂ ਕਰਾ ਕਿ ਕੌਣ ਆਦਮੀ ਹੈ ? ਰਾਣੀ-ਬਹੁਤ ਵਿਚਾਰ ਕਰੇ ਉਠਾਨੇ ਕੇ ਉਪਾਇ ਕਰੇ ਪਰ ਗਹਰੀ ਨੀਂਦ ਸੇ ਨ ਜਾਗੇ, ਔਰ ਗਹਿਰੀ ਨਿੰਦ੍ਰਾ ਸੇ ਇਸ ਵਾਸਤੇ ਨ ਜਗਾਯਾ ਕਿ ਮੇਰੇ ਪਿਤਾ ਜੀ ਨੇ ਮੁਝੇ ਕਹਾ ਥਾ ਕਿ ਗਹਿਰੀ ਨਿੰਦ੍ਰਾ ਮੇਂ ਅਪਨੇ ਪਤਿ ਕੋ ਕਭੀ ਨ ਜਗਾਨਾ, ਕਿਉਂਕਿ ਰਾਜਾ ਲੋਗੋਂ ਕੋ ਗਹਿਰੀ ਨਿੰਦ੍ਰਾ ਆਨੀ ਬੜੀ ਕਠਿਨ ਹੈ, ਮੁਸ਼ਕਲ ਸੇ ਆਤੀ ਹੈ ਇਸ ਵਾਸਤੇ ਜਗਾਨਾ ਠੀਕ ਨਹੀਂ ਔਰ ਸਿਖਿਆ ਦੇਤੇ ਵਕਤ, ਮੇਰੇ ਕੋ ਏਕ ਕਥਾ ਭੀ ਸੁਨਾਈ ਥੀ ਸੋ ਕਥਾ ਭੀ ਮੈਂ ਆਪਕੋ ਸੁਨਾਤੀ ਹੂੰ । ਏਕ ਰਾਜਾ ਥਾ ਉਸ ਕੇ ਘਰ ਏਕ ਹੀ ਲੜਕਾ ਥਾ ਵਹੁ ਬੜਾ ਬੁਧੀਮਾਨ ਥਾ ਰਾਜਾ ਉਸਕੋ ਯੁਵਰਾਜ ਬਨਾ ਚੁਕਾ ਥਾ। ਏਕ ਵਕਤ ਉਸ ਰਾਜਾ ਪਰ ਕਿਸੀ ਸ਼ਤ੍ਰੂ ਨੇ ਚੜ੍ਹਾਈ ਕਰੀ ਔਰ ਬੜਾ ਯੁਧ ਹੂਆ ਕਈ ਦਿਨ ਯੁਧ ਹੋਤਾ ਰਹਾ । ਆਖਰ ਸ਼ਤ੍ਰੂ ਕੋ ਰਾਜਾ ਨੇ ਜਯ ਕੀਆ, ਪਰੰਤੂ ਲੜਕਾ ਔਰ ਆਪ ਰਾਜਾ ਦੋਨੋਂ ਫਟੜ ਹੋ ਗਏ। ਰਾਜਾ ਨੇ ਆਕੇ ਲੜਕੇ ਕੀਆਂ ਦਵਾਈਆਂ ਸ਼ੁਰੂ ਕਰੀਆਂ ਔਰ ਅਪਨੇ ਵਾਸਤੇ ਰਾਜਾ ਨੇ ਕਹਾ ਕਿ ਲੜਾਈ ਮੇਂ ਕਈ ਦਿਨ ਨੀਂਦ ਨਹੀਂ ਕਰੀ ਸੋ ਅਬ, ਮੈਂ ਤੀਨ ਦਿਨ ਸੋਊਂਗਾ ਕੋਈ ਭੀ ਮੇਰੇ ਕੋ ਨ ਉਠਾਵੇ, ਜੋ ਉਠਾਵੇਗਾ ਉਸ ਕੋ ਮੈਂ ਕਤਲ ਕਰਾਊਂਗਾ, ਤਬ ਰਾਜਾ ਦਰਵਾਜ਼ੇ ਬੰਦ ਕਰ ਸੋ ਗਯਾ । ਦੋ ਦਿਨ ਹੋ ਗਏ ਨ ਰਾਜਾ ਆਪ ਜਾਗਾ ਨ ਕਿਸੀ ਨੇ ਜਗਾਯਾ । ਤੀਸਰੇ ਦਿਨ ਪ੍ਰਾਤ: ਕਾਲ ਹੋਤੇ ਹੀ ਰਾਜਾ ਕਾ ਲੜਕਾ ਮ੍ਰਿਤਕੂ ਹੋ ਗਯਾ, ਸਭ ਰੋਨੇ ਲਗੇ ਔਰ ਕਹਿਨੇ ਲਗੇ ਰਾਜਾ ਕੋ

ਜਗਾਓ, ਪਰ ਭੈ ਸੇ ਕੋਈ ਨ ਜਗਾਵੇ, ਤਬ ਰਾਣੀਓਂ ਕੋ ਰੋਤਾ ਦੇਖ ਵਜ਼ੀਰ ਕੋ ਦਯਾ ਆਈ, ਰਾਜਾ ਕੋ ਜਗਾਨੇ ਗਯਾ। ਕਈ ਸਾਧਨ ਜਗਾਨੇ ਕੇ ਕਰੇ ਪਰ ਰਾਜਾ ਨ ਜਾਗਾ, ਕਿਉਂਕਿ ਰਾਜਾ ਸੁਪਨੇ ਕੇ ਸੁਖ ਮੇਂ ਲੀਨ ਹੋ ਰਹਾ ਥਾ, ਉਸ ਕੋ ਯੇ ਸੁਪਨਾ ਆ ਰਹਾ ਥਾ ਕਿ ਮੈਂ ਇੰਦ੍ਰ ਹੂੰ ਔਰ ਚਾਰ ਮੇਰੀਆਂ ਅਤਿ ਸੁੰਦਰ ਪਟਰਾਣੀਆਂ ਹੈਂ ਜੋ ਮੇਰੇ ਨਾਲ ਅਤੀ ਹਾਸ ਬਿਲਾਸ ਕਰ ਰਹੀਆਂ ਹਨ, ਔਰ ਚਾਰ ਹਮਾਰੇ ਰਾਜਕੁਮਾਰ ਬੜੇ ਸੁੰਦਰ ਆਗਿਆਕਾਰੀ ਹੈਂ ਔਰ ਰਾਜ ਕਾਰਯ ਕੋ ਅਛੀ ਤਰਹ ਚਲਾ ਰਹੇ ਹੈਂ ਕੋਈ ਚਿੰਤਾ ਨਹੀਂ। ਐਸੇ ਸੁਖ ਰੂਪ ਮੇਂ ਵਜ਼ੀਰ ਨੇ ਰਾਜਾ ਕੋ ਜ਼ੋਰ ਸੇ ਮੁਠੀ ਭਰਕੇ ਜਗਾਯਾ। ਜਬ ਰਾਜਾ ਜਾਗਾ ਔਰ ਦੇਖਾ ਕਿ ਸੁਪਨ ਵਾਲੇ ਨ ਚਾਰ ਰਾਣੀਆ ਨ ਚਾਰ ਪੁਤ੍ਰ ਹੈਂ। ਤਬ ਰਾਜਾ ਕੋ ਬੜਾ ਦੁਖ ਹੂਆ, ਔਰ ਕਹਾ ਕਿ ਕਿਸ ਨੇ ਮੇਰੇ ਕੋ ਜਗਾਯਾ ਹੈ ? ਸਾਹਮਣੇ ਦੇਖਾ ਤੋ ਵਜ਼ੀਰ ਖੜਾ ਹੈ, ਤਬ ਰਾਜਾ ਨੇ ਵਜ਼ੀਰ ਪਰ ਬੜਾ ਕੋਪ ਕਰਾ, ਔਰ ਕਹਾ ਕਿ ਤੇਰੇ ਕੋ ਮੇਰੇ ਹੁਕਮ ਕਾ ਪਤਾ ਨਹੀਂ ਥਾ ? ਵਜ਼ੀਰ ਨੇ ਕਹਾ ਪਤਾ ਥਾ, ਪਰੰਤੂ ਆਪ ਕਾ ਰਾਜਕੁਮਾਰ ਮ੍ਰਿਤ੍ਯੂ ਹੋ ਗਯਾ ਹੈ। ਇਸ ਵਾਸਤੇ ਆਪ ਕੋ ਜਗਾਨਾ ਪੜਾ। ਰਾਜਾ ਨੇ ਕਹਾ, ਈਹਾ ਤੋ ਮੇਰਾ ਏਕ ਪੁਤ੍ਰ ਮਰਾ ਹੈ ਤੇਰੇ ਜਗਾਨੇ ਸੇ ਮੇਰੀ ਚਾਰ ਸੁੰਦਰ ਰਾਣੀਆਂ, ਚਾਰ ਰਾਜਕੁਮਾਰ ਔਰ ਸੁਰਗ ਕਾ ਰਾਜਜ ਨਸ਼ਟ ਹੋ ਗਯਾ ਹੈ। ਵਜ਼ੀਰ ਕਹਿਨੇ ਲਗਾ ਮਹਾਰਾਜ ! ਉਹ ਤੋ ਸੁਪਨ ਥਾ। ਰਾਜਾ ਕਹਿਨੇ ਲਗਾ ਏਹ ਭੀ ਸੁਪਨ ਹੀ ਹੈ। ਹੇ ਵਜ਼ੀਰ ! ਆਜ ਤੋ ਤੇਰੇ ਕੋ ਮਾਫ ਕਰ ਦੇਤਾ ਹੂੰ ਆਗੇ ਕੇ ਵਾਸਤੇ ਤੁਮਨੇ ਮੇਰੇ ਹੁਕਮ ਕੋ ਕਦਾਪਿ ਨ ਟਾਲਨਾ ਹੋਗਾ, ਕਿਉਂਕਿ ਰਾਜਾਓਂ ਕੋ ਨੀਂਦ ਆਨੀ ਬੜੀ ਕਠਿਨ ਹੈ। ਲੀਲਾਵਤੀ ਨੇ ਬੁਧਿ ਸਾਗਰ ਵਜ਼ੀਰ ਕੋ ਯੇ ਕਥਾ ਸੁਨਾਈ, ਔਰ ਕਹਾ ਬਾਰਬਾਰ ਮੇਰੇ ਕੋ ਪਿਤਾ ਨੇ ਸਮਝਾਯਾ ਥਾ ਕਿ ਸੋਏ ਹੋਏ ਪਤੀ ਕੋ ਨ ਜਗਾਨਾ ਚਾਹੀਏ, ਪਰੰਤੂ ਵਜ਼ੀਰ ਸਾਹਿਬ ! ਤੁਸੀਂ ਦਸੋ ਯੇ ਰਾਜਾ ਸਾਹਿਬ ਕੀ ਖੁਦਖਟੀਆ ਹੈ, ਰਾਜਾ ਸੇ ਬਿਨਾ ਕੋਈ ਪਾਉਂ ਭੀ ਨਹੀਂ ਰਖ ਸਕਤਾ ਔਰ ਬਾਹਰ ਸਭ ਪਹਿਰੇ ਲਗੇ ਹਨ ਅੰਦਰ ਕੋਈ ਪੰਖੀ ਭੀ ਨਹੀਂ ਆ ਸਕਤਾ, ਇਸ ਵਾਸਤੇ ਮੈਂ ਨਿਸੰਕ ਹੋ ਕੇ ਸੋ ਗਈ। ਯੇ ਵਚਨ ਸੁਨ ਕਰ ਵਜ਼ੀਰ ਨੇ ਰਾਜਾ ਕੋ ਕਹਾ ਦੇਖੋ ਮਹਾਰਾਜ ! ਯੇ ਲੀਲਾਵਤੀ ਤੋ ਬਿਲਕੁਲ ਸ਼ੁਧ ਦੇਵੀ ਹੈ। ਪਲੰਘ ਪਰ ਆਪ ਕੋ ਸੋਯਾ ਸਮਝ ਕਰ ਸੋ ਗਈ ਸੀ, ਇਸ ਕੋ ਤੋ ਕੋਈ ਪਤਾ ਨਹੀਂ ਕੌਨ ਸੋਯਾ ਪੜਾ ਹੈ ? ਯਹ ਤੋ ਸ਼ੁਧ ਕੀ ਸ਼ੁਧ ਹੀ ਨਿਕਲੀ। ਇਸ ਕੋ ਮਾਰਨਾ ਮਹਾ ਪਾਪ ਥਾ। ਤਬ ਰਾਣੀ ਕੋ ਰਾਜਾ ਕਾ ਦਰਸ਼ਨ ਕਰਾ ਕਰ ਕਹਾ, ਦੇਖੋ ਰਾਜਾ ਸਾਹਿਬ ਅੰਦਰ ਬੈਠੇ ਹੈਂ ਪਲੰਘ ਤੇ ਕੋਈ ਹੋਰ ਸੋਯਾ ਪੜਾ ਹੈ। ਤਬ ਰਾਣੀ ਬੜੀ ਹੈਰਾਨ ਅਰ ਲੱਜਿਤ ਹੋਈ। ਤਬ ਵਜ਼ੀਰ ਨੇ ਕਹਾ ਅਛਾ ਇਸਕੋ ਭੀ ਦੇਖਤੇ ਹੈਂ ਕੌਨ ਸੋਯਾ ਪੜਾ ਹੈ ? ਤਬ ਵਜ਼ੀਰ ਨੇ ਟਹਲੂਏ ਬੁਲਾਏ ਔਰ ਕਹਾ ਇਸ ਕੋ ਧੀਰੇ ਸੇ ਪਲੰਗ ਸੇ ਉਤਾਰੋ, ਜਬ ਉਤਾਰਾ ਤੋ ਵਹੁ ਜਾਗ ਪੜਾ, ਦੇਖਾ ਕਿ ਫੂਲੋਂ ਕੀ ਸੇਜਾ ਬਿਛਾਨੇ ਵਾਲਾ ਬੂਢਾ ਨੌਕਰ ਹੈ,



ਉਹ ਵਜ਼ੀਰ ਕੋ ਦੇਖਤੇ ਹੀ ਡਰ ਗਯਾ। ਵਜ਼ੀਰ ਨੇ ਕਹਾ ਤੂੰ ਰਾਜਾ ਕੀ ਸੇਜਾ ਤੇ ਕਿਉਂ ਸੋਯਾ ਪੜਾ ਥਾ ? ਕਿਆ ਇਸ ਤਰਹ ਤੂੰ ਰੋਜ਼ ਸੋਤਾ ਹੈਂ ? ਤਬ ਉਹ ਕਹਿਣੇ ਲਗਾ ਮਹਾਰਾਜ ਮੈਂ ਰੋਜ਼ ਨਹੀਂ ਸੋਤਾ ਆਜ ਹੀ ਸੋਯਾ ਥਾ। ਮੇਰੇ ਮਨ ਨੇ ਮੇਰੇ ਕੋ ਬਹੁਤ ਸਤਾਯਾ ਬਹੁਤ ਬਰਸੋਂ ਸੇ ਮੇਰਾ ਮਨ ਸੇਜਾ ਪਰ ਸੋਨੇ ਕੋ ਕਰਤਾ ਰਹਿਤਾ ਥਾ, ਆਜ ਮੇਰਾ ਮਨ ਰੁਕਾ ਨਹੀਂ ਮੁਝੇ ਬਹੁਤ ਤੰਗ ਕੀਆ। ਤਬ ਮੈਨੇ ਕਹਾ ਅਛਾ ਬੂਢਾ ਹੋ ਗਯਾ ਹੂੰ ਮਰਨਾ ਤੋ ਹੈ ਹੀ, ਰਾਜਾ ਮਾਰ ਹੀ ਦੇਗਾ ਔਰ ਕਿਆ ਕਰੇਗਾ ? ਏਕ ਦਿਨ ਆਨੰਦ ਤੋ ਲੇ ਲੇਵੇਂ ਐਸਾ ਵਿਚਾਰ ਕਰ ਸੋਨੇ ਲਗਾ, ਤੋ ਖਿਆਲ ਕਰਾ ਕਿ ਰਾਜਾਈ ਕਪੜੇ ਪਹਿਨਕੇ ਸੋਊਂ ਮਨ ਅਛੀ ਪਰਕਾਰ ਤ੍ਰਿਪਤ ਹੋ ਜਾਵੇ। ਜਬ ਸੋਯਾ ਤੋ ਏਕ ਮਿੰਟ ਮੇਂ ਹੀ ਨੀਂਦ ਆ ਗਈ, ਪਤਾ ਨ ਲਗਾ ਸੋ ਮੇਰੇ ਮਨ ਕੀ ਇਛਾ ਪੂਰੀ ਹੋ ਗਈ ਹੈ। ਅਬ ਬੇਸ਼ਕ ਮੇਰੇ ਕੋ ਮਾਰ ਦੋ। ਵਜ਼ੀਰ ਕਹਿਨੇ ਲਗਾ ਅਛਾ ਰਾਜਾ ਕੇ ਕਪੜੇ ਭੀ ਪਹਿਨ ਲੀਏ, ਰਾਜਾ ਕੇ ਪਲੰਘ ਤੇ ਭੀ ਸੋ ਗਯਾ। ਪਰੰਤੂ ਲੀਲਾਵਤੀ ਰਾਣੀ ਕੇ ਸਾਥ ਕਿਉਂ ਸੋਯਾ ਥਾ, ਤਬ ਉਹ ਕਹਿਨੇ ਲਗਾ ਹੇ ਵਜ਼ੀਰ ਤੁਮ ਕਿਆ ਕਹਿਤੇ ਹੋ ਲੀਲਾਵਤੀ ਤੋ ਮੇਰੀ ਮਾਤਾ ਹੈ। ਔਰ ਲੀਲਾਵਤੀ ਕੇ ਸਾਹਮਣੇ ਭਲਾ ਮੈਂ ਪਲੰਘ ਤੇ ਪੈਰ ਕਬ ਰਖ ਸਕਤਾ ਥਾ ? ਔਰ ਮੈਂ ਸੋ ਗਯਾ ਥਾ ਮੇਰੇ ਕੋ ਕੁਛ ਪਤਾ ਭੀ ਨਹੀਂ, ਕੌਣ ਆਯਾ ? ਕੌਣ ਗਯਾ ? ਕੌਣ ਬੈਠਾ ਕੌਣ ਸੋਯਾ ? ਹੁਣ ਜੋ ਕੁਛ ਕਰਨਾ ਹੈ ਸੋ ਮੇਰੇ ਸਾਥ ਕਰੋ ਸੋਯਾ ਮੈਂ ਜ਼ਰੂਰ ਹੂੰ। ਤਬ ਵਜ਼ੀਰ ਕਹਿਣੇ ਲਗਾ ਮਹਾਰਾਜ ! ਇਹ ਭੀ ਨਿਰਅਪਰਾਧ ਹੈ, ਚਿਤ ਨੇ ਇਸ ਕੋ ਤੰਗ ਕਰਾ ਥਾ। ਚਿਤ ਕਿਸ ਕੋ ਤੰਗ ਨਹੀਂ ਕਰਤਾ, ਅਗਰ ਇਸ ਕੋ ਮਾਰਤੇ ਤੋ ਭੀ ਪਾਪ ਹੋਤਾ ਔਰ ਲੋਕੋਂ ਮੇਂ ਨਿੰਦਾ ਹੋਤੀ। ਇਸ ਵਾਸਤੇ ਮੈਂ ਕਹਿਤਾ ਹੂੰ ਕਾਨੋਂ ਸੇ ਸੁਨਕੇ, ਆਖੋਂ ਸੇ ਦੇਖਕੇ ਭੀ, ਵਿਚਾਰ ਕਰਨਾ ਆਵਸ਼ਯਕ ਹੈ। ਤਬ ਰਾਜਾ ਉਸਕੀ ਸਿਖਿਆ ਕੋ ਮਾਨਤਾ ਭਯਾ। ਔਰ ਜੋ ਪੁਰਸ਼ ਸਤਿ ਪ੍ਰਤਿਗਯ ਨਹੀਂ ਹੋਤਾ ਉਸਕਾ ਮਨੁਸ਼ ਜਨਮ ਨਿਸਫਲ ਹੈ, ਲੋਗੋਂ ਮੇਂ ਭੀ ਉਸ ਕੀ ਨਿੰਦਾ ਹੀ ਹੋਤੀ ਹੈ, ਜੈਸੇ ਏਕ ਜਵਾਨ ਰਾਜਾ ਥਾ। ਉਸਕੇ ਘਰ ਬੜੀ ਖੂਬਸੂਰਤ ਰਾਣੀ ਸੀ। ਜਿਸਨੇ ਅਨੇਕ ਹਾਵ ਭਾਵ ਸੇ ਰਾਜਾ ਕੋ ਵਸ਼ੀਕਾਰ ਕਰ ਲੀਆ ਥਾ। ਰਾਜਾ ਹਰ ਵਕਤ ਰਾਣੀ ਕੇ ਅਧੀਨ ਰਹਿਤਾ ਥਾ, ਜੋ ਭੀ ਰਾਣੀ ਭਲਾ ਬੁਰਾ ਕਹੇ ਸੋ ਮਾਨ ਲੇਤਾ ਥਾ। ਏਕ ਦਿਨ ਰਾਣੀ ਮਹਿਲ ਮੇਂ ਗਰਮੀ ਕੇ ਦਿਨੋਂ ਮੇਂ ਬ੍ਰਿਖ ਕੇ ਨੀਚੇ, ਮੰਜੀ ਵਿਛਾ ਕੇ ਸੌਂ ਗਈ, ਔਰ ਅਖ ਲਗ ਗਈ। ਇਤਨੇ ਮੇਂ ਏਕ ਕਊਆ ਆਕੇ ਉਸ ਬ੍ਰਿਖ ਪਰ ਬੈਠ ਗਯਾ ਔਰ ਰਾਣੀ ਕੇ ਮੂੰਹ ਕੋ ਤਕ ਕਰ ਐਸੀ ਵਿੱਠ ਕਰੀ, ਜੋ ਕੁਛ ਵਿੱਠ ਰਾਣੀ ਕੇ ਮੁਖ, ਮੇਂ ਕੁਛ ਨਕ ਮੇਂ ਕੁਛ ਆਖੋਂ ਮੇਂ ਪੜ ਗਈ, ਵਿਠ ਕੇ ਮੁਖ ਮੇਂ ਜਾਨੇ ਸੇ ਰਾਣੀ ਕੋ ਉਲਟੀਆਂ ਆਈਂ, ਔਰ ਹਾਲਤ ਬਹੁਤ ਖਰਾਬ ਹੂਈ, ਰਾਣੀ ਕੋ ਗੁਸਾ ਆਯਾ, ਔਰ ਜ਼ੇਵਰ ਭੂਸ਼ਣ ਉਤਾਰ ਕੇ ਕੋਪ ਭਵਣ ਮੇਂ ਪਰਵੇਸ਼ ਕਰ ਗਈ, ਰਾਜਾ ਕੋ ਪਤਾ ਲਗਾ "ਆਯਾ" ਔਰ ਰਾਣੀ ਕੋ

ਬੋਲਾਯਾ ਬੋਲੀ ਨਹੀਂ, ਕ੍ਰੋਧ ਮੇਂ ਦੇਖ ਕਰ ਮਨਾਨੇ ਲਗਾ, ਪਰੰਤੂ ਰਾਣੀ ਨ ਮਾਨੀ ਔਰ ਕਹਾ ਫਾਂਸੀ ਡਾਲ ਕੇ ਮਰੂੰਗੀ, ਰਾਣੀ ਪਰ ਕਊਆ ਵਿਠ ਕਰ ਜਾਵੇ ? ਔਰ ਕਊਏ ਕੋ ਡੰਡ ਹੀ ਨ ਮਿਲੇ ! ਰਾਜਾ ਕਹਿਣੇ ਲਗਾ ਜੋ ਤੂੰ ਚਾਹੇਂ ਉਹ ਦੰਡ ਦੇਵੇਂ, ਪਰ ਪਤਾ ਭੀ ਹੋਵੇ ਤਾਂ ਦੰਡ ਦੇਵੇਂ, ਕੌਣ ਕਊਆ ਥਾ ? ਪਤਾ ਭੀ ਲਗੇ, ਅਪਰਾਧੀ ਕਾ ਪਤਾ ਹੋਵੇ ਤੋ ਯੋਗ ਦੰਡ ਦੇਵੇਂ । ਰਾਣੀ ਕਹਿਣੇ ਲਗੀ ਨਹੀਂ ਕਊਏ ਮਾਤਰ ਕੋ ਦੰਡ ਦੇਣਾ ਚਾਹੀਏ, ਯਾਵਤ ਕਊਏ ਹੈਂ ਸਭ ਕੋ ਮਾਰਣਾ ਹੋ ਨਹੀਂ ਤੋ ਮੈਂ ਮਰੂੰਗੀ । ਤਬ ਰਾਜਾ ਰਾਣੀ ਕੇ ਵਸ ਹੋ ਕੇ ਕਹਿਣੇ ਲਗਾ ਅਛਾ ਸਭ ਕਊਓਂ ਕੋ ਬੁਲਾਕੇ ਮਰਵਾ ਦੂੰਗਾ, ਤਬ ਪ੍ਰਤਗਿਆ ਕਰਾ ਕੇ ਰਾਣੀ ਉਠੀ ਔਰ ਪਰਸੰਨ ਹੋਕੇ ਰਾਜਾ ਸੇ ਮਿਲੀ, ਪ੍ਰਾਤ: ਹੋਤੇ ਹੀ ਰਾਜਾ ਨੇ ਹੁਕਮ ਦੀਆ, ਕਊਆ ਮਾਤਰ ਪਕੜੋ ਇਨਾਮ ਦੀਆ ਜਾਏਗਾ ਸਭ ਕਊਏ ਪਕੜੇ ਗਏ । ਤਬ ਰਾਜਾ ਨੇ ਕਹਾ ਬਾਕੀ ਜ ਕਊਏ ਰਹਿਤੇ ਹੋ ਉਨਕੋ ਪਕੜੋ । ਏਕ ਕਊਏ ਕਾ ਪਚਾਸ ਰੁਪਯਾ ਇਨਾਮ, ਸੌ ੧੦੦) ਪਜ ਸੌ ੫੦੦) ਹਜ਼ਾਰ ੧੦੦੦) ਦਸ ਹਜਾਰ ੧੦੦੦੦) ਇਕ ਲਖ ੧੦੦੦੦੦) ਰੁਪਯਾ ਇਨਾਮ ਦੀਆ ਜਾਏਗਾ । ਇਸ ਤਰਹ ਪਕੜਤੇ ਪਕੜਤੇ ਕਾਕ ਭਸੁੰਡੀ ਤਕ ਪਹੁੰਚ ਗਏ ਉਨੇਂ ਨੇ ਕਾਰਣ ਪੂਛਾ । ਲੋਗੋਂ ਨੇ ਸਭ ਕਾਰਣ ਬਤਾਯਾ । ਕਾਕ ਭਸੁੰਡੀ ਨੇ ਅਪਣੇ ਸ਼ਿਸ਼ ਕੋ ਭੇਜਾ ਔਰ ਕਹਾ ਤੁਮ ਸਭ ਕੋ ਛੁੜਾ ਕੇ ਲੇ ਆਓ, ਔਰ ਆਪ ਕਾਕ ਭਸੁੰਡੀ ਤਤੋਂ ਮੇਂ ਤਤ ਮਿਲਾਕੇ ਗੁਮ ਹੋ ਗਯਾ । ਅਬ ਸਭ ਕਊਏ ਆ ਗਏ। ਰਾਜਾ ਨੇ ਰਾਣੀ ਕੋ ਕਹਾ, ਕਿ ਕਊਏ ਸਭ ਆ ਗਏ ਹਨ ਬਤਲਾਓ ਕਿਆ ਕਰੇਂ ? ਰਾਣੀ ਨੇ ਕਹਾ, ਪਹਿਲੇ ਇਨਕੋ ਖਿਲਾ ਕੇ ਤ੍ਰਿਪਤ ਕਰੋ । ਤਬ ਰਾਜਾ ਮੁਖ ਮੁਖ ਕਊਓਂ ਕੋ ਬੁਲਾ ਕੇ ਕਹਿਣੇ ਲਗਾ ਤੁਮ ਕਿਆ ਖਾਨਾ ਚਾਹਤੇ ਹੋ ? ਤਬ ਉਨੋਂ ਨੇ ਕਹਾ ਹਮ ਰਾਤ੍ਰਿ ਕੋ ਸਭ ਪਰਜਾ ਸੇ ਪੂਛ ਕਰ ਉਤਰ ਸਵੇਰੇ ਦੇਂਗੇ, ਰਾਜਾ ਨੇ ਕਹਾ ਅਛਾ। ਪ੍ਰਾਤ: ਹੋਤੇ ਹੀ ਰਾਜਾ ਨੇ ਉਨ ਸੇ ਪੂਛਾ ਕਿਆ ਖਾਨਾ ਚਾਹਤੇ ਹੋ ? ਬਤਲਾਓ ਉਨੋਂ ਨੇ ਜਵਾਬ ਨਹੀਂ ਦੀਆ ਬੈਠੇ ਬੈਠੇ ਸੋਨੇ ਲਗ ਗਏ, ਰਾਜਾ ਨੇ ਕਹਾ ਕਿ ਤੁਮ ਕੋ ਮੌਤ ਕਾ ਭੈ ਨਹੀਂ ਸੋਨੇ ਲਗ ਗਏ ਹੋ ? ਰਾਤ ਨਹੀਂ ਸੋਏ ਕਿਆ ? ਉਨੋਂ ਨੇ ਕਹਾ ਮਹਾਰਾਜ ਨਿੰਦਰਾ ਆ ਰਹੀ ਹੈ ਰਾਤ ਸੋਏ ਨਹੀਂ, ਖਾਨਾ ਅਛਾ ਨਹੀਂ ਲਗਤਾ, ਔਰ ਕਹਿਣੇ ਲਗੇ ਹਮ ਪਹਿਲੇ ਕਭੀ ਐਸੇ ਇਕਠੇ ਨਹੀਂ ਹੂਏ । ਅਬ ਬੜੇ ਭਾਗੋਂ ਸੇ ਕਠੇ ਹੂਏ ਹੈਂ । ਮਖੀਆਂ ਜੋ ਕਿ ਵਿਖਧਰ ਹੋਤੀਆਂ ਹਨ ਸੋ ਭੀ ਕਠੇ ਹੋ ਕੇ ਸ਼ਹਿਤ ਕਠੀ ਕਰਤੀਆਂ ਹਨ । ਭ੍ਰਿੰਡ ਭੀ ਕਠੇ ਹੋਤੇ ਹੈਂ ਸੋ ਭੀ ਮਿਸਰੀ ਬਨਾਤੇ ਹੈਂ । ਸੋ ਰਾਤ੍ਰਿ ਕੋ ਵਿਚਾਰ ਕਰਤੇ ਰਹੇ ਨੀਂਦ ਨਹੀਂ ਕਰੀ ਬੇਸ਼ਕ ਮਾਰ ਦਿਓ । ਰਾਜਾ ਕਹਿਣੇ ਲਗਾ ਕਿਆ ਵਿਚਾਰ ਕਰਤੇ ਰਹੇ ? ਉਹ ਕਹਿਣੇ ਲਗੇ ਮਹਾਰਾਜ ! ਆਪ ਕੋ ਇਨ ਵਿਚਾਰੋਂ ਸੇ ਕਿਆ। ਅਪਨੇ ਅਪਨੇ ਵਿਚਾਰ ਕੋਈ ਕਿਸੀ ਕੋ ਕੌਣ ਬਤਾਤਾ ਹੈ ? ਔਰ ਆਪ ਅਧਿਕਾਰੀ ਭੀ ਨਹੀਂ



ਰਾਜਨੀਤੀ ਕੇ ਵਿਚਾਰ ਕਿਸੀ ਅਧਿਕਾਰੀ ਕੋ ਬਤਲਾਏ ਜਾਤੇ ਹੈਂ ਆਪ ਕੋਈ ਅਧਿਕਾਰੀ ਤੋ ਹੈਂ ਹੀ ਨਹੀਂ ਜੋ ਸੁਨਾਏਂ । ਰਾਜਾ ਕੋ ਤੀਬਰ ਸੁਣਨੇ ਕੀ ਇਛਾ ਹੂਈ ਔਰ ਵਾਰ ਵਾਰ ਕਹਾ ਮੈਂ ਅਧਿਕਾਰੀ ਬਣੂੰਗਾ ਸੁਣਾਓ । ਕਊਏ ਕਹਿਣੇ ਲਗੇ ਹਮ ਰਾਤ ਭਰ ਮਨੁਸ਼ਜ ਯੋਨੀ ਕਾ ਵਿਚਾਰ ਕਰ ਰਹੇ ਥੇ, ਕਿਉਂਕਿ ਮਨੁਸ਼ਯ ਜਨਮ ਸਭ ਸੇ ਦੁਰਲਭ ਹੈ । ਦੁਰਲਭ ਵਸਤੂ ਕਾ ਵਿਚਾਰ ਕਰਨਾ ਚਾਹੀਏ । ਰਾਜਾ ਕਹਿਣੇ ਲਗਾ ਮਨੁਸ਼ਯ ਜਨਮ ਪਰ ਕਿਆ ਵਿਚਾਰ ਕਰ ਰਹੇ ਥੇ । ਕਊਏ ਕਹਿਣੇ ਲਗੇ ਮਨੁਸ਼ਯ ਸਰੀਰ ਮੇਂ ਦੋ ਭਾਗ ਹੋਤੇ ਹੈਂ । ਏਕ ਪੁਰਸ਼ ਭਾਗ ਔਰ ਦੂਸਰਾ ਇਸਤ੍ਰੀ ਭਾਗ । ਪੁੰਨ ਰੂਪ ਭਾਗ ਪੁਰਸ਼ ਹੋਤਾ ਹੈ । ਔਰ ਇਸਤ੍ਰੀ ਭਾਗ ਪਾਪ ਰੂਪ ਹੋਤਾ ਹੈ । ਇਸਤ੍ਰੀ ਸੇ ਪੁਰਸ਼ ਸਰੀਰ ਉਤਮ ਹੈ । ਹਮ ਯਹ ਵਿਚਾਰ ਕਰ ਰਹੇ ਥੇ ਕਿ ਪਰਮਾਤਮਾ ਨੇ ਪੁਰਸ਼ ਜ਼ਿਆਦਾ ਬਣਾਏ ਹਨ, ਯਾ ਇਸਤ੍ਰੀਆਂ ਜ਼ਿਆਦਾ ਬਣਾਈਆਂ ਹਨ ? ਰਾਜਾ ਨੇ ਕਹਾ ਇਸ ਕਾ ਉਤਰ ਤੁਮ ਨੇ ਕਿਆ ਸੋਚਾ ? ਆਪ ਨੇ ਮਰਦਮ ਸ਼ੁਮਾਰੀ ਕਰ ਲਈ ? ਕਊਏ ਕਹਿਨੇ ਲਗੇ ਮਹਾਰਾਜ ! ਬੜੀ ਮੁਸ਼ਕਲ ਸੇ ਪ੍ਰਾਤ:ਕਾਲ ਤਕ ਯਹ ਨਿਸਚੇ ਕਰਾ, ਕਿ ਇਸਤ੍ਰੀਆਂ ਹੀ ਅਧਿਕ ਹੈਂ । ਕਿਉਂਕਿ ਜੋ ਪੁਰਸ਼ ਹੋਤੇ ਹੂਏ ਭੀ ਇਸਤ੍ਰੀਓਂ ਕੇ ਅਧੀਨ ਹੈਂ ਓਹ ਭੀ ਇਸਤ੍ਰੀਆਂ ਹੀ ਹੈ, ਜੈਸੇ ਤੂੰ । ਇਸਤ੍ਰੀ ਅਧੀਨ ਹੋਨੇ ਸੇ ਤੂੰ ਭੀ ਇਸਤ੍ਰੀ ਹੈਂ ਰਾਜਾ ਸੁਨਕਰ ਸ਼ਰਮਿੰਦਾ ਹੋ ਗਯਾ, ਲੱਜਿਤ ਹੋ ਗਯਾ ਔਰ ਉਨਕੋ ਕਹਿਨੇ ਲਗਾ ਤੁਮ ਜਾਓ ਮੈਂ ਤੁਮਕੋ ਨਹੀਂ ਪਕੜਾ-ਊਂਗਾ ਔਰ ਇਸਤ੍ਰੀ ਅਧੀਨ ਹੋਕਰ ਇਸਤ੍ਰੀ ਨ ਬਣੂਗਾ। ਇਸ ਪਰਕਾਰ ਰਾਜਾ ਨੇ ਸਭ ਕਊਏ ਰਾਣੀ ਸੇ ਪੂਛੇ ਬਿਨਾਂ ਹੀ ਛੋਡ ਦੀਏ । ਤਬ ਰਾਣੀ ਫੇਰ ਅਨੇਕ ਚਰਿਤ੍ਰ ਕਰਨੇ ਲਗੀ ਔਰ ਫਾਹਾ ਲੇਕਰ ਮਰਨੇ ਲਗੀ, ਤਬ ਰਾਜਾ ਕਾ ਮੋਹ ਫੇਰ ਬੜਨੇ ਲਗਾ ਫੇਰ ਕਊਓਂ ਕੋ ਉਸੀ ਤਰਹ ਪਕੜਾਇਆ । ਫੇਰ ਕਊਏ ਪਹਿਲੇ ਕੀ ਤਰਹ ਸੋ ਗਏ । ਫੇਰ ਰਾਜਾ ਨੇ ਪੂਛਾ ਕਿਉਂ ਰਾਤ੍ਰੀ ਕੋ ਨਹੀਂ ਸੋਏ। ਕਹਿਨੇ ਲਗੇ ਨੀਂਦ ਹੀ ਨਹੀਂ ਆਈ ਔਰ ਕਹਾ ਕਿ ਸਾਰੀ ਰਾਤ ਨਿਆਯ ਹੀ ਕਰਤੇ ਰਹੇ। (ਪ੍ਰਸ਼ਨ) ਰਾਤ ਕੌਣਸਾ ਨਿਆਏ ਕਰਤੇ ਰਹੇ ? ਕਊਏ ਕਹਿਨੇ ਲਗੇ ਰਾਤ੍ਰੀ ਮਨੁਸ਼ਜੋਂ ਕੇ ਇੰਦ੍ਰਿਓਂ ਕਾ ਵਿਚਾਰ ਕਰਤੇ ਰਹੇ । ਪਰਮਾਤਮਾ ਨੇ ਮਨੁਖਜੋਂ ਕੋ ਮੁਖ ਬਹੁਤ ਲਗਾਏ ਹੈਂ ਅਥਵਾ ਗੁਦਾ । ਰਾਜਾ ਨੇ ਕਹਾ ਕਿਆ ਨਿਸਚੇ ਕੀਆ ? ਪਰਮੇਸ੍ਵਰ ਨੇ ਏਕ ਏਕ ਮੁਖ ਔਰ ਏਕ ਏਕ ਗੁਦਾ ਸਭ ਕੋ ਲਗਾਈ ਹੈ । ਤਬ ਕਊਏ ਕਹਿਨੇ ਲਗੇ, ਰਾਵਣ ਕੇ ਦਸ ਮੁਖ ਥੇ ਔਰ ਗੁਦਾ ਏਕ ਹੀ ਥੀ, ਯਹ ਕੋਈ ਨਿਸਚੇ ਨਹੀਂ ਨਿਯਮ ਨਹੀਂ, ਤਬ ਰਾਜਾ ਕਹਿਨੇ ਲਗਾ ਫਿਰ ਆਪਨੇ ਕਿਆ ਨਿਸਚੇ ਕਰਾ ? ਤਬ ਕਊਏ ਕਹਿਨੇ ਲਗੇ ਹਮ ਨੇ ਤੋ ਯਹਿ ਨਿਸ਼ਚੇ ਕਰਾ, ਕਿ ਪਰਮੇਸ਼ਰ ਨੇ ਗੁਦਾਏਂ ਬਹੁਤ ਬਨਾਈਆਂ ਹੈਂ । ਕਿਉਂਕਿ ਮੁਖ ਤੋ ਵੋਹ ਹੋਤਾ ਹੈ ਜਿਸ ਮੇਂ ਪਰਮੇਸਰ ਕਾ ਨਾਮ, ਔਰ ਸਤ ਬਚਨ ਹੋਵੇ, ਔਰ ਸਭ ਗੁਦਾਏਂ ਹੀ ਹੈਂ ਜੈਸੇ ਤੇਰਾ ਮੁਖ। ਤੇਰਾ ਮੁਖ ਨਹੀਂ ਗੁਦਾ ਹੈ । ਕਿਉਂਕਿ ਥੂਕ ਵਿਸ਼ਟਾ ਕੇ ਅਸਥਾਨ ਔਰ ਵਿਸ਼ਟਾ ਪਰ ਪਾਤੇ ਹੈਂ। ਤੇਰਾ ਮੂੰਹ ਵਿਸ਼ਟਾ ਕਾ ਅਸਥਾਨ ਹੈ । ਕਿਉਂਕਿ ਤੂਨੇ ਵਚਨ ਕਰਕੇ ਫੇਰ ਹਮਾਰੇ ਕੋ ਪਕੜਾਯਾ ਹੈ

ਇਸ ਵਾਸਤੇ ਤੇਰਾ ਮੂੰਹ ਗੁਦਾ ਕੇ ਤੁਲ ਹੈ। ਗੁਰੂ ਜੀ ਲਿਖਤੇ ਹੈਂ:-

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥**

[ਆਸਾ ਵਾਰ ਮ: ੧ ਸਫਾ ੪੭੩

ਸੋ ਤੈਨੂੰ ਵਚਨ ਕਰਕੇ ਫੇਰ ਹਮ ਕੋ ਪਕੜਾਯਾ ਹੈ, ਸੋ ਤੇਰਾ ਮੁਖ ਗੁਦਾ ਕੇ ਸਦ੍ਰਿਸ਼ ਹੈ, ਯਾਂਤੇ ਸਾਰੇ ਕਊਏ ਕਹਿਨੇ ਲਗੇ ਤੇਰੇ ਮੁਖ ਮੇਂ ਥੂ! ਥੂ!! ਥੂ!!! ਥੂ!!!! ਰਾਜਾ ਸੁਨਕੇ ਲੱਜਿਤ ਹੋ ਗਯਾ ਔਰ ਕਹਿਨੇ ਲਗਾ ਮੈਂ ਆਗੇ ਕਭੀ ਭੀ ਅਸਤ ਪ੍ਰਤਗਯ ਨਹੀਂ ਹੋਊਂਗਾ, ਔਰ ਇਸਤ੍ਰੀ ਕੋ ਬੁਲਾਕੇ ਤਾੜਨਾ ਕਰਤਾ ਭਯਾ। ਇਸਤ੍ਰੀ ਭੀ ਸੂਧੀ ਹੋ ਗਈ ਔਰ ਦੋਨੋਂ ਸੁਖ ਸੇ ਸਮਯ ਬਤੀਤ ਕਰਨੇ ਲਗੇ।

**ਸਤ੍ਯਮੇਵ ਪਰੰਬ੍ਰਹਮ ਸਤ੍ਯੰ ਗਿਆਨਮਨੰਤਕੰ ॥ ਸਤ੍ਯਮੇਵ ਪਰਾ ਵੇਦਾ: ਓਂਕਾਰੰ ਸਤ੍ਯਮੇਵ ਚ ॥ ੧ ॥ ਸਤ੍ਯੰ ਵੇਦੇਸ਼ੁ ਜਾਗਰਤਿ ਸਤ੍ਯੰ ਚ ਪਰਮੰ ਪਦੰ ॥ ਸਤ੍ਯੇ ਵਿਦ੍ਯਤੇ ਲੋਕੰ ਸਤ੍ਯ ਰੂਪੋ ਜਨਾਰਦਨ: ॥ ੨ ॥ ਸਤ੍ਯੇਨ ਲਭ੍ਯੋ ਹ੍ਯਾਤਮਾ ਵੈ ਸਤ੍ਯੰ ਹਿ ਪਰਮੰ ਤਪ: ॥ ਸਤ੍ਯ ਮੂਲੰ ਜਗਤ ਸਰਵੰ ਸਰਵੇ ਸਤ੍ਯੇ ਪ੍ਰਤਿਸ੍ਰੁਤੰ ॥ ੩ ॥**

[ਭਕਤੀ ਕੌਸਤੁਭ

ਸਤ੍ਯ ਹੀ ਪਾਰਬ੍ਰਹਮ ਸ੍ਵਰੂਪ ਹੈ ਸਤ੍ਯ ਹੀ ਗਿਆਨ ਵਾ ਅਨੰਤ ਸ੍ਵਰੂਪ ਹੈ, ਵੇਦ ਭੀ ਸਤ੍ਯ ਪਰਕ ਹੈਂ ਭਾਵ ਸਤ੍ਯ ਕੋ ਕਥਨ ਕਰਤੇ ਹੈਂ, ਓਅੰਕਾਰ ਭੀ ਸਤ੍ਯ ਸ੍ਵਰੂਪ ਹੀ ਹੈ ॥ ੧ ॥ ਸਤ੍ਯ ਵੇਦੋਂ ਮੇਂ ਜਾਗਰਤ ਹੈ, ਭਾਵ ਪ੍ਰਗਟ ਹੈ ਪਰਮ ਪਦ ਮੁਕਤੀ ਭੀ ਸਤ੍ਯ ਹੀ ਹੈ, ਲੋਕ ਮੇਂ ਭੀ ਸਤ੍ਯ ਕੀ ਵਿਜਯ ਹੋਤੀ ਹੈ, ਭਗਵਾਨ ਜਨਾਰਦਨ ਸਤ੍ਯ ਸ੍ਵਰੂਪ ਹੀ ਹੈਂ ॥ ੨ ॥ ਆਤਮਾ ਸਤ੍ਯ ਸੇ ਹੀ ਲਬਧ ਹੋਤਾ ਹੈ (ਮਿਲਤਾ ਹੈ) ਸਤ੍ਯ ਹੀ ਪਰਮ ਤਪ ਹੈ, ਇਹ ਜਗਤ ਸਤ੍ਯ ਮੂਲਕ ਹੈ ਭਾਵ ਇਸ ਕਾ ਮੂਲ ਕਾਰਣ ਸਤ੍ਯ ਹੀ ਹੈ, ਇਹ ਸਭ ਕੁਛ ਸਤ ਮੇਂ ਹੀ ਪ੍ਰਤਿਸ੍ਰਤ ਹੈ, ਅਰਥਾਤ ਸਤ੍ਯ ਮੇਂ ਇਸਥਿਤ ਹੈ ॥ ੩ ॥ ਮਿਥਿਆ (ਝੂਠ) ਔਰ ਅਧਰਮੀ ਪਤਨੀ (ਵਿਭਚਾਰਣੀ) ਇਹ ਦੋਨੋਂ ਬਾਤੇਂ ਧੂਰਤੋਂ ਸੇ ਪੂਜਿਤ ਹੈਂ, ਭਾਵ ਧੂਰਤ ਲੋਗ ਇਨ ਕਾਮੋਂ ਕੋ ਕਰਤੇ ਹੈਂ ਔਰ ਦੇਵਤਾ ਮਿਤਰ ਵਾ ਮੁਨੀ ਲੋਗ ਸਤ੍ਯ ਸੇ ਹੀ ਪ੍ਰਸੰਨ ਹੋਤੇ ਹੈਂ ॥ ੪ ॥ ਮਹਾਦੇਵ ਪਾਰਬਤੀ ਜੀ ਪ੍ਰਤੀ ਕਹਿਤੇ ਹੈਂ, ਕਿ ਹੇ ਪਾਰਬਤੀ ਜੈਸੇ ਸਾਰੇ ਪੁੰਨ ਸਤ੍ਯ ਕੇ ਆਸ਼੍ਰਤ ਰਹਿਤੇ ਹੈਂ ਤੈਸੇ ਸਾਰੇ ਪਾਪ ਝੂਠ ਕੇ ਆਸ਼੍ਰਯ ਰਹਿਤੇ ਹੈਂ ॥ ੫ ॥ ਸਤ੍ਯ ਧਰਮ ਕਾ ਆਸ਼੍ਰਯਣ ਕਰਕੇ ਜੋ ਭੀ ਕਰਮ ਪੁਰਸ਼ ਕਰਤਾ ਹੈ, ਸੋ ਸਫਲ ਹੋਤਾ ਹੈ ਹੇ ਪਾਰਬਤੀ ਇਸ ਬਾਤ ਕੋ ਸਤ੍ਯ ਮਾਨ ॥ ੬ ॥ ਸਤ੍ਯ ਬੋਲਨੇ ਸੇ ਇਸ ਲੋਕ ਮੇਂ ਭੀ ਸਰਬ ਪਦਾਰਥੋਂ ਕੋ ਪ੍ਰਾਪਤ ਹੋਤਾ ਹੈ, ਇਸ ਸਸ਼ਯ ਨਹੀਂ ਰਿਖੀ ਲੋਗ ਸਿੱਧ ਤਥਾ ਗੰਧਰਵ ਲੋਗ ਭੀ ਸਤ੍ਯ ਸੇ ਹੀ ਸਿੱਧੀ ਕੋ ਪ੍ਰਾਪਤ ਹੋਤੇ ਹੈਂ ॥ ੭ ॥ ਅਗਾਧ ਬਡੇ ਸੁਧ ਸਤ੍ਯ ਤੀਰਥ ਕੇ ਪਵਿੱਤ੍ਰ ਹ੍ਰਿਦ (ਤਲਾ) ਮੇਂ ਮਨ ਲਗਾ ਕਰ ਇਸ਼ਨਾਨ ਕਰੇ, ਏਹੀ ਪਰਮ ਪਵਿਤ੍ਰ ਸ਼ਨਾਨ



ਹੈ ॥ ੮ ॥ ਸਤਿਜੁਗ ਮੇਂ ਧਰਮ ਕੇ ਚਾਰ ਪਾਦ ਥੇ, ਤ੍ਰੇਤਾ ਮੇਂ ਏਕ ਪਾਦ ਹੀਨ ਹੋ ਗਿਆ, ਔਰ ਦ੍ਵਾਪਰ ਮੇਂ ਦੋ ਪਾਦ ਰਹੇ, ਕਲਿ ਯੁਗ ਮੇਂ ਏਕ ਪਾਦ ਸ਼ੇਸ਼ ਰਹਿ ਗਿਆ ਹੈ ॥ ੧੦ ॥ ਹੇ ਦੇਵੀ ਕਲਿਯੁਗ ਮੇਂ ਸਰਬ ਧਰਮ ਪ੍ਰਗਟ ਹੋਨੇ ਕਠਿਨ ਹੈਂ, ਪਰੰਤੂ ਸਤ੍ਯ ਕੇ ਆਸ਼੍ਰਯ ਪ੍ਰਗਟ ਹੋਤੇ ਹੈਂ, ਇਸ ਲੀਏ ਸਤ੍ਯ ਪਰਾਯਣ ਹੋਨਾ ਚਾਹੀਏ ॥ ੧੧ ॥ ਯਥਾਰਥ ਕਹਿਨਾ ਸਰਬ ਲੋਕੋਂ ਕੋ ਸੁਖ ਕਰ ਹੈ, ਉਸ ਹੀ ਕੋ ਸਤਯ ਸਮਝਨਾ ਚਾਹੀਏ ਉਸ ਸੇ ਵਿਪਰਯ ਕੋ ਸਤਯ ਨ ਸਮਝਨਾ ਚਾਹੀਏ ॥ ੧੨ ॥ ਸਰਬ ਹੀ ਪਰਬ੍ਰਹਮ ਹੈ ਪਰਬ੍ਰਹਮ ਸੇ ਭਿੰਨ ਕੁਛ ਨਹੀਂ, ਇਸ ਪ੍ਰਕਾਰ ਜੋ ਨਿਸਚਯ ਮਤੀ ਹੈ ਏਹੀ ਵਰ (ਸ੍ਰੇਸ਼ਟ) ਕਹਾ ਹੈ, ਵੇਦਾਂਤ ਗਿਆਨ ਪਾਰੰਗਤੋਂ ਨੇ ਕਹਾ ਹੈ ॥ ੧੩ ॥ ਜੋ ਵਾਕਯ ਅਪਨੀ ਇਛਾ ਅਨੁਸਾਰ ਹੈ, ਧਰਮ ਤਥਾ ਅਧਰਮ ਸੇ ਰਹਿਤ ਹੈ, ਕਲਯਾਣ ਵਾ ਸਰਬ ਪੁਰਸਾਰਥ ਕੇ ਨਾਸ ਕਰਨੇ ਵਾਲਾ ਹੈ, ਉਸ ਵਚਨ ਕੋ ਝੂਠ ਕਹਿਨਾ ਚਾਹੀਏ ॥ ੧੪ ॥ ਸਤ ਬੋਲਨਾ ਤੋ ਪ੍ਰਿਯ ਬੋਲਨਾ, ਅਪ੍ਰਿਯ ਸਤ੍ਯ ਨ ਬੋਲਨਾ, ਔਰ ਪ੍ਰਿਯ ਝੂਠ ਨ ਬੋਲਨਾ, ਏਹੀ ਸਨਾਤਨ ਧਰਮ ਹੈ ॥ ੧੫ ॥ ਸਤਯ ਔਰ ਸਮਤਾ, ਅਹਿੰਸਾ, ਦਯਾ, ਤਿਆਗ, ਖਿਮਾ, ਦਮ, ਲਜਾ, ਤਿਤਿਖ੍ਯਾ, ਅਨਸੂਯਾ (ਈਰਖਾ ਰਹਿਤ) ਧ੍ਰਿਤੀ, ਧਿਆਨ, ਮਤਸਰ ਰਹਿਤ ਹੋਨਾ। ਇਹ ਤੇਰਹ ਸਤ੍ਯ ਕੇ ਆਕਾਰ ਯਾਨੇ ਚਿੰਨ ਹੈਂ ॥ ੧੬ ॥ ਵੋਹ ਸਭਾ ਨਹੀਂ ਜਿਸ ਮੇਂ ਬ੍ਰਿਧ ਪੁਰਖ ਨਹੀਂ, ਔਰ ਵੋਹ ਬ੍ਰਿਧ ਨਹੀਂ ਜੋ ਧਰਮ ਨਹੀਂ ਕਹਿਤੇ, ਧਰਮ ਵੋਹ ਨਹੀਂ ਜਿਸ ਮੇਂ ਸਤ੍ਯ ਨਹੀਂ, ਔਰ ਵੋਹ ਸਤ੍ਯ ਭੀ ਨਹੀਂ ਜਿਸ ਮੇਂ ਛਲ ਹੈ ॥ ੧੭ । ਜਿਨ ਮਹਾਤਮਾਓਂ ਮੇਂ ਦਯਾ, ਖਿਮਾ, ਸਤ੍ਯ, ਔਰ ਤਪ, ਰਹਿਤਾ ਹੈ ਤਿਨੋਂ ਕੇ ਦਰਸ਼ਨ ਮਾਤ੍ਰ ਸੇ ਪਾਪ ਤੂਲ (ਰੂੰਈ) ਕੇ ਸਮਾਨ ਦਗਧ ਹੋ ਜਾਤੇ ਹੈਂ ॥ ੧੮ ॥ ਮਹਾਰਾਜਾ ਸਤ੍ਯਬ੍ਰਤ ਕੇ ਦਰਸ਼ਨ ਸੇ ਚਿਤ ਸ਼ਾਂਤ ਹੋ ਜਾਤਾ ਥਾ, ਕਯੋਂਕਿ ਇਹ ਸਦਾ ਸਤ੍ਯ ਬੋਲਤੇ ਥੇ, ਇਨਕਾ ਸਤ੍ਯ ਬੋਲਨਾ ਬ੍ਰਹਮ ਲੋਕ ਤਕ ਪ੍ਰਸਿੱਧ ਹੋ ਚੁਕਾ ਥਾ, ਕਿਸੀ ਸਮਯ ਮੇਂ ਲਖਮੀ ਔਰ ਸ਼ਨੀ ਕਾ ਵਿਵਾਦ ਹੋ ਗਿਆ ਥਾ, ਲਖਮੀ ਨੇ ਕਹਾ ਕਿ ਮੈਂ ਕੰਗਾਲ ਕੋ ਧਨੀ ਕਰ ਸਕਤੀ ਹੂੰ, ਸ਼ਨੀ ਨੇ ਕਹਾ ਕਿ ਮੈਂ ਧਨੀ ਕੋ ਕੰਗਾਲ ਕਰ ਸਕਤਾ ਹੂੰ, ਔਰ ਪਰਸਪਰ ਬਡਪਨ ਕਾ ਵਿਵਾਦ ਭੀ ਹੋ ਗਿਆ, ਸ਼ਨੀ ਕਹੇ ਮੈਂ ਬਡਾ ਹੂੰ ਲਖਮੀ ਕਾ ਕਹਿਨਾ ਥਾ ਕਿ ਮੈਂ ਬਡੀ ਹੂੰ ਵਾਸਤ੍ਵ ਮੇਂ ਲਖਮੀ ਬਡੀ ਹੈ, ਕਯੋਂਕਿ ਵੋਹ ਸਭ ਕੋ ਸੁਖ ਦੇਤੀ ਹੈ, ਔਰ ਵਿਸ਼ਨੂੰ ਭਗਵਾਨ ਕੀ ਚਰਨ ਸੇਵਕਾ ਹੈ। ਔਰ ਸ਼ਨੀ ਸਭ ਕੋ ਦੁਖ ਦੇਤਾ ਹੈ, ਇਸ ਲੀਏ ਵੋਹ ਬਡਾ ਨਹੀਂ, ਪਰੰਤੂ ਅੰਮ੍ਰਿਤ ਕੀ ਬਡਾਈ ਦੂਸਰੇ ਕੋ ਜਿਵਾਨੇ ਮੇਂ ਹੈ, ਔਰ ਮਾਰਨੇ ਮੇਂ ਵਿਖ ਕੀ ਬਡਾਈ ਹੈ, ਤੈਸੇ ਦੁਖ ਦੇਨੇ ਮੇਂ ਸ਼ਨੀ ਕੀ ਬਡਾਈ ਹੈ, ਔਰ ਸੁਖ ਪਹੁੰਚਾਨੇ ਮੇਂ ਲਖਮੀ ਕੀ ਬਡਾਈ ਹੈ, ਪਰੰਤੂ ਇਨਕਾ ਵਿਵਾਦ ਬਢ੍ਹ ਜਾਨੇ ਸੇ ਦਲ ਬੰਦੀ ਹੋ ਗਈ, ਸ਼ਨੀ ਕੇ ਪਖ ਮੇਂ ਦੈਤਯ, ਔਰ ਲਖਮੀ ਕੇ ਪਖ ਮੇਂ ਦੇਵਤਾ ਥੇ, ਇਸ ਲੀਏ ਇਨ ਕਾ ਫੈਸਲਾ ਹੋਨਾ ਕਠਿਨ ਥਾ, ਬਹੁਤ ਸਮਯ ਤਕ ਇਨਕਾ ਵਿਵਾਦ ਹੀ ਬਨਾ ਰਹਾ, ਇਸ ਬਾਤ ਕਾ ਫੈਸਲਾ ਕਰਾਨੇ ਕੇ ਲੀਏ ਕਿਸੀ ਪਖ ਪਾਤ ਰਹਿਤ, ਧਰਮਾਤਮਾ ਸਤਯ ਵਾਦੀ ਮਹਾਤਮਾ ਕੋ ਢੂੰਢਤੇ ਰਹੇ, ਬਹੁਤ ਸਮਯ ਪ੍ਰਯੰਤ ਐਸਾ ਕੋਈ ਉਤਮ ਪੁਰਖ ਨਹੀਂ

ਮਿਲਾ, ਆਖਿਰ ਸੂਰਜ ਵੰਸ਼ੀਓਂ ਕੇ ਰਘੂਕੁਲ ਮੇਂ ਏਕ ਮਹਾਰਾਜਾ ਸਤਜਬ੍ਰਤ ਥਾ, ਉਸ ਕੀ ਇਸਤ੍ਰੀ ਪਤੀਬ੍ਰਤਾ ਥੀ, ਦੋਨੋਂ ਕੇ ਤੇਜ ਪ੍ਰਤਾਪ ਸੇ ਉਨਕੇ ਦੇਸ਼ ਮੇਂ ਸੁਖ ਤਥਾ ਸ਼ਾਂਤੀ ਕਾ ਸਾਮ੍ਰਾਜਜ ਥਾ । ਦੋਨੋਂ ਦਲੋਂ ਕੇ ਆਦਮੀ ਸਤਜ ਬ੍ਰਤ ਮਹਾਰਾਜਾ ਕੀ ਸ਼ਰਣ ਮੇਂ ਆਏ, ਕਿ ਕਿਸੀ ਤਰ੍ਹਾਂ ਲਖਮੀ ਕਾ ਤਥਾ ਸ਼ਨੀ ਕਾ ਵਿਵਾਦ ਹਟ ਜਾਏ, ਮਹਾਰਾਜਾ ਸਤਜ ਬ੍ਰਤ ਨੇ ਕਹਾ, ਹਮ ਗੁਪਤ ਰੀਤੀ ਸੇ ਦੋ ਆਸਣ ਬਨਾਏਂਗੇ, ਤੁਮ ਦੋਨੋਂ ਅਪਨੀ ਇਛਾ ਅਨੁਸਾਰ ਉਨ ਸਿੰਘਾਸਨੋਂ ਪਰ ਬੈਠ ਜਾਨਾ, ਆਸਨੋਂ ਕੇ ਖੋਲਨੇ ਪਰ ਜਿਸ ਮੇਂ ਸ੍ਰੇਸ਼ਟ ਪਦਾਰਥ ਹੋਂ, ਵੋਹ ਬੜਾ ਸਮਝਾ ਜਾਇਗਾ, ਮਹਾਰਾਜਾ ਨੇ ਏਕ ਸਿੰਘਾਸਨ ਹੀਰੇ ਜਵਾਹਰ ਜੜਿਤ ਬਨਾਇਆ ਏਕ ਲੋਹੇ ਆਦਿਕ ਨਿਕ੍ਰਸ਼ਠ ਵਸਤੂਓਂ ਸੇ ਬਨਵਾਇਆ, ਦੋਨੋਂ ਕੋ ਬਸਤ੍ਰੋਂ ਸੇ ਆਛਾਦਨ ਕਰਕੇ ਗੁਪਤ ਕਰ ਦੀਆ, ਫਿਰ ਸਰਬ ਸੰਮਤੀ ਸੇ, ਸ਼ਨੀ ਦੇਵਤਾ ਕੋ ਇਛਾ ਅਨੁਸਾਰ ਉਨ ਸਿੰਘਾਸਨੋ ਪਰ ਬੈਠ ਜਾਨੇ ਕੀ ਆਗਿਆ ਦੀ, ਜਬ ਸ਼ਨੀ ਅਪਨੀ ਇਛਾ ਅਨੁਸਾਰ ਏਕ ਆਸਨ ਪਰ ਬੈਠ ਗਿਆ, ਪੀਛੇ ਲਖਮੀ ਜੀ ਕੋ ਆਗਿਆ ਦੀ । ਦੂਸਰੇ ਸਿੰਘਾਸਨ ਪਰ ਲਖਮੀ ਜੀ ਬੈਠ ਗਈ, ਜਬ ਆਸਨ ਖੋਲੇ ਗਏ, ਤਬ ਸ਼ਨੀ ਕਾ ਆਸਨ ਨਿਕ੍ਰਿਸ਼ਠ ਵਸਤੂਓਂ ਕਾ ਨਿਕਲਾ ॥ ਲਖਮੀ ਜੀ ਕਾ ਆਸਨ ਉਤਮ ਵਸਤੂਓਂ ਕਾ ਬਨਾ ਹੂਆ ਨਿਕਲਾ, ਤਬ ਤਾਲੀ ਬਜ ਗਈ ਕਿ ਲਖਮੀ ਜੀ ਬੜੇ ਹੈਂ, ਨਿਰਣਯ ਤੋ ਹੋ ਗਯਾ, ਪਰੰਤੂ ਸ਼ਨੀ ਦੇਵਤਾ ਕੋ ਬੜਾ ਦੁਖ ਹੂਆ, ਉਸ ਨੇ ਮਹਾਰਾਜਾ ਸਤਜ ਬ੍ਰਤ ਕੋ ਕ੍ਰੋਧ ਮੇਂ ਆਕਰ ਕਹਾ, ਕਿ ਮੈਂ ਤੇਰੀ ਖਬਰ ਲੂੰਗਾ, ਔਰ ਲਖਮੀ ਜੀ ਨੇ ਮਹਾਰਾਜਾ ਸੇ ਕਹਾ ਕਿ ਮੈਂ ਤੁਮਾਰੀ ਔਰ ਤੁਮਾਰੀ ਇਸਤ੍ਰੀ ਕੇ ਧਰਮ ਕੀ ਰਖਿਆ ਕਰੂੰਗੀ, ਤੁਮ ਨੇ ਘਬਰਾਨਾ ਨਹੀਂ, ਦੁਖ ਆਨੇ ਪਰ ਭੀ ਧੀਰਜ ਰਖਨਾ, ਅਖੀਰ ਮੇਂ ਤੁਮਾਰੀ ਹੀ ਵਿਜਯ ਹੋਗੀ, ਫਿਰ ਸ਼ਨੀ ਨੇ ਮਹਾਰਾਜਾ ਸਤਜਬ੍ਰਤ ਕੇ ਰਾਜਯ ਮੇਂ, ਦੁਰਭਿਖ ਕਰ ਦੀਆ, ਅਨੇਕ ਪ੍ਰਕਾਰ ਕੇ ਉਪੱਦ੍ਰਵ ਹੋਨੇ ਲਗੇ, ਇਨ ਬਾਤੋਂ ਕੋ ਦੇਖ ਕਰ ਮਹਾਹਾਜਾ ਸਤਜਬ੍ਰਤ, ਅਪਨੀ ਇਸਤ੍ਰੀ ਕੋ ਸਾਥ ਲੇਕਰ, ਕੁਛ ਹੀਰੇ ਜਵਾਹਰਾਤ ਦਿਵਯ ਬਸਤੂਆਂ, ਬਸਤਰ ਆਭੂਖਨ ਆਦਿ ਲੈਕਰ ਰਾਤ੍ਰੀ ਰਾਤ੍ਰੀ ਮੇਂ ਅਪਨਾ ਰਾਜ ਛੋਡ ਕਰ ਨਿਕਲ ਗਯਾ । ਸ਼ਨੀ ਨੇ ਰਸਤੇ ਮੇਂ ਏਕ ਦਰਿਆਈ ਬਨਾ ਦੀਆ, ਜਿਸ ਪਰ ਕੋਈ ਬੜੀ ਨਾਉ ਭੀ ਨਹੀਂ ਥੀ, ਕੇਵਲ ਇਕ ਛੋਟੀ ਸੀ ਡੋਂਗੀ ਜਿਸ ਮੇਂ ਏਕ ਹੀ ਆਦਮੀ ਬੈਠ ਸਕਤਾ ਥਾ, ਉਸਕੋ ਲੇਕਰ ਕਿਨਾਰੇ ਪਰ ਸ਼ਨੀ ਆਪ ਖੜਾ ਹੋ ਗਿਆ । ਰਾਜਾ ਨੇ ਪਾਰ ਜਾਨੇ ਕੇ ਲੀਏ ਕਹਾ ਤੋ ਉਸ ਮਲਾਹ ਰੂਪ ਸ਼ਨੀ ਨੇ ਕਹਾ ਮੇਰੀ ਨਾਉ ਛੋਟੀ ਹੈ, ਇਸ ਪਰ ਤੁਮ ਦੋਨੋਂ ਨਹੀਂ ਬੈਠ ਸਕਤੇ, ਔਰ ਅਸਬਾਬ ਭੀ ਅਲਗ ਜਾਇਗਾ ਸਾਥ ਨਹੀਂ ਰਖ ਸਕਤੇ, ਤਬ ਰਾਜਾ ਨੇ ਕਹਾ ਅਛਾ ਪਹਿਲੇ ਅਸਬਾਬ ਪਾਰ ਕਰੋ, ਪੀਛੇ ਹਮ ਚਲੇਂਗੇ ਮਹਾਰਾਜਾ ਨੇ ਤਮਾਮ ਬਸਤ੍ਰ ਆਭੂਖਨ ਨਗਦੀ ਹੀਰੇ ਜਵਾਹਰ, ਜੋ ਭੀ ਅਸਬਾਬ ਥਾ ਉਸ ਛੋਟੀ ਨਾਉ ਪਰ ਰਖ ਦੀਆ, ਅਪਨੇ ਪਾਸ ਏਕ ਧੋਤੀ ਜੋ ਪਹਿਨੀ ਹੁਈ ਥੀ,



ਔਰ ਜੋ ਬਸਤ੍ਰ ਮਹਾਰਾਣੀ ਕੇ ਪਹਿਨੇ ਹੂਏ ਥੇ ਵੋਹ ਹੀ ਰਹੇ, ਬਾਕੀ ਸਭ ਅਸਬਾਬ ਪਾਰ ਕਰਨੇ ਕੇ ਲੀਏ ਨਾਉ ਪਰ ਲਾਦ ਦੀਆ, ਦਰੀਆਉ ਕੇ ਵਿਚਾਲੇ ਜਾਕਰ ਸ਼ਨੀ ਨੇ ਕਹਾ ਮੈਂ ਸ਼ਨੀ ਹੂੰ, ਅਬ ਇਹ ਅਸਬਾਬ ਤੁਮ ਕੋ ਨਹੀਂ ਮਿਲੇਗਾ, ਮੈਂ ਨੇ ਹੀ ਤੁਮਾਰੇ ਰਾਜ ਮੇਂ ਉਪਦ੍ਰਵ ਤਥਾ ਅਸ਼ਾਂਤੀ ਫੈਲਾਈ ਹੈ । ਮੈਂ ਤੁਮ੍ਹੇਂ ਬਹੁਤ ਦੁਖ ਦੂੰਗਾ ਨਹੀਂ ਤੋ ਅਬ ਭੀ ਮੁਝੇ ਬੜਾ ਬਣਾ ਦੋ, ਨਹੀਂ ਤੋ ਤੁਮਾਰੇ ਕੋ ਇਸ ਰਾਣੀ ਸੇ ਭੀ ਅਲਗ ਕਰ ਦੂੰਗਾ, ਚਾਹੇ ਕਿਤਨਾ ਭੀ ਯਤਨ ਕਰੋ, ਪਰੰਤੂ ਤੁਮ ਦੋਨੋਂ ਕੋ ਇਕਠੇ ਨਹੀਂ ਰਹਿਨੇ ਦੂੰਗਾ, ਉਸੀ ਸਮਯ ਲਖਮੀ ਪ੍ਰਗਟ ਹੋ ਗਈ, ਰਾਜਾ ਸੇ ਕਹਾ ਤੁਮ ਧੀਰਜ ਰਖੋ ਅਲਗ ਹੋਨੇ ਪੁਰ ਭੀ ਤੁਮ ਦੋਨੋਂ ਕਾ ਧਰਮ ਕਾਇਮ ਰਹੇਗਾ, ਅੰਤ ਮੇਂ ਤੁਮ੍ਹਾਰੀ ਹੀ ਵਿਜਯ ਹੋਵੇਗੀ, ਔਰ ਪ੍ਰਤਿਸ਼੍ਠਾ ਬੁਢੇਗੀ, ਤਬ ਰਾਜਾ ਧੈਰਜਵਾਨ ਹੋਕਰ ਮਹਾਰਾਣੀ ਕੋ ਸਾਥ ਲੇਕਰ ਚਲਾ ਜਾ ਰਹਾ ਹੈ, ਆਪਸ ਮੇਂ ਪਲ ਭਰ ਭੀ ਅਲਗ ਨਹੀਂ ਹੋਤੇ, ਇਕਠੀ ਮਜ਼ੂਰੀ ਕਰਤੇ ਹੈਂ ਇਸੀ ਤਰਹ ਗੁਜ਼ਰ ਕਰਤੇ ਕਰਤੇ ਸਮੁੰਦਰ ਕਿਨਾਰੇ ਪਹੁੰਚ ਗਏ, ਵਹਾਂ ਪਰ ਜੋ ਜਹਾਜ਼ ਸੇ ਮਾਲ ਉਤਰਤਾ ਥਾ, ਵਹਾਂ ਕੁਲੀ ਕਾਮ ਕਰਤੇ ਥੇ ਉਨਕੇ ਸਾਥ ਹੀ ਇਹ ਦੋਨੋਂ ਮਜ਼ੂਰੀ ਕਰਨੇ ਲਗੇ, ਉਧਰ ਸ਼ਨੀ ਨੇ ਏਕ ਵਿਆਪਾਰੀ ਕਾ ਰੂਪ ਬਣਾਇਆ, ਔਰ ਏਕ ਜਹਾਜ਼ ਮਾਲ ਕਾ ਭਰਾ ਹੁਆ ਉਸ ਹੀ ਕਿਨਾਰੇ ਆ ਲਗਾਇਆ, ਵਹਾਂ ਪਰ ਭੀ ਮਜ਼ੂਰੋਂ ਕੇ ਸਾਥ ਇਹ ਦੋਨੋਂ ਮਜ਼ੂਰੀ ਕਰਨੇ ਲਗੇ, ਕਿਤਨੇ ਰੋਜ਼ ਮਜ਼ੂਰੀ ਕਰਤੇ ਰਹੇ, ਏਕ ਦਿਨ ਰਾਜਾ ਕੋ ਪੇਟ ਮੇਂ ਦਰਦ ਹੂਆ ਰਾਜਾ ਲੋਟਾ ਲੇਕਰ ਟਟੀ ਗਿਆ, ਪੀਛੇ ਸੇ ਸ਼ਨੀ ਨੇ ਜਹਾਜ਼ ਚਲਾ ਦੀਆ, ਰਾਜਾ ਨੇ ਆ ਕਰ ਦੇਖਾ ਕਿ ਜਹਾਜ਼ ਚਲਾ ਜਾ ਰਹਾ ਹੈ, ਔਰ ਦੂਰ ਨਿਕਲ ਗਿਆ ਹੈ, ਤਬ ਸ਼ਨੀ ਨੇ ਦੂਰ ਸੇ ਅਵਾਜ਼ ਦੇ ਕਰ ਕਹਾ, ਕਿ ਮੈਂ ਸ਼ਨੀ ਹੂੰ ਔਰ ਤੁਮ੍ਹਾਰੀ ਇਸਤ੍ਰੀ ਕੋ ਤੁਮ ਸੇ ਅਲੱਗ ਕਰ ਦੀਆ ਹੈ ਮੈਂ ਤੁਮ ਕੋ ਬਹੁਤ ਦੁਖ ਦੂੰਗਾ ਨਹੀਂ ਤੋ ਅਬ ਭੀ ਮੁਝੇ ਬੜਾ ਬਨਾ ਦੋ, ਇਧਰ ਰਾਣੀ ਕੋ ਸੁੰਦਰ ਦੇਖ ਕਰ ਜਹਾਜ ਵਾਲੇ ਮੋਹਿਤ ਹੋ ਗਏ, ਰਾਣੀ ਨੇ ਸੂਰਜ ਨਾਰਾਇਣ ਕਾ ਧਿਆਨ ਕੀਆ, ਔਰ ਕਹਾ ਕਿ ਮੈਂ ਆਪ ਕੇ ਕੁਲ ਮੇਂ ਮਹਾਰਾਜਾ ਸਤਯਬ੍ਰਤ ਕੀ ਬਧੂ ਹੂੰ, ਮੇਰੀ ਲਾਜ ਰਖੋ ਅਪਨੇ ਪਤੀਬ੍ਰਤ ਧਰਮ ਕੇ ਪ੍ਰਭਾਵ ਸੇ, ਅਪਨਾ ਅਸਲੀ ਸ੍ਵਰੂਪ ਸੂਰਜ ਨਾਰਾਯਣ ਕੇ ਪਾਸ ਅਮਾਨਤ ਰਖ ਦੀਆ, ਉਨੋਂ ਸੇ ਛਾਯਾ ਜੈਸਾ ਕਾਲਾ ਭਿਆਨਕ ਸ੍ਵਰੂਪ ਮਾਂਗ ਲੀਆ, ਜਿਸ ਸੇ ਅਪਣਾ ਧਰਮ ਕਾਇਮ ਰਖਾ, ਕੁਰੂਪ ਜਾਨ ਕਰ ਕੋਈ ਉਸ ਕੇ ਪਾਸ ਨਹੀਂ ਆਤਾ ਥਾ, ਇਧਰ ਰਾਜਾ ਆਪਣੀ ਇਸਤ੍ਰੀ ਕੇ ਵਿਯੋਗ ਸੇ ਬੜਾ ਦੁਖੀ ਹੂਆ, ਸ਼ੋਕ ਕਰਨੇ ਲਗਾ ਔਰ ਸਮੁੰਦਰ ਕੇ ਕਿਨਾਰੇ ੨ ਚਲ ਪੜਾ, ਉਸ ਹੀ ਸਮਯ ਲਖਮੀ ਪਰਗਟ ਹੁਈ, ਔਰ ਆਪਣੇ ਪਿਤਾ ਸਮੁੰਦਰ ਸੇ ਕਹਿਣੇ ਲਗੀ, ਆਪ ਨੇ ਇਸ ਮਹਾਰਾਜਾ ਕੀ ਰਖਿਆ ਕਰਨੀ, ਸਮੁੰਦਰ ਦੇਵ ਨੇ ਰਾਜਾ ਸੇ ਕਹਾ ਕਿ ਜਹਾਜ ਪਰ ਸਵਾਰ ਹੋ ਕਰ ਆਪਣੀ ਇਸਤ੍ਰੀ ਕਾ ਪੀਛਾ ਕਰੋ, ਉਸਕੇ ਖੋਜਨੇ ਮੇਂ ਜੋ ਖਰਚ ਹੋਗਾ ਮੈਂ ਤੁਮੇਂ ਦੂੰਗਾ ਕਭੀ ਕੋਈ ਧੱਕਾ ਲਗਾ ਕਰ ਤੇਰੇ ਕੋ ਸਮੁੰਦਰ ਮੇਂ ਗਿਰਾਏਗਾ, ਤੋ ਮੈਂ ਤੁਮ੍ਹੇਂ ਡੂਬਨੇ ਨਹੀਂ ਦੂੰਗਾ, ਤੁਮਾਰੀ ਹਰ ਤਰਹ ਸੇ ਰਖਿਆ ਕਰੂੰਗਾ,

ਇਤਨਾ ਕਹਿ ਕਰ ਸਮੁੰਦ੍ਰ ਨੇ ਬਹੁਤ ਜਵਾਹਰਾਤ ਦੀਏ, ਉਧਰ ਉਹ ਸ਼ਨੀ ਵਾਲਾ ਜਹਾਜ਼ ਪਤੀਬ੍ਰਤਾ ਕੇ ਹੁਰਾਨੇ ਸੇ ਯਾਨੇ ਚੋਜੀ ਭਗਾਨੇ ਸੇ ਸਮੁੰਦ੍ਰ ਮੇਂ ਖੜਾ ਹੋ ਗਿਆ, ਚਲ ਨਹੀਂ ਸਕਿਆ ਅਖੀਰ ਜਬ ਉਸ ਪਤੀਬ੍ਰਤਾ ਕਾ ਪੂਜਨ ਕਰ, ਤਥਾ ਚਰਨ ਧੋ ਕਰ ਸਮੁੰਦਰ ਮੇਂ ਜਲ ਗਿਰਾਇਆ, ਤੋ ਜਹਾਜ਼ ਚਲ ਪੜਾ ਉਧਰ ਰਾਜਾ ਕਿਨਾਰੇ ੨ ਜਾ ਰਹਾ ਥਾ ਵੋਹੀ ਸੇਠੀ ਵਾਲਾ ਜਹਾਜ, ਅਗੇ ਆ ਗਿਆ, ਉਸ ਹੀ ਮੇਂ ਸਵਾਰ ਹੋਕਰ ਅਪਨੀ ਇਸਤ੍ਰੀ ਕੋ ਢੂੰਡਨੇ ਲਗਾ ਸ਼ਨੀ ਨੇ ਝਟ ਪਹਿਚਾਨ ਲੀਆ ਕਿ ਯਹ ਰਾਜਾ ਸਤਜ ਬ੍ਰਤ ਹੈ, ਔਰ ਸੋਚਾ ਕਿ ਅਜ ਰਾਤ ਕੋ ਇਸ ਕੋ ਸਮੁੰਦਰ ਮੇਂ ਗਿਰਾਊਂਗਾ, ਪਰੰਤੂ ਪਹਿਲੇ ਇਸ ਕੋ ਸਮਝਾ ਦੂੰ ਕਿ ਮੈਂ ਸ਼ਨੀ ਹੂੰ, ਐਸਾ ਵਿਚਾਰ ਕਰ ਰਾਜਾ ਸਤਜ ਬ੍ਰਤ ਸੇ ਕਹਾ, ਕਿ ਮੈਂ ਸ਼ਨੀ ਹੂੰ ਯਿਹ ਤੇਰੀ ਇਸਤ੍ਰੀ ਹੈ, ਇਸ ਸੇ ਮਿਲ ਲੇ ਮੈਂ ਤੁਮੇਂ ਔਰ ਭੀ ਦੁਖ ਦੂੰਗਾ, ਨਹੀਂ ਤੋ ਅਬ ਭੀ ਮੁਝੇ ਬੜਾ ਬਨਾ ਦੇ । ਇਸਤ੍ਰੀ ਨੇ ਰਾਜਾ ਸੇ ਸਭ ਦੁਖ ਸੁਨਾਇਆ, ਔਰ ਕਹਾ ਮੈਨੇ ਅਸਲੀ ਸ੍ਵਰੂਪ ਸੂਰਜ ਨਾਰਾਯਣ ਕੇ ਪਾਸ ਅਮਾਨਤ ਰਖਾ ਹੈ, ਔਰ ਇਹ ਕਾਲਾ ਸ੍ਵਰੂਪ ਮਾਂਗ ਲੀਆ ਹੈ, ਕਿਉਂਕਿ ਇਹ ਦੁਸ਼ਟ ਲੋਗ ਮੇਰਾ ਸਤ ਭੰਗ ਕਰਨੇ ਲਗੇ ਥੇ ਇਸਤਰ੍ਹਾਂ ਅਪਨੇ ਅਪਨੇ ਦੁਖ ਸੁਨਾਤੇ ਹੁਏ, ਦਿਨ ਭਰ ਰਾਜਾ ਰਾਣੀ ਇਕਠੇ ਰਹੇ, ਰਾਤ੍ਰੀ ਕੋ ਦੁਸ਼ਟ ਸ਼ਨੀ ਨੇ ਰਾਜਾ ਕਾ ਸਭ ਮਾਲ ਅਸਬਾਬ ਲੂਟ ਖਸੋਟ ਕਰ ਰਾਜਾ ਸਤਜ ਬ੍ਰਤ ਕੋ ਧਕਾ ਦੇ ਕਰ ਸਮੁੰਦ੍ਰ ਮੇਂ ਗਿਰਾ ਦੀਆ, ਰਾਜਾ ਡੂਬਾ ਨਹੀਂ ਲਹਿਰੋਂ ਸੇ ਸਮੁੰਦਰ ਨੇ ਕਿਨਾਰੇ ਲਗਾ ਦੀਆ, ਸਮੁੰਦਰ ਕਿਨਾਰੇ ਕਿਸੀ ਰਾਜਾ ਕਾ ਬਾਗ ਥਾ, ਉਸ ਬਾਗ ਮੇਂ ਮਾਲੀ ਕੇ ਪਾਸ ਰਾਜਾ ਸਤਜ ਬ੍ਰਤ ਰਹਿਨੇ ਲਗਾ, ਰਾਜਾ ਸਤਜਬ੍ਰਤ ਭਗਵਤ ਭਗਤ ਥਾ, ਭਗਵਾਨ ਕੇ ਗੀਤ ਗਾਯਨ ਕਰਤਾ ਥਾ, ਉਸ ਹੀ ਬਾਗ ਮੇਂ ਰਾਜਾ ਕੀ ਲੜਕੀ, ਜਿਸ ਕਾ ਆਠ ਰੋਜ ਕੋ ਸ੍ਵਯੰਬਰ ਥਾ ਸੈਲ ਕਰਨੇ ਆਈ, ਭਗਵਤ ਗੀਤ ਸੁਨ ਕਰ ਉਸ ਪਰ ਮੋਹਿਤ ਹੋ ਗਈ, ਔਰ ਪ੍ਰਾਰਥਨਾ ਕਰੀ ਕਿ ਸ੍ਵਯੰਬਰ ਮੇਂ ਆਪ ਜੀ ਨੇ ਜ਼ਰੂਰ ਦਰਸ਼ਨ ਦੇਨੇ, ਮੈਂ ਆਪ ਕੇ ਗਲੇ ਮੇਂ ਹਾਰ ਪਹਿਨਾਊਂਗੀ ਪਰੰਤੂ ਮਹਾਰਾਜਾ ਸਤਯਬ੍ਰਤ ਨੇ ਨਹੀਂ ਮਾਨਾ, ਔਰ ਕਹਾ ਕਿ ਮੇਰੇ ਪਰ ਸ਼ਨੀ ਕਾ ਕੋਪ ਹੈ, ਮੁਝੇ ਅਨੇਕ ਕਸ਼ਟ ਦੀਏ ਹੈਂ, ਔਰ ਆਗੇ ਕੋ ਕਸ਼ਟ ਦੇਵੇਗਾ, ਮੇਰੇ ਪੀਛੇ ਤੁਮ ਭੀ ਤਕਲੀਫ ਪਾਵੋਗੇ, ਐਸੇ ਅਨੇਕ ਬਚਨ ਕਹਿ ਕਰ ਸਮਝਾਇਆ, ਪਰੰਤੂ ਰਾਜ ਕੰਨਿਆਂ ਨੇ ਕਹਾ ਕਿ ਮੈਂ ਪਤੀਬ੍ਰਤਾ ਹੋਊਂਗੀ, ਆਪ ਕੇ ਵਾਸਤੇ ਵਾ ਅਪਨੇ ਧਰਮ ਵਾਸਤੇ ਕਸ਼ਟ ਸਹਾਰੂੰਗੀ, ਜਹਾਂ ਤਕ ਬਨ ਪੜੇਗਾ ਮੈਂ ਆਪ ਕਾ ਕਸ਼ਟ ਦੂਰ ਕਰੂੰਗੀ, ਐਸੇ ਵਿਚਾਰ ਭਰੇ ਬਚਨ ਕਹਿ ਕਰ ਜਬ ਰਾਜ ਕਨਿਆਂ ਚਲੀ ਗਈ, ਤਬ ਪੀਛੇ ਗੁਪਤ ਰੂਪ ਸੇ ਸ਼ਨੀ ਆਇਆ, ਔਰ ਮਹਾਰਾਜਾ ਸਤਯਬ੍ਰਤ ਕੋ ਕਹਾ, ਕਿ ਤੁਮ ਨੇ ਰਾਜ ਕੰਨਿਆਂ ਕੇ ਪਾਨੇ ਕੀ ਖੁਸ਼ੀ ਨ ਕਰਨੀ, ਮੈਂ ਬੜਾ ਕਸ਼ਟ ਦੇਊਂਗੇ, ਔਰ ਕੰਨਿਆਂ ਪਰ ਭੀ ਮਾਤਾ ਪਿਤਾ ਕਾ ਕੋਪ ਕਰਾ ਦੂੰਗਾ, ਨਹੀਂ ਤੋ ਉਸੀ ਤਰਹ ਸਭਾ ਲਗਾ ਕਰ, ਮੇਰੇ ਕੋ ਬੜਾ ਬਨਾ ਦੇ, ਤੁਮ ਕੋ ਮੈਂ ਹਰ ਏਕ ਤਰਹ ਸੁਖੀ ਕਰ ਦੂੰਗਾ, ਐਸੇ ਅਨੇਕ ਪਰਕਾਰ ਕੇ ਲੋਭ ਵਾ ਭਯ ਦਿਖਾਏ, ਸ਼ਾਮ,



ਦਾਮ, ਦੰਡ, ਭੇਦ ਨੀਤੀ ਸੇ ਬਹੁਤ ਸਮਝਾਇਆ, ਪਰੰਤੂ ਮਹਾਰਾਜਾ ਸਤਯਬ੍ਰਤ ਸਤਯ ਸੇ ਨ ਹਾਰਾ, ਔਰ ਕਹਾ ਕਿ ਪਹਿਲੇ ਧਰਮਾਤਮਾਓਂ ਕੀ ਤਰਹ ਸਤਯ ਕੀ ਪ੍ਰਤੱਗਿਆ ਪਾਲੂੰਗਾ । ਜੈਸੇ ਮਹਾਰਾਜ ਹਰੀਸ਼ਚੰਦਰ ਨੇ, ਵਿਸ਼ਵਾਮਿਤਰ ਰਿਖੀ ਕੋ ਦਖਿਣਾ ਦੇਨੇ ਕੀ ਪ੍ਰਤਿਗਯਾ ਕਰ, ਅਪਨਾ ਪੁਤ੍ਰ ਇਸਤ੍ਰੀ ਤਥਾ ਅਪਨੇ ਆਪ ਕੋ ਬੇਚ ਕਰ, ਅਪਨਾ [illegible] ਪ੍ਰਤਿਗਯਾ ਪਾਲਨ ਨਹੀਂ ਹਾਰਾ, ਤਥਾ ਜੈਸੇ ਮਹਾਰਾਜਾ ਸ਼ਿਵੀ ਨੇ ਸਰਣਾਗਤ ਕੀ ਰਖਿਆ ਕੇ ਨਿਮਿਤ ਅਪਨਾ ਮਾਂਸ ਅਰਪਨ ਕਰ ਦੀਆ, ਪਰੰਤ ਸਤਯ ਪ੍ਰਤਿਗਯਾ ਨਹੀਂ ਹਾਰੀ, ਔਰ ਰਾਜਾ ਬਲੀ ਨੇ ਭਗਵਾਨ ਬਾਵਨ ਕੋ ਪ੍ਰਤੀ ਅਢਾਈ ਕਦਮ ਪ੍ਰਿਥਵੀ ਦੇਨੇ ਕੀ ਪ੍ਰਤਿਗਯਾ ਕਰੀ, ਗੁਰੂ ਸ਼ੰਕਰਾਚਾਰਯ ਕੇ ਮਨ੍ਹਾ ਕਰਨੇ ਪਰ ਭੀ ਨਹੀਂ ਹਟਾ, ਪਾਤਾਲ ਮੇਂ ਚਲਾ ਗਿਆ, ਪਰੰਤੂ ਅਪਨੀ ਪ੍ਰਤਿਗਯਾ ਪਾਲਨ ਕਰੀ । ਦਧੀਚੀ ਰਿਖੀ ਨੇ, ਅਪਨੇ ਸਤ੍ਰ ਇੰਦ੍ਰ ਕੋ ਜਿਸ ਨੇ ਏਕ ਵਾਰ ਦਧੀਚੀ ਰਿਖੀ ਕਾ ਸਿਰ ਭੀ ਉਤਾਰ ਦੀਆ ਥਾ, ਉਸ ਕੋ ਭੀ ਅਪਨੀ ਪ੍ਰਤਿਗਯਾਨੁਸਾਰ ਅਸਥੀਆਂ ਦੇ ਕਰ ਅਪਨੀ ਪ੍ਰਤਿਗਯਾ ਪਾਲਨ ਕਰੀ, ਇਸ ਤਰ੍ਹਾਂ ਵਸਿਸ਼ਟ ਰਿਖੀ ਨੇ ਪ੍ਰਤਿਗਯਾ ਕਰੀ ਥੀ ਕਿ ਮੈਂ ਜੈਸੇ ਦੇਖੂੰਗਾ ਵੈਸਾ ਹੀ ਕਹੂੰਗਾ ਇਸ ਪ੍ਰਤੱਗਿਆਨੁਸਾਰ ਅਪਨੇ ਸੌ ਪੁਤ੍ਰ ਮਰਨੇ ਪਰ ਭੀ, ਛਤ੍ਰੀ ਵੇਸ ਮੇਂ ਆਏ ਵਿਸ਼ਵਾਮਿਤਰ ਰਿਖੀ ਕੋ ਰਾਜ ਰਿਖੀ ਹੀ ਕਹਾ ਬ੍ਰਹਮ ਰਿਖੀ ਨਹੀਂ ਕਹਾ । ਜਿਸਤਰ੍ਹਾਂ ਇਨ ਪੂਰਬਕ ਰਿਖੀਓਂ ਨੇ ਤਥਾ ਰਾਜਾਓਂ ਨੇ ਪ੍ਰਤਿਗਯਾ ਪਾਲਨ ਕਰੀ ਹੈ, ਤੈਸੇ ਮੈਂ ਭੀ ਪਾਲੂੰਗਾ, ਤੁਮ੍ਹਾਰੇ ਕੋ ਬੜਾ ਨਹੀਂ ਕਹੂੰਗਾ, ਗ੍ਰੰਥ ਕਰਤਾ ਜੀ ਕਹਿਤੇ ਹੈਂ, ਜੈਸੇ ਇਨ੍ਹੋਂ ਨੇ ਪ੍ਰਤੱਗਿਆ ਪਾਲਨ ਕਰੀ ਹੈ, ਤੈਸੇ ਔਰ ਭੀ ਅਨੇਕ ਧਰਮਾਤਮਾਓਂ ਨੇ, ਪ੍ਰਤਿਗਜਾ ਪਾਲਨ ਕਰੀ ਹੈਂ, ਜੈਸੇ ਮਹਾਰਾਜ ਦਸਰਥ ਨੇ ਪੁਤ੍ਰ ਵਿਯੋਗ ਸਹਨ ਕਰ ਲੀਆ, ਤਥਾ ਆਪਣੇ ਪ੍ਰਾਣ ਦੇ ਦੀਏ, ਪਰੰਤੂ ਕੇਕਈ ਕੋ ਜੋ ਬਚਨ ਦੀਆ ਉਸਕਾ ਪਾਲਨ ਕਰਕੇ 'ਸਤਯਪ੍ਰਤੱਗਿਆ' ਕਹਿਲਾਤੇ ਭਏ ਔਰ ਭਗਵਾਨ ਸ੍ਰੀ ਰਾਮਚੰਦਰ ਜੀ ਨੇ ਬਿਭੀਖਣ ਕੋ ਲਕੇਸ਼ ਕਹਾ ਥਾ ਜਬ ਲਖਮਣ ਜੀ ਮੂਰਛਿਤ ਹੋ ਗਏ, ਤਬ ਭਗਵਾਨ ਰਾਮ ਚੰਦਰ ਜੀ ਨੇ ਕਹਾ ਕਿ ਲਖਮਣ ਉਠੋ, ਮੇਰੀ ਪ੍ਰਤਿਗਯਾ ਤਭੀ ਪੂਰੀ ਹੋਗੀ ਜਬ ਤੁਮ ਮੇਘ ਨਾਦ ਕੋ ਮਾਰੋਗੇ, ਔਰ ਮੈਂ ਰਾਵਣ ਕੋ ਮਾਰ ਕਰ, ਬਿਭੀਖਣ ਕੋ ਲੰਕ ਕੀ ਰਾਜ ਗੱਦੀ ਦੇ ਦੂੰਗਾ । ਰਾਮ ਉਵਾਚ ਚੌਪਈ:—

**ਔਰ ਵੀਰ ਤੁਮਰੋ ਜੋ ਮਰਣੋ । ਔਰ ਜਾਨਕੀ ਜੀ ਕੋ ਹਰਣੋ । ਇਹੁਰ**
**ਬਾਪ ਬਨਵਾਸ ਪਠਾਏ । ਔਰ ਪਿਤਾ ਸੁਰ ਲੋਕ ਸਿਧਾਏ । ਇਨ**
**ਬਾਤਨ ਕੋ ਮੁਹਿ ਡਰ ਨਾਹੀਂ । ਪ੍ਰਗਟ ਕਹੂੰ ਸਭ ਹੀ ਕੇ ਮਾਹੀਂ । ਪਰ**
**ਮਹ ਮੁਝ ਕੋ ਇਹ ਡਰ ਭਾਰੀ । ਝੂਠ ਗਿਰਾ ਕਬਹੂ ਨ ਉਚਾਰੀ ।**
**ਜੋ ਮੁਖ ਕਹੀ ਸਾਚ ਸੋ ਕੀਨੀ । ਝੂਠੀ ਬਾਤ ਨ ਕਾਹੂ ਦੀਨੀ । ਪਰ**
**ਅਬ ਦਸ਼ਨ ਭੇਹ ਮਮ ਹੋਵੇ । ਯਾਹੀ ਤੇ ਮਨ ਅਤਿ ਦੁਖ ਜੋਵੇ । ਕਹੀ**

**ਬਿਭੀਖਣ ਲੰਕਾ ਦੇਹੌਂ। ਰਾਵਣ ਮਾਰ ਬਡੋ ਯਸ ਲੇਹੌਂ। ਸੋਈ ਨਹਿ ਭਈ ਅਬ ਪੂਰੀ। ਰਹੀ ਗਿਰਾ ਜਗ ਮਾਹਿ ਅਧੂਰੀ। ਤੁਮ ਮਰ ਕਰ ਮੋਹਿ ਕੀਨੋ ਰੰਕਾ। ਅਰ ਇਸਨੇ ਨਹੀਂ ਪਾਈ ਲੰਕਾ। ਤਾਂਤੇ ਮਰ ਨਹਿ ਤਬ ਲਗ ਭਾਈ। ਦੇਹੌਂ ਜੌ ਲੌਂ ਠਕੁਰਾਈ। ਯਾਂਕੋ ਰਾਜ ਲੰਕ ਕੋ ਦੀਜੈ। ਬਹੁਰ ਵਾਸ ਸੁਰ ਪੁਰ ਕੋ ਕੀਜੈ। ਭ੍ਰਾਤ ਮਰਨ ਹਰਣੋ ਸੀਯ ਜੋਊ। ਤਾਂਕੇ ਸ਼ੰਕ ਨ ਜਾਨਤ ਸੋਊ। ਪਰ ਬਚਨਨ ਕੋ ਹਾਰਨ ਜੋਈ। ਲਖਾ ਦੇਖ ਯਾ ਮੈਂ ਅਤਿ ਸੋਈ।**

[ਤੁਲਸੀ ਰਾਮਾਯਣ

ਇਸੀ ਤਰਹ ਮਹਾਰਾਜ ਯੁਧਿਸ਼ਠਰ ਨੇ, ਮਾਤਾ ਕੁੰਤੀ ਕਾ ਬਚਨ ਸਤਯ ਕਰਨੇ ਕੇ ਲੀਏ ਦ੍ਰੋਪਤੀ ਸੇ ਪਾਂਚੋਂ ਨੇ ਸ਼ਾਦੀ ਕਰੀ।

## ਦੇਖੋ ਬਚਨ ਮਾਨ ਨਹੀਂ ਡਾਰੇ। ਪੰਡੂ ਸੁਤਨ ਨੀਕੇ ਪ੍ਰਤਿਪਾਰੇ।

ਤਥਾ ਬਚਨੋਂ ਕੇ ਬਧੇ ਹੂਏ ਪਾਂਡਵ ਸਭਾ ਮੇਂ ਨਗਨ ਹੋਤੀ ਦ੍ਰੋਪਦੀ ਕੋ ਨਹੀਂ ਛੁੜਾ ਸਕੇ। ਤਥਾ ਨੰਦ ਰਾਜਾ ਕੀ ਕੰਨਿਆਂ ਵਿਦਿਆਵਤੀ ਨੇ, ਸਵਯੰਬਰ ਮੇਂ ਸੁਬ੍ਰਿਤ ਕੋ ਹੀ ਜਯ ਮਾਲਾ ਪਹਿਨਾਈ, ਨਾਰਦ ਰਿਖੀ ਨੇ ਬਹੁਤ ਸਮਝਾਇਆ ਕਿ ਇਸ ਕੀ ਆਯੁ ਬਹੁਤ ਥੋੜੀ ਹੈ, ਪਰੰਤੂ ਉਸ ਨੇ ਕਿਸੀ ਕੀ ਬਾਤ ਨਾ ਮਾਨ ਕਰ ਆਪਣੀ ਪ੍ਰਤੱਗਿਆ ਪਾਲਨ ਕਰੀ, ਔਰ ਸਾਵਿਤ੍ਰੀ ਕੀ ਤਰ੍ਹਾਂ ਯਮ ਰਾਜ ਸੇ ਪਤੀ ਕੀ ਰਖਿਆ ਕਰੀ, ਤਥਾ ਸਤਿਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣੋਂ ਸੇ ਪ੍ਰਤੱਗਿਆ ਕਰੀ ਥੀ, ਕਿ ਮੈਂ ਹਿੰਦੂ ਧਰਮ ਦੀ ਰਖਿਆ ਕਰੂੰਗਾ। ਸੋ ਆਪਣਾ ਸੀਸ ਦੇ ਕਰ ਹਿੰਦੂ ਧਰਮ ਕੀ ਰਖਿਆ ਕਰਕੇ, ਪ੍ਰਤੱਗਿਯਾ ਪਾਲਨ ਕਰੀ, ਐਸੇ ਅਨੇਕ ਧਰਮਾਤਮਾਓਂ ਨੇ, ਅਪਨਾ ਸਤ ਬਚਨ ਨਹੀਂ ਹਾਰਾ। ਹਕੀਕਤ ਰਾਇ ਨੇ ਹਿੰਦੂ ਧਰਮ ਨਹੀਂ ਛੋੜਾ, ਅਨੇਕ ਪਰਕਾਰ ਕੇ ਕਸ਼ਟ ਭਯ ਲੋਭ ਸੇ ਨਹੀਂ ਡਰਾ, ਹਿੰਦੂ ਧਰਮ ਦੀ ਪਾਲਿਆ ਐਸੇ ਅਨੇਕ ਹੀ ਧਰਮਾਤਮਾ, ਸਤਯ ਪ੍ਰਤੱਗਜ ਹੂਏ ਹੈਂ। ਇਸ ਪ੍ਰਕਾਰ ਜਬ ਰਾਜਾ ਸਤਯ ਬ੍ਰਤ ਨੇ ਸ਼ਨੀ ਕੋ ਜਵਾਬ ਦੀਆ ਤਬ ਸ਼ਨੀ ਹਤ ਤੇਜ ਹੋ ਗਿਆ, ਕਿਉਂਕਿ ਉਸਕੋ ਸਾਤ ਬਰਸ ਦੁਖ ਦੇਤੇ ੨ ਗੁਜ਼ਰ ਚੁਕੇ ਥੇ, ਛੇ ਮਹੀਨੇ ਬਾਕੀ ਰਹਿ ਗਏ ਥੇ ਜਬ ਸੁਵਯੰਬਰ ਮੇਂ ਸਤਯ ਬ੍ਰਤ ਜੀ ਗਏ, ਤਬ ਰਾਜ ਕੰਨਿਆਂ ਨੇ ਮਹਾਰਾਜਾ ਸਤਯ ਬ੍ਰਤ ਕੋ ਜਯ ਮਾਲਾ ਪਹਿਰਾ ਦਿਤੀ, ਸ਼ਨੀ ਕੀ ਪ੍ਰੇਰਨਾ ਸੇ ਕੰਨਿਆਂ ਕੇ ਪਿਤਾ ਰਾਜਾ ਨੇ ਆਪਣੀ ਕੰਨਿਆਂ ਪਰ ਬਡਾ ਕ੍ਰੋਧ ਕੀਆ, ਕਿ ਤੁਮ ਨੇ ਮਾਲੀ ਕੇ ਘਰ ਰਹਿਨੇ ਵਾਲੇ ਕੋ, ਜਿਸ ਕੀ ਜਾਤੀ ਕੁਲ ਕਾ ਕੁਝ ਪਤਾ ਨਹੀਂ, ਉਸਕੋ ਜਯ ਮਾਲਾ ਪਹਿਨਾ ਕਰ ਨਾਮ ਬਦਨਾਮ ਕਰ ਦੀਆ, ਐਸੇ ਅਨੇਕ ਦੁਰਬਚਨ ਕਹਿ ਕਰ ਕੰਨਿਆਂ ਕੋ, ਅਪਨੇ ਜਵਾਈ ਸਹਿਤ ਦੇਸ ਨਿਕਾਲਾ ਦੇ ਦੀਆ, ਕੰਨਿਆਂ ਨੇ ਇਤਨਾ ਅਨਾਦਰ ਪਾਨੇ ਪਰ ਭੀ ਅਪਨੇ ਪਤੀ ਕੋ ਨ ਤਿਆਗਿਆ, ਉਲਟੇ ਬਹੁਤ ਪ੍ਰੇਮ ਸੇ ਸੇਵਾ ਕਰਨੇ ਲਗੀ, ਔਰ ਬਨ ਮੇਂ ਵਾਸ ਕਰਤੇ ਹੂਏ, ਸੰਤ ਸੇਵਾ ਕਰਤੇ ਰਹੇ, ਚਿਤ ਪ੍ਰਸੰਨ ਰਹਾ ਇਤਨੇ ਮੇਂ ਬਾਕੀ ਭੀ ਛੇ ਮਹੀਨੇ



ਬ੍ਰਤੀਤ ਹੋ ਗਏ, ਤਬ ਸ਼ਨੀ ਕਾ ਧਰਮਾਤਮਾ ਰਾਜਾ ਕੋ ਦੁਖ ਦੇਨੇ ਸੇ, ਤੇਜ ਹੇਤ ਹੋ ਗਿਆ ਜਹਾਂ ਤਹਾਂ ਅਨਾਦਰ ਹੋਨੇ ਲਗਾ, ਤਬ ਅਪਨੇ ਕੋ ਪਾਪੀ ਸਮਝ ਕਰ ਅਪਨੇ ਪਿਤਾ ਸੂਰਜ ਨਾਰਾਯਣ ਕੀ ਸ਼ਰਣ ਮੇਂ ਗਿਆ, ਸੂਰਜ ਨਾਰਾਯਣ ਨੇ ਭਗਵਾਨ ਵਿਸ਼ਣੂ ਕੀ ਸ਼ਰਣ ਮੇਂ ਲੇ ਜਾਕਰ, ਸ਼ਨੀ ਕੋ ਭਗਵਾਨ ਵਿਸ਼ਣੂ ਤਥਾ ਲਖਮੀ ਜੀ ਕੇ ਚਰਨੋਂ ਮੇਂ ਪਾਇਆ, ਤਬ ਲਖਸ਼ਮੀ ਨੇ ਕਹਾ ਜਬ ਤਕ ਤੂੰ ਮਹਾਰਾਜਾ ਸਤਯਬ੍ਰਤ ਸੇ ਮਾਫੀ ਨਹੀਂ ਮਾਂਗਤਾ, ਤਬ ਪਰਯੰਤ ਮੈਂ ਤੁਝੇ ਮਾਫ ਨਹੀਂ ਕਰੂੰਗੀ, ਤਬ ਸ਼ਨੀ ਨੇ ਕਹਾ ਕਿ ਜੋ ਆਪ ਕਹੋ ਕਰਨੇ ਕੋ ਤਿਆਰ ਹੂੰ ਪ੍ਰੰਤੂ ਆਪ ਮੇਰੇ ਸਾਥ ਚਲੋ, ਔਰ ਜੋ ਪਦਾਰਥ ਮੈਨੇ ਗੁੰਮ ਕਰੇ ਹੈਂ, ਸੋ ਪਦਾਰਥ ਮੈਂ ਆਪ ਕੇ ਸਾਮ੍ਹਨੇ ਦੇਊਂਗਾ, ਤਬ ਲਖਮੀ ਜੀ ਨੇ ਕਹਾ ਕਿ ਸ੍ਰੀ ਬ੍ਰਤ ਰਾਜਾ ਨੇ ਆਪਨੀ ਕੰਨਿਆਂ ਸਹਿਤ ਮਹਾਰਾਜਾ ਸਤਯਬ੍ਰਤ ਕੋ ਦੇਸ਼ ਨਿਕਾਲਾ ਦੇ ਦੀਆ ਹੈ, ਜਦ ਤਕ ਉਹ ਭੀ ਮਾਫੀ ਨਹੀਂ ਮਾਂਗੇਗਾ, ਤਬ ਤਕ ਮੈਂ ਭੀ ਮਾਫੀ ਨਹੀਂ ਦੂੰਗੀ, ਤਬ ਸ਼ਨੀ ਨੇ ਕਹਾ ਅਛਾ, ਮੈਂ ਸ੍ਰੀ ਬ੍ਰਤ ਰਾਜਾ ਕੋ ਭੀ ਸਾਥ ਲੇ ਆਊਂਗਾ, ਔਰ ਆਪ ਭੀ ਮੇਰੇ ਸਾਥ ਚਲੇਂ, ਐਸੇ ਕਹਿ ਕਰ ਵੋਹ ਹੀ ਜਹਾਜ਼ ਲੇਕਰ ਜਿਸ ਮੇਂ ਸਤਯਬ੍ਰਤ ਕੀ ਪਹਿਲੀ, ਪਤਿਬ੍ਰਤਾ ਇਸਤ੍ਰੀ ਥੀ, ਔਰ ਰਾਜਾ ਕੋ ਸਮੁੰਦਰ ਕਾ ਦੀਆ ਹੂਆ ਧਨ ਪਦਾਰਥ ਥਾ, ਸੌਦਾਗਰ ਬਨ ਕਰ ਸ੍ਰੀ ਬ੍ਰਤ ਰਾਜਾ ਕੇ ਦੇਸ ਪਹੁੰਚ ਗਿਆ ਔਰ ਰਾਜਾ ਸੇ, ਅਪਨਾ ਹਾਲ ਕਹਿ ਕਰ ਮਹਾਰਾਜਾ ਸਤਯਬ੍ਰਤ ਕੀ, ਸਭ ਕਥਾ ਸੁਨਾਈ ਔਰ ਕਹਾ ਵੋਹੀ ਰਾਜਾ ਸਤਯਬ੍ਰਤ ਤੁਮਾਰਾ ਜਵਾਈ ਹੈ, ਸ੍ਰੀ ਬ੍ਰਤ ਰਾਜਾ ਸਭ ਹਾਲ ਸੁਨ ਕਰ, ਦੁਖੀ ਭੀ ਹੂਆ ਔਰ ਖੁਸ਼ ਭੀ ਹੂਆ, ਖੁਸ਼ ਇਸ ਲੀਏ ਹੂਆ ਕਿ ਮਹਾਰਾਜਾ ਸਤਯਬ੍ਰਤ ਨੇ ਮੇਰੀ ਕੰਨਿਆਂ ਕੋ ਵਰਾ ਹੈ, ਦੁਖੀ ਇਸ ਲੀਏ ਹੂਆ ਕਿ ਅਨਜਾਨੇ, ਮੈਨੇ ਮਹਾਰਾਜ ਕਾ ਵਾ ਕੰਨਿਆਂ ਕਾ ਤ੍ਰਿਸਕਾਰ ਕੀਆ ਹੈ, ਅਰ ਦੇਸ ਨਿਕਾਲਾ ਦੀਆ ਹੈ, ਅਬ ਚਲ ਕਰ ਉਨ ਸੇ ਮਾਫੀ ਮਾਂਗੇ, ਔਰ ਉਨਕੋ ਅਪਨੇ ਦੇਸ ਮੇਂ ਲਾਵੇਂ, ਰਾਜਾ "ਸ੍ਰੀ ਬ੍ਰਤ" ਬਹੁਤ ਸਾਧੂ ਬ੍ਰਾਹਮਣ ਵਜ਼ੀਰ ਅਮੀਰ ਸਾਥ ਲੇਕਰ, ਮਹਾਰਾਜਾ ਸਤਯਬ੍ਰਤ ਕੇ ਪਾਸ ਗਿਆ, ਔਰ ਬਹੁਤ ਪ੍ਰਾਰਥਨਾ ਕਰਕੇ ਅਪਨਾ ਅਪ੍ਰਾਧ ਖਿਮਾ ਕਰਾਇਆ, ਔਰ ਅਪਨੇ ਰਾਜ ਮੇਂ ਲੇ ਆਇਆ, ਉਧਰ ਸੇ ਸ਼ਨੀ ਭੀ ਅਪਨੇ ਪਿਤਾ ਸੂਰਯ ਨਾਰਾਯਣ ਕੋ, ਤਥਾ ਭਗਵਾਨ ਬਿਸ਼ਣੂ ਤਥਾ ਲਖਮੀ ਜੀ ਕੋ, ਸਾਥ ਲੇਕਰ ਵਹਾਂ ਪਹੁੰਚ ਗਿਆ, ਔਰ ਉਸਕੀ ਇਸਤ੍ਰੀ ਜੋ ਕੁਰੂਪ ਬਣੀ ਹੁਈ ਸੀ, ਉਹ ਔਰ ਉਸਕਾ ਜਿਤਨਾ ਹੀਰਾ ਜਵਾਹਰ ਪਦਾਰਥ ਥਾ, ਸਤਯਬ੍ਰਤ ਕੇ ਚਰਨੋਂ ਮੇਂ ਭੇਟਾ ਕੀਆ। ਉਹਾਂ ਹੀ ਸੂਰਜ ਨਾਰਾਯਣ ਸੇ ਮਹਾਰਾਜਾ ਸਤਯਬ੍ਰਤ ਕੀ ਪਹਿਲੀ ਮਹਾਰਾਣੀ ਨੇ ਅਪਨਾ ਅਮਾਨਤ ਰਖਾ ਹੂਆ, ਸੁੰਦਰ ਸ੍ਰੂਪ ਵਾਪਸ ਲੇ ਲੀਆ, ਔਰ ਅਪਨੇ ਪਤੀ ਕੇ ਚਰਨੋਂ ਮੇਂ ਗਿਰੀ, ਤਬ ਸਭ ਕੀ ਆਗਿਆ ਅਨੁਸਾਰ ਸ਼ਨੀ, ਮਹਾਰਾਜਾ ਸਤਯਬ੍ਰਤ ਕੇ ਚਰਨੋਂ ਮੇਂ ਪੜਾ, ਔਰ ਮਾਫੀ ਮਾਂਗਨੇ ਲਗਾ, ਔਰ ਸਭ ਨੇ ਕਹਾ ਕਿ ਇਸਕਾ ਅਪ੍ਰਾਧ ਮਾਫ ਕਰੋ, ਔਰ ਜੋ ਚਾਹੋ ਦੰਡ ਲਗਾਵੋ, ਹਮ ਬੀਚ ਮੇਂ ਜਾਮਨ ਪੜੇਂਗੇ, ਤਬ ਮਹਾਰਾਜਾ ਸਤਯਬ੍ਰਤ ਕਹਿਨੇ ਲਗੇ, ਇਹ ਹਮੇਸ਼ ਕੇ ਲੀਏ ਕਿਸੀ ਕੋ ਦੁਖ ਨ ਦੇਵੇ, ਐਸੀ ਪ੍ਰਤਿਗਯਾ ਕਰੇ. ਤਬ

ਮਾਫੀ ਦੇਂਗੇ,, ਤਬ ਸ਼ਨੀ ਨੇ ਕਹਾ ਅਛਾ ਜੋ ਇਹ ਆਪ ਕੀ ਕਥਾ ਸੁਨੇਗਾ, .ਮੈਂ ਸਾਢੇ ਸਤ ਬਰਸ ਕੀ ਜਗਹ ਸਾਢੀ ਸਤ ਘੜੀ ਹੋ ਜਾਊਂਗਾ, ਉਸ ਦਿਨ ਐਤਵਾਰ ਥਾ ਔਰ ਸੂਰਯ ਭਗਵਾਨ ਪਾਸ ਥੇ ਰਾਜਾ ਭੀ ਸੂਰਜ ਬੰਸੀ ਥਾ, ਇਸ ਲੀਏ ਨਿਯਮ ਹੋ ਗਿਆ ਕਿ ਐਤਵਾਰ ਕੋ ਇਹ ਕਥਾ ਸੁਨਾਈ ਜਾਵੇ, ਐਸਾ ਕਹਿ ਕਰ ਸ਼ਨੀ ਕੋ ਮਾਫ ਕਰ ਦੀਆ। ਫੇਰ ਉਸੀ ਸਮਯ ਸ਼ਨੀ ਨੇ. ਡੋਂਗੀ ਵਾਲੇ, ਜੇਵਰ ਆਭੂਖਨ ਜੋ ਗੁਪਤ ਕਰੇ ਥੇ ਉਹ ਭੀ ਸਭ ਦੇ ਦੀਏ, ਉਸ ਹੀ ਸਮਯ ਮਹਾਰਾਜ ਸ੍ਰੀ ਬ੍ਰਤ ਨੇ ਕੰਨਿਆਂ ਦਾਨ ਮੇਂ ਬਹੁਤ ਸਾਰਾ ਪਦਾਰਥ, ਬਸਤ੍ਰ ਆਭੂਖਨ ਦੇਕਰ ਮਹਾਰਾਜਾ ਸਤਯਬ੍ਰਤ ਕੋ ਉਸ ਕੇ ਰਾਜ ਮੇਂ ਛੋਡ ਗਿਆ।

**ਪ੍ਰਮਾਣ–ਸਵੈਯਾ॥ ਜਬ ਭਾਨੂੰ ਉਦਯ ਦਿਗ ਪਸ਼ਚਮ ਹੋਇ ਪੁਨ ਮੇਰੁ ਚਲੇ ਅਤਿਸੈ ਜਬ ਹੀ॥ ਗਿਰ ਸਿੰਗ ਸਿਲਾ ਜਬ ਹੋਇ ਪਦਮਾ ਅਗਨੀ ਅਤਿ ਸੀਤਲ ਹੋਇ ਕਬ ਹੀ॥ ਸਭ ਕੇ ਅਤੀ ਸਾਜਨ ਸੰਤ ਜਨਾ ਵਹਿ ਝੂਠ ਗਿਰਾ ਨ ਕਹੇ ਕਬ ਹੀ॥ ਤਜ ਭ੍ਰਾਂਤ ਰਿਦੇ ਧਰ ਸੰਤ ਗਿਰਾ ਸੋ ਸਮਾਂ ਅਬ ਹੀ, ਅਬ ਹੀ, ਅਬ ਹੀ॥ ਕੁੰਡਲੀਆ॥ ਪ੍ਰਾਣ ਪੁਤ੍ਰ ਦੋਨੋਂ ਬਡੇ ਚਾਰੋਂ ਯੁਗ ਪ੍ਰਮਾਣ॥ ਤੇ ਦਸਰਥ ਦੋਨੋਂ ਤਜੇ ਬਚਨ ਨ ਦੀਨੋ ਜਾਣ॥ ਬਚਨ ਨ ਦੀਨੋ ਜਾਣ ਬੜੋਂ ਕੀ ਇਹ ਬੜਾਈ॥ ਬਚਨ ਰਹੇ ਸੋ ਕਾਮ ਔਰ ਸਰਬੰਸ ਜਾਈ॥ ਕਹਿ ਗਿਰਧਰ ਕਵਿਰਾਇ ਦਸਰਥ ਕਾ ਬਚਨ ਸੁਮਾਨ॥ ਬਚਨ ਰਹੇ ਸੁਕਾਮ ਦੀਏ ਪੁਤ੍ਰ ਹਿਤ ਪ੍ਰਾਨ॥** [ਤਥਾ ਗੁਰੂ ਪ੍ਰਮਾਣ:-

**ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ॥ ਗੁਰਮੁਖਿ ਸਚੁ ਕਮਾਵੈ ਕਰਣੀ॥ ਸਦਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ॥ ੫॥**

[ਮਾਰੂ ਸੋਲਹੇ ਮ: ੩ ਸਫਾ ੧੦੫੮

**ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ॥ ਗੁਨਹਿ ਹਾਰੁ ਪਰੋਇ ਕਿਸ ਕਉ ਰੋਈਐ॥** [ਧਨਾਸਰੀ ਮ: ੧ ਛੰਤ ਸਫਾ ੬੮੭

**ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ॥ ਸਾਚੁ ਨ ਛਪੈ ਜੇਕੋ ਰਖੈ ਛਪਾਏ॥**

[ਗਉੜੀ ਮ: ੩ ਸਫਾ ੨੩੨

**ਮੁਖ ਸਚੇ ਸਚੁ ਦਾੜੀਆਂ ਸਚੁ ਬੋਲਹਿ ਸਚੁ ਕਮਾਹਿ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਹਿ ਸਮਾਹਿ॥** [ਸਲੋਕ ਵਾਰਾਂ ਵਧੀਕ ਮ: ੩ ਸਫਾ ੧੪੧੯

**ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ॥ ਨਿਰਮਲ**



**ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ॥**

[ਭੈਰਉ ਮ: ੧ ਸਫਾ ੧੧੨੭

## ਸਲੋਕ–ਨਾਨਿਰਤੰ ਵਦੇਤ ਯਦੀ ਮੂਰਧ ਨਿਧਨੰ ਸਯਾਤ੍

ਗੁਰੂ ਪ੍ਰਮਾਣ :–**ਬੋਲੀਐ ਸਚ ਧਰਮ ਝੂਠ ਨ ਬੋਲੀਐ॥**

ਏਕ ਦਿਨ ਪ੍ਰੇਮੀ ਫੇਰ ਪ੍ਰਸ਼ਨ ਕਰਨੇ ਲਗੇ ਮਹਾਰਾਜ! ਜੋ ਪੰਜ ਵਿਸ਼ਯ ਹੈਂ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਇਨ ਵਿਸ਼ਯੋਂ ਮੇਂ ਪ੍ਰਬਲ ਵਿਸ਼ਜ ਕੌਨ ਹੈ ? ਤਬ ਆਪ ਨੇ ਕਹਾ ਏਕ ਮਹਾਤਮਾ ਬੜੇ ਬੀਤ ਰਾਗ ਨੇਸਠਾ ਵਾਲੇ ਏਕ ਸ਼ਹਿਰ ਮੇਂ ਆ ਗਏ, ਲੋਗੋਂ ਕੀ ਬੜੀ ਸਰਧਾ ਹੂਈ ਬਹੁਤੋਂ ਨੇ ਸ਼ਿਸ਼ ਬਣਨੇ ਕੀ ਸ਼ਰਧਾ ਕਰੀ। ਤਬ ਮਹਾਤਮਾ ਨੇ ਕਹਾ ਮੈਂ ਉਸਕੋ ਸ਼ਿਸ਼ ਬਨਾਊਂਗਾ ਜਿਸਕੀ ਬੁਧਿ ਤੀਬਰ ਦੇਖੂੰਗਾ, ਮੈਂ ਏਕ ਪ੍ਰਸ਼ਨ ਕਰੂੰਗਾ ਜੋ ਠੀਕ ਠੀਕ ਜਵਾਬ ਦੇਗਾ, ਉਸਕੋ ਸ਼ਿਸ਼ ਬਣਾਊਂਗਾ। ਤਬ ਸਭ ਸ਼ਿਸ਼ੋਂ ਨੇ ਕਹਾ ਕਹੋ ਮਹਾਰਾਜ, ਹਮ ਉਤਰ ਦੇਂਗੇ ਤਬ ਉਨ੍ਹੋਂ ਨੇ ਕਹਾ ਦੇਖੋ ਪੰਜ ਵਿਸ਼ਯ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਹੈਂ ਇਨ ਮੇਂ ਕੌਨ ਪ੍ਰਬਲ ਹੈ, ਜੋ ਇਸ ਪ੍ਰਸ਼ਨ ਕਾ ਉਤਰ ਦੇਗਾ ਉਸਕੋ ਮੈਂ ਸ਼ਿਸ਼ ਬਣਾਊਂਗਾ। ਤਬ ਸ਼ਿਸ਼ੋਂ ਨੇ ਆਪਸ ਮੇਂ ਵਿਚਾਰ ਕਰਾ ਮਹਾਰਾਜ ਪੰਜ ਵਿਸ਼ਯ ਕਹਿਤੇ ਹੈਂ, ਸਾਰੇ ਏਕ ਏਕ ਵਿਸ਼ਯ ਕੋ ਲੇਲੋ, ਕਿਸੀ ਕੋ ਤੋ ਸ਼ਿਸ਼ ਬਣਾਏਂਗੇ ਹੀ, ਫਿਰ ਧੀਰੇ ਧੀਰੇ ਹੋਰ ਸਾਰੇ ਬਣਤੇ ਰਹੇਂਗੇ। ਤਬ ਨੰਬਰਵਾਰ ਉਨ੍ਹੋਂ ਨੇ ਕਹਾ ਮਹਾਰਾਜ ਸ਼ਬਦ ਵਿਸ਼ਜ ਪ੍ਰਬਲ ਹੈ। ਦੂਸਰੇ ਨੇ ਕਹਾ ਸਪਰਸ। ਤੀਸਰੇ ਨੇ ਕਹਾ ਰੂਪ। ਚਉਥੇ ਨੇ ਕਹਾ ਰਸ। ਪੰਜਵੇਂ ਨੇ ਗੰਧ ਕੋ ਕਹਾ। ਪ੍ਰਮਾਣ:-

**ਸ਼ਬਦ ਦਿਭਿ: ਪੰਚਭਿਰੇਵ ਪੰਚ। ਪੰਚਤ੍ਵਮਾਪੁ: ਸ੍ਵਗੁਣੇਨ ਬਧਾ:। ਕੁਰੰਗ ਮਾਤੰਗ ਪਤੰਗ ਮੀਨ। ਭ੍ਰਿੰਗਾ ਨਰ: ਪੰਚ ਭਿਰੰਚਿਤ: ਕਿੰ।**

[ਵਿਵੇਕ ਚੂੜਾਮਣਿ ਸ਼ਲੋਕ ੭੮

ਅਰਥ–ਸ਼ਬਦਾਦਿ ਜੋ ਪੰਜ ਵਿਸ਼ਜ ਹੈਂ ਉਨ੍ਹੋਂ ਮੇਂ ਅਸਕਿਤ ਕਰਤੇ ਹੂਏ "ਹਰਣ ਸ਼ਬਦ ਪਰ", "ਹਾਥੀ ਸਪਰਸ਼ ਪਰ", "ਪਤੰਗ ਰੂਪ ਪਰ", "ਮੀਨ ਰਸ ਪਰ" "ਭੌਰਾ ਗੰਧ ਪਰ" ਏ ਸਭ ਮੋਹਿਤ ਹੋਕਰ ਮ੍ਰਿਤ੍ਯੁ ਕੋ ਪ੍ਰਾਪਤ ਹੋਤੇ ਹੈਂ। ਜਿਸ ਮੇਂ ਪਾਂਚੋਂ ਵਿਸ਼ਯ ਪ੍ਰਬਲ ਹੋਂਗੇ। ਤੋ ਉਸਕੀ ਕਿਆ ਕਥਾ ਹੋਗੀ ? ਪ੍ਰਮਾਣ:-

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ॥** [ਆਸਾ ਰਵਿਦਾਸ ਸਫਾ ੪੮੬

ਮਹਾਤਮਾ ਕਹਿਨੇ ਲਗੇ ਫੇਰ ਕਿਆ ਵਿਚਾਰ ਕਰਾ, ਉਨ੍ਹੋਂ ਨੇ ਫੇਰ ਨੰਬਰਵਾਰ ਨਾਮ ਲੇ ਲੀਏ। ਮਹਾਤਮਾ ਨੇ ਕਹਾ ਨਹੀਂ। ਤਬ ਛੇਵਾਂ ਕਹਿਨੇ ਲਗਾ ਮਹਾਤਮਾ ਨੇ ਸਭ ਕੋ ਖੰਡਨ ਕਰ ਦੀਆ, ਤੋ ਛੇਵਾਂ ਹੋਰ ਹੀ ਕੋਈ ਹੋਗਾ। ਤਬ ਉਹ ਕਹਿਨੇ ਲਗਾ ਮਹਾਰਾਜ ਪਾਂਚੋਂ ਵਿਸ਼ਯੋਂ ਮੇਂ ਕੋਈ ਭੀ ਸੁਤੰਤਰ ਵਿਸ਼ਯ ਪ੍ਰਬਲ ਨਹੀਂ, ਪਰੰਤੂ ਜਿਸ ਵਿਸ਼ਯ ਮੇਂ ਰਾਗ ਹੋ ਜ਼ਾਵੇ, ਉਹ ਹੀ ਵਿਸ਼ਯ ਪ੍ਰਬਲ ਹੋ ਜਾਤਾ ਹੈ, ਤਾਂਤੇ ਰਾਗ ਹੀ ਪ੍ਰਬਲ ਹੈ। ਭਗਵਾਨ

ਗੀਤਾ ਕੇ ਤੀਸਰੇ ਅਧਜਾਯ ਕੇ ੩੪ ਸ਼ਲੋਕ ਮੇਂ ਭੀ ਕਹਿਤੇ ਹੈਂ:-

**ਸ਼ਲੋਕ-ਇੰਦ੍ਯਸ੍ਯੇਂਦ੍ਰਿਸ੍ਯਾਰਥੇ ਰਾਗ ਦ੍ਵੇਸ਼ ਵਿਵਸਿਥਤਊ ॥ ਤਯੋਰ ਨ ਵਸ਼ਮਾਗਛੇਤ ਤਊ ਹਜਸਜ ਪਰਿ ਪੰਥਿਨਊ ॥ ੩੪ ॥**

ਅਰਥ-ਇੰਦ੍ਰਿਯ ਇੰਦ੍ਰਿਯ ਕੇ ਅਰਥ ਯਾਨੇ ਵਿਸ਼ਯ ਮੇਂ ਰਾਗ ਦ੍ਵੇਸ਼ ਰਹਿਤੇ ਹੈਂ। ਤਿਨਕ ਅਧੀਨ ਨ ਹੋਵੇ ਕਿਉਂਕਿ ਰਾਗ ਦ੍ਵੇਸ਼ ਇਸਕੇ ਸ਼ਤ੍ਰੂ ਹੈਂ।

**ਰਾਗਦ੍ਵੇਸ਼ ਵਿਯੁਕ੍ਤੈਸ੍ਤੁ ਵਿਸ਼ਯਾਨਿੰ ਦ੍ਰਿਯੈਸ੍ਚਰਨ ॥ ਆਤਮ ਵਸ਼੍ਯੈਰ ਵਿਧੇਯਾਤਮਾ ਪਰਸਾਦੰ ਅਧਿਗਛਤਿ ॥**

ਟੀਕਾ-ਅਪਨੇ ਅਧੀਨ ਅੰਤ:ਕਰਣ ਵਾਲਾ ਪੁਰਸ਼, ਰਾਗਦ੍ਵੇਸ਼ ਸੇ ਰਹਿਤ ਹੋਕਰ ਅਪਨੇ ਵਸ਼ ਮੇਂ ਕਰੀ ਹੂਈ ਇੰਦ੍ਰਿਓਂ ਸੇ, ਭੋਗੋਂ ਕੋ ਭੋਗਤਾ ਹੂਆ ਭੀ, ਅੰਤ:ਕਰਣ ਕੀ ਸੁਧੀ ਕੋ ਪ੍ਰਾਪਤ ਹੋਤਾ ਹੈ। ਤਥਾ ਗੁਰੂ ਜੀ ਲਿਖਤੇ ਹੈਂ :-

**ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪਹਿਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥**

[ਗੂਜਰੀ ਵਾਰ ਮ: ੫ ਸਫਾ ੫੨੨

ਇਸ ਪ੍ਰਕਾਰ ਛਵਾਂ ਕਹਿਨੇ ਲਗਾ ਪਦਾਰਥ ਮੇਂ ਰਾਗ ਜੋ ਹੈ, ਵੋਹੀ ਪ੍ਰਬਲ ਹੈ। ਮਹਾਤਮਾ ਕਹਿਨੇ ਲਗੇ ਤੁਮ ਨੇ ਯਹ ਬਾਤ ਕੈਸੇ ਜਾਣੀ। ਉਸ ਨੇ ਕਹਾ ਮਹਾਰਾਜ ! ਏਕ ਸ਼ਾਹੂਕਾਰ ਕਾ ਲੜਕਾ ਬੜਾ ਵਿਦ੍ਵਾਨ ਔਰ ਖ਼ੂਬਸੂਰਤ ਥਾ। ਪਰੰਤੂ ਉਹ ਸ਼ਾਦੀ ਨਹੀਂ ਕਰਾਤਾ ਥਾ, ਬੜੇ ਬੜੇ ਸ਼ਾਹੂਕਾਰ ਉਸਕੋ ਅਪਨੀ ਅਪਨੀ ਕੰਨਿਆਂ ਦੇਨੇ ਲਗੇ। ਉਸਕੇ ਪਿਤਾ ਨੇ ਬੜਾ ਜ਼ੋਰ ਲਗਾਯਾ ਕਿ ਤੂੰ ਸ਼ਾਦੀ ਕਰ, ਤਬ ਉਸਨੇ ਕਹਾ ਕਿ ਮੈਂ ਉਸ ਲੜਕੀ ਸੇ ਸ਼ਾਦੀ ਕਰੂੰਗਾ, ਜੋ ਮੇਰੇ ਪ੍ਰਸ਼ਨ ਕਾ ਉਤਰ ਦੇਗੀ। ਤਬ ਓਹ ਸ਼ਾਹੂਕਾਰ ਅਪਨੀ ਅਪਨੀ ਲੜਕੀਓਂ ਕੋ, ਹਾਰ ਸ਼ਿੰਗਾਰ ਪਹਿਨਾਕਰ ਸਜਾ ਕੇ ਲੇ ਆਏ, ਔਰ ਕਹਿਨੇ ਲਗੀਆਂ ਕਿ ਮਹਾਰਾਜ ਪ੍ਰਸ਼ਨ ਕਰੋ। ਤਬ ਉਸ ਲੜਕੇ ਨੇ ਪ੍ਰਸ਼ਨ ਕਰਾ ਕਿ ੬ ਰਿਤੂਆਂ ਹੈਂ ਉਨ ਮੇਂ ਸੇ ਕੌਨ ਰਿਤੂ ਇਸਤ੍ਰੀ ਕੇ ਲੀਏ ਅੱਛੀ ਹੈ। ਛੇਓਂ ਨੇ ਸੋਚਾ ਨੰਬਰਵਾਰ ਏਕ ਏਕ ਰਿਤੂ ਕਹੇਂਗੇ ਕੋਈ ਤੋ ਰਿਤੂ ਅੱਛੀ ਹੋਗੀ ਕਿਸੀ ਏਕ ਕੇ ਸਾਥ ਤੋ ਸ਼ਾਦੀ ਹੋ ਜਾਏਗੀ। ਫੇਰ ਏਕ ਕਹਿਨੇ ਲਗੀ ਬਸੰਤ ਰਿਤੂ ਅੱਛੀ ਹੋਤੀ ਹੈ। ਕਿਉਂਕਿ ਪਵਨਮੰਦ ਸੁਗੰਧ ਸ਼ੀਤਲ ਚਲਤਾ ਹੈ, ਫੂਲ ਖਿੜੇ ਹੋਤੇ ਹੈਂ ਇਸ ਵਾਸਤੇ ਕਾਮੀ ਕਾਮਨੀਓਂ ਕੇ ਵਾਸਤੇ ਉਹ ਸੁਖਦਾਈ ਹੈ, ਲੜਕੇ ਨੇ ਕਹਾ ਨਹੀਂ। ਤਬ ਦੂਸਰੀ ਕਹਿਨੇ ਲਗੀ ਗ੍ਰੀਖਮ ਰਿਤੂ ਅਛੀ ਹੋਤੀ ਹੈ। ਠੰਢੇ ਮਕਾਨ ਮੇਂ ਖਸ ਕੀ ਟਟੀ ਲਗੀ ਹੂਈ ਹੋ ਗੁਲਾਬ ਆਦਿਕੋਂ ਕੇ ਅਰਕ ਔਰ ਸ਼ਰਬਤ ਪੀਨੇ ਕੋ ਹੋਵੇਂ। ਓਹ ਰਿਤੂ ਕਾਮੀ ਕਾਮਨੀਓਂ ਕੋ ਸੁਖਦਾਈ ਹੈ। ਲੜਕੇ ਨੇ ਕਹਾ ਨਹੀਂ। ਤੀਸਰੀ ਨੇ ਕਹਾ ਪਾਵਸ ਰਿਤੂ ਅਛੀ ਹੈ। ਬਰਸਾਤ ਪੜਤੀ ਹੋਵੇ, ਨਦੀਆਂ



ਮੇਂ ਤੈਰਤੇ ਹੋਂ, ਆਂਬ ਚੂਸਤੇ ਹੋਵੇਂ, ਝੂਲੋਂ ਮੇਂ ਝੂਲਤੇ ਹੋਵੇਂ ਵੋ ਰਿਤੂ ਕਾਮੀ ਕਾਮਨੀਓਂ ਕੋ ਸੁਖਦਾਈ ਹੈ, ਲੜਕੇ ਨੇ ਕਹਾ ਨਹੀਂ ਚਉਥੀ ਕਹਿਨੇ ਲਗੀ ਸ਼ਰਦ ਰਿਤੂ ਅਛੀ ਹੈ। ਕਿਉਂਕਿ ਆਕਾਸ਼ ਨਿਰਮਲ ਹੋਤਾ ਹੈ, ਔਰ ਭਗਵਾਨ ਨੇ ਭੀ ਛੇ ਮਹੀਨੇ ਕੀ ਰਾਤ੍ਰੀ ਬਣਾਈ ਹੈ। ਪੰਜਵੀਂ ਕਹਿਨੇ ਲਗੀ ਹਿਮਕਰ ਰਿਤੂ ਅੱਛੀ ਹੈ ਗਰਮ ਕਪੜੇ ਪਹਿਰਨ ਕੋ, ਗਰਮ ਪਦਾਰਥ ਖਾਨੇ ਕੋ, ਏਕਾਂਤ ਬੰਦ ਮਕਾਨੋਂ ਮੇਂ ਰਹਿ ਕਰ ਸੁਖ ਪਾਤੇ ਹੈਂ, ਇਸ ਵਾਸਤੇ ਓਹੀ ਰਿਤੂ ਅੱਛੀ ਹੈ ਛੇਵੀਂ ਕਹਿਨੇ ਲਗੀ ਸ਼ਿਸ਼ਰ ਰਿਤੂ ਅਛੀ ਹੈ। ਸੁੰਦਰ ਬਗੀਚੋਂ ਮੇਂ ਫੂਲੋਂ ਕੀ ਸੇਜਾ ਹੋ ਚੰਦ੍ਰਮਾ ਉਦੇ ਹੋ, ਤਬ ਕਾਮੀ ਕਾਮਨੀਓਂ ਕੋ ਸੁਖਦਾਈ ਹੈ। ਇਸ ਪਰਕਾਰ ਛੇ ਇਸਤ੍ਰੀਓਂ ਨੇ ਜਬ ਜਵਾਬ ਦੀਆ ਤਬ ਉਸਨੇ ਕਹਾ ਨਹੀਂ ਨਹੀਂ। ਤਬ ਏਕ ਲੜਕੀ ਕਹਨੇ ਲਗੀ ਜਬ ਛੇਓ ਰਿਤੂਓਂ ਕਾ ਉਸਨੇ ਖੰਡਨ ਕਰ ਦੀਆ। ਤੋ ਛੇ ਰਿਤੂਓਂ ਮੇਂ ਸੇ ਇਸਤਰੀ ਕੇ ਲੀਏ ਰਿਤੂ ਕੋਈ ਸੁਖਦਾਈ ਨਹੀਂ, ਪਰੰਤੂ ਇਸਤ੍ਰੀ ਕੇ ਲੀਏ ਪਤੀ ਸੁਖਦਾਈ ਹੈ, ਜਿਸ ਰਿਤੂ ਮੇਂ ਪਤੀ ਪਾਸ ਹੋਵੇ ਵੋਹੀ ਰਿਤੂ ਸੁਖਦਾਈ ਹੈ। ਗੁਰ ਪ੍ਰਮਾਣ:-

**ਛੰਤੁ ॥ ਰੁਤ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥ ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥... ਛੰਤੁ ॥ ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥... ਸਲੋਕ ॥ ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥ ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ॥ ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥ ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥ ੨ ॥ ਛੰਤੁ ॥ ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦੁ ਜੀਉ ॥ ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥ ਪ੍ਰਭ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵਨਿਧਿ ਗ੍ਰਿਹ ਭਰੇ ॥ ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥ ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ ਕ੍ਰਿਪਾਲੁ ਸਦ ਬਖਸਿੰਦੁ ਜੀਉ ॥ ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨਿ ਭਾਵੰਦੁ ਜੀਉ ॥੪॥... ਛੰਤ ॥ ਰੁਤਿ ਸਰਦ ਅਡੰਬਰੋ ਅਸੂ ਕਤਿਕੇ ਹਰਿ ਪਿਆਸ ਜੀਉ ॥ ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥ ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥ ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥ ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥**

ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥ ੫॥ ਛੰਤੁ ॥ ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ॥ ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥ ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕਿ ਸੇਵਿਆ ॥ ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ ॥ ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ ॥ ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ॥੨... ॥ ਛੰਤੁ ॥ ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥ ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥ ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰ ਸੋਹੀਆ ॥ ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ॥ ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ॥ ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀ ਧਰ ਕੰਤ ਜੀਉ ॥ ੭॥ [ਰਾਮਕਲੀ ਰੁਤੀ ਮ: ੫ ਸਫਾ ੯੨੮

ਐਸੇ ਪ੍ਰਸੰਗ ਸੁਨਾਤੇ ਸਾਹਪੁਰ ਮੇ ਆਪ ੨॥ ਅਢਾਈ ਬਰਸ ਰਹੇ, ਔਰ ਸਭ ਸਤਿਸੰਗੀਓਂ ਕੋ ਅਛੇ ਅਛੇ ਪ੍ਰਸੰਗ ਸੁਨਾਤੇ ਰਹੇ। ਸਤਿਸੰਗੀ ਕਹਿਤੇ ਸੀ ਮਹਾਰਾਜ ਜੀ ਜਬ ਆਪ ਕਾ ਸਰੀਰ ਸ਼ਾਂਤ ਹੋਵੇਗਾ ਤਬ ਯਹਾਂ ਹੀ ਮੜੀ ਬਨਾ ਕਰ ਪੂਜੇਂਗੇ, ਇਤਨਾ ਗੂੜ੍ਹਾ ਪ੍ਰੇਮ ਹੋ ਗਯਾ ਥਾ, ਫੇਰ ਸੰਮਤ ੧੯੫੬ ਮੇਂ ਸ੍ਰੀ ਮਾਨ ੧੦੮ ਪੰਡਿਤ ਈਸ਼੍ਵਰ ਸਿੰਘ ਜੀ, ਮੰਡਲੀ ਸਹਿਤ ਵਹਾਂ ਪਹੁੰਚ ਗਏ। ਮੰਡਲੀ ਮੇਂ ਸ੍ਰੀ ਮਾਨ ਸ੍ਵਾਮੀ ਹੀਰਾ ਲਾਲ ਜੀ, ਸ੍ਰੀ ਮਾਨ ਮੌਨੀ ਜੀ, ਸ੍ਰੀ ਮਾਨ ਗੁਰੂ ਜੀ ਆਦਿ ਬਹੁਤ ਮਹਾਤਮਾ ਸਾਥ ਥੇ ਵਹਾਂ ਆਪ ਕੇ ਪਾਸ ਆ ਕੇ ਰਹੇ। ਆਪਸ ਮੇਂ ਬੜਾ ਪ੍ਰੇਮ ਹੂਆ। ਆਪ ਕੋ ੧੦੮ ਬ੍ਰਿਧ ਪੰਡਿਤ ਈਸ਼ਰ ਸਿੰਘ ਜੀ ਮਹਾਰਾਜ ਨੇ ਬਹੁਤ ਕਹਾ ਕਿ ਆਪ ਅਬ ਕਨਖਲ ਹਰਿਦੁਆਰ ਚਲਕੇ ਰਹੋ। ਉਸ ਸਮੇਂ ਪ੍ਰੇਮੀਓਂ ਸਤਿਸੰਗੀਓਂ ਨੇ ਬਹੁਤ ਖਿਚੀ ਕਰੀ ਛੋਡਤੇ ਨਹੀਂ ਸੀ ਪਰੰਤੂ ਆਪ ਜੀ ਕਾ ਭੀ ਖਿਆਲ ਹੂਆ ਔਰ ਮੰਡਲੀ ਕੇ ਸਾਥ ਹੀ ਘੁਮਤੇ ੨ ਫਿਰ ੧੯੫੬ ਸੰਮਤ ਮੇਂ ਹੀ ਹਰਿਦੁਆਰ ਕਨਖਲ ਰਿਸ਼ੀਕੇਸ਼ ਪਹੁੰਚ ਗਏ । ਰਿਸ਼ੀਕੇਸ਼ ਮੇਂ ਸਭ ਸੰਤਾਂ ਨੇ ਬੜਾ ਪ੍ਰੇਮ ਕਰਾ। ਫੇਰ ਜਾੜੇ ਕੇ ਦਿਨ ਰਿਸ਼ੀਕੇਸ਼ ਰਹਿ ਕਰ ਸੰਮਤ ੧੯੫੭ ਮੇਂ ਉਤਰਕਾਂਸ਼ੀ ਚਲੇ ਗਏ । ਉਥੇ ਮਹੰਤ ਵਿਗਿਆਨਾ ਨੰਦ ਜੋ ਚੇਤਨ ਦੇਵ ਕੇ ਪੀਛੇ ਚੇਤਨਦੇਵ ਕੀ ਕੁਟੀਆ ਕੇ ਮਹੰਤ ਬਣੇ ਔਰ ਮੁਕਤਿ ਨਾਥ ਜੀ ਜੋ ਅਜ ਕਲ ਵਰਣਾਪਰ ਉਤਰਕਾਸ਼ੀ ਮੇਂ ਰਹਿਤੇ ਹੈਂ ਵਹਾਂ ਉਨ ਦੋਨੋਂ ਕੋ ਔਰ ਮਹਾਨੰਦ ਆਦਿ ਸਾਰੇ ਸੰਤੋਂ ਕੋ ਤਤ੍ਵਾਨੁ ਸੰਧਾਨ ਪੜ੍ਹਾਤੇ ਥੇ । ਉਸ ਸਾਲ ੧੦੮ ਪੰਡਿਤ ਹਰੀ ਸਿੰਘ ਜੀ ਤਥਾ ਬ੍ਰਿਧ ੧੦੮ ਈਸ਼੍ਵਰ ਸਿੰਘ ਜੀ ਵੀ ਅਪਨੇ ਅਪਨੇ ਮੰਡਲੀਓਂ



ਕੇ ਸਾਥ ਲੇਕਰ ਵਹਾਂ ਉਤਰਕਾਸ਼ੀ ਆਏ । ਵਹਾਂ ਬ੍ਰਿਧ ੧੦੮ ਬਾਬਾ ਕਾਨ੍ਹ ਸਿੰਘ ਜੀ ਉਤਰ ਕਾਂਸ਼ੀ ਮੇਂ ਰਹਾ ਕਰਤੇ ਥੇ ਜਿਨ੍ਹੋਂ ਨੇ, ਪੂਰੇ ੫੮ ਬਰਸ਼ ਵਹਾਂ ਉਤਰਕਾਂਸ਼ੀ ਮੇਂ ਰਹਿ ਕਰ ੮੫ ਬਰਸ਼ ਆਯੂ ਮੇਂ ਸਰੀਰ ਛੋਡਾ ਥਾ । ਉਨ ਸਭ ਮਹਾਤਮਾਓਂ ਕਾ ਕੱਠਾ ਸਤਿਸੰਗ ਹੋਤਾ ਥਾ, ਫੇਰ ਸਿਆਲ ਮੇਂ ਰਿਸ਼ੀਕੇਸ਼ ਆ ਗਏ, ਵਹਾਂ ਝਾੜੀ ਮੇਂ ਕਖੋਂ ਕੀ ਕੁਟੀਆ ਬਣਾ ਕਰ ਰਹੇ ਥੇ, ਵਹਾਂ ਪਰ ਬਹੁਤ ਸੰਤੋਂ ਕੋ ਵੇਦਾਂਤ ਤਥਾ ਗੁਰਬਾਣੀ ਕੇ ਪੁਸਤਕ ਪੜ੍ਹਾਯਾ ਕਰਤੇ ਥੇ, ਔਰ ਆਪ ਏਕ ਛੋਟੀ ਗਾਤੀ ਏਕ ਬੜੀ ਗਾਤੀ, ਔਰ ਆਧੀ ਲੋਈ ਇਤਨਾ ਹੀ ਕਪੜਾ ਰਖਾ ਕਰਤੇ ਥੇ, ਔਰ ਸੰਗ੍ਰਹ ਕੁਛ ਨਹੀਂ ਰਖਤੇ ਥੇ । ਆਪ ਸਿਆਲਾ ਰਿਸ਼ੀ ਕੇਸ਼ ਰਹਾ ਕਰਤੇ ਥੇ, ਔਰ ਗਰਮੀ ਕੇ ਦਿਨੋਂ ਮੇਂ ਕਭੀ ਕਨਖਲ ਕਭੀ ਉਤਰਕਾਂਸ਼ੀ ਚਲੇ ਜਾਤੇ ਥੇ, ਸੰਮਤ ੧੯੫੯ ਮੇਂ ਉਤਰਕਾਂਸ਼ੀ ਚਲੇ ਗਏ ਥੇ, ਵਹਾਂ ਸ੍ਵਾਮੀ ਰਾਮ ਤੀਰਥ ਜੀ ਆਪ ਕੋ ਆ ਮਿਲੇ । ਆਪ ਕੀ ਧਾਰਨਾ ਔਰ ਵਕਤਬਜ ਕੋ ਦੇਖ ਸੁਨ, ਬੜੇ ਪ੍ਰਸੰਨ ਹੂਏ ਬਹੁਤ ਦੇਰੀ ਤਕ ਆਪਕੇ ਸਾਥ ਸਤਸੰਗ ਕਰਤੇ ਰਹੇ, ਔਰ ਉਸੀ ਸਾਲ ਭਾਈ ਕਾਕਾ ਸਿੰਘ ਜੀ, ਆਪਕੋ ਉਤਰਕਾਸ਼ੀ ਆ ਮਿਲੇ । ਆਪ ਕੇ ਲੀਏ ਵਹਾਂ ਗਿਆਨਸੂ ਮੇਂ ਰਹਿਨੇ ਲੀਏ ਛੋਟੀ ਸੀ ਕੁਟੀਆ ਬਣਾ ਦਿਤੀ ਔਰ ਆਪ ਨੇ ਉਨ ਸੇ ਔਰ ਬਹੁਤ ਸੰਤੋਂ ਕੀ ਭੀ ਸੇਵਾ ਕਰਾਈ, ਫਿਰ ਕਾਰਤਿਕ ਮਾਸ ਮੇਂ ਆਪ ਰਿਸ਼ੀਕੇਸ਼ ਝਾੜੀ ਮੇਂ ਆ ਕਰ ਰਹੇ, ਝਾੜੀ ਮੇਂ ਉਸ ਵਕਤ ਬੜੇ ਬੜੇ ਵਿਦਵਾਨ, ਵਿਰਕਤ ਸ਼ਾਂਤ ਚਿਤ ਮਹਾਤਮਾ ਰਹਿਤੇ ਥੇ। ਉਸ ਸਮਯ ਝਾੜੀ ਬ੍ਰਹਮਪੁਰੀ ਕੀ ਨਿਆਈਂ, ਸ਼ਾਂਤਦਾਯਕ ਸੰਤ ਭਗਤੋਂ ਕੋ ਮਾਲੂੰਮ ਹੋਤੀ ਥੀ । ਸੰਤ ਭਗਤੋਂ ਕੇ ਚਿਤ ਸ਼ਾਂਤਿ ਕਾ ਅਸਥਾਨ ਅਗਰ ਉਸ ਸਮੇਂ ਥਾ ਤੋ ਝਾੜੀ ਹੀ, ਝਾੜੀ ਮੇਂ ਆਠੋਂ ਪਹਿਰ ਵੇਦਾਂਤ ਵੀਚਾਰ ਹੋਤਾ ਥਾ। ਸਤਿਸੰਗੀ ਭੀ ਸੇਵਾ ਵਾਸਤੇ ਦੂਰ ਦੂਰ ਸੇ ਆਤੇ ਥੇ । ਜਗਹ ਜਗਹ ਕਥਾ ਵਾਰਤਾ ਹੋਤੀ ਥੀ, ਵਹਿੰਵਾਰਕ ਵਾਰਤਾ ਕਾ ਨਾਮ ਭੀ ਨ ਥਾ, ਐਸੇ ਝਾੜੀਓਂ ਮੇਂ ਆਪ ਨਿਵਾਸ ਕਰਨੇ ਲਗੇ । ਗਰਮੀਓਂ ਮੇਂ ਉਤਰਕਾਂਸ਼ੀ ਮੇਂ ਚਲੇ ਜਾਤੇ ਥੇ, ਸਿਆਲੇ ਮੇਂ ਫੇਰ ਵਾਪਸ ਰਿਸ਼ੀਕੇਸ਼ ਆਤੇ ਥੇ, ਅਤੇ ਫੇਰ ਆਪ ਜੀ ਨੇ ੧੦੮ ਪੰ: ਈਸ਼ਰ ਸਿੰਘ ਜੀ ਮਹਾਰਾਜ, ਤਥਾ ਔਰ ਸੰਤੋਂ ਕੀ ਪ੍ਰੇਰਨਾ ਸੇ ਜਪੁਜੀ ਜੀ ਕੀ ਕਥਾ ਸ਼ੁਰੂ ਕਰ ਦਿਤੀ, ਅਗਣਤ ਸੰਤ ਔਰ ਭਗਤ ਆਪ ਕੀ ਕਥਾ ਸੁਨਾ ਕਰਤੇ ਥੇ। ਕਈ ਸੰਤ ਜਗਹ ਕੇ ਨ ਹੋਨੇ ਸੇ ਟਾਹਲੀ ਆਦਿ ਬ੍ਰਿਖੋਂ ਪਰ ਚੜ੍ਹਕੇ, ਕਥਾ ਸ੍ਰਵਣ ਕਰਾ ਕਰਤੇ ਥੇ । ਆਪ ਕੀ ਕਥਾ ਨੇ ਸਭ ਕੋ ਨਾਸਤਿਕ ਬਣਾ ਦੀਆ, ਯਾਨੇ ਜਿਨ੍ਹੋਂ ਨੇ ਆਪ ਕੀ ਕਥਾ ਸ੍ਰਵਨ ਕਰੀ ਸੀ ਉਨ ਕੋ ਦੂਸਰੀ ਕਥਾ ਨਹੀਂ ਭਾਵਤੀ ਸੀ । ਇਸ ਪ੍ਰਕਾਰ ਦੋ ਸਾਲ ਆਪ ਜਪੁਜੀ ਕੀ ਕਥਾ ਕਰਤੇ ਰਹੇ, ਤੀਸਰੇ ਸਾਲ ਆਪ ਨੇ ਮਾਝ ਵਾਰ ਕੀ ਕਥਾ ਸ਼ੁਰੂ ਕਰ ਦਿਤੀ । ਸਭ ਸੰਤ ਬੜੇ ਸ਼ਰਧਾ ਪ੍ਰੇਮ ਸੇ ਸੁਨਤੇ ਰਹੇ। ਆਪ ਮੇਂ ਸਭ ਰੁਚੀ ਪ੍ਰੇਮ ਰਖਤੇ ਥੇ । ਜਬ ੧੯੬੬ ਮੇਂ ਹਰਿਦੁਆਰ ਕੇ ਅਰਧ ਕੁੰਭੀ ਮੇਂ ਆਪ ਕਨਖਲ ਕੁਟੀਆ ਮੇਂ ਆ ਗਏ । ਬਹੁਤ ਸੰਤ ਮੰਡਲੀ ਈਹਾਂ ਵਿਰਕਤ ਕੁਟੀਆ ਮੇਂ ਇਕੱਤ੍ਰ ਹੋ ਗਈ, ਔਰ ਈਹਾਂ ਭਗਤ ਲੋਗ ਹਰਿਦੁਆਰ ਸੇ ਅੰਨ ਬਣਾ ਕਰ, ਸਰਦਾਰ ਸੁਰਜਨ ਸਿੰਘ ਹਲਵਾਈ ਕੀ ਮਾਰਫਤ ਆਕਰ ਸੰਤੋਂ ਕੋ ਭੋਜਨ ਕਰਾਤੇ ਰਹੇ। ਇਸ ਪ੍ਰਕਾਰ ਬਹੁਤ ਦਿਨ ਭੰਡਾਰੇ ਹੋਤੇ ਰਹੇ, ਆਪ ਕੇ ਪ੍ਰੇਮੀ ਭੀ ਬਹੁਤ ਪਹੁੰਚ ਗਏ।

ਆਪ ਚਤੁਰ ਮਾਸ ਭੀ ਕਨਖਲ ਹੀ ਰਹੇ, ਔਰ ਸ੍ਰੀ ੧੦੮ ਪੰ: ਬ੍ਰਿਧ ਈਸ਼ਰ ਸਿੰਘ ਜੀ, ਮੰਡਲੀ ਲੈਕੇ ਮਾਲਵੇ ਗਏ ਔਰ ਅੰਮ੍ਰਿਤਸਰ ਆਕੇ ਦੀਪਮਾਲਾ ਕਰੀ ਆਪ ਈਹਾਂ ਕਨਖਲ ਕੁਟੀਆ ਮੇਂ ਸੰਤੋਂ ਕੋ ਪੰਚਦਸ਼ੀ ਪੜ੍ਹਾ ਰਹੇ ਸੀ, ਔਰ ਸ੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ, ਆਪ ਕੀ ਸੇਵਾ ਮੇਂ ਜ਼ਿਆਦਾ ਖਿਆਲ ਦੇਤੇ ਥੇ। ਉਸ ਵਕਤ ਪੰ: ਪ੍ਰੇਮ ਸਿੰਘ ਜੀ ਕੇ ਗੁਰਭਾਈ ਸੰਤ ਖੁਸ਼ਹਾਲ ਸਿੰਘ ਜੀ ਕਾ ਸਰੀਰ ਸ਼ਾਂਤ ਹੋ ਗਯਾ ਸੀ; ਉਨ੍ਹੋਂ ਕੀ ਸਤਾਹਰੀ ਵਾਲੇ ਦਿਨ ਈਹਾਂ ਬੜਾ ਜੋੜ ਮੇਲ ਥਾ ਭੋਗ ਪੜਾ ਥਾ। ਚੇਤਨ ਦੇਵ ਕੀ ਕੁਟੀਆ ਕੇ ਮਹੰਤ ਸ੍ਰੀ ਮਾਨ ਚਿਦਘਨਾਨੰਦ ਜੀ, ਭੀ ਤਥਾ ਹੋਰ ਬਹੁਤ ਸੰਤ ਬੁਲਾਏ ਗਏ। ਉਨ ਕੇ ਸਾਥ ਬਲਦੇਵ ਹਰਿ ਕੋ ਨਾਲ ਲੇਕਰ ਯਹ ਦਾਸ ਭੀ ਨਿਰਮਲ ਕੁਟੀਆ ਮੇਂ ਆਯਾ, ਆਇ ਕਰ ਸਭ ਸੰਤੋਂ ਕੇ ਤਥਾ ਆਪ ਜੀ ਕੇ ਦਰਸ਼ਨ ਕਰੇ ਉਸ ਵਕਤ ਆਪ ਕਥਾ ਕਰ ਰਹੇ ਥੇ ਕਿ ਸ਼ਿਸ਼ ਪਰ ਗੁਰੂ ਕਿਆ ਉਪਕਾਰ ਕਰਤਾ ਹੈ ਅਰ ਆਪ ਇਸ ਸ਼ਬਦ ਕੀ ਕਥਾ ਕਰ ਰਹੇ ਸੀ।

**ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥ ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥੧॥ ਅਜ ਕੈ ਵਸਿ ਗੁਰ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥ ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ ॥ ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥ ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ ਮਾਲਿ ਦੁਲੀਚੇ ਬੈਠੀਲੇ ਮਿਰਤਕੁ ਨੈਨ ਦਿਖਾਲਨੁ ਧਾਰਿਆ ਰੇ ॥੩॥ ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥ ਕਹੁ ਨਾਨਕ ਗੁਰ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥**

[ਆਸਾ ਮ: ੫ ਸਫਾ ੩੮੧

ਇਸ ਸ਼ਬਦ ਕੋ ਆਪ ਨੇ ਅਨੇਕ ਦ੍ਰਿਸ਼ਟਾਂਤ ਪ੍ਰਮਾਣੋਂ ਸੇ ਸਿਧ ਕੀਆ, ਸੰਖੇਪ ਸੇ ਅਰਥ ਮਾਤ੍ਰ ਈਹਾਂ ਭੀ ਲਿਖਤੇ ਹੈਂ। ਗੁਰੂ ਪਹਿਲੇ ਅਪਨੇ ਸ਼ਿਸ਼ ਕੀ ਬੁਧਿ ਕੋ ਸੁਧਾਰਤੇ ਹੈਂ। ਯਹ ਹੀ ਪ੍ਰਸੰਗ ਸ੍ਰੀ ਗੁਰੂ ਅਰਜਨ ਦੇਵ ਜੀ, ਸੰਗਤ ਕੋ ਸ੍ਰਵਣ ਕਰਾਤੇ ਹੈਂ, ਕਿ ਗੁਰੂ ਸ਼ਰਣ ਸੇ ਪਹਿਲੇ ਬੁਧੀ ਸਤੋ ਗੁਣ ਕਾ ਕਾਰਯ. ਸ੍ਵਛ ਹੋਨੇ ਪਰ ਭੀ ਅਧਮ ਵਿਸ਼ਯੋਂ ਕੇ ਸੰਬੰਧ ਸੇ "ਅਧਮ" ਯਾਨੇ ਨੀਚ ਹੋ ਰਹੀ ਸੀ, ਤਥਾ ਕ੍ਰਾਮ ਕ੍ਰੋਧ ਆਦਿਕੋਂ ਕੇ ਸੰਬੰਧ ਸੇ ਬੁਧੀ ਹਿੰਸਕ ਯਾਨੇ ਚੰਡਾਲੀ ਹੋ ਰਹੀ ਸੀ। ਤਥਾ ਤੀਨ ਗੁਣੋਂ ਕੇ ਸੰਬੰਧ ਸੇ ਤੀਨ ਵਰਣੋਂ ਕੀ ਸੇਵਾ ਕਰਨੇ ਵਾਲੀ ਸੂਦ੍ਰੀ ਹੋ ਰਹੀ ਸੀ, ਭਾਵ ਬੁਧੀ ਤ੍ਰਿਗੁਣਾਤਮਕ ਰਾਜਸੀ ਤਾਮਸੀ ਸਾਤਕੀ ਹੋ ਰਹੀ ਸੀ। ਗੁਰੂ ਸ਼ਰਣ ਮੇਂ ਆਨੇ ਸੇ ਅਰੇ ਭਾਈਓ



ਉਹ ਬੁਧੀ ਸ੍ਰੇਸ਼ਟ ਬਾਹਮਣੀ ਹੋ ਗਈ ਹੈ ਯਾਨੇ ਸਭ ਮੇਂ ਬ੍ਰਹਮ ਦੇਖਨੇ ਵਾਲੀ ਹੋ ਰਹੀ ਹੈ:-

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥** [ਬਿਲਾ: ਮ: ੫ ਸਫਾ ੮੪੬

ਯੇਹ ਗੁਰੂਓਂ ਕਾ ਉਪਕਾਰ, ਤਥਾ-ਗੁਰੂਓਂ ਅੰਤਹਕਰਣ ਸੇ ਤ੍ਰਿਸ਼ਨਾ ਭੀ ਹਟਾਇ ਦਿਤੀ ਜੋ ਤ੍ਰਿਸ਼ਨਾ ਕਿਸੀ ਸੂਰ੍ਤ ਹਟ ਨਹੀਂ ਸਕਤੀ ਸੀ। ਸੋ ਕਹਿਤੇ ਹੈਂ:-

**(ਮੂਲ)-ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥**

ਜੋ ਪਤਾਲ ਕੇ ਔਰ ਅਕਾਸ਼ ਕੇ ਪਦਾਰਥੋਂ ਕੋ ਪਾਕਰ ਭੀ ਤ੍ਰਿਸ਼ਨਾ ਕੇ ਪ੍ਰਭਾਵ ਸੇ ਬੁਧਿ ਸਖਨੀ, ਯਾਨੇ ਖਾਲੀ ਰਹਿਤੀ ਸੀ। ਸੋ ਤ੍ਰਿਸ਼ਨਾ ਖਾਈ ਯਾਨੇ ਪਦਾਰਥੋਂ ਕੀ ਇਛਾ ਬੁਝ ਗਈ ਹੈ। ਜੈਸੇ:-

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ ਕੋਟਿ ਜੋਰ ਲਾਖਿ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥** [ਗਉੜੀ ਮ: ੫ ਸਫਾ ੨੧੩

**ਗੁਰਮਤਿ ਨਗਰੀ ਖੋਜਿ ਖੋਜਾਈ ॥ ਹਰਿ ਹਰਿ ਨਾਮੁ ਪਦਾਰਥੁ ਪਾਈ ॥ ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥ ਤ੍ਰਿਸਨਾ ਅਗਨਿ ਬੁਝੀ ਖਿਨੁ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ ॥** [ਸੂਹੀ ਮ: ੪ ਸਫਾ ੭੩੨

**ਇਹੁ ਮੋਹੁ ਮਾਇਆ ਸਭੁ ਪਸਰਿਆ ਨਾਲਿ ਚਲੈ ਨ ਅੰਤੀ ਵਾਰ ॥ ਬਿਨੁ ਹਰਿ ਸਾਂਤਿ ਨ ਆਵਈ ਕਿਸੁ ਆਗੈ ਕਰੀ ਪੁਕਾਰ ॥ ਵਡਭਾਗੀ ਸਤਿਗੁਰੂ ਪਾਇਆ ਬੂਝਿਆ ਬ੍ਰਹਮੁ ਬੀਚਾਰੁ ॥** [ਸਲੋਕ ਮ: ੩ ਸਫਾ ੧੪੧੬

**ਤ੍ਰਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥**

[ਵਾਰ ਮਾਝ ਮਹਲਾ ੨ ਸਫਾ ੧੩੮

**ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ...ਗੁਰਸਰਣਾਈ ਉਬਰੇ ਨਾਨਕ ਲਏ ਛਡਾਇ ॥** [ਸਲੋਕ ਮ: ੪ ਸਫਾ ੧੪੨੪

**ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥... ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲੁ ॥ ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ**

ਹੋਇ ਦਾਸ ਕੀ ਘਾਲ ॥

[ਧਨਾਸਰੀ ਮ: ੫ ਸਫਾ ੬੮੨

ਤਥਾ ਪ੍ਰਮਾਣ– ਗੁਰ ਬਿਨ ਭਵਨਿਧਿ ਤਰਿਤ ਨ ਕੋਈ ॥ ਜੋ ਬਿਰੰਚ ਸੰਕਰ ਸਮ ਹੋਈ ॥

ਇਸ ਪ੍ਰਕਾਰ ਗੁਰੂਓਂ ਨੇ ਤ੍ਰਿਸ਼ਨਾ ਬੁਝਾ ਦਿਤੀ । ਤਥਾ:–

(ਮੂਲ) ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥

ਸ਼ਰੀਰ ਘਰ ਮੇਂ ਰਹਨੇ ਵਾਲੀਆਂ ਜੋ ਇੰਦ੍ਰਿਆਂ ਰੂਪੀ ਬਿਲੀਆਂ ਸੀਆਂ ਉਨ੍ਹੋਂ ਕੋ ਅਉਰ ਯਾਨੇ ਦੂਸਰੀ ਸਿਖਿਆ ਆਈ ਹੈ । ਭਾਉ ਵਿਸ਼ਿਓਂ ਕੋ ਦੇਖ ਕਰ ਜੋ ਆਗੇ ਵਿਸ਼ਿਓਂ ਮੇਂ ਪ੍ਰਵਿਤਰ ਹੋਤੀਆਂ ਸੀਆਂ ਵੋਹ ਵਿਸ਼ਿਓਂ ਸੇ ਡਰਤੀਆਂ ਹਨ । ਜੈਸੇ ਭਰਥਰੀ ਜੀ ਲਿਖਤੇ ਹੈਂ–' ਇੰਦ੍ਰੀਓਂ ਕੇ ਭੋਗ ਸਾਰੇ ਭਾਰੇ ਰੋਗ ਦੇਨੇ ਹਾਰੇ, ਤਾਂਕੋ ਕੀਜੇ ਹੇਯ ਮਤਿ ਸ੍ਰੇਯ ਪਥ ਤਜ ਰੇ'' ਤਥਾ ਗੁਰੂ ਪ੍ਰਮਾਣ–

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥ ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥

[ਬਿਲਾਵਲ ਮ: ੫ ਸਫਾ ੮੦੨

ਤਥਾ–ਅਬ ਮੈ ਕਹਾ ਕਰਉ ਰੀ ਮਾਈ ॥ ਸਗਲ ਜਨਮ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ ॥

[ਮਾਰੂ ਮ: ੯ ਸਫਾ ੧੦੦੮

ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਨ ਤੇਰੇ ॥ ੧ ॥ ਰਹਾਉ॥ ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥

[ਗਉੜੀ ਮ: ੫ ਸਫਾ ੨੦੫

(ਤਥਾ)–ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ॥

(ਤਥਾ)–ਇਸਦੇਹੀਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

[ਸੋਰਠਿ ਵਾਰ ਮ: ੩ ਸਫਾ ੬੦੦

(ਤਥਾ)–ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥ ਨਾਨਕ ਗੁਰੁ ਤੇ ਥਿਤ ਪਾਈ ਫਿਰ ਨ ਮਿਟੇ ਮਿਟੇ ਨਿਤ ਨਿਤ ॥

[ਗਉੜੀ ਬਾਵਨ ਅਖਰੀ ਮ: ੫ ਸਫਾ ੨੫੮

(ਮੂਲ) ਅਜ ਕੇ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥

[ਆਸਾ ਮ: ੫ ਸਫਾ ੩੮੧



(੧) ਅਜ ਨਾਮ ਆਤਮਾ ਕਾ ਹੈ ਨ ਜਾਯਤੇ-ਇਤਿ ਅਜ । (੨) ਅਜ ਨਾਮ ਬਕਰੇ ਕਾ ਭੀ ਹੈ । (੩) ਅਜ ਨਾਮ ਵਿਚਾਰ ਕਾ ਭੀ ਹੈ । (੪) ਅਜ ਨਾਮ ਬ੍ਰਹਮਾ ਕਾ ਭੀ ਹੈ। ਈਹਾਂ ਮਹਾਂ ਵਾਕ ਵੀਚਾਰ ਰੂਪ "ਬਕਰੇ ਕੇ ਅਧੀਨ" ਗੁਰੂਓਂ ਨੇ ਹੰਕਾਰ ਰੂਪ ਸ਼ੇਰ ਕਰ ਦੀਆ ਹੈ । ਯਾਨੇ ਜੋ ਭੀ ਅਹੰਬ੍ਰਿਤੀ ਉਠਤੀ ਹੈ, ਸੋ ਬ੍ਰਹਮ ਵਿਚਾਰ ਪੂਰਬਕ ਹੋਤੀ ਹੈ। ਯਾਨੇ ਮੈਂ ਅਸੰਗ ਹੂੰ ਪਰੀਪੂਰਣ ਹੂੰ । ਮੂਲ–"ਕੂਕਰ ਤਿਨਹਿ ਲਗਾਈ ਰੇ" ਪ੍ਰਾਣ ਅਪਾਨ ਜੈਸਾ ਬ੍ਰਿਤੀਆਂ ਰੂਪ ਕੁਤੀਆਂ ਜਿਨੋਂ ਕਾ ਬਯਾਨ ਛਾਂਦੋਗਜੋਪਨਿਸ਼ਦ ਮੇਂ ਬਕੋਦਾਲਭਜ ਰਿਸ਼ਿ ਕੇ ਪ੍ਰਸੰਗ ਮੇਂ ਕਹਿ ਆਏ ਹੈਂ ਕਿ ਪ੍ਰਾਣ ਅਪਾਨ ਨੇ ਕੁਤੀਓਂ ਕਾ ਰੂਪ ਧਾਰਾ ਥਾ। ਓਹ ਪ੍ਰਾਨ ਅਪਾਨ ਆਦਿ ਕੁਤੀਆਂ ਯਾਨੇ ਸ੍ਵਾਸ ਰੂਪੀ ਕੁਤੀਆਂ ਗੁਰੂਓਂ ਨੇ ਵਿਚਾਰ ਵਾਲੇ ਪਾਸੇ ਲਾਈਆਂ ਹਨ । ਏਹ ਗੁਰੂਓਂ ਕੀ ਕ੍ਰਿਪਾ ਕਾ ਫਲ ਹੈ । ਸ਼ੰਕਾ–ਅਗਰ ਸਾਰਾ ਦਿਨ ਵਿਚਾਰ ਹੀ ਕਰਤੇ ਹੋਂਗੇ ਤੋ ਉਨ੍ਹੋਂ ਕਾ ਖਾਨ ਪਾਨ ਕੈਸੇ ਸਿਧ ਹੋਗਾ ।

ਉਤਰ–(ਮੂਲ) ਬਾਝ ਥੂਨੀਆਂ ਛਪਰਾ ਥਾਮਿਆ ਨੀਘਰਿਆ ਘਰ ਪਾਇਆ ਰੇ ॥

ਪ੍ਰਵਿਰਤੀ ਤੀਨ ਪ੍ਰਕਾਰ ਸੇ ਹੋਵੇ ਹੈ । ੧. ਰਾਗ ਸੇ, ਜੈਸੇ ਪੁਤ੍ਰਾਦਕੋਂ ਕਾ ਪਾਲਨ ਰਾਗ ਸੇ ਹੋਤਾ ਹੈ ਔਰ ਸ਼ਤ੍ਰ ਆਦਕੋਂ ਕਾ ਨਾਸ਼ ਦ੍ਵੈਸ਼ ਸੇ ਹੋਤਾ ਹੈ, ੨. ਅਗਿਆਨੀ ਕਾ ਸ਼ਰੀਰ ਰੂਪੀ ਛਪਰ ਰਾਗਦ੍ਵੈਸ਼ ਰੂਪੀ ਥੂਨੀਓਂ ਸੇ ਥੰਮਿਆ ਹੂਆ ਹੈ, ਪਰ ਵਿਚਾਰਵਾਨੋਂ ਕਾ ਸ਼ਰੀਰ ਰੂਪੀ ਛਪਰ ਰਾਗ ਦ੍ਵੈਸ਼ ਰੂਪੀ ਥੂਨੀਓਂ ਸੇ ਬਿਨਾਂ, ਕੇਵਲ ਪਰਾਰਬਧ ਸੇ ਥੰਮਿਆ ਹੂਆ ਹੈ, ਔਰ ਗੁਰੂ ਕੀ ਕ੍ਰਿਪਾ ਸੇ ਹਮ ਸ੍ਵਸਰੂਪ ਰੂਪ ਘਰ ਸੇ ਬਿਨਾ ਜੋ ਥੇ ਸੋ ਅਬ "ਘਰ ਪਾਇਆ ਰੇ" । ਅਬ ਸ੍ਵਸਰੂਪ ਮੇਂ, ਰਹਤੇ ਹੂਏ ਕੋ, ਯਮ ਔਰ ਯਮਦੂਤ ਨੇੜੇ ਨਹੀਂ ਆਤੇ, ਨ ਹਿਸਾਬ ਕਿਤਾਬ ਪੂਛਤੇ ਹੈ । ਯੇ ਕਹੇ ਹੈਂ:–

(ਮੂਲ) ਦਾਦੀ ਦਾਦਿ ਨ ਪਹੁਚਨ ਹਾਰਾ ਚੂਪੀ ਨਿਰਨਉ ਪਾਇਆ ਰੇ ॥

ਦਾਦੀ ਨਾਮ ਫਰਿਯਾਦ ਕਰਨੇ ਵਾਲੇ ਜੋ ਯਮਦੂਤ ਹੈਂ, ਵੋਹ ਦਾਦਿ ਨਾਮ ਫਰਿਯਾਦ ਯਾਨੇ ਹਿਸਾਬ ਕਿਤਾਬ, ਹਮਾਰੇ ਸੇ ਪੂਛ ਨਹੀਂ ਸਕਤੇ ਕਿਉਂਕਿ ਹਮ ਨੇ ਸ਼ਾਂਤ ਅਫੁਰ ਵਸਤੂ ਕਾ ਗਿਆਨ ਪਾਇਆ ਹੈ ।

(ਮੂਲ) ਮਾਲਿ ਦੁਲੀਚੇ ਬੈਠੀ ਲੇ ਮਿਰਤਕ ਨੈਨ ਦਿਖਾਲਨ ਧਾਇਆ ਰੇ ॥

ਮ੍ਰਿਤ ਨਾਮ ਮਰਣ ਧਰਮ ਵਾਲੀ ਬੁ[illegible] ਗੁਰੂ ਸ਼ਰਣ ਮੇਂ ਆਨੇ ਸੇ ਪਹਿਲੇ ਸੰਸਾਰ ਕੇ ਪਦਾਰਥ ਸਤ ਸਮਝ ਬੈਠੀ ਸੀ, ਵੋਹ ਅ[illegible] ਐਸੇ ਨਿਸ਼ਚੇ ਕਰਤੀ ਹੈ । "ਨੈਨ ਦਿਖਾਲਨ ਧਾਇਆ ਰੇ" ॥ ਨੇਤ੍ਰੋਂ ਸੇ ਜੋ ਚੀਜ਼ ਦਿਖਾਈ ਆਤੀ ਹੈ ਸੋ ਨਾਸ਼ਵਾਨ ਹੈ । ਗੁਰੂ ਪ੍ਰਮਾਣ–

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥

[ਸਾਰਗ ਮ: ੯ ਸਫਾ ੧੨੩੧

(ਤਥਾ) ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ॥ ਗੋਬਿੰਦ ਭਜਨ ਬਿਨੁ ਹੜ ਕਾ ਜਲੁ ॥

[ਟੋਡੀ ਮ: ੫ ਸਫਾ ੭੧੭

ਇਸ ਪ੍ਰਕਾਰ ਜਗਤ ਮੇਂ ਮਿਥ੍ਯਤ੍ਵ ਦ੍ਰਿਸ਼ਟੀ, ਯੇ ਭੀ ਗੁਰੂ ਕ੍ਰਿਪਾ ਕਾ ਫਲ ਹੈ। (ਸ਼ੰਕਾ) ਤੁਮ ਆਤਮਾ ਕੋ ਜਾਣ ਕਰ ਜਗਤ ਕੋ ਮਿਥਿਆ ਕਹਿਤੇ ਹੋ ਅਥਵਾ ਨ ਜਾਨ ਕਰ ? ਯਦਿ ਕਹੋਗੇ ਮੈਂ ਆਤਮਾ ਕੋ ਜਾਨਤਾ ਹੂੰ ਤੋ ਆਤਮਾ ਗਿਆਨ ਕਾ ਵਿਸ਼ਯ ਹੋ ਜਾਏਗਾ, ਜੋ ਗਿਆਨ ਕਾਂ ਵਿਸ਼ਯ ਹੋਤਾ ਸੋ ਘਟਾਦਕੋਂ ਕੀ ਨਿਆਈਂ ਨਾਸ਼ਵਾਨ ਹੋਤਾ ਹੈ, ਯਦਿ ਕਹੋ ਮੈਂ ਆਤਮਾ ਕੋ ਨਹੀਂ ਜਾਨਤਾ ਤੋ ਆਤਮਾ ਅਗਿਆਨ ਕਾ ਵਿਸ਼ਯ ਹੋਵੇਗਾ। (ਸਮਾਧਾਨ)–

**ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥**

[ਆਸਾ ਮ: ੫ ਸਫਾ ੩੮੨

ਜੋ ਕਹਿਤਾ ਹੈ ਮੈਂ ਬ੍ਰਹਮ ਕੋ ਜਾਨਤਾ ਹੂੰ, ਸੋ ਅਜਾਣ ਹੈ, ਕਿਉਂਕਿ "ਬ੍ਰਹਮ" ਗਿਆਨ ਵਾ ਅਗਿਆਨ ਕਾ ਵਿਸ਼ਯ ਨਹੀਂ, ਬ੍ਰਹਮ ਸਭ ਕੋ ਜਾਨਨੇ ਵਾਲਾ ਹੈ। ਗਿਆਨ ਅਗਿਆਨ ਕੋ ਪ੍ਰਕਾਸ਼ ਕਰਨੇ ਵਾਲਾ ਹੈ। ਸ੍ਵਯੰ ਪ੍ਰਕਾਸ਼ ਰੂਪਤਾ ਕਰਕੇ ਸ੍ਵਤੇ ਸਿਧ ਹੈ। ਸੋ ਕਹਾਂ ਛਿਪਾ ਹੂਆ ਨਹੀਂ ਇਸ ਤ੍ਰਾ ਬਯਾਨ, ਕੇਨ ਉਪਨਿਸ਼ਦ ਮੇਂ ਭੀ ਲਿਖਾ ਹੈ।

**ਯਦਿ ਮਨਯਸੇ ਵੇਦੇਤਿ ਦਭ੍ਰ ਮੇਵਾਪਿ ਨੂਨੰ ਤ੍ਵੰ ਵੇਥ, ਬ੍ਰਹਮਣੋ ਰੂਪੰ ਯਦਸ੍ਯ ਤ੍ਵੰ ਯਦਸ੍ਯ ਦੇਵੇਸ਼੍ਵਥਨੁਮੀਮਾਂ ਸ੍ਯਮੇਵ ਤੇ ਮਨ੍ਯੇ ਵਿਦਿਤੰ ॥**

[ਕੇਨ ਉਪਨਿਸ਼ਦ

ਅਰਥ–ਯਦਿ ਤੂੰ ਐਸਾ ਮਾਨਤਾ ਹੈਂ ਕਿ ਮੈਂ ਅੱਛੀ ਤਰਹ ਜਾਨਤਾ ਹੂੰ, ਤੋ ਨਿਸ਼ਚਯ ਹੀ ਤੂੰ ਬ੍ਰਹਮ ਕਾ ਥੋੜਾ ਸਾ ਹੀ ਰੂਪ ਜਾਨਤਾ ਹੈ। ਇਸਕਾ ਜੋ ਰੂਪ ਤੂੰ ਜਾਨਤਾ ਹੈ। ਔਰ ਇਸਕਾ ਜੋ ਰੂਪ ਦੇਵਤਾਓਂ ਮੇਂ ਵਿਦਿਤ ਹੈ, ਵੋਹ ਭੀ ਅਲਪ ਹੀ ਹੈ। ਅਤ: ਤੇਰੇ ਲੀਏ ਬ੍ਰਹਮ ਵਿਚਾਰਣੀਯ ਹੀ ਹੈ। ਤਬ ਸ਼ਿਸ਼੍ਯ ਨੇ ਏਕਾਂਤ ਦੇਸ਼ ਮੇਂ ਵਿਚਾਰ ਕਰਨੇ ਕੇ ਅਨੰਤਰ ਕਹਾ ਮੈਂ ਬ੍ਰਹਮ ਕੋ ਜਾਣ ਗਿਆ ਐਸਾ ਸਮਝਤਾ ਹੂੰ।

**(ਸ਼ਲੋਕ) ਨਾਹੰ ਮਨਯੇ ਸੁਵੇਦੇਤਿ ਨੋ ਨ ਵੇਦੇਤਿ ਵੇਦ ਚ। ਯੋਨਸ੍ਤਦ੍ਵੇਦ ਤਦ੍ਵੇਦ ਨੋ ਨ ਵੇਦੇਤਿ ਵੇਦ ਚ ॥**

ਅਰਥ–ਮੈਂ ਨ ਤੋ ਯਹ ਮਾਨਤਾ ਹੂੰ ਕਿ ਬ੍ਰਹਮ ਕੋ ਅਛੀ ਤਰ੍ਹਾਂ ਜਾਨ ਗਯਾ ਹੂੰ, ਨ ਯਹੀ ਸਮਝਤਾ ਹੂੰ ਕਿ ਉਸੇ ਨਹੀਂ ਜਾਨਤਾ ਇਸ ਲੀਏ ਮੈਂ ਉਸੇ ਜਾਨਤਾ ਭੀ ਹੂੰ ਔਰ ਨਹੀਂ ਬੀ ਜਾਨਤਾ। ਹਮ ਸ਼ਿਸ਼੍ਯੋਂ ਮੇਂ ਸੇ ਜੋ ਇਸ ਪ੍ਰਕਾਰ ਗਿਆਨ ਕੀ ਵਿਸ਼ਯਤਾ ਸੇ ਤਥਾ ਅਗ੍ਯਾਨ ਕੀ ਵਿਸ਼ਯਤਾ ਸੇ ਭਿੰਨ, ਯਾਨੇ ਉਸੇ ਵਿਦਿਆ ਵਿਦਿਤ ਸੇ ਅਨਯ ਜਾਨਤਾ ਹੈ ਵਹੀ ਜਾਨਤਾ ਹੈ।

**(ਸ਼ਲੋਕ) ਯਸ੍ਯਾਮਤੰ ਤਸ੍ਯਮਤੰ ਮਤੰ ਯਸ੍ਯ ਨ ਵੇਦਸ:। ਅਵਿਗ੍ਯਾਤੰ ਵਿਜਾਨਤਾਂ ਵਿਗਯਾਤਮਵਿਜਾਨਤਾਂ।**



ਅਰਥ–ਬ੍ਰਹਮ ਜਿਸਕੋ ਗਿਆਤ ਨਹੀਂ ਹੈ। ਉਸੀ ਕੋ ਗ੍ਯਾਤ ਹੈ ਔਰ ਜਿਸ ਕੋ ਗ੍ਯਾਤ ਹੈ। ਵੋਹ ਉਸੇ ਨਹੀਂ ਜਾਨਤਾ ਕਿਉਂਕਿ ਵੋਹ ਜਾਨਨੇ ਵਾਲੋਂ ਕੋ ਅਗ੍ਯਾਤ, ਔਰ ਨ ਜਾਨਨੇ ਵਾਲੇ ਕੋ ਗ੍ਯਾਤ ਹੈ, ਕਿਉਂਕਿ ਅਨਯ ਵਸਤੂਓਂ ਕੇ ਸਮਾਨ ਦ੍ਰਿਸ਼੍ਯ ਨ ਹੋਨੇ ਸੇ ਵੋਹ ਵਿਸ਼ਯ ਰੂਪ ਸੇ ਨਹੀਂ ਜਾਨਾ ਜਾ ਸਕਤਾ।

**(ਸ਼ਲੋਕ) ਪ੍ਰਤਿਬੋਧ ਵਿਦਿਤੰ ਮਤਮਮ੍ਰਿਤਤ੍ਵੰਹਿ ਵਿੰਦਤੇ। ਆਤਮਨਾ ਵਿੰਦਤੇ ਵੀਰਯੰ ਵਿਦ੍ਯਯਾ ਵਿੰਦਤੇ ਅੰਮ੍ਰਿਤੰ।**

ਅਰਥ–ਜੋ ਪ੍ਰਤਯੇਕ ਬੋਧ (ਬੋਧ ਪ੍ਰਤੀ ਪ੍ਰਤੀ) ਮੇਂ ਪ੍ਰਤਯਾਗਤਮ ਰੂਪ ਸੇ ਜਾਨਾ ਗਯਾ ਹੈ, ਵੋਹੀ ਬ੍ਰਹਮ ਹੈ ਜੇਹੀ ਉਸ ਕਾ ਗਿਆਨ ਹੈ ਕਿਉਂਕਿ ਉਸ ਬ੍ਰਹਮ ਗਿਆਨ ਸੇ ਅੰਮ੍ਰਿਤਤ੍ਵ ਕੀ ਪ੍ਰਾਪਤੀ ਹੋਤੀ ਹੈ। ਅੰਮ੍ਰਿਤਤ੍ਵ ਅਪਨੇ ਹੀ ਸੇ ਪ੍ਰਾਪਤ ਹੋਤਾ ਹੈ। ਵਿਦਯਾ ਸੇ ਤੋ ਅਗਿਆਨ ਅੰਧਕਾਰ ਕੋ ਨਿਵ੍ਰਿਤ ਕਰਨੇ ਕਾ ਸਾਮਰਥ ਮਿਲਤਾ ਹੈ, ਯੇਹ ਲਾਭ ਭੀ ਗੁਰੂ ਸੇ ਪ੍ਰਾਪਤ ਹੂਆ।

**(ਮੂਲ) ਕਹੁ ਨਾਨਕ ਗੁਰ ਅਮਿਉ ਪੀਆਇਆ ਰਸਕਿਰਸਕਿ ਬਿਗਸਾਨਾ ਰੇ ॥**

ਸਤਿਗੁਰੂ ਨਾਨਕ ਦੇਵ ਜੀ ਕੇ ਸਰੂਪ ਗੁਰੂ ਅਰਜਨ ਦੇਵ ਜੀ ਕਹਿਤੇ ਹੈਂ ਕਿ ਗੁਰੂਓਂ ਨੇ ਸਾਨੂੰ ਨਾਮ ਅੰਮ੍ਰਿਤ ਪਿਲਾਇਆ ਹੈ। ਤਥਾ ਗੁਰੂ ਪ੍ਰਮਾਣ–

**ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥**

[ਬਿਹਾਗੜਾ ਮ: ੪ ਛੰਤ ਸਫਾ ੫੩੮

**ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥ ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥**

[ਸੋਰਠਿ ਮ: ੧ ਸਫਾ ੫੯੮

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

[ਰਾਮਕਲੀ ਅਨੰਦ ਮ: ੩ ਸਫਾ ੯੧੮

ਅੰਮ੍ਰਿਤ ਹੋਰ ਭੀ ਹੈਂ। ਪਰ ਨਾਮ ਅੰਮ੍ਰਿਤ ਸਚਾ ਹੈ ਔਰ ਸਾਰੇ ਝੂਠੇ ਅੰਮ੍ਰਿਤ ਹੈਂ। ਹੋਰ ਪੰਜ ਪ੍ਰਕਾਰ ਕੇ ਅੰਮ੍ਰਿਤ ਕਹੇ ਹੈਂ। ਜੈਸੇ ਲਿਖਾ ਹੈ।

**ਸ਼ਲੋਕ–ਅਵਿਧਊ ਵਿਧਉ ਬਧੂ ਮੁਖੇ ਫਣਿਨਾਂ ਨਿਵਾਸੇ ॥ ਸੁਰਗੇ ਸੁਧਾ ਵਸਤੀ ਵੈ ਵਿਵਿਧਾ ਵਦੰਤਿ ॥**

ਟੀਕਾ–ਏਕ ਅੰਮ੍ਰਿਤ ਸਮੁੰਦ ਮੇਂ ਹੈ । ਦੂਸਰਾ ਚੰਦ੍ਰਮਾ ਮੇਂ ਅੰਮ੍ਰਿਤ । ਤੀਸਰਾ ਇਸਤ੍ਰੀਓਂ ਕੇ ਹੋਠੋਂ ਮੇਂ, ਚਉਥਾ ਪਾਤਾਲ ਮੇਂ ਸਰਪੋਂ ਪਾਸ । ਪੰਜਵਾਂ ਸੁਰਗ ਮੇਂ ਦੇਵਤਾਓਂ ਪਾਸ ਅੰਮ੍ਰਿਤ ਰਹਿਤਾ ਹੈ, ਸਭ ਲੋਕ ਐਸੇ ਕਹਤੇ ਹੈਂ ਪਰੰਤੂ ਇਨ ਮੇਂ ਸਚਾ ਅੰਮ੍ਰਿਤਪਣਾ ਨਹੀਂ ਹੈ । ਕਿਉਂਕਿ ਪ੍ਰਮਾਣ:–

**ਖਯਾਰੰ ਖਯਯੰ ਮ੍ਰਿਤਪਤਿਰ ਵਿਖਮਿੰਦਰ ਨਾਸ਼ਨੰ ॥ ਕੰਠੇ ਸੁਧਾ ਵਸਤਿ ਵੈਭਗਵਤੁ ਜਨਾਨਾਂ ॥**

ਅਗਰ ਸਮੁੰਦਰ ਮੇਂ ਸਚਾ ਅੰਮ੍ਰਿਤ ਹੋਤਾ ਤੋ ਖਾਰਾ ਨਹੀਂ ਹੋਨਾ ਚਾਹੀਏ । ਔਰ ਯਦਿ ਅੰਮ੍ਰਿਤ ਚੰਦ੍ਰਮਾ ਮੇਂ ਹੋਤਾ ਤੋ ਚੰਦ੍ਰਮਾ ਖਯੀ ਰੋਗੀ ਨ ਹੋਤਾ, ਅਗਰ ਇਸਤ੍ਰੀਓਂ ਕੇ ਹੋਠੋਂ ਮੇਂ ਸਚਾ ਅੰਮ੍ਰਿਤ ਹੋਤਾ, ਤੋ ਪਤੀ ਨ ਮਰਨਾ ਚਾਹੀਏ । ਅਗਰ ਪਾਤਾਲ ਮੇਂ ਸਚਾ ਅੰਮ੍ਰਿਤ ਹੋਤਾ ਤੋ ਸਰਪੋਂ ਮੇਂ ਵਿਖ ਨ ਹੋਣੀ ਚਾਹੀਏ, ਅਗਰ ਸੁਰਗ ਮੇਂ ਸਚਾ ਅੰਮ੍ਰਿਤ ਹੋਤਾ ਤੋ ਇੰਦ੍ਰ ਕੋ, ਦੁਖ ਔਰ ਨਾਸ਼ ਨ ਹੋਣਾ ਚਾਹੀਏ । ਇਸ ਵਾਸਤੇ ਯੇ ਸਭ ਨਕਲੀ ਅੰਮ੍ਰਿਤ ਹੈਂ । ਅਸਲ ਅੰਮ੍ਰਿਤ ਮਹਾਤਮਾ ਕੇ ਵਚਨੋਂ ਮੇਂ ਮਹਾਵਾਕ ਰੂਪ ਅੰਮ੍ਰਿਤ ਹੈ । ਓਹ ਅੰਮ੍ਰਿਤ ਗੁਰੂਓਂ ਨੇ ਹਮ ਕੋ ਪਿਲਾਯਾ ਹੈ । ਉਸ ਅੰਮ੍ਰਿਤ ਕੋ ਪੀ ਪੀ ਕਰ ਕ੍ਰਿਤ ਕ੍ਰਿਤ ਹੋ ਗਏ ਹੈਂ । ਐਸੇ ਗੁਰੂਓਂ ਕੇ ਉਪਕਾਰ ਤਥਾ ਫਲ ਕਹਿ ਕਰ ਉਨਕੀ ਸੇਵਾ ਕਰਨਾ ਔਰ ਧੰਨਵਾਦ ਦੇਨਾ ਯਹ ਹੀ ਕ੍ਰਿਤਗਯਤਾ ਹੈ ਜੈਸੇ ਲਿਖਾ ਹੈ–

**ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥ ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥ ੪ ॥ ਸਤਿਗੁਰ ਦੇਉ ਪ੍ਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥ ਨਾਨਕ ਭਾਗ ਭਲੇ ਤਿਸੁ ਜਨਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥** [ਮਲਾਰ ਮ: ੫ ਸਫਾ ੧੨੬੪

**ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸਕੀ ਸੇਵਾ ਤੇ ਹਮ ਹਰਿ ਨਾਮਿ ਲਿਵਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨ ਵੈਰੀ ਮਿਤ੍ਰੁ ਹਮ ਕਉ ਸਭ ਸਮ**



**ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥** [ਵਡਹੰਸ ਵਾਰ ਮ: ੪ ਸਫਾ ੫੯੪

**ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥** [ਗਉੜੀ ਵਾਰ ਮ: ੪ ਸਫਾ ੩੧੦

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥ ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥ ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥ ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ ਕਹਿ ॥ ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥** [ਸਵਈਏ ਮ: ੪ ਸਫਾ ੧੩੯੯

ਤਥਾ–ਭਾਈ ਗੁਰਦਾਸ ਜੀ ਕਹਿਤੇ ਹੈਂ:–

**ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ ॥ ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰਤਰਣੀ ॥ ਧ੍ਰਿਗ ਸਰਵਣ ਉਪਦੇਸ਼ ਵਿਣ ਸੁਣਸੁਰਤਿ ਨ ਧਰਣੀ ॥ ਧ੍ਰਿਗ ਜਿਹਵਾ ਗੁਰ ਸ਼ਬਦ ਵਿਣ ਹੋਰ ਮੰਤ੍ਰ ਸਿਮਰਣੀ ॥ ਵਿਣ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥ ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥** [ਵਾਰ ਭਾ: ਗੁਰਦਾਸ ੧੦

ਕਥਾ–ਯਾਦਵੋਂ ਕੀ ਕੁਲ ਮੇਂ ਏਕ ਦਾਸ ਨਾਮ ਰਾਜਾ ਹੂਆ ਹੈ ਉਸ ਨੇ ਕਾਂਸ਼ੀ ਨਰੇਸ਼ ਕੀ ਪੁਤ੍ਰੀ ਕਲਾਵਤੀ ਸੇ ਵਿਵਾਹ ਕੀਆ, ਜਬ ਰਾਣੀ ਪਾਸ ਗਿਆ ਤਬ ਰਾਣੀ ਨੇ ਕਹਾ, ਤੁਮ ਨੇ ਗੁਰੂ ਧਾਰਣ ਕੀਆ ਹੈ ਕਿ ਨਹੀਂ ? ਅਗਰ ਆਪ ਨੇ ਗੁਰੂ ਧਾਰਨ ਨਹੀਂ ਕੀਆ ਤੋ ਆਪ ਕੇ ਸਾਥ ਹਮਾਰੀ ਪ੍ਰੀਤੀ ਨਹੀਂ ਹੋਗੀ, ਰਾਜਾ ਉਸ ਸੇ ਪ੍ਰੇਮ ਕਰਨੇ ਲਗਾ ਪਰੰਤੂ ਉਸ ਨੇ ਨਹੀਂ ਮਾਨਾ, ਔਰ ਕਹਾ ਕਿ ਐਸੀ ਇਸਤ੍ਰੀ ਸੇ ਪਤੀ ਸਬੰਧ ਨ ਕਰੇ । (੧) ਜੋ ਇਸਤ੍ਰੀ ਰਜਸਵਲਾ ਹੋ, (੨) ਰੋਗਣੀ ਹੋਵੇ ੩) ਗਰਭਵਤੀ (੪) ਕਾਮ ਰਹਿਤ ਯਾਨੇ ਬਾਲ ਬ੍ਰਿਧ ਹੋਵੇ ਔਰ (੫) ਜਿਸਦੀ ਪਤੀ ਸੇ ਪ੍ਰੀਤ ਨ ਹੋਵੇ ਸੋ ਜਬ ਤਕ ਤੁਮ ਗੁਰੂ ਨਹੀਂ ਧਾਰੋਗੇ, ਤਬ ਤਕ ਤੁਮਾਰੀ ਹਮਾਰੀ ਪ੍ਰੀਤ ਨ ਹੋਗੀ, ਕਿਉਂਕਿ ਤੂੰ ਵੇਸ਼ਯਾ ਗਾਮੀ ਅਪਵਿਤ੍ਰ ਹੈਂ, ਮੈਂ ਬ੍ਰਹਮ ਚਾਰਣੀ ਸ਼ੁਧ ਹੂੰ ਤਬ ਰਾਜਾ ਨੇ ਇਸਤ੍ਰੀ ਕੇ ਕਹਿਨੇ ਸੇ ਦੁਰਬਾਸ਼ਾ ਮੁਨੀ ਸੇ ਗੁਰੂ ਦੀਖਿਆ ਲਈ, ਜਾਪ ਕਰ ਸ਼ੁਧ ਹੂਆ, ਤਬ ਉਸਕੀ ਇਸਤ੍ਰੀ ਇਸ ਸੇ ਪ੍ਰੀਤੀ ਕਰਨੇ ਲਗੀ । ਯਹ ਕਥਾ ਸੁਣ

ਕਰ ਬਲਦੇਵ ਹਰਿ ਜੀ ਔਰ ਯਹ ਦਾਸ ਬੜੇ ਗਦਗਦ ਹੂਏ ਤਬ ਦਾਸ ਨੇ ਪੂਛਾ ਯਹ ਸਭ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਮੇਂ ਲਿਖੇ ਹੂਏ ਹੈਂ ਯਾ ਊਪਰ ਸੇ ਬੋਲਤੇ ਹੈਂ ਉਨ੍ਹੋਂ ਨੇ ਕਹਾ ਊਪਰ ਸੇ ਬੋਲ ਰਹੇ ਹੈਂ ਯਹ ਸੁਣ ਕੇ ਮਨ ਮੇਂ ਬੜੀ ਖੁਸ਼ੀ ਹੂਈ ਕਿ ਮਹਾਤਮਾ ਬੜੇ ਵਿਦ੍ਵਾਨ ਹੈਂ, ਔਰ ਸ਼ਰਧਾ ਕਰਕੇ ਸਿੰਧੀ ਬੋਲੀ ਮੇਂ ਸੇ ਸ਼ਬਦ ਪੜ੍ਹਿਆ । ਸਤਿਗੁਰੂ ਮਿਲਿਓ ਵਡਭਾਗੀ' ਇਤਿਆਦੀ ਔਰ ਰਿਦੇ ਮੇਂ ਉਸੀ ਵਕਤ ਗੁਰੂ ਭਾਵਨਾ ਕਰ ਲਈ। ਜਬ ਸਭ ਸੰਗਤ ਚਲੀ ਗਈ ਮਹਾਰਾਜ ਜੀ ਆਪ ਅਪਨੇ ਆਸਨ ਤੇ ਆ ਗਏ । ਹਮ ਦੋਨੋਂ ਯਾਨੇ ਬਲਦੇਵ ਹਰਿ ਔਰ ਦਾਸ ਨੇ ਮਿਲ ਕਰ, ਆਕੇ ਕਬੀਰ ਸਾਹਿਬ ਕੇ ਸ਼ਬਦ ਕਾ ਅਰਥ ਪੂਛਾ :–

**ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥ ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸ ਪੀਉ ॥**

[ਸਲੋਕ ਕਬੀਰ ਸਫਾ ੧੩੬੪

ਆਪ ਨੇ ਇਸਕਾ ਅਰਥ ਵਿਸਤਾਰ ਪੂਰਬਕ ਨਿਰੂਪਣ ਕੀਆ, ਔਰ ਹਮ ਦੋਨੋਂ ਨੇ ਚਿਤ ਮੇਂ ਯਹ ਨਿਸਚੇ ਕੀਆ, ਕਿ ਸਭ ਸਾਧਨੋਂ ਕੋ ਛੋਡ ਕਰ ਗੁਰੂ ਦੁਆਰਾ ਰਾਮ ਨਾਮ ਰਸ ਕੋ ਪੀਓ । ਤਬ ਮੈਨੇ ਔਰ ਬਲਦੇਵ ਹਰਿ ਜੀ ਨੇ ਦੋਨੋਂ ਨੇ ਗੁਰੂ ਬਨਾਨੇ ਕੀ ਆਪ ਕੋ ਪ੍ਰਾਰਥਨਾ ਕੀ ਪਰੰਤੂ ਆਪ ਜੀ ਨੇ ਨਹੀਂ ਮਾਨਾ ਤਬ ਹਮ ਦੋਨੋਂ ਹਰ ਰੋਜ਼ ਸੁਬੇ ਸ਼ਾਮ ਦੋ ਦੋ ਮਾਲਾ ਬਨਾ ਕਰ ਆਨਾ, ਔਰ ਕਥਾ ਰੋਜ਼ ਸੁਣ ਜਾਨਾ ਸੇਵਾ ਕਰ ਜਾਨਾ ਏਕ ਮਾਲਾ ਆਪ ਕੋ ਦੂਸਰੀ ਵਰਤਮਾਨ ਕੇ ਮਹੰਤ ਬਾਬਾ ਧੰਨਾ ਸਿੰਘ ਜੀ ਕੋ, ਪਾ ਦੀਆ ਕਰਤੇ ਥੇ, ਔਰ ਸੰਤੋਂ ਸੇ ਨਿੰਮਰਤਾ ਸੇ ਪ੍ਰਾਰਥਨਾ ਕਰਤੇ ਥੇ ਕਿ ਹਮ ਕੋ, ਮਹਾਰਾਜਾ ਜੀ ਕਾ ਸ਼ਿਸ਼ ਬਣਾ ਦਿਓ ਔਰ ਸ੍ਰੀ ਮਾਨ ਪੰਡਿਤ ਪ੍ਰੇਮ ਸਿੰਘ ਜੀ ਕੋ ਪ੍ਰਾਰਥਨਾ ਕਰੀ । ਓਹ ਆਪ ਕੋ ਪ੍ਰਾਰਥਨਾ ਕਰਤੇ ਥੇ ਪਰੰਤੂ ਆਪ ਜੀ ਮਨ੍ਹਾ ਕਰਤੇ ਭਏ, ਕਿ ਹਮ ਨੇ ਆਗੇ ਨ ਸ਼ਿਸ਼ ਬਣਾਯਾ ਹੈ, ਔਰ ਨ ਬਣਾਏਂਗੇ। ਪਰੰਤੂ ਹਮ ਦੋਨੋਂ ਨੇ ਪੀਛਾ ਨਹੀਂ ਛੋੜਾ। ਉਨ ਦਿਨੋਂ ਸੇ ੨ ਮਾਸ ਪਹਿਲੇ ਚੇਤਨ ਦੇਵ ਕੀ ਕੁਟੀਆ ਮੇਂ ਆ ਕੇ ਰਹੇ ਥੇ, ਔਰ ਮਾਤਾ ਪਿਤਾ ਕੀ ਆਗਿਆ ਲੇਕਰ, ਈਹਾਂ ਗੁਰੂ ਧਾਰਣੇ ਕੀ ਤੀਬਰ ਇੱਛਾ ਸੇ ਆਏ ਥੇ । ਚੇਤਨਦੇਵ ਕੀ ਕੁਟੀਆ ਮੇਂ ਸ੍ਰੀ ਮਾਨ ਪੰ: ਚਿਦਘਨਾਨੰਦ ਸੇ ਆਦਿ ਲੇਕਰ ਸ੍ਰੀ ਸਤਿਗੁਰੂ ਹਰਦਾਸ ਜੀ, ਸੋ ਮੋਨੀ ਅਮਰਦਾਸ ਜੀ ਆਦਿਕ ਬੜੇ ਬੜੇ ਮਹਾਤਮਾਓਂ ਕੀ, ਸੇਵਾ ਤਥਾ ਦਰਸ਼ਨ ਕਰਤੇ ਰਹੇ। ਤਥਾ ਪਾਸ ਕੀ ਛਾਵਨੀ ਮੇਂ ਉਤਰ ਕਾਂਸ਼ੀ ਸੇ ਆਏ ਹੂਏ, ਤਪਸ੍ਵੀ ਮਹਾਰਾਜ ਗੁਰਮੁਖ ਦਾਸ ਜੀ, ਔਰ ਸ੍ਰੀ ਸਵਾਮੀ ਮੰਗਲ ਨਾਥ ਜੀ ਆਏ ਹੂਏ ਥੇ ਉਨ੍ਹੋਂ ਕੇ ਭੀ ਦਰਸ਼ਨ ਕਰੇ, ਵਾਰਤਾਲਾਪ ਕੀਆ । ਫੇਰ ਸੁਆਮੀ ਕੇਸ਼ਵਾ ਨੰਦ ਜੀ ਕੇ ਦਰਸ਼ਨ ਕਰੇ, ਔਰ ਸਵਾਮੀ ਕਵਲ ਦਾਸ ਜੀ ਕੇ, ਤਥਾ ਉਨ ਕੇ ਸਾਥ ਸਭ ਸੰਤੋਂ ਕੇ ਦਰਸ਼ਨ ਕਰੇ । ਸੂਰਤ ਗਿਰਿ ਕੇ ਬੰਗਲੇ ਮੇਂ ਬੜੇ ਬੜੇ ਸੰਨਿਆਸੀ ਮਹਾਤਮਾ ਦੇਖੇ, ਪਰੰਤੂ ਕਹੀਂ ਮੇਲ ਨਹੀਂ ਬਣਾ । ਈਹਾਂ ਕੁਟੀਆ ਮੇਂ ਭੀ ਸਭ ਸੰਤ ਦੇਖੇ, ਪਰ



ਸ਼ਰਧਾ ਨਹੀਂ ਬਣੀ । ਆਪ ਕੇ ਉਪਰ ਚਿਤ ਕੀ ਸ਼ਰਧਾ ਬੜ ਗਈ, ਔਰ ਇਸ ਦਾਸ ਨੇ ਜ਼ਿਆਦਾ ਖਿਚੀ ਕਰੀ । ਕਭੀ ਕਭੀ ਬਲਦੇਵ ਹਰਿ ਨਾ ਭੀ ਆਤੇ, ਤੋ ਯਹ ਦਾਸ ਨਿਯਮ ਸੇ ਆਤਾ, ਔਰ ਪ੍ਰਾਰਥਨਾ ਤਥਾ ਸੇਵਾ ਕਰ ਜਾਤਾ। ਏਕ ਦਿਨ ਆਪ ਨੇ ਪ੍ਰਸੰਨ ਹੋਕੇ ਪੂਛਾ ਤੁਮ ਦੋਨੋਂ ਘਰ ਸੇ ਭਾਗ ਤੋ ਨਹੀਂ ਆਏ ? ਦੋਨੋਂ ਨੇ ਪ੍ਰਾਰਥਨਾ ਸੇ ਕਹਾ ਕਿ ਨਹੀਂ, ਆਪ ਹਮਾਰੇ ਮਾਤਾ ਪਿਤਾ ਕਾ ਪਤ੍ਰ ਮੰਗਾ ਲੇਵੇਂ, ਸਭ ਪ੍ਰਕਾਰ ਸੇ ਤਸੱਲੀ ਕਰ ਲੇਵੇਂ, ਪਰੰਤੂ ਸ਼ਿਸ਼ ਜ਼ਰੂਰ ਬਣਾਏਂ । ਤਬ ਆਪ ਨੇ ਇਨ ਦਾਸੋਂ ਸੇ ਕਹਾ ਕਿ ਅਪਨੇ ਜਨਮ ਕਾ ਸਭ ਹਾਲ ਸੁਨਾਓ, ਤਬ ਪਹਿਲੇ ਬਲਦੇਵ ਹਰੀ ਜੀ ਅਪਨਾ ਹਾਲ ਸੁਨਾਨੇ ਲਗੇ ਕਿ ਮੇਰੇ ਪਿਤਾ ਕਾ ਨਾਮ ਨੇਭੂ ਮਲ ਹੈ, ਮਾਤਾ ਕਾ ਨਾਮ ਕੁੰਦਨ ਬਾਈ ਹੈ। ਮੈਂ ਉਨਕਾ ਬੜਾ ਲੜਕਾ ਹੂੰ, ਇਕ ਮੇਰਾ ਹੋਰ ਛੋਟਾ ਭਾਈ ਚਾਂਡੂਮਲ ਨਾਮ ਕਾ ਹੈ ਮੇਰਾ ਜਨਮ ਸੰਮਤ ੧੯੪੧ ਵੈਸਾਖ ਸੁਕਲ ਪਖ ਨਵਮੀ ਕਾ ਹੈ । ਵਿਦਿਆ ਪੜ੍ਹਤੇ ਔਰ ਦੁਕਾਨ ਕਾ ਕਾਮ ਕਰਤੇ ਕਰਤੇ ਵੈਰਾਗ ਹੂਆ । ਮਾਤਾ ਪਿਤਾ ਨੇ ਬਚਪਨ ਮੇਂ ਸ਼ਾਦੀ ਕਰਾ ਦੀ ਥੀ, ਵੋਹ ਭੀ ਮਰ ਗਈ ਹੈ। ਅਬ ਆਪ ਕੇ ਚਰਨੋਂ ਮੇਂ ਆਇਆ ਹੂੰ, ਯਹ ਭੀ ਹਮਾਰੇ ਚਾਚੇ ਕਾ ਲੜਕਾ ਹੈ, ਔਰ ਹਮਾਰੀ ਦੋਨੋਂ ਕੀ ਮਾਤਾ ਸਕੀਆਂ ਭੈਣਾਂ ਹੈਂ । ਹਮਾਰਾ ਜਨਮ ਬਹਿਲਾਣੀ ਕਾ ਹੈ । ਹਲਾਣੀ ਬਹਿਲਾਣੀ ਪਾਸ ਪਾਸ ਕੱਠੇ ਦੋ ਗ੍ਰਾਮ ਹੈਂ, ਦੋਨੋਂ ਕੇ ਬੀਚ ਮੇਂ ਸੰਤੋਂ ਕਾ ਏਕ ਪ੍ਰਸਿਧ ਅਸਥਾਨ ਹੈ, ਵਹਾਂ ਸੇ ਅਬ ਆਪ ਕੀ ਸ਼ਰਣ ਮੇਂ ਹਮ ਦੋਨੋਂ ਆਏ ਹੈਂ, ਅਪਨੇ ਚਰਨੋਂ ਮੇਂ ਰਖ ਕਰ ਮੁਕਤ ਕਰੋ, ਤਬ ਆਪਨੇ ਦਾਸ ਸੇ ਭੀ ਪੂਛਾ ਇਸ ਦਾਸ ਨੇ ਭੀ ਅਪਨਾ ਹਾਲ ਸੁਨਾਇਆ ਔਰ ਕਹਾ ਮੇਰੇ ਪਿਤਾ ਕਾ ਨਾਮ ਸਖਰ ਮਲ ਹੈ ਔਰ ਮਾਤਾ ਕਾ ਨਾਮ ਰਾਮੁਲ ਬਾਈ ਹੈ, ਪਿਤਾ ਕੇ ਭਾਈ ਕਾ ਨਾਮ ਕੀਰਤਮੱਲ ਹੈ ਮੇਰੇ ਹੋਰ ਦੋ ਭਾਈ ਹੈਂ ਬੜਾ ਜੋਤਮਲ ਔਰ ਛੋਟਾ ਠਾਕੁਰਦਾਸ* ਹੈ ਔਰ ਮੈਂ ਵਿਚਲਾ ਹੂੰ। ਇਸ ਦਾਸ ਕਾ ਮਾਘ ਸੁਦੀ ਸੁਕਲ ਨੌਮੀ ਐਤਵਾਰ ੧੯੪੪ ਕੋ ਜਨਮ ਹੂਆ ਹੈ ੧੮-੧੯ ਵਰਸ਼ ਦੀ ਆਯੂ ਤਕ ਸਕੂਲ ਮੇਂ ਪੜ੍ਹਤਾ ਰਹਾ। ਅੰਗਰੇਜ਼ੀ ਪੜ੍ਹਤੇ ਪੜ੍ਹਤੇ ਵਹਾਂ ਸਕੂਲ ਮੇਂ ਹੀ ਵੈਰਾਗ ਹੂਆ। ਸਕੂਲ ਛੋਡ ਕਰ ਕੁਛ ਦਿਨ ਮੋਨ ਰਹਾ ਔਰ ਕੁਛ ਵਕਤ ਮਹਾਤਮਾ ਕੇ ਪਾਸ, ਵੇਦਾਂਤ ਕੇ ਛੋਟੇ ਛੋਟੇ ਪੁਸਤਕ ਵੀਚਾਰ ਸਾਗਰ ਤਕ ਪੜ੍ਹਤਾ ਰਹਾ ਫੇਰ ਕੁਛ ਵਕਤ ਜਪ ਤਪ ਨਿਯਮਾਦਿ ਕਰਤਾ ਰਹਾ, ਐਸੇ ਦੋ ਬਰਸ ਨਿਕਲ ਗਏ। ਫਿਰ ਗੁਰੂ ਧਾਰਣ ਕੀ ਤੀਬਰ ਇਛਾ ਹੂਈ, ਔਰ ਕਰਾਚੀ ਸੇ ਏਕ ਮਿਤ੍ਰ ਪੰਨਾ ਲਾਲ ਜੀ ਕੇ ਸਾਥ, ਮਾਤਾ ਪਿਤਾ ਕੇ ਪੂਛੇ ਬਿਨਾਂ ਹੀ ਚਲਾ ਗਯਾ । ਓਹ ਮਿਤ੍ਰ ਸਰਬਦਾ ਕਾਲ ਮੇਰੇ ਅਨੁਕੂਲ ਰਹਿਤਾ ਸੀ ਔਰ ਸੁਖੀ ਰਖਤਾ ਸੀ। ਫੇਰ ਅਜਮੇਰ ਪੁਸ਼ਕਰ ਰਾਜ ਆਏ। ਵਹਾਂ ਬ੍ਰਹਮਾਨੰਦ ਆਦਿ ਮਹਾਤਮਾਓਂ ਕੇ ਦਰਸ਼ਨ ਕਰੇ, ਕੁਛ ਕਾਲ ਰਹਿ ਕਰ ਵਹਾਂ ਸੇ ਰਸਤੇ ਮੇਂ ਬੜੇ ਬੜੇ ਸ਼ਹਿਰ ਦੇਖਤੇ ਹੂਏ ਬੰਬਈ ਪਹੁੰਚੇ । ਵਹਾਂ ਮਹੀਨਾ ਰਹਿ ਕਰ ਸਭ ਦਰਸ਼ਨ ਪਰਸ਼ਨ ਕਰ, ਗੁਰੂ ਕੀ ਤਲਾਸ਼ ਕਰੀ ਪਰ ਮਿਲੇ ਨਹੀਂ । ਆਖਿਰ ਘੂਮਤੇ ਘੂਮਤੇ ਨਰਬਦਾ ਕੇ ਤੀਰੇ ਜਬਲ ਪੁਰ ਪਹੁੰਚੇ, ਔਰ ਮਹੀਨਾ ਭਰ ਰਹੇ ਔਰ ਦਰਸ਼ਨ ਪਰਸ਼ਨ ਕਰਤੇ ਰਹੇ । ਫੇਰ ਸੁਨਾ ਗੋਦਾਵਰੀ ਕੇ ਕੁੰਭ ਪਰ ਬਹੁਤ ਮਹਾਤਮਾ ਆਏਂਗੇ, ਕਰੀਬ ੬ ਮਹੀਨੇ ਕੀ ਅਭੀ ਦੇਰੀ ਹੈ।

*ਠਾਕੁਰਦਾਸ ਕੇ ਜੀਵਨ ਚਰਿਤ੍ਰ ਭੀ ਸਲੋਕ ਛਪਨੇ ਵਾਲੇ ਹੈ ।

ਪੈਸੇ ਕੇ ਮੁਕਨੇ ਪਰ ਹਮ ਦੋਨੋਂ ਨੇ, ਦੇਵਲਾਲੀ ਛਾਵਣੀ ਮੇਂ ਅੰਗਰੇਜ਼ੀ ਸ਼ਾਪ ਪਰ ਨੌਕਰੀ ਕਰੀ। ਕੁੰਭ ਤਕ ਨੌਕਰੀ ਕਰਕੇ ਕੁੰਭ ਪਰ ਆਏ, ਔਰ ਅਨੇਕ ਸੰਤ ਮਹਾਤਮਾਓਂ ਕੇ ਦਰਸ਼ਨ ਕੀਏ ਉਸਕੇ ਬਾਦ ਏਕ ਮਹੀਨਾ ਨਾਸਿਕ ਔਰ ਤ੍ਰਿਅੰਬੁਕ ਨਾਥ ਰਹੇ ਔਰ ਮਹਾਤਮਾਓਂ ਕੇ ਘੂਮ ੨ ਕਰ ਦਰਸ਼ਨ ਕਰੇ, ਪਰੰਤੂ ਕਿਸੀ ਕੇ ਸਾਥ ਚਿਤ ਨਹੀਂ ਮਿਲਾ, ਕੁਛ ਮਿਲਾ ਭੀ ਤੋ ਫਿਰ ਸ਼ਰਧਾ ਟੂਟ ਗਈ, ਸਾਧੂ ਨਾ ਹੂਆ। ਔਰ ਘਰ ਸੇ ਮਾਤਾ ਪਿਤਾ ਕੇ ਪਤ੍ਰ ਬਹੁਤ ਆਏ, ਕਿ ਇਕ ਵਾਰ ਦਰਸ਼ਨ ਦੇਕੇ ਫਿਰ ਚਲਾ ਜਾ ਕਿਉਂਕਿ ਮਾਤਾ ਪਿਤਾ ਨੇ ਜੋਤਸ਼ੀ ਪੰਡਿਤ ਤੋਲਾਰਾਮ ਕੋ ਜਨਮ ਪਤ੍ਰ ਦਿਖਾਯਾ, ਔਰ ਉਨ੍ਹੋਂ ਨੇ ਕਹਾ ਕਿ ਯਹ ਸਾਧੂ ਹੋ ਜਾਏਗਾ, ਔਰ ਕਿਸੀ ਬ੍ਰਹਮ-ਵੇਤਾ ਕੀ ਸ਼ਰਣ ਲੇਗਾ, ਰੋਕਨਾ ਨਹੀਂ। ਮਾਤਾ ਪਿਤਾ ਕੇ ਪਤਰੋਂ ਸੇ ਮੈਂ ਵਾਪਸ ਆ ਗਯਾ ਔਰ ਵਹਾਂ ਅਠ ਮਹੀਨੇ ਮਹਾਤਮਾਓਂ ਕੇ ਪਾਸ ਰਹਿ ਕਰ, ਯੋਗ ਵਸ਼ਿਸ਼ ਗ੍ਰੰਥ ਕਾ ਬਹੁਤ ਅਭਿਆਸ ਕਰਾ ਉਸ ਵਕਤ ਸ੍ਵਾਮੀ ਬਲਦੇਵ ਹਰੀ ਜੀ ਕੋ ਭੀ ਵੈਰਾਗ ਬਹੁਤ ਹੂਆ। ਫੇਰ ਮਾਤਾ ਪਿਤਾ ਸੇ ਆਗਿਆ ਤਥਾ ਛੇ ਮਹੀਨੇ ਕਾ ਖਰਚ ਲੇਕਰ, ਹਰਿਦੁਆਰ ਆਨੇ ਕਾ ਖਿਆਲ ਕਰਾ। ਮਾਤਾਓਂ ਨੇ ਸ੍ਰੀ ਅੰਮ੍ਰਿਤਸਰ ਕੇ ਹਰਿਮੰਦਰ ਜੀ ਵਾਸਤੇ ਤਥਾ ਅਕਾਲ ਤਖਤ, ਔਰ ਬਾਬਾ ਅਟਲ ਵਾਸਤੇ ਸੋਨਾ ਵਗੈਰਾ ਦੀਆ, ਓਹ ਅੰਮ੍ਰਿਤਸਰ ਆਕੇ ਵਹਾਂ ੨ ਚੜ੍ਹਾ ਕਰ ੩–੪ ਦਿਨ ਰਹਿ ਕਰ ਅਪਨੇ ਭਾਈ ਸਾਥ ਹਰਿਦੁਆਰ ਪਹੁੰਚੇ। ਦੋ ਮਹੀਨੇ ਹੋ ਗਏ ਹੈਂ ਚੇਤਨ ਦੇਵ ਕੀ ਕੁਟੀਆ ਮੇਂ ਰਹਿਤੇ, ਅਬ ਆਪਕੀ ਸ਼ਰਣ ਮੇਂ ਆਏ ਹੈਂ ਆਪ ਕ੍ਰਿਪਾ ਕਰਕੇ ਸ਼ਿਸ਼ ਬਣਾਏਂ। ਪਰੰਤੂ ਆਪ ਨੇ ਫੇਰ ਭੀ ਨ ਮਾਨਾ ਸ੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਕੇ ਕਹਿਨੇ ਪਰ, ਆਪ ਨੇ ਸ਼ਿਸ਼ ਬਨਾਨਾ ਕੁਛ ਸ੍ਵੀਕਾਰ ਕੀਆ, ਫੇਰ ਅਸੂ ਕੇ ਪਹਿਲੇ ਨਵਰਾਤ੍ਰੇ ਏਕਮ ਕੇ ਦਿਨ ਆਪ ਸ੍ਰੀ ਅੰਮ੍ਰਿਤਸਰ ਜਾਨੇ ਲਗੇ, ਤਬ ਪੰ: ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੋਂ ਨੇ ਬੜੀਆਂ ਮੁਸ਼ਕਲਾਂ ਨਾਲ, ਮਨਾਕੇ ਆਪ ਜੀ ਤੋਂ ਹਾਂ ਕਰਵਾ ਦਿਤੀ। ਤਬ ਉਸੀ ਦਿਨ ਆਪ ਨੇ ਚਰਨ ਧੋਕੇ ਪਿਲਾਏ, ਔਰ ਗੁਰ ਮੰਤਰ ਦੀਆ। ਨਾਮ ਸਲੋਕ ਪੜ੍ਹ ਕਰ ਰਖਾ "ਹਰਿਦੇਵ ਹਰਿ ਬਲਦੇਵ ਹਰਿ ਹਰਤੋ ਭਨਤੰ ਨਹੀ ਭਿਨਤਨੁ"। ਫੇਰ ਪੰ: ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੋਂ ਕੇ ਪਾਸ ਹਮ ਦੋਨੋਂ ਕੋ ਛੋੜ ਗਏ, ਔਰ ਕਹਿ ਗਏ ਜਬ ਤਕ ਹਮ ਨ ਆਵੇਂ, ਤਬ ਤਕ ਈਹਾਂ ਹੀ ਰਹਿਨਾ। ਆਪ ਉਸੀ ਦਿਨ ਪੰਜ ਚਾਰ ਸੰਤੋਂ ਕੋ ਸਾਥ ਲੇਕਰ ਸ੍ਰੀ ਅੰਮ੍ਰਿਤਸਰ ਚਲੇ ਗਏ। ੨ ਮਹੀਨੇ ਬਾਦ ਅੰਮ੍ਰਿਤਸਰ ਤਥਾ ਨਨਕਾਣਾ ਸਾਹਿਬ ਹੋ ਕੇ ਆਪ ਈਹਾਂ ਆ ਗਏ ਤਥਾ ਆਪ ਸੇ ਪਹਿਲੇ ਦੀਪਮਾਲਾ ਸੇ ਭੀ ਇਕ ਦਿਨ ਪਹਿਲੇ, ਸ੍ਰੀ ੧੦੮ ਪੰ: ਈਸ਼ਰ ਸਿੰਘ ਜੀ ਤਥਾ ਸ੍ਰੀ ਮਾਨ ਮੋਨੀ ਜੀ, ਤਥਾ ਸ੍ਰੀ ਮਾਨ ਸਵਾਮੀ ਹੀਰਾ ਲਾਲ ਜੀ ਆ ਗਏ ਥੇ, ਔਰ ਆਪ ਕਾ ਸ਼ਿਸ਼ ਜਾਣਕੇ, ਬੜਾ ਪ੍ਰੇਮ ਕਰਨੇ ਲਗੇ। ਤਥਾ ਸ੍ਰੀ ਮਾਨ ਸੰਤ ਲਹਿਣਾ ਸਿੰਘ, ਯਾਨੇ ਗੁਰੂ ਜੀ ਉਤਰ ਕਾਂਸ਼ੀ ਸੇ ਆਏ, ਵੋਹ ਭੀ ਆਪ ਕਾ ਸ਼ਿਸ਼ ਜਾਣਕੇ ਬੜਾ ਪ੍ਰੇਮ ਕਰਤੇ ਥੇ। ਫੇਰ ਆਪ ਸਭ ਮਹਾਤਮਾਓਂ ਕੇ ਸਾਥ ਆਏ, ਥੋੜੇ ਦਿਨ ਕਨਖਲ ਰਹਿ ਕਰ ਹਮ ਦੋਨੋਂ ਕੋ ਭੀ ਸਾਥ ਲੇਕਰ ਰਿਸ਼ੀਕੇਸ਼ ਪਹੁੰਚੇ। ਰਿਸ਼ੀਕੇਸ਼ ਮੇਂ ਰਹਿ ਕਰ ਹਮ ਦੋਨੋਂ ਆਪ ਕੀ ਸੇਵਾ ਕਰਤੇ ਥੇ ਔਰ ਵਿਦਿਆ ਪੜ੍ਹਤੇ ਥੇ, ਝਾੜੀ ਕੇ ਮਹਾਤਮਾਓਂ ਕੇ ਦਰਸ਼ਨ ਕਰਤੇ ਥੇ ਔਰ ਉਸੀ ਸੰਮਤ ਮੇਂ, ਆਪ ਕੇ ਮਿਤ੍ਰ ਸ੍ਰੀ ਮਾਨ ੧੦੮ ਤਪਸ੍ਵੀ ਗੁਰਮੁਖ



ਦਾਸ ਜੀ ਕਾ ਮਾਘ ਮੇਂ ਸ਼ਰੀਰ ਛੂਟ ਗਯਾ, ਜੋ ਆਪ ਕੇ ਪਰਮ ਮਿਤ੍ਰ ਥੇ। ਫੇਰ ੧੯੬੭ ਵੈਸਾਖ "ਅਖਯਯ" ਤ੍ਰਿਤੀਯਾ ਕੀ ਰਾਤ ਕੇ ੧੨ ਬਜੇ ਸ੍ਰੀ ਮਾਨ ੧੦੮ ਪੰ: ਬ੍ਰਿਧ ਈਸ਼ਰ ਸਿੰਘ ਜੀ ਕਾ ਸ਼ਰੀਰ ਸ਼ਾਂਤ ਹੂਆ, ਔਰ ਚਤੁਰਥੀ ਕੇ ਦਿਨ ਬੜੇ ਧੂਮ ਧਾਮ ਸੇ ਮਾਯਾ ਕੁੰਡ ਪਰ, ਜਲ ਪਰਵਾਹ ਕੀਆ। ਉਨ ਕੇ ਪੀਛੇ ਕਿਤਨੇ ਹੀ ਭੰਡਾਰੇ ਪਾਠ ਕਰਾਏ ਗਏ। ਉਸ ਵਕਤ ਭਗਤ ਟੇਕ ਚੰਦ ਜੀ, ਤਥਾ ਬਲਦੇਵ ਹਰਿ ਕੀ ਮਾਤਾ ਤਥਾ ਬਾਵਾ ਭਗਤਾ ਨੰਦ ਜੀ, ਟਹਿਲ ਰਾਮ ਆਦਿ ਬਹਿਲਾਣੀ ਕੇ ਪ੍ਰੇਮੀ ਭੀ ਆਏ ਹੂਏ ਥੇ, ਔਰ ਆਪ ਨੇ ਅੰਮ੍ਰਿਤ ਛਕਾਨੇ ਕਾ ਹਮ ਦੋਨੋਂ ਕੋ ਖਿਆਲ ਕਰਾ, ਔਰ ਭਗਤ ਟੇਕ ਚੰਦ ਸੇ ਖਰਚ ਕਰਾ ਕਰ ਅੰਮ੍ਰਿਤ ਨਿਰਮਲ ਆਸ਼੍ਰਮ ਮੇਂ ਛਕਾਯਾ, ਔਰ ਬਲਦੇਵ ਹਰਿ ਜੀ ਕੀ ਮਾਤਾ ਨੇ ਉਨ ਕੋ ਲੇ ਜਾਨੇ ਕੋ ਬਹੁਤ ਕਹਾ, ਪਰੰਤੂ ਉਨ੍ਹੋਂ ਨੇ ਜਵਾਬ ਦੇ ਦੀਆ। ਫੇਰ ਉਨ ਹੀ ਦਿਨੋਂ ਮੇਂ ਆਪ ਜੀ ਹਮ ਦੋਨੋਂ ਕੋ ਸਾਥ ਲੇ ਕੇ ਗੁਰੂ ਜੀ ਕੇ ਸਾਥ ਉਤਰ ਕਾਂਸ਼ੀ ਚਲੇ ਗਏ। ਔਰ ਵਹਾਂ ਅਧਿਕ ਬਰਸਾਤ ਪੜਨੇ ਸੇ ਗੰਗਾ ਬਹੁਤ ਚੜ੍ਹੀ ਔਰ ਰਿਸ਼ੀਕੇਸ਼ ਮੇਂ ਝਾੜੀ ਕੋ ਚਾਰੋਂ ਓਰ ਗੰਗਾ ਨੇ ਘੇਰ ਲੀਆ, ਬਹੁਤ ਕੁਟੀਆਏਂ ਬਹਿ ਗਈਂ। ਯੇ ੧੯੬੭ ਕਾ ਝਾੜੀ ਕੋ ਡੁਬਾਨੇ ਵਾਲਾ ਪਹਿਲਾ ਹੀ ਹੜ੍ਹ ਥਾ। ਆਪ ਨੇ ਉਤਰ ਕਾਂਸ਼ੀ ਮੇਂ ਹਮ ਦੋਨੋਂ ਕੋ, ਬ੍ਰਿਧ ਸ੍ਰੀ ੧੦੮ ਬਾਬਾ ਕਾਨ੍ਹ ਸਿੰਘ ਜੀ ਕੇ ਦਰਸ਼ਨ ਕਰਾਏ, ਉਨ੍ਹੋਂ ਨੇ ਹਮ ਕੋ ਯੇਹ ਦੋ ਅਖਰ ਯਾਦ ਕਰਾਏ। "ਭਲਾ" "ਭੁਲਾ"। ਔਰ ਕਭੀ ਕਭੀ ਹਮ ਦੋਨੋਂ ਬ੍ਰਿਧੋਂ ਕੇ ਭਿਖਯਾ ਮਾਂਗਨੇ ਵਾਲੇ ਗਾਵੋਂ ਸੇ, ਤਿਲੋਰ ਔਰ ਜਸ ਪੁਰ ਸੇ ਭਿਖਿਆ ਲਿਆ ਕਰ ਖਿਲਾਕੇ ਫੇਰ ਖਾਤੇ ਥੇ। ਅਬ ਅਸੂ ਕੇ ਮਹੀਨੇ ਮੇਂ ਆਪ ਕੋ ਕਪੜੇ ਰੰਗਣੇ ਵਾਸਤੇ ਬਹੁਤ ਕਹਾ ਆਪ ਨੇ ਸ੍ਵੀਕਾਰ ਕਰ ਲੀਆ। ਤਬ ਹਮ ਨੇ ਅਪਨੇ ਮਾਤਾਓਂ ਸੇ ੨੦) ਰੁਪਏ ਮੰਗਾਏ, ਆਪ ਨੇ ਸੰਤੋਂ ਕੋ ਭੰਡਾਰਾ ਖਿਲਾ ਕੇ, ਸ਼ਾਂਤਿ ਮੰਤ੍ਰ ਕਾ ਪਾਠ ਕਰਵਾਕੇ, ਹਮ ਕੋ ਭਗਵੇ ਕਪੜੇ ਪਹਿਨਾਏ, ਔਰ ਇਸ ਦਾਸ ਸੇ ਵੀਚਾਰ ਸਾਗਰ ਰਾਤ੍ਰੀ ਕੋ ਅੰਧੇਰੇ ਮੇਂ ਕੰਠ ਸੇ ਸੁਨਾ ਕਰਤੇ ਥੇ ਜਹਾਂ ਭੂਲ ਜਾਤਾ ਥਾ ਵਹਾਂ ਆਪ ਬਤਾਤੇ ਥੇ, ਇਸ ਪ੍ਰਕਾਰ ਅਸੂ ਕਾ ਦੁਸਹਿਰਾ ਕਰ, ਨੀਚੇ ਰਿਸ਼ੀਕੇਸ਼ ਆ ਗਏ ਔਰ ਸਭ ਸੰਤੋਂ ਕੇ ਸਾਥ ਹਮ ਕੋ, ਵੇਦਾਂਤ ਕੇ ਪੁਸਤਕ ਪੜ੍ਹਾਤੇ ਥੇ, ਔਰ ਲਘੁਕੌਮੁਦੀ ਭੀ ਸ਼ੁਰੂ ਕਰਾ ਦਿਤੀ। ਇਸ ਪ੍ਰਕਾਰ ਦੋ ਤੀਨ ਸਾਲ ਮੇਂ ਹਮ ਦੋਨੋਂ ਕੋ ਆਪ ਨੇ ਬਹੁਤ ਗ੍ਰੰਥ ਪੜ੍ਹਾ ਦੀਏ, ਉਪਨਿਸ਼ਦਾਂ ਸ਼ੰਕਰਾ ਨਦੀ ਗੀਤਾ, ਪੰਚ ਦਸ਼ੀ ਸੰਸਕ੍ਰਿਤ ਔਰ ਭਾਸ਼ਾ ਕੇ ਗ੍ਰੰਥ, ਅਛੀ ਤਰਹ ਪੜ੍ਹਾਏ। ਫੇਰ ਇਸ ਦਾਸ ਨੇ ਔਰ ਸੰਤ ਲਛਮਨ ਸਿੰਘ ਆਦਿਕ ਸੰਤੋਂ ਨੇ ਬਹੁਤ ਪ੍ਰਾਰਥਨਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਸੰਥਾ ਆਪ ਸੇ ਸ਼ੁਰੂ ਕਰਾ ਦਿਤੀ, ਉਸੀ ਸਾਲ ਕਿਸੀ ਨਿਮਿਤ ਸੇ ਝਾੜੀ ਕੋ ਅਗਨੀ ਲਗ ਗਈ, ਤਬ ਸਰਦਾਰ ਦਯਾਲ ਸਿੰਘ ਜੀ ਨੇ ਆਪ ਕੋ, ਅੰਮ੍ਰਿਤਸਰ ਆਨੇ ਵਾਸਤੇ ਕਿਰਾਯਾ ਦੇਕਰ ਭਾਈ ਮੂਲ ਸਿੰਘ ਕੋ ਭੇਜਾ। ਉਹ ਇਕ ਵਾਰ ਲੌਟ ਗਏ ਔਰ ਫਿਰ ਭੇਜਾ, ਫਿਰ ਦੂਸਰੀ ਵਾਰ ਆ ਕੇ ਆਪ ਕੋ ੧੧ ਮੂਰਤੀ ਸਮੇਤ ਸ੍ਰੀ ਅੰਮ੍ਰਿਤਸਰ ਲੇ ਆਏ। ਵਹਾਂ ਪੰਜ ਮਹੀਨੇ ਰਹਿ ਕਰ ਸੰਮਤ ੧੯੬੯ ਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਾ, ਅੰਮ੍ਰਿਤਸਰ ਔਰ ਤਰਨ ਤਾਰਨ ਕੇ

ਗੁਣੀ ਗਿਆਨੀਓਂ ਔਰ ਸੰਗਤ ਮੇਂ ਕਥਾ ਕਾ ਭੋਗ ਪਾਇਆ । ਫਿਰ ਸਰਦਾਰ ਦਯਾਲ ਸਿੰਘ ਜੀ ਨੇ ਏਕ ਆਦਮੀ ਕੋ ਭੇਜ, ਦੋ ਕੁਟੀਆਏਂ ਰਿਸ਼ੀਕੇਸ਼ ਬਨਵਾ ਦੀਆਂ, ਏਕ ਆਪ ਵਾਸਤੇ, ਔਰ ਏਕ ਦਾਸੋਂ ਵਾਸਤੇ, ਫੇਰ ਆਪ ਰਿਸ਼ੀਕੇਸ਼ ਆਏ, ਸਰਦੀ ਕੇ ਦਿਨ ਵਹਾਂ ਰਹਿ ਕਰ, ਫੇਰ ਉਤ੍ਰ ਕਾਂਸ਼ੀ ਗਏ । ਔਰ ਉਤਰ ਕਾਂਸ਼ੀ ਮੇਂ, ਬਾਬਾ ਕਾਨ੍ਹ ਸਿੰਘ ਜੀ ਕਾ, ਉਸੀ ਵਰਸ਼ ਸ਼ਰੀਰ ਸ਼ਾਂਤ ਹੂਆ ਥਾ । ਤਬ ਆਪ ਨੇ ਉਨ੍ਹੋਂ ਕੇ ਨਿਮਿਤ, ਅਪਨੇ ਭਗਤ ਮੂਲ ਸਿੰਘ ਅੰਮ੍ਰਿਤਸਰ ਵਾਲੇ ਦੁਵਾਰਾ ਭੰਡਾਰਾ ਔਰ ਪਾਠ ਕਰਵਾਯਾ। ਭੰਡਾਰੇ ਮੇਂ ਯੇ ਦਾਸ ਭੀ ਸ਼ਾਮਲ ਥਾ। ਔਰ ਵਹਾਂ ਸ੍ਵਾਮੀ ਰਾਮਾਸ੍ਰਮ ਜੀ, ਔਰ ਸ੍ਵਾਮੀ ਕੇਵਲਾਸ੍ਰਮ ਜੀ, ਆਦਿਕੋਂ ਕੇ ਦਰਸ਼ਨ ਹੋਤੇ ਰਹੇ । ਉਸ ਵਕਤ ਮੇਂ ਸ੍ਰੀ ਮਾਨ ੧੦੮ ਬਾਬਾ ਪੰ: ਪ੍ਰੇਮ ਸਿੰਘ ਜੀ ਭੀ ਮੰਡਲੀ ਸਹਿਤ, ਆਪ ਕੇ ਸਾਥ ਉਤਰ ਕਾਂਸ਼ੀ ਮੇਂ ਠਹਿਰੇ ਹੂਏ ਥੇ, ਦੁਸਹਿਰਾ ਕਰਕੇ ਰਿਸ਼ੀਕੇਸ਼ ਆ ਗਏ, ਸਾਰਾ ਸਿਆਲ ਰਿਸ਼ੀਕੇਸ਼ ਰਹੇ । ਬਹੁਤ ਸੰਤ ਤਥਾ ਦਾਸ ਆਪ ਪਾਸ ਮੋਖ ਪੰਥ ਆਦਿ ਗ੍ਰੰਥ ਪੜ੍ਹਤੇ ਰਹੇ, ਫੇਰ ਗਰਮੀਓਂ ਮੇਂ ਸੰ: ੧੯੭੧ ਮੇਂ ਗੋਰਖਪੁਰ ਸੇ, ਏਕ ਸੰਤ ਸ੍ਵਾਮੀ ਬ੍ਰਹਮਾ ਨੰਦ ਜੀ ਨਾਮ ਵਾਲੇ, ਆਪ ਕੇ ਪਾਸ ਆਏ, ਔਰ ਕਹਾ ਕਿ ਰਾਜਾ ਖਿਤਾਬ ਵਾਲਾ ਬਾਬੂ ਮਹਾਬੀਰ ਪ੍ਰਸਾਦ, ਜੋ ਤੀਨ ਭਾਈ ਹੈਂ, ਉਸ ਨੇ ਚਤੁਰ ਮਾਸ ਕੀ ਸੇਵਾ ਵਾਸਤੇ ਆਪ ਕੋ ਯਾਦ ਕੀਆ ਹੈ, ਆਪ ਚਲੋ, ਆਪ ਨਹੀਂ ਮਾਨਤੇ ਥੇ, ਪਰੰਤੂ ਬੜੀ ਖਿਚੀ ਸੇ ਲੇ ਗਏ, ਦਾਸ ਭੀ ਨਾਲ ਥਾ । ਬੜੇ ਪ੍ਰੇਮ ਸੇ ਪੰਜ ਮਹੀਨੇ ਤਕ ਆਪ ਸੇ ਉਨ੍ਹੋਂ ਨੇ ਸਤਿਸੰਗ ਕਾ ਲਾਭ ਉਠਾਯਾ । ਵਹਾਂ ਗੋਰਖ ਨਾਥ ਜੀ ਕਾ ਮੁਖ ਮੰਦਰ ਹੈ ਔਰ ਬੜੇ ਯੋਗੀ ਰਾਜ ਵਹਾਂ ਰਹਿਤੇ ਹੈਂ। ਜਬ ਆਪ ਚਲਨੇ ਲਗੇ ਤੋ, ਉਸ ਨੇ ਆਪ ਕੀ ਪੂਜਾ ਕੀ ਪਰ ਆਪ ਨੇ ਕੁਛ ਭੀ ਸੁਵੀਕਾਰ ਨ ਕੀਆ, ਔਰ ਵਹਾਂ ਆਪ ਕੇ ਸਾਥ ਕਾਂਸ਼ੀ ਔਰ ਪ੍ਰਯਾਗਰਾਜ ਕੀ ਯਾਤ੍ਰਾ ਭੀ, ਦਾਸ ਨੇ ਕਰ ਲੀ । ਫਿਰ ਆਪ ਭਗਤੋਂ ਕੀ ਖਿਚੀ ਸੇ ੧੯੭੧ ਮੇਂ ਦੀਪਮਾਲਾ ਮੇਂ ਅੰਮ੍ਰਿਤਸਰ ਆਏ, ਫਿਰ ਵਹਾਂ ਸੇ ਮਾਘ ਮੇਂ ਕਨਖਲ ਰਿਸ਼ੀਕੇਸ਼ ਆ ਗਏ, ਉਸੀ ਸਾਲ ਇਸ ਦਾਸ ਨੇ ਤਰਨ ਤਾਰਨ ਬਾਉਲੀ ਸਾਹਿਬ ਖੰਡੂਰ ਸਾਹਿਬ ਕੀ ਯਾਤਰਾ ਕਰੀ, ਔਰ ਉਸੀ ਸਾਲ ਹੀ ਆਪ ਕਾ ਤਥਾ ਸ੍ਵਾਮੀ ਹੀਰਾ ਲਾਲ ਜੀ, ਤਥਾ ਪੰਡਿਤ ਗੋਪਾਲ ਸਿੰਘ ਜੀ ਆਦਿ ਸਭਨੋਂ ਕਾ ਕਠਾ ਫੋਟੋ ਪ੍ਰੇਮੀਓਂ ਨੇ ਉਤਰ-ਵਾਇਆ, ਫੇਰ ੧੯੭੨ ਕਾ ਕੁੰਭ ਭੀ ਆਪ ਨੇ ਈਹਾਂ ਕੀਆ, ਕੁੰਭ ਕੇ ਸਮੇਂ ਬਹੁਤ ਪ੍ਰੇਮੀ ਏਥੇ ਆਏ ਥੇ, ਉਨ੍ਹੋਂ ਨੇ ਅਨੇਕ ਪ੍ਰਕਾਰ ਕੇ ਪ੍ਰਸ਼ਨ ਕੀਏ ਥੇ, ਕਿਸੀ ਪ੍ਰੇਮੀ ਨੇ ਪ੍ਰਸ਼ਨ ਕੀਆ ਕਿ ਭਗਵਾਨ ! ਗੁਰਮੁਖੋਂ ਕੇ ਕਿਆ ਲੱਖਣ ਹੈਂ ? ਉਤਰ ਲੱਖਣ ਗੁਰਮੁਖੋਂ ਕੇ:-

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠ ਬਹੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ ਇਕ ਮਨ ਹੋ ਗੁਰ ਜਾਪ ਜਪੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧ ਸੰਗਤ ਚਲ ਜਾਇ ਜੁੜੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ



ਮਨ ਮੇਲੀ ਕਰ ਮੇਲ ਮਿਲੰਦੇ ॥ ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ ॥ ਗੁਰਸੇਵਾ ਫਲ ਸੁਫਲ ਫਲੰਦੇ ॥ ੪ ॥ ਹਉ ਤਿਸ ਘੋਲ ਘੁਮਾਇਆ ਗੁਰਮਤਿ ਰਿਦੇ ਗਰੀਬੀ ਆਵੈ ॥ ਹਉ ਤਿਸ ਘੋਲ ਘੁਮਾਇਆ ਪਰ ਨਾਰੀ ਦੇ ਨੇੜ ਨ ਜਾਵੈ ॥ ਹਉ ਤਿਸ ਘੋਲ ਘੁਮਾਇਆ ਪਰ ਦਰਬੇ ਨੂੰ ਹਥ ਨ ਲਾਵੈ॥ ਹਉ ਤਿਸ ਘੋਲ ਘੁਮਾਇਆ ਪਰ ਨਿੰਦਾ ਸੁਣ ਆਪ ਹਟਾਵੈ ॥ ਹਉ ਤਿਸ ਘੋਲ ਘੁਮਾਇਆ ਸਤਿਗੁਰ ਕਾ ਉਪਦੇਸ ਕਮਾਵੈ ॥ ਹਉ ਤਿਸ ਘੋਲ ਘੁਮਾਇਆ ਥੋੜਾ ਸਵੈਂ ਥੋੜਾ ਹੀ ਖਾਵੈ ॥ ਗੁਰਮੁਖਿ ਸੋਈ ਸਹਜਿ ਸਮਾਵੈ ॥ ੫ ॥ ਹਉ ਤਿਸ ਦੇ ਚਉਖੰਨੀਐ ਗੁਰ ਪਰਮੇਸ਼ਰ ਏਕੋ ਜਾਣੈ ॥ ਹਉ ਤਿਸਦੇ ਚਉਖੰਨੀਐ ਦੂਜਾ ਭਾਉ ਨ ਅੰਦਰ ਆਣੈ ॥ ਹਉ ਤਿਸਦੇ ਚਉਖੰਨੀਐ ਅਉਗਣ ਕੀਤੇ ਗੁਣ ਪਰਵਾਣੈ ॥ ਹਉ ਤਿਸ ਦੇ ਚਉਖੰਨੀਐ ਮੰਦਾ ਕਿਸੇ ਨ ਆਖ ਵਖਾਣੈ ॥ ਹਉ ਤਿਸਦੇ ਚਉਖੰਨੀਐ ਆਪ ਠਗਾਏ ਲੋਕਾ ਭਾਣੈ ॥ ਹਉ ਤਿਸਦੇ ਚਉਖੰਨੀਐ ਪਰ ਉਪਕਾਰ ਕਰੈ ਰੰਗ ਮਾਣੈ ॥ ਲਉਬਾਲੀ ਦਰਗਾਹ ਵਿਚ ਮਾਣ ਨਿਮਾਣਾ ਮਾਣ ਨਿਮਾਣੈ ॥ ਗੁਰ ਪੂਰਾ ਗੁਰ ਸ਼ਬਦ ਸਿਞਾਣੈ ॥ ੬ ॥ ਹਉ ਸਦਕੇ ਤਿਨ ਗੁਰਸਿਖਾਂ ਸਤਿਗੁਰ ਸੋਂ ਮਿਲ ਆਪ ਗਵਾਯਾ ॥ ਹਉ ਸਦਕੇ ਤਿਨ ਗੁਰਸਿਖਾਂ ਕਰਨ ਉਦਾਸੀ ਅੰਦਰ ਆਇਆ ॥ ਹਉ ਸਦਕੇ ਤਿਨ ਗੁਰਸਿਖਾਂ ਗੁਰਮਤ ਗੁਰਚਰਨੀ ਚਿਤ ਲਾਇਆ ॥ ਹਉ ਸਦਕੇ ਤਿਨ ਗੁਰਸਿਖਾਂ ਗੁਰਸਿਖ ਸੇ ਗੁਰਸਿਖ ਮਿਲਾਯਾ ॥ ਹਉ ਸਦਕੇ ਤਿਨ ਗੁਰਸਿਖਾਂ ਬਾਹਰ ਜਾਂਦਾ ਵਰਜ ਰਹਾਯਾ ॥ ਹਉ ਸਦਕੇ ਤਿਨਾਂ ਗੁਰਸਿਖਾਂ ਆਸਾ ਵਿਚ ਨਿਰਾਸ ਵਲਾਯਾ ॥ ਸਤਿਗੁਰ ਕਾ ਉਪਦੇਸ ਦ੍ਰਿੜਾਯਾ ॥ ੬ ॥ ਪਿਛਲ ਰਾਤੀ ਜਾਗਣਾ ਨਾਮ ਦਾਨ ਇਸਨਾਨ ਦ੍ਰਿੜਾਏ ॥ ਮਿਠਾ ਬੋਲਣ ਨਿਵ ਚਲਣ ਹਥਹੁ ਦੇਕੈ ਭਲਾ ਮਨਾਏ ॥ ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਏ ॥ ਘਾਲ ਖਾਇ ਸੁ ਕ੍ਰਿਤ ਕਰੈ ਵੱਡਾ ਹੋਇ ਨ ਆਪ ਗਣਾਏ ॥ ਸਾਧ ਸੰਗਤਿ ਮਿਲ ਗਾਂਵਦੇ ਰਾਤ ਦਿਹੈਂ ਨਿੱਤ ਚਲ ਚਲ ਜਾਏ ॥ ਸਬਦਿ

ਸੁਰਤਿ ਪਰਚਾ ਕਰੈ ਸਤਿਗੁਰ ਪਰਚੇ ਮਨ ਪਰਚਾਇ ॥ ਆਸਾ ਵਿਚ ਨਿਰਾਸ ਵਲਾਇ ॥

[ਭਾਈ ਗੁਰਦਾਸ ਵਾਰ ੨੮

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ (ਰਾਮਕਲੀ ਸਿਧ ਗੋਸਟ ਮ: ੧ ਸਫਾ ੯੪੨

ਗੁਰਮੁਖ ਲੋਗ ਸਵੇਰੇ ਉਠ ਕਰ ਇਸ਼ਨਾਨ ਕਰ ਦਾਨ ਕਰ ਨਾਮ ਜਪਤੇ ਹੈਂ। ਦਾਨ ਭੀ ਪ੍ਰਾਤਹਕਾਲ ਕਰਨਾ ਚਾਹੀਏ, ਜ਼ਰੂਰ ਕਰਨਾ ਚਾਹੀਏ। ਜੈਸੇ ਗੁਰੂ ਜੀ ਲਿਖਤੇ ਹੈਂ:-

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ॥

[ਸਾਰੰਗ ਵਾਰ ਮਹਲਾ ੪ ਸਫਾ ੧੨੪੫

ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥

[ਰਾਮਕਲੀ ਵਾਰ ਮ: ੩ ਸਫਾ ੯੫੨

ਤਥਾ ਫਰੀਦ—ਮਿਠਾ ਬੋਲੈ ਨਿਵ ਚਲੈ ਹਥਹੁੰ ਭੀ ਕਿਛੁ ਦੇਇ॥ ਰੱਬ ਤਿਨਾ ਕੀ ਬੁੱਕਲੀ ਜੰਗਲ ਕਿਆ ਢੂੰਢੇਇ ॥

(ਸ਼ਲੋਕ)—ਦਾਨੇਨ ਪ੍ਰਾਪਜਤੇ ਸ੍ਵਰਗੰ ਦਾਨੇਨ ਸੁਖਮਸ਼ਨੁਤੇ । ਈਹਾਮੂਤਰ ਚ ਦਾਨੇਨ ਪੂਜਜੋ ਭਵਤਿ ਮਾਨਵ: ॥ ੧ ॥ ਸ਼ਤੇਸ਼ੁ ਜਾਯਤੇਸ਼ੂਰ: ਸਹਸ੍ਰੇਸ਼ੁ ਚ ਪੰਡਿਤ: । ਵਕਤਾ ਦਸ਼ਸਹਸ੍ਰੇਸ਼ੁ ਦਾਤਾ ਭਵਤਿ ਵਾ ਨ ਵਾ॥੨॥

ਟੀਕਾ—ਦਾਨ ਸੇ ਸ੍ਵਰਗ ਪ੍ਰਾਪਤ ਹੋਤਾ ਹੈ। ਦਾਨ ਸੇ ਸੁਖ ਕੋ ਪ੍ਰਾਯ: ਭੋਗਤਾ ਹੈ। ਇਸ ਲੋਕ ਔਰ ਪਰਲੋਕ ਮੇਂ, ਦਾਨ ਸੇ ਹੀ ਪੁਰਸ਼ ਪੂਜਨੇ ਯੋਗ ਹੋਤਾ ਹੈ ॥ ੧ ॥ ਸੈਂਕੜੋਂ ਮੇਂ ਕੋਈ ਸੂਰਬੀਰ ਹੋਤਾ ਹੈ ਔਰ ਹਜ਼ਾਰੋਂ ਮੇਂ ਕੋਈ ਪੰਡਿਤ ਹੋਤਾ ਹੈ। ਦਸ ਹਜ਼ਾਰ ਮੇਂ ਕੋਈ ਵਕਤਾ ਹੋਤਾ ਹੈ, ਪਰੰਤੂ ਇਤਨੇ ਮੇਂ ਦਾਨੀ ਹੋਵੇ ਅਥਵਾ ਨ ਹੋਵੇ ਯੇ ਸੰਦੇਹ ਹੈ॥੨॥ ਜਿਸ ਤਰਹ ਮਹਾਰਾਜਾ ਕ੍ਰਿਸ਼ਨ ਜੀ ਨੇ ਕਰਨ ਕੇ ਮੂਰਛਿਤ ਹੋਨੇ ਵਕਤ, ਅਰਜੁਨ ਕੋ ਕਹਾ ਕਿ ਆਜ ਦਾਨ ਕਾ ਸੂਰਜ ਛਿਪ ਜਾਏਗਾ। ਅਰਜੁਨ ਨੇ ਕਹਾ ਕੌਣ ? ਉਨ੍ਹੋਂ ਨੇ ਕਹਾ ਕਰਣ। ਕਰਣ ਜੈਸਾ ਕੋਈ ਦੁਨੀਆਂ ਮੇਂ ਦਾਨੀ ਨਹੀਂ ਹੈ। ਅਰਜੁਨ ਕੋ ਈਰਖਾ ਹੁਈ ਔਰ ਕਹਨੇ ਲਗਾ ਮੈਂ ਕਰੁਣ ਕੇ ਦਾਨ ਕੋ ਦੇਖਨਾ ਚਾਹਤਾ ਹੂੰ ਭਗਵਾਨ ਨੇ ਕਹਾ, ਅਛਾ ਬ੍ਰਾਹਮਣ ਕਾ ਰੂਪ ਧਾਰ ਕਰ ਚਲੋ ਚਲੀਏ, ਔਰ ਦੋਨੋਂ ਕਰਣ ਕੇ ਪਾਸ ਆਕੇ ਕਹਿਣੇ ਲਗੇ:-

ਕਰਣ ਕਰਣ ਮਹਾਬੀਰ ਸਦਾ ਦਾਤਾਸਿ ਭੂਤਲੇ । ਪ੍ਰਾਪਜ ਵਿਸ਼ਣੋ: ਪ੍ਰਾਸਦੰ ਤ੍ਵੰ ਵਰੰ ਪ੍ਰਾਪਜ ਯਥੇਪ੍ਸਿਤੰ । ਅਪੀ ਆਧੀਨਾ ਸ਼ਰੀਰੇਣ ਮਨਸਾ ਨਿਰਧਨੇਨ ਚ। ਯਾਚਕੋਹੰਤ੍ਵਯਿ ਪ੍ਰਾਪਤਸੁਤ੍ਵੰ ਜੀਵ ਸਰਦਾਂ ਸ਼ਤੇ।

[ਮਹਾਂ ਭਾਰਤ ਅਧਯਾਯ ੬੯ ਬ੍ਰਹਮਣਉ ਵਾਚ ੨੩-੨੪

ਅਰਥ—ਹੇ ਕਰਣ ! ਹੇ ਕਰਣ ਮਹਾਂਬੀਰ ਪ੍ਰਿਥਵੀ ਮੰਡਲ ਮੇਂ ਦਾਤਾ ਤੂੰ ਹੀ ਹੈਂ।



ਪਰਮੇਸ਼ੁਰ ਕੀ ਕ੍ਰਿਪਾ ਕਾ ਪਾਤ੍ਰ ਤੂੰ ਹੈਂ ਸਾਨੂੰ ਦਾਨ ਦੇਕਰ ਵਾਂਛਤ ਵਰ ਪ੍ਰਾਪਤ ਕਰ ॥੨੩॥ ਬ੍ਰਾਹਮਣ ਕਹਿਨੇ ਲਗਾ ਮੈਂ ਆਧਿ ਵਿਆਧਿ ਰੋਗੋਂ ਕਰਕੇ ਸਰੀਰ ਮਨ ਸੇ ਪੀੜਤ ਹੂੰ ਤਥਾ ਨਿਰਧਨਤਾ ਕਰਕੇ ਦੁਖੀ ਹੂੰ ਔਰ ਮੰਗਤਾ ਬਣਕੇ ਤੇਰੇ ਪਾਸ ਆਯਾ ਹੂੰ ਤੂੰ ਮੇਰੇ ਕੋ ਦਾਨ ਦੇਕਰ ਸੌ ਵਰਸ਼ ਜੀਤਾ ਰਹੁ ॥ ੨੫ ॥

ਲਖਿਸ਼ਮੀ ਯਾਸਜਤਿ ਗੋਬਿੰਦੰ ਧਰਣੀ ਚ ਯੁਧਿਸ੍ਰੇ ॥ ਯਾਚਕਾ ਕ੍ਵ ਗਮਿਸ਼ਜੰਤਿ ਤ੍ਵਯਿ ਕਰਣੇ ਦਿਵੰ ਗਤੇ ॥੨੬॥ ਵਿਵਾਹ ਯੋਗਜ਼ਾ ਕੰਨਜਾ ਮੇ ਧਨੰ ਨਾਸ੍ਤਿ ਹਿ ਕਿੰਚਨ ॥ ਆਗਤੋਹੰ ਸਮੀਪੇ ਤੇ ਯਾਚੇ ਤ੍ਵੰ ਬਹੁ ਕਾਚਨੰ ॥੨੭॥ ਵਰੰ ਪਖਜੀ ਬਨੇ ਵਾਸੋ ਵਰੰ ਪਰਵਤ ਮਸਤਕੇ ॥ ਅਪੁਤ੍ਰੀਣੀ ਵਰੰ ਮਾਤਾ ਮਾ ਜਨ ਯਾਚਕੇ ਕੁਲੇ ॥ ੨੮ ॥ ਤ੍ਰਿਣਾਤ੍ਲਘੁਤ: ਤੂਲ: ਤੂਲਾਤ੍ ਅਪਿ ਹਿਯਾਚਕ: । ਵਾਯੁਨਾ ਕਿੰ ਨਨੀਤੋਅਸਮਿ ਮਾਂ ਅਪਿਪ੍ਰਾਰਥ ਯਿਸ਼ਜਤਿ ॥ ੨੯ ॥ ਗਾਤ੍ਰ ਭੰਗੋਸ੍ਵਰੋ ਦੀਨਾ ਪ੍ਰਸ੍ਵੇਦਸਤੁਗਲ ਗ੍ਰਹ: ਮਰਣੇ ਯਾਨਿ ਚਿਨ੍ਹਾਨਿ ਤਾਨਿ ਚਿਨ੍ਹਾਨਿ ਯਾਚਕੇ ॥ ੩੦ ॥ ਦਗਧ: ਪੰਚ ਸ਼ਰ: ਪਿਨਾਕਪਤਿਨਾ ਤੇਨਾਪਿ ਅਯੁਕ੍ਤੰ ਕ੍ਰਿਤੰ ॥ ਦਗਧੰ ਖਾਂਡਵੰ ਅਰਜੁਨੇਨ ਬਲਿਨਾ ਦਿਬਜੈ: ਦ੍ਰਮੈ: ਮੰਡਤੈ: ॥ ੩੧ ॥ ਦਗਧਾ ਰਾਵਣ ਪਾਲਿਤਾ ਹਨੂਮਤਾ ਦਿਬਜਾ ਚ ਲੰਕਾ ਪੁਰੀ॥ ਦਾਰਿਦ੍ਰਜ਼ ਜਨਤਾਪ ਦੰ ਚ ਜਗਤ: ਕੇਨਾਪਿ ਦਗਧੋ ਨਹਿ ॥ ੩੨ ॥

ਅਰਥ—ਲਖਿਸ਼ਮੀ ਵਿਸ਼ਣੂ ਕੇ ਪਾਸ ਚਲੀ ਜਾਏਗੀ ਔਰ ਰਾਜ ਯੁਧਿਸ਼ਠਰ ਕੇ ਪਾਸ ਚਲਾ ਜਾਏਗਾ ਹੇ, ਕਰਣ ਤੇਰੇ ਸ੍ਵਰਗ ਮੇਂ ਜਾਨੇ ਪਰ ਮੰਗਤੇ ਲੋਗ ਕਹਾਂ ਜਾਏਂਗੇ ॥ ੨੬ ॥ ਵਿਵਾਹਨੇ ਯੋਗਜ ਮੇਰੀ ਕੰਨਜਾ ਹੈ ਔਰ ਧਨ ਮੇਰੇ ਪਾਸ ਕੁਛ ਭੀ ਨਹੀਂ ਮੈਂ ਤੇਰੇ ਪਾਸ ਆਯਾ ਹੂੰ ਔਰ ਤੇਰੇ ਸੇ ਬਹੁਤ ਸੁਵਰਣ ਮਾਂਗਤਾ ਹੂੰ ॥ ੨੭ ॥ ਮੈਂ ਯਾਚਕ ਹੂੰ ਪਰਮਾਤਮਾ ਕਿਸੀ ਕੋ ਯਾਚਕ ਕੁਲ ਮੇਂ ਪੈਦਾ ਨਾ ਕਰੇ। ਯਾਚਕ ਕੇ ਜਨਮ ਸੇ ਤੋ ਬਨ ਕੇ ਪੰਖੀ ਕਾ ਜਨਮ ਸ੍ਰੇਸ਼ਟ ਹੈ ਔਰ ਪਰਬਤ ਕੇ ਊਪਰ ਘਾਸ ਬਨਨਾ ਸ੍ਰੇਸ਼ਟ ਹੈ ਔਰ ਉਸ ਕੀ ਮਾਤਾ ਕਾ ਪੁਤ੍ਰ ਰਹਿਤ ਹੋਣਾ ਸ੍ਰੇਸ਼ਟ ਹੈ ਪਰੰਤੂ ਯਾਚਕ ਕੁਲ ਮੇਂ ਜਨਮ ਸ੍ਰੇਸ਼ਟ ਨਹੀਂ ਯਾਨੇ ਮੰਗਤੇ ਕਾ ਜਨਮ ਸ੍ਰੇਸ਼ਟ ਨਹੀਂ ਕਿਉਂਕਿ ਮੰਗਤਾ ਸਭ ਸੇ ਹਲਕਾ ਹੋਤਾ ਹੈ। ਜੈਸੇ ਲਿਖਾ ਹੈ ਤ੍ਰਿਣ ਸੇ ਹਲਕੀ ਰੂਈ ਅਕ ਕੀ ਯਾ ਸਿੰਬਲ ਕੀ ਹੋਤੀ ਹੈ ਔਰ ਰੂਈ ਸੇ ਭੀ ਹਲਕਾ ਯਾਚਕ ਹੋਤਾ ਹੈ। (ਸ਼ੰਕਾ) ਵਾਯੂ ਯਾਚਕ ਕੋ ਉਡਾਤਾ ਕਿਉਂ ਨਹੀਂ ? (ਉਤਰ) ਵਾਯੂ ਡਰਤਾ ਹੂਆ ਨਹੀਂ ਉਡਾਤਾ, ਕਿ ਮੇਰੇ ਸੇ ਕੁਛ ਮਾਂਗ ਨ ਲੇਵੇ ਮੰਗਤੇ ਸੇ ਸਭ ਡਰਤੇ ਹੈਂ। ਇਸ ਵਾਸਤੇ ਵਾਯੂ ਨੇੜੇ ਨਹੀਂ ਆਤਾ ॥ ੨੯ ॥ ਮੰਗਤੇ ਕੇ ਚਿੰਨ੍ਹ ਯਹ ਹੈਂ। ਮਾਂਗਨੇ ਵਕਤ ਸ਼ਰੀਰ ਸੰਕੁਚਿਤ ਹੋ ਜਾਤਾ ਹੈ ਸੁਰ ਯਾਨੇ ਬਾਣੀ ਦੀਨ ਹੋ ਜਾਤੀ ਹੈ ਯਾਨੇ ਅਖਰ ਟੂਟੇ

ਫੂਟੇ ਨਿਕਲਤੇ ਹੈਂ ਸਾਫ ਨਹੀਂ ਬੋਲ ਸਕਤਾ, ਗਲਾ ਰੁਕ ਜਾਤਾ ਹੈ । ਪਸੀਨੇ ਕਰਕੇ ਸ਼ਰੀਰ ਪਾਣੀ ਪਾਣੀ ਹੋ ਜਾਤਾ ਹੈ । ਔਰ ਮੁਰਦੇ ਕੇ ਜੋ ਚਿੰਨ੍ਹ ਹੋਤੇ ਹੈਂ, ਵੋਹ ਚਿੰਨ੍ਹ ਯਾਚਕ ਕੇ ਹੋ ਜਾਤੇ ਹੈਂ । ਹੇ ਕਰਣ! ਮੈਂ ਐਸਾ ਯਾਚਕ ਹੋ ਕਰ ਤੇਰੇ ਪਾਸ ਆਯਾ ਹੂੰ ॥੩੦॥ ਔਰ ਇਸ ਦਰਿੱਦ੍ਰ ਕੋ ਅਬ ਤਕ ਕਿਸੀ ਨੇ ਭੀ ਦਗਧ ਨਹੀਂ ਕਰਾ, ਜੈਸੇ ਲਿਖਾ ਹੈ ਕਿ ਮਹਾਂਦੇਵ ਜੀ ਨੇ ਪਾਂਚ ਬਾਣੋਂ ਵਾਲੇ ਕਾਮਦੇਵ ਕੋ ਦਗਧ ਕੀਆ ਸੋ ਅਛਾ ਨਹੀਂ ਕੀਆ। ਔਰ ਅਰਜੁਨ ਬਲੀ ਨੇ ਖਾਂਡਵ ਬਨ ਕੋ ਦਗਧ ਕਰਾ ਜੋ ਦਿਬਯ ਬ੍ਰਿਖੋਂ ਕਰਕੇ ਭੂਸ਼ਿਤ ਥਾ । ਸੋ ਉਸਨੇ ਭੀ ਅਛਾ ਨਹੀਂ ਕੀਆ। ਔਰ ਹਨੂਮਾਨ ਜੀ ਨੇ ਰਾਵਣ ਕਰਕੇ ਰਖਯਤ ਲੰਕਾ ਪੁਰੀ ਸਾੜ ਦਿਤੀ ਸੋ ਭੀ ਅਛਾ ਨਹੀਂ ਕੀਆ । ਪਰੰਤੂ ਕਿਸੀ ਸੂਰਬੀਰ ਨੇ ਭੀ ਦਾਰਿੱਦ੍ਰ (ਜੋ ਲੋਗੋਂ ਕੋ ਤਪਾਨੇ ਵਾਲਾ ਹੈ) ਸਾੜਾ ਨਹੀਂ ਯੇ ਅਫਸੋਸ ਹੈ ॥ ੩੧ ॥

(ਕਰਣ ਉਵਾਚ)- **ਇਤਿ ਤਸਯਵਚ: ਸ਼੍ਰੁਤ੍ਵਾ ਕਰਣ: ਪ੍ਰੋਵਾਚਤੰ ਦ੍ਵਿਜੰ । ਇਮਾਮ੍ਅਵਸਥਾਂ ਪ੍ਰਾਪ੍ਤੋਹੰ ਇਸਥਿਤੋ ਅੱਸਮਿ ਧਰਣੀ ਤਲੇ ॥ ੩੨॥ ਅਧੁਨਾਂਚਅਤ੍ਰ ਵਿੱਤੰ ਮੇ ਸਮੀਪੇ ਨਾਸ੍ਤਿ ਕਿੰਚਨ ॥ ੩੩ ॥**

ਐਸੇ ਵਚਨ ਸੁਣ ਕਰ ਕਰਣ ਉਸ ਬ੍ਰਾਹਮਣ ਕੋ ਕਹਿਣੇ ਲਗਾ, ਹੇ ਬ੍ਰਾਹਮਣੋਂ ਮੇਂ ਸ੍ਰੇਸ਼ਟ ! ਮੈਂ ਇਸ ਅਵਸਥਾ ਕੋ ਪ੍ਰਾਪਤ ਹੂਆ ਹੂੰ ਪ੍ਰਿਥਵੀ ਪਰ ਪੜਾ ਹੂੰ ਮੇਰੇ ਪਾਸ ਕੋਈ ਧਨ ਨਹੀਂ ਲਾਚਾਰ ਹੂੰ ਕਿਆ ਦੂੰ ॥ ੩੨ ॥ ੩੩ ॥

**(ਵਿਪ੍ਰੋ ਵਾਚ) ਕਾਲੇ ਵਰਸ਼ਤਿ ਮੇਘੋਹਿ ਵ੍ਰਿਖਯਾ ਕਾਲ ਫਲੰਤਿਹਿ॥ ਭੂਮਿ: ਹਿ ਫਲਤਿ ਕਾਲੇ ਗਾਵ: ਕਾਲੇ ਦੁਹੰਤਿ ਚ ॥ ੩੫॥ ਸਰਵੰ ਫਲਤਿ ਕਾਲੇਹਿ ਕਰਣ: ਫਲੰਤਿ ਸਰਵਦਾ ॥ ਇਤਿਖਯਾਤਿੰ ਸਮਾ ਸ਼੍ਰੁਤਯ ਹੀ ਆਗਤ: ਤਵ ਸੰਨਿਧਉ ॥ ੩੬ ॥ ਸਰਵਦਾ ਸਰਵ ਦਾਤਾਸਿ ਸੱਰਵਦਾ ਸਮਯ: ਤ੍ਵਯਿ ॥ ਅਸਮਾਕੰ ਕਰਮ ਦਉਬਲਯਾਤ੍ ਕਰਣੋਪਿ ਜੜਤਾਂ ਗਤ: ॥ ੩੭ ॥**

ਅਰਥ-ਸਮਯ ਸਮਯ ਪਰ ਬਾਦਲ ਬਰਸਤਾ ਹੈ, ਬ੍ਰਿਖ ਭੀ ਸਮਯ ਸਮਯ ਪਰ ਫਲਤੇ ਹੈਂ ਹਮੇਸ਼ ਨਹੀਂ ਭੂਮੀ ਭੀ ਸਮਯ ਪਰ ਫਲ ਦੇਤੀ ਹੈ ਔਰ ਗਊਆਂ ਭੀ ਸਮਯ ਪਰ ਦੂਹੀ ਜਾਤੀ ਹੈਂ ॥ ੩ ॥ ਸਾਰੇ ਸਮਯ ਸਮਯ ਪਰ ਫਲਤੇ ਹੈਂ ਪਰੰਤੂ ਹੇ ਕਰਣ! ਤੂੰ ਸਰਵ ਕਾਲ ਫਲਤਾ ਹੈਂ। ਇਸ ਤੇਰੀ ਪ੍ਰਸਿਧਿ ਕੋ ਸੁਨ ਕਰ ਤੇਰੇ ਪਾਸ ਆਯਾ ਹੂੰ ॥੩੭॥ ਸਦਾਂ ਸਭ ਕੁਛ ਦੇਨੇ ਵਾਲਾ ਤੂੰ ਹੈਂ ਔਰ ਤੇਰੇ ਪਾਸ ਸਭ ਸਮਯ ਹੈ। ਪਰੰਤੂ ਹਮਾਰਾ ਕਰਮ ਦੁਰਬਲ ਹੋਨੇ ਸੇ ਕਰਣ ਭੀ ਹਮਾਰੇ ਵਾਸਤੇ ਕੰਜੂਸ ਭਾਵ ਕੋ ਪ੍ਰਾਪਤ ਹੋ ਗਯਾ ਹੈ। ਦੇਖੋ ਸਾਮਨੇ ਦਾਤੋਂ ਮੇਂ ਸੋਨਾ ਦੇਖਤੇ ਹੈਂ ਪਰੰਤੂ ਦੇਤਾ ਨਹੀਂ ਯਹ ਵਚਨ ਸੁਨ ਕਰ ਕਰਣ ਕਹਿਨੇ ਲਗਾ। ਹਾਂ ਹਾਂ ਬਰਾਬਰ ਯਾਦ ਆ ਗਯਾ ਮੇਰੇ ਦਾਤੋਂ ਮੇਂ ਸੁਵਰਣ ਹੈ।

**(ਕਰਣਉਵਾਚ) ਮਮ ਭਾਰ ਸੁਵਰਣਸਯ ਦੰਤਾ ਬੱਧਾ: ਤੁ ਹੀਰਕੈ: ॥**



**ਪਾਤਯਿਤ੍ਵਾਤੁ ਤਾਨ੍ ਸਰਵਾਨ੍ ਗ੍ਰਹਾਣ ਤ੍ਵੰ ਦ੍ਵਿਜੋਤਮ ॥ ੩੮ ॥**

ਅਰਥ-ਕਰਣ ਕਹਿਤਾ ਹੈ ਕਿ ਮੇਰੇ ਦਾਤੋਂ ਮੇਂ ਸੋਨੇ ਕੀ ਜੰਜੀਰ ਤਥਾ ਹੀਰੇ ਜੜੇ ਹਨ ਆਪ ਇਨ ਸਭ ਕੋ ਪੱਥਰ ਸੇ ਤੋੜ ਕਰ ਬੜੀ ਖੁਸ਼ੀ ਸੇ ਲੇ ਸਕਤੇ ਹੋ ਤਬ ਬ੍ਰਾਹਮਣ ਕਹਿਨੇ ਲਗਾ:-

**(ਵਿਪ੍ਰਉਵਾਚ) ਬ੍ਰਿਧੋਅਹੰ ਨੈਵ ਸ਼ਕ੍ਤੋ ਅਸਮਿ ਦੰਤਾਨ ਪਾਤਯਿਤੁੰ ਚਾਤੇ॥੩੯॥**

ਮੈਂ ਬ੍ਰਿਧ ਹੂੰ ਤੇਰੇ ਦੰਦੋਂ ਕੇ ਤੋਡਨੇ ਮੇਂ ਸਮਰਥ ਨਹੀਂ ਹੂੰ ਤਬ ਕਰਣ ਕਹਿਨੇ ਲਗਾ ॥ ੩੯ ॥

**(ਕਰਣਉਵਾਚ) ਪਾਸਾਣੰ ਦੇਹਿ ਮੇ ਨਾਥਯੇਨ ਉਤਪਾਟਯ ਦਦਾਮਿਤੇ ॥੩੯॥**

ਹੇ ਨਾਥ ਮੇਰੇ ਕੋ ਪੱਥਰ ਉਠਾ ਕਰ ਦਿਓ ਮੈਂ ਅਪਨੇ ਆਪ ਦਾਂਤ ਤੋੜ ਕਰ ਦੇਤਾ ਹੂੰ ॥ ੪੦ ॥

**(ਬ੍ਰਾਹਮਣਉਵਾਚ) ਪਾਸ਼ਾਣੰਅਪਿ ਦਾਤੁੰਤੇ ਨ ਸ਼ਕ੍ਤੋ ਅਸਮਿ ਕਦਾਚਨ ॥੪੦॥**

ਜਬ ਕਰਣ ਨੇ ਕਹਾ ਕਿ ਪੱਥਰ ਉਠਾਕੇ ਦੇਦੋ ਤੋ ਬ੍ਰਾਹਮਣ ਨੇ ਕਹਾ ਹਮ ਤੇਰੇ ਕੋ ਪੱਥਰ ਦੇਨੇ ਮੇਂ ਭੀ ਸਮਰਥ ਨਹੀਂ ਹੈਂ ॥ ੪੦ ॥

(ਵੈਸ਼ੰਪਾਯਨਉਵਾਚ-) **ਤਾਦ੍ਰਿਸ਼ੰ ਅਪਿ ਤਦਾ ਕਰਣੋ ਗਤ: ਪਾਸ਼ਾਣ ਸਨਿਧਉ । ੪੦। ਗ੍ਰਹੀਤ੍ਵਾ ਤਤ੍ਰ ਪਾਸ਼ਾਣੰ ਨਾਨਾ ਭਿੰਨ ਕਰੇਣ ਵੈ। ਯਾਵਤ੍ ਦਦਾਤਿ ਦੰਤਾਨ ਵੈ ਪਾਤਯਿਤ੍ਵਾ ਅਰਕ ਨੰਦਨ: । ੪੧ । ਹਪਿ: ਸ੍ਵਰੂਪ ਅਸਥਾਯ ਕਰੇ ਧ੍ਰਿਤ੍ਵਾ ਅਪਿ ਉਵਾਚਹ । ਭੋ ਭੋ ਕਰਣ ਮਹਾ ਬੀਰ ਤ੍ਵਤ ਸਮੋ ਨਾਸ੍ਤਿ ਭੂਤਲੇ। ੪੨। ਯਤਤ੍ਵਯਾ ਚਰਿਤੰ ਕਰਮ ਤੇਨ ਤੁਸ੍ਰੋ ਅਸ੍ਮਿ ਸਾਂਪ੍ਰਤੰ । ਵਰੰ ਬ੍ਰਹਿ ਮਹਾ ਪ੍ਰਾਗਯ ਯਤ੍ਤੇ ਮਨਸਿਰੋਚਤੇ।**

ਟੀਕਾ-ਵੈਸ਼ੰਪਾਯਨ ਜੀ ਕਹਿਤੇ ਹੈਂ ਪ੍ਰਿਥਵੀ ਪਰ ਗਿਰਾ ਹੂਆ ਕਰਣ ਭੀ ਰਿੜ੍ਹਤਾ ਰਿੜ੍ਹਤਾ ਪਥਰ ਕੇ ਪਾਸ ਗਯਾ । ੪੧। ਕੈਸਾ ਕਰਣ ਹੈ ਜਿਸਕੇ ਹਾਥੋਂ ਕੀਆਂ ਅੰਗੁਲੀਆਂ ਕਟੀਆਂ ਹੂਈਆਂ ਉਨ ਸੇ ਧੀਰੇ ਧੀਰੇ ਪਥਰ ਕੋ ਉਠਾ ਕਰ ਦਾਤੋਂ ਪਰ ਚਲਾਨੇ ਲਗਾ । ੪੨। ਤਬ ਵੋਹ ਬ੍ਰਾਹਮਣ ਹਰਿ ਰੂਪ ਧਾਰ ਕਰ ਕਰਣ ਕਾ ਹਾਥ ਪਕੜਤਾ ਭਯਾ । ਔਰ ਕਹਿਨੇ ਲਗਾ ਹੇ ਕਰਣ ਹੇ ਕਰਣ ਹੇ ਮਹਾਂਬੀਰ ! ਤੇਰੇ ਸਮਾਨ ਭੂਤਲ ਮੇਂ ਕੋਈ ਦਾਨੀ ਨਹੀਂ । ੪੩। ਯੇ ਜੋ ਤੇਨੇਂ ਕਰਮ ਕੀਆ ਹੈ। ਯਾਨੇ ਮਰਨੇ ਵਕਤ ਭੀ ਦਾਂਤ ਤੋੜਕੇ ਦਾਨ ਦੇਨੇ ਲਗਾ ਹੈਂ ਇਸ ਸੇ ਮੇਂ ਪ੍ਰਸੰਨ ਹੂੰ। ਇਸ ਲੀਏ ਤੂੰ ਮਨਵਾਂਛਤ ਵਰ ਮਾਂਗ ।

(ਕਰਣਉਵਾਚ - **ਵਿਪ੍ਰਾਰਥੇ ਹਿ ਧਨੰ ਖਯੀਣੰ ਸ੍ਵਦਾਰਾ ਗਤਯੌਵਨੰ । ਸ੍ਵਾਮਿ ਕਾਰਯੇ ਗਤਾਨ ਪ੍ਰਾਣਾਨ ਦੇਹਿ ਮੇ ਮਧੁ ਸੂਦਨ ॥੪੪॥ ਪਾਤ੍ਰੇ ਦਾਨੰ ਮਤਿੰ**

ਕ੍ਰਿਸ਼ਣੇ ਮਰਣੰ ਜਾਹ੍ਨਵੀ ਤਟੇ, ਅਸਥਾਨੇ ਚਾਸ: ਕੁਲੇ ਜਨਮ ਦੇਹਿ ਮੇ ਮਧੁਸੂਦਨ ॥ ੪੫ ॥ ਅਸ਼ਨੰ ਸੁਤ ਸੰਕੀਰਣੰ ਵਿਪ੍ਰ ਸੰਕੀਰਣ ਮੰਦਿਰੰ। ਹ੍ਰਿਦਯੰ ਸ਼ਾਸਤ੍ਰ ਸੰਕੀਰਣੰ ਦੇਹਿ ਮੇਂ ਮਧੁਸੂਦਨ ॥ ੪੬ ॥ ਤਿਲਕੰ ਵਿਪ੍ਰ ਹਸਤੇ ਮਾਤ੍ਰੀਹਸਤੇ ਭੋਜਨੰ। ਪਿੰਡੰਚ ਪੁਤ੍ਰ ਹਸ੍ਤੇਨ ਦੇਹਿ ਮੇਂ ਮਧੂਸੂਦਨ ॥ ੪੭ ॥ ਦੁਰਭਿਖਯੇ ਚ ਅੰਨ ਦਾਤ੍ਰਿਤ੍ਵੰ ਹੇਮ ਦੱਤੰ ਸੁਭਿਖਯਕੇ। ਆਤੁਰੇ ਅਭਯਦਾਤ੍ਰਿਤ੍ਵੰ ਦੇਹਿ ਮੇ ਮਧੁਸੂਦਨ ॥ ੪੮ ॥ ਮਾਮਤਿ: ਪਰ ਦਾਰੇਸ਼ੁ ਪਰ ਦ੍ਰਬਯੇਸ਼ੂ ਮਾਮਤਿ:। ਪਰਾਪਵਾਦਿਨੀ ਜਿਹ੍ਵਾ ਮਾ ਭੂ ਦੇਵ ਕਦਾਚਨ ॥ ੪੯ ॥ ਸਤਯੰ ਸ਼ੌਚੰ ਦਯਾ ਦਾਨੰ ਭਕ੍ਤਿ ਏਕਾ ਜਨਾਰਦ ਨੇ। ਦਮਨੰ ਦਖਯਤਾ ਚੈਵ ਦੇਹਿ ਮੇ ਮਧੁ ਸੂਦਨ ॥ ੫੦ ॥ ਬਯਾਧਿਨਾ ਰਹਿਤੋ ਦੇਹੋਹਿ ਆਧਿਕਾ ਰਹਿਤੰ ਮਨ: ਇਸਥਰਾਸ਼੍ਰੀ: ਨਿਤਯ ਭਕ੍ਤਿਸ੍ਤੁ ਦੇਹਿ ਮੇ ਮਧੁ ਸੂਦਨ ॥ ੫੧ ॥ ਯਦਿ ਤੁਸ਼ਠੋ ਅਸਿ ਮੇ ਦੇਵ ਹਿ ਅਦਗਧੇ ਦਹਯਤਾਂ ਮਮ। ਇਤਿ ਏਵੰ ਪ੍ਰਾਰਥਿਤੰ ਯਤ੍ਰ ਚ ਵਿਸ਼ਣੁ: ਤੰ ਪ੍ਰਦਦਉ ਮੁਦਾ ॥ ੫੪ ॥ ਭੂਮਿ: ਸਰਵਤ੍ਰ ਨਿਰ ਦਗਧਾਹਿ ਅਦਗਧਾ ਨੈਵ ਦ੍ਰਿਸ੍ਯਤੇ। ਏਕਸਮਿਨ ਵੈਸਥਲੰ ਗਤ੍ਵਾ ਭੂਮਿੰ ਪਪ੍ਰਛ ਕੇਸ਼ਵ: ॥ ੫੭ ॥ ਪ੍ਰਿਥ੍ਵਿ ਤ੍ਵੰ ਬ੍ਰੂਹਿ ਮੇ ਸਤਯੰ ਕੋਅਪਿ ਦਗਧਸ੍ਵੋਪਰਿ। (ਭੂਮਿ ਰੁਵਾਚ) ॥ ੫੮ ॥ ਅਤ ਭੀਸ਼ਮ ਸ਼ਤੰ ਦਗਧੰ ਦ੍ਰੋਣਸ੍ਯ ਏਵ ਸ਼ਤੰ ਸ਼ਤੰ। ਦੁਰਯੋਧਨ ਦਸ ਸਹਸ੍ਰਸ੍ਯ ਕਰਣ ਸੰਖਯਾ ਨ ਵਿਦਯਤੇ ॥ ੫੯ ॥ ਯਦਾ ਕ੍ਰਿਸ਼ਣੇਨ ਕਰਣੋ ਅਸਊ ਵਾਮ ਹਸ੍ਤੇ ਪ੍ਰਜ੍ਵਾਲਿਤ:। ਦਖਿਯਣੋ ਬਲਿ ਰਾਗਯੇ ਯ: ਪੂਰਵੰ ਦੱਤਸ੍ਤੁ ਹਸ੍ਤਕ: ॥ ੬੦ ॥

ਟੀਕਾ–ਕਰਣ ਕਹਿਨੇ ਲਗਾ ਹੇ ਮਧੁਸੂਦਨ ਮੇਰੇ ਪਰ ਯਦਿ ਪ੍ਰਸੰਨ ਹੋਕੇ ਵਰ ਦੇਤੇ ਹੋ ਤੋ ਯੇ ਵਰ ਦੋ। ਮੇਰਾ ਧਨ ਬ੍ਰਹਮਵੇਤਾ ਬ੍ਰਾਹਮਣੋਂ ਮੇਂ ਖਰਚ ਹੋਵ। ਔਰ ਮੇਰਾ ਯੌਵਨ ਅਪਨੀ ਇਸਤ੍ਰੀ ਮੇਂ ਖਰਚ ਹੋਵੇ ਔਰ ਅਪਨੇ ਸ੍ਵਾਮੀ ਕੇ ਕਾਰਜ ਮੇਂ ਪ੍ਰਾਣ ਖਰਚ ਹੋਵੇਂ ਯੇ ਮੇਰੇ ਕੋ ਵਰ ਦੋ ॥ ੪੪ ॥ ਸੁਪਾਤ੍ਰ ਮੇਂ ਮੈਂ ਦਾਨ ਦੇਊਂ ਔਰ ਮੇਰੀ ਬ੍ਰਿਤੀ ਹਰ ਵਕਤ ਆਪ ਕੇ ਸਰੂਪ ਮੇਂ ਲਗੀ ਰਹੇ ਮੇਰੀ ਮੌਤ ਗੰਗਾ ਕੇ ਕਿਨਾਰੇ ਹੋਵ। ਔਰ ਸਤਿਸੰਗ ਮੇਂ ਮੇਰਾ ਵਾਸ ਹੋਵੇ ਔਰ ਅਛੇ ਕੁਲ ਮੇਂ ਜਨਮ ਹੋਵੇ ॥ ੪੫ ॥ ਔਰ ਪੁਤ੍ਰੋਂ ਕੇ ਸਾਥ ਮੇਰੀ ਬੈਠਕ ਹੋਵੇ ਔਰ ਮੇਰਾ ਘਰ ਸਾਧੂ ਬ੍ਰਾਹਮਣੋਂ ਕਰਕੇ ਪੂਰਤ ਰਹੇ ਔਰ ਮੇਰਾ ਹ੍ਰਿਦਯ ਸ਼ਾਸਤ੍ਰ ਸਿਧਾਂਤ ਕਰਕੇ ਪੂਰਤ ਰਹੇ ਹੇ ਮਧੁਸੂਦਨ ਮੇਰੇ ਕੋ ਯੇ ਵਰ ਦੇਵੋ ॥ ੪੬ ॥ ਬ੍ਰਾਹਮਣ ਕੇ ਹਾਥ ਸੇ ਮੇਰੇ



ਕੋ ਤਿਲਕ ਹੋਵੇ ਔਰ ਮਾਤਾ ਕੇ ਹਾਥ ਸੇ ਭੋਜਨ ਹੋਵੇ ਔਰ ਪੁਤ੍ਰ ਕੇ ਹਾਥੋਂ ਸੇ ਮੇਰਾ ਪਿੰਡ ਹੋਵੇ ਯੇ ਵਰ ਦਾਨ ਦੇਵੋ ॥ ੪੭ ॥ ਦੁਰਭਿਖਸ਼ ਮੇਂ ਅੰਨ ਦੇਨੇ ਵਾਲਾ ਮੈਂ ਹੀ ਹੋਊਂ ਔਰ ਸੁਭਿਖਸ਼ ਮੇਂ ਸੁਵਰਨ ਦੇਨੇ ਵਾਲਾ ਮੈਂ ਹੀ ਹੋਊਂ ਦੁਖ ਕਾਲ ਮੇਂ ਅਭਯ ਦਾਨ ਕਰਨੇ, ਵਾਲਾ ਮੈਂ ਹੀ ਹੋਊਂ ਹੇ ਕ੍ਰਿਸ਼ਨ ਐਸਾ ਮੈਂ ਹੋਊਂ ॥ ੪੮ ॥ ਤਥਾ ਮੈਂ ਸਦਾਚਾਰੀ ਹੋਊਂ ਮੇਰੀ ਪਰ ਇਸਤ੍ਰੀਓਂ ਮੇਂ ਇਸਤ੍ਰੀ ਬੁਧਿ ਨਾ ਹੋਵੇ ਮਾਤ੍ਰੀ ਬੁਧਿ ਹੋਵੇ, ਔਰ ਪਰ ਧਨ ਮੇਂ ਧਨ ਬੁਧਿ ਨ ਹੋਵੇ ਮਿਟੀ ਬੁਧਿ ਹੋਵੇ, ਤਥਾ ਮੇਰੀ ਜ਼ਬਾਨ ਕਭੀ ਭੀ ਪਰਨਿੰਦਾ ਔਰ ਚੁਗਲੀ ਕਰਨੇ ਵਾਲੀ ਨ ਹੋਵੇ ॥ ੪੪ ॥ ਔਰ ਸਭ ਦੈਵੀ ਗੁਣੋਂ ਕਰਕੇ ਮੇਰਾ ਅੰਤ:ਕਰਣ ਪੂਰਿਤ ਹੋਵੇ ਯਾਨੇ ਸਤਿਵਾਦੀ ਹੋਊਂ, ਸ਼ੌਚ ਪਵਿਤ੍ਰ ਰਹਿਨੇ ਵਾਲਾ ਹੋਊਂ ਔਰ ਬਾਤ ਸਮਝਨੇ ਮੇਂ ਚਤੁਰ ਹੋਊਂ। ਹੇ ਮਧੁਸੂਦਨ ਯੇ ਮੇਰੇ ਕੋ ਵਰ ਦੋ ॥ ੫੫ ॥ ਸ਼ਰੀਰ ਰੋਗ ਰਹਿਤ ਹੋਵੇ ਮਨ ਤਾਪ ਰਹਿਤ ਹੋਵੇ ਔਰ ਲਖਮੀ ਇਸਥਿਤ ਹੋਵੇ, ਨਿਤਯ ਆਪ ਮੇਂ ਭਗਤਿ ਹੋਵੇ। ਯੇ ਵਰ ਦੋ ॥ ੫੧ ॥ ਔਰ ਹੇ ਸ੍ਰੀ ਕ੍ਰਿਸ਼ਨ ਯਦਿ ਮੇਰੇ ਪਰ ਪ੍ਰਸੰਨ ਹੋ, ਤੋ ਆਪ ਕਾ ਧਿਆਨ ਕਰਤੇ ਹੂਏ ਮੇਰਾ ਸ਼ਰੀਰ ਛੂਟੇ, ਔਰ ਮੇਰੀ ਦਾਹ ਕ੍ਰਿਆ ਆਪ ਨੇ ਹੀ ਕਰਨੀ ਔਰ ਅਦਗਧ ਅਸਥਾਨ ਮੇਂ ਮੇਰੀ ਦਾਹ ਕ੍ਰਿਆ ਹੋਵੇ। ਇਸ ਪ੍ਰਕਾਰ ਜੋ ਜੋ ਵਰ ਕਰਣ ਮਾਂਗਤਾ ਭਯਾ ਭਗਵਾਨ ਪ੍ਰਸੰਨ ਹੋਕਰ ਦੇਤੇ ਭਯੇ, ਉਸਕੇ ਬਾਦ ਕਰਣ ਭਗਵਾਨ ਕੇ ਚਰਣੋਂ ਕਾ ਧਿਆਨ ਕਰਤਾ ਹੂਆ ਸ਼ਰੀਰ ਛਡਤਾ ਭਯਾ ਔਰ ਭਗਵਾਨ ਭੀ ਕਰਣ ਕੀ ਦਾਹ ਕ੍ਰਿਆ ਵਾਸਤੇ ਅਦਗਧ ਭੂਮੀ ਖੋਜਤੇ ਭਏ ॥ ੫੪ ॥ ਸਭ ਜਗਹ ਦਗਧ ਭੂਮਿ ਮਿਲੀ ਅਦਗਧ ਭੂਮਿ ਕਹੀਂ ਨ ਮਿਲੀ ॥ ੫੧ ॥ ਤਬ ਏਕ ਸੁੰਦਰ ਜਗਹ ਜਾ ਕੇ ਭਗਵਾਨ ਭੂਮਿ ਸੇ ਪੂਛਤੇ ਭਏ ਕਿ ਹੇ ਭੂਮਿ ਤੂੰ ਸਚ ਕਹਿ ਕਿ ਈਹਾਂ ਕੋਈ ਮੁਰਦਾ ਤੋ ਨਹੀਂ ॥ ੫੮ ॥ ਤਬ ਭੂਮਿ ਕਹਨੇ ਲਗੀ ਈਹਾਂ ਤੋ ਸੈਂਕੜੋਂ ਵਾਰੀ ਭੀਸ਼ਮ ਸੜ ਚੁਕਾ ਹੈ। ਔਰ ਕਈ ਸੈਂਕੜੋਂ ਵਾਰੀ ਦ੍ਰੋਣ ਜਲ ਚੁਕਾ ਹੈ ਔਰ ਹਜ਼ਾਰੋਂ ਵਾਰੀ ਦੁਰਯੋਧਨ ਜਲ ਚੁਕੇ ਹੈਂ। ਕਰਣ ਕੀ ਤੋ ਸੰਖਯਾ ਹੀ ਕੋਈ ਨਹੀਂ ॥ ੫੯ ॥ ਤਬ ਭਗਵਾਨ ਕ੍ਰਿਸ਼ਨ ਅਪਨੇ ਵਾਮ ਪਰ ਕਰਣ ਕੋ ਜਲਾਤਾ ਭਯਾ, ਕਿਉਂਕਿ ਸੱਜਾ ਹਥ ਰਾਜਾ ਬਲੀ ਸੇ ਦਾਨ ਲੇਨੇ ਵਕਤ ਪਹਿਲੇ ਹੀ ਦਗਧ ਹੋ ਚੁਕਾ ਥਾ ॥ ੬੦ ॥ ਦਾਨ ਸੇ ਹੀ ਭਗਵਾਨ ਕਰਣ ਪਰ ਇਤਨੇ ਪ੍ਰਸੰਨ ਹੂਏ ਥੇ, ਸੋ ਗੁਰਮੁਖ ਕੋ ਦਾਨ ਜਰੂਰ ਕਰਨਾ ਚਾਹੀਏ। ਤਥਾ ਇਸੀ ਕਰਣ ਨੇ ਇੰਦ੍ਰ ਕੋ ਅਪਨੀ ਤ੍ਵਚਾ ਦਾਨ ਭੀ ਕਰ ਦਿਤੀ ਸੀ, ਲਿਖਾ ਹੈ ਕਰਣ ਕੇ ਪਿਤਾ ਨੇ ਰੋਕਾ ਭੀ ਕਿ ਇੰਦ੍ਰ ਤੇਰੇ ਸੇ ਤ੍ਵਚਾ ਮਾਂਗਨੇ ਆਏਗਾ ਤੁਮ ਨੇ ਨ ਦੇਨਾ। ਪਰੰਤੂ ਕਰਣ ਨੇ ਕਹਾ ਜਬ ਤ੍ਰਿਲੋਕੀ ਕਾ ਨਾਥ ਮੰਗਤਾ ਹੋਕੇ, ਮੇਰੇ ਸੇ ਮਾਂਗਤਾ ਹੈ ਤੋ ਮੈਂ ਕਿਉਂ ਨ ਦੂੰ? ਆਖਿਰ ਉਸਨੇ ਇੰਦ੍ਰ ਕੋ ਅਪਨੇ ਜੀਤੇ ਜੀ ਤ੍ਵਚਾ ਉਤਾਰ ਕੇ ਦੇ ਦੀ। ਮਹਾਂ ਭਾਰਤ ਮੇਂ ਯੇ ਕਥਾ ਪ੍ਰਸਿੱਧ ਹੈ :–

ਸ਼ਲੋਕ–ਕਰਣ: ਤ੍ਵਚੰ ਸ਼ਿਵਿਰ ਮਾਸੰ ਜੀਵੰ ਜੀਮੂਤ ਵਾਹਨ:। ਦਦਊਚ ਦਧੀਚਿ ਅਸਥੀਨਿ ਨਾਸ੍ਤਿ ਅਦੇਯੰ ਮਹਾਤਮਨਾਂ।

ਅਰਥ–ਕਰਣ ਨੇ ਤ੍ਵਚਾ ਦਾਨ ਕਰੀ ਹੈ ਔਰ ਸ਼ਿਵੀ ਰਾਜਾ ਨੇ ਅਪਨਾ ਮਾਂਸ ਦਾਨ ਕਰਾ ਹੈ,

ਔਰ ਜੀਮੂਤਵਾਹਨ ਰਾਜਾ ਨੇ ਜੀਵ ਦਾਨ ਕਰਾ ਹੈ, ਔਰ ਦਧੀਚਿ ਰਿਸ਼ੀ ਨੇ ਆਪਣੀਆਂ ਹਡੀਆਂ ਦਾਨ ਕਰੀਆਂ ਹਨ। ਮਹਾਤਮਾਓਂ ਪੁਰਸ਼ੋਂ ਕੋ ਕੋਈ ਅਦੇਯ ਵਸਤੂ ਨਹੀਂ, ਯਾਨੇ ਉਨਕੇ ਪਾਸ ਐਸੀ ਕੋਈ ਵਸਤੂ ਨਹੀਂ ਜੋ ਨ ਦੇ ਸਕੇਂ। ਮਹਾਤਮਾ ਸ਼ਿਵੀ ਉਸ਼ੀ ਨਰ ਦੇਸ਼ ਕੇ ਬੜੇ ਪ੍ਰਸਿੱਧ ਦਯਾਲੂ ਧਰਮਾਤਮਾ ਰਾਜਾ ਹੋ ਚੁਕੇ ਹੈਂ, ਯੇ ਸਦਾ ਭਗਵਤ ਭਗਤੀ ਔਰ ਯੱਗ ਆਦਿਕ ਕਰਮੋਂ ਮੇਂ ਲਗੇ ਰਹਤੇ ਥੇ। ਇਨ੍ਹੋਂ ਨੇ ਬਹੁਤ ਸੇ ਅਸ਼੍ਵਮੇਧ ਯਗ ਕੀਏ ਇਸ ਪ੍ਰਕਾਰ ਨਿਰੰਤਰ ਯਗ ਕਰਤੇ ਕੋ ਦੇਖ ਕਰ, ਇੰਦ੍ਰ ਭਯਭੀਤ ਹੂਆ ਕਿ ਹਮਾਰਾ ਇੰਦ੍ਰਾਸਨ ਛੀਨ ਨ ਲੇਵੇ। ਅਤ: ਉਸ ਕੋ ਧਰਮ ਕੀ ਪਰੀਖਯਾ ਲੇਨੇ ਵਾਸਤੇ ਸਾਖਯਾਤ ਅਗਨਿ ਦੇਵ ਔਰ ਧਰਮ ਕੋ ਭੇਜਾ। ਮਹਾਰਾਜਾ ਏਕ ਦਿਨ ਅਪਨੇ ਮਹਲ ਮੇਂ ਸੁਖ ਸੇ ਬੈਠੇ ਥੇ। ਅਚਾਨਕ ਉਨ ਕੀ ਗੋਦ ਮੇਂ ਏਕ ਕਬੂਤਰ ਭਯ ਭੀਤ ਹੂਆ ਹੂਆ ਆ ਛਿਪਾ। ਮਹਾਰਾਜ ਨੇ ਉਸ ਸੇ ਪਿਆਰ ਕੀਆ ਔਰ ਉਸਕੋ ਅਭੈ ਦਾਨ ਦੀਆ। ਇਤਨੇ ਮੇਂ ਉਸੀ ਕਬੂਤਰ ਕਾ ਪੀਛਾ ਕਰਤਾ ਹੂਆ ਏਕ ਬਾਜ ਵਹਾਂ ਆ ਪਹੁੰਚਾ, ਬਾਜ ਨੇ ਰਾਜਾ ਕੋ ਕਹਾ ਯਹ ਮੇਰਾ ਅਹਾਰ ਹੈ, ਆਪ ਇਸ ਕੋ ਛੋੜ ਦੋ ਮੈਂ ਇਸ ਕੋ ਖਾਊਂਗਾ। ਰਾਜਾ ਨੇ ਕਹਾ ਮੈਂ ਇਸ ਕੋ ਅਭੈ ਦਾਨ ਦੇ ਚੁਕਾ ਹੂੰ ਅਗਰ ਮੈਂ ਇਸਕੋ ਛੋੜ ਦੂੰ ਤੋ ਮੁਝੇ ਪਾਪ ਲਗੇਗਾ, ਬਾਜ ਨੇ ਕਹਾ ਆਪ ਧਰਮਾਤਮਾ ਹੈਂ। ਸਭ ਪ੍ਰਾਣੀਉਂ ਪਰ ਆਪ ਕਾ ਸਾਮਾਨਯ ਅਧਿਕਾਰ ਹੈ। ਜੈਸੇ ਇਸ ਕੀ ਰਖਯਾ ਕਰਨਾ ਆਪ ਕਾ ਧਰਮ ਹੈ, ਵੈਸੇ ਮੁਝ ਭੂਖੇ ਕੋ ਅਹਾਰ ਦੇਨਾ ਭੀ ਆਪ ਕਾ ਧਰਮ ਹੈ। ਮਹਾਰਾਜਾ ਨੇ ਕਹਾ ਤੁਮੇਂ ਭੂਖ ਕੀ ਨਿਵਿਰਤੀ ਵਾਸਤੇ, ਜਿਤਨਾ ਔਰ ਜਿਸ ਚੀਜ਼ ਕਾ ਮਾਂਸ ਚਾਹੀਏ ਉਸੀ ਚੀਜ਼ ਕਾ, ਉਤਨਾ ਹੀ ਮੰਗਾ ਦੂੰ ਪਰੰਤੂ ਇਸੇ ਛੋੜ ਦੋ। ਬਾਜ ਨੇ ਕਹਾ ਕਿ ਮੇਰੇ ਕੋ ਕਬੂਤਰ ਕੇ ਬਰਾਬਰ ਅਪਨਾ ਮਾਂਸ ਦੋ ਕਿਉਂਕਿ, ਮੈਂ ਧਰਮਾਤਮਾ ਕਾ ਮਾਂਸ ਖਾਯਾ ਕਰਤਾ ਹੂੰ, ਤਬ ਰਾਜਾ ਨੇ ਕਹਾ ਕਿ ਅਛਾ ਮੈਂ ਅਪਨਾ ਮਾਂਸ ਹੀ ਦੇਤਾ ਹੂੰ, ਤਰਾਜੂ ਮੰਗਾ ਕਰ ਅਪਨਾ ਮਾਂਸ ਕਾਟ ਕਰ ਤਰਾਜੂ ਮੇਂ ਡਾਲਤਾ ਗਯਾ, ਪਰੰਤੂ ਕਬੂਤਰ ਕੀ ਤਰਫ ਕਾ ਪਲੜਾ ਭਾਰੀ ਹੋਤਾ ਗਯਾ, ਆਧਾ ਸ਼ਰੀਰ ਕਾਟਨੇ ਪਰ ਭੀ ਪੂਰਨ ਨ ਹੂਆ। ਫਿਰ ਅਪਨਾ ਸਿਰ ਕਾਟਨੇ ਲਗਾ, ਤਬ ਉਸੀ ਸਮਯ ਧਰਮ ਦੇਵ ਔਰ ਅਗਨੀ ਦੇਵ ਨੇ ਪ੍ਰਗਟ ਹੋ ਕਰ ਰਾਜਾ ਕਾ ਹਾਥ ਪਕੜ ਲੀਆ, ਔਰ ਕਹਿਨੇ ਲਗੇ ਕਿ ਬਸ! ਬਸ !! ਹਮ ਤੁਮ੍ਹਾਰੇ ਧਰਮ ਕੀ ਪਰੀਖਯਾ ਲੇਨੇ ਕੋ ਆਏ ਥੇ। ਤੁਮ ਪੂਰਣ ਧਰਮਾਤਮਾ ਹੋ ਹਮ ਤੁਮ੍ਹਾਰੇ ਪਰ ਬਹੁਤ ਪ੍ਰਸੰਨ ਹੈਂ, ਇਤਨਾ ਕਹਿ ਕਰ ਵੋਹ ਦੋਨੋਂ ਅਪਨੇ ਲੋਕ ਕੋ ਚਲੇ ਗਏ। ਇਸੀ ਪ੍ਰਕਾਰ ਸ਼ਿਵੀ ਰਾਜਾ ਅਪਨਾ ਮਾਂਸ ਦਾਨ ਕਰਤਾ ਭਯਾ ਔਰ ਮਹਾਰਾਜ ਜੀਮੂਤਵਾਹਨ ਜੀਵ ਦਾਨ ਕਰਤਾ ਭਯਾ।

**(ਸ਼ਲੋਕ) ਦਦਾਤੀ ਦੁਸਤਜਜਾਨ੍ ਪ੍ਰਾਣਾਨ੍ ਪਰਾਰਥੇ ਦਯਯਾ ਯੁਤ: ॥**
**ਦਦਉਸ ਸੰਖ ਚੂੜਾਰਥੇ ਪ੍ਰਾਣਾਨ ਜੀਮੂਤ ਵਾਹਨ ॥**

ਧਰਮਾਤਮਾ ਭਗਤ ਜਨ ਦੂਸਰੋਂ ਕੇ ਲੀਏ ਅਪਨੇ ਦੁਸਤਯਜ ਭਾਵ ਦੁਖ ਸੇ ਤਿਆਗਣੇ ਲਾਇਕ ਪ੍ਰਾਣੋਂ ਕੋ ਦਯਾ ਕੇ ਵਸ ਹੋਕਰ ਦੇ ਦੇਤੇ ਹੈਂ ਜੈਸੇ ਸੰਖਚੂੜ ਸਰਪ



ਕੇ ਵਾਸਤੇ ਜੀਮੂਤ ਵਾਹਨ ਅਪਨੇ ਪ੍ਰਿਯ ਪ੍ਰਾਣੋਂ ਕੋ ਦੇਤਾ ਭਯਾ। ਕਥਾ-ਏਕ ਜੀਮੂਤ ਕੇਤੂ ਨਾਮ ਕਾ ਰਾਜਾ ਥਾ ਉਸਕੇ ਘਰ ਕਲਪ ਬ੍ਰਿਖ ਕੇ ਆਰਾਧਨਾ ਦਵਾਰਾ ਏਕ ਪੁਤਰ ਪੈਦਾ ਹੂਆ ਜਿਸ ਕਾ ਨਾਮ ਜੀਮੂਤ ਵਾਹਨ ਰਖਾ ਜਬ ਜੀਮੂਤ ਵਾਹਨ ਬੜਾ ਹੂਆ ਤਬ ਉਸ ਨੇ ਭੀ ਕਲਪ ਬ੍ਰਿਖ ਕਾ ਆਵਾਹਨ ਕੀਆ ਔਰ ਵਰ ਮਾਂਗਾ ਕਿ ਹਮਾਰੇ ਦੇਸ ਮੇਂ ਦਰਿਦਰ ਨ ਰਹੇ। ਸਭ ਧਨੀ ਹੋ ਜਾਵੇਂ ਕਲਪ ਬ੍ਰਿਖ ਤਥਾਸਤੁ ਕਹਿ ਕਰ ਚਲਾ ਗਿਆ ਤਬ ਸੇ ਉਸ ਕੇ ਰਾਜਯ ਮੇਂ ਸਭ ਲੋਗ ਧਨੀ ਹੋ ਗਏ ਔਰ ਧਨੀ ਹੋਨੇ ਕੇ ਕਾਰਨ ਸੇ ਸਭ ਸੁਤੰਤਰ ਹੋ ਗਏ ਕੋਈ ਭੀ ਕਿਸੀ ਕਾ ਕਹਾ ਨਹੀਂ ਮਾਨਤਾ ਥਾ ਯਹਾਂ ਤਕ ਕਿ ਰਾਜਾ ਕਾ ਭੀ ਕੋਈ ਕਹਾ ਨਹੀਂ ਮਾਨਤਾ ਥਾ, ਤਬ ਦੋਨੋਂ ਪਿਤਾ ਪੁਤ੍ਰ ਰਾਜ ਛੋਡ ਕਰ ਬਨ ਕੋ ਚਲੇ ਗਏ, ਏਕ ਦਿਨ ਜੀਮੂਤਵਾਹਨ ਸੈਲ ਕਰਤਾ ਦੇਵੀ ਕੇ ਦਰਸ਼ਨ ਕੋ ਲੀਏ ਮੰਦਿਰ ਮੇਂ ਗਿਆ, ਵਹਾਂ ਮਲਯਕੇਤੂ ਰਾਜਾ ਕੀ ਕੰਨਿਆਂ ਮਲਯਵਤੀ ਬੀਣਾ ਲੇ ਕਰ ਗਾਇਨ ਕਰ ਰਹੀ ਸੀ, ਦੋਨੋਂ ਕੀ ਪਰਸਪਰ ਦ੍ਰਿਸ਼ਟੀ ਮਿਲ ਗਈ ਔਰ ਏਕ ਦੂਸਰੇ ਪਰ ਮੋਹਿਤ ਹੋ ਗਏ, ਕੰਨਿਆਂ ਅਧਿਕ ਮੋਹਿਤ ਹੋ ਗਈ, ਤਬ ਮਲਯਵਤੀ ਕੀ ਸਖੀਓਂ ਨੇ ਉਸਕੀ ਮਾਤਾ ਸੇ ਕਹਾ, ਮਾਤਾ ਨੇ ਉਸ ਕੇ ਪਿਤਾ ਸੇ ਕਹਾ ਉਸ ਨੇ ਅਪਨੇ ਪੁੱਤਰ ਕੋ ਕਹਾ ਅਖੀਰ ਸਭ ਨੇ ਰਾਇ ਕੀਤੀ ਕਿ ਕੋਈ ਵਰ ਢੂੰਡ ਕਰ ਇਸ ਕੀ ਸ਼ਾਦੀ ਕਰਾ ਦੇਵੇਂ, ਦੇਖ ਜਾਂਚ ਕਰਨੇ ਪਰ ਸਭ ਨੇ ਜੀਮੂਤਵਾਹਨ ਕੋ ਹੀ ਪਸੰਦ ਕੀਆ, ਔਰ ਉਸ ਕੇ ਸਾਥ ਮਲਯਵਤੀ ਕੀ ਸ਼ਾਦੀ ਕਰ ਦਈ, ਸ਼ਾਦੀ ਹੋਨੇ ਕੇ ਬਾਦ ਜਬ ਘਰ ਮੇਂ ਆਏ, ਤਬ ਦੂਸਰੇ ਦਿਨ ਜੀਮੂਤਵਾਹਨ ਆਪਣੇ ਸਾਲੇ ਮਿਤ੍ਰਾਵਸੂ ਕੇ ਸਾਥ, ਬਾਹਰ ਸੈਲ ਕਰਨੇ ਗਿਆ ਵਹਾਂ ਦੇਖਾ ਕਿ ਸਫੇਦ ਹਡੀਓਂ ਕਾ ਏਕ ਢੇਰ ਪੜਾ ਹੈ, ਔਰ ਪੂਛਾ ਕਿ ਯਹ ਕਿਆ ਹੈ ਤਬ ਉਸਕੇ ਸਾਲੇ ਨੇ ਕਹਾ ਕਿ ਪਾਤਾਲ ਸੇ ਨਾਗਕੁਮਾਰ ਆਤੇ ਹੈਂ, ਗਰੁੜ ਉਨਕੋ ਖਾਇ ਕਰ ਈਹਾਂ ਹਡੀਆਂ ਛੋਡ ਜਾਤਾ ਹੈ, ਯਹ ਨਾਗੋਂ ਕੇ ਬਚਿਓਂ ਕੀ ਹਡੀਓਂ ਕਾ ਢੇਰ ਪੜਾ ਹੈ, ਇਹ ਬਚਨ ਸੁਨ ਕਰ ਅਪਨੇ ਸਾਲੇ ਮ੍ਰਿਤਾਵਸੂ ਕੋ ਕਹਾ, ਤੁਮ ਘਰ ਜਾਓ ਮੈਂ ਈਹਾਂ ਨਿਤਯ ਨਿਯਮ ਕਰਕੇ ਆਊਂਗਾ, ਇਤਨੇ ਮੇਂ ਏਕ ਬੜੀ ਮਾਈ ਕੇ ਰੋਨੇ ਕੀ ਆਵਾਜ਼ ਆਈ, ਜੀਮੂਤਵਾਹਨ ਚਲ ਕਰ ਉਸ ਕੇ ਪਾਸ ਗਿਆ, ਔਰ ਮਾਈ ਸੇ ਪੂਛਾ ਕਿਉਂ ਰੋਤੀ ਹੈ ? ਤਬ ਉਸ ਨੇ ਕਹਾ ਸੰਖ ਚੂੜ ਨਾਮ ਵਾਲਾ ਮੇਰਾ ਪੁਤ੍ਰ ਹੈ, ਉਸ ਕੀ ਆਜ ਵਾਰੀ ਹੈ ਉਸ ਕੋ ਗਰੁੜ ਖਾ ਜਾਏਗਾ, ਤਬ ਜੀਮੂਤਵਾਹਨ ਨੇ ਕਹਾ ਤੇਰੇ ਪੁਤ੍ਰ ਕੇ ਬਦਲੇ ਮੈਂ ਬੈਠਤਾ ਹੂੰ, ਤੂੰ ਨ ਰੋ ਇਤਨਾ ਕਹਿ ਕਰ ਵਹਾਂ ਬੈਠ ਗਿਆ, ਗਰੁੜ ਆ ਕਰ ਜੀਮੂਤਵਾਹਨ ਕੋ ਲੇ ਗਿਆ, ਸੰਖ ਚੂੜ ਨੇ ਕਹਾ ਇਹ ਤੇਰਾ ਭਖ ਨਹੀਂ, ਤਬ ਗਰੁੜ ਨੇ ਉਸਕੋ ਪਰਉਪਕਾਰੀ ਸਮਝ ਕਰ ਛੋੜ ਦੀਆ ਤਬ ਗਰੁੜ ਜੀ ਸੇ ਵਰ ਦਾਨ ਮਾਂਗਾ ਕਿ ਇਹ ਜਿਤਨੇ ਸਰਪ ਮਰੇ ਪੜੇ ਹੈਂ, ਸਭ ਕੋ ਜਿਵਾ ਦੇ ਔਰ ਆਗੇ ਕੋ ਕੋਈ ਸਰਪ ਨ ਮਾਰੋ, ਤਬ ਗਰੁੜ ਜੀ ਨੇ ਵੈਸਾ ਹੀ ਕੀਆ। ਰਘੁਵੰਸ਼ ਮੈਂ ਸੰਕ੍ਰਿਤੀ ਨਾਮ ਕੇ ਏਕ ਬੜੇ ਪ੍ਰਤਾਪਸ਼ਾਲੀ ਰਾਜਾ ਹੂਏ ਹੈਂ, ਉਨਕੇ ਦੋ

ਪੁਤ੍ਰ ਥੇ ਗੁਰੂ ਔਰ ਰੰਤੀ ਦੇਵ। ਰੰਤੀ ਦੇਵ ਨੇ ਯੇਹ ਪ੍ਰਣ ਕਰ ਰਖਾ ਥਾ ਕਿ ਹਮਾਰੇ ਦੁਆਰੇ ਸੇ ਅਤਿਥੀ ਕਭੀ ਖਾਲੀ ਨ ਜਾਏ, ਯੇ ਬਾਤ ਸੁਨ ਕਰ ਯਾਚਕ ਲੋਗੋਂ ਕੀ ਬੜੀ ਭੀੜ ਰਹਿਨੇ ਲਗੀ, ਆਖਿਰ ਸਭ ਯਾਚਕੋਂ ਕੋ ਮਨ ਵਾਂਛਿਤ ਭਿਖਿਆ ਦੇਤੇ ਦੇਤੇ, ਸਭ ਖਜ਼ਾਨੇ ਖਾਲੀ ਹੋ ਗਏ, ਔਰ ਉਨ੍ਹੋਂ ਕੇ ਪਾਸ ਖਾਨੇ ਕੋ ਭੀ ਨ ਰਹਾ, ਔਰ ਰਾਜ ਮੇਂ ਦੁਕਾਲ ਪੜ ਜਾਨੇ ਕੇ ਕਾਰਣ, ਭੂਖ ਕੇ ਮਾਰੇ ਅਪਨੇ ਪਰਿਵਾਰ ਕੋ ਸਾਥ ਲੇਕਰ ਜੰਗਲ ਮੇਂ ਚਲੇ ਗਏ, ਭੂਖ ਪਿਆਸ ਕੇ ਸਤਾਏ ਹੂਏ ਇਧਰ ਉਧਰ ਜੰਗਲ ਮੇਂ ਖਾਨੇ ਕੀ ਚੀਜ਼ ਢੂੰਡਨੇ ਲਗੇ, ਪਰੰਤੂ ਉਨ੍ਹੋਂ ਕੋ ਖਾਨੇ ਕੋ ਤੋ ਕਿਆ ਪੀਨੇ ਕੋ ਏਕ ਬੂੰਦ ਭੀ ਜਲ ਕੀ ਨ ਮਿਲੀ। ਇਸੀ ਤਰਹ ਭੂਖ ਪਿਆਸ ਸੇ ਵਿਆਕੁਲ ਹੂਏ ਹੂਏ ਈਸ਼੍ਵਰ ਸਿਮਰਣ ਮੇਂ ਲਗੇ ਰਹੇ, ਔਰ ਸ਼ਰੀਰ ਭੂਖ ਸੇ ਸਿਥਿਲ ਹੋ ਜਾਨੇ ਕੇ ਕਾਰਣ ਪਰਿਵਾਰ ਕੇ ਸਾਥ ਏਕ ਜਗਹ ਪੁਜ ਗਏ, ਉਨ ਕੋ ਬਿਨਾ ਖਾਏ ਪੀਏ ਅਠਤਾਲੀਸ ਦਿਨ ਬਤੀਤ ਹੋ ਗਏ। ਜਬ ਉਨਚਾਸਵਾਂ ਦਿਨ ਆਇਆ ਤਬ ਅਕਾਸ਼ ਮਾਰਗ ਸੇ ਦਿਬਯ ਭੋਜਨ ਕੇ ਥਾਲ ਲਗੇ ਹੂਏ ਉਨ੍ਹੋਂ ਕੇ ਆਗੇ ਰਖੇ ਗਏ, ਔਰ ਆਕਾਸ਼ ਬਾਣੀ ਹੂਈ ਕਿ ਯੇਹ ਤੁਮ੍ਹਾਰੇ ਵਾਸਤੇ ਹੈਂ। ਯੇ ਸੁਨ ਕਰ ਰਾਜਾ ਬਹੁਤ ਪ੍ਰਸੰਨ ਹੂਆ ਔਰ ਈਸ਼੍ਵਰ ਕੇ ਗੁਣ ਗਾਯਨ ਕਰਨੇ ਲਗਾ। ਈਸ਼੍ਵਰ ਕੋ ਭੋਗ ਲਗਾ ਕਰ ਭੋਜਨ ਪਾਨੇ ਹੀ ਲਗੇ ਥੇ, ਇਤਨੇ ਮੇਂ ਏਕ ਬ੍ਰਾਹਮਣ ਦੇਵ ਆ ਨਿਕਲਾ, ਔਰ ਕਹਾ ਕਿ ਹੇ ਰਾਜਨ! ਮੈਂ ਬਹੁਤ ਭੂਖਾ ਹੂੰ ਔਰ ਹਮਾਰੇ ਪ੍ਰਾਣ ਨਿਕਲ ਰਹੇ ਹੈਂ, ਇਸ ਲੀਏ ਯੇਹ ਭੋਜਨ ਹਮਾਰੇ ਕੋ ਦੀਜੀਏ। ਮਹਾਰਾਜ ਬੜੇ ਪ੍ਰਸੰਨ ਹੂਏ ਔਰ ਬੜੇ ਸਤਿਕਾਰ ਸੇ ਬ੍ਰਾਹਮਣ ਕੋ ਪੇਟ ਭਰ ਕਰ ਭੋਜਨ ਕਰਾਇਆ, ਸ਼ੇਸ਼ ਅੰਨ ਅਪਨੇ ਪਰਵਾਰ ਕੋ ਬਾਂਟ ਦੀਆ। ਵੋਹ ਪਾਨਾ ਹੀ ਚਾਹਤੇ ਥੇ ਕਿ ਇਤਨੇ ਮੇਂ ਏਕ ਸ਼ੂਦ੍ਰ ਬਹੁਤ ਭੂਖ ਸੇ ਵਿਆਕੁਲ ਹੂਆ ਹੂਆ ਭੋਜਨ ਮਾਂਗਨੇ ਲਗਾ। ਰਾਜਾ ਨੇ ਉਸ ਕੋ ਭੀ ਪੇਟ ਭਰ ਕਰ ਖਿਲਾਯਾ, ਇਤਨੇ ਮੇਂ ਏਕ ਮਨੁਸ਼ਯ ਬਹੁਤ ਸੇ ਕੁਤੋਂ ਕੇ ਸਾਥ ਆ ਨਿਕਲਾ। ਔਰ ਕਹਿਨੇ ਲਗਾ ਕਿ ਮੈਂ ਔਰ ਹਮਾਰੇ ਕੁਤੇ ਭੂਖ ਸੇ ਬਹੁਤ ਵਿਆਕੁਲ ਹੋ ਰਹੇ ਹੈਂ। ਹਮਾਰੇ ਕੋ ਔਰ ਹਮਾਰੇ ਕੁਤੋਂ ਕੋ ਅੰਨ ਦੋ। ਰਾਜਾ ਨੇ ਸਭ ਕੋ ਅੰਨ ਦੀਆ, ਸ਼ੇਸ਼ ਏਕ ਮੂਰਤੀ ਕੀ ਪਿਆਸ ਬੁਝਾਨੇ ਕੇ ਵਾਸਤੇ ਜਲ ਹੀ ਰਹਿ ਗਯਾ, ਉਸੇ ਬਾਂਟ ਕਰ ਪੀਨਾ ਹੀ ਚਾਹਤੇ ਥੇ ਕਿ ਇਤਨੇ ਮੇਂ ਏਕ ਚੰਡਾਲ ਉਨ ਕੇ ਪਾਸ ਆਇਆ, ਔਰ ਕਹਾ ਕਿ ਮੈਂ ਬਹੁਤ ਪਿਆਸਾ ਹੂੰ, ਹਮ ਕੋ ਜਲ ਪਿਲਾਓ ਆਪਕਾ ਬਹੁਤ ਪੁੰਨ ਹੋਗਾ ਰਾਜਾ ਉਸਕੋ ਪਾਣੀ ਪਿਲਾਕੇ ਬਹੁਤ ਪ੍ਰਸੰਨ ਹੂਆ, ਕਿ ਐਸੇ ਨਿਰਜਨ ਜੰਗਲ ਮੇਂ ਹਮਾਰੇ ਸੇ ਇਤਨੇ ਪ੍ਰਾਣੀ ਸੁਖ ਪਾ ਰਹੇ ਹੈਂ। ਅਸਲ ਮੇਂ ਭਗਵਾਨ ਵਿਸ਼ਨੂ ਜੀ ਇੰਦ੍ਰ ਜੀ ਬ੍ਰਹਮਾ ਜੀ ਔਰ ਮਹਾਦੇਵ ਜੀ ਹੀ, ਰੰਤੀ ਦੇਵ ਕੇ ਧੀਰਜ ਕੀ ਪਰੀਖਿਆ ਲੇਨੇ ਕੇ ਵਾਸਤੇ ਆਏ ਥੇ। ਜਬ ਪਰੀਖਿਆ ਮੇਂ ਪੂਰਾ ਉਤਰਾ, ਤੋ ਚਾਰੋਂ ਦੇਵ ਅਪਨੇ ਅਸਲ ਸ੍ਵਰੂਪ ਮੇਂ ਰਾਜਾ ਕੇ ਸਨਮੁਖ ਹੋ ਕਰ ਕਹਿਨੇ ਲਗੇ, ਕਿ ਹਮ ਤੁਮ ਪਰ ਬਹੁਤ ਪਰਸੰਨ ਹੈਂ ਵਰ ਮਾਂਗ। ਮਹਾਰਾਜ ਨੇ ਕਹਾ ਕਿ ਆਪ ਸਰਵ ਸ਼ਕਤੀਮਾਨ ਹੋ



ਇਸ ਵਾਸਤੇ ਮੈਂ ਯਹ ਵਰ ਮਾਂਗਤਾ ਹੂੰ, ਕਿ ਹਮਾਰੇ ਦਰ ਸੇ ਕੋਈ ਸਵਾਲੀ ਨਿਰਾਸ ਹੋ ਕਰ ਨਾ ਜਾਏ। 'ਤਥਾਸਤੁ' ਕਹਿ ਕਰ ਦੇਵਤਾ ਅੰਤਰ ਧਿਆਨ ਹੋ ਗਏ, ਔਰ ਰੰਤੀ ਦੇਵ ਵਾਹਨ ਕੇ ਦੇਸ਼ ਮੇਂ ਵਰਸ਼ਾ ਪੜ ਗਈ, ਸਮਯ ਅੱਛਾ ਲਗ ਗਯਾ, ਸਭ ਪਰਜਾ ਸੁਖੀ ਹੋ ਗਈ, ਰਾਜਾ ਅਪਨੇ ਰਾਜ ਮੇਂ ਜਾਕਰ ਫਿਰ ਪੂਰਬਵਤ ਅਤਿਥੀ ਕਾ ਸਤਿਕਾਰ ਕਰਤੇ ਹੂਏ ਜੀਵਨ ਬਤੀਤ ਕਰਤਾ ਭਯਾ। ਤਥਾ ਮਹਾਰਾਜਾ ਮਯੂਰਧੁਜ ਦੁਆਪਰ ਕੇ ਅੰਤ ਮੇਂ ਰਤਨ ਪੁਰ ਮੇਂ ਰਾਜ ਕਰਤੇ ਥੇ। ਬੜੇ ਧਰਮਾਤਮਾ ਨਿਆਇਕਾਰੀ ਸੂਰਬੀਰ ਔਰ ਭਗਵਤ ਭਗਤੀ ਪਰਾਇਣ ਥੇ ਵੋਹ ਹਮੇਸ਼ਾਂ ਭਗਵਤ ਪ੍ਰੀਤੀ ਅਰਥ ਅਸੁਮੇਧ ਯੱਗ ਕਰਤੇ ਹੀ ਰਹਿਤੇ ਥੇ, ਏਕ ਵਾਰ ਅਸੁਮੇਧ ਯੱਗ ਕਾ ਘੋੜਾ ਛੂਟਾ ਥਾ ਉਸਕੀ ਰਖਯਾ ਕੇ ਵਾਸਤੇ ਇਨਕਾ ਪੁਤ੍ਰ ਤਾਮ੍ਰਧੁਜ ਤਥਾ ਪ੍ਰਧਾਨ ਮੰਤ੍ਰੀ ਸੈਨਾ ਕੇ ਸਹਿਤ ਘੂਮ ਰਹੇ ਥੇ। ਉਨ ਹੀ ਦਿਨੋਂ ਮੇਂ ਯੁਧਿਸ਼ਟਰ ਜੀ ਭੀ ਅਸੁਮੇਧ ਯੱਗ ਕਰਾ ਰਹੇ ਥੇ ਉਨ ਕੇ ਘੋੜੇ ਕੇ ਰਖਯਕ ਅਰਜੁਨ ਔਰ ਸਾਰਥੀ ਭਗਵਾਨ ਕ੍ਰਿਸ਼ਨ ਜੀ ਥੇ। ਮਨਿ ਪੁਰ ਮੇਂ ਦੋਨੋਂ ਆਪਸ ਮੇਂ ਲੜ ਪੜੇ ਭਗਵਾਨ ਕੀ ਕਿਰਪਾ ਸੇ ਅਰਜੁਨ ਨੇ ਉਸ ਪਰ ਵਿਜਯ ਪਾਈ, ਤੋ ਅਰਜੁਨ ਕੋ ਬਹੁਤ ਘੁਮੰਡ ਹੋ ਗਯਾ, ਉਸਕਾ ਘੁਮੰਡ ਤੋੜਨੇ ਕੇ ਵਾਸਤੇ ਦੂਸਰੇ ਦਿਨ ਜਬ ਯੁਧ ਹੂਆ, ਤਾਮ੍ਰਧੁਜ ਜਬ ਬਾਣ ਮਾਰਤਾ ਥਾ ਤਬ ਭਗਵਾਨ ਸਹਿਤ ਅਰਜੁਨ ਕਾ ਰਥ ਤੀਨ ਤੀਨ ਕਦਮ, ਪੀਛੇ ਹਟਾ ਦੀਆ ਕਰਤਾ ਥਾ, ਭਗਵਾਨ ਕਹਿਤੇ ਵਾਹ! ਵਾਹ! ਤਬ ਅਰਜੁਨ ਕੋ ਈਰਖਾ ਹੁਈ ਔਰ ਪੂਛਾ ਤਬ ਭਗਵਾਨ ਨੇ ਕਹਾ ਮੈਂ ਤ੍ਰਿਲੋਕੀ ਕਾ ਬੋਝ ਰਖ ਕਰ, ਰਥ ਪਰ ਬੈਠਾ ਹੂੰ ਇਤਨੇ ਬੋਝ ਕੋ ਭੀ ਪੀਛੇ ਹਟਾ ਦੇਤਾ ਹੈ, ਬੜਾ ਸੂਰਬੀਰ ਹੈ ਵਾਹ! ਵਾਹ! ਤਬ ਅਰਜੁਨ ਕਾ ਅਭਿਮਾਨ ਦੂਰ ਹੂਆ ਔਰ ਤਾਮ੍ਰਧੁਜ ਨੇ ਭਗਵਾਨ ਕ੍ਰਿਸ਼ਨ ਔਰ ਅਰਜੁਨ ਕੋ ਮੂਰਛਿਤ ਕਰਕੇ ਘੋੜਾ ਖੋਸ ਕਰ ਅਪਨੀ ਰਾਜਧਾਨੀ ਮੇਂ ਪਹੁੰਚੇ ਰਾਜਾ ਕੇ ਪੂਛਨੇ ਪਰ ਉਨ੍ਹੋਂ ਨੇ ਸਾਰੀ ਬਾਤ ਕਹਿ ਸੁਣਾਈ, ਰਾਜਾ ਯੇ ਬਾਤ ਸੁਨ ਕਰ ਬਹੁਤ ਖਫਾ ਹੂਆ, ਕਿ ਤੁਮ ਸ੍ਰੀ ਭਗਵਾਨ ਕੋ ਮੂਰਛਿਤ ਕਰਕੇ, ਘੋੜਾ ਖੋਸ ਲਾਏ ਹੋ ਤੁਮ ਮੇਰੇ ਪੁਤ੍ਰ ਨਹੀਂ ਹੋ ਸ਼ਤ੍ਰੂ ਹੋ, ਜਿਸ ਭਗਵਾਨ ਕੀ ਪ੍ਰਸੰਨਤਾ ਵਾਸਤੇ ਹਮ ਯੱਗ ਕਰ ਰਹੇ ਹੈਂ ਉਸ ਕੋ ਤੁਮ ਨੇ ਮੂਰਛਿਤ ਕਰ ਦੀਆ ਹੈ। ਉਧਰ ਜਬ ਭਗਵਾਨ ਔਰ ਅਰਜੁਨ ਕੀ ਮੂਰਛਾ ਖੁਲੀ, ਤਬ ਅਰਜੁਨ ਨੇ ਘੋੜੇ ਕੋ ਲੇ ਜਾਨੇ ਕਾ ਅਫਸੋਸ ਭਗਵਾਨ ਪ੍ਰਤੀ ਪ੍ਰਗਟ ਕੀਆ। ਭਗਵਾਨ ਅਪਨੇ ਭਗਤ ਕੀ ਮਹਿਮਾ ਦਿਖਾਨੇ ਕੇ ਲੀਏ ਆਪ ਬ੍ਰਾਹਮਣ ਔਰ ਅਰਜੁਨ ਕੋ ਅਪਨਾ ਸ਼ਿਸ਼ ਬਣਾਇਆ, ਔਰ ਮਯੂਰਧੁਜ ਕੀ ਯਗਸ਼ਾਲਾ ਮੇਂ ਪਹੁੰਚੇ। ਰਾਜਾ ਨੇ ਪ੍ਰੇਮ ਸੇ ਨਮਸ਼ਕਾਰ ਕਰ ਆਸਨ ਪਰ ਬਿਠਾ ਕਰ ਸੇਵਾ ਪੂਛੀ। ਬ੍ਰਾਹਮਣ ਨੇ ਪ੍ਰਤਗਿਆ ਕਰਾ ਕਰ ਬਤਲਾਯਾ, ਕਿ ਮੈਂ ਜੰਗਲ ਸੇ ਅਪਨੇ ਸ਼ਿਸ਼ ਕੇ ਸਾਥ ਇਧਰ ਆ ਰਹਾ ਥਾ, ਰਸਤੇ ਮੇਂ ਇਕ ਸ਼ੇਰ ਮਿਲਾ ਉਸ ਨੇ ਹਮਾਰਾ ਸ਼ਿਸ਼ ਖਾਨਾ ਚਾਹਾ, ਮੈਨੇ ਕਹਾ ਹਮਾਰੇ ਇਸ ਲੜਕੇ ਕੋ ਛੋੜ ਕਰ ਹਮਾਰੇ ਕੋ ਖਾ ਲੋ, ਪਰੰਤੂ ਸ਼ੇਰ ਨੇ ਨ ਮਾਨਾ। ਆਖਰ ਬਹਤ ਕਹਿਨੇ ਪਰ ਸ਼ੇਰ ਨੇ ਕਹਾ, ਕਿ ਮਯੂਰਧੁਜ ਪ੍ਰਸੰਨਤਾ ਕੇ ਸਾਥ ਆਪਣੀ ਇਸਤ੍ਰੀ ਔਰ

ਪੁਤ੍ਰ ਦੁਆਰਾ ਅਪਨੇ ਆਧੇ ਸ਼ਰੀਰ ਕੋ, ਆਰੇ ਸੇ ਚਿਰਾ ਕਰ ਮੁਝੇ ਦੇ ਦੇਵੇ ਤੋਂ ਮੈਂ ਤੁਮ੍ਹਾਰੇ ਸ਼ਿਸ਼ ਕੋ ਛੋੜ ਦੂੰਗਾ। ਰਾਜਾ ਨੇ ਜਾਨਾ ਕਿ ਭਗਵਾਨ ਹੀ ਇਸ ਵੇਸ਼ ਮੇਂ ਆਏ ਹੈਂ। ਇਸ ਵਾਸਤੇ ਜੋ ਮਾਗੋਂ ਸੋਈ ਦੇਦੂੰ, ਇਸ ਪਰ ਰਾਜਾ ਕੀ ਰਾਣੀ ਨੇ ਆਪਣੇ ਕੋ ਅਰਧਾਂਗੀ ਸਮਝ ਕਰ ਪ੍ਰਾਰਥਨਾ ਕੀ ਪਰੰਤੂ ਭਗਵਾਨ ਨੇ ਨ ਮਾਨਾ ਕਹਿਨੇ ਲਗੇ ਹਮਾਰੇ ਕੋ ਦਾਹਿਨਾ ਭਾਗ ਚਾਹੀਏ ਫਿਰ ਪੁਤਰ ਨੇ ਪ੍ਰਾਰਥਨਾ ਕਰੀ ਕਿ ਮੈਂ ਇਸ ਕੀ ਅੰਸ਼ ਹੂੰ ਮੇਰੇ ਕੋ ਦੇਦੋ। ਤੋ ਭਗਵਾਨ ਨੇ ਕਹਾ ਕਿ ਤੁਮ੍ਹਾਰੇ ਹਾਥੋਂ ਸੇ ਚਿਰਾ ਹੂਆ ਹਮਾਰੇ ਕੋ ਚਾਹੀਏ। ਆਖਰ ਰਾਜਾ ਕੋ ਰਾਣੀ ਉਸਕਾ ਪੁਤ੍ਰ ਆਰਾ ਲੇਕਰ ਚੀਰਨੇ ਲਗੇ ਜਬ ਥੋੜਾ ਸ਼ਰੀਰ ਚੀਰਨੇ ਵਾਲਾ ਬਾਕੀ ਰਹਾ ਤਬ ਰਾਜਾ ਕੀ ਬਾਈਂ ਆਂਖ ਸੇ ਆਸੂਓਂ ਕੀ ਧਾਰਾ ਬਹਿਨੇ ਲਗੀ ਤਬ ਬ੍ਰਾਹਮਣ ਦੇਵ ਬਿਗੜ ਗਏ ਕਹਿਨੇ ਲਗੇ ਕਿ ਹਮ ਦੁਖ ਸੇ ਦੀ ਹੂਈ ਚੀਜ਼ ਗ੍ਰਹਿਣ ਨਹੀਂ ਕਰਤੇ ਰਾਜਾ ਨੇ ਪ੍ਰਾਰਥਨਾ ਕੀ ਕਿ ਹਮ ਸ਼ਰੀਰ ਕਾਟੇ ਜਾਨੇ ਕੇ ਕਾਰਨ ਨਹੀਂ ਰੋਤੇ, ਪਰੰਤੂ ਇਸ ਵਾਸਤੇ ਬਾਈਂ ਆਂਖ ਸੇ ਆਂਸੂ ਨਿਕਲਤੇ ਹੈਂ, ਕਿ ਦਾਹਨਾ ਭਾਗ ਤੋ ਬ੍ਰਾਹਮਣਦੇਵ ਕੀ ਸੇਵਾ ਮੇਂ ਲਗ ਕਰ ਸਫਲ ਹੋ ਗਯਾ, ਔਰ ਬਾਯਾਂ ਭਾਗ ਵਿਅਰਥ ਹੀ ਜਾਏਗਾ। ਭਗਵਾਨ ਨੇ ਯਹ ਬਾਤ ਸੁਨ ਕਰ ਅਪਨੇ ਚਤੁਰਭੁਜ ਸਰੂਪ ਕੋ ਪ੍ਰਗਟ ਕੀਆ, ਔਰ ਅਪਨੇ ਸ਼ਰੀਰ ਸੇ ਸਪਰਸ਼ ਕਰਾਯਾ ਤਬ ਰਾਜਾ ਕਾ ਸ਼ਰੀਰ ਪਹਿਲੇ ਸੇ ਭੀ ਅਧਿਕ ਸੁੰਦਰ ਔਰ ਰਿਸ਼ਟ ਪੁਸ਼ਟ ਹੋ ਗਯਾ, ਔਰ ਭਗਵਾਨ ਨੇ ਕਹਾ ਵਰੰਬ੍ਰਹਿ (ਵਰ ਮਾਂਗੋ) ਤਬ ਰਾਜਾ ਨੇ ਕਹਾ ਕਿ ਆਪ ਜੀ ਕੇ ਚਰਣੋਂ ਕਾ ਅਵਿਚਲ ਪ੍ਰੇਮ ਬਣਾ ਰਹੇ, ਅਰ ਆਗੇ ਵਾਸਤੇ ਐਸੀ ਕਠਨ ਪਰੀਖਿਆ ਭਗਤੋਂ ਕੀ ਕਬੀ ਨ ਲੇਨਾ। ਤਬ ਭਗਵਾਨ ਨੇ ਕਹਾ (ਤਥਾਅਸਤੂ) ਐਸੇ ਹੀ ਹੋਗਾ, ਐਸੀ ਲੀਲਾ ਦੇਖ ਕਰ ਅਰਜੁਨ ਕਾ ਸਭ ਘੁਮੰਡ ਦੂਰ ਹੋ ਗਯਾ, ਰਾਜਾ ਨੇ ਭਗਵਾਨ ਕ੍ਰਿਸ਼ਨ ਔਰ ਅਰਜੁਨ ਕਾ ਤੀਨ ਰੋਜ਼ ਤਕ ਅਤਿਥੀ ਸਤਿਕਾਰ ਕਰਕੇ, ਘੋੜਾ ਵਾਪਸ ਦੇਕਰ ਵਿਦਾ ਕੀਆ। ਇਸ ਪਰਕਾਰ ਗੁਰਮੁਖ ਲੋਗੋਂ ਕੋ ਸਰੀਰ ਤਕ ਭੀ ਦਾਨ ਕਰ ਦੇਨਾ ਚਾਹੀਏ। ਗੁਰੂ ਜੀ ਲਿਖਤੇ ਹੈਂ "ਪੁੰਨ ਦਾਨ ਕਾ ਕਰੇ ਸਰੀਰ" ਇਸ ਪਰਕਾਰ ਗੁਰਮੁਖ ਕੋ ਦਾਤਾ ਬਣਨਾ ਚਾਹੀਏ। ਦਾਤਾ ਕਾ ਲਖਣ ਜੈਸੇ ਲਿਖਾ ਹੈ:-

**ਸ਼ਲੋਕ—ਦਾਤਾ ਨ ਦਾਪਯਤਿ ਦਾਪਯਿਤਾ ਨ ਦੱਤੇ ॥ ਯੋ ਦਾਨ ਦਾਪਨ ਪਰੋ ਮਧੁਰੋ ਨ ਵਕ੍ਤਿ ॥ ਦਾਨੰ ਚ ਦਾਪਨੰਚ ਮਧੁਰਾਚ ਬਾਣੀ: ਤ੍ਰੀਣਿ ਅਮੂਨਿ ਸਤਪੁਰਸ਼ੇ ਵਸੰਤਿ ॥**

ਅਰਥ—ਜੋ ਪੁਰਸ਼ ਆਪ ਕਰਤਾ ਹੈ, ਔਰ ਅਪਨੇ ਸੰਬੰਧੀਓਂ ਸੇ ਨਹੀਂ ਕਰਾਤਾ ਵੋਹ ਭੀ ਦਾਤਾ ਨਹੀਂ, ਔਰ ਦੂਸਰੋਂ ਸੇ ਦਾਨ ਕਰਾਤਾ ਹੈ ਔਰ ਆਪਣਾ ਪੈਸਾ ਖਰਚ ਨਹੀਂ ਕਰਤਾ, ਵੋਹ ਭੀ ਦਾਤਾ ਨਹੀਂ। ਔਰ ਆਪ ਦਾਨ ਕਰਤਾ ਹੈ ਔਰ ਦੂਸਰੋਂ ਸੇ ਭੀ ਦਾਨ ਕਰਾਤਾ ਹੈ ਔਰ ਮਿਠੀ ਮਿਠੀ ਬਾਣੀ ਨਹੀਂ ਬੋਲਤਾ, ਉਹ ਭੀ ਦਾਤਾ ਨਹੀਂ। ਕਿੰਤੂ ਆਪ ਭੀ ਦੇਵੇ ਦੂਸਰੋਂ ਸੇ ਭੀ ਦਿਲਾਵੇ, ਔਰ ਮਿਠੀ ਬਾਣੀ ਭੀ ਬੋਲੇ



ਉਸਕੋ ਦਾਤਾ ਕਹਿਤੇ ਹੈਂ। ਗੁਰਮੁਖ ਕੋ ਐਸਾ ਦਾਤਾ ਬਨਣਾ ਚਾਹੀਏ ਜੈਸੇ ਉਪਰ ਕਹ ਭਗਤ ਦਾਤਾ ਹੂਏ ਹੈਂ। ਤਥਾ ਗੁਰਮੁਖ ਕੋ ਨਾਮ ਜਪਨਾ ਚਾਹੀਏ। ਨਾਮ ਕਾ ਮਹਾਤਮ ਪਹਿਲੇ ਅਛੀ ਤਰਹ ਕਹਿ ਆਏ ਹੈਂ। ਗੁਰੂ ਪ੍ਰਮਾਣ—

**ਗੁਰਮੁਖਿ ਨਾਮੁ ਦਾਨੁ ਇਸਨਾਨੁ ॥** [ਰਾਮਕਲੀ ਮ: ੧ ਸਿਧ ਗੋਸਟ ਸਫਾ ੯੪੨

ਰਿਸ਼ੀ ਕੇਸ਼ ਰਹੇ, ਵਹਾਂ ਸ੍ਰੀ ਮਾਨ ਸੰਤ ਸੰਮਤ ੧੯੭੨ ਕਾ ਕੁੰਭ ਕਰਕੇ ਸਿਆਲ ਭੀ ਆਪ ਮੂਲ ਸਿੰਘ ਜੀ ਨੇ ਖੈਰਾਬਾਦ ਲੇ ਜਾਨੇ ਵਾਸਤੇ, ਆਪਕੋ ਚਤੁਰਮਾਸ ਕਾ ਨਿਮੰਤ੍ਰਣ ਦੀਆ, ਆਪ ਮਾਨਤੇ ਨਹੀਂ ਥੇ ਪਰੰਤੂ ਬਹੁਤ ਪਰੇਮ ਸੇ ਮਨਾਇਆ, ਔਰ ਥੋੜੇ ਦਿਨ ਪਹਿਲੇ ਉਨ੍ਹੋਂ ਨੇ ਏਕ ਸੰਤ ਤਥਾ ਕਿਰਾਇਆ ਭੇਜ ਦੀਆ। ਉਸ ਵਕਤ ਸੰਤ ਮੂਲ ਸਿੰਘ ਜੀ ਲਖੀਮ ਪੁਰ ਮੇਂ, ਬਾਬਾ ਨਾਨਕ ਸਿੰਘ ਜੀ ਕੇ ਪਾਸ ਠਹਿਰੇ ਹੂਏ ਥੇ। ਆਪ ਭੀ ਗੋਕਰਨ ਨਾਥ ਮਹਾਂਦੇਵ ਕਾ ਦਰਸਨ ਕਰਤੇ ਹੂਏ, ਲਖੀਮਪੁਰ ਕੁਛ ਦਿਨ ਠਹਿਰ ਕਰ ਖੈਰਾਬਾਦ ਆਏ। ਦੋਨੋਂ ਸ਼ਹਿਰੋਂ ਕੇ ਪ੍ਰੇਮੀ ਆਪ ਕੀ ਕਥਾ ਕੋ ਸੁਨ ਕਰ, ਅਨੰਨਜ ਪ੍ਰੇਮੀ ਬਣੇ। ਫੇਰ ਆਪ ਲਖਨਊ ਆਏ। ਲਖਨਊ ਮੇਂ ਬਾਬੂ ਸਾਲਗ੍ਰਾਮ ਸਿੰਘ ਲੁਧਿਆਨੇ ਵਾਲੇ ਨੇ ਆਪ ਕੀ ਪ੍ਰੇਮ ਸੇ ਸੇਵਾ ਕੀ. ਵਹਾਂ ਆਪਕੇ ਸਾਥ ੧੪ ਮਹਾਤਮਾ ਥੇ। ਕੁਛ ਦਿਨ ਵਹਾਂ ਰਹੇ ਫੇਰ ਆਪ ਫੈਜਾਬਾਦ ਆਏ। ਵਹਾਂ ਬਾਬੂ ਬਲਦੇਵ ਸਹਾਇ ਵਕੀਲ ਜਿਸਨੇ ਬੜਾ ਭਾਰੀ ਪੁਸਤਕਾਲਯ ਬਨਾਯਾ ਹੈ, ਵੋਹ ਆਪ ਪਰਿਵਾਰ ਸਹਿਤ ਆਪ ਕੀ ਸੇਵਾ ਕਰਤਾ ਰਹਾ। ੧੪ ਮੂਰਤੀਆਂ ਸਹਿਤ ਆਪ ਕੋ ਏਕ ਮਹੀਨਾ ਅਪਨੇ ਗ੍ਰਾਮ ਮੇਂ ਬੜੇ ਪ੍ਰੇਮ ਸੇ ਰਖਾ, ਔਰ ਵਹਾਂ ਹੀ ਆਪਨੇ ਉਸਕੋ ਸ਼ੰਕਰਾਨੰਦੀ ਗੀਤਾ ਔਰ ਉਪਨਿਸ਼ਦਾਂ ਪੜ੍ਹਾ ਦੀਆਂ। ਆਪਕੋ ਛੋਡਤਾ ਨਹੀਂ ਥਾ ਪਰ ਆਪ ਵਹਾਂ ਸੇ ਚਲ ਪੜੇ ਔਰ ਸੀਧੇ ਅਯੁਧਿਆ ਪਹੁੰਚੇ। ਵਹਾਂ ਸ੍ਰੀ ਰਾਮ ਵਲਭਾਸ਼ਰਣ ਜੀ ਜੋ ਪਹਿਲੇ ਆਪ ਕੀ ਸੇਵਾ ਮੇਂ ਰਹਾ ਕਰਤੇ ਥੇ ਉਨ੍ਹੋਂ ਨੇ ਗੋਲਾ ਘਾਟ ਤੇ ਅਪਨੇ ਗੁਰੂ ਸ੍ਰੀ ਜਾਨਕੀਵਰ ਸ਼ਰਣ ਜੀ ਕਾ ਮੰਦਰ ਬਣਾ ਕਰ, ਪੂਜਨ ਕਰਾ ਕਰਤੇ ਥੇ, ਆਪਕੋ ਦੇਖ ਕਰ ਬੜੇ ਗਦ ੨ ਹੂਏ ਔਰ ਸਭਾ ਮੇਂ ਕਹਿਤੇ ਭਏ, ਕਿ ਮੈਂ ਆਪ ਜੀ ਕੀ ਸੇਵਾ ਮੇਂ ਰਹਿਤਾ ਥਾ। ਐਸੇ ਕਹਿ ਕਰ ਬੜੇ ਪ੍ਰੇਮ ਸੇ ੧੪ ਮੂਰਤੀਓਂ ਕੀ ਸੇਵਾ ਕੀ, ਸਭ ਬੈਰਾਗੀ ਮਹਾਤਮਾ ਆਪਕੇ ਨਾਮ ਕੋ ਸੁਨ ਕਰ ਬੜੇ ਦੂਰ ੨ ਸੇ ਦਰਸ਼ਨ ਵਾਸਤੇ ਆਤੇ ਥੇ। ਚਲਤੇ ਸਮੇਂ ਆਪਕੀ ਭੇਟਾ ਮੇਂ ਸ੍ਰੀ ਰਾਮ ਭਲਭਾਸ਼ਰਣ ਜੀ ਨੇ ਤਥਾ ਅਨਯਸਾਧੂਓਂ ਨੇ ਸੁਚੀਆਂ ਅੰਡੀਆਂ ਲਿਆਕੇ ਰਖ ਦਿਤੀਆਂ। ਆਪ ਲੇਤੇ ਨਹੀਂ ਸੀ ਪਰੰਤੂ ਜ਼ਿਆਦਾ ਖਿਚੀ ਸੇ ਏਕ ਆਪ ਜੀ ਨੇ ਰਖੀ, ਔਰ ਸਭ ਸੰਤੋਂ ਕੋ ਦਿਵਾਈਆਂ ਔਰ ਵਹਾਂ ੧੦ ਦਿਨ ਰਹਿ ਕਰ ਕੇ ਫਿਰ ਆਪ ਈਹਾਂ ਕਨਖਲ ਆ ਗਏ, ਔਰ ਫਿਰ ਆਪ ਸਿਆਲ ਝਾੜੀ ਮੇਂ ਰਹੇ। ਗਰਮੀਓਂ ਮੇਂ ਫੇਰ ਆਪ ਉਤਰਕਾਂਸ਼ੀ ਗਏ। ਉਹਾਂ ਗਰਮੀਆਂ ਕਾਟਕੇ ਫੇਰ ਆਪ ਰਿਸ਼ੀਕੇਸ਼ ਆਏ। ਅਬ ਆਪ ਕੇ ਨੇਤਰ ਕੁਛ ਕਮਜ਼ੋਰ ਹੋ ਗਏ ਇਸ ਵਾਸਤੇ ਕਹੀਂ ਜਾਨੇ ਕਾ ਸੰਕਲਪ ਨ ਕੀਆ। ਆਪ ਉਹ ਸਾਰਾ ਸਾਲ ਝਾੜੀ ਮੇਂ ਹੀ ਰਹੇ। ਝਾੜੀਓਂ ਮੇਂ ਚਤੁਰਮਾਸ ਕੇ ਜਲ ਚੜ੍ਹ ਜਾਨੇ ਸੇ ਤੀਨ ਦਿਨ ਰਸਤਾ ਹੀ ਨਾ ਮਿਲਾ, ਅੰਨ ਕਾ ਦਰਸ਼ਨ ਭੀ ਨ ਹੂਆ, ਔਰ ਨਉਕਾ ਭੀ ਨ ਚਲ ਸਕੇ। ਏਕ ਸੰਤ ਸ੍ਵਾਮੀ

ਸਿੰਘ ਜੀ ਸ੍ਰੀ ਮਾਨ ਮੰਡਿਲੇਸ੍ਵਰ ਮਹਾਰਾਜ ਆਨੰਦ ਸਿੰਘ ਜੀ ਕੇ ਚੇਲੇ, ਜੋ ਮਿਸ਼ਰਾ ਸਿੰਘ ਕੇ ਡੇਰੇ ਵਾਲੇ ਥੇ ਓਹ ਪੀਪੇ ਕੱਠੇ ਕਰਕੇ ਤੁਲਹਾ ਬਣਾਕੇ ਖਿਚੜੀ ਲੇ ਆਏ । ਆਪ ਜੀ ਕੀ ਕੁਟੀਆ ਮੇਂ ਗਾਗਰ ਮੇਂ ਰਿੰਨਕੇ ਸਭ ਸੰਤੋਂ ਕੋ ਥੋੜੀ ਥੋੜੀ ਖਿਲਾਈ ਪਰ ਉਸ ਸਾਲ ਸ੍ਰੀ ਮਾਨ ਵਿਰਕਤ ਸੰਤ ਵੀਰਮ ਦਾਸ ਜੀ ਜੋ ਝਾੜੀ ਮੇਂ ਰਹਾ ਕਰਤੇ ਥੇ ਉਨ੍ਹੋਂ ਨੇ ਆਪ ਕੋ ਕਹਾ ਕਿ ਸ਼ੰਕਰਾਨੰਦੀ ਗੀਤਾ ਸੁਨਾਓ, ਤਬ ਸੰਤ ਵੀਰਮ ਦਾਸ ਜੀ, ਗੁਰੂ ਜੀ ਤਥਾ ਯਹ ਦਾਸ ਅਤੇ ਹੋਰ ਸੰਤ ਭੀ ਗੰਗਾ ਕੇ ਕਿਨਾਰੇ ਪਰ ਪਥਰੋਂ ਪਰ, ਬੈਠ ਜਾਯਾ ਕਰਤੇ ਥੇ । ਬਹੁਤ ਅਛੀ ਤਰਹ ਸੇ ਹਰ ਏਕ ਬਾਤ ਕੋ ਨਿਸਚੇ ਕਰਕੇ ਮਿਲ ਕਰ ਬੈਠ ਕਰ ਕਥਾ ਸੁਨਤੇ ਥੇ, ਅਪੂਰਵ ਵਿਚਾਰ ਕਰਤੇ ਥੇ । ਉਹ ਸਾਰਾ ਸੰਮਤ ਝਾੜੀ ਮੇਂ ਰਹੇ ਫੇਰ ਆਪ ਗਰਮੀਆਂ ਨਿਰਮਲ ਆਸ਼੍ਰਮ ਔਰ ਸਿਆਲ ਝਾੜੀ ਮੇਂ ਬਿਤਾਯਾ ਕਰਤੇ ਥੇ, ਐਸੇ ਹੀ ਸੰਮਤ ੧੯੭੫ ਤਕ ਆਪ ਰਿਸ਼ੀਕੇਸ਼ ਮੇਂ ਰਹੇ । ਸਿਆਲੇ ਮੇਂ ਮਾਘ ਕੇ ਮਹੀਨੇ ਮੇਂ ਸ੍ਰੀ ੧੦੮ ਪੰਡਿਤ ਹਰੀ ਸਿੰਘ ਜੀ ਕਾ ਸਾਲਾਨਾ ਉਤਸ਼ਵ ਹੂਆ ਕਰਤਾ ਥਾ, ਵਹਾਂ ਆਪ ਕਥਾ ਕਰਤੇ ਔਰ ਉਤਸ਼ਵ ਕੇ ਸਾਤ ਦਿਨ ਇਕ ਸ਼ਬਦ ਪਰ ਹੀ ਬਿਤਾ ਦੀਆ ਕਰਤੇ ਥੇ, ਕਈ ਸੰਤ ਕਈ ਭਗਤ ਆਕੇ ਉਨ ਦਿਨੋਂ ਮੇਂ ਇਕਤ੍ਰ ਹੋ ਜਾਤੇ ਥੇ । ਉਸ ਸਮਯ ਕਥਾ ਸਦਾ ਆਪ ਹੀ ਕਰਤੇ ਥੇ। ਆਪ ਕੀ ਕਥਾ ਸੁਨ ਕਰ ਬਹੁਤ ਲੋਕ ਆਪ ਕੀ ਸੇਵਾ ਮੇਂ ਰਹਿਤੇ ਥੇ, ਔਰ ਪੰਜਾਬ ਸਿੰਧ ਛੇਤਰ ਕੇ ਮੈਂਬਰ ਰਾਵਲ ਪਿੰਡੀ ਵਾਲੇ, ਸਰਦਾਰ ਬੂਟਾ ਸਿੰਘ ਜੀ ਔਰ ਭਗਤ ਬੇਲੀ ਰਾਮ, ਰਾਮ ਕ੍ਰਿਸ਼ਨ, ਸ਼ੰਕਰ ਦਾਸ ਆਦਿ ਤਥਾ ਅੰਮ੍ਰਿਤਸਰ ਕੇ ਮੈਂਬਰ ਭਗਤ ਰਾਧਾ ਕ੍ਰਿਸ਼ਨ, ਜਗਤ ਰਾਮ, ਰਤਨ ਸਿੰਘ, ਹੀਰਾ ਸਿੰਘ ਆਦਿ ਆਪਕੀ ਅਨੰਨਜ ਸੇਵਾ ਕਰਤੇ ਥੇ, ਤਥਾ ਮਾਈ ਲੋਗ ਜੈਸੇ ਮਾਈ ਮਛਲੀ, ਮੁਕੰਦੀ, ਮਾਈ ਜੀਵਨੀ ਤਥਾ ਸਾਈ ਲਖਮੀ, ਤਥਾ ਮਾਈ ਹੀਜਲ ਇਨ ਸਭ ਨੇ ਆਪ ਕੀ ਬਹੁਤ ਬਰਸ ਤਕ ਸੇਵਾ ਕਰੀ । ਭਾਈ ਬਿਸ਼ਨ ਸਿੰਘ ਭਾਈ ਈਸ਼ਰ ਸਿੰਘ ਤਥਾ ਮਾਈ ਗੰਗਾ ਦੇਵੀ ਅੰਮ੍ਰਿਤਸਰ ਵਾਲੇ ਇਨ੍ਹੋਂ ਨੇ ਭੀ ਰਿਸ਼ੀਕੇਸ਼ ਮਕਾਨ ਲੀਆ, ਜਿਸਕਾ ਨਾਮ ਜੀਵਨ ਆਸ਼੍ਰਮ ਰਖਾ, ਉਸ ਮੇਂ ਰਹਿ ਕਰ ਦੋਨੋਂ ਸਮਯ ਭੋਜਨਾਦਿ ਕੀ ਅਨੰਨਜ ਰੀਤਿ ਸੇ ਸੇਵਾ ਕਰਨੇ ਲਗੇ । ਫਿਰ ਰਾਵਲਪਿੰਡੀ ਵਾਲੀ ਸਰਦਾਰਨੀ ਨਾਨਕੀ ਦੇਵੀ ਨੇ ਭੀ ਵਹਾਂ ਮਕਾਨ ਲੀਆ, ਔਰ ਅਨੰਨਜ ਰੀਤਿ ਸੇ ਆਪ ਕੀ ਸੇਵਾ ਕਰਨੇ ਲਗੀ। ਇਸ ਪ੍ਰਕਾਰ ਅਨੇਕ ਪ੍ਰੇਮੀ ਲੋਗ ਅਪਨੀ ਮੋਖਯ ਸਿਧਿ ਅਰਥ, ਆਪ ਕੀ ਅਨੰਨਜ ਸੇਵਾ ਕਰਤੇ ਭਏ। ਸ੍ਰੀ ਮਾਨ ਸੰਤ ਲਹਿਣਾ ਸਿੰਘ ਜੀ ਜਿਨ੍ਹੋਂ ਕੋ ਸਭ ਲੋਗ ਗੁਰੂ ਜੀ ਕਹਤੇ ਥੇ, ਉਨਕੇ ਸਾਥ ਆਪ ਕੀ ਜੋੜੀ ਥੀ ਬਹੁਤ ਬਰਸ ਆਪ ਦੋਨੋਂ ਕਠੇ ਰਹੇ, ਦੂਸਰੀ ਜੋੜੀ ਸ੍ਰੀ ਮਾਨ ਸ੍ਵਾਮੀ ਹੀਰਾ ਲਾਲ ਜੀ, ਤਥਾ ਸ੍ਰੀ ਮਾਨ ਮੋਨੀ ਜੀ ਮਹਾਰਾਜ ਕੀ ਥੀ, ਤੀਸਰੀ ਜੋੜੀ ਸ੍ਰੀ ਮਾਨ ਪੰਡਿਤ ਗੁਰਦਿਤ ਸਿੰਘ ਜੀ ਤਥਾ ਸ੍ਰੀ ਮਾਨ ਸੰਤ ਮੁਕੰਦ ਸਿੰਘ ਜੀ ਮਹਾਰਾਜ ਕੀ ਥੀ । ਚੌਥੀ ਜੋੜੀ ਸ੍ਰੀ ਮਾਨ ਪੰਡਿਤ ਬਾਬਾ ਪ੍ਰੇਮ ਸਿੰਘ ਜੀ ਤਥਾ ਬ੍ਰਿਧ ਰਿਖੀ ਜੀ ਮਹਾਰਾਜ ਕੀ ਥੀ, ਕਠੇ ਏਕ ਵਾੜੇ ਮੇਂ ਰਹਤੇ ਥੇ-ਇਨ ਸਭ ਕੇ ਪਾਸ ਆਪ ਆਤੇ ਜਾਤੇ ਰਹੇ, ਆਪ ਪਾਸ ਏਹ ਮਹਾਤਮਾਂ ਭੀ ਆਤੇ ਜਾਤੇ ਰਹੇ, ਤਥਾ ਸ੍ਰੀ ਮਾਨ ਪੰ: ਮੂਲ ਸਿੰਘ ਜੀ ਨਿਯਾਯਕ ਤਥਾ ਦੂਸਰੇ ਸੰਤ ਮੂਲ ਸਿੰਘ ਜੀ ਖੈਰਾਬਾਦ ਵਾਲੇ,



ਤਥਾ ਸ੍ਰੀ ਮਾਨ ਬਾਬਾ ਕਾਨ੍ਹ ਸਿੰਘ ਜੀ ਗੁਜਰਖਾਨ ਵਾਲੇ, ਹੋਰ ਬਹੁਤ ਮਹਾਤਮਾਂ ਆਪ ਪਾਸ ਆਤੇ ਜਾਤੇ ਰਹਤੇ ਥੇ, ਤਥਾ ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਤਥਾ ਕਨਖਲ ਆਖਾੜੇ ਕੇ ਸ੍ਰੀ ਮਹੰਤ ਸਾਹਿਬ ਜੀ, ਹੋਰ ਸੰਤ ਮਹੰਤ ਆਪ ਪਾਸ ਆਤੇ ਜਾਤੇ ਥੇ, ਪ੍ਰੇਮ ਕਰਤੇ ਥੇ ਤਥਾ ਕਿਤਨੇ ਅਵਧੂਤ ਔਰ ਵਿਰਕਤ ਲਾਣੇ ਕੇ ਮਹਾਤਮਾ ਜੈਸੇ ਸ੍ਰੀ ਮਾਨ ਮਹਾਰਾਜ ਹੀਰਾ ਨੰਦ ਜੀ, ਬ੍ਰਿਧ ਮਹਾਰਾਜ ਆਤਮਾ ਨੰਦ ਜੀ, ਸ੍ਵਾਮੀ ਗੁਰਮੁਖ ਸਿੰਘ ਜੀ ਸਵਾਮੀ ਰਾਮ ਪੁਰੀ ਜੀ, ਸਵਾਮੀ ਜੀਵਨ ਮੁਕਤ ਜੀ, ਇਸ ਪ੍ਰਕਾਰ ਸਾਰੀ ਵਿਰਕਤ ਮੰਡਲੀ ਆਪ ਪਾਸ ਔਰ ਆਪ ਉਨ ਪਾਸ ਆਤੇ ਜਾਤੇ ਰਹੇ, ਔਰ ਸ੍ਰੀ ਮਾਨ ਮਹਾਰਾਜ ਪੰਡਿਤ ਰਿਖਭ ਦੇਵ ਜੀ, ਆਪ ਕੇ ਸਾਥ ਬੜਾ ਪ੍ਰੇਮ ਕਰਤੇ ਥੇ, ਯਹ ਦਾਸ ਉਨ੍ਹੋਂ ਪਾਸ ਪੜ੍ਹਤਾ ਰਹਾ ਬੜੇ ਪ੍ਰੇਮ ਸੇ ਪੜ੍ਹਾਤੇ ਥੇ ਇਸ ਪ੍ਰਕਾਰ ਸਭ ਮਹਾਤਮਾਓਂ ਕੇ ਸਾਥ ਝਾੜੀ ਮੇਂ ਆਪ ਕਾ ਬੜਾ ਪ੍ਰੇਮ ਥਾ, ਝਾੜੀ ਬ੍ਰਹਮ ਲੋਕ ਸਭ ਕੋ ਮਾਲੂਮ ਹੋਤੀ ਥੀ ਤਥਾ ਸ੍ਰੀ ਮਾਨ ਸ੍ਵਾਮੀ ਮੰਗਲ ਨਾਥ ਜੀ, ਸ੍ਵਾਮੀ ਕਲਯਾਨ ਦੇਵ ਜੀ, ਸ੍ਰੀ ਮਾਨ ਪੰਡਿਤ ਬ੍ਰਹਮਾ ਨੰਦ ਜੀ, (ਸਿੰਧੀ) ਸ੍ਰੀ ਮਾਨ ਪੰਡਿਤ ਸ੍ਵਯੰ ਜੋਤੀ ਜੀ, ਸ੍ਰੀ ਮਾਨ ਸਵਾਮੀ ਕਵਲ ਦਾਸ ਜੀ, ਸ੍ਰੀ ਮਾਨ ਸਵਾਮੀ ਨੇਪਾਲੀ ਅਨੰਤਾ ਨੰਦ ਜੀ, ਸਵਾਮੀ ਚੇਤਨ ਨਾਥ ਜੀ, ਹੋਰ ਝਾੜੀ ਮੇਂ ਤਥਾ ਰਿਖੀ ਕੇਸ਼ ਮੇਂ ਰਹਿਨੇ ਵਾਲੇ, ਅਨੰਤ ਮਹਾਤਮਾ ਲੋਗ ਆਪ ਪਾਸ ਆਤੇ ਥੇ ਆਪ ਉਨ ਕੇ ਪਾਸ ਜਾਤੇ ਥੇ ਤਥਾ ਕਨਖਲ ਅਖਾੜੇ ਕੇ, ਗੁਰਦਵਾਰੇ ਕੇ ਸੰਤ ਲੋਗ, ਤਥਾ ਚੇਤਨ ਦੇਵ ਕੀ ਕੁਟੀਆ ਵਾਲੇ, ਅਵਧੂਤ ਮੰਡਲ ਵਾਲੇ ਸ੍ਰੀ ਮਾਨ ਪੰਡਤ ਕੇਸ਼ਵਾ ਨੰਦ ਜੀ, ਤਥਾ ਸ਼ੇਖਮਾ ਵਾਲੇ, ਦੇਵ ਪੁਰੇ ਵਾਲੇ ਸਭ ਸੰਤ ਮਹੰਤ ਤਥਾ ਬਾਬਾ ਕਰਤਾਰ ਸਿੰਘ ਜੀ ਬੇਦੀ, ਸਭ ਆਪ ਪਾਸ ਆਤੇ ਜਾਤੇ ਥੇ ਔਰ ਰਿਖੀਕੇਸ਼ ਕੈਲਾਸ਼ ਆਸ਼੍ਰਮ ਕੇ ਅਧਿਪਤੀ ਸ੍ਵਾਮੀ ਧਨਰਾਜ ਗਿਰੀ ਜੀ, ਤਥਾ ਸਵਾਮੀ ਪ੍ਰਕਾਸ਼ਾਨੰਦ ਜੀ, ਆਪ ਕੇ ਮਿਤਰ ਥੇ ਓਹ ਆਤੇ ਥੇ ਤਥਾ ਆਪ ਭੀ ਜਾਯਾ ਕਰਤੇ ਥੇ, ਫਿਰ ਉਨ੍ਹੋਂ ਕੇ ਪੀਛੇ ਸਵਾਮੀ ਗੋਬਿੰਦਾਨੰਦ ਜੀ ਸ੍ਵਾਮੀ ਪੂਰਣਾਨੰਦ ਜੀ, ਸ੍ਵਾਮੀ ਜਨਾਰਦਨ ਜੀ ਸ੍ਵਾਮੀ ਰਾਮਪੁਰੀ ਜੀ ਆਦਿ ਜੋ ਮਹੰਤ ਸੰਤ ਪੰਡਿਤ ਥੇ ਓਹ ਸਭ ਆਪ ਪਾਸ ਆਤੇ ਜਾਤੇ ਥੇ ਔਰ ਆਪ ਭੀ ਉਨ੍ਹੋਂ ਪਾਸ ਆਤੇ ਜਾਤੇ ਥੇ, ਔਰ ਇਸ ਦਾਸ ਕੋ ਬੜੇ ਦਰਸ਼ਨ ਹੋਤੇ ਥੇ, ਸੰਮਤ ੧੯੭੬ ਮੇਂ ਭਾਈ ਬਿਸ਼ਨ ਸਿੰਘ ਗੁਜਰਖਾਨ ਵਾਲੇ, ਜਿਨ੍ਹੋਂ ਨੇ ਸੰਤੋਂ ਕੇ ਵਾਸਤੇ ਗੁਫਾ ਬਣਾਈਆਂ ਸੀ, ਉਨ੍ਹੋਂ ਨੇ ਆਪ ਕੇ ਬਹੁਤ ਪ੍ਰਾਰਥਨਾ ਕੀ ਕਿ ਗੁਜਰਖਾਨ ਦਰਸ਼ਨ ਦਿਓ, ਤਬ ਆਪ ਕੋ ਚਾਰ ਮੂਰਤੀਆਂ ਜੈਸੇ ਦਾਸ ਔਰ ਸੰਤ ਸ਼ੇਰ ਸਿੰਘ ਜੀ ਔਰ ਦੋ ਚਾਰ ਮੂਰਤੀਆਂ ਸਾਥ ਲੇਕੇ ੧੯੭੬ ਮੇਂ ਗੁਜਰਖਾਨ ਆਏ, ਊਹਾਂ ਗੁਜਰਖਾਨ ਕੇ ਪ੍ਰੇਮੀ ਮੁਖ ਭਗਤ ਬੁਧ ਸਿੰਘ ਜੀ, ਭਾਈ ਗੰਗਾ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਬਿਸ਼ਨ ਸਿੰਘ ਰੂਈ ਵਾਲੇ, ਸਭ ਆਪ ਕੀ ਸੇਵਾ ਮੇਂ ਹਾਜ਼ਰ ਰਹਿਤੇ ਔਰ ਸਤਿਸੰਗ ਕਰਤੇ ਥੇ, ਔਰ ਆਪਣਾ ਧੰਨ ਭਾਗ ਸਮਝਤੇ ਫੇਰ ਚੰਦ੍ਰ ਗ੍ਰਹਿਣ ਆ ਗਯਾ ਆਪ ਕਾ ਖਿਆਲ ਹੂਆ ਕਿ ਪੰਜੇ ਸਾਹਿਬ ਗ੍ਰਹਿਣ ਕਰ ਆਈਏ, ਆਪ ਸੰਤੋਂ ਕੋ ਲੇਕਰ ਪੰਜੇ ਸਾਹਿਬ ਗਏ ਔਰ ਸੰਤ ਪੂਰੇ ਮੇਂ ਰਹੇ ਭਾਈ ਜਵਾਲਾ ਦਾਸ

ਸਾਈਂ ਦਾਸ ਆਦਿ ਭਗਤੋਂ ਨੇ ਬੜੀ ਸੇਵਾ ਕਰੀ, ਤਥਾ ਗੋਦੜੀ ਵਾਲੇ ਸੰਤ ਅਜਰਾਨੰਦ ਜੀ, ਜੋ ਅਨੇਕ ਵਾਰ ਝਾੜੀਓਂ ਮੇਂ ਆਪ ਜੀ ਕੇ ਪਾਸ ਹੀ ਰਹਿਤੇ ਥੇ। ਉਨ੍ਹੋਂ ਨੇ ਆਪਨੇ ਭਗਤੋਂ ਸੇ ਬੜੀ ਸੇਵਾ ਕਰਾਈ। ਰਾਤ੍ਰੀ ਮੇਂ ਚੰਦ੍ਰ ਗ੍ਰਹਿਣ ਕਾ ਇਸ਼ਨਾਨ ਠੰਢ ਮੇਂ ਕਰਨੇ ਸੇ, ਆਪ ਕਾ ਸਰੀਰ ਤਥਾ ਦਾਸ ਕਾ ਸਰੀਰ ਬਹੁਤ ਬੀਮਾਰ ਹੋ ਗਏ। ਔਰ ਰਾਵਲਪਿੰਡੀ ਮੇਂ ਸਰਦਾਰ ਬੂਟਾ ਸਿੰਘ ਜੀ ਕੋ ਸੁਪਨ ਹੂਆ ਕਿ ਆਪ ਬੀਮਾਰ ਹੈਂ, ਪਰ ਪਤਾ ਨਹੀਂ ਕਹਾਂ ਹੈਂ। ਤਬ ਸਵੇਰੇ ਹਰਿਮੰਦਰ ਮੇਂ ਗਏ ਔਰ ਸਤਿਸੰਗੀਓਂ ਸੇ ਕਹਾ ਮੇਰੇ ਕੋ ਸੁਪਨਾ ਆਯਾ ਹੈ, ਮਹਾਰਾਜ ਬੀਮਾਰ ਹੈਂ, ਕਿਸੀ ਕੋ ਪਤਾ ਹੈ ਕਹਾਂ ਹੈਂ? ਉਨ੍ਹੋਂ ਨੇ ਕਹਾ ਗ੍ਰਹਿਣ ਪਰ ਪੰਜੇ ਸਾਹਿਬ ਗਏ ਹੈਂ। ਤਬ ਸਰਦਾਰ ਬੂਟਾ ਸਿੰਘ ਜੀ ਨੇ ਆਪਣਾ ਮੁਨਸ਼ੀ, ਪੰਜੇ ਸਾਹਿਬ ਮੇਂ ਭੇਜਾ ਉਸ ਨੇ ਜਾ ਕਰ ਕਹਾ ਬਰਾਬਰ ਬੀਮਾਰ ਹੈਂ। ਫੇਰ ਸਰਦਾਰ ਬੂਟਾ ਸਿੰਘ ਜੀ ਨੇ ਆਪਣਾ ਮੁਨੀਮ ਔਰ ਮੋਟਰ ਭੇਜੀ, ਕਿ ਮਹਾਰਾਜ ਜੀ ਕੋ ਯਹਾਂ ਲੇ ਆਓ। ਫੇਰ ਸਭ ਸੰਤੋਂ ਕੇ ਸਹਿਤ ਆਪ ਭੀ ਰਾਵਲ ਪਿੰਡੀ ਆ ਗਏ, ਔਰ ਸਰਦਾਰ ਬੂਟਾ ਸਿੰਘ ਨੇ ਆਪਣੇ ਕਾਰਖਾਨੇ ਮੇਂ ਦਰਵਾਜ਼ੇ ਕੇ ਊਪਰ ਸਭ ਸੰਤੋਂ ਕੋ ਰਖਾ, ਪਰੰਤੂ ਆਪ ਜ਼ਿਆਦਾ ਬੀਮਾਰ ਥੇ ਇਸ ਵਾਸਤੇ ਸਰਦਾਰ ਬੂਟਾ ਸਿੰਘ ਖੁਦ ਆਪ ਕੀ ਸੇਵਾ ਕਰਤਾ, ਔਰ ਆਪਣੇ ਹਾਥ ਸੇ ਖੁਦ ਰੋਟੀ ਖਿਲਾਤਾ। ਤਥਾ ਆਧੀ ਰਾਤ ਕੋ ਸਭ ਬੀਮਾਰ ਸੰਤੋਂ ਕੋ ਦਵਾਈ ਪਿਲਾ ਆਤਾ ਥਾ, ਔਰ ਅੰਗੀਠੀਆਂ ਜਲਾ ਆਤਾ ਥਾ, ਤਥਾ ਸਭ ਸੇਵਾ ਪਰੇਮ ਸੇ ਕੀਆ ਕਰਤਾ ਥਾ, ਫਿਰ ਦੋ ਮਹੀਨੇ ਬਾਦ ਤਥਾ ਸਭ ਸਾਧੂ ਰਾਜੀ ਹੂਏ, ਫੇਰ ਆਪ ਅਨੇਕ ਸਤਿਸੰਗ ਕੇ ਪ੍ਰਸੰਗ ਸਰਦਾਰ ਕੋ ਉਸਕੇ ਚਾਰੋਂ ਲੜਕੋਂ ਕੋ, ਤਥਾ ਉਸਕੇ ਪਰਵਾਰ ਕੋ ਔਰ ਸਭ ਪ੍ਰੇਮੀਓਂ ਕੋ ਸੁਨਾਯਾ ਕਰਤੇ, ਔਰ ਕਭੀ ਕਭੀ ਇਸ ਦਾਸ ਕੋ ਹਰਿਮੰਦਰ ਵਾਲੇ, ਕਥਾ ਕਰਨੇ ਵਾਸਤੇ ਲੇ ਜਾਤੇ ਥੇ। ਇਸ ਤਰਹ ਸਤਿਸੰਗ ਹੋਤਾ ਰਹਾ। ਫਿਰ ਫਾਲਗੁਨ ਕੇ ਮਹੀਨੇ ਮੇਂ ਆਪ ਕਾ ਰਿਖੀਕੇਸ਼ ਆਨੇ ਕਾ ਖਿਆਲ ਹੂਆ। ਸਰਦਾਰ ਬੂਟਾ ਸਿੰਘ ਨੇ ਆਪ ਕੋ ਦਿਲੀ ਲੇ ਜਾਨੇ ਕੋ ਬੜਾ ਜ਼ੋਰ ਲਗਾਯਾ, ਪਰੰਤੂ ਆਪ ਕਾ ਵਿਚਾਰ ਨ ਹੂਆ। ਤਬ ਸਰਦਾਰ ਬੂਟਾ ਸਿੰਘ ਜੀ ਨੇ ਸੇਕੰਡ ਕਲਾਸ ਕਾ ਰੀਜ਼ਰਵ ਗਾਡਾ ਕਰਾ ਕਰ, ਸਾਥ ਆਪਣਾ ਆਦਮੀ ਦੇ ਕਰ, ਆਪ ਕੋ ਰਿਖੀਕੇਸ਼ ਪਹੁੰਚਾਯਾ। ਆਪ ਝਾੜੀ ਮੇਂ ਰਹੇ ਬਰਸਾਤ ਕੇ ਦਿਨੋਂ ਮੇਂ ਜਲ ਆਨੇ ਪਰ, ਆਪ ਤਥਾ ਸ੍ਰੀ ਮਾਨ ਗੁਰੂ ਜੀ ਸਹਿਤ ਨਿਰਮਲਾਸ਼੍ਰਮ ਮੇਂ ਆ ਗਏ। ਉਸ਼ ਸਾਲ ਨਿਰਮਲ ਆਸ਼੍ਰਮ ਕੇ ਅਧਿਸ਼ਠਾਤਾ ਸ੍ਰੀ ਮਾਨ ਮਹੰਤ ਬੁਢਾ ਸਿੰਘ ਜੀ, ਆਪ ਕਰ ਕੇ ਵਹਾਂ ਹੀ ਰਹੇ ਔਰ ਸਿੰਧ ਸੇਵਨ ਦੇਸ ਨਿਵਾਸੀ ਦੀਵਾਨ ਗੋਬਿੰਦ ਰਾਮ, ਸਲਾਮਤਰਾਇ ਡਿਪਟੀ ਆਪਣੇ ਪੁਤਰ ਰਾਮ ਚੰਦ ਕੋ ਸਾਥ ਲੇ ਕਰ ਆਪ ਕੇ ਦਰਸ਼ਨ ਕੋ ਆਯਾ। ਆਪ ਮੇਂ ਅਤਯੰਤ ਉਸਕੀ ਸ਼ਰਧਾ ਹੂਈ, ਔਰ ਦਾਸ ਸੇ ਵਿਚਾਰ ਸਾਗਰ ਪੜ੍ਹਨੇ ਲਗਾ, ਔਰ ਆਪ ਕੋ ਕਹਿਣੇ ਲਗਾ ਮੈਂ ਹਜ਼ਾਰ ਰੁਪੇ ਕੀ ਸੇਵਾ ਕਰਨਾ ਚਾਹਤਾ ਹੂੰ ਜਹਾਂ ਕਹੋ ਵਹਾਂ ਖਰਚ ਕਰੂੰ। ਆਪ ਨੇ ਇਸ ਦਾਸ



ਦੁਆਰਾ ਪੰਜਾਬ ਸਿੰਧ ਛੇਤਰ ਮੇਂ ਏਕ ਸਮਸ੍ਰੀ ਭੰਡਾਰਾ ਕਰਵਾਯਾ, ਔਰ ਸਭ ਸੰਤੋਂ ਕੋ ਖੰਡ, ਸਾਬਣ, ਗੇਰੂ ਦਿਵਾਇਆ ਬਾਕੀ ਰੁਪਿਓਂ ਕੇ ਕਪੜੇ ਮੰਗਾ ਕਰ ਸੰਤੋਂ ਕੋ, ਬਾਂਟ ਦੀਏ। ਫੇਰ ਉਸਨੇ ਆਪ ਸੇ ਕਈ ਤਰਹ ਕੇ ਪ੍ਰਸ਼ਨ ਕਰੇ, ਉਤਰ ਪਾ ਕਰ ਸਤਸੰਗ ਕਰ ਆਪ ਸੇ ਪੂਰਣ ਲਾਭ ਲੀਆ, ਆਪ ਨੇ ਉਸ ਕੋ ਬੜੇ ਬੜੇ ਦਾਨ ਕੇ ਪਰਸੰਗ ਸੁਨਾਏ, ਤਥਾ ਦਾਨੀ ਰਾਜਾਓਂ ਕੀ ਕਥਾਏਂ ਸੁਣਾਈਆਂ ਜੈਸੇ ਰਾਜਾ ਰਘੂ ਕੀ ਕਥਾ ਇਸ ਤਰਹ ਸੁਣਾਈ, ਕਿ ਸੂਰਜ ਵੰਸੀਓਂ ਮੇਂ ਮਹਾਰਾਜ ਰਘੂ ਬੜੇ ਧਰਮਾਤਮਾ ਔਰ ਚਕ੍ਰਵਰਤੀ ਰਾਜਾ ਹੋ ਚੁਕੇ ਹੈਂ, ਏਕ ਵਾਰ ਮਹਾਰਾਜਾ ਨਿਯਾਯਸ਼ਾਲਾ ਮੇਂ ਬੈਠੇ ਹੁਏ ਥੇ, ਉਨ ਕੇ ਪਾਸ ਕੌਤਸ ਨਾਮ ਵਾਲੇ ਰਿਸ਼ੀ ਕੁਮਾਰ ਆਏ, ਰਾਜਾ ਨੇ ਉਸ ਰਿਸ਼ੀ ਕੁਮਾਰ ਕਾ ਅਰਘ ਸੇ ਪੂਜਨ ਕਰਾ, ਥੋੜੀ ਦੇਰ ਕੇ ਬਾਦ ਰਿਸ਼ੀ ਕੁਮਾਰ ਅਸ਼ੀਰਵਾਦ ਦੇ ਕਰ ਚਲ ਦੀਏ, ਰਾਜਾ ਨੇ ਕਹਾ ਕਿ ਆਪ ਕਿਸ ਪ੍ਰਯੋਜਨ ਕੇ ਲੀਏ ਯਹਾਂ ਪਧਾਰੇ ਥੇ, ਤਬ ਰਿਸ਼ੀ ਕੁਮਾਰ ਨੇ ਕਹਾ ਹਮ ਨੇ ਆਪ ਕੇ ਦਾਨ ਕੀ ਖਿਆਤੀ ਸੁਣੀ ਥੀ, ਔਰ ਇਸ ਹੀ ਪ੍ਰਯੋਜਨ ਸੇ ਮੈਂ ਆਪ ਕੇ ਪਾਸ ਆਇਆ ਥਾ, ਈਹਾਂ ਆਕੇ ਸੁਨਾ ਕਿ ਰਾਜਾ ਨੇ ਯਗ ਮੇਂ ਆਪਣਾ ਸਰਵਸ੍ਵ ਦਾਨ ਕਰ ਦੀਆ ਹੈ, ਔਰ ਮੈਂ ਦੇਖਤਾ ਭੀ ਹੂੰ ਕਿ ਸਵਰਣ ਅਰਘ ਕੇ ਅਸਥਾਨ ਮੇਂ ਮਿਟੀ ਕੇ ਪਾਤਰ ਸੇ ਅਰਘ ਦੀਆ ਹੈ। ਇਸ ਸੇ ਮਾਲੂਮ ਹੋਤਾ ਹੈ ਕਿ ਆਪ ਕੇ ਪਾਸ ਕੁਛ ਨਹੀਂ ਰਹਾ, ਤਬ ਰਾਜਾ ਨੇ ਕਹਾ ਕਿ ਆਪ ਆਪਣਾ ਮਨੋਰਥ ਜ਼ਰੂਰ ਪਰਗਟ ਕਰੇਂ। ਰਿਸ਼ੀ ਕੁਮਾਰ ਨੇ ਕਹਾ ਕਿ ਮੈਨੇ ਆਪਣੇ ਗੁਰੂ ਜੀ ਕੇ ਪਾਸ ਰਹਿ ਕਰ, ਪੂਰਣ ਰੀਤਿ ਸੇ ਵੇਦ ਵਿਦਿਆ ਅਧਜੈਨ ਕੀ, ਗੁਰੂ ਦਖਿਣਾ ਕੇ ਵਾਸਤੇ ਮੈਨੇ ਪ੍ਰਾਰਥਨਾ ਕਰੀ। ਗੁਰੂ ਜੀ ਨੇ ਕਹਾ ਕਿ ਹਮ ਤੁਮ੍ਹਾਰੀ ਸੇਵਾ ਪਰ ਹੀ ਸੰਤੁਸ਼ਟ ਹੈਂ, ਪਰੰਤੂ ਮੈਨੇ ਬਹੁਤ ਹਠ ਕੀਆ। ਤਬ ਗੁਰੂ ਜੀ ਨੇ ਕ੍ਰੋਧਿਤ ਹੋ ਕਰ ਕਹਾ ਕਿ ੧੪ ਲਖ ਗੀਨੀਆਂ ਲਾ ਦੋ। ਇਸ ਲੀਏ ਮੈਂ ਆਪ ਜੀ ਕੇ ਪਾਸ ਆਇਆ ਥਾ। ਮਹਾਰਾਜਾ ਨੇ ਕਹਾ ਕਿ ਜਬ ਤਕ ਮੇਰੇ ਹਾਥ ਮੇਂ ਧਨੁਸ਼ਬਾਣ ਹੈ। ਤਬ ਤਕ ਮੇਰੇ ਯਹਾਂ ਸੇ ਕੋਈ ਬ੍ਰਹਮਚਾਰੀ, ਬ੍ਰਾਹਮਣ, ਵਿਦਵਾਨ ਖਾਲੀ ਲੌਟਨਾ ਨਹੀਂ ਪਾ ਸਕਤਾ। ਆਪ ਬੈਠੀਏ ਮੈਂ ਕੁਬੇਰ ਪਰ ਚੜ੍ਹਾਈ ਕਰਕੇ ਅਭੀ ਆਪ ਕਾ ਮਨੋਰਥ ਪੂਰਾ ਕਰਤਾ ਹੂੰ, ਯੇ ਕਹਿ ਕਰ ਰਾਜਾ ਨੇ ਸੈਨਾ ਕੋ ਤਿਆਰ ਹੋਨੇ ਕੀ ਆਗਿਆ ਦੀ, ਔਰ ਪ੍ਰਾਤਃਕਾਲ ਚੜ੍ਹਾਈ ਕਾ ਸਮਯ ਨਿਸਚਿਤ ਹੂਆ। ਪ੍ਰਾਤਃਕਾਲ ਹੋਤੇ ਹੀ ਕੋਸ਼ਾਧਯਖਸ਼ ਨੇ ਆਕੇ ਸੁਨਾਯਾ ਕਿ ਮਹਾਰਾਜ! ਰਾਤ੍ਰੀ ਮੇਂ ਕੋਸ਼ ਮੇਂ ਸਵਰਣ ਕੀ ਵਰਖਾ ਹੂਈ ਹੈ, ਰਾਜਾ ਨੇ ਜਾਕੇ ਸ੍ਵਯੰ ਦੇਖਾ ਔਰ ਕੌਤਸ਼ ਕੋ ਧਨ ਦੇ ਕਰ ਬਾਕੀ ਆਪਣੇ ਪਾਸ ਨ ਰਖ ਕਰ, ਬ੍ਰਾਹਮਣੋਂ ਕੋ ਬਾਂਟ ਦੀਆ। ਤਥਾ ਦਾਨ ਮੇਂ ਕਥਾ ਮਹਾਰਾਜਾ ਵਿਕ੍ਰਮ ਕੀ। ਮਹਾਰਾਜਾ ਵਿਕ੍ਰਮ ਕੇ ਦਾਨ ਕੇ ਪਰਸੰਗ ਅਨੇਕ ਹੈਂ ਜੋ ਗ੍ਰੰਥੋਂ ਮੇਂ ਲਿਖੇ ਹੈਂ, ਪਰੰਤੂ ਫਕਤ ਏਕ ਪਰਸੰਗ ਯਹਾਂ ਲਿਖਤੇ ਹੈਂ, ਮਹਾਰਾਜਾ ਵਿਕ੍ਰਮ ਕੇ ਦਰਵਾਜ਼ੇ ਪਰ ਜੋ ਅਤਿਥੀ ਆਤਾ ਥਾ ਖਾਲੀ ਨਹੀਂ ਜਾਤਾ ਥਾ। ਏਕ ਸਮਯ ਏਕ ਇਛਾਧਾਰੀ ਸਰਪ ਬਨ ਮੇਂ ਰਹਿਤਾ ਥਾ ਔਰ

ਬਨ ਕੋ ਅਗਨੀ ਲਗਨੇ ਪਰ ਉਸਕੇ ਸਰੀਰ ਪਰ ਸੇਕ ਆਯਾ, ਸਰਪ ਬੜਾ ਦੁਖੀ ਹੂਆ ਔਰ ਸ਼ਾਂਤਿ ਕਾ ਉਪਾਯ ਢੂੰਡਨੇ ਲਗਾ, ਪਰੰਤੂ ਕਹੀਂ ਜਗਹ ਨ ਮਿਲੀ, ਤਬ ਦੂਸਰੇ ਇਛਾਧਾਰੀ ਸਰਪ ਨੇ ਕਹਾ ਮਹਾਰਾਜ ਵਿਕ੍ਰਮ ਕੇ ਹਿਰਦੇ ਮੇਂ ਸ਼ਾਂਤੀ ਦਾ ਕੁੰਡ ਹੈ, ਉਥੇ ਦੋ ਘੜੀ ਨਿਵਾਸ ਕਰੋਗੇ ਤੋ ਤੁਮ ਸ਼ਾਂਤਿ ਹੋ ਜਾਓਗੇ, ਔਰ ਮਹਾਰਾਜ ਵਿਕ੍ਰਮ ਬੜਾ ਦਾਨੀ ਹੈ । ਤੁਮ੍ਹਾਰੇ ਕੋ ਜ਼ਰੂਰ ਜਗਹ ਦੇਗਾ । ਸਰਪ ਰਾਜਾ ਵਿਕ੍ਰਮ ਕੇ ਦੁਆਰੇ ਪਰ ਆਕੇ ਪੜ ਗਯਾ । ਔਰ ਖਾਨਾ ਪੀਨਾ ਸਭ ਛੋੜ ਦੀਆ । ਰਾਜਾ ਕੇ ਪੂਛਨੇ ਪਰ ਕਹਿਨੇ ਲਗਾ ਕਿ ਮੇਰੇ ਕੋ ਅੰਦਰ ਜਗਹ ਦੋ । ਰਾਜਾ ਕੋ ਵਜ਼ੀਰ ਔਰ ਸਭ ਸੰਬੰਧੀਓਂ ਨੇ ਮਨ੍ਹਾ ਕੀਆ, ਪਰੰਤੂ ਪਰਉਪਕਾਰੀ ਰਾਜਾ ਵਿਕ੍ਰਮ ਨੇ ਚਾਰ ਪਹਿਰ ਰਹਿਨੇ ਕੇ ਲੀਏ ਸਰਪ ਕੋ ਜਗਹ ਦੀ । ਔਰ ਸਰਪ ਅੰਦਰ ਜਾਕੇ ਪਰਮ ਸ਼ਾਂਤੀ ਕੋ ਪ੍ਰਾਪਤ ਹੂਆ, ਵਹਾਂ ਸੇ ਬਾਹਰ ਨਿਕਲਨੇ ਕਾ ਖਿਆਲ ਨ ਕਰਾ । ਰਾਜਾ ਵਿਕ੍ਰਮ ਨੇ ਭੀ ਔਸ਼ਧੀਆਂ ਦੁਆਰਾ ਉਸ ਕੋ ਬਾਹਰ ਨ ਨਿਕਾਲਾ । ਸਰਪ ਕੇ ਅੰਦਰ ਰਹਿਣੇ ਸੇ ਰਾਜਾ ਕੋਹੜੀ ਹੋ ਗਯਾ । ਔਰ ਸਭ ਸੰਬੰਧੀ ਗਿਲਾਨੀ ਕਰਨੇ ਲਗੇ, ਤਬ ਰਾਜਾ ਰਾਜ ਛੋੜ ਕਰ ਗੰਗਾ ਕਿਨਾਰੇ ਗਯਾ । ਵਹਾਂ ਭੀ ਲੋਗ ਗਿਲਾਨੀ ਕਰਨੇ ਲਗੇ ਔਰ ਵਿਖ ਕਰਕੇ ਰਾਜਾ ਕੋ ਮੂਰਛਾ ਆ ਜਾਯਾ ਕਰੇ । ਇਕ ਦਿਨ ਦੁਖੀ ਹੋਕਰ ਮਹਾਰਾਜਾ ਵਿਕ੍ਰਮ ਗੰਗਾ ਮੇਂ ਡੂਬਨੇ ਕਾ ਖਿਆਲ ਕਰ ਰਹਾ ਥਾ, ਇਤਨੇ ਮੇਂ ਦੂਸਰੇ ਰਾਜਾ ਕੇ ਸਿਪਾਹੀ ਮਹਾਰਾਜਾ ਵਿਕ੍ਰਮ ਕੋ ਪਕੜ ਕਰ ਲੇ ਗਏ, ਕਿਉਂਕਿ ਉਸ ਰਾਜਾ ਕੀ ਛੋਟੀ ਲੜਕੀ ਈਸ਼੍ਵਰ ਪਰਾਯਣ ਸੀ । ਈਸ਼੍ਵਰ ਕੋ ਹੀ ਪਾਲਨ ਕਰਤਾ ਸਮਝਤੀ ਥੀ। ਜੈਸੇ ਗੁਰੂ ਜੀ ਲਿਖਤੇ ਹੈਂ:-

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**

[ਗਉੜੀ ਸੁਖਮਨੀ ਮ: ੫ ਅਸਟਪਦੀ ੧੪ ਸਫ਼ਾ ੨੮੧

ਲੜਕੀ ਦਾ ਦ੍ਰਿੜ੍ਹ ਵਿਸ਼੍ਵਾਸ ਪਰਮੇਸ਼੍ਵਰ ਪਰ ਥਾ, ਔਰ ਉਸਕੇ ਪਿਤਾ ਕੋ ਹੰਕਾਰ ਥਾ ਕਿ ਮੈਂ ਹੀ ਇਸ ਕੋ ਖਾਨ ਪਾਨ ਆਦਿ ਦੇਤਾ ਹੂੰ। ਏਕ ਦਿਨ ਲੜਕੀ ਸੇ ਪੂਛਾ, ਕਿ ਤੂੰ ਕਿਸਕੇ ਆਸ਼੍ਰਯ ਹੈਂ ? ਲੜਕੀ ਨੇ ਕਹਾ ਮੈਂ ਪਰਮੇਸ਼੍ਵਰ ਕੇ ਆਸ਼੍ਰਯ ਹੂੰ । ਪਿਤਾ ਨੇ ਕਿਹਾ ਨਹੀਂ ਤੂੰ ਮੇਰੇ ਆਸਰੇ ਹੈਂ ਮੈਂ ਹੀ ਤੇਰਾ ਪਾਲਨ ਕਰਤਾ ਹੂੰ । ਲੜਕੀ ਨੇ ਕਹਾ ਤੂੰ ਨਹੀਂ । ਪਰਮੇਸ਼੍ਵਰ ਹੀ ਸਭ ਕਾ ਪਾਲਕ ਹੈ, ਯਹ ਸੁਨ ਕਰ ਰਾਜਾ ਕੋ ਕ੍ਰੋਧ ਹੂਆ ਔਰ ਸਿਪਾਹੀਓਂ ਕੋ ਆਗਿਆ ਦੀ ਕਿ ਕੋੜ੍ਹੀ ਭਾਲ ਕੇ ਲੇ ਆਓ ਕਿ ਉਸ ਕੇ ਸਾਥ ਇਸ ਕੀ ਸ਼ਾਦੀ ਕਰ ਦੇਂਗੇ ਤਬ ਸਿਪਾਹੀ ਰਾਜਾ ਵਿਕ੍ਰਮ ਕੋ ਲੇ ਗਏ, ਉਸ ਕੇ ਸਾਥ ਲੜਕੀ ਕੀ ਸ਼ਾਦੀ ਕਰਾ ਕਰ ਦੇਸ਼ ਨਿਕਾਲਾ ਦੇ ਦੀਆ, ਰਾਜਾ ਵਿਕ੍ਰਮ ਆਠੋਂ ਪਹਰ ਬੇਹੋਸ਼ ਰਹਾ ਕਰੇ, ਉਸਕੋ ਪਤਾ ਭੀ ਨਹੀਂ ਥਾ ਕਿ ਇਸ ਸੇ ਮੇਰੀ ਸ਼ਾਦੀ ਹੂਈ ਹੈ ਯਾ ਨਹੀਂ, ਲੜਕੀ ਮਹਾਰਾਜਾ ਵਿਕ੍ਰਮ ਕੋ ਟੋਕਰੇ ਮੇਂ ਲੀਏ ਫਿਰਤੀ ਥੀ, ਔਰ ਸੇਵਾ ਕੀਆ ਕਰਤੀ ਥੀ, ਜਬ ਸੇਵਾ ਕਰਤੇ ਕਰਤੇ ਛੇ ਮਹੀਨੇ ਬੀਤ ਗਏ, ਤਬ ਇਕ ਦਿਨ ਰਾਜਾ ਕੋ ਏਕ ਬ੍ਰਿਖ ਕੇ ਨੀਚੇ ਸੁਲਾ ਕਰ ਰਾਜ ਕੰਨਿਆਂ ਪਾਠ ਕਰ ਰਹੀ ਸੀ, ਤੋ ਉਸ ਬ੍ਰਿਖ



ਕੇ ਪਾਸ ਵਰਮੀ (ਬਿਲ) ਮੇਂ ਏਕ ਸਰਪ ਨਿਕਲਾ, ਉਸਨੇ ਦੇਖਾ ਕਿ ਰਾਜਾ ਵਿਕ੍ਰਮ ਕੋ ਉਸ ਸਰਪ ਨੇ ਮੂਰਛਤ ਕਰ ਦੀਆ ਹੈ । ਤਬ ਵਹੁ ਪੇਟ ਮੇਂ ਰਹਨੇ ਵਾਲੇ ਸਰਪ ਕੋ ਕਹਿਨੇ ਲਗਾ, ਅਰੇ ਨੀਚ ਤੂੰ ਬਾਹਰ ਹੋ ਜਾ ਨਹੀਂ ਤੋ ਮੈਂ ਤੇਰੇ ਕੋ ਇਸ ਰਾਣੀ ਦੁਆਰਾ ਬੂਟੀਆਂ ਖਿਲਾਕਰ, ਮਰਵਾਕੇ ਬਾਹਰ ਨਿਕਲਵਾ ਦੂੰਗਾ, ਉਸ ਨੇ ਕਹਾ ਮੈਂ ਬਾਹਰ ਨਹੀਂ ਨਿਕਲੂੰਗਾ। ਤਬ ਵਰਮੀ ਵਾਲੇ ਸਰਪ ਨੇ ਰਾਣੀ ਕੋ ਕਹਾ, ਹੇ ਰਾਣੀ ! ਤੂੰ ਕੋਈ ਫਿਕਰ ਨ ਕਰ, ਇਸ ਸਰਪ ਕੋ ਰਾਜਾ ਵਿਕ੍ਰਮ ਨੇ ਪੇਟ ਮੇਂ ਜਗਹ ਦੀ ਥੀ ਉਸ ਕੀ ਵਿਖ ਸੇ ਕੋੜ੍ਹੀ ਹੋ ਗਯਾ ਹੈ । ਅਬ ਤੂੰ ਇਸਕੋ ਯੇਹ ਬੂਟੀਆਂ ਖਿਲਾਨਾ, ਤਬ ਸਰਪ ਅੰਦਰ ਹੀ ਮਰ ਕਰ ਟੁਕੜੇ ੨ ਹੋ ਕਰ ਬਾਹਰ ਨਿਕਲ ਜਾਏਗਾ, ਔਰ ਰਾਜਾ ਵਿਕ੍ਰਮ ਰਾਜੀ ਹੋ ਜਾਏਗਾ। ਤਬ ਰਾਜਾ ਵਿਕ੍ਰਮ ਕੇ ਪੇਟ ਮੇਂ ਰਹਿਨੇ ਵਾਲੇ ਸਰਪ ਨੇ ਕਹਾ ਕਿ, ਹੇ ਰਾਣੀ ਮੇਰਾ ਵਚਨ ਭੀ ਸੁਨ, ਇਸ ਸਰਪ ਕੇ ਬਿਲ ਮੇਂ ਧਨ ਕੀ ਨਿਧਿ ਹੈ, ਇਸ ਕੋ ਫਲਾਣੀ ਬੂਟੀ ਕਾ ਧੂਆਂ ਦੇਕਰ ਅੰਧਾ ਕਰ ਦੇਨਾ ਔਰ ਧਨ ਨਿਕਾਲ ਲੇਨਾ। ਰਾਣੀ ਨੇ ਦੋਨੋਂ ਬਚਨ ਸੁਨੇ ਔਰ ਵਿਚਾਰ ਕਰਾ ਕਿ ਇਨੋਂ ਨੇ ਅਪਨੇ ਅਪਨੇ ਛਿਦ੍ਰ ਜ਼ਾਹਿਰ ਕੀਏ ਹੈਂ, ਔਰ ਦੋਨੋਂ ਹੀ ਸੁਖ ਸੇ ਰਹਿਤ ਹੋ ਜਾਏਂਗੇ। ਜੈਸੇ ਲਿਖਾ ਹੈ :-

**ਸ਼ਲੋਕ–ਪਰਸ ਪਰਸਜ ਮਰਮਾਣਿ ਯੇ ਨਰਖਯੰਤਿ ਮਾਨਵਾ: । ਤੇ ਏਵ ਨਿਧਨੰ ਯਾਂਤਿ ਬਲਮੀ ਕੋਦਰ ਸਰਪ ਵਤ੍ ॥**

ਅਰਥ–ਜੋ ਪਰਸਪਰ ਯਾਨੇ ਏਕ ਦੂਸਰੇ ਕੇ ਮਰਮ ਯਾਨੇ ਗੁਪਤ ਵਾਰਤਾ ਕੋ ਨਹੀਂ ਛਿਪਾਤੇ ਹੈ, ਵੋਹ ਮ੍ਰਿਤ੍ਯੁ ਕੋ ਪ੍ਰਾਪਤ ਹੋ ਜਾਤੇ ਹੈਂ । ਜੈਸੇ ਬਲਮੀਕ ਸਰਪ ਔਰ ਰਾਜਾ ਕੇ ਪੇਟ ਵਾਲਾ ਸਰਪ । ਉਸ ਕੁਮਾਰੀ ਨੇ ਬੂਟੀਆਂ ਲਾਕਰ ਪਹਿਲੇ ਬਿਲ ਵਾਲੇ ਸਰਪ ਕੋ ਧੂਆਂ ਦੀਆ ਤੋ ਸਰਪ ਅੰਧਾ ਹੋ ਗਿਆ, ਤਬ ਉਸ ਕਾ ਬਿਲ ਵਾਲਾ ਸਭ ਧਨ ਨਿਕਾਲ ਲੀਆ ਫਿਰ ਦੂਸਰੀ ਬੂਟੀਆਂ ਘੋਟ ਕਰ ਰਾਜਾ ਕੋ ਪਿਲਾਈਆਂ ਤਬ ਉਲਟੀਓਂ ਦ੍ਵਾਰਾ ਰਾਜਾ ਕੇ ਅੰਦਰ ਰਹਿਨੇ ਵਾਲਾ ਸਰਪ ਟੁਕੜੇ ਟੁਕੜੇ ਹੋ ਕਰ ਨਿਕਲ ਗਿਆ, ਔਰ ਰਾਜਾ ਕੋ ਮੂਰਛਾ ਸੇ ਚੇਤਨਤਾ ਆਈ । ਜਬ ਨੇਤ੍ਰ ਖੁਲ੍ਹੇ ਤਬ ਸਾਮ੍ਹਨੇ ਰਾਜ ਕੰਨਿਆਂ ਦੇਖੀ, ਔਰ ਪੂਛਾ ਤੂੰ ਕੌਨ ਹੈਂ ? ਉਸ ਨੇ ਕਹਾ ਮੈਂ ਆਪ ਕੀ ਇਸਤ੍ਰੀ ਹੂੰ ਤਥਾ ਅਪਨੇ ਪਿਤਾ ਕੀ ਸਭ ਕਥਾ ਸੁਨਾਈ। ਰਾਜਾ ਵਿਕ੍ਰਮ ਜੀ ਬੜੇ ਪ੍ਰਸੰਨ ਹੁਏ ਔਰ ਵਰਮੀ ਵਾਲੇ ਸਰਪ ਕੀ ਨਿਧਿ ਕੋ ਤਥਾ ਸਰਪ ਕੋ ਲੇਕਰ ਅਪਨੇ ਰਾਜਯ ਮੇਂ ਗਏ ਸਰਪ ਕੀ ਸੇਵਾ ਕਰਤੇ ਭਏ ਔਰ ਉਸ ਕੰਨਿਆਂ ਕੋ ਪਟਰਾਣੀ ਬਨਾਤੇ ਭਏ, ਔਰ ਕੁਛ ਕਾਲ ਕੇ ਬਾਦ ਉਸ ਕੰਨਿਆਂ ਕੇ ਪਿਤਾ ਪਰ ਦੂਸਰੇ ਕਿਸੀ ਰਾਜਾ ਨੇ ਚੜ੍ਹਾਈ ਕਰ, ਪਰਾਜਯ ਕਰਕੇ ਕੁਛ ਰਾਜਯ ਛੀਨ ਲੀਆ, ਔਰ ਰਾਜ ਕੰਨਿਆਂ ਕੇ ਮਾਤਾ ਪਿਤਾ ਕੋ ਦੇਸ ਨਿਕਾਲਾ ਦੇ ਦੀਆ ਥਾ। ਵਹੁ ਮਜੂਰੀ ਕਰਤੇ ਫਿਰਤੇ ਰਹੇ। ਕੰਨਿਆਂ ਨੇ ਉਨਕੋ ਢੂੰਡ ਕਰ ਅਪਨਾ ਔਰ ਮਹਾਰਾਜਾ ਕੇ ਕੋੜ੍ਹੀ ਹੋਨੇ ਆਦਿ ਕਾ ਸਭ ਪ੍ਰਸੰਗ ਸੁਨਾਯਾ ਔਰ ਰਾਜਯ ਦਿਲਾ ਕਰ ਉਨਕੋ ਸੁਖੀ ਕੀਆ।

**(ਸ਼ਲੋਕ) ਦਾਤਬਯੰ ਭੋਗਤਬਯੰ ਸਤਤੰ ਵਿਭਵੇ ਸੰਗ੍ਰਹੋ ਨ ਕਰਤਬਯ।**

**ਪਸ਼ਯ ਇਮੇ ਮਧੂ ਕਰੀਣਾਂ ਸੰਚਿਤੰ ਹਰੰਤਿ ਅਨਯੇ ॥**

ਟੀਕਾ-ਧਨ ਕੋ ਭੋਗ ਅਰ ਦਾਨ ਕਰਨਾ ਚਾਹੀਏ, ਸੰਗ੍ਰਹ ਨ ਕਰਨਾ ਚਾਹੀਏ, ਦੇਖੋ ! ਯਹ ਮਖੀਓਂ ਕਾ ਕੱਠਾ ਕੀਆ ਸ਼ਹਿਤ ਹੋਰ ਹੀ ਲੈ ਗਏ ।

**ਦੋਹਾ—ਧਨ ਕੇ ਭਾਗੀ ਚਾਰ ਹੈਂ ਧਰਮ ਚੋਰ ਨ੍ਰਿਪ ਆਗ ।**
**ਕੋਪਹਿ ਤਾਪਹਿ ਭ੍ਰਾਤ ਤਿਹੁੰ ਕਰੇ ਜਯੇਸ੍ਰਹਿ ਤਿਆਗ ।**

(ਦ੍ਰਿਸ਼ਟਾਂਤ) ਏਕ ਦਿਨ ਰਾਜਾ ਭੋਜ ਕੇ ਗੋਡੇ ਤੇ ਮਖੀ ਬੈਠ ਗਈ, ਮਖੀ ਕਾ ਸੁਭਾਵ ਹਥ ਪੈਰ ਮਲਨ ਕਾ ਹੈ । ਤਬ ਰਾਜਾ ਨੇ ਕਾਲੀਦਾਸ ਸੇ ਪੂਛਾ ਯੇ ਮਖੀ ਕਿਆ ਕਹਿਤੀ ਹੈ ? ਕਾਲੀ ਦਾਸ ਨੇ ਸਲੋਕ ਬਣਾ ਕਰ ਕਹਾ ਜਿਸ ਮੇਂ ਮਖੀ ਕਾ ਬ੍ਰਿਤਾਂਤ ਔਰ ਅਨੇਕ ਰਾਜਾਓਂ ਕੇ ਦਾਨ ਕੇ ਉਪਦੇਸ਼ ਕਹਿਤੇ ਭਏ ।

ਮਖਿਕੋ ਵਾਚ-**ਦੇਯੰ ਭੋਜ ਧਨੰ ਸੁਕ੍ਰਿਤਯੇਨੋ ਸੰਚਿਤ ਬਜੰਕਦਾ ਸ੍ਰੀ ਕਰਣਸਯ ਬਲੇਃ ਚ ਵਿਕ੍ਰਮਪਬੇ ਅਦਯਾਪਿ ਕੀਰਤਿਃ ਇਸੁਥਿਤਃ । ਅਸਮਾਕੰ ਮਨੁਦਾਨ ਭੋਗਾਦਿ ਰਹਿਤੰ ਨਸ੍ਰੰ ਸੁਚਿਚਾਤ੍ ਸੰਚਿਤੰ । ਤਸ੍ਮਾਤ੍ ਪਾਣਿ ਪਾਦ ਯੁਗਲੇਘ੍ਰਸ਼ਯੰਤਿ ਮਖਿਯਕਾ ॥**

ਟੀਕਾ—ਮਖੀ ਕਹਿਤੀ ਹੈ ਹੇ ਰਾਜਾ ਭੋਜ ! ਧਨ ਕੋ ਇਕਠਾ ਨ ਕਰੋ ਪਰਮਾਤਮਾ ਪਾਤ੍ਰੋਂ ਕੋ ਦੇ ਦੋ ਔਰ ਯਸ਼ ਲਓ । ਧਨ ਕੇ ਦੇਨੇ ਸੇ ਦਾਤਾ ਕਰਣ, ਰਾਜਾ ਵਿਕ੍ਰਮ, ਰਾਜਾ ਬਲੀ ਇਨ੍ਹੋਂ ਕੀ ਕੀਰਤੀ ਅਬ ਤਕ ਇਸਥਿਤ ਹੈ । ਦਾਨ ਕਰਕੇ ਆਪ ਭੀ ਯਸ਼ ਲਓ । ਨਹੀਂ ਤੋ ਹਮਾਰੀ ਤਰ੍ਹਾਂ ਹਾਥ ਮਲਤੇ ਰਹੋਗੇ । ਹਮਾਰੀ ਹਾਲਤ ਦੇਖੋ, ਹਮ ਨੇ ਬਹੁਤ ਕਾਲ ਕਾ ਕਠਾ ਕੀਆ ਮਧੁ ਨ ਖਾਯਾ, ਨ ਦਾਨ ਕੀਆ ਵੋਹ ਨਸ਼ਟ ਹੋ ਗਯਾ ਇਸ ਵਾਸਤੇ ਹਮ ਹਾਥ ਮਲਤੀ ਪਸ਼ਚਾਤਾਪ ਕਰਤੀ ਰਹਤੀ ਹੈਂ ।

**ਕਵਿਤ—ਜੈਸੇ ਮਧੁ ਮਾਖੀ ਸੰਚ ਸੰਚ ਕੇ ਇਕਤ੍ਰ ਕਰੇ, ਹਰੀਮਧੁ ਤਾਂਕੀ ਮੁਖ ਤਾਕੇ ਛਾਹ ਡਾਰਕੇ ॥ ਜੈਸੇ ਬਛੇ ਹੇਤ ਗਊ ਸੰਚਤ ਮਹਾਨ ਖੀਰ, ਅਹੀਰ ਦੋਹਿ ਲੇਤ ਤਾਂਹਿ ਬਛਰਾ ਵਿਡਾਰਕੇ ॥ ਜੈਸੇ ਧਰ ਖੋਦ ਖੋਦ ਕਰ ਮੂਸਾ ਬਿਲ ਸਾਜੇ ਪੈਸਤ ਸਰਪ ਧਾਇ ਖਾਇ ਤਿਨਹਿ ਮਾਰਕੇ ॥ ਤੈਸੇ ਕੋਟ ਪਾਪ ਕਰ ਮਾਇਆ ਜੋੜ ਜੋੜ ਮੂੜ, ਅੰਤ ਸਮੇਂ ਖਾਲੀ ਚਲੇ ਦੋਨੋਂ ਹਥ ਝਾੜਕੇ ॥**

**(ਸ਼ਲੋਕ) ਦਾਨੇਨ ਭੂਤਾਨਿ ਵਸੀ ਭਵੰਤਿ । ਦਾਨੇਨ ਵੈਰਾਣਿ ਅਪਿ ਯਾਂਤਿ ਨਾਸ਼ੰ । ਪਰੋ ਅਪਿ ਬੰਧੁਤ੍ਵੰ ਉਪੇਤਿ ਦਾਨੇ ॥ ਦਾਨੰਹਿ ਸਰਵ**



**ਵਯਸਨਾਨਿਹੰਤਿ ॥ ੨ ॥ ਯਗਯਾ ਸੰਪੂਰਣਤਾਂ ਯਾਂਤਿ ਦਾਨੇਨ ਦਖਿਯਣਾ ਆਤਮਨਃ । ਦਾਤਾਰੰ ਸਰਵਭੂਤਾਨਿ ਸ਼੍ਰੇਯੰਤੇ ਪਿਤਰੰ ਯਥਾ ॥ ੩ ॥ ਦਾਤਾ ਨੀਚੋ ਅਪਿ ਏਬਯ ਸਯਾਤ੍ ਨਿਸ਼ਫਲੇਨ ਮਹਾਨ ਆਪਿ । ਜਲਾਰਥੀ ਵਾਰਿਧੰਤਯਕਤ੍ਵਾ ਪਸ਼ਯ ਕੂਪੇਃ ਨਿਸ਼ੇਵਤੇ ॥ ੪ ॥ ਗਊਰਵੰ ਪ੍ਰਾਪਯਤੇ ਦਾਨਾਤ੍ ਨਤੂ ਵਿਤਸਯਸੰਚਯਾਤ੍ । ਸਿਸਥਿਤਿ ਊਚੈਃ ਪਯੋਦਾਨਾਂ ਪਯੋਧੀਨਾਂ ਅਧਃ ਇਸਥਿਤਿਃ ॥**

ਟੀਕਾ-ਦਾਨ ਸੇ ਸਭ ਭੂਤ ਵਸੀਭੂਤ ਹੋ ਜਾਤੇ ਹੈਂ । ਦਾਨ ਸੇ ਸਭ ਵੈਰੀ ਨਾਸ਼ ਹੋ ਜਾਤੇ ਹੈਂ । ਦਾਨ ਸੇ ਦੁਸ਼ਮਨ ਭੀ ਮਿਤ੍ਰ ਹੋ ਜਾਤੇ ਹੈਂ, ਔਰ ਦਾਨ ਸੇ ਸਾਰੇ ਦੋਸ਼ ਢਕੇ ਜਾਤੇ ਹੈਂ ॥ ੨ ॥ ਦਖਿਣਾ ਰੂਪ ਦਾਨ ਦੇਨੇ ਸੇ ਯੱਗ ਸਫਲ ਹੋ ਜਾਤੇ ਹੈਂ, ਔਰ ਸਾਰੇ ਜੀਵ ਦਾਤਾ ਕੀ ਇਸ ਤਰਹ ਸ਼ਰਣ ਮੇਂ ਹੋ ਜਾਤੇ ਹੈਂ । ਜੈਸੇ ਪਿਤਾ ਕੇ ਸ਼ਰਣ ਮੇਂ ਪੁਤਰ ॥ ੩ ॥ ਦਾਤਾ ਹੋਨੇ ਪਰ ਛੋਟਾ ਭੀ ਪੂਜਯ ਹੋ ਜਾਤਾ ਹੈ, ਦਾਤਾ ਨ ਹੋਨੇ ਸੇ ਬੜਾ ਭੀ ਪੂਜਯ ਨਹੀਂ ਹੋਤਾ । ਜੈਸੇ ਜਲਾਰਥੀ ਸਮੁੰਦਰ ਕੋ ਛੋੜ ਕਰ ਕੂਏਂ ਕਾ ਸੇਵਨ ਕਰਤਾ ਹੈ, ਔਰ ਜੈਸੇ ਪੰਖੀ ਉਚੇ ਸਿੰਬਲ ਕੇ ਬ੍ਰਿਖ ਕੋ ਛੋਡ ਕਰ, ਛੋਟੀ ਬੇਰੀ ਕਾ ਸੇਵਨ ਕਰਤੇ ਹੈਂ । ਜੈਸੇ ਗੁਰੂ ਜੀ ਲਿਖਤੇ ਹੈਂ:-

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥ ਫਲ ਫਿਕੇ ਫੁਲ ਬਕਬਕੇ ਕੰਮ ਨ ਆਵਹਿ ਪਤ ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

[ਆਸਾ ਵਾਰ ਮ: ੧ ਸਫਾ ੪੭੦

ਦਾਨ ਸੇ ਪ੍ਰਭੁਤਾ ਕੋ ਯਾਠੇ ਮਾਨ ਪ੍ਰਤਿਸ਼ਠਾ ਕੋ ਪ੍ਰਾਪਤ ਹੋਤਾ ਹੈ, ਧਨ ਕੇ ਕਠੇ ਕਰਨੇ ਸੇ ਨਹੀਂ । ਦੇਖੋ ਬਾਦਲ ਜਲ ਕਾ ਦਾਨ ਕਰਨੇ ਸ ਊਚੇ ਆਕਾਸ਼ ਮੇਂ ਇਸਥਿਤ ਹੋਤੇ ਹੈਂ, ਔਰ ਜਲ ਕਾ ਦਾਨ ਨ ਕਹਨੇ ਸੇ ਸਮੁੰਦਰ ਨੀਚੇ ਹੀ ਰਹਿਤਾ ਹੈ, ਔਰ ਦਾਨੀਓਂ ਕੇ ਨਾਮ ਅਬ ਤਕ ਲੋਗੋਂ ਮੇਂ ਪ੍ਰਸਿਧ ਹੈਂ । ਜੈਸੇ ਹਰਿ ਚੰਦ੍ਰਾਦਿ:-

**ਸੈਯਾ—ਸਿੰਧੁ ਅਗਾਧ ਅਹੇ ਲਵਣੋਦਕ ਤਦਪਿ ਕਾਹੂੰ ਕੀ ਪਿਆਸ ਨ ਟਾਰੇ । ਜਾਨੂੰ ਪ੍ਰਮਾਣ ਜੁ ਵਾਰਿ ਸੁ ਚਾਰੁ ਤ੍ਰਿਖਾ ਨਰ ਨਾਰ ਮ੍ਰਿਗਾਦ ਕੀ ਹਾਰੇ । ਨੈਕ ਧਨਾਢਯ ਤਥਾਪਿ ਬਡੋ ਅਰਥੀ ਵਿਅਰਥ ਨਹਿ ਜਾਤ ਦੁਆਰੇ । ਜਾਂ ਧਨ ਰਾਸ ਨਿਰਾਸਿਕ ਭਿਛਕ ਸੋ ਧਨ ਕਿਆ ਚੁਵਤੀ ਛਤ ਧਾਰੇ ?**

**(ਦੋਹਾ)—ਧਨ ਸੰਗ੍ਰਹਤੇ ਦਾਨ ਧਨ ਸੌ ਗੁਣ ਅਧਿਕ ਪਛਾਨ ।**
**ਬਿਨਾ ਦਾਨ ਜੋ ਦ੍ਰਬਯ ਹੈ ਸੋ ਬਨ ਸੁਮਨ ਸਮਾਨ ॥**

ਸ਼ਾਸਤ੍ਰ ਕੀ ਆਗਿਆ ਹੈ ਕਿ ਏਕ ਗ੍ਰਾਸ ਹੋਵੇ ਤੋ ਆਧਾ ਗ੍ਰਾਸ ਦਾਨ ਕਰ ਦੇਣਾ ਚਾਹੀਏ।

**ਸ਼ਲੋਕ—ਗ੍ਰਾਸਾਦਪਿ ਤਦਰਧੰ ਚ ਕਸ੍ਮਾਤ ਨੋ ਦੀਯਤੇ ਅਰਥੀਸ਼ੂ॥
ਇਛਾ ਅਨੁਰੂਪੋ ਵਿਭਵ: ਕਦਾ ਕਸਯ ਭਵਿਸ਼ਯਤਿ॥**

ਅਰਥ—ਗ੍ਰਾਸ ਸੇ ਭੀ ਆਧਾ ਗ੍ਰਾਸ ਅਰਥੀਓਂ ਕੋ ਕਿਉਂ ਨਹੀਂ ਦੇਤੇ ਹੋ ? (ਸ਼ੰਕਾ) ਧਨ ਦੇ ਦੇਵੇਂ ਤੋ ਕਠਾ ਕੈਸੇ ਹੋਗਾ ? ਉਤਰ—ਇਛਾ ਅਨੁਸਾਰ ਤੋ ਧਨ ਕਠਾ ਕਿਸੀ ਕੋ ਹੂਆ ਹੀ ਨਹੀਂ ਔਰ ਨਾ ਹੀ ਹੋਵੇਗਾ। ਫੇਰ ਧਨ ਕਾ ਦਾਨ ਕਿਉਂ ਨ ਕਰਨਾ ਚਾਹੀਏ ? ਜੋ ਦਾਨ ਕੀਆ ਜਾਤਾ ਹੈ ਵਹੁ ਅਪਨਾ ਹੋਤਾ ਹੈ, ਬਾਕੀ ਸਭ ਪਰਾਯਾ ਹੋਤਾ ਹੈ। ਕਥਾ—ਏਕ ਨਗਰ ਮੇਂ ਏਕ ਮੰਹਾਤਮਾ ੩੦ ਵਰਸ਼ ਸੇ ਰਹਾ ਕਰਤੇ ਥੇ, ਔਰ ਉਨ੍ਹੋਂ ਕੇ ਸਿਖ ਸੇਵਕ ਬਹੁਤ ਹੋ ਗਏ ਥੇ। ਮਹਾਤਮਾ ਬੜੇ ਸੰਤੋਸ਼ੀ ਔਰ ਉਦਾਰਚਿਤ ਥੇ, ਸਿਰਫ ਏਕ ਰੋਟੀ ਪਰ ਅਠ ਪਹਿਰ ਨਿਰਬਾਹ ਕਰਤੇ ਥੇ। ਏਕ ਦਿਨ ਦੂਸਰਾ ਸਾਧੂ ਉਨ ਕੇ ਪਾਸ ਆਯਾ ਔਰ ਕਹਾ ਆਪ ਈਹਾਂ ਬਹੁਤ ਬਰਸੋਂ ਸੇ ਰਹਿਤੇ ਹੋ, ਔਰ ਸਿਖ ਸੇਵਕ ਭੀ ਬਹੁਤ ਹੋਂਗੇ ਨਾਨਾ ਪ੍ਰਕਾਰ ਕੇ ਪਦਾਰਥ ਖਾਤੇ ਹੋਵੋਗੇ। ਮਹਾਤਮਾ ਨੇ ਕਹਾ ਕਿ ਮੈਂ ੩੦ ਬਰਸ ਸੇ ਯਹਾਂ ਹੀ ਰਹਿਤਾ ਹੂੰ, ਸਿਖ ਸੇਵਕ ਬਹੁਤ ਹੈਂ ਉਨ ਸੇ ਦੋ ਰੋਟੀ ਲੇ ਆਤਾ ਹੂੰ, ਏਕ ਖਾਤਾ ਹੂੰ ਔਰ ਏਕ ਕੂਏਂ ਮੇਂ ਫੈਂਕਤਾ ਹੂੰ। ਉਸ ਨੇ ਕਹਾ ਮੈਂ ਦੇਖਨਾ ਚਾਹਤਾ ਹੂੰ, ਇਤਨੇ ਮੇਂ ਏਕ ਭਗਤ ਦੋ ਰੋਟੀਆਂ ਲੇ ਆਯਾ। ਮਹਾਤਮਾ ਨੇ ਪਰਮੇਸ਼ੁਰ ਕੋ ਧੰਨਵਾਦ ਦਿਤੀ। ਧੰਨਵਾਦ ਦੇਕਰ ਦੋ ਰੋਟੀਆਂ ਲੈ ਲੀਤੀਆਂ ਇਤਨੇ ਮੇਂ ਏਕ ਅਭਯਾਗਤ ਆ ਗਯਾ। ਬੜੀ ਸਰਧਾ ਸੇ ਏਕ ਉਸਕੋ ਰੋਟੀ ਦਿਤੀ, ਔਰ ਏਕ ਆਪ ਖਾਲੀ। ਉਸ ਦੂਸਰੇ ਸਾਧੂ ਨੇ ਪੂਛਾ ਆਪ ਤੋ ਕਹਿਤੇ ਥੇ ਕਿ ਏਕ ਕੂਏ ਮੇਂ ਪਾਤੇ ਹੈਂ, ਕੂਏ ਮੇਂ ਤੋ ਪਾਈ ਨਹੀਂ। ਮਹਾਤਮਾ ਨੇ ਕਹਾ ਜੋ ਪੇਟ ਮੇਂ ਪਾਈ ਵੋਹ ਕੂਏ ਮੇਂ ਪਾਈ ਔਰ ਜੋ ਅਤਿਥੀ ਕੋ ਪ੍ਰਮੇਸ਼ੁਰ ਕੇ ਨਾਮ ਸੇ ਰੋਟੀ ਦਿਤੀ ਸੋ ਮੈਂਨੇ ਖਾਈ। ਇਸ ਪ੍ਰਕਾਰ ਮਹਾਤਮਾ ਲੋਗ ਸ਼ੁਕਰ ਸਬਰ ਭੀ ਕਰਤੇ ਹੈਂ, ਔਰ ਦੇਤੇ ਭੀ ਹੈਂ। ਜੈਸੇ ਦੋ ਮਹਾਤਮਾ ਆਪਸ ਮੇਂ ਮਿਲ ਕਰ ਸ਼ੁਕਰ ਔਰ ਸਬਰ ਕਾ ਨਿਰਣਯ ਕਰਨੇ ਲਗੇ, ਕਿ ਸ਼ੁਕਰ ਔਰ ਸਬਰ ਕੋ ਕਿਸ ਕਿਸ ਜਗਹ ਵਰਤਨਾ ਚਾਹੀਏ। ਏਕ ਮਹਾਤਮਾ ਕਹਿਨੇ ਲਗਾ ਕਿ ਪਰਮੇਸ਼ੁਰ ਜਬ ਮਾਯਕ ਪਦਾਰਥ, ਥੋੜਾ ਯਾ ਜ਼ਿਆਦਾ ਦੇਵੇ ਤੋ ਸ਼ੁਕਰ ਕਰਕੇ ਲੇ ਲੇਤਾ ਹੂੰ, ਨ ਦੇਵੇ ਤੋ ਸਬਰ ਕਰਕੇ ਬੈਠਾ ਰਹਿਤਾ ਹੂੰ। ਹਮ ਤੋ ਇਸ ਤਰਹ ਸ਼ੁਕਰ ਸਬਰ ਕੋ ਵਰਤਤੇ ਹੈਂ। ਦੂਸਰੇ ਮਹਾਤਮਾ ਨੇ ਕਹਾ ਯੇਹ ਠੀਕ ਨਹੀਂ, ਐਸੇ ਤੋ ਸਾਰੇ ਸੰਸਾਰੀ ਲੋਗ ਕਰਤੇ ਹੈਂ। ਫਿਰ ਮਹਾਤਮਾ ਔਰ ਗ੍ਰਿਸਥੋਂ ਕਾ ਫਰਕ ਹੀ ਕਿਆ ਹੂਆ ? ਪ੍ਰਸ਼ਨ—ਆਪ ਕੈਸੇ ਵਰਤਤੇ ਹੋ ? ਉਤਰ—ਹਮ ਪਰਮੇਸ਼ੁਰ ਕੋ ਪ੍ਰਾਰਥਨਾ ਕਰਤੇ ਰਹਿਤੇ ਹੈਂ ਕਿ ਹੇ ਪ੍ਰਮਾਤਮਾ ! ਕੋਈ ਮਾਇਕ ਪਦਾਰਥ ਹਮਾਰੇ ਪਾਸ ਨ ਭੇਜੋ, ਕਿਉਂਕਿ ਮਾਇਕ ਪਦਾਰਥ ਪਰਮਾਤਮਾ ਕੀ ਤਰਫ ਸੇ ਭੁਲਾਨੇ ਵਾਲੇ ਹੈਂ, ਇਸ



ਲੀਏ ਹਮ ਮਾਇਕ ਪਦਾਰਥ ਕੀ ਇਛਾ ਭੀ ਨਹੀਂ ਕਰਤੇ। ਪਰੰਤੂ ਪ੍ਰਾਰਬਧ ਕੇ ਅਧੀਨ ਪਰਮੇਸ਼ੁਰ ਭੇਜ ਦੇਵੇ, ਤੋ ਸਬਰ ਕਰ ਲੇਤੇ ਹੈਂ। ਜੇ ਪਰਮੇਸ਼ੁਰ ਮਾਇਕ ਪਦਾਰਥ ਨ ਭੇਜੇ ਤੋ ਸ਼ੁਕਰ ਕਰ ਲੇਤੇ ਹੈਂ। ਪਹਿਲੇ ਮਹਾਤਮਾ ਕੇ ਔਰ ਦੂਸਰੇ ਮਹਾਤਮਾ ਕੇ ਸਬਰ ਸ਼ੁਕਰ ਮੇਂ ਇਤਨਾ ਹੀ ਫਰਕ ਹੂਆ। ਪਹਿਲੇ ਮਹਾਤਮਾ ਨੇ ਪਦਾਰਥ ਮਿਲਨੇ ਪਰ ਸ਼ੁਕ੍ਰ ਔਰ ਨ ਮਿਲਨੇ ਪਰ ਸਬਰ ਕਰਾ ਹੈ ਔਰ ਦੂਸਰੇ ਮਹਾਤਮਾ ਨੇ ਪਦਾਰਥ ਕੇ ਮਿਲਨੇ ਪਰ ਸਬਰ ਔਰ ਨਾ ਮਿਲਨੇ ਪਰ ਸ਼ੁਕਰ ਕਰਾ ਹੈ। ਇਸ ਪ੍ਰਕਾਰ ਮਾਇਕ ਪਦਾਰਥ ਕਾ ਤਯਾਗ ਮਹਾਤਮਾ ਲੋਕ ਕਹਿਤੇ ਰਹਿਤੇ ਹੈਂ ਤਾਂਤੇਂ ਧਨ ਕੀ ਇਛਾ ਨ ਕਰਨੀ ਚਾਹੀਏ ਔਰ ਆਏ ਧਨ ਕਾ ਦਾਨ ਕਰਨਾ ਯੇਹੀ ਤਿਆਗ ਹੈ, ਔਰ ਜੋ ਧਨ ਕਾ ਦਾਨ ਨਹੀਂ ਕਰਤੇ ਹੈਂ ਉਨੋਂ ਕਾ ਮਨੁਸ਼ਯ ਸ਼ਰੀਰ ਨਿਸ਼ਫਲ ਹੈ, ਔਰ ਉਨੋਂ ਕੇ ਮਿਰਤਕ ਸ਼ਰੀਰ ਕੋ ਗਿਦੜ ਭੀ ਨਹੀਂ ਖਾਤੇ ਹੈਂ। ਜੈਸੇ ਏਕ ਕੰਜੂਸ ਕਾ ਮ੍ਰਿਤਕ ਸ਼ਰੀਰ ਜੰਗਲ ਮੇਂ ਪੜਾ ਥਾ। ਗਿਦੜ ਦੇਖ ਕੇ ਉਸਕੋ ਖਾਨੇ ਆਏ, ਤੋ ਆਕਾਸ਼ ਬਾਣੀ ਹੂਈ ਕਿ ਹੇ ਗਿਦੜੋ ! ਇਸ ਸ਼ਰੀਰ ਕੋ ਨ ਖਾਨਾ ਇਸ ਕੇ ਸਾਰੇ ਅੰਗ ਅਪਵਿਤ੍ਰ ਹੈਂ:—

**ਸਲੋਕ—ਹਸ੍ਤਉ ਦਾਨ ਵਿਵਰਜਿਤਊ ਸ਼੍ਰੁਤਿ ਪਟਊ ਸਾਰਸ੍ਵਤ ਦ੍ਰੋਹਿਣਊ॥
ਨੇਤ੍ਰੇ ਸਾਧੂ ਵਿਲੋਕਨੇਨ ਰਹਿਤੇ ਪਾਦਊ ਨ ਤੀਰਥੰ ਗਤਊ।
ਅਨਯਾਯਾਰਜਿਤ ਵਿੱਤ ਪੂਰਣ ਉਦਰੰ ਗਰਵੇਣ ਤੁੰਗੰ ਸ਼ਿਰੋ। ਰੇਰੇ
ਜੰਬੁਕ: ਮੁੰਚ ਮੁੰਚ ਸਹਸਾ ਨੀਚੰ ਸੁ ਨਿੰਦਯੰ ਵਪੁ:।**

ਅਰਥ—ਇਸ ਕੇ ਦੋਨੋਂ ਹਾਥ ਦਾਨ ਸੇ ਰਹਿਤ ਹੈਂ, ਔਰ ਦੋਨੋਂ ਕਾਨ ਪਰਮੇਸ਼ੁਰ ਕੀ ਕਥਾ ਕੇ ਦ੍ਰੋਹੀ ਹੈਂ, ਦੋਨੋਂ ਨੇਤ੍ਰ ਸੰਤੋਂ ਕੇ ਦਰਸ਼ਨ ਸੇ ਰਹਿਤ ਹੈਂ। ਪੈਰ ਕਭੀ ਤੀਰਥ ਯਾਤਰਾ ਕੋ ਨਹੀਂ ਗਏ, ਔਰ ਇਸਨੇ ਅਨਯਾਯ ਸੇ ਕਠੇ ਕੀਏ ਧਨ ਸੇ ਪੇਟ ਭਰਾ ਹੈ, ਔਰ ਹੰਕਾਰ ਸੇ ਇਸਕਾ ਸਿਰ ਉਚਾ ਹੀ ਰਹਾ ਹੈ, ਕਿਸੀ ਕੋ ਨਿਮਸ਼ਕਾਰ ਨਹੀਂ ਕਰਤਾ ਥਾ। ਸਭ ਪ੍ਰਕਾਰ ਸੇ ਇਸ ਕੇ ਸਭ ਅੰਗ ਅਪਵਿਤ੍ਰ ਹੈਂ। ਇਸ ਵਾਸਤੇ ਹੀ ਗੀਦੜੋ ਜਲਦੀ ਇਸ ਕੇ ਸ਼ਰੀਰ ਕੋ ਛੋੜ ਦੋ। ਇਸੀ ਪ੍ਰਕਾਰ ਦਸਮ ਗੁਰੂ ਜੀ ਨੇ ਏਕ ਲੜਕੇ ਕੇ ਹਾਥ ਸੇ ਜਲ ਮੰਗਾਯਾ ਤੋ ਉਸਕੇ ਹਾਥ ਮੇਂ ਛਾਲੇ ਪੜ ਗਏ। ਲੜਕੇ ਨੇ ਕਹਾ ਮੈਂਨੇ ਆਜ ਤਕ ਕਿਸੀ ਕੋ ਜਲ ਨਹੀਂ ਪਿਲਾਯਾ, ਪਹਿਲੇ ਆਪ ਕੋ ਹੀ ਪਿਲਾਤਾ ਹੂੰ। ਗੁਰੂ ਜੀ ਨੇ ਤਤਕਾਲ ਸੇ ਹੀ ਵੋਹ ਜਲ ਛੋੜ ਦੀਆ। ਔਰ ਕਹਾ ਕਿ ਤੇਰੇ ਹਾਥ ਅਪਵਿਤ੍ਰ ਹੈਂ, ਕਿਉਂਕਿ ਤੁਮ ਨੇ ਹਾਥੋਂ ਸੇ ਕਿਸੀ ਕੀ ਸੇਵਾ ਨਹੀਂ ਕਰੀ, ਇਸ ਸੇ ਸਿਧ ਹੂਆ ਕਿ ਦਾਨ ਰਹਿਤ ਅੰਗ ਅਪਵਿਤ੍ਰ ਹੋਤੇ ਹੈਂ, ਔਰ ਜੋ ਦਾਨ ਨਹੀਂ ਕਰਤੇ ਉਸਕੋ ਮਾਇਕ ਸੁਖ ਭੀ ਨਹੀਂ ਮਿਲਤੇ। ਦਾਨ ਵਾਲੇ ਕੋ ਹੀ ਸਭ ਕੁਛ ਮਿਲਤਾ ਹੈ। ਤਾਂਤੇ ਦਾਨੀਓਂ ਕੇ ਪਾਸ ਵਿਭੂਤਿ ਦੇਖ ਕਰ, ਤੂੰ ਈਰਖਾ ਨ ਕਰ ਕਿੰਤੂ ਦਾਨ ਕਰਕੇ ਪਦਾਰਥੋਂ ਕੋ ਪ੍ਰਾਪਤ ਕਰ ਨਹੀਂ ਤੋ ਸੰਤੋਸ਼ ਮੇਂ ਰਹੁ।

ਦੋਹਾ—ਗਜ ਮੋਤੀ ਅਰ ਭੁਜੰਗ ਮਣਿ ਤੀਜੀ ਸੂਮ ਕੀ ਆਥਿ।
ਰੱਜਬ ਮਨ ਮਾਰੇ ਬਿਨਾ ਮਾਇਆ ਚੜ੍ਹੇ ਨਾ ਹਾਥ।

ਅਗਰ ਦੂਸਰੇ ਮਾਲਪੂੜੇ ਖਾਤੇ ਹੈਂ ਤੋ ਤੂੰ ਚਣਿਓਂ ਮੇਂ ਹੀ ਪ੍ਰਸੰਨ ਰਹੁ। ਅਗਰ ਦੂਸਰੇ ਰੇਸ਼ਮੀ ਕਪੜੇ ਪਹਿਨਤੇ ਹੈਂ ਤੋ ਤੂੰ ਫਟੇ ਪੁਰਾਣੇ ਕਪੜੇਂ ਮੇਂ ਹੀ ਪ੍ਰਸੰਨ ਰਹੁ, ਇਸ ਪ੍ਰਕਾਰ ਕੇ ਭਾਵ ਕਾ ਸ਼ਬਦ ਕਬੀਰ ਜੀ ਲਿਖਤੇ ਹੈਂ:-

ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧ ॥ ਅਹਿਰਖਵਾਦੁ ਨਾ ਕੀਜੈ ਰੇ ਮਨ ॥ ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ ॥ [ਆਸਾ ਕਬੀਰ ਸਫਾ ੪੭੯

ਤਥਾ ਏਕ ਸਮੇਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਕੇ ਪਾਸ, ਏਕ ਪ੍ਰੇਮੀ ਆਇਆ ਔਰ ਕਹਿਨੇ ਲਗਾ ਮੈਂ ਪਹਿਲੇ ਵੀ ਨਿਰਧਨ ਥਾ। ਬੀਚ ਮੇਂ ਧਨੀ ਹੋ ਗਯਾ ਥਾ ਅਬ ਫੇਰ ਨਿਰਧਨ ਹੋ ਗਯਾ ਹੂੰ ਇਸ ਮੇਂ ਕਿਆ ਕਾਰਣ ਹੈ ? ਤਬ ਗੁਰੂ ਜੀ ਕਹਿਨੇ ਲਗੇ ਦਾਨ ਕਰਨੇ ਸੇ ਬੀਚ ਮੇਂ ਤੂੰ ਧਨੀ ਹੋ ਗਿਆ ਥਾ ਔਰ ਦਾਨ ਕੇ ਨ ਕਰਨੇ ਸੇ ਤੂੰ ਫੇਰ ਨਿਰਧਨ ਹੋ ਗਯਾ ਹੈਂ, ਵੋਹ ਕਹਿਨੇ ਲਗਾ ਮੈਨੇ ਦਾਨ ਕਭੀ ਕਰਾ ਹੀ ਨਹੀਂ, ਗੁਰੂ ਜੀ ਕਹਿਨੇ ਲਗੇ ਕਿ ਜਬ ਤੂੰ ਨਿਰਧਨ ਥਾ ਤਬ ਤੇਰੇ ਘਰ ਮੇਂ ਪੰਖੀਓਂ ਕਾ ਜੋੜਾ ਰਹਿਤਾ ਥਾ, ਜੋ ਪਹਿਲੇ ਜਨਮ ਮੇਂ ਸ਼ਾਹੂਕਾਰ ਥੇ, ਔਰ ਹਮਾਰੇ ਸ਼ਿਸ਼ ਥੇ। ਪਰੰਤੂ ਉਨ੍ਹੋਂ ਨੇ ਹਮਾਰਾ ਉਪਦੇਸ ਪਾਲਨ ਨ ਕਰਕੇ ਪੰਖੀਓਂ ਕਾ ਪਾਲਨ ਕਰਤੇ ਰਹੇ। ਇਸ ਵਾਸਤੇ ਵੋਹੀ ਪੰਖੀ ਬਣ ਗਏ। ਸੋ ਤੇਰੇ ਘਰ ਮੇਂ ਰਹਿਨੇ ਲਗੇ ਔਰ ਤੂੰ ਮਜੂਰ ਥਾ। ਉਨ ਸਭ ਪੈਸੋਂ ਕਾ ਤੂੰ ਅੰਨ ਲਾ ਕਰ ਖੁਲਾ ਰਖ ਦੇਤਾ ਥਾ। ਉਨ ਪੰਖੀਓਂ ਕੋ ਪੂਰਵ ਜਨਮ ਕਾ ਖਿਆਲ ਥਾ ਕਿ ਗੁਰੂ ਜੀ ਕੀ ਹਮ ਨੇ ਸੇਵਾ ਨ ਕੀ ਔਰ ਨਾ ਉਪਦੇਸ਼ ਹੀ ਕਮਾਇਆ। ਅਬ ਜਿਸਕੇ ਘਰ ਰਹਿਤੇ ਹੈਂ ਕੁਛ ਉਨਕਾ ਤੋ ਭਲਾ ਕਰੇਂ ਇਸ ਲੀਏ ਤੇਰਾ ਅੰਨ ਲਿਆ ਕਰ ਹਮਾਰੀ ਦੇਗ ਮੇਂ ਪਾਤੇ ਰਹੇ ਸੰਗਤ ਛਕਤੀ ਰਹੀ ਉਸ ਪੁੰਨ ਸੇ ਤੂੰ ਧਨੀ ਹੋਤਾ ਗਯਾ, ਔਰ ਅਪਨੇ ਮਕਾਨ ਨਵੇਂ ਬਣਾ ਲੀਏ, ਦਰਵਾਜੇ ਬੰਦ ਰਖੇ ਪੰਖੀ ਉਡ ਗਏ ਦਾਣਾ ਬੰਦ ਹੋ ਗਯਾ ਤੂੰ ਨਿਰਧਨ ਹੋਤਾ ਭਯਾ। ਪ੍ਰਮਾਣ:-

ਰੱਜਬ ਕਾਢੇ ਕੂਪ ਜਲ ਘਟੇ ਨ ਨਿਰਮਲ ਨੀਰ ॥
ਬਿਨ ਕਾਢੇ ਪਾਣੀ ਸੜੇ ਪੀਵੇ ਨਾ ਕੋ ਬੀਰ ॥

ਅਬ ਦਾਨ ਕਰੋਗੇ ਤੋ ਫੇਰ ਧਨੀ ਹੋ ਜਾਓਗੇ। ਉਸਨੇ ਗੁਰੂ ਜੀ ਕੇ ਵਚਨ ਮਾਨਕੇ ਦਾਨ ਕਰਨਾ ਅਰੰਭ ਕਰ ਦੀਆ, ਤੋ ਫੇਰ ਧਨੀ ਹੋ ਗਯਾ। ਇਸ ਪ੍ਰਕਾਰ ਕੇ ਅਨੇਕ ਪ੍ਰਸੰਗ ਗੁਰਮੁਖ ਕੇ ਦਾਨ ਕਰਨੇ ਮੇਂ ਆਤੇ ਹੈਂ ਤਾਂਤੇ ਗੁਰਮੁਖ ਕੋ ਦਾਨ ਕਰਨਾ ਚਾਹੀਏ। ਦਾਨ ਹੀ ਸ੍ਰੇਸ਼ਟ ਹੈ। ਫੇਰ ਸੰਮਤ ੧੯੭੭ ਮੇਂ ਭੇਰੇ ਲਿਆਨੇ ਵਾਸਤੇ ਗਿਆਨੀ ਕਿਸ਼ਨ ਸਿੰਘ ਜੀ ਨੇ ਬੜਾ ਜ਼ੋਰ ਲਗਾਯਾ, ਕਿਤਨੇ ਹੀ ਦਿਨ ਵਹਾਂ ਬੈਠਾ ਰਹਾ ਆਖਰ ਆਪ ਕੋ ਭੇਰੇ



ਲਿਆਇਆ ਦਾਸ ਭੀ ਸਾਥ ਹੀ ਥਾ। ਆਪ ਨੇ ਰਸਤੇ ਮੇਂ ਪਹਿਲੇ ਮਾਂਗਟ ਗ੍ਰਾਮ ਮੇਂ ਉਤਰ ਕਰ, ਭਾਈ ਬੰਨੂ ਸਾਹਿਬ ਕੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਦਰਸ਼ਨ ਕੀਆ, ਲੋਗੋਂ ਨੇ ਪ੍ਰੇਮ ਕਰਕੇ ਚਾਰ ਦਿਨ ਆਨੇ ਹੀ ਨਹੀਂ ਦੀਆ, ਫੇਰ ਵਹਾਂ ਸੇ ਆਪ ਭੇਰੇ ਆਏ। ਭੇਰੇ ਕੀ ਸੰਗਤ ਨੇ ਕਥਾ ਵਾਸਤੇ ਬਹੁਤ ਜ਼ੋਰ ਦੀਆ, ਆਪ ਨੇ ਮਨੁਖਾ ਜਨਮ ਕੇ ਉਪਰ ਹੀ ਕਥਾ ਕਰੀ ਕਿ ਗਿਆਨ ਕੇ ਵਾਸਤੇ ਹੀ ਪਰਮਾਤਮਾ ਨੇ ਮਨੁਸ਼ ਜਨਮ ਦੀਆ ਹੈ। ਆਤਮ ਗਿਆਨ ਸੇ ਬਿਨਾ ਮਨੁਸ਼ ਸਰੀਰ ਨਿਸ਼ਫਲ ਹੈ।

ਆਵਨ ਆਏ ਸ੍ਰਿਸਟ ਮਹਿ ਬਿਨੁ ਬੂਝੇ ਪਸੁ ਢੋਰ ॥ ਨਾਨਕ ਗੁਰਮੁਖਿ ਸੋ ਬੁਝੈ ਜਾਕੈ ਭਾਗ ਮਥੋਰ ॥ [ਗਉੜੀ ਬਾਵਨ ਅਖਰੀ ਸਫਾ ੨੫੧

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥ [ਗਉੜੀ ਬਾ: ਅ: ਮ: ੫ ਸਫਾ ੨੫੨

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ [ਟੋਡੀ ਮ: ੫ ਸਫਾ ੭੧੨

ਮਾਨਸ ਜਨਮੁ ਪੁੰਨਿ ਕਰ ਪਾਇਆ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥ [ਗੂਜਰੀ ਮ: ੪ ਸਫਾ ੪੯੩

ਚਿਰੰਕਾਲ ਪਾਈ ਦ੍ਰੁਲਭ ਦੇਹ ॥ ਨਾਮ ਬਿਹੂਣੀ ਹੋਈ ਖੇਹ ॥ ਪਸੂ ਪ੍ਰੇਤ ਮੁਗਧ ਤੇ ਬੁਰੀ ॥ ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥ [ਰਾਮਕਲੀ ਮ: ੫ ਸਫਾ ੮੯੦

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥ ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥ [ਭੈਰਉ ਕਬੀਰ ਸਫਾ ੧੧੫੯

ਲਖ ਚਉਰਾਸੀਹ ਜੋਨਿ ਸਬਾਈ ॥ ਮਾਨਸ ਕਉ ਪ੍ਰਭਿ ਦੀਈ ਵਡਿਆਈ ॥ ਇਸ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ [ਮਾਰੂ ਸੋਲਹੇ ਮ: ੫ ਸਫਾ ੧੦੭੫

ਔਰ ਮਾਨਸ ਜਨਮ ਕੇ ਪਸਚਾਤਾਪ ਮੇਂ ਰੱਜਬ ਜੀ ਨੇ ਛੱਪਯ ਮੇਂ ਕਹਾ ਹੈ।

ਦੀਏ ਅਮਰ ਫਲ ਡਾਰ। ਤਜੇ ਪਾਰਸ ਚਿੰਤਾ ਮਣਿ ਕਾਮ ਧੇਨ ਤਰੁ ਕਲਪ ਕਾਟ। ਆਵੈ ਸੁ ਕਹਾ ਬਨ ਗੁਰੂ ਸਜੀਵਨ ਛਾਡਿ। ਪਾਇ ਪੌਰਸ

**ਸਿਰ ਕਾਟਹਿ ॥ ਗਿਆਨ ਰਸਾਇਨ ਤਿਆਗ ਬੀਰ ਬਹੁਤੇ ਬਿਤ ਬਾਟਹਿ ॥ ਚੱਕ੍ਰ ਚਕਵੈ ਤੇ ਗਇਆ ਛਾਪ ਸਿਲੇਮਾ ਖੋਈਐ। ਮਾਨੁਖ ਦੇਹੀ ਹਰਿ ਵਿਮੁਖ ਰੱਜਬ ਹਾਨ ਸੁ ਰੋਈਐ ॥**

[ਸ੍ਰੀ ਰੱਜਬ ਜੀ

"ਦੀਏ ਅਮਰ ਫਲ ਡਾਰ" ਜੈਸੇ ਏਕ ਰਾਜਾ ਕੋ ਅਮਰ ਫਲ ਮਿਲਾ ਔਰ ਉਸਕੀ ਕਦਰ ਨ ਜਾਣ ਕਰ ਐਵੇਂ ਜੰਗਲ ਮੇਂ ਫੈਂਕ ਦੀਆ । ਫਿਰ ਪੀਛੇ ਪਸ਼ਚਾਤਾਪ ਕਰਨੇ ਲਗਾ। ਕਥਾ–ਏਕ ਦਿਨ ਰਾਜਾ ਸ਼ਿਕਾਰ ਖੇਲਨੇ ਵਾਸਤੇ ਜੰਗਲ ਮੇਂ ਗਯਾ ਲੌਟਤੇ ਵਕਤ ਰਾਜਾ ਨੇ ਏਕ ਬੱਧਕ ਕੋ ਦੇਖਾ ਜਿਸ ਨੇ ਬਹੁਤ ਸੇ ਤੋਤੇ ਫਸਾਏ ਹੂਏ ਥੇ ਉਨ੍ਹੋਂ ਮੇਂ ਏਕ ਤੋਤਿਊਂ ਕਾ ਰਾਜਾ ਭੀ ਫਸ ਗਿਆ ਥਾ। ਰਾਜਾ, ਤੋਤਿਉਂ ਕੇ ਰਾਜਾ ਕੋ ਦੇਖ ਕਰ ਮੋਹਿਤ ਹੋ ਗਯਾ ਔਰ ਬੱਧਕ ਸੇ ਤੋਤੇ ਕਾ ਮੂਲੁ ਪੂਛਾ, ਬੱਧਕ ਨੇ ਕਹਾ ਕਿ ਤੋਤਾ ਅਪਨੇ ਆਪ ਅਪਨਾ ਮੁਲ ਕਹੇਗਾ। ਤੋਤੇ ਸੇ ਪੂਛਾ ਤੁਮਾਰਾ ਕਿਆ ਦਾਮ ਹੈ? ਤੋਤੇ ਨੇ ਕਹਾ ਮੈਂ ਅਮੋਲਜ ਹੂੰ ਪਰੰਤੂ ਕਮ ਸੇ ਕਮ ਏਕ ਲਖ ਰੁਪਿਆ ਦਾਮ ਦੇ ਦੀਜੀਏ। ਮੈਂ ਆਪ ਕੋ ਬਹੁਤ ਕਾਮ ਦੂੰਗਾ ਧਰਮ ਉਪਦੇਸ਼ ਔਰ ਨੀਤਿ ਉਪਦੇਸ਼ ਪੜ੍ਹਾਊਂਗਾ । ਰਾਜਾ ਨੇ ਤੋਤਾ ਲੇ ਲੀਆ ਔਰ ਉਸ ਕੋ ਅਪਨੇ ਘਰ ਲੇ ਆਇਆ । ਪ੍ਰਾਤਾਃਕਾਲ ਹੋਤੇ ਹੀ ਤੋਤੇ ਨੇ ਰਾਜਾ ਕੋ ਜਗਾ ਕਰ ਕਹਾ ਉਠੋ ! ਪਰਮੇਸ਼ਰ ਕਾ ਨਾਮ ਜਪੋ, ਮਾਨੁਸ਼ ਜਨਮ ਸਫਲ ਕਰੋ, ਗੁਰੂ ਪਾਸ ਜਾਓ ਦਰਸ਼ਨ ਕਰੋ ਸਤਿਸੰਗ ਕਰੋ । ਰਾਜਾ ਆਲਸ ਸੇ ਉਠਤਾ ਨਹੀਂ ਥਾ ਤੋਤੇ ਨੇ ਬਹੁਤ ਇਤਿਹਾਸ ਸੁਨਾਏ। ਸੁਨਤੇ ਸੁਨਤੇ ਰਾਜਾ ਕੀ ਸ਼ਰਧਾ ਵਧ ਗਈ, ਔਰ ਭਗਤ ਹੋ ਗਯਾ ਨਿਤ ਨੇਮੀ ਹੋ ਗਯਾ। ਫਿਰ ਤੋਤੇ ਨੇ ਰਾਜਾ ਕੋ ਕਹਾ ਐਸਾ ਨਿਯਾਯ ਕਰਨਾ ਚਾਹੀਏ, ਜੈਸੇ ਟੰਡੇ ਅਸਰਾਜ ਨੇ ਕੀਆ ਥਾ ਜਿਸ ਕੀ ਆਸਾ ਵਾਰ ਮੇਂ ਧੁਨੀ ਲਿਖੀ ਹੈ "ਟੁੰਡੇ ਅਸਰਾਜੇ ਕੀ ਧੁਨੀ"। ਰਾਜਾ ਨੇ ਪੂਛਾ ਕਿ ਕੈਸੇ ਵੋਹ ਕਥਾ ਹੈ ਤਬ ਤੋਤਾ ਸੁਨਾਨੇ ਲਗਾ । ਏਕ ਰਾਜਾ ਥਾ ਉਸ ਕੀ ਦੋ ਰਾਣੀਆਂ ਥੀਂ । ਏਕ ਮੇਂ ਸੇ ਏਕ ਹੀ ਪੁਤ੍ਰ ਹੂਆ ਔਰ ਦੂਸਰੀ ਮੇਂ ਸੇ ੪ ਪੁਤ੍ਰ ਹੂਏ ਜਬ ਵੋਹ ਰਾਜਜ ਕੇ ਲਾਇਕ ਹੂਏ ਤੋ ਰਾਜਾ ਨੇ ਆਧਾ ਰਾਜਜ ਪਹਿਲੇ ਲੜਕੇ ਕੋ ਦੀਆ ਔਰ ਆਧਾ ਰਾਜਜ ਉਸ ਦੂਸਰੀ ਰਾਣੀ ਕੇ ਚਾਰ ਪੁਤਰੋਂ ਕੋ ਦੇ ਦੀਆ । ਤਬ ਉਨ ਚਾਰ ਪੁਤਰੋਂ ਨੇ ਆਪਸ ਮੇਂ ਵਿਚਾਰ ਕੀਆ ਕਿ ਹਮ ਚਾਰ ਆਧੇ ਰਾਜ ਕੇ ਮਾਲਿਕ ਔਰ ਯੇਹ ਅਕੇਲਾ ਹੀ ਆਧੇ ਰਾਜ ਕਾ ਮਾਲਕ ਹੋਵੇ, ਕਿਉਂ ਨ ਇਸ ਕੋ ਕਿਸੀ ਨਿਰਜਨ ਜੰਗਲ ਮੇਂ ਹਥ ਪੈਰ ਕਾਟ ਕਰ ਫੈਂਕ ਦੇਵੇਂ, ਔਰ ਸਾਰਾ ਰਾਜਜ ਹਮ ਚਾਰੋਂ ਹੀ ਕਰੇਂ । ਐਸੇ ਸੋਚ ਕਰ ਉਸ ਕੋ ਸ਼ਿਕਾਰ ਕੇ ਵਾਸਤੇ ਗਹਿਬਰ ਜੰਗਲ ਮੇਂ ਲੇ ਗਏ, ਵਹਾਂ ਉਸ ਕੇ ਹਾਥ ਪੈਰ ਕਾਟ ਕਰ ਏਕ ਅੰਧੇ ਕੂਏਂ ਮੇਂ ਫੈਂਕ ਦੀਆ, ਔਰ ਆਪ ਆਕੇ ਰਾਜ ਸੁਖ ਪੂਰਬਕ ਕਰਨੇ ਲਗੇ। ਉਸਕੀ ਮਾਤਾ ਔਰ ਇਸਤ੍ਰੀ ਕੋ ਕਹਾ ਕਿ ਅਸਰਾਜ ਕੋ ਸ਼ੇਰ ਖਾ ਗਿਆ, ਔਰ ਅਸਰਾਜ ਕੇ ਕੁਛ ਅਵਯਵ ਦਿਖਾ ਕਰ ਉਨ ਕੋ, ਪੂਰਣ ਵਿਸ਼੍ਵਾਸ਼ ਦਿਲਾ ਦੀਆ, ਕਿ ਜ਼ਰੂਰ ਹੀ ਅਸਰਾਜ ਕੋ ਸ਼ੇਰ ਖਾ ਗਿਆ ਹੈ । ਉਧਰ ਉਸੀ ਕੂਏਂ ਪਰ ਕੁਛ ਦਿਨੋਂ ਬਾਦ ਏਕ ਕੁਮ੍ਹਾਰ ਆ ਨਿਕਲਾ, ਔਰ ਉਸੀ ਕੂਏਂ ਸੇ ਜਲ ਭਰਨੇ ਲਗਾ ਤੋ ਉਸ ਰਾਜਾ ਨੇ ਕੂਏਂ ਕੇ



ਬੀਚ ਸੇ ਆਵਾਜ਼ ਦੀ, ਔਰ ਟੁੰਡੋਂ ਸੇ ਲੋਟਾ ਪਕੜ ਲੀਆ ਤਥਾ ਅਪਨਾ ਸਾਰਾ ਹਾਲ ਸੁਨਾਇਆ। ਤਬ ਵੋਹ ਕੁਮ੍ਹਾਰ ਕੂਏਂ ਸੇ ਅਸਰਾਜ ਕੋ ਨਿਕਾਲ ਕਰ ਅਪਨੇ ਘਰ ਲੇ ਆਇਆ। ਉਸ ਕੀ ਸੇਵਾ ਕਰਤਾ ਰਹਾ । ਉਸੀ ਰਾਜਯ ਮੇਂ ਏਕ ਘਰ ਮੇਂ ਤੀਨ ਇਸਤ੍ਰੀਆਂ ਰਹਿਤੀਆਂ ਥੀਆਂ, ਏਕ ਬ੍ਰਿਧ ਮਾਈ ਦੂਸਰੀ ਉਸ ਕੀ ਨੂੰਹ ਔਰ ਤੀਸਰੀ ਉਸ ਕੀ ਕੰਨਿਆਂ, ਸਮਯ ਕੇ ਪ੍ਰਭਾਵ ਸੇ ਉਨ ਦੋਨੋਂ ਕੋ ਏਕ ਦਿਨ ਏਕ ਟਾਈਮ ਮੇਂ ਹੀ ਪ੍ਰਸੂਤ ਹੂਆ, ਨੂੰਹ ਕੋ ਤੋ ਲੜਕਾ ਹੂਆ, ਔਰ ਬ੍ਰਿਧਾ ਕੀ ਕੰਨਿਆਂ ਕੋ ਲੜਕੀ ਪੈਦਾ ਹੂਈ। ਮਾਈਓਂ ਕੋ ਅਧਿਕਤਰ ਨੂੰਹ ਸੇ ਅਪਨੀ ਲੜਕੀ ਪਿਆਰੀ ਹੋਤੀ ਹੈ, ਉਸਨੇ ਕਿਆ ਕੀਆ ਕਿ ਲੜਕਾ ਉਠਾ ਕਰ ਅਪਨੀ ਲੜਕੀ ਕੀ ਗੋਦ ਮੇਂ ਦੇ ਦੀਆ, ਔਰ ਲੜਕੀ ਉਠਾ ਕੇ ਨੂੰਹ ਕੇ ਗੋਦ ਮੇਂ ਦੇ ਦੀ। ਤਬ ਉਨਕਾ ਆਪਸ ਮੇਂ ਝਗੜਾ ਪੜ ਗਯਾ, ਨੂੰਹ ਕਹੇ ਕਿ ਹਮਾਰਾ ਲੜਕਾ ਉਸ ਕੋ ਦੇ ਦੀਆ ਹੈ । ਆਖਰ ਝਗੜਾ ਹੋਤੇ ਹੋਤੇ ਉਸ ਦੇਸ਼ ਕੇ ਰਾਜਾ ਪਾਸ ਯਹ ਬਾਤ ਪਹੁੰਚੀ। ਉਸ ਰਾਜਾ ਨੇ ਹੁਕਮ ਦੀਆ ਕਿ ਏਕ ਏਕ ਜਾਤ, ਇਸ ਕਾ ਅਲਗ ਅਲਗ ਵਿਚਾਰ ਕਰੇ, ਪਹਿਲੇ ਬ੍ਰਾਹਮਣੋਂ ਨੇ ਵਿਚਾਰ ਕੀਆ । ਫਿਰ ਖਜਤ੍ਰੀਓਂ ਨੇ ਵਿਚਾਰ ਕੀਆ, ਪਰ ਕਿਸੀ ਸੇ ਨਿਆਯ ਨਹੀਂ ਹੂਆ, ਐਸੇ ਕਰਤੇ ਕਰਤੇ ਏਕ ਦਿਨ ਕੁਮ੍ਹਾਰੋਂ ਕੀ ਵਾਰੀ ਆਈ, ਔਰ ਉਸ ਟੁੰਡ ਅਸਰਾਜ ਕੋ ਪਤਾ ਲਗਾ ਕਿ ਇਸ ਬਾਤ ਕਾ ਨਿਆਏ ਕਰਨਾ ਹੈ। ਉਸ ਨੇ ਕਹਾ ਕਿ ਮੇਰੇ ਕੋ ਅਛੇ ਅਛੇ ਕਪੜੇ ਪਹਿਨਾ ਕੇ ਲੇ ਚਲੋ, ਇਸ ਬਾਤ ਕਾ ਮੈਂ ਨਿਆਯ ਕਰੂੰਗਾ । ਕੁਮ੍ਹਾਰ ਉਸ ਕੋ ਰਾਜ ਸਭਾ ਮੇਂ ਲੇ ਗਿਆ ਤਬ ਉਸ ਨੇ ਕਹਾ ਕਿ ਮੇਰੇ ਕੋ ਰਾਜ ਗੱਦੀ ਦੋ, ਮੈਂ ਰਾਜ ਗੱਦੀ ਪਰ ਬੈਠ ਕਰ ਨਿਆਏ ਕਰੂੰਗਾ। ਰਾਜਾ ਇਕ ਦਮ ਦੂਸਰੇ ਆਸਨ ਪਰ ਬੈਠ ਗਿਆ, ਟੁੰਡੇ ਅਸਰਾਜੇ ਕੋ ਗੱਦੀ ਪਰ ਬੈਠਾ ਦੀਆ, ਉਸ ਨੇ ਕਰਮਚਾਰੀਓਂ ਕੋ ਹੁਕਮ ਦੀਆ ਕਿ ਏਕ ਤਰਾਜੂ ਲਾਓ, ਔਰ ਦੋ ਗਊਆਂ ਜੋ ਅਭੀ ਪ੍ਰਸੂਤ ਹੋਈਆਂ ਹੋਵਣ, ਉਨ ਕੋ ਲਿਆਓ ਏਕ ਕੋ ਬਛੜਾ ਪੈਦਾ ਹੂਆ ਹੋਵੇ ਔਰ ਦੂਸਰੀ ਗਊ ਕੋ ਬਛੜੀ ਪੈਦਾ ਹੂਈ ਹੋਵੇ, ਉਨ ਕਾ ਅਲਗ ਅਲਗ ਦੂਧ ਨਿਕਾਲ ਕਰ ਮਾਪ ਕਰ ਤੋਲੋ, ਜਬ ਦੋਨੋਂ ਕਾ ਅਲਗ ਅਲਗ ਕਰ ਦੂਧ ਮਾਪਾ ਔਰ ਤੋਲਿਆ ਤੋ ਬਛੜੇ ਵਾਲੀ ਗਊ ਕਾ ਦੂਧ ਭਾਰੀ ਨਿਕਲਾ, ਫਿਰ ਮਾਈ ਕੀ ਲੜਕੀ ਕਾ ਤਥਾ ਨੂੰਹ ਕਾ ਦੂਧ ਨਿਕਲਵਾ ਕਰ ਮਾਪਾ ਔਰ ਤੋਲਿਆ, ਤੋ ਨੂੰਹ ਕਾ ਦੂਧ ਭਾਰੀ ਨਿਕਲਾ, ਫਿਰ ਦੰਡ ਰਖ ਕਰ ਉਨ ਸੇ ਪੁਛਾ ਕਿ ਸਚ ਸੁਨਾਓ ਕਿ ਯੇ ਕਿਸ ਕਾ ਲੜਕਾ ਹੈ ? ਤਬ ਉਨ੍ਹੋਂ ਨੇ ਸਚ ਸੁਨਾਯਾ ਕਿ ਲੜਕਾ ਬਰਾਬਰ ਇਸੀ ਕਾ ਹੀ ਹੈ, ਤਬ ਲੜਕਾ ਉਸ ਕੀ ਨੂੰਹ ਕੋ ਦੇ ਦੀਆ ਗਿਆ, ਇਸ ਨਿਆਯ ਕੋ ਦੇਖਕੇ ਰਾਜਾ ਸਹਿਤ ਸਭ ਸਭਾ ਕੋ ਖੁਸ਼ੀ ਹੂਈ, ਔਰ ਰਾਜਾ ਨੇ ਉਸ ਕੋ ਅਪਨਾ ਮਿਤ੍ਰ ਬਣਾਇਆ, ਉਸ ਕਾ ਪਿਛਲਾ ਬ੍ਰਿਤਾਂਤ ਸੁਣਕੇ ਅਸਰਾਜ ਕੋ ਪਿਛਲਾ ਰਾਜਜ ਦਿਲਾਯਾ, ਇਸ ਵਾਸਤੇ ਹੇ ਰਾਜਨ ! ਆਪ ਭੀ ਟੁੰਡੇ ਅਸਰਾਜ ਕੀ ਤਰਾਂ ਨਿਆਯ ਕਰਕੇ ਯਸ਼ ਲਓ, ਤਬ ਰਾਜਾ ਤੋਤੇ ਕੀ ਮਦਦ ਸੇ ਨਜਾਯਕਾਰੀ ਹੋ ਗਯਾ, ਔਰ ਦੇਸ਼ ਦੇਸਾਂਤਰ ਮੇਂ ਉਸ ਕਾ ਨਾਮ ਪ੍ਰਸਿੱਧ ਹੋ ਗਯਾ ਵਹਾਂ ਤੋਤੋਂ ਕਾ ਰਾਜਾ ਪਕੜਾ ਜਾਨੇ ਪਰ ਉਸ ਕੀ ਪ੍ਰਜਾ ਢੂੰਢਤੀ ਹੂਈ ਉਸੀ

ਰਾਜਜ ਮੇਂ ਪਹੁੰਚੀ, ਔਰ ਰਾਜਾ ਨ ਹੋਨੇ ਕੇ ਕਾਰਣ ਅਪਨਾ ਬੜਾ ਦੁਖ ਸੁਨਾਯਾ, ਔਰ ਅਪਨੇ ਰਾਜਾ ਕੋ ਕਹਾ ਕਿ ਹਮ ਬੜੇ ਦੁਖੇ ਹੈਂ ਤਬ ਤੋਤੇ ਨੇ, ਰਾਜਾ ਕੇ ਬਾਗ ਕੇ ਵਾਸਤੇ ਜੋ ਫਲੋਂ ਕਰਕੇ ਪੂਰਣ ਥਾ, ਔਰ ਵਿਸਤ੍ਰਿਤ ਥਾ ਹੁਕਮ ਦੀਆ ਕਿ ਇਸ ਕੋ ਖਾ ਲੋ। ਮਾਲੀ ਕੋ ਹੁਕਮ ਦੀਆ ਕਿ ਇਨ ਕੋ ਕੁਛ ਨ ਕਹੋ। ਤੋਤਿਓਂ ਨੇ ਸਾਰਾ ਬਾਗ ਉਜਾੜ ਦੀਆ, ਇਤਨਾ ਨੁਕਸਾਨ ਕਰਨੇ ਪਰ ਰਾਜਾ ਤੋਤੇ ਪਰ ਪ੍ਰਸੰਨ ਹੀ ਰਹਾ। ਫਿਰ ਤੋਤੇ ਨੇ ਅਪਨੀ ਪਰਜਾ ਦਿਖਾ ਕਰ ਕਹਾ, ਕਿ ਮੈਂ ਇਨਕਾ ਰਾਜਾ ਹੂੰ ਮੇਰੇ ਬਿਨਾਂ ਯੇ ਬੜੇ ਦੁਖੀ ਹੈਂ, ਮੇਰੇ ਕੋ ਏਕ ਮਾਸ ਕੀ ਛੁਟੀ ਦੋ ਮੈਂ ਅਪਨੇ ਪੁਤ੍ਰ ਕੋ ਰਾਜਜ ਦੇ ਆਊਂ ਰਾਜਾ ਪ੍ਰੇਮ ਵਸ਼ ਹੋ ਕਰ ਛੋੜਤਾ ਨਹੀਂ ਥਾ। ਔਰ ਕਹਤਾ ਥਾ ਅਗਰ ਤੁਮ ਜਾਓਗੇ ਤੋ ਫਿਰ ਈਹਾਂ ਕੈਸੇ ਆਓਗੇ? ਤਬ ਤੋਤੇ ਨੇ ਕਹਾ ਕਿ ਮੈਂ ਜ਼ਰੂਰ ਆਊਂਗਾ। ਨਾ ਆਊਂ ਤੋ ਯਾਵਤ ਦੁਨੀਆਂ ਕੇ ਪਾਪ ਹੈਂ ਮੇਰੇ ਕੋ ਲਗੇਂ। ਤਬ ਰਾਜਾ ਨੇ ਤੋਤੇ ਕੋ ਏਕ ਮਾਸ ਕੀ ਛੁਟੀ ਦੇ ਦਿਤੀ, ਤੋਤੇ ਨੇ ਜਾ ਕੇ ਅਪਨੇ ਰਾਜਜ ਕਾ ਪੂਰਾ ਬੰਦੋਬਸਤ ਕਰ, ਅਪਨੇ ਪੁਤ੍ਰ ਕੋ ਰਾਜ ਦੇ ਦੀਆ। ਲੌਟਤੇ ਸਮੇਂ ਤੋਤਜੋਂ ਕੇ ਰਾਜਾ ਕੋ ਛੋਡਨੇ ਕੇ ਵਾਸਤੇ ਕਈ ਤੋਤੇ ਸਾਥ ਆਏ ਰਸਤੇ ਮੇਂ ਅਮਰ ਫਲ ਦੇਖੇ ਵੋਹ ਰਾਜਾ ਰਾਣੀ ਕੇ ਵਾਸਤੇ, ਦੋ ਫਲ ਲੇ ਆਇਆ, ਔਰ ਆਗੇ ਰਖ ਕਰ ਨਿਮਸਕਾਰ ਕਰੀ ਅਮਰ ਫਲ ਕੇ ਗੁਣ ਸੁਣਾਏ। ਰਾਜਾ ਬੜਾ ਹੀ ਪ੍ਰਸੰਨ ਹੂਆ। ਪਰੰਤੂ ਤੋਤੇ ਕੇ ਜਾਨੇ ਕੇ ਪੀਛੇ ਰਾਜਾ ਕੇ ਕਰਮਚਾਰੀਓਂ ਨੇ ਰਾਜਾ ਕੋ ਤੋਤੇ ਕੇ ਉਲਟੇ ਸੰਸਕਾਰ ਪਾਏ, ਕਿ ਤੋਤਾ ਅਪਨੇ ਰਾਜਜੰ ਸੇ ਵਾਪਸ ਆਕੇ ਵਿਖ ਫਲ ਖਿਲਾਕੇ ਆਪਕੋ ਮਾਰਨਾ ਚਾਹਤਾ ਹੈ। ਇਨ ਸੰਸਕਾਰੋਂ ਸੇ ਰਾਜਾ ਨੇ ਓਹ ਫਲ ਉਸ ਦਿਨ ਨ ਖਾਏ ਔਰ ਏਕ ਕਮਰੇ ਮੇਂ ਰਖ ਛੋਡੇ। ਰਾਤ੍ਰਿ ਮੇਂ ਏਕ ਸਰਪ ਕੋ ਅਮਰ ਫਲ ਕੀ ਸੁਗੰਧੀ ਆਈ। ਸਰਪ ਨੇ ਆ ਕਰ ਏਕ ਫਲ ਕੋ ਕੁਛ ਖਾਕੇ ਉਸ ਮੇਂ ਕੁਛ ਅਪਨੀ ਵਿਖ ਛੋੜ ਗਯਾ। ਦੂਸਰੇ ਦਿਨ ਤੋਤੇ ਨੇ ਦੇਖਾ ਕਿ ਏਕ ਫਲ ਖਾਯਾ ਹੂਆ ਹੈ। ਤਬ ਰਾਜਾ ਕੋ ਕਹਾ ਕਿ ਯੇ ਫਲ ਸਰਪ ਕਾ ਖਾਯਾ ਹੂਆ ਹੈ, ਇਸ ਲੀਏ ਯਹ ਫਲ ਕਿਸੀ ਕੋ ਨ ਖਿਲਾਨਾ। ਅਗਰ ਖਿਲਾਓਗੇ ਤੋ ਖਾਨੇ ਵਾਲਾ ਮਰ ਜਾਏਗਾ। ਔਰ ਦੂਸਰਾ ਫਲ ਬੇਸ਼ਕ ਖਾ ਲੋ ਅਮਰ ਹੋ ਜਾਓਗੇ। ਰਾਜਾ ਕੋ ਕਰਮਚਾਰੀਓਂ ਕੇ ਸੰਸਕਾਰ ਥੇ ਇਸ ਵਾਸਤੇ ਫਾਂਸੀ ਕੇ ਲਾਇਕ ਡਾਕੂ ਕੋ ਬੁਲਾ ਕਰ, ਸਰਪ ਕਾ ਖਾਇਆ ਹੂਆ 'ਫਲ ਖਿਲਾਯਾ' ਵਹੁ ਡਾਕੂ ਫਲ ਖਾਕੇ ਸ਼ੀਘਰ ਹੀ ਮਰ ਗਯਾ, ਤਬ ਰਾਜਾ ਕੋ ਪੱਕਾ ਸ਼ੱਕ ਹੋ ਗਿਆ ਕਿ ਯਹ ਬਰਾਬਰ ਵਿਖ ਫਲ ਹੈ। ਤਬ ਰਾਜਾ ਨੇ ਕ੍ਰੋਧ ਮੇਂ ਆਕਰ ਦੂਸਰੇ ਫਲ ਕੋ ਬਾਗ ਮੇਂ ਫੈਂਕ ਦੀਆ, ਕੁਛ ਕਾਲ ਪਾਕੇ ਅਮਰ ਫਲ ਕਾ ਬ੍ਰਿਛ ਉਗ ਆਇਆ, ਔਰ ਬੜਾ ਹੋਨੇ ਪਰ ਉਸ ਮੇਂ ਅਮਰ ਫਲ ਲਗ ਗਏ। ਰਾਜਾ ਨੇ ਮਾਲੀ ਕੋ ਕਹਾ ਕਿ ਇਹ ਬ੍ਰਿਖ ਸੰਭਾਲਕੇ ਰਖਨਾ, ਜਬ ਕੋਈ ਡਾਕੂ ਫਾਂਸੀ ਲਾਇਕ ਆਵੇਗਾ ਤੋ ਉਸਕੋ ਖਿਲਾਯਾ ਜਾਏਗਾ, ਔਰ ਕਿਸੀ ਕੋ ਨੇੜੇ ਨਹੀਂ ਜਾਣੇ ਦੇਨਾ। ਆਖਰ ਕੋ ਜਬ ਫਲ ਪਕ ਗਏ ਤੋਤਾ ਬਾਰ ਬਾਰ ਕਹਿਤਾ ਰਹਾ ਕਿ ਮਹਾਰਾਜ ! ਆਪ ਯਹ ਫਲ ਖਾਓ ਔਰ ਰਾਣੀ ਕੋ ਖਿਲਾਓ, ਤੋ ਅਮਰ ਹੋ ਜਾਓਗੇ ਔਰ ਆਪਕਾ ਅਧਿਕ ਸੁੰਦਰ ਰੂਪ ਹੋ ਜਾਏਗਾ। ਪਰੰਤੂ ਰਾਜਾ ਤੋਤੇ



ਕਰਨੇ ਲਗਾ। ਆਖਿਰ ਉਸ ਕੇ ਵਚਨੋਂ ਕਾ ਅਨਾਦਰ ਕਰਤਾ ਹੂਆ ਉਲਟਾ ਦੂਐਸ਼ ਕਰਨੇ ਲਗਾ। ਆਖਿਰ ਉਸ ਸ਼ਹਿਰ ਮੇਂ ਏਕ ਸ਼ਾਹੂਕਾਰ ਕੀ ਇਸਤ੍ਰੀ, ਜੋ ਬਹੁਤ ਬ੍ਰਿਧ ਹੋ ਚੁਕੀ ਥੀ, ਜਿਸਕੇ ਸਾਤ ਪੁਤ੍ਰ ਥੇ ਔਰ ਸਾਰੇ ਪਰਿਵਾਰ ਵਾਲੇ ਥੇ। ਮਾਈ ਕੋ ਬ੍ਰਿਧ ਅਵਸਥਾ ਮੇਂ ਅਤਿਸਾਰ ਲਗ ਗਏ, ਸੇਵਾ ਕਰਕੇ ਸਭ ਤੰਗ ਹੋ ਗਏ, ਸਭ ਤ੍ਰਿਸਕਾਰ ਕਰਤੇ ਥੇ ਮਾਈ ਨੇ ਵਿਚਾਰ ਕੀਆ, ਕਿ ਇਸ ਜੀਵਨ ਸੇ ਤੋ ਮਰਨਾ ਹੀ ਅਛਾ ਹੈ, ਤਬ ਪੜੋਸੀਓਂ ਸੇ ਪੂਛਾ ਕਿ ਕਿਸ ਤਰਹ ਮਰੂੰ ? ਓਨ੍ਹੋਂ ਨੇ ਕਹਾ ਕਿ ਮਰਨਾ ਭੀ ਕੋਈ ਕਠਿਨ ਹੈ ! ਰਾਜਾ ਕੇ ਬਾਗ ਮੇਂ ਵਿਖ ਫਲ ਖਾਕੇ ਮਰ ਜਾਹ। ਤਬ ਮਾਈ ਅਛੇ ਕਪੜੇ ਪਹਿਨ ਕਰ ਬਾਗ ਮੇਂ ਆਈ, ਔਰ ਦੋ ਫਲ ਖਾ ਕਰ ਊਪਰ ਕਪੜਾ ਲੈਕੇ ਸੋ ਗਈ, ਮਾਈ ਕੋ ਗਹਰੀ ਨੀਂਦ ਆ ਗਈ। ਇਤਨੇ ਮੇਂ ਮਾਲੀ ਆਯਾ ਔਰ ਦੇਖਾ ਕਿ ਏਕ ਆਦਮੀ ਵਿਖ ਫਲ ਖਾਕੇ ਮਰਾ ਪੜਾ ਹੈ, ਤਬ ਮਾਲੀ ਨੇ ਰਾਜਾ ਕੋ ਖਬਰ ਕਰੀ। ਰਾਜਾ ਕੋ ਕ੍ਰੋਧ ਆਇਆ ਇਕ ਦਮ ਤੋਤੇ ਕੋ ਮੰਗਾ ਕਰ ਹੁਕਮ ਦੀਆ, ਕਿ ਬਗੈਰ ਸੋਚੇ ਸਮਝੇ ਇਸ ਤੋਤੇ ਕੋ ਮਾਰ ਦੋ, ਔਰ ਬ੍ਰਿਖ ਕੋ ਉਖਾੜ ਕਰ ਮਿਟੀ ਸਹਿਤ ਦਰਿਆ ਮੇਂ ਪਾ ਦੋ। ਤੋਤੇ ਨੇ ਰਾਜਾ ਕੋ ਬਹੁਤ ਸਮਝਾਯਾ ਕਿ ਨ ਮੇਰੇ ਕੋ ਮਾਰੋ ਔਰ ਨ ਫਲੋਂ ਵਾਲਾ ਬ੍ਰਿਛ ਕਾਟੋ, ਪੀਛੇ ਪਸਚਾਤਾਪ ਕਰੋਗੇ ਦੋ ਚਾਰ ਦ੍ਰਿਸ਼ਟਾਂਤ ਸੁਨਾਏ, ਪਰ ਰਾਜਾ ਨੇ ਕ੍ਰੋਧ ਵਸ ਹੋ ਕਰ ਨਾ ਮਾਨਾ, ਤੋਤੇ ਕੋ ਮਰਵਾ ਦੀਆ ਔਰ ਬ੍ਰਿਖ ਕਟਾ ਕਰ, ਨਦੀ ਮੇਂ ਫੈਂਕਵਾ ਦੀਆ। ਬਾਦ ਮੇਂ ਮਰੀ ਹੂਈ ਮਾਈ ਕੋ ਹਿਲਾਨੇ ਲਗੇ, ਤੋ ਮਾਈ ਜਾਗ ਪੜੀ ਤਥਾ ਉਸਕਾ ਐਸਾ ਦਿਬਯ ਸੁੰਦਰ ਸਰੂਪ ਹੋ ਗਯਾ, ਜੈਸੇ ਕੋਈ ਸੁਰਗ ਕੀ ਅਪਸਰਾ ਹੋਤੀ ਹੈ, ਰਾਜਾ ਦੇਖਕੇ ਹੈਰਾਨ ਹੂਆ ਔਰ ਪੂਛਨੇ ਲਗਾ ਕਿਆ ਤੂੰ ਨਾਗ ਕੰਨਿਆਂ ਹੈਂ ? ਯਾ ਦੇਵ ਕੰਨਿਆਂ ਹੈਂ ? ਉਸ ਨੇ ਕਹਾ ਮੈਂ ਤੋ ਫਲਾਣੇ ਸ਼ਾਹੂਕਾਰ ਕੀ ਇਸਤ੍ਰੀ ਹੂੰ, ਜੋ ਬੀਮਾਰ ਔਰ ਬ੍ਰਿਧ ਥੀ ਦੋ ਫਲ ਖਾਕੇ ਨਿਰੋਗ ਜਵਾਨ ਤਥਾ ਐਸੀ ਸੁੰਦਰ ਹੋ ਗਈ ਹੂੰ, ਯਹ ਕੋਈ ਅਮਰ ਫਲ ਥੇ ਰਾਜਾ ਯੇ ਵਚਨ ਸੁਨ ਕਰ ਬੜਾ ਰੋਨੇ ਲਗਾ, ਔਰ ਪਸਚਾਤਾਪ ਕਰਨੇ ਲਗਾ। ਦਰਿਆ ਮੇਂ ਦੂਰ ਤਕ ਤਲਾਸ਼ ਕਰਾਈ, ਕਿ ਕੋਈ ਅਮਰ ਫਲ ਮਿਲ ਜਾਵੇ ਪਰ ਨ ਮਿਲਾ ਔਰ ਤੋਤੇ ਵਾਸਤੇ ਭੀ ਰੋਤਾ ਰਹਾ। ਸੋ ਰੱਜਬ ਜੀ ਲਿਖਤੇ ਹੈਂ:-

**ਦੀਏ ਅਮਰ ਫਲ ਡਾਰ ॥**

ਜਿਸ ਤਰਹ ਰਾਜਾ ਨੇ ਅਮਰ ਫਲ ਫੈਂਕ ਕਰ ਪੀਛੇ ਪਸਚਾਤਾਪ ਕੀਆ, ਤੈਸੇ ਮਨੁਸ਼ ਜਨਮ ਰੂਪੀ ਅਮਰ ਫਲ ਕੋ ਨਿਸ਼ਫਲ ਗਵਾ ਕਰ ਪਸਚਾਤਾਪ ਕਰਤਾ ਹੈ। ਯਹ ਵਾਰਤਾ ਤੁਲਸੀ ਰਾਮਾਯਣ ਮੇਂ ਲਿਖੀ ਹੈ, ਕਿ ਏਕ ਦਿਨ ਚਾਰੋਂ ਭਾਈ ਸੀਤਾ ਔਰ ਹਨੂਮਾਨ ਤਥਾ ਅਨਜ ਲੋਗੋਂ ਸਹਿਤ ਸ੍ਰੀ ਰਾਮ ਚੰਦ੍ਰ ਜੀ ਇਕ ਉਪਬਨ ਮੇਂ ਬੈਠੇ ਥੇ, ਤਬ ਸਾਰਿਓਂ ਨੇ ਹਾਥ ਜੋੜਕੇ ਪ੍ਰਾਰਥਨਾ ਕਰੀ ਕਿ ਹਮ ਸਾਰਿਓਂ ਮੇਂ ਆਪ ਕਾ ਪ੍ਰੀਤਮ ਔਰ ਸੇਵਕ ਕੌਣ ਹੈ ? ਸਚ ਸਚ ਕਹੀਏ ਤਬ ਰਾਮ ਚੰਦਰ ਜੀ ਕਹਿਨੇ ਲਗੇ। ਚੌਪਈ–

**ਸੋਈ ਸੇਵਕ ਪ੍ਰੀਤਮ ਮਮ ਸੋਈ ॥ ਮਮ ਅਨੁਸ਼ਾਸਨ ਮਾਨੈ ਜੋਈ ॥ ਜੋ ਅਨੀਤਿ ਕੁਛ ਭਾਖੌਂ ਭਾਈ ॥ ਤੌ ਮੋਹਿ ਬਰਜਿਹੁ ਭੈ ਬਿਸਰਾਈ ॥ ਬੜੇ**

ਭਾਗਯ ਮਾਨੁਸ ਤਨੁ ਪਾਵਾ। ਸੁਰ ਦੁਰਲਭ ਸਦ ਗ੍ਰੰਥਨ ਗਾਵਾ। ਸਾਧਨ ਧਾਮ ਮੋਖ ਕਰ ਦ੍ਵਾਰਾ । ਪਾਇਨ ਜਹਿੰ ਪਰਲੋਕ ਸਵਾਰਾ ॥ ਦੋਹਰਾ॥ ਸੋ ਪਰ ਤਰ ਦੁਖ ਪਾਵਹੀ ਸਿਰ ਧੁਨ ਧੁਨ ਪਛੁਤਾਇ । ਕਾਲਹਿੰ ਕਰ ਮਹਿ ਈਸ੍ਵਰਹਿੰ ਮਿਥਿਆ ਦੋਸ਼ ਲਗਾਇ ॥ ੬੮॥ ਚੌਪਈ ॥ ਇਹ ਤਨ ਕਰ ਫਲ ਵਿਸ਼ਯ ਨ ਭਾਈ । ਸ੍ਵਰਗਹੁੰ ਸ੍ਵਲਪ ਅੰਤ ਦੁਖਦਾਈ। ਨਰ ਤਨੁ ਪਾਇ ਵਿਸ਼ਯ ਮਨ ਦੇਹੀਂ। ਪਲਟ ਸੁਧਾ ਤੇ ਸ਼ਠ ਵਿਖ ਲੇਹੀਂ। ਤਾਹਿ ਕਬਹੂੰ ਭਲ ਕਹੈ ਨ ਕੋਈ । ਗੁੰਜਾਗਹੈ ਪਰਸ ਮਣਿ ਖੋਈ। ਆਕਰ ਚਾਰ ਲਾਖ ਚੌਰਾਸੀ। ਯੋਨੀ ਭ੍ਰਮਤ ਯਿਹ ਜਿਵ ਅਬਿਨਾਸੀ। ਫਿਰਤ ਸਦਾ ਮਾਯਾ ਕਰ ਪ੍ਰੇਰਾ । ਕਾਲ ਕਰਮ ਸ੍ਵਭਾਵ ਗੁਣ ਘੇਰਾ। ਕਬਹੂੰਕ ਕਰ ਕਰੁਣਾ ਨਰ ਦੇਹੀ। ਦੇਤ ਈਸ਼ ਬਿਨ ਹੇਤੁ ਸਨੇਹੀ। ਨਰ ਤਨੁ ਭਵ ਵਾਰਿਧ ਕਹਿ ਬੇਰੋ। ਸਨਮੁਖ ਮਰੁਤ ਅਨੁਗ੍ਰਹ ਮੇਰੋ । ਕਰਣ ਧਾਰ ਸਦ ਗੁਰ ਦ੍ਰਿੜ ਨਾਵਾ। ਦੁਰਲਵ ਸਾਜ ਸੁਲਭ ਕਰ ਪਾਵਾ॥

ਦੋਹਾ॥ ਜੋ ਨ ਤਰੈ ਭਵ ਸਾਗਰ ਨਰ ਸਮਾਜ ਅਸ ਪਾਇ।
ਸੋ ਕ੍ਰਿਤ ਨਿੰਦਕ ਮੰਦ ਮਤੀ ਆਤਮ ਹਨ ਗਤਿ ਜਾਇ॥ ੬੯ ॥

ਚੌਪਈ॥ ਜੋ ਪਰਲੋਕ ਯਹਾਂ ਸੁਖ ਚਹਹੂ। ਸੁਨ ਮਮ ਬਚਨ ਹਿਰਦਯ ਦ੍ਰਿੜ ਗਹਿਹੂ। ਸੁਲਭ ਸੁਖਦ ਯਹ ਮਾਰਗ ਭਾਈ। ਭਕਤਿ ਮੋਰ ਪੁਰਾਣ ਸ੍ਰੁਤਿ ਗਾਈ। ਗਿਆਨ ਅਗਸ ਪ੍ਰਤਯੂਹ ਅਨੇਕਾ । ਸਾਧਨ ਕਠਿਨ ਨ ਮੋਨ ਕਹਿ ਟੇਕਾ। ਕਰਤ ਕਸ਼ਟ ਬਹੁ ਪਾਵਤ ਕੋਈ । ਭਕਤਿ ਹੀਨ ਪ੍ਰਿਯ ਮੋਹਿਨ ਸੋਈ। ਭਕਤੀ ਸ੍ਵਤੰਤ੍ਰ ਸਕਲ ਸੁਖ ਖਾਨੀ। ਬਿਨ ਸਤਿਸੰਗ ਨ ਪਾਵਹਿ ਪ੍ਰਾਨੀ। ਪੁੰਨਜ ਪੁੰਜ ਬਿਨ ਮਿਲੈ ਨ ਸੰਤਾ । ਸਤਿਸੰਗਤ ਸੰਸ੍ਰਿਤੀ ਕਰ ਅੰਤਾ। ਪੁੰਨਜ ਏਕ ਜਗ ਮਹਿੰ ਨਹਿੰ ਦੂਜਾ । ਮਨ ਕ੍ਰਮ ਬਚਨ ਬਿਪ੍ਰ ਪਦ ਪੂਜਾ। ਸਾਨੁਕੂਲ ਤੇਹਿ ਪਰ ਸਭ ਦੇਵਾ । ਜੋ ਤਜ ਕਪਟ ਕਰੈ ਦ੍ਵਿਜ ਸੇਵਾ। ਸੁਨਤ ਸੁਧਾ ਸਮ ਬਚਨ ਰਾਮ ਕੇ। ਭਜਨ ਗਹੇ ਪਦ ਕ੍ਰਿਪਾ ਧਾਮ ਕੇ । ਜਨਨੀ ਜਨਕ ਗੁਰੂ ਬੰਧੁ ਹਮਾਰੇ। ਕ੍ਰਿਪਾ



ਨਿਧਾਨ ਪ੍ਰਾਣ ਤੇ ਪਿਆਰੇ । ਪਨ ਧਨ ਧਾਮ ਰਾਮ ਹਿਤਕਾਰੀ। ਸਭ ਬਿਧੀ ਤੁਮ ਪ੍ਰਣ ਤਾਰਤਿ ਹਾਰੀ। ਅਸ ਸਿਖ ਤੁਮ ਬਿਨ ਦੇਇ ਨ ਕੋਊ ਮਾਤ ਪਿਤਾ ਸ੍ਵਾਰਥ ਰਤ ਓਊ। [ਤੁਲਸੀ ਰਾਮਾਯਣ ਉਤਰ ਕਾਂਡ

ਤਥਾ—ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥
[ਸੋਰਠਿ ਰਵਿਦਾਸ ਜੀ ਸਫਾ ੬੫੮

ਬੜੇ ਪੁੰਨ ਸੇ ਯੇ ਮਾਨੁਸ਼ ਜਨਮ ਪਾਇਆ ਹੈ, ਔਰ ਅਬਿਬੇਕ ਸੇ ਬ੍ਰਿਥਾ ਹੀ ਜਾ ਰਹਾ ਹੈ, ਪੀਛੇ ਪਸਚਾਤਾਪ ਹੋਗਾ। ਪਸਚਾਤਾਪ ਮੇਂ ਤੋਤੇ ਨੇ ਰਾਜਾ ਕੋ ਚਾਰ ਦ੍ਰਿਸ਼ਟਾਂਤ ਸੁਨਾਏ ਥੇ, ਸੋ ਈਹਾਂ ਭੀ ਪ੍ਰਮਾਣ ਦੇਕੇ ਸੁਨਾਤੇ ਹੈਂ । ਤੋਤਾ ਕਹਿਣੇ ਲਗਾ ਹੇ ਰਾਜਨ! ਤੂੰ ਅਵਿਚਾਰ ਸੇ ਮੇਰੇ ਕੋ ਨ ਮਰਵਾ, ਔਰ ਅਮਰ ਫਲ ਕਾ ਬ੍ਰਿਖ ਨ ਕਟਵਾ। ਪੀਛੇ ਪਸਚਾਤਾਪ ਕਰੇਂਗਾ । ਜੈਸੇ ਏਕ ਰਾਜਾ ਨੇ ਅਪਨੇ ਹਿਤਕਾਰੀ ਬਾਜ਼ ਕੋ ਮਾਰ ਕਰ ਪੀਛੇ ਪਸਚਾਤਾਪ ਕੀਆ ਥਾ । ਏਕ ਰਾਜਾ ਨੇ ਏਕ ਬਾਜ਼ ਪਾਲਾ ਥਾ ਔਰ ਵੋਹ ਬਾਜ਼, ਰਾਜਾ ਕੀ ਹਰ ਵਕਤ ਰਖਯਾ ਕਰਤਾ ਥਾ, ਔਰ ਰਾਜਾ ਭੀ ਜਾਨਤਾ ਥਾ ਕਿ ਬਾਜ਼ ਮੇਰਾ ਰਖਯਕ ਹੈ । ਏਕ ਦਿਨ ਵਹੁ ਰਾਜਾ ਬਾਜ਼ ਲੇਕਰ ਸ਼ਿਕਾਰ ਕੋ ਗਯਾ। ਔਰ ਸੰਘਨੇ ਜੰਗਲ ਮੇਂ ਪ੍ਰਵੇਸ਼ ਕੀਆ । ਸ਼ਿਕਾਰ ਖੇਲਤੇ ਖੇਲਤੇ ਰਾਜਾ ਕੋ ਬੜੀ ਪਿਆਸ ਲਗੀ, ਪ੍ਰਾਣ ਨਿਕਲਨੇ ਲਗੇ ਰਤੀ ਭੀ ਜਲ ਨਾ ਮਿਲਾ । ਰਾਜਾ ਨੇ ਦੇਖਾ ਪਹਾੜ ਸੇ ਇਕ ਇਕ ਬੂੰਦ ਜਲ ਕੀ ਗਿਰ ਰਹੀ ਹੈ, ਰਾਜਾ ਨੇ ਉਸ ਬੂੰਦ ਕੇ ਨੀਚੇ ਪਾਤ੍ਰ ਰਖ ਦੀਆ। ਜਬ ਬੂੰਦੋਂ ਸੇ ਪਾਤ੍ਰ ਭਰ ਗਯਾ ਔਰ ਪੀਨੇ ਲਗਾ । ਤਬ ਬਾਜ਼ ਨੇ ਝਪਟ ਮਾਰ ਕਰ ਨੀਚੇ ਗਿਰਾ ਦੀਆ, ਰਾਜਾ ਕੋ ਪੀਨੇ ਨਾ ਦੀਆ । ਤਬ ਰਾਜਾ ਕੋ ਕ੍ਰੋਧ ਆਯਾ ਔਰ ਵਿਚਾਰ ਸੇ ਕ੍ਰੋਧ ਦੂਰ ਕੀਆ । ਔਰ ਪਾਤ੍ਰ ਫਿਰ ਜਲ ਕੀ ਬੂੰਦੋਂ ਕੇ ਨੀਚੇ ਰਖ ਦੀਆ, ਦੂਸਰੇ ਵਾਰੀ ਜਬ ਭਰ ਗਯਾ ਫਿਰ ਬਾਜ਼ ਨੇ ਗੇਰ ਦੀਆ । ਫੇਰ ਰਾਜਾ ਕੋ ਕ੍ਰੋਧ ਹੂਆ ਪਰ ਯੇਨ ਕੇਨ ਪ੍ਰਕਾਰ ਸੇ ਸ਼ਾਂਤਿ ਕੀਆ । ਤੀਸਰੀ ਵਾਰੀ ਫਿਰ ਬੂੰਦੋਂ ਕੇ ਨੀਚੇ ਪਾਤ੍ਰ ਰਖਾ ਔਰ ਭਰ ਗਯਾ । ਫਿਰ ਬਾਜ਼ ਨੇ ਗੇਰ ਦੀਆ । ਤਬ ਰਾਜਾ ਕੋ ਸਖਤ ਕ੍ਰੋਧ ਆਇਆ ਔਰ ਤਲਵਾਰ ਲੇ ਕੇ ਬਾਜ਼ ਕੋ ਮਾਰ ਦੀਆ । ਫਿਰ ਰਾਜਾ ਨੇ ਖਿਆਲ ਕਰਾ ਕਿ ਕਿਆ ਕਾਰਨ ਥਾ ਜੋ ਮੇਰੇ ਕੋ ਜਲ ਪੀਨੇ ਨਹੀਂ ਦੇਤਾ ਥਾ? ਤਬ ਕਿਆ ਦੇਖਤਾ ਹੈ ਕਿ ਪਹਾੜ ਪਰ ਏਕ ਵਿਖ ਧਰ ਸਰਪ ਬੈਠਾ ਹੈ, ਉਸ ਕੇ ਮੁਖ ਸੇ ਯੇ ਜਲ ਕੀ ਬੂੰਦੇਂ ਗਿਰ ਰਹੀ ਹੈਂ ਉਸਕਾ ਯਹ ਪਾਨੀ ਥਾ । ਤਬ ਰਾਜਾ ਕੋ ਬਾਜ਼ ਕੇ ਮਾਰਨੇ ਕਾ ਬੜਾ ਪਸਚਾਤਾਪ ਹੋਤਾ ਭਯਾ । ਤੈਸੇ ਮਨੁਸ਼ਯ ਸ਼ਰੀਰ ਕਾ ਪੀਛੇ ਪਸਚਾਤਾਪ ਹੋਤਾ ਹੈ । ਦੂਸਰਾ ਦ੍ਰਿਸ਼ਟਾਂਤ—ਜੈਸੇ ਏਕ ਧਨੀ ਨੇ ਕੁਤਾ ਪਾਲਾ। ਵੋਹ ਕੁਤਾ ਬੜਾ ਆਗਿਆਕਾਰੀ ਤਥਾ ਹਿਤਕਾਰੀ ਥਾ । ਉਸ ਕੁਤੇ ਕੋ ਮਾਰਕੇ ਜੈਸੇ ਉਸ ਨੇ ਪਸਚਾਤਾਪ ਕੀਆ । ਵੋਹ ਕਥਾ ਯਹ ਹੈ ਕਿ ਏਕ ਸ਼ਾਹੂਕਾਰ ਨੇ ਕੁਤਾ ਪਾਲਾ ਥਾ।

ਰਾਤ੍ਰੀ ਕੋ ਚੋਰ ਡਾਕੂਓਂ ਸੇ ਕੁਤਾ ਮਾਲ ਕੀ ਰਖਯਾ ਕੀਆ ਕਰਤਾ ਥਾ । ਪਰੰਤੂ ਕਾਲ ਪਾਕੇ ਉਸਕਾ ਮਾਲਕ ਨਿਰਧਨ ਹੋ ਗਯਾ । ਦੂਸਰੇ ਸਾਹੂਕਾਰ ਨੇ ਉਸ ਸੇ ਕਰਜ਼ਾ ਲੇਨਾ ਥਾ ਔਰ ਉਸ ਨੇ ਕਰਜ਼ੇ ਮੇਂ ਏਕ ਬਰਸ ਵਾਸਤੇ ਕੁਤਾ ਦੇ ਦੀਆ, ਕਿ ਤੁਮ੍ਹਾਰੇ ਮਾਲ ਕੀ ਰਾਤ੍ਰੀ ਕੋ ਚੋਰ ਡਾਕੂਓਂ ਸੇ ਰਖਯਾ ਕਰੇਗਾ, ਔਰ ਕੁਤੇ ਕੋ ਸਮਝਾ ਦੀਆ ਕਿ ਏਕ ਬਰਸ ਵਾਸਤੇ ਤੇਰਾ ਯੇਹ ਮਾਲਕ ਹੈ, ਈਮਾਨਦਾਰੀ ਸੇ ਸੇਵਾ ਕਰਨੀ । ਕੁਤਾ ਇਸ਼ਾਰਾ ਸਮਝ ਕਰ ਚਲਾ ਗਯਾ, ਔਰ ਉਸ ਕੇ ਮਾਲ ਕੀ ਚੋਰ ਡਾਕੂਓਂ ਸੇ ਰਖਯਾ ਕਰਨੇ ਲਗਾ, ਏਕ ਦਿਨ ਸ਼ਾਹੂਕਾਰ ਕੇ ਦੁਆਰੇ ਪਰ ਬਹੁਤ ਚੋਰ ਆ ਗਏ । ਕੁਤਾ ਦੇਖ ਕਰ ਚੁਪ ਕਰ ਰਹਾ । ਜਬ ਚੋਰ ਚੋਰੀ ਕਰਕੇ ਸਭ ਮਾਲ ਲੈ ਗਏ, ਕੁਤਾ ਉਨ੍ਹੋਂ ਕੇ ਪੀਛੇ ਪੀਛੇ ਚਲ ਪੜਾ ਜਹਾਂ ਚੋਰੋਂ ਨੇ ਜਾਕੇ ਮਾਲ ਦਬਾਯਾ ਕੁੱਤਾ ਦੇਖ ਆਇਆ, ਔਰ ਅਪਨੇ ਮਾਲਕ ਕੋ ਸਾਥ ਲੇਜਾ ਕੇ ਜਗਹ ਖੋਦ ਕਰ ਮਾਲ ਦਿਵਾਇਆ । ਮਾਲਕ ਕੁਤੇ ਪਰ ਬੜਾ ਪ੍ਰਸੰਨ ਹੂਆ ਔਰ ਕੁਤੇ ਕੋ ਕਹਾ ਕਿ ਬਸ ਤੁਮ ਨੇ ਮੇਰੀ ਸੇਵਾ ਪੂਰੀ ਕਰ ਲੀ, ਅਬ ਤੂੰ ਅਪਨੇ ਮਾਲਕ ਪਾਸ ਜਾਹ ਉਸ ਕੇ ਗਲੇ ਮੇਂ ਚਿੱਠੀ ਬੰਨ੍ਹ ਦਿਤੀ, ਤਬ ਕੁਤਾ ਮਾਲਕ ਪਾਸ ਜਾ ਰਹਾ ਥਾ ਤੋ ਮਾਲਕ ਰਸਤੇ ਮੇਂ ਹੀ ਮਿਲ ਗਯਾ । ਮਾਲਕ ਨੇ ਸਮਝਾ ਕਿ ਕੁਤਾ ਭਾਗ ਆਯਾ ਹੈ, ਯੇ ਸੋਚ ਕਰ ਕੁਤੇ ਕੋ ਗੋਲੀ ਮਾਰ ਦੀਆ । ਪੀਛੇ ਉਸ ਕੇ ਗਲੇ ਮੇਂ ਸੇ ਚਿੱਠੀ ਨਿਕਾਲ ਕੇ ਪੜ੍ਹੀ, ਤੋ ਫਿਰ ਬੜਾ ਪਸਚਾਤਾਪ ਕਰਕੇ ਰੋਨੇ ਲਗਾ. ਔਰ ਕੁਤੇ ਕੀ ਵਹਾ ਪਰ ਕਬਰ ਬਣਾਈ, ਜੋ ਅਬ ਕਰਾਚੀ ਸੇ ਥੋੜੀ ਦੂਰੀ ਪਰ ਪਹਾੜ ਕੇ ਪਾਸ ਹੈ । ਇਸੀ ਪ੍ਰਕਾਰ ਪੁਰਸ਼ ਮਾਨੁਸ਼ ਜਨਮ ਕੋ ਗਵਾ ਕਰ ਪੀਛੇ ਪਸਚਾਤਾਪ ਕਰਤਾ ਹੈ । (ਤੀਸਰਾ ਦ੍ਰਿਸ਼ਟਾਂਤ) ਏਕ ਮਾਈ ਨੇ ਅਪਨੇ ਪੁਤ੍ਰ ਕੇ ਖੇਲ ਵਾਸਤੇ ਏਕ ਨੇਵਲੇ ਕਾ ਬੱਚਾ ਪਾਲ ਰਖਾ ਥਾ, ਜੋ ਨੇਵਲਾ ਉਸਕੇ ਪੁਤ੍ਰ ਕੀ ਹਰ ਵਕਤ ਰਖਯਾ ਕਰਤਾ ਥਾ । ਏਕ ਦਿਨ ਮਾਈ ਪੁਤ੍ਰ ਕੋ ਪੰਘੂੜੇ ਮੇਂ ਸੁਲਾ ਕਰ ਜਲ ਭਰਨੇ ਗਈ, ਇਤਨੇ ਮੇਂ ਏਕ ਵਿਖ ਧਰ ਸਰਪ, ਪੰਘੂੜੇ ਮੇਂ ਪੜੇ ਬਾਲਕ ਕੋ ਕਾਟਨੇ ਆਇਆ ਤਬ ਵੋਹ ਨੇਵਲਾ ਉਸ ਸਰਪ ਕੋ ਮਾਰ ਕਰ, ਸਰਪ ਕਾ ਰੱਤ (ਲੋਹੂ) ਪੀਨੇ ਲਗਾ । ਇਤਨੇ ਮੇਂ ਮਾਈ ਭੀ ਘੜਾ ਸਿਰ ਪਰ ਲੇਕੇ ਆਈ ਔਰ ਨੇਵਲਾ ਭੀ ਸਰਪ ਕੇ ਮਾਰਨੇ ਕੀ ਬਹਾਦਰੀ ਦਿਖਾਨੇ ਕੋ ਮਾਈ ਕੇ ਸਨਮੁਖ ਹੂਆ । ਤਬ ਮਾਈ ਕ੍ਰੋਧ ਮੇਂ ਆਕੇ ਨੇਵਲੇ ਕੋ ਮਾਰਤੀ ਭਈ । ਪੀਛੇ ਪੁਤ੍ਰ ਕੇ ਪਾਸ ਗਈ ਤੋ ਪੰਘੂੜੇ ਮੇਂ ਸਰਪ ਕੋ ਮਰਾ ਦੇਖਾ, ਔਰ ਪੁਤ੍ਰ ਕੋ ਰਾਜੀ ਪ੍ਰਸੰਨ ਦੇਖਾ ਤਬ ਨੇਵਲੇ ਵਾਸਤੇ ਬੜਾ ਸ਼ੋਕ ਪ੍ਰਗਟ ਕਰਤੀ ਭਈ । ਤੈਸੇ ਮਾਨੁਸ਼ ਸਰੀਰ ਕੋ ਨਿਸਫਲ ਗਵਾ ਕਰ ਪੀਛੇ ਪਸਚਾਤਾਪ ਕਰਤਾ ਹੈ । (ਚੌਥਾ ਦ੍ਰਿਸ਼ਟਾਂਤ) ਤੋਤੇ ਨੇ ਯੇ ਸੁਨਾਇਆ ਥਾ, ਕਿ ਏਕ ਜਿਮੀਦਾਰ ਕੋ ਖੇਤ ਵਾਹਤੇ ਹੀਰੋਂ ਕਾ ਦੇਗਚਾ ਮਿਲਾ, ਉਹ ਪਥਰ ਸਮਝ ਕਰ ਖੇਤ ਕੀ ਚਿੜੀਓਂ ਕੋ ਉਡਾਨੇ ਮੇਂ ਫੇਂਕਤਾ ਰਹਾ, ਔਰ ਉਹ ਲਾਲ ਪਾਰ ਦਰਯਾ ਮੇਂ ਗਿਰ ਜਾਤੇ ਭਏ । ਜਬ ਸਾਰੇ ਲਾਲ ਮੁਕ ਗਏ ਇਕ ਲਾਲ ਰਹਿ ਗਯਾ । ਉਸਨੇ ਇਸਤ੍ਰੀ ਕੋ ਦਿਖਾਯਾ, ਇਸਤ੍ਰੀ ਲਾਲ ਸਮਝ ਕਰ ਬੇਚਨੇ ਗਈ । ਏਕ ਸ਼ਾਹੂਕਾਰ ਨੇ ੧੦੦) ਰੁਪਯਾ ਮੁਲਜ਼ ਕੀਆ ਔਰ ਦੂਸਰੇ ਨੇ



੧੦੦੦) ਔਰ ਤੀਸਰੇ ਨੇ ੧੦੦੦੦) ਰੁਪਯਾ ਮੁਲਜ਼ ਕਰਾ । ਆਖਰ ਜਵਾਹਰੀ ਨੇ ਕਿਹਾ ਕਿ ੧੦ ਮਜ਼ੂਰ ਲਗਾਕੇ, ਜਿਤਨਾ ਧਨ ਸਵੇਰੇ ਸੇ ਸ਼ਾਮ ਤਕ ਢੋਯਾ ਜਾ ਸਕੇ ਉਤਨਾ ਲੇ ਲੋ ਪਰ ਲਾਲ ਦੇਦੇ । ਉਸ ਨੇ ਮਾਲ ਲਿਆ ਕੇ ਬੰਗਲੇ ਮੋਟਰ ਵਗੈਰਾ ਖਰੀਦੇ । ਔਰ ਮੋਟਰ ਲੇਕੇ ਪਤੀ ਕੋ ਲੇਨੇ ਗਈ। ਪਤੀ ਨੇ ਪੂਛਾ ਤੋ ਉਸ ਨੇ ਕਹਾ ਕਿ ਉਸ ਪਥਰ ਕੇ ਬੇਚਨੇ ਸੇ ਇਤਨਾ ਧਨ ਮਿਲਾ ਹੈ । ਤਬ ਉਹ ਕਹਿਨੇ ਲਗਾ ਕਿ ਮੇਰੇ ਪਾਸ ਤੋ ਇਨ ਪਥਰੋਂ ਕਾ ਦੇਗਚਾ ਥਾ ਮੈਨੇ ਐਵੇਂ ਹੀ ਗਵਾ ਦੀਏ । ਐਸੇ ਕਹਿ ਕਰ ਪਸਚਾਤਾਪ ਕਰਨੇ ਲਗਾ । ਇਸ ਪ੍ਰਕਾਰ ਜੀਵ ਕੋ ਮਾਨੁਸ਼ ਸਰੀਰ ਮੇਂ ਅਮੋਲਕ ਸੁਆਸ ਯੇ ਲਾਲ ਮਿਲੇ ਹੂਏ ਹੈਂ । ਕਦਰ ਨਾ ਜਾਣ ਕਰ ਗਵਾ ਰਹਾ ਹੈ ਅਗਰ ਪਰਮੇਸੁਰ ਕੇ ਅਰਥ ਲਗ ਜਾਵੇਂ ਤੋ ਮੁਕਤੀ ਹੋ ਜਾਤੀ ਹੈ । ਪ੍ਰਮਾਣ:-

**ਅਜਾਮਲੁ ਕਉ ਅੰਤ ਕਾਲ ਮੈ ਨਾਰਾਇਨ ਸੁਧਿ ਆਈ ॥ ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥** [ਰਾਮਕਲੀ ਮ: ੯ ਸਫਾ ੯੦੨

ਇਸ ਪ੍ਰਕਾਰ ਕਾ ਏਕ ਸੁਆਸ ਕਾ ਮਹਾਤਮ ਦੇਖ ਕਰ, ਮਨੁਸ਼ ਪੀਛੇ ਪਸਚਾਤਾਪ ਕਰਤਾ ਹੈ ਕਿ ਮੈਨੇ ਸਾਰੀ ਉਮਰ ਐਸੇ ਹੀ ਗਵਾ ਦਿਤੀ । "ਦੀਏ ਅਮਰ ਫਲ ਡਾਰ" ਯੇ ਰੱਜਬ ਜੀ ਕੇ ਛਪਯ ਕੀ ਪਹਿਲੀ ਪੰਕਤੀ ਹੈ । "ਤਜੇ ਪਾਰਸ ਚਿੰਤਾਮਣਿ" ਇਸ ਦੂਸਰੀ ਪੰਕਤੀ ਕਾ ਅਰਥ ਕਰਤੇ ਹੈਂ । ਜੈਸੇ ਕੋਈ ਮੂੜ ਪੁਰਸ਼ ਪਾਰਸ ਕੋ ਪਾ ਕਰ ਔਰ ਉਸ ਕਾ ਗੁਣ ਨ ਜਾਣ ਕਰ ਪਸਚਾਤਾਪ ਕਰਤਾ ਰਹਾ । ਗੰਗਾ ਕੇ ਕਿਨਾਰੇ ਏਕ ਮੂੜ ਕੋ ਪਾਰਸ ਮਿਲ ਗਯਾ ਪਰੰਤੂ ਉਸਕੋ ਪਤਾ ਨ ਲਗਾ ਕਿ ਯਹ ਪਾਰਸ ਹੈ। ਉਸਨੇ ਥੋੜੇ ਪੈਸੋਂ ਮੇਂ ਏਕ ਸੌਦਾਗਰ ਦੁਕਾਨਦਾਰ ਕੋ ਦੇ ਦੀਆ । ਸੌਦਾਗਰ ਪਾਰਸ ਲੇਕਰ ਲੋਹਾ ਮੰਗਾ ਕਰ ਸੋਨਾ ਬਣਾ ਕਰ ਦੇਸ਼ ਦੇਸਾਂਤਰ ਮੇਂ ਭੇਜਨੇ ਲਗਾ । ਫਿਰ ਉਸ ਕੋ ਪਤਾ ਲਗਾ ਕਿ ਵਹੁ ਪਾਰਸ ਥਾ ਮੇਰੇ ਹਥ ਮੇਂ ਆਯਾ ਭੀ ਥਾ, ਅਵਿਵੇਕ ਸੇ ਐਸੇ ਹੀ ਚਲਾ ਗਯਾ ਐਸੇ ਕਹਿਕੇ ਪਸਚਾਤਾਪ ਕਰਨੇ ਲਗਾ, ਤੈਸੇ ਜੀਵ ਮਨੁਸ਼ ਸਰੀਰ ਕੋ ਪਾ ਕਰ ਨਿਸਫਲ ਗਵਾ ਕਰ, ਬਾਦ ਮੇਂ ਪਸਚਾਤਾਪ ਕਰਤਾ ਹੈ । ਇਸੀ ਤਰਹ ਏਕ ਲਕੜਹਾਰੇ ਕੋ ਜੰਗਲ ਮੇਂ ਚਿੰਤਾਮਣਿ ਪਥਰ ਮਿਲਾ, ਉਸਕੋ ਪਤਾ ਨ ਥਾ ਕਿ ਯਹ ਚਿੰਤਾਮਣਿ ਪਥਰ ਹੈ । ਰਸਤੇ ਮੇਂ ਆਕਰ ਚਿੰਤਨ ਕਰਾ ਕਿ ਧੂਪ ਬਹੁਤ ਹੈ, ਕਹੀਂ ਛਾਯਾ ਵਾਲਾ ਬ੍ਰਿਖ ਮਿਲੇ ਤੋ ਛਾਯਾ ਮੇਂ ਆਰਾਮ ਕਰੂੰ । ਇਤਨੇ ਮੇਂ ਚਿੰਤਾਮਣਿ ਕੇ ਪ੍ਰਭਾਵ ਸੇ ਬ੍ਰਿਖ ਪ੍ਰਗਟ ਹੋ ਗਯਾ ਉਸਕੀ ਛਾਯਾ ਮੇਂ ਬੈਠ ਕਰ ਚਿੰਤਨ ਕਰਨੇ ਲਗਾ ਕਿ ਮੈਦਾਨ ਬੜਾ ਅਛਾ ਹੈ ਅਗਰ ਯਹਾਂ ਬੰਗਲਾ ਬਣ ਜਾਵੇ ਤੋ ਅਛਾ ਹੈ, ਇਤਨੇ ਮੇਂ ਬੰਗਲਾ ਬਣ ਗਯਾ ਆਕਾਸ਼ ਬਾਣੀ ਹੂਈ, ਕਿ ਸਭ ਤੇਰੇ ਵਾਸਤੇ ਹੈ । ਫਿਰ ਉਸ ਨੇ ਕਹਾ ਯਹਾਂ ਸ਼ਹਿਰ ਬਣ ਜਾਵੇ ਤੋ ਅਛਾ ਹੈ, ਇਕ ਦਮ ਗੰਧਰਬ ਨਗਰੀ ਕੀ ਨਿਆਈਂ ਨਗਰ ਬਣ ਗਯਾ, ਫੇਰ ਵਿਚਾਰ ਕਰਾ ਕਿ ਪਿਤ੍ਰੋਂ ਕੇ ਨਮਿਤ ਸਰਾਧ ਕੀਆ ਜਾਵੇ, ਬ੍ਰਾਹਮਣੋਂ ਕੋ ਭੋਜਨ ਖਿਲਾਯਾ ਜਾਵੇ । ਇਤਨੇ ਮੇਂ ਬ੍ਰਾਹਮਣ ਆਏ ਔਰ ਭੋਜਨ ਬਣ ਗਯਾ ਔਰ

ਕੋਇਲੇ ਬਨੇ ਹੋ ਗਏ, ਤਾਂ ਰੋਨੇ ਲਗੇ। ਤਬ ਉਸਨੇ ਹਥ ਮੇਂ ਪਕੜੀ ਹੂਈ ਚਿੰਤਾਮਣਿ ਕਊਓਂ ਕੋ ਮਾਰੀ, ਤੋ ਸਭ ਠਾਠ ਨਗਰ ਬ੍ਰਾਹਮਣ ਤਥਾ ਭੋਜਨ ਆਦਿਕ ਪਦਾਰਥ ਨਸ਼ਟ ਹੋ ਗਏ। ਜੈਸੇ ਪਹਿਲ ਲਕੜੀਓਂ ਕਾ ਬੋਝ ਔਰ ਧੂਪ ਥੀ ਵੈਸੇ ਹੋ ਗਈ। ਤਬ ਆਕਾਸ਼ ਬਾਣੀ ਹੂਈ ਯੇ ਸਭ ਚਿੰਤਾਮਣਿ ਕੇ ਪਥਰ ਕਾ ਪ੍ਰਭਾਵ ਥਾ। ਤਬ ਵੋਹ ਲਕੜਹਾਰਾ ਬੜਾ ਪਸਚਾਤਾਪ ਕਰਨੇ ਲਗਾ। ਸੋ ਮਨੁਸ਼ ਸਰੀਰ ਚਿੰਤਾਮਣਿ ਹੈ ਇਸ ਮੇਂ ਹੀ ਭੋਗ ਮੋਖ ਮਿਲ ਸਕਤਾ ਹੈ। ਅੰਤਕਾਲ ਮੇਂ ਜੈਸਾ ਚਿੰਤਨ ਕਰੇ ਵੈਸਾ ਫਲ ਲੇ ਲੇ, ਤਾਂਤੇ ਯੇਹ ਸਭ ਚਿੰਤਾਮਣਿ ਹੈ। ਸ੍ਰੀ ਭਰਥਰੀ ਜੀ ਲਿਖਤੇ ਹੈਂ :-

**ਪੁਰਖ ਰਤਨ ਗੁਣ ਗੁਣ ਕੋ ਸਦਨ ਪੁਨਹ ਪੌਰਖ ਕੋ ਆਯ ਤਨ ਪਰਮ ਪ੍ਰਬੀਨ ਹੈ। ਭੋਗ ਮੋਖ ਕੋ ਭੰਡਾਰ ਸਾਰੇ ਧਰਾ ਕੋ ਸੀਂਗਾਰ ਜੜਾਜੜ ਕੋ ਸਰਦਾਰ ਚਾਰੂ ਲਖਲੀਨ ਹੈ।** [ਵੈਰਾਗ ਸ਼ਤਕ

**ਹਰਿਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿਮੰਦਰੁ ਨ ਹੋਇ ॥** [ਪ੍ਰਭਾਤੀ ਮ: ੩ ਸਫਾ ੧੩੪੬

ਇਸ ਪ੍ਰਕਾਰ ਮਨੁਸ਼ ਸਰੀਰ ਕੋ ਗਵਾ ਕਰ ਪਸਚਾਤਾਪ ਕਰਤਾ ਹੈ। ਇਸੀ ਤਰਹ-

## [ਮੂਲ]-ਕਾਮਧੇਨੁ ਤਰ ਕਲਪ ਕਾਟ ਆਵੈ ਸੋ ਕਹਾਂ ਬਨ ॥

ਜੈਸੇ ਏਕ ਪੁਰਸ਼ ਕੋ ਬਨ ਮੇਂ ਕਾਮਧੇਨੁ ਮਿਲ ਗਈ ਘਰ ਮੇਂ ਲੇ ਆਯਾ ਪਰੰਤੂ ਉਸ ਕੋ ਜਾਨਤਾ ਨਹੀਂ ਥਾ ਕਿ ਯਹ ਕਾਮਧੇਨੁ ਹੈ। ਏਕ ਨਿਰਧਨ ਬ੍ਰਾਹਮਣ ਕਾਮਧੇਨੁ ਕੋ ਜਾਨਤਾ ਥਾ ਉਸਨੇ ਮੁਲ ਲੇ ਲਈ ਔਰ ਕਾਮਧੇਨੁ ਸੇ ਅਨੇਕ ਪਦਾਰਥ ਲੇਕਰ ਬੜਾ ਧਨਾਢ ਔਰ ਰਾਜਾਓਂ ਕਰਕੇ ਪੂਜਯ ਹੋ ਗਯਾ। ਜਬ ਉਸ ਮੂੜ੍ਹ ਕੋ ਪਤਾ ਲਗਾ ਤਬ ਬੜਾ ਪਸਚਾਤਾਪ ਕਰਨੇ ਲਗਾ। ਤੈਸੇ ਮਨੁਸ਼ ਜਨਮ ਕਾਮਧੇਨੁ ਕੇ ਬਰਾਬਰ ਹੈ ਇਸਕੋ ਗਵਾ ਕਰ ਪਸਚਾਤਾਪ ਕਰਤਾ ਹੈ, ਔਰ ਜੈਸੇ ਮੂੜ੍ਹ ਲੋਗ ਕਲਪ ਬ੍ਰਿਖ ਔਰ ਚੰਦਨ ਕੇ ਬਨ ਕੋ ਪਾ ਕਰ ਔਰ ਕਾਟ ਕਰ ਪਸਚਾਤਾਪ ਕਰਤੇ ਹੈਂ। ਕਥਾ-ਏਕ ਮੂਰਖ ਲੁਹਾਰ ਬਨ ਮੇਂ ਲਕੜੀਆਂ ਕਾਟ ਕਰ ਕੋਇਲਾ ਬਣਾਯਾ ਕਰਤਾ ਥਾ, ਔਰ ਉਨ ਕੋ ਬੇਚ ਕਰ ਗੁਜ਼ਰਾਨ ਕਰਤਾ ਥਾ, ਔਰ ਅਪਨਾ ਖਾਨ ਪਾਨ ਸਾਥ ਲੇ ਜਾਤਾ ਥਾ, ਵਹਾਂ ਏਕ ਦਿਨ ਏਕ ਰਾਜਾ ਸ਼ਿਕਾਰ ਖੇਲਤਾ ਆ ਪਹੁੰਚਾ ਬੜਾ ਭੂਖਾ ਪਿਆਸਾ ਥਾ, ਉਸਨੇ ਰਾਜਾ ਕੋ ਸਤਿਕਾਰ ਸੇ ਬਿਠਾ ਕਰ ਰੋਟੀ ਮਖਣ ਖਿਲਾ ਕਰ ਲੱਸੀ ਪਿਲਾਈ, ਰਾਜਾ ਕੇ ਪ੍ਰਾਣ ਬਚ ਗਏ। ਰਾਜਾ ਪ੍ਰਸੰਨ ਹੋਕਰ ਉਸਕੋ ਸੁਰਖਸ਼ਤ ਚੰਦਨ ਕਾ ਬਾਗ ਜਿਸ ਮੇਂ ਕਲਪ ਬ੍ਰਿਖ ਭੀ ਥਾ, ਰਾਜਾ ਉਸਕੋ ਦੇਤਾ ਭਯਾ ਔਰ ਸਮਝਾਯਾ ਕਿ ਯੇਹ ਚੰਦਨ ਕੇ ਬ੍ਰਿਖ ਹੈਂ ਔਰ ਯਹ ਕਲਪ ਬ੍ਰਿਖ ਹੈ। ਲਾਭ ਉਠਾਣਾ, ਪਰ ਵੋਹ ਮੂਰਖ ਨਾ ਸਮਝਾ ਔਰ ਕਲਪ ਬ੍ਰਿਖ ਕੋ ਕਾਟ ਦੀਆ ਔਰ ਚੰਦਨ ਕੇ ਬ੍ਰਿਖੋਂ ਕੋ ਕਾਟ ਕੇ ਕੋਇਲੇ ਬਣਾਤਾ ਭਯਾ। ਜਬ ਰਾਜਾ ਕੋ ਪਤਾ ਲਗਾ, ਤਬ ਰਾਜਾ ਉਸਕੋ ਸਖਤ ਨਾਰਾਜ਼ ਹੂਆ ਔਰ ਕਹਾ ਅਰੇ ਮੂਰਖ ਯੇਹ ਕਲਪ ਬ੍ਰਿਖ



ਥਾ ਔਰ ਯਹ ਸਭ ਚੰਦਨ ਕੇ ਬ੍ਰਿਖ ਥੇ, ਐਸਾ ਸੁਨ ਕਰ ਵਹੁ ਮੂਰਖ ਲੋਹਾਰ ਪਸਚਾਤਾਪ ਕਰਤਾ ਭਯਾ, ਐਸੇ ਮਨੁਸ਼ ਜਨਮ ਕੋ ਨਿਸਫਲ ਗਵਾ ਕਰ ਪਸਚਾਤਾਪ ਕਰਤਾ ਹੈ:-

## [ਮੂਲ]-ਗੁਰੂ ਸੰਜੀਵਨ ਛਾਡ ਪਾਇ ਪੋਰਸ ਸਿਰ ਕਾਟਹਿ ॥

ਅਰਥ-ਜੈਸੇ ਏਕ ਬਨੀਏ ਨੇ ਅਪਨੇ ਗੁਰੂ ਸੇ ਸੰਜੀਵਨ ਵਿਦਯਾ ਛਾਡ ਕਰ ਯਾਨੇ ਨਾ ਲੇਕਰ, ਪੋਰਸ ਮੂਰਤੀ ਲਈ ਥੀ ਫਿਰ ਉਸੀ ਮੂਰਤੀ ਕਾ ਸਿਰ ਕਾਟ ਕਰ ਬੜਾ ਪਸਚਾਤਾਪ ਕੀਆ ਥਾ, ਕਥਾ-ਏਕ ਮਹਾਤਮਾ ਗੰਗਾ ਕਿਨਾਰੇ ਰਹਿਤੇ ਥੇ ਜੋ ਬੜੇ ਬੀਤ ਰਾਗ ਔਰ ਬ੍ਰਹਮ ਨਿਸ਼ਠੀ ਥੇ ਔਰ ਅਨੇਕ ਵਿਦਯਾ ਸੰਪੰਨ ਥੇ। ਏਕ ਵੈਸ਼ ਨੇ ਉਸ ਮਹਾਤਮਾ ਕੀ ਬਹੁਤ ਸੇਵਾ ਕਰਕੇ ਉਨਕੋ ਪ੍ਰਸੰਨ ਕੀਆ, ਤਬ ਪ੍ਰਸੰਨ ਹੋਕਰ ਮਹਾਤਮਾ ਨੇ ਕਹਾ ਮੇਰੇ ਪਾਸ ਸੰਜੀਵਨੀ ਵਿਦਿਆ ਹੈ, ਜੋ ਮੁਰਦੇ ਕੋ ਸ਼ੀਘਰ ਜਿਵਾ ਦੇਤੀ ਹੈ, ਔਰ ਦੂਸਰੀ ਪੋਰਸ ਮੂਰਤੀ ਮੇਰੇ ਪਾਸ ਹੈ ਵਹੁ ਸਾਰੀ ਸੁਵਰਣ ਕੀ ਹੈ, ਉਸਕੇ ਅੰਗ ਰਾਤ੍ਰੀ ਕੋ ਪੂਜਾ ਕਰਕੇ ਕਾਟ ਦੇਵੇਂ, ਤੋ ਸਵੇਰੇ ਵੈਸੇ ਹੀ ਅੰਗ ਨਿਕਲ ਆਤੇ ਹੈਂ, ਪਰੰਤੂ ਸਿਰ ਕਾਟਨੇ ਪਰ ਵਹੁ ਮੂਰਤੀ ਗੁਪਤ ਹੋ ਜਾਤੀ ਹੈ, ਦੋਨੋਂ ਮੇਂ ਸੇ ਏਕ ਜੋ ਤੁਮ ਕੀ ਰੁਚੀ ਹੋ, ਸੋ ਲੇ ਲੋ, ਉਸ ਮੂੜ੍ਹ ਬੁਧੀ ਪੁਰਸ਼ ਨੇ ਸੰਜੀਵਨੀ ਵਿਦਯਾ ਕੋ ਛੋਡ ਕਰ, ਪੋਰਸ ਕੀ ਮੂਰਤੀ ਲੇ ਲਈ, ਅਰ ਉਸ ਕੇ ਹਰ ਰੋਜ਼ ਅੰਗ ਕਾਟ ਕਰ ਬੜਾ ਧਨੀ ਹੋ ਗਿਆ, ਏਕ ਦਿਨ ਉਸ ਮੂੜ੍ਹ ਨੇ ਗੁਰੂ ਕੇ ਬਚਨ ਭੂਲ ਕਰ ਸਿਰ ਕਾਟ ਲੀਆ, ਵਹੁ ਪੋਰਸ ਮੂਰਤੀ ਗੁਪਤ ਹੋ ਗਈ ਤਬ ਵੋਹ ਪਸਚਾਤਾਪ ਕਰਤਾ ਭਯਾ, ਤੈਸੇ ਮਾਨਸ ਸਰੀਰ ਕੋ ਗਵਾ ਕਰ ਪਸਚਾਤਾਪ ਕਰਤਾ ਹੈ :-

## [ਮੂਲ]-ਗਿਆਨ ਰਸਾਇਨ ਤਿਆਗ ਬੀਰ ਬਹੁਤੇ ਬਿਤ ਬਾਟਹਿੰ ॥

ਚਾਰ ਗੁਰ ਭਾਈਓਂ ਨੇ ਗੁਰੂ ਪਾਸਹੁ ਰਸਾਇਨ ਵਿਦਯਾ ਨ ਲੇਕਰ, ਬਹੁਤ ਕੀਮਤ ਵਾਲੀ ਚਾਰ ਵਸਤੂਏਂ ਲੇ ਲਈਂ, ਔਰ ਰਸਤੇ ਮੇਂ ਬਾਂਟਨੇ ਲਗੇ ਤੋ ਵਿਵਾਦ ਹੂਆ, ਵਿਵਾਦ ਕਰਾਨੇ ਵਕਤ ਚਾਰੋਂ ਵਸਤੂਓਂ ਕੋ ਗਵਾ ਕਰ ਪਸਚਾਤਾਪ ਕਰਨੇ ਲਗੇ। ਕਥਾ-ਨਰਬਦਾ ਕੇ ਤੀਰੇ ਏਕ ਸਿਧ ਪੁਰਸ਼ ਰਹਿਤਾ ਥਾ, ਜਿਨਕੇ ਪਾਸ ਆਤਮ ਗਿਆਨ ਰੂਪੀ ਰਸਾਯਨ ਥੀ, ਔਰ ਉਸ ਮਹਾਤਮਾ ਨੇ ਯੇਹ ਚਾਰ ਚੀਜ਼ਾਂ ਭੀ ਸਿਧ ਕਰ ਰਖੀ ਥੀਂ। ਏਕ ਗੋਦੜੀ ਥੀ ਜੋ ਵਸਤੂ ਮਾਂਗੋ ਤਤਕਾਲ ਉਸ ਗੋਦੜੀ ਮੇਂ ਸੇ ਨਿਕਲ ਪੜਤੀ ਥੀ, ਦੂਸਰੀ ਉਸ ਪਾਸ ਬਟਲੋਹੀ ਥੀ ਜੋ ਆਠੋਂ ਪਹਿਰ ਛੱਤੀ ਪਦਾਰਥ ਦੇਤੀ ਥੀ, ਤੀਸਰੀ ਪਾਦੁਕਾ (ਖੜਾਵਾਂ) ਕੀ ਜੋੜੀ ਥੀ, ਪੈਰ ਰਖਨੇ ਮਾਤ੍ਰ ਸੇ ਜਹਾਂ ਚਾਹੋ ਵਹਾਂ ਪੁਚਾ ਦੇਤੀ ਥੀ, ਚੌਥਾ ਉਸ ਕੇ ਪਾਸ ਏਕ ਡੰਡਾ ਥਾ ਜੋ ਸ਼ਤ੍ਰੂਓਂ ਕੀ ਸੈਨਾ ਕੋ ਮਾਰ ਕਰ ਭਗਾ ਦੇਤਾ ਥਾ, ਉਸ ਮਹਾਤਮਾ ਕੇ ਚਾਰ ਚੇਲੇ ਥੇ, ਉਨ੍ਹੋਂ ਨੇ ਸੇਵਾ ਕਰਕੇ ਗੁਰੂ ਕੋ ਪ੍ਰਸੰਨ ਕੀਆ, ਗੁਰੂ ਜੀ ਨੇ ਕਹਾ ਚਾਹੇ ਆਤਮ ਗਿਆਨ ਲੇ ਲੋ ਚਾਹੇ ਵਹੁ ਚਾਰੋਂ ਚੀਜ਼ੇਂ ਲੇ ਲੋ, ਚੇਲਿਓਂ ਨੇ ਗਿਆਨ ਨ ਲੇਕਰ ਵਹੁ ਚਾਰੋਂ ਚੀਜ਼ੇਂ ਲੇਕਰ ਅਪਨੇ ਘਰ ਕੋ ਚਲੇ, ਰਸਤੇ ਮੇਂ ਚਾਰੋਂ ਚੀਜ਼ਾਂ ਬਾਂਟਨੇ ਲਗੇ। ਬਾਂਟਤੇ ਬਾਂਟਤੇ ਆਪਸ ਮੇਂ ਵਿਵਾਦ

ਹੋ ਗਿਆ । ਇਤਨੇ ਮੇਂ ਏਕ ਚਤੁਰ ਬਾਣੀਆਂ ਵਹਾਂ ਆ ਗਿਆ, ਉਨ੍ਹੋਂ ਨੇ ਕਹਾ ਹਮ ਕੋ ਯਹ ਚੀਜ਼ਾਂ ਠੀਕ ਤਰੀਕੇ ਸੇ ਬਾਂਟ ਦੋ, ਬਾਣੀਏ ਨੇ ਕਹਾ ਹਮ ਚਾਰੋਂ ਦਿਸ਼ਾਓਂ ਮੇਂ ਚਾਰ ਤੀਰ ਫੈਂਕਤੇ ਹੈਂ ਜੋ ਦੌੜ ਕਰ ਪਹਿਲੇ ਲੇ ਆਏਗਾ, ਉਸ ਕੋ ਉੱਤਮ ਚੀਜ਼ ਮਿਲੇਗੀ, ਉਨ੍ਹੋਂ ਨੇ ਯਹ ਬਾਤ ਸ੍ਵੀਕਾਰ ਕਰ ਲਈ, ਬਾਣੀਏਂ ਨੇ ਚਾਰੋਂ ਚੀਜ਼ਾਂ ਅਪਨੇ ਪਾਸ ਰਖ ਲਈਆਂ । ਚਾਰੋਂ ਦਿਸ਼ਾ ਮੇਂ ਚਾਰੋਂ ਤੀਰ ਫੈਂਕੇ ਜਬ ਵੋਹ ਤੀਰ ਲੇਨੇ ਗਏ ਤੋ ਪੀਛੇ ਸੇ ਵੋਹ ਬਾਣੀਆਂ ਚਾਰੋਂ ਚੀਜ਼ਾਂ ਲੇ ਕਰ ਘਰ ਕੋ ਚਲਾ ਗਯਾ । ਵੋਹ ਚਾਰੋਂ ਗੁਰ ਭਾਈ ਆਕਰ ਕਿਆ ਦੇਖਤੇ ਹੈਂ, ਕਿ ਬਾਣੀਆਂ ਚੀਜ਼ੋਂ ਕੋ ਲੇਕਰ ਕਹੀਂ ਚਲਾ ਗਿਆ ਹੈ ਬਹੁਤ ਪੜਤਾਲ ਕਰੀ ਪਰੰਤੂ ਕੁਛ ਪਤਾ ਨਾ ਚਲਾ । ਜੈਸੇ ਚਾਰੋਂ ਚੀਜ਼ਾਂ ਗਵਾ ਕਰ ਵੋਹ ਚਾਰੋਂ ਗੁਰਭਾਈ ਪਸਚਾਤਾਪ ਕਰਤੇ ਭਏ, ਤੈਸੇ ਮਾਨੁਸ਼ ਸਰੀਰ ਕੋ ਗਵਾ ਕਰ ਜੀਵ ਪਸਚਾਤਾਪ ਕਰਤਾ ਹੈ ।

## ਮੂਲ ਚਕਰ ਚਕਵੈ ਤੇ ਗਿਆ ਛਾਪ ਸੁਲੇਮਾ ਖੋਈਐ ॥

ਅਜਮੇਰ ਸ਼ਹਿਰ ਮੇਂ ਏਕ ਬਕਰੀਓਂ ਕੇ ਚਾਰਨੇ ਵਾਲਾ ਅਯਾਲੀ ਰਹਿਤਾ ਥਾ, ਜੰਗਲ ਔਰ ਪਹਾੜੋਂ ਮੇਂ ਬਕਰੀਓਂ ਕੋ ਚਰਾਇਆ ਕਰਤਾ ਥਾ । ਓਸ ਪਹਾੜ ਮੇਂ ਏਕ ਗੁਫਾ ਥੀ, ਉਸ ਮੇਂ ਏਕ ਮਹਾਤਮਾ ਰਹਿਤਾ ਥਾ । ਬਕਰੀਓਂ ਮੇਂ ਸੇ ਏਕ ਬਕਰੀ ਹਰ ਰੋਜ਼ ਮਹਾਤਮਾ ਕੀ ਗੁਫਾ ਮੇਂ ਜਾਤੀ ਥੀ, ਔਰ ਮਹਾਤਮਾ ਉਸਕਾ ਦੂਧ ਲੇਕਰ ਪੀ ਲੇਤੇ ਥੇ, ਫਿਰ ਵੋਹ ਬਕਰੀ ਦੂਸਰੀ ਬਕਰੀਓਂ ਮੇਂ ਆ ਮਿਲਤੀ ਥੀ, ਇਸ ਪਰਕਾਰ ਬਹੁਤ ਦਿਨ ਬਤੀਤ ਹੋ ਗਏ, ਅਯਾਲੀ ਕੋ ਪਤਾ ਨਹੀਂ ਲਗਤਾ ਥਾ, ਕਿ ਇਸਕਾ ਦੂਧ ਕੌਨ ਨਿਕਾਲ ਲੇਤਾ ਹੈ । ਏਕ ਦਿਨ ਵੋਹ ਸਾਰਾ ਦਿਨ ਉਸ ਬਕਰੀ ਕੇ ਪੀਛੇ ਫਿਰਤਾ ਰਹਾ, ਔਰ ਦੇਖਾ ਕਿ ਬਕਰੀ ਮਹਾਤਮਾ ਕੀ ਗੁਫਾ ਮੇਂ ਜਾਤੀ ਹੈ । ਅਯਾਲੀ ਮਹਾਤਮਾ ਪਾਸ ਜਾਤਾ ਭਯਾ, ਔਰ ਜਾਕਰ ਨਿਮਸ਼ਕਾਰ ਕਰਤਾ ਭਯਾ, ਔਰ ਬੜੇ ਪ੍ਰੇਮ ਸੇ ਬਕਰੀ ਕਾ ਦੂਧ ਪਿਲਾਤਾ ਭਯਾ । ਮਹਾਤਮਾ ਉਸ ਅਯਾਲੀ ਪਰ ਬੜੇ ਪਰਸੰਨ ਹੂਏ, ਅਰ ਏਕ ਚਕ੍ਰ ਉਸ ਕੋ ਦੀਆ ਕਹਾ ਕਿ ਤੂ ਇਸ ਚਕ੍ਰ ਕੇ ਪ੍ਰਭਾਵ ਸੇ, ਚਕਰਵਰਤੀ ਰਾਜਾ ਬਨੇਗਾ ਪਰੰਤੂ ਸ਼ਰਤ ਯਹ ਹੈ ਕਿ ਚਕ੍ਰ ਕੀ ਵਾਰਤਾ ਕਿਸੀ ਕੋ ਨ ਸੁਨਾਨੀ, ਅਗਰ ਸੁਨਾਏਗਾ ਤੋ ਚਕ੍ਰ ਲੋਪ ਹੋ ਜਾਏਗਾ । ਅਯਾਲੀ ਨੇ ਚਕ੍ਰ ਕੇ ਪ੍ਰਭਾਵ ਸੇ ਅਜਮੇਰ ਕੇ ਬਾਦਸ਼ਾਹ ਕੋ, ਯੁਧ ਮੇਂ ਜੀਤ ਕਰ ਆਪ ਬਾਦਸ਼ਾਹ ਹੋ ਗਿਆ । ਅਪਨਾ ਨਾਮ ਅਜੇ ਪਾਲ ਪ੍ਰਸਿਧ ਕੀਆ । ਚਕ੍ਰ ਕੇ ਪ੍ਰਭਾਵ ਸੇ ਸਭ ਰਾਜੇ ਉਸ ਸੇ ਡਰਤੇ ਥੇ, ਉਸਕਾ ਤੇਜ ਪ੍ਰਿਥਵੀ ਮੰਡਲ ਮੇਂ ਫੈਲ ਗਿਆ, ਉਸ ਸਮੇਂ ਰਾਵਣ ਭੀ ਪ੍ਰਤਾਪੀ ਰਾਜਾ ਥਾ। ਉਸ ਨੇ ਅਪਨੀ ਇਸਤ੍ਰੀ ਮੰਦੋਦਰੀ ਕੋ ਕਹਾ, ਕਿ ਮੇਰੇ ਬਰਾਬਰ ਆਜ ਤ੍ਰਿਲੋਕੀ ਮੇਂ ਕੋਈ ਰਾਜਾ ਨਹੀਂ ਹੈ, ਅਬ ਮੈਂ ਸਮੁੰਦਰ ਸੇ ਤਲਵਾਰ ਨਾਲ ਰਸਤਾ ਲੇਊਂਗਾ, ਔਰ ਉਸਕੋ ਅਪਨੀ ਆਗਿਆ ਮੇਂ ਚਲਾਊਂਗਾ ਮੰਦੋਦਰੀ ਨੇ ਕਹਾ ਭਗਵਾਨ ! ਆਪ ਸੇ ਭੀ ਬੜੇ ਬੜੇ ਰਾਜੇ ਪੜੇ ਹੈਂ ਜਿਨ੍ਹੋਂ ਕਾਚਕ੍ਰਪਤ ਚਕਰ ਚਲ ਰਹਾ ਹੈ, ਐਸੇ ਮੰਦੋਦਰੀ ਕੇ ਕਹਿਨੇ ਪਰ ਭੀ ਰਾਵਣ ਨੇ ਨ ਮਾਨਾ, ਉਸ ਸਮੇਂ



ਏਕ ਚਿੜਾ ਅਪਨੀ ਚਿੜੀ ਸੇ ਕਾਮ ਚੇਸ਼ਟਾ ਕਰ ਰਹਾ ਥਾ ਮੰਦੋਦਰੀ ਨੇ ਰਾਵਣ ਸੇ ਕਹਾ, ਆਪ ਆਪਨੀ ਆਗਿਆ ਸੇ ਅਥਵਾ ਸੁਗੰਧ ਸੇ ਇਸਕੋ ਕਾਮ ਚੇਸ਼ਟਾ ਸੇ ਰੋਕੋ, ਅਗਰ ਇਹ ਆਪ ਕੀ ਆਗਿਆ ਮਾਨ ਕਰ ਕਾਮ ਚੇਸ਼ਟਾ ਛੋੜ ਦੇਗਾ, ਤੋ ਸਮੁੰਦਰ ਭੀ ਆਪ ਕੀ ਆਗਿਆ ਪਾਲਨ ਕਰੇਗਾ। ਰਾਵਣ ਨੇ ਕ੍ਰੋਧ ਮੇਂ ਆਕਰ ਉਸ ਚਿੜੇ ਕੋ ਆਗਿਆ ਕਰੀ, ਔਰ ਅਪਨੀ ਸੁਗੰਧ ਦਿਤੀ, ਪਰੰਤੂ ਚਿੜਾ ਨਾ ਹਟਾ, ਮੰਦੋਦਰੀ ਨੇ ਅਜੇ ਪਾਲ ਕੀ ਸੁਗੰਧ ਦੀ, ਯਾਨੇ ਕਸਮ ਦਿਤੀ ਤਬ ਭੀ ਚਿੜਾ ਨ ਹਟਾ, ਤਬ ਤਤਕਾਲ ਹੀ ਅਕਾਸ਼ ਸੇ ਏਕ ਚਕਰ ਗਿਰਾ ਔਰ ਚਿੜੇ ਕਾ ਸਿਰ ਕਾਟ ਕਰ ਚਲਾ ਗਿਆ, ਤਬ ਮੰਦੋਦਰੀ ਨੇ ਰਾਵਣ ਕੋ ਕਹਾ, ਅਗਰ ਆਪ ਅਜੈਪਾਲ ਕੀ ਸੁਗੰਧ ਪਰ ਭੀ ਅਪਨਾ ਹਠ ਛੋੜੇਂਗੇ, ਤੋ ਆਪ ਕਾ ਭੀ ਸਿਰ ਛੇਦਨ ਹੋ ਜਾਏਗਾ, ਅਜੈਪਾਲ ਕੇ ਚਕਰ ਸੇ ਸਭ ਕੇ ਸਭ ਜੀਵ ਡਰਤੇ ਹੈਂ। ਇਸ ਪਰਕਾਰ ਅਜੇ ਪਾਲ ਕਾ ਚਕਰ ਕੇ ਪਰਭਾਵ ਸੇ ਬਹੁਤ ਦਿਨ ਤੇਜ ਰਹਾ। ਏਕ ਦਿਨ ਅਜੇ ਪਾਲ ਕੀ ਰਾਣੀ ਨੇ ਚਕਰ ਮਿਲਨੇ ਕਾ ਕਾਰਣ ਪੂਛਾ, ਰਾਜਾ ਨੇ ਆਪਣੀ ਰਾਣੀ ਕੋ ਚਕਰ ਮਿਲਨੇ ਕਾ ਸਭ ਹਾਲ ਸੁਣਾਇਆ, ਮਹਾਤਮਾ ਕੇ ਬਚਨ ਭੂਲ ਗਿਆ ਜਬ ਰਾਣੀ ਕੋ ਸਭ ਬ੍ਰਿਤਾਂਤ ਸੁਨਾ ਚੁਕਾ, ਤਬ ਚਕਰ ਗੁਪਤ ਹੋ ਗਿਆ । ਰਾਜਾ ਤੇਜ ਰਹਿਤ ਹੋ ਕਰ ਬੜਾ ਪਸਚਾਤਾਪ ਕਰਤਾ ਭਯਾ, ਔਰ ਮ੍ਰਿਤੂ ਕੋ ਪ੍ਰਾਪਤ ਹੂਆ । ਇਸ ਤਰਹ ਮਾਨੁਸ਼ ਜਨਮ ਕੋ ਗਵਾ ਕਰ ਜੀਵ ਪਸਚਾਤਾਪ ਕਰਤਾ ਹੈ।

## (ਮੂਲ) ਛਾਪ ਸੁਲੇਮਾ ਖੋਈਐ ॥

ਮੁਸਲਮਾਨੋਂ ਕਾ ਏਕ ਹਜ਼ਰਤ ਸੁਲੇਮਾਨ ਬੜਾ ਸ਼ਕਤੀ ਵਾਲਾ ਬਾਦਸ਼ਾਹ ਹੂਆ ਹੈ । ਉਸਕੇ ਹਾਥ ਮੇਂ ਏਕ ਸਿਧ ਮੁੰਦਰੀ ਥੀ ਜਿਸ ਕੇ ਪ੍ਰਭਾਵ ਸੇ, ਰਾਜ ਭੋਗਤਾ ਥਾ ਔਰ ਪਰੀਉਂ ਸੇ ਪਾਲਕੀ ਉਠਵਾ ਕਰ, ਜਹਾਂ ਤਹਾਂ ਬਿਚਰਤਾ ਥਾ, ਸਮੁੰਦਰ ਕੇ ਕਿਨਾਰੇ ਏਕ ਸ਼ਹਿਰ ਥਾ ਪਰੀਓਂ ਕੀ ਪਾਲਕੀ ਪਰ ਬੈਠ ਕਰ, ਸੁਲੇਮਾਨ ਸ਼ਹਿਰ ਕਾ ਸੈਲ ਕਰਾ ਕਰਤਾ ਥਾ, ਫਿਰਤੇ ਫਿਰਤੇ ਏਕ ਝੀਵਰ ਕੀ ਕੰਨਿਆ ਦੇਖੀ ਜੋ ਬੜੀ ਕਰੂਪ ਔਰ ਕਾਲੀ ਥੀ, ਔਰ ਉਸਕੇ ਸਰੀਰ ਮੇਂ ਸੇ ਦੁਰਗੰਧੀ ਆਤੀ ਥੀ, ਸੁਲੇਮਾਨ ਉਸ ਕੋ ਦੇਖ ਕਰ ਅਭਿਮਾਨ ਸੇ ਕਹਿਨੇ ਲਗਾ, ਐ ਖੁਦਾਯਾ ! ਐਸੀ ਕਰੂਪ ਕੰਨਿਆਂ ਆਪ ਨੇ ਕਿ[illegible] ਪੈਦਾ ਕੀ ਹੈ, ਜਿਸ ਕੇ ਸ਼ਰੀਰ ਸੇ ਦੁਰਗੰਧ ਆ ਰਹੀ ਹੈ । ਇਸਕੇ ਸਰੀਰ ਮ[illegible] ਮਿਲਾਪ ਤੋ ਕੋਈ ਪਸ਼ੂ ਹੀ ਕਰੇਗਾ, ਇਤਨਾ ਕਹਿ ਕਰ ਆਗੇ ਚਲ ਪੜਾ । ਚਲਤੇ ਚਲਤੇ ਏਕ ਨਦੀ ਕੇ ਪਾਸ ਪਹੁੰਚ ਕਰ, ਸੁਲੇਮਾਨ ਨੇ ਜਲ ਪੀਨੇ ਕਾ ਖਿਆਲ ਕੀਆ, ਪਰੀਉਂ ਨੇ ਪਾਲਕੀ ਉਤਾਰੀ, ਜਬ ਸੁਲੇਮਾਨ ਹਾਥ ਧੋਨੇ ਲਗਾ ਤੋ ਉਸ ਕੀ ਮੁੰਦਰੀ ਗਿਰ ਗਈ । ਤਤਕਾਲ ਹੀ ਮੱਛੀ ਉਸਕੋ ਨਿਗਲ ਗਈ, ਮੁੰਦਰੀ ਕੇ ਚਲੇ ਜਾਨੇ ਸੇ ਵੋਹ ਪਰੀਆਂ ਭੀ ਗੁਪਤ ਹੋ ਗਈਆਂ। ਸੁਲੇਮਾਨ ਸ਼ਾਮ ਤਕ ਨਦੀ ਮੇਂ ਮੁੰਦਰੀ ਕੋ ਖੋਜਤਾ ਰਹਾ ਪਰੰਤੂ ਮੁੰਦਰੀ ਨਾ ਮਿਲੀ, ਸਰਦੀ ਕੇ ਦਿਨ ਥੇ ਉਸ ਕੇ ਸ਼ਰੀਰ ਮੇਂ ਸਰਦੀ ਬਿਆਪ ਗਈ, ਤਬ ਵੋਹ ਉਸੀ ਸ਼ਹਿਰ ਮੇਂ ਵਾਪਸ ਗਿਆ, ਔਰ ਏਕ ਭਠਿਆਰੀ ਕੇ ਭਠ ਪਰ ਬੈਠ ਕਰ

ਸਰੀਰ ਕੋ ਸੇਕਨੇ ਲਗਾ, ਔਰ ਗਿਰੇ ਹੂਏ ਦਾਣੇ ਚੁਨ ੨ ਕਰ ਖਾਨੇ ਲਗਾ, ਭਠਿਆਰੀ ਨੇ ਉਸਕੋ ਕੰਗਾਲ ਸਮਝ ਕਰ ਭਠ ਝੋਕਨੇ ਕੀ ਆਗਿਆ ਕਰੀ, ਤਬ ਸੁਲੇਮਾਨ ਭਠ ਝੋਕਨੇ ਲਗਾ, ਜਬ ਭਠਿਆਰੀ ਘਰ ਜਾਨੇ ਲਗੀ ਤਬ ਸੁਲੇਮਾਨ ਨੇ ਪ੍ਰਾਰਥਨਾ ਕਰੀ, ਕਿ ਸਰਦੀ ਕੇ ਦਿਨ ਹੈਂ ਮੁਝੇ ਰਾਤ੍ਰੀ ਰਹਿਨੇ ਕੇ ਲੀਏ ਕੋਈ ਅਸਥਾਨ ਦੇਵੋ । ਤਬ ਭਠਿਆਰੀ ਉਸ ਕੋ ਘਰ ਲੇ ਗਈ ਘਰ ਲਿਜਾ ਕਰ ਕੁਛ ਭੋਜਨ ਭੀ ਦੀਆ । ਭੋਜਨ ਪਾ ਕਰ ਭਠਿਆਰੀ ਕਾ ਬੜਾ ਉਪਕਾਰ ਸਮਝਾ, ਭਠਿਆਰੀ ਨੇ ਉਸ ਕੋ ਸੁਪਾਤ੍ਰ ਦੇਖ ਕਰ ਵੋਹ ਅਪਨੀ ਕਾਲੀ ਕੰਨਿਆ ਜਿਸਕੇ ਸਰੀਰ ਸੇ ਦੁਰਗੰਧੀ ਆਤੀ ਥੀ, ਉਸਕੀ ਸੁਲੇਮਾਨ ਕੇ ਸਾਥ ਸ਼ਾਦੀ ਕਰ ਦੀ । ਸ਼ਾਦੀ ਕੇ ਬਾਦ ਉਸਕੋ ਵਹ ਬਚਨ ਯਾਦ ਆਏ, ਕਿ ਮੈਂ ਨੇ ਅਭਿਮਾਨ ਪੂਰਵਕ ਕਹਾ ਥਾ, ਇਸ ਕੇ ਸਾਥ ਕੋਈ ਪਸ਼ੂ ਹੀ ਸ਼ਾਦੀ ਕਰੇਗਾ, ਸੋ ਖੁਦਾ ਨੇ ਮੇਰਾ ਅਭਿਮਾਨ ਤੋੜ ਦੀਆ, ਮੇਰੇ ਨਾਲ ਹੀ ਇਸਨੇ ਸ਼ਾਦੀ ਕਰਵਾਈ ਤਬ ਗਰੀਬੀ ਹਾਲਤ ਮੇਂ ਉਸਕੇ ਸਾਥ ਰਹਿਨੇ ਲਗਾ, ਜਬ ਕੁਛ ਸਮਾਂ ਗੁਜ਼ਰ ਗਿਆ ਤਬ ਝੀਵਰ ਕੀ ਜਾਲ ਮੇਂ ਵੋਹੀ ਮਛੀ ਫਸ ਗਈ, ਔਰ ਝੀਵਰ ਸੇ ਵੋ ਕੁਰੂਪ ਸੁਲੇਮਾਨ ਕੀ ਇਸਤ੍ਰੀ ਮੋਲ ਲੇ ਆਈ, ਜਬ ਮਛੀ ਚੀਰੀ ਤੋ ਮੁਦ੍ਰਕਾ ਦੇਖ ਕਰ ਬੜੀ ਪ੍ਰਸੰਨ ਹੋਈ, ਔਰ ਅਪਨੇ ਪਤੀ ਸੁਲੇਮਾਨ ਕੋ ਦਿਖਾਈ । ਸੁਲੇਮਾਨ ਜਿਸ ਮੁੰਦਰੀ ਕੇ ਚਲੇ ਜਾਨੇ ਸੇ ਬੜਾ ਪਸਚਾਤਾਪ ਕਰ ਰਹਾ ਥਾ, ਉਸ ਮੁੰਦਰੀ ਕੋ ਦੇਖ ਕਰ ਬੜਾ ਪ੍ਰਸੰਨ ਹੂਆ, ਅਰ ਅਪਨੀ ਇਸਤ੍ਰੀ ਕੋ ਕਹਾ ਕਿ ਮੇਰੇ ਕੋ ਮੁੰਦਰੀ ਦੇ ਦੇ, ਮੈਂ ਤੁਮਕੋ ਹਰ ਵਕਤ ਪ੍ਰਸੰਨ ਰਖੂੰਗਾ । ਇਸ ਸਰਤ ਪਰ ਇਸਤ੍ਰੀ ਨੇ ਮੁੰਦਰੀ ਦੇ ਦਿਤੀ, ਔਰ ਉਸਨੇ ਜਬ ਮੁੰਦਰੀ ਕੋ ਮੰਤ੍ਰਿਤ ਕਰਕੇ ਉਂਗਲੀ ਮੇਂ ਪਾਯਾ, ਤਬ ਵਹਾਂ ਪਰੀਆਂ ਔਰ ਪਾਲਕੀ ਆ ਗਈ, ਉਸ ਪਰ ਅਪਨੀ ਕਾਲੀ ਕੁਰੂਪ ਇਸਤ੍ਰੀ ਕੇ ਸਾਥ ਬੈਠ ਕਰ, ਦਿਬਯ ਭੋਗੋਂ ਕੋ ਭੋਗਤਾ ਭਯਾ । ਜੈਸੇ ਮੁਦ੍ਰਕਾ ਗਵਾਂ ਕਰ ਸੁਲੇਮਾਨ ਪਸਚਾਤਾਪ ਕਰਤਾ ਭਯਾ । ਤੈਸੇ -

**[ਮੂਲ] ਮਾਨੁਖਾ ਦੇਹੀ ਹਰ ਵਿਮੁਖ ਰਜਬ ਹਾਨ ਸੁ ਰੋਈਐ ॥ ੧੩ ॥**

ਰੱਜਬ ਦਾਸ ਜੀ ਕਹਿਤੇ ਹੈਂ ਐਸੇ ਉਤਮ ਮਾਨਸ ਦੇਹੀ ਪਾ ਕਰ, ਜੋ ਪੁਰਸ਼ ਹਰੀ ਸੇ ਵਿਮੁਖ ਹੋਤਾ ਹੈ ਸੋ ਅੰਤ ਮੇਂ ਦੁਖੀ ਹੋ ਕਰ ਪਸਚਾਤਾਪ ਕਰਤਾ ਹੈ, ਇਸ ਵਾਸਤੇ ਰੱਜਬ ਜੀ ਕਹਿਤੇ ਹੈਂ, ਮਨੁਸ਼ ਸਰੀਰ ਕਾ ਵਿਚਾਰ ਕਰਨਾ ਚਾਹੀਏ, ਯਾਨੇ ਪਰਖ ਕਰਨੀ ਚਾਹੀਏ । ਜੈਸੇ ਹੰਸ ਦੂਧ ਕੀ ਪਰੀਖਯਾ ਕਰਤਾ ਹੈ:-

**[ਮੂਲ] ਛਪੇ-ਮਤ ਮਰਾਲ ਮਧੁਰ ਰਿਖ ਬਾਰਿ ਬਨਰਾਯਸ਼ ਛਾਨਹ ਦੇਖ ਕਬੂਤਰ ਕਾਮ ਪੰਖ ਪਤ੍ਰੀ ਘਰ ਆਨਹ ॥**

ਅਰਥ-ਹੰਸ ਕੀ ਬੁਧੀ ਦੇਖੋ ਦੂਧ ਸੇ ਪਾਨੀ ਕੋ ਛਾਨ, ਯਾਨੇ ਜੁਦਾ ਕਰ ਦੇਤਾ ਹੈ ਤਥਾ ਸ਼ਹਿਤ ਕੀ ਮੱਖੀ ਕੀ ਅਕਲ ਦੇਖੋ ਸੰਪੂਰਨ ਬਨਾਸਪਤੀ ਸੇ, ਸਵਾਰ ਯਾਨੇ ਮਧੁਰ ਜਲ "ਫਲ ਛਾਨਹ" ਯਾਨੇ ਨਿਕਾਲ ਲੇਤੀ ਹੈ, ਤਥਾ ਉਤਮ ਪੰਖੀ ਕਬੂਤਰ ਕਾ ਕਾਮ ਦੇਖੋ,



ਜੋ ਪੰਖੋਂ ਸੇ ਉਡ ਕਰ ਅਪਨੇ ਸੁਆਮੀ ਸੇ ਪਤ੍ਰਕਾ ਲੇਕਰ ਉਸ ਕੇ ਘਰ ਪਹੁੰਚਾ ਦੇਤਾ ਹੈ, ਐਸੇ ਹੀ ਮਨੁਸ਼ ਕੋ ਉਤਮ ਸ਼ਰੀਰ ਕੀ ਪਰਖ ਕਰਨੀ ਚਾਹੀਏ । ਤਥਾ:-

**(ਮੂਲ) ਚੰਦਨ ਜਾਯ ਪਨੰਗ ਸ੍ਵਾਤੀ ਰਿਤੂ ਸੀਪ ਸੁ ਲੋੜੇ ॥ ਅਜਾ ਨ ਬੈਠੇ ਕੂਪ ਰੁਖ ਰੈਣੀ ਕਰ ਜੋੜੇ ॥**

ਟੀਕਾ-ਜੈਸੇ ਸਰਪ ਦੇਖੋ ਬਿਨਾਂ ਹੀ ਅਪਨੀ ਬੁਧੀ ਸੇ ਚੰਦਨ ਪਾਸ ਪਹੁੰਚ ਜਾਤਾ ਹੈ, ਔਰ ਸਿਪੀ ਜੈਸੇ ਅਨਜ ਬੂੰਦੋਂ ਕੋ ਤਿਆਗ ਕਰ ਸ੍ਵਾਂਤੀ ਬੂੰਦ ਕੋ ਚਾਹਤੀ ਹੈ, ਔਰ ਬਕਰੀ ਇਤਨੀ ਸਮਝ ਰਖਤੀ ਹੈ ਕਿ ਕਥੇ ਹੂਏ ਕੂਏ ਪਰ ਨਹੀਂ ਬੈਠਤੀ ਹੈ, ਤੈਸੇ ਰਾਤ੍ਰੀ ਕੇ ਸਮੇਂ ਮੇਂ ਸਿਰਸ ਯਾਨੇ ਸਿਰੀਂਹ ਹਾਥ ਜੋੜ ਕਰ, ਅਪਨੇ ਸ੍ਵਾਮੀ ਚੰਦ੍ਰਮਾ ਕੇ ਆਗੇ ਪ੍ਰਾਰਥਨਾ ਕਰਤਾ ਹੈ:-

**(ਮੂਲ) ਆਦਮ ਸਨਾਸ ਪਰਖੇ ਮਨੁਖ ਸ੍ਵਾਨ ਬ੍ਰਤ ਦਿਨ ਠਾਨਿਆ ॥ ਰਜਬ ਮਨੁਖ ਦੇਹ ਧ੍ਰਿਗ ਆਤਮ ਰਾਮ ਨ ਜਾਨਿਆ ॥**

ਟੀਕਾ-ਆਦਮ ਸ਼ਨਾਸ ਏਕ ਪੰਖੀ ਹੈ ਉਸਕਾ ਪੰਖ ਮਨੁਸ਼ ਆਦੀ ਜਾਤੀ ਕਾ ਨਿਰਣਯ ਕਰਤਾ ਹੈ, ਯਾਨੇ ਨੇਤ੍ਰੋਂ ਕੇ ਅਗੇ ਰਖ ਕਰ ਦੇਖਨੇ ਸੇ, ਪ੍ਰਕ੍ਰਿਤੀ ਪ੍ਰਗਟ ਦਿਖਾਈ ਦੇਤੀ ਹੈ, ਸ੍ਵਾਨ ਯਾਨੇ ਕੁਤਾ ਐਤਵਾਰੀ ਇਕਾਦਸ਼ੀ ਕਾ ਬ੍ਰਤ ਨਿਸਚਯ ਰੂਪ ਸੇ ਰਖਤਾ ਹੈ, ਉਸ ਦਿਨ ਕੋ ਪਹਿਚਾਨ ਕਰ ਕੁਛ ਖਾਤਾ ਪੀਤਾ ਨਹੀਂ, ਰਜਬ ਦਾਸ ਜੀ ਕਹਿਤੇ ਹੈਂ ਏਕ ਉਸ ਮਾਨਸ ਕੋ ਹੀ ਧਿਕਾਰ ਹੈ, ਜਿਸਨੇ ਆਤਮ ਰੂਪ ਯਾਨ ਬ੍ਰਹਮ ਸਰੂਪ ਕੋ ਨਹੀਂ ਪਛਾਣਿਆ । ਆਦਮ ਸ਼ਨਾਸ ਪੰਖੀ ਕਾ ਦ੍ਰਿਸ਼ਟਾਂਤ ਯੋਹ ਹੈ-ਏਕ ਮਹਾਤਮਾ ਸ੍ਰੀ ਗੰਗਾ ਜੀ ਕੇ ਕਿਨਾਰੇ ਹਮੇਸ਼ ਨਿਵਾਸ ਕਰਤੇ ਥੇ, ਉਨ੍ਹੋਂ ਨੇ ਅਪਨੇ ਸਿਸ ਕੋ ਚੇਲਾ ਮਨੁਖ ਬਨਾ ਦੀਆ ਥਾ । ਏਕ ਦਿਨ ਸ਼ਿਸ਼ ਨੇ ਗੁਰੂ ਸੇ ਕਹਾ-ਭਗਵਨ ! ਮੇਰੇ ਕੋ ਕੋਈ ਸਿਖਿਆ ਦੇਵੋ । ਗੁਰੂ ਜੀ ਨੇ ਕਹਾ ਮੈਂ ਨੇ ਤੁਮ ਕੋ ਮਨੁਖ ਬਨਾ ਦੀਆ, ਔਰ ਇਸ ਸੇ ਬਢ੍ਹ ਕਰ ਕਿਆ ਸਿਖਿਆ ਚਾਹਤਾ ਹੈਂ ? ਸ਼ਿਸ਼ ਨੇ ਕਹਾ ਭਗਵਨ ! ਮਨੁਖ ਤੋ ਮੈਂ ਪਹਿਲ ਸੇ ਹੀ ਹੂੰ, ਆਪ ਨੇ ਮੁਝੇ ਕੈਸੇ ਮਨੁਖ ਬਨਾਯਾ ਹੈ ? ਤਬ ਗੁਰੂ ਜੀ ਨੇ ਕਹਾ-ਇਸ ਬਾਤ ਕਾ ਉਤਰ ਇਸ ਪਹਾੜ ਪਰ ਆਦਮ ਸ਼ਨਾਸ ਏਕ ਪੰਖੀ ਰਹਿਤਾ ਹੈ ਵਹੁ ਦੇਵੇਗਾ । ਯਹ ਬਚਨ ਸੁਨ ਕਰ, ਸ਼ਿਸ਼ ਪਹਾੜ ਪਰ ਜਾ ਕਰ ਆਦਮ ਸ਼ਨਾਸ ਪੰਖੀ ਕੋ ਦੇਖਤਾ ਭਯਾ, ਅਰ ਅਪਨੇ ਗੁਰੂ ਕੀ ਸਭ ਕਥਾ ਪੰਖੀ ਪ੍ਰਤਿ ਸੁਨਾਈ, ਆਦਮ ਸ਼ਨਾਸ ਪੰਖੀ ਨੇ ਉਸਕੋ ਏਕ ਆਪਨਾ ਪੰਖ ਦੀਆ, ਔਰ ਕਹਾ ਅਪਨੇ ਨੇਤ੍ਰੋਂ ਕੇ ਆਗੇ ਰਖ ਕਰ ਸ਼ੀਸ਼ੇ ਕੀ ਨਿਆਈਂ ਆਪਨੇ ਆਪ ਕੋ ਦੇਖ ਲੇ । ਜਬ ਉਸ ਨੇ ਦੇਖਾ ਤੋ ਆਪਨੇ ਆਪ ਕੋ ਮਨੁਖ ਹੀ ਦੇਖਾ ਫਿਰ ਉਸ ਕੋ ਕਹਾ ਇਸ ਪੰਖ ਕੋ ਰਾਜ ਸਭਾ ਮੇਂ ਲੇ ਜਾਓ, ਜਬ ਵੋਹ ਰਾਜ ਸਭਾ ਮੇਂ ਲੇ ਆਇਆ, ਤੋ ਰਾਜਾ ਸੇ ਲੇਕਰ ਸਭ ਪ੍ਰਜਾ ਕੋ ਪਸ਼ੂ ਰੂਪ ਮੇਂ ਹੀ ਦੇਖਤਾ

ਭਯਾ, ਏਕ ਬ੍ਰਹਮਨਿਸ਼ਠ ਜੋ ਰਾਜ ਗੁਰੂ ਥਾ ਉਨ੍ਹੋਂ ਕੋ ਹੀ ਮਨੁਖ ਦੇਖਤਾ ਭਯਾ, ਅਤੇ ਲੋਗੋਂ ਸੇ ਸੁਨਤਾ ਭਯਾ ਕਿ ਅਗਰ ਮਨੁਸ਼ ਹੈਂ ਤੋ ਯੇਹ ਮਹਾਤਮਾ ਹੀ ਹੈਂ, ਬਾਕੀ ਤੋ ਲੋਗ ਸੇ ਸੁਨਤਾ ਭਯਾ ਕਿ ਅਗਰ ਮਨੁਸ਼ ਹੈਂ ਤੋ ਯੇਹ ਮਹਾਤਮਾ ਹੀ ਹੈਂ, ਬਾਕੀ ਤੋ ਰਿਸ਼ਵਤ ਖੋਰ ਸਭ ਪਸ਼ੂ ਹੀ ਹੈਂ, ਸੋ ਇਸ ਪ੍ਰਕਾਰ ਪੰਖੀਓਂ ਕੋ ਭੀ ਪਰਖਨੇ ਵਾਲੀ ਇਤਨੀ ਬੁਧੀ ਹੋਤੀ ਹੈ, ਜਿਸ ਪੁਰਸ਼ ਕੋ ਆਤਮ ਪਰਖਨੇ ਕੀ ਬੁਧੀ ਨਹੀਂ ਸੋ ਢੋਰ ਪਸ਼ੂ ਹੈ। ਜੈਸੇ ਗੁਰੂ ਜੀ ਲਿਖਤੇ ਹੈਂ।

**ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥**

[ਬਾਵਨ ਅਖਰੀ ਸਫਾ ੨੫੧

**ਤਥਾ—ਗਿਆਨੇਨ ਹੀਨਾ ਪਸੂ ਭੀ ਸਮਾਨਾ ॥**

ਮਨੁਸ਼ ਜਨਮ ਕੀ ਸਫਲਤਾ

**ਸਭੁ ਜਨਮੁ ਤਿਨਾਂ ਕਾ ਸਫਲੁ ਹੈ, ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥** [ਵਡਹੰਸ ਕੀ ਵਾਰ ਮ: ੩ ਸਫਾ ੫੯੯

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥**

[ਗਉੜੀ ਬਾਵਨ ਅਖਰੀ ਮ: ੫ ਸਫਾ ੨੫੨

**(ਸ਼ਲੋਕ) ਬਾਣੀ ਰਸਵਤੀ ਯਸਯ ਭਾਰਯਾ ਪੁਤ੍ਰ ਵਤੀ ਸਤੀ, ਲਖਸ਼ਮੀ ਦਾਨ ਵਤੀ ਯਸਯ ਸਰਲੰ ਤਸਯ ਜੀਵਨੰ ॥ ੧ ॥ ਜੀਵਤੇ ਯਸਯ ਜੀਵੰਤੀ ਵਿਪ੍ਰਾ ਮਿਤ੍ਰਾਣੀ ਬਾਂਧਵਾ:, ਸਫਲੰ ਜੀਵਤੰ ਤਸਯ ਆਤਮ ਅਰਥੇ ਕੋ ਨ ਜੀਵਤੀ ॥**

ਟੀਕਾ—ਜਿਸ ਕੀ ਬਾਣੀ ਪ੍ਰੇਮ ਰਸ ਨਾਲ ਭਰੀ ਹੈ, ਜਿਸਕੀ ਇਸਤ੍ਰੀ ਪਤਿਬ੍ਰਤਾ ਅਰ ਪੁਤ੍ਰਵਤੀ ਹੈ, ਅਰ ਲਛਮੀ ਜਿਸ ਕੇ ਪਾਸ ਦਾਨ ਅਰਥ ਹੈ, ਉਸ ਕਾ ਜੀਵਨ ਸਫਲ ਹੈ ॥ ੧ ॥ ਜਿਸਕੇ ਜੀਵਨ ਸੇ ਬ੍ਰਾਹਮਣ ਮਿਤ੍ਰ ਸੰਬੰਧੀ ਜੀਤੇ ਹੈਂ, ਉਸਕਾ ਜੀਵਨ ਸੰਸਾਰ ਮੇਂ ਸਫਲ ਹੈ, ਆਪਣੇ ਵਾਤੇ ਕੌਨ ਨਹੀਂ ਜੀਤਾ ॥ ੨ ॥ ਦੂਸਰੇ ਕੇ ਅਰਥ ਹੀ ਜੀਵਨਾ ਸਫਲ ਹੈ ਤਥਾ ਤਤ੍ਰਵੇਤਾ ਕਾ ਜੀਵਨ ਸਫਲ ਹੈ ॥

**(ਛਪੈ) ਜਤ ਬਿਨ ਜੋਗੀ ਅਫਲ, ਅਫਲ ਭੋਗੀ ਬਿਨ ਮਾਯਾ ॥ ਜਲ ਬਿਨ ਸਰਵਰ ਅਫਲ, ਅਫਲ ਤਰਵਰ ਬਿਨ ਛਾਯਾ ॥ ਸ਼ਸ਼ਿ ਬਿਨ ਰਜਨੀ ਅਫਲ, ਅਫਲ ਦੀਪਕ ਬਿਨ ਮੰਦਰ ॥ ਨਰ ਬਿਨ ਨਾਰੀ ਅਫਲ, ਅਫਲ ਗੁਣ ਬਿਨ ਸਭ ਸੁੰਦਰ ॥ ਨਾਰਾਯਣ ਕੇ ਭਗਤ ਬਿਨ ਰਾਜਾ**



**ਪਰਜਾ ਅਫਲ, ਤਤ ਬੇਤਾ ਤ੍ਰਿਹੁ ਲੋਕ ਮੇਂ ਰਾਮ ਰਟਹਿ ਤੇ ਨਰ ਸਫਲ।**

ਗੁਰ ਪ੍ਰਮਾਣ:-

**ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥**

[ਭੈਰਉ ਕਬੀਰ ਸਫਾ ੧੧੫੯

ਕਿਉਂਕਿ ਗੁਰ ਸੇਵਾ ਕਰਕੇ ਜਬ ਭਗਤੀ ਕਮਾਈ ਜਾਵੇ, ਤਬ ਇਹ ਮਾਨਸ ਦੇਹੀ ਪਾਈ ਹੂਈ ਸਫਲ ਹੋਤੀ ਹੈ, ਕਿਉਂਕਿ ਗੁਰ ਸੇਵਾ ਤੇ ਗੁਰੂ ਮੇਂ ਜੋ ਵਿਦਵਤਾ ਹੋਤੀ ਹੈ, ਸੋ ਪ੍ਰਾਪਤ ਹੋ ਜਾਤੀ ਹੈ, ਜੈਸੇ ਏਕ ਸ਼ਹਿਰ ਕੇ ਦੋ ਬ੍ਰਾਹਮਣੋਂ ਕੇ ਲੜਕੇ, ਕਾਸ਼ੀ ਮੇਂ ਵਿਦਯਾ ਪੜ੍ਹਨੇ ਗਏ, ਏਕ ਗੁਰੂ ਸੇਵਾ ਮੇਂ ਲਗ ਗਿਆ, ਦੂਸਰਾ ਪੜ੍ਹਨੇ ਮੇਂ ਲਗ ਗਿਆ, ਪੁਸਤਕ ਯਾਦ ਕਰਤਾ ਰਹਾ ਐਸੇ ਕਰਤੇ ਕਰਤੇ ਉਨ ਕੋ ਬਾਰਾਂ ਬਰਸ ਗੁਜ਼ਰ ਗਏ, ਤਬ ਦੋਨੋਂ ਨੇ ਸਲਾਹ ਕਰੀ ਕਿ ਅਬ ਘਰ ਚਲੀਏ, ਤਬ ਸੇਵਾ ਕਰਨੇ ਵਾਲਾ ਬੜੀ ਨਿੰਮ੍ਰਤਾ ਸੇ ਗੁਰੂ ਕੋ ਦੰਡਵਤ ਪ੍ਰਣਾਮ ਕਰਕੇ ਆਗਿਆ ਲੇਤਾ ਭਯਾ, ਉਸ ਪਰ ਗੁਰੂ ਪ੍ਰਸੰਨ ਹੋ ਕਰ ਵਰ ਦੇਤੇ ਭਏ, ਕਿ ਤੁਮ੍ਹਾਰੇ ਕੋ ਸਭ ਪਦਾਰਥ ਹਸਤਾਮਲ ਵਤ ਅਪ੍ਰੋਖ ਹੋਏਂਗੇ, ਯਾਨੇ ਪ੍ਰਤੱਖ ਹੋਵੇਂਗੇ, ਕਿਉਂਕਿ ਤੁਮ ਨੇ ਬੜੇ ਪ੍ਰੇਮ ਸੇ ਹਮਾਰੀ ਸੇਵਾ ਕਰੀ ਹੈ, ਅਰ ਸੇਵਾ ਸੇ ਹੀ ਦੁਖੋਂ ਕੀ ਨਿਵਿਰਤੀ ਅਰ ਪ੍ਰਮਾਤਮਾ ਕੀ ਪ੍ਰਾਪਤੀ ਹੋਤੀ ਹੈ।

**ਪ੍ਰਮਾਣ:—ਗੁਰ ਪੀਰਾਂ ਕੀ ਚਾਕਰੀ ਮਹਾ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥ ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥** [ਵਾਰਾਂ ਤੋਂ ਵਧੀਕ ਮ: ੪ ਸਫਾ ੧੪੨੨

**ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥ ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥** [ਗਉੜੀ ਵਾਰ ਮ: ੫ ਸਫਾ ੩੨੦

**ਗੁਰ ਸੇਵਾ ਆਪਿ ਹਰਿ ਭਾਵੈ ॥ ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ ॥**

[ਗਉੜੀ ਵਾਰ ਮ: ੪-੫ ਸਫਾ ੧੬੫

**ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ ਕਾਮਿ ਕਰੋਧਿ ਜਲੈ ਸਭੁ ਕੋਈ ॥ ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥**

[ਮਾਰੂ ਸੋਲਹੇ ਮ: ੩ ਸਫਾ ੧੦੬੨

**(ਚੌਪਈ) ਗੁਰ ਸੇਵਾ ਤੇ ਗਿਆਨਹ ਲਹੇ। ਗੁਰ ਸੇਵਾ ਤੇ ਕਰਮਨ ਦਹੇ। ਗੁਰ ਸੇਵਾ ਤੇ ਪਰਮ ਪ੍ਰਕਾਸ਼। ਗੁਰ ਸੇਵਾ ਤੇ ਮਮ ਚਰਨ ਨਿਵਾਸ।**

**ਮੋਹ ਮਿਲਨ ਕਾ ਏਹੀ ਉਪਾਇ । ਗੁਰ ਸੇਵਾ ਬਿਨ ਔਰ ਨ ਕਾਇ। ਗੁਰ ਸੇਵਾ ਕੋ ਇਸੋ ਪ੍ਰਭਾਵ । ਜਾਤੇ ਉਪਜੇ ਮੇਰੋ ਭਾਵ। ਗੁਰ ਸੇਵਾ ਤੇ ਪਾਵੇ ਭਗਤੀ। ਗੁਰ ਸੇਵਾ ਤੇ ਸਕਲ ਬਿਤੀ।** [ਭਾਗਵਤ ਭਾ: ਇਕਾਦਸ ਸਿਕੰਧ

**ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥ ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥** [ਗਉੜੀ ਥਿਤੀ ਮ: ੫ ਸਫਾ ੨੯੬

**ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਿਗੁਰੁ ਸੇਵਾ ਲਾਏ ॥**

[ਰਾਮਕਲੀ ਮ: ੪ ਸਫਾ ੮੮੦

ਇਸ ਪ੍ਰਕਾਰ ਗੁਰੂਓਂ ਨੇ ਕਹਿ ਕਰ ਆਗਿਆ ਦੀ ਔਰ ਥਾਪੀ ਦਿਤੀ, ਔਰ ਦੂਸਰਾ ਵਿਦਯਾ ਕੇ ਅਭਿਮਾਨ ਸੇ ਡੰਡੋਤ ਭੀ ਨ ਕਰਤਾ ਭਯਾ ਔਰ ਨਾ ਹੀ ਥਾਪੀ ਲੇਤਾ ਭਯਾ, ਜਬ ਘਰ ਕੋ ਚਲ ਪੜੇ ਤਬ ਵਿਦਯਾ ਵਾਲੇ ਨੇ ਸੇਵਾ ਕਰਨੇ ਵਾਲੇ ਕੋ ਬਹੁਤ ਤਾੜਾ, ਔਰ ਕਹਾ ਅਰੇ ਮੂਰਖ ਬਾਰਾਂ ਬਰਸ ਮੇਂ ਤੁਮ ਕਿਆ ਵਿਦਯਾ ਪੜ੍ਹ ਕਰ ਚਲਾ ਹੈਂ ? ਤੂੰ ਅਪਨੇ ਸੰਬੰਧੀਓਂ ਕੋ ਕਿਆ ਸੁਨਾਏਂਗਾ ? ਐਸੇ ਅਨੇਕ ਦੁਰਬਚਨ ਕਹੇ, ਪਰੰਤੂ ਗੁਰੂ ਭਗਤ ਸ਼ਾਂਤੀ ਪੂਰਬਕ ਸਹਾਰਤਾ ਭਯਾ, ਆਖਰ ਕੋ ਚਲਤੇ ਚਲਤੇ ਏਕ ਸ਼ਹਿਰ ਮੇਂ ਆਏ, ਵਹਾਂ ਕੁਛ ਦਿਨ ਰਹੇ ਉਸ ਸ਼ਹਿਰ ਮੇਂ ਸਭਾ ਹੂਈ, ਜਿਸ ਮੇਂ ਬੜੇ ਬੜੇ ਵਿਦਵਾਨ ਬੁਲਾਏ ਗਏ ਥੇ, ਉਨਕੋ ਭੀ ਬੁਲਾਯਾ ਸਭ ਵਿਦਵਾਨੋਂ ਕਾ ਸਾਸਤ੍ਰਾਰਥ ਹੂਆ, ਪਰੰਤੂ ਗੁਰੂ ਭਗਤ ਕੀ ਜੈ ਹੂਈ, ਸਭ ਵਿਦਵਾਨੋਂ ਨੇ ਉਸਕਾ ਪੂਜਨ ਸਤਿਕਾਰ ਕਰਾ, ਕਿਉਂਕਿ ਗੁਰੂ ਸੇਵਾ ਸੇ ਸਭ ਸਾਸਤ੍ਰ ਸਫੁਰਨ ਹੋ ਜਾਤੇ ਹੈਂ, ਜੈਸੇ ਗੁਰੂ ਰਾਮਦਾਸ ਜੀ ਕੋ ਗੁਰੂ ਸੇਵਾ ਸੇ ਅਕਬਰ ਬਾਦਸ਼ਾਹ ਕੀ ਸਭਾ ਮੇਂ, ਬ੍ਰਾਹਮਣ ਖਤ੍ਰੀਓ ਕੇ ਸਾਥ ਸਾਸਤ੍ਰਾਰਥ ਕਰਤੇ ਹੂਓਂ ਕੀ ਵਿਜੈ ਹੂਈ। ਯਹ ਪ੍ਰਸੰਗ ਸੂਰਜ ਪ੍ਰਕਾਸ਼ ਕੀ ਰਾਸ ਪਹਿਲੀ ਅੰਸੂ ੪੪ ਮੇਂ ਲਿਖਾ ਹੈ । ਜਬ ਇਸ ਪ੍ਰਕਾਰ ਗੁਰੂ ਭਗਤ ਕੀ ਵਿਜੈ ਹੋਨੇ ਸੇ ਬਹੁਤ ਪ੍ਰਤਿਸ਼ਠਾ ਹੂਈ, ਤਬ ਦੂਸਰਾ ਪੜ੍ਹਨੇ ਵਾਲਾ ਈਰਖਾ ਕਰਕੇ ਉਸਕੋ ਮਾਰਨੇ ਕਾ ਵਿਚਾਰ ਕਰਨੇ ਲਗਾ, ਜਬ ਉਸ ਸ਼ਹਿਰ ਸੇ ਚਲੇ, ਤੋ ਜੰਗਲ ਕੇ ਰਸਤੇ ਮੇਂ ਰਾਤ ਪੜ ਗਈ, ਜਬ ਗੁਰੂ ਭਗਤ ਸੌਂ ਗਿਆ ਤਬ ਉਸ ਕੀ ਛਾਤੀ ਪਰ ਪੈਰ ਰਖ ਕਰ ਕੇਸੋਂ ਸੇ ਪਕੜ ਕਰ, ਤਲਵਾਰ ਸੇ ਗਰਦਨ ਕਾਟਨੇ ਲਗਾ, ਗੁਰੂ ਭਗਤ ਨੇ ਉਸ ਕੋ ਬਹੁਤ ਸਮਝਾਯਾ ਪਰੰਤੂ ਸਮਝਾਨੇ ਪਰ ਭੀ ਜਬ ਨ ਮਾਨਾ, ਤਬ ਉਸ ਕੋ ਕਹਾ ਜਬ ਮੇਰਾ ਪਿਤਾ ਮੇਰਾ ਸਮਾਚਾਰ ਪੂਛੇ, ਤੋ (ਅਪਰ ਸ਼ਿਖਾ) ਇਤਨਾ ਪਦ ਕਹਿ ਦੇਨਾ । ਉਸ ਨੇ ਕਹਾ ਕਹਿ ਦੂੰਗਾ । ਐਸਾ ਕਹਿ ਕਰ ਉਸਕੋ ਤਲਵਾਰ ਸੇ ਮਾਰ ਦੀਆ ਅਰ ਉਸ ਕੇ ਘਰ ਆਕਰ ਉਸਕੇ ਪਿਤਾ ਕੋ ਕਹਾ, ਤੇਰਾ ਪੁਤ੍ਰ ਮਰ ਗਿਆ ਹੈ ਔਰ ਮਰਤੇ ਸਮਯ ਤੇਰੇ ਵਾਸਤੇ (ਅਪਰ ਸ਼ਿਖਾ) ਕਹਾ ਥਾ । ਉਸ ਕਾ ਤੁਮ ਅਰਥ ਵਿਚਾਰ ਲੋ, ਪਿਤਾ ਸ਼ੀਘਰ ਹੀ ਰਾਜਾ ਪਾਸ ਪਹੁੰਚਾ ਔਰ ਕਹਾ ਆਪ ਕੀ ਸਭਾ ਮੇਂ ਬੜੇ ਬੜੇ ਵਿਦ੍ਵਾਨ ਬੈਠੇ ਹੈਂ, ਮੇਰੇ ਕੋ ਅਪਰ ਸ਼ਿਖਾ ਕਾ



ਅਰਥ ਸੁਨਾਏਂ । ਰਾਜਾ ਨੇ ਬ੍ਰਾਹਮਣੋਂ ਕੋ ਆਠ ਦਿਨ ਕੀ ਮੁਹਲਤ ਦੇਕਰ ਕਹਾ, ਅਗਰ ਇਸ ਪਦ ਕਾ ਅਰਥ ਨ ਸੁਨਾਵੋਗੇ ਤੋ ਸਭ ਬ੍ਰਾਹਮਣੋਂ ਕੋ ਕਤਲ ਕਰਾਯਾ ਜਾਵੇਗਾ, ਤਬ ਬ੍ਰਾਹਮਣ ਇਸ ਪਦ ਕਾ ਅਰਥ ਵਿਚਾਰਨੇ ਲਗਾ, ਕਿਸੀ ਕੀ ਬੁਧੀ ਮੇਂ ਨ ਆਇਆ ਐਸੇ ਹੀ ਸਾਤ ਦਿਨ ਵਯਤੀਤ ਹੋ ਗਏ, ਉਨ ਮੇਂ ਸੇ ਏਕ ਵਰ ਰੁਚੀ ਨਾਮ ਵਾਲਾ ਪੰਡਿਤ, ਉਦਾਸੀਨ ਹੋਕਰ ਜੰਗਲ ਮੇਂ ਬਟ ਬ੍ਰਿਖ ਕੇ ਨੀਚੇ ਜਾਕਰ, ਰਾਤ੍ਰੀ ਨਿਵਾਸ ਕਰਨੇ ਲਗਾ, ਅਰ ਪਦ ਕਾ ਅਰਥ ਵਿਚਾਰਨੇ ਲਗਾ ਪਰੰਤੂ ਉਸ ਕੀ ਬੁਧੀ ਮੇ ਅਰਥ ਨ ਆਇਆ, ਤਬ ਚਿਤ ਮੇਂ ਬੜਾ ਦੁਖੀ ਹੂਆ ਨਿੰਦ੍ਰਾ ਨ ਪੜੀ ਉਸ ਬ੍ਰਿਖ ਮੇਂ ਭੂਤ ਭੂਤਨੀ ਰਹਿਤੇ ਥੇ ਭੂਤਨੀ ਗਰਭਵਤੀ ਥੀ ਭੂਤ ਕੋ ਕਹਿਨੇ ਲਗੀ, ਮੇਰੇ ਕੋ ਮਨੁਸ਼ ਕੇ ਮਾਸ ਖਾਨੇ ਕੀ ਬਹੁਤ ਇਛਾ ਹੋ ਰਹੀ ਹੈ, ਇਸ ਲੀਏ ਮੇਰੇ ਕੋ ਮਨੁਖ ਕਾ ਮਾਸ ਖਿਲਾਓ । ਭੂਤ ਭੂਤਨੀ ਕੋ ਕਹਿਨੇ ਲਗਾ ਕਲ ਕੋ ਰਾਜਾ ਬਹੁਤ ਬ੍ਰਾਹਮਣੋਂ ਕੋ ਮਾਰੇਗਾ, ਬੜੇ ਬੜੇ ਪਵਿਤ੍ਰ ਵਿਦ੍ਵਾਨੋਂ ਕਾ ਮਾਸ ਲਿਆ ਕਰ ਦੂੰਗਾ, ਉਸ ਸੇ ਹਮ ਕੋ ਪਾਪ ਭੀ ਨ ਹੋਗਾ ਔਰ ਤੁਮ੍ਹਾਰੀ ਭੀ ਇਛਾ ਪੂਰੀ ਹੋ ਜਾਏਗੀ । ਇਸਤ੍ਰੀ ਕਹਿਨੇ ਲਗੀ ਰਾਜਾ ਬ੍ਰਾਹਮਣੋਂ ਕੋ ਕਿਉਂ ਮਰਵਾਏਗਾ ? ਭੂਤ ਨੇ ਕਹਾ ਏਕ ਬ੍ਰਾਹਮਣ ਨੇ ਪਦ ਕਾ ਅਰਥ ਪੂਛਾ ਹੈ ਕਿਸੀ ਕੋ ਉਸ ਪਦ ਕਾ ਅਰਥ ਨਹੀਂ ਆਏਗਾ, ਤਬ ਰਾਜਾ ਉਨਕੋ ਮਰਵਾ ਦੇਗਾ, ਭੂਤਨੀ ਕਹਨੇ ਲਗੀ ਆਪ ਉਸ ਪਦ ਕਾ ਅਰਥ ਜਾਨਤੇ ਹੋ, ਤੋ ਮੇਰੇ ਕੋ ਸੁਨਾਓ ਭੂਤ ਨੇ ਕਹਾ, ਪਦ 'ਅਪਰ ਸ਼ਿਖਾ' ਹੈ, ੧. ਅ, ੨. ਪ੍ਰ, ੩. ਸ਼, ੪. ਖ, ਅਬ ਇਨ ਕੇ ਅਰਥ ਲਿਖਤੇ ਹੈਂ:-

**ਅਨੇਨ ਤਵ ਪੁਤ੍ਰਸਯ, ਪ੍ਰਸੁਪਤਸਯ ਬਨਾਂਤਰੇ । ਸ਼ਿਖਾਮਾਰੁਹਯ ਪਾਦੇਨ ਖੜਗੇਨ ਨਿਹਤੰ ਸ਼ਿਰ: ।**

ਅਰਥ-ਮਰਤੇ ਵਕਤ ਗੁਰੂ ਭਗਤ ਨੇ ਯਹ ਕਹਾ ਹੈ ਕਿ ਹੇ ਪਿਤਾ 'ਅਪਰ ਸ਼ਿਖਾ' ਪਦ ਸੁਨਾਨੇ ਵਾਲੇ ਇਸੀ ਪੁਰਸ਼ ਨੇ, ਤੁਮ੍ਹਾਰਾ ਪੁਤ੍ਰ ਜੋ ਮੈਂ ਹੂੰ ਬਨ ਮੇਂ ਸੋਏ ਹੂਏ ਕੋ ਪਾਉਂ ਸੇ, ਸਿਰ ਕੋ ਦਬਾ ਕਰ ਤਲਵਾਰ ਸੇ ਸਿਰ ਛੇਦਨ ਕਰ ਦੀਆ, ਇਸ ਪ੍ਰਕਾਰ ਗੁਰੂ ਭਗਤ ਨੇ ਅਪਨੇ ਮਰਨੇ ਕਾ ਸਮਾਚਾਰ ਪਿਤਾ ਕੋ ਕਹਿ ਭੇਜਾ, ਉਸ ਦ੍ਰਿਸ਼ਟ ਕੂਟ ਕਾ ਅਰਥ ਕਿਸੀ ਕੋ ਮਾਲੂਮ ਨਹੀਂ ਹੈ, ਮੇਰੇ ਕੋ ਗੁਰੂ ਕ੍ਰਿਪਾ ਸੇ ਮਾਲੂਮ ਹੈ ਮੈਂ ਉਸ ਗੁਰੂ ਭਗਤ ਕੋ ਉਠਾ ਕਰ ਗੁਰੂ ਜੀ ਕੇ ਪਾਸ ਬਨਾਰਸ ਮੇਂ ਲੇ ਗਿਆ ਥਾ, ਅਰ ਗੁਰੂ ਜੀ ਨੇ ਸੰਜੀਵਨੀ ਵਿਦਯਾ ਸੇ ਜਿਵਾ ਦੀਆ ਹੈ, ਅਬ ਆਨੰਦ ਮੰਗਲ ਸੇ ਵਹਾਂ ਰਹਿਤਾ ਹੈ। ਇਸ ਅਰਥ ਕੋ ਵਰਰੁਚੀ ਬਟ ਕੇ ਨੀਚੇ ਬੈਠਾ ਹੂਆ ਸੁਨ ਰਹਾ ਥਾ, ਔਰ ਸੁਨ ਕਰ ਯਾਦ ਕਰ ਲੀਆ, ਸਵੇਰੇ ਰਾਜਾ ਕੀ ਸਭਾ ਮੇਂ ਜਾਕਰ ਅਰਥ ਸੁਨਾਯਾ, ਰਾਜਾ ਨੇ ਉਸ ਮਾਰਨੇ ਵਾਲੇ ਬਾਲਕ ਕੋ ਤਾੜਨਾ ਪੂਰਬਕ ਪੂਛਾ, ਤਬ ਉਸਨੇ ਸਭ ਸਚ ਕਹਿ ਦੀਆ ਤਬ ਬਾਲਕ ਕੋ ਦੇਸ ਨਿਕਾਲਾ ਦੇ ਦੀਆ, ਦੇਵਨੇਤ ਸੇ ਪਹਿਲੀ ਰਾਤ੍ਰੀ ਉਸ ਬਾਲਕ ਨੇ ਉਸੀ ਬਟ ਕੇ ਨੀਚੇ ਜਾਕਰ ਨਿਵਾਸ ਕੀਆ, ਜਿਸ ਮੇਂ ਭੂਤ ਰਹਿਤਾ ਥਾ ਆਧੀ ਰਾਤ ਕੋ ਭੂਤਨੀ

ਨੇ ਭੂਤ ਸੇ ਪੂਛਾ ਤੁਮ ਆਜ ਮਾਸ ਕਿਉਂ ਨਹੀਂ ਲਿਆਏ ? ਭੂਤ ਨੇ ਕਹਾ ਹਮਾਰੇ ਅਰਥ
ਕੋ ਵਰਰੁਚੀ ਪੰਡਿਤ ਸੁਨ ਕਰ ਸਭਾ ਮੇਂ ਜਾਕਰ ਸੁਨਾਤਾ ਭਯਾ, ਇਸ ਵਾਸਤੇ ਰਾਜਾ
ਨੇ ਬ੍ਰਾਹਮਣੋਂ ਕੋ ਇਨਾਮ ਦੇ ਕਰ ਛੋੜ ਦੀਆ, ਤਬ ਭੂਤਨੀ ਕਹਿਨੇ ਲਗੀ ਕੋਈ ਦੂਸਰਾ
ਪ੍ਰਸੰਗ ਸੁਨਾਓ। ਤਬ ਭੂਤ ਕਹਿਨੇ ਲਗਾ ਰਾਤ੍ਰੀ ਕੋ ਨ ਸੁਨਾਨਾ ਚਾਹੀਏ।

## (ਸ਼ਲੋਕ) ਦਿਨੇ ਨਿਰੀਖਯ ਵਕਤਬਯੰ ਰਾਤ੍ਰਊ ਨੈਵ ਨੈਵ ਚ, ਸਰਵੇ ਧੂਰਤਾ: ਪ੍ਰਤਿਸ਼ਠੰਤਿ ਬਟ ਬ੍ਰਿਖਯੇ ਵਰਰੁਚੀ: ਯਥਾ।

ਅਰਥ-ਦਿਨ ਕੋ ਈਹਾਂ ਊਹਾਂ ਦੇਖ ਕਰ ਬਾਤ ਕਰਨੀ ਚਾਹੀਏ, ਔਰ ਰਾਤ੍ਰੀ ਕੋ
ਬਿਲਕੁਲ ਨ ਕਰਨੀ ਚਾਹੀਏ, ਕਿਉਂਕਿ ਸਭ ਜਗ੍ਹਾ ਧੂਰਤ ਵਿਚਰਤੇ ਹੈਂ, ਜੈਸੇ ਕਲ
ਦਿਨ ਬਟਕੇ ਨੀਚੇ ਵਰਰੁਚੀ ਪੰਡਿਤ ਥਾ, ਅਬ ਭੀ ਕੋਈ ਧੂਰਤ ਨੀਚੇ ਨ ਹੋ, ਦੇਖ
ਲੇਵੇਂ ਜਬ ਦੇਖਾ ਤੋ ਵੋਹੀ ਗੁਰੂ ਭਰਾਤ ਦ੍ਰੋਹੀ ਬੈਠਾ ਹੈ, ਦੁਸ਼ਟ ਜਾਨ ਕਰ ਉਸਕੋ ਮਾਰ
ਦੀਆ, ਗੁਰੂ ਸੇਵਾ ਸੇ ਬਿਨਾ ਉਸ ਕਾ ਜਨਮ ਨਿਸਫਲ ਗਿਆ। ਇਸ ਪ੍ਰਕਾਰ ਕੇ ਅਨੇਕ
ਵਚਨ ਸੁਨਾਤੇ ਰਹੇ, ਫੇਰ ਆਪ ਕੋ ਸਰਗੋਧੇ ਵਾਲੇ ਭਗਤ ਸੀਤਾ ਰਾਮ ਬਾਲ
ਮੁਕੰਦ, ਸਰਗੋਧੇ ਲੇ ਗਏ ਵਹਾਂ ਆਪ ਉਨ ਕੇ ਬਾਗ ਮੇਂ ਦੋ ਮਹੀਨਾ ਰਹੇ, ਬ੍ਰਿਜ
ਲਾਲ ਪਰੀ ਵਕੀਲ ਆਪ ਕੀ ਪ੍ਰੇਮ ਸੇ ਸੇਵਾ ਕਰਤਾ ਰਹਾ, ਵਹਾਂ ਆਪ ਕਾ ਸਰੀਰ
ਬਹੁਤ ਬੀਮਾਰ ਹੋ ਗਿਆ, ਸੀਤਾ ਰਾਮ ਔਰ ਬ੍ਰਿਜ ਲਾਲ ਇਸ ਦਾਸ ਕੋ ਕਹਿਨੇ
ਲਗੇ, ਕਿ ਸ੍ਰੀ ਮਹਾਰਾਜ ਜੀ ਕਾ ਸਰੀਰ ਛੁਟੇਗਾ ਤੋ ਈਹਾਂ ਧੂਮ ਧਾਮ ਸੇ ਵਿਮਾਨ
ਕਢੇਂਗੇ, ਹਮ ਸਭ ਲੋਗ ਮਿਲ ਕਰ ਆਪ ਪਾਸ ਆਏ, ਆਪ ਨੇ ਕਹਾ ਮੇਰਾ ਸਰੀਰ
ਰਿਖੀਕੇਸ ਛੁਟੇਗਾ ਤੁਮ ਕੋਈ ਫਿਕਰ ਨ ਕਰੋ ਫੇਰ ਆਪ ਕਾ ਸਰੀਰ ਰਾਜ਼ੀ ਹੋ
ਗਿਆ। ਤਬ ਆਪ ਰਿਖੀਕੇਸ਼ ਆਏ, ਸਿਆਲਾ ਰਿਖੀਕੇਸ਼ ਝਾੜੀ ਮੇਂ ਰਹਿ ਕਰ
ਚਤਰ ਮਾਸ ਆਪ ਨਿਰਮਲ ਆਸ਼ਰਮ ਮੇਂ ਰਹੇ, ਵਹਾਂ ਆਪ ਕੇ ਨੇਤਰ ਬਿਲਕੁਲ
ਕਮਜ਼ੋਰ ਹੋ ਗਏ, ਤਬ ਜੀਵਨ ਆਸ਼ਰਮ ਵਾਲੇ ਪ੍ਰੇਮੀਓਂ ਨੇ ਆਪ ਸੇ ਬਹੁਤ ਪ੍ਰਾਰਥਨਾ
ਕਰੀ, ਕਿ ਸ੍ਰੀ ਅੰਮ੍ਰਿਤਸਰ ਚਲੋ ਨੇਤ੍ਰ ਬਣਵਾਓ, ਸੰਮਤ ੧੯੭੮ ਕੇ ਸਿਆਲੇ ਮੇਂ ਆਪ
ਸ੍ਰੀ ਅੰਮ੍ਰਿਤਸਰ ਆਏ, ਡਾਕਟਰ ਸੋਹਣ ਸਿੰਘ ਨੇ ਬੜੇ ਪ੍ਰੇਮ ਸੇ ਨਿਸ਼ਕਾਮ ਹੋਕਰ,
ਆਪਣੇ ਮਕਾਨ ਮੇਂ ਆਪ ਕੋ ਰਖ ਕਰ, ਪਹਿਲੇ ਏਕ ਨੇਤਰ ਬਣਾਇਆ ਫੇਰ ਦੂਸਰਾ
ਨੇਤਰ ਬਣਾਇਆ, ਔਰ ਕਹਾ ਕੁਛ ਵਕਤ ਈਹਾਂ ਅੰਧੇਰੇ ਮੇਂ ਹੀ ਰਹੋ, ਪ੍ਰਕਾਸ਼ ਯਾਨੇ
ਚਮਕ ਨੇਤਰੋਂ ਕੋ ਨਾ ਲਗੇ, ਤਬ ਆਪ ਕੁਝ ਵਕਤ ਤਰਨ ਤਾਰਨ ਜਾਕਰ ਰਹੇ। ਭਾਈ
ਬਿਸ਼ਨ ਸਿੰਘ ਪਰਵਾਰ ਸਹਿਤ ਆਪ ਕੀ ਸੇਵਾ ਵਾਸਤੇ, ਤਰਨ ਤਾਰਨ ਰਹਿਣੇ ਲਗਾ।
ਤਥਾ ਭਾਈ ਮੋਹਨ ਸਿੰਘ ਵੈਦ, ਭਾਈ ਜੱਸਾ ਸਿੰਘ ਆਦਿਕ, ਸਭ ਪ੍ਰੇਮੀ ਆਪ ਕੀ ਸੇਵਾ
ਔਰ ਸਤਸੰਗ ਕਰਤੇ ਰਹੇ। 'ਪਹਿਲਾ ਪੁਤ੍ਰ' ਇਸ ਸ਼ਬਦ ਕਾ ਭਾਵ ਅਰਥ ਆਪ ਸੇ ਪੂਛਾ
ਆਪ ਨੇ ਸੰਖੇਪ ਸੇ ਉਨ ਕੋ, ਸ਼ਬਦ ਕਾ ਭਾਵ ਇਸ ਤਰਹ ਸੁਨਾਇਆ



**ਪਹਿਲਾ ਪੂਤੁ ਪਿਛੈਰੀ ਮਾਈ ॥ ਗੁਰੁ ਲਾਗੋ ਚੇਲੇ ਕੀ ਪਾਈ ॥ ੧ ॥ ਏਕੁ ਅਚੰਭਉ ਸੁਨਹੁ ਤੁਮ੍ਹ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥ ੧ ॥ ਰਹਾਉ ॥ ਜਲ ਕੀ ਮਛੁਲੀ ਤਰਵਰਿ ਬਿਆਈ ॥ ਦੇਖਤ ਕੁਤਰਾ ਲੈ ਗਈ ਬਿਲਾਈ ॥ ੨ ॥ ਤਲੈ ਰੇ ਬੈਸਾ ਊਪਰਿ ਸੂਲਾ ॥ ਤਿਸਕੈ ਪੇਡਿ ਲਗੇ ਫਲ ਫੂਲਾ ॥ ੩ ॥ ਘੋਰੈ ਚਰਿ ਭੈਸ ਚਰਾਵਨ ਜਾਈ ॥ ਬਾਹਰਿ ਬੈਲੁ ਗੋਨਿ ਘਰਿ ਆਈ ॥ ੪ ॥ ਕਹਤ ਕਬੀਰ ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥ ੫ ॥ ੯ ॥ ੨੨ ॥**

[ਆਸਾ ਕਬੀਰ ਸਫਾ ੪੮੧

ਅਰਥ-ਕਬੀਰ ਸਾਹਿਬ ਜੀ ਕਾਸ਼ੀ ਮੇਂ ਰਹਾ ਕਰਤੇ ਥੇ, ਉਨਕੇ ਪਾਸ ਬਹੁਤ ਅਧਿਕਾਰੀ ਵੇਦਾਂਤ ਕੇ ਵਿਚਾਰ ਵਾਸਤੇ ਆਇਆ ਕਰਤੇ ਥੇ। ਏਕ ਕਾਲ ਮੇਂ ਸਭਾ ਮੇਂ ਚਾਰ ਅਧਿਕਾਰੀਓਂ ਨੇ ਭਿੰਨ ਭਿੰਨ ਚਾਰ ਪ੍ਰਸ਼ਨ ਕੀਏ। ਏਕ ਨੇ (੧) ਏਹ ਪ੍ਰਸ਼ਨ ਕੀਆ ਕਿ ਭਗਵਨ ਮਾਯਾ ਕਾ ਕਿਆ ਸਰੂਪ ਹੈ। (੨) ਮਾਯਾ ਮੇਂ ਕਿਆ ੨ ਤਾਕਤ ਹੈ ਯਾਨੇ ਕਿਆ ਕਿਆ ਮਾਯਾ ਕਰ ਸਕਤੀ ਹੈ। (੩) ਯਹ ਜੀਵ ਸ਼ੁਧ ਸਚਿਦਾਨੰਦ ਪਰੀਪੂਰਣ ਬ੍ਰਹਮ ਥਾ ਇਸਕੋ ਜਨਮ ਕੀ ਪਰਾਪਤੀ ਕੈਸੇ ਹੂਈ। (੪) ਅਛਾ ਕਿਸੀ ਪਰਕਾਰ ਜਨਮ ਕੀ ਪਰਾਪਤੀ ਹੋ ਭੀ ਗਈ ਪਰੰਤੂ ਅਬ ਬ੍ਰਹਮ ਕੀ ਪਰਾਪਤੀ ਕੈਸੇ ਹੋਵੇਗੀ। ਪਹਿਲੇ ਪ੍ਰਸ਼ਨ ਕਾ ਉਤਰ-ਮਾਯਾ ਤੁਛ ਯਾਨੇ ਅਸੱਤ ਹੈ, ਜੈਸੇ ਯੇ ਪਦਾਰਥ ਅਸੱਤ ਹੈਂ। ਕੋਈ ਕਹੇ ਕਿ ਸ਼ਾਦੀ ਸੇ ਪਹਿਲੇ ਹੀ ਪੁਤ੍ਰ ਕੀ ਪਰਾਪਤੀ ਹੂਈ, ਔਰ ਉਸ ਕੀ ਮਾਤਾ ਪੀਛੇ ਪ੍ਰਾਪਤ ਹੂਈ ਜੈਸੇ ਯਹ ਬਾਤ ਅਸੱਤ ਹੈ, ਤੈਸੇ ਮਾਯਾ ਭੀ ਅਸੱਤ ਹੈ। ਕੋਈ ਕਹੇ ਗੁਰੂ ਚੇਲੇ ਕੇ ਚਰਣੋਂ ਮੇਂ ਨਿਮਸ਼ਕਾਰ ਕਰਤਾ ਹੈ, ਜੈਸੇ ਯਹ ਬਾਤ ਅਸੱਤ ਹੈ। ਤਥਾ ਕੋਈ ਕਹੇ ਮੇਰੇ ਦੇਖਤੇ ਸਿੰਘ ਯਾਨੇ ਸ਼ੇਰ ਗਵਾਲੇ ਕੀ ਤਰਹ ਗਾਈਓਂ ਕੋ ਚਰਾਤਾ ਥਾ, ਜੈਸੇ ਯਹ ਬਾਤ ਅਸੱਤ ਹੈ, ਤੈਸੇ ਮਾਯਾ ਭੀ ਅਸੱਤ ਹੈ। ਤਥਾ ਕੋਈ ਕਹੇ ਜਲ ਮੇਂ ਰਹਿਣੇ ਵਾਲੀ ਮਛੁਲੀ ਬ੍ਰਿਖ ਮੇਂ ਆਂਡੇ ਦੇਤੀ ਹੈ, ਜੈਸੇ ਯਹ ਅਸੱਤ ਹੈ, ਤੈਸੇ ਯਹ ਮਾਯਾ ਅਸੱਤ ਹੈ। ਕੋਈ ਕਹੇ ਮੇਰੇ ਦੇਖਤੇ ਦੇਖਤੇ ਕਤੂਰੇ ਕੋ ਬਿੱਲੀ ਲੇਕੇ ਭਾਗ ਗਈ, ਜੈਸੇ ਯਹ ਅਸੱਤ ਹੈ, ਤੈਸੇ ਮਾਯਾ ਭੀ ਅਸੱਤ ਹੈ। ਅਗਰ ਕੋਈ ਕਹੇ ਮੈਨੇ ਏਕ ਬ੍ਰਿਖ ਦੇਖਾ, ਜਿਸਕੀਆਂ ਜੜ੍ਹਾਂ ਉਪਰ ਥੀਆਂ ਔਰ ਸ਼ਾਖਾਂ ਨੀਚੇ ਥੀਆਂ, ਔਰ ਪੇਡ ਫਲ ਫੂਲੋਂ ਸੇ ਭਰਯਾ ਪੜਾ ਥਾ, ਜੈਸੇ ਯੇ ਕਹਿਨਾ ਅਸੱਤ ਹੈ। ਤਥਾ ਕੋਈ ਕਹੇ ਕਿ ਘੋੜੇ ਪਰ ਚੜ੍ਹ ਕਰ ਭੈਂਸਾ ਵਿਚਰਨੇ ਜਾਤਾ ਹੈ, ਜੈਸੇ ਯੇ ਬਾਤ ਅਸੱਤ ਹੈ, ਤੈਸੇ ਮਾਯਾ ਭੀ ਅਸੱਤ ਹੈ। "ਬਾਹਰਿ ਬੈਲੁ ਗੋਨਿ ਘਰਿ ਆਈ" ਜੈਸੇ ਯਹ ਬਾਤ ਕੋਈ ਕਹੇ ਪਰੰਤੂ ਅਸੱਤ ਹੈ, ਤੈਸੇ ਮਾਯਾ ਭੀ ਅਸੱਤ ਹੈ ਯਾਨੇ ਤੁੱਛ ਹੈ। ( ਦੂਸਰੇ ਪ੍ਰਸ਼ਨ ਕਾ ਉਤ੍ਰ ) 'ਅਘਟਤ ਘਟ ਨ ਪਟੀ ਯਸੀ ਮਾਯਾ' ਯਾਨੇ ਜੋ ਪਦਾਰਥ ਕਿਸੀ ਸੂਰਤ ਸੇ ਨ ਬਨ ਸਕੇ, ਉਸ ਕੇ ਬਨਾਨੇ ਮੇਂ ਜੋ ਚਤੁਰ ਹੋਵੇ, ਸੋ ਕਹੀਏ ਮਾਯਾ। ਯੇ ਮਾਯਾ ਮੇਂ ਤਾਕਤੈਂ ਹੈਂ ਯਾਨੇ ਉਪਰਲੇ ਦ੍ਰਿਸ਼ਟਾਂਤੋਂ ਮੇਂ ਜੋ ਪਦਾਰਥ

ਨਹੀਂ ਬਨ ਸਕਤੇ ਥੇ, ਉਨ ਸਭ ਕੋ ਮਾਯਾ ਬਨਾ ਸਕਤੀ ਹੈ। ਜੈਸੇ 'ਪਹਿਲਾ ਪੂਤੁ ਪਿਛੈਰੀ ਮਾਈ' ਯੇਹ ਬਨਤਾ ਨਹੀਂ ਪਰੰਤੂ ਮਾਯਾ ਨੇ ਇਸ ਕੋ ਭੀ ਬਨਾ ਕਰ ਦਿਖਾ ਦੀਆ, ਜੈਸੇ ਏਕ ਉਦਾਲਕ ਰਿਸ਼ੀ ਥਾ, ਉਸ ਨੇ ਏਕ ਦਿਨ ਮ੍ਰਿਗ ਕੋ ਮ੍ਰਿਗਣੀ ਕੇ ਸਾਥ ਚੇਸ਼ਟਾ ਕਰਤੇ ਦੇਖਾ ਤੋ ਉਸਕਾ ਚਿਤ ਵਿਵਾਹ ਕਰਨੇ ਕੋ ਹੂਆ। ਤਬ ਅਪਨੇ ਪਿਤਾ ਬ੍ਰਹਮਾ ਜੀ ਕੇ ਪਾਸ ਗਿਆ ਅਰ ਕਹਾ ਮੇਰਾ ਗ੍ਰਿਹਸਤ ਕਰਨੇ ਕਾ ਵਿਚਾਰ ਹੈ, ਇਸ ਲੀਏ ਆਪ ਮੇਰੀ ਸ਼ਾਦੀ ਕਰਾ ਦੋ। ਬ੍ਰਹਮਾ ਜੀ ਨੇ ਕਿਹਾ ਸਾਦੀ ਮੇਂ ਬੜੇ ਦੁਖ ਹੋਤੇ ਹੈਂ। ਪ੍ਰਮਾਣ:-

## ਪੂਤੁ ਕਲਤੁ ਲਛਮੀ ਮਾਇਆ ॥ ਇਨ ਤੇ ਕਹੁ ਕਵਨੈ ਸੁਖੁ ਪਾਇਆ ॥

[ਧਨਾਸਰੀ ਕਬੀਰ ਸਫਾ ੬੯੨

ਪੁਤ੍ਰ ਇਸਤ੍ਰੀ ਆਦਿ ਮੇਂ ਸੁਖ ਨਹੀਂ ਇਸ ਲੀਏ ਯਹ ਖਿਆਲ ਛੋਡਦੇ, ਉਦਾਲਕ ਰਿਖੀ ਨੇ ਨਾ ਮਾਨਾ, ਤਬ ਬ੍ਰਹਮਾ ਜੀ ਨੇ ਕਹਾ ਪਹਿਲੇ ਤੇਰੇ ਘਰ ਪੁਤ੍ਰ ਆਵੇਗਾ ਪੀਛੇ ਉਸਕੀ ਮਾਤਾ ਆਪ ਹੀ ਆਵੇਗੀ। ਜਬ ਵਾਪਸ ਅਪਨੀ ਕੁਟੀਆ ਮੇਂ ਆਯਾ ਤੋ ਮ੍ਰਿਗ ਮ੍ਰਿਗਣੀ ਕੀ ਚੇਸ਼ਟਾ ਕੋ ਸਿਮਰਣ ਕਰਤੇ ਕਰਤੇ, ਰਿਸ਼ੀ ਕਾ ਬੀਰਜ ਪਤਨ ਹੂਆ ਬੀਰਜ ਕੋ ਡੋਨੇ ਮੇਂ ਪਾਕਰ ਰਖ ਛੋਡਾ, ਸਵੇਰੇ ਇਸਨਾਨ ਕੇ ਵਕਤ ਕਮਲ ਫੂਲ ਮੇਂ ਬੀਰਜ ਡਾਲ ਕਰ ਨਦੀ ਮੇਂ ਬਹਾ ਦੀਆ, ਨਦੀ ਕੇ ਬਹਾਉ ਕੀ ਤਰਫ ਸਖੀਓਂ ਕੇ ਸਾਥ ਏਕ ਰਾਜਕੁਮਾਰੀ ਅਸਨਾਨ ਕਰ ਰਹੀ ਥੀ, ਉਸ ਨੇ ਵਹੁ ਕਮਲ ਫੂਲ ਪਕੜ ਸੁੰਘਾ, ਤੋ ਰਿਸ਼ੀ ਕੇ ਅਮੋਘ ਵੀਰਯ ਕੇ ਅਵਯੇਵ ਰਾਜਕੁਮਾਰੀ ਕੇ ਅੰਦਰ ਚਲੇ ਗਏ, ਉਸ ਸੇ ਉਸ ਕੋ ਗਰਭ ਠਹਿਰ ਗਿਆ, ਜਬ ਰਾਜਾ ਕੋ ਪਤਾ ਲਗਾ ਅਪਨੀ ਲੜਕੀ ਕੋ ਦੇਸ ਨਿਕਾਲਾ ਦੇ ਦੀਆ, ਉਦਾਲਕ ਕੀ ਕੁਟੀਆ ਕੇ ਉਪਰਲੇ ਪਾਸੇ ਜਿਧਰ ਸੇ ਨਦੀ ਆ ਰਹੀ ਥੀ, ਵਹਾਂ ਕੁਟੀਆ ਬਨਾ ਕਰ ਰਹਿਨੇ ਲਗੀ, ਆਖਰ ਉਸ ਕੋ ਪੁਤ੍ਰ ਉਤਪੰਨ ਹੂਆ ਉਸ ਪੁਤ੍ਰ ਕੋ ਤੁਲ੍ਹੇ ਪਰ ਰਖ ਕਰ ਨਦੀ ਮੇਂ ਰੋੜ੍ਹ ਦੀਆ ਆਗੇ ਰਿਖੀ ਜੀ ਇਸਨਾਨ ਕਰਤੇ ਥੇ, ਰਿਸ਼ੀ ਜੀ ਨੇ ਦਯਾ ਯੁਕਤ ਹੋ ਕਰ ਉਸ ਬਾਲਕ ਕੋ ਪਕੜ ਲੀਆ, ਔਰ ਪੰਘੂੜੇ ਪਰ ਸੁਲਾ ਦੀਆ, ਔਰ ਆਪ ਭਿਖਯਾ ਵਾਸਤੇ ਸ਼ਹਿਰ ਮੇਂ ਚਲਾ ਗਿਆ, ਬਾਲਕ ਕੇ ਰੋੜ੍ਹਨੇ ਕੇ ਬਾਦ ਉਸ ਕੀ ਮਾਤਾ ਕੋ ਮੋਹ ਜਾਗਾ, ਔਰ ਢੂੰਢਤੀ ਢੂੰਢਤੀ ਰਿਖੀ ਕੇ ਆਸ਼੍ਰਮ ਮੇਂ ਪੰਘੂੜੇ ਪਰ, ਬਚੇ ਕੋ ਸੋਇਆ ਦੇਖ ਕਰ ਵਹਾਂ ਹੀ ਬੈਠ ਗਈ, ਰਿਖੀ, ਜਬ ਸ਼ਹਿਰ ਸੇ ਵਾਪਸ ਆਇਆ ਤਬ ਕਿਆ ਦੇਖਤਾ ਹੈ, ਕਿ ਏਕ ਖੂਬਸੂਰਤ ਇਸਤ੍ਰੀ ਬੈਠੀ ਹੈ ਪੂਛਾ ਤੁਮ ਕੌਨ ਹੋ ? ਤਬ ਉਸ ਨੇ ਕਹਾ ਮੈਂ ਇਸ ਬਾਲਕ ਕੀ ਮਾਤਾ ਹੂੰ, ਔਰ ਅਮੁਕੇ ਰਾਜਾ ਕੀ ਕੰਨਿਆਂ ਹੂੰ ਮੈਂ ਨਹੀਂ ਜਾਨਤੀ ਕਿ ਯਹ ਬਾਲਕ ਕਿਸ ਕੀ ਅੰਸ਼ ਸੇ ਪੈਦਾ ਹੂਆ ਹੈ, ਆਪ ਸਰਬੱਗ ਹੋ ਬਤਲਾਓ, ਰਿਖੀ ਨੇ ਧਿਆਨ ਇਸਥਿਤ ਹੋ ਕਰ ਦੇਖਾ, ਕਿ ਮੇਰੇ ਹੀ ਅੰਸ਼ ਸੇ ਬਾਲਕ ਪੈਦਾ ਹੂਆ ਹੈ, ਔਰ ਉਸ ਕੋ ਕਹਾ ਕਿ ਤੁਮ ਨੇ ਅਮੁਕੇ ਦਿਨ ਨਦੀ ਮੇਂ ਬੁਹੁਤੇ ਹੂਏ ਫੂਲ ਕੋ ਸੁੰਘਾ ਹੋਗਾ, ਰਾਜ ਕੰਨਿਆਂ ਨੇ ਕਹਾ ਬਰਾਬਰ ਮੈਂ ਸਖੀਓਂ ਕੇ ਸਾਥ ਇਸ਼ਨਾਨ ਕਰਤੀ ਹੂਈ ਨੇ,



ਕੰਵਲ ਫੂਲ ਕੋ ਸੁੰਘਾ ਥਾ ਜੋ ਕਿ ਨਦੀ ਮੇਂ ਬਹਿਤਾ ਜਾ ਰਹਾ ਥਾ, ਤਬ ਰਿਸ਼ੀ ਨੇ ਕਹਾ ਉਸ ਕਮਲ ਫੂਲ ਮੇਂ ਮੇਰਾ ਹੀ ਵੀਰਯ ਥਾ, ਯਹ ਸੁਨ ਕਰ ਰਾਜ ਕਨਿਆਂ ਨੇ ਕਹਾ ਤਬ ਤੋ ਮੇਰੇ ਪਤਿਦੇਵ ਆਪ ਹੀ ਹੋ, ਤਬ ਰਿਸ਼ੀ ਜੀ ਨੇ ਅਪਨੇ ਪਿਤਾ ਸ੍ਰੀ ਬ੍ਰਹਮਾ ਜੀ ਕੀ ਕਥਾ ਸੁਨਾਈ ਕਿ ਉਨ੍ਹੋਂ ਨੇ ਮੇਰੇ ਕੋ ਪਹਿਲੇ ਪੁਤ੍ਰ, ਔਰ ਪੀਛੇ ਉਸ ਕੀ ਮਾਤਾ ਆਵੇਗੀ ਐਸਾ ਵਰ ਦੀਆ ਥਾ, ਸੋ ਪੂਰਾ ਹੋ ਗਿਆ। ਤਬ ਵਹੁ ਰਾਜ ਕੰਨਿਆਂ ਉਦਾਲਕ ਰਿਸ਼ੀ ਕੀ ਪ੍ਰੇਮ ਪੂਰਬਕ ਸੇਵਾ ਕਰਕੇ, ਰਿਸ਼ੀ ਕੋ ਹਰ ਤਰ੍ਹਾਂ ਸੇ ਪ੍ਰਸੰਨ ਰਖ ਕਰ, ਸੁਖ ਪੂਰਬਕ ਅਪਨਾ ਜੀਵਨ ਬਤੀਤ ਕਰਤੀ ਭਈ, ਇਸ ਸੇ ਯਹ ਸਿਧ ਹੂਆ ਕਿ ਜੋ ਬਾਤ ਕਿਸੀ ਸੂਰਤ ਭੀ ਨ ਬਨ ਸਕੈ, ਉਸ ਕੋ ਭੀ ਮਾਯਾ ਬਨਾ ਕਰ ਦਿਖਾ ਦੇਤੀ ਹੈ-(ਮੂਲ) 'ਗੁਰ ਲਾਗੋ ਚੇਲੇ ਕੀ ਪਾਈ'' ਮਾਯਾ ਯੇ ਭੀ ਬਨਾ ਸਕਤੀ ਹੈ ਜੈਸੇ ਗੁਰਿਆਈ ਦੇਤੇ ਸਮਯ ਗੁਰੂ ਅਪਨੇ ਚੇਲੇ ਕੋ, ਪਾਂਚ ਪੈਸੇ ਤਥਾ ਨਾਰੀਏਲ ਰਖ ਕਰ ਪਹਿਲੇ ਆਪ ਨਿਮਸਕਾਰ ਕਰਤਾ ਹੈ, ਪੀਛੇ ਸੰਗਤ ਸੇ ਨਿਮਸਕਾਰ ਕਰਾਤਾ ਹੈ। ਜੈਸੇ ਗੁਰੂ ਨਾਨਕ ਦੇਵ ਆਦਿ ਦਸ ਪਾਤਸ਼ਾਹੀਓਂ ਕੀ ਮਰਯਾਦਾ ਚਲੀ ਆਤੀ ਰਹੀ ਹੈ:-

## [ਮੂਲ] ਏਕੁ ਅਚੰਭਉ ਸੁਨਹੁ ਤੁਮ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥

ਯਹ ਭੀ ਮਾਯਾ ਮੇਂ ਬਨ ਸਕਤਾ ਹੈ, ਜੈਸੇ ਅਗਸਤ ਰਿਖੀ ਕੇ ਆਸ਼੍ਰਮ ਮੇਂ ਸਿੰਘ ਵੈਰ ਕੋ ਤਿਆਗ ਕਰ ਗਊਓਂ ਕੋ ਚਰਾਤਾ ਥਾ। ਪਤੰਜਲੀ ਜੀ ਨੇ ਯੋਗ ਸੂਤਰੋਂ ਮੇਂ ਲਿਖਾ ਹੈ, ਅਹਿੰਸਾ ਕੇ ਪ੍ਰਤਿਸ਼੍ਰਿਤ ਹੋਨੇ ਪਰ ਵੈਰ ਕਾ ਤਿਆਗ ਹੋ ਜਾਤਾ ਹੈ। ਅਗਸਤ ਰਿਖੀ ਜੀ ਨੇ ਮਨ ਬਾਣੀ ਸਰੀਰ ਸੇ ਕਿਸੀ ਕੀ ਹਿੰਸਾ ਨਹੀਂ ਕੀ ਥੀ, ਇਸ ਲੀਏ ਸਭ ਜੀਵ ਉਸ ਕੇ ਅਸਥਾਨ ਮੇਂ ਵੈਰ ਭਾਵ ਛੋੜ ਕਰ ਰਹਤੇ ਥੇ।

## [ਮੂਲ] ਜਲ ਕੀ ਮਛੁਲੀ ਤਰਵਰਿ ਬਿਆਈ ॥

ਮਾਯਾ ਯਹ ਭੀ ਬਨਾ ਸਕਤੀ ਹੈ। ਜੈਸੇ ਏਕ ਬੜੀ ਮਛੀ ਦੂਸਰੀ ਗਰਭਵਤੀ ਛੋਟੀ ਮਛੀ ਕੋ ਖਾਨੇ ਆਈ, ਜਲ ਮੇਂ ਬ੍ਰਿਖ ਥਾ, ਗਰਭਵਤੀ ਮਛਲੀ ਉਛਲਤੀ ਹੂਈ ਜਯ ਸੇ ਬ੍ਰਿਖ ਪਰ ਗਿਰ ਗਈ, ਵਹਾਂ ਹੀ ਉਸ ਕੇ ਅੰਡੇ ਨਿਕਲ ਗਏ ਯਾਨੇ ਪ੍ਰਸੂਤ ਹੂਈ।

## [ਮੂਲ] ਦੇਖਤ ਕੁਤਰਾ ਲੈ ਗਈ ਬਿਲਾਈ ॥

ਮਾਯਾ ਮੇਂ ਯਹ ਭੀ ਬਨ ਸਕਤਾ ਹੈ ਹਮਾਰੇ ਦੇਖਤੇ ੨ ਤੀਨ ਦਿਨ ਕੀ ਭੂਖੀ ਬਿਲੀ ਕੁੱਤੀ ਕੀ ਗੈਰ ਹਾਜ਼ਰੀ ਮੇਂ ਛੋਟੇ ਕੁਤਰੇ ਕੋ ਲੇਕਰ ਭਾਗ ਗਈ, ਕਿਉਂਕਿ ਬਿਲੀਓਂ ਕਾ ਮਾਂਸ ਖਾਨੇ ਕਾ ਸੁਭਾਵ ਹੀ ਹੋਤਾ ਹੈ:-

## [ਮੂਲ] ਤਲੇ ਰੇ ਬੈਸਾ ਊਪਰਿ ਸੂਲਾ ॥ ਤਿਸਕੇ ਪੇਡਿ ਲਗੇ ਫਲ ਫੂਲਾ ॥

ਯਹ ਭੀ ਮਾਯਾ ਮੇਂ ਬਨ ਸਕਤਾ ਹੈ। ਜੈਸੇ ਕਬੀਰ ਜੀ ਨਦੀ ਕੇ ਕਿਨਾਰੇ ਬ੍ਰਿਖ ਕੇ ਨੀਚੇ ਖੜੇ ਥੇ ਬ੍ਰਿਖ ਕੀ ਛਾਯਾ ਜਲ ਮੇਂ ਉਲਟੀ ਭਾਸ ਰਹੀ ਥੀ, ਗੂਲਰ ਕਾ ਬ੍ਰਿਖ ਥਾ ਇਸ ਵਾਸਤੇ ਫਲ ਪੇਡ ਮੇਂ ਲਗੇ ਭਾਸ ਰਹੇ ਥੇ, ਸ਼ਾਖਾਂ ਨੀਚੇ ਔਰ ਜੜ ਊਪਰ ਕੋ ਭਾਸ ਰਹੀ ਥੀ, ਇਸ ਕੋ ਦੇਖ ਕਰ ਕਬੀਰ ਜੀ ਨੇ ਕਹਾ-'ਤਲੈ ਰੇ ਬੈਸਾ ਊਪਰਿ ਸੂਲਾ''

**(ਮੂਲ) ਘੋਰੈ ਚਰਿ ਭੈਸ ਚਰਾਵਨ ਜਾਈ ॥**

ਮਾਯਾ ਮੇਂ ਯਹ ਭੀ ਬਨ ਸਕਤਾ ਹੈ ਜੈਸੇ ਪੁਰਾਣੋਂ ਮੇਂ ਪ੍ਰਸੰਗ ਆਤਾ ਹੈ-ਮਹਿਖਾਸੁਰ ਦੈਂਤ ਘੋੜੇ ਪਰ ਚੜ੍ਹ ਕਰ ਵਿਚਰਨੇ ਜਾਯਾ ਕਰਤਾ ਥਾ, ਭੈਸ ਨਾਮ ਮਹਿਖ ਕਾ ਹੈ ਮਹਿਖ ਪਦ ਸੇ ਅਜਹਿਤ ਲਖਣਾ ਦ੍ਵਾਰਾ ਮਹਿਖਾਸੁਰ ਕਾ ਗ੍ਰਹਿਣ ਕਰਨਾ। ਜੈਸੇ ਲਿਖਾ ਹੈ :-

"ਜੈ ਜੈ ਮਹਿਖਾਸੁਰ ਮਰਦਨ" **(ਮੂਲ) ਬਾਹਰਿ ਬੈਲੁ ਗੋਨਿ ਘਰਿ ਆਈ ॥**

ਮਾਯਾ ਮੇਂ ਯਹ ਭੀ ਬਣ ਸਕਤਾ ਹੈ। ਜੈਸੇ ਕਿਸੀ ਜ਼ਿਮੀਂਦਾਰ ਕਾ ਘਰ ਨਦੀ ਕਿਨਾਰੇ ਥਾ, ਨਦੀ ਕੇ ਉਪਰਲੇ ਪਾਸੇ ਜਿਧਰ ਸੇ ਜਲ ਕਾ ਪ੍ਰਵਾਹ ਆਤਾ ਥਾ, ਵਹਾਂ ਸੇ ਬੈਲੋਂ ਪਰ ਰੂਈ ਕੀਆਂ ਗੂੰਣਾਂ ਲਿਆ ਰਹਾ ਥਾ, ਨਦੀ ਪਰ ਪਹੁੰਚਤੇ ਹੀ ਗੂੰਣਾਂ ਨਦੀ ਮੇਂ ਡਾਲ ਦੀਆ, ਕਿ ਨਦੀ ਬੇਗ ਸੇ ਗੂੰਣਾਂ ਬੈਲੋਂ ਕੇ ਪਹੁੰਚਨੇ ਸੇ ਪਹਿਲੇ ਹੀ ਘਰ ਪਹੁੰਚ ਗਈਆਂ ਬੈਲ ਪੀਛੇ ਸੇ ਪਹੁੰਚੇ, ਇਸ ਵਾਸਤੇ ਕਬੀਰ ਜੀ ਲਿਖਤੇ ਹੈਂ "ਬਾਹਰਿ ਬੈਲੁ ਗੋਨਿ ਘਰਿ ਆਈ" ਤੀਸਰੇ ਪ੍ਰਸਨ ਕਾ ਉਤਰ-(ਮੂਲ) "ਪਹਿਲਾ ਪੂਤੁ ਪਿਛੈਰੀ ਮਾਈ" ਜੀਵ ਪਹਿਲੇ ਪੂਤ, ਯਾਨੇ ਸੁਧ ਸਤ ਚਿਤ ਅਨੰਦ ਬ੍ਰਹਮ ਥਾ, ਅਬ ਭੀ ਸੁਧ ਹੈ ਆਗੇ ਕੋ ਭੀ ਸੁਧ ਹੋਗਾ, ਪਰੰਤੂ ਪੀਛੇ ਮਾਯਾ ਕਾ ਸਬੰਧ ਹੋ ਗਿਆ, ਯਾਨੇ ਅਗਿਆਨ ਵਸ ਭ੍ਰਮ, ਹੋ ਗਿਆ ਕਿ ਮੈਂ ਸੁਧ ਸਚਦਾਨੰਦ ਬ੍ਰਹਮ ਨਹੀਂ ਹੂੰ, ਕਿੰਤੂ ਕਰਤਾ ਭੋਗਤਾ ਜੀਵ ਹੂੰ ਇਸ ਤਰ੍ਹਾਂ ਮਾਯਾ ਨੇ ਭੁਲਾ ਦੀਆ ਫਿਰ :-

**(ਮੂਲ) ਗੁਰੁ ਲਾਗੋ ਚੇਲੇ ਕੀ ਪਾਈ ॥**

ਯਹ ਆਤਮਾ ਦੇਵਤ੍ਵਾਉਂ ਕਰਕੇ (ਗੁਰੂ) ਪੂਜਯ ਥਾ, ਪਰੰਤੂ ਅਬ ਮਨ ਅਧੀਨ ਹੋ ਕਰ ਅਪਨਾ ਪੂਜ ਭਾਵ ਭੁਲਾ ਕਰ, ਉਲਟਾ ਆਪ ਦੇਵਤਾਉਂ ਕਾ ਪੂਜਨ ਕਰਨੇ ਲਗਾ, ਮਨ ਨੇ ਅਪਨੇ ਅਧੀਨ ਕਰਕੇ ਫਿਰ ਇਸ ਆਤਮਾ ਕੋ, ਇੰਦਰੀਓਂ ਕੇ ਅਧੀਨ ਕਰ ਦੀਆ, ਯਾਨੇ ਇੰਦਰੀਓਂ ਕੇ ਵਿਸ਼ਯੋਂ ਮੇਂ ਵਿਚਰਤਾ ਰਹਿਤਾ ਹੈ।

**(ਮੂਲ) ਏਕੁ ਅਚੰਭਉ ਸੁਨਹੁ ਤੁਮ ਭਾਈ॥ਦੇਖਤ ਸਿੰਘੁ ਚਰਾਵਤ ਗਾਈ ॥**

ਹੇ ਭਾਈ ਏਕ ਹੋਰ ਅਸਚਰਜ ਦੇਖੋ ਯਹ ਆਤਮਾ ਸ਼ੇਰ ਕੀ ਨਿਆਈਂ ਬਲਵਾਨ ਥਾ, ਪਰੰਤੂ ਅਬ ਇੰਦਰੀਓਂ ਕੇ ਅਧੀਨ ਹੋ ਕਰ ਵਿਸ਼ਿਓਂ ਮੇਂ ਵਿਚਰਤਾ ਹੈ।

**(ਮੂਲ) ਜਲ ਕੀ ਮਛੁਲੀ ਤਰਵਰਿ ਬਿਆਈ ॥**

ਅਬ ਇੰਦਰੀਓਂ ਕ ਅਧੀਨ ਹੋਨੇ ਸੇ ਆਤਮ ਜਲ ਮੇਂ ਰਹਨੇ ਵਾਲੀ ਸਤਯਤਾ, ਚੇਤਨਤਾ, ਅਨੰਦਤਾ, ਰੂਪ ਮਛਲੀਆਂ ਆਤਮ ਜਲ ਕੋ ਛੋੜ ਸੰਸਾਰ ਰੂਪੀ ਬ੍ਰਿਖ ਮੇਂ ਪ੍ਰਸੂਤ ਹੂਈਂ, ਯਾਨੇ ਪ੍ਰਗਟ ਹੋਈਆਂ ਹੈਨ, ਕਿ ਬੈਕੁੰਠ ਆਦਿ ਲੋਕ ਹੀ ਸਤ ਹੈਂ,.ਔਰ ਅਨੰਦ ਰੂਪ ਹੈਂ, ਮੈਂ ਅਨੰਦ ਰੂਪ ਨਹੀਂ ? ਉਪਾਸਨਾ ਕਰਕੇ ਉਨ ਲੋਕੋਂ ਮੇਂ ਜਾਊਂ, ਇਸ ਇਛਾ ਸੇ ਧਿਆਨ ਰੂਪੀ ਲਿਵ ਲਗਾਨੇ ਲਗਾ, ਪਰੰਤੂ ਮਨ ਅਰ ਇੰਦਰੀਓਂ ਨੇ ਕੁਤਰਕੋਂ ਕੋ ਪੈਦਾ ਕਰ ਲਿਵ ਭੀ ਹਟਾ ਦੀ "ਇਹ ਜਗ ਮਿਠਾ ਅਗਲਾ ਕਿਨ ਡਿਠਾ" ਨਾਸਤਿਕ ਕਹਿਤੇ ਹੈਂ ਜੋ ਚੀਜ਼ੇਂ, ਦੇਖਨੇ ਮੇਂ ਆਤੀ ਹੈਂ ਸੋਈ ਮਾਨਨੇ ਯੋਗ ਹੈਂ ਜੋ ਦਿਖਾਈ ਨਹੀਂ ਦੇਤੀਂ ਸੋ ਹੈ ਹੀ ਨਹੀਂ।



**(ਮੂਲ) ਦੇਖਤ ਕੁਤਰਾ ਲੈ ਗਈ ਬਿਲਾਈ ॥**

ਯਾਨੇ ਦੇਖਤੇ ਦੇਖਤੇ ਕੁਤਰਕੋਂ ਕੇ ਪ੍ਰਭਾਵ ਸੇ ਲੌ ਭੀ ਯਾਨੇ ਧਿਆਨ ਵਾਲੀ ਬ੍ਰਿਤੀ ਭੀ ਦੂਰ ਹੋ ਗਈ ਫਿਰ ਜੀਵ ਕਹਨੇ ਲਗਾ ਦੈਵੀ ਗੁਣ ਧਾਰ ਕਰ ਸੁਖੀ ਹੋਊਂ ਪਰ ਕੁਤਰਕੋਂ ਨੇ ਬੈਸਾ (ਕੋਮਲ) ਦੈਵੀ ਗੁਣ ਨੀਚੇ ਦਬਾ ਛੋਡੇ ਔਰ ਸੂਲ ਕੀ ਨਿਆਈਂ ਦੁਖਦਾਈ ਕਾਮ ਕ੍ਰੋਧਾਦਿ ਅਸੁਰ ਗੁਣ ਪ੍ਰਗਟ ਕਰ ਦੀਏ ਸੋ ਲਿਖਤੇ ਹੈਂ।

**(ਮੂਲ) ਤਲੇ ਰੇ ਬੈਸਾ ਊਪਰਿ ਸੂਲਾ ॥**
**ਤਿਸ ਕੈ ਪੇਡਿ ਲਗੇ ਫਲ ਫੂਲਾ ॥**

ਅਬ ਤਿਸ ਕਾਮ ਕ੍ਰੋਧ ਵਾਲੇ ਜੀਵ ਆਤਮਾ ਕੇ ਅੰਤਹਕਰਣ ਮੇਂ ਪੁੰਨ ਪਾਪ ਰੂਪੀ ਫੂਲ ਅਰ ਸੁਖ ਦੁਖ ਰੂਪੀ ਫਲ ਲਾਗੇ ਅਰ ਸੁਖਦੁਖ ਭੋਗਨੇ ਕੇ ਵਾਸਤੇ ਪ੍ਰਾਣ ਰੂਪੀ ਘੋੜੇ ਪਰ ਚੜ੍ਹ ਕਰ ਭੋ ਸਹਿਤ ਚਰਾਚਰ ਜੋਨੀਓਂ ਮੇਂ ਵਿਚਰਨੇ ਲਗਤਾ ਹੈ ਯਾਨੇ ਆਤਾ ਜਾਤਾ ਹੈ।

**(ਮੂਲ) ਘੋਰੈ ਚਰਿ ਭੈਸ ਚਰਾਵਨ ਜਾਈ ॥**

ਯਾਨੇ ਪ੍ਰਾਨ ਰੂਪੀ ਘੋੜੇ ਪਰ ਚੜ੍ਹਕੇ ਭੋ ਸਹਿਤ ਚਰ ਅਚਰ ਜੋਨੀਓਂ ਮੇਂ ਆਵਨ ਜਾਈ ਯਾਨੇ ਆਤਾ ਜਾਤਾ ਹੈ।

**(ਮੂਲ) ਬਾਹਰਿ ਬੈਲੁ ਗੋਨਿ ਘਰਿ ਆਈ ॥**

ਕਿਉਂਕਿ ਨਿਸ਼ਕਾਮਤਾ ਰੂਪੀ ਬੈਲ ਅੰਤਹਕਰਣ ਸੇ ਬਾਹਰ ਰਹਤਾ ਹੈ ਔਰ ਤ੍ਰਿਸ਼ਨਾ ਰੂਪੀ ਗੂੰਣੀ ਅੰਤਹਕਰਣ ਮੇਂ ਆ ਗਈ ਹੈ, ਇਸ ਪ੍ਰਕਾਰ ਜਨਮਤਾ ਮਰਤਾ ਰਹਤਾ ਹੈ।

ਪ੍ਰਸ਼ਨ-ਅਬ ਕੌਨ ਸੇ ਸਾਧਨ ਕਰਨੇ ਚਾਹੀਏ ਜਿਨ ਸੇ ਜੀਵ ਆਤਮਾ ਜਨਮ ਮਰਨ ਸੇ ਛੂਟ ਜਾਵੇ:-ਚੌਥੇ ਪ੍ਰਸ਼ਨ ਕਾ ਉਤਰ-

**(ਮੂਲ) ਪਹਿਲਾ ਪੂਤੁ ਪਿਛੈਰੀ ਮਾਈ ॥**

ਅਰਥ-ਪਹਿਲਾ ਸਾਧਨ ਪੂਤ ਯਾਨੇ ਅੰਤਹਕਰਣ ਕੋ ਨਿਸ਼ਕਾਮ ਕਰਮ ਸੇ ਸੁਧ ਕਰੇ ਫਿਰ ਬੈਰਾਗਯ ਧਾਰ ਕਰ ਮਾਯਾ ਸੇ ਪੀਛੇ ਰਹੇ ਯਾਨੇ ਉਪਰਾਮ ਰਹੇ ਫਿਰ ਚਤੁਸਟਯ ਸਾਧਨ ਸੰਪੰਨ ਹੋਕਰ।

**(ਅਨਵੈ) ਚੇਲੇ ਕੀ ਨਿਆਈ ॥ ਗੁਰ ਲਾਗੇ ਪਾਈ ॥**

ਸ਼ਿਸ਼ ਰੀਤੀ ਅਨੁਸਾਰ ਗੁਰੂ ਸ਼ਰਣ ਮੇਂ ਜਾ ਕਰ ਏਕ ਅਦ੍ਵਤੀ ਕਾ ਸ੍ਰਵਣ ਮੰਨਨ ਨਿਦਿਧਯਾਸਨ ਕਰੇ।

**ਏਕੁ ਅਚੰਭਉ ਸੁਨਹੁ ਤੁਮ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥**

ਏਕ ਅਦ੍ਵਤੀ ਅਸਚਰਜ ਆਤਮ ਵਸਤੂ ਹੈ ਉਸਕੋ ਤੁਮ ਗੁਰੂ ਪਾਸ ਜਾਕਰ ਸ੍ਰਵਣ ਕਰੋ ਦੇਖਤ ਯਾਨੇ ਦੇਖਤੇ ਦੇਖਤੇ ਭਾਵ ਤਤਕਾਲ ਹੀ ਸਿੰਘ ਜੋ ਅੰਹਕਾਰ ਹੈ ਸੋ ਗਾਈ ਯਾਨੇ ਉਪਨਿਸ਼ਦ (ਸਰ੍ਵੋਪਨਿਸ਼ਦੋ ਗਾਵੋ ਦੋਗਧਾ ਗੋਪਾਲ ਨੰਦਨ:) ਕੇ ਅਰਥ ਕੋ ਚਰਾਵੇ ਅਨੁਭਵ ਕਰਾਵੇਗਾ ਅਹੰ ਬ੍ਰਹਮ ਅਸਮੀ ਯਾਨੇ 'ਆਤਮ ਰਾਮ ਰਾਮ ਹੈ ਆਤਮ' ਇਸ ਪ੍ਰਕਾਰ

ਆਤਮਾ ਕੋ ਬ੍ਰਹਮ ਰੂਪ ਨਿਸਚੇ ਕਰਾਵੇ ਤਬ ਬੁਧੀ ਭੀ ਹਰ ਵਕਤ ਬ੍ਰਹਮ ਪਰਾਇਣ ਰਹੇਗੀ।

**(ਮੂਲ) ਜਲ ਕੀ ਮਛੁਲੀ ਤਰਵਰਿ ਬਿਆਈ ॥**

ਪਹਿਲੇ ਯਾਨੇ ਅਗਿਆਨ ਕਾਲ ਮੇਂ ਪਦਾਰਥ ਰੂਪ ਜਲ ਮੇਂ ਰਹਿਣੇ ਵਾਲੀ ਬੁਧੀ ਰੂਪ ਮਛਲੀ ਅਬ ਤਰ ਯਾਨੇ ਅਤਯੰਤ ਵਰ ਯਾਨੇ ਸ੍ਰੇਸ਼ਟ ਆਤਮ ਵਸਤੂ ਮੇਂ ਵਿਆਈ ਯਾਨੇ ਪ੍ਰਗਟ ਹਈ ਆਤਮ ਪਰਾਇਣ ਬੁਧੀ ਕੇ ਹੋਣੇ ਸੇ ਕੁਤਰਕੋਂ ਕੀ ਲੈ ਨਾਮ ਬਾਣ ਯਾਨੇ ਸੁਭਾਵ ਵਰੂ ਭੀ ਦੂਰ ਹੋਤਾ ਭਯਾ।

**(ਮੂਲ) ਦੇਖਤ ਕੁਤਰਾ ਲੈ ਗਈ ਬਿਲਾਈ ॥ ਤਲੇ ਰੇ ਬੈਸਾ ਊਪਰਿ ਸੂਲਾ ॥ ਤਿਸਕੈ ਪੇਡਿ ਲਗੇ ਫਲ ਫੂਲਾ ॥**

ਬੈਸ ਯਾਨੇ ਸੂਖਮ ਸੂਖਮ ਵਾਸਨਾ ਤਲੇ ਯਾਨੇ ਦਬ ਜਾਤੀ ਹੈਂ ਸੂਲ ਯਾਨੇ ਦੁਖੋਂ ਸੇ ਊਪਰ ਹੋ ਜਾਤਾ ਹੈ ਔਰ ਤਿਸ ਮਹਾਤਮਾ ਮੇਂ ਦੈਵੀ ਗੁਣ ਰੂਪ ਫੂਲ ਅਰ ਬ੍ਰਹਮ ਨਿਸ਼ਟਾ ਰੂਪ ਫਲ ਲਗਤੇ ਹੈਂ, ਜਿਨਕੇ ਪ੍ਰਭਾਵ ਸੇ ਆਪ ਭੀ ਤਰਤਾ ਹੈ ਅਰ ਦੂਸਰਿਓਂ ਕੇ ਤਾਰਨੇ ਵਾਲਾ ਹੋ ਜਾਤਾ ਹੈ।

**(ਮੂਲ) ਘੋਰੈ ਚਰਿ ਭੈਸ ਚਰਾਵਨ ਜਾਈ ॥**

ਅਨਵੈ-ਘੋਰੈ ਚਰਿ ਭੈਸ ਚਰ ਆਵ ਨ ਜਾਈ-ਪ੍ਰਾਣ ਰੂਪੀ ਘੋੜੇ ਪਰ ਚੜ੍ਹ ਕਰ ਭੈ ਪੂਰਬਕ ਚਰਾਚਰ ਯੋਨੀਓਂ ਮੇਂ ਨ ਆਤਾ ਨ ਜਾਤਾ ਹੈ ਕਿੰਤੂ ਯਹਾਂ ਸਰੀਰ ਛੋਡਤਾ ਹੈ ਤਹਾਂ ਹੀ ਮੁਕਤ ਹੋ ਜਾਤਾ ਹੈ। ਯਾਨੇ ਬ੍ਰਹਮ ਰੂਪ ਹੋ ਜਾਤਾ ਹੈ।

**(ਮੂਲ) ਬਾਹਰਿ ਬੈਲੁ ਗੋਨਿ ਘਰਿ ਆਈ ॥**

ਕਿਉਂਕਿ ਕਰਮ ਰੂਪੀ ਬੈਲ ਬਾਹਰ ਯਾਨੇ ਪਰੇ ਹੋ ਜਾਤਾ ਹੈ ਬ੍ਰਹਮ ਵਿਦਯਾ ਰੂਪ ਗੋਨ ਘਰ ਯਾਨੇ ਅੰਤਹਕਰਣ ਮੇਂ ਪ੍ਰਾਪਤ ਹੋ ਜਾਤੀ ਹੈ, ਬ੍ਰਹਮ ਵਿਦਯਾ ਕੇ ਪ੍ਰਭਾਵ ਸੇ ਬ੍ਰਹਮ ਰੂਪ ਹੋ ਜਾਤਾ ਹੈ ਜੈਸੇ ਲਿਖਾ ਹੈ। "ਬ੍ਰਹਮ ਵਿਦ ਬ੍ਰਹਮੈਵ ਭਵਤੀ" ਇਸ ਪ੍ਰਕਾਰ ਕੇ ਸਾਧਨ ਕਰਕੇ ਜੀਵ ਬ੍ਰਹਮ ਰੂਪ ਹੋ ਕਰ ਜਨਮ ਮਰਨ ਸੇ ਰਹਿਤ ਹੋ ਜਾਤਾ ਹੈ। ਇਸ ਪ੍ਰਕਾਰ ਚਾਰੋਂ ਪ੍ਰਸ਼ਨੋਂ ਕੇ ਉਤਰ ਕਹਿ ਕਰ ਅਬ ਕਬੀਰ ਜੀ ਅਪਨਾ ਅਰਥ ਸਮਾਪਤ ਕਰਤੇ ਹੈਂ।

**[ਮੂਲ] ਕਹਿਤ ਕਬੀਰ ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥**

ਕਬੀਰ ਜੀ ਕਹਿਤੇ ਹੈਂ ਜੋ ਇਨ ਪਦੋਂ ਕਾ ਅਰਥ ਜਾਨਤਾ ਹੈ ਵੋਹ ਰਾਮ ਮੇਂ ਰਮਣ ਕਰਤਾ ਹੈ ਔਰ ਉਸਕੋ ਸਭ ਪਦਾਰਥ ਆਤਮ ਰੂਪ ਹੀ ਨਜ਼ਰ ਆਤੇ ਹੈਂ।

**ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥** [ਸੂਹੀ ਮ: ੪ ਸਫਾ ੭੭੮



**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥**

[ਬਿਲਾਵਲ ਮ: ੫ ਸਫਾ ੮੪੬

ਆਪ ੧੯੭੯ ਕੋ ਸਿਆਲ ਝਾੜੀ ਮੇਂ ਰਹਿ ਕਰ ਚਤੁਰ ਮਾਸ ਮੇਂ ਨਿਰਮਲ ਆਸ਼੍ਰਮ ਮੇਂ ਆਏ, ਸ੍ਰੀ ਮਾਨ ਮਹੰਤ ਬੁਢਾ ਸਿੰਘ ਜੀ ਨੇ ਦਾਸ ਕੋ ਬਹੁਤ ਪ੍ਰੇਰਾ ਕਿ ਚਤੁਰ ਮਾਸ ਮੇਂ ਮਹਾਰਾਜ ਜੀ ਈਹਾਂ ਰਹਿਤੇ ਹੈਂ, ਇਸ ਲੀਏ ਮਹਾਰਾਜ ਜੀ ਕੇ ਵਾਸਤੇ ਅਛਾ ਚੁਬਾਰਾ ਬਣਾ ਛੋੜੋ। ਉਨ ਦਿਨੋਂ ਮੇਂ ਦੀਵਾਨ ਗੋਬਿੰਦ ਰਾਮ ਡਿਪਟੀ ਸਿੰਧ ਦੇਸ਼ ਸੇ ਆਯਾ ਔਰ ਭੋਜਨ ਆਦਿਕੋਂ ਦੀ ਸੇਵਾ ਭੀ ਵੋਹੀ ਕਰਤਾ ਰਹਾ। ਔਰ ਸੇਵਾ ਮੇਂ ਆਪ ਪਾਸ ਹੋਰ ਭੀ ਸਾਧੂ ਬਹੁਤ ਥੇ ਇਤਨੇ ਮੇਂ ਸਾਵਨ ਕਾ ਮਹੀਨਾ ਆ ਗਯਾ, ਆਪ ਨੇ ਦਾਸ ਕੋ ਆਗਿਆ ਦਿਤੀ ਔਰ ਮਹੰਤ ਆਤਮਾ ਸਿੰਘ ਤਥਾ ਸੰਤ ਪਰਮਾਨੰਦ ਸਾਥ ਦੀਏ। ਸੰਤ ਪਰਮਾਨੰਦ ਆਪ ਸੇ ਸਭ ਪੁਸਤਕ ਪੜ੍ਹਾ ਥਾ ਤਥਾ ਆਪ ਜੀ ਮੇਂ ਗੁਰੂ ਭਾਵਨਾ ਰਖਤਾ ਥਾ ਉਨ ਕੋ ਸਾਥ ਦੀਆ ਕਿ ਬਿੰਦਰਾਬਨ ਹੋ ਆਓ। ਉਸ ਯਾਤਰਾ ਕਾ ਖਰਚ ਗੋਬਿੰਦ ਰਾਮ ਜੀ ਨੇ ਕੀਆ ਅਰ ਕਹਾ ਕਿ ਜਬ ਤਕ ਆਪ ਨ ਆਓਗੇ ਤਬ ਤਕ ਮੈਂ ਈਹਾਂ ਹੀ ਮਹਾਰਾਜ ਜੀ ਕੀ ਸੇਵਾ ਮੇਂ ਰਹੂੰਗਾ। ੨੦ ਦਿਨ ਬਾਦ ਹਮ ਬਿੰਦਰਾਬਨ ਕੀ ਯਾਤਰਾ ਕਰਕੇ ਵਾਪਸ ਆ ਗਏ ਔਰ ਦੀਵਾਨ ਗੋਬਿੰਦ ਰਾਮ ਕੋ ਇਹ ਦਾਸ ਮੋਖਸ਼ ਪੰਥ ਪ੍ਰਕਾਸ਼ ਪੜ੍ਹਾਤਾ ਰਹਾ। ਫਿਰ ਦੀਵਾਨ ਗੋਬਿੰਦ ਰਾਮ ਨੇ ਕਹਾ ਮੈਂ ਅਢਾਈ ਹਜ਼ਾਰ ਰੁਪਿਆ ਖਰਚ ਕਰਨਾ ਚਾਹਤਾ ਹੂੰ। ਕਨਖਲ ਹਰਿਦੁਆਰ ਰਿਖੀਕੇਸ਼ ਜਹਾਂ ਕਹੋ ਕੁਟੀਆ ਬਣਾ ਦੇਤਾ ਹੂੰ। ਦਾਸ ਕੋ ਸ੍ਰੀ ਮਾਨ ਮਹੰਤ ਬੁਢਾ ਸਿੰਘ ਜੀ ਨੇ ਸੰਸਕਾਰ ਪਾਏ ਹੀ ਥੇ ਦਾਸ ਨੇ ਉਸ ਕੋ ਨਿਰਮਲ ਆਸ਼ਰਮ ਵਾਸਤੇ ਕਹਾ ਉਸਨੇ ਮਾਨ ਲੀਆ। ਦਾਸ ਕੇ ਨਾਮ ਪਰ ਰੁਪਏ ਭੇਜੇ ਮਕਾਨ ਬਨਣਾ ਸ਼ੁਰੂ ਹੂਆ, ਸਿਆਲ ਤਕ ਮਕਾਨ ਬਨਤਾ ਰਹਾ ਆਪ ਸਿਆਲ ਮੇਂ ਝਾੜੀ ਮੇਂ ਰਹੇ ਔਰ ਮਾਘ ਕੇ ਮਹੀਨੇ ਮੇਂ ਸ੍ਰੀ ਮਾਨ ੧੦੮ ਪੰ: ਹਰੀ ਸਿੰਘ ਜੀ ਕਾ ਮੇਲਾ ਆਯਾ। ਆਪ ਕਥਾ ਕਰਤੇ ਰਹੇ ਸਪਤਮੀ ਕੋ ਭੋਗ ਪੜਤਾ ਥਾ। ਆਪ ਨੇ (ਪਾਠ ਪੜਿਓ ਅਰੁ ਬੇਦੁ ਬੀਚਾਰਿਓ) ਇਸ ਸ਼ਬਦ ਕੀ ਕਥਾ ਕਰੀ, ਅੰਮ੍ਰਿਤਸਰ ਵਾਲੇ ਪੰਡਿਤ ਬਨਵਾਰੀ ਦੱਤ ਜੀ ਬ੍ਰਾਹਮਣ ਜੋ ਵੇਦਾਂਤ ਕੀ ਕਥਾ ਭੀ ਕਰਨੇ ਮੇਂ ਅਦ੍ਵਿਤੀਯ ਪੰਡਿਤ ਥੇ ਵੁਹ ਭੀ ਵਹਾਂ ਕਥਾ ਕਰਤੇ ਥੇ ਤਥਾ ਆਪ ਕੀ ਕਥਾ ਸੁਣਤੇ ਥੇ ਔਰ ਸੁਣਕੇ ਬੜੇ ਪ੍ਰਸੰਨ ਹੋਤੇ ਥੇ ਕਹਿਤੇ ਥੇ ਐਸੇ ਵਿਦਵਾਨ ਹੋਨੇ ਬੜੇ ਕਠਿਨ ਹੈਂ। ਫਿਰ ਆਪ ਨੇ ਜਬ "ਪਾਠ ਪੜਿਓ ਅਰੁ ਬੇਦੁ ਬੀਚਾਰਿਓ" ਇਸ ਸ਼ਬਦ ਕੇ ਅਰਥ ਕਰੇ। ਇਸ ਏਕ ਪੰਗਤੀ ਕਾ ਕਿਤਨੇ ਦਿਨ ਅਰਥ ਕਰਤੇ ਰਹੇ, ਇਸਕਾ ਥੋੜਾ ਭਾਵ ਈਹਾਂ ਲਿਖਤਾ ਹੂੰ:-

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥

[ਸੋਰਠਿ ਮ: ੫ ਸਫਾ ੬੪੧

ਭਾਵ ਯਹ ਹੈ ਬ੍ਰਹਮਵੇਤਾ ਗੁਰੂ ਦੁਆਰਾ ਆਤਮਾ ਕੋ ਜਾਨੇ ਬਿਨਾਂ ਕਿਤਨੇ ਭੀ ਪਾਠ ਪੜ੍ਹੇ, ਚਾਹੇ ਕਿਤਨੇ ਭੀ ਬੇਦ ਬੀਚਾਰੇ ਔਰ ਯੋਗਾ ਅਭਿਆਸ ਭੁਯੰਗਮ ਨਾੜੀ ਦਵਾਰਾ ਕਰੇ ਤਥਾ ਨਿਓਲੀ ਕਰਮ ਕਰੇ ਤੋ ਭੀ ਆਤਮ ਗਿਆਨ ਬਿਨਾਂ ਨ ਚਿਤ ਸ਼ਾਂਤ ਹੋਤਾ ਹੈ ਨ ਕਾਮ ਕ੍ਰੋਧਾਦਿਕੋਂ ਕੀ ਨਿਵਿਰਤੀ ਹੋਤੀ ਹੈ ਅਰ ਤਤ੍ਰ ਗਿਆਨ ਬਿਨਾਂ ਵੇਦਾਦਿਕੋਂ ਕਾ ਪੜ੍ਹਨਾ ਜੈਸੇ ਨਿਸਫਲ ਹੋਤਾ ਹੈ ਤੈਸੇ ਵਿਵੇਕ ਚੂੜਾਮਣਿ ਮੇਂ ਲਿਖਾ ਹੈ:-

ਅਗਯਾਤ੍ਰੇ ਅਪਿ ਪਰੇ ਤਤ੍ਰੇ ਸ਼ਾਸਤ੍ਰਾ ਅਧੀਤੀ: ਤੁ ਨਿਸ਼ਫਲਾ ॥

[ਵਿਵੇਕ ਚੂੜਾਮਣਿ

ਅਰਥ-ਅਗਰ ਸ਼ਾਸਤ੍ਰ ਬਹੁਤ ਪੜ੍ਹ ਭੀ ਲੀਏ, ਪਰੰਤੂ ਪਰਤੱਤ ਯਾਨੇ ਪਾਰਬ੍ਰਹਮ ਨਹੀਂ ਜਾਨਿਆ ਤੋ ਸ਼ਾਸਤਰੋਂ ਕਾ ਪੜ੍ਹਨਾ ਨਿਸਫਲ ਹੈ ਭਾਵ ਬੋਝ ਰੂਪ ਹੈ ॥

ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਸਨਾਨਾ ॥ ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥ ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥ ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥

[ਮਾਝ ਮ: ੫ ਸਫਾ ੯੮

ਕਿਰਿਆ ਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥ ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥ ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥ ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥ ੩ ॥

[ਗੂਜਰੀ ਮ: ੫ ਸਫਾ ੪੯੫

ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥ ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥ ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ ॥ ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥੨॥ ਸਾਧ ਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥

[ਧਨਾਸਰੀ ਮ: ੫ ਸਫਾ ੬੭੪



ਭਾਵ ਯਹ ਹੈ ਕਿ ਬ੍ਰਹਮਵੇਤਾ ਗੁਰੂ ਦੁਆਰਾ ਪ੍ਰਾਪਤ ਕੀਏ ਹੂਏ ਗਿਆਨ ਅਰ ਪ੍ਰੇਮ ਭਗਤੀ ਹੀ ਪਰਮਾਤਮਾ ਕੇ ਮਿਲਨੇ ਕੇ ਮੁਖ ਸਾਧਨ ਹੈਂ ਉਨ੍ਹੋਂ ਸੇ ਹੀ ਚਿਤ ਸ਼ਾਂਤੀ ਅਰ ਕਾਮ ਕ੍ਰੋਧ ਆਦਿਕੋਂ ਕੀ ਨਿਵਿਰਤੀ ਹੋਤੀ ਹੈ ਅਨਯ ਸਾਧਨ ਸੇ ਨਹੀਂ। ਕਾਮ ਕ੍ਰੋਧ ਕੀ ਨਵਿਰਤੀ ਬਿਨਾਂ ਸ਼ਾਂਤੀ ਨਹੀਂ ਆਤੀ ਹੈ। ਪ੍ਰਮਾਣ:-

ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥
ਹੋਹੁ ਰੇਣੁ ਤੂੰ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥

[ਸੋਰਠਿ ਮ: ੫ ਸਫਾ ੬੧੪

ਔਰ ਯਹ ਚੌਦਾਂ ਆਦਮੀ ਜੀਤੇ ਹੀ ਮੁਰਦੇ ਤੁਲਸ ਲਿਖੇ ਹੈਂ-

ਚੌਪਈ-ਕੌਲ ੧. ਕਾਮ ਬਸ ੨. ਕ੍ਰਿਪਣ ੩. ਵਿਮੂਢਾ ੪. ਅਤੀ ਦਰਿਦ੍ਰੀ ੫. ਅਜਸੀ ੬. ਅਤ ਬੂਢਾ, ੭. ਸਦਾ ਰੋਗ ਬਸ, ੮. ਸੰਤਤ ਕ੍ਰੋਧੀ, ੯. ਬਿਸਨ ਬਿਮੁਖ, ੧੦. ਸ਼੍ਰੁਤਿ, ੧੧. ਸੰਤ ਵਿਰੋਧੀ, ੧੨. ਤਨ ਪੋਸ਼ਕ, ੧੩. ਨਿੰਦਕ, ੧੪. ਅਘਖਾਨੀ, ਜੀਵਨ ਸ਼ਵ ਸਮ ਚੌਦਹ ਪ੍ਰਾਨੀ ॥

[ਤੁਲਸੀ ਰਾਮਾਇਣ

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਵਸ ਦੁਖੁ ਪਾਵਹਿ ॥ ਘੜੀ ਮੁਹਤ ਰੰਗ ਮਾਣਹਿ ਰਲੀਆਂ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥

ਕਾਮ ਕੀ ਪ੍ਰਬਲਤਾ ਕਾ ਅੰਗ ਰਜਬ ਜੀ ਕਹਿਤੇ ਹੈਂ:-

(ਮੂਲ) ਛਪੈ-ਕਾਮ ਰਾਮ ਹਲ ਚਾਲ ਕਾਮ ਰਾਵਣ ਘਰ ਖੋਏ। ਅਨੰਗ ਈਸ਼੍ਵਰ ਸੁ ਠਗੇ ਬੀਜ ਬ੍ਰਹਮਾ ਜੁ ਬਿਗੋਏ ॥ ਕੁੰਚਰ ਕੀਚਕੋ ਹਨੇ ਇੰਦ੍ਰ ਗੋਤਮ ਘਰ ਆਏ ॥ ਮੈਨ ਮਛੰਦਰ ਮੋਰ ਸਾਠ ਸੁਤ ਨਾਰਦ ਜਾਏ ॥ ਭਰਥਰੀ ਭਰਮਿਆ ਦੂਬ ਭਖ ਕਹੁ ਸੁੰਨਤ ਕੈਸੇ ਚਲੀ ॥ ਰਜਬ ਮਾਰੇ ਧ੍ਰਮ ਰਿਖ ਅਤਿ ਗਤਿ ਮਦਨ ਮਹਾਂ ਬਲੀ ॥

ਗੁਰੂ ਪ੍ਰਮਾਣ:-

ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ

ਕਮਲ ਜਾਨੇ ਬ੍ਰਹਮਾਦਿ ॥ ਕਬਿ ਜਨ ਜੋਗੀ ਜਟਾ ਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾਨਾਥ ਦੁਖੁ ਕਹਉ ਕਾਹਿ ॥ ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥ ੩ ॥ ੫ ॥ [ਬਸੰਤੁ ਕਬੀਰ ਸਫਾ ੧੧੯੪

ਕਾਮ ਕਾ ਪ੍ਰਭਾਵ ਕਹਿ ਕਰ ਕ੍ਰੋਧ ਕੇ ਪ੍ਰਭਾਵ ਕੋ ਵਰਣਨ ਕਰਤੇ ਹੈਂ ।

(ਛਪੈ)–ਕ੍ਰੋਧ ਕੀਓ ਦਸ ਬਦਨ ਤਾਸ ਕੁਲ ਨਾਸ ਕਰਾਇਓ ॥ ਕੰਚਨ ਲੰਕਾ ਛਾਰ ਭਈ ਕੁਛ ਕਾਮ ਨ ਆਇਓ ॥ ਕੈਰੋਂ ਪਾਂਡੋ ਨਾਸ ਭਏ ਜਬ ਕ੍ਰੋਧ ਧਰਿਓ ਉਰ ॥ ਹਿਰਨ ਕਸ਼ਪ ਹਰਨਾਖਸ ਹਤੇ ਯਹ ਕ੍ਰਿਤ ਕ੍ਰੋਧ ਕਰ ॥ ਪੁਨ ਕੰਸ ਕੇਸੀ ਸ਼ਿਸ਼ੁਪਾਲ ਜੋ ਦੰਤ ਵਕਤ੍ਰ ਸੁ ਹਤ ਭਏ ॥ ਸਭ ਜੀਵਨ ਨਾਸ਼ਕ ਕ੍ਰੋਧ ਹੈ ਇਕ ਸੰਤਨ ਬਿਨ ਗਤ ਗਏ ॥

(ਕ੍ਰੋਧ ਬਚਨ) ਅੰਧ ਕਰੋ ਦ੍ਰਿਗ ਵੰਤਨ ਕੋ ਸ੍ਰੁਤ ਵੰਤਨ ਕੋ ਬਦਰੇ ਕਰ ਡਾਰੋ । ਧ੍ਰਿਤ ਵੰਤਨ ਕੋ ਸੁ ਅਧੀਰ ਕਰੋ ਚਾਤ੍ਰਿਨ ਕੀ ਮਤ ਦੂਰ ਨਿਵਾਰੋ॥ [ਪ੍ਰਬੋਧ ਚੰਦ੍ਰ ਨਾਟਕ

ਚੌਪਈ ॥ ਕਾਮ ਕ੍ਰੋਧ ਆਦਿਕ ਹੈ ਜੇਤੇ ॥ ਮੋਖ ਪੰਥ ਕੇ ਵੈਰੀ ਤੇਤੇ। ਸ਼ਤ੍ਰੂ ਸੂਦਨ ਤਾਹਿ ਨਿਵਾਰੋ ॥ ਮੇਰੇ ਬਚਨ ਭਲੇ ਉਰ ਧਾਰੋ ॥ ਕ੍ਰੋਧ ਸੰਗ ਜੰਗ ਜੋ ਨਰ ਕਰੇ ॥ ਸੁਹਿਰਦ ਭ੍ਰਾਤ ਤਾਤ ਸੰਹਰੇ ॥ ਦੋਹਰਾ ॥ ਮਾਨ ਨਿਮ੍ਰਤਾ ਪ੍ਰੀਤ ਤ੍ਰੈ ਸੀਘ੍ਰ ਕ੍ਰੋਧ ਤੇ ਨਾਸ ॥ ਹੋਇ ਪ੍ਰਤੀਤ ਹਟ ਕਪਟ ਕਰ ਸ਼ੁਭ ਗੁਣ ਲੋਭ ਪ੍ਰਣਾਸ਼ ॥ [ਅਧਜਾਤਮ ਰਾਮਾਯਣ

(ਸ਼ਲੋਕ) ਪੈਸ਼ੁਨਜੰ ਸਾਹਸੰ ਦ੍ਰੋਹੰ, ਈਰਸ਼ਾ ਅਸੂਯਾ ਅਰਥ ਦੂਸ਼ਣੰ ॥ ਵਾਕ ਦੰਡੰ ਚ ਪਾਰੁਸ਼ਯੰ ਕ੍ਰੋਧਜਃ ਅਪਿ ਗੁਨਃ ਅਸਟਕੰ ॥

ਅਰਥ–ਚੁਗਲੀ, ਜਬਰਦਸਤੀ, ਦ੍ਰੋਹ ਈਰਖਾ, ਅਸੂਯਾ ਯਾਨੇ ਨਿਰਦੋਸ਼ ਕੋ ਦੋਸ਼ ਦੇਣਾ (ਅਰਥਾਤ ਦੂਸ਼ਣੰ) ਯਾਨੇ ਬਨਤੇ ਹੂਏ ਕਾਰਜ ਮੇਂ ਭਾਜੀ ਮਾਰਨਾ ਵਾਕ ਦੰਡ ਯਾਨੇ ਸਖਤੀ ਸੇ ਬੋਲਣਾ ॥ ਪਾਰੁਸ਼ਯੰ ਯਾਨੇ ਕਿਸੀ ਕੇ ਕਹਿਨੇ ਪਰ ਭੀ ਨ ਮਾਨਨਾ । ਯਿਹ ਕ੍ਰੋਧ ਸੇ ਆਠ ਔਗੁਣ ਪੈਦਾ ਹੋਤੇ ਹੈਂ ।

(ਸ਼ਲੋਕ) ਅਪ ਕਾਰਿਣੀ ਕੋਪਸ੍ਚੇਤ ਕੋਪੇ ਕੋਪੇ ਕਥੰ ਨ ਤੇ ॥ ਧਰਮ ਅਰਥ ਕਾਮ ਮੋਖਜਾਣਾ ਪਰਸਜ ਪਰਿਪੰਥਿਨੀ ॥



ਅਰਥ–ਅਗਰ ਨੁਕਸਾਨ ਕਰਨੇ ਵਾਲੇ ਪਰ ਤੁਮ੍ਹਾਰਾ ਕ੍ਰੋਧ ਹੋਤਾ ਹੈ ਤੋ ਕ੍ਰੋਧ ਪਰ ਤੁਮ੍ਹਾਰਾ ਕ੍ਰੋਧ ਕਿਉਂ ਨਹੀਂ ਹੋਤਾ ਕ੍ਰੋਧ ਭੀ ਤੁਮ੍ਹਾਰਾ ਨੁਕਸਾਨ ਕਰਤਾ ਹੈ, ਤੁਮ੍ਹਾਰੇ ਧਰਮ ਅਰਥ ਕਾਮ ਮੋਖਜ ਚਾਰੋਂ ਪਦਾਰਥੋਂ ਕੋ ਕ੍ਰੋਧ ਸ਼ੀਘਰ ਹੀ ਨਾਸ਼ ਕਰਤਾ ਹੈ ।

(ਰਾਮੋ ਵਾਚ) ਕ੍ਰੋਧ ਮੂਲ ਮਨਃ ਤਾਪ ਕ੍ਰੋਧ ਸੰਸਾਰ ਬੰਧਨਃ ॥ ਧਰਮ ਖਜਯ ਕਰੋ ਕਰੋਧਃ ਤਸ੍ਮਾਤ੍ਰ ਕ੍ਰੋਧੰ ਪਰਿਤਜਜ ॥

ਮਨ ਮੇਂ ਜਿਤਨਾ ਦੁਖ ਸੰਤਾਪ ਹੋਤਾ ਹੈ । ਉਨਕਾ ਮੂਲ ਕ੍ਰੋਧ ਹੀ ਹੈ ਸੰਸਾਰ ਮੇਂ ਬੰਧਨ ਯਾਨੇ ਹਥ ਕੜੀ ਪਾਨੇ ਵਾਲਾ ਕ੍ਰੋਧ ਹੀ ਹੈ ਧਰਮ ਕੇ ਨਾਸ਼ ਕਰਨੇ ਵਾਲਾ ਭੀ ਕ੍ਰੋਧ ਹੀ ਹੈ ਤਾਂਤੇ ਹੇ ਭਾਈ ! ਇਸ ਕੋ ਤਿਆਗ ਦੇ । ਇਸ ਪ੍ਰਕਾਰ ਕ੍ਰੋਧ ਕੀ ਪ੍ਰਬਲਤਾ ਕਹਿ ਕਰ ਅਬ ਲੋਭ ਕੀ ਪ੍ਰਬਲਤਾ ਕਹਿਤੇ ਹੈਂ । ਗੁਰੂ ਪ੍ਰਮਾਣ :–

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥ ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥ [ਸ੍ਰੀ ਰਾਗ ਮ: ੫ ਸਫਾ ੫੦

ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ ॥ ਅੰਤਿਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥ ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ ॥ [ਵਾਰਾਂ ਤੇ ਵਧੀਕ ਮ: ੩ ਸਫਾ ੧੪੧੭

(ਕਬਿੱਤ) ਬਾਰਹ ਬਰਸ ਹਮ ਕਾਸੀ ਬਾਸੀ ਹੋਇ ਕਰ, ਦਧੀ ਜਿਉਂ ਬਿਲੋਏ ਬੇਦ ਕਸਰ ਨ ਰਾਈ ਹੈ ॥ ਪੂਰਬ ਮੀਮਾਂਸ਼ਾ ਪੁਨ ਉਤਰ ਮੀਮਾਂਸ਼ਾ ਪੜਿਓ, ਐਸੀ ਕੌਨ ਬਾਤ ਜੋ ਹਮ ਕੋ ਨ ਆਈ ਹੈ ॥ ਨਿਆਇ ਮੇਂ ਬੋਲੇ ਦਿਊਂ ਬ੍ਰਹਮਾ ਕਿਉਂ ਨ ਹੋਵੇ ਭਾਵੇਂ, ਸਾਂਖ ਔ ਪਤੰਜਲ ਕੀ ਧੂੜ ਸੀ ਉਡਾਈ ਹੈ ॥ ਕਹੇ ਤੌ ਮੁਕੰਦ ਏਕ ਲੋਭ ਖੂਬ ਬਲੀ ਦੇਖਿਓ ਧਨੀ ਅਗੇ ਕੂਕਰ ਜੈਸੀ ਪੂਛਰੀ ਹਿਲਾਈ ਹੈ ॥

ਪ੍ਰਸ਼ਨ ਯੁਧਿਸ਼ਟਰ ਜੀ ਕਾ ਭੀਸ਼ਮ ਪ੍ਰਤੀ:–

ਪਾਪਸਜ ਕਿੰ ਅਧਿਸਠਨੰ ਕਾ ਪ੍ਰਸੂਤਿ ਚ ਭਾਰਤ, ਕਿੰ ਅਸਯ ਕਾਰਣੰ ਪ੍ਰੋਕਤ ਤਨ ਮੇ ਬ੍ਰਹਿ ਪਿਤਾਮਹ ॥ ੧ ॥ ਭੀਸ਼ਮੋ ਵਾਚ– ਲੋਭ ਪ੍ਰਤਿਸ਼ਠਾ ਤਾਪਸਜ ਪ੍ਰਸੂਤੀਃ ਲੋਭ ਏਵਚ ॥ ਅਤ੍ਰ ਤੇ ਸੰਸ਼ਯੋ ਮਾਭੂਤ ਲੋਭਃ ਪਾਪਸਜ ਕਾਰਣੰ ॥੨॥ ਲੋਭਾਤ ਕ੍ਰੋਧਃ ਪ੍ਰਭਵਤੀ ਲੋਭਾਤ ਦ੍ਰੋਹ ਪ੍ਰਵਰਤਤੇ ॥ ਲੋਭਾਤ

ਮੋਹਸ੍ਯ ਚ ਮਾਯਾਚ ਮਾਨੋ ਮਤਸਰ ਏਵਚ ॥ ੩ ॥ ਤਸਮਾਤ੍ ਸਰਵੇ ਅਪਿ ਯਤਨੇਨ ਤ੍ਯਾਜ ਲੋਭੰ ਯੁਧਿਸ਼ਰ: ਯਦਿ ਇਛਸੀ ਮਹਾਂਰਾਜ ਸ਼ਾਸ੍ਵਤੀਯੰ ਗਤਿ ਆਤਮਨ: ॥ ੪ ॥

ਪ੍ਰਸਨ–ਪਾਪ ਕਾ ਅਧਾਰ ਕੌਨ ਹੈ ਪਾਪ ਕਹਾਂ ਸੇ ਪੈਦਾ ਹੋਤਾ ਹੈ ਤਥਾ ਹੇ ਪਿਤਾਮਹ ਕਹੋ ਪਾਪ ਕਾ ਕਾਰਣ ਕੌਨ ਹੈ ॥ ੧ ॥ ਉਤਰ–ਲੋਭ ਪਾਪ ਕਾ ਅਧਾਰ ਹੈ ਲੋਭ ਸੇ ਹੀ ਪਾਪ ਪੈਦਾ ਹੋਤਾ ਹੈ ਇਸ ਮੇਂ ਸੰਸਯ ਨ ਕਰਨਾ ਲੋਭ ਹੀ ਪਾਪ ਕਾ ਕਾਰਣ ਹੈ ॥ ੨ ॥ ਲੋਭ ਸੇ ਹੀ ਕ੍ਰੋਧ ਪੈਦਾ ਹੋਤਾ ਹੈ ਲੋਭ ਸੇ ਹੀ ਪੁਰਸ਼ ਦ੍ਰੋਹ ਮੇਂ ਪ੍ਰਵਿਰਤ ਹੋਤਾ ਹੈ । ਲੋਭ ਸੇ ਹੀ ਮੋਹ ਮਾਯਾ, ਮਤਸਰ ਮੇਂ ਲਾਗਤਾ ਹੈ ॥ ੩ ॥ ਹੇ ਮਹਾਰਾਜਾ ਯੁਧਿਸ਼ਠਰ ਅਗਰ ਚਿਤ ਕੀ ਨਿਰੰਤਰ ਸ਼ਾਂਤੀ ਚਾਹਤਾ ਹੈ ਤੋ ਸਾਰੇ ਪ੍ਰਯਤਨ ਸੇ ਪਹਿਲੇ ਲੋਭ ਕੋ ਜੇ ਕਰ ਕਿਉਂਕਿ ਚਿਤ ਕੋ ਚੰਚਲ ਕਰਨੇ ਵਾਲਾ ਲੋਭ ਹੀ ਹੈ ॥ ੪ ॥

ਸਲੋਕ–ਲੋਭ ਖਯਯਾਤ ਖਯਯੰ ਯਾਂਤਿ ਸਰਵ ਪਾਪਾਨੀ ਦੇਹੀ ਨਾਮ੍॥ ਲੋਭ ਵ੍ਰਿਧਊ ਚ ਵਰਧੰਤੇ ਨਰਪਤੇ ਨ ਅਤ੍ਰ ਸੰਸ਼ਯ ॥ ੧ ॥ ਯਦਾ ਲੋਭ ਖਯਯੰ ਯਾਤਿ ਯਾਂਤਿ ਨਾਸ਼ੰ ਉਪਦ੍ਰਵ: ॥ ਤਤ੍ਰਸ੍ਯ ਜਾਯਤੇ ਪੁੰਸਾਂ ਧਰਮ ਬੁਧੀ: ਸੁ ਦੁਰਲਭ: ॥ ੨ ॥

ਲੋਭ ਕੇ ਨਾਸ਼ ਹੋਨੇ ਸੇ ਪੁਰਸ਼ੋਂ ਕੇ ਸਾਰੇ ਪਾਪ ਨਾਸ਼ ਹੋ ਜਾਤੇ ਹੈਂ ਅਰ ਲੋਭ ਕੇ ਵਧ ਜਾਨੇ ਪਰ ਪਾਪ ਭੀ ਵਧ ਜਾਤੇ ਹੈਂ ਹੇ ਰਾਜਨ ਇਸ ਮੇਂ ਸੰਸ਼ਯ ਨਹੀਂ ॥ ੧ ॥ ਜਿਸ ਕਾਲ ਮੇਂ ਲੋਭ ਨਾਸ਼ ਹੋ ਜਾਏਗਾ ਉਸੀ ਕਾਲ ਮੇਂ ਸਾਰੇ ਉਪਦ੍ਰਵ ਨਾਸ਼ ਹੋ ਜਾਏਂਗੇ ਜਬ ਉਪੱਦ੍ਰਵ ਨਾਸ਼ ਹੁਏ ਤੋ ਉਸੀ ਸਮਯ ਪੁਰਸ਼ੋਂ ਕੇ ਚਿਤ ਮੇਂ ਅਤਿਯੰਤ ਦੁਰਲਭ ਧਰਮ ਬੁਧੀ ਪੈਦਾ ਹੋ ਜਾਏਗੀ ਤਾਂਤੇ ਪਾਪ ਕੇ ਕਾਰਣ ਲੋਭ ਕੋ ਨਾਸ਼ ਕਰ ॥ ੩ ॥ ਇਸ ਪਰਕਾਰ ਲੋਭ ਕਾ ਪ੍ਰਭਾਵ ਕਹਿ ਕਰ ਅਬ ਮੋਹ ਕਾ ਪ੍ਰਭਾਵ ਕਹਿਤੇ ਹੈਂ–

ਮਾਇਆ ਮਮਤਾ ਪਵਹਿ ਖਿਆਲੀ ॥ ਜਮਪੁਰਿ ਫਾਸਹਿਗਾ ਜਮਜਾਲੀ ॥ ਹੇਤ ਕੇ ਬੰਧਨ ਤੋੜ ਨ ਸਾਂਕਹਿ ਤਾ ਜਮੁ ਕਰੇ ਖੁਆਰੀ ਜੀਉ ॥

[ਮਾਰੂ ਮ: ੧ ਸਫਾ ੯੯੩

ਕਾਏਂ ਰੇ ਮਨ ਬਿਖਿਆ ਬਨ ਜਾਇ ॥ ਭੂਲੌ ਰੇ ਠਗ ਮੂਰੀ ਖਾਇ ॥੧॥ ਰਹਾਉ ॥ ਜੈਸੇ ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ ਸੁਧਿ ਨਹੀ ਲਹੈ ॥ ਜਿਹਬਾ ਸੁਆਦੀ ਲੀਲਤ ਲੋਹ ॥ ਐਸੇ ਕਨਿਕ ਕਾਮਨੀ ਬਾਧਿਓ ਮੋਹ ॥

[ਸਾਰੰਗ ਨਾਮਦੇਵ ਸਫਾ ੧੨੫੨



ਇਸਤ੍ਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ ॥ ਪੁਤ੍ਰ ਕਲਤ੍ਰ ਨਿਤ ਵੇਖੈ ਵਿਗਸੈ ਮੋਹਿ ਮਾਇਆ ॥ ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ ॥ ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ ॥

[ਸਾਰੰਗ ਵਾਰ ਮ: ੪ ਸਫਾ ੧੨੪੯

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ ॥ ਕਮਲ ਹੇਤ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ ॥ ਅਬ ਮਨ ਏਕਸ ਸਿਉ ਮੋਹੁ ਕੀਨਾ ॥ ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ ॥ ੧ ॥ ਰਹਾਉ ॥ ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰਵਸਿ ਭਇਓ ਬਿਚਾਰਾ ॥ ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ ॥ ੨ ॥ ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ ਮਾਇਆ ਕਉ ਲਪਟਾਨਾ ॥ ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ ॥ ੩ ॥ ਬਿਨੁ ਗੋਬਿੰਦ ਅਵਰ ਸੰਗਿ ਨੇਹਾ ਓਹੁ ਜਾਣਹੁ ਸਦਾ ਦੁਹੇਲਾ ॥ ਕਹੁ ਨਾਨਕ ਗੁਰ ਇਹੈ ਬੁਝਾਇਓ ਪ੍ਰੀਤਿ ਪ੍ਰਭੂ ਸਦ ਕੇਲਾ ॥

[ਧਨਾਸਰੀ ਮ: ੫ ਸਫਾ ੬੭੦

ਚੌਪਈ ॥ ਮੋਹਿ ਸਕਲ ਵ੍ਯਾਧਿਨ ਕਰ ਮੂਲਾ ॥ ਤੇਹਿ ਤੇ ਪੁਨਿ ਉਪਜਹਿੰ ਬਹੁ ਸੂਲਾ ॥ ਕਾਮ ਵਾਤ ਕਫ ਲੋਭ ਅਪਾਰਾ ॥ ਕ੍ਰੋਧ ਪਿਤ ਨਿਤ ਛਾਤੀ ਜਾਰਾ ॥ ਪ੍ਰੀਤ ਕਰਹਿੰ ਜੋ ਤੀਨਿਉਂ ਭਾਈ ॥ ਉਪਜੈ ਸੰਨਿਪਾਤ ਦੁਖਦਾਈ ॥ ਵਿਸ਼ਯ ਮਨੋਰਥ ਦੁਰਗਮ ਨਾਨਾ ॥ ਤੇ ਸਭ ਸੂਲ ਨਾਮ ਕੋ ਜਾਨਾ ॥ ਮਮਤਾ ਦਾਦੂ ਕੰਡੂ ਈਰਖਾਈ ॥ ਹਰਖ ਵਿਖਾਦ ਗ੍ਰਹ ਬਹੁਤਾਈ ॥ ਪਰ ਸੁਖ ਦੇਖ ਜਰਨਿ ਸੁ ਖਈ ॥ ਕੁਸ਼ਟ ਦੁਸ਼ਟਤਾ ਮਨ ਕੁਟਲਈ ॥ ਅਹੰਕਾਰ ਅਤ ਦੁਖਦ ਡਮਰੂਆ ॥ ਦੰਭ ਕਪਟ ਮਦ ਮਾਨ ਨ ਹਰੂਆ ॥ ਤ੍ਰਿਸ਼ਨਾ ਉਦਰ ਬ੍ਰਿਧ ਅਤ ਭਾਰੀ ॥ ਤ੍ਰਿਬਿਧ ਈਖਨਾ ਤਰੁਣ ਤਿਜਾਰੀ ॥ ਯੁਗ ਬਿਧ ਜ੍ਵਰ ਮਤਸਰ ਅਵਿਵੇਕਾ ॥ ਕਹਿ ਲਗ ਕਹੂੰ ਕੁ ਰੋਗ ਅਨੇਕਾ ॥ ਦੋਹਾ ॥ ਏਕ ਬਿਆਧ ਬਸ ਨਰ ਮਰਹਿ ਏਹ ਅਸਾਧ ਬਹੁ ਬਿਆਧ ॥ ਸੰਤਤ ਪੀੜਹਿ

ਜੀਵ ਕਹੁ ਸੋ ਕਿਮ ਲਹਹਿ ਸਮਾਧ ॥ [ਤੁਲਸੀ ਰਾਮਾਯਣ

ਕਬਿਤ—ਪ੍ਰਵਾਰ ਕੇ ਸਨੇਹ ਕੋ ਨਿਵਾਰ ਦੇਹੁ ਮਨ ਬੀਚੀ ਬੁਦ ਬੁਦੇ ਰੇਖਾ ਦਾਮਨੀ ਸਮਾਨੀਏ ॥ ਦੀਪਤਾ ਅਗਨ ਮਾਹਿ ਨਾਗਨਿ ਮੇਂ ਨਦੀ ਵੇਗ ਮਾਹਿ ਜੈਸੇ ਸੁਖ ਨਾਹਿ ਤੈਸੇ ਤਾਹਿ ਜਾਨੀਏ ॥ [ਵੈਰਾਗ ਸ਼ਤਕ

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ ਸਿਰ ਉਪਰਿ ਜਮ ਕਾਲੁ ਨ ਸੁਝਈ ਦੂਜੈ ਭਰਮਿਤਾ ॥ ਫਿਰਿ ਵੇਲਾ ਹਥਿ ਨ ਆਵਈ ਜਮ ਕਾਲਿ ਵਸ ਕਿਤਾ ॥ ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥ [ਸੂਹੀ ਵਾਰ ਸਫਾ ੭੮੭

ਇਸ ਪ੍ਰਕਾਰ ਮੋਹ ਕਾ ਪ੍ਰਭਾਵ ਦਿਖਾ ਕਰ ਅਬ ਅਹੰਕਾਰ ਕਾ ਪ੍ਰਭਾਵ ਦਿਖਾਤੇ ਹੈਂ।

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥ ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥ [ਰਾਮਕਲੀ ਵਾਰ ਮ: ੧ ਸਫਾ ੯੫੬

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ [ਮਾਰੂ ਵਾਰ ਮ: ੩ ਸਫਾ ੧੦੮੯

ਅਰਥ—ਹਰਿ ਜੀ ਕੋ ਹੰਕਾਰ ਅਛਾ ਨਹੀਂ ਲਗਤਾ ਵੇਦ ਪੁਕਾਰ ਪੁਕਾਰ ਕੇ ਕਹਿਤੇ ਹੈਂ, ਵੇਦੋਂ ਮੇਂ ਦੋ ਜਗ੍ਹਾ ਕਥਾ ਆਤੀ ਹੈ ਏਕ ਸਾਮ ਵੇਦ ਕੀ ਕੇਨ ਉਪਨਿਸਦ ਮੇਂ ਦੂਸਰੀ ਸਾਮ ਵੇਦ ਕੀ ਛਾਂਦੋਗਜ ਉਪਨਿਸਦ ਮੇਂ, ਸਾਮ ਵੇਦ ਕੀ ਛਾਂਦੋਗਜ ਉਪਨਿਸਦ ਕੀ ਕਥਾ ਇਸ ਤਰ੍ਹਾਂ ਹੈ ਕਿ ਏਕ ਉਦਾਲਕ ਰਿਖੀ ਥਾ ਉਸ ਕਾ ਸ੍ਵੇਤ ਕੇਤੂ ਨਾਮ ਕਾ ਏਕ ਲੜਕਾ ਥਾ ਜਬ ਵੋਹ ਕੁਛ ਬੜਾ ਹੂਆ ਤੋ ਪਿਤਾ ਨੇ ਪੜ੍ਹਨੇ ਕੇ ਵਾਸਤੇ ਗੁਰੂ ਕੇ ਪਾਸ ਭੇਜ ਦੀਆ ਵੋਹ ਬਾਰਾਂ ਬਰਸ ਗੁਰੂ ਕੇ ਪਾਸ ਰਹਿ ਕਰ ਵਿਦਿਆ ਪੜ੍ਹਤਾ ਰਹਾ ਬਾਰਾਂ ਬਰਸ ਬਾਦ ਵਿਦਿਆ ਪੜ੍ਹਕੇ ਜਬ ਅਪਨੇ ਪਿਤਾ ਕੇ ਪਾਸ ਆਇਆ ਤੋ ਵਿਦਿਆ ਕੇ ਅਭਿਮਾਨ ਮੇਂ ਆ ਕਰ ਪਿਤਾ ਕੋ ਨਿਮਸਕਾਰ ਨ ਕਰਤਾ ਭਯਾ ਤਬ ਪਿਤਾ ਨੇ ਵਿਚਾਰ ਕੀਆ ਕਿ ਇਹ ਅਨਅਧਕਾਰੀ ਹੈ ਕਿਉਂਕਿ ਵਿਦਿਆ ਪੜ੍ਹਕੇ ਅਹੰਕਾਰੀ ਹੋ ਗਿਆ ਹੈ ਅਛਾ ਫਿਰ ਭੀ ਪੁਤਰ ਹੈ ਇਸ ਕਾ ਯੁਕਤੀ ਸੇ ਅਭਿਮਾਨ ਦੂਰ ਕਰਨਾ ਮੇਰਾ ਧਰਮ ਹੈ। ਤਬ ਪਿਤਾ ਅਪਨੇ ਪੁਤਰ ਸੇ ਪੂਛਨੇ ਲਗਾ ਕਿ ਤੂੰ ਵਿਦਿਆ ਪੜ੍ਹ ਆਇਆ ਹੈਂ ? ਉਸ ਨੇ ਬੜੇ ਅਭਿਮਾਨ ਸੇ ਜਵਾਬ ਦੀਆ ਕਿ ਹਾਂ ਪੜ੍ਹ ਆਇਆ ਹੂੰ ਤਬ ਪਿਤਾ ਨੇ ਕਹਾ ਕਿਆ ਪੜ੍ਹ ਆਇਆ ਹੈਂ ? ਉਸਨੇ ਕਹਾ ਚਾਰੋਂ ਵੇਦ, ਖਟ ਸ਼ਾਸਤਰ, ਵੇਦ ਕੇ ਖਟ ਅੰਗ ਆਦਿ ਸਭ ਵਿਦਿਆ ਪੜ੍ਹ ਆਇਆ ਹੂੰ, ਪਿਤਾ ਬ੍ਰਹਮ ਗਿਆਨੀ ਥੇ ਉਨ੍ਹੋਂ ਨੇ ਫੇਰ ਪੂਛਾ ਕੋਈ ਐਸੀ ਵਿਦਿਆ ਭੀ ਪੜ੍ਹ ਆਇਆ ਹੈਂ ਜੋ ਏਕ ਕੇ ਗਿਆਨ ਸੇ ਸਰਬ ਕਾ



ਗਿਆਨ ਹੋ ਜਾਏ ਏਕ ਕੇ ਸ੍ਰਵਣ ਸੇ ਸਰਬ ਕਾ ਸ੍ਰਵਣ ਹੋ ਜਾਏ ਔਰ ਏਕ ਕੇ ਮੰਨਣ ਸੇ ਸਰਬ ਕਾ ਮੰਨਣ ਹੋ ਜਾਏ ਤਬ ਉਸ ਨੇ ਕਹਾ ਮੈਂ ਨੇ ਯੇਹ ਵਿਦਿਆ ਤੋ ਨਹੀਂ ਪੜ੍ਹੀ ਤਬ ਪਿਤਾ ਨੇ ਕਹਾ ਫਿਰ ਗੁਰੂ ਕੇ ਪਾਸ ਜਾਕਰ ਯਹਿ ਵਿਦ੍ਯਾ ਪੜ੍ਹ ਆਓ ਤਬ ਸ੍ਵੇਤ ਕੇਤੂ ਨੇ ਗੁਰੂ ਪਾਸ ਜਾਕਰ ਪ੍ਰਾਰਥਨਾ ਕਰੀ ਕਿ ਮੇਰੇ ਕੋ ਯਹ ਵਿਦ੍ਯਾ ਪੜ੍ਹਾਓ ਤਬ ਗੁਰੂ ਨੇ ਕਹਾ ਯਹ ਵਿਦਿਆ ਮੈਂ ਭੀ ਨਹੀਂ ਜਾਨਤਾ ਤੁਮ੍ਹਾਰਾ ਪਿਤਾ ਇਸ ਵਿਦ੍ਯਾ ਕੋ ਜਾਨਤਾ ਹੈ ਉਸ ਕੇ ਪਾਸ ਹੀ ਤੂੰ ਜਾਹ ਪਰੰਤੂ ਵਹੁ ਅਪਨੇ ਅਭਿਮਾਨ ਕੇ ਪ੍ਰਭਾਵ ਸੇ ਪਿਤਾ ਸੇ ਵਿਦਿਆ ਲੇਨਾ ਨਹੀਂ ਚਾਹਤਾ ਥਾ ਉਸ ਵਕਤ ਕਾ ਰਾਜਾ ਜੈਵਲੀ ਪਰਵਾਨ ਥਾ, ਉਸ ਨੇ ਸੁਨਾ ਕਿ ਸ੍ਵੇਤ ਕੇਤੂ ਬੜਾ ਅਹੰਕਾਰੀ ਹੋ ਰਹਾ ਹੈ, ਮੈਂ ਰਾਜਾ ਹੂੰ ਉਸ ਕੋ ਦੰਡ ਦੇਉਂ ਯਹ ਵਿਚਾਰ ਕਰ ਰਾਜਾ ਨੇ ਵਿਦਵਾਨੋਂ ਕੀ ਸਭਾ ਲਗਾਈ ਸ੍ਵੇਤ ਕੇਤੂ ਕੋ ਬੁਲਾ ਕਰ ਪੂਛਾ ਐ ਬਾਲਕ ! ਤੂੰ ਭੀ ਕੁਛ ਪੜ੍ਹਾ ਹੈਂ ? ਅਪਨੇ ਕੋ ਬਾਲਕ ਸ਼ਬਦ ਸੇ ਪੁਕਾਰਾ ਸੁਨ ਕਰ ਜਲ ਭੁਜ ਗਿਆ ਔਰ ਕਹਿਨੇ ਲਗਾ ਹਾਂ ਮੈਂ ਪੜ੍ਹਾ ਹੂਆ ਹੂੰ ਰਾਜਾ ਨੇ ਫੇਰ ਪੂਛਾ ਕਿਆ ਪੜ੍ਹਾ ਹੈਂ ? ਉਸਨੇ ਕਹਾ ਸਭ ਕੁਛ ਪੜ੍ਹਾ ਹੂੰ, ਰਾਜਾ ਨੇ ਕਹਾ ਅਗਰ ਤੂੰ ਪੜ੍ਹਿਆ ਹੋਇਆ ਪੰਡਿਤ ਹੈਂ ਤੋ ਮੈਂ ਪਾਂਚ ਪ੍ਰਸਨ ਕਰਤਾ ਹੂੰ ਤੂੰ ਉਤਰ ਦੇਗਾ ? ਤੋ ਉਸਨੇ ਕਹਾ ਹਾਂ ਸਭ ਪ੍ਰਸਨੋਂ ਕਾ ਉਤਰ ਦੂੰਗਾ ਤਬ ਰਾਜਾ ਨੇ ਪੂਛਾ:-

੧. (ਪ੍ਰਸ਼ਨ) ਵੇਥੱ ਯਤ੍ ਇਤੋ ਅਧਿ ਪ੍ਰਜਾ: ਪ੍ਰਯੰਤਿ ਇਤਿ ੧. (ਉਤਰ) ਨ ਭਗਵਾਇਤਿ ॥ ੨. (ਪ੍ਰਸ਼ਨ) ਵੇਤ੍ਥ ਯਥਾ ਪੁਨਾਰਵਰਤੰਤ ਇਤਿ ੨. (ਉਤਰ) ਨ ਭਗਵਾ ਇਤਿ ॥ ੩. (ਪ੍ਰਸ਼ਨ) ਵੇਥੱ ਪਥੋਰ ਦੇਵਯਾਨਸਯ ਪਿਤ੍ਰਿ ਯਾਨਸਯ ਚ ਵ੍ਯਾਵਰਤਨਾ ਇਤਿ ॥ ੩ (ਉਤਰ) ਨ ਭਗਵਾ ਇਤਿ ॥ ੪. (ਪ੍ਰਸ਼ਨ) ਵੇਥੱ ਯਥਾ ਅਸਉ ਲੋਕੋ ਨ ਸਮੁਪੂਰਯਤਇਤਿ ॥ ੪. (ਉਤਰ) ਨ ਭਗਵਾ ਇਤਿ ॥ ੫. (ਪ੍ਰਸ਼ਨ) ਵੇਥੱ ਯਥਾ ਪੰਚਮਯਾ-ਮਾਹੁਤਾਵਾਪਾ: ਪੁਰਸ਼ ਵਚਸੋ ਭਵੰਤਿਥੱ ॥ ੫. ਉਤਰ ਨੈਵ ਭਗਵਾਇਤਿ ॥ [ਛਾਂਦੋਗਯਉਪਨਿਸਦ

ਅਰਥ—ਰਾਜਾ ਪੂਛਨੇ ਲਗਾ ਤੂੰ ਜਾਨਤਾ ਹੈਂ ਜੋ ਇਸ ਲੋਕ ਸੇ ਮਰ ਕਰ ਉਪਾਸ਼ਕ ਔਰ ਸ਼ੁਭ ਕਰਮੀ ਕਿਸ ਰਸਤੇ ਸੇ ਊਪਰ ਕੇ ਲੋਕੋਂ ਕੋ ਜਾਤੇ ਹੈਂ ? ਤਾਂ ਸ੍ਵੇਤ ਕੇਤੂ ਕਹਿਨੇ ਲਗਾ ਭਗਵਾਨ ! ਮੈਂ ਨਹੀਂ ਜਾਨਤਾ ਤਬ ਰਾਜਾ ਨੇ ਦੂਸਰਾ ਪ੍ਰਸਨ ਪੂਛਾ। (੨) ਯਹ ਜਾਨਤਾ ਹੈਂ ਕਿ ਲੌਟਨੇ ਵਕਤ ਊਪਰ ਕੇ ਲੋਕੋਂ ਸੇ ਕਿਸ ਰਸਤੇ ਕਰਮੀ ਔਰ ਉਪਾਸ਼ਕ ਨੀਚੇ ਮਾਤ ਲੋਕ ਮੇਂ ਆਤੇ ਹੈਂ ? ਤੋ ਸ੍ਵੇਤ ਕੇਤੂ ਕਹਿਨੇ ਲਗਾ ਮੈਂ ਨਹੀਂ ਜਾਨਤਾ । (੩) ਦੇਵਯਾਨ ਔਰ ਪਿਤਰੀਯਾਨ ਦੋਨੋਂ ਰਸਤੇ ਜਹਾਂ ਆਕਰ ਮਿਲਤੇ ਹੈਂ ਔਰ ਮਿਲ ਕਰ ਜੁਦਾ ਜੁਦਾ ਹੋ ਜਾਤੇ ਹੈਂ ਵੋਹ ਅਸਥਾਨ ਜਾਨਤਾ ਹੈਂ ? ਉਤਰ—ਭਗਵਾਨ ਮੈਂ ਨਹੀਂ ਜਾਨਤਾ ਹੂੰ । (੪) ਤੂੰ ਜਾਨਤਾ

ਹੈਂ ਕਿ ਉਪਰ ਕੇ ਬ੍ਰਹਮਾਦਿ ਲੋਕ ਆਬਾਦ ਕਿਉਂ ਨਹੀਂ ਰਹਿਤੇ ? ਕਹਿਨੇ ਲਗਾ ਭਗਵਨ ਮੈਂ ਯਹ ਭੀ ਨਹੀਂ ਜਾਨਤਾ । ਤਬ ਰਾਜਾ ਪਾਂਚਵਾ ਪ੍ਰਸ਼ਨ ਪੂਛਤਾ ਭਯਾ, ਤੂੰ ਜਾਨਤਾ ਹੈਂ ਕਿ ਦੇਵਤਾ ਲੋਕ ਮਨੁਸ ਬਨਣੇ ਕੀ ਇਛਾ ਕਰਤੇ ਹੂਏ ਕੌਨ ਕੌਨ ਪੰਜ ਯਗ ਕਰਤੇ ਹੈਂ ? ਔਰ ਪੰਜਵੀਂ ਅਹੂਤੀ ਮੇਂ ਜਿਸ ਤਰ੍ਹਾਂ ਦੇਵਤਾ ਆ ਕਰ ਪੁਰਸ਼ ਬਣਤੇ ਹੈਂ ਵਿਦਿਆ ਜਾਣਤਾ ਹੈ ? ਸ੍ਵੇਤ ਕੇਤੂ ਕਹਿਨੇ ਲਗਾ ਭਗਵਨ ਮੈਂ ਯਹ ਭੀ ਨਹੀਂ ਜਾਨਤਾ ਤਬ ਰਾਜਾ ਸਭਾ ਮੇਂ ਸ੍ਵੇਤ ਕੇਤੂ ਕਾ ਨਿਰਾਦਰ ਕਰਤਾ ਭਇਆ, ਔਰ ਕਹਿਨੇ ਲਗਾ ਕਿ ਤੂੰ ਪੜ੍ਹਾ ਕੁਛ ਭੀ ਨਹੀਂ ਕੇਵਲ ਅਭਿਮਾਨੀ ਹੈਂ ਜੋ ਪਿਤਾ ਕੋ ਨਿਮਸ਼ਕਾਰ ਨਹੀਂ ਕਰਤਾ। ਐਸੇ ਅਨੰਤ ਬਚਨੋਂ ਸੇ ਤ੍ਰਿਸਕਾਰ ਕਰਕੇ ਸਭਾ ਸੇ ਬਾਹਰ ਨਿਕਾਲ ਦੀਆ ਤਬ ਸ੍ਵੇਤ ਕੇਤੂ ਬੜਾ ਦੁਖੀ ਹੋ ਕਰ ਪਿਤਾ ਕੋ ਕਹਿਨੇ ਲਗਾ ਰਾਜਾਓਂ ਮੇਂ ਨੀਚ ਰਾਜਾ ਜੈਵਲੀ ਪ੍ਰਵਾਨ ਨੇ ਮੇਰਾ ਬੜਾ ਤ੍ਰਿਸਕਾਰ ਕੀਆ ਹੈ, ਤਬ ਉਸ ਕਾ ਪਿਤਾ ਕਹਿਨੇ ਲਗਾ ਵਹੁ ਬੜਾ ਵਿਦਵਾਨ ਹੈ, ਤੁਮ ਜਾਕਰ ਵਹ ਵਿਦਿਆ ਉਸ ਸੇ ਲੇ ਆਓ ਤਬ ਹੰਕਾਰ ਮੇਂ ਆ ਕਰ ਸ੍ਵੇਤ ਕੇਤੂ ਕਹਿਨੇ ਲਗਾ ਮੈਂ ਉਸ ਨੀਚ ਰਾਜਾ ਕੇ ਪਾਸ ਨ ਜਾਊਂਗਾ, ਤਬ ਉਸ ਕਾ ਪਿਤਾ ਨਿਰਮਾਨ ਹੋ ਕਰ ਉਸ ਰਾਜਾ ਕੇ ਪਾਸ ਗਿਆ ਔਰ ਰਾਜਾ ਸੇ ਜਾਕਰ ਵਿਦਿਆ ਮਾਂਗਤਾ ਭਇਆ ਰਾਜਾ ਨੇ ਸੰਕੋਚ ਸੇ ਕਹਾ ਕਲ ਕੋ ਆਨਾ ਭਾਵ ਯਹ ਕਿ ਸਿਸ਼ ਰੀਤੀ ਸੇ ਆਨਾ ਉਦਾਲਕ ਰਿਸੀ ਸਮਝ ਗਿਆ ਦੂਸਰੇ ਦਿਨ ਬਨ ਸੇ ਲਕੜੀਓਂ ਕਾ ਬੋਝ ਲਿਆ ਕਰ ਭੇਟ ਰਖ ਕਰ ਡੰਡਉਤ ਕਰਨੇ ਲਗਾ ਤਬ ਰਾਜਾ ਨੇ ਕਹਾ ਬਸ ! ਬਸ !! ਤੂੰ ਬ੍ਰਾਹਮਣ ਹੈਂ ਮੈਂ ਛੱਤਰੀ ਹੂੰ ਮੈਂ ਤੁਮਾਰੇ ਸੇ ਡੰਡਉਤ ਨਹੀਂ ਕਰਾਤਾ, ਪਰੰਤੂ ਸਾਸਤਰ ਕੀ ਆਗਿਆ ਪਾਲਨੀ ਭੀ ਜ਼ਰੂਰੀ ਹੈ ਐਸਾ ਕਹਿ ਕਰ ਉਸ ਕੋ ਸਾਰੀ ਵਿਦਿਆ ਦੇਤਾ ਭਇਆ ਪਰੰਤੂ ਸ੍ਵੇਤ ਕੇਤੂ ਨੇ ਹੰਕਾਰ ਸੇ ਨ ਲਈ ਔਰ ਉਸ ਪਰਮੇਸ੍ਵਰ ਕੀ ਪ੍ਰਸੰਨਤਾ ਭੀ ਨ ਭਈ ਏਕ ਤੋ ਸਾਮ ਵੇਦ ਕੀ ਯਹ ਕਥਾ ਹੈ, ਦੂਸਰੀ ਕਥਾ ਇਸ ਤਰ੍ਹਾਂ ਲਿਖੀ ਹੈ ਕਿ ਏਕ ਕਾਲ ਮੇਂ ਦੇਵਤਾ ਔਰ ਦੈਂਤੋਂ ਕਾ ਬੜਾ ਯੁਧ ਹੂਆ, ਦੇਵਤਾ ਹਾਰ ਗਏ ਤੋਂ ਪਰਮੇਸ੍ਵਰ ਕੇ ਪਾਸ ਪ੍ਰਾਰਥਨਾ ਕਰਨੇ ਲਗੇ, ਪਰਮੇਸ੍ਵਰ ਨੇ ਉਨਕੀ ਪ੍ਰਾਰਥਨਾ ਸੁਨੀ, ਬਲ ਰੂਪ ਹੋ ਕਰ ਉਨ ਕੇ ਸਰੀਰ ਮੇਂ ਪ੍ਰਵੇਸ਼ ਕੀਆ, ਪ੍ਰੰਤੂ ਦੇਵਤਾਓਂ ਕੋ ਪਤਾ ਨਾ ਲਗਾ ਉਸ ਬਲ ਸੇ ਦੇਵਤਾਓਂ ਨੇ ਦੈਂਤੋਂ ਕੋ ਜੈ ਕਰ ਲੀਆ ਫੇਰ ਅਭਿਮਾਨ ਕਰਨੇ ਲਗੇ ਕਿ ਹਮ ਨੇ ਅਪਨੇ ਬਲ ਸੇ ਦੈਂਤੋਂ ਕੋ ਜੈ ਕੀਆ ਹੈ ਜਬ ਬਹੁਤ ਹੰਕਾਰੀ ਹੋ ਗਏ ਪ੍ਰਮਾਤਮਾ ਕੋ ਉਨ ਕਾ ਹੰਕਾਰ ਅਛਾ ਨਾ ਲਗਾ ਤੋ ਪ੍ਰਮਾਤਮਾ ਯਖਸ਼ ਯਾਨੇ ਤੇਜਸਵੀ ਰੂਪ ਧਾਰ ਕਰ ਦੇਵਤਾਓਂ ਕੇ ਸਾਮਨੇ ਆਇਆ ਦੇਵਤਾ ਦੇਖ ਕਰ ਡਰ ਗਏ ਔਰ ਸਭਾ ਮੇਂ ਵਿਚਾਰ ਕਰਕੇ ਅਗਨੀ ਦੇਵਤਾ ਕੋ ਕਹਿਨੇ ਲਗੇ ਕਿ ਜਾ ਦੇਖ ਕਉਨ ਹੈ ? ਅਗਨੀ ਦੇਵਤਾ ਜਖਸ਼ ਕੇ ਪਾਸ ਆਇਆ ਆ ਕਰ ਡਰ ਗਿਆ ਕੁਛ ਬੋਲ ਨ ਸਕਾ, ਤਬ ਪਰਮਾਤਮਾ ਨੇ ਅਗਨੀ ਦੇਵਤਾ ਕੋ ਪੂਛਾ ਤੂੰ ਕਉਨ ਹੈਂ ? ਅਗਨੀ ਦੇਵ ਫਿਰ ਭੀ ਹੰਕਾਰ ਸੇ ਬੋਲਾ ਕਹਾ ਤੁਮ ਮੁਝੇ ਕੋ ਜਾਨਤੇ ਨਹੀਂ ? ਮੈਂ ਅਗਨੀ ਦੇਵਤਾ ਹੂੰ ਜਾਤਵੇਦ ਮੇਰਾ ਨਾਮ ਹੈ ! ਤਬ ਪਰਮਾਤਮਾ



ਨੇ ਪੂਛਾ ਤੇਰੇ ਮੇਂ ਬਲ ਕਿਆ ਹੈ ਤੋ ਹੰਕਾਰ ਸੇ ਕਹਿਨੇ ਲਗਾ ਮੈਂ ਤ੍ਰਲੋਕੀ ਕੋ ਸ਼ੀਘਰ ਹੀ ਸਾੜ ਸਕਤਾ ਹੂੰ ਤੋ ਭਗਵਾਨ ਨੇ ਉਸ ਕਾ ਹੰਕਾਰ ਤੋੜਨੇ ਵਾਸਤੇ ਏਕ ਤ੍ਰਿਣ ਆਗੇ ਰਖਾ ਔਰ ਕਹਾ ਇਸ ਕੋ ਜਲਾ ਕੇ ਦਿਖਾ ਤੋ ਅਗਨੀ ਦੇਵ ਨੇ ਬੜੇ ਵੇਗ ਸੇ ਅਪਨਾ ਸਾਰਾ ਜ਼ੋਰ ਲਗਾਯਾ ਪਰ ਤ੍ਰਿਣ ਕੋ ਜਲਾ ਨ ਸਕਾ ਔਰ ਲੱਜਤ ਹੋਕਰ ਵਾਪਸ ਸਭਾ ਮੇਂ ਆਇਆ ਔਰ ਕਹਿਨੇ ਲਗਾ ਮੈਂ ਨਹੀਂ ਜਾਨਤਾ ਯਹਿ ਕੌਨ ਹੈ ? ਤਬ ਦੇਵਤਾਓਂ ਨੇ ਵਾਯੂ ਕੋ ਕਹਾ ਕਿ ਤੂੰ ਜਾਕੇ ਦੇਖ ਵਹਾਂ ਕੌਨ ਯਖਸ਼ ਹੈ ? ਪਰ ਵਾਯੂ ਦੇਵ ਭੀ ਆਕਰ ਜਾਨ ਨ ਸਕਾ ਔਰ ਡਰ ਗਿਆ ਤਬ ਯਖਸ਼ ਰੂਪ ਧਾਰੀ ਪਰਮੇਸਰ ਨੇ ਪੂਛਾ ਕਿ ਤੂੰ ਕੌਨ ਹੈਂ ? ਹੰਕਾਰ ਮੇਂ ਆਕਰ ਵਾਯੂ ਦੇਵ ਕਹਿਨੇ ਲਗਾ ਮੈਂ ਅਕਾਸ਼ ਮੇਂ ਵਿਚਰਨੇ ਵਾਲਾ ਵਾਯੂ ਹੂੰ ਫੇਰ ਪੂਛਾ ਤੇਰੇ ਮੇਂ ਕਿਆ ਬਲ ਹੈ ? ਉਸ ਨੇ ਕਹਾ ਮੈਂ ਜਲਦੀ ਹੀ ਤ੍ਰਲੋਕੀ ਕੋ ਉਡਾ ਸਕਤਾ ਹੂੰ । ਭਗਵਾਨ ਨੇ ਉਸਕੇ ਆਗੇ ਭੀ ਏਕ ਤ੍ਰਿਣ ਰਖਾ ਔਰ ਕਹਾ ਕਿ ਇਸ ਕੋ ਉਡਾ, ਤਬ ਵਾਯੂ ਅਪਨੇ ਸਾਰੇ ਬਲ ਸੇ ਉਡਾਨੇ ਲਗਾ ਪਰੰਤੂ ਤੀਲਾ ਨਾ ਉਡਾ ਸਕਾ ਤੋ ਲੱਜਤ ਹੋਕਰ ਵਾਪਸ ਸਭਾ ਮੇਂ ਆਕਰ ਕਹਿਨੇ ਲਗਾ ਮੈਂ ਨਹੀਂ ਜਾਨਤਾ ਯਹਿ ਕੌਨ ਹੈ ? ਤਬ ਸਾਰੇ ਦੇਵਤਾ ਇੰਦਰ ਕੋ ਜਾਕਰ ਕਹਿਨੇ ਲਗੇ ਤੁਮ ਜਾਕਰ ਦੇਖੋ ਕੌਨ ਹੈ ? ਜਬ ਇੰਦਰ ਆਇਆ ਤਬ ਭਗਵਾਨ ਵਹਾਂ ਹੀ ਲੋਪ ਹੋ ਗਏ ਇੰਦਰ ਕੋ ਦਰਸ਼ਨ ਭੀ ਨ ਹੂਏ ਤਬ ਲੱਜਤ ਹੋਕਰ ਭਗਵਾਨ ਕੋ ਯਾਦ ਕਰਨੇ ਲਗਾ ਤਬ ਉਥੇ ਇੰਦਰ ਕੋ ਉਮਾ ਨੇ ਦਰਸ਼ਨ ਦੀਆ ਔਰ ਕਹਾ ਕਿ ਭਗਵਾਨ ਤੁਮ੍ਹਾਰਾ ਹੰਕਾਰ ਖੰਡਨ ਕਰਨੇ ਕੋ ਆਏ ਥੇ ਕਿਉਂਕਿ ਗੁਰੂ ਪ੍ਰਮਾਣ–

## ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

[ਮਾਰੂ ਵਾਰ ਮ: ੩ ਸਫਾ ੧੦੮੯

ਤਬ ਇੰਦ੍ਰਾਦਿ ਦੇਵਤਾਓਂ ਕਾ ਹੰਕਾਰ ਦੂਰ ਹੋਤਾ ਭਇਆ ॥

ਹਰਿ ਜੀਉ ਅਹੰਕਾਰੁ ਨ ਭਾਵਈ, ਇਸ ਪਰ ਤੀਸਰੀ ਕਥਾ–

ਭਗਵਾਨ ਸ੍ਰੀ ਕ੍ਰਿਸ਼ਨ ਚੰਦਰ ਜੀ ਦਵਾਰਕਾ ਮੇਂ ਰਹਿਤੇ ਥੇ ਤਬ ਗਰੁੜ ਜੀ ਕੋ, ਸੁਦਰਸ਼ਨ ਚਕਰ ਕੋ ਤਥਾ ਸਤਭਾਮਾ ਜੀ ਕੋ ਅਭਿਮਾਨ ਹੂਆ ਗਰੁੜ ਅਭਿਮਾਨ ਸੇ ਕਹਿਨੇ ਲਗਾ ਕਿ ਅਗਰ ਮੈਂ ਨ ਹੋਊਂ ਤੋ ਭਗਵਾਨ ਭਗਤੋਂ ਕੇ ਪਾਸ ਪਹੁੰਚ ਕਰ ਰਖਿਆ ਹੀ ਨਹੀਂ ਕਰ ਸਕਤੇ । ਸੁਦਰਸ਼ਨ ਚਕਰ ਕਹਿਨੇ ਲਗਾ ਮੇਰੇ ਬਿਨਾਂ ਭਗਵਾਨ ਗ੍ਰਾਹ ਸੇ ਗਜ ਕੀ ਰਖਿਆ ਨਹੀਂ ਕਰ ਸਕਤੇ ਥੇ ਜਲ ਮੇਂ ਜਾ ਨਹੀਂ ਸਕਤੇ ਥੇ ਸਤਭਾਮਾ ਕੋ ਅਭਿਮਾਨ ਹੂਆ ਕਿ ਮੇਰੇ ਜੈਸੀ ਪਿਆਰੀ ਰਾਣੀ ਭਗਵਾਨ ਕੀ ਕੋਈ ਹੈ ਹੀ ਨਹੀਂ, ਕਿਉਂਕਿ ਮੇਰੇ ਵਾਸਤੇ ਭਗਵਾਨ ਸੁਰਗ ਸੇ ਕਲਪ ਬ੍ਰਿਖ ਲਾਏ ਥੇ। ਪ੍ਰਮਾਣ–

## ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥

[ਆਸਾ ਵਾਰ ਮ: ੧ ਸਫਾ ੪੭੦

ਇਸ ਪ੍ਰਕਾਰ ਸਤਭਾਮਾ ਭਗਵਾਨ ਤਥਾ ਸਭ ਰਾਣੀਓਂ ਕਾ ਤ੍ਰਿਸਕਾਰ ਕੀਆ ਕਰਤੀ ਥੀ ਭਗਵਾਨ ਕੋ ਯਹ ਬਾਤ ਅਛੀ ਨ ਲਗੀ ਵਿਚਾਰ ਕਰਨੇ ਲਗੇ ਕਿ ਇਕ

ਤੀਨੋਂ ਕਾ ਕਿਸੀ ਤਰ੍ਹਾਂ ਅਹੰਕਾਰ ਦੂਰ ਕਰੇਂ । ਬੈਠੇ ਬੈਠੇ ਭਗਵਾਨ ਦਸ ਬਜੇ ਦਿਨ ਕੇ ਰੋਨੇ ਲਗੇ ਪਾਸ ਹੀ ਯਹਿ ਤੀਨੋਂ ਖੜੇ ਥੇ. ਇਨ੍ਹੋਂ ਨੇ ਬਹੁਤ ਪੂਛਾ ਪਰ ਭਗਵਾਨ ਬਤਾਏਂ ਨਹੀਂ ਆਖਰ ਬਹੁਤ ਪੂਛਨੇ ਪਰ ਭਗਵਾਨ ਨੇ ਕਹਾ ਮੇਰਾ ਭਗਤ ਹਨੂਮਾਨ ਜਗਨ ਨਾਥ ਪੁਰੀ ਮੇਂ ਰਹਿਤਾ ਹੈ । ਉਸ ਨੇ ਆਜ ਪ੍ਰਤਗਯਾ ਕਰੀ ਹੈ ਕਿ ਬਾਰਾਂ ਬਜੇ ਕੇ ਅੰਦਰ ਭਗਵਾਨ ਸੀਤਾ ਰਾਮ ਰੂਪ ਮੇਂ ਦਰਸਨ ਨ ਦੇਂਗੇ ਤੋ ਸਰੀਰ ਛੋੜ ਦੂੰਗਾ ਐਸੇ ਭਗਤ ਕੇ ਮਰਨੇ ਪਰ ਮੈਂ ਭੀ ਅਪਨਾ ਸਰੀਰ ਨਹੀਂ ਰਖੂੰਗਾ ਦੂਰ ਹੋਨੇ ਸੇ ਨ ਵੋਹ ਯਹਾਂ ਆ ਸਕਤਾ ਹੈ ਔਰ ਨ ਮੈਂ ਹੀ ਵਹਾਂ ਜਾ ਸਕਤਾ ਹੂੰ ਭਲਾ ਕਿਸੀ ਸੂਰਤ ਸੇ ਕੋਈ ਬੁਲਾ ਭੀ ਲਾਏਗਾ ਔਰ ਮੈਂ ਰਾਮ ਰੂਪ ਬਨ ਭੀ ਜਾਊਂਗਾ ਪਰੰਤੂ ਸੀਤਾ ਬਨਣੇ ਵਾਲੀ ਕੋਈ ਨਹੀਂ ਕਿਉਂਕਿ ਰੁਕਮਣੀ ਦੇਵੀ ਕਾ ਪੂਜਨ ਕਰਨੇ ਗਈ ਹੈ ਸੋ ਭੀ ਨਾ ਮਾਲੂਮ ਕਬ ਆਵੇ ਔਰ ਉਸ ਸੇ ਬਿਨਾਂ ਹੋਰ ਕੋਈ ਸੀਤਾ ਕਾ ਸਰੂਪ ਧਾਰਣ ਨਹੀਂ ਕਰ ਸਕਤੀ ਭਗਤ ਕੋ ਦੋ ਘੰਟੇ ਕੇ ਅੰਦਰ ੨ ਦਰਸ਼ਨ ਨ ਹੋਗਾ ਤੋ ਭਗਤ ਸਰੀਰ ਛੋੜ ਦੇਗਾ ਇਸ ਲੀਏ ਰੋ ਰਹਾ ਹੂੰ ਤਬ ਹੰਕਾਰ ਮੇਂ ਆ ਕਰ ਸਤਭਾਮਾ ਕਹਿਨੇ ਲਗੀ ਸੀਤਾ ਬਨਣੇ ਕਾ ਕਿਆ ਹੈ ? ਮੈਂ ਬਨ ਜਾਊਂਗੀ ਰੋਵੋ ਮਤ ਭਗਵਾਨ ਕਹਿਨੇ ਲਗੇ ਸੀਤਾ ਵਾਲੇ ਲਖਣ ਸੁਭਾਵ ਤੇਰੇ ਮੇਂ ਨਹੀਂ ਹੈਂ ਤਬ ਉਸ ਨੇ ਹਠ ਕਰਿਆ ਕਿ ਮੈਂ ਸੀਤਾ ਕਾ ਸੁਰੂਪ ਧਾਰਨ ਕਰ ਲੂੰਗੀ ਫਿਰ ਭਗਵਾਨ ਨੇ ਕਹਾ ਉਸ ਕੋ ਲੇ ਕੌਣ ਆਏਗਾ ਵਕਤ ਥੋੜਾ ਹੈ । ਤਬ ਗਰੁੜ ਅਭਿਮਾਨ ਮੇਂ ਆ ਕਰ ਕਹਿਨੇ ਲਗਾ ਮੈਂ ਲੇ ਆਊਂਗਾ ਰੋਤੇ ਕਿਉਂ ਹੋ ? ਭਗਵਾਨ ਕਹਿਨੇ ਲਗੇ ਅਛਾ ਲਾਓ ਤਬ ਗਰੁੜ ਲੇਨੇ ਗਿਆ ਔਰ ਮਿੰਟੋਂ ਮੇਂ ਵਹਾਂ ਪਹੁੰਚ ਗਿਆ, ਜਾਕੇ ਦੇਖਾ ਕਿ ਹਨੂਮਾਨ ਜੀ ਸੀਤਾ ਰਾਮ ਸੀਤਾ ਰਾਮ ਕੀ ਧੁਨੀ ਲਗਾਏ ਬੈਠੇ ਹੈਂ, ਜਾਕਰ ਨਮਸਕਾਰ ਕਰੀ ਔਰ ਕਹਾ ਕਿ ਸੀਤਾ ਰਾਮ ਜੀ ਆਪ ਕੋ ਦਵਾਰਕਾ ਮੇਂ ਯਾਦ ਕਰਤੇ ਹੈਂ ਆਪ ਜਲਦੀ ਚਲੋਂ ਤਬ ਹਨੂਮਾਨ ਜੀ ਕਹਿਨੇ ਲਗੇ ਅਬ ਆਏ ਹੋ ਪਹਿਲੇ ਕਿਉਂ ਨਹੀਂ ਆਏ ? ਭਗਵਾਨ ਕੋ ਯਾਦ ਕਰਤੇ ਕਰਤੇ ਮੈਂ ਨੇ ਅਭੀ ਤਕ ਅਸ਼ਨਾਨ ਭੀ ਨਹੀਂ ਕੀਆ ਠਹਿਰੋ ! ਮੈਂ ਅਸ਼ਨਾਨ ਕਰ ਲੂੰ ਔਰ ਪੂਜਨ ਕਰਕੇ ਫਿਰ ਚਲੂੰਗਾ । ਤਬ ਗਰੁੜ ਜੀ ਕਹਿਨੇ ਲਗੇ ਕਿ ਭਗਵਾਨ ਤੋ ਤਬ ਤਕ ਸ਼ਰੀਰ ਛੋੜ ਦੇਂਗੇ ਮੇਲ ਕੈਸੇ ਹੋਗਾ ? ਵਹਾਂ ਹੀ ਚਲ ਕਰ ਅਸ਼ਨਾਨ ਪੂਜਨ ਕਰ ਲੇਨਾ ਤਬ ਹਨੂਮਾਨ ਜੀ ਬੋਲੇ ਆਪ ਚਲ ਕਰ ਭਗਵਾਨ ਕੋ ਕਹੋ ਹਨੂਮਾਨ ਅਭੀ ਆਤਾ ਹੈ ਆਪ ਸਰੀਰ ਨ ਛੋੜੋ, ਗਰੁੜ ਜੀ ਕਹਿਨੇ ਲਗੇ ਕਿ ਮੇਰੇ ਬਿਨਾਂ ਤੂੰ ਕੈਸੇ ਪਹੁੰਚੇਂਗਾ ? ਮੇਰੀ ਪਿਠ ਪਰ ਬੈਠ ਮੈਂ ਤੁਮ ਕੋ ਲੇ ਚਲੂੰ. ਹਨੂਮਾਨ ਜੀ ਕਹਿਨੇ ਲਗੇ ਭਗਵਾਨ ਕੇ ਵਾਹਨ ਪਰ ਮੈਂ ਨਹੀਂ ਬੈਠੂੰਗਾ ? ਗਰੁੜ ਨੇ ਬਹੁਤ ਕਹਾ ਪਰੰਤੂ ਹਨੂਮਾਨ ਜੀ ਨ ਮਾਨੇ ਕਹਾ ਤੁਮ ਚਲੋ ਹਮ ਆਤੇ ਹੈਂ ਤਬ ਗਰੁੜ ਜੀ ਅਫਸੋਸ ਪੂਰਬਕ ਬੜੇ ਵੇਗ ਸੇ ਚਲੇ ਪੀਛੇ ਸੇ ਹਨੂਮਾਨ ਜੀ ਅਸ਼ਨਾਨ ਪੂਜਨ ਕਰਕੇ ਫੇਰ ਚਲੇ ਦਵਾਰਕਾ ਕੇ ਨਜ਼ਦੀਕ ਗਰੁੜ ਸੇ ਭੀ ਆਗੇ ਲੰਘ ਗਏ । ਗਰੁੜ ਕਾ ਅਭਿਮਾਨ ਉਥੇ ਹੀ ਦੂਰ ਹੋ ਗਿਆ ਕਿ ਮੇਰੇ ਮੇਂ ਚਲਨੇ ਕੀ ਕਿਆ



ਤਾਕਤ ਹੈ ? ਭਗਵਾਨ ਕੇ ਭਗਤੋਂ ਮੇਂ ਬੜੀ ਤਾਕਤ ਹੈ, ਦੇਖੋ ਹਨੂਮਾਨ ਮੇਰੇ ਸੇ ਪੀਛੇ ਆਇਆ ਔਰ ਆਗੇ ਲੰਘ ਗਿਆ, ਵਹਾਂ ਦਵਾਰਕਾ ਮੇਂ ਸਤਭਾਮਾ ਸੀਤਾ ਕਾ ਰੂਪ ਨ ਧਾਰਨ ਕਰ ਸਕੀ, ਤਬ ਸਤਭਾਮਾ ਕਾ ਅਭਿਮਾਨ ਭੀ ਟੂਟ ਗਿਆ ਕਿ ਮੈਂ ਇਤਨੀ ਦੇਰ ਮੇਂ ਭੀ ਸੀਤਾ ਕਾ ਰੂਪ ਧਾਰਨ ਨ ਕਰ ਸਕੀ ਭਗਵਾਨ ਨੇ ਰੁਕਮਨੀ ਕੋ ਕਹਾ ਤੂੰ ਜਲਦੀ ਆ ਕਰ ਸੀਤਾ ਕਾ ਰੂਪ ਧਾਰਨ ਕਰ ਹਨੂਮਾਨ ਜੀ ਆ ਰਹੇ ਹੈਂ, ਸੀਤਾ ਰਾਮ ਕਾ ਸਰੂਪ ਨ ਦੇਖੇਗਾ ਤੋ ਲੌਟ ਜਾਏਗਾ, ਤਬ ਸੁਦਰਸ਼ਨ ਚੱਕਰ ਕੋ ਕਹਾ ਤੂੰ ਦਰਵਾਜ਼ੇ ਪਰ ਖੜਾ ਰਹੁ ਜਬ ਤਕ ਰੁਕਮਨੀ ਸੀਤਾ ਕਾ ਰੂਪ ਨ ਧਾਰਨ ਕਰਲੇ ਤਬ ਤਕ ਹਨੂੰਮਾਨ ਜੀ ਕੋ ਅੰਦਰ ਨ ਆਨੇ ਦੇਨਾ ਵਹਾਂ ਸੇ ਹਨੂੰਮਾਨ ਜੀ ਆ ਗਏ ਤੋ ਸੁਦਰਸ਼ਨ ਚੱਕਰ ਨੇ ਰੋਕਾ ਹਨੂੰਮਾਨ ਜੀ ਨੇ ਬਹੁਤ ਸਮਝਾਇਆ ਕਿ ਮੇਰੇ ਦਰਸ਼ਨ ਮੇਂ ਬਾਰਾਂ ਬਜਨੇ ਮੇਂ ਥੋੜੇ ਮਿੰਟ ਰਹਿਤੇ ਹੈਂ ਅਗਰ ਮੁਝੇ ਦਰਸ਼ਨ ਨ ਹੋਗਾ ਤੋ ਮੈਂ ਸਰੀਰ ਛੋੜ ਦੂੰਗਾ ਔਰ ਇਧਰ ਭਗਵਾਨ ਸਰੀਰ ਨ ਰਖੇਂਗੇ ਤੋ ਭੀ ਸੁਦਰਸ਼ਨ ਚੱਕਰ ਨ ਮਾਨਾ । ਤਬ ਹਨੂੰਮਾਨ ਜੀ ਨੇ ਦਰਸ਼ਨ ਕੇ ਹੁਲਾਸ ਮੇਂ ਆ ਕਰ ਸੁਦਰਸ਼ਨ ਚੱਕਰ ਕੋ ਪਕੜਕੇ ਦੋ ਟੁਕੜੇ ਕਰ ਦੀਏ ਔਰ ਆਪ ਅੰਦਰ ਚਲੇ ਗਏ ਤੋ ਹਨੂੰਮਾਨ ਕੇ ਬਲ ਕੋ ਦੇਖ ਕਰ ਸੁਦਰਸ਼ਨ ਚੱਕਰ ਕਾ ਅਭਿਮਾਨ ਭੀ ਦੂਰ ਹੂਆ ਔਰ ਹਨੂੰਮਾਨ ਜੀ ਨੇ ਭਗਵਾਨ ਕਾ ਦਰਸ਼ਨ ਕੀਆ ਫਿਰ ਤੀਨੋਂ ਕੇ ਅਭਿਮਾਨ ਕੀ ਕਥਾ ਭਗਵਾਨ ਨੇ ਹਨੂੰਮਾਨ ਜੀ ਕੋ ਸੁਨਾਈ । ਹਨੂੰਮਾਨ ਜੀ ਨੇ ਉਨ ਕੋ ਕਹਾ ਕਿ ਤੁਮ ਬ੍ਰਿਥਾ ਅਭਿਮਾਨ ਕਰਤੇ ਹੋ, ਐਸਾ ਕਹਿ ਕਰ ਉਨਕੋ ਲੱਜਤ ਕੀਆ ਇਸੀ ਵਾਸਤੇ ਗੁਰੂ ਜੀ ਲਿਖਤੇ ਹੈਂ । 'ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥''

**ਜਬ ਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕੁ ਨਹੀ ਸਰੈ ॥**

[ਭੈਰਉ ਕਬੀਰ ਸਫਾ ੧੧੬੮

**ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰ ਮਤੇ ॥ ਚਾਰੇ ਕੁੰਡਾ ਭਵਿ ਥਕੇ ਅੰਦਰਿ ਤਿਖ ਤਤੇ ॥ ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥**

[ਮਾਰੂ ਵਾਰ ਮ: ੩ ਸਫਾ ੧੦੯੩

**ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥ ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥**

[ਬਸੰਤ ਕਬੀਰ ਜੀ ਸਫਾ ੧੧੯੩

**ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥**

[ਸੋਰਠਿ ਮ: ੩ ਸਫਾ ੬੦੦

ਇਸ ਪਰਕਾਰ ਗੁਰੂ ਬਿਨਾ ਵੇਦ ਸ਼ਾਸਤ੍ਰ ਪੜ੍ਹਨੇ ਸੇ ਕਾਮ ਕ੍ਰੋਧ ਆਇਕੋਂ ਕੀ

ਨਿਵਿਰਤੀ ਨਹੀਂ ਹੋਤੀ ਹੈ ਨਾ ਹੀ ਹਉਮੈ ਕੀ ਨਿਵਿਰਤੀ ਹੋਤੀ ਹੈ ।

ਇਸ ਵਾਸਤੇ ਗੁਰੂ ਜੀ ਲਿਖਤੇ ਹੈਂ–

**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥**

[ਸੋਰਠਿ ਮ: ੫ ਸਫਾ ੬੪੧

ਤਾਤੇ ਸਤਿਸੰਗ ਕਰਨੇ ਸੇ ਹੀ ਪਾਂਚੋਂ ਵਸ ਮੇਂ ਆਤੇ ਹੈਂ ਇਸ ਪ੍ਰਕਾਰ ਅਰਥ ਸੁਨਾਤੇ ਹੁਏ ਸਪਤਮੀ ਕੋ ਮੇਲਾ ਸਮਾਪਤ ਹੂਆ ਅਸ਼ਟਮੀ ਕੋ ਸਵੇਰੇ ਧੂਮ ਧਾਮ ਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਸਵਾਰੀ ਪੰਜਾਬ ਸਿੰਧ ਛੇਤ੍ਰ ਮੇਂ ਲੇ ਆਏ ਫੇਰ ਵੁਹ ਮੇਲਾ ਸਮਾਪਤ ਕਰਕੇ ਦਸਮੀ ਕੋ ਆਪ ਸਵੇਰੇ ਇਕਲੇ ਸੋਚ ਕੇ ਲੀਏ ਕਰੀਬਨ ਡੇਢ ਮੀਲ ਝਾੜੀ ਸੇ ਦੂਰ ਗਏ ਜਬ ਸੋਚ ਹੋਕੇ ਆਪ ਜਲ ਵਰਤਨੇ ਲਗੇ ਤਬ ਆਪ ਕੀ ਵਾਮ ਭੁਜਾ ਇਕ ਕੁਤੇ ਨੇ ਆ ਪਕੜੀ ਜਿਸਕਾ ਏਕ ਦਾਂਤ ਕਪੜੇ ਕੇ ਪਲੇ ਮੇਂ ਲਗਾ ਕੁਤਾ ਆਪ ਕੋ ਛੋੜ ਕਰ ਭਾਗ ਗਯਾ । ਆਪ ਨੇ ਕੋਈ ਖਿਆਲ ਨ ਕਰਾ ਰਸਤੇ ਮੇਂ ਆਕੇ ਸੁਨਾ ਕਿ ਓਹ ਕੁਤਾ ਬਾਵਲਾ (ਹਲਕਾਇਆ) ਹੂਆ ਥਾ ਔਰ ੧੭ ਆਦਮੀਓਂ ਕੋ ਉਸ ਕੁਤੇ ਨੇ ਕਾਟਾ ਹੈ । ਆਪ ਕੇ ਕੁਤੇ ਕਟਨੇ ਕੀ ਖਬਰ ਸੁਨ ਕਰ ਬਹੁਤ ਪ੍ਰੇਮੀ ਦਰਸ਼ਨ ਕੋ ਆਏ ਪਰ ਆਪ ਕੋ ਕੋਈ ਕੁਤੇ ਨੇ ਖਾਸ ਨਹੀਂ ਕਾਟਾ ਥਾ ਆਪ ਉਨਸੇ ਪਰਸੰਨ ਹੋਕਰ ਵਾਰਤਾਲਾਪ ਕਰਤੇ ਰਹੇ। ਅਸ਼-ਨਾਨ ਕ੍ਰਿਯਾ ਕਰੀ ਫੇਰ ਰਾਵਲਪਿੰਡੀ ਕੇ ਹਰਿਮੰਦਰ ਵਾਲੇ ਸਭ ਪ੍ਰੇਮੀਓਂ ਨੇ ਜੋ ਛੇਤ੍ਰ ਕੇ ਮੈਂਬਰ ਥੇ ਉਨ੍ਹੋਂ ਨੇ ਜੋਰ ਦੀਆ ਕਿ ਆਪ ਕੋ ਕਸੌਲੀ ਪਹਾੜ ਪਰ ਲੇ ਚਲਤੇ ਹੈਂ ਵਹਾਂ ਅਛੀ ਦਵਾਈ ਹੋਤੀ ਹੈ। ਬਹੁਤ ਕਹਾ ਪਰ ਆਪ ਨੇ ਸਵੀਕਾਰ ਨ ਕੀਆ। ਫੇਰ ਏਕ ਪ੍ਰੇਮੀ ਕਹਿਨੇ ਲਗਾ ਅਛਾ ਆਪ ਕਸੌਲੀ ਨਾ ਜਾਓ ਮੈਂ ਈਹਾਂ ਹੀ ਮੰਤ੍ਰ ਪੜ੍ਹਤਾ ਹੂੰ। ਉਸਨੇ ਸਾਤ ਆਦਮੀਓਂ ਕੋ ਬਿਠਾਕੇ ਮੰਤ੍ਰ ਪੜ੍ਹਾ ਸਭ ਕੇ ਹਾਥ ਮੇਂ ਮਿਟੀ ਕੇ ਗੋਲੇ ਦੀਏ ਔਰ ਕੁਤੇ ਕੇ ਕਈ ਵਾਲ ਮਿਟੀ ਕੇ ਗੋਲੇ ਮੇਂ ਸੇ ਨਿਕਾਲੇ ਅਰ ਕਹਾ ਆਪ ਰਾਜ਼ੀ ਹੋ ਜਾਓਗੇ ਆਪ ਕੋ ਕੁਛ ਤਕਲੀਫ ਨਹੀਂ ਹੋਗੀ ਫੇਰ ਆਪ ਨੇ ਇਸ ਬਾਤ ਕਾ ਕੋਈ ਖਿਆਲ ਹੀ ਨ ਕੀਆ ਉਸ ਕੁਤੇ ਕੇ ਕਟੇ ਹੁਏ ਬਹੁਤ ਆਦਮੀ ਜਲਦੀ ਹੀ ਮਰ ਗਏ। ਪਰੰਤੂ ਆਪ ਰਾਜ਼ੀ ਪ੍ਰਸੰਨ ਰਹੇ ਔਰ ਬਹੁਤ ਲੋਗ ਆਪ ਕੇ ਪਾਸ ਆਤੇ ਜਾਤੇ ਰਹੇ ਆਪ ਸਭ ਲੋਗੋਂ ਕੋ ਉਤਮ ਪੁਰਸ਼ ਤਥਾ ਨੀਚ ਪੁਰਸ਼ ਕੀ ਪ੍ਰੀਤੀ ਕਾ ਭੇਦ ਦ੍ਰਿਸ਼ਟਾਂਤ ਦੇ ਕਰ ਸੁਨਾਤੇ ਰਹੇ ਉਸ ਸੇ ਪਹਿਲੇ ਸੰਤ ਸੇਵਾ ਕਾ ਮਹਾਤਮ ਸੁਨਾਯਾ। ਜੈਸੇ ਪ੍ਰਮਾਣ–

**ਚਾਰ ਪਦਾਰਥ ਜੇਕੋ ਮਾਗੈ॥ਸਾਧ ਜਨਾ ਕੀ ਸੇਵਾ ਲਾਗੈ ॥**[ਗਉ:ਸੁਖ:ਮ:੫ਸਫਾ੨੬੬

**ਸਾਧ ਕੈ ਸੰਗਿ ਅਗੋਚਰ ਮਿਲੈ ॥ ਸਾਧ ਕੈ ਸੰਗਿ ਸਦਾ ਪਰਫੁਲੈ ॥**
**ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥**

[ਗਉੜੀ ਸੁਖਮਨੀ ਮ: ੫ ਸਫਾ ੨੭੧

ਕਥਾ–ਜਮਨਾ ਕੇ ਤੀਰੇ ਏਕ ਬੀਤ ਰਾਗ ਬ੍ਰਹਮ ਨਿਸ਼੍ਠ ਮਹਾਤਮਾ ਰਹਿਤੇ ਥੇ ਉਨਕੇ ਪਾਸ ਏਕ ਅਧਿਕਾਰੀ ਆਇਆ ਵੋਹ ਕਹਿਨੇ ਲਗਾ ਮਹਾਰਾਜ ਜੀ ਮੇਰੇ ਕੋ ਸਿਸ਼ ਬਨਾਓ, ਮਹਾਤਮਾ ਨੇ ਕਹਾ ਤੁਮ੍ਹਾਰਾ ਪ੍ਰੇਮ ਭਾਵ ਦੇਖ ਕਰ ਮੈਂ ਫਿਰ ਸਿਸ਼ ਬਨਾਊਂਗਾ



ਉਸ ਨੇ ਕਹਾ ਮਹਾਰਾਜ ਪਹਿਲੇ ਮੇਰੇ ਕੋ ਪ੍ਰੇਮ ਕਾ ਨਮੂਨਾ ਬਤਾਓ, ਮਹਾਤਮਾ ਕਹਿਨੇ ਲਗੇ।

**(ਦੋਹਾ) ਉਤਮ ਪ੍ਰੀਤਿ ਸੁ ਦੂਜ ਸ਼ਸ਼ ਦਿਨ ਦਿਨ ਅਧਿਕ ਬਢਾਇ।**
**ਖਲ ਪ੍ਰੀਤੀ ਪੂਰਣ ਸ਼ਸ਼ਿ ਘਟਤ ਘਟਤ ਘਟ ਜਾਇ॥**

ਅਰਥ–ਉਤਮ ਪੁਰਸ਼ ਪਹਿਲੇ ਦੂਜ ਕੇ ਚੰਦਰਮਾ ਕੀ ਨਿਆਈਂ ਥੋੜੀ ਪ੍ਰੀਤੀ ਕਰਤੇ ਹੈਂ, ਯਾਨੇ ਦੂਜ ਕਾ ਚੰਦਰਮਾ ਕਿਸੀ ਕੋ ਦਿਖਾਈ ਆਤਾ ਹੈ ਕਿਸੀ ਕੋ ਨਹੀਂ, ਤੈਸੇ ਹੀ ਉਤਮ ਪੁਰਸ਼ੋਂ ਕੀ ਪ੍ਰੀਤੀ ਪਹਿਲੇ ਕਿਸੀ ਕੋ ਮਲੂਮ ਹੋਤੀ ਹੈ ਕਿਸੀ ਕੋ ਨਹੀਂ ਪਰੰਤੂ ਦਿਨ ਪ੍ਰਤਿ ਦਿਨ ਬਢਾਤੇ ੨ ਪੂਰਨਮਾਸ਼ੀ ਕੇ ਚੰਦਰਮਾ ਵਤ ਪੂਰਨ ਪ੍ਰੀਤੀ ਕਰ ਦੇਤੇ ਹੈਂ ਮੂਰਖ ਕੀ ਪ੍ਰੀਤਿ ਪਹਿਲੇ ਪੂਰਨਮਾਸ਼ੀ ਕੇ ਚੰਦ੍ਰਮਾ ਕੀ ਨਿਆਈਂ ਪੂਰਨ ਹੋਤੀ ਹੈ ਫਿਰ ਦਿਨ ਪ੍ਰਤਿ ਦਿਨ ਘਟਾਤੇ ਘਟਾਤੇ ਦਿਖਾਈ ਹੀ ਨਹੀਂ ਆਤੀ ਜੈਸੇ ਪੂਰਣਮਾ ਕਾ ਚੰਦਰਮਾ ਘਟਤਾ ਘਟਤਾ ਅਮਾਵਸ ਕੋ ਦਿਖਾਈ ਹੀ ਨਹੀਂ ਆਤਾ । ਹੇ ਅਧਿਕਾਰੀ ! ਅਬ ਪਹਿਲੇ ਨੀਚ ਪੁਰਸ਼ੋਂ ਕੀ ਪ੍ਰੀਤੀ ਦਿਖਾਤੇ ਹੈਂ, ਏਕ ਸ਼ਹਿਰ ਮੇਂ ਬੜੇ ਬੀਤ ਰਾਗ ਬ੍ਰਹਮ ਨਿਸ਼ਠ ਮਹਾਤਮਾ ਰਹਿਤੇ ਥੇ ਔਰ ਭਿਖਯਾ ਬ੍ਰਿਤਿ ਸੇ ਨਿਰਬਾਹ ਕਰਤੇ ਥੇ ਔਰ ਏਕ ਵਕਤ ਸ਼ਾਮ ਕੋ ਸਤਸੰਗ ਭੀ ਕੀਆ ਕਰਤੇ ਥੇ, ਉਨ ਕੇ ਪਾਸ ਅਛੇ ਅਛੇ ਉਚ ਖਿਆਲਾਂ ਵਾਲੇ ਸਤਿਸੰਗੀ ਪੁਰਸ਼ ਆਇਆ ਕਰਤੇ ਥੇ, ਔਰ ਉਸ ਸ਼ਹਿਰ ਕਾ ਏਕ ਧਨੀ ਦੇਖਾ ਦੇਖੀ ਪ੍ਰੇਮ ਕਰਨੇ ਲਗਾ ਮਹਾਤਮਾ ਕੋ ਪ੍ਰੇਮ ਭਾਵ ਸੇ ਗੁਰੂ ਧਾਰਨ ਕੀਆ, ਔਰ ਕਹਿਨੇ ਲਗਾ ਸੁਆਮੀ ਜੀ ਹਮਾਰਾ ਘਰ ਵੀ ਚਰਣ ਪਾ ਕਰ ਪਵਿਤ੍ਰ ਕਰੋ ਮਹਾਤਮਾ ਨੇ ਕਹਾ ਅਛਾ ਤਬ ਸੇਠ ਬੜਾ ਧੂਮ ਧਾਮ ਸੇ ਮਹਾਤਮਾ ਕੋ ਘਰ ਲੇ ਆਇਆ, ਸਭ ਬਰਾਦਰੀ ਕੋ ਭੋਜਨ ਕਰਾਇਆ ਫਿਰ ਸਭ ਬਰਾਦਰੀ ਕੇ ਸਾਹਮਣੇ ਹੀ ਮਹਾਤਮਾ ਸੇ ਪ੍ਰਾਰਥਨਾ ਕਰੀ ਕਿ ਆਪ ਜੀ ਜਬ ਤਕ ਯਹਾਂ ਰਹੋ ਹਮਾਰਾ ਹੀ ਭੋਜਨ ਕੀਆ ਕਰੋ ਪਰੰਤੂ ਮਹਾਤਮਾ ਨ ਮਾਨੇ ਫਿਰ ਪ੍ਰਾਰਥਨਾ ਕਰੀ ਕਿ ਕਮ ਸੇ ਕਮ ਛੇ ਮਹੀਨੇ ਤੋ ਆਪ ਹਮਾਰੇ ਘਰ ਮੇਂ ਆ ਕਰ ਭੋਜਨ ਕਰ ਜਾਇਆ ਕਰੋ, ਆਪ ਕੇ ਪੀਛੇ ਹਮ ਭੋਜਨ ਖਾਇਆ ਕਰੇਂਗੇ । ਮਹਾਤਮਾ ਨੇ ਕਹਾ ਪਹਿਲੇ ਯਹ ਬਤਲਾਓ ਕਿ ਤੁਮ੍ਹਾਰਾ ਹਮਾਰੇ ਸਾਥ ਕਿਤਨਾ ਕੁ ਪ੍ਰੇਮ ਰਹੇਗਾ ਸ਼ਾਹੂਕਾਰ ਕਹਿਨੇ ਲਗਾ ਮਹਾਰਾਜ ਆਪ ਹਮਾਰੇ ਪਰਮੇਸ੍ਵਰ ਠਹਿਰੇ ਆਪ ਕੇ ਸਾਥ ਹਮਾਰਾ ਪੂਰਣ ਪ੍ਰੇਮ ਰਹੇਗਾ ਮਹਾਤਮਾ ਨੇ ਕਹਾ ਪੂਰਨ ਪ੍ਰੇਮ ਤੋ ਨਹੀਂ ਪਰੰਤੂ ਜੋ ਤੁਮ੍ਹਾਰੇ ਘਰ ਮੇਂ ਗਊ ਕਾ ਬਛੜਾ ਹੈ ਉਸ ਜਿਤਨਾ ਪ੍ਰੇਮ ਹਮਾਰੇ ਸਾਥ ਰਹ ਜਾਏ ਤੋ ਭੀ ਅਛਾ ਹੈ । ਤਬ ਸ਼ਾਹੂਕਾਰ ਕਹਿਨੇ ਲਗਾ ਹਰੇ ! ਹਰੇ ! ਮਹਾਰਾਜ ! ਵਛਾ ਕਿਆ ਚੀਜ਼ ਹੈ ਆਪ ਕੇ ਸਾਥ ਬਹੁਤਾ ਅਧਿਕ ਪ੍ਰੇਮ ਰਹੇਗਾ ਆਪ ਕਿਰਪਾ ਕਰਕੇ ਛੇ ਮਹੀਨੇ ਤੋ ਜ਼ਰੂਰ ਮਾਨੋ ਪਰੰਤੂ ਮਹਾਤਮਾ ਨੇ ਨਹੀਂ ਮਾਨਾ ਤੋ ਬਹੁਤ ਪ੍ਰੇਮ ਕਰਕੇ ਚਾਰ ਮਹੀਨੇ ਕਾ ਭੋਜਨ ਮਨਾ ਹੀ ਲੀਆ, ਪਰੰਤੂ ਪ੍ਰੇਮ ਮੇਂ ਫਰਕ ਪੜ੍ਹ ਗਿਆ ਜੋ ਪਹਿਲੇ ਦਿਨ ਪ੍ਰੇਮ ਥਾ ਸੋ ਦੂਸਰੇ ਦਿਨ ਨ ਰਹਾ ਦੂਸਰੇ ਦਿਨ ਵਾਲਾ ਤੀਸਰੇ ਦਿਨ ਨ ਰਹਾ ਐਸੇ ਪਹਿਲੇ ਮਹੀਨੇ ਵਾਲਾ ਦੂਸਰੇ ਮਹੀਨੇ ਮੇਂ ਨ

ਰਹਾ, ਜਬ ਪ੍ਰੇਮ ਘਟ ਗਿਆ ਤਬ ਸਾਹੂਕਾਰ ਨੇ ਅਪਨੀ ਇਸਤ੍ਰੀ ਕੋ ਕਹਾ ਕਿ ਮੈਂ ਗੁਰੂ ਜੀ ਕੋ ਪਹਿਲੇ ਤੋ ਲੇਨੇ ਜਾਤਾ ਹੂੰ ਫਿਰ ਭੋਜਨ ਖਿਲਾ ਕਰ ਛੋਡਨੇ ਜਾਤਾ ਹੂੰ, ਵਕਤ ਬਹੁਤ ਲਗ ਜਾਤਾ ਹੈ ਤੁਮ ਗੁਰੂ ਜੀ ਕੋ ਕਹੋ ਕਿ ਕ੍ਰਿਪਾ ਕਰਕੇ ਆਪ ਹੀ ਭੋਜਨ ਸਮੇਂ ਘਰ ਆ ਜਾਇਆ ਕਰੇਂ, ਇਸਤ੍ਰੀ ਨੇ ਸਵੀਕਾਰ ਕੀਆ ਕਿ ਕਹਦੂੰਗੀ ਦੂਸਰੇ ਦਿਨ ਜਬ ਗੁਰੂ ਜੀ ਕੋ ਘਰ ਲੇ ਆਇਆ ਤੋ ਇਸਤ੍ਰੀ ਨੇ ਪ੍ਰਾਰਥਨਾ ਕਰੀ, ਕਿ ਮਹਾਰਾਜ ਆਪ ਕੋ ਲੇ ਆਨੇ ਮੇਂ ਫਿਰ ਵਾਪਸ ਪਹੁੰਚਾਨੇ ਮੇਂ ਸਮਯ ਬਹੁਤ ਲਗ ਜਾਤਾ ਹੈ ਸੇਠ ਜੀ ਕੋ ਦੂਕਾਨ ਸੇ ਫੁਰਸਤ ਬਹੁਤ ਕਮ ਮਿਲਤੀ ਹੈ ਇਸ ਲੀਏ ਆਪ ਹੀ ਆ ਕਰ ਭੋਜਨ ਪਾ ਕਰ ਚਲੇ ਜਾਓ ਤੋ ਕਿਆ ਹਰਜ ਹੈ ? ਮਹਾਤਮਾ ਨੇ ਕਹਾ ਬਹੁਤ ਅਛਾ ਕੋਈ ਹਰਜ ਨਹੀਂ ਹਮ ਆਪ ਹੀ ਰੋਟੀ ਖਾ ਕਰ ਚਲੇ ਜਾਇਆ ਕਰੇਂਗੇ । ਐਸੇ ਕੁਛ ਕਾਲ ਮਹਾਤਮਾ ਆਪ ਹੀ ਆ ਕਰ ਭੋਜਨ ਪਾ ਕਰ ਚਲੇ ਜਾਤੇ ਰਹੇ । ਪਰੰਤੂ ਸਾਹੂਕਾਰ ਅਪਨੇ ਹਾਥੋਂ ਸੇ ਗੁਰੂ ਜੀ ਕੋ ਭੋਜਨ ਖਿਲਾਤਾ ਰਹਾ, ਕੁਛ ਕਾਲ ਕੇ ਬਾਦ ਫਿਰ ਅਪਨੀ ਇਸਤ੍ਰੀ ਕੋ ਕਹਾ ਮਹਾਰਾਜ ਜੀ ਸੇ ਪੂਛੋ ਕਿ ਅਗਰ ਭਗਤ ਜ਼ਰੂਰੀ ਕਾਮ ਕੀ ਵਜਹ ਸੇ ਨ ਆ ਸਕੇ ਤੋ ਮੈਂ ਆਪ ਕੋ ਭੋਜਨ ਕਰਵਾ ਦੂੰ ਤੋ ਕਿਆ ਹਰਜ ਹੈ। ਕਿਉਂਕਿ ਮੈਂ ਭੀ ਆਪ ਕੀ ਪੁਤਰੀ ਹੀ ਹੂੰ ਮਹਾਤਮਾ ਕਹਿਨੇ ਲਗੇ ਤੁਮ ਹਮਾਰੀ ਪੁਤਰੀ ਹੋ ਬੇਸਕ ਤੁਮ ਹੀ ਭੋਜਨ ਕਰਾ ਦੀਆ ਕਰੋ ਫਿਰ ਤੋ ਭਗਤ ਜੀ ਦਰਸ਼ਨ ਭੀ ਨਹੀਂ ਕਰਤੇ ਥੇ ਇਸਤ੍ਰੀ ਹੀ ਭੋਜਨ ਖਿਲਾਇਆ ਕਰਤੀ ਥੀ ਕੁਛ ਦਿਨ ਬਾਦ ਫਿਰ ਇਸਤਰੀ ਸੇ ਕਹਾ ਕਿ ਗੁਰੂ ਜੀ ਸੇ ਪੂਛੋ ਕਿ ਮੁਝੇ ਬਾਹਰ ਅੰਦਰ ਜਾਨਾ ਪੜਤਾ ਹੈ ? ਯਦਿ ਆਗਿਆ ਹੋ ਤੋ ਕਭੀ ਆਪ ਸੇ ਪਹਿਲੇ ਹੀ ਭੋਜਨ ਕਰ ਲੀਆ ਕਰੂੰ ਮਹਾਤਮਾ ਨੇ ਕਹਾ ਭਲੇ ਹੀ ਕਰ ਲੀਆ ਕਰੋ ਵਹੁ ਹਮਾਰਾ ਬੱਚਾ ਹੀ ਹੈ ਫਿਰ ਤੋ ਪਹਿਲੇ ਹੀ ਸੇਠ ਜੀ ਭੋਜਨ ਕਰਕੇ ਦੂਕਾਨ ਪਰ ਚਲਾ ਜਾਇਆ ਕਰੇ ਫਿਰ ਇਸਤ੍ਰੀ ਨੇ ਕਹਾ ਮਹਾਰਾਜ ਅਗਰ ਆਪ ਆਗਿਆ ਦਿਓ ਤੋ ਆਪ ਸੇ ਪਹਿਲੇ ਉਸ ਕੇ ਜੂਠੇ ਥਾਲ ਮੇਂ ਮੈਂ ਭੀ ਰੋਟੀ ਖਾ ਲੀਆ ਕਰੂੰ । ਮਹਾਤਮਾ ਨੇ ਕਹਾ ਅਛਾ ! ਜੈਸੇ ਤੁਮ੍ਹਾਰਾ ਸੰਕਲਪ ਹੋ ਵੈਸੇ ਕਰੋ । ਫਿਰ ਤੋ ਇਸਤਰੀ ਪਹਿਲੇ ਰੋਟੀ ਖਾਨੇ ਲਗੀ ਚੋਕਾ ਬਰਤਨ ਉਠਾ ਕਰ ਮਹਾਤਮਾ ਕੀ ਰੋਟੀ ਛਿਕੂ ਪਰ ਰਖ ਦੀਆ ਕਰੇ ਫਿਰ ਜਬ ਮਹਾਤਮਾ ਆਵੇ ਤਬ ਪ੍ਰੇਮ ਸੇ ਰੋਟੀ ਖਿਲਾ ਦੀਆ ਕਰੇ ਫਿਰ ਮਹਾਤਮਾ ਜਾਣ ਬੁਝ ਕਰ ਦੇਰੀ ਸੇ ਆਨੇ ਲਗੇ ਤਬ ਏਕ ਦਿਨ ਮਹਾਤਮਾ ਕੋ ਕਹਾ ਕਿ ਆਪ ਹੀ ਰੋਟੀ ਉਠਾ ਕਰ ਖਾ ਲੇਵੋ ਮਹਾਤਮਾ ਨੇ ਰੋਟੀ ਉਠਾ ਕਰ ਖਾ ਲੀ ਜਬ ਚਾਰ ਮਹੀਨੇ ਮੇਂ ਸੇ ਏਕ ਦਿਨ ਸ਼ੇਸ਼ ਰਹਿ ਗਿਆ ਤਬ ਮਹਾਤਮਾ ਆਏ ਹੀ ਨਹੀਂ ਉਸੀ ਦਿਨ ਉਨ ਕੀ ਗਊ ਕਾ ਵਛਾ ਗਵਾਚ ਗਿਆ ਇਸਤ੍ਰੀ ਨੇ ਦੂਕਾਨ ਪਰ ਕਹਿਲਾ ਭੇਜਾ ਕਿ ਗਾਏ ਕਾ ਵਛਾ ਆਜ ਘਰ ਨਹੀਂ ਆਇਆ ਹੈ, ਸਾਹੂਕਾਰ ਢੂੰਢਤਾ ਢੂੰਢਤਾ ਉਸੀ ਮਹਾਤਮਾ ਕੀ ਕੁਟੀਆ ਪਰ ਆ ਗਿਆ, ਨਿਮਸ਼ਕਾਰ ਕਰਕੇ ਕਹਾ ਮਹਾਰਾਜ ! ਆਜ ਵਛਾ ਘਰ ਨਹੀਂ ਆਇਆ, ਉਸ ਕੋ ਦੇਖਨੇ ਆਇਆ ਹੂੰ ਈਹਾਂ ਤੋ ਨਹੀਂ ਆਇਆ ? ਮਹਾਤਮਾ ਨੇ ਕਹਾ ਈਹਾਂ ਤੋ ਨਹੀਂ



ਆਇਆ, ਪਰੰਤੂ ਗੁਰੂ ਜੀ ਭੀ ਤੋ ਆਜ ਘਰ ਨਹੀਂ ਆਏ ਉਨਕੋ ਭੀ ਦੇਖਨੇ ਆਇਆ ਹੈਂ ਕਿ ਨਹੀਂ ? ਭਗਤ ਕਹਿਨੇ ਲਗਾ, ਹਰੇ ! ਹਰੇ !! ਆਪ ਆਜ ਰੋਟੀ ਖਾਨੇ ਕੋ ਗਏ ਹੀ ਨਹੀਂ ? ਗੁਰੂ ਜੀ ਕਹਿਨੇ ਲਗੇ ਮੈਂ ਤੋ ਤੇਰੇ ਕੋ ਪਹਿਲੇ ਹੀ ਕਹਿਤਾ ਥਾ ਕਿ ਵਛੇ ਜਿਤਨਾ ਭੀ ਪ੍ਰੇਮ ਨਹੀਂ ਰਹੇਗਾ, ਕਿਉਂਕਿ ਵਛਾ ਆਜ ਹੀ ਘਰ ਨਹੀਂ ਆਇਆ ਤੋ ਉਸਕੋ ਢੂੰਡਨੇ ਆਇਆ ਹੈਂ ਔਰ ਗੁਰੂ ਜੀ ਘਰ ਨਹੀਂ ਆਏ ਤੋ ਉਨਕੀ ਕੁਛ ਪ੍ਰਵਾਹ ਹੀ ਨਹੀਂ ਕਰੀ। ਇਸ ਲੀਏ ਲਿਖਾ ਹੈ-

**ਖਲ 'ਪ੍ਰੀਤੀ' ਪੂਰਣ ਸ਼ਸ਼ੀ ਘਟਤ ਘਟਤ ਘਟ ਜਾਇ ॥**

ਏਹ ਚੰਦ੍ਰਮਾ ਦ੍ਰਿਸ਼ਟਾਂਤ ਸੇ ਕਹਾ ਅਬ ਸੂਰਜ ਕੇ ਦ੍ਰਿਸ਼ਟਾਂਤ ਸੇ ਕਹਿਤੇ ਹੈਂ:-

**(ਸ਼ਲੋਕ) ਆਰੰਭ ਗੁਰਵੀ ਖਯਣੀ ਕ੍ਰਿਮੇਣ ਲਘਵੀ ਚ ਪੂਰਵੈ ਵ੍ਰਿੱਧਿ ਮਤੀ ਚ ਪਸ੍ਵਾਤ੍, ਦਿਨਸਯ ਪੂਰਵਾਰਧ ਪ੍ਰਾਰਧਭਿਨਾ ਛਾਯਾ ਇਵ ਮੈਤ੍ਰੀ ਖਲ ਸੱਜਨਾਨਾਂ ॥ ੧ ॥**

ਟੀਕਾ-ਜੈਸੇ ਸੂਰਜ ਉਦੇ ਕਾਲ ਮੇਂ ਪੁਰਸ਼ ਕੀ ਛਾਯਾ ਬੜੀ ਲੰਬੀ ਹੋ ਜਾਤੀ ਹੈ ਜਿਉਂ ੨ ਸੂਰਜ ਉਪਰ ਕੋ ਆਤਾ ਹੈ ਤੋ ਮਧ੍ਯਾਨ ਕਾਲ ਮੇਂ ਸਰੀਰ ਜਿਤਨੀ ਭੀ ਛਾਯਾ ਨਹੀਂ ਰਹਿਤੀ ਤੈਸੇ ਖਲ ਪੁਰਸ਼ੋਂ ਕੀ ਪ੍ਰੀਤੀ ਅਰੰਭ ਕਾਲ ਮੇਂ ਬਹੁਤ ਹੋਤੀ ਹੈ ਘਟਤੀ ਘਟਤੀ ਘਟ ਜਾਤੀ ਹੈ, ਔਰ ਉਤਮ ਪੁਰਸ਼ੋਂ ਕੀ ਪ੍ਰੀਤੀ ਦਿਨ ਕੇ ਦੂਸਰੇ ਭਾਗ ਕੀ ਤਰਹ ਹੋਤੀ ਹੈ ਯਾਨੇ ਦੁਪਹਿਰ ਕੇ ਬਾਦ ਕੀ ਛਾਇਆ ਕੀ ਤਰ੍ਹਾਂ ਥੋੜੀ ਥੋੜੀ ਬੜਤੀ ਬੜਤੀ ਸ਼ਾਮ ਕੋ ਬਹੁਤ ਬੜ ਜਾਤੀ ਹੈ। ਇਸੀ ਤਰ੍ਹਾਂ ਉਤਮ ਪੁਰਸ਼ੋਂ ਕੀ ਪ੍ਰੀਤੀ ਪਹਿਲੇ ਥੋੜੀ ਥੋੜੀ ਹੋਤੀ ਹੈ ਪੀਛੇ ਬੜਤੀ ੨ ਬੜ ਜਾਤੀ ਹੈ ਉਤਮ ਪੁਰਸ਼ੋਂ ਕੀ ਪ੍ਰੀਤੀ ਮੇਂ ਐਸੇ ਦ੍ਰਿਸਟਾਂਤ ਲਿਖਾ ਹੈ:-

**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹ ॥**

[ਸ੍ਰੀ ਰਾਗ ਮ: ੧ ਸਫਾ ੫੯

ਮਛਲੀ ਨੀਰ, ਜੈਸੇ ਚਕਵੀ ਸੂਰ, ਜੈਸੇ ਚਾਤ੍ਰਕ ਮੇਘ ਇਤਆਦਿਕ । ਜੈਸੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਜੀ ਕੇ ਸਾਥ ਭਾਈ ਹਰੀ ਪਾਲ ਨੇ ਪ੍ਰੀਤੀ ਕਰੀ ਹੈ ॥ ਪ੍ਰਸੰਗ-ਭਾਈ ਹਰੀ ਪਾਲ ਜੀ ਛੇਵੀਂ ਪਾਤਸ਼ਾਹੀ ਜੀ ਕਾ ਅਨੰਨਯ ਭਗਤ ਥਾ ਜੈਸੇ ਲੋਹਾ ਚੁੰਬਕ ਕੇ ਪੀਛੇ ਚਲਤਾ ਹੈ ਐਸੇ ਸਤਿਗੁਰੂ ਜੀ ਕੇ ਚਰਣੋਂ ਮੇਂ ਸਦੈਵ ਰਹਿਤਾ ਥਾ ਏਕ ਦਿਨ ਸਤਿਗੁਰੂ ਜੀ ਸ਼ਿਕਾਰ ਕੋ ਗਏ ਵਾਪਸ ਲੌਟਤੇ ਵਕਤ ਏਕ ਝੀਵਰ ਰਾਸਤੇ ਮੇਂ ਤੋਤਾ ਲੀਏ ਬੈਠਾ ਥਾ ਤੋਤੇ ਕੀ ਮੀਠੀ ਮੀਠੀ ਆਵਾਜ਼ ਸੁਨ ਕਰ ਗੁਰੂ ਜੀ ਪ੍ਰਸੰਨ ਹੁਏ ਕਿਉਂਕਿ ਮਨੁਸ਼ੋਂ ਕੀ ਤਰਹ ਬੋਲਤਾ ਥਾ ਬਾਣੀ ਪੜ੍ਹਿਆ ਹੂਆ ਥਾ ਗੁਰੂ ਜੀ ਵਹਾਂ ਖੜੇ ਹੋ ਗਏ ਔਰ ਕਹਾ ਕਿ ਵਾਹ 'ਵਦਿਆ ਸੋਹਣੀ ਪੜ੍ਹੀ ਹੈ ਪੰਛੀਓਂ ਮਨੁਸ਼ ਬਣਿਆ ਹੈ ਇਹ ਕਹਿ ਕਰ ਘੋੜੇ ਕੀ ਬਾਗ ਉਠਾਈ ਔਰ ਚਲ ਪੜੇ ਭਾਈ ਜੀ ਨੇ ਕਹਾ ਅਗਰ ਆਪ ਕੀ ਆਗਿਆ ਹੋਵੇ ਤੋ ਇਸਕੋ ਮੋਲ ਲੇ ਲੂੰ ।

ਆਪ ਕੇ ਦੀਵਾਨ ਮੇਂ ਪਿੰਜਰਾ ਲਟਕਾ ਰਹੇਗਾ ਔਰ ਮਿੱਠੀ ਮਿੱਠੀ ਬਾਤੇਂ ਕਰੇਗਾ ਤਬ ਗੁਰੂ ਜੀ ਨੇ ਕਹਾ ਇਹ ਬੇਕਸੂਰ ਕੈਦ ਹੈ। ਝੀਵਰ ਸੇ ਮੋਲ ਲੇ ਆਵੋ ਫਿਰ ਇਸ ਕੋ ਬੰਧਨ ਸੇ ਮੁਕਤ ਕਰ ਦੇਂਗੇ ਯਾਨੇ ਉਡਾ ਦੇਂਗੇ। ਸਤਿਗੁਰੂ ਤੋ ਐਸੇ ਕਹਿ ਕਰ ਚਲ ਦੀਏ ਔਰ ਭਾਈ ਜੀ ਨੇ ਝੀਵਰ ਸੇ ਤੋਤਾ ਮੋਲ ਲੇਨੇ ਕੋ ਕਹਾ ਉਤਰ ਮੇਂ ਝੀਵਰ ਨੇ ਕਹਾ ਕਿ ਐਸੇ ਮੋਲ ਨਹੀਂ ਦੂੰਗਾ ਇਸਕੇ ਇਵਜ ਮੇਂ ਤੂੰ ਅਪਨੀ ਭੈਣ ਮੁਝ ਕੋ ਦੇਵੇਂ ਤਬ ਮੈਂ ਤੋਤਾ ਦੂੰਗਾ ਭਾਈ ਜੀ ਅਪਨੇ ਘਰ ਗਏ ਅਪਣੀ ਮਾਤਾ ਸੇ ਕਹਾ ਕਿ ਗੁਰੂ ਜੀ ਨੇ ਤੋਤਾ ਲੇਨਾ ਹੈ ਉਸ ਕੇ ਮੋਲ ਬਦਲੇ ਝੀਵਰ ਭੈਣ ਮਾਂਗਤਾ ਹੈ ਤਬ ਭਾਈ ਜੀ ਕੀ ਮਾਤਾ ਨੇ ਕਹਾ ਕਿ ਸਤਿਗੁਰੂ ਜੀ ਕੀ ਸੇਵਾ ਸੇ ਬਢ ਕਰ ਔਰ ਕਿਆ ਅੱਛਾ ਹੈ ਹਮ ਨੇ ਤੋ ਤਨ ਮਨ ਧਨ ਸਰਬੰਸ ਗੁਰੂ ਜੀ ਕੋ ਸਮਰਪਣ ਕਰ ਦੀਆ ਹੈ ਗੁਰੂ ਜੀ ਕੋ ਸਾਖੀ ਰਖ ਕਰ ਮੈਂ ਆਪਣੀ ਕੰਨਿਆਂ ਗੁਰੂ ਜੀ ਕੀ ਸੇਵਾ ਮੇਂ ਦੇਨੇ ਕੋ ਤਿਆਰ ਹੂੰ ਔਰ ਤੁਮ ਗੁਰੂ ਜੀ ਕੇ ਅਨੰਨਜ ਸੇਵਕ ਹੋ ਇਸ ਲੀਏ ਬੇਸ਼ਕ ਅਪਨੀ ਭੈਣ ਝੀਵਰ ਕੋ ਦੇਕਰ ਗੁਰੂ ਜੀ ਕਾ ਕਾਰਜ ਕਰੋ ਤਬ ਭਾਈ ਜੀ ਆਪਣੀ ਭੈਣ ਲੇਕਰ ਝੀਵਰ ਪਾਸ ਆਇਆ ਤਬ ਝੀਵਰ ਉਸਕਾ ਸੂਧਾ ਸੁਭਾਵ ਦੇਖ ਕਰ ਕਹਿਨੇ ਲਗਾ ਅਬ ਤੁਮ ਆਪਣੀ ਲੜਕੀ ਭੀ ਲਿਆਓ ਤਬ ਤੋਤਾ ਦੂੰਗਾ ਭਾਈ ਹਰੀ ਪਾਲ ਨੇ ਬਹੁਤ ਸਮਝਾਇਆ ਪ੍ਰੰਤੂ ਉਸ ਨੇ ਹਠ ਕੀਆ ਕਿ ਧੀ ਲਿਆਏਂਗਾ ਤਬ ਤੋਤਾ ਦੂੰਗਾ ਭਾਈ ਸਾਹਿਬ ਸੱਤਿਗੁਰੂਓਂ ਮੇਂ ਅਨਨਜ ਪ੍ਰੇਮ ਰਖਤੇ ਥੇ ਔਰ ਸਤਿਗੁਰੂ ਕੀ ਆਗਿਆ ਪਾਲਨ ਕਰਨੀ ਜ਼ਰੂਰੀ ਥੀ ਇਸ ਲੀਏ ਘਰ ਮੇਂ ਆ ਕਰ ਅਪਨੀ ਇਸਤ੍ਰੀ ਸੇ ਹਾਲ ਕਹਾ ਉਸ ਨੇ ਭੀ ਗੁਰੂ ਜੀ ਕੋ ਸਾਖੀ ਰਖ ਕਰ ਸਤਿਗੁਰੂ ਜੀ ਕੀ ਸੇਵਾ ਕੇ ਬਦਲੇ ਅਪਨੀ ਲੜਕੀ ਭੀ ਦੇ ਦੀ ਭਾਈ ਜੀ ਦੋਨੋਂ ਲੜਕੀਆਂ ਲੇਕਰ ਝੀਵਰ ਕੇ ਪਾਸ ਗਿਆ ਤਬ ਝੀਵਰ ਨੇ ਉਸ ਕੋ ਤੋਤਾ ਦੇ ਦੀਆ, ਦੋਨੋਂ ਕੰਨਿਆਂ ਦੇ ਕਰ ਭਾਈ ਜੀ ਤੋਤਾ ਲੇਕਰ ਸਤਿਗੁਰੂ ਜੀ ਤਰਫ ਚਲ ਪੜਾ, ਉਧਰੋਂ ਦੋਨੋਂ ਕੰਨਿਆਂ ਲੇ ਕਰ ਝੀਵਰ ਘਰ ਗਿਆ ਉਸ ਝੀਵਰ ਕੀ ਇਸਤ੍ਰੀ ਨੇ ਉਸ ਨੂੰ ਬਹੁਤ ਧਿਕਾਰਾਂ ਪਾਈਆਂ ਔਰ ਕਹਾ ਕਿ ਤੁਮਨੇ ਇਹ ਬੜਾ ਭਾਰੀ ਪਾਪ ਕੀਤਾ ਹੈ, ਬਹੁਤ ਅਨਰਥ ਕੀਤਾ ਤ੍ਰਾਹ ! ਤ੍ਰਾਹ ! ਕਰ ਉਠੀ ਤੇਰੀ ਕਿਸਮਤ ਟੁਟ ਫੁਟ ਗਈ, ਕਿਉਂਕਿ ਉਹ ਜਗਤ ਦੇ ਅਵਤਾਰ ਜਾਣੀ ਜਾਣ ਕਰਾਮਾਤ ਵਾਲੇ ਹਨ, ਜਦੋਂ ਇਹ ਖਬਰ ਸੁਣਨਗੇ, ਪਤਾ ਨਹੀਂ ਹਮਾਰੇ ਉਪਰ ਕੀ ਭਾਣਾ ਵਰਤੇਗਾ ਤੇਰਾ ਮੂੰਹ ਦੋਹੀਂ ਜਹਾਨੀਂ ਕਾਲਾ ਹੋਵੇਗਾ, ਇਥੇ ਉਥੇ ਦੋਹਾਂ ਥਾਵਾਂ ਵਿਚ ਢੋਈ ਨਾ ਮਿਲੇਗੀ ਦੋਵੇਂ ਜਹਾਨ ਰੁਠ ਗਏ। ਪੀਰ ਪੈਗੰਬਰ ਵਲੀ ਔਲੀਏ ਅਵਤਾਰ ਕਿਸੇ ਨੇ ਤੇਰੀ ਰਖਿਆ ਨਹੀਂ ਕਰਨੀ। ਰੇ ਦੁਸ਼ਟ ! ਤੂੰ ਇਹ ਕੀ ਕਹਿਰ ਕੀਤਾ ਜਾ ਹੁਣ ਉਹਨਾਂ ਸਤਿਗੁਰਾਂ ਦੇ ਪੈਰੀਂ ਪੈ ਅਤੇ ਇਹਨਾਂ ਦੋਹਾਂ ਕੰਨਿਆਂ ਦੇ ਪੈਰੀਂ ਪੈ ਅਤੇ ਮੂੰਹੋਂ ਆਖ ਤੁਸੀਂ ਦੋਵੇਂ ਮੇਰੀਆਂ ਧੀਆਂ ਹੋ ਸਾਰੀ ਉਮਰ ਮੈਂ ਤੁਹਾਡੀ ਪੂਜਾ ਕਰਾਂਗਾ ਜਾਹ ਹੁਣ ਤੂੰ ਉਹਨਾਂ ਸਤਿਗੁਰਾਂ ਦੀ ਸ਼ਰਨੀ ਜਾ ਪਊ ਅਪਨਾ ਅਪ੍ਰਾਧ ਬਖਸ਼ਵਾ ਲੈ, ਕਿਸੇ ਸਿਖ ਦੇ ਚਰਨ ਫੜ ਲਵੀਂ ਉਹ ਤੈਨੂੰ ਸਤਿਗੁਰੂ ਜੀ ਪਾਸੋਂ



ਬਖਸ਼ਵਾ ਦੇਵੇਗਾ, ਇਸ ਪ੍ਰਕਾਰ ਇਸਤ੍ਰੀ ਨੇ ਜਬ ਤਾੜਨਾ ਕੀਤੀ ਤਬ ਉਹ ਅਪਨੇ ਆਪ ਨੂੰ ਪਾਪੀ ਤਥਾ ਅਪਰਾਧੀ ਸਮਝ ਕਰ ਬਹੁਤ ਡਰਿਆ ਤੇ ਕੰਬਿਆ। ਡਰਦਾ ੨ ਸਤਿਗੁਰੂ ਜੀ ਕੀ ਸ਼ਰਣ ਮੇਂ ਗਿਆ ਅਪਰਾਧ ਖਿਮਾ ਕਰਾਇਆ ਗਲ ਵਿਚ ਪਲਾ ਪਾ ਭੁਲ ਬਖਸ਼ਾਈ ਅਤੇ ਰੋ ਕਰ ਸਤਿਗੁਰੂ ਜੀ ਦੀ ਚਰਨੀਂ ਢਹਿ ਪਿਆ ਔਰ ਕਹਾ ਇਹ ਦੋਵੇਂ ਕੰਨਿਆਂ ਹਨ ਮੈਂ ਇਹਨਾਂ ਨੂੰ ਧੀਆਂ ਕਰ ਜਾਣਿਆ ਹੈ ਸਤਿਗੁਰ ਸੁਣ ਕਰ ਚੁਪ ਹੋ ਗਏ ਔਰ ਸੋਚਣ ਲਗ ਪਏ। ਇਧਰ ਭਾਈ ਹਰੀ ਪਾਲ ਜੀ ਅਜੇ ਤੋਤਾ ਲੈਕਰ ਪਹੁੰਚਾ ਨਹੀਂ ਥਾ, ਝੀਵਰ ਪਹਿਲੋਂ ਹੀ ਪਹੁੰਚ ਗਿਆ ਥਾ, ਇਤਨੇ ਚਿਰ ਵਿਚ ਭਾਈ ਜੀ ਤੋਤਾ ਲੈਕਰ ਪਹੁੰਚ ਗਏ, ਸਤਿਗੁਰਾਂ ਦੇ ਚਰਨੀਂ ਲਗੇ ਬੇਨਤੀ ਕੀਤੀ ਕਿ ਸਤਿਗੁਰੂ ਜੀਓ ਤੋਤਾ ਹਾਜ਼ਰ ਹੈ, ਤਬ ਸਤਿਗੁਰੂ ਜੀ ਨੇ ਅੱਖੀਆਂ ਖੋਲ੍ਹੀਆਂ ਤੇ ਭਾਈ ਜੀ ਨੂੰ ਬੜੇ ਪ੍ਰੇਮ ਨਾਲ ਗਲੇ ਲਗਾਇਆ ਅਤੇ ਸਤਿਗੁਰੂ ਜੀ ਦੇ ਨੇਤ੍ਰਾਂ ਵਿਚੋਂ ਜਲ ਵਗ ਟੁਰਿਆ ਜਫੀ ਵਿਚ ਲੈ ਕੇ ਆਖਿਆ ਧੰਨ ਤੇਰੀ ਕਮਾਈ ਧੰਨ ਤੂੰ ਧੰਨ ਤੇਰੀ ਮਾਤਾ, ਧੰਨ ਤੇਰੀ ਵਹੁਟੀ, ਧੰਨ ਤੇਰੀ ਭੈਣ, ਧੰਨ ਹੈ ਤੇਰੀ ਧੀ! ਸਫਲ ਕਮਾਈ ਹੈ ਪਰ ਇਹ ਕੰਮ ਫੇਰ ਨਹੀਂ ਕਰਨਾ ਤੂੰ ਤਾਂ ਹਦ ਮੁਕਾ ਦਿਤੀ, ਅਜ ਤੋਂ ਇਹ ਦੋਵੇਂ ਗੁਰੂ ਦੀਆਂ ਧੀਆਂ ਹੋਈਆਂ, ਜਿਸ ਤਰਹ ਬੀਬੀ ਵੀਰੋ ਹੈ ਉਸੀ ਤਰਹ ਦੋਨੋਂ ਹੈਨ ਅਸੀਂ ਹੀ ਇਹਨਾਂ ਦੀ ਸਾਦੀ ਕਰਾਵਾਂਗੇ ਅਜ ਤੋਂ ਤਿੰਨ ਵੀਰੋ ਹੋ ਗਈਆਂ ਸਤਿਗੁਰੂ ਜੀ ਨੇ ਉਹਨਾਂ ਦੀਆਂ ਬਹੁਤ ਉਤਸਵ ਨਾਲ ਪ੍ਰੇਮੀ ਸਿਖਾਂ ਦੇ ਘਰ ਸ਼ਾਦੀਆਂ ਕਰ ਦਿਤੀਆਂ ਅਜ ਤੋਂ ਭਾਈ ਹਰੀਪਾਲ ਜੀ ਗੁਰੂ ਦੇ ਤੇ ਗੁਰੂ ਹਰੀਪਾਲ ਜੀ ਦੇ ਹੋਏ ਇਹ ਵਰ ਦਿਤਾ ਫਿਰ ਉਸ ਝੀਵਰ ਨੂੰ ਬਖਸ਼ਿਆ ਉਥੇ ਹੀ ਉਹ ਝੀਵਰ ਤੇ ਉਸਦਾ ਸਾਰਾ ਪ੍ਰਵਾਰ ਸਤਿਗੁਰੂ ਜੀ ਦੇ ਸਿਖ ਬਣ ਗਏ ਉਸ ਨੂੰ ਭੀ ਭਵਜਲੋਂ ਪਾਰ ਕੀਤਾ ਭਾਈ ਹਰੀਪਾਲ ਜੀ ਸਿਖੀ ਸਿਦਕ ਵਿਚ ਪੂਰੇ ਉਤਰੇ ਸ੍ਰੀ ਗੁਰੂ ਦਸਮੇਸ਼ ਜੀ ਕੇ ਪੰਜ ਪਿਆਰੇ ਭਾਈ ਦਯਾ ਸਿੰਘ ਧਰਮ ਸਿੰਘ ਹਿੰਮਤ ਸਿੰਘ ਮੁਹਕਮ ਸਿੰਘ ਸਾਹਿਬ ਸਿੰਘ ਭਾਈ ਜੋਗਾ ਸਿੰਘ ਜੀ ਭਾਈ ਨੰਦ ਲਾਲ ਜੀ ਤਥਾ ਦਸੋਂ ਹੀ ਪਾਤਸ਼ਾਹੀਓਂ ਕੇ ਜੁਦੇ ਜੁਦੇ ਅਨੰਨਜ ਸੇਵਕ ਬਹੁਤ ਹੋ ਚੁਕੇ ਹਨ। ਜਬ ਤੁਮ੍ਹਾਰਾ ਤੀਬਰ ਪ੍ਰੇਮ ਦੇਖੇਂਗੇ ਤਬ ਤੁਮ੍ਹਾਰੇ ਕੋ ਸ਼ਿਸ਼ਜ ਬਨਾਏਂਗੇ ਇਹ ਬਚਨ ਸੁਣ ਕਰ ਭਗਤ ਅਨੰਨਜ ਰੀਤੀ ਸੇ ਤਤਪਰ ਹੋ ਕਰ ਸੇਵਾ ਕਰਨੇ ਲਗਾ। ਗੁਰੂ ਜੀ ਪ੍ਰਸੰਨ ਹੋ ਕਰ ਉਸ ਕੋ ਪਰਮਾਰਥ ਸਬੰਧੀ ਪੂਰਨ ਉਪਦੇਸ਼ ਕਰਤੇ ਭਏ ਔਰ ਉਸ ਕੋ ਉਪਦੇਸ਼ ਦੇ ਕਰ ਸੰਤ ਮੰਡਲੀ ਮੇਂ ਭੇਜਤੇ ਭਏ ਔਰ ਕਹਾ ਕਿ ਜਾਕਰ ਸੰਤ ਮੰਡਲੀ ਮੇਂ ਕਹੋ ਮੇਰੇ ਗੁਰੂਓਂ ਨੇ ਮੇਰੇ ਸੇ ਚਾਰ ਪ੍ਰਕਾਰ ਕੀ ਭਿਖਿਆ ਮੰਗਾਈ ਹੈ ਸੋ ਆਪ ਕਿਰਪਾ ਕਰ ਚਾਰ ਪ੍ਰਕਾਰ ਕੀ ਭਿਖਿਆ ਦਿਓ ਮੈਂ ਅਪਨੇ ਗੁਰੂ ਜੀ ਪਾਸ ਲੇ ਜਾਊਂ ਸੋ ਚਾਰ ਪ੍ਰਕਾਰ ਕੀ ਭਿਖਿਆ ਇਹ ਹੈ। ਜੈਸੇ ਲਿਖਤੇ ਹੈਂ:-

ਮੇਰੇ ਗੁਰੂ ਨੇ ਮਾਂਗਿਆ ਭੇਦਾ ਭੇਦ ਰੇ।

ਅਰਥ—ਹੇ ਸੰਤੋ ਮੇਰੇ ਗੁਰੂਓਂ ਨੇ ਸਉਪਾਧਿਕ (ਕਲਪਿਤ) ਭੇਦ ਵਾਸਤਵ ਅਭੇਦ ਮਾਂਗਿਆ ਹੈ ਸੋ ਕਿਰਪਾ ਕਰ ਮੇਰੇ ਕੋ ਸਮਝਾ ਦਿਓ। ਤਥਾ ਗੁਰੂ ਜੀ ਨੇ ਕਹਾ ਹੈ।

**(ਮੂਲ) ਪਹਿਲੀ ਭਿਖਿਆ ਅੰਨ ਕੀ ਲਿਆਨਾ ॥ ਗ੍ਰਾਮ ਨਗਰ ਕੇ ਧਾਸ ਨ ਜਾਨਾ ॥ ਹਿੰਦੂ ਤੁਰਕ ਛੋਡ ਕਰ ਲਿਆਨਾ ਲੇ ਆਨਾ ਭੀ ਝੋਲੀ ਭਰਕੇ ॥**

ਅਰਥ–ਗੁਰੂ ਜੀ ਨੇ ਕਹਾ ਹੈ ਪਹਿਲੀ ਭਿਖਿਆ ਅੰਨ ਕੀ "ਬ੍ਰਹਮ ਗਿਆਨ। ਕਾ ਭੋਜਨ ਗਿਆਨ" ਭਾਵ ਗਿਆਨ ਰੂਪੀ ਭੋਜਨ ਕੀ ਭਿਖਿਆ ਲੇ ਆਨਾ ਜੀਵ ਬ੍ਰਹਮ ਕੀ ਏਕਤਾ (ਅਭੇਦ ਦਰਸਨ) ਮੈਂ ਬ੍ਰਹਮ ਹੂੰ ਐਸੀ ਅਖੰਡਾਕਾਰ ਬ੍ਰਿਤੀ ਕਾ ਨਾਮ ਗਿਆਨ ਹੈ ਅਰਥਾਤ ਐਸੀ ਬ੍ਰਿਤੀ ਧਾਰ ਕਰ ਆਨਾ ਪੁੰਤੂ 'ਗ੍ਰਾਮ' ਇੰਦ੍ਰਜੋਂ ਕਾ ਸਮੁਦਾਯ ਔਰ 'ਨਗਰ' ਸਰੀਰ ਇਨ ਕੇ ਪਾਸ ਨ ਜਾਨਾ ਭਾਵ ਇਨ ਮੇਂ ਅਹੰ ਮਮ ਅਭਿਮਾਨ ਨ ਕਰਨਾ ਔਰ ਇਹ ਹਿੰਦੂ ਹੈ ਇਹ ਤੁਰਕ ਹੈ ਇਹ ਭਦ ਬੁਧੀ ਛੋਡ ਕਰ ਆਨਾ ਕਿਉਂਕਿ 'ਵਿਸਾਰੇ ਦੂਜਾ ਭਾਉ ਜੀਉ' ਔਰ ਆਨਾ ਭੀ ਝੋਲੀ ਭਰਕੇ ਯਾਨੇ ਬੁਧੀ ਰੂਪੀ ਝੋਲੀ ਜੀਵ ਬ੍ਰਹਮ ਕੀ ਏਕਤਾ ਰੂਪ ਗਿਆਨ ਸੇ ਭਰ ਕਰ ਲਬਾ ਲਬ ਕਰਕੇ ਆਨਾ।

**ਮੂਲ–ਦੂਜੀ ਭਿਖਿਆ ਜਲ ਕੀ ਲਿਆਨਾ ॥ ਕੂਪ ਬਾਵਲੀ ਪਾਸ ਨਾ ਜਾਨਾ। ਤਾਲ ਤਲਾਈ ਛੋਡਕੇ ਆਨਾ ਲੇ ਆਨਾ ਭੀ ਤੂੰਬਾ ਭਰਕੇ ॥**

ਅਰਥ–ਦੂਸਰੀ ਭਿਖਿਆ 'ਜਲ' ਯਾਨੇ ਨਾਮ ਰੂਪੀ ਜਲ "ਮਾਧਉ ਜਲ ਕੀ ਪਿਆਸ ਨ ਜਾਇ" । "ਰਾਮ ਉਦਕ ਮੇਰੀ ਤਿਖਾ ਬੁਝਾਨੀ" "ਪਬਿਕ ਪਿਆਸ ਚਿਤ ਸਰੋਵਰ ਆਤਮ ਜਲ ਲੈਣ"। ਈਸ੍ਵਰ ਕਾ ਧਿਆਨ ਕਰਤੇ ਹੂਏ ਕੂਪ ਬਾਵਲੀ ਯਾਨੇ ਦੇਵਤਾ ਦੇਵੀਓਂ ਕਾ ਧਿਆਨ ਨ ਕਰਨਾ ਯਾਨੇ ਈਸ੍ਵਰ ਕਾ ਹੀ ਅਨਨਯ ਧਿਆਨ ਕਰਨਾ। ਤਥਾ ਤਾਲ ਤਲਾਈ ਪੁਤ੍ਰ ਇਸਤ੍ਰੀ ਆਦਿਕੋਂ ਕਾ ਪ੍ਰੇਮ ਛੋਡ ਕਰ ਈਸ੍ਵਰ ਕੀ ਤਰਫ ਆਨਾ ਔਰ "ਲੇ ਆਨਾ ਭੀ ਤੂੰਬਾ ਭਰਕੇ" ਯਾਨੇ ਚਿਤ ਰੂਪੀ ਤੂੰਬਾ ਈਸ੍ਵਰ ਪ੍ਰੇਮ ਰੂਪੀ ਜਲ ਸਾਥ ਭਰ ਕਰ ਯਾਨੇ ਲਬਾ ਲਬ ਕਰਕੇ ਲੇ ਆਨਾ।

**ਮੂਲ–ਤੀਜੀ ਭਿਖਿਆ ਮਾਂਸ ਕੀ ਲਿਆਨਾ ॥ ਜੀਵ ਜੰਤ ਕੇ ਪਾਸ ਨ ਜਾਨਾ। ਤਾਲ ਤਲਾਈ ਛੋਡਕੇ ਆਨਾ ਲੇ ਆਨਾ ਭੀ ਹਾਂਡਾ ਭਰਕੇ ॥**

ਅਰਥ–ਤੀਸਰੀ ਭਿਖਿਆ ਮਾਂਸ ਕੀ ਭਾਵ ਮਨੋ ਨਾਸ (ਸਮ ਦ੍ਰਿਸ਼ਟੀ) ਕੀ ਲੇ ਆਨਾ ਔਰ ਭੇਦ ਬੁਧੀ ਪੂਰਬਕ 'ਜੀਵ' ਯਾਨੇ ਬ੍ਰਹਮਾ 'ਜੰਤ' ਚੀਟੀ ਭਾਵ ਬ੍ਰਹਮਾ ਤੇ ਆਦਿ ਲੇਕਰ ਚੀਟੀ ਪ੍ਰਯੰਤ ਕੇ ਪਾਸ ਨ ਜਾਨਾ ਭਾਵ ਭੇਦ ਬੁਧੀ ਨਹੀਂ ਕਰਨੀ ਤਥਾ ਜ਼ਿੰਦਾ ਇਹ ਬ੍ਰਹਮ ਗਿਆਨੀ ਹੈ, 'ਮੁਰਦਾ' ਇਹ ਅਗਿਆਨੀ ਹੈ ਇਹ ਭੇਦ ਬੁਧੀ ਭੀ ਛੋਡ ਕਰ ਆਨਾ ਔਰ ਸਮਦ੍ਰਿਸ਼ਟੀ ਕਾ ਮਨ ਰੂਪੀ ਹਾਂਡਾ ਭਰ ਕੇ ਲੇ ਆਨਾ।

**(ਮੂਲ) ਚੌਥੀ ਭਿਖਿਆ ਲਕੜੀ ਕੀ ਲਿਆਨਾ ॥ ਬਾਗ ਬਿਰਖ ਕੇ ਪਾਸ ਨ**



**ਜਾਨਾ। ਸੁਕੀ ਗਿਲੀ ਛੋਡ ਕਰ ਆਨਾ ਲੇ ਆਨਾ ਭੀ ਗੱਠਾ ਭਰਕੇ ॥**

ਅਰਥ–ਚੌਥੀ ਭਿਖਿਆ ਨੈਸ਼ਕਰਮ ਰੂਪੀ ਲਕੜੀ ਕੀ ਲੇ ਆਨਾ ਔਰ 'ਬਾਗ' ਕਾਮਯ 'ਬਿਰਖ' ਨਿਖਿਧ ਕਰਮੋਂ ਕੇ ਪਾਸ 'ਨ ਜਾਨਾ' ਨਜ਼ੀਕ ਨਹੀਂ ਜਾਨਾ ਔਰ ਸੁਕੀ ਇਸ ਲੋਕ ਕੀ ਵਾਸ਼ਨਾ ਗਿਲੀ ਬ੍ਰਹਮ ਲੋਕ ਆਦਿਕੋਂ ਕੀ ਵਾਸਨਾ ਛੋਡ ਕਰ ਆਨਾ ਤਥਾ ਨੈਸ਼ਕਰਮਤਾ ਕਾ 'ਗੱਠਾ' ਖੂਬ ਭਰ ਕਰ ਲੇ ਆਨਾ। ਇਸ ਪ੍ਰਕਾਰ ਗੁਰੂ ਸੂਚਨਾ ਕਰਾਤੇ ਭਏ ਕਿ ਸੰਤਾਂ ਪਾਸੋਂ ਇਹ ਚੀਜ਼ਾਂ ਲੈ ਆਵੇ ਔਰ ਕੋਈ ਮਾਇਕ ਤੁਛ ਵਸਤੂ ਸੰਤਾਂ ਪਾਸੋਂ ਨ ਮਾਂਗਨੀ ਚਾਹੀਏ ਇਹ ਚੀਜ਼ਾਂ ਸੰਤਾਂ ਪਾਸੋਂ ਮਾਂਗਤਾ ਹੂਆ ਮਾਨ ਨਹੀਂ ਪਾਵੇਗਾ ਉਲਟਾ ਧਿਕਾਰ ਕੇ ਲਾਇਕ ਹੋਗਾ। ਜੈਸੇ ਸਤਿਗੁਰੂ ਜੀ ਕਾ ਵਚਨ ਹੈ:–

**ਲੋਕੁ ਧਿਕਾਰੁ ਕਹੈ ਮੰਗਤ ਜਨ ਮਾਂਗਤ ਮਾਨੁ ਨ ਪਾਇਆ ॥**

[ਰਾਮਕਲੀ ਮ: ੧ ਸਫਾ ੯੦੮

ਇਸ ਪਰ ਗਿਆਨੀ ਲੋਕ ਇਹ ਕਥਾ ਕਹਿਤੇ ਹੈਂ ਕਿ ਏਕ ਰਾਜਾ ਥਾ ਉਹ ਸ਼ਿਕਾਰ ਖੇਲਨੇ ਗਿਆ ਏਕ ਮ੍ਰਿਗ ਉਸ ਕੋ ਦੂਰ ਲੇ ਗਿਆ ਰਾਜਾ ਥੱਕ ਗਿਆ ਉਸ ਕੋ ਪਿਆਸ ਬਹੁਤ ਲੱਗੀ ਪ੍ਰਾਣ ਨਿਕਲਣੇ ਲਗੇ। ਇਧਰ ਉਧਰ ਦੇਖਨੇ ਸੇ ਏਕ ਖੂਹ ਨਜ਼ਰ ਆਇਆ ਉਸ ਪਰ ਏਕ ਜ਼ਿਮੀਂਦਾਰ ਬੈਠਾ ਥਾ ਉਸ ਕੋ ਕਹਾ ਕਿ ਮੇਰੇ ਕੋ ਜਲ ਪਿਲਾਓ ਮੈਨੂੰ ਬਹੁਤ ਪਿਆਸ ਲਗੀ ਹੂਈ ਹੈ। ਜ਼ਿਮੀਂਦਾਰ ਨੇ ਦੇਖਾ ਕਿ ਕੋਈ ਅੱਛਾ ਆਦਮੀ ਹੈ ਉਸ ਨੇ ਬੜੇ ਪ੍ਰੇਮ ਸੇ ਬੈਠਾਇਆ ਔਰ ਕੁਛ ਖਿਲਾ ਕਰ ਠੰਢਾ ਪਾਣੀ ਪਿਲਾਇਆ। ਰਾਜਾ ਬੜਾ ਪ੍ਰਸੰਨ ਹੂਆ ਔਰ ਮਨ ਮੇਂ ਸੋਚਾ ਕਿ ਇਸ ਨੇ ਮੇਰੇ ਕੋ ਜੀਅ ਦਾਨ ਦਿਤਾ ਹੈ ਇਸ ਕੋ ਮਿੱਤਰ ਬਨਾਣਾ ਚਾਹੀਏ। ਉਸ ਕੋ ਸਾਸਤ੍ਰ ਰੀਤੀ ਸੇ ਮਿੱਤਰ ਬਣਾਇਆ ਔਰ ਕਹਾ ਕਿ ਮੈਂ ਰਾਜਾ ਹੂੰ ਜਬ ਕਿਸੀ ਚੀਜ਼ ਕੀ ਆਪ ਕੋ ਜ਼ਰੂਰਤ ਹੋਵੇ ਤਬ ਮੇਰੇ ਪਾਸ ਆਨਾ ਐਸੇ ਕਹਿ ਕਰ ਪਟਾ (ਸਨਦ) ਲਿਖ ਕਰ ਦੇ ਗਿਆ। ਜਬ ਕੁਝ ਸਮਯ ਬਤੀਤ ਹੋ ਗਿਆ ਦੇਸ ਮੇਂ ਦੁਰਭਿਖ (ਕਾਲ) ਪੜ ਗਿਆ। ਜ਼ਿਮੀਂਦਾਰ ਕੇ ਬੈਲੋਂ ਕੇ ਲੀਏ ਚਾਰਾ ਨ ਰਹਾ ਤਬ ਉਸ ਨੇ ਸੋਚਾ ਕਿ ਰਾਜਾ ਮੇਰਾ ਮਿੱਤਰ ਹੈ ਉਸ ਸੇ ਚਾਰ ਗੱਡੇ ਤੂੜੀ ਕੇ ਲੇ ਆਵੇਂ ਜ਼ਿਮੀਂਦਾਰ ਨੇ ਰਾਜਾ ਕੇ ਪਾਸ ਆ ਕਰ ਪਟਾ ਦਿਖਾਇਆ। ਰਾਜਾ ਨੇ ਬੜਾ ਸਤਿਕਾਰ ਕਰਾ ਅਪਨੀ ਸਭ ਬਿਭੂਤੀ ਕੋਸ਼ ਖਜ਼ਾਨੇ ਮਹਿਲ ਮਾੜੀਆਂ ਫੌਜਾਂ ਵਗੈਰਾ ਦਿਖਾਈਆਂ ਔਰ ਅਪਨੇ ਬਰਾਬਰ ਬੈਠਾਇ ਕਰ ਕਹਾ ਕਿ ਇਹ ਸਭ ਤੇਰਾ ਹੀ ਘਰ ਹੈ। ਜ਼ਿਮੀਂਦਾਰ ਕੁਛ ਦਿਨ ਰਹਿ ਕਰ ਕਹਿਨੇ ਲਗਾ ਕਿ ਮੇਰੇ ਕੋ ਛੁਟੀ ਦਿਓ ਤਬ ਰਾਜਾ ਨੇ ਕਹਾ ਕਿ ਅਛਾ ਹਮ ਕਲ ਸਭਾ ਲਗਾਏਂਗੇ ਜੋ ਕੁਛ ਤੁਮ ਨੇ ਮਾਂਗਨਾ ਹੈ ਮਾਂਗ ਲੇਨਾ। ਦੂਸਰੇ ਦਿਨ ਰਾਜਾ ਨੇ ਸਭਾ ਲਗਾਈ ਸਭ ਅਮੀਰ ਵਜ਼ੀਰ ਇਕਠੇ ਹੂਏ ਰਾਜਾ ਨੇ ਸਭ ਸੇ ਕਹਿ ਦੀਆ ਕਿ ਇਹ ਮੇਰਾ ਮਿਤ੍ਰ ਹੈ ਆਜ ਜੋ ਕੁਛ ਮੇਰੇ ਸੇ ਮਾਂਗੇਗਾ ਮੈਂ ਦੇਊਂਗਾ। ਤਬ ਜ਼ਿਮੀਂਦਾਰ ਨੇ ਕਹਾ ਕਿ ਮਹਾਰਾਜ ਦੇਸ

ਮੇਂ ਕਾਲ ਪੜ ਗਿਆ ਹੈ ਪਸੂ ਭੂਖੇ ਮਰਤੇ ਹੈਂ ਚਾਰੇ ਕੀ ਕਮੀ ਹੈ ਇਸ ਲੀਏ ਚਾਰ ਗੱਡੇ ਤੂੜੀ ਕੇ ਦੇ ਦਿਓ ਇਹ ਬਚਨ ਸੁਨ ਕਰ ਸਾਰੀ ਸਭਾ ਕੋ ਬੜਾ ਰੋਸ ਹੋ ਗਿਆ ਔਰ ਕਹਾ ਕਿ ਕੈਸਾ ਮੂਰਖ ਹੈ ਰਾਜਾ ਸੇ ਭਰੀ ਸਭਾ ਮੇਂ ਤੂੜੀ ਮਾਂਗ ਕਰ ਮਹਾਰਾਜਾ ਕਾ ਨਿਰਾਦਰ ਕੀਆ ਇਸ ਲੀਏ ਇਸ ਕੋ ਸਭਾ ਸੇ ਧੱਕੇ ਦੇਕਰ ਬਾਹਰ ਨਿਕਾਲ ਦੀਆ। ਗੁਰੂ ਜੀ ਨੇ ਕਹਾ ਹੈ:-

**ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥**

[ਰਾਮਕਲੀ ਮ ੧ ਸਫਾ ੯੭੮

ਐਸੇ ਬ੍ਰਹਮਵੇਤਾ ਮਹਾਤਮਾ ਪਾਸ ਜਾਕਰ ਕਭੀ ਭੀ ਅਨਾਤਮ ਪਦਾਰਥ ਨਹੀਂ ਮਾਂਗਨਾ ਚਾਹੀਏ ਇਹ ਬਚਨ ਸੁਣ ਕਰ ਸ਼ਿਸ਼ ਕੋ ਬੜੀ ਖੁਸ਼ੀ ਹੂਈ ਔਰ ਗੁਰੂਓਂ ਸੇ ਪ੍ਰਾਰਥਨਾ ਕਰੀ ਭਗਵਾਨ ਮੇਰੇ ਕੋ ਅਨਾਤਮ ਧਨ ਕੀ ਇਛਾ ਨਹੀਂ ਮੁਝੇ ਓਹ ਧਨ ਦਿਓ ਜਿਸਕੀ ਬਡਾਈ ਕਬੀਰ ਜੀ ਲਿਖਤੇ ਹੈਂ:-

**ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥**

[ਗਉੜੀ ਕਬੀਰ ਸਫਾ ੩੩੬

ਮਹਾਤਮਾ ਕਹਿਨੇ ਲਗੇ ਕਿ ਸਰੀਰ ਰੂਪੀ ਪੁਰਾਣਾ ਥੇਹ ਹੈ ਇਸ ਕੋ ਖੋਜੋ ਭਾਵ ਵਿਚਾਰ ਕਰੋ ਤਬ ਇਸ ਮੇਂ ਆਤਮ ਧਨ ਰੂਪੀ ਖਜਾਨਾ ਨਿਕਲ ਆਵੇਗਾ ਗੁਰੂ ਕੇ ਬਚਨ ਸੁਣ ਕਰ ਸ਼ਿਸ਼ ਸਰੀਰ ਰੂਪੀ ਪੁਰਾਣੇ ਥੇਹ ਕੋ ਖੋਦਨੇ ਲਗਾ ਤਬ ਪਹਿਲੇ ਯਗਯ ਸ਼ਾਲਾ ਭਾਵ ਨੇਤਰੋਂ ਕਾ ਵਿਚਾਰ ਕੀਆ ਵਹਾ ਸੇ ਏਕ ਬ੍ਰਾਹਮਣੀ ਇਸਤ੍ਰੀ ਨਿਕਲੀ ਜਿਸਕਾ ਨਾਮ ਲੱਜਾ ਥਾ ਉਸ ਨੇ ਪ੍ਰਾਰਥਨਾ ਕਰੀ ਕਿ ਇਹ ਅਸਥਾਨ ਮੇਰਾ ਹੈ ਇਸ ਮੇਂ ਏਕ ਕਾਮ ਰੂਪੀ ਚੋਰ ਆ ਗਿਆ ਹੈ ਉਸ ਸੇ ਮੇਰੀ ਰਖਿਆ ਕਰੋ । "ਕਾਮਤੁਰਾਣਾ ਨ ਭਯੰ ਨ ਲਜਾ।" ਕਾਮ ਭੀ ਨੇਤਰੋਂ ਮੇਂ ਰਹਿਤਾ ਹੈ ਜਿਸ ਨੇ ਕਾਮ ਕੋ ਜਯ ਕਰਨਾ ਹੈ । ਉਹ ਪਹਿਲੇ ਇਸਤ੍ਰੀ ਕੀ ਤਰਫ ਨੇਤ੍ਰ ਨ ਜਾਣੇ ਦੇਵੇ ਭਾਵ ਇਸਤ੍ਰੀ ਕੇ ਕਿਸੀ ਅੰਗ ਕੋ ਨ ਦੇਖੇ ਫਿਰ ਮਨ ਕੋ ਇਸਤ੍ਰੀ ਕੀ ਤਰਫ ਨ ਜਾਣੇ ਦੇਵੇ ਭਾਵ ਮਨ ਸੇ ਇਸਤ੍ਰੀ ਕਾ ਸੰਕਲਪ ਨ ਕਰੇ । ਕਿਉਂਕਿ-

**ਸੰਕਲਪਾਤ੍ਰ ਜਾਯਤੇ ਕਾਮ: ਬਧੁਨਾਂ ਧੈਰਯ ਨਾਸ਼ਨ: ॥**

ਅਰਥ-ਪੁਰਸ਼ ਕੇ ਧੀਰਜ ਕੋ ਨਾਸ਼ ਕਰਨੇ ਵਾਲਾ ਕਾਮ ਇਸਤ੍ਰੀਓਂ ਕੇ ਸੰਕਲਪ ਸੇ ਪੈਦਾ ਹੋਤਾ ਹੈ । ਤਥਾ ਲਿਖਾ ਹੈ:-

**ਦੋਹਾ-ਪ੍ਰਥਮੇ ਚੰਚਲ ਮਨ ਬਡੋ ਦੂਜੇ ਚੰਚਲ ਨੈਨ ।**
**ਤੀਜੀ ਚੰਚਲ ਨਾਰ ਮਿਲ ਕੈਸੇ ਨ ਉਪਜੇ ਮੈਨ ॥**

ਯਹ ਕਾਮ ਕੇ ਜਯ ਕਰਨੇ ਕਾ ਉਪਾਇ ਮਨ ਇੰਦ੍ਰੀਓਂ ਕੀ ਰੁਕਾਵਟ ਹੈ। ਇਸ ਉਪਾਇ ਦਵਾਰਾ ਕਾਮ ਕੋ ਜਯ ਕਰ ਲੱਜਾ ਰੂਪ ਇਸਤ੍ਰੀ ਕੀ ਰਖਿਆ ਕਰਤਾ ਭਯਾ ।



ਫਿਰ ਸਰੀਰ ਰੂਪੀ ਥੇਹ ਕੋ ਖੋਜਾ ਤਬ ਧਰਮਸਾਲਾ ਏਕ ਅਸਥਾਨ ਮਿਲਾ ਜਿਸ ਕਾ ਨਾਮ ਮੁਖ ਥਾ ਉਸ ਮੇਂ ਸੇ ਏਕ ਦਯਾ ਨਾਮ ਵਾਲੀ ਇਸਤ੍ਰੀ ਨਿਕਲੀ ਉਸ ਨੇ ਪ੍ਰਾਰਥਨਾ ਕਰੀ ਮਹਾਰਾਜ ਮੇਂ ਇਸ ਮਕਾਨ ਮੇਂ ਰਹਿਤੀ ਹੂੰ ਇਸ ਮੇਂ ਏਕ ਕ੍ਰੋਧ ਰੂਪੀ ਚੋਰ ਆ ਗਿਆ ਹੈ ਉਸ ਸੇ ਮੇਰੀ ਰਖਿਆ ਕਰੋ ਮਹਾਤਮਾ ਨੇ ਖਿਮਾ ਬਲ ਸੇ ਤਥਾ ਮੀਠੇ ਬਚਨ ਰੂਪੀ ਤਲਵਾਰ ਸੇ ਕ੍ਰੋਧ ਰੂਪ ਸ਼ਤ੍ਰੂ ਕੋ ਭੀ ਮਾਰ ਕਰ ਦਯਾ ਕੀ ਰਖਿਆ ਕਰੀ। ਜੈਸੇ:-

**ਖਿਮਾ ਸਸਤ੍ਰੰ ਕਰੇ ਯਸਯ ਦੁਰਜਨ: ਕਿੰ: ਕਿਰਸ਼ਯਤੀ ਅਤ੍ਰਿਣੇ ਪਤਿਤੋ ਵੰਨ੍ਹੀ ਸ੍ਵਯਮੇਵੋਪਸ਼ਾਮਯਤੀ ॥**

ਅਰਥ-ਖਿਮਾ ਰੂਪੀ ਸ਼ਸਤ੍ਰ ਜਿਸਕੇ ਹਾਥ ਮੇਂ ਹੈ ਉਸ ਕਾ ਕਿਆ ਬਿਗਾੜ ਸਕਤੇ ਹੈਂ ? ਜਹਾਂ ਤ੍ਰਿਣ ਘਾਸ ਫੂਸ ਨਹੀਂ ਈਂਧਨ ਨਹੀਂ ਉਸ ਜਗਹ ਗਿਰੀ ਹੂਈ ਅਗਨੀ ਆਪ ਹੀ ਸ਼ਾਂਤ ਹੋ ਜਾਤੀ ਹੈ । ਤਥਾ--

**ਰੱਜਬ ਚਲੇ ਨ ਕ੍ਰੋਧ ਬਲ ਰਹੇ ਖਿਮਾ ਜਹ ਸਾਧ ॥**
**ਜੈਸੇ ਦਾਮਨ ਦਰੀਆਇ ਪਰ ਕਰਸੀ ਕੌਨ ਉਪਾਧਿ ॥**

**ਯਦੀ ਨ ਸਯੁ: ਮਨੁਸ਼ਯੇਸ਼ੂ ਖਿਮੀਨ:, ਪ੍ਰਿਥਵੀਸਮਾ ਨ ਸਯਾਤ ਸੰਧੀ: ਮਨੁਸਯਾਣਾਂ ਕ੍ਰੋਧ ਮੂਲੋ ਹੀ ਵਿਗ੍ਰਹ: । ਬਾਹਯੇਵਾ ਅਭਯੰਤਰੇ ਚੇਵ ਦੁਖੇ ਚੇਤ ਉਤ੍ਪਾਦਿਤੇ ਕ੍ਵਚਿਤ । ਨ ਕੁਪਯਤੀ ਨ ਵਾ ਹੰਤੀ ਸਾ ਖਿਮਾ ਪਰੀਕੀਰਤਿਤ: ਖਿਮਾ ਬਲੰ ਅਸ਼ਕ੍ਤਾਨਾਂ ਸ਼ਕਤਾਨਾਂ ਭੂਸ਼ਣੰ ਖਿਮਾ ॥ ਖਿਮਾ ਵਸੀਕ੍ਰਿਤੀ ਲੋਕੇ ਖਿਮਯਾ ਕਿੰ ਨ ਸਾਧਯਤੇ ॥**

ਅਰਥ-ਅਗਰ ਮਨੁਸ਼ਯੋਂ ਮੇਂ ਪ੍ਰਿਥਵੀ ਸਮਾਨ ਖਿਮਾ ਵਾਲੇ ਨ ਹੋਤੇ ਤਾਂ ਮਨੁਸ਼ਯੋਂ ਮੇਂ ਸੰਧੀ (ਮਿਲਾਪ) ਨਹੀਂ ਹੋ ਸਕਤਾ ਕਿਉਂਕਿ ਕ੍ਰੋਧ ਸੇ ਵਿਗ੍ਰਹ ਲੜਾਈ ਹੀ ਹੈ ਵਿਵਾਦ ਹੀ ਹੋਤਾ ਹੈ ਬਾਹਰ ਹੋਵੇ ਵਾ ਅੰਤਰ ਹੋਵੇ ਕਿਸੀ ਸਮਯ ਭੀ ਦੁਖ ਉਤਪੰਨ ਹੋਵੇ ਤਬ ਨ ਕੋਪ ਕਰੇ ਨ ਕਿਸੀ ਕੋ ਮਾਰੇ ਇਸੀ ਕਾ ਨਾਮ ਖਿਮਾ ਹੈ । ਅਸਮਰਥ ਪੁਰਸ਼ੋਂ ਕਾ ਬਲ ਖਿਮਾ ਹੈ। ਸਮਰਥ ਪੁਰਖੋਂ ਕਾ ਬਲ ਭੂਸ਼ਣ ਖਿਮਾ ਹੀ ਹੈ । ਖਿਮਾ ਹੀ ਵਸ਼ੀਕਰਨ ਮੰਤਰ ਹੈ ਖਿਮਾ ਸੇ ਕਿਆ ਕਿਆ ਨਹੀਂ ਸਿਧ ਹੋਤਾ । ਇਸ ਪ੍ਰਕਾਰ ਖਿਮਾ ਕੇ ਬਲ ਸੇ ਕ੍ਰੋਧ ਕੋ ਮਾਰ ਕਰ ਦਯਾ ਕੀ ਰਖਿਆ ਕਰੀ । ਫੇਰ ਖੋਦਨੇ ਲਗਾ ਤਬ ਮਹਲ ਕਾ ਦਰਵਾਜਾ ਆਇਆ ਵਹਾਂ ਸੇ ਇਕ ਕੀਰਤੀ ਨਾਮ ਵਾਲੀ ਬ੍ਰਾਹਮਣੀ ਨਿਕਲੀ ਔਰ ਉਸ ਨੇ ਭੀ ਕਹਾ ਕਿ ਮਹਾਰਾਜ ਮੇਂ ਯਹਾਂ ਰਹਿਤੀ ਹੂੰ ਲੋਭ ਨਾਮ ਵਾਲਾ ਸ਼ਤ੍ਰੂ ਮੇਰੇ ਕੋ ਤੰਗ ਕਰਤਾ ਹੈ ਆਪ ਇਸ ਸੇ ਮੇਰੀ ਰਖਿਆ ਕਰੋ ਤਬ ਜਗਿਆਸੂ ਨੇ ਸੰਤੋਖ ਔਰ ਉਦਾਰਤਾ ਕੇ ਬਲ ਸੇ ਲੋਭ ਕੋ ਮਾਰ ਕਰ ਕੀਰਤੀ ਕੀ ਰਖਿਆ ਕਰੀ ਜੈਸੇ ਏਕ ਸੁਥਰੇ ਸ਼ਾਹ ਨੇ ਸੰਤੋਖ ਕੇ ਬਲ ਸੇ ਲੋਭ ਕੋ ਜਯ ਕੀਆ ਥਾ ਏਕ ਸੁਥਰੇ ਸ਼ਾਹ ਪਾਸ ਬਹੁਤ ਪਦਾਰਥ

ਥਾ ਏਕ ਦਿਨ ਬਹੁਤ ਸੇ ਡਾਕੂ ਆ ਗਏ ਸਭ ਕੁਝ ਲੇ ਗਏ ਫਕਤ ਕੋਪੀਨ ਮਾਤਰ ਰਹਿ ਗਈ ਸੁਥਰ ਸਾਹ ਪ੍ਰਸੰਨ ਹੋਕਰ ਨਾਚਨੇ ਲਗੇ ਹੱਸਨੇ ਲਗੇ ਫਿਰ ਭੀ ਵਾਧੇ ਮੇਂ ਹੀ ਹੈਂ ਘਾਟੇ ਮੇਂ ਤੋ ਨਹੀਂ ਉਨ ਡਾਕੂਓਂ ਕੋ ਸਕ ਹੂਆ ਕਿ ਅਭੀ ਭੀ ਇਸਕੇ ਪਾਸ ਮਾਲ ਹੋਗਾ ਜਿਸ ਵਾਸਤੇ ਕਹਿਤਾ ਹੈ ਕਿ ਮੈਂ ਬਾਧੇ ਮੇਂ ਹੂੰ ਡਾਕੂਓਂ ਨੇ ਪੂਛਾ ਤੇਰੇ ਪਾਸ ਬਾਧਾ ਕ੍ਰਿਆ ਹੈ ਤਬ ਉਸ ਨੇ ਉੱਤਰ ਦੀਆ ਕਿ ਜਬ ਜਨਮੇ ਥੇ ਤਬ ਨੰਗੇ ਥੇ ਇਸ ਵਕਤ ਤੋ ਕੋਪੀਨ ਹੈ ਬਾਧੇ ਮੇਂ ਹੂੰ ਘਾਟੇ ਮੇਂ ਨਹੀਂ। ਐਸਾ ਸੁਨ ਕਰ ਚੋਰੋਂ ਕੇ ਮਨ ਮੇਂ ਵਿਚਾਰ ਹੂਆ ਔਰ ਉਨਕੋ ਪ੍ਰਤੀ ਸਰਧਾ ਹੂਈ ਸਭ ਮਾਲ ਅਸਬਾਬ ਵਾਪਸ ਕਰ ਦੀਆ ਉਨ ਕੇ ਸਿਸ਼ ਹੋ ਗਏ। ਤਥਾ ਏਕ ਨਿਰਧਨ ਕਾ ਲੜਕਾ ਸੰਤੋਖ ਸੇ ਹੀ ਸਮਦਰਸੀ ਬਣ ਗਿਆ। ਕਥਾ-ਏਕ ਮਾਰਵਾੜੀ ਸੇਠ ਥਾ ਉਸ ਕੇ ਔਲਾਦ ਨਹੀਂ ਸੀ ਉਸ ਨੇ ਏਕ ਗਰੀਬ ਅਪਨੀ ਜਾਤੀ ਵਾਲੇ ਕਾ ਲੜਕਾ ਮੁੱਲ ਲੇ ਲੀਆ ਲੜਕੇ ਕੋ ਸੁਖੀ ਰਖਨੇ ਲਗਾ ਅਨੇਕ ਪ੍ਰਕਾਰ ਕੇ ਮਾਇਕੀ ਸੁਖ ਦੀਏ ਯਾਨੇ ਮੋਟਰ ਅਸਵਾਰੀ ਆਦਿਕ ਅਨੇਕ ਪ੍ਰਕਾਰ ਕੇ ਸੁਖ ਦੀਏ ਫਿਰ ਪੂਛਾ ਘਰ ਸੁਖੀ ਥਾ ਕਿ ਈਹਾਂ ਸੁਖੀ ਹੈਂ ਤਬ ਉਸ ਨੇ ਉੱਤਰ ਦੀਆ ਕਿ ਮੇਰੇ ਕੋ ਦੋਨੋਂ ਜਗਹ ਏਕ ਸੀ ਨਜ਼ਰ ਆਤੀ ਹੈਂ ਘਰ ਮੇਂ ਭੀ ਭੋਜਨ ਆਦਿਕੋਂ ਕਾ ਅਛਾ ਨਿਰਬਾਹ ਹੋਤਾ ਥਾ ਈਹਾਂ ਭੀ ਵੈਸਾ ਹੀ ਨਿਰਬਾਹ ਹੋਤਾ ਹੈ ਐਸਾ ਸੁਨ ਕਰ ਸੇਠ ਕੇ ਮਨ ਮੇਂ ਕ੍ਰੋਧ ਹੋ ਗਿਆ ਉਸ ਨੇ ਦੂਸਰੀ ਏਕ ਮਾਈ ਜੋ ਸੰਤਾਨ ਹੀਨ ਥੀ ਉਸ ਕੇ ਪਾਸ ਬੇਚ ਦੀਆ ਉਸ ਸੇਠਾਨੀ ਮਾਈ ਨੇ ਉਸ ਸੇਠ ਸੇ ਭੀ ਜ਼ਿਆਦਾ ਸੇਵਾ ਕਰੀ ਉਸ ਸੇਠ ਨੇ ਸੇਠਾਨੀ ਸੇ ਕਹਾ ਇਸ ਲੜਕੇ ਕੋ ਪੂਛ ਤੂੰ ਘਰ ਮੇਂ ਸੁਖੀ ਥਾ ਕਿ ਈਹਾਂ ਸੁਖੀ ਹੈਂ ਤਬ ਲੜਕੇ ਨੇ ਓਹੋ ਹੀ ਉੱਤਰ ਦੀਆ ਜੋ ਸੇਠ ਕੋ ਦੀਆ ਥਾ ਤਬ ਸੇਠਾਨੀ ਨੇ ਭੀ ਕਰੋਧ ਕਰ ਉਸ ਕੋ ਨਿਕਾਲ ਦੀਆ ਸੇਠਾਨੀ ਨੇ ਰਾਜਾ ਕੇ ਪਾਸ ਬੇਚ ਦੀਆ ਉਸ ਰਾਜਾ ਕੇ ਭੀ ਔਲਾਦ ਨਹੀਂ ਥੀ ਰਾਜਾ ਧਰਮਾਤਮਾ ਥਾ ਉਸ ਲੜਕੇ ਕਾ ਸੰਤੋਖੀ ਸੁਭਾਉ ਦੇਖ ਕਰ ਉਸਕੋ ਰਾਜਜ ਦੇ ਦੀਆ ਫਿਰ ਉਸ ਹੀ ਪੇਤ ਨੇ ਪੂਛਾ ਕਿ ਤੂੰ ਘਰ ਮੇਂ ਸੁਖੀ ਥਾ ਕਿ ਇਥੇ ਸੁਖੀ ਹੈਂ ਤਬ ਲੜਕੇ ਨੇ ਓਹ ਹੀ ਉੱਤਰ ਦੀਆ ਜੋ ਪਹਿਲੇ ਸੇਠ ਸੇਠਾਨੀ ਕੋ ਦੀਆ ਥਾ ਮੇਰੇ ਕੋ ਸਭ ਜਗਹ ਏਕ ਜੈਸੀ ਹੈ। ਗੁਰ ਪ੍ਰਮਾਣ-

**ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥**

[ਗੂਜਰੀ ਨਾਮਦੇਵ ਸਫਾ ੫੨੫

**ਸਵੈਯਾ ॥ ਮਾਨਵ ਦੇਵ ਸੁ ਦੈਤ ਸਭੈ ਜਿਹ ਜੀਤ ਲੀਏ ਜਗ ਭੀਤਰ. ਸਾਰੇ । ਤਾਪਸ ਮੰਡਲ ਬਿਪ੍ਰ ਹਨੇ ਬਹੁ ਭਾਂਤਨ ਕੇ ਪਦ ਸੰਗਲ ਡਾਰੇ।**
**ਤਾਂ ਖਲੁ ਲੋਭ ਕੋ ਮੈਂ ਇਹ ਭਾਂਤਿ ਹਨੂੰ ਪੁਨ ਸੰਘਰ ਭੂਮ ਮਝਾਰੇ।**
**ਦਾਸ ਰਥੀ ਰਘੁਬੀਰ ਬਲੀ ਜਿਹ ਭਾਂਤਿ ਸੁ ਰਾਵਣ ਰਾਖਸ਼ ਮਾਰੇ।**



**ਦੋਹਾ ॥ ਗੋ ਧਨ ਗਜ ਧਨ ਬਾਜਿ ਧਨ ਔਰ ਰਤਨ ਤਨ ਖਾਣ ॥**
**ਜਬ ਆਵੇ ਸੰਤੋਖ ਧਨ ਸਭ ਹੀ ਧੂੜ ਸਮਾਨ ॥**

ਤਥਾ ਗੁਰ ਪ੍ਰਮਾਣ-

**ਜਬ ਇਸ ਤੇ ਇਹੁ ਹੋਇਓ ਜਉਲਾ ॥**
**ਪੀਛੈ ਲਾਗਿ ਚਲੀ ਉਠਿ ਕਉਲਾ ॥** [ਗਉੜੀ ਮ: ੫ ਸਫਾ ੨੩੫

ਇਸ ਪ੍ਰਕਾਰ ਸੰਤੋਖ ਕੇ ਪ੍ਰਭਾਵ ਸੇ ਲੋਭ ਕੋ ਮਾਰ ਕਰ ਕੀਰਤੀ ਕੀ ਰਖਿਆ ਕਰੀ। ਅਗੇ ਫੇਰ ਖੋਦਿਆ ਤਬ ਰਣਵਾਸ ਨਿਕਲਾ ਉਸ ਰਣਵਾਸ ਮੇਂ ਏਕਾ ਧ੍ਰਿਤੀ (ਧੀਰਜ) ਰੂਪ ਰਾਣੀ ਸੀ ਉਸ ਨੇ ਕਹਾ ਕਿ ਮੈਂ ਈਹਾਂ ਨਿਵਾਸ ਕਰਤੀ ਹੂੰ ਮੋਹ ਰੂਪ ਸ਼ਤਰੂ ਮੇਰੇ ਕੋ ਦੁਖ ਦੇਤਾ ਹੈ ਆਪ ਇਸ ਸੇ ਮੇਰੀ ਰਖਿਆ ਕਰੋ ਤਬ ਜਗਿਆਸੂ ਨੇ ਬਿਬੇਕ ਕੇ ਪ੍ਰਭਾਵ ਸੇ ਮੋਹ ਕੋ ਜਯ ਕਰ ਧੀਰਜ ਕੀ ਰਖਿਆ ਕਰੀ।

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

[ਗਉੜੀ ਸੁਖਮਨੀ ਮ: ੫ ਸਫਾ ੨੭੨

ਜੈਸੇ ਨਿਰਮੋਹ ਰਾਜਾ ਨੇ ਮੋਹ ਕਉ ਜੀਤਾ ਹੈ ਫਿਰ ਅਗੇ ਖੋਦਿਆ ਤਬ ਪਟਰਾਣੀ ਕਾ ਮਹਲ ਨਿਕਲਿਆ ਉਸ ਮੇਂ ਸਾਂਤੀ ਰੂਪ ਪਟਰਾਣੀ ਨਿਕਲੀ ਉਸ ਨੇ ਕਹਾ ਕਿ ਮੈਂ ਹਿਰਦੇ ਮੇਂ ਰਹਿਤੀ ਹੂੰ ਔਰ ਅਹੰਕਾਰ ਰੂਪ ਸ਼ਤਰੂ ਮੇਰੇ ਕਉ ਦੁਖ ਦੇਤਾ ਹੈ ਇਸ ਕੋ ਮਾਰ ਕਰ ਮੇਰੀ ਰਖਿਆ ਕਰੋ ॥ ਗੀਤਾ ਪ੍ਰਮਾਣ -

**ਨਿਰਮਮੋ ਨਿਰ ਹੰਕਾਰ: ਸ ਸ਼ਾਂਤੀ ਮਧਿ ਗੱਛਤੀ ॥**

ਇਸ ਪ੍ਰਕਾਰ ਆਤਮ ਗਿਆਨ ਸੇ ਅਹੰਕਾਰ ਕੋ ਮਾਰ ਕਰ ਸਾਂਤੀ ਕੀ ਰੱਖਿਆ ਕਰੀ ਔਰ ਸ਼ਾਂਤੀ ਔਰ ਧ੍ਰਿਤੀ ਦੋਨੋਂ ਪਟਰਾਣੀਆਂ ਬਨਾਈਆਂ, ਬਾਕੀ ਕੀਰਤੀ ਦਯਾ ਲੱਜਾ ਇਨ ਕੋ ਔਰੋਂ ਕੇ ਸਾਥ ਵਿਵਾਹ ਦੀਆ ਭਾਵ ਸੰਸਾਰੀਓਂ ਕੋ ਦੇ ਦੀਆ ਇਹ ਤੀਨੋਂ ਮਮੁਖਸ਼ੂ ਕੋ ਨਹੀਂ ਚਾਹੀਏ। ਗੋਪੀਓਂ ਕੋ ਲੱਜਾ ਥੀ ਭਗਵਾਨ ਮਥੁਰਾ ਮੇਂ ਰਹਿਤੇ ਥੇ ਮਿਲ ਨਹੀਂ ਸਕੀਂ ਦਯਾ ਜੜ ਭਰਤ ਨੇ ਕਰੀ ਹਰਣੀ ਕੇ ਪੀਛੇ ਤੀਨ ਜਨਮ ਪਾਏ। ਕੀਰਤੀ ਭੀ ਲੋਕ ਵਾਸਨਾ ਕੇ ਅੰਤਰਗਤ ਹੈ ਗਿਆਨ ਕਾ ਪ੍ਰਤੀਬੰਧਕ ਹੋਨੇ ਸੇ ਮਮੁਖਸ਼ੂ ਉਸਕੋ ਨਹੀਂ ਚਾਹਤੇ। ਕਥਾ ਕੇ ਬਾਦ ਪ੍ਰੇਮੀਓਂ ਨੇ ਸ਼ੰਕਾ ਕਰੀ ਕਿ ਹਉਮੈ ਕੀ ਨਵਿਰਤੀ ਕੈਸੇ ਹੋਵੇਗੀ ? ਉੱਤਰ-ਪ੍ਰਮੇਸ਼ਰ ਕੀ ਆਗਿਆ ਪਰ ਚਲਨੇ ਸੇ ਗੁਰੂ ਪ੍ਰਮਾਣ:-

**(ਪ੍ਰਸ਼ਨ) ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**
**(ਉੱਤਰ) ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**

[ਜਪੁਜੀ ਸਫਾ ੧

ਏਕ ਸਮਯ ਨੇ ਜਿਨ ਜਪੁਜੀ ਕੀ ਪਉੜੀ ਕਾ ਆਪ ਸੇ ਵਿਸਤਾਰ ਸਹਿਤ ਅਰਥ ਪੂਛਾ ਆਪ ਨੇ ਕਹਾ ਕਿ ਪਹਿਲੇ ਕੀ ਜਿਸ ਕਾ ਬਾਦ ਕਹਿ ਆਏ ਹੈਂ ਅਬ ਫਿਰ ਕਹਿਤੇ ਹੈਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਸੇ ਪੂਛਾ ਥਾ ਕਿ ਜਿਸ ਕਾ ਨਾਮ ਸਚਿ ਹੈ ਤਥਾ ਜਿਸਕੋ ਆਪ ਨੇ 'ਆਦਿ ਸਚੁ ਜੁਗਾਦਿ ਸਚੁ' ਆਦਿ ਸ਼ਬਦੋਂ ਸੇ ਕਹਾ ਹੈ ਉਸ ਕੀ ਪ੍ਰਾਪਤੀ ਕਾਸਾ ਕੈਸੇ ਹੋਈਏ ਤਬ ਗੁਰੂ ਜੀ ਨੇ ਕਹਾ ਕਿ ਜਬ ਕੂੜ ਕਾ, ਭਾਵ ਹਉਮੈ ਕਾ, ਪੜਦਾ ਟੂਟੇ, ਫਿਰ ਪੂਛਾ "ਕਿਵ ਕੂੜੈ ਤੁਟੈ ਪਾਲਿ ॥"

ਉਤਰ-

## ਹੁਕਮਿ ਰਜਾਈ ਚਲਣਾ (ਤਥਾ) ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

[ਜਪੁਜੀ ਸਫਾ ੧

ਪ੍ਰਮੇਸ਼ਰ ਕੇ ਹੁਕਮ ਵਾ ਆਗਿਆ ਮੇਂ ਰਹਿਨੇ ਸੇ ਹਉਮੈ ਟੂਟ ਜਾਤੀ ਹੈ ਜੋ ਕੁਛ ਹੋ ਰਹਾ ਹੈ ਆਗਿਆ ਮੇਂ ਹੋਤਾ ਹੈ "ਹੁਕਮ ਬਿਨਾ ਨਹੀ ਝੂਲੇ ਪਾਤਾ" ਹੁਕਮ ਐਸਾ ਮਾਨਨਾ ਚਾਹੀਏ ਜੈਸੇ ਪਤੀਬ੍ਰਤਾ ਇਸਤ੍ਰੀ ਪਤੀ ਕਾ ਹੁਕਮ ਮਾਨਤੀ ਹੈ। ਕਥਾ-ਏਕ ਥੇਨੁ ਬੇਨੁ ਨਾਮ ਰਾਜਾ ਥਾ ਉਸਕੀ ਕੰਨਿਆ ਏਨੂ ਪੂਛਾ ਨੇ ਪਤੀ ਕੀ ਆਗਿਆ ਪਾਲਨ ਕਰੀ ਰਾਜਾ ਏਕ ਬੇਨੁ ਕੀ ਏਕ ਕੰਨਿਆ ਹੀ ਸੰਤਾਨ ਥੀ ਸੋ ਭੀ ਬੜੇ ਜਤਨ ਕਰਨੇ ਸੇ ਪ੍ਰਾਪਤ ਹੂਈ ਥੀ ਉਸ ਕੰਨਿਆ ਕੋ ਉਸ ਕੀ ਮਾਤਾ ਤਥਾ ਦਾਈਓਂ ਨੇ ਉਸਕੋ ਖੂਬ ਪਤੀਬ੍ਰਤ ਧਰਮ ਕਾ ਮਹਾਤਮ ਪੜ੍ਹਾਇਆ ਔਰ ਉਸ ਕੰਨਿਆ ਨੇ ਅਪਨੇ ਬਾਗ ਮੇਂ ਵਿਦਿਆਲਯ ਖੋਲ੍ਹ ਕਰ ਪਾਂਚ ਸਾਤ ਸੌ ਕੰਨਿਆਓਂ ਕੋ ਪਤੀਬ੍ਰਤ ਧਰਮ ਕਾ ਮਹਾਤਮ ਪੜ੍ਹਾਇਆ ਉਸ ਕੇ ਸੁੰਦਰ ਬਚਨੋਂ ਕੀ ਕੀਰਤੀ ਦੇਸ਼ ਦੇਸ਼ਾਂਤਰ ਮੇਂ ਫੈਲ ਗਈ ਏਕ ਰਾਜਕੁਮਾਰ ਉਸਕੋ ਦੇਖਨੇ ਵਾਸਤੇ ਆਇਆ ਔਰ ਮਾਲੀ ਕੇ ਭਿਸਦਰ ਹੋ ਕੇ ਬਾਗ ਕੇ ਬੂਟਿਓਂ ਮੇਂ ਛਿਪ ਕਰ ਉਸ ਕੀ ਪੜ੍ਹਾਈ ਸੁਨੀ।

ਏਕ ਕੰਨਿਆ ਨੇ ਏਨੂ ਪੂਛਾ ਸੇ ਯਹ ਪ੍ਰਸ਼ਨ ਕੀਆ ਇਸਤ੍ਰੀਓਂ ਕਾ ਨਿਤਯ ਕਰਮ ਰੂਪ ਸ੍ਰੇਸ਼ਟ ਕਿਆ ਹੈ। ਉਤਰ-ਕੰਨਿਆਓਂ ਕੋ ਵਿਵਾਹ ਕਰਕੇ ਅਪਨੇ ਪਤੀ ਕੀ ਸੇਵਾ ਹੀ ਸ੍ਰੇਸ਼ਟ ਹੈ, ਕੰਨਿਆ ਭਾਵ ਮੇਂ ਰਹਿਨਾ ਧਰਮ ਨਹੀਂ। ਕਥਾ ਸੁਕਨਤੀ ਕੀ ਜੋ ਕਿ ਮਹਾਂ ਭਾਰਤ ਮੇਂ ਲਿਖੀ ਹੈ। ਜਿਸ ਵਕਤ ਬਲਭਦਰ ਜੀ ਤੀਰਥ ਯਾਤਰਾ ਕਰਤੇ ਕਰਤੇ ਸੁਕਨਤੀ ਨਦੀ ਕੇ ਕਿਨਾਰੇ ਆਏ ਤਬ ਕਿਸੀ ਲੋਗੋਂ ਸੇ ਸੁਕਨਤੀ ਕਾ ਪ੍ਰਸੰਗ ਪੂਛਾ ਤਬ ਕਿਸੀ ਲੋਗ ਕਹਿਨੇ ਲਗੇ ਪੂਰਬ ਜਨਮ ਮੇਂ ਯਹ ਸੁਕਨਤੀ ਬੜੀ ਤਪਸਿਆ ਕਰਤੀ ਰਹੀ ਹੈ, ਸ਼ਾਦੀ ਨਹੀਂ ਕਰਾਈ ਥੀ ਮਾਤਾ ਪਿਤਾ ਨੇ ਸ਼ਾਦੀ ਵਾਸਤੇ ਬਹੁਤ ਜ਼ੋਰ ਦੀਆ ਪਰੰਤੂ ਉਸ ਨੇ ਮਾਤਾ ਪਿਤਾ ਕਾ ਕਹਾ ਨ ਮਾਨ ਕਰ ਤਪੱਸਿਆ ਕਰ ਔਰ ਤਪ ਬਲ ਸੇ ਸਹਿਤ ਸਰੀਰ ਸਵਰਗ ਮੇਂ ਜਾਨੇ ਲਗੀ ਤਬ ਰਸਤੇ ਮੇਂ ਦੂਤੋਂ ਨੇ ਰੋਕ ਲੀਆ। ਸਵਰਗ ਮੇਂ ਜਾਨੇ ਨ ਦੀਆ। ਔਰ ਕਹਾ ਤੁਮ ਨੇ ਸ਼ਾਸਤ੍ਰ ਕੀ ਆਗਿਆ ਭੰਗ ਕਰਕੇ ਤਪੱਸਿਆ ਕਰੀ ਹੈ ਇਸ ਵਾਸਤੇ



ਤੁਮ੍ਹਾਰੀ ਤਪਸਿਆ ਰਸਤੇ ਮੇਂ ਹੀ ਲੂਟੀ ਜਾਏਗੀ। ਗੁਰੂ ਪ੍ਰਮਾਣ-

## ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

[ਸੂਹੀ ਮ: ੫ ਸਫਾ ੭੪੭

ਆਗੇ ਜਾਏਂਗੀ ਤੇਰੀ ਤਪਸਿਆ ਲੂਟੀ ਜਾਏਗੀ ਇਸ ਸੇ ਅੱਛਾ ਯਹ ਹੈ ਵਾਪਸ ਮਾਤ ਲੋਕ ਮੇਂ ਜਾਓ, ਭਾਵੇਂ ਏਕ ਦਿਨ ਕੇ ਵਾਸਤੇ ਕਿਸੀ ਕੋ ਪਤੀ ਬਨਾਓ। ਸ਼ਾਸਤਰ ਕੀ ਆਗਿਆ ਪਾਲਨ ਕਰੋ, ਫੇਰ ਇਸੀ ਪੁੰਨ ਸੇ ਹੀ ਤੁਮ ਸੁਰਗ ਮੇਂ ਜਾ ਸਕੋਗੀ ਰਸਤੇ ਮੇਂ ਲੂਟੀ ਨਹੀਂ ਜਾਵੋਂਗੀ। ਤਬ ਵੋਹ ਫਿਰ ਵਾਪਸ ਆਈ ਔਰ ਪਤੀ ਬਨਾਨੇ ਵਾਸਤੇ ਬਹੁਤ ਕਿਸੀਓਂ ਕੋ ਕਹਾ ਪਰੰਤੂ ਕਿਸੀ ਨੇ ਮਾਨਾ ਨਹੀਂ ਤਬ ਵੋਹ ਅਪਨੀ ਕਰੀ ਹੂਈ ਆਧੀ ਤਪੱਸਿਆ ਕਾ ਫਲ ਦੇਨੇ ਲਗੀ ਤਬ ਭੀ ਕਿਸੀ ਨੇ ਉਸ ਕੇ ਸਾਥ ਸ਼ਾਦੀ ਕਰਨੀ ਨਹੀਂ ਮਾਨੀ ਬਹੁਤ ਪ੍ਰਾਰਥਨਾ ਕਰਨੇ ਪਰ ਗਾਲਬ ਰਿਸ਼ੀ ਕੇ ਪੁਤ੍ਰ ਸਹਿੰਗਵਾਨ ਬ੍ਰਹਮਚਾਰੀ ਨੇ ਤਪੱਸਿਆ ਕਾ ਆਧਾ ਪੁੰਨ ਲੇਕਰ ਸ਼ਾਦੀ ਕਰਕੇ ਏਕ ਦਿਨ ਅਪਨੇ ਪਾਸ ਰਹਿਨੇ ਕਾ ਨਿਯਮ ਕਰਾਇਆ ਤਬ ਵੋਹ ਆਧਾ ਪੁੰਨ ਦੇਕਰ ਸ਼ਾਦੀ ਕਰਕੇ ਏਕ ਦਿਨ ਰਹਿ ਕਰ ਦੂਸਰੇ ਦਿਨ ਸੁਰਗ ਕੋ ਗਈ ਔਰ ਰਸਤੇ ਮੇਂ ਕਿਸੀ ਨੇ ਨਾ ਰੋਕਾ ਇਸ ਵਾਸਤੇ ਇਸਤ੍ਰੀਓਂ ਕਾ ਸ੍ਰੇਸ਼ਟ ਪਤੀ ਸੇਵਾ ਹੀ ਹੈ। ਇਸ ਪ੍ਰਕਾਰ ਕੀ ਕਥਾ ਸੁਣ ਕਰ ਕੈਕਈ ਵੇਸਿਆ ਨੇ ਮਹਾਤਮਾ ਕੋ ਕਹਾ ਮੈਨੇ ਭੀ ਸ਼ਾਦੀ ਨਹੀਂ ਕਰਾਈ, ਕੁਆਰਪਣੇ ਮੇਂ ਹੀ ਵੇਸਿਆ ਬਨ ਗਈ ਹੂੰ ਮੇਰੀ ਗਤੀ ਕੈਸੇ ਹੋਗੀ ? ਮਹਾਤਮਾ ਕਹਿਨੇ ਲਗੇ ਅਬੀ ਭੀ ਤੂੰ ਕਿਸੀ ਕੋ ਪਤੀ ਬਨਾ ਕਰ ਸੇਵਾ ਕਰ ਤਬ ਗਤੀ ਹੋਗੀ, ਮਹਾਤਮਾ ਕੇ ਬਚਨ ਸੁਣ ਕਰ ਭਗਵਾਨ ਕਾ ਆਰਾਧਨ ਕਰਨੇ ਲਗੀ ਕਿ ਹੇ ਭਗਵਾਨ ! ਤੂੰ ਹੀ ਮੇਰਾ ਪਤੀ ਹੈ, ਅਨੰਨਯ ਚਿਤ ਸੇ ਰਾਤ ਦਿਨ ਐਸੇ ਸਿਮਰਨ ਕਰਤੀ ਰਹੀ ਫੇਰ ਜਬ ਮਹਾਤਮਾ ਮਿਲੇ ਉਨ੍ਹੋਂ ਨੇ ਪੂਛਾ ਸ਼ਾਦੀ ਕਰਾਈ ? ਤਬ ਕੈਕਈ ਨੇ ਕਹਾ ਆਪ ਕਿਸ ਕੇ ਸਾਥ ਮੇਰੀ ਸ਼ਾਦੀ ਕਰਾਓਗੇ ਉਸ ਕੇ ਸਾਥ ਕਰ ਲੂੰਗੀ ਮਹਾਤਮਾ ਨੇ ਕਹਾ ਸਵੇਰੇ ਪ੍ਰਾਤਹਕਾਲ ਜੋ ਭੀ ਆਦਮੀ ਤੁਮ ਕੋ ਮਿਲੇ ਉਸ ਕੋ ਪਤੀ ਸਮਝਨਾ ਕੈਕਈ ਨੇ ਕਹਾ ਸਤ ਬਚਨ, ਜਬ ਸਵੇਰੇ ਉਠੀ ਤੋ ਏਕ ਪਰਮ ਰੋਗੀ, ਕੋੜ੍ਹੀ, ਮੈਲੇ ਬਸਤਰੋਂ ਵਾਲਾ ਕਸਰ ਔਰ ਉਲਟੀ ਲਗੀ ਹੋਈ ਵਾਲਾ ਆਦਮੀ ਉਸੇ ਮਿਲਾ, ਮਹਾਤਮਾ ਕੇ ਬਚਨੋਂ ਪਰ ਨਿਸਚਾ ਕਰਕੇ ਬ੍ਰਾਹਮਣ ਕੋ ਬੁਲਾ ਕਰ ਉਸ ਕੇ ਸਾਥ ਸ਼ਾਦੀ ਕਰ ਲਈ। ਰੋਗੀ ਨੇ ਬਹੁਤ ਮਨ੍ਹਾ ਕੀਆ ਕਿ ਮੇਰੇ ਸਾਥ ਸ਼ਾਦੀ ਨਾ ਕਰ ਪਰੰਤੂ ਉਸ ਨੇ ਕਹਾ ਤੂੰ ਮੇਰਾ ਪਤੀ ਹੈਂ ਔਰ ਉਸ ਕੀ ਸੇਵਾ ਕਰਨੇ ਲਗੀ, ਮਿੰਟ ੨ ਮੇਂ ਉਸ ਕੋ ਦਸਤ ਆਵੇ ਕਭੀ ਉਲਟੀ ਆਵੇ ਪਰੰਤੂ ਵਹੁ ਬੜੇ ਪ੍ਰੇਮ ਸੇ, ਸ਼ਰਧਾ ਸੇ ਨਿਰਗਿਲਾਨ ਹੋ ਕਰ ਉਸਕਾ ਮਲ ਮੂਤਰ ਉਠਾਵੇ, ਸੇਵਾ ਕਰਿਆ ਕਰੇ, ਮੁਠੀ ਚਾਪੀ ਕਰਤੀ ਰਹੇ, ਤੀਨ ਦਿਨ ਤਕ ਉਸ ਵੇਸਿਆ ਕੋ ਨ ਅਸ਼ਨਾਨ ਕਾ ਸਮਾਂ ਮਿਲਿਆ ਔਰ ਨ ਅੰਨ ਜਲ ਕਾ, ਸੇਵਾ ਹੀ ਕਰਤੀ ਰਹੀ, ਤੀਸਰੇ ਦਿਨ ਰੋਗੀ ਮਰ ਗਿਆ ਤਬ ਉਸ ਮਰੇ ਹੋਏ ਪਤੀ ਕੋ ਅਪਨੀ ਗੋਦ ਮੇਂ ਲਿਟਾ ਕਰ ਚਿਤਾ ਪਰ ਬੈਠ ਕਰ ਸਤੀ ਹੋਨੇ ਲਗੀ ਤਬ ਉਸਕੇ ਧਰਮ ਕੋ ਦੇਖ ਕਰ ਮਰੇ ਹੋਏ ਰੋਗੀ ਸਰੀਰ ਸੇ ਭਗਵਾਨ

ਪਰਗਟ ਹੂਏ ਔਰ ਕਹਿਨੇ ਲਗੇ ਮੈਂ ਹੀ ਤੇਰਾ ਪਤੀ ਬਣਾ ਹੂਆ ਥਾ ਤੇਰੇ ਬੜੇ ਭਾਗ ਹੈਂ ਤੇਰਾ ਨਾਮ ਸੰਸਾਰ ਮੇਂ ਪਰਸਿੱਧ ਹੋਗਾ ਅਬ ਤੂੰ ਲੋਗੋਂ ਕੇ ਉਧਾਰ ਕਰਨੇ ਵਾਸਤੇ ਨਦੀ ਰੂਪ ਹੋ ਜਾ ਤੇਰਾ ਨਾਮ ਗੰਡਕੀ ਸਾਲਗਰਾਮੀ ਦੋਨੋਂ ਹੋਂਗੇ ਔਰ ਮੇਰਾ ਨਾਮ ਸਾਲਗ ਰਾਮ ਹੋਗਾ, ਔਰ ਤੇਰੇ ਨਦੀ ਰੂਪ ਸੇ ਪਰਗਟ ਹੋਊਂਗਾ ਤਬ ਵੁਹ ਨਦੀ ਹੋ ਗਈ ਜੋ ਅਬ ਹਰੀਹਰ ਛੇਤਰ ਕੇ ਮੰਦਰ ਕੇ ਪਾਸ ਹੈ ਵਹਾਂ ਸੇ ਹੀ ਸਾਲਗਰਾਮ ਨਿਕਲਤੇ ਹੈਂ ਜਿਨ ਕੋ ਭਗਵਾਨ ਰੂਪ ਜਾਨਕਰ ਪੂਜਨ ਕੀਆ ਜਾਤਾ ਹੈ, ਸੋ ਇਸਤ੍ਰੀਓਂ ਕਾ ਪਰਮ ਧਰਮ ਪਤੀ ਸੇਵਾ ਹੀ ਹੈ।

ਚੰਦ੍ਰ ਪ੍ਰਭਾ ਕੀ ਵਿਦਿਆਰਥਨੋਂ ਮੇਂ ਸੇ ਏਕ ਕੰਨਿਆਂ ਕਹ ਰਹੀ ਥੀ ਕਿ ਪਤੀਬ੍ਰਤਾ ਧਰਮ ਨਿਭਾਨਾ ਬੜਾ ਕਠਿਨ ਹੈ ਐਸਾ ਕਹਿ ਕਰ ਉਹ ਰੋ ਪੜੀ ਕਹਿਨੇ ਲਗੀ ਕਿ ਮੇਰਾ ਪਤੀ ਬੜਾ ਹੀ ਸਖਤ ਹੈ, ਤਬ ਰਾਜ ਕੰਨਿਆਂ ਨੇ ਕਹਾ ਕਿ ਪਤੀ ਕੈਸਾ ਭੀ ਸਖਤ ਹੋਵੇ ਅਪਨੀ ਅਕਲ ਸੇ ਆਗਿਆ ਪਾਲਨ ਕਰਕੇ ਉਸ ਸੇ ਮਾਰ ਨ ਖਾਵੇ ਤਬ ਉਸ ਨੇ ਕਹਾ ਕਿ ਤੁਮ ਕੋ ਐਸਾ ਪਤੀ ਮਿਲੇ ਤਬ ਪਤਾ ਲਗੇ ਉਸ ਨੇ ਕਹਾ ਅਗਰ ਮੇਰਾ ਪਤੀ ਐਸਾ ਹੋਗਾ ਮੈਂ ਅਪਨੀ ਬਾਪ ਕੀ ਬੇਟੀ ਹੂੰ ਤੋ ਕਭੀ ਮਾਰ ਨ ਖਾਊਂਗੀ ਇਹ ਪ੍ਰਤਗਜਾ ਉਸ ਨੇ ਭਰੀ ਸਭਾ ਮੇਂ ਕਰੀ ਉਧਰ ਉਸ ਰਾਜਕੁਮਾਰ ਨੇ ਅਪਨੇ ਮਨ ਮੇਂ ਪ੍ਰਤਗਜਾ ਕਰੀ ਕਿ ਅਗਰ ਪ੍ਰਮੇਸਰ ਨੇ ਮੇਰੇ ਕੋ ਤੇਰਾ ਪਤੀ ਬਨਾਇਆ ਤਬ ਘਰ ਚਲ ਕੇ ਪਹਿਲੇ ਦਿਨ ਹੀ ਤੇਰੇ ਕੋ ਪਾਂਚ ਜੂਤਾ ਮਾਰੂੰਗਾ ਤਬੀ ਬਾਪ ਕਾ ਬੇਟਾ ਕਹਾਊਂਗਾ ਨਹੀਂ ਤੋ ਬਾਪ ਕਾ ਬੇਟਾ ਨਹੀਂ ਕਹਾਊਂਗਾ। ਰਾਜ ਕੰਨਿਆਂ ਕੋ ਇਸ ਬਾਤ ਕਾ ਪਤਾ ਨਹੀਂ ਥਾ ਅਖੀਰ ਦੇਵ ਗਤੀ ਸੇ ਉਸ ਹੀ ਰਾਜਕੁਮਾਰ ਸੇ ਉਸ ਕੀ ਸ਼ਾਦੀ ਹੋ ਗਈ ਰਾਜ ਕੁਮਾਰ ਨੇ ਦੋਸਤ ਮਿਤਰੋਂ ਸੇ ਕਹਾ ਕਿ ਮੈਂ ਅਪਨੀ ਪ੍ਰਤਗਜਾ ਅਨੁਸਾਰ ਇਸ ਕੋ ਪਾਂਚ ਜੂਤੇ ਮਾਰਨੇ ਹੈਂ ਕਿਸ ਤਰਹ ਮਾਰੂੰ ਤਬ ਉਨ੍ਹੋਂ ਨੇ ਕਹਾ ਕਿ ਤੁਮ ਨੇ ਉਸਕੋ ਕਹਿਨਾ ਕਿ ਤਾਜਾ ਜਲ ਕੂਆ ਸੇ ਲਾ ਕਰ ਪਿਲਾ ਉਹ ਪਹਿਲੇ ਦਿਨ ਨਹੀਂ ਲਿਆਵੇਗੀ ਤੁਮ ਨੇ ਉਸ ਕੋ ਜੂਤੇ ਮਾਰ ਦੇਨੇ ਸਾਦੀ ਕਰਕੇ ਆਤੇ ਸਮਯ ਰਸਤੇ ਮੇਂ ਉਸ ਨੇ ਕੂਆ ਦੇਖ ਕਰ ਅਪਨੀ ਇਸਤ੍ਰੀ ਸੇ ਕਹਾ ਕਿ ਪਿਆਸ ਲਗੀ ਹੈ ਤੂੰ ਜਲ ਭਰ ਲਾ ਮੇਰੇ ਕੋ ਪਿਲਾ ਤਬ ਰਾਜ ਕੰਨਿਆਂ ਬੜੀ ਖੁਸ਼ ਹੋਈ ਸੋਚਾ ਕਿ ਮੇਰੇ ਧੰਨਜ ਭਾਗ ਹੈਂ ਜੋ ਪਤੀ ਦੇਵ ਨੇ ਪਹਿਲੇ ਦਿਨ ਹੀ ਸੇਵਾ ਬਖਸ਼ੀ ਹੈ ਬੜੇ ਪ੍ਰੇਮ ਸੇ ਜਲ ਲਿਆ ਕਰ ਪਿਲਾਯਾ ਉਸਕਾ ਪ੍ਰੇਮ ਦੇਖ ਕਰ ਉਸਕੋ ਮਾਰ ਨਹੀਂ ਸਕਿਆ ਫਿਰ ਦੋਸਤੋਂ ਮਿਤਰੋਂ ਨੇ ਕਹਾ ਕਿ ਆਧੀ ਰਾਤ ਕੋ ਜਲ ਮਾਂਗਨਾ ਇਹ ਜਲ ਲੇਨੇ ਜਾਵੇ ਤੂੰ ਜ਼ੋਰ ਸੇ ਘੁਰਾੜੇ ਮਾਰਨੇ ਲਗ ਜਾਨਾ ਅਗਰ ਸੋਏ ਹੂਏ ਤੁਮ ਕੋ ਜਗਾਵੇ ਤੋ ਪਾਂਚ ਜੂਤਾ ਮਾਰਨਾ ਅਗਰ ਜਲ ਪਿਲਾਏ ਬਿਨਾਂ ਹੀ ਸੋ ਜਾਵੇ ਤਬ ਭੀ ਉਠ ਕਰ ਪਾਂਚ ਜੂਤੇ ਮਾਰਨਾ ਉਸ ਨੇ ਐਸੇ ਹੀ ਕਰਾ ਕੰਨਿਆਂ ਬੜੇ ਪ੍ਰੇਮ ਸੇ ਜਲ ਲੇਨੇ ਗਈ ਤਬ ਇਧਰ ਇਹ ਘੁਰਾੜੇ ਮਾਰਨੇ ਲਗ ਗਿਆ ਉਹ ਨ ਸੋਈ ਨ ਉਸੇ ਜਗਾਇਆ ਗਲਾਸ ਲੇ ਕਰ ਰਾਤ ਭਰ ਖੜੀ ਰਹੀ ਔਰ ਰਾਜਕੁਮਾਰ ਭੀ ਗੁਪਤ ਰੀਤੀ ਸੇ ਦੇਖਤਾ ਰਹਾ ਕਿ ਖੜੀ ਹੈ ਅਖੀਰ ਉਠ ਕਰ ਕਹਾ ਕਿ ਕਿਉਂ ਖੜੀ ਹੈਂ ਤਬ ਰਾਜ ਕੰਨਿਆਂ ਨੇ ਕਹਾ ਕਿ ਸੇਵਕ ਕੋ ਖੜਾ ਹੀ ਰਹਨਾ ਯੋਗ੍ਯ ਹੈ ਐਸਾ ਪ੍ਰੇਮ ਵਾ ਨੀਤੀ ਦੇਖ ਕਰ ਜੂਤੇ



ਨਹੀਂ ਮਾਰ ਸਕਾ ਅਪਨੇ ਬਾਪ ਕਾ ਬੇਟਾ ਨ ਬਣ ਸਕਿਆ ਫਿਰ ਉਸ ਨੇ ਸੋਚਾ ਕਿ ਇਹ ਭੀ ਤੋ ਬਾਪ ਕੀ ਬੇਟੀ ਨ ਬਣੇ ਇਕ ਵਾਰੀ ਜ਼ਰੂਰ ਮਾਰਨਾ ਹੈ ਤਬ ਉਸ ਕੇ ਮਿਤਰੋਂ ਨੇ ਕਹਾ ਕਿ ਇਸ ਸੇ ਰਸੋਈ ਬਨਵਾਓ ਏਕ ਆਲੂਓਂ ਕੀ ਪੰਦ੍ਰਹ ਨਮੂਨੇ ਕੀ ਭਾਜੀ ਬਣਤੀ ਹੈ ਦਸ ਨਮੂਨੇ ਉਸ ਕੋ ਬਤਾਓ ਪਾਂਚ ਨਮੂਨੇ ਗੁਪਤ ਰਖੋ ਖਾਨੇ ਵਕਤ ਉਸਕੋ ਕਹੋ ਅਮੁਕ ਨਮੂਨਾ ਲਾਓ ਨ ਲਿਆ ਸਕੇ ਤੋ ਪਾਂਚ ਜੂਤੇ ਲਗਾਓ ਉਸ ਨੇ ਕਹਾ ਬਹੁਤ ਅਛਾ ਉਸ ਨੇ ਆ ਕਰ ਅਪਨੀ ਇਸਤ੍ਰੀ ਸੇ ਕਹਾ ਭੋਜਨ ਤੁਮ ਬਣਾਓ ਉਸ ਨੇ ਪਚੀਸ ਨਮੂਨਾ ਕੇ ਆਲੂ ਤਿਆਰ ਕੀਏ ਪਤੀ ਉਸਕਾ ਅਪਨੇ ਮਿਤਰੋਂ ਸਹਿਤ ਖਾਨੇ ਬੈਠਾ ਪੰਦ੍ਰਹ ਨਮੂਨਾ ਮਾਂਗ ਕਰ ਚੁਪ ਹੋ ਗਿਆ ਚੰਦ੍ਰ ਪ੍ਰਭਾ ਨੇ ਦਸ ਨਮੂਨੇ ਔਰ ਦਿਖਾਏ ਤਬ ਪਤੀ ਸ਼ਰਮਿੰਦਾ ਹੋ ਗਿਆ ਕਹਾ ਕਿ ਇਹ ਮਾਰ ਨਹੀਂ ਖਾ ਸਕਤੀ ਬਹੁਤ ਦਿਨ ਬਾਦ ਫਿਰ ਉਨ੍ਹੋਂ ਨੇ ਸੋਚਾ ਕਿਸੀ ਤਰਹ ਇਸਕੋ ਭੀ ਬਾਪ ਕੀ ਬੇਟੀ ਨ ਬਣਨੇ ਦੇਊਂ ਵਿਚਾਰ ਕਰਾ ਕਿ ਉਸਕੋ ਕਹੋ ਕਿ ਹਮ ਬਾਰਹ ਬਰਸ ਤਕ ਤੀਰਥ ਯਾਤਰਾ ਕਰੇਂਗੇ ਅਗਰ ਹਠ ਕਰੇ ਤੋ ਮਾਰੋ ਜੂਤੇ ਨ ਹਠ ਕਰੇ ਉਸ ਸੇ ਪੂਛੋ ਕਿਆ ਕਾਮ ਕਰੇਗੀ ਅਗਰ ਕਹੇ ਜੋ ਕਹੋ ਤੋ ਕਹਨਾ ਕਿ ਮੇਰੇ ਆਨੇ ਸੇ ਪਹਿਲੇ ਏਕ ਬਾਗ ਐਸਾ ਬਣਾਓ ਜਿਸਤਰਹ ਕੇ ਬਾਗ ਮੇਂ ਤੂੰ ਪੜ੍ਹਾਇਆ ਕਰਤੀ ਥੀ ਔਰ ਉਸ ਬਾਗ ਮੇਂ ਏਕ ਵਧੀਆ ਕੋਠੀ ਬਣਾਓ ਔਰ ਵਜ਼ੀਰ ਕੀ ਕੰਨਿਆਂ ਸੇ ਮੇਰੇ ਦਵਾਰਾ ਏਕ ਪੁਤਰ ਭੀ ਪੈਦਾ ਹੋ ਜਾਵੇ ਇਸ ਮੇਂ ਖਰਚ ਨ ਤੇਰਾ ਲਗੇ ਨ ਮੇਰਾ ਇਸੀ ਤਰਹ ਰਾਜ ਕੁਮਾਰ ਨੇ ਆਕਰ ਚੰਦ੍ਰ ਪ੍ਰਭਾ ਸੇ ਕਹਾ ਔਰ ਚੰਦ੍ਰ ਪ੍ਰਭਾ ਨੇ ਸਭ ਬਾਤ ਸ੍ਵੀਕਾਰ ਕਰੀ ਕੋਈ ਹਠ ਨਹੀਂ ਕਰਾ ਉਸਕੇ ਪਤੀ ਨੇ ਅਪਨਾ ਫੋਟੋ ਉਸ ਕੋ ਦੇ ਦੀਆ ਔਰ ਉਸ ਕਾ ਫੋਟੋ ਆਪ ਲੀਆ ਔਰ ਚਲਾ ਗਿਆ ਏਕ ਰਾਜਾ ਕੇ ਜਾਕਰ ਨੌਕਰੀ ਕਰੀ ਏਕ ਦਿਨ ਇਸਤ੍ਰੀ ਕਾ ਪ੍ਰਸੰਗ ਚਲਤਾ ਥਾ, ਉਸ ਨੇ ਆਪਣੀ ਇਸਤ੍ਰੀ ਕੀ ਬੜਾਈ ਕਰੀ ਕਹਾ ਕਿ ਮੇਰੀ ਇਸਤ੍ਰੀ ਪੂਰੀ ਪਤੀਬ੍ਰਤਾ ਹੈ, ਰਾਜਾ ਕੇ ਵਜ਼ੀਰ ਨੇ ਹਠ ਕੀਆ ਔਰ ਕਹਾ ਕਿ ਮੈਂ ਉਸ ਚੰਦ੍ਰ ਪ੍ਰਭਾ ਕੋ ਆਪਣੀ ਇਸਤ੍ਰੀ ਬਣਾ ਕਰ ਲਿਆਊਂ ਤੋ ਕਿਆ ਸ਼ਰਤ ਹੈ, ਉਸ ਨੇ ਕਹਾ ਕਿ ਚੰਦ੍ਰ ਪ੍ਰਭਾ ਆ ਗਈ ਤੋ ਮੇਰੇ ਕੋ ਫਾਂਸੀ ਚੜ੍ਹਾ ਦੇਣਾ, ਅਗਰ ਨ ਆਈ ਤੋ ਮੈਂ ਤੇਰੀ ਕੰਨਿਆਂ ਸੇ ਸ਼ਾਦੀ ਕਰੂੰਗਾ, ਲਿਖ ਪੜ੍ਹ ਹੋ ਗਈ ਰਾਜਾ ਸਾਖੀ (ਗਵਾਹ) ਬਣ ਗਿਆ, ਵਜ਼ੀਰ ਚੰਦ੍ਰ ਪ੍ਰਭਾ ਕਾ ਫੋਟੋ ਲੇ ਕਰ ਔਰ ਬਹੁਤ ਸਾ ਪੈਸਾ ਲੇਕਰ ਆਇਆ ਔਰ ਦੂਤੀਓਂ ਦਵਾਰਾ ਚੰਦ੍ਰ ਪ੍ਰਭਾ ਕੋ ਬਹੁਤ ਕਹਾਇਆ ਚੰਦ੍ਰ ਪ੍ਰਭਾ ਨੇ ਕਹਾ ਭੇਜਿਆ ਕਿ ਇਸ ਤਰਹ ਕੇ ਨਮੂਨੇ ਕੀ ਕੋਠੀ ਬਣਾ ਤਥਾ ਬਾਗ ਬਣਾ ਫਿਰ ਮੈਂ ਤੇਰੇ ਪਾਸ ਆਊਂਗੀ ਵਜ਼ੀਰ ਨੇ ਬਾਗ ਔਰ ਕੋਠੀ ਬਣਾ ਦਈ ਵਜ਼ੀਰ ਕੋ ਕਹਾ ਭੇਜਾ ਕਿ ਤੂੰ ਮੇਰੇ ਕੋ ਕੈਸੇ ਪਹਿਚਾਨਤਾ ਹੈਂ, ਉਸ ਨੇ ਉਸ ਕੀ ਫੋਟੂ ਜੋ ਉਸ ਕੇ ਪਤੀ ਦਵਾਰਾ ਉਸ ਕੋ ਮਿਲੀ ਥੀ ਓਹ ਭੇਜ ਦੇਈ ਉਸ ਨੇ ਜਾਣ ਲੀਆ ਕਿ ਮੇਰੇ ਪਤੀ ਪਰ ਹੀ ਬਿਪੱਤੀ ਹੈ, ਤਬ ਚੰਦ੍ਰ ਪ੍ਰਭਾ ਨੇ ਸਭ ਨਗਰ ਕੀ ਵੇਸ਼ਜਾਏਂ ਇਕੱਠੀ ਕੀਂ ਉਨ੍ਹੋਂ ਮੇਂ ਸੇ ਏਕ ਹੂਬਹੂ ਚੰਦ੍ਰ ਪ੍ਰਭਾ ਕੇ ਸਮਾਨ ਅਕਲ ਸ਼ਕਲ ਕੀ ਹੂਬਹੂ ਚੰਦ੍ਰ ਪ੍ਰਭਾ ਜੈਸੀ ਥੀ ਉਸ ਕੋ ਚੰਦ੍ਰ ਪ੍ਰਭਾ ਨੇ ਕਹਾ ਕਿ ਤੂੰ

ਵਜ਼ੀਰ ਸੇ ਪ੍ਰੇਮ ਕਰ ਇਸਤ੍ਰੀਓਂ ਜੈਸਾ ਪੂਰਾ ਪ੍ਰੇਮ ਦਿਖਾ ਮੈਂ ਤੇਰੇ ਕੋ ਬਹੁਤ ਪੈਸਾ ਦਊਂਗੀ ਆਪਣਾ ਭੇਦ ਪ੍ਰਗਟ ਨਾ ਕਰਨਾ, ਐਸਾ ਕਹਿ ਕਰ ਉਸ ਕੋ ਵਜ਼ੀਰ ਪਾਸ ਭੇਜ ਦੀਆ, ਵਜ਼ੀਰ ਬਹੁਤ ਪ੍ਰਸੰਨ ਹੂਆ, ਉਸ ਕੋ ਲੇਕਰ ਆਪਣੇ ਦੇਸ਼ ਮੇਂ ਚਲਾ ਗਿਆ ਤਬ ਚੰਦ੍ਰ ਪ੍ਰਭਾ ਭੀ ਮਰਦਾਨਾ ਵੇਸ ਸ਼ਾਹਜ਼ਾਦਾ ਬਣ ਕਰ ਉਸ ਕੇ ਪੀਛੇ ਗਈ ਔਰ ਜਾ ਕਰ ਦੇਖਾ ਕਿ ਪਤੀ ਕੋ ਫਾਂਸੀ ਪਰ ਲਟਕਾਣੇ ਕਾ ਹੁਕਮ ਹੋ ਗਿਆ ਹੈ, ਤਬ ਰਾਜਾ ਸੇ ਪੂਛਾ ਕਿਆ ਮੁਆਮਲਾ ਹੈ ਉਨ੍ਹੋਂ ਨੇ ਕਹਾ ਇਨ ਕੀ ਆਪਸ ਮੇਂ ਸ਼ਰਤ ਠਹਰੀ ਥੀ ਇਹ ਇਸ ਰਾਜਕੁਮਾਰ ਕੀ ਇਸਤ੍ਰੀ ਲੇ ਆਵੇ ਤਬ ਰਾਜਕੁਮਾਰ ਕੋ ਫਾਂਸੀ, ਅਗਰ ਨਾ ਲਿਆ ਸਕੇ ਤਬ ਵਜ਼ੀਰ ਇਸ ਕੋ ਅਪਨੀ ਕੰਨਿਆਂ ਦੇਗਾ, ਸੋ ਵਜ਼ੀਰ ਇਸ ਕੀ ਇਸਤ੍ਰੀ ਚੰਦ੍ਰ ਪ੍ਰਭਾ ਕੋ ਲੇ ਆਇਆ ਹੈ, ਚੂੰਕਿ ਫੱਟੋ ਮਿਲ ਗਿਆ ਹੈ ਤਬ ਸ਼ਾਹਜ਼ਾਦਾ ਵੇਸ ਮੇਂ ਚੰਦ੍ਰ ਪ੍ਰਭਾ ਨੇ ਕਿਹਾ ਕਿ ਮੈਂ ਭੀ ਇਸਕੀ ਇਸਤ੍ਰੀ ਕੀ ਫੱਟੂ ਦੇਖਨਾ ਚਾਹਤਾ ਹੂੰ, ਕਿਉਂਕਿ ਇਸ ਰਾਜਕੁਮਾਰ ਕੇ ਸਾਥ ਕੋਈ ਧੋਖਾ ਨਾ ਹੋ ਜਾਵੇ ਤਬ ਫੱਟੂ ਭੀ ਦੇਖੀ ਔਰ ਵੇਸਵਾ ਕੋ ਭੀ ਦੇਖਾ ਤਬ ਉਸ ਨੇ ਕਹਾ ਇਹ ਚੰਦ੍ਰ ਪ੍ਰਭਾ ਨਹੀਂ, ਕਿਉਂਕਿ ਉਸਕੋ ਆਪਣੇ ਨਾਨਕਿਓਂ ਕਾ ਨਾਮ ਨਹੀਂ ਬਤਾਇਆ ਥਾ, ਵੇਸਵਾ ਨਾਨਕਿਓਂ ਕਾ ਨਾਮ ਨਹੀਂ ਬਤਾ ਸਕੀ, ਤਬ ਉਸ ਵੇਸਵਾ ਕੋ ਮਾਰ ਪੀਟ ਕਰ ਪੂਛਾ ਉਸ ਨੇ ਕਹਾ ਕਿ ਮੈਂ ਵੇਸਵਾ ਹੂੰ ਚੰਦ੍ਰ ਪ੍ਰਭਾ ਨਹੀਂ ਤਬ ਰਾਜਕੁਮਾਰ ਕੀ ਵਜ਼ੀਰ ਕੀ ਕੰਨਿਆਂ ਕੇ ਸਾਥ ਸ਼ਾਦੀ ਹੋ ਗਈ, ਅਬ ਚੰਦ੍ਰਪ੍ਰਭਾ ਨੇ ਤੀਨ ਕਾਮ ਕਰ ਲੀਏ, ਬਾਗ਼ ਬਣਾ ਲੀਆ, ਕੋਠੀ ਭੀ ਬਣ ਗਈ, ਵਜ਼ੀਰ ਕੀ ਕੰਨਿਆਂ ਕੇ ਸਾਥ ਸ਼ਾਦੀ ਭੀ ਕਰਾ ਦਈ, ਅਬ ਪੁਤ੍ਰ ਪੈਦਾ ਕਰਾਨਾ ਬਾਕੀ ਰਹਿ ਗਿਆ, ਜਬ ਇਸ ਪ੍ਰਕਾਰ ਰਾਜਕੁਮਾਰ ਕੀ ਸ਼ਾਦੀ ਹੋ ਗਈ, ਤਬ ਇਹ ਸ਼ਾਹਜ਼ਾਦਾ ਔਰ ਉਹ ਰਾਜਕੁਮਾਰ ਦੋਨੋਂ ਕੀ ਆਪਸ ਮੇਂ ਪ੍ਰੀਤੀ ਬਢ ਗਈ ਦੋਸਤ ਬਨ ਗਏ ਏਕ ਜੈਸਾ ਖਾਨ ਪਾਨ ਪਹਿਰਾਨ ਸਭ ਏਕ ਸਾ ਕਰ ਲੀਆ ਏਕ ਦੂਸਰੇ ਸੇ ਅਪਨੀ ਚੀਜੇਂ ਨਿਸ਼ਾਨੀ ਦੇ ਲੈ ਲਈਆ ਔਰ ਜੋ ਘਾਤ ਰੰਜ ਕੀ ਰੋਜ਼ ਹੋਤੀ ਥੀ ਉਹ ਸਭ ਨੋਟ ਕਰ ਲੀਆ ਕਰਤੀ ਥੀ ਪ੍ਰੇਮ ਮੇਂ ਐਸੇ ਬਹੁਤ ਸਮਯ ਗੁਜ਼ਰ ਗਿਆ, ਅਖੀਰ ਵਜ਼ੀਰ ਦੀ ਕੰਨਿਆਂ ਕੋ ਗਰਭ ਹੂਆ, ਪੁਤਰ ਪੈਦਾ ਹੂਆ ਅਬ ਚੌਥੀ ਬਾਤ ਭੀ ਸਿਧ ਹੋ ਗਈ, ਤਬ ਰਾਜਕੁਮਾਰ ਕੋ ਕਹਾ ਕਿ ਆਪਣੇ ਦੇਸ਼ ਮੇਂ ਚਲ ਕਰ ਆਪਣੀ ਇਸਤ੍ਰੀ ਚੰਦ੍ਰ ਪ੍ਰਭਾ ਕਾ ਭੀ ਦਰਸ਼ਨ ਕਰਾਓ, ਪਰੰਤੂ ਚਲੇਂਗੇ ਆਗੇ ਪੀਛੇ, ਤੁਮ ਨੇ ਪੀਛੇ ਆਨਾ ਮੈਂ ਤੁਮ੍ਹਾਰੀ ਇਸਤ੍ਰੀ ਔਰ ਬਾਲ ਬਚਿਓਂ ਕੋ ਲੇਕਰ ਚਲਤਾ ਹੂੰ, ਉਸ ਨੇ ਕਹਾ ਬਹੁਤ ਅਛਾ, ਰਾਜਕੁਮਾਰ ਚਲ ਦੀਆ ਔਰ ਉਧਰ ਬਾਲ ਬੱਚਾ ਲੇ ਕਰ ਉਹ ਪਹਿਲੇ ਪਹੁੰਚ ਗਈ ਬਾਲ ਬਚੇ ਕੋ ਉਸ ਹੀ ਬਾਗ਼ ਮੇਂ ਠਹਿਰਾਇਆ ਆਪ ਅੰਦਰ ਮਹਿਲ ਮੇਂ ਠਹਿਰੀ, ਰਾਜਕੁਮਾਰ ਆਇਆ ਔਰ ਆ ਕਰ ਕਹੀ ਕਿ ਇਸ ਕੇ ਪਾਂਚ ਜੁਤੇ ਤੋਂ ਮਾਰੂੰ ਆ ਕਰ ਪੂਛਾ ਬਾਗ਼ ਬਣਾਇਆ ਕੋਠੀ ਬਣਾਈ ਵਜ਼ੀਰ ਕੀ ਕੰਨਿਆਂ ਸੇ ਸ਼ਾਦੀ ਕਰਾਈ, ਪੁਤਰ ਕਹਾਂ ਹੈ ਮਾਰੂੰ ਜੁਤੇ ਤਬ ਚੰਦ੍ਰ ਪ੍ਰਭਾ ਨੇ ਕਹਾ ਧੀਰਜ ਕਰੋ ਸਭ ਕੁਛ ਬਣਾਇਆ ਹੈ



ਦੇਖ ਲੋ, ਬਾਗ਼ ਦਿਖਾਇਆ ਕੋਠੀ ਦਿਖਾਈ, ਵਜ਼ੀਰ ਕੀ ਕੰਨਿਆਂ ਦਿਖਾਈ ਪੁਤਰ ਦਿਖਾਇਆ, ਉਹ ਦੇਖ ਕਰ ਹੈਰਾਨ ਹੋ ਗਿਆ ਔਰ ਸਭ ਨਿਸ਼ਾਨੀਆਂ ਬਸਤਰ ਕਪੜਾ ਗਲਾਂ ਬਾਤਾਂ ਜੋ ਰੋਜ਼ ਰੋਜ਼ ਇਕੱਠੇ ਬੈਠ ਕਰ ਕਰਤੇ ਥੇ ਉਹ ਸਭ ਸੁਨਾਈਆਂ ਤਬ ਰਾਜਕੁਮਾਰ ਅਤਯੰਤ ਬਿਸਮਯ ਹੂਆ ਔਰ ਕਹਾ ਕਿ ਤੂੰ ਬਾਪ ਕੀ ਬੇਟੀ ਹੈਂ ਮੈਂ ਬਾਪ ਕਾ ਬੇਟਾ ਨਹੀਂ, ਤੁਮਨੇ ਬੜੀ ਰਖਿਆ ਕਰੀ ਹੈ ਔਰ ਕਹਾ ਕਿ ਮੈਂ ਹਮੇਸ਼ ਕੇ ਵਾਸਤੇ ਤੇਰੇ ਅਧੀਨ ਰਹੂੰਗਾ, ਇਸ ਪ੍ਰਕਾਰ ਜੈਸੇ ਇਸ ਚੰਦ੍ਰ ਪ੍ਰਭਾ ਨੇ ਪਤੀ ਕੀਆ ਉਲਟੀਆਂ ਪੁਲਟੀਆਂ ਆਗਿਆ ਮਾਨੀਆਂ ਐਸੇ ਈਸ੍ਵਰ ਕੀ ਆਗਿਆ ਮਾਨਨੀ ਚਾਹੀਏ:-

## ਮਾਨੈ ਹੁਕਮੁ ਸੋਹੈ ਦਰਿ ਸਾਚੈ ॥

[ਮਾਰੂ ਮ: ੧ ਸਫਾ ੬੬੨

ਆਗਿਆ ਮਾਨਨੇ ਮੇਂ ਦੂਸਰੀ ਪਤੀਬ੍ਰਤਾ ਕੀ ਕਥਾ-ਜੂਨਾ ਗੜ ਰਾਜਧਾਨੀ ਮੇਂ ਰਾਜਾ ਕੋ ਪੰਡਿਤੋਂ ਨੇ ਕਹਾ ਕਿ ਤੁਮ੍ਹਾਰੇ ਰਾਜ ਮੇਂ ੧੨ ਬਰਸ ਕਾ ਕਾਲ ਪੜੇਗਾ, ਜਲ ਨਹੀਂ ਬਰਸੇਗਾ, ਜਲ ਜਮ੍ਹਾਂ ਕਰਾ ਛੋੜ ਰਾਜਾ ਨੇ ਤਲਾਬ ਬਨਾ ਕਰ ਉਨ ਮੇਂ ਬਰਸਾਤੀ ਜਲ ਜਮ੍ਹਾਂ ਕਰ ਦੀਆ, ਉਸ ਮੇਂ ਕੀੜੇ ਪੜ ਗਏ, ਕੀੜੋਂ ਕੀ ਨਿਵਿਰਤੀ ਕਾ ਉਪਾਇ ਜੋਤਸ਼ੀਓਂ ਨੇ ਕਹਾ ਕਿ ਕੋਈ ਸਿਧ ਪੁਰਖ ਮਹਾਤਮਾ ਹੋਵੇ, ਉਸਕੇ ਚਰਣ ਧੋ ਕਰ ਇਸ ਮੇਂ ਪਾਏ ਜਾਵੇਂ, ਜਾਂ ਕੋਈ ਪਤੀਬ੍ਰਤਾ ਇਸਤ੍ਰੀ ਹੋਵੇ ਉਸਕੇ ਚਰਣ ਧੋ ਕਰ ਪਾਏ ਜਾਵੇਂ ਬ੍ਰਹਮਵੇਤਾ ਕਾ ਮਿਲਨਾ ਮੁਸ਼ਕਲ ਥਾ ਫਿਰ ਪਤੀਬ੍ਰਤਾ ਇਸਤ੍ਰੀਓਂ ਕੀ ਖੋਜ ਕਰੀ ਵਹਾ ਏਕ ਪਤੀਬ੍ਰਤਾ ਮਿਲੀ ਉਸਕੇ ਪਾਸ ਰਾਜਾ ਵਜ਼ੀਰ ਅਮੀਰ ਸਭ ਮਿਲ ਕਰ ਗਏ ਔਰ ਉਸ ਨੇ ਕਹਾ ਕਿ ਮੈਂ ਪਹਿਲੇ ਸਮਰਥਾ ਰਖਤੀ ਥੀ, ਪ੍ਰੰਤੂ ਅਬ ਏਕ ਮਹੀਨਾ ਸੇ ਵੋਹ ਤਾਕਤ ਨਹੀਂ ਰਹੀ ਕਿਉਂਕਿ ਮੈਂ ਲਬ (ਖਾਨੇ ਕੀ ਲਾਲਚ) ਕੇ ਵਸ ਹੋ ਕਰ ਪਤੀ ਸੇ ਪੀਛੇ ਚੋਰੀ ਸੇ ਆਬ ਖਾਇ ਲੀਆ ਉਸ ਨੇ ਸੁਨਾਇਆ ਕਿ ਮੇਰੀ ਬੜੀ ਬਹਿਨ ਨੇ ਬੰਬਈ ਸੇ ਮੌਸਮ ਕਾ ਏਕ ਅੰਬ ਭੇਜਾ ਥਾ ਲੇ ਆਨੇ ਵਾਲਾ ਸਵੇਰੇ ਹੀ ਲੇ ਆਇਆ ਅੰਬ ਕੋ ਦੇਖ ਕਰ ਮੇਰਾ ਚਿਤ ਚਲਾਇਮਾਨ ਹੋ ਗਿਆ, ਪਤੀ ਦੇਵ ਸਨਾਨ ਕਰਨੇ ਗਏ ਥੇ ਮੈਂ ਅਪਨੇ ਚਿਤ ਕੋ ਬਹੁਤ ਰੋਕਿਆ ਪਤੀ ਕੋ ਖਿਲਾ ਕਾ ਖਾਊਂ ਔਰ ਖਿਆਲ ਹੂਆ ਸਾਰਾ ਦੇਊਂ ਕਿ ਆਧਾ ਦੇਊਂ ਸਾਰਾ ਦੇਊਂ ਤੋ ਵੋਹ ਸਾਰਾ ਹੀ ਖਾ ਜਾਏਂਗੇ ਅਗਰ ਆਧਾ ਰਖੂੰ ਤੋ ਭੀ ਠੀਕ ਨਹੀਂ ਕਿਉਂਕਿ ਪਤੀਬ੍ਰਤਾ ਇਸਤ੍ਰੀਓਂ ਕਾ ਧਰਮ ਹੈ ਕਿ ਸਭ ਚੀਜ਼ ਪਤੀ ਕੇ ਆਗੇ ਰਖ ਦੇਵੇ ਐਸੇ ਅਨੇਕਾਂ ਸੰਕਲਪ ਵਿਕਲਪ ਹੋਏ ਅਖੀਰ ਚਿੱਤ ਨੇ ਹੌਸਲਾ ਕੀਆ ਕਿ ਪਤੀ ਕੋ ਦੇਊਂ ਹੀ ਨਾ ਮੈਂ ਹੀ ਸਭ ਖਾ ਜਾਊਂ। ਪਤੀ ਦੇਵ ਕੋ ਰੋਟੀ ਖਿਲਾਈ ਅੰਬ ਕੀ ਬਾਤ ਹੀ ਨਹੀਂ ਕਰੀ। ਜਬ ਪਤੀ ਦੇਵ ਦੁਕਾਨ ਪਰ ਚਲਾ ਗਿਆ ਤੋ ਪੀਛੇ ਦਰਵਾਜ਼ਾ ਬੰਦ ਕਰਕੇ ਮੈਂ ਅੰਬ ਖਾਨੇ ਬੈਠੀ, ਅੰਬ ਅਭੀ ਆਧਾ ਹੀ ਖਾਇਆ ਥਾ ਤੋ ਇਤਨੇ ਮੇਂ ਪਤੀ ਦੇਵ ਆ ਗਏ ਆਵਾਜ਼ ਲਗਾਈ ਕਿ ਜਲਦੀ ਦਰਵਾਜ਼ਾ ਖੋਲੋ ਕਿਉਂਕਿ ਪਤੀ ਦੇਵ ਕੋ ਉਸ ਆਦਮੀ ਨੇ ਕਹਿ ਦੀਆ ਥਾ ਕਿ ਮੈਂ ਆਪ ਕੇ ਘਰ ਅੰਬ ਦੇ ਆਇਆ ਹੂੰ। ਪਤੀ

ਜੋ ਮੇਰੀ ਪ੍ਰੀਖਸ਼ਾ ਵਾਸਤੇ ਵਾਪਸ ਘਰ ਆ ਗਏ । ਮੈਂ ਨੇ ਝਟ ਦਰਵਾਜ਼ਾ ਖੋਲ੍ਹਾ ਜਲਦੀ ਕੇ ਮਾਰੇ ਅੰਬ ਕੋ ਛਿਪਾ ਨਾ ਸਕੀ । ਪਤੀ ਦੇਵ ਨੇ ਪੂਛਾ ਅੰਬ ਕਹਾ ਸੇ ਆਇਆ ਹੈ ? ਮੇਰੇ ਕੋ ਕਿਉਂ ਨਹੀਂ ਦੀਆ ? ਮੈਂ ਨੇ ਕਹਾ ਅੰਬ ਮੇਰੀ ਭੈਣ ਨੇ ਭੇਜਾ ਥਾ ਪਰੰਤੂ ਆਪ ਰੋਟੀ ਖਾ ਕਰ ਚਲੇ ਗਏ ਥੇ ਪੀਛੇ ਅੰਬ ਮਿਲਾ ਹੈ ਐਸੇ ਝੂਠ ਬੋਲਿਆ । ਤਬ ਪਤੀਦੇਵ ਨੇ ਕਹਾ ਸਚ ਬੋਲ ਅੰਬ ਕਬ ਮਿਲਾ ਹੈ ? ਮੈਨੇ ਕਹਾ ਆਪ ਕੇ ਜਾਣੇ ਕੇ ਪੀਛੇ, ਤਬ ਪਤੀ ਦੇਵ ਉਸ ਆਦਮੀ ਕੋ ਲੇ ਆਏ ਉਸ ਨੇ ਕਹਾ ਕਿ ਮੈਂ ਤੋ ਸਵੇਰੇ ਹੀ ਤੁਮ੍ਹਾਰੇ ਕੋ ਅੰਬ ਦੇ ਗਿਆ ਥਾ ਤਬ ਮੈਂ ਸ਼ਰਮਿੰਦੀ ਹੋ ਗਈ ਔਰ ਪਤੀ ਜੀ ਨੇ ਮੁਝੇ ਲਾਨਤ ਦਿਤੀ । ਉਸ ਰੋਜ਼ ਸੇ ਮੇਰਾ ਤਪ ਖੀਣ ਹੋ ਗਿਆ ਹੈ । ਚਰਣ ਧੋ ਕਰ ਪਾਏ ਪ੍ਰੰਤੂ ਜਲ ਸੁਧ ਨਹੀਂ ਹੂਆ । ਗੁਰ ਪ੍ਰਮਾਣ-

**ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥**

[ਤਿਲੰਗ ਮ: ੧ ਸਫਾ ੭੨੨

ਫਿਰ ਦੂਸਰੀ ਪਤੀਬ੍ਰਤਾ ਪਾਸ ਗਏ ਉਸ ਸੇ ਅਰਜ਼ ਕਰੀ । ਤਬ ਉਸ ਨੇ ਭੀ ਕਹਾ ਕਿ ਦੋ ਮਹੀਨੇ ਹੋ ਗਏ ਹੈਂ ਤਬ ਸੇ ਮੇਰੇ ਮੇਂ ਤਾਕਤ ਨਹੀਂ ਰਹੀ ਕਿਉਂਕਿ ਹਮ ਗਰੀਬ ਹੈਂ ਪ੍ਰਵਾਰ ਬਹੁਤ ਹੈ ਆਮਦਨੀ ਥੋੜੀ ਹੈ । ਪਤੀ ਜੀ ਕੇ ਗੁਰੂ ਜੀ ਆ ਗਏ ਉਹ ਵਿਰਕਤ ਥੇ ਇਸ ਲੀਏ ਉਨ ਕੋ ਬਸਤ੍ਰ, ਪੁਸਤਕ ਕਿਰਾਇਆ ਵਗੈਰਹ ਦੇਨਾ ਥਾ । ਪਤੀ ਜੀ ਨੇ ਮੇਰੇ ਕੋ ਸੇਵਾ ਵਾਸਤੇ ਕਹਾ ਪਰੰਤੂ ਮੈਂ ਮਨ੍ਹਾ ਹੀ ਕਰਦੀ ਰਹੀ ਅਖੀਰ ਪਤੀ ਜੀ ਨੇ ਮੇਰੇ ਸੇ ਚੋਰੀ ਸੇਵਾ ਕਰੀ ਮੇਰੇ ਕੋ ਪਤਾ ਲਗ ਗਿਆ ਮੈਨੇ ਕ੍ਰੋਧ ਵਸ ਹੋ ਕਰ ਬਹੁਤ ਦੁਰਬਚਨ ਕਹੇ ਪਤੀ ਨੇ ਕਹਾ ਕਿ ਤੂੰ ਪਤੀਬ੍ਰਤਾ ਨਹੀਂ ਬਸ ਉਸ ਵਕਤ ਸੇ ਮੇਰੀ ਪਤੀਬ੍ਰਤ ਧਰਮ ਕੀ ਤਾਕਤ ਨਸ਼ਟ ਹੋ ਗਈ ਹੈ ਫਿਰ ਤੀਸਰੀ ਪਤੀਬ੍ਰਤਾ ਪਾਸ ਗਏ ਉਸ ਨੇ ਭੀ ਕਹਾ ਕਿ ਚਾਰ ਮਹੀਨੇ ਸੇ ਮੇਰੇ ਮੇਂ ਤਾਕਤ ਨਹੀਂ ਰਹੀ ਕਿਉਂਕਿ ਮੈਂ ਅਹੰਕਾਰ ਵਸ ਹੋ ਕਰ ਪਤੀ ਦੇਵ ਕੀ ਮਾਤਾ ਸੇ ਬਹੁਤ ਝਗੜਾ ਕੀਆ ਕੁਛ ਉਸਕੋ ਮਾਰਾ ਭੀ ਪਤੀ ਦੇਵ ਕੇ ਸਮਝਾਨੇ ਪਰ ਭੀ ਮੈਂ ਨ ਸਮਝੀ ਲਾਚਾਰ ਹੋ ਕਰ ਉਨ੍ਹੋਂ ਨੇ ਸ਼ਾਪ ਦੀਆ ਤੂੰ ਪਤੀਬ੍ਰਤਾ ਨਹੀਂ ਇਸ ਤਰਹ ਮੇਰੀ ਤਾਕਤ ਭੀ ਨਹੀਂ ਰਹੀ ਫਿਰ ਚੌਥੀ ਪਤੀਬ੍ਰਤਾ ਪਾਸ ਗਏ ਤਬ ਉਸ ਨੇ ਭੀ ਕਹਾ ਕਿ ਮੈਂ ਭੀ ਛੇ ਮਹੀਨੇ ਸੇ ਤਾਕਤਹੀਨ ਹੋ ਗਈ ਹੂੰ ਕਿਉਂਕਿ ਮੈਂ ਮੋਹ ਵਸ ਹੋ ਕਰ ਪਤੀਬ੍ਰਤ ਧਰਮ ਖੋਹ ਬੈਠੀ ਹੂੰ ਕਿਉਂਕਿ ਮੇਰੇ ਕੋ ਸੰਤਾਨ ਨਹੀਂ ਹੋਤੀ ਥੀ ਬੜੇ ਯਤਨ ਕਰਨੇ ਪਰ ਪੁਤਰ ਪੈਦਾ ਹੂਆ ਮੈਂ ਅਗਿਆਨ ਵਸ ਪਤੀ ਸੇ ਭੀ ਪੁਤ੍ਰ ਕੋ ਪਿਆਰਾ ਸਮਝਨੇ ਲਗੀ ਏਕ ਦਿਨ ਪੁਤ੍ਰ ਨੇ ਹਠ ਕੀਆ ਕਿ ਮੁਝੇ ਅੰਬ ਲਾ ਦੋ ਉਸ ਸਮਯ ਅੰਬੋਂ ਕੀ ਮੌਸਮ ਨਹੀਂ ਥੀ ਅੰਬ ਮਿਲਨਾ ਮੁਸ਼ਕਲ ਥਾ ਪਿਤਾ ਨੇ ਬਹੁਤ ਸਮਝਾਇਆ ਮਗਰ ਬਾਲਕ ਹਠ ਸੇ ਨਹੀਂ ਮਾਨਾ ਤਬ ਪਿਤਾ ਪਕੜ ਉਸ ਕੋ ਮਾਰਨੇ ਲਗਾ ਮੇਰੇ ਸੇ ਰਹਾ ਨਹੀਂ ਗਿਆ ਮੈਨੇ ਜ਼ੋਰ ਸੇ



ਧੱਕਾ ਦੇ ਕਰ ਪਤੀ ਦੇਵ ਕੋ ਗਿਰਾ ਦੀਆ ਔਰ ਪੁਤ੍ਰ ਕੋ ਛੁੜਾਇਆ ਗਿਰਨੇ ਸੇ ਪਤੀ ਦੇਵ ਕੋ ਚੋਟ ਆਈ ਤਬ ਪਤੀ ਦੇਵ ਨੇ ਕਹਾ ਕਿ ਤੂੰ ਪਤੀਬ੍ਰਤਾ ਇਸਤ੍ਰੀ ਨਹੀਂ ਉਸ ਵਕਤ ਸੇ ਮੇਰੇ ਮੇਂ ਤਾਕਤ ਨਹੀਂ ਰਹੀ ਫਿਰ ਇਸੀ ਤਰਹ ਖੋਜ ਕਰਤੇ ਪਾਂਚਵੀਂ ਪਤੀਬ੍ਰਤਾ ਪਾਸ ਗਏ ਉਸ ਨੇ ਕਹਾ ਕਿ ਪੰਦਰਾਂ ਦਿਨ ਸੇ ਮੇਰੇ ਮੇਂ ਭੀ ਤਾਕਤ ਨਹੀਂ ਰਹੀ ਕਿਉਂਕਿ ਪਤੀ ਦੇਵ ਬੀਮਾਰ ਸੀ ਆਗਿਆ ਪਾਲਨ ਨਹੀਂ ਕਰ ਸਕੀ । ਏਕ ਰੋਜ਼ ਗਰਮੀ ਕੇ ਦਿਨੋਂ ਮੇਂ ਪਤੀ ਦੇਵ ਰਾਤ੍ਰੀ ਕੇ ਸਮਯ ਬੀਮਾਰੀ ਕੀ ਹਾਲਤ ਮੇਂ ਕੋਠੇ ਪਰ ਲੇਟੇ ਹੂਏ ਥੇ ਵੋਹ ਮੇਰੀ ਪਰੀਖਸ਼ਾ ਵਾਸਤੇ ਵਾਰ ਵਾਰ ਨੀਚੇ ਭੇਜਤੇ ਥੇ ਕਭੀ ਕਹੇਂ ਅਮੁਕੀ ਚੀਜ਼ ਲਿਆ, ਇਹ ਲਿਆ ਵੋਹ ਲਿਆ ਮੈਂ ਤੀਨ ਵਾਰੀ ਤੋ ਨੀਚੇ ਗਈ ਚੌਥੀ ਵੇਰ ਕਹਾ ਨਹੀਂ ਮਾਨਾ ਬਹੁਤ ਕਹਿਨੇ ਪਰ ਭੀ ਨਹੀਂ ਗਈ, ਬੁੜ ਬੁੜ ਕਰਤੀ ਰਹੀ, ਮੈਂ ਨੇ ਗੁਰਬਾਣੀ ਸੁਨੀ ਭੀ ਥੀ-

**ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥**

[ਤਿਲੰਗ ਮ: ੧ ਸਫਾ ੭੨੨

ਐਸਾ ਪੜ੍ਹਨੇ ਸੁਣਨੇ ਪਰ ਭੀ ਮੈਂ ਆਗਿਆ ਪਾਲਨ ਨਹੀਂ ਕਰੀ ਜਬ ਪਤੀ ਕੇ ਬਹੁਤ ਵੇਰ ਕਹਿਨੇ ਪਰ ਭੀ ਨਹੀਂ ਮਾਨੀ ਤਬ ਪਤੀ ਨੇ ਕਹਾ ਕਿ ਤੂੰ ਪਤੀਬ੍ਰਤਾ ਨਹੀਂ ਤਬ ਸੇ ਮੇਰੇ ਮੇਂ ਤਾਕਤ ਨਹੀਂ ਰਹੀ । ਫਿਰ ਛੇਵੀਂ ਪਤੀਬ੍ਰਤਾ ਕੇ ਪਾਸ ਪਹੁੰਚੇ ਉਸ ਨੇ ਕਹਾ ਕਿ ਆਠ ਰੋਜ਼ ਹੋ ਗਏ ਹੈਂ ਮੇਰੇ ਮੇਂ ਤਾਕਤ ਨਹੀਂ ਰਹੀ ਕਿਉਂਕਿ ਮੇਰੇ ਪਤੀ ਦੇਵ ਕਾ ਅਪਨੇ ਛੋਟੇ ਭਾਈ ਮੇਰੇ ਦੇਵਰ ਸੇ ਬੜਾ ਪ੍ਰੇਮ ਥਾ, ਇਕ ਦਿਨ ਦੋਨੋਂ ਆ ਕਰ ਪਲੰਘ ਪਰ ਬੈਠ ਗਏ, ਮੈਂ ਪੰਖਾ ਕਰਤੀ ਥੀ ਮੇਰਾ ਪੱਲਾ ਜੋ ਥਾ, ਉਹ ਦੇਵਰ ਸੇ ਛੂਹ ਜਾਤਾ ਪਤੀ ਜੀ ਨੇ ਬਹੁਤ ਵੇਰ ਕਹਾ ਸੰਭਾਲ ਕਰ ਰਹੁ ਮੇਰਾ ਉਸ ਤਰਫ ਖਿਆਲ ਨਾ ਗਿਆ ਅਖੀਰ ਕ੍ਰੋਧ ਮੇਂ ਆ ਕਰ ਕਹਾ ਕਿ ਵਾਰ ਵਾਰ ਕਹਿਨੇ ਪਰ ਭੀ ਤੂੰ ਸਮਝਤੀ ਨਹੀਂ ਜਾ ਤੂੰ ਪਤੀਬ੍ਰਤਾ ਨਹੀਂ ਉਸ ਕੇ ਚਰਨ ਧੋ ਕਰ ਪਾਣੇ ਸੇ ਕੁਛ ਜਲ ਸਾਫ ਹੂਆ ਪਰੰਤੂ ਪੂਰਾ ਜਲ ਸਾਫ ਨਾ ਹੂਆ ਫਿਰ ਔਰ ਪਤੀਬ੍ਰਤਾ ਕੀ ਖੋਜ ਹੋਨੇ ਲਗੀ ਅਖੀਰ ਸਾਤਵੀਂ ਪਤੀਬ੍ਰਤਾ ਏਕ ਭੰਗਣ ਕਾ ਪਤਾ ਮਿਲਾ ਉਸ ਕੇ ਪਾਸ ਗਏ ਪਰੰਤੂ ਉਸ ਨੇ ਦਰਵਾਜ਼ਾ ਨਹੀਂ ਖੋਲਾ ਅੰਦਰ ਸੇ ਹੀ ਆਵਾਜ਼ ਦੀ ਕਿ ਜੋ ਮੇਰੇ ਸੇ ਕਹਿਨਾ ਹੈ ਵੋਹ ਮੇਰੇ ਪਤੀ ਸੇ ਕਹੋ ਰਾਜਾ ਵਜ਼ੀਰ ਅਮੀਰ ਸਭ ਉਹਾਂ ਬਾਹਰ ਬੈਠ ਗਏ ਚਾਰੋਂ ਤਰਫ ਦੁਰਗੰਧੀ ਭੀ ਆਤੀ ਥੀ ਪਰੰਤੂ ਬੈਠੇ ਰਹੇ ਜਬ ਉਸਕਾ ਪਤੀ ਭੰਗੀ ਆਇਆ ਤਬ ਰਾਜਾ ਸੇ ਆਦਿ ਲੇਕਰ ਸਭ ਲੋਗ ਉਠ ਕਰ ਖੜੇ ਹੋ ਗਏ "ਕਿਉਂਕਿ ਅਰਥਸਯ ਪੁਰਸੋਦਾਸ:" । ਮਤਲਬ ਕੇ ਲੀਏ ਸਭ ਕਾ ਦਾਸ ਬਨਣਾ ਪੜਤਾ ਹੈ ਭੰਗੀ ਸੇ ਕਹਾ ਕਿ ਤੁਮ੍ਹਾਰੀ ਇਸਤ੍ਰੀ ਪਤੀਬ੍ਰਤਾ ਹੈ ਉਸ ਕੇ ਚਰਣ ਧੋ ਕਰ ਜਲ ਲੇਨਾ ਚਾਹਤੇ ਹੈਂ ਤਾਲਾਬ ਮੇਂ ਪਾਏਂਗੇ ਤਬ ਜਲ ਸੁਧ ਹੋਗਾ । ਭੰਗੀ ਕੋ ਸ਼ੌਕ ਹੂਆ, ਸ਼ਾਇਦ ਮੇਰੀ ਇਸਤ੍ਰੀ ਨੇ ਇਨ ਕੋ ਬਹਿ ਕਰ ਬੈਠਾਇਆ

ਹੈ ਤਬ ਭੰਗੀ ਨੇ ਮਨ ਮੇਂ ਰੰਜ ਰਖ ਕਰ ਉਪਰਲੇ ਮਨ ਸੇ ਕਹਿ ਦੀਆ ਕਿ ਜਾਓ ਪਾਉਂ ਧੁਲਾ ਕਰ ਤਾਲਾਵ ਮੇਂ ਪਾਵੋ ਜਲ ਸੁਧ ਕਰੋ ਭੰਗਣ ਭਾਵ ਸਮਝ ਕਰ ਆਗਿਆ ਮਾਨ ਕਰ ਚਲੀ ਗਈ ਰਾਜਾ ਆਦਿਕੋਂ ਨੇ ਚਰਣ ਧੋ ਕਰ ਤਾਲਾਵ ਮੇਂ ਪਾਏ ਤੋ ਇਕ ਦਮ ਜਲ ਸੁਧ ਹੋ ਗਇਆ ਰਾਜਾ ਸੇ ਆਦਿ ਲੇ ਕਰ ਸਭ ਨੇ ਉਸ ਭੰਗਨ ਕਾ ਪੂਜਨ ਕੀਆ ਔਰ ਬਹੁਤ ਪਦਾਰਥ ਉਸ ਕੋ ਭੇਟ ਦੀਆ ਔਰ ਹਥ ਜੋੜ ਕਰ ਕਹਾ ਕਿ ਔਰ ਕੁਛ ਆਗਿਆ ਕਰੋ ਤਬ ਭੰਗਣ ਨੇ ਕਹਾ ਕਿ ਮਾਨੋਗੇ ? ਰਾਜਾ ਨੇ ਕਹਾ ਕਿਉਂ ਨ ਮਾਨੂੰਗਾ ਇਸ ਤਰਹ ਤੀਨ ਵਾਰੀ ਪ੍ਰਤਿਗਯਾ ਕਰਾ ਕਰ ਕਹਾ ਕਿ ਲਕੜੀਓਂ ਕੀ ਚਿਤਾ ਬਣਾ ਕਰ ਮੇਰੇ ਕੋ ਅਗਨੀ ਲਗਾ ਦਿਓ ਰਾਜਾ ਨੇ ਕਾਰਣ ਪੂਛਾ ਪਰੰਤੂ ਬਤਾਇਆ ਨਹੀਂ ਅਖੀਰ ਜਬ ਬਹੁਤ ਹਠ ਕੀਆ ਤਬ ਕਹਾ ਕਿ ਤੁਮ ਲੋਗੋਂ ਕੇ ਹਮਾਰੇ ਘਰ ਬੈਠਨੇ ਸੇ ਮੇਰੇ ਪਤੀ ਕੋ ਸ਼ਕ ਹੋ ਗਿਆ ਹੈ ਕਿ ਇਸ ਨੇ ਕਹਿ ਕਰ ਇਨਕੋ ਬੈਠਾਇਆ ਹੈ ਇਸ ਲੀਏ ਰੰਜ ਹੋ ਕਰ ਉਨ੍ਹੋਂ ਨੇ ਆਗਿਆ ਕਰੀ ਕਿ ਜਾ ਕਰ ਇਨਕਾ ਜਲ ਸੁਧ ਕਰੋ ਈਹਾਂ ਵਾਪਸ ਆ ਜਾਨਾ ਐਸਾ ਕਹਾ ਨਹੀਂ ਔਰ ਆਗਿਆ ਬਿਨਾਂ ਮੈਂ ਵਾਪਸ ਨਹੀਂ ਜਾ ਸਕਤੀ ਅਰ ਦੂਸਰੀ ਜਗਹ ਰਹਿ ਭੀ ਨਹੀਂ ਸਕਤੀ ਇਸ ਲੀਏ ਜਲ ਕਰ ਮਰ ਜਾਨਾ ਹੀ ਯੋਗ੍ਯ ਹੈ ਕਿਉਂਕਿ ਲੋਈ ਜੀ ਨੇ ਕਬੀਰ ਜੀ ਸੇ ਕਹਾ ਹੈ:-

**ਕਰਵਤੁ ਭਲਾ ਨ ਕਰਵਟ ਤੇਰੀ ॥** [ਆਸਾ ਕਬੀਰ ਸਫਾ ੪੮੪

ਲੋਈ ਜੀ ਨੇ ਕਹਾ ਹੈ ਕਾਂਸ਼ੀ ਕਰਵਤ ਲੇਨਾ ਅਛਾ ਹੈ ਪਰੰਤੂ ਪਤੀ ਕੀ ਕਰਵਟ ਅਛੀ ਨਹੀਂ ਭਾਵ ਨਾਰਾਜ਼ਗੀ ਅਛੀ ਨਹੀਂ ਇਸ ਲੀਏ ਜਲ ਮਰਨਾ ਹੀ ਅਛਾ ਹੈ। ਰਾਜਾ ਨੇ ਉਸਕਾ ਇਸ਼ਾਰਾ ਸਮਝ ਕਰ ਉਸ ਭੰਗੀ ਕੋ ਜਾਕਰ ਮਨਾਇਆ ਤਬ ਉਸ ਨੇ ਕਹਾ ਅਛਾ ਮੈਂ ਤੇਰੇ ਪਰ ਪ੍ਰਸੰਨ ਹੂੰ ਤੂੰ ਘਰ ਚਲ ਤਬ ਆਗਿਆ ਮਾਨ ਕਰ ਘਰ ਗਈ ਜੈਸੇ ਇਸਤ੍ਰੀ ਪਤੀ ਕੀ ਆਗਿਆ ਮਾਨਤੀ ਹੈ ਐਸੇ ਈਸ਼ੁਰ ਕੀ ਆਗਿਆ ਮਾਨਨੇ ਵਾਲੇ ਈਸ਼ੁਰ ਕੇ ਆਗੇ ਸਚਿਆਰ ਹੋਤੇ ਹੈਂ ਔਰ ਉਨਕੇ ਕੂੜ ਕੇ ਪੜਦੇ ਟੂਟ ਜਾਤੇ ਹੈਂ:-

**ਮਾਨੇ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥**

[ਮਾਰੂ ਮ: ੧ ਸਫਾ ੯੯੨

**ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨ ॥**

[ਗਉੜੀ ਸੁਖਮਨੀ ਮ: ੫ ਸਫਾ ੨੮੩

**ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥ ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥ ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾਕੈ ਪ੍ਰਭੁ ਬਸੈ ॥** [ਗਉੜੀ ਛੰਤ ਮ: ੫ ਸਫਾ ੨੪੯

**ਬਿਸੁੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ ॥ ਜਾਕੀ ਸੇਵਾ ਨਿਫਲ ਨ ਹੋਵਤ ਖਿਨ ਮਹਿ ਕਰੇ ਉਧਾਰ ॥** [ਗੂਜਰੀ ਮ: ੫ ਸਫਾ ੫੦੦



ਇਨ ਬਚਨੋਂ ਸੇ ਪ੍ਰਤੀਤ ਹੋਤਾ ਹੈ ਬਿਸੰਭਰ ਹੀ ਸਭ ਕੋ ਪਾਲਤਾ ਹੈ, ਪਰੰਤੂ ਜੀਵ ਕਹਿਤੇ ਹੈਂ ਹਮ ਅਪਨੇ ਉਦਮ ਸੇ ਅਪਨਾ ਤਥਾ ਅਪਨੇ ਕੁਟੰਬ ਕਾ ਪਾਲਨ ਕਰਤੇ ਹੈਂ, ਇਨ ਦੋਨੋਂ ਮੇਂ ਸੇ ਸਤਯ ਬਾਤ ਕੌਨ ਹੈ ? ਉਤਰ-ਰਿਖੀਕੇਸ਼ ਝਾੜੀ ਮੇਂ ਪਚਾਸ ਵਿਰਕਤ ਮਹਾਤਮਾ ਉਸ ਵਕਤ ਰਹਿਤੇ ਥੇ ਏਕ ਦਿਨ ਮਿਲ ਕਰ ਵਿਚਾਰ ਕਰਨੇ ਲਗੇ ਔਰ ਕਹਾ ਸੰਤੋ ! ਅਪਨੇ ੨ ਚਿਤ ਕੀ ਦਸ਼ਾ ਸੁਨਾਓ, ਉਨ੍ਹੋਂ ਮੇਂ ਏਕ ਬ੍ਰਿਧ ਮਹਾਤਮਾ ਮਹਾਰਾਜ ਧਿਆਨ ਸਿੰਘ ਜੀ ਨਾਮ ਵਾਲੇ ਥੇ ਓਹ ਕਹਿਨੇ ਲਗੇ ਕਿ ਲਿਖਾ ਹੈ ਵਿਸੰਭਰ ਪ੍ਰਮਾਤਮਾ ਸਭ ਕੋ ਪਾਲਤਾ ਹੈ ਪ੍ਰੰਤੂ ਹਮ ਅਪਨੇ ਆਪ ਭਿਖਿਆ ਮਾਂਗ ਕਰ ਖਾਤੇ ਹੈਂ ਸਭ ਉਦਮ ਆਪ ਕਰਤੇ ਹੈਂ ਕੈਸੇ ਲਗੇ ਕਿ ਬਿਸੰਭਰ ਸਭ ਕੋ ਪਾਲਤਾ ਹੈ ਇਸ ਬਾਤ ਕੀ ਪਰੀਖਯਾ ਕਰਨੀ ਚਾਹੀਏ ਇਸ ਲੀਏ ਕਲ੍ਹ ਮੈਂ ਨਿਰਜਨ ਬਨ ਮੇਂ ਚਲਾ ਜਾਊਂਗਾ ਔਰ ਤੀਨ ਦਿਨ ਤਕ ਕੋਈ ਖਾਨੇ ਪੀਨੇ ਕਾ ਉਦਮ ਨਹੀਂ ਕਰੰਗਾ ਜਲ ਪਰਯੰਤ ਭੀ ਪਾਸ ਨਹੀਂ ਰਖੂੰਗਾ ਅਗਰ ਕੋਈ ਲਿਆਵੇਗਾ ਤੋ ਭੀ ਨਹੀਂ ਖਾਊਂਗਾ ਔਰ ਨਾ ਬੋਲੂੰਗਾ ਅਗਰ ਕੋਈ ਮੂੰਹ ਮੇਂ ਪਾਵੇਗਾ ਤਬ ਦੰਤ ਬੰਦ ਕਰ ਲੂੰਗਾ ਕੋਈ ਦੰਤ ਤੋੜ ਕਰ ਮੂੰਹ ਮੇਂ ਪਾਇਗਾ ਤਬ ਨਿਸਚੇ ਕਰੂੰਗਾ ਕਿ ਬਿਸੰਭਰ ਸਭ ਕੋ ਪਾਲਤਾ ਹੈ ਐਸੇ ਕਹਿ ਕਰ ਥਾਨੂ ਨਗਰ ਕੇ ਪਾਸ ਘੋਰ ਬਨ ਮੇਂ ਚਲੇ ਗਏ ਬੜਾ ਭਿਆਨਕ ਜੰਗਲ ਥਾ ਵਹਾਂ ਏਕ ਬਾਂਸ ਕਾ ਬੜਾ ਗੰਘਨ ਪੇਡ ਥਾ ਉਸ ਕੇ ਨੀਚੇ ਜਗਹ ਖੋਦਕੇ ਬੈਠ ਗਏ ਤੀਨ ਦਿਨ ਤਕ ਬੈਠੇ ਰਹੇ ਕੋਈ ਨਹੀਂ ਆਇਆ ਚੌਥੇ ਰੋਜ ਗ੍ਰਾਮ ਕੇ ਚੌਧਰੀ ਕੀ ਗਊ ਗੁੰਮ ਹੋ ਗਈ ਉਸ ਨੇ ਸ਼ਸਤ੍ਰ ਦੇਕਰ ਅਪਨੇ ਆਦਮੀ ਬਹੁਤ ਸਾਰੇ ਜੰਗਲ ਮੇਂ ਗਊ ਢੂੰਢਨੇ ਕੋ ਭੇਜੇ ਓਹ ਗਊ ਲਾਲ ਰੰਗ ਕੀ ਥੀ ਗੁਫਾ ਕੇ ਪਾਸ ਆ ਕਰ ਲਾਲ ਕੱਪੜੇ ਦੇਖ ਕਰ ਉਨ ਕੋ ਸ਼ੱਕ ਹੂਆ ਔਰ ਅੰਦਰ ਗਏ ਤੋ ਮਹਾਤਮਾ ਬੈਠੇ ਦੇਖੇ ਤਬ ਬੜੇ ਖੁਸ਼ ਹੂਏ ਖੁਸ਼ੀ ਮੇਂ ਕਈ ਆਦਮੀ ਤੋ ਉਥੇ ਬੈਠੇ ਰਹੇ ਕਈ ਗ੍ਰਾਮ ਮੇਂ ਦੌੜ ਗਏ ਔਰ ਜਾਕਰ ਕਹਾ ਕਿ ਏਕ ਮਹਾਤਮਾ ਪਾਂਚ ਸੌ ਬਰਖ ਸੇ ਬੈਠੇ ਹੈਂ ਚਲੋ ਦਰਸਨ ਕਰੋ ਇਹ ਬਾਤ ਸੁਨ ਕਰ ਸਭ ਕੋ ਖੁਸ਼ੀ ਹੂਈ ਸਭ ਲੋਗ ਦਰਸ਼ਨ ਕੋ ਦੌੜੇ ਕੋਈ ਦੂਧ ਕੋਈ ਦਹੀਂ ਕੋਈ ਭੋਜਨ ਲੇਕਰ ਸਭ ਉਹਾਂ ਪਹੁੰਚੇ ਇਕ ਦਮ ਸਫਾਈ ਕਰ ਮੈਦਾਨ ਬਣਾ ਕਰ ਬਿਛਾਈ ਕਰੀ ਰੂਈ ਮੇਂ ਲਪੇਟ ਕਰ ਮਹਾਤਮਾ ਕੋ ਉਠਾ ਕਰ ਬਾਹਰ ਲੇ ਆਏ ਮਾਲਸ਼ਾਂ ਕਰੀਆਂ ਮੂੰਹ ਮੇਂ ਖਾਨੇ ਪੀਨੇ ਕੀ ਵਸਤੂ ਪਾਨੇ ਲਗੇ ਪਰੰਤੂ ਮਹਾਤਮਾ ਨੇ ਦੰਦ ਬੰਦ ਕਰ ਲੀਏ ਉਨ੍ਹੋਂ ਨੇ ਸਲਾਈਓਂ ਸੇ ਮੂੰਹ ਖੋਲ ਕਰ ਮੂੰਹ ਮੇਂ ਦੂਧ ਆਦਿ ਚਮਚੇ ਸੇ ਪਾਇਆ ਤਬ ਮਹਾਤਮਾ ਹੱਸ ਪੜੇ ਔਰ ਕਹਿਨੇ ਲਗੇ ਮੈਂ ਤੋ ਤੀਨ ਦਿਨ ਸੇ ਈਹਾਂ ਬੈਠਾ ਹੂੰ ਬਿਸੰਭਰ ਕੀ ਪਰੀਖਯਾ ਕਰੀ ਹੈ। ਸੋ ਮਹਾਤਮਾ ਇਸ ਤਰ੍ਹਾਂ ਬਿਸੰਭਰ ਕੀ ਪਰੀਖਾ ਕਰ ਵਾਪਸ ਰਿਖੀਕੇਸ਼ ਆ ਗਏ, ਸਭ ਕੋ ਸਾਰਾ ਹਾਲ ਕਹਾ ਕਿ ਠੀਕ ਹੀ ਬਿਸੰਭਰ ਸਭ ਕੀ ਪਾਲਨਾ ਕਰਤਾ ਹੈ। ਤਥਾ ਪ੍ਰਮੇਸ਼ੁਰ ਪਾਲਤਾ ਹੈ, ਇਸ ਮੇਂ ਦੂਸਰੀ ਕਥਾ-ਏਕ ਸ਼ੇਰ ਨੇ ਗਊ ਕੋ ਉਪਦੇਸ਼ ਕੀਆ ਥਾ, ਕਿ ਸਭ ਕੋ ਪ੍ਰਮੇਸ਼ੁਰ ਪਾਲਤਾ ਹੈ, ਜੈਸੇ ਏਕ ਜੰਗਲ

ਮੇਂ ਏਕ ਸ਼ੇਰ ਰਹਿਤਾ ਥਾ, ਓਹ ਪੂਰਬ ਜਨਮ ਕਾ ਤਪਸ੍ਵੀ ਥਾ ਕਿਸੀ ਮਹਾਤਮਾ ਕੇ ਸ਼ਾਪ ਸੇ ਸ਼ੇਰ ਹੋ ਗਿਆ ਪਰੰਤੂ ਪਿਛਲੇ ਜਨਮ ਕੀ ਸਿਮ੍ਰਤੀ ਰਹੀ ਇਸ ਲੀਏ ਬੜਾ ਪਸਚਾਤਾਪ ਕਰਤਾ ਥਾ, ਔਰ ਸ਼ੇਰ ਜੂਨੀ ਮੇਂ ਭੀ ਤਪਸਯਾ ਕਰਤਾ ਥਾ, ਯਾਨੇ ਤੀਸਰੇ ਦਿਨ ਅਪਨੇ ਆਸ਼ਰਮ ਪਰ ਜੋ ਜਾਨਵਰ ਆ ਜਾਵੇ ਉਸ ਕੋ ਖਾਤਾ ਥਾ ਇਸ ਨਿਯਮ ਅਨੁਸਾਰ ਤੀਸਰੇ ਦਿਨ ਏਕ ਗਊ ਉਸ ਕੇ ਆਸ਼੍ਰਮ ਪਰ ਆ ਗਈ ਉਸ ਕੋ ਮਾਰਨੇ ਲਗਾ ਤਬ ਗਊ ਨੇ ਕਹਾ ਮੇਰੇ ਕੋ ਨ ਮਾਰ ਮੇਰੀ ਅਠ ਦਿਨ ਕੀ ਏਕ ਬਛੀ ਹੈ। ਉਸ ਕੋ ਕੌਨ ਪਾਲੇਗਾ ਤਬ ਸ਼ੇਰ ਨੇ ਕਹਾ ਪਾਲਨੇ ਵਾਲਾ ਪਰਮੇਸ੍ਵਰ ਹੈ ਤੂੰ ਬਛੀ ਕਾ ਖਿਆਲ ਛੋਡ ਦੇ ਗਊ ਨੇ ਕਹਾ ਕਿ ਕੋਈ ਦ੍ਰਿਸ਼ਟਾਂਤ ਸੁਨਾਓ ਜਿਸ ਸੇ ਮੇਰਾ ਨਿਸਚਾ ਬਝ ਜਾਵੇ ਤਬ ਸ਼ੇਰ ਸੁਨਾਨੇ ਲਗਾ ਕਿ ਏਕ ਸੌਦਾਗਰ ਅਪਣੀ ਇਸਤ੍ਰੀ ਕੋ ਸਾਥ ਲੇ ਕਰ ਜਹਾਜ਼ ਲੇ ਕਰ ਵਿਲਾਇਤ ਮੇਂ ਗਿਆ ਲੌਟਤੇ ਵਕਤ ਉਸ ਕੇ ਘਰ ਪੁਤ੍ਰ ਪੈਦਾ ਹੂਆ ਉਸੀ ਦਿਨ ਸਮੁੰਦਰ ਮੇਂ ਤੂਫਾਨ ਆ ਗਿਆ ਜਹਾਜ਼ ਟੁਕੜੇ ੨ ਹੋ ਗਿਆ ਏਕ ਫਟੇ ਪਰ ਉਸ ਕੀ ਮਾਤਾ ਔਰ ਬਚਾ ਰਹਿ ਗਿਆ ਫਿਰ ਮਾਤਾ ਭੀ ਡੂਬ ਗਈ ਉਹ ਬੱਚਾ ਅਕੇਲਾ ਹੀ ਰਹਿ ਗਿਆ ਅਪਨੇ ਪੈਰ ਕਾ ਅੰਗੂਠ ਮੂੰਹ ਮੇਂ ਪਾ ਕਰ ਚੂਸਨੇ ਲਗਾ, ਹੇ ਗਊ! ਉਸ ਬਾਲਕ ਕੀ ਕਿਸ ਨੇ ਰਖਿਆ ਕਰੀ? ਭਾਵ ਪਰਮੇਸ੍ਵਰ ਨੇ ਰਖਿਆ ਕਰੀ। ਪ੍ਰਮਾਣ:-

**(ਸ਼ਲੋਕ) ਅਰਖਯੰਤੰ ਤਿਸ੍ਟਤੀ ਦੈਵ ਰਖਯੰਤੰ ਸੁਰਖਯੰਤੰ ਦੈਵ ਹਤੰ ਵਿਨਸ਼ਯਤੀ ॥**

ਅਜ ਇਸ ਵਕਤ ਬਾਲਕ ਦਾ ਕੋਈ ਰਖਯਕ ਨਹੀਂ ਈਸ੍ਵਰ ਰਖਿਤ ਜੀਤਾ ਹੈ ਰੁੜਤਾ ਹੂਆ ਬਾਲਕ ਏਕ ਕਿਨਾਰੇ ਲਗ ਗਿਆ ਵਹਾਂ ਏਕ ਰਾਜਾ ਕਾ ਮਕਾਨ ਥਾ ਉਪਰ ਸੇ ਰਾਣੀ ਨੇ ਕਹਾ ਇਹ ਕਿਆ ਹੈ ਦੇਖਾ ਤੋ ਬੜਾ ਸੁੰਦਰ ਬਾਲਕ ਹੈ ਰਾਣੀ ਨੇ ਨੌਕਰੋਂ ਦ੍ਵਾਰਾ ਮੰਗਵਾਇਆ ਉਸ ਕੇ ਘਰ ਸੰਤਾਨ ਨਹੀਂ ਥੀ ਤਬ ਰਾਣੀ ਨੇ ਉਸੀ ਕੋ ਪੁਤ੍ਰ ਕਰਕੇ ਪਾਲਿਆ ਔਰ ਜਬ ਬੜਾ ਹੂਆ ਤੋ ਪੜ੍ਹਾ ਲਿਖਾ ਕਰ ਉਸ ਕੀ ਮੰਗਨੀ ਕਰਾਈ ਔਰ ਉਸ ਕੇ ਵਾਸਤੇ ਮਹਲ ਬਨਾਇਆ ਅਠ ਦਿਨ ਸ਼ਾਦੀ ਹੋਨੇ ਮੇਂ ਰਹਿਤੇ ਥੇ ਵੋਹ ਬਾਲਕ ਅਪਨਾ ਨਵਾਂ ਮਹਲ ਦੇਖਨੇ ਗਿਆ ਤੋ ਊਪਰ ਸੇ ਗਿਰ ਕਰ ਮਰ ਗਿਆ ਉਸ ਕੀ ਕਿਸੀ ਨੇ ਰਖਿਆ ਨਹੀਂ ਕਰੀ। ਤਥਾ ਗੁਰੂ ਪ੍ਰਮਾਣ:-

**ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥**

ਸੁਖਮਨੀ ਅਸਟਪਦੀ ੧੪ ਸਫਾ ੨੮੧

ਸੋ ਸਭ ਬਾਤ ਈਸ੍ਵਰ ਕੇ ਅਧੀਨ ਹੈ ਐਸੇ ਸ਼ੇਰ ਕੇ ਬਚਨ ਸੁਨ ਕਰ ਗਊ ਕੋ ਧੀਰਜ ਹੂਆ ਔਰ ਕਹਾ ਕਿ ਮੈਂ ਏਕ ਦਫਾ ਅਪਨੀ ਵਛੜੀ ਕੋ ਦੂਧ ਪਿਲਾ ਆਊਂ ਐਸੇ ਕਹਿ ਕਰ ਗਊ ਚਲੀ ਔਰ ਵਛੜੀ ਕੋ ਦੂਧ ਪਿਲਾ ਕਰ ਵਾਪਸ ਆ ਗਈ ਸ਼ੇਰ ਉਸ ਕੇ ਸਤਯ ਕੋ ਦੇਖ ਕਰ ਬੜਾ ਪ੍ਰਸੰਨ ਹੂਆ ਔਰ ਉਸ ਕੋ ਛੋੜ ਦੀਆ ਔਰ ਕਹਾ ਕਿ ਇਸ ਬਾਤ ਕਾ ਖਿਆਲ ਰਖਨਾ ਕਿ ਈਸ੍ਵਰ ਹੀ ਸਭ ਕੋ ਪਾਲਤਾ ਹੈ।



**ਸ਼ਲੋਕ-ਕਾ ਚਿੰਤਾ ਮਮ ਜੀਵਨੇ ਯਦੀ ਹਰੀ: ਵਿਸ਼੍ਵੰਭਰੋ ਗੀਯਤੇ। ਨੋਚੇਤ੍ ਅਰਭਕ ਜੀਵਨਾਯ ਜਨਨੀ ਇਸਤੈਨਯੰ ਕਥੰ ਨਿ: ਸਰੇਤ। ਇਤਯਾ ਲੋਚਯ ਮੁਹੂਰ ਮੁਹੂਰ: ਯਦੂਪਤੇ ਲਖਯਮੀ ਪਤੇ ਕੇਵਲੰ। ਤ੍ਵਤ ਪਾਦਾਂਬੁਜ ਸੇਵਨਾਯ ਸਤਤੰ ਕਾਲੋ ਮਯਾ ਨੀਯਤੇ।**

ਟੀਕਾ-ਬ੍ਰਾਹਮਣ ਕਾ ਪਿੰਗਲਾ ਪੁਤ੍ਰ ਅਪਨੇ ਪਿਤਾ ਕੇ ਪ੍ਰਤੀ ਕਹਿ ਰਹਾ ਹੈ ਕਿ ਹੇ ਪਿਤਾ ਮੇਰੇ ਜੀਵਨੇ ਸੇ ਆਪ ਕੋ ਕਿਉਂ ਚਿੰਤਾ ਹੋ ਰਹੀ ਹੈ ਜਬ ਪ੍ਰਮਾਤਮਾ ਬਿਸੰਭਰ ਹੈ ਸਭ ਕੋ ਪਾਲਤਾ ਹੈ? ਅਗਰ ਐਸਾ ਨਹੀਂ ਤੋ ਦੇਖੋ ਬਾਲਕ ਕੇ ਜੀਵਨ ਕੇ ਵਾਸਤੇ ਮਾਤਾ ਕੇ ਅਸਥਨੋਂ ਮੇਂ ਦੂਧ ਕਿਉਂ ਨਿਕਲਤਾ ਹੈ, ਐਸਾ ਪੁਨਹ ਪੁਨਹ ਵਿਚਾਰ ਕਰਕੇ ਹੇ ਯਦੂਪਤੇ ਭਗਵਾਨ! ਹੇ ਲਖਮੀ ਕੇ ਸ੍ਵਾਮੀ ਆਪ ਕੇ ਚਰਣ ਕਮਲੋਂ ਕੀ ਸੇਵਾ ਸੇ ਮੇਰਾ ਕਾਲ ਵਿਤੀਤ ਹੋਵੇ। ਤਥਾ ਗੁਰੂ ਪ੍ਰਮਾਣ:-

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥**

[ਮਾਝ ਵਾਰ ਮ: ੨ ਸਫਾ ੧੪੬

ਸ਼ੰਕਾ-ਇਨ ਬਚਨੋਂ ਮੇਂ ਪਾਪ ਪੁੰਨਯ ਕਾ ਵੀਚਾਰ ਲਿਖਾ ਹੈ ਸੋ ਪਾਪ ਪੁੰਨਯ ਕਾ ਵੀਚਾਰ ਕਿਸ ਤਰ੍ਹਾਂ ਹੈ? ਉਤਰ-ਮਹਾਤਮਾ ਲੋਗ ਪੁੰਨਯ ਪਾਪ ਦੋ ਦੋ ਕਿਸਮ ਕੀ ਕਲਪਨਾ ਕਰਤੇ ਹੈਂ ਭਾਵ ਦੋ ਹੀ ਕਿਸਮ ਕਾ ਪੁੰਨ ਹੈ ਔਰ ਦੋ ਹੀ ਕਿਸਮ ਕਾ ਪਾਪ ਹੈ ਜਿਨ੍ਹੋਂ ਮੇਂ ਪ੍ਰਮੇਸ੍ਵਰ ਕਾ ਸਿਮਰਣ ਕਰਨਾ ਪੂਰਨ ਪੁੰਨਯ ਹੈ ਯਾਨੇ ਰੁਪਏ ਕੇ ਬਰਾਬਰ ਹੈ ਪਰੋਪਕਾਰੀ ਹੋਨਾ ਇਹ ਆਧਾ ਪੁੰਨਯ ਹੈ ਭਾਵ ਆਠ ਆਨੇ ਕੇ ਬਰਾਬਰ ਹੈ। ਬਾਕੀ ਦਾਨ ਪੁੰਨਯ ਯਗਯ ਵਿਗੈਰਹ ਜਿਤਨੇ ਭੀ ਹੈਂ ਸਭ ਚੁਆਨੀ ਦੁਆਨੀ ਆਨਾ ਦੋ ਪੈਸੇ ਪੈਸਾ ਆਦਿ ਇਹ ਰੇਜ਼ਕੀ (ਭਾਨ) ਕੇ ਬਰਾਬਰ ਹੈ ਇਸੀ ਤਰ੍ਹਾਂ ਦੋ ਤਰ੍ਹਾਂ ਕਾ ਪਾਪ ਹੈ, ਪਰਮੇਸ਼ਰ ਸੇ ਵਿਮੁਖ ਹੋਣਾ ਪੂਰਾ ਪਾਪ ਹੈ ਦੂਸਰੇ ਕੋ ਦੁਖ ਦੇਣਾ ਆਧਾ ਪਾਪ ਹੈ ਬਾਕੀ ਜਿਤਨੇ ਪਾਪ ਹੈਂ ਸਭ ਚੁਆਨੀ ਦੁਆਨੀ ਆਨਾ ਦੋ ਪੈਸਾ ਪੈਸੇ ਕੇ ਬਰਾਬਰ ਹੈਂ ਅਬ ਪਹਿਲੇ ਪਾਪੋਂ ਕਾ ਬਯਾਨ ਕਰਤੇ ਹੈਂ। ਗੁਰੂ ਪ੍ਰਮਾਣ:-

**ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥** [ਮਾਰੂ ਮ: ੧ ਸਫਾ ੧੦੧੫

ਤਥਾ ਗੁਰ ਪ੍ਰਮਾਣ- **ਨਾਮ ਬਿਨਾਂ ਮਨ ਤਨ ਹੈ ਕੁਸਟੀ ਨਰਕੇ ਵਾਸਾ ਪਾਇਦਾ ॥**

ਕਥਾ-ਏਕ ਰਾਜਾ ਥਾ ਓਹ ਨਾਮ ਸੇ ਵੇਮੁਖ ਥਾ ਉਸ ਕੀ ਰਾਣੀ ਪ੍ਰਮੇਸ੍ਵਰ

ਭਗਤੀ ਕਰਨੇ ਵਾਲੀ ਤਥਾ ਨਾਮ ਜਪਨੇ ਵਾਲੀ ਥੀ ਓਹ ਪਤੀ ਕੋ ਵਾਰ ਵਾਰ ਕਹਿਆ ਕਰਤੀ ਥੀ ਕਿ ਮਹਾਰਾਜ ਨਾਮ ਜਪੋ ਪ੍ਰਮੇਸੁਰ ਕੀ ਭਜਨ ਬੰਦਗੀ ਕਰੋ ਮਾਨਸ ਜਨਮ ਕੋ ਸਫਲ ਕਰੋ, ਪਰੰਤੂ ਰਾਜਾ ਇਸ ਤਰਫ ਨਾ ਹੀ ਲਗਿਆ ਅਖੀਰ ਮੇਂ ਰਾਣੀ ਜਬ ਬਹੁਤ ਕਹਿ ਕਰ ਹਾਰ ਗਈ ਕ੍ਰੋਧ ਮੇਂ ਆ ਕਰ ਕਹਾ ਕਿ ਆਪ ਬਡੇ ਮੂਰਖ ਹੈਂ ਕਿਉਂਕਿ ਨਾਮ ਜਪਤੇ ਨਹੀਂ। ਤਬ ਰਾਜਾ ਨੇ ਸੋਚਾ ਕਿ ਮੇਰੇ ਕੋ ਮੂਰਖ ਕਹਾ ਹੈ ਇਸ ਮੇਂ ਕੋਈ ਕਾਰਣ ਹੈ, ਮੇਰੇ ਮੇਂ ਮੂਰਖਤਾ ਕਿਆ ਹੈ, ਰਾਜਾ ਨੇ ਅਪਨੇ ਮੁਲਖ ਮੇਂ ਸੇ ਮੂਰਖ ਇਕੱਠੇ ਕਰੇ ਤਰਹ ਤਰਹ ਕੇ ਮੂਰਖ ਆਏ, ਉਨ ਸਭ ਮੇਂ ਏਕ ਮਹਾਂ ਮੂਰਖ ਥਾ ਉਸ ਕੇ ਹਾਥ ਮੇਂ ਏਕ ਲਾਖ ਰੁਪਏ ਕੀ ਛੜੀ ਦੀ ਔਰ ਕਹਾ ਕਿ ਜੋ ਤੇਰੇ ਸੇ ਬਡਾ ਮੂਰਖ ਹੋਗਾ, ਉਸ ਕੇ ਹਾਥ ਮੇਂ ਇਹ ਛੜੀ ਦੇਨੀ ਇਧਰ ਰਾਜਾ ਬੀਮਾਰ ਹੋ ਗਿਆ ਔਰ ਵਜ਼ੀਰੋਂ ਕੋ ਕਹਾ ਕਿ ਉਸ ਛੜੀ ਵਾਲੇ ਕੋ ਬੁਲਾਓ। ਤਬ ਉਸ ਮਹਾਂ ਮੂਰਖ ਛੜੀ ਵਾਲੇ ਕੋ ਬੁਲਾਇਆ ਔਰ ਕਹਾ ਕਿ ਮੈਂ ਜਾ ਰਹਾ ਹੂੰ ਜਲਦੀ ਤੂੰ ਅਪਨੇ ਸੇ ਬਡੇ ਮੂਰਖ ਕੋ ਲੇ ਆ ਤਬ ਉਸ ਮੂਰਖ ਨੇ ਕਹਾ ਆਪ ਕਹਾਂ ਜਾ ਰਹੇ ਹੋ ? ਰਾਜਾ ਨੇ ਕਹਾ ਪ੍ਰਲੋਕ ਕੀ ਯਾਤਰਾ ਕੋ। ਫਿਰ ਮੂਰਖ ਨੇ ਕਹਾ ਕਿ ਆਪ ਫਿਰ ਕਬ ਆਓਗੇ ? ਰਾਜਾ ਨੇ ਜਵਾਬ ਦੀਆ ਫਿਰ ਨਹੀਂ ਆਊਂਗਾ ? ਮੂਰਖ ਨੇ ਕਹਾ ਅਛਾ ਫਿਰ ਨਹੀਂ ਆਓਗੇ ? ਮੂਰਖ-ਕਿਤਨੇ ਕੋਸ ਦੂਰ ਜਾਨਾ ਹੈ। ਰਾਜਾ ਨੇ ਕਹਾ ਕਿ-"ਜਿਹ ਮਾਰਗ ਕੇ ਗੁਨੇ ਜਾਹਿ ਨ ਕੋਸਾ" ਮੂਰਖ-ਅਛਾ ਇਤਨਾ ਦੂਰ ਜਾਨਾ ਹੈ ? ਭਲਾ ਯਹ ਤੋ ਬਤਾਓ ਕਿ ਆਪ ਕੇ ਸਾਥ ਕੌਨ ਜਾਏਗਾ ? ਕਿਤਨੀਆਂ ਰਾਣੀਆਂ ਕਿਤਨੇ ਰਾਜਕੁਮਾਰ ਸਾਥ ਚਲੇਂਗੇ ਫੌਜ ਵਗੈਰਹ ਕੋਸ਼ (ਖਜ਼ਾਨੇ) ਕਿਆ ੨ ਤਥਾ ਕਿਤਨੇ ਸਾਥ ਜਾਏਂਗੇ ? ਤਬ ਰਾਜਾ ਨੇ ਉਤਰ ਦੀਆ ਕਿ ਕੋਈ ਭੀ ਨਹੀਂ ਇਕੇਲਾ ਹੀ ਜਾਊਂਗਾ ਸਾਥ ਕਿਸੀ ਕੋ ਭੀ ਨਹੀਂ ਲੇ ਜਾ ਸਕਤਾ, ਕੋਸ਼ (ਖਜ਼ਾਨੇ) ਭੀ ਪਾਸ ਨਹੀਂ ਲੇਜਾਊਂਗਾ। ਮੂਰਖ-ਔਰ ਖਾਨ ਪਾਨ ਪਕਵਾਨ ਕਿਆ ੨ ਸਾਥ ਲੇ ਜਾਓਗੇ ਤਬ ਉਤਰ ਦੀਆ ਕੁਛ ਨਹੀਂ ਲੈ ਜਾਊਂਗਾ ਇਕੇਲਾ ਹੀ ਨੰਗੇ ਪਾਉਂ ਪਧਾਰੂੰਗਾ ਤਬ ਮਹਾਂ ਮੂਰਖ ਨੇ ਕਹਾ ਮਹਾਰਾਜ ਆਪ ਹੀ ਮਹਾਂ ਮੂਰਖ ਹੋ ਜੋ ਇਤਨਾ ਰਾਜ ਮਾਲ ਪਾ ਕਰ ਸਬੰਧੀ ਨੌਕਰ ਫੌਜ ਖਜ਼ਾਨੇ ਪਾਸ ਹੁੰਦਿਆਂ ਹੋਇਆਂ ਕੁਛ ਭੀ ਸਾਥ ਨਹੀਂ ਲਿਜਾ ਸਕਤੇ ਕੋਈ ਵੀ ਪੁੰਨ ਦਾਨ ਨਹੀਂ ਕੀਆ, ਇਸ ਦੁਨੀਆ ਮੇਂ ਕੋਈ ਯਸ ਨਹੀਂ ਕਮਾਇਆ ਇਕੇਲੇ ਹੀ ਜਾਤੇ ਹੋ, ਇਸ ਲੀਏ ਆਪ ਹੀ ਇਸ ਛੜੀ ਕੇ ਲਾਇਕ ਹੋ।

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥**

[ਆਸਾ ਵਾਰ ਮ: ੧ ਸਫਾ ੪੭੦



ਇਸ ਪ੍ਰਕਾਰ ਰਾਜਾ ਪਸਚਾਤਾਪ ਕਰ ਮਰ ਗਿਆ ਸੋ ਪਰਮੇਸੁਰ ਸੇ ਵੇਮੁਖ ਹੋਨਾ ਯਹ ਪੂਰਣ ਪਾਪ ਹੈ। ਪ੍ਰਮਾਣ:-

**ਸਲੋਕ-ਅਸ਼ਟਾਦਸ ਪੁਰਾਣੇਸੁ ਵਿਆਸਸਯ ਬਚਨੰ ਦ੍ਵਯਮੁ ॥ ਪਰੋਪਕਾਰ: ਪੁੰਨਯਾਯ ਪਾਪਾਯ ਪਰ ਪੀੜਨਮ੍ ॥**

ਅਰਥ-ਅਠਾਰਾਂ ਪੁਰਾਣੋਂ ਮੇਂ ਵਿਆਸ ਜੀ ਨੇ ਦੋ ਹੀ ਬਾਤੇਂ ਸਾਰ ਰੂਪ ਲਿਖੀ ਹੈਂ ਕਿ ਪਰ ਉਪਕਾਰ ਕਰਨਾ ਬਡਾ ਪੁੰਨ ਹੈ ਔਰ ਦੂਸਰੇ ਕੋ ਦੁਖਾਨਾ ਬਡਾ ਪਾਪ ਹੈ। ਦੂਸਰੇ ਕੋ ਦੁਖਾਨਾ ਆਧਾ ਪਾਪ ਹੈ। (ਕਥਾ) ਏਕ ਸੇਠਾਣੀ ਥੀ ਉਸ ਕੇ ਔਲਾਦ ਨਹੀਂ ਥੀ ਸੰਤਾਨ ਵਾਸਤੇ ਬੜੇ ੨ ਯਤਨ ਕੀਏ, ਅਖੀਰ ਇਕ ਸੰਤ ਮਹਾਤਮਾ ਕੇ ਪੀਛੇ ਪੜ ਗਈ। ਸੰਤੋਂ ਨੇ ਕਹਾ ਮੈਂ ਕੁਛ ਨਹੀਂ ਜਾਨਤਾ ਤੁਮ ਮੇਰੇ ਪੀਛੇ ਮਤ ਲਗੋ। ਅਖੀਰ ਉਸ ਮਾਈ ਨੇ ਬਹੁਤ ਹੀ ਸੰਤੋਂ ਕੋ ਤੰਗ ਕੀਆ ਭਜਨ ਮੇਂ ਨ ਬੈਠਨੇ ਦੇਵੇ ਨ ਕਿਸੀ ਸਮਯ ਬੈਠਨਾ ਹੀ ਮਿਲੇ। ਅਖੀਰ ਕ੍ਰੋਧ ਮੇਂ ਆ ਕਰ ਕਹਾ ਕਿ ਜਾਹ ਜਿਤਨੇ ਗਰੀਬੋਂ ਕੇ ਘਰ ਸਾੜੇਂਗੀ ਉਤਨੇ ਹੀ ਪੁਤ੍ਰ ਹੋਏਂਗੇ। ਮਾਈ ਮੂਰਖ ਸੀ ਉਸ ਨੇ ਭਾਵ ਨਹੀਂ ਸਮਝਿਆ, ਉਸ ਨੇ ਗਰੀਬੋਂ ਕੇ ਸਤ ਘਰ ਸਾੜ ਦੀਏ ਤਬ ਸਾਤ ਪੁਤਰ ਪੈਦਾ ਹੋ ਗਏ। ਤਬ ਉਹਾਂ ਏਕ ਮੋਨੀ ਮਹਾਤਮਾ ਰਹਿਤੇ ਥੇ ਓਹ ਬੋਲ ਪੜੇ ਕਹਿਨੇ ਲਗੇ ਰਾਮ ਕੇ ਘਰ ਭੀ ਨਿਆਯ ਨਹੀਂ ਹੈ। ਜਬ ਕਛ ਕਾਲ ਮੇਂ ਪੁਤ੍ਰ ਬਡੇ ਹੋਏ ਤੋ ਸਾਤੋਂ ਹੀ ਵਿਆਹੇ ਗਏ, ਤਬ ਉਹਾਂ ਪਲੇਗ ਪੜ ਗਈ ਉਸ ਮਾਈ ਕੇ ਸਾਤੋਂ ਹੀ ਪੁਤ੍ਰ ਮਰ ਗਏ। ਮਾਈ ਕੀਆਂ ਸਾਤ ਹੀ ਨੂੰਹਾਂ ਵਿਧਵਾ ਹੋ ਗਈਆਂ ਉਸ ਮਾਈ ਕੋ ਜਲਤੀਆਂ ਦਿਖਾ ਕੇ ਸਤਿਗੁਰ ਨਿਆਰੀਆਂ ਰਹੀਆਂ। ਮਾਈ ਕੋ ਬੜਾ ਦੁਖ ਹੂਆ, ਤਬ ਉਹ ਮੋਨੀ ਮਹਾਤਮਾ ਫਿਰ ਬੋਲਿਆ ਰਾਮ ਕੇ ਘਰ ਨਿਆਯ ਤੋ ਹੈ ਪਰ ਦੇਰ ਸੇ ਹੋਤਾ ਹੈ-

**ਜੋ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥**

[ਫਰੀਦ ਜੀ ਸਫਾ ੧੩੮੪

**ਐ ਜ਼ਾਲਮ ਗਰੀਬ ਨ ਸਤਾ ਗਰੀਬ ਰੋ ਦੇਗਾ ॥**
**ਸੁਨੇਗਾ ਉਸਕਾ ਮਾਲਕ ਤੁਝੇ ਜੜ ਸੇ ਖੋਹ ਦੇਗਾ ॥**

ਏਕ ਮੁਸਲਮਾਨ ਫਕੀਰ ਨੇ ਅਪਨੇ ਸ਼ਾਗਿਰਦ ਕੋ ਕਹਾ ਕਿ ਅਗਰ ਦੂਸਰੇ ਕਾ ਚਿੱਤ ਦੁਖਾ ਕੇ ਮੇਰੇ ਪਾਸ ਆਏਂਗਾ ਤੋ ਮੈਂ ਤੁਝ ਕੋ ਕਭੀ ਮਾਫ ਨਹੀਂ ਕਰੂੰਗਾ ਔਰ ਪਾਪ ਕਰ ਆਇਗਾ ਤੋ ਮਾਫ ਕਰ ਦੂੰਗਾ। (ਪ੍ਰਸਨ) ਕੌਨ ਕੌਨ ਪਾਪ ਮਾਫ ਕਰੋਗੇ ?

**(ਉਤਰ) ਮਏ ਬਖੋਰ ਮੁਸਾਹਿਬ ਸੂਯ ॥ ਆਤਿਸ਼ ਅੰਦਰ ਕਾਬਾ ਕੁਨ ॥ ਸਾਕਨੇ ਬੁਤਖ਼ਾਨਾ ਬਾਸ਼ ਮਰਦਮ ਅਜ਼ਾਰੀ ਮਕੁਨ ॥**

ਅਰਥ-ਸ਼ਰਾਬ ਕਾ ਪੀਨਾ ਪਾਪ ਹੈ ਕੁਰਾਨ ਕੋ ਸਾੜਨਾ ਤਥਾ ਮਕੇ ਕੋ ਆਗ ਲਗਾਨੀ ਇਹ ਮਹਾਂ ਪਾਪ ਹੈ ਔਰ ਹਿੰਦੂਓਂ ਕੇ ਮੰਦਰ ਤੋੜਕੇ ਘਰ ਬਨਾਨਾ ਮਹਾਂ ਪਾਪ ਹੈ ਇਹ ਪਾਪ ਮੈਂ ਮਾਫ ਕਰ ਦੂੰਗਾ ਅਗਰ ਪ੍ਰਮੇਸਰ ਕਾ ਮੰਦਰ ਰੂਪੀ ਕਿਸੀ ਕਾ ਹਿਰਦਾ ਦੁਖਾਏਂਗਾ ਤੋਂ ਮੈਂ ਮੁਆਫ ਨਹੀਂ ਕਰੂੰਗਾ, ਅਗਰ ਕਿਸੀ ਕਾ ਹਿਰਦਾ ਦੁਖਾ ਕਰ ਕਿਤਨੇ ਭੀ ਸਾਧਨ ਕਰੇਂਗਾ ਤੋ ਸਭ ਸਾਧਨ ਨਿਸਫਲ ਹੈਂ। ਪ੍ਰਮਾਣ:-

**ਹਜ਼ਾਰ ਗੰਜ ਉਕਵਾ ਹਜ਼ਾਰ ਗੰਜ ਕਨਾਇਤ ॥ ਹਜ਼ਾਰ ਗੰਜ ਸ਼ਬ ਬੇਦਾਰੀ ॥ ਹਜ਼ਾਰ ਸਿਜਦਾ ਹਰ ਸਿਜਦਾਰੀ ॥ ਨਮਾਜੇ ਕਬੂਲ ਨੇਸਤ ਅਗਰ ਬਿਆਜ਼ਾਰੀ ॥**

ਅਰਥ-ਹਜ਼ਾਰ ਗੰਜ ਵੈਰਾਗ ਹੋ ਔਰ ਹਜ਼ਾਰ ਗੰਜ ਹੀ ਸੰਤੋਖ ਹੋ ਔਰ ਹਜ਼ਾਰ ਗੰਜ ਰਾਤ੍ਰੀ ਕਾ ਜਾਗਰਣ ਹੋਵੇ ਤਥਾ ਇਕ ਵਾਰੀ ਨਮਾਜ ਪੜ੍ਹਤੇ ਵਕਤ ਹਜ਼ਾਰ ਵਾਰੀ ਸਿਜਦਾ ਕਰੇ ਐਸੀ ਬਾਤੇਂ ਪ੍ਰਮੇਸਰ ਕੇ ਦਰ ਕਬੂਲ ਨਹੀਂ ਅਗਰ ਦੂਸਰੇ ਕਾ ਦਿਲ ਦੁਖਾਏਂਗਾ। ਬਾਕੀ ਸਭ ਪਾਪ ਆਠ ਆਨੇ ਕੇ ਅੰਦਰ ਹੈਂ ਇਸ ਪ੍ਰਕਾਰ ਦੋ ਪਾਪ ਕਥਨ ਕੀਏ ਹੈਂ ਅਬ ਦੋ ਪ੍ਰਕਾਰ ਕਾ ਪੁੰਨਜ ਨਿਰੂਪਣ ਕਰਤੇ ਹੈਂ। ਪੂਰਾ ਰੁਪਜਾ ਭਰ ਪੁੰਨ ਪ੍ਰਮੇਸ਼ਰ ਕਾ ਸਿਮਰਣ ਹੈ ਤਥਾ ਪ੍ਰਮੇਸਰ ਕੀ ਕਿਰਪਾ ਹੈ। ਗੁਰ ਪ੍ਰਮਾਣ-

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲੁ ਕਰਮੁ ॥**

[ਗਉੜੀ ਸੁਖਮਨੀ ਅਸਟਪਦੀ ੩ ਮ: ੫ ਸਫਾ ੨੬੬

ਕਥਾ-ਏਕ ਮਹਾਤਮਾ ਬਨ ਮੇਂ ਬੜੀ ਉਗ੍ਰ ਤਪਸਯਾ ਕਰ ਰਹੇ ਥੇ ਉਨਕੇ ਪਾਸ ਕੋਈ ਦੂਸਰੇ ਮਹਾਤਮਾ ਪਹੁੰਚੇ ਆਪਸ ਮੇਂ ਸਤਿਸੰਗ ਹੂਆ ਦੂਸਰੇ ਮਹਾਤਮਾ ਨੇ ਕਹਾ ਕਿ ਪ੍ਰਮੇਸਰ ਕੀ ਕਿਰਪਾ ਸਰਬ ਧਰਮੋਂ ਮੇਂ ਸ੍ਰੇਸਟ ਧਰਮ ਹੈ ਤਪਸੀ ਕੋ ਸੰਸ਼ਜ ਹੂਆ ਈਸੁਰ ਕਾ ਅਰਾਧਨ ਕੀਆ ਭਗਵਾਨ ਨੇ ਦਰਸਨ ਦੀਆ ਔਰ ਕਹਾ ਕਿ ਮੇਰੀ ਕਿਰਪਾ ਹੀ ਉਤਮ ਧਰਮ ਹੈ ਤਪਸੀ ਨੇ ਕਹਾ ਮੈਂ ਦੇਖਨਾ ਚਾਹਤਾ ਹੂੰ ਸਭ ਸੇ ਬੜਾ ਪਾਪੀ ਔਰ ਸਭ ਸੇ ਬੜਾ ਪੁੰਨੀ ਕੌਨ ਹੈ ਇਹ ਦੇਖਨਾ ਚਾਹਤਾ ਹੂੰ ਭਗਵਾਨ ਨੇ ਕਹਾ ਕਲ ਸਵੇਰੇ ਹੀ ਗ੍ਰਾਮ ਮੇਂ ਜਾਨਾ ਜੋ ਤੁਮ ਕੋ ਸਭ ਸੇ ਪਹਿਲੇ ਮਿਲੇ ਉਹ ਸਭ ਸੇ ਜਿਆਦਾ ਪਾਪੀ ਸਮਝਨਾ। ਤਪਸੀ ਸਵੇਰੇ ਹੀ ਗ੍ਰਾਮ ਕੀ ਓਰ ਗਿਆ ਰਸਤੇ ਮੇਂ ਏਕ ਸਫੇਦ ਪੋਸ਼ ਮਾਲਾ ਤਿਲਕ ਵਗੈਰਾ ਲਗੇ ਹੂਏ ਮਿਲਾ ਉਸਕਾ ਨਾਮ ਪੂਛਾ ਤਬ ਉਸ ਨੇ ਅਪਨਾ ਨਾਮ ਹਰੀਸ਼ਚੰਦ੍ਰ ਬਤਾਇਆ ਔਰ ਕਹਾ ਕਿ ਸਭ ਸੇ ਜਿਆਦਾ ਪਾਪੀ ਹੂੰ ਪਰੰਤੂ ਤਪਸੀ ਕੋ ਸੰਦੇਹ ਹੂਆ ਤਬ ਗ੍ਰਾਮ ਮੇਂ ਪੂਛਾ ਤਥਾ ਸਭ ਨੇ ਕਹਾ ਕਿ ਓਹ ਤੋ ਮਹਾਂ ਪਾਪੀ ਹੈ ਤਬ ਫਿਰ ਤਪਸੀ ਉਸ ਕੇ ਘਰ ਪਹੁੰਚਾ ਉਸ ਕੀ ਇਸਤ੍ਰੀ ਸੇ ਪੂਛਾ ਸਚ ਬਤਾ ਤੇਰਾ ਪਤੀ ਕੈਸਾ ਹੈ ਉਸਨੇ ਕਹਾ ਕਿ ਮਹਾਰਾਜ ਤਪਸੀ ਜੀ ਮੈਂ ਪਤੀ ਕੀ ਨਿੰਦਾ ਨਹੀਂ ਕਰ ਸਕਤੀ ਪਰੰਤੂ ਆਪ ਸੱਚ ਪੂਛਤੇ ਹੈਂ ਤੋ ਇਸ ਵਕਤ ਤੋ



ਵੋਹ ਮਹਾ ਪਾਪੀ ਹੈ। ਈਸੁਰ ਕਿਰਪਾ ਕਰੇਗਾ ਧਰਮੀ ਹੋ ਜਾਵੇਗਾ। ਉਧਰ ਜਬ ਹਰੀਸ਼ਚੰਦ੍ਰ ਨੇ ਤਪਸ੍ਵੀ ਕੋ ਬਤਾਇਆ ਥਾ ਕਿ ਮੈਂ ਮਹਾਂ ਪਾਪੀ ਹੂੰ ਤੋ ਉਸ ਵਕਤ ਤਪਸ੍ਵੀ ਨੇ ਉਸ ਕੋ ਫਿਟਕਾਰਾਂ ਪਾਈਆਂ ਧ੍ਰਿਕਾਰ ਕਹਾ ਧ੍ਰਿਗ ਹੈ ਤੇਰੇ ਕੋ ਤੂੰ ਪ੍ਰਮੇਸਰ ਸਿਮਰਨ ਨਹੀਂ ਕਰਤਾ ਈਸੁਰ ਤੇਰੇ ਉਪਰ ਕਿਰਪਾ ਕਰੇ ਤਬ ਉਸਕੇ ਮਨ ਮੇਂ ਬੜਾ ਪਸਚਾਤਾਪ ਹੂਆ ਓਹ ਇਕ ਦਮ ਕਿਸੀ ਮਹਾਤਮਾ ਕੇ ਪਾਸ ਗਿਆ ਔਰ ਡੰਡਵਤਾਂ ਕਰੀਆਂ ਚਰਨ ਧੂੜੀ ਮਸਤਕ ਮੇਂ ਲਗਾਈ। ਪ੍ਰਮਾਣ-

**ਸੰਤ ਕੀ ਧੂਰਿ ਮਿਟੇ ਅਘ ਕੋਟ ॥**
**ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥**

[ਗਉੜੀ ਮ: ੫ ਸਫਾ ੧੯੮

ਸੰਤੋਂ ਨੇ ਉਸਕੋ ਗੰਗਾ ਜਲੀ ਦੀ ਸਭ ਪਾਪ ਛੁਡਾਏ ਔਰ ਗੰਗਾ ਜਲ ਪਿਲਾਇਆ ਅਸ਼ਨਾਨ ਕਰਾਇਆ ਨਾਮ ਉਪਦੇਸ਼ ਦੀਆ ਤਥਾ ਕਹਾ ਕਿ ਅੰਨ ਜਲ ਛੋਡ ਕਰ ਏਕਾਂਤ ਮੇਂ ਜਾਕਰ ਨਿਰੰਤਰ ਊਚੇ ਊਚੇ ਭਗਵਾਨ ਕੋ ਪੁਕਾਰ ਕੇ ਯਾਦ ਕਰ। ਅਬ ਓਹ ਮਹਾਂ ਪਾਪੀ ਜੋ ਦਿਨ ਮੇਂ ਬਹੁਤ ਵੇਰ ਅਭਖ ਭਖਨ ਕਰਤਾ ਥਾ ਓਹ ਭਗਵਾਨ ਕੋ ਯਾਦ ਕਰ ਰਹਾ ਹੈ ਤਬ ਭਗਵਾਨ ਪ੍ਰਸੰਨ ਹੋਕਰ ਪ੍ਰਗਟ ਹੋ ਗਏ ਔਰ ਕਹਾ ਕਿ ਮੈਂ ਤੇਰੇ ਉਪਰ ਪ੍ਰਸੰਨ ਹੂੰ ਅਬ ਮੇਰੀ ਕਿਰਪਾ ਸੇ ਤੂੰ ਮਹਾ ਧਰਮੀ ਬਨ ਗਿਆ ਹੈਂ ਕਿਉਂਕਿ ਮੈਂ ਨੇ ਗੀਤਾ ਮੇਂ ਲਿਖ ਦੀਆ ਜੋ ਮਹਾ ਪਾਪੀ ਭੀ ਹੋ ਪਰੰਤੂ ਮੇਰਾ ਅਨੰਨਜ ਚਿਤ ਸੇ ਸਿਮਰਣ ਕਰੇ ਉਸ ਕੋ ਸਾਧੂ ਸਮਝਨਾ ਹੋਗਾ ਤਬ ਉਸ ਨੇ ਭਗਵਾਨ ਸੇ ਪ੍ਰਾਰਥਨਾ ਕਰ ਕਹਾ ਕਿ ਆਪ ਮੇਰੇ ਸਹਿਰ ਮੇਂ ਚਲੋ ਸਭ ਕੋ ਦਰਸਨ ਦਿਓ ਤਬ ਭਗਵਾਨ ਸਹਿਰ ਮੇਂ ਆਏ ਸਭ ਕੋ ਦਰਸਨ ਦੇਕਰ ਕਹਾ ਸਭ ਲੋਗੋਂ ਕੋ ਤਥਾ ਉਸ ਕੀ ਇਸਤ੍ਰੀ ਕੋ ਕਹਾ ਕਿ ਆਜ ਸੇ ਇਹ ਮਹਾ ਧਰਮੀ ਹੈ ਇਸਕੋ ਸਭ ਸੇ ਬੜਾ ਧਰਮਾਤਮਾ ਸਮਝਨਾ ਰਾਤ੍ਰੀ ਭਰ ਭਗਵਾਨ ਕੋ ਘਰ ਮੇਂ ਰਖ ਕਰ ਜਾਗਰਨ ਕਰ ਅਨੰਨਜ ਪ੍ਰੇਮ ਸੇ ਸੇਵਾ ਕਰਤਾ ਰਹਾ ਇਧਰ ਤਪਸ੍ਵੀ ਨੇ ਭਗਵਾਨ ਕੋ ਯਾਦ ਕੀਆ ਕਿ ਮਹਾਰਾਜ ਸਭ ਸੇ ਬੜਾ ਪਾਪੀ ਤੋ ਦੇਖ ਲੀਆ ਅਬ ਧਰਮੀ ਭੀ ਦੇਖਨਾ ਹੈ ਤਬ ਭਗਵਾਨ ਨੇ ਕਹਾ ਕਿ ਉਸੀ ਤਰਹ ਸਵੇਰੇ ਹੀ ਗ੍ਰਾਮ ਮੇਂ ਜਾਓ ਜੋ ਸਭ ਸੇ ਪਹਿਲੇ ਮਨੁਖ ਮਿਲੇ ਓਹ ਹੀ ਸਭ ਸੇ ਬੜਾ ਧਰਮੀ ਸਮਝਨਾ ਤਬ ਤਪਸ੍ਵੀ ਸਵੇਰੇ ਹੀ ਗ੍ਰਾਮ ਮੇਂ ਗਿਆ ਕਿਆ ਦੇਖਤਾ ਹੈ ਸਾਹਮਣੇ ਓਹ ਹੀ ਹਰੀਸ਼ਚੰਦ੍ਰ ਮਿਲਾ ਤਪਸ੍ਵੀ ਹੈਰਾਨ ਹੂਆ ਕਿ ਕਲ ਇਹ ਮਹਾਂ ਪਾਪੀ ਥਾ ਅਜ ਇਹ ਧਰਮੀ ਬਨ ਗਿਆ। ਇਹ ਕਿਆ ? ਤਪਸ੍ਵੀ ਨੇ ਉਸ ਸੇ ਪੂਛਾ ਸੁਨਾ ਤਬ ਹਰੀਸ਼ਚੰਦ੍ਰ ਨੇ ਕਹਾ ਮਹਾਰਾਜ ਆਜ ਤੋ ਮੈਂ ਆਪ ਕੀ ਕਿਰਪਾ ਸੇ ਮਹਾਂ ਧਰਮੀ ਹੂੰ ਭਗਵਾਨ ਮੇਰੇ ਘਰ ਬੈਠੇ ਹੈਂ ਚਲੋ ਦਰਸਨ ਕਰੋ ਤਪਸ੍ਵੀ ਗ੍ਰਾਮ ਮੇਂ ਗਿਆ ਸਭ ਲੋਗੋਂ ਸੇ ਪੂਛਾ ਸਭ ਨੇ ਕਹਾ ਕਿ ਅਬ ਇਹ ਮਹਾ ਧਰਮੀ ਹੈ ਇਸਨੇ ਸਭ ਕੋ ਭਗਵਾਨ ਕੇ ਦਰਸਨ ਕਰਾਏ ਹੈਂ ਤਬ ਫਿਰ ਤਪਸ੍ਵੀ ਘਰ ਮੇਂ ਗਿਆ ਭਗਵਾਨ ਕੇ ਦਰਸਨ ਕਰੇ ਤਬ ਭਗਵਾਨ ਨੇ ਕਹਾ ਕਿ ਅਬ ਇਸ ਪਰ ਮੇਰੀ ਕਿਰਪਾ ਹੋ ਗਈ ਹੈ ਅਬ ਇਹ ਧਰਮੀ ਹੈ ਤਬ ਤਪਸ੍ਵੀ ਨੇ ਸਮਝਾ ਕਿ

ਠੀਕ ਹੀ ਪਰਮੇਸੁਰ ਕੀ ਕਿਰਪਾ ਬੜਾ ਧਰਮ ਹੈ।

ਦੂਸਰੀ ਕਥਾ-

ਇਸੀ ਤਰਹ ਏਕ ਤਪਸ੍ਵੀ ਪਾਸ ਅਪਨੇ ਪਿਤਾ ਕੇ ਸਾਥ ਜਾਤੀ ਹੁਈ ਕੰਨਿਆ ਨੇ ਭਗਵਾਨ ਕਾ ਪੂਜਨ ਹੋਤਾ ਦੇਖਾ ਤੋ ਪੂਛਾ ਇਹ ਕਿਸਕਾ ਪੂਜਨ ਕਰਤੇ ਹੈਂ ਉਸ ਕੇ ਪਿਤਾ ਨੇ ਕਹਾ ਕਿ ਇਹ ਭਗਵਾਨ ਕਾ ਪੂਜਨ ਕਰਤੇ ਹੈਂ ਭਗਵਾਨ ਕੇ ਗੁਣ ਪਿਤਾ ਸੇ ਕੰਨਿਆਂ ਨੇ ਸੁਨੇ ਕੰਨਿਆ ਕਾ ਚਿਤ ਭੀ ਭਗਵਾਨ ਕੇ ਪੂਜਨ ਕਰਨੇ ਕਾ ਹੂਆ ਔਰ ਪ੍ਰੇਮ ਮੇਂ ਆ ਕਰ ਭਗਵਾਨ ਕਾ ਫੋਟੋ (ਮੂਰਤੀ) ਤਪਸ੍ਵੀ ਸੇ ਮਾਂਗਨੇ ਲਗੀ ਤਪਸਵੀ ਦੇਵੇ ਨਹੀਂ ਤੀਨ ਦਿਨ ਤਕ ਕੰਨਿਆਂ ਅੰਨ ਜਲ ਛੋਡ ਕਰ ਬੈਠੀ ਰਹੀ ਤਬ ਰਾਤ੍ਰੀ ਕੇ ਸਮਯ ਭਗਵਾਨ ਤਪਸ੍ਵੀ ਕੀ ਛਾਤੀ ਪਰ ਬੈਠ ਗਏ ਔਰ ਕਹਾਂ ਕਿ ਤੂੰ ਮੇਰੇ ਨਿਰਗੁਨ ਸਰੂਪ ਕਾ ਧਿਆਨ ਕਰ ਔਰ ਇਹ ਮੂਰਤੀ ਕੰਨਿਆਂ ਕੋ ਦੇਹ ਇਹ ਮੇਰੇ ਸਗੁਣ ਸ੍ਰੂਪ ਕਾ ਧਿਆਨ ਕਰੇਗੀ। ਤਬ ਤਪਸ੍ਵੀ ਨੇ ਓਹ ਭਗਵਾਨ ਕੀ ਪ੍ਰਤਿਮਾ ਕੰਨਿਆਂ ਕੋ ਦੇ ਦਿਤੀ, ਕੰਨਿਆਂ ਭਗਵਾਨ ਕੀ ਮੂਰਤੀ ਲੇਕਰ ਬਹੁਤ ਪ੍ਰਸੰਨ ਹੂਈ ਔਰ ਘਰ ਮੇਂ ਆ ਕਰ ਭਗਵਾਨ ਕਾ ਨਾਨਾ ਪ੍ਰਕਾਰ ਸੇ ਪੂਜਨ ਕਰਨੇ ਲਗੀ ਬਹੁਤ ਅਨੰਨਯ ਭਾਵ ਸੇ ਭਗਵਾਨ ਕੋ ਪ੍ਰਸੰਨ ਕਰ ਲੀਆ ਭਗਵਾਨ ਪ੍ਰਗਟ ਹੋ ਗਏ ਔਰ ਕਹਾ ਕਿ ਵਰ ਮਾਂਗ ਤਬ ਕੰਨਿਆਂ ਨੇ ਕਹਾ ਆਪ ਰੋਜ਼ ਇਸ ਹੀ ਸਗੁਣ ਚਤੁਰਭੁਜ ਸ੍ਰੂਪ ਮੇਂ ਦਰਸ਼ਨ ਦੀਆ ਕਰੋ ਤਬ ਭਗਵਾਨ ਨੇ ਕਹਾ ਕਿ ਅਛਾ ਚਤੁਰਭੁਜ ਸ੍ਰੂਪ ਮੇਂ ਕਭੀ ੨ ਬਾਕੀ ਸਾਧੂ ਕੇ ਸਰੂਪ ਮੇਂ ਮੈਂ ਤੇਰੇ ਪਾਸ ਰੋਜ਼ ਭਿਖਿਆ ਲੇਨੇ ਆਇਆ ਕਰੂੰਗਾ ਨਾਰਾਇਣ ਹਰੀ ਸ਼ਬਦ ਕਹਾ ਕਰੂੰਗਾ ਤੈਨੇ ਮੇਰੇ ਕੋ ਖਾਲੀ ਨਹੀਂ ਮੋੜਨਾ ਹੋਗਾ ਕੋਈ ਨਾ ਕੋਈ ਚੀਜ਼ ਵਸਤੂ ਖਾਨੇ ਕੀ ਤਿਆਰ ਰਖਾ ਕਰਨੀ ਮੈਂ ਕਭੀ ਕਿਸੀ ਸਮਯ ਕਭੀ ਕਿਸੀ ਸਮਯ ਆਇਆ ਕਰੂੰਗਾ ਤੂੰ ਨੇ ਭਿਖਿਆ ਜ਼ਰੂਰ ਦੇਨੀ ਹੋਗੀ ਜਿਸ ਦਿਨ ਭਿਖਿਆ ਨ ਮਿਲੇਗੀ ਮੈਂ ਫਿਰ ਨਹੀਂ ਆਊਂਗਾ ਤਬ ਕੰਨਿਆਂ ਨੇ ਐਸਾ ਹੀ ਕੀਆ ਭਗਵਾਨ ਕੋ ਰੋਜ਼ ਖਿਲਾਵੇ ਗਲਾਂ ਬਾਤਾਂ ਕਰੇ ਭਾਵ ਕਿਆ ਭਗਵਾਨ ਸੇ ਉਸ ਕਾ ਅਨੰਨਯ ਪ੍ਰੇਮ ਹੋ ਗਿਆ ਜਬ ਕੰਨਿਆਂ ਬੜੀ ਹੋ ਗਈ ਤਬ ਮਾਤਾ ਪਿਤਾ ਨੇ ਉਸ ਕੀ ਮੰਗਨੀ ਕਰ ਦਈ ਕੰਨਿਆਂ ਨਹੀਂ ਚਾਹਤੀ ਥੀ ਪਰ ਮਾਤਾ ਪਿਤਾ ਨੇ ਜ਼ਬਰਦਸਤੀ ਮੰਗਨੀ ਕਰ ਦਈ ਫਿਰ ਸਾਦੀ ਹੋਈ ਵੇਦੀ ਪਰ ਬੈਠੇ ਥੇ ਲਾਵਾਂ (ਫੇਰੇ) ਦੇ ਰਹੇ ਥੇ ਉਸ ਹੀ ਸਮਯ ਭਗਵਾਨ ਨੇ ਸਾਧੂ ਰੂਪ ਮੇਂ ਆ ਕਰ ਨਾਰਾਇਣ ਹਰੀ ਕਹਾ ਕੰਨਿਆਂ ਬੀਚ ਮੇਂ ਹੀ ਉਠ ਖੜੀ ਹੁਈ ਨਿਰਭੈ ਹੋ ਕਰ ਭਗਵਾਨ ਕੋ ਭਿਖਿਆ ਦਈ ਸਭ ਨੇ ਮਨਾ ਭੀ ਕੀਆ ਪ੍ਰੰਤੂ ਕੰਨਿਆ ਨੇ ਨਹੀਂ ਮਾਨਾ ਭਗਵਾਨ ਮੇਂ ਪੂਰਾ ਪ੍ਰੇਮ ਕੀਆ ਦੂਸਰੇ ਦਿਨ ਡੋਲੀ ਮੇਂ ਚੜ੍ਹਤੇ ਸਮਯ ਨਾਰਾਇਣ ਹਰੀ ਕਹਾ ਕੰਨਿਆਂ ਨੇ ਉਸੀ ਹੀ ਸਮਯ ਨਿਰਭੈ ਹੋ ਕਰ ਭਿਖਿਆ ਦਈ। ਫਿਰ ਸਹੁਰੇ ਘਰ ਮੇਂ ਗਈ ਸਭ ਮਾਈ ਲੋਗ ਉਸ ਕਾ ਮੂੰਹ ਦੇਖ ਰਹੀਂ ਥੀਂ ਉਸ ਸਮਯ ਭਗਵਾਨ ਨੇ ਨਾਰਾਇਣ ਹਰੀ ਕਹਾ ਕੰਨਿਆਂ ਨੇ ਪ੍ਰੇਮ ਮੇਂ ਨਿਰਭੈ ਹੋ ਕਰ ਭਿਖਿਆ ਦਈ ਪ੍ਰੰਤੂ ਸਹੁਰੇ ਘਰ ਮੇਂ ਸਭ ਲੋਗ ਨਾਰਾਜ਼ ਹੋ ਗਏ ਦਿਨ ਦਿਨ ਹੋ ਗਈ



ਕੰਨਿਆਂ ਕੋ ਘਰ ਸੇ ਨਿਕਾਲ ਦੇਣਾ ਚਾਹਤੇ ਥੇ ਤਬ ਕੰਨਿਆਂ ਨੇ ਭਗਵਾਨ ਕੋ ਕਹਿ ਕ ਅਪਨੇ ਪਤੀ ਕੋ ਦਰਸ਼ਨ ਕਰਾਇਆ ਤਥਾ ਪਤੀ ਕਾ ਪ੍ਰੇਮ ਭਗਵਾਨ ਸੇ ਕਰਾਇਆ ਤ ਪਤੀ ਇਸਤ੍ਰੀ ਕੋ ਭਗਵਤੀ ਜਾਣ ਕਰ ਉਸ ਕੇ ਅਧੀਨ ਹੋ ਗਯਾ ਤਬ ਮਾਤਾ ਪਿਤਾ ਅਪਨੇ ਪੁਤ੍ਰ ਕਾ ਐਸਾ ਹਾਲ ਦੇਖ ਕਰ ਅਪਨੇ ਪੁਤ੍ਰ ਵਧੂ ਕੋ ਪਤਨੀ ਸਹਿਤ ਅ ਘਰ ਸੇ ਨਿਕਾਲ ਦੀਆ ਵੋਹ ਦੋਨੋਂ ਕਿਸੀ ਰਾਜਾ ਕੇ ਸ਼ਹਿਰ ਮੇਂ ਚਲੇ ਗਏ ਕੁ ਦਿਨ ਨਿਰਬਾਹ ਕੀਆ ਆਖਿਰ ਪਦਾਰਥ ਸੇ ਬਿਨਾਂ ਪਤੀ ਤੰਗ ਆ ਗਿਆ ਦੁਖੀ ਹੁ ਤਬ ਉਸ ਕੰਨਿਆਂ ਨੇ ਪਤੀ ਕੋ ਕਹਾ ਕਿ ਆਪ ਚਿੰਤਾ ਨ ਕਰੋ ਮੈਂ ਆਪ ਕੋ ਰਾਜ ਗੁ ਬਣਾ ਦੂੰਗੀ ਉਸ ਸ਼ਹਿਰ ਕੇ ਰਾਜਾ ਕੋ ਕੁਸ਼ਟ (ਕੋੜ੍ਹ) ਰੋਗ ਥਾ ਉਸ ਨੇ ਬਹੁਤ ਯਤ ਕੀਏ ਪ੍ਰੰਤੂ ਕੁਸ਼ਟ ਨ ਹਟਾ ਆਖਿਰ ਰਾਜਾ ਨੇ ਢੰਢੋਰਾ ਫਿਰਾਇਆ ਕਿ ਜੋ ਮੇਰਾ ਕੁਸ਼ ਹਟਾਇਗਾ ਮੈਂ ਉਸਕੋ ਬਹੁਤ ਸੰਮਤੀ ਦੂੰਗਾ ਔਰ ਗੁਰੂ ਬਨਾਊਂਗਾ ਤਬ ਕੰਨਿਆਂ ਨੇ ਕਹ ਭੇਜਾ ਕਿ ਹਮ ਕੁਸ਼ਟ ਹਟਾਏਂਗੇ ਕੰਨਿਆ ਨੇ ਭਗਵਾਨ ਕੇ ਚਰਣ ਧੋ ਕਰ ਰਾਜਾ ਕੋ ਜਲ ਪਿਲਾਇਆ ਔਰ ਇਸ਼ਨਾਨ ਕਰਾਇਆ ਰਾਜਾ ਕਾ ਕੁਸ਼ਟ ਨਿਵਿਰਤ ਹੂਆ ਰਾਜਾ ਨੇ ਉਸ ਕੇ ਪਤੀ ਕੋ ਆਪਣਾ ਗੁਰੂ ਬਣਾਇਆ ਸਭ ਸੇ ਪੂਜਾ ਕਰਾਈ ਔਰ ਵੋਹ ਭਗਤ 'ਭਗਤ' ਨਾਮ ਸੇ ਜਗਤ ਮੇਂ ਪ੍ਰਸਿਧ ਹੋ ਗਯਾ ਇਸ ਪ੍ਰਕਾਰ ਪ੍ਰਮੇਸਰ ਸੇ ਪ੍ਰੇਮ ਕਰਨਾ ਉਸ ਕਾ ਸਿਮਰਨ ਕਰਨਾ ਪੁੰਨ ਹੈ ਔਰ ਆਠ ਆਨਾ ਭਰ ਪੁੰਨ ਪਰੋਪਕਾਰ ਹੈ ਕਥਾ-ਏਕ ਨਿਰਧਨ ਵੈਸ਼ਯ ਥਾ ਪ੍ਰੰਤੂ ਉਸਕੇ ਚਿਤ ਮੇਂ ਹਰ ਵਕਤ ਪਰੋਪਕਾਰ ਕਰਨੇ ਕਾ ਖਿਆਲ ਬਣਾ ਰਹਤਾ ਥਾ ਕਿਸੀ ਕੋ ਦੁਖੀ ਦੇਖ ਕਰ ਚਿਤ ਦੁਖੀ ਹੋਤਾ ਥਾ ਉਸਕਾ ਪ੍ਰਵਾਰ ਬਹੁਤ ਥਾ ਆਪ ਦੋ ਦੋ ਰੋਜ਼ ਭੂਖੇ ਰਹਿ ਕਰ ਭੀ ਦੂਸਰੋਂ ਕੋ ਭੋਜਨ ਖਿਲਾ ਦੀਆ ਕਰਤਾ ਥਾ। ਏਕ ਦਿਨ ਨਦੀ ਕਿਨਾਰੇ ਗਿਆ ਵਹਾਂ ਤੀਨ ਸੰਤ ਤੀਨ ਦਿਨ ਕੇ ਭੂਖੇ ਪੜੇ ਥੇ ਉਨਕੋ ਭੂਖੇ ਦੇਖ ਕਰ ਚਿਤ ਮੇਂ ਖਿਆਲ ਆਇਆ ਕਿ ਇਹ ਸੰਤ ਭੂਖੇਂ ਹੈਂ ਆਪਨਾ ਆਪ ਬੇਚ ਕਰ ਭੀ ਇਨ ਕੋ ਰੋਟੀ ਖਿਲਾਊਂਗਾ ਉਧਰ ਆਪ ਤਥਾ ਪ੍ਰਵਾਰ ਭੀ ਦੋ ਦਿਨ ਸੇ ਭੂਖੇ ਥੇ ਬਚੇ ਰੋਤੇ ਥੇ ਖਾਨੇ ਕੇ ਲੀਏ ਮਾਂਗਤੇ ਥੇ ਉਸ ਕੋ ਤੰਗ ਕਰਤੇ ਥੇ ਪ੍ਰੰਤੂ ਸੰਤੋਂ ਕੋ ਨਿਮੰਤ੍ਰਣ ਦੇ ਆਇਆ ਘਰ ਮੇਂ ਆ ਕਰ ਸਭ ਹਾਲ ਕਹਾ ਤਬ ਇਸਤ੍ਰੀ ਨੇ ਕਹਾ ਕਿ ਮੇਰੇ ਪਿਤਾ ਕਾ ਦੀਆ ਮੇਰੇ ਪਾਸ ਹਾਥ ਕਾ ਕੰਗਨ ਹੈ ਮੈਂ ਅਬ ਤਕ ਗੁਪਤ ਰਖਾ ਥਾ ਲੋ ਇਸ ਕੋ ਬੇਚ ਆਓ ਸੀਧਾ ਲੈ ਆਓ ਸੰਤੋਂ ਕੋ ਖਿਲਾਓ ਬਚੋਂ ਕੋ ਭੀ ਖਿਲਾਓ ਤਬ ਉਹ ਵੈਸ਼ਯ ਕੰਗਨ ਕੋ ਬੇਚ ਕਰ ਸੀਧਾ ਲੇ ਆਇਆ ਭੋਜਨ ਬਣਾਇਆ ਸੰਤੋਂ ਕੋ ਖਿਲਾਇਆ ਅਪਣੇ ਬਚੋਂ ਕੋ ਭੀ ਖਿਲਾਇਆ। ਏਕ ਬੱਚਾ ਥਾ ਵੋਹ ਜਿਦ (ਹਠ) ਕਰ ਬੈਠਾ ਕਿ ਮੈਂ ਭੋਜਨ ਨਹੀ ਖਾਊਂਗਾ ਹਮ ਤੀਨ ਦਿਨ ਕੇ ਭੂਖੇ ਪੜੇ ਹੈਂ ਹਮਾਰੇ ਲੀਏ ਕੰਗਨ ਬੇਚਾ ਨਹੀਂ ਗੁਪਤ ਰਖਾ ਥਾ ਅਬ ਸੰਤੋਂ ਕੇ ਵਾਸਤੇ ਕੰਗਨ ਬੇਚ ਕਰ ਰੋਟੀ ਖਿਲਾਤਾ ਹੈ ਬਚੋਂ ਸੇ ਭੀ ਸੰਤ ਪਿਆਰੇ ਹੈਂ ? ਹਮਾਰੇ ਸੇ ਪ੍ਰੇਮ ਨਹੀਂ ਸੰਤੋਂ ਸੇ ਪ੍ਰੇਮ ਹੈ। ਤਬ ਪਿਤਾ ਨੇ ਕਹਾ ਭਾਈ ਹਮ ਕੋ ਤੋ ਸੰਤ ਹੀ ਪਿਆਰੇ ਹੈਂ:- ਗੁਰੂ ਪ੍ਰਮਾਣ-

ਮਾਤਾ ਪਿਤਾ ਇਸਤ੍ਰੀ ਪੁਤ੍ਰ ਆਦਿਕ ਸਬੰਧੀਓਂ ਸੇ ਪ੍ਰੇਮ ਕਰਨੇ ਵਾਲੇ ਕੋ ਧਿੱਕਾਰ ਹੈ ਸੰਤੋਂ ਸੇ ਪ੍ਰੇਮ ਕਰਨੇ ਵਾਲੇ ਕੋ ਸਾਬਾਸ਼ ਹੈ ਜਗਤ ਮੇਂ ਸੰਤੋਂ ਕੀ ਸੇਵਾ ਕਾ ਹੀ ਮਹਾਤਮ ਹੈ ਤਬ ਪੁਤ੍ਰ ਨੇ ਰੋਸ ਮੇਂ ਆ ਕਰ ਕਹਾ ਅਛਾ ਸੰਤ ਸੇਵਾ ਸੇ ਕਿਆ ਫਲ ਹੈ? ਮੈਂ ਇਹ ਸੁਨਣਾ ਚਾਹਤਾ ਹੂੰ ਤਬ ਏਕ ਸੰਤ ਬੋਲੇ ਈਹਾਂ ਸੇ ਸੌ ਕੋਸ ਪਰੇ ਜੰਗਲ ਮੇਂ ਏਕ ਸੰਤ ਰਹਿਤੇ ਹੈਂ ਊਹਾਂ ਜਾਓ ਉਹ ਤੁਮ ਕੋ ਸੰਤ ਸੇਵਾ ਕਾ ਮਹਾਤਮ ਸੁਨਾਏਂਗੇ ਹਮ ਨੇ ਤੁਮ ਕੋ ਅਸ਼ੀਰਵਾਦ ਦੀਆ ਜਾਉ, ਰਸਤੇ ਮੇਂ ਤੁਮ ਕੋ ਭੂਖ ਪਿਆਸ ਨ ਸਤਾਏਗੀ ਔਰ ਪਸ਼ੂ ਪੰਛੀ ਦੇਵ ਕਿੰਨਰ ਆਦਿ ਸਭ ਕੀ ਬੋਲੀ ਸਮਝੋਂਗੇ। ਪਰੰਤੂ ਊਹਾਂ ਜਾਤੇ ਵਕਤ ਰਸਤੇ ਮੇਂ ਪਰਉਪਕਾਰ ਕਰਤੇ ਜਾਣਾ। ਤਬ ਚਲਤੇ ਚਲਤੇ ਜੰਗਲ ਮੇਂ ਰਾਤ੍ਰੀ ਪੜ ਗਈ ਉਹਾਂ ਏਕ ਪੁਰਸ਼ ਆਪਣੀ ਇਸਤ੍ਰੀ ਸਹਿਤ ਰਹਿਤਾ ਥਾ ਜਾਤੀ ਕਾ ਚੰਡਾਲ ਥਾ ਊਹਾਂ ਉਸ ਪੁਰਸ਼ ਨੇ ਉਸਕੀ ਬੜੀ ਸੇਵਾ ਕਰੀ ਪਰੰਤੂ ਉਸ ਕੀ ਇਸਤ੍ਰੀ ਨੇ ਪਤੀ ਕੇ ਕਹਿਨੇ ਪਰ ਭੀ ਸੇਵਾ ਨ ਕਰੀ ਉਸ ਪੁਰਸ਼ ਨੇ ਵੈਸ਼ਯ ਕੇ ਲੜਕੇ ਸੇ ਬਾਤੋਂ ੨ ਮੇਂ ਕਹਾ ਕਿ ਮੈਂ ਚਾਹਤਾ ਹੂੰ ਕਿ ਇਸ ਨੀਚ ਚੰਡਾਲ ਯੋਨੀ ਔਰ ਦਰਿਦ੍ਰ ਸੇ ਛੂਟ ਜਾਊਂ ਤੁਮ ਸੰਤੋਂ ਕੇ ਪਾਸ ਜਾਤੇ ਹੋ ਉਨ ਸੇ ਮੇਰੀ ਇਹ ਪ੍ਰਾਰਥਨਾ ਕਰਨੀ ਉਸ ਨੇ ਕਹਾ ਅੱਛਾ ਕਰੂੰਗਾ ਫਿਰ ਰਸਤੇ ਮੇਂ ਗਿਆ ਏਕ ਰਾਜਾ ਸੇ ਮੁਲਾਕਾਤ ਹੂਈ ਰਾਜਾ ਨੇ ਸੇਵਾ ਕਰੀ ਔਰ ਬਾਤ ਚੀਤ ਕਰਤੇ ਕਹਾ ਆਪ ਸੰਤੋਂ ਕੇ ਪਾਸ ਜਾਤੇ ਹੋ ਮੇਰੀ ਭੀ ਏਕ ਪ੍ਰਾਰਥਨਾ ਕਰਨੀ ਮੇਰੇ ਘਰ ਸੰਤਾਨ ਨਹੀਂ ਸੰਤ ਕ੍ਰਿਪਾ ਕਰੇਂ ਏਕ ਪੁਤ੍ਰ ਹੋ ਜਾਵੇ ਪੁਤ੍ਰ ਤੋ ਪਹਿਲੇ ਭੀ ਹੋਤਾ ਹੈ ਪਰੰਤੂ ਮਰ ਜਾਤਾ ਹੈ ਦੀਰਘ ਆਯੂ ਵਾਲਾ ਪੁਤ੍ਰ ਹੋਣਾ ਚਾਹੀਏ ਤਬ ਮੈਂ ਖੁਸ਼ੀ ਹੋ ਜਾਊਂ ਔਰ ਮੈਂ ਅਧਿਕ ਸੰਤ ਸੇਵਾ ਕਰੂੰਗਾ ਜਬ ਵਹਾਂ ਸੇ ਆਗੇ ਗਿਆ ਤੋ ਏਕ ਸ਼ਹਿਰ ਮੇਂ ਉਸ ਕੋ ਬੜਾ ਭਾਰੀ ਸੌਦਾਗਰ ਸੇਠ ਮਿਲਾ ਉਹ ਏਕ ਮਕਾਨ ਸਾਤ ਮੰਜ਼ਲ ਕਾ ਬਨਾਤਾ ਥਾ ਪਰੰਤੂ ਉਹ ਗਿਰ ਜਾਤਾ ਥਾ ਪੂਰਾ ਨਹੀਂ ਹੋਤਾ ਥਾ ਇਸ ਕਾਰਣ ਸੇਠ ਬੜਾ ਦੁਖੀ ਰਹਿਤਾ ਥਾ ਉਸ ਨੇ ਭੀ ਕਹਾ ਕਿ ਆਪ ਨੇ ਮੇਰੇ ਲੀਏ ਭੀ ਸੰਤੋਂ ਸੇ ਪ੍ਰਾਰਥਨਾ ਕਰਨੀ ਕਿਆ ਦੋਸ਼ ਹੈ ਕਿ ਮੇਰਾ ਮਕਾਨ ਪੂਰਾ ਨਹੀਂ ਹੋਤਾ ਮੇਰੇ ਪਰ ਭੀ ਕ੍ਰਿਪਾ ਕਰੋ ਮੇਰਾ ਮਕਾਨ ਸਾਤ ਮੰਜ਼ਲ ਕਾ ਪੂਰਾ ਹੋ ਜਾਏ। ਮੈਂ ਦਾਨ ਪੁੰਨ ਭੀ ਬਹੁਤ ਕਰਤਾ ਹੂੰ ਪਰੰਤੂ ਮਕਾਨ ਗਿਰ ਜਾਯਾ ਕਰਤਾ ਹੈ ਫਿਰ ਔਰ ਆਗੇ ਗਿਆ ਤੋ ਏਕ ਕੂਏ ਕੇ ਊਪਰ ਪਿਪਲ ਸੀ ਉਸ ਪਿਪਲ ਕੇ ਨੀਚੇ ਦੁਪਹਿਰ ਕੋ ਰਹਾ ਉਸ ਪਿਪਲ ਮੇਂ ਏਕ ਦੇਵ ਯਖ ਰਹਤਾ ਥਾ ਉਸ ਸੇ ਮੁਲਾਕਾਤ ਹੂਈ ਤਬ ਉਸ ਨੇ ਕਹਾ ਸੰਤੋਂ ਸੇ ਪੂਛਨਾ ਇਸ ਪਿਪਲ ਕਾ ਇਕ ਟਹਿਨਾ ਸੁਕਿਆ ਕਿਉਂ ਰਹਿਤਾ ਹੈ ਫਿਰ ਆਗੇ ਗਿਆ ਤੋ ਏਕ ਦਰਿਆ ਆਇਆ ਵਹਾਂ ਸੇ ਏਕ ਦਰਿਆਈ ਘੋੜਾ ਨਿਕਸਾ ਘੋੜੇ ਨੇ ਕਹਾ ਕਿ ਮੈਂ ਬੜਾ ਰਿਸ਼ਟ ਪੁਸ਼ਟ ਹੂੰ ਪਰੰਤੂ ਦੁਖ ਇਹ ਹੈ ਕਿ ਮੇਰੇ ਊਪਰ ਕੋਈ ਸਵਾਰੀ ਨਹੀਂ ਕਰਤਾ ਮੇਰਾ ਜਨਮ ਸਫਲ ਕੈਸੇ ਹੋਗਾ ਕਿਆ ਕਾਰਣ ਹੈ ਜੋ ਮੇਰੇ ਊਪਰ ਕੋਈ ਚੜ੍ਹਤਾ ਨਹੀਂ ਇਹ ਬਾਤ ਸੰਤੋਂ ਸੇ ਪੂਛਨਾ ਆਗੇ ਜਲ ਮੇਂ ਏਕ ਮਛ ਮਿਲਾ ਉਸ ਨੇ ਕਹਾ ਕਿ ਸੰਤੋਂ ਸੇ ਪੂਛਨਾ ਮੈਂ ਜਲ ਮੇਂ ਰਹਿਤਾ



ਹੂੰ ਪਰੰਤੂ ਮੈਂ ਜਲਤਾ ਰਹਤਾ ਹੂੰ ਇਸਕਾ ਕਿਆ ਕਾਰਣ ਹੈ ਔਰ ਇਸ ਕਾ ਉਪਾਇ ਸੰਤੋਂ ਸੇ ਪੂਛਨਾ ਜਬ ਨੌਕਾ ਦੁਆਰਾ ਦਰਿਆ ਪਾਰ ਹੋ ਕਰ ਸੰਤੋਂ ਕੇ ਪਾਸ ਪਹੁੰਚ ਗਿਆ ਔਰ ਸਭ ਹਾਲ ਸੰਤੋਂ ਸੇ ਕਹਾ ਤਬ ਉਤਰ ਮੇਂ ਸੰਤੋਂ ਨੇ ਕਹਾ ਕਿ ਏਕ ਬਰਸ ਹਮਾਰੀ ਪ੍ਰੇਮ ਸੇ ਸੇਵਾ ਕਰੋ ਤਬ ਇਨ ਬਾਤੋਂ ਕਾ ਉਤਰ ਮਿਲੇਗਾ, ਤਬ ਉਹ ਵੈਸ਼ਯ ਕਾ ਲੜਕਾ ਸ਼ਿਸ਼ਯ ਰੀਤੀ ਅਨੁਸਾਰ ਏਕ ਬਰਸ ਰਹਾ ਔਰ ਪ੍ਰੇਮ ਸੇ ਸੇਵਾ ਕਰਤਾ ਰਹਾ ਏਕ ਸਾਲ ਕੇ ਬਾਦ ਸੰਤੋਂ ਨੇ ਕਹਾ ਕਿ ਤੁਮ ਜਾਓ ਰਸਤੇ ਮੇਂ ਸਭ ਕੋ ਉਤਰ ਦੇਤੇ ਜਾਓ ਔਰ ਤੁਮ੍ਹਾਰਾ ਉਤਰ ਰਾਜਾ ਕੇ ਘਰ ਜੋ ਲੜਕਾ ਪੈਦਾ ਹੋਵੇਗਾ, ਉਹ ਦੇਵੇਗਾ ਸਭ ਬਾਤਾਂ ਸਮਝਾ ਦਿਤੀਆਂ ਸਭ ਕੇ ਉਤਰ ਸਮਝਾ ਦੀਏ ਤਬ ਵਿਦਾ ਹੋ ਕਰ ਚਲ ਪੜਾ ਰਸਤੇ ਮੇਂ ਪਹਿਲੇ ਉਸ ਮਤਸਯ (ਮਛ) ਸੇ ਮਿਲਾ ਉਸ ਕੋ ਕਹਾ ਕਿ ਤੂੰ ਪਿਛਲੇ ਜਨਮ ਮੇਂ ਪੰਡਿਤ ਬ੍ਰਾਹਮਣ ਥਾ ਜਿਨ ਗੁਰੂਓਂ ਸੇ ਵਿਦਿਆ ਪੜ੍ਹੀ ਉਨ ਕੀ ਤੁਮ ਨੇ ਸੇਵਾ ਨਹੀਂ ਕਰੀ ਔਰ ਨ ਕਿਸੀ ਕੋ ਵਿਦਿਆ ਪੜ੍ਹਾਈ ਨ ਕਿਸੀ ਕੋ ਸੁਖ ਪਹੁੰਚਾਇਆ ਉਲਟਾ ਵਾਦ ਵਿਵਾਦ ਕਰਕੇ ਦੂਸਰੋਂ ਕੋ ਦੁਖ ਪਹੁੰਚਾਇਆ ਕਿਸੀ ਬ੍ਰਾਹਮਣ ਕੇ ਸ਼ਾਪ ਸੇ ਤੂੰ ਮਛ ਬਣ ਗਿਆ ਹੈਂ ਸੜਤਾ ਰਹਿਤਾ ਹੈਂ ਅਬ ਤੁਮ ਵਿਦਿਆ ਦਾਨ ਕਰੋ ਤੁਮ੍ਹਾਰੀ ਜਲਨ ਹਟ ਜਾਏਗੀ, ਤਬ ਮਛ ਨੇ ਕਹਾ ਕਿ ਮੇਰੇ ਕੋ ਵਿਦਿਆ ਸਫੁਰਣ ਹੈ ਤੂੰ ਹੀ ਮੇਰੇ ਕੋ ਯੋਗਯ ਅਧਿਕਾਰੀ ਦ੍ਰਿਸ਼ਟੀ ਆਤਾ ਹੈਂ ਤੁਮ ਕੋ ਮੈਂ ਵਿਦਿਆ ਪੜ੍ਹਾਤਾ ਹੂੰ ਤਬ ਉਸ ਕੋ ਸਭ ਵਿਦਿਆ ਵਿਆਕਰਣ ਆਦਿਕ ਖਟ ਅੰਗ ਵੇਦ ਔਰ ਸ਼ਾਸਤ੍ਰ ਪੜ੍ਹਾਏ ਔਰ ਮੰਤਰ ਜੰਤਰ ਜਯੋਤਿਸ਼ ਆਦਿਕ ਪੜ੍ਹਾਏ ਤਬ ਉਸ ਕੀ ਜਲਨ ਹਟ ਗਈ ਔਰ ਓਹ ਵੈਸ਼ਯ ਕਾ ਲੜਕਾ ਆਗੇ ਆਇਆ ਤਬ ਦਰਿਆਈ ਘੋੜਾ ਮਿਲਾ ਉਸ ਕੋ ਕਹਾ ਕਿ ਤੂੰ ਪਹਿਲੇ ਏਕ ਮਹਾਤਮਾ ਕਾ ਸੇਵਕ ਥਾ, ਪਰੰਤੂ ਆਗਿਆ ਨਹੀਂ ਮਾਨਤਾ ਥਾ ਸੁਤੰਤਰ ਚਲਤਾ ਥਾ ਤਬ ਏਕ ਦਿਨ ਸੰਤੋਂ ਨੇ ਸ਼ਾਪ ਦੀਆ ਜਾਓ ਤੁਮ ਪਸ਼ੂ ਹੋਵੋ, ਤੁਮ੍ਹਾਰਾ ਸਰੀਰ ਕਿਸੀ ਕੇ ਕਾਮ ਨਹੀਂ ਆਏਗਾ ਨ ਕੋਈ ਤੁਮ ਕੋ ਗ੍ਰਹਿਣ ਕਰੇਗਾ, ਤਬ ਤੁਮ ਨੇ ਸ਼ਾਪ ਕਾ ਅੰਤ ਪੂਛਾ ਤਬ ਸੰਤੋਂ ਨੇ ਕਹਾ ਕਿ ਜਬ ਕੋਈ ਤੁਮ ਕੋ ਇਸ ਬਾਤ ਕਾ ਗਿਆਨ ਕਰਾਏਗਾ, ਤਬ ਤੁਮ੍ਹਾਰੇ ਕੋ ਕੋਈ ਗ੍ਰਹਿਣ ਕਰੇਗਾ ਔਰ ਤੁਮ੍ਹਾਰਾ ਸਰੀਰ ਸਫਲ ਹੋਗਾ, ਜਬ ਘੋੜੇ ਨੇ ਇਹ ਬਚਨ ਸੁਨੇ ਤਬ ਉਸ ਨੇ ਕਹਾ ਕਿ ਆਪ ਹੀ ਹਮਾਰੇ ਮਾਲਿਕ ਹੋ ਆਪ ਹੀ ਮੇਰੇ ਕੋ ਅੰਗੀਕਾਰ ਕਰੋ ਤਬ ਉਹ ਵੈਸ਼ਯ ਪੁਤਰ ਘੋੜੇ ਪਰ ਚੜ੍ਹ ਕਰ ਆਗੇ ਗਿਆ ਔਰ ਉਸ ਪਿਪਲ ਵਾਲੇ ਕੂਏ ਪਰ ਪਹੁੰਚਾ ਤਬ ਉਸ ਦੇਵ ਸੇ ਕਹਾ ਕਿ ਇਸ ਪਿਪਲ ਕੇ ਨੀਚੇ ਧਨ ਕੀ ਖਾਨ ਹੈ, ਉਸ ਕੇ ਊਪਰ ਬਿਖਧਰ ਸਰਪ ਬੈਠਾ ਹੈ, ਉਸਕੇ ਫੁੰਕਾਰੇ ਸੇ ਇਸ ਪੀਪਲ ਕਾ ਟਹਿਨਾ ਸੁਕਾ ਰਹਿਤਾ ਹੈ, ਜਬ ਕੋਈ ਸਰਪ ਕੋ ਮਾਰੇਗਾ ਵਾ ਧਨ ਕੋ ਲਏਗਾ ਤਬ ਇਹ ਪੀਪਲ ਕਾ ਪੇਡ ਹਰਾ ਹੋਗਾ ਤਬ ਦੇਵ ਨੇ ਕਹਾ ਕਿ ਆਪ ਸੇ ਬੜ ਕਰ ਉਤਮ

ਗੋ ਇਸ ਨਿਧੀ ਕਾ ਕੌਨ ਹੈ ਆਪ ਕੇ ਪਾਸ ਵਿਦਿਆ ਹੈ ਮੰਤਰ ਜੰਤਰ ! ਯਾਦ ਹੈਂ ਕਿਸੀ ਤਰਹ ਸਰਪ ਕੋ ਪਰੇ ਕਰਕੇ ਨਿਧੀ ਲੇ ਲੋਂ ਔਰ ਪੀਪਲ ਹਰਾ ਕਰ ਜਾਓ, ਤਬ ਉਸ ਨੇ ਮੰਤਰੋਂ ਕੇ ਬਲ ਸੇ ਸਰਪ ਕੋ ਭਗਾ ਕਰ ਉਹ ਨਿਧੀ ਲੇ ਲੀ ਔਰ ਪੀਪਲ ਹਰਾ ਹੋ ਗਿਆ ਔਰ ਆਪ ਉਹ ਨਿਧੀ ਲੇ ਕਰ ਚਲ ਪੜਾ ਔਰ ਰਸਤੇ ਮੇਂ ਉਸ ਸੇਠ ਕੇ ਪਾਸ ਪਹੁੰਚਾ ਉਸ ਕੋ ਕਹਾ ਕਿ ਤੇਰੇ ਘਰ ਪਚੀਸ ਬਰਖ ਕੀ ਕੁਆਰੀ ਕੰਨਿਆਂ ਬੈਠੀ ਹੈ ਤੁਮ ਨੇ ਅਭੀ ਤਕ ਉਸ ਕੀ ਸ਼ਾਦੀ ਨਹੀਂ ਕਰਾਈ ਤੇਰੇ ਕੋ ਕੋਈ ਵਰ ਪਸੰਦ ਨਹੀਂ ਆਇਆ ਲੜਕੀ ਕੀ ਸ਼ਾਦੀ ਨਹੀਂ ਹੂਈ, ਉਹ ਕੰਨਿਆਂ ਜਬ ਮਕਾਨ ਕੇ ਨੀਚੇ ਸੇ ਜਾਤੀ ਹੈ ਦੇਖ ਕਰ ਦੁਖ ਭਰਿਆ ਹਉਕਾ ਮਾਰਤੀ ਹੈ, ਤਬ ਇਹ ਮਕਾਨ ਗਿਰ ਜਾਤਾ ਹੈ ਜਬ ਇਸ ਕੀ ਸ਼ਾਦੀ ਕਰੇਂਗਾ ਕੰਨਿਆਂ ਕੀ ਪਰਸੰਨਤਾ ਲਏਂਗਾ ਤਬ ਇਹ ਮਕਾਨ ਸਿਰੇ ਚੜ੍ਹੇਗਾ ਐਸੇ ਨਹੀਂ ਤਬ ਸੇਠ ਨੇ ਵਿਚਾਰਾ ਇਸ ਸੇ ਬੜ੍ਹ ਕਰ ਔਰ ਯੋਗ੍ਯ ਵਰ ਕਹਾਂ ਮਿਲੇਗਾ, ਐਸਾ ਵਿਚਾਰ ਕਰ ਉਸ ਕੋ ਕਹਾ ਕਿ ਆਪ ਹੀ ਮੁਝੇ ਯੋਗ੍ਯ ਵਰ ਮਿਲ ਗਏ ਹੈਂ, ਆਪ ਹੀ ਕੰਨਿਆਂ ਕਬੂਲ ਕਰੇਂ ਤੁਮ੍ਹਾਰੇ ਪਾਸ ਧਨ ਕੀ ਨਿਧੀ ਆਦਿਕ ਸਭ ਵਸਤੂਆਂ ਹੈਂ, ਸੇਠ ਨੇ ਉਸ ਸੇ ਕੰਨਿਆਂ ਕੀ ਸ਼ਾਦੀ ਕਰ ਦਈ ਦਾਜ ਦਹੇਜ ਮੇਂ ਬਹੁਤ ਪਦਾਰਥ ਦੀਆ ਤਬ ਵੋਹ ਫਿਰ ਚਲਾ, ਰਾਜਾ ਕੇ ਪਾਸ ਪਹੁੰਚ ਗਿਆ ਰਾਜਾ ਕੋ ਕਹਾ ਕਿ ਸੰਤਾਂ ਨੇ ਕਹਾ ਤੁਮ੍ਹਾਰੇ ਘਰ ਲੜਕਾ ਪੈਦਾ ਹੋਵੇਗਾ ਉਹ ਮੇਰੇ ਸੇ ਚਾਰ ਬਾਤੇਂ ਕਰੇਗਾ ਤਬ ਉਸ ਕੀ ਦੀਰਘ ਆਯੂ ਹੋਗੀ, ਰਾਜਾ ਨੇ ਕਹਾ ਕਿ ਅਛਾ ਆਪ ਮੇਰੇ ਪਾਸ ਠਹਿਰੋ ਜਬ ਲੜਕਾ ਹੋ ਜਾਵੇ ਤਬ ਆਪ ਨੇ ਚਾਰ ਬਾਤਾਂ ਉਸ ਸੇ ਕਰਨੀਆਂ ਉਸ ਕੀ ਦੀਰਘ ਆਯੂ ਹੋ ਜਾਵੇ ਤਬ ਆਪ ਕੋ ਗੁਰੂ ਕੇ ਸਮਾਨ ਪੂਜੂੰਗਾ ਐਸੇ ਕਹਿ ਕਰ ਉਸ ਵੈਸ਼੍ਯ ਪੁਤ੍ਰ ਕੋ ਅਪਨੇ ਪਾਸ ਠਹਿਰਾਇਆ, ਜਬ ਲੜਕਾ ਪੈਦਾ ਹੁਆ ਤਬ ਉਸ ਨੇ ਏਕਾਂਤ ਮੇਂ ਜਾ ਕਰ ਲੜਕੇ ਸੇ ਵਾਰਤਾਲਾਪ ਕੀਆ ਔਰ ਲੜਕੇ ਨੇ ਕਹਾ ਕਿ ਮੈਂ ਆਪ ਕੀ ਸੇਵਾ ਕਰਨੇ ਸੇ ਰਾਜਕੁਮਾਰ ਬਨਾ ਹੂੰ, ਮੈਂ ਉਹ ਹੀ ਚੰਡਾਲ ਹੂੰ ਜੋ ਆਪ ਕੋ ਮਾਰਗ ਮੇਂ ਮਿਲਾ ਥਾ ਆਪ ਮੇਰੇ ਪਾਸ ਰਾਤ੍ਰੀ ਰਹੇ ਥੇ, ਅਬ ਆਪ ਕੀ ਆਸ਼ੀਰਵਾਦ ਚਾਹੀਏ ਤਬ ਉਸ ਨੇ ਆਸ਼ੀਰਵਾਦ ਦਈ ਔਰ ਕਹਾ ਤੁਮ ਦੀਰਘ ਜੀਵੀ ਹੋ, ਫਿਰ ਬਾਲਕ ਨੇ ਕਹਾ ਕਿ ਉਹ ਸਾਹਮਣੇ ਦੇਖੋ ਉਹ ਜੋ ਮੇਰੀ ਇਸਤ੍ਰੀ ਸੀ ਉਸ ਨੇ ਆਪ ਕੀ ਸੇਵਾ ਨਹੀਂ ਕਰੀ, ਸੂਰੀ (ਸੂਕਰੀ) ਬਣ ਗਈ ਹੈ ਬਹੁਤ ਬਚੇ ਜਨਤੀ ਹੈ ਦੁਖ ਪਾਵਤੀ ਹੈ, ਸੇਵਾ ਨ ਕਰਨੇ ਕਾ ਇਹ ਫਲ ਹੈ, ਫਿਰ ਉਸ ਵੈਸ਼੍ਯ ਕੇ ਲੜਕੇ ਨੇ ਕਹਾ ਕਿ ਅਛਾ ਮੈਂ ਨੇ ਸੰਤੋਂ ਸੇ ਪੂਛਾ ਥਾ ਕਿ ਸੰਤ ਸੇਵਾ ਕਾ ਕਿਆ ਫਲ ਹੈ ਉਨ੍ਹੋਂ ਨੇ ਕਹਾ ਥਾ ਕਿ ਰਾਜਾ ਕਾ ਲੜਕਾ ਇਸਕਾ ਉਤਰ ਦੇਵੇਗਾ, ਸੋ ਆਜ ਬਤਾਓ ਮੈਨੇ ਜੋ ਬਾਰਹ ਮਹੀਨੇ ਸੰਤੋਂ ਕੀ ਸੇਵਾ ਕਰੀ ਹੈ, ਉਸ ਕਾ ਕਿਆ ਫਲ ਹੈ ਇਸ ਬਾਤ ਕਾ ਉਤਰ ਦਿਓ, ਤਬ ਬਾਲਕ ਨੇ ਕਹਾ ਕਿ



ਸੰਤੋਂ ਨੇ ਤੋ ਤੁਮ ਕੋ ਪ੍ਰਤੱਖ ਦਿਖਾ ਹੀ ਦੀਆ ਹੈ ਮੈਂ ਇਸ ਮੇਂ ਕਿਆ ਕਹੂੰ ਮੰਤ੍ਰਸ੍ਯ ਦਵਾਰਾ ਤੁਮ ਕੋ ਵਿਦਿਆ ਮਿਲੀ, ਘੋੜਾ ਮਿਲਾ ਔਰ ਨਿਧੀ ਮਿਲੀ ਸੇਠ ਕੀ ਕੰਨਿਆਂ ਸੇ ਸ਼ਾਦੀ ਹੂਈ ਔਰ ਮੇਰੇ ਪਿਤਾ ਨੇ ਤੁਮ ਕੋ ਗੁਰੂ ਬਣਾਇਆ ਹੈ ਚਿਤ ਕੀ ਸ਼ਾਂਤੀ ਹੂਈ, ਇਹ ਸਭ ਸੰਤ ਸੇਵਾ ਕਾ ਦ੍ਰਿਸ਼ਟ ਫਲ ਹੈ ਔਰ ਅਦ੍ਰਿਸ਼ਟ ਫਲ ਤੋ ਕਹਾ ਹੀ ਨਹੀਂ ਜਾਤਾ ਅਬ ਵਿਦਿਆ ਕੋ ਮੰਨਨ ਕਰੋ ਉਸ ਸੇ ਗਿਆਨੀ ਹੋ ਕਰ ਜਨਮ ਮਰਨ ਸੇ ਮੁਕਤ ਹੋ ਜਾਓਗੇ ਇਹ ਬਾਤ ਸੁਣ ਕਰ ਵੈਸ਼੍ਯ ਪੁਤ੍ਰ ਬੜਾ ਖੁਸ਼ ਹੂਆ ਔਰ ਘਰ ਮੇਂ ਆ ਕਰ ਪਿਤਾ ਕੋ ਸਭ ਹਾਲ ਸੁਣਾਇਆ ਵਿਦਿਆ ਕਾ ਮੰਨਨ ਕਰਨੇ ਲਗਾ ਔਰ ਪਹਿਲੇ ਸੇ ਅਧਿਕ ਪ੍ਰੇਮ ਸੇ ਸੰਤ ਸੇਵਾ ਕਰਨੇ ਲਗਾ ਔਰ ਵਿਦਿਆ ਮੰਨਨ ਦਵਾਰਾ ਗਿਆਨ ਪਾਇ ਕਰ ਮੁਕਤ ਹੂਆ ਤਬ ਉਨ ਤੀਨੋਂ ਸੰਤੋਂ ਨੇ ਕਹਾ ਕਿ ਸੰਤ ਸੇਵਾ ਕਾ ਮਹਾਤਮ ਦੇਖਾ ? ਸੰਤੋਂ ਕੀ ਤੋ ਕਿਆ ਕੁਤੇ ਕੀ ਸੇਵਾ ਕਰੀ ਹੂਈ ਭੀ ਨਿਸਫਲ ਨਹੀਂ ਜਾਤੀ, ਜੈਸੇ ਬਸਰੇ ਸ਼ਹਿਰ ਕੇ ਰਹਿਣੇ ਵਾਲੀ ਬੀਬੀ ਰਾਬਿਆਂ ਨੇ ਮਕੇ ਜਾਤੇ ਸਮਯ ਪ੍ਰਸੂਤ ਹੂਈ ਕੁਤੀ ਕੀ ਰਸਤੇ ਮੇਂ ਸੇਵਾ ਕਰੀ ਤਬ ਸਾਠ ਕੋਸ ਪਹਿਲੇ ਯਾਨੇ ਉਰੇ ਹੀ ਮਕਾ ਆਇ ਕਰ ਮਿਲਾ। ਪ੍ਰਮਾਣ:-

ਦੋਹਾ—ਸਿਰ ਕੀ ਸੋਭਾ ਦੂਰ ਕਰ ਚੀਨੇ ਆਤਮ ਰਾਮ।
ਸਾਠ ਕੋਸ ਮਕਾ ਮਿਲਾ ਦੇਖ ਦਇਆ ਕੇ ਕਾਮ॥
ਤਥਾ—ਕਸੇ ਵਾ ਸਗੇ ਨੇਕਵੀ ਗੁੰਮ ਨ ਕਰਦ॥
ਕੁਜਾ ਗੁੰਮ ਸ਼ਵਦ ਬਾ ਨੇਕ ਮਰਦ॥

ਅਰਥ-ਕੁਤੇ ਦੀ ਸੇਵਾ ਕਰੀ ਹੂਈ ਪਰਮੇਸ਼੍ਵਰ ਗੁੰਮ ਨਹੀਂ ਕਰਤਾ। ਫਿਰ ਮਹਾਤਮਾ ਜਨੋਂ ਦੀ ਸੇਵਾ ਕਰੀ ਹੂਈ ਕੈਸੇ ਗੁੰਮ ਕਰ ਸਕਤਾ ਹੈ। ਤਥਾ ਸ੍ਰੀ ਬ੍ਰਹਮਾ ਜੀ ਭੀ ਨਾਰਦ ਜੀ ਕੋ ਪਰੋਪਕਾਰ ਕਰਨੇ ਕਾ ਉਪਦੇਸ਼ ਕਰਤੇ ਭਏ ਏਕ ਸਮਯ ਨਾਰਦ ਜੀ ਬ੍ਰਹਮਾ ਜੀ ਪਾਸ ਪ੍ਰਸੰਨ ਚਿਤ ਗਏ ਬ੍ਰਹਮਾ ਜੀ ਨੇ ਕਹਾ ਕਿ ਆਪ ਪ੍ਰਸੰਨ ਬਦਨ ਹੈਂ ਕਿਆ ਕੋਈ ਬਹੁਤ ਪੁੰਨ੍ਯ ਕੀਆ ਹੈ ? ਉਤਰ ਦੇਤੇ ਹੂਏ ਨਾਰਦ ਜੀ ਨੇ ਕਹਾ ਕਿ ਏਕ ਸੌਦਾਗਰ ਭਗਤ ਮਿਲਿਆ, ਉਸ ਨੇ ਮੁਝੇ ਨਮਸਕਾਰ ਕਰੀ ਤਬ ਮੈਨੇ ਕਹਾ ਇਹ ਕੋਰੀ ਨਮਸਕਾਰ ਹੀ ਹੈ ਕਿ ਸਾਥ ਮੇਂ ਪ੍ਰੇਮ ਭੀ ? ਸੌਦਾਗਰ ਨੇ ਕਹਾ ਮੈਂ ਪ੍ਰੇਮ ਸਹਿਤ ਨਮਸਕਾਰ ਕਰਤਾ ਹੂੰ, ਆਗਿਆ ਕਰੋ ਤਬ ਮੈਨੇ ਕਹਾ ਕਿ ਜਿਤਨਾ ਪਦਾਰਥ ਤੇਰੇ ਪਾਸ ਹੈ ਸਭ ਗਰੀਬੋਂ ਕੋ ਲੁਟਾ ਦੇ, ਤਬ ਉਸ ਨੇ ਸਭ ਪਦਾਰਥ ਗਰੀਬੋਂ ਕੋ ਲੁਟਾ ਦੀਆ, ਇਸ ਲੀਏ ਮੈਂ ਪ੍ਰਸੰਨ ਹੂੰ ਕਿ ਐਸਾ ਆਗਿਆ ਮਾਨਨੇ ਵਾਲਾ ਸੇਵਕ ਨਹੀਂ ਮਿਲੇਗਾ, ਤਬ ਫਿਰ ਬ੍ਰਹਮਾ ਜੀ ਨੇ ਕਹਾ ਕਿ ਕੇਵਲ ਏਕ ਭਗਤ ਕੇ ਮਿਲਨੇ ਸੇ ਐਸੀ ਪ੍ਰਸੰਨਤਾ ਨਹੀਂ ਚਾਹੀਏ, ਕਿੰਤੂ ਜਬ ਕੋਈ ਪਰਉਪਕਾਰ ਕੀਆ ਜਾਵੇ ਤਬ ਐਸੀ ਪ੍ਰਸੰਨਤਾ ਚਾਹੀਏ, ਨਾਰਦ ਜੀ ਨੇ ਕਹਾ 'ਐਸਾ ਪਰਉਪਕਾਰ ਕਰੂੰ, ਕੈਸਾ

ਪਰਉਪਕਾਰ, ਤਬ ਬ੍ਰਹਮਾ ਜੀ ਨੇ ਕਹਾ ਕਿ ਪਰਸਪਰ ਦੋ ਕੇ ਵੈਮਨਸਜ ਕੋ ਮਿਟਾ ਕਰ ਮਿਲਾ ਦੇਨੇ ਜੈਸਾ ਪੁੰਨਜ ਨਹੀਂ ਤੁਮ ਕੋਈ ਐਸਾ ਪਰਉਪਕਾਰ ਕਰੋ, ਤਬ ਪ੍ਰਸੰਨ ਚਿਤ ਮੇਰੇ ਪਾਸ ਆਨਾ, ਫਿਰ ਪੂਛਾ ਕਿਸਕਾ ਵੈਮਨਸਜ ਹੈ, ਕਹਾਂ ਜਾਊਂ ? ਤਬ ਬ੍ਰਹਮਾ ਜੀ ਨੇ ਕਹਾ ਕਿ ਅਜ ਕਲ ਮਾਨਸਰੋਵਰ ਔਰ ਹੰਸੋਂ ਕਾ ਪਰਸਪਰ ਵਿਰੋਧ (ਵੈਮਨਸਜ) ਹੈ ਉਨਕੋ ਤੁਮ ਪਰਸਪਰ ਮਿਲਾ ਆਵੋ, ਪ੍ਰੇਮ ਕਰਾ ਆਓ, ਤਬ ਨਾਰਦ ਜੀ ਕੀ ਆਗਿਆ ਮਾਨ ਕਰ ਮਾਨ ਸਰੋਵਰ ਪਹੁੰਚੇ, ਵਹਾਂ ਕਿਆ ਦੇਖਤੇ ਹੈਂ ਏਕ ਭੀ ਹੰਸ ਨਹੀਂ, ਤਬ ਕਹਿਨੇ ਲਗੇ ਈਹਾਂ ਮਾਨ ਸਰੋਵਰ ਹੋਤਾ ਥਾ, ਕਹਾਂ ਹੈ ਦਿਖਾਈ ਨਹੀਂ ਆਤਾ, ਤਬ ਮਾਨ ਸਰੋਵਰ ਨੇ ਜਾਨਾ ਕਿ ਨਾਰਦ ਜੀ ਆਏ ਹੈਂ, ਦੇਵਤਾ ਸ੍ਵਰੂਪ ਮੇਂ ਤਬ ਨਾਰਦ ਜੀ ਕੇ ਸਾਮਨੇ ਆਇਆ ਔਰ ਕਹਾ, ਮੈਂ ਮਾਨ ਸਰੋਵਰ ਹੀ ਹੂੰ, ਆਪ ਨੇ ਮੁਝੇ ਪਹਿਚਾਨਾ ਨਹੀਂ ? ਨਾਰਦ ਜੀ ਨੇ ਕਹਾ ਹੰਸ ਕਹਾਂ ਹੈਂ ? ਮਾਨ ਸਰੋਵਰ ਵੋਹ ਹੀ ਹੈ, ਜਹਾਂ ਪਰ ਹੰਸ ਰਹਿਤੇ ਹੈਂ। ਮਾਨ ਸਰੋਵਰ ਨੇ ਕਹਾ, ਮੇਰਾ ਔਰ ਹੰਸੋਂ ਕਾ ਵਿਰੋਧ ਹੋ ਗਿਆ ਹੈ ਹੰਸ ਨਾਰਾਜ਼ ਹੋਕਰ ਔਰ ਖੁਰਦ ਤਲਾਵੋਂ ਪਰ ਚਲੇ ਗਏ ਹੈਂ, ਤਬ ਨਾਰਦ ਜੀ ਨੇ ਮਾਨ ਸਰੋਵਰ ਸੇ ਕਹਾ ਕਿ ਤੂੰ ਮੂਰਖ ਹੈਂ ਜਿਨ ਕੇ ਰਹਨੇ ਸੇ ਤੁਮ੍ਹਾਰਾ ਨਾਮ ਮਾਨ ਸਰੋਵਰ ਪੜਾ ਹੈ ਔਰ ਜਿਨਕੇ ਹੋਨੇ ਸੇ ਤੁਮ੍ਹਾਰੀ ਜਗਤ ਮੇਂ ਸ਼ੋਭਾ ਹੈ, ਉਨ ਸੇ ਤੁਮ ਨੇ ਵਿਰੋਧ ਕਰ ਲੀਆ ਹੈ, ਅਬ ਤੁਮ ਕੋ ਮਾਨ ਸਰੋਵਰ ਕੌਨ ਕਹੇਗਾ ਕਿਆ ਸ਼ੋਭਾ ਹੈ ਤੁਮ੍ਹਾਰੀ, ਤਬ ਮਾਨਸਰੋਵਰ ਨੇ ਹਾਥ ਜੋੜ ਕਰ ਕਹਾ ਕਿ ਆਪ ਉਨ ਕੋ ਲੇ ਆਓ ਮੈਂ ਅਪਰਾਧ ਖਿਮਾ ਕਰਾਊਂਗਾ, ਮਾਫੀ ਮਾਂਗਤਾ ਹੂੰ, ਫਿਰ ਭਗਵਾਨ ਨਾਦਰ ਜੀ ਹੰਸੋਂ ਕੇ ਪਾਸ ਗਏ ਦੇਖਾ ਕਿ ਛੋਟੇ ੨ ਤਲਾਵੋਂ ਪਰ ਹੰਸ ਬੈਠੇ ਹੈਂ, ਮਿਟੀ ਕੰਕਰ ਖਾ ਰਹੇ ਹੈਂ ਧੂੜੀ ਪੰਖੋਂ ਮੇਂ ਲਗ ਰਹੀ ਹੈ ਵਿਵਰਣ ਪੰਖ ਮੈਲੇ ਹੋ ਰਹੇ ਹੈਂ, ਨਾਰਦ ਜੀ ਨੇ ਕਹਾ ਇਹ ਕੌਣ ਹੈਂ ? ਬਗਲੇ ਹੈਂ ਕਿ ਹੰਸ ਹੈਂ, ਹੰਸ ਹੋਤੇ ਤੋ ਮਾਨ ਸਰੋਵਰ ਪਰ ਹੋਤੇ, ਸ਼ਕਲ ਹੰਸੋਂ ਜੈਸੀ ਹੈ ਮਾਲੂਮ ਬਗਲੇ ਹੋਤੇ ਹੈਂ, ਤਬ ਹੰਸੋਂ ਨੇ ਨਾਰਦ ਜੀ ਕੋ ਨਮਸਕਾਰ ਕਰ ਕਹਾ, ਮਹਾਰਾਜ ਹਮ ਹੰਸ ਹੈਂ ਪ੍ਰਭੂ ਮਾਨ ਸਰੋਵਰ ਸੇ ਵਿਰੋਧ ਹੋ ਗਿਆ ਹੈ ਇਸ ਲੀਏ ਈਹਾਂ ਪੜੇ ਹੈਂ, ਤਬ ਨਾਰਦ ਜੀ ਨੇ ਕਹਾ ਕਿ ਤੁਮ ਮੂਰਖ ਹੋ ਜਿਸ ਕਾ ਖਾਓ ਪੀਓ ਉਸੀ ਸੇ ਵਿਰੋਧ ਕਰਤੇ ਹੋ ਤੁਮ ਕ੍ਰਿਤਘਨ ਹੋ ਅਛਾ ਨਹੀਂ ਕਰਤੇ ਔਰ ਤੁਮ੍ਹਾਰੀ ਸ਼ੋਭਾ ਵਾ ਯਸ਼ ਨਹੀਂ ਇਤਿਆਦੀ ਬਹੁਤ ਬਚਨ ਕਹੇ, ਤਬ ਹੰਸੋਂ ਨੇ ਕਹਾ ਮਹਾਰਾਜ ਆਪ ਜੋ ਆਗਿਆ ਕਰੋ ਹਮ ਮਾਨਨੇ ਕੋ ਤਿਆਰ ਹੈਂ, ਫਿਰ ਨਾਰਦ ਜੀ ਨੇ ਦੋਨੋਂ ਕੋ ਇਕਠੇ ਕਰ ਪਰਸਪਰ ਕਾ ਵੈਮਨਸਜ ਮਿਟਾ ਕਰ ਪ੍ਰੇਮ ਕਰਾ ਦੀਆ ਵਿਰੋਧ ਹਟਾ ਦੀਆ ਔਰ ਪਰਸਪਰ ਮਿਲ ਕਰ ਦੋਨੋਂ ਹੀ ਪ੍ਰਸੰਨ ਹੂਏ, ਨਾਰਦ ਜੀ ਮਹਾਰਾਜ ਕਾ ਉਪਕਾਰ ਮਾਨਾ ਔਰ ਧੰਨਜਵਾਦ ਕੀਆ, ਫਿਰ ਬ੍ਰਹਮਾ ਜੀ ਪਾਸ ਆਏ ਤਬ ਬ੍ਰਹਮਾ ਜੀ ਨੇ ਕਹਾ ਅਬ ਤੁਮ੍ਹਾਰੀ ਪ੍ਰਸੰਨਤਾ ਠੀਕ ਹੈ। ਸੋ ਇਸ ਪਰਕਾਰ ਪਰੋਪਕਾਰ ਕਰਨਾ ਆਠ ਆਨਾ ਭਰ ਪੁੰਨਜ ਹੈ, ਬਾਕੀ ਜਿਤਨੇ ਭੀ ਯਗਜ ਦਾਨ ਆਦਿਕ ਪੁੰਨ ਹੈਂ ਸਭ ਆਠ ਆਨਾ ਭਰ ਹੈਂ, ਇਸ ਪ੍ਰਕਾਰ ਦੋ ਪੁੰਨ ਔਰ



ਦੋ ਪਾਪ ਕਹੇ, ਇਨ ਕਾ ਗਿਆਨ ਵਿਦਵਾਨੋਂ ਸੇ ਹੀ ਹੋਤਾ ਹੈ। ਇਸ ਵਾਸਤੇ ਗੁਰੂ ਜੀ ਲਿਖਤੇ ਹੈਂ:-

**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥**

[ਮਾਝ ਵਾਰ ਮ: ੨ ਸਫਾ ੧੪੬

ਔਰ ਵਿਦਵਾਨੋਂ ਸੇ ਬਿਨਾਂ ਪੁੰਨ ਪਾਪ ਕੀ ਖਬਰ ਨਹੀਂ ਹੋਤੀ ਔਰ ਭ੍ਰਮ ਹੋ ਜਾਤਾ ਹੈ ਕਿ ਇਹ ਪੁੰਨਜ ਹੈ ਵਾ ਪਾਪ ਹੈ। ਜੈਸੇ ਗੁਰੂ ਜੀ ਲਿਖਤੇ ਹੈਂ:-

**ਪਾਪ ਪੁੰਨ ਕੀ ਸਾਰ ਨ ਜਾਣੀ ॥ ਦੂਜੈ ਲਾਗੀ ਭਰਮਿ ਭੁਲਾਣੀ ॥**

[ਮਾਝ ਮ: ੩ ਸ: ੧੧੦

ਪੁਰਸ਼ ਅਪਨੀ ਬੁਧੀ ਅਨੁਸਾਰ ਸ਼ਬਦੋਂ ਕੇ ਅਨੇਕ ਅਰਥ ਕਰ ਸ਼ਬਦ ਕਾ ਭਾਵ ਨਿਸਚੇ ਨਹੀਂ ਕਰ ਸਕਤੇ। ਜੈਸੇ ਏਕ ਬ੍ਰਾਹਮਣ ਨੇ ਰਾਜ ਸਭਾ ਮੇਂ ਆ ਕਰ ਦੋਹਾ ਪੜ੍ਹਾ ਔਰ ਸਭਾ ਮੇਂ ਬੈਠ ਪੁਰਸ਼ੋਂ ਨੇ ਅਪਨੀ ੨ ਬੁਧੀ ਅਨੁਸਾਰ ਜੁਦਾ ਜੁਦਾ ਅਰਥ ਕੀਏ ਹੈਂ ਵੋਹ ਦੋਹਾ ਯਹ ਹੈ:-

**ਪਗ ਵਿਨ ਗਮਨਾ ਅਤਿ ਕਰੇ ਮੁਖ ਸਿਆਹੀ ਤਨ ਸ੍ਵੇਤ ॥**
**ਜੋ ਕਦਾਚਿਤ ਮਾਂਗੇ ਨਹੀਂ ਸੋ ਮਾਂਗੇ ਕਰ ਹੇਤ ॥**

ਰਾਜਾ ਨੇ ਪਹਿਲੇ ਵਜ਼ੀਰ ਸੇ ਅਰਥ ਪੂਛਾ ਵਜ਼ੀਰ ਨੇ ਪਤ੍ਰ (ਚਿਠੀ) ਬਤਾਈ, ਕਾਗਜ਼ ਸਫੇਦ ਹੈ, ਅੱਖਰ ਕਾਲੇ ਹੈਂ, ਪੈਰੋਂ ਸੇ ਬਗੈਰ ਜਲਦੀ ਦੌੜਤੀ ਹੈ, ਜੋ ਪੁਰਸ਼ ਕਭੀ ਨਹੀਂ ਮਾਂਗਤਾ ਉਹ ਭੀ ਚਿਠੀ ਮਾਂਗਤਾ ਹੈ ਕਿ ਆਪ ਪਤ੍ਰ ਜ਼ਰੂਰ ਭੇਜਾ ਕਰੋ ਵਜ਼ੀਰ ਦੇ ਲੜਕੇ ਨੇ ਚੰਪੜ ਕੇ ਪਾਸੋਂ ਕਾ ਅਰਥ ਕੀਆ, ਕਿਉਂਕਿ ਉਹ ਭੀ ਸਫੇਦ ਹੋਤੇ ਹੈਂ, ਔਰ ਉਨ ਮੇਂ ਅੰਕ ਕਾਲੇ ਹੋਤੇ ਹੈਂ, ਬਗੈਰ ਪੈਰ ਸੇ ਚਲਤੇ ਹੈਂ, ਪੌ ਬਾਰਹ ਕਹਿਤੇ ਹੈਂ, ਜੋ ਰਾਜਾ ਲੋਗ ਕੁਛ ਭੀ ਨਹੀਂ ਮਾਂਗਤੇ ਜੂਆ ਉਹ ਭੀ ਮਾਂਗਤੇ ਹੈਂ ਔਰ ਰਾਜਕੁਮਾਰ ਨੇ ਨੇਤ੍ਰ ਕਹੇ ਉਨ ਕੇ ਭੀ ਪਾਸੇ ਯਾਨੇ ਆਸ ਪਾਸ ਸਫੇਦ ਹੋਤਾ ਹੈ, ਬੀਚ ਮੇਂ ਕਾਲੇ ਹੋਤੇ ਹੈਂ ਬਿਨਾਂ ਪੈਰੋਂ ਸੇ ਦੂਰ ਚਲੇ ਜਾਤੇ ਹੈਂ ਔਰ ਸਭ ਕੋਈ ਨੇਤ੍ਰੋਂ ਸੇ ਦੇਖਨਾ ਹੀ ਚਾਹਤਾ ਹੈ ਅੰਨਾ ਹੋਨਾ ਨਹੀਂ ਚਾਹਤਾ ਔਰ ਰਾਜਾ ਨੇ ਮੇਘ ਕਹਾ ਵੋਹ ਭੀ ਸਫੇਦ ਹੋਤੇ ਹੈਂ ਬਰਸਨੇ ਵਾਲੇ ਕਾਲੇ ਹੋਤੇ ਹੈਂ, ਬਿਨਾਂ ਪੈਰੋਂ ਸੇ ਗਮਨ ਕਰਤੇ ਹੈਂ, ਜੋ ਕੋਈ ਪੁਰਸ਼ ਕੁਛ ਭੀ ਨਹੀਂ ਚਾਹਤੇ ਬਰਖਾ ਉਹ ਭੀ ਚਾਹਤੇ ਹੈਂ, ਔਰ ਸੰਤੋਂ ਨੇ ਮਨ ਕਹਾ ਸਤੋਗੁਣ ਕਾ ਕਾਰਜ ਹੈ, ਇਸ ਲੀਏ ਸਫੇਦ ਹੈ, ਜਨਮ ਜਨਮ ਕੀ ਮੈਲ ਲਗੀ ਹੈ, ਇਸ ਲੀਏ ਕਾਲਾ ਭੀ ਹੈ, ਬਿਨਾਂ ਪੈਰੋਂ ਸੇ ਬਹੁਤ ਦੂਰ ਨਿਕਲ ਜਾਤਾ ਹੈ ਜੋ ਬ੍ਰਹਮਵੇਤਾ ਕੁਛ ਭੀ ਨਹੀਂ ਚਾਹਤਾ ਉਹ ਭੀ ਜਗਿਆਸੂ ਸੇ ਕਹਿਤੇ ਹੈਂ ਮਨ ਮੇਰੇ ਕੋ ਦੇਹ। ਸੋ ਇਸੀ ਪ੍ਰਕਾਰ ਬਿਨਾਂ ਵਿਦਵਾਨ ਗੁਰੂ ਸੇ ਵੇਦੋਂ ਕੇ ਮਨ ਮਾਨੇ ਅਰਥ ਕਰ ਭ੍ਰਮ ਮੇਂ ਪੜ ਜਾਤੇ ਹੈਂ, ਕਿਉਂਕਿ ਪਹਿਲੇ ਤੋ ਵਕਤਾ ਮੇਂ ਚਾਰ ਦੋਸ਼ ਹੋਤੇ ਹੈਂ। ਏਕ ਵਿਪ੍ਰਲਿਪਸਾ ਯਾਨੇ ਠਗਨੇ ਕੀ ਇਛਾ ਔਰ ਭ੍ਰਮ ਜੋ ਬਾਤ ਸ਼ਿਸ਼ ਕੋ

ਕਹਿਨੀ ਹੋਵੇ ਪਹਿਲੇ ਉਸ ਮੇਂ ਅਪਨੇ ਕੋ ਸੰਦੇਹ ਹੋਨਾ। ਤੀਸਰਾ ਪ੍ਰਮਾਦ ਚੌਥਾ ਕਰਣ। ਅਪਟੂਵਤਾ ਯਾਨੇ ਸਾਧਨੋਂ ਮੇਂ ਅਚਤੁਰ ਹੋਨਾ, ਭਾਵ ਸਮਝਾਨੇ ਮੇਂ ਚਤੁਰ ਨ ਹੋਣਾ ਯੇ ਚਾਰ ਗੁਰੂ ਮੇਂ ਦੋਸ਼ ਹੈਂ ਔਰ ਚਾਰ ਹੀ ਸ਼ਿਸ਼ ਮੇਂ ਦੋਸ਼ ਹੈਂ। ਏਕ ਅਸ਼੍ਰਧਾ, ਦੂਸਰੀ ਬੁਧਿ ਕੀ ਮੰਦਤਾ, ਤੀਸਰੀ ਵਿਸ਼ਯਾਸ਼ਕਤੀ, ਚਉਥੀ ਦੁਰਾਗ੍ਰਹ ਯਾਨੇ ਕੁਤਰਕ ਔ ਹਠ। ਚਾਰ ਦੋਸ਼ ਸੇ ਰਹਿਤ ਗੁਰੂ ਔਰ ਚਾਰ ਦੋਸ਼ ਸੇ ਰਹਿਤ ਸ਼ਿਸ਼ ਹੋਵੇ ਫਿਰ ਯਥਾਰਥ ਵਾਕਯ ਸੁਨੇ ਜਾਵੇਂ ਤਬ ਸ਼ਬਦ ਬੋਧ ਹੋਤਾ ਹੈ, ਪਰੰਤੂ ਸ਼ਬਦ ਬੋਧ ਮੇਂ ਤੀਬਰ ਜਗਿਆਸਾ ਭੀ ਕਾਰਣ ਹੈ। ਜਗਿਆਸਾ ਰਹਿਤ ਕੋ ਕਿਤਨੇ ਸ਼ਬਦ ਸੁਨਾਏ ਜਾਵੇਂ ਤੋ ਸ਼ਬਦ ਬੋਧ ਕੋ ਪੈਦਾ ਕਰਨੇ ਵਾਲਾ ਨਹੀਂ ਹੋਵੇਂਗੇ। ਇਸ ਪ੍ਰਕਾਰ ਕੇ ਪ੍ਰਸੰਗ ਸ੍ਰਵਣ ਕਰਾਤੇ ਭਏ। ਇਸ ਵਾਸਤੇ ਦੋ ਤਰਹ ਕਾ ਉਪਦੇਸ਼ ਲਿਖਾ ਹੈ-ਏਕ ਵਿਹੰਗ ਯਾਨੇ ਪੰਖੀ ਮਾਰਗ, ਦੂਸਰਾ ਚੀਟੀ ਮਾਰਗ। ਪੰਖੀ ਜੈਸੇ ਉਡਾਰੀ ਮਾਰ ਕਰ ਜਲਦ ਊਪਰ ਜਾ ਬੈਠਤਾ ਹੈ ਚੀਟੀ ਯਾਨੇ ਕੀੜੀ ਧੀਰੇ ਧੀਰੇ ਚੜ੍ਹ ਕਰ ਦੇਰੀ ਸੇ ਊਪਰ ਪਹੁੰਚਤੀ ਹੈ ਤੈਸੇ ਉਤਮ ਅਧਿਕਾਰੀ ਕੋ ਏਕ ਵਚਨ ਹੀ ਬੋਧ ਕਰਤਾ ਹੈ ਮੰਦ ਕੋ ਅਨੇਕ ਵਾਰੀ ਸਮਝਾਨੇ ਪਰ ਬੋਧ ਹੋਤਾ ਹੈ।

**ਸ਼ੁਕਸ੍ਯ ਵਾਮਦੇਵਸ੍ਯ ਦ੍ਵੇ ਸਿਰਤੀ ਦੇਵ ਨਿਰੰਮਿਤੇ ਸ਼ੁਕੋ ਵਿਹੰਗਮਃ ਪ੍ਰੋਕ੍ਤੋ ਵਾਮਦੇਵਸਤੁ ਪਪੀਲਕਃ ॥ ੧ ॥ ਦੁਵਉ ਇਮਉ ਅਤਿ ਪੰਥਾਨਉ ਬ੍ਰਹਮ ਪ੍ਰਾਪਤਿ ਕਰਉ ਸ਼ਿਵਉ ਸਦ੍ਯੋ ਮੁਕ੍ਤਿ ਪ੍ਰਦਸ੍ਯ ਏਕਃ ਕ੍ਰਮ ਮੁਕ੍ਤਿ ਪ੍ਰਦਃ ਪਰਃ ॥ ੨ ॥**

ਅਰਥ-ਪਰਮੇਸ਼ੁਰ ਨੇ ਦੋ ਮੁਕਤੀ ਕੇ ਰਸਤੇ ਬਨਾਏ ਹੈਂ-ਏਕ ਸੁਕਦੇਵ ਵਾਲਾ, ਦੂਸਰਾ ਵਾਮ ਦੇਵ ਵਾਲਾ। ਸੁਕਦੇਵ ਵਾਲੇ ਕੋ ਵਿਹੰਗਮ ਯਾਨੇ ਪੰਖੀ ਮਾਰਗ ਕਹਤੇ ਹੈਂ। ਵਾਮ ਦੇਵ ਵਾਲੇ ਕੋ ਪਪੀਲਕਾ ਯਾਨੇ ਚੀਉਂਟੀ ਮਾਰਗ ਕਹਤੇ ਹੈਂ ॥ ੧ ॥ ਦੋਨੋਂ ਹੀ ਬ੍ਰਹਮ ਪ੍ਰਾਪਤਿ ਕਰਨੇ ਵਾਲੇ ਮਾਰਗ ਹੈਂ ਪਰੰਤੂ ਵਿਹੰਗਮ ਮਾਰਗ ਸ਼ੀਘ੍ਰ ਮੁਕਤੀ ਦੇਨੇ ਵਾਲਾ ਹੈ ਔਰ ਪਪੀਲਕਾ ਮਾਰਗ ਦੇਰੀ ਸੇ ਮੁਕਤੀ ਦੇਨੇ ਵਾਲਾ ਹੈ ॥ ੧ ॥

ਫੇਰ ਸੰਮਤ ੧੯੭੯ ਮੇਂ ਭਾਈ ਜਗਦੀਸ਼ ਸਿੰਘ ਔਰ ਈਸ਼ਰ ਸਿੰਘ ਆਏ ਔਰ ਆਪ ਕੋ ਕਹਿਨੇ ਲਗੇ ਕਿ ਆਪ ਕੇ ਨੇਤ੍ਰ ਅਛੇ ਹੋਨੇ ਪਰ ਹਮ ਨੇ ਅਖੰਡ ਪਾਠ ਸੁਖਿਆ ਸੀ ਸੋ ਅਬ ਆਪ ਕੇ ਨੇਤ੍ਰ ਰਾਜੀ ਹੈਂ ਅਖੰਡ ਪਾਠ ਜੀਵਨ ਆਸ਼੍ਰਮ ਮੇਂ ਰਖਿਆ ਜਾਵੇ ਔਰ ਆਪ ਭੀ ਪਾਠ ਕਰੇਂ ਤਬ ਅਖੰਡ ਪਾਠ ਰਖਿਆ ਗਇਆ। ਆਪ ਦੋ ਪਾਠੀਓਂ ਕੀ ਜਗਹ ਪਾਠ ਕਰਤੇ ਥੇ ਬਾਕੀ ਪਾਠ ਦੂਸਰੇ ਪਾਠੀ ਕਰਤੇ ਥੇ ਪਾਠ ਸਪਤਮੀ ਕੋ ਰਖਯਾ ਔਰ ਨੌਮੀ ਕੋ ਭੋਗ ਪਾਇਆ ਕਿਉਂਕਿ ਜੀਵਨ ਆਸ਼੍ਰਮ ਮੇਂ ਜੀਵਨ ਮਲ ਕੇ ਨਾਮ ਪਰ ਭਾਈ ਈਸ਼ਰ ਸਿੰਘ ਔਰ ਮਾਈ ਗੰਗਾ ਦੇਵੀ ਪਾਠ ਕਰਾ ਕਰ ਸਾਲਾਨਾ ਭੰਡਾਰਾ ਕਰਾਯਾ ਕਰਤੇ ਥੇ ਸਾਥ ਹੀ ਯੇ ਸਮਾਗਮ ਮਿਲਾਯ ਦੀਆ ਬੜੀ ਧੂਮ ਧਾਮ ਸੇ ਖੁਲ੍ਹਾ ਭੰਡਾਰਾ



ਕਰਵਾਯਾ। ਖਟ ਦਰਸ਼ਨ ਬੁਲਾਏ ਗਏ ਤਥਾ ਭਗਤ ਲੋਕ ਭੀ ਬਹੁਤ ਕਠੇ ਹੂਏ ਥੇ ਅੰਮ੍ਰਿਤਸਰ ਕੇ ਪ੍ਰੇਮੀ ਬਹੁਤ ਆਏ ਥੇ ਭੋਗ ਵਾਲੇ ਦਿਨ ਆਪ ਨੇ ਦੋ ਘੰਟੇ ਕਥਾ ਕੀ ਸਭ ਸੰਗਤ ਸਾਧੂ ਤਥਾ ਭਗਤ ਲੋਕ ਬੜੇ ਗਦ ਗਦ ਹੂਏ ਫੇਰ ਭੰਡਾਰੇ ਮੇਂ ਆਪ ਪੰਗਤ ਮੇਂ ਅਪਨੇ ਹਾਥ ਸੇ ਸਭ ਚੀਜ਼ਾਂ ਵਰਤਾਤੇ ਰਹੇ ਸਭ ਲੋਕ ਬੜੇ ਪ੍ਰਸੰਨ ਹੂਏ। ਦੂਸਰੇ ਦਿਨ ਭਾਈ ਬਿਸ਼ਨ ਸਿੰਘ ਈਸ਼ਰ ਸਿੰਘ ਹੋਰ ਪ੍ਰੇਮੀ ਮਾਈ ਗੰਗਾ ਦਾ ਸਾਰਾ ਪਰਿਵਾਰ ਤਥਾ ਭਾਈ ਜਗਦੀਸ਼ ਸਿੰਘ ਬੈਂਕ ਬਾਬੂ ਜੋ ਆਪ ਮੇਂ ਬੜੀ ਸ਼ਰਧਾ ਔਰ ਪ੍ਰੇਮ ਰਖਤਾ ਥਾ ਕਿਉਂਕਿ ਆਪ ਨੇ ਉਸ ਕੇ ਦਾਦੇ ਭਾਈ ਖੜਕ ਸਿੰਘ ਜੀ ਕੇ ਪਾਸ ਬਾਲਯ ਅਵਸਥਾ ਮੇਂ ਲਘੂ ਕੌਮਦੀ ਪੜ੍ਹੀ ਸੀ। ਉਨ੍ਹੋਂ ਨੇ ਅਪਨੇ ਖਰਚ ਸੇ ਧਰਮ ਅਰਥ ਅਪਨੇ ਘਰ ਮੇਂ ਪਾਠਸ਼ਾਲਾ ਖੋਲ੍ਹੀ ਸੀ। ਇਸ ਵਾਸਤੇ ਜਗਦੀਸ਼ ਸਿੰਘ ਜੀ ਆਪ ਪਰ ਬੜੀ ਸ਼ਰਧਾ ਰਖਤੇ ਥੇ ਔਰ ਤਨ ਮਨ ਧਨ ਸੇ ਸੇਵਾ ਕਰਤੇ ਥੇ। ਓਹ ਭੋਗ ਪਾ ਕਰ ਭੰਡਾਰਾ ਕਰਾ ਕਰ ਆਪ ਕੀ ਆਗਿਆ ਪਾ ਕਰ ਜਬ ਦਸ਼ਮੀ ਕੋ ਅੰਮ੍ਰਿਤਸਰ ਗਏ। ਦੂਸਰੇ ਦਿਨ ਏਕਾਦਸੀ ਕੋ ਆਪ ਨੇ ਕਹਾ ਹਮ ਏਕਾਦਸ਼ੀ ਬ੍ਰਤ ਰਖੇਂਗੇ ਉਸ ਵੇਲੇ ਗੁਜਰਖਾਨੇ ਕੇ ਪ੍ਰੇਮੀ ਪਾਸ ਬੈਠੇ ਉਨ੍ਹੋਂ ਨੇ ਕਹਾ ਅਛਾ ਮਹਾਰਾਜ! ਫਲੋਹਾਰ ਹਮ ਲੇ ਆਏਂਗੇ ਕਹਾ ਅਛਾ ਏਕਾਦਸ਼ੀ ਵਾਲੇ ਦਿਨ ਭੀ ਆਪ ਸਵੇਰੇ ਰੋਜ਼ਾਨਾ ਕੀ ਤਰਹ ਘੂਮਨੇ ਵਾਸਤੇ ਗਏ ਔਰ ਲੋਟ ਕੇ ਆਏ ਕਹਾ ਅਜ ਤੋ ਤੁਰਿਆ ਨਹੀਂ ਜਾਤਾ ਸ਼ਾਇਦ ਬੁਖਾਰ ਹੋ ਜਾਏਗਾ। ਮੈਂ ਨੇ ਕਹਾ ਅਖੰਡ ਪਾਠ ਮੇਂ ਆਪ ਜ਼ਿਆਦਾ ਤਕਲੀਫ ਕਰਤੇ ਰਹੇ। ਥਕਾਵਟ ਕਾ ਬੁਖਾਰ ਹੋਗਾ ਫਿਰ ਬੁਖਾਰ ਹੋ ਹੀ ਗਇਆ ਫੇਰ ਸ਼ਾਮ ਕੋ ਪ੍ਰੇਮੀ ਫਲੋਹਾਰ ਲੇ ਆਏ ਪਰੰਤੂ ਆਪ ਨੇ ਕਹਾ ਬਿਲਕੁਲ ਨਹੀਂ ਖਾਣਾ, ਬਹੁਤ ਜ਼ੋਰ ਲਗਾਨੇ ਸੇ ਹਥ ਲਗਾ ਕੇ ਦਾਸ ਕੋ ਆਗਿਆ ਕਰੀ ਤੁਮ ਖਾ ਲੋ ਤਦ ਦਾਸ ਨੇ ਖਾ ਲੀਆ ਬਾਕੀ ਹੋਰ ਜਗ੍ਹਾ ਬਾਂਟ ਦੀਆ। ਦੁਆਦਸ਼ੀ ਕੋ ਭੀ ਆਪ ਕੋ ਬੁਖਾਰ ਕਾ ਜ਼ੋਰ ਰਹਾ। ਡਾਕਟਰ ਆਏ ਦਵਾਈਆਂ ਦੀਆਂ। ਤ੍ਰੋਦਸ਼ੀ ਕੋ ਆਪ ਰਾਜੀ ਹੋ ਗਏ ਅਸ਼ਨਾਨ ਕਰਕੇ ਆਪ ਕੋ ਜੋ ਡਾਕਟਰ ਨੇ ਕਹਾ ਥਾ ਸਾਬੂਦਾਨਾ ਆਦਿ ਖਾਓ ਸੋ ਖਾਯਾ ਦੂਧ ਪੀਆ ਫੇਰ ਸੰਗਤ ਬਹੁਤ ਆਤੀ ਰਹੀ ਆਪ ਸਭ ਕਾ ਸਤਿਕਾਰ ਕਰਤੇ ਰਹੇ ਔਰ ਮੇਰੇ ਸੇ ਸਤਿਕਾਰ ਕਰਾਤੇ ਰਹੇ। ਜਬ ਸਾਰੀ ਸੰਗਤ ਚਲੀ ਗਈ ਏਕਾਂਤ ਕਾ ਮੌਕਾ ਦੇਖਾ ਤਬ ਇਸ ਦਾਸ ਕੀ ਤਰਫ ਆਪ ਨੇ ਬੜੇ ਪ੍ਰੇਮ ਕੇ ਨੇਤ੍ਰੋਂ ਸੇ ਦੇਖਾ ਔਰ ਪਾਸ ਬਿਠਾ ਕੇ ਬਹੁਤ ਪ੍ਰਕਾਰ ਕੇ ਸਦ ਉਪਦੇਸ਼ ਕਰੇ ਔਰ ਕਹਾ ਅਬ ਮੇਰਾ ਸ਼ਰੀਰ ਨਹੀਂ ਰਹੇਗਾ ਦੋ ਤੀਨ ਦਿਨ ਕੇ ਅੰਦਰ ਚਲਾ ਜਾਏਗਾ ਤੂੰ ਤਕੜਾ ਰਹੀਂ ਅਨੇਕ ਪ੍ਰਕਾਰ ਕੀਆਂ ਸਿਖਿਆਏਂ ਦਿਤੀਆਂ। ਉਸ ਵਕਤ ਇਸ ਦਾਸ ਕੇ (ਮੇਰੇ) ਨੇਤ੍ਰੋਂ ਮੇਂ ਆਸੂ ਭਰ ਆਏ ਪਰੰਤੂ ਆਪ ਨੇ ਬਹੁਤ ਧੀਰਜ ਦੀਆ ਔਰ ਬੜੇ ਹੀ ਪ੍ਰੇਮ ਕੇ ਨੇਤ੍ਰੋਂ ਸੇ ਆਪ ਦਾਸ ਕੀ ਤਰਫ ਬਾਰ ਬਾਰ ਦੇਖਤੇ ਰਹੇ ਔਰ ਦਾਸ ਭੀ ਬਾਰ ਬਾਰ ਆਪ ਕੀ ਤਰਫ ਪ੍ਰੇਮ ਸੇ ਦੇਖਤਾ ਰਹਾ। ਸੰਤ ਪਰਮਾਨੰਦ ਜੀ ਭੀ ਮੇਰੇ ਨਾਲ ਸੇਵਾ ਮੇਂ ਰਹਿਤੇ ਥੇ ਉਸ ਕੋ ਭੀ ਆਪ ਧੀਰਜ ਦੇਤੇ ਰਹੇ। ਫਿਰ ਸੰਗਤਾਂ ਬਹੁਤ ਆ ਗਈਆਂ ਪੂਰਵੋਕਤ ਮਹਾਤਮਾ ਸਾਰੇ ਆਏ ਔਰ ਆਪ ਨੇ ਦਾਸ ਕੋ ਕਹਾ ਸਭ ਕੋ ਡੰਡਉਤ ਕਰੋ ਆਸ਼ੀਰਵਾਦ ਲਓ

ਇਸ ਪ੍ਰਕਾਰ ਤ੍ਰਯੋਦਸ਼ੀ ਕਾ ਦਿਨ ਗੁਜਰ ਗਿਆ ਜੋ ਡਾਕਟਰ [illegible] ਦੇਤੇ ਥੇ ਉਸ ਕੋ ਆਪ ਵਰਤ ਲੇਤੇ ਥੇ। ਫੇਰ ਸੰਗਤ ਕੀ ਭੀੜਾ ਬਹੁਤ ਹੋਨੇ ਲਗੀ ਹਰਿਦੁਆਰ ਕਨਖਲ ਸੇ ਪ੍ਰੇਮੀ ਆਨੇ ਲਗੇ ਤਥਾ ਸਭ ਸਾਧੂ ਲੋਗ ਬਹੁਤ ਆਨੇ ਲਗੇ। ਆਪ ਸਭ ਕਾ ਅਛੀ ਤਰਹ ਸਤਿਕਾਰ ਕਰਤੇ ਥੇ ਐਸੇ ਚਤੁਰਦਸ਼ੀ ਕਾ ਦਿਨ ਗੁਜਰ ਗਿਆ ਅਮਾਵਸ ਕੋ ਮਾਈ ਮਛਲੀ ਬਹੁਤ ਸੰਗਤ ਕੋ ਸਾਥ ਲੇਕਰ ਆਈ ਔਰ ਕਹਿਨੇ ਲਗੀ ਆਜ ਹਰਿਦੁਆਰ ਜਾਨੇ ਕਾ ਸੰਕਲਪ ਹੈ ਆਗਿਆ ਲੇਨੇ ਆਈ ਹੂ ਆਪ ਨੇ ਉਨ ਕੋ ਕਹਾ ਆਜ ਨਾ ਜਾਓ ਕਲ ਸਾਡਾ ਸਮਾਗਮ ਦੇਖ ਜਾਨਾ ਉਨ੍ਹੂੰ ਕੇ ਨੇਤਰੋਂ ਮੇਂ ਆਂਸੂ ਆ ਗਏ ਕਹਿਨੇ ਲਗੇ ਨਹੀਂ ਜਾਏਂਗੇ ! ਆਪ ਉਨਕੋ ਅਛੇ ਅਛੇ ਪ੍ਰਸੰਗ ਸੁਨਾਤੇ ਰਹੇ ਫਿਰ ਹੋਰ ਮਹਾਤਮਾ ਆਤੇ ਰਹੇ ਸਭ ਕੋ ਸਤਿਕਾਰ ਕਰਕੇ ਬੈਠਾਤੇ ਰਹੇ ਮੈਨੇ ਬੜੀ ਪ੍ਰਾਰਥਨਾ ਕਰੀ ਕਿ ਆਪ ਬਹੁਤ ਬੋਲ ਚੁਕੇ ਹੋ ਮੈਂ ਕਥਾ ਕਰਤਾ ਹੂੰ। ਆਪ ਆਰਾਮ ਕਰੋ ਤਬ ਆਪ ਕਹਨੇ ਲਗੇ ਅਜ ਸਾਨੂੰ ਕਥਾ ਕਰਨੇ ਦੇ ਕੱਲ੍ਹ ਕੋ ਤੂੰਹੀ ਕਥਾ ਕਰਤਾ ਰਹੀਂ ਸਭ ਪ੍ਰੇਮ ਸੇ ਆਪ ਕੇ ਪ੍ਰਸੰਗ ਸੁਨਤੇ ਥੇ ਜਬ ਸਭ ਸੰਗਤ ਚਲੀ ਗਈ ਆਪ ਨੇ ਕਹਾ ਭੰਗ ਪੀਏ ਬਹੁਤ ਦਿਨ ਹੋ ਗਏ ਹੈਂ ਆਜ ਥੋੜੀ ਭੰਗ ਰਗੜ ਕੇ ਪਿਲਾਓ ਦਾਸ ਨੇ ਆਗਿਆ ਮਾਨ ਕਰ ਬੜੇ ਉਤਸ਼ਾਹ ਸੇ ਸ਼ਰਧਾ ਸੇ ਭੰਗ ਕੋ ਰਗੜਨਾ ਅਰੰਭ ਕੀਆ ਤਬ ਆਪ ਦਾਸ ਪਰ ਬੜੇ ਪ੍ਰਸੰਨ ਹੂਏ ਤਬ ਆਪ ਦਾਸ ਸੇ ਬੜੇ ਪ੍ਰੇਮ ਸੇ ਬਿਲਾਸ ਕਰਨੇ ਲਗ ਕਿ ਤੂੰ ਮੇਰਾ ਬੱਚਾ ਹੈਂ ਤਬ ਦਾਸ ਕਹਿਣੇ ਲਗਾ ਨਾ, ਮੈਂ ਬ੍ਰਹਮ ਹੂੰ ਮੈਂ ਕਿਸੀ ਕਾ ਬੱਚਾ ਨਹੀਂ ਤਬ ਆਪ ਨੇ ਬੜੇ ਲਾਡ ਸੇ ਉਠ ਕੇ ਦਾਸ ਕੋ ਛਾਤੀ ਨਾਲ ਲਗਾਇਆ ਔਰ ਕਹਿਨੇ ਲਗੇ ਬੱਚਾ ਨਹੀਂ ਮੈਂ ਨੇ ਤੇਰੇ ਕੋ ਪੜ੍ਹਾਇਆ ਪਾਲਾ। ਮੈਂ ਨੇ ਹੀ ਤੇਰੇ ਕੋ ਬ੍ਰਹਮ ਬਤਲਾਯਾ। ਤਬ ਦਾਸ ਨੇ ਕਹਾ ਹਾਂ ਮੈਂ ਆਪ ਕਾ ਬੱਚਾ ਹੀ ਹੂੰ। ਇਸ ਸੇ ਪਹਿਲੇ ਭੀ ਕਈ ਵਾਰੀ ਐਸੇ ਬਿਲਾਸ ਕਰ ਚੁਕੇ ਥੇ ਏਕ ਦਿਨ ਆਪ ਜਲ ਵਰਤ ਰਹੇ ਸੀ ਦਾਸ ਜਲ ਦੇ ਰਹਾ ਸੀ ਤਬ ਬਿਲਾਸ ਕਰਤੇ ਹੂਏ ਕਹਿਨੇ ਲਗੇ ਕਿ ਅਬ ਹਮ ਮਰ ਜਾਏਂਗੇ ਹਮਾਰੇ ਪੀਛੇ ਨਾ ਕੋਈ ਪਾਠ ਕਰੇਗਾ ਨ ਕੋਈ ਭੰਡਾਰਾ ਕਰਾਏਗਾ ਨ ਕੋਈ ਚੇਲਾ ਹੈ ਨ ਕੋਈ ਚੇਲੀ ਹੈ ਤੂੰ ਚੇਲਾ ਹੈਂ ਸੋ ਪੈਸਾ ਨਹੀਂ ਰਖਤਾ ਤਬ ਦਾਸ ਨੇ ਭੀ ਬਿਲਾਸ ਸੇ ਕਹਾ ਮਹਾਰਾਜ ਤੁਸੀਂ ਮਰ ਕੇ ਤੋ ਦੇਖੋ ਆਪ ਕੇ ਪੀਛੇ ਦਾਸ ਸਮਸ੍ਤ ਭੰਡਾਰੇ ਔਰ ਪਾਠ ਕਰੇਗਾ ਤਬ ਕਹਿਨੇ ਲਗੇ ਹਾਂ ਤੂੰ ਹਮਾਰਾ ਬੜਾ ਲਾਇਕ ਚੇਲਾ ਨਿਕਲੇਂਗਾ। ਐਸੇ ਕਹਿ ਕਰ ਕੰਠ ਸੇ ਲਗਾਇਆ ਫਿਰ ਹੱਸਤੇ ਹੂਏ ਕਹਿਨੇ ਲਗੇ ਕਿ ਅਸੀਂ ਮਰੇਂਗੇ ਤੂੰ ਰੋਏਂਗਾ ਤਬ ਦਾਸ ਨੇ ਕਹਾ ਕਿ-

## ਸੰਤ ਮੂਏ ਕਿਆ ਰੋਈਐ ਜਉ ਅਪੁਨੇ ਗ੍ਰਿਹਿ ਜਾਇ ॥

ਆਪ ਬ੍ਰਹਮ ਰੂਪ ਹੋਵੇਂ ਹਮ ਕਿਉਂ ਰੋਵੇਂ। ਤਬ ਆਪ ਨੇ ਹਸਤੇ ਹਸਤੇ ਕਹਾ ਅਛਾ ਇਕ ਵਾਰੀ ਤਾਂ ਰੋਏਂਗਾ। ਦਾਸ ਨੇ ਕਹਾ ਅਛਾ ਇਕ ਵਾਰੀ ਰੋਊਂਗਾ ਸੋ ਐਸੇ ਹੀ ਹੂਆ। ਐਸੇ ਬਿਲਾਸ ਹੋਤੇ ਫਿਰ ਸਾਧੂ ਭਗਤ ਬਹੁਤ ਆਨੇ ਲਗੇ ਆਪ ਕਥਾ ਵਾਰਤਾ



ਸਭ ਕੋ ਸੁਨਾਤੇ ਰਹੇ ਆਖਿਰ ਸ਼ਾਮ ਹੋ ਗਈ ਤਬ ਸ੍ਰੀ ਮਾਨ ਪੰਡਿਤ ਸੁਧੇ ਜਯੋਤਿ ਜੀ ਤਥਾ ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਏ ਤਬ ਆਪ ਨੇ ਇਨ੍ਹੂੰ ਕੋ ਭੀ ਬੜੇ ਬੜੇ ਅਛੇ ਪ੍ਰਸੰਗ ਸੁਨਾਏ। ਫਿਰ ਆਪ ਕੋ ਦਾਸ ਨੇ ਕਹਾ ਕਿ ਮੈਂ ਆਪ ਕੋ ਸੁਖਮਨੀ ਸਾਹਿਬ ਜੀ ਕਾ ਪਾਠ ਸੁਨਾਤਾ ਹੂੰ। ਤਬ ਦਾਸ ਪਾਠ ਸੁਨਾਨੇ ਲਗ ਗਯਾ। ਆਪ ਅਰਥ ਕਰਨੇ ਲਗੇ ਏਕ ਏਕ ਪੰਗਤੀ ਕੇ ਦੋ ਦੋ ਤੀਨ ਤੀਨ ਅਰਥ ਸੁਨਾਨੇ ਲਗੇ ਔਰ ਪ੍ਰਮਾਣੋਂ ਸਹਿਤ ਸੁਨਾਨੇ ਲਗੇ। ਤਬ ਪੰਡਿਤ ਰਾਮ ਸਿੰਘ ਜੀ ਕਹਿਨੇ ਲਗੇ ਐਸੇ ਅਰਥ ਤੋ ਆਪ ਸੇ ਕਭੀ ਸੁਨੇ ਨਹੀਂ। ਆਪ ਕਹਿਨੇ ਲਗੇ ਅਜ ਪਦਾਰਥ ਲੁਟਾਤੇ ਜਾਤੇ ਹੈਂ। ਕੋਈ ਉਠਾਓ ਕੋਈ ਲੂਟ ਲੋ। ਫੇਰ ਆਪ ਅਰਥ ਕਰਤੇ ਰਹੇ ਕਈ ਸੰਤ ਆਤੇ ਜਾਤੇ ਬੈਠਤੇ ਉਠਤੇ ਰਹੇ ਆਪ ਜੀ ਸੁਖਮਨੀ ਕੇ ਅਰਥ ਸੁਨਾਤੇ ਰਹੇ। ਫਿਰ ਆਪ ਸੁਨਾਨੇ ਲਗੇ ਤਬ ਗੁਰੂ ਜੀ ਯਾਨੇ ਸੰਤ ਲਹਿਣਾ ਸਿੰਘ ਜੀ ਕਹਿਣੇ ਲਗੇ ਅਜ ਤਾਂ ਬੜੇ ਅਰਥ ਸੁਨਾਤੇ ਹੋ ਅਗੇ ਤੋ ਕਭੀ ਸੁਨਾਏ ਨਹੀਂ ਆਪ ਨੇ ਕਹਾ ਕੋਈ ਅਧਿਕਾਰੀ ਨਹੀਂ ਮਿਲਾ। ਤਬ ਗੁਰੂ ਜੀ ਨੇ ਕਹਾ ਅਜ ਭੀ ਤੋ ਕੋਈ ਅਧਿਕਾਰੀ ਨਹੀਂ। ਆਪ ਕਹਿਣੇ ਲਗੇ ਅਜ ਤੋ ਪਦਾਰਥ ਫੇਂਕ ਰਹੇ ਹੈਂ, ਕੋਈ ਉਠਾ ਲੋ। ਐਸੇ ਅਰਥ ਕਰਤੇ ਕਰਤੇ ਰਾਤ੍ਰੀ ਕੇ ੧੦ ਬਜੇ ਤਕ ੧੨ ਅਸਟਪਦੀਓਂ ਕੇ ਅਰਥ ਹੋ ਗਏ। ਫੇਰ ਆਪ ਨੇ ਦਾਸ ਕੋ ਕਹਾ ਕਿ ਅਬ ਸਭ ਕੋ ਰੋਟੀ ਖਿਲਾ ਆਓ ਔਰ ਹਮਾਰੇ ਕੋ ਸਾਬੂਦਾਨਾ ਬਨਾਕੇ ਖਿਲਾਓ ਤਬ ਯੇ ਦਾਸ ਸਾਬੂਦਾਨਾ ਬਨਾਣੇ ਲਗ ਗਯਾ ਔਰ ਸਭ ਸੰਤੋਂ ਨੇ ਰੋਟੀ ਖਾ ਲੀ। ਸਾਬੂਦਾਨਾ ਲੇਕੇ ਤਿਆਰ ਕਰਕੇ ਆਪ ਕੋ ਖਿਲਾਨੇ ਆਇਆ ਤਬ ਆਪ ਜੀ ਨੇ ਆਗਿਆ ਦੀ ਕਿ ਤੁਮ ਭੀ ਭੋਜਨ ਖਾ ਲੋ। ਤਬ ਦਾਸ ਭੋਜਨ ਕਰਕੇ ਚੁਲੀ ਕਰਨੇ ਲਗਾ ਤੋ ਆਪ ਜੀ ਨੇ ਬੁਲਾਯਾ ਜਲਦੀ ਆ ਜਾ ਔਰ ਕਹਿਣੇ ਲਗੇ ਹਮਾਰੇ ਪਾਸ ਬੈਠ ਜਾ, ਸਾਰਾ ਸਾਮਾਨ ਲੇਕੇ ਬੈਠ ਜਾ, ਜਬ ਤਕ ਹਮਾਰਾ ਸਰੀਰ ਨਹੀਂ ਛੁਟੇਗਾ ਤਬ ਤਕ ਯਹਾਂ ਹੀ ਬੈਠ ਰਹਿਨਾ ਉਠਨਾ ਨਹੀਂ ਔਰ ਜੋ ਹਮ ਕਹੇਂ ਉਸ ਕੋ ਸਤਿ ਬਚਨ ਕਰਤੇ ਜਾਨਾ, ਨਾ ਨਹੀਂ ਕਰਨਾ ਔਰ ਮੇਰੇ ਅੰਤ ਕੇ ਜੋਸ਼ੀਲੇ ਸਾਰ ਰੂਪ ਵਚਨ ਹੈਂ ਔਰ ਹਮਾਰੀ ਬਾਤੋਂ ਕੋ ਯਾਦ ਰਖਨਾ ਆਰੰਭ ਨ ਕਰਨਾ ਔਰ ਆਰੰਭੀ ਕੀ ਸੰਗਤਿ ਨਹੀਂ ਕਰਨੀ ਮਾਇਕ ਵਸਤੂਓਂ ਕੋ ਥੂ ਕਰਕੇ ਸਮਝਨਾ ਏਕ ਪਰ ਭੀ ਵਿਸ੍ਵਾਸ ਨ ਕਰਨਾ ਤੋ ਯੇ ਕੋਈ ਮੇਰੀ ਅੰਤ ਤਕ ਸੇਵਾ ਕਰੇਗਾ। ਬ੍ਰਹਮ ਪਰਾਯਣ ਚਿਤ ਰਖਨਾ। ਐਸੇ ਅਨੇਕ ਉਪਦੇਸ਼ ਕਰਤੇ ਭਏ ਫਿਰ ਸੰਤ ਪਰਮਾਨੰਦ ਕੋ ਬੁਲਾਯਾ ਉਨ੍ਹੂੰ ਕੋ ਸਿਖਿਆ ਦਿਤੀ। ਫਿਰ ਪੰਜ ਸਤ ਸੰਤ ਪਾਸ ਬੈਠੇ ਸੀ ਉਨ੍ਹੂੰ ਕੋ ਸਿਖਿਆ ਦਿਤੀ ਜੈਸੇ ਸੰਤ ਸ਼ਯਾਮ ਸਿੰਘ ਜੀ ਆਦਿ ਫੇਰ ਗੁਰੂ ਜੀ ਔਰ ਪਰਮਾਨੰਦ ਜੀ ਰੋਈ ਜਾਤੇ ਥੇ ਉਨ ਕੋ ਧੀਰਜ ਦੀਆ। ਫੇਰ ਆਪ ਨੇ ਉਠ ਕਰ ਗੁਰੂ ਜੀ ਕੋ ਅਪਨੀ ਸੁਚੀ ਅੰਡੀ ਦੀ ਗੁਰੂ ਜੀ ਕੇ ਨੇਤ੍ਰੋਂ ਮੇਂ ਜਲ ਭਰ ਆਇਆ। ਆਪ ਨੇ ਉਨ ਕੋ ਧੀਰਜ ਦੀਆ। ਫੇਰ ਦਾਸ ਕੋ ਕਹਾ ਕਿ ਕੋਈ ਫਲ ਹੈ ਤੋ ਲੇ ਆਓ। ਦਾਸ ਨਾਰੰਗੀਆਂ ਲੇ ਆਇਆ। ਆਪ ਨੇ ਕਹਾ ਆਜ ਸਭ ਮਿਲ ਕਰ ਕਠੇ ਖਾਵੇਂਗੇ ਲੂਣ ਮਿਰਚ ਲਗਾਓ। ਸਭ ਸੰਤੋਂ ਕੋ

ਖਿਲਾਓ ਔਰ ਹਮ ਕੋ ਭੀ ਦਿਓ । ਤਬ ਨਾਗਪੁਰੀ ਸੰਤਰੇ ਲੇ ਆਏ, ਮੈਨੇ ਲੂਣ ਮਿਰਚ ਲਗਾ ਕੇ ਕਹਾ ਮਹਾਰਾਜ ਮੈਂ ਆਪ ਕੋ ਖਿਲਾਤਾ ਹੂੰ । ਤਬ ਆਪ ਨੇ ਕਹਾ ਮੈਂ ਆਪ ਹੀ ਖਾਊਂਗਾ ਔਰ ਸੰਤੋਂ ਕੋ ਭੀ ਦੀਏ ਪਰੰਤੂ ਗੁਰੂ ਜੀ ਯਾਨੇ ਸ੍ਵਾਮੀ ਲਹਿਣਾ ਸਿੰਘ ਜੀ ਔਰ ਸੰਤ ਪਰਮਾਨੰਦ ਜੀ ਨੇ ਨਹੀਂ ਲੀਏ । ਤਬ ਆਪ ਕਹਿਨੇ ਲਗੇ ਪ੍ਰਸ਼ਾਦ ਲਓ ਖਾਓ ਨਹੀਂ ਤੋ ਕਲ ਰੋਵੋਗੇ ਦੋ ਵਾਰ ਕਹਿਨੇ ਪਰ ਲੀਆ । ਤਬ ਦਾਸ ਕੋ ਆਪ ਜੀ ਨੇ ਕਹਾ ਅਛਾ ਸੁਖਮਨੀ ਸਾਹਿਬ ਪੜ੍ਹੋ, ਤਬ ਦਾਸ ਸੁਖਮਨੀ ਜੀ ਕਾ ਪਾਠ ਕਰਨੇ ਲਗਾ, ਆਪ ਅਰਥ ਕਰਨੇ ਲਗੇ ਐਸੇ ਹੋਤੇ ੨ ਏਕ ਬਜ ਗਯਾ। ਇਤਨੇ ਮੇਂ ਸ੍ਰੀ ਮਾਨ ਮੋਨੀ ਜੀ ਮਹਾਰਾਜ ਆਏ ਮੈਂ ਉਨ ਕੋ ਆਸਨ ਵਿਛਾ ਕੇ ਦੇਨੇ ਲਗਾ । ਮੋਨੀ ਜੀ ਆਸਨ ਲੇਵੇ ਨਹੀਂ ਤਬ ਆਪ ਨੇ ਕਹਾ ਕਿ ਮੇਰੇ ਵਚਨੋਂ ਮੇਂ ਵਿਵਧਾਨ ਨ ਪਾਓ ਜਲਦੀ ਬੈਠੋ । ਤਬ ਯੇ ਦਾਸ ਪਾਠ ਕਰਨੇ ਲਗਾ। ਸ੍ਰੀ ਮਾਨ ਮੋਨੀ ਜੀ ਕੋ ਆਪ ਨੇ ਕਹਾ ਕਿ ਅਜ ਮੇਰੇ ਵਚਨ ਸੁਨ ਲੋ ਦਰਸ਼ਨ ਇਸ ਸਰੀਰ ਕੇ ਕਲ ਕੋ ਨ ਹੋਵੇਂਗੇ ਤੁਸੀਂ ਰੋਵੋਗੇ। ਫੇਰ ਦਾਸ ਕੋ ਸਭ ਮਹਾਤਮਾ ਕੇ ਸਪੁਰਦ ਕਰਾ ਔਰ ਅਨੇਕ ਉਪਦੇਸ਼ ਦੀਏ ਪਿਆਰ ਕਰਾ ਔਰ ਕਹਾ ਅਬ ਤੂੰ ਤੀਰਥ ਯਾਤਰਾ ਕਰਕੇ ਫੇਰ ਬੈਠੇਂਗਾ । ਔਰ ਵਰ ਦੀਆ ਤੂੰ ਸੁਖੀ ਰਹੇਂਗਾ ਹਮ ਨੇ ਤੁਮ੍ਹਾਰਾ ਭਰਮ ਕਟ ਕਰ ਤੁਮ੍ਹਾਰੇ ਕੋ ਬ੍ਰਹਮ ਬੋਧ ਕਰਾਇ ਕਰ ਬ੍ਰਹਮ ਰੂਪ ਨਿਸਚੇ ਕਰਾ ਦੀਆ ਹੈ, ਐਸੇ ਬਹੁਤ ਵਚਨ ਕਹਿ ਕਰ ਫੇਰ ਆਪ ਸੁਖਮਨੀ ਸਾਹਿਬ ਕੇ ਅਰਥ ਵਿਸਥਾਰ ਸੇ ਕਰਤੇ ਕਰਤੇ ਬੀਸ ਅਸਟਪਦੀਆਂ ਸਮਾਪਤ ਕਰ ਲਈਆਂ ਇਕੀਸਵੀਂ ਅਸਟਪਦੀ ਸ਼ੁਰੂ ਕਰਨੇ ਲਗੇ-ਉਸ ਮੇਂ ਵਿਦੇਹ ਮੁਕਤ ਪੁਰਸ਼ੋਂ ਕੀ ਦਸ਼ਾ ਲਿਖੀ ਹੈ, ਆਪ ਨੇ ਵਿਦੇਹ ਮੁਕਤੀ ਕੇ ਕਹਿਨੇ ਵਾਲੀ ਯਹ ਸ੍ਰੁਤੀ ਪੜ੍ਹੀ।

**ਤਸਯ ਤਾਵਤ੍ ਏਵ ਚਿਰੰ ਯਾਵਤ੍ਨ ਵਿਮੋਖਯੇ ਅਥ ਸੰਪਤਸਯੇ ।**

ਇਹ ਸ੍ਰੁਤੀ ਪੜ੍ਹੀ ਤਬ ਆਪ ਕੀ ਜ਼ਬਾਨ ਬੰਦ ਹੋ ਗਈ । ਫੇਰ ਜ਼ੋਰ ਲਗਾ ਕਰ ਆਪ ਕਹਿਨੇ ਲੱਗੇ ਅਬ ਜ਼ਬਾਨ ਚਲਤੀ ਨਹੀਂ ਅਰਥ ਕਹਿ ਕਰ ਸਮਾਪਤ ਕਰਤਾ ਹੂੰ ਤਬ ਆਪ ਅਰਥ ਕਹਿਨੇ ਲਗੇ ਤਿਸ ਵਿਦਵਾਨ ਕੇ ਵਿਦੇਹ ਮੁਕਤੀ ਮੇਂ ਤਬ ਤਕ ਦੇਰ ਹੈ ਜਬ ਤਕ ਦੇਹ ਪਾਤ ਨਹੀਂ ਹੋਤਾ । ਦੇਹ ਪਾਤ ਕੇ ਪੀਛੇ ਯਾਨੇ ਪ੍ਰਾਣ ਨਿਕਲਨੇ ਕੇ ਪੀਛੇ ਵਿਦਵਾਨ ਬ੍ਰਹਮ ਰੂਪ ਹੋ ਜਾਤਾ ਹੈ, ਇਤਨਾ ਕਹਿਤੇ ਹੀ ਆਪ ਬ੍ਰਹਮ ਰੂਪ ਹੋ ਗਏ ਤਬ ਦਾਸ ਨੇ ਸਭ ਕੋ ਕਹਾ ਕਿ ਮਹਾਰਾਜ ਜੀ ਬ੍ਰਹਮ ਰੂਪ ਹੋ ਗਏ। ਤਬ ਸ੍ਰੀ ਮੋਨੀ ਜੀ ਕਹਿਨੇ ਲਗੇ ਅਬ ਬੋਲ ਕਰ ਥਕ ਗਏ ਹੈਂ, ਦੋ ਮਿੰਟ ਆਰਾਮ ਕਰਨੇ ਦਿਓ ਤਬ ਫੇਰ ਦਾਸ ਨੇ ਕਹਾ ਵੋਹ ਬ੍ਰਹਮ ਰੂਪ ਹੋ ਗਏ ਤਬ ਸਭ ਉਠੇ ਦੇਖਾ ਬਰਾਬਰ ਬ੍ਰਹਮ ਰੂਪ ਹੋਨੇ ਲਗੇ ਹੈਂ ਨੀਚੇ ਆਸਨ ਕਰਾਇ ਦੋ ਚੂਲੀਆਂ ਗੰਗਾ ਜਲ ਕੀਆਂ ਪਾਈਆਂ ਓਂ ਕੀ ਸਭ ਧੁਨੀ ਕਰਨੇ ਲਗੇ ਆਪ ਕੇ ਹੋਠ ਭੀ ਓਂ ਕੀ ਧੁਨੀ ਕਰਤੇ ਦਿਖਾਈ ਆਏ ਫੇਰ ਬ੍ਰਹਮ ਰੂਪ ਹੋ ਗਏ-ਘੜੀ ਦੇਖੀ ਅੰਮ੍ਰਿਤ ਵੇਲਾ ਥਾ ਪੂਰੇ ਪੌਣੇ ਦੋ ਬਜੇ ਥੇ-ਆਪ ਕੇ ਉਠਨੇ ਕਾ ਵਕਤ ਥਾ, ਆਪ ਹਮੇਸ਼ਾਂ ਦੋ ਬਜੇ ਉਠਤੇ ਥੇ ਪਹਿਲੇ



ਏਕਾਂਤ ਮੇਂ ਬੈਠਤੇ ਥੇ ਚਾਰ ਬਜੇ ਦੇ ਬਾਦ ਆਪ ਸਰੀਰ ਕ੍ਰਿਆ ਵਾਸਤੇ ਬਾਹਰ ਸ਼ੌਚ ਜਾਤੇ ਥੇ ਦਾਸ ਗਰਮ ਜਲ ਕਰਤਾ ਥਾ ਬਾਹਰ ਸੇ ਆਇ ਕਰ ਆਪ ਗਰਮ ਜਲ ਸੇ ਸਭ ਕ੍ਰਿਯਾ ਕਰਕੇ ਫੇਰ ਬੈਠ ਕਰ ਆਪ ਪਹਿਲੇ ਜਪੁਜੀ ਕਾ ਪਾਠ ਕਰਤੇ ਥੇ ਫੇਰ ਉਪਨਿਸ਼ਦੋਂ ਕਾ ਫੇਰ ਸਾਰੀ ਗੀਤਾ ਕਾ ਏਕ ਘੰਟੇ ਮੇਂ ਪਾਠ ਕਰ ਲੇਤੇ ਥੇ ਯਹ ਸਭ ਆਪ ਕਾ ਨਿਤ ਕਾ ਵਿਵਹਾਰ ਥਾ ਫੇਰ ਸੰਤੋਂ ਕੋ ਪੜ੍ਹਾਨਾ, ਫੇਰ ਸੁਖਮਨੀ ਸਾਹਿਬ ਕਾ ਪਾਠ ਕਰਨਾ, ਇਤਿਆਦੀ ਵਿਵਹਾਰ ਕਰਤੇ ਥੇ ਸੋ ਆਪ ਅਪਨੇ ਉਠਨੇ ਕੇ ਸਮੇਂ ਹੀ ਬ੍ਰਹਮ ਰੂਪ ਹੂਏ-ਸੰਮਤ ਵਾਲਾ ਦਿਨ ਥਾ-ਏਕਮ ਤਿਥੀ ਥੀ ਐਤਵਾਰ ਕਾ ਦਿਨ ਥਾ ਜਬ ਆਪ ਬ੍ਰਹਮ ਰੂਪ ਹੋ ਗਏ ਤਬ ਝਾੜੀ ਨਿਵਾਸੀ ਸਭ ਸੰਤ ਇਕੱਠੇ ਹੋ ਗਏ ਔਰ ਆਪ ਕੋ ਗੱਦੀ ਲਗਾਇ ਕਰ ਬੈਠਾਏ ਦੀਆ ਮਾਲਾ ਪਹਿਨਾ ਕਰ ਪੂਜਨ ਕੀਆ । ਫਿਰ ਸਾਰੋਂ ਨੇ ਮਿਲ ਕਰ ਦਾਸ ਸੇ ਪੂਛਾ ਮਹਾਰਾਜ ਜੀ ਕਾ ਵਿਮਾਨ ਕਿਸ ਤਰਹ ਨਿਕਾਲੋਗੇ । ਅਗਰ ਧੂਮ ਧਾਮ ਸੇ ਨਿਕਾਲੋਗੇ ਤੋ ਸਮਸਟੀ ਭੰਡਾਰਾ ਦੇਨਾ ਪੜੇਗਾ । ਅਗਰ ਚੁਪ ਚਾਪ ਸੇ ਨਿਕਾਲੋਗੇ ਤੋ ਕੁਛ ਨਹੀਂ ਕਰਨਾ ਪੜੇਗਾ । ਤਬ ਦਾਸ ਨੇ ਕਹਾ ਕਿ ਮੈਂ ਮਹਾਰਾਜ ਜੀ ਸੇ ਬਾਣੀ ਕਰ ਚੁਕਾ ਹੂੰ ਕਿ ਸਮਸ਼ਟੀ ਭੰਡਾਰਾ ਕਰੇਂਗੇ, ਪਾਠ ਕਰੇਂਗੇ ਸੋ ਧੂਮ ਧਾਮ ਸੇ ਵਿਮਾਨ ਨਿਕਾਲੇਂਗੇ ਉਸ ਵਕਤ ਪੰਜਾਬ ਸਿੰਧ ਛੇਤ੍ਰ ਮੇਂ ਕਹਿ ਕਰ ਸੁੰਦਰ ਪਾਲਕੀ ਬਨਵਾਈ ਔਰ ਫੂਲੋਂ ਕੇ ਟੋਕਰੇ ਮੰਗਵਾਏ । ਰਾਗੀ ਬਹੁਤ ਆ ਗਏ ੫-੬ ਜੋੜੀਆਂ ਬਾਜੇ ਆ ਗਏ । ਬੜੇ ਬੜੇ ਮਹਾਤਮਾ ਇਕੱਤ੍ਰ ਹੋ ਗਏ, ਜੈਸੇ ਸ੍ਰੀ ਮਾਨ ਪੰਡਿਤ ਸ੍ਵਯੰ ਜਜੋਤਿ ਜੀ ਪੰਡਿਤ ਰਾਮ ਸਿੰਘ ਜੀ ਤਥਾ ਸ੍ਰੀ ਮਾਨ ਸਵਾਮੀ ਕਵਲ ਦਾਸ ਜੀ ਆਦਿ ਇਕੱਤ੍ਰ ਹੋ ਗਏ । ਤਬ ਮੈਂ ਨੇ ਸਭ ਕੇ ਆਗੇ ਪ੍ਰਾਰਥਨਾ ਕੀ ਕਿ ਸ੍ਰੀ ਮਾਨ ਪੰਡਿਤ ਮਹਾਰਾਜ ਜੀ ਇਸ ਵਕਤ ਵਿਦੇਹ ਮੁਕਤੀ ਕੋ ਪ੍ਰਾਪਤ ਹੂਏ ਹੈਂ । ਵਿਦੇਹ ਮੁਕਤੀ ਮੇਂ ਜੋ ਆਨੰਦ ਹੈ ਉਸ ਕੀ ਉਪਮਾ ਕੋ ਕੋਈ ਕਹਿ ਸਕਤਾ ਹੈ ਕਿ ਨਹੀਂ ਤਬ ਸਭ ਨੇ ਕਹਾ ਕਿ ਵਿਦੇਹ ਮੁਕਤੀ ਕੇ ਆਨੰਦ ਕੀ ਉਪਸਾ ਕਹੀ ਨਹੀਂ ਜਾਤੀ ਜੈਸੇ ਲਿਖਾ ਹੈ:-

**ਚੌਪਈ—ਤਾ ਉਪਮਾ ਕੋ ਔਰ ਨ ਪਯੈ। ਵਾ ਸਮ ਵਹੀ ਏਕ ਇਹ ਪਯੈ।**
**ਨੀਰਧ ਹੈ ਭਵ ਭੀਤਰ ਐਸੇ । ਨੀਰਧ ਹੋਇ ਜਗਤ ਮੈਂ ਜੈਸੇ। ਐਸੋ**
**ਗਗਨ ਅਹੇ ਭਵ ਮਾਹੀ। ਗਗਨ ਹੋਈ ਜੈਸੇ ਜਗ ਮਾਹੀ। ਤਿਉਂ ਵਿਦੇਹ**
**ਮੁਕਤਿ ਹੈ ਐਸੇ। ਵਿਦੇਹ ਮੁਕਤਿ ਹੀ ਹੈਯੇ ਜੈਸੇ । ਯਾ ਬਿਧ ਉਪਮਾ**
**ਤਾਂਕੀ ਤਾਂਕੋ। ਔਰ ਨਹੀਂ ਉਪਮਾ ਹੈ ਜਾਂਕੋ । ਅਗਿਆਨ ਨਿਵਿਰਤਿ**
**ਉਪ ਲਖਿਯਤ ਜੋਈ। ਪਰਮਾਨੰਦ ਹੋਈ ਚਿਦ ਸੋਈ।** [ਮੋਖ ਪੰਥ

ਤਥਾ ਸ੍ਰੀ ਮਾਨ ਪੰਡਿਤ ਸ੍ਵਯੰ ਜਜਤਿ ਜੀ ਕਹਿਨੇ ਲਗੇ ਕਿ ਜੈਸੇ ਪਵਨ ਸਪੰਦ ਹੂਆ

ਹੂਆ ਨਿਸਪੰਦ ਹੋ ਜਾਤਾ ਹੈ ਤੈਸੇ ਗਿਆਨੀ ਜੀਵਨਮੁਕਤ ਹੋ ਕੇ ਵਿਦੇਹ ਮੁਕਤ ਹੋ ਜਾਤਾ ਹੈ। ਐਸੇ ਬਹੁਤ ਵਿਚਾਰ ਹੋਤੇ ਰਹੇ ਫਿਰ ਬਹੁਤ ਸੰਗਤਿ ਕੱਠੀ ਹੋ ਗਈ। ਕਨਖਲ ਸੇ, ਅਖਾੜੇ, ਗੁਰਦਵਾਰੇ ਸੇ ਕੁਟੀਆ ਸੇ, ਦੇਵਪੁਰਾ ਸੇ, ਸੇਖਵਾਂ ਵਾਲੇ ਸੇ ਆਦਿ ਸਭ ਅਸਥਾਨੋਂ ਸੇ ਸੰਤ ਆ ਗਏ। ਆਪ ਕੇ ਮਿਤ੍ਰ ਪੰਡਿਤ ਬੀਰ ਸਿੰਘ ਜੀ ਜੋ ਨਿਰਮਲ ਅਖਾੜੇ ਮੇਂ ਰਹਿਤੇ ਥੇ ਵੋਹ ਭੀ ਆਏ। ਬੈਠਨੇ ਕੀ ਜਗਹ ਨ ਰਹੀ ਫਿਰ ਆਪ ਕੋ ਇਸ਼ਨਾਨ ਕਰਾ ਕਰ ਨਵੇਂ ਕਪੜੇ ਪਹਿਰਾ ਕਰ ਫੂਲੋਂ ਕੀਆਂ ਮਾਲਾਂ ਪਹਿਰਾਈਆਂ ਔਰ ਚਰਣਾਮ੍ਰਿਤ ਦਾਸ ਨੇ ਲੀਆ ਹੋਰ ਕਈ ਪ੍ਰੇਮੀਓਂ ਨੇ ਲੀਆ। ਫਿਰ ਆਪ ਕੋ ਪਾਲਕੀ ਮੇਂ ਬੈਠਾ ਕਰ ਸਵਾਰੀ ਉਠਾਈ। ਫੂਲੋਂ ਕੀ ਬ੍ਰਿਸ਼ਟੀ ਕਰਤੇ ਹੂਏ ਔਰ ਪੰਜ ੨ ਸੱਤ ੨ ਜਥੇ ਰਾਗੀਓਂ ਕੇ ਜੁਦਾ ਜੁਦਾ ਜਗਹ ਰਸਤੇ ਮੇਂ ਕੀਰਤਨ ਕਰਤੇ ਕਰਤੇ ੧ ਬਜੇ ਮਾਇਆ ਕੁੰਭ ਪਰ ਪਹੁੰਚੇ। ਉਸ ਵੇਲੇ ਪੰਡਿਤ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ ਪਹੁੰਚ ਗਏ ਸਨ ਔਰ ਵਹਾਂ ਬੈਠ ਕੇ ਕੀਰਤਨ ਕੀਆ ਔਰ ਅਨੰਦ ਸਾਹਿਬ ਤਥਾ ਕੀਰਤਨ ਸੋਹਿਲੇ ਕਾ ਪਾਠ ਕੀਆ ਫੇਰ ਨੌਕਾ ਮੰਗਾਈ ਗਈ ਆਪ ਨੇ ਨੌਕਾ ਮੇਂ ਸ੍ਰੀ ਗੰਗਾ ਜੀ ਕੀ ਧਾਰਾ ਮੇਂ ਹਮੇਸ਼ ਕੇ ਲੀਏ ਸਮਾਧੀ ਲੇ ਲੀ ਔਰ ਸੰਤ ਪਰਮਾਨੰਦ ਔਰ ਮੋਨੀ ਜੀ ਕੋ ਜ਼ਿਆਦਾ ਰੁਦਨ ਕਰਤੇ ਦੇਖ ਇਸ ਦਾਸ ਕੋ ਭੀ ਰੁਦਨ ਆ ਗਿਆ। ਔਰ ਆਪ ਕਾ ਵਚਨ ਸਫਲ ਹੋ ਗਯਾ। ਆਪ ਨੇ ਕਹਾ ਥਾ ਇਕ ਵਾਰ ਜ਼ਰੂਰ ਰੋਏਂਗਾ ਸੋ ਬਚਨ ਅਟਲ ਥਾ। ਔਰ ਆਪ ਜੀ ਕੋ ਸ੍ਰੀ ਮੋਨੀ ਜੀ ਮਹਾਰਾਜ ਸਿੱਧ ਮਾਨਤੇ ਥੇ ਸੋ ਜੋ ਆਪ ਕਹਿਤੇ ਥੇ ਸੋ ਸਤਿ ਹੋ ਜਾਤਾ ਥਾ। ਔਰ ਆਪ ਕੋ ਸੇਸ਼ ਸ਼ਾਯੀ ਔਰ ਜਲ ਸ਼ਾਯੀ ਭੀ ਕਹਿਤੇ ਥੇ ਸੋ ਆਪ ਜਲ ਸ਼ਾਯੀ ਹੋ ਗਏ। ਆਪ ਕੇ ਜਲ ਸ਼ਾਯੀ ਹੋਨੇ ਸੇ ਸਭੇ ਸੰਤੋਂ ਨੇ ਤਥਾ ਪ੍ਰੇਮੀਓਂ ਨੇ ਉਸ ਦਿਨ ਬਰਤ ਰਖਾ ਔਰ ਆਪ ਕੇ ਸ਼ਰੀਰ ਕੇ ਵਿਯੋਗ ਕਾ ਸਭ ਕੋ ਦੁਖ ਹੂਆ। ਇਸ ਵਾਸਤੇ ਕਿਸੀ ਨੇ ਅੰਨ ਜਲ ਗ੍ਰਹਿਣ ਨਹੀਂ ਕੀਆ। ਦੂਸਰੇ ਦਿਨ ਸਭ ਸੰਤ ਤਥਾ ਭਗਤ ਆਪ ਦੀ ਕੁਟੀਆ ਮੇਂ ਇਕੱਤ੍ਰ ਹੂਏ। ਔਰ ਸਭ ਅਪਨੇ ਅਪਨੇ ਉਤਸ਼ਾਹ ਸੇ ਕਹਿਨੇ ਲਗੇ ਹਮ ਮਹਾਰਾਜ ਜੀ ਕੇ ਲੀਏ ਪਾਠ ਕਰੇਂਗੇ। ਫੇਰ ਆਪ ਕੀ ਕੁਟੀਆ ਮੇਂ ਪੰਜ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤੇ ਗਏ ਸਵੇਰ ਕੋ ਪਾਠ ਹੋਤੇ ਔਰ ਸ਼ਾਮ ਕੋ ਕਥਾ ਹੋਤੀ ਸੀ ਕਨਖਲ ਕੁਟੀਆ ਸੇ ਭੀ ਬਹੁਤ ਮਹਾਤਮਾ ਆ ਗਏ। ਅੰਮ੍ਰਿਤਸਰ ਭੀ ਤਾਰ ਦਿਤੀ ਗਈ, ਭਾਈ ਈਸ਼ਰ ਸਿੰਘ ਜੀ ਅਤੇ ਮਾਈ ਗੰਗਾ ਭੀ ਦੂਸਰੇ ਦਿਨ ਪਹੁੰਚ ਗਈ ਆਪ ਕੀ ਕੁਟੀਆ ਮੇਂ ਉਤਮ ਉਤਮ ਜਰੀਦਾਰੋਂ ਕੇ ਰੁਮਾਲ ਲਗਾ ਦੀਏ ਗਏ। ਔਰ ਆਪ ਕੀ ਕੁਟੀਆ ਦਰਬਾਰ ਰੂਪ ਸੇ ਸਜਾ ਦੀ ਗਈ। ਚਾਂਦੀ ਕੀਆਂ ਸੋਟੀਆਂ ਲਗਾਈਆਂ। ਦਰਬਾਰ ਕੇ ਸਜਾਨੇ ਮੇਂ ਸ੍ਰੀ ਮਾਨ ਮ: ਸ਼ੇਰ ਸਿੰਘ ਜੀ ਔਰ ਸਤਿਨਾਮ ਸਿੰਘ ਜੀ ਮੁਖ ਥੇ। ਸਤਾਰੀ ਤਕ ਆਪ ਕੀ ਕੁਟੀਆ ਮੇਂ ਕੋਈ ਪਾਠ ਕਰਤੇ ਥੇ ਕੋਈ ਸੇਵਾ ਕਰਤੇ ਥੇ ਕਰੀਬਨ ੨੫-੩੦ ਸੰਤ ਰਹਿਤੇ ਥੇ ਮੇਲਾ ਬਣਾ ਰਹਿਤਾ ਥਾ। ਔਰ ਉਨ ਕੇ ਭੋਜਨ ਕਾ ਪ੍ਰਬੰਧ ਦਿਨ ਕੋ ਭਗਤ ਜੈਦਿਆਲ ਗੋਇੰਦ ਕਲਕਤੇ ਵਾਲੇ ਕੀ ਤਰਫ ਸੇ ਹੋਤਾ ਥਾ ਔਰ



ਰਾਤ੍ਰੀ ਕੋ ਜੀਵਨ ਆਸ਼੍ਰਮ ਮੇਂ ਮਾਈ ਗੰਗਾ ਕੀ ਤਰਫ ਸੇ ਹੋਤਾ ਥਾ। ਜਬ ਪੰਜ ਪਾਠ ਪੂਰੇ ਹੂਏ ਤੋ ੩ ਪਾਠ ਗੁਰੂ ਗ੍ਰੰਥ ਸਾਹਿਬ ਜੀ ਕੇ ਔਰ ਰਖੇ ਗਏ ਏਕ ਭਾਗਵਤ ਕਾ ਔਰ ਏਕ ਅਧਯਾਤਮ ਰਾਮਾਯਣ ਕਾ ਪਾਠ ਰਖਾ ਗਯਾ। ਔਰ ਉਨ ਸਭ ਪਾਠੋਂ ਕੇ ਭੋਗ ਆਪ ਜੀ ਕੀ ਸਤਾਰੀ ਵਾਲੇ ਦਿਨ ਪਾਏ ਗਏ ਉਸ ਦਿਨ ਬੜਾ ਭਾਰੀ ਸਮਾਗਮ ਥਾ। ਹਰਿਦੁਆਰ ਕਨਖਲ ਅੰਮ੍ਰਿਤਸਰ ਸਿੰਧ ਪੰਜਾਬ ਰਾਵਲ ਪਿੰਡੀ ਕੇ ਪ੍ਰੇਮੀ ਔਰ ਰਿਸ਼ੀਕੇਸ਼ ਮੇਂ ਭਰਤ ਮੰਦਰ ਕੈਲਾਸ਼ ਤਥਾ ਸ੍ਵਰਗਾਸ਼੍ਰਮ ਆਦਿ ਅਸਥਾਨੋਂ ਕੇ ਸਭ ਮਹਾਤਮਾ, ਸੰਤ ਪ੍ਰੇਮੀ ਝਾੜੀ ਮੇਂ ਇਕੱਤ੍ਰ ਹੋ ਗਏ ਥੇ। ਬਹੁਤ ਸਮਾਗਮ ਹੂਆ। ਔਰ ਉਸ ਦਿਨ ਸਰਦਾਰਨੀ ਨਾਨਕੀ ਕੀ ਤਰਫ ਸੇ ਏਕ ਸੌ ਏਕ ਰੁਪਏ ਕਾ ਕੜਾਹ ਪ੍ਰਸ਼ਾਦਿ ਬਣਾ ਕਰ ਬਾਂਟਿਆ ਗਿਆ। ਤਥਾ ਅਨਯ ਪ੍ਰੇਮੀਓਂ ਕੀ ਤਰਫ ਸੇ ਸਮਸ਼ਟੀ ਸਰਦਾਈ ਕਾ ਭੰਡਾਰਾ ਹੂਆ। ਔਰ ਇਤਨਾ ਸਤਿਸੰਗ ਕਾ ਪ੍ਰਭਾਵ ਬੜ੍ਹਾ ਜੋ ਬਹੁਤ ਲੋਕੋਂ ਕੇ ਮੁਖ ਸੇ ਯੇ ਸੁਨਾਈ ਆਤਾ ਥਾ ਕਿ ਆਜ ਬ੍ਰਹਮ ਲੋਕ ਕਾ ਦਰਸਨ ਹੋ ਰਹਾ ਹੈ ਬ੍ਰਹਮਪੁਰੀ ਦਿਖਾਈ ਆ ਰਹੀ ਹੈ। ਔਰ ਸ੍ਰੀ ਗੁਰੂ ਜੀ ਨੇ ਵਿਆਖਯਾਨ ਮੇਂ ਕਹਾ ਕਿ ਮੇਰੇ ਕੋ ੪੫ ਵਰਸ਼ ਈਹਾਂ ਝਾੜੀ ਮੇਂ ਰਹਿਤੇ ਹੋ ਗਏ ਹਨ। ਪਰੰਤੂ ਐਸੀ ਮ੍ਰਿਤਯੂ ਮੈਨੇ ਅਜ ਤਕ ਕਿਸੀ ਕੀ ਨਹੀਂ ਦੇਖੀ ਸਭ ਲੋਕ ਕਥਾ ਤਥਾ ਵਿਆਖਿਆਨੋਂ ਦੁਵਾਰਾ ਆਪ ਕੀ ਬੜੇ ਜ਼ੋਰ ਸ਼ੋਰ ਸੇ ਉਸਤਤਿ ਕਰਨੇ ਲਗੇ ਦੀਵੇ ਜਲੇ ਤਕ ਸਭਾ ਲਗੀ ਰਹੀ। ਫਿਰ ਸਭ ਆਪੋ ਅਪਨੇ ਅਸਥਾਨੋਂ ਮੇਂ ਚਲੇ ਗਏ। ਦੂਸਰੇ ਦਿਨ ਪੰਜਾਬ ਸਿੰਧ ਛੇਤ੍ਰ ਮੇਂ ਸਪਤਾਹ ਪਾਠ ਕਾ ਭੋਗ ਔਰ ਮਾਲ ਪੂੜੋਂ ਕਾ ਭੰਡਾਰਾ ਕੀਆ ਗਿਆ ਫਿਰ ਸ੍ਰੀ ਮਾਨ ਸ੍ਵਾਮੀ ਹੀਰਾ ਲਾਲ ਜੀ ਸ੍ਵਾਮੀ ਮੋਨੀ ਜੀ ਗੁਰੂ ਜੀ ਬਾਬਾ ਜੀ ਸ੍ਰੀ ਮਾਨ ਪੰ: ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹੰਤ ਬੁਢਾ ਸਿੰਘ ਜੀ ਸੰਤ ਮੂਲ ਸਿੰਘ ਜੀ ਖੈਰਾਬਾਦ ਵਾਲੇ ਪੰ: ਰਾਮ ਸਿੰਘ ਜੀ ਔਰ ਛੇਤ੍ਰ ਕੇ ਮੈਨੇਜਰ ਲੁੜੀਂਦ ਚੰਦ ਔਰ ਜੀਵਨ ਆਸ਼੍ਰਮ ਵਾਲੇ ਪ੍ਰੇਮੀਓਂ ਕੀ ਸੰਮਤੀ ਸੇ ਨਿਰਮਲਾਸ਼੍ਰਮ ਮੇਂ ਏਕ ਅਖੰਡ ਪਾਠ ਰਖਾ ਕਰ ਸਮਸ਼ਟੀ ਭੰਡਾਰੇ ਕਰਨੇ ਕਾ ਸੰਕਲਪ ਕੀਆ ਗਯਾ। ਜਿਸ ਮੇਂ ਭਗਤ ਲੋੜੀਂਦ ਚੰਦ ਕੀ ਮਾਰਫਤ ੧੮ ਮਣ ਖੰਡ ਕੇ ਲਡੂ ਬਣਾਏ ਗਏ ਔਰ ੧੯੦੦) ਰੁਪਏ ਕਾ ਅਸਟੀਮੇਟ ਭੰਡਾਰੇ ਕਾ ਲਗਾਇਆ ਗਯਾ। ਅਖੰਡ ਪਾਠ ਕੇ ਭੋਗ ਪੜਨੇ ਪਰ ੧੭੦੦) ਰੁਪਏ ਕੀਆਂ ਅਰਦਾਸਾਂ ਉਸੀ ਵਕਤ ਹੋ ਗਈਆਂ ਸੀ, ਜਿਸ ਮੇਂ ੫੦) ਰੁਪਏ ਸ੍ਰੀ ਮਾਨ ਸੰਤ ਕਲਯਾਨ ਸਿੰਘ ਜੀ ਲਾਹੌਰ ਵਾਲੋਂ ਕੇ, ੫੦੦) ਮਾਈ ਗੰਗਾ ਦੇਵੀ ਕੀ ਅਪਨੀ ਤਰਫ ਸੇ, ੫੦੦) ਰੁਪਏ ਮਾਈ ਗੰਗਾ ਦੇਵੀ ਕੇ ਸੰਬੰਧੀ ਭਾਈ ਖੀਅਲ ਦਾਸ ਮੁਲਤਾਨ ਵਾਲੇ ਕੀ ਤਰਫ ਸੇ ਤਥਾ ਜਗਦੀਸ਼ ਸਿੰਘ ਕੀ ਤਰਫ ਸੇ, ਤਥਾ ੧੮੦) ਰੁਪਯਾ ਮਾਈ ਲਖਮੀ ਦੇਵੀ ਸੱਖਰ ਵਾਲੀ ਕੀ ਤਰਫ ਸੇ, ਤਥਾ ਦੀਵਾਨ ਗੋਬਿੰਦ ਰਾਮ ਡਿਪਟੀ ਨੇ ੫੦੦) ਰੁਪਯਾ ਭੇਜ ਦੀਆ। ਇਸੀ ਤਰਹ ਸਭ ਭਗਤੋਂ ਨੇ ਜੁਦਾ ਜੁਦਾ ਅਰਦਾਸਾ ਕਰਾਇਆ ਸਾਰਾ ੨੪੦੦) ਰੁਪਯਾ ਹੋ ਗਯਾ ਔਰ ਆਪ ਕੇ ਏਕ ਮਾਸ ਤਕ ਭੰਡਾਰੇ ਹੋਤੇ ਰਹੇ ਔਰ ਦੀਵਾਨ ਗੋਬਿੰਦ ਰਾਮ ਕਾ ਮਕਾਨ ਨਿਰਮਲ ਆਸ਼ਰਮ ਮੇਂ ਬਨ ਗਿਆ। ਵਹਾਂ ਆਪ ਕਾ ਚਿਤ੍ਰ ਯਾਨੇ ਫੋਟੋ ਏਕ ਅਲਮਾਰੀ ਮੇਂ ਅਸਥਾਪਨ ਕੀਆ ਹੈ।

ਅਬ ਯਹ ਦਾਸ ਆਪ ਕੇ ਪੀਛੇ ਸੰਖੇਪ ਪੇ ਅਪਨਾ ਬ੍ਰਿਤਾਂਤ ਲਿਖਤਾ ਹੈ ਅਪਨਾ ਜੀਵਨ ਲਿਖਨੇ ਕਾ ਖਿਆਲ ਤੋ ਨਾ ਥਾ ਪਰੰਤੂ ਸੰਤੋਂ ਭਗਤੋਂ ਕੀ ਪ੍ਰੇਰਨਾ ਸੇ ਸੰਖੇਪ ਸੇ ਲਿਖਤਾ ਹੂੰ ਆਪ ਕੇ ਪੂਰੇ ੨੪ ਚੌਬੀਸਵੇਂ ਦਿਨ ਭੰਡਾਰੇ ਕਾ ਪ੍ਰਸ਼ਾਦ ਪਾ ਕਰ ਸ੍ਰੀ ਮਾਨ ਪੰਡਿਤ ਮੂਲ ਸਿੰਘ ਜੀ ਨੈਯਯਾਕ ਜੀ ਕਾ ਭੀ ਦੇਹਾਂਤ ਹੋ ਗਯਾ ਔਰ ਉਨ ਕੀ ਸਤਾਰੀ ਮੇਂ ਭੀ ਇਸੀ ਤਰਹ ਮਿਲ ਕੇ ਸਾਧ ਸੰਗਤ ਨੇ ਪਾਠ ਭੰਡਾਰੇ ਕੀਏ ਫਿਰ ਇਸ ਸਰੀਰ ਕੇ ਪਿਤਾ ਜੀ ਭੀ ਆਪ ਕੇ ਭੰਡਾਰੇ ਮੇਂ ਆਏ ਥੇ ਉਨ੍ਹੋਂ ਨੇ ਕਹਾ ਕਿ ਗੁਰੂ ਜੀ ਕੀ ਸੇਵਾ ਤੋ ਤੁਮ ਨੇ ਪ੍ਰੇਮ ਸੇ ਕਰੀ ਅਬ ਹਮਾਰੀ ਸੇਵਾ ਕਰੋ ਤਬ ਉਨ ਕੋ ਤੀਰਥ ਯਾਤਰਾ ਕਰਾਈ ਸਤ ਅਠ ਸੰਤ ਸਾਥ ਲੇ ਕਰ ਜਮਨੋਤ੍ਰੀ ਗੰਗੋਤ੍ਰੀ ਬੁਢਾ ਕੇਦਾਰ ਤ੍ਰਿਯੋਗੀ ਨਾਰਾਇਣ ਨਵਾਂ ਕੇਦਾਰ ਨਾਥ ਬਦਰੀ ਨਾਰਾਇਣ ਔਰ ਵਹਾਂ ਸੇ ਵਾਪਸ ਲੌਟਤੇ ਪਾਂਚੋਂ ਪ੍ਰਯਾਗ ਸ੍ਰੀ ਨਗਰ ਗੁਪਤ ਕਾਂਸ਼ੀ ਆਦਿ ਸੇ ਹੋ ਕੇ ਆਖਿਰ ਰਿਖੀਕੇਸ਼ ਦੋ ਮਹੀਨੇ ਮੇਂ ਪਹੁੰਚੇ ਵਹਾਂ ਅੰਮ੍ਰਿਤਸਰ ਕੇ ਪਤਰ ਪਹੁੰਚੇ ਹੂਏ ਥੇ ਕਿ ਜਲਦੀ ਆਓ ਕਿਉਂਕਿ ਅੰਮ੍ਰਿਤਸਰ ਸਰੋਵਰ ਕੀ ਕਾਰ ਸੇਵਾ ਸ਼ੁਰੂ ਹੈ ਤਬ ਅੰਮ੍ਰਿਤਸਰ ਆ ਗਏ ਵਹਾਂ ਸਾਰੀ ਕਾਰ ਸੇਵਾ ਸਰੋਵਰ ਕੀ ਪੂਰੀ ਕਰਕੇ ਪਿਤਾ ਜੀ ਦੇਸ਼ ਕੋ ਚਲੇ ਗਏ ਔਰ ਮੈਂ ਸ੍ਰੀ ਮਾਨ ਪੰ: ਤੂਤਾਂ ਵਾਲੇ ਅਤਰ ਸਿੰਘ ਜੀ ਤਥਾ ਵਿਸ਼ਨੂੰ ਜੀ ਪੰਡਿਤ ਗੁਰਬਚਨ ਸਿੰਘ ਜੀ ਦੇਵ ਪੁਰੇ ਵਾਲੇ ਹੋਰ ਮਹਾਤਮਾ ਭੀ ਕਠੇ ਕਸ਼ਮੀਰ ਕੀ ਯਾਤ੍ਰਾ ਕੋ ਗਏ ਰਸਤੇ ਮੇਂ ਰਾਵਲ ਪਿੰਡੀ ਰਹੇ ਵਹਾਂ ਸੇ ਫਿਰ ਬਾਰਾਂ ਮੂਲੇ ਤਥਾ ਸ੍ਰੀ ਨਗਰ ਰਾਜਾ ਕੇ ਰਾਮ ਬਾਗ ਮੇਂ ਭਾਈ ਸੰਤ ਸਿੰਘ ਜੀ ਕੇ ਪ੍ਰਬੰਧ ਸੇ ਰਹੇ ਵਹਾਂ ੧੭ ਮੂਰਤੀ ਅਮਰਨਾਥ ਕੋ ਚਲੇ ਪਰੰਤੂ ਸਰਦਾਰਨੀ ਨਾਨਕੀ ਨੇ ਸੰਤੋਂ ਕੋ ਪੈਦਲ ਜਾਨੇ ਨਹੀਂ ਦੀਆ ਸਭ ਸੰਤੋਂ ਕੋ ਟਾਂਗਿਓਂ ਮੇਂ ਬੈਠਾਇ ਕਰ ਮਟਨ ਸਾਹਿਬ ਤਕ ਆਪ ਰਹਿ ਔਰ ਸਭ ਸੰਤੋਂ ਕੀ ਸੇਵਾ ਕਾ ਪ੍ਰਬੰਧ ਕੀਆ ਵਹਾਂ ਸੇ ਆ ਕੇ ਸੇਠ ਮੁਰਲੀਧਰ ਮੁਲਤਾਨੀ ਨੇ ਸਭ ਸੰਤੋਂ ਕੀ ਸੇਵਾ ਉਠਾਈ ਨਾਲ ਨਾਲ ਸਤਿਸੰਗ ਹੋਤਾ ਰਹਾ ਅਮਰ ਨਾਥ ਕੀ ਯਾਤਰਾ ਕਰਾ ਕਰ ਵਾਪਸ ਬਾਰਾਂ ਮੂਲੇ ਤਕ ਉਸ ਕੀ ਹੀ ਸੇਵਾ ਰਹੀ ਔਰ ਬਾਰਾਂ ਮੂਲੇ ਮੇਂ ਪ੍ਰੇਮੀਓਂ ਨੇ ਨਹੀਂ ਛੋੜਾ ਵਹਾਂ ਪਰ ਸ੍ਰਾਧੋਂ ਤਕ ਰਹੇ । ਫਿਰ ਵਹਾਂ ਸੇ ਵਾਪਸ ਹੋਤੇ ਦੁਮੇਲ ਗੜ੍ਹੀ ਮਾਨਸੇਹਰਾ, ਨਵਾਂ ਸ਼ਹਿਰ ਹਰੀ ਪੁਰ ਹਜਾਰਾ, ਪੰਜਾ ਸਾਹਿਬ, ਨਉਸ਼ਹਿਰਾ, ਹੋਤੀ ਮਰਦਾਨ ਹੋਤੇ ਹੂਏ ਪਿਸ਼ਾਵਰ ਪਹੁੰਚੇ ਪਿਸ਼ਾਵਰ ਮੇਂ ਸਵਾ ਮਹੀਨਾ ਰਹੇ ਭਗਤ ਛੋੜਤੇ ਨਹੀਂ ਸੀ ਪਰੰਤੂ ਪ੍ਰਯਾਗ ਰਾਜ ਕੀ ਅਰਧ ਕੁੰਭੀ ਕਾ ਬਹਾਨਾ ਕਰ ਚਲੇ ਆਏ ਭਗਤ ਰਾਮ ਚੰਦ ਗੋਪੀ ਚੰਦ ਸ਼ਿਕਾਰ ਪੁਰ ਵਾਲੋਂ ਨੇ ਬੜੀ ਸੇਵਾ ਕਰੀ ਤਥਾ ਹੋਰ ਭਗਤੋਂ ਨੇ ਬੜੀ ਸੇਵਾ ਕਰੀ। ਵਹਾਂ ਸੇ ਪੰਜਾ ਸਾਹਿਬ ਅੰਮ੍ਰਿਤਸਰ ਹੋਤੇ ਹੂਏ ਹਰਿਦੁਆਰ ਰਿਸ਼ੀਕੇਸ਼ ਪਹੁੰਚੇ ਰਿਖੀਕੇਸ਼ ਮੇਂ ਮਹਾਰਾਜ ਗੁਰੂ ਜੀ ਨੇ ਬਹੁਤ ਜ਼ੋਰ ਦੀਆ ਕਿ ਸ਼ੇਸ਼ ਸਾਈ ਭਗਵਾਨ ਅਪਨੇ ਗੁਰਦੇਵ ਜੀ ਕਾ ਪਾਠ ਔਰ ਭੰਡਾਰਾ ਜਬ ਤਕ ਤੁਮ੍ਹਾਰਾ ਸ਼ਰੀਰ ਰਹੇ ਤਬ ਤਕ ਜ਼ਰੂਰ ਕਰਾਨਾ। ਇਸ ਬਾਤ ਕੋ ਮੇਰਾ ਚਿੱਤ ਨਹੀਂ ਮਾਨਤਾ ਥਾ ਪਰੰਤੂ ਗੁਰੂ ਜੀ ਨੇ ਹਾਂ ਕਰਾ ਦਿਤੀ ਫੇਰ ਵਹਾਂ ਸੇ ਲਖਨਊ ਕਾਨਪੁਰ ਸੇ ਹੋਤੇ ਹੂਏ ਪ੍ਰਯਾਗ ਰਾਜ ਕੇ ਅਰਧ ਕੁੰਭੀ ਕੇ ਮੇਲੇ ਮੇਂ ਆਏ ਪ੍ਰਯਾਗ ਰਾਜ ਦਰਸ਼ਨ ਪਰਸਨ ਕਰਕੇ ਪਟਨੇ ਸਾਹਿਬ ਹੋ ਕਰ ਕਲਕਤੇ ਗਏ ਵਹਾਂ ਸੇ ਗੰਗਾ ਸਾਗਰ



ਹੋਕਰ ਫਿਰ ਕਲਕਤੇ ਆਏ ਕਲਕਤੇ ਸੇ ਫਿਰ ਜਗਨ ਨਾਥ ਗਏ ਵਹਾਂ ਸੇ ਫਿਰ ਕਲਕਤੇ ਆਏ ਵਹਾਂ ਪ੍ਰੇਮੀ ਬਹੁਤ ਬਣੇ ਛੋੜਤੇ ਨਹੀਂ ਥੇ ਪਰੰਤੂ ਪ੍ਰਯਾਗ ਰਾਜ ੧੯੮੦ ਕੀ ਅਰਧ ਕੁੰਭੀ ਆ ਕਰ ਕਰੀ ਫਿਰ ਵਹਾਂ ਸੇ ਕਾਂਸ਼ੀ ਹੋ ਕਰ ਗੋਰਖ ਪੁਰ ਗਏ ਵਹਾਂ ਬਾਬੂ ਮਹਾਂਬੀਰ ਪ੍ਰਸਾਦ ਕੇ ਜਹਾਂ ਅਗੇ ਭੀ ਰਹਿ ਆਏ ਥੇ ਵਹਾਂ ਹੀ ਰਹੇ ਵਹਾਂ ਸੇ ਨੇਪਾਲ ਗਏ ਨੇਪਾਲ ਜਾਤੇ ਵਕਤ ਪਿਸ਼ੌਰ ਕੇ ਭਗਤ ਮਿਲ ਗਏ ਭਾਈ ਲਛਮਨ ਸਿੰਘ ਔਰ ਵਿਸ਼ੇਸਰਾ ਦੇਵੀ ਆਦਿ ਹੋਰ ਭਗਤ ਉਨ੍ਹੋਂ ਨੇ ਬਹੁਤ ਸੇਵਾ ਉਠਾਈ ਮੇਰੇ ਸਾਥ ਸੰਤ ਸ਼ੇਰ ਸਿੰਘ ਜੀ ਸਿੰਧੀ ਸੰਪੂਰਣ ਸਿੰਘ ਜੀ ਮੋਨੀ ਆਦਿ ਹੋਰ ਭੀ ਸਨ ਵਹਾਂ ਨੇਪਾਲ ਮੇਂ ਉਸ ਸਾਲ ੮੦ ਨਿਰਮਲੇ ਸੰਤ ਇਕਤ੍ਰ ਹੂਏ ਥੇ ਰਾਜਾ ਕੀ ਤਰਫ ਆਏ ਪੰਡਿਤ ਲੋਗੋਂ ਸੇ ਵਾਰਤਾਲਾਪ ਹੋਤਾ ਥਾ ਬੜੇ ਖੁਸ਼ ਹੂਏ ਵਹਾਂ ਸੇ ਪਸ਼ੂ ਪਤੀ ਨਾਥ ਕੀ ਯਾਤਰਾ ਕਰ ਨੇਪਾਲ ਸ਼ਹਿਰ ਦੇਖ ਕਰ ਵਾਪਸ ਆਏ ਓਹੀ ਪਿਸ਼ੌਰ ਨਿਵਾਸੀ ਭਗਤ ਮੰਡਲੀ ਕੀ ਸੇਵਾ ਕਰਤੇ ਰਹੇ ਫੇਰ ਜਨਕ ਪੁਰੀ ਸੀਤਾ ਮੜ੍ਹੀ ਆਦਿ ਕੀ ਯਾਤਰਾ ਕਰ ਫੇਰ ਰਿਖੀਕੇਸ਼ ਆਏ ਰਿਖੀਕੇਸ਼ ਆ ਕਰ ਆਪ ਕਾ ਸੰ: ੧੯੮੧ ਵਾਲੇ ਦਿਨ ਅਖੰਡ ਪਾਠ ਕਾ ਭੋਗ ਪਾ ਕਰ ਆਪ ਕਾ ਵਾਰਸਿਕ ਭੰਡਾਰਾ ਕੀਆ ਭਗਤ ਲੋਗੋਂ ਨੇ ਬੜੀ ਸੇਵਾ ਕਰੀ ਫਿਰ ਛੇ ਮਹੀਨੇ ਰਿਖੀਕੇਸ਼ ਰਹਿ ਕਰ ਸੰਤ ਸ਼ੇਰ ਸਿੰਘ ਜੀ ਔਰ ਮੈਂ ਸਿੰਧ ਕੀ ਤਰਫ ਜਾਨੇ ਲਗੇ ਕਿਉਂਕਿ ਵਹਾਂ ਸੇ ਬਹੁਤ ਪਤ੍ਰ ਆ ਚੁਕੇ ਥੇ ਪਰੰਤੂ ਮਹੰਤ ਬੁਢਾ ਸਿੰਘ ਜੀ ਨੇ ਬਹੁਤ ਜ਼ੋਰ ਦੀਆ ਕਠੇ ਚਲੇਂਗੇ ਆਖਿਰ ਕਠੇ ਗਏ ਅੰਮ੍ਰਿਤਸਰ ਲਾਹੌਰ ਮੁਲਤਾਨ ਹੋਤੇ ਹੂਏ ਹਾਲਾਨੀ ਬਹਲਾਨੀ ਪਹੁੰਚੇ ਵਹਾਂ ਕੁਛ ਦਿਨ ਰਹਿ ਕਰ ਹੈਦਰਾਬਾਦ ਸਿੰਧ ਪਹੁੰਚੇ ਵਹਾਂ ਸੇ ਤਾਰ ਆਈ ਕਿ ਰਿਸ਼ੀਕੇਸ਼ ਮੇਂ ਝਾੜੀ ਕੋ ਗੰਗਾ ਜੀ ਨੇ ਡੋਬ ਦੀਆ ਹੈ ਔਰ ਬੜੇ ੨ ਮਹਾਤਮਾ ਡੋਬ ਦੀਏ ਜਿਸ ਮੇਂ ਮੁਖ ੨ ਮਹਾਤਮਾ ਸਵਾਮੀ ਹੀਰਾ ਲਾਲ ਜੀ ਗੁਰੂ ਜੀ ਬਾ: ਪ੍ਰੇਮ ਸਿੰਘ ਜੀ ਆਦਿ ਥੇ। ਤਾਰ ਸੁਣ ਕੇ ਦੀਹਾਂ ਕਨਖਲ ਆਏ ਔਰ ਤੀਨੋਂ ਮਹਾਤਮਾਓਂ ਕੇ ਨਿਮਿਤ ਸਾਧ ਸੰਗਤ ਨੇ ਮਿਲ ਕਰ ਪਾਠ ਔਰ ਭੰਡਾਰੇ ਕਰਾਏ। ਉਸ ਵਕਤ ਇਸ ਦਾਸ ਕੋ ਮੋਨੀ ਜੀ ਨੇ ਮਹੰਤ ਬੁਢਾ ਸਿੰਘ ਜੀ ਔਰ ਸੰਤ ਸੰਪੂਰਣ ਸਿੰਘ ਜੀ ਨੇ ਸ੍ਰੀ ਮਹੰਤੀ ਵਾਸਤੇ ਜ਼ੋਰ ਦੀਆ ਤਿਲਕ ਭੀ ਕੀਆ ਪਰੰਤੂ ਆਪ ਕੇ ਵਚਨ ਯਾਦ ਕਰੇ ਕਿ ਆਰੰਭ ਨ ਕਰਨਾ ਔਰ ਅਰੰਭੀ ਕੀ ਸੰਗਤ ਨ ਕਰਨੀ ਇਨ ਵਚਨੋਂ ਕੋ ਯਾਦ ਕਰ ਸ੍ਰੀ ਮਹੰਤੀ ਸ੍ਵੀਕਾਰ ਨ ਕਰੀ । ਫੇਰ ਭੀ ਕਈ ਵਾਰੀ ਜ਼ੋਰ ਦੀਆ ਪਰੰਤੂ ਆਪ ਕੇ ਵਚਨੋਂ ਕੋ ਯਾਦ ਕਰ ਸਵੀਕਾਰ ਨਹੀਂ ਕੀਆ ਤੀਨੋਂ ਮਹਾਤਮਾਓਂ ਕੇ ਭੰਡਾਰੇ ਵਗੈਰਹ ਜਬ ਸਮਾਪਤ ਹੋ ਚੁਕੇ ਤਬ ਸੰਤ ਕਰਮ ਸਿੰਘ ਤਥਾ ਸੰਤ ਕਰਤਾਰ ਸਿੰਘ ਚੇਲਾ ਮ: ਬੁਢਾ ਸਿੰਘ ਇਨ ਕੋ ਸਾਥ ਲੇਕਰ ਰਾਮੇਸ਼੍ਵਰ .ਦੁਆਰਕਾ ਕੀ ਯਾਤ੍ਰਾ ਕੋ ਗਏ ਪਹਿਲੇ ਦੇਹਲੀ ਗਏ ਵਹਾਂ ਮਹੀਨਾ ਭਰ ਰਹੇ ਲੋਗੋਂ ਨੇ ਬੜੀ ਸੇਵਾ ਕਰੀ ਫੇਰ ਅਜਮੇਰ ਨਵਾਂ ਸ਼ਹਿਰ ਅਲਵਰ ਜੈਪੁਰ ਇੰਦੌਰ ਓਅੰਕਾਰੇਸ਼੍ਵਰ ਸੇ ਹੋਤੇ ਹੂਏ ਗੋਦਾਵਰੀ ਤ੍ਰਿੰਬਕ ਹਜ਼ੂਰ ਸਾਹਿਬ ਹੈਦਰਾਬਾਦ ਦੱਖਣ ਮਦਰਾਸ ਔਰ ਬੀਚ ਮੇਂ ਅਨੇਕ ਤੀਰਥ ਕਰਤੇ ਹੂਏ ਕਾਂਚੀ ਪੁਰੀ ਤ੍ਰਿਚਨਾਪਲੀ ਪਹੁੰਚੇ ਜਹਾਂ ਸ੍ਰੀ ਰੰਗ ਜੀ ਕਾ ਮੰਦਰ ਹੈ ਕਾਵੇਰੀ ਨਦੀ ਹੈ ਵਹਾਂ ਸੇ ਮਦਰਾਸ, ਮਦਰਾਸ ਸੇ ਰਾਮੇਸ਼੍ਵਰ ਪਹੁੰਚੇ ਵਹਾਂ ਆਠ ਦਿਨ ਰਹੇ ਸ਼ਿਵਰਾਤ੍ਰੀ ਕਾ ਮੇਲਾ ਵਹਾਂ ਹੀ ਕੀਆ। ਵਹਾਂ ਸੇ ਲੌਟ ਕਰ ਫੇਰ ਕ੍ਰਿਸ਼ਨਾ

ਪਲੀ ਪਹੁੰਚੇ ਵਹਾਂ ਸੇ ਬੰਗਲੂਰ ਆਏ ਕ੍ਰਿਸ਼ਕੰਧਾ ਪੰਪਾਸਰ ਹੋਤੇ ਹੂਏ ਪੂਨਾ ਬੰਬਈ ਆਏ ਬੰਬਈ ਸੇ ਡਾਕੌਰ ਵਹਾਂ ਸੇ ਐਹਮਦਾਬਾਦ ਪਹੁੰਚੇ ਵਹਾਂ ਸੇ ਦੁਆਰਕਾ ਪਹੁੰਚੇ ਦੁਆਰਕਾ ਸੇ ਜੂਨਾਗੜ੍ਹ, ਗਿਰਨਾਰ, ਸੁਦਾਮਾ ਪੁਰੀ, ਪ੍ਰਭਾਸ ਛੇਤ੍ਰ ਹੋਤੇ ਹੂਏ ਫਿਰ ਅਹਿਮਦ ਬਾਦ ਆਏ। ਐਹਮਦਾਬਾਦ ਸੇ ਹੈਦਰਾਬਾਦ ਸਿੰਧ ਆਏ ਰਸਤੇ ਮੇਂ ਕਰਮ ਸਿੰਘ ਜੀ ਵਾਪਸ ਹੋ ਗਏ ਔਰ ਸੰਤ ਮਖਣ ਸਿੰਘ ਜੀ ਅਯੁਧਜਾ ਵਾਲੇ ਰਾਮੇਸ਼ੁਰ ਤਕ ਸਾਥ ਥੇ ਫਿਰ ਉਨ ਕੋ ਜਗਨ ਨਾਥ ਭੇਜ ਦੀਆ ਉਹ ਜਗਨ ਨਾਥ ਚਲੇ ਗਏ। ਕਰਤਾਰ ਸਿੰਘ ਜੀ ਹਮਾਰੇ ਸਾਥ ਰਹੇ ਹਮ ਸਿੰਧ ਮੇਂ ਘੂਮਤੇ ਹੂਏ ਕੋਇਟੇ ਚਮਨ ਹੋ ਕੇ ਹਰਿਦੁਆਰ ਮੇਂ ਆਏ ਇਤਨੇ ਮੇਂ ਚੌਰਾਸੀ ਕਾ ਕੁੰਭ ਆ ਗਿਆ ਹਰਿਦੁਆਰ ਆ ਗਏ ਕਨਖਲ ਰਹੇ ਔਰ ਕੁੰਭ ਮੇਂ ਮਹਾਰਾਜ ਜੀ ਕਾ ਭੰਡਾਰਾ ਸਾਲਾਨਾ ਸੰਮਤ ਵਾਲੇ ਦਿਨ ਅਖੰਡ ਪਾਠ ਕਾ ਭੋਗ ਪਾ ਕਰ ਭੰਡਾਰਾ ਕਰਵਾਇਆ, ਫੇਰ ਸ੍ਰੀ ਮਾਨ ਸੰਤ ਮਖਨ ਲਾਲ ਤਥਾ ਸ੍ਰੀ ਮਾਨ ਮਹੰਤ ਸ਼ੇਰ ਸਿੰਘ ਜੀ ਤਥਾ ਹੋਰ ਦੋ ਚਾਰ ਸਾਧੂ ਸਾਥ ਲੇ ਕਰ ਉਤਰ ਕਾਂਸ਼ੀ ਚਲੇ ਗਏ, ਗੰਗੋਤ੍ਰੀ ਤਿੰਨ ਵਾਰੀ ਮਹਾਰਾਜ ਜੀ ਕੇ ਸਾਥ ਹੋ ਆਏ ਥੇ ਫਿਰ ਉਤਰ ਕਾਂਸ਼ੀ ਮੇਂ ਦੋ ਚਾਰ ਮਹੀਨੇ ਰਹਿ ਕਰ ਵਾਪਸ ਰਿਖੀਕੇਸ਼ ਕਨਖਲ ਆਏ, ਵਹਾਂ ਸੇ ਨੌ ਮੂਰਤੀ ਸਿੰਧ ਕੋ ਗਏ ਸ੍ਰੀ ਮਾਨ ਮਹੰਤ ਸ਼ੇਰ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ ਸੰਤ ਅਰਜਨ ਸਿੰਘ ਜੀ ਹੋਤੀ ਮਰਦਾਨ ਵਾਲੇ, ਸੰਤ ਨਿਰੰਕਾਰ ਸਿੰਘ ਜੀ ਲਾਇਲਪੁਰੀਏ ਜੋ ਪਹਿਲੇ ਕਈ ਤਰ੍ਹਾਂ ਦੀ ਵਿਦਿਆ ਦੇ ਪ੍ਰਸਿਧ ਲਿਖਾਰੀ ਹਨ ਤੇ ਗੁਰਮੁਖੀ ਟਾਈਪ ਦੇ ਅੱਖਰਾਂ ਦੇ ੧੫੦ ਕਿਸਮ ਦੇ ਨਮੂਨਿਆਂ ਦੇ ਕਰਤਾ ਹਨ ਸੰਤ ਸੰਤਾ ਸਿੰਘ, ਭਗਤ ਟੇਕ ਚੰਦ ਆਦਿ ਸਾਥ ਲੇਕਰ ਪਹਿਲੇ ਸੱਖਰ ਮੇਂ ਮਿਠੀ ਸੰਗਤ ਮੇਂ ਦੋ ਮਹੀਨੇ ਰਹੇ ਫੇਰ ਹਲਾਣੀ, ਬਿਹਲਾਣੀ ਮੇਂ ਰਹਿ ਕਰ ਇਕ ਮਹੀਨਾ ਕਰਾਚੀ ਲਾਲਾ ਚੇਲਾ ਰਾਮ ਕੇ ਬਾਗ ਮੇਂ ਰਹੇ, ਫੇਰ ਹੈਦਰਾਬਾਦ, ਲਾਰਕਾਨਾ ਆਦਿ ਹੋ ਕਰ ਸੱਖਰ ਆਏ, ਵਹਾਂ ਜੈਦੇਵ ਸਿੰਘ ਔਰ ਚੇਤਨ ਸਿੰਘ ਦੋਨੋਂ ਹਮਾਰੇ ਸ਼ਿਸ਼ ਬਣੇ, ਫੇਰ ੧੯੮੫ ਮੇਂ ਆਪ ਕੇ ਭੰਡਾਰੇ ਵਾਸਤੇ ਕਨਖਲ ਆਏ, ਔਰ ਚਤਰ ਮਾਸ ਕਨਖਲ ਮੇਂ ਰਹੇ ਉਸ ਸਾਲ ਲਾਹੌਰ ਮੇਂ ਨਿਰਮਲ ਪੰਚਾਇਤੀ ਅਖਾੜੇ ਕੀ ਰੰਮਤ ਕਾ ਚਤੁਰ ਮਾਸ ਲਗਾਨਾ ਥਾ, ਲਾਹੌਰ ਵਾਲੇ ਸੰਤੋਂ ਮਹੰਤੋਂ ਨੇ ਮੇਰਾ ਨਾਮ ਲੀਆ ਕਿ ਉਨ ਕੋ ਕਥਾ ਵਾਸਤੇ ਜ਼ਰੂਰ ਲੇ ਆਉ, ਮੇਰਾ ਮਨ ਆਨੇ ਕੋ ਨਹੀਂ ਥਾ ਪਰੰਤੂ ਅਖਾੜੇ ਵਾਲੇ ਮਹੰਤ ਸੰਤ ਬਹੁਤ ਖਿਚੀ ਸੇ ਲੇ ਆਏ, ਪਹਿਲੇ ਉਸ ਅਖਾੜੇ ਸਾਥ ਸ਼ਾਹਦਰੇ ਮੇਂ ਮਹੰਤ ਗੋਵਰਧਨ ਸਿੰਘ ਜੀ ਕੇ ਦਰਸ਼ਨ ਕਰੇ, ਫੇਰ ਲਾਹੌਰ ਆ ਕਰ ਏਕ ਮਹੀਨਾ ਅਖਾੜੇ ਸਾਥ ਰਹੇ, ਵਹਾਂ ਸ੍ਰੀ ਮਾਨ ਪੰਡਿਤ ਜੀਵਨ ਸਿੰਘ ਜੀ, ਸ੍ਰੀ ਮਾਨ ਮਹੰਤ ਦਿਆਲ ਸਿੰਘ ਜੀ, ਮਹੰਤ ਦਇਆ ਸਿੰਘ ਜੀ, ਮਹੰਤ ਕ੍ਰਿਪਾ ਸਿੰਘ ਜੀ, ਮਹੰਤ ਜਵਾਹਰ ਸਿੰਘ ਜੀ, ਮਹੰਤ ਸੁਚਾ ਸਿੰਘ ਤਥਾ ਮਹੰਤ ਗੁਰਦੇਵ ਸਿੰਘ ਜੀ ਆਦਿਕ ਸੰਤੋਂ ਮਹੰਤੋਂ ਕੇ ਦਰਸ਼ਨ ਕਰੇ, ਫਿਰ ਲਾਹੌਰ ਸੇ ਗੁਜਰਾਂ ਵਾਲੇ ਆਏ, ਵਹਾਂ ਮਹੰਤ ਹਰਨਾਮ ਸਿੰਘ ਜੀ, ਸੰਤ ਸਨਮੁਖ ਸਿੰਘ ਜੀ ਆਦਿਕ ਸੰਤੋਂ ਕੇ ਦਰਸ਼ਨ ਹੁਏ, ਬਾਈਸ ਦਿਨ ਵਹਾਂ ਰਹਿ ਕਰ ਵਹਾਂ ਸੇ ਏਮਨਾਬਾਦ



ਹੋਕਰ ਸਿਆਲ ਕੋਟ ਕੇ ਰਸਤੇ ਜੰਮੂ ਚਲੇ ਗਏ, ਵਹਾਂ ਸੇ ਸ੍ਰੀ ਮਾਨ ਪੰਡਿਤ ਮਨੀ ਸਿੰਘ ਜੀ ਵਾਪਸ ਅੰਮ੍ਰਿਤਸਰ ਲੇ ਆਏ। ਫਿਰ ੧੯੮੫ ਕੇ ਸਿਆਲੇ ਮੇਂ ਸ੍ਰੀ ਅੰਮ੍ਰਿਤਸਰ ਜੀ ਰਹਿ ਕਰ ਚਾਰ ਮਹੀਨੇ ਜਪੁਜੀ ਸਾਹਿਬ ਕੀ ਕਥਾ ਕਰੀ ਵਹਾਂ ਸੇ ਫਿਰ ਸਿੰਧ ਕੇ ਪ੍ਰੇਮੀ ਬਹੁਤ ਖਿਚੀ ਕਰਕੇ ਹਾਲਾਣੀ ਮੇਂ ਭਗਤ ਤੇਜ ਭਾਨ ਕੀ ਸ਼ਾਦੀ ਪਰ ਲੇ ਗਏ ਪਾਂਚ ਸਾਤ ਮੂਰਤੀ ਸਾਥ ਥੀਂ, ਆਠ ਦਸ ਦਿਨ ਰਹਿ ਕਰ ਫਿਰ ਵਾਪਸ ਸ੍ਰੀ ਅੰਮ੍ਰਿਤਸਰ ਆ ਗਏ ਫਿਰ ਸ੍ਰੀ ਮਾਨ ੧੦੮ ਪੰਡਿਤ ਪ੍ਰੇਮ ਸਿੰਘ ਜੀ ਨੇ ਊਨੇ ਸਾਹਿਬ ਮੇਂ ਬੁਲਾਇਆ, ਵਹਾਂ ਸੇ ਜਾਕਰ ਸ੍ਰੀ ਅਨੰਦ ਪੁਰ ਸਾਹਿਬ ਮੇਂ ਹੋਲਾ ਕੀਆ, ਫਿਰ ਪੈਦਲ ਕਿਤਨੇ ਹੀ ਗੁਰਦਵਾਰਿਓਂ ਕੇ ਦਰਸ਼ਨ ਕਰਤੇ ਮਾਛੀਵਾੜੇ ਕੇ ਰਸਤੇ ਰੇਰੂ ਸਾਹਿਬ ਗੁਰਦਵਾਰੇ ਪਹੁੰਚੇ, ਵਹਾਂ ਸੇ ਕਨਖਲ ਆ ਗਏ, ਸੰਮਤ ੧੯੮੬ ਕੇ ਸੰਮਤ ਵਾਲੇ ਦਿਨ ਆਪ ਕਾ ਸਾਲਾਨਾ ਭੰਡਾਰਾ ਕਰਾਇਆ, ਫਿਰ ਭਾਈ ਈਸ਼ਰ ਸਿੰਘ, ਭਗਤ ਅਰੂੜਾ ਮਲ ਆਦਿ ਚਾਰ ਸਰੀਰ ਲੇਨੇ ਆਏ ਉਨ੍ਹੋਂ ਕੇ ਸਾਥ ਕੁਛ ਮੂਰਤੀ ਲੇ ਕਰ ਸ੍ਰੀ ਅੰਮ੍ਰਿਤਸਰ ਆ ਕਰ ਜਪੁਜੀ ਸਾਹਿਬ ਕੀ ਕਥਾ ਕਰੀ, ਚਾਰ ਮਹੀਨੇ ਕਥਾ ਕਰਕੇ ਵਹਾਂ ਸੇ ਹੀ ਪ੍ਰਯਾਗਰਾਜ ਕੁੰਭ ਪਰ ਚਲੇ ਗਏ, ਕੁੰਭ ਕਰਕੇ ਸੰਤੋਂ ਤਥਾ ਭਗਤੋਂ ਕੇ ਸਾਥ ਕਾਂਸ਼ੀ ਪਹੁੰਚੇ, ਸ਼ਿਵਰਾਤ੍ਰੀ ਵਹਾਂ ਹੀ ਕਰੀ, ਔਰ ਸ੍ਰੀ ਮਾਨ ਪੰਡਿਤ ਜੀਵਨ ਸਿੰਘ ਜੀ, ਪੰਡਿਤ ਸਵਾਮੀ ਸੰਤ ਸਿੰਘ ਜੀ ਤਥਾ ਕਾਂਸ਼ੀ ਨਿਵਾਸੀ ਸੰਤੋਂ ਨੇ ਪਾਠਸ਼ਾਲਾ ਕੀ ਸੇਵਾ ਵਾਸਤੇ ਬਹੁਤ ਪ੍ਰੇਰਨਾ ਕਰੀ ਤਥਾ ਸਵਾਮੀ ਪੰਡਿਤ ਸੰਤ ਸਿੰਘ ਜੀ ਨੇ ਬਿਨਾ ਪੂਛੇ ਹੀ ਮੇਰੇ ਕੋ ਪਾਠਸ਼ਾਲਾ ਕਾ ਉਪ ਪ੍ਰਧਾਨ ਬਨਾ ਕਰ ਨਾਮ ਰਜਿਸਟ੍ਰਡ ਕਰਾ ਦੀਆ, ਔਰ ਵਹਾਂ ਕਿਸ਼ਤੀਓਂ ਮੇਂ ਬੈਠ ਕਰ ਸ੍ਰੀ ਗੰਗਾ ਜੀ ਮੇਂ ਮਹੰਤ ਦਿਆਲ ਸਿੰਘ ਆਦਿ ਕੀਰਤਨ ਕਰਤੇ ਰਹੇ, ਸਭ ਸੰਤੋਂ ਕੇ ਸਾਥ ਨੌਕਾਓਂ ਮੇਂ ਭੰਡਾਰੇ ਹੋਤੇ ਰਹੇ, ਅਬ ਤਕ ਸੰਤ ਲੋਗ ਉਨ ਦਿਨੋਂ ਕੋ ਯਾਦ ਕਰਤੇ ਹੈਂ, ਵਹਾਂ ਸੇ ਅਜੁਧਿਆ, ਲਖਨਊ, ਨੈਮਿਸ਼ਰਾਨ, ਮਥੁਰਾ ਬਿੰਦਰਾਬਨ ਹੋਤੇ ਹੂਏ ਕਨਖਲ ਆਏ, ਵਹਾਂ ਸੇ ਆ ਕਰ ੧੯੮੭ ਮੇਂ ਆਪ ਕੇ ਨਮਿਤ ਏਕ ਭੰਡਾਰਾ ਕੀਆ, ਚਤੁਰ ਮਾਸ ਵਹਾਂ ਰਹਿ ਕਰ ਅੰਮ੍ਰਿਤਸਰ ਆਏ, ਵਹਾਂ ਸ੍ਰੀ ਮਾਨ ਸੰਤ ਟਹਿਲ ਸਿੰਘ ਜੀ ਲੰਮੀਆਂ ਵਾਲੇ ਕੀ ਪ੍ਰੇਰਨਾ ਸੇ ਸ੍ਰੀ ਨਨਕਾਣੇ ਸਾਹਿਬ ਗਏ ਵਹਾਂ ਪਟੀ ਸਾਹਿਬ ਗੁਰਦਵਾਰਾ ਮੇਂ ਦਸ ਦਿਨ ਕਥਾ ਕਰੀ ਵਹਾਂ ਸੇ ਪ੍ਰੇਮੀ ਲਾਇਲਪੁਰ ਲੇ ਆਏ ਵਹਾਂ ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਕੇ ਡੇਰੇ ਮੇਂ ਉਨ ਕਾ ਦਰਸ਼ਨ ਕਰਾ ਔਰ ਨਹਿਰ ਪਰ ਗਿਆਨ ਗੋਦੜੀ ਔਰ ਸਭ ਸੰਤੋਂ ਕਾ ਦਰਸ਼ਨ ਕਰਾ ਕੁਛ ਦਿਨ ਵਹਾਂ ਰਹਿ ਕਰ ਫਿਰ ਵੇਰਕੇ ਆ ਕਰ ਰਹੇ, ਫਿਰ ਅੰਮ੍ਰਿਤਸਰ ਆਏ, ਔਰ ਵਹਾਂ ਸੇ ਹਰਿਦਵਾਰ ਕਨਖਲ ਮੇਂ ਆ ਗਏ, ਸੰਮਤ ੧੯੮੮ ਕਾ ਚਤਰ ਮਾਸ ਵਹਾਂ ਰਹੇ ਵਹਾਂ ਕਨਖਲ ਮੇਂ ਜਨਮਦਾਤੀ ਸ੍ਰੀ ਮਤੀ ਮਾਤਾ ਜੀ ਆ ਗਏ, ਤਥਾ ਭਗਤ ਧਰਮ ਦਾਸ ਠਾਰੂ ਸ਼ਾਹ ਵਾਲਾ ਸਭ ਪ੍ਰਵਾਰ ਸਹਿਤ ਆਇਆ, ਵੁਹ ਮਾਤਾ ਜੀ ਕੋ ਸਾਥ ਲੇਕਰ ਸਭ ਤੀਰਥ ਯਾਤਰਾ ਕਰਾ ਕਰ ਫਿਰ ਮਾਤਾ ਜੀ ਕੋ ਹਰਿਦਵਾਰ ਛੋੜ ਗਏ, ਠਾਕਰੀ ਦੇਵੀ ਮਾਤਾ ਜੀ ਕੀ ਸੇਵਾ ਮੇਂ ਰਹੀ, ਫਿਰ ਹਮ ਬਹੁਤ ਸਾਧੂ ਤਥਾ ਮਾਤਾ ਜੀ ਕੋ ਸਾਥ ਲੇਕਰ ਸੰਮਤ

੧੯੮੮ ਮੇਂ ਤਰਨ ਤਾਰਨ ਸਾਹਿਬ ਕੀ ਕਾਰ ਸੇਵਾ ਪਰ ਲੇ ਆਏ ਅਗਲੇ ਭਾਦਰੋਂ ਕੇ ਮਹੀਨੇ ਮੇਂ ਵਹਾਂ ਭਗਤ ਅਰੂੜਾ ਮਲ ਕੀ ਤਰਫ ਸੇ ਬਾਹਰ ਭਾਈ ਕਰਮ ਸਿੰਘ ਕੀ ਕੁਟੀਆ ਮੇਂ ਅਨਛੇਤਰ ਲਗਵਾਇਆ, ਵਹਾਂ ਕੁਛ ਦਿਨ ਰਹਿ ਕਰ ਮਾਤਾ ਜੀ ਹਲਾਣੀ ਬਿਹਲਾਣੀ ਚਲੇ ਗਏ, ਵਹਾਂ ਜਾ ਕਰ ਅਠ ਦਿਨ ਕੇ ਬਾਦ ਮਾਤਾ ਜੀ ਕਾ ਸਰੀਰ ਛੂਟ ਗਇਆ । ਮਾਤਾ ਜੀ ਕੇ ਸਰੀਰ ਕੇ ਫੂਲ ਯਾਨੇ ਹਡੀਆਂ ਹਰਿਦਵਾਰ ਮੇਂ ਬੜੀ ਧੂਮ-ਧਾਮ ਸੇ ਅਖਾੜੇ ਤਥਾ ਸਭ ਨਿਰਮਲ ਸਮਾਜ ਨੇ ਜਲੂਸ ਨਿਕਾਲ ਕਰ ਸ੍ਰੀ ਗੰਗਾ ਜੀ ਮੇਂ ਪਾਈਆਂ, ਔਰ ਤਰਨ ਤਾਰਨ ਮੇਂ ਹਮਾਰੇ ਸਾਹਮਣੇ ਮਾਤਾ ਜੀ ਕੇ ਨਿਮਿਤ ਪ੍ਰੇਮੀ ਜਨੋਂ ਨੇ ਏਕ ਸਪਤਾਹਕ ਪਾਠ ਔਰ ਆਠ ਦਿਨ ਭੰਡਾਰੇ ਕੀਏ, ਕਾਰ ਸੇਵਾ ਮੇਂ ਹਮ ਛੇ ਮਹੀਨੇ ਵਹਾਂ ਰਹੇ, ਔਰ ਸ੍ਰੀ ਗੁਰਦੇਵ ਜੀ ਕਾ ਸਾਲਾਨਾ ਸੰਮਤ ੧੯੮੯ ਕਾ ਭੰਡਾਰਾ ਧੂਮ-ਧਾਮ ਸੇ ਕਰਾਇਆ, ਫਿਰ ਵਹਾਂ ਸੇ ਅੰਮ੍ਰਿਤਸਰ ਆਇਆ, ਤਬ ਕਨਖਲ ਸੇ ਸ੍ਰੀ ਮਾਨ ਪੰਡਿਤ ਪ੍ਰੇਮ ਸਿੰਘ ਜੀ ਨੇ ਬਹੁਤ ਲਿਖਾ ਕਿ ਜਲਦੀ ਆਓ, ਕਿਉਂਕਿ ਬ੍ਰਿਧ ਮਹਾਰਾਜ ਰਾਮ ਸਿੰਘ ਜੀ ਵਿਰਕਤ ਜੋ ਰੇਲ ਵਾ ਮੋਟਰ ਆਦਿ ਕਿਸੀ ਸਵਾਰੀ ਪਰ ਭੀ ਨਹੀਂ ਚੜ੍ਹਤੇ ਥੇ ਉਨ ਕਾ ਸਰੀਰ ਬੀਮਾਰ ਹੈ, ਮੈਂ ਵਹਾਂ ਗਇਆ ਪਰੰਤੂ ਜਾਨੇ ਸੇ ਪਹਿਲੇ ਹੀ ਉਨ ਕਾ ਸਰੀਰ ਸ਼ਾਂਤ ਹੋ ਗਇਆ, ਫੇਰ ਉਨ ਕੇ ਨਿਮਿਤ ਅਖੰਡ ਪਾਠ ਔਰ ਭੰਡਾਰਾ ਬਿਹਲਾਣੀ ਨਿਵਾਸੀ ਸ੍ਰੀ ਮਤੀ ਉਮੇਦ ਬਾਈ ਸੇ ਕਰਾਯਾ ਔਰ ਸਾਥ ਹੀ ਮਹੰਤ ਹਰਦਿਤ ਸਿੰਘ ਜੀ ਕੇ ਚੇਲੇ ਮਹੰਤ ਬੁਧ ਸਿੰਘ ਜੀ ਨੇ ਜੋ ਜ਼ਮੀਨ ਪਾਠਸ਼ਾਲਾ ਕੋ ਦੀ ਵਹਾਂ ਖੂਹਾ ਲਗਾਨੇ ਵਾਸਤੇ ਏਕ ਹਜ਼ਾਰ ਰੁਪਯਾ ਅਰਦਾਸ ਕਰਵਾਈ ਖੂਹਾ ਬਣਨੇ ਪਰ ਔਰ ਪਾਠਸ਼ਾਲਾ ਕੇ ਨਾਮ ਕਾ ਪਥਰ ਲਗਵਾਇਆ ਹੋਰ ਭੀ ਜਿਤਨਾ ਖਰਚ ਆਇਆ ਸਭ ਉਸੀ ਦੇਵੀ ਨੇ ਹੀ ਖਰਚ ਕੀਆ, ਓਹ ਚਤੁਰਮਾਸ ਕਨਖਲ ਰਹਿ ਕਰ ਸੰਮਤ ੧੯੮੯ ਕੋ ਗੋਦਾਵਰੀ ਕੇ ਕੁੰਭ ਪਰ ਜਾਨੇ ਲਗੇ ਪਰੰਤੂ ਪ੍ਰੇਮੀ ਜਨੋਂ ਨੇ ਜਾਨੇ ਨਾ ਦੀਆ, ਸ੍ਰੀ ਮਾਨ ਪੰਡਿਤ ਮਨੀ ਸਿੰਘ ਜੀ ਕੋ ਰੁਪਏ ਦੀਏ ਕਿ ਹਮਾਰੇ ਗੁਰਦੇਵ ਜੀ ਕੇ ਨਾਮ ਕਾ ਭੰਡਾਰਾ ਗੋਦਾਵਰੀ ਕੁਭ ਮੇਂ ਕਰ ਦੇਣਾ ਔਰ ਉਨ੍ਹੋਂ ਨੇ ਬੜੇ ਪ੍ਰੇਮ ਸੇ ਅਪਨੇ ਹਾਥ ਸੇ ਸੇਵਾ ਕਰਾਈ, ਔਰ ਮੇਰੇ ਕੋ ਪਾਂਚ ਮੂਰਤੀ ਕੇ ਸਾਥ ਭਾਈ ਜੋਧ ਸਿੰਘ ਖੰਡ ਵਾਲਾ ਅੰਮ੍ਰਿਤਸਰ ਨਿਵਾਸੀ ਸ਼ਿਮਲੇ ਲੇ ਗਿਆ ਔਰ ਵਹਾਂ ਸੋਲਨ ਪਹਾੜ ਮੇਂ ਸਵਾ ਮਹੀਨਾ ਰਹਿ ਕਰ ਕੇ ਸੇਵਾ ਕਰੀ ਸ੍ਰੀ ਮਾਨ ਪੰਡਿਤ ਭਾਨ ਸਿੰਘ ਜੀ ਕੇ ਪਾਸ ਆਏ, ਵਹਾਂ ਬੀਸ ਦਿਨ ਰਹਿ ਕਰ ਦੀਪ ਮਾਲਾ ਮੇਂ ਅੰਮ੍ਰਿਤਸਰ ਵੇਰਕੇ ਆ ਕਰ ਠਹਿਰੇ ਵਹਾਂ ਸੇ ਅਚਲ ਬਟਾਲਾ, ਰਮਦਾਸ ਤਥਾ ਡੇਰਾ ਬਾਬਾ ਨਾਨਕ ਤਥਾ ਕਰਤਾਰ ਪਰ ਕੀ ਯਾਤਾ ਕਰਕੇ ਵਹਾਂ ਸੇ ਸਾਂਗਲੇ ਵਾਲੇ ਭਗਤ ਲੇ ਗਏ ਔਰ ਵਹਾਂ ਸੇ ਮੁਲਤਾਨ ਮੇਂ ਦੋ ਦਿਨ ਰਹਿ ਕਰ ਭਗਤ ਗਿਰਧਾਰੀ ਦਾਸ, ਵੀਰੂ ਮਲ ਬਾਰਾਂ ਤੇਰਹ ਮੂਰਤੀ ਕੇ ਸਾਥ ਸ਼ਿਕਾਰ ਪੁਰ ਲੇ ਗਏ, ਸ੍ਰੀ ਪੰਡਿਤ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲੇ ਤਥਾ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਵੇਰਕੇ ਵਾਲੇ, ਸ੍ਰੀ ਮਾਨ ਸੰਤ ਮਨੀ ਸਿੰਘ ਜੀ, ਸੰਤ ਪ੍ਰਤਾਪ ਸਿੰਘ ਜੀ ਆਦਿ ਸਾਥ ਥੇ, ਤਥਾ ਸੰਤ ਪ੍ਰੇਮ ਸਿੰਘ ਜੀ ਹਰਿਦਵਾਰ ਵਾਲੋਂ



ਕੇ ਚੇਲੇ ਸੰਤ ਸੁਜਾਨ ਸਿੰਘ ਜੀ ਕੋ ਭੀ ਗਿਰਧਾਰੀ ਲਾਲ ਨੇ ਬੁਲਾ ਲੀਆ ਥਾ ਦੋ ਮਹੀਨੇ ਰਹਿ ਕਰ ੧੫ ਦਿਨ ਸੱਖਰ ਮੇਂ ਬਾਹਰ ਬੰਗਲੇ ਮੇਂ ਆ ਕਰ ਰਹੇ ਔਰ ਕਥਾ ਮਿਠੀ ਸੰਗਤ ਮੇਂ ਕਰਤੇ ਰਹੇ ਵਹਾਂ ਸੇ ਹਾਲਾਣੀ, ਬਹਿਲਾਣੀ, ਕੰਡਿਆਰਾ, ਕਰਾਚੀ, ਹੈਦਰਾਬਾਦ ਹੋਤੇ ਹੂਏ ਫਿਰ ਸੱਖਰ ਆਏ ਔਰ ਵਹਾਂ ਸੇ ਕਨਖਲ ਆ ਕਰ ੧੯੯੧ ਕਾ ਭੰਡਾਰਾ ਕਰਾਇਆ, ਪੂਜਯ ਪਿਤਾ ਜੀ ਭੀ ਸਾਥ ਹੀ ਰਹੇ, ਫਿਰ ਹਰਿਦੁਆਰ ਕੀ ਅਰਧ ਕੁੰਭੀ ਕਰਕੇ ਉਜੈਨ ਮੇਂ ਪਹੁੰਚੇ ਵਹਾਂ ਭੀ ਗੁਰਦੇਵ ਜੀ ਕੇ ਨਾਮ ਕਾ ਭੰਡਾਰਾ ਕੀਆ, ਔਰ ਸੰਤੋਂ ਭਗਤੋਂ ਕੋ ਅਛੀ ਤਰ੍ਹਾਂ ਘੁਮਾ ਕਰ ਦਰਸ਼ਨ ਕਰਾਏ ਵਹਾਂ ਸੇ ਲੌਟਤੇ ਵਕਤ ਕਿਤਨੇ ਤੀਰਥ ਕਰਤੇ ਹੂਏ ਚਿਤੌੜ ਗੜ੍ਹ, ਤਥਾ ਮੀਰਾਂ ਬਾਈ ਕਾ ਮੰਦਰ, ਕਾਂਕ੍ਰਲੀ ਮੇਂ ਦੇਖਾ ਫਿਰ ਪੁਸ਼ਕਰਰਾਜ, ਆਗਰਾ, ਮਥੁਰਾ, ਦੇਹਲੀ ਹੋਤੇ ਹੂਏ ਹਰਿਦਵਾਰ ਪਹੁੰਚੇ, ਫਿਰ ੧੯੯੦ ਚਤੁਰਮਾਸ ਵਹਾਂ ਰਹਿ ਕਰ ਟੇਕੂ ਕੇ ਲੜਕੇ ਲੇਖੂ ਕੋ ਸ਼ਿਸ਼ ਬਣਾ ਕਰ ਨਿਰਮਲ ਸੰਸਕ੍ਰਿਤ ਵਿਦਿਆਲਾ ਕਨਖਲ ਮੇਂ ਭਰਤੀ ਕਰਾਇਆ, ਫੇਰ ਸ੍ਰੀ ਮਹੰਤ ਪੰਡਿਤ ਜੀਵਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਰੈਮਤ ਨਿਰਮਲਾ ਅਖਾੜਾ ਮੇਂ ਕਥਾ ਕਰਨੇ ਕੇ ਲੀਏ ਅੰਮ੍ਰਿਤਸਰ ਮੇਂ ਲਾਏ । ਰਸਤੇ ਮੇਂ ਹੁਸ਼ਿਆਰ ਪੁਰ ਕੇ ਪਾਸ ਸਿੰਗੜੀ ਵਾਲਾ ਗ੍ਰਾਮ ਮੇਂ ਬ੍ਰਿਧ ਮਹਾਰਾਜ ਸੰਤ ਹੀਰਾ ਸਿੰਘ ਜੀ ਕੇ ਦਰਸ਼ਨ ਕਰੇ, ਫਿਰ ਵਹਾਂ ਸੇ ਭੂਤਾਂ ਵਾਲਾ ਗ੍ਰਾਮ ਮੇਂ ਸ੍ਰੀ ਮਾਨ ਪੰਡਿਤ ਅਤਰ ਸਿੰਘ ਜੀ ਤਥਾ ਵਿਸ਼ਨੂੰ ਜੀ ਆਦਿ ਸੰਤੋਂ ਕੇ ਦਰਸ਼ਨ ਕਰਕੇ ਅੰਮ੍ਰਿਤਸਰ ਮੇਂ ਪਹੁੰਚੇ ਵਹਾਂ ਕਵਿਰਾਜ ਸ੍ਰੀ ਮਾਨ ਸੰਤ ਹਰਭਜਨ ਸਿੰਘ ਜੀ ਕੇ ਬਣਾਏ ਹੂਏ ਨਿਰਮਲ ਛੇਤ੍ਰ ਮੇਂ ਸ੍ਰੀ ਮਹੰਤ ਜੀ ਕੇ ਸਾਥ ਕਠੇ ਰਹੇ, ਵਹਾਂ ਮਹੰਤ ਬੇਲਾ ਸਿੰਘ ਜੀ ਕੀ ਪ੍ਰੇਰਨਾ ਸੇ ਸੰਤ ਕਰਤਾਰ ਸਿੰਘ ਜੀ ਨੇ ਤਥਾ ਅਨਯ ਪ੍ਰੇਮੀਓਂ ਨੇ ਬੜੀ ਸੇਵਾ ਕਰੀ, ਸ੍ਰੀ ਅੰਮ੍ਰਿਤਸਰ ਮੇਂ ਸਭ ਸੰਤ ਮਹੰਤੋਂ ਕੀ ਯਾਤਰਾ ਕਰਕੇ ਫੇਰ ਸ੍ਰੀ ਰਾਮ ਸਰ ਮੇਂ ਸੇਵਾ ਕਰਾਤੇ ਸ੍ਰੀ ਮਾਨ ਪੰਡਿਤ ਹਰਦਿਤ ਸਿੰਘ ਜੀ ਮੰਡੀ ਵਾਲੋਂ ਕੇ ਦਰਸ਼ਨ ਕਰੇ, ਪਰੰਤੂ ਸ਼ਰੀਰ ਬੀਮਾਰ ਹੋ ਗਿਆ, ਇਸ ਲੀਏ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ ਲੇ ਗਿਆ ਔਰ ਦਵਾਈ ਕਰਨੇ ਲਗਾ, ਵਹਾਂ ਮਾਸਟਰ ਗੁਰਬਚਨ ਸਿੰਘ ਤਥਾ ਅਨਯ ਪ੍ਰੇਮੀਓਂ ਨੇ ਬਹੁਤ ਸੇਵਾ ਕਰੀ, ਵਹਾਂ ਸੇ ਮਹੰਤ ਗਿਆਨ ਸਿੰਘ ਜੀ ਛੀਨੇ ਗ੍ਰਾਮ ਮੇਂ ਲੇ ਗਏ, ਦੋ ਮਹੀਨੇ ਵਹਾਂ ਰਹੇ, ਲੋਗੋਂ ਕਾ ਬੜਾ ਪ੍ਰੇਮ ਹੂਆ, ਔਰ ਕਈ ਗਾਓਂ ਮੇਂ ਲੇ ਗਏ, ਵਹਾਂ ਸਕ਼ੀ ਨਦੀ ਪਰ ਲੋਗੋਂ ਨੇ ਸ਼ਿਵਰਾਤ੍ਰੀ ਕਾ ਮੇਲਾ ਸ਼ੁਰੂ ਕਰਿਆ, ਜਹਾਂ ਹਜ਼ਾਰੋਂ ਕੀ ਤਾਦਾਦ ਮੇਂ ਪ੍ਰੇਮੀ ਇਕਠੇ ਹੋਤੇ ਥੇ ਤਥਾ ਵਹਾਂ ਛੀਨੇ ਮੇਂ ਪੰਜਾਬ ਸਿੰਧ ਛੇਤਰ ਕਾ ਪ੍ਰੈਜ਼ੀਡੰਟ ਬਾਬੂ ਦੂਨੀ ਚੰਦ ਐਮ. ਏ. ਸਤਿਸੰਗ ਵਾਸਤੇ ਬਹੁਤ ਦਿਨ ਰਹਾ ਔਰ ਉਸ ਕਾ ਪ੍ਰੇਮ ਦਿਨ ਬਦਿਨ ਵਧਦਾ ਹੀ ਗਿਆ ਔਰ ਅਖੀਰ ਤਕ ਉਸ ਨੇ ਪ੍ਰੇਮ ਕਾ ਨਿਰਬਾਹ ਕੀਆ, ਦੋ ਮਹੀਨਾ ਵਹਾਂ ਰਹਿ ਕਰ ਫੇਰ ਥੇਰਕੇ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਪਾਸ ਆਕਰ ਰਹੇ, ਵਹਾਂ ਸ੍ਰੀ ਮਾਨ ਸ੍ਰੀ ਮਹੰਤ ਸਾਹਿਬ ਪੰਡਿਤ ਸੁਚਾ ਸਿੰਘ ਜੀ ਨੇ ਪਿੰਡੀ ਘੇਵ ਬੁਲਾਨੇ ਵਾਸਤੇ ਸ੍ਰੀ ਮਾਨ ਮਹੰਤ ਹਾਕਮ ਸਿੰਘ ਤਥਾ ਸ੍ਰੀ ਮਾਨ ਮਹੰਤ ਮੂਲ ਸਿੰਘ ਆਦਕੋਂ ਕੋ ਪਤ੍ਰ ਲਿਖਾ ਕਿ ਅਪਨੇ ਸਾਥ ਲੇ ਆਨਾ ਉਨ੍ਹੋਂ ਨੇ ਮੇਰੇ ਕੋ ਬਹੁਤ ਕਹਾ ਪਰੰਤੂ ਸ੍ਰੀ ਮਾਨ ਸੰਤ ਸਾਧੂ ਸਿੰਘ ਜੀ ਨੇ ਜਾਨੇ ਨਹੀਂ ਦੀਆ

ਔਰ ਸੰਮਤ ੧੯੯੧ ਆਪ ਕਾ ਸਾਲਾਨਾ ਭੰਡਾਰਾ ਧੂਮ ਧਾਮ ਸੇ ਵਹਾਂ ਥੇਰਕੇ ਮੇਂ ਹੀ ਕੀਆ । ਭੰਡਾਰੇ ਬਾਦ ਫਿਰ ਵਹਾਂ ਸੇ ਸਾਂਗਲੇ ਵਾਲੇ ਭਗਤ ਆ ਕਰ ਲੇ ਗਏ, ਸਾਂਗਲੇ ਸੇ ਪਿੰਡੀ ਭਟੀਆਂ ਵਹਾਂ ਸੇ ਠਟਾਪਰੁਥੀਆਂ, ਹਾਫਜ਼ਾਬਾਦ, ਅਕਾਲ ਗੜ੍ਹ, ਵਜ਼ੀਰਾ ਬਾਦ, ਗੁਜਰਾਤ, ਕੁੰਜਾਹ ਆਦਿ ਨਗਰੋਂ ਮੇਂ ਹੋਤੇ ਹੂਏ ਫਿਰ ਸਾਂਗਲੇ ਆਏ ਔਰ ਵਹਾਂ ਸੇ ਹਰਿਦਵਾਰ ਆਏ, ਵਹਾਂ ਸ੍ਰੀ ਪਿਤਾ ਜੀ ਕੋ ਜੋ ਕਿ ਪਹਿਲੇ ਹੀ ਮੇਰੇ ਗੁਰਦੇਵ ਮਹਾਰਾਜ ਕੇ ਸ਼ਿਸ਼ ਬਨੇ ਹੂਏ ਥੇ, ਅੰਮ੍ਰਿਤ ਛਕਾ ਕਰ ਗੁਰਦੇਵ ਜੀ ਕੇ ਕਪੜੇ ਦੇ ਕਰ ਸਾਧੂ ਬਨਾਇਆ ਔਰ ਨਾਮ ਤ੍ਰਿਲੋਕ ਸਿੰਘ ਰਖਾ, ਚਤੁਰ ਮਾਸ ਵਹਾਂ ਰਹਿ ਕਰ ਫਿਰ ਭਗਤ ਟੇਕ ਚੰਦ ਸਿੰਧ ਕੋ ਲੇ ਗਯਾ, ਸ੍ਰੀ ਮਾਨ ਪਿਤਾ ਜੀ, ਸ੍ਰੀ ਮਾਨ ਪੰਡਿਤ ਕਲਿਆਨ ਸਿੰਘ ਜੀ, ਬਾਬਾ ਸੂਬਾ ਸਿੰਘ ਜੀ, ਸੰਤ ਉਜਾਗਰ ਸਿੰਘ ਜੀ ਜਗਰਾਓਂ, ਸੰਤ ਗੁਰਦਿਤ ਸਿੰਘ ਸੰਤ ਜੈਦੇਵ ਸਿੰਘ, ਸੰਤ ਬਲਦੇਵ ਸਿੰਘ ਚੇਲਾ ਪੰਡਿਤ ਕਲਿਆਨ ਸਿੰਘ ਜੀ ਕਾ ਸਭ ਮੂਰਤੀ ਸਾਥ ਥੇ, ਹਾਲਾਣੀ ਬਿਹਲਾਣੀ ਪਹੁੰਚੇ ਚਾਰ ਮਹੀਨੇ ਵਹਾਂ ਰਹੇ, ਫਿਰ ਵਹਾਂ ਸੇ ਹੈਦਰਾਬਾਦ ਆਏ ਵਹਾਂ ਫੁਲੇਲੀ ਪਰ ਦੀਵਾਨ ਦਇਆ ਰਾਮ ਕੇ ਪੁਸਤਕਾਲਯ ਮੇਂ ਠਹਿਰੇ, ਵਹਾਂ ਭਗਤੋਂ ਨੇ ਬੜੀ ਸੇਵਾ ਕਰੀ ਪਰੰਤੂ ਪਿਤਾ ਜੀ ਕਾ ਸਰੀਰ ਬੀਮਾਰ ਹੋਇਆ, ਔਰ ਬੈਠੇ ਬੈਠੇ ਥੋੜ੍ਹੇ ਹੀ ਕਾਲ ਮੇਂ ਮਘਰ ਸੁਦੀ ੯ ਸੰਮਤ ੧੯੯੧ ਮੇਂ ਸ਼ਰੀਰ ਛੋੜ ਦੀਆ ਭਾਈ ਪੁਤਰ, ਸੰਬੰਧੀ ਸਾਰੇ ਵਹਾਂ ਮੌਜੂਦ ਥੇ, ਪਰੰਤੂ ਵਹਾਂ ਸਾਧੂ ਰੀਤੀ ਅਨੁਸਾਰ ਧੂਮ ਧਾਮ ਸੇ ਮੋਟਰ ਮੇਂ ਬੈਠਾ ਕਰ ਦਰਿਆ ਪਰ ਲੇ ਗਏ ਔਰ ਕੀਰਤਨ ਸੋਹਿਲੇ ਕਾ ਪਾਠ ਕਰ ਅਰਦਾਸ ਕਰ ਦਰਿਆ ਮੇਂ ਪ੍ਰਵਾਹ ਕਰ ਦੀਆ, ਫਿਰ ਉਨ ਕੇ ਨਿਮਿਤ ਜਗਹ ਜਗਹ ਸਪਤਾਹ ਪਾਠ ਰਖਾਏ ਗਏ ਔਰ ਸਤਾਰੀ ਪਰ ੧੨ ਪਾਠੋਂ ਕੇ ਭੋਗ ਪਵਾ ਕਰ ੧੨ ਹੀ ਸ਼ਹਿਰੋਂ ਮੇਂ ਜੈਸੇ ਕਿ ਹਰਿਦੁਆਰ, ਅੰਮ੍ਰਿਤਸਰ, ਸੱਖਰ ਹਾਲਾਣੀ, ਬਿਹਲਾਣੀ ਠਾਰੂਸ਼ਾਹ, ੩ ਪਾਠ ਸਾਂਗਲੇ ਤਥਾ ਹੈਦਰਾਬਾਦ ਆਦਿ ਮੇਂ ਹੂਏ ਫਿਰ ਹੈਦਰਾਬਾਦ ਸੇ ਹਮ ਕੋ ਸੰਤ ਆਤਮ ਹਰਿ ਜੀ ਮੇਹੜ ਗ੍ਰਾਮ ਮੇਂ ਲੇ ਗਏ ਔਰ ਮਹੰਤ ਆਤਮਾ ਰਾਮ ਕੇ ਬਾਗ ਮੇਂ ਠਹਿਰੇ ਵਹਾਂ ਹੀ ਹਮ ਨੇ ਪੂਜਯ ਪਿਤਾ ਜੀ ਕੇ ਨਿਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਸਪਤਾਹਕ ਪਾਠ ਕਰਾ ਕਰ ਭੰਡਾਰਾ ਕਰਾਇਆ ਔਰ ਭੰਡਾਰੇ ਕਾ ਪ੍ਰਸ਼ਾਦ ਸਾਰੇ ਸ਼ਹਿਰ ਮੇਂ ਬਾਂਟਾ ਮੇਹੜ ਮੇਂ ਇਕ ਮਹੀਨਾ ਰਹਿ ਕਰ ਵਹਾਂ ਸੇ ਤੁਲਸੀ ਥਲਾ, ਮੋਹਨ ਦੜਾ ਆਦਿ ਬਹੁਤ ਗ੍ਰਾਮ ਦੇਖ ਕਰ ਕਰਾਚੀ ਪਹੁੰਚੇ, ਵਹਾਂ ਭਗਤ ਬਗ੍ਹੂ ਮਲ ਕੇ ਮਕਾਨ ਮੇਂ ਮਹੀਨਾ ਰਹੇ ਉਨ੍ਹੋਂ ਨੇ ਬੜੀ ਸੇਵਾ ਕਰੀ, ਵਹਾਂ ਸੇ ਠਾਰੂਸ਼ਾਹ, ਮਿਠਿਆਣੀ, ਹਾਲਾਣੀ, ਬਿਹਲਾਣੀ ਹੋਤੇ ਹੂਏ ਸੱਖਰ ਆਏ ਵਹਾਂ ਗੁਰਦੇਵ ਜੀ ਕਾ ਸਾਲਾਨਾ ਪਾਠ ਤਿਲਕ ਹਾਲ ਮੇਂ ਕਰਾ ਕਰ ਭੰਡਾਰਾ ਭਗਤ ਤੁਲਸੀ ਦਾਸ ਕੇ ਘਰ ਕਰਾਇਆ, ਫਿਰ ਵੈਸਾਖੀ ਵਾਲੇ ਦਿਨ ਸੰਮਤ ੧੯੯੨ ਕਾ ਠਾਕਰ ਜੀ ਦੇਵੀ ਕੇ ਘਰ ਅਖੰਡ ਪਾਠ ਕਾ ਭੋਗ ਪਾ ਕਰ ਭੰਡਾਰਾ ਕਰਕੇ ਉਸੀ ਦਿਨ ਰੇਲ ਮੇਂ ਚੜ੍ਹ ਕਰ ਉਕਾੜੇ ਪਹੁੰਚੇ, ਵਹਾਂ ਭਗਤ ਅਰੂੜਾ ਮਲ ਕੇ ਪੁਤਰ ਦੁਰਗਾ ਦਾਸ ਨੇ ਨਵਾਂ ਮਕਾਨ ਬਣਾਇਆ ਥਾ ਉਨ੍ਹੋਂ ਨੇ ਅਖੰਡ ਪਾਠ ਕਰ ਭੰਡਾਰਾ



ਕਰਾਇਆ ਸੰਤ ਸ਼ੇਰ ਸਿੰਘ ਜੀ, ਸੰਤ ਮਨੀ ਸਿੰਘ ਜੀ ਭੀ ਵਹਾਂ ਹੀ ਪਹੁੰਚ ਗਏ ਥੇ, ਦੋ ਚਾਰ ਦਿਨ ਵਹਾਂ ਰਹਿ ਕਰ ਸ੍ਰੀ ਅੰਮ੍ਰਿਤਸਰ ਆਏ ਔਰ ਫਿਰ ਕਨਖਲ ਮੇਂ ਗਏ, ਸਿਆਲ ਤਕ ਵਹਾਂ ਰਹਿ ਕਰ ਸੰਤੋਂ ਕੋ ਪੁਸਤਕ ਪੜ੍ਹਾਤਾ ਰਹਾ, ਫੇਰ ਸ੍ਰੀ ਮਹੰਤ ਪੰਡਿਤ ਸੁਚਾ ਸਿੰਘ ਜੀ ਨੇ ਪ੍ਰਾਗਰਾਜ ਕੀ ਅਰਧ ਕੁੰਭੀ ਵਾਸਤੇ ਬਹੁਤ ਜ਼ੋਰ ਲਗਾਇਆ, ਤਬ ਦਸ ਬਾਰਾਂ ਮੂਰਤੀ ਸਾਥ ਲੇਕਰ ਉਨਕੇ ਸਾਥ ਪ੍ਰਾਗਰਾਜ ਗਏ, ਏਕ ਮਹੀਨਾ ਵਹਾਂ ਰਹਿ ਕਰ ਚਿਤਰ ਕੂਟ ਆਏ, ਵਹਾਂ ਸੇ ਕਾਨਪੁਰ, ਲਖਨਊ ਆਏ, ਵਹਾਂ ਸੇ ਸਭ ਕੋ ਹਰਿਦਵਾਰ ਭੇਜ ਕਰ ਚੇਤਨ ਸਿੰਘ ਕੋ ਸਾਥ ਲੇਕਰ ਮੈਂ ਖੈਰਾਬਾਦ ਆ ਗਿਆ ਵਹਾਂ ਸਵਾ ਮਹੀਨਾ ਰਹੇ ਤੋ ਕਨਖਲ ਕੁਟੀਆ ਸੇ ਸਭ ਸੰਤੋਂ ਨੇ ਮਿਲ ਕਰ ਪੱਤਰ ਭੇਜੇ ਕਿ ਮਹਾਂਵਾਰਨੀ ਪਰ ਜਲਦੀ ਆਓ, ਇਸ ਕਰਕੇ ਲਖੀਮ ਪੁਰ ਹੋਕਰ ਮਹਾਂਵਾਰਨੀ ਕੇ ਦਿਨ ਹਰਿਦਵਾਰ ਆਏ ੧੯੯੩ ਕੇ ਸੰਮਤ ਵਾਲੇ ਦਿਨ ਸ੍ਰੀ ਗੁਰਦੇਵ ਜੀ ਕੇ ਨਮਿਤ ਪਾਠ ਔਰ ਭੰਡਾਰਾ ਕਰਾਇਆ ਫੇਰ ਸਭ ਸੰਤੋਂ ਕੀ ਪ੍ਰੇਰਨਾ ਸੇ ਆਪ ਕੀ ਸੰਭਾਲ ਕੇ ਰਖੀ ਹੂਈ ਚੀਜ਼ੇਂ ਜੈਸੇ ਪੁਸਤਕ ਚਕਨ ਪਾਦਕਾ, ਪਲੰਘ, ਚਿਪੀ ਆਦਿ ਵਸਤੂਓਂ ਕੀ ਰਖਿਆ ਵਾਸਤੇ ਮਕਾਨ ਬਨਾਨੇ ਕਾ ਸੰਕਲਪ ਕਰਾ, ਮਕਾਨ ਕੀ ਪੈਸੇ ਕੀ ਸੇਵਾ ਪੰਜਾਬ ਸਿੰਧ ਨਿਵਾਸੀ ਸਭ ਭਗਤੋਂ ਨੇ ਮਿਲ ਕਰ ਕਰੀ, ਔਰ ਸ੍ਰੀ ਮਾਨ ਮਹੰਤ ਜਵਾਲਾ ਸਿੰਘ ਵ ਮਹੰਤ ਬ੍ਰਹਮ ਸਿੰਘ ਜੀ ਨੇ ਜਲਦੀ ਜਲਦੀ ਸੇ ਅਛਾ ਮਕਾਨ ਬਨਾ ਕਰ ਤਿਆਰ ਕੀਆ ਔਰ ਵਿਆਸ ਪੂਜਾ ਕੇ ਦਿਨ ਭੰਡਾਰਾ ਕਰਕੇ ਸੰਤੋਂ ਕਾ ਆਸਨ ਕਰਾਇਆ ਫਿਰ ਸਭ ਸਾਮਾਨ ਤਿਆਰ ਕਰ ਅਲਮਾਰੀਆਂ ਪਣਾ ਕਰ ਔਰ ਦਿਹਲੀ ਸੇ ਵੇਦ ਭਗਵਾਨ ਲਿਆਕਰ ਸੁਭ ਮਹੂਰਤ ਮੇਂ ਸਭ ਸੰਤੋਂ ਨੇ ਮਿਲ ਕਰ ਪੂਜਨ ਕਰ ਪੁਸਤਕਾਲਯ ਕੇ ਕਮਰੇ ਕੀ ਏਕ ਅਲਮਾਰੀ ਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦੂਸਰੀ ਅਲਮਾਰੀ ਮੇਂ ਵੇਦ ਭਗਵਾਨ, ਤੀਸਰੀ ਅਲਮਾਰੀ ਮੇਂ ਖਟ ਸ਼ਾਸਤ੍ਰ ਗੀਤਾ, ਰਾਮਾਇਨ, ਆਦਿਕ ਅਸਥਾਪਨ ਕੀਏ, ਫੇਰ ਸ੍ਰੀ ਮਾਨ ਪੰਡਿਤ ਰਾਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ ਤਥਾ ਤਪਸਵੀ ਨਾਰਾਇਣ ਸਿੰਘ ਜੀ ਨੇ ਮਹੰਤ ਜਵਾਲਾ ਸਿੰਘ ਸੰਤ ਠਾਕਰ ਸਿੰਘ ਜੀ ਨੇ ਕੁਟੀਆ ਕੇ ਤਥਾ ਅਪਨੇ ਬਹੁਤ ਪੁਸਤਕ ਜਮ੍ਹਾਂ ਕੀਏ, ਅਬ ਉਸ ਪੁਸਤਕਾਲਯ ਮੇਂ ਬਹੁਤ ਪੁਸਤਕ ਜਮ੍ਹਾਂ ਹੈਂ ਜਹਾਂ ਸੇ ਸੰਤ ਲੋਗ ਲੇ ਕਰ ਪੜ੍ਹਤੇ ਹੈਂ । ਫਿਰ ਹਮ ਤਮਾਮ ਗਰਮੀ ਕੇ ਦਿਨ ਕਨਖਲ ਮੇਂ ਰਹਿ ਕਰ ਸੰਤੋਂ ਕੋ ਪੜ੍ਹਾਤੇ ਰਹੇ, ਵਹਾਂ ਪਰ ਸ਼ਿਕਾਰ ਪੁਰ ਨਿਵਾਸੀ ਅਰਜਨ ਦਾਸ ਮਸੰਦ ਵਿਦਿਆ ਪੜ੍ਹਨੇ ਕੇ ਲੀਏ ਦੋ ਪ੍ਰੇਮੀਓਂ ਕੋ ਸਾਥ ਲੇ ਕਰ ਆਯਾ ਔਰ ਇਕ ਮਹੀਨਾ ਵਹਾਂ ਰਹਿ ਕਰ ਸ਼ਿਕਾਰ ਪੁਰ ਲੇ ਜਾਨੇ ਕੀ ਬਾਣੀ ਕਰਾਈ ਔਰ ਸ੍ਰੀ ਮਾਨ ਸੰਤ ਨਿਰੰਕਾਰ ਸਿੰਘ ਜੀ ਕੋ ਆਪਣੇ ਸਾਥ ਸ਼ਿਕਾਰ ਪੁਰ ਲੇ ਗਯਾ ਉਨ ਦਿਨੋਂ ਮੇਂ ਮਲਕ ਵਾਲੇ ਮਹੰਤ ਨਿਹਾਲ ਸਿੰਘ ਜੀ ਆਪ ਆ ਕਰ ਸ੍ਰੀ ਮਾਨ ਮਹੰਤ ਜਵਾਲਾ ਸਿੰਘ ਜੀ ਤਥਾ ਮੇਰੇ ਕੋ ਸਭ ਸੰਤੋਂ ਸਮੇਤ ਲੇ ਆਏ, ਵਹਾਂ ੧੫ ਦਿਨ ਰਹੇ ਔਰ ਫਿਰ ਜਗਰਾਉਂ, ਲੁਧਿਆਨਾ, ਅਜੀਤ ਵਾਲ, ਗਾਲਬ ਹੋਤੇ ਹੂਏ ਵਹਾਂ ਸੇ ਵਿਰਕਤ ਮੂਰਤੀ ਸਾਧੂ ਸੰਤਾ ਸਿੰਘ ਜੀ ਤਥਾ ਸੰਤ ਗੁਰਦਿਤ ਸਿੰਘ ਕੋ ਭੀ ਸਾਥ ਲੇ ਲੀਆ ਫਿਰ ਵਹਾਂ ਸੇ ਰਾਜਿਆਣਾ, ਕੋਟ ਕਪੂਰਾ, ਕੋਟੇ ਹਰੀ ਕੇ ਵਹਾਂ ਸੇ

ਹਤੇ ਹੂਏ ਮੱਤੇ ਆਏ, ਮੱਤੇ ਸੇ ਜਵਾਲਾ ਸਿੰਘ ਜੀ ਮੋਗੇ ਕੀ ਤਰਫ ਚਲੇ ਗਏ ਔਰ ਬਾਕੀ ਮਹੰਤ ਤ੍ਰਿਲੋਕ ਸਿੰਘ, ਮਹੰਤ ਹਰਨਾਮ ਸਿੰਘ ਆਦਿ ਸੰਤ ਦਸਹਿਰੇ ਵਾਲੇ ਦਿਨ ਫਰੀਦ ਕੋਟ ਆਏ ਔਰ ਵਹਾਂ ਸੇ ਅੰਮ੍ਰਿਤਸਰ ਆ ਗਏ ਔਰ ਮਿੰਟਗੁਮਰੀ, ਪਾਕਪਟਨ ਹੋਤੇ ਹੂਏ ਰੋਹੜੀ ਪਹੁੰਚੇ, ਵਹਾਂ ਸੰਤ ਨਿਰੰਕਾਰ ਸਿੰਘ ਜੀ ਔਰ ਸੰਤ ਜੇਦੇਵ ਸਿੰਘ ਜੀ ਆ ਮਿਲੇ, ਸੰਤ ਉਜਾਗਰ ਸਿੰਘ ਜੀ, ਗੁਰਦਿਤ ਸਿੰਘ ਜੀ ਆਦਿ ੧੧ ਮੂਰਤੀ ਸਾਥ ਥੇ, ਫਿਰ ਵਹਾਂ ਸੇ ਬਾਗੜ ਹੋ ਕੇ ਸ਼ਿਕਾਰ ਪੁਰ ਪਹੁੰਚੇ ਔਰ ਇਕ ਮਹੀਨਾ ਰਹਿ ਕਰ ਗੜ੍ਹੀਯਾਸੀਨ ਆਦਿ ਗਾਉਂ ਘੂਮਤੇ ਹਾਲਾਣੀ ਬਿਹਲਾਣੀ ਪਹੁੰਚੇ ਔਰ ਡੇਢ੍ਹ ਮਹੀਨਾ ਰਹਿ ਕਰ ਆਸ ਪਾਸ ਕੇ ਗਾਉਂ ਘੂਮ ਕਰ ਸੰਤ ਦਿਆਲ ਮੰਡਲੀ ਕੇ ਸਾਥ ਮੇਹਰਾਪੁਰ ਗਏ, ਵਹਾਂ ਸੇ ਦੋ ਤੀਨ ਦਿਨ ਕੇ ਬਾਦ ਰੋਹੜੀ ਆਏ ਔਰ ਸੇਠ ਸੁਗਨੀ ਚੰਦ ਕੀ ਧਮਰਸਾਲਾ ਮੇਂ ਸਵਾ ਮਹੀਨਾ ਰਹੇ ਭਗਤ ਸੁਗਨੀ ਚੰਦ ਔਰ ਭਗਤ ਗਿਰਧਾਰੀ ਦਾਸ ਨੇ ਬੜੇ ਪ੍ਰੇਮ ਸੇ ਸੇਵਾ ਕਰੀ ਔਰ ਸੱਖਰ, ਰੋਹੜੀ, ਹਾਲਾਣੀ ਬਿਹਲਾਣੀ ਵਾਲੇ ਪ੍ਰੇਮੀਓਂ ਨੇ ਕਠੇ ਹੋ ਕਰ ਇਸ ਸਰੀਰ ਕੇ ਜਨਮ ਦਿਨ ਕਾ ਉਤਸ਼ਵ ਮਾਘ ਸੁਕਲ ੯ ਸੰਮਤ ੧੯੯੩ ਕਾ ਧੂਮ ਧਾਮ ਸੇ ਮਨਾਇਆ ਸਪਤਾਹ ਪਾਠ ਕਰਕੇ ਖੁੱਲ੍ਹਾ ਭੰਡਾਰਾ ਕਰਾਇਆ ਔਰ ਆਸ ਪਾਸ ਕੇ ਸ਼ਹਿਰ ਖੈਰਪੁਰ ਗੰਬਟ ਪੀਰ ਕਾ ਗੋਠ ਆਦਿ ਗਾਊਂ ਮੇਂ ਫਿਰ ਕਰ .ਫਿਰ ਰੋਹੜੀ ਸੱਖਰ ਹੋ ਕਰ ਅੰਮ੍ਰਿਤਸਰ ਆਏ ਔਰ ਸ਼ਿਵਰਾਤਰੀ ਕੋ ਮਹੰਤ ਗਿਆਨ ਸਿੰਘ ਕੇ ਸਾਥ ਛੀਨੇ ਪਹੁੰਚੇ ਔਰ ਸ਼ਿਵਰਾਤਰੀ ਕਾ ਮੇਲਾ ਕਰਕੇ ਵਹਾਂ ਸੇ ਅੰਮ੍ਰਿਤਸਰ ਹੋ ਕਰ ਹਰਿਦਵਾਰ ਪਹੁੰਚੇ ਔਰ ਕਨਖਲ ਕੁਟੀਆ ਮੇਂ ਬੈਠੇਂ ਕਰ ਆਪ ਕਾ ਜੀਵਨ ਚਰਿੱਤ੍ਰ ਲਿਖਨੇ ਕਾ ਪਕਾ ਵਿਚਾਰ ਕਰਾ ਜਿਸਕੇ ਲਿਖਨੇ ਕਾ ਬਹੁਤ ਦਿਨੋਂ ਸੇ ਸੰਕਲਪ ਥਾ ਔਰ ਆਪ ਜੀ ਸੇ ਕਈ ਪਰਸੰਗ ਪੂਛ ੨ ਕੇ ਔਰ ਕਈ ਸੁਭ ਵਾਕ ਆਪ ਕੇ ਮੁਖ ਸੇ ਕਹੇ ਹੂਏ ਸੁਣ ਕਰ ਯਾਦ ਕਰੇ ਥੇ ਤਥਾ ਆਪਣੀ ਆਖੋਂ ਸੇ ਜੋ ਲੀਲਾਏਂ ਦੇਖੀ ਥੀਂ ਵੋਹ ਤਥਾ ਆਪ ਕੇ ਸਾਥ ਜੋ ਮਹਾਤਮਾ ਰਹੇ ਥੇ ਜੈਸੇ ਸੰਤ ਸੇਵਾ ਸਿੰਘ ਜੀ ਮਰੜ ਵਾਲੇ ਤਥਾ ਸੰਤ ਮਹਾਨੰਦ ਆਦਿ ਉਨ ਸੇ ਪੂਛ ਕਰ ਲਿਖਨਾ ਸੁਰੂ ਕਰਾ, ਪਹਿਲੇ ਮੰਗਲ ਲਿਖਾਨੇ ਸੁਰੂ ਕਰਾਏ ਸ੍ਰੀ ਮਾਨ ਪੰਡਿਤ ਹਰੀ ਰਾਮ ਸਿੰਘ ਜੀ ਨੇ ਕਵਿਤਾ ਰਚਨੀ ਸੁਰੂ ਕਰੀ, ਪਰੰਤੂ ਅਤੀ ਬੀਮਾਰ ਹੋਨੇ ਸੇ ਕਾਮ ਨ ਕਰ ਸਕੇ, ਫੇਰ ਸ੍ਰੀ ਮਾਨ ਸੰਤ ਟਹਿਲ ਸਿੰਘ ਜੀ ਨੇ ਸੁਰੂ ਕਰੀ, ਪਰੰਤੂ ਕਿਸੀ ਕਾਰਜ ਲੀਏ ਵਹੁ ਪੰਜਾਬ ਚਲੇ ਗਏ ਇਤਨੇ ਮੇਂ ਸ੍ਰੀ ਮਾਨ ਸੰਤ ਕਵੀ ਰਾਜ ਹਰਿਭਜਨ ਸਿੰਘ ਜੀ ਮਹਾਰਾਜ ਆ ਗਏ ਉਨ੍ਹੋਂ ਨੇ ਯਹ ਆਦਿ ਅੰਤ ਕੇ ਮੰਗਲ ਬਨਾਇ ਦੀਏ, ਇਸ ਲਈ ਮੈਂ ਉਨ ਕਾ ਮਨ ਬਾਣੀ ਸੇ ਧੰਨਵਾਦ ਕਰਤਾ ਹੂੰ ਫੇਰ ਪਾਂਚ ਮਹੀਨੇ ਮੇਂ ਲਿਖ ਕਰ ਯਹ ਪੁਸਤਕ ਤਿਆਰ ਕਰਕੇ ੮੦੦ ਸਫੇ ਕੇ ਬਨਾਨੇ ਕਾ ਵਿਚਾਰ ਕਰਾ, ਪਰੰਤੂ ਆਪ ਕੇ ਪਰਸੰਗ ਅਭੀ ਮੇਰੇ ਅੰਦਰ ਬਹੁਤ ਯਾਦ ਆਤੇ ਹੈਂ, ਲਿਖਨੇ ਸੇ ਮਨ ਹਟਤਾ ਨਹੀਂ ਕਈ ਪਰਸੰਗ ਲਿਖ ਕਰ ਫਿਰ ਕਢ ਭੀ ਦੀਏ ਹੈਂ ਅਭੀ ਇਕ ਦੋ



ਪਰਸੰਗ ਲਿਖ ਕਰ ਸਮਾਪਤ ਕਰੂੰਗਾ, ਕਿਉਂਕਿ ਪੁਸਤਕ ੯੦੦ ਸਫੇ ਸੇ ਭੀ ਉਪਰ ਹੋ ਜਾਏਗੀ, ਆਪ ਕਈ ਵਾਰੀ ਮਹਾਤਮਾਓਂ ਕੇ ਮਨ ਜੈ ਕਰਨੇ ਕੇ ਦ੍ਰਿਸਟਾਂਤ ਦੇਤੇ ਥੇ, ਇਕ ਮਹਾਤਮਾ ਕਾ ਦ੍ਰਿਸਟਾਂਤ ਸੁਨਾਇਆ ਜੋ ਬੜੇ ਸ਼ੌਂਕ ਵਾਲੇ ਥੇ ਔਰ ਮਾਰਵਾੜ ਮੇਂ ਰਹਿਤੇ ਥੇ, ਭਗਤ ਉਨਕੋ ਛੋੜਤੇ ਨਹੀਂ ਥੇ ਪਰੰਤੂ ਆਪ ਉਪਰਾਮ ਹੋਕੇ ਰਿਖੀਕੇਸ਼ ਆਏ ਔਰ ਅਪਨੇ ਹਾਥ ਸੇ ਘਾਸ ਕਾਟ ਕਰ ਅਪਨੇ ਹਾਥ ਸੇ ਕੁਟੀਆ ਬਨਾਈ ਜਿਸਕੋ ਕਈ ਦਿਨ ਲਗ ਗਏ, ਜਬ ਕੁਟੀਆ ਤਿਆਰ ਹੋ ਗਈ ਨਿਰਵਿਕਲਪ ਹੋ ਕਰ ਬੈਠਨੇ ਲਗੇ ਤੋ ਮਨ ਬੈਠਨੇ ਨ ਦੇਵੇ ਕਹੇ ਬਹੁਤ ਤਕਲੀਫ ਕਰਕੇ ਕੁਟੀਆ ਬਣਾਈ ਹੈ ਕਈ ਦਿਨ ਖੁਸ਼ਕ ਅੰਨ ਖਾਤੇ ਹੋ ਗਏ ਹੈਂ ਮੁਝੇ ਰਬੜੀ ਖਿਲਾਓ ਤਬ ਭਜਨ ਕਰਨੇ ਬੈਠੂੰਗਾ। ਮਹਾਤਮਾ ਨੇ ਅਨੇਕ ਯੁਕਤੀਓਂ ਔਰ ਪ੍ਰਮਾਣੋਂ ਸੇ ਮਨ ਕੋ ਸਮਝਾਇਆ ਪਰੰਤੂ ਮਨ ਨੇ ਏਕ ਨ ਮਾਨੀ ਔਰ ਬੜਾ ਤੰਗ ਕੀਆ ਤਬ ਮਹਾਤਮਾ ਨੇ ਕਹਾ ਆਜ ਤੁਮ ਨੇ ਮੁਝੇ ਜੋ ਕਰਾ ਹੈ ਮੈਂ ਭੀ ਤੁਮ੍ਹੇਂ ਜੈ ਕਰੂੰਗਾ, ਯਹ ਕਹਿ ਕਰ ਕੁਟੀਆ ਬੰਦ ਕਰਕੇ ਮਾਰਵਾੜ ਚਲ ਪੜੇ । ਮਾਰਵਾੜ ਮੇਂ ਭਗਤ ਦੇਖ ਕਰ ਖੁਸ਼ ਹੂਏ ਔਰ ਕਹਿਨੇ ਲਗੇ ਮਹਾਰਾਜ ! ਆਪ ਤੋ ਕਹਿਤੇ ਥੇ ਕੁਛ ਦਿਨ ਰਿਖੀਕੇਸ਼ ਰਹੇਂਗੇ ਪਰੰਤੂ ਜਲਦੀ ਆ ਗਏ, ਮਹਾਤਮਾ ਨੇ ਕਹਾ ਕੋਈ ਕਾਰਨ ਹੈ ਪਰ ਫੇਰ ਦਸਾਂਗੇ । ਭਗਤੋਂ ਨੇ ਸੇਵਾ ਪੂਛੀ, ਮਹਾਤਮਾ ਨੇ ਕਹਾ ਖੂਬ ਬਦਾਮ, ਪਿਸਤਾ ਆਦਿ ਪਾ ਕਰ ਸ੍ਵਾਦਿਸ਼ਟ ਰਬੜੀ ਬਨਾਓ ਹੋਰ ਕੁਛ ਨ ਤਿਆਰ ਕਰੋ ਜਬ ਵੂਹ ਪ੍ਰੇਮ ਸੇ ਬਨਾ ਕਰ ਲਿਆਏ ਤੋ ਮਹਾਤਮਾ ਨੇ ਅੰਦਰ ਰਖਾ ਲਈ ਔਰ ਭਗਤੋਂ ਕੋ ਕਹਾ ਬਾਹਰ ਸੇ ਤਾਲਾ ਮਾਰ ਜਾਓ ਔਰ ਕਲ ਫਿਰ ਮੇਰੇ ਪਾਸ ਆਣਾ ਜਬ ਭਗਤ ਤਾਲਾ ਮਾਰ ਕਰ ਚਲੇ ਗਏ ਤਬ ਮਹਾਤਮਾ ਨੇ ਅਪਨੇ ਮਨ ਕੋ ਕਹਾ ਜਿਸ ਰਬੜੀ ਕੇ ਵਾਸਤੇ ਬ੍ਰਹਮ ਚਿੰਤਨ ਨਹੀਂ ਕਰਨੇ ਦੇਤਾ ਥਾ ਵੋਹ ਆਜ ਰਜ ਕੇ ਖਾ ਲੇ ਯਹ ਸਭ ਤੁਮ ਕੋ ਖਿਲਾਨੀ ਹੈ ਮਨ ਕਹਿਨੇ ਲਗਾ ਮੈਂ ਇਤਨੀ ਤੋ ਨਹੀਂ ਖਾਊਂਗਾ ! ਮਹਾਤਮਾ ਕਹਿਣ ਲਗੇ ਕਿ ਯਹ ਸਾਰੀ ਰਬੜੀ ਤੁਮ ਕੋ ਖਿਲਾਨੀ ਹੈ, ਐਸਾ ਕਹਿ ਕਰ ਬੈਠ ਗਏ, ਔਰ ਕਟੋਰੇ ਭਰ ਭਰ ਕਰ ਬੜੇ ਪ੍ਰੇਮ ਸੇ ਖਾਨੇ ਲਗੇ ਜਬ ਦੋ ਚਾਰ ਸੇਰ ਰਬੜੀ ਖਾਈ ਮਨ ਤ੍ਰਿਪਤ ਹੋ ਗਿਆ ਤਬ ਕਹਿਨੇ ਲਗਾ ਬਸ ! ਬਸ !! ਮਹਾਤਮਾ ਕਹਿਨੇ ਲਗੇ ਬਸ ਬਸ ਕਿਉਂ ਕਰਤਾ ਹੈਂ ? ਸਭ ਤੁਮਕੋ ਹੀ ਖਿਲਾਨੀ ਹੈ, ਫਿਰ ਦੋ ਕਟੋਰੇ ਔਰ ਖਿਲਾਏ ਅੰਦਰ ਰੁਚੀ ਨ ਹੋਨੇ ਸੇ ਉਲਟੀ ਆ ਗਈ ਉਲਟੀ ਭੀ ਉਸੀ ਰਬੜੀ ਮੇਂ ਹੀ ਕਰਾਈ, ਉਲਟੀ ਵਾਲੀ ਰਬੜੀ ਫਿਰ ਖਿਲਾਈ, ਫਿਰ ਉਲਟੀ ਆਈ ਐਸੇ ਦਿਨ ਰਾਤ ਉਲਟੀਆਂ ਕਰਤੇ ਰਹੇ ਔਰ ਖਿਲਾਤੇ ਰਹੇ ਮਨ ਨੇ ਕਹਾ ਮੈਂ ਨੇ ਤੋਬਾ ਕਰੀ ਮੈਂ ਫਿਰ ਰਬੜੀ ਨਹੀਂ ਮਾਗੂੰਗਾ, ਪਰ ਮਹਾਤਮਾ ਨੇ ਛੋੜਾ ਨਹੀਂ ਆਖਰ ਜਬ ਦ੍ਰਿਸ਼ਟੀ ਕਰੇਂ ਤਬ ਹੀ ਉਲਟੀ ਆਵੇ ਤਬ ਸਰੀਰ ਕਮਜ਼ੋਰ ਹੋ ਕਰ ਗਿਰ ਗਿਆ, ਤਬ ਮਹਾਤਮਾ ਨੇ ਛੋੜਾ, ਦੂਸਰੇ ਦਿਨ ਭਗਤ ਆਏ ਦੇਖਾ ਤੋ ਸਾਰਾ ਮਕਾਨ ਬਦਬੋ ਨਾਲ ਭਰਾ ਪੜਾ ਹੈ, ਮਖੀਆ ਭਿਣ ਭਿਣ ਕਰ ਰਹੀ ਹੈਂ। ਮਹਾਤਮਾ ਬੇਹੋਸ਼ ਪੜੇ ਹੈਂ ਪੂਛਾ ਮਹਾਰਾਜ ਯਹਿ ਕਿਆ ਹੂਆ ? ਮਹਾਤਮਾ ਨੇ ਕਹਾ ਮਨ

ਕੋ ਦੰਡ ਦੀਆ ਹੈ, ਡੰਡੇ ਬਿਨਾ ਸੂਧਾ ਨਹੀਂ ਹੋਤਾ ਜੈਸੇ ਏਕ ਮਹਾਤਮਾ ਕੇ ਹਾਥ ਮੇਂ ਡੰਡਾ ਥਾ ਕਿਸੀ ਨੇ ਪੂਛਾ ਆਪ ਯਹਿ ਡੰਡਾ ਕਿਉਂ ਰਖਤੇ ਹੋ ਤੋ ਮਹਾਤਮਾ ਨੇ ਉਤਰ ਦੀਆ।

**(ਕਬਿੱਤ) ਭੰਗ ਭੁੰਗ ਘੋਟਨੇ ਕੋ, ਵੈਰੀ ਦਲ ਰੋਕਨੇ ਕੋ, ਮੂਰਖ ਕੇ ਠੋਕਨੇ ਕੋ, ਸੋਟਾ ਸਾਵਧਾਨ ਹੈ। ਫਲ ਫੁਲ ਝਾੜਨੇ ਕੋ, ਤਸਕਰ ਕੇ ਤਾੜਨੇ ਕੋ, ਸਪ ਮਾਰ ਡਾਰਨੇ ਕੋ, ਸੋਟਾ ਸਾਵਧਾਨ ਹੈ। ਵਗ ਕੇ ਚਰਾਵਨੇ ਕੋ, ਕੁੱਤੇ ਕੇ ਹਟਾਵਨੇ ਕੋ, ਬਾਲਕ ਡਰਾਵਨੇ ਕੋ, ਸੋਟਾ ਸਾਵਧਾਨ ਹੈ। ਕਹਿਤ ਬਿਹਾਰੀ ਰਾਮ ਸੋਟੇ ਕਾ ਹੀ ਸਭ ਜਹਾਨ ਜਿਸ ਹਥ ਸੋਟਾ ਤਿਸਕਾ ਹੀ ਮਾਨ ਤਾਨ ਹੈ।**

ਇਸ ਪ੍ਰਕਾਰ ਡੰਡੇ ਬਿਨਾ ਕੰਦੀ ਸੀਧਾ ਨਹੀਂ ਹੋਤਾ ਮਨ ਕੋ ਦੰਡ ਦੇਨੇ ਵਾਸਤੇ ਏਥੇ ਆਏ ਸੀ। ਇਸ ਪ੍ਰਕਾਰ ਕਹਿ ਕਰ ਰਿਸ਼ੀਕੇਸ਼ ਚਲੇ ਗਏ। ਫੇਰ ਕਭੀ ਮਨ ਨੇ ਰਬੜੀ ਨਹੀਂ ਮਾਂਗੀ ਕਿਉਂ ਕਿ ਜਿਸ ਚੀਜ਼ ਸੇ ਏਕ ਵਾਰ ਗਿਲਾਨੀ ਹੋ ਜਾਏ ਉਸ ਕੋ ਮਨ ਨਹੀਂ ਚਾਹਤਾ, ਪਦਾਰਥੋਂ ਮੇਂ ਗਿਲਾਨੀ ਕਰਨਾ ਹੀ ਮਨ ਕਾ ਧਰਮ ਹੈ, ਇਸ ਤਰ੍ਹਾਂ ਕਰਨੇ ਸੇ ਮਨ ਵਸ਼ੀ ਭੂਤ ਹੋ ਜਾਤਾ ਹੈ। ਏਕ ਔਰ ਮਹਾਤਮਾ ਕੀ ਕਥਾ ਭੀ ਆਪ ਸੁਨਾਇਆ ਕਰਤੇ ਥੇ ਸ੍ਰੀ ਅੰਮ੍ਰਿਤਸਰ ਮੇਂ ਏਕ ਮਹਾਤਮਾ ਕੋਠੇ ਪਰ ਰਹਿਤੇ ਥੇ ਕਭੀ ਨੀਚੇ ਨਹੀਂ ਉਤਰਤੇ ਥੇ ਏਕ ਦਫਾ ਭਜਨ ਮੇਂ ਬੈਠੇ ਥੇ ਨੀਚੇ ਏਕ ਮਦਾਰੀ* ਨੇ ਬੀਨ ਬਜਾਈ, ਮਨ ਨੇ ਮਹਾਤਮਾ ਕੋ ਕਹਾ ਬੀਨ ਦਿਖਾਓ ਮਹਾਤਮਾ ਨੇ ਮਨ ਕੋ ਬਹੁਤਾ ਰੋਕਾ ਪਰ ਨ ਮਾਨਾ ਫੇਰ ਮਹਾਤਮਾ ਉਠ ਕਰ ਬਾਰੀ ਮੇਂ ਖੜੇ ਹੋ ਕਰ ਬੀਨ ਦੇਖਨੇ ਲਗ ਗਏ, ਫੇਰ ਖਿਆਲ ਹੂਆ ਓਹੋ! ਮਨ ਨੇ ਮੇਰੇ ਕੋ ਬ੍ਰਹਮ ਚਿੰਤਨ ਭੀ ਨ ਕਰਨੇ ਦੀਆ ਮੇਰੇ ਕੋ ਇਸ ਨੇ ਜੇ ਕਰ ਲੀਆ ਮੈਂ ਭੀ ਇਸ ਕੋ ਜੇ ਕਰੂੰ, ਬੈਠਨੇ ਨ ਦੇਵੂੰ ਐਸਾ ਵਿਚਾਰ ਕਰ ਸਾਰੀ ਉਮਰ ਉਏ ਹੀ ਖੜੇ ਰਹੇ ਨ ਸੋਏ ਨ ਬੈਠੇ, ਲਤਾਂ ਸੁਕਾ ਦਿਤੀਆਂ, ਮਨ ਨੇ ਕਹਾ ਮੈਨੇ ਤੋਬਾ ਕਰੀ ਅਬ ਛੋੜੋ ਪਰ ਮਹਾਤਮਾ ਨੇ ਛੋੜਾ ਨਹੀਂ ਆਖਰ ਸਰੀਰ ਛੋੜ ਦੀਆ ਇਸ ਪ੍ਰਕਾਰ ਸੇ ਮਨ ਕੋ ਮਹਾਤਮਾ ਨੇ ਜੇ ਕੀਆ।

## ਕਥਾ ਤੀਸਰੇ ਮਹਾਤਮਾ ਕੀ

ਮਹਾਰਾਜ ਚੰਦਾ ਸਿੰਘ ਜੀ ਵਿਰਕਤ ਜੋ ਸੰਤ ਕਾਹਨ ਸਿੰਘ ਜੀ ਉਤਰ ਕਾਂਸ਼ੀ ਵਾਲੇ ਕੇ ਔਰ ਸੰਤ ਲਾਲ ਸਿੰਘ ਜੀ ਕੋਟਸਰ ਵਾਲੇ ਕੇ ਗੁਰੂ ਸੀ ਵੁਹ ਗੰਗਾ ਕੇ ਕਿਨਾਰੇ ਏਕ ਪਥਰ ਪਰ ਤੀਨ ੨ ਦਿਨ ਬੈਠੇ ਰਹਿਤੇ ਥੇ ਗੋਦੜੀ ਕੇ ਖੀਸੇ ਮੇਂ ਚਨੇ ਰਖਤੇ ਥੇ ਜਬ ਮਨ ਕੁਛ ਵਿਆਕੁਲ ਹੋਤਾ ਥਾ ਤਬ ਕਹਿਤੇ ਥੇ ਧੀਰਜ ਕਰ! ਮਨੀ ਰਾਮ

*ਸਪੇਰਾ।



ਧੀਰਜ ਕਰ। ਤੇਰੇ ਲੀਏ ਚਨੇ ਰਖੇ ਹੈਂ ਤੁਝ ਕੋ ਹੀ ਦੂੰਗਾ, ਐਸੇ ਕਹਿ ਧੀਰਜ ਕਰ ਤੀਸਰੇ ੨ ਦਿਨ ਰੋਟੀ ਖਾਤੇ ਥੇ, ਏਕ ਦਿਨ ਸਜਾਲੇ ਮੇਂ ਪਥਰ ਤੇ ਬੈਠੇ ਪ੍ਰਾਤਾਕਾਲ ਨੀਂਦ ਆ ਗਈ, ਵਿਚਾਰ ਕਰਾ ਕਿ ਇਸ ਮਨ ਨੇ ਪ੍ਰਾਤਾਕਾਲ ਨੀਂਦ ਕਰੀ ਹੈ ਇਸ ਕੋ ਡੰਡ ਦੇਨਾ ਚਾਹੀਏ ਐਸਾ ਵਿਚਾਰ ਕਰ ਸਹਿਤ ਗੋਦੜੀ ਗੰਗਾ ਜੀ ਮੇਂ ਇਸ਼ਨਾਨ ਕਰਕੇ ਗੋਦੜੀ ਪਿੰਡੇ ਪਰ ਹੀ ਸੁਕਾਈ ਇਸ ਪ੍ਰਕਾਰ ਮਨ ਕੋ ਮਹਾਤਮਾ ਡੰਡ ਦੇਤੇ ਹੈਂ ਤਥਾ ਆਪ ਨੇ ਕਹਾ ਕਿ ਪਰਮੇਸ੍ਵਰ ਜੋ ਕੁਛ ਕਰਤਾ ਹੈ ਸੋ ਅਛਾ ਹੀ ਕਰਤਾ ਹੈ ਆਪ ਨੇ ਅਪਨੀ ਕਥਾ ਸੁਨਾਈ ਕਿ ਏਕ ਦਿਨ ਹਮਾਰੇ ਸਰੀਰ ਮੇਂ ਬੁਖਾਰ ਹੋ ਗਿਆ ਤਥਾ ਦਸਤ ਲਗ ਗਏ ਏਕ ਸ਼ਹਿਰ ਕੇ ਨਜ਼ਦੀਕ ਪਹੁੰਚਾ ਬਾਹਰ ਏਕ ਖੇਤ ਮੇਂ ਏਕ ਬ੍ਰਿਖ ਕੇ ਨੀਚੇ ਖੂਹਾ ਦੇਖ ਕਰ ਆਸਨ ਕਰ ਲੀਆ ਥੋੜੀ ਦੇਰ ਬਾਦ ਖੇਤ ਕਾ ਮਾਲਕ ਆਇਆ ਔਰ ਮੇਰੇ ਕੋ ਕਹਾ ਈਹਾਂ ਸੇ ਚਲੇ ਜਾਵੋ ਰਾਤ ਕਭੀ ਰਹਨੇ ਨ ਦੇਊਂਗਾ। ਹਮ ਨੇ ਬਹੁਤ ਉਸ ਕੋ ਸਮਝਾਯਾ ਪਰੰਤੂ ਵੁਹ ਬਿਲਕੁਲ ਨ ਮਾਨਾ ਆਖਰ ਉਠਾਇ ਹੀ ਦੀਆ ਪਰੰਤੂ ਮੇਰੇ ਮਨ ਮੇਂ ਵਿਚਾਰ ਸੇ ਧੀਰਜ ਰਹਾ ਔਰ ਸਮਝਾ ਕੋਈ ਭਲਾ ਹੀ ਹੋਨਾ ਹੈ ਥੋੜੀ ਦੂਰ ਆਗੇ ਗਇਆ ਤੋ ਏਕ ਬੜੀ ਸੁੰਦਰ ਬਾਵਲੀ ਦੇਖਨੇ ਮੇਂ ਆਈ ਉਸ ਕੇ ਪਾਸ ਏਕ ਕੋਠਾ ਬਨਾ ਹੂਆ ਥਾ ਬ੍ਰਿਖੋਂ ਕੀ ਛਾਯਾ ਭੀ ਥੀ ਔਰ ਪਾਸ ਹੀ ਰਸਤੇ ਮੇਂ ਘਾਸ ਕੇ ਪੂਲੇ ਪਾਂਚ ਸਾਤ ਗਿਰੇ ਪੜੇ ਸੇ ਕਠੇ ਕਰਕੇ ਨੀਚੇ ਵਿਛਾਇ ਕਰ ਕੋਠੇ ਮੇਂ ਆਸਨ ਕਰ ਲੀਆ ਬਾਵਲੀ ਸੇ ਝਟ ਪਾਣੀ ਲੇ ਲੇਤਾ ਥਾ ਡੋਰੀ ਕੀ ਭੀ ਜ਼ਰੂਰਤ ਨ ਪੜੀ ਦੋ ਚਾਰ ਦਿਨ ਵਹਾਂ ਰਹਿ ਕਰ ਰਾਜੀ ਹੋਕਰ ਆਗੇ ਚਲਾ ਗਿਆ। ਤਥਾ-ਵਿਰਕਤ ਸੰਤੋਂ ਮੇਂ ਏਕ ਸੰਤ ਨੈ ਕਥਾ ਸੁਨਾਈ ਕਿ ਦੋ ਸੰਤ ਇਕੱਠੇ ਹੋ ਕਰ ਬਦਰੀ ਨਾਰਾਇਣ ਕੀ ਯਾਤਰਾ ਕੋ ਚਲੇ ਗਏ ਲੌਟਤੇ ਵਕਤ ਏਕ ਸੰਤ ਕਾ ਸ਼ਰੀਰ ਬਹੁਤ ਬੀਮਾਰ ਹੋ ਗਿਆ ਦਸਤ ਮਰੋੜ ਲਗ ਗਏ ਦੂਸਰਾ ਸੰਤ ਸੇਵਾ ਕਰਤਾ ਰਹਾ ਪਰੰਤੂ ਬੀਮਾਰ ਸੰਤ ਨੇ ਚਾਹਾ ਮੇਰੀ ਸੇਵਾ ਸੇ ਇਸ ਸੰਤ ਡੰਡੀ ਬੜੀ ਤਕਲੀਫ ਹੋਤੀ ਹੈ ਯਹ ਚਲਾ ਜਾਵੇ ਤੋ ਅੱਛਾ ਹੈ। ਉਨ੍ਹੋਂ ਕੋ ਬਹੁਤ ਵਾਰ ਕਹਿ ਕਰ ਭੇਜ ਹੀ ਦੀਆ। ਆਪ ਇਕੇਲੇ ਹੀ ਰਸਤਾ ਛੋੜ ਪਗ ਡੰਡਾ ਕੇ ਰਸਤੇ ਉਤਰ ਗਏ ਥੋੜਾ ਦੂਰ ਤੋ ਉਨ ਕੋ ਏਕ ਗਊਸ਼ਾਲਾ ਦਿਖਾਈ ਆਈ ਪਰ ਛੱਨ ਮੇਂ ਗੋਬਰ ਪੜਾ ਦੇਖਾ ਵਹਾਂ ਬੈਠ ਗਏ ਸ਼ਾਮ ਕੋ ਏਕ ਆਦਮੀ ਏਕ ਮਾਈ ਗਊਆਂ ਲੇਕਰ ਆਏ ਸਾਧੂ ਕੋ ਦੇਖ ਕਰ ਬੜੇ ਖੁਸ਼ ਹੂਏ, ਦਹੀਂ ਚਾਵਲ ਖਿਲਾਤੇ ਰਹੇ ਏਕ ਮਹੀਨਾ ਸੰਤ ਕੀ ਸੇਵਾ ਕਰਤੇ ਰਹੇ ਏਕ ਮਹੀਨੇ ਬਾਦ ਸੰਤ ਰਾਜੀ ਹੂਏ ਰਿਸ਼ੀਕੇਸ਼ ਆਨੇ ਕਾ ਸੰਕਲਪ ਕਰਾ ਔਰ ਵਿਚਾਰ ਕਰਾ ਦੇਹਰਾਦੂਨ ਦੇਖਤੇ ਰਿਸ਼ੀਕੇਸ਼ ਜਾਊਂਗਾ ਤਬ ਓਸ ਮਾਈ ਔਰ ਆਦਮੀ ਕੋ ਸੰਤ ਕਹਿਨੇ ਲਗਾ ਮੈਂ ਆਜ ਈਹਾਂ ਸੇ ਜਾਨਾ ਚਾਹਤਾ ਹੂੰ ਉਨ੍ਹੋਂ ਨੇ ਪਹਿਲੇ ਬਹੁਤ ਰੋਕਾ ਕਿ ਆਪ ਯਹਾਂ ਹੀ ਰਹੋ, ਹਮ ਆਪ ਕੀ ਬੜੇ ਪ੍ਰੇਮ ਸੇ ਸੇਵਾ ਕਰੇਂਗੇ ਪਰੰਤੂ ਸੰਤ ਨੇ ਨ ਮਾਨਾ ਤਬ ਆਦਮੀ ਨੇ ਪੂਛਾ ਕਹਾਂ ਜਾਓਗੇ? ਸੰਤ ਨੇ ਕਹਾ ਦੇਹਰਾਦੂਨ ਹੋ ਕਰ ਰਿਖੀਕੇਸ਼ ਜਾਊਂਗਾ। ਤਬ ਉਸ ਨੇ ਕਹਾ ਨੇਤ੍ਰ ਬੰਦ ਕਰੋ ਅਬ ਹੀ ਪਹੁੰਚ ਜਾਵੋਗੇ ਤਬ ਸੰਤ ਨੇ ਉਨ ਕੋ ਕਹਾ ਆਪ ਪਹਿਲੇ ਸਚੁ ਸਚੁ ਬਤਾਵੋ ਕਿ ਇਹ ਵੇਸ਼ ਧਾਰੀ ਕੌਨ

ਹੈ ? ਵੋਹ ਬਤਾਵੇਂ ਨਹੀਂ ਪਰੰਤੂ ਸੰਤ ਨੇ ਬਹੁਤ ਹਠ ਕਰਾ ਤਬ ਕਹਿਨੇ ਲਗੇ ਮੈਂ ਸ਼ਿਵਜੀ ਹੂੰ ਯਹ ਪਾਰਬਤੀ ਜੀ ਹੈਂ ਆਪ ਕੇ ਸਰੀਰ ਕੋ ਬੀਮਾਰ ਦੇਖ ਕਰ ਤੁਮ੍ਹਾਰੀ ਸੇਵਾ ਵਾਸਤੇ ਈਹਾਂ ਪ੍ਰਗਟ ਹੂਏ ਹੈਂ ਹਮ ਈਹਾਂ ਹਿਮਾਲਯ ਮੇਂ ਰਹਿਤੇ ਹੈਂ ਤਬ ਸੰਤ ਨੇ ਕਹਾ ਮੇਂ ਦੋ ਚਾਰ ਦਿਨ ਹੋਰ ਰਹਿ ਕਰ ਆਪ ਕਾ ਸਤਿਸੰਗ ਕਰਨਾ ਚਾਹਤਾ ਹੂੰ ਤਬ ਉਨ੍ਹੋਂ ਨੇ ਕਹਾ ਅਬ ਨਹੀਂ ਅਗਜਾਤ ਕਾਲ ਮੇਂ ਹਮ ਆਪ ਕੀ ਸੇਵਾ ਕਰਤੇ ਰਹੇ ਹੈਂ ਅਬ ਜਾਵੇਂ ਤਬ ਸੰਤ ਜੀ ਨੇ ਅੱਛੀ ਤਰਹ ਉਨ ਕੇ ਦਰਸ਼ਨ ਕਰਕੇ ਅਖੀਆਂ ਬੰਦ ਕਰੀਆਂ ਔਰ ਅਪਨੇ ਕੋ ਦੇਹਰਾਦੂਨ ਕੇ ਸਮੀਪ ਦੇਖਾ ਫੇਰ ਰਿਖੀਕੇਸ਼ ਆਇ ਕਰ ਉਨ੍ਹੋਂ ਨੇ ਸਭ ਸੰਤੋਂ ਕੋ ਇਹ ਕਥਾ ਸੁਨਾਈ ਔਰ ਕਹਾ ਅਬ ਹਮ ਕੋ ਪੂਰਾ ਭਰੋਸਾ ਹੈ ਪਰਮੇਸ਼ਰ ਜੋ ਕਰਤਾ ਹੈ ਸੋ ਅਛਾ ਹੀ ਕਰਤਾ ਹੈ ਮੇਰਾ ਸ਼ਰੀਰ ਬੀਮਾਰ ਹੂਆ ਤੋ ਪ੍ਰਮੇਸ਼ੁਰ ਕਾ ਦਰਸ਼ਨ ਪਾਇਆ ਪ੍ਰਮੇਸ਼ੁਰ ਜੋ ਕਰਤਾ ਹੈ ਅਛਾ ਕਰਤਾ ਹੈ। ਤਥਾ–ਗੁਰੂ ਜੀ ਭੀ ਲਿਖਤੇ ਹੈਂ–

**ਜੋ ਕਿਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨੁ ॥**

[ਗਉੜੀ ਸੁਖਮਨੀ ਮ: ੫ ਸਫਾ ੨੮੩

ਇਸ ਤਰਹ ਕੇ ਵਚਨ ਆਪ ਬਹੁਤ ਸੁਨਾਇਆ ਕਰਤੇ ਥੇ ਹੋਰ ਆਪ ਨੇ ਵਚਨ ਸੁਨਾਯਾ ਕਿ:–

**ਬਜਰ ਪਾਪ ਨ ਉਤਰੈ ਜਾਇ ਕੀਚੇ ਗੰਗੇ ॥**

ਗੰਗਾ ਕਾ ਮਹਾਤਮ ਕਲਜੁਗ ਮੇਂ ਬਹੁਤ ਹੈ, ਪਰੰਤੂ ਤੀਰਥ ਬੁਧੀ ਸੇ ਗੰਗਾ ਕਾ ਸੇਵਨ ਕਰੇ ਤੋ ਸ੍ਰੀ ਗੰਗਾ ਜੀ ਪਾਪੋਂ ਕੋ ਦੂਰ ਕਰਤੀ ਹੈ। ਜੈਸੇ ਲਿਖਾ ਹੈ:–

**ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥** [ਸ੍ਰੀ ਰਾਗ ਮ: ੧ ਸਫਾ ੫੬

ਜਪ ਤਪ ਸੰਜਮ ਕਰੇ ਬਿਨਾ ਗੰਗਾ ਇਸ਼ਨਾਨ ਕਾ ਪੂਰਾ ਮਹਾਤਮਾ ਨਹੀਂ ਮਿਲਤਾ ਜੈਸੇ ਏਕ ਕਾਲ ਮੇਂ ਪ੍ਰਯਾਗਰਾਜ ਕਾ ਕੁੰਭ ਲਗਾ ਹੂਆ ਥਾ ਬਹੁਤ ਲੋਕ ਵਹਾਂ ਇਸ਼ਨਾਨ ਲੀਏ ਆਏ ਪਾਰਬਤੀ ਜੀ ਤਥਾ ਸ਼ਿਵਜੀ ਭੀ ਘੂਮਤੇ ਘੂਮਤੇ ਆ ਗਏ ਪਾਰਬਤੀ ਜੀ ਨੇ ਪੂਛਾ ਆਜ ਇਤਨੇ ਲੋਕ ਕਿਉਂ ਇਕਠੇ ਹੂਏ ਹਨ। ਸ਼ਿਵਜੀ ਕਹਿਨੇ ਲਗੇ ਆਜ ਕੁੰਭ ਹੈ, ਆਜ ਇਸ਼ਨਾਨ ਕਾ ਮਹਾਤਮ ਹੈ, ਆਜ ਕੇ ਇਸ਼ਨਾਨ ਕਰਨੇ ਵਾਲਾ ਮਰ ਕਰ ਉੱਤਮ ਲੋਕ ਹੋ ਜਾਵੇਗਾ। ਉਸਕੇ ਸਭ ਪਾਪ ਦੂਰ ਹੋ ਜਾਵੇਂਗੇ, ਤਬ ਪਾਰਬਤੀ ਕਹਿਣੇ ਲਗੀ ਸਭ ਕੋ ਏਕ ਜੈਸਾ ਫਲ ਮਿਲੇਗਾ ? ਸ਼ਿਵਜੀ ਕਹਿਣੇ ਲਗੇ ਫਲ ਤੋ ਕਿਸੀ ਏਕ ਧਰਮਾਤਮਾ ਕੋ ਹੀ ਮਿਲੇਗਾ। ਬਾਕੀ ਤੋ ਸਭ ਪਾਪ ਖਰੀਦ ਕੇ ਲੇ ਜਾਵੇਂਗੇ। ਪਾਰਬਤੀ ਜੀ ਨੇ ਹਠ ਕਰਾ ਔਰ ਕਹਾ ਮੇਰੇ ਕੋ ਜ਼ਰੂਰ ਦਿਖਾਓ ਕਿ ਕਿਸ ਕੋ ਪੁੰਨ ਮਿਲੇਗਾ। ਸ਼ਿਵਜੀ ਕਹਿਣੇ ਲਗੇ ਅੱਛਾ ਮੈਂ ਕੁਰੂਪ ਔਰ ਬੀਮਾਰ ਕੋੜ੍ਹੀ ਬਣ ਜਾਤਾ ਹੂੰ ਤੇਰੇ ਕੋ ਖੋੜਸ਼ ਵਰਸ਼ ਕੀ ਅਤੀ ਸੁੰਦਰ ਇਸਤ੍ਰੀ ਬਨਾਇ ਦੇਤਾ ਹੂੰ ਤੂੰ ਸਭ ਕੋ ਪ੍ਰਾਰਥਨਾ ਕਰ ਔਰ ਤੀਰਥ ਯਾਤ੍ਰੀਉਂ ਕੋ ਤੂ ਕਹਿ ਕਿ ਮੇਰਾ ਪਤੀ ਬੀਮਾਰੀ ਹੈ ਤ੍ਰਿਬੇਣੀ ਕੇ ਜਲ ਕੀ ਗਾਗਰ ਲਿਆਇ ਦਿਓ ਮੈਂ ਪਤੀ ਕੋ ਇਸ਼ਨਾਨ ਕਰਾ ਕਰ ਰਾਜੀ ਕਰ ਲੇਊਂ ਕਿਉਂਕਿ ਆਜ ਬੜਾ ਮਹਾਤਮਾ ਲਗਾ ਹੂਆ ਹੈ ਐਸੇ



ਬਣ ਕਰ ਚੌਰਸਤੇ ਮੇਂ ਸ਼ਿਵਜੀ ਪੜ ਗਏ ਪਾਰਬਤੀ ਜੀ ਸਭ ਕੋ ਪ੍ਰਾਰਥਨਾ ਸੇ ਕਹਿਤੀ ਰਹੀ, ਪਰੰਤੂ ਸਭ ਐਸੇ ਹੀ ਕਹਿਤੇ ਰਹੇ ਅਰੀ ਦੇਵੀ ਇਸ ਬ੍ਰਿਧ ਕੁਰੂਪ ਕੋੜ੍ਹੀ ਪਤੀ ਕੋ ਛੋੜ ਕਰ ਹਮਾਰੇ ਸਾਥ ਚਲ ਤੇਰੇ ਕੋ ਸੁਖੀ ਰਖੇਂਗੇ ਮਹਾਦੇਵ ਜੀ ਪਾਰਬਤੀ ਕੋ ਕਹਿਣੇ ਲਗੇ ਐਸੇ ਆਦਮੀ ਤੀਰਥ ਪਰ ਆ ਕਰ ਭੀ ਪਾਪ ਖਰੀਦ ਕਰ ਲੇ ਜਾ ਰਹੇ ਹੈਂ ਤੀਰਥ ਮਹਾਤਮ ਇਨਕੋ ਨਹੀਂ ਮਿਲੇਗਾ ਆਖਰ ਏਕ ਬ੍ਰਾਹਮਣ ਆਇਆ ਉਸ ਕੋ ਭੀ ਪਾਰਬਤੀ ਜੀ ਨੇ ਕਹਾ, ਪੁੱਤ੍ਰ ਓਸਨੇ ਕਹਾ ਮਾਤਾ ਜੀ ਆਜ ਠੀਕ ਪ੍ਰਯਾਗਰਾਜ ਕੇ ਇਸ਼ਨਾਨ ਕਾ ਮਹਾਤਮ ਹੈ ਮੇਰੇ ਕੋ ਗਾਗਰ ਦਿਓ ਮੈਂ ਭਰ ਕਰ ਲੇ ਆਤਾ ਹੂੰ ਆਪਣੇ ਪਤੀ ਕੋ ਸ਼ਰਧਾ ਸੇ ਇਸ਼ਨਾਨ ਕਰਾਓ ਅਭੀ ਰਾਜੀ ਹੋ ਜਾਵੇਗੇ ਐਸੇ ਕਹਿ ਕਰ ਗਾਗਰ ਲੇ ਗਿਆ ਮਾਜ ਕਰ ਵਿਚਲੀ ਧਾਰਾ ਸੇ ਜਲ ਭਰ ਕਰ ਪਾਰਬਤੀ ਕੋ ਗਾਗਰ ਦਿਤੀ ਪਾਰਬਤੀ ਜੀ ਨੇ ਪਤੀ ਕੋ ਇਸ਼ਨਾਨ ਕਰਾਯਾ ਮਹਾਦੇਵ ਜੀ ਭੀ ਰਾਜੀ ਹੋ ਗਏ ਕਹਿਣੇ ਲਗੇ ਇਸ ਬ੍ਰਾਹਮਣ ਕੋ ਗੰਗਾ ਇਸ਼ਨਾਨ ਕਾ ਮਹਾਤਮ ਮਿਲਿਆ ਪੁੰਨ ਖਟ ਕਰ ਲੇ ਜਾ ਰਹਾ ਹੈ। ਆਪ ਨੇ ਏਕ ਔਰ ਕਥਾ ਸੁਨਾਈ ਜੋ ਆਪ ਕੋ ਸਰਦਾਰ ਸੁਰਜਨ ਸਿੰਘ ਹਲਵਾਈਓਂ ਕੇ ਠੇਕੇਦਾਰ ਨੇ ਸੁਨਾਈ ਥੀ ਉਸ ਨੇ ਆਪ ਕੋ ਸੁਨਾਯਾ ਕਿ ਏਕ ਰਾਜਾ ਹਰਿਦੁਆਰ ਆਇਆ ਉਸ ਨੇ ਸੋਜਾ ਦਾਨ ਕਰਕੇ ਬ੍ਰਹਮ ਭੋਜ ਕਰਾਨਾ ਥਾ ਮੇਰੇ ਕੋ ਬੁਲਾਯਾ ਔਰ ਕਹਾ ਸੁਰਜਨ ਸਿੰਘ ਹਮ ਨੇ ਬ੍ਰਹਮ ਭੋਜ ਕਰਾਨਾ ਹੈ ਚੌਤਾਲੀ ਸਉ ੪੪੦੦) ਰੁਪਏ ਕੀ ਮਿਠਾਈ ਤਿਆਰ ਕਰ ਕਲ੍ਹ ਕੋ ਭੇਜ ਦਿਓ ਮੈਂ ਬੜਾ ਖੁਸ਼ ਹੂਆ ਔਰ ਰਾਜਾ ਕੋ ਕਹਾ ਬਹੁਤ ਅਛਾ ਜਬ ਉਠ ਕਰ ਮੈਂ ਬਾਹਿਰ ਆਇਆ ਤੋ ਵਜ਼ੀਰ ਨੇ ਮੇਰੇ ਸੇ ਪੂਛਾ ਕਿ ਜੋ ਰਾਜਾ ਸਾਹਿਬ ਨੇ ਕਹਾ ਸੋ ਤੁਮ ਨੇ ਸਮਝਾ ਮੈਨੇ ਕਹਾ ਹਾਂ ਮੈਂ ਸਮਝਾ ਰਾਜਾ ਸਾਹਿਬ ਨੇ ਚੌਤਾਲੀ ਸੌ ਕੀ ਮਿਠਾਈ ਕਹੀ ਹੈ ਵਜ਼ੀਰ ਨੇ ਕਹਾ ਚੌਤਾਲੀ ਸੌ ਕੀ ਨਹੀਂ ਫਕਤ ਚੌਦਾਂ ਸੌ ੧੪੦੦) ਕੀ ਤਬ ਮੈਨੇ ਕਹਾ ਅਛਾ ੧੪੦੦) ਰੁਪਏ ਕੀ ਹੀ ਸਹੀ ਜਬ ਬਾਹਰ ਆਇਆ ਤੇ ਡੇਓਢੀ ਵਾਲੇ ਨੇ ਕਹਾ ਜੋ ਵਜ਼ੀਰ ਸਾਹਿਬ ਨੇ ਕਹਾ ਸੋ ਸਮਝਾ ਮੈਨੇ ਕਹਾ ਸਮਝਾ ੧੪੦੦) ਰੁਪਏ ਕੀ ਮਿਠਾਈ ਕਹੀ ਹੈ ਉਸਨੇ ਕਹਾ ੧੪੦੦) ਕੀ ਨਹੀਂ ਫਕਤ ੪੦੦) ਚਾਰ ਸੌ ਕੀ ਮਿਠਾਈ ਕਹੀ ਹੈ ਮੈਨੇ ਕਹਾ ਅਛਾ ਪੁੱਤ੍ਰ ਮੈਨੇ ਵਿਚਾਰ ਕਰਾ ਕਿ ਤੀਨ ਹਜ਼ਾਰ ਤੋਂ ਵਜ਼ੀਰ ਖਾ ਗਇਆ ਏਕ ਹਜ਼ਾਰ ਡੇਓਢੀ ਵਾਲਾ ਖਾ ਗਇਆ ਮੈਂ ਭੀ ਥੋੜੀ ਸੀ ਮਿਠਾਈ ਭੇਜਤਾ ਹੂੰ ਦੇਖੂੰ ਕਿ ਰਾਜਾ ਸਾਹਿਬ ਮੇਰੇ ਕੋ ਬੁਲਾਇ ਕਰ ਪੂਛਤੇ ਹੈਂ ਕਿ ਨਹੀਂ ਮੈਂ ੧੩ ਤੇਰਾ ਰੁਪਏ ਮਣ ਕਾ ਬਜ਼ਾਰੀ ਭਾਓ ਥਾ ਪਾਂਚ ਮਣ ਮਿਠਾਈ ਭੇਜ ਦਿਤੀ ਪਰੰਤੂ ਮੇਰੇ ਪਾਸ ਚਾਰ ਰੁਪਏ ਪਹੁੰਚ ਗਏ ਕਿਸੀ ਨੇ ਪੂਛਾ ਨਹੀਂ ਮੈਨੇ ਉਨ ਰੁਪਯੋਂ ਕਾ ਛੇਤ੍ਰ ਮੇਂ ਸੰਤੋਂ ਕੇ ਲੀਏ ਭੰਡਾਰਾ ਕਰਾਇ ਕਰ ਮੁਕਾਇ ਦੀਏ–ਦੇਖੋ ਲੋਕ ਹਰਿਦੁਆਰ ਮੇਂ ਆਇ ਕਰ ਆਪ ਤੋਂ ਦਾਨ ਪੁੰਨ ਨਹੀਂ ਕਰਤੇ ਉਲਟੇ ਦਾਨ ਕੋ ਭੀ ਖੋਸਣਾ ਚਾਹਤੇ ਹੈਂ ਇਸ ਕਾ ਨਾਮ ਮਹਾਂ ਪਾਪ ਹੈ ਇਹ ਬਜਰ ਪਾਪ ਹੈ ਇਸ ਸੇ ਬਚਨਾ ਚਾਹੀਏ ਵੈਸੇ ਤੋਂ ਪਾਪ ਕਰਨਾ ਹਰ ਜਗ੍ਹਾ ਵਰਜਿਤ ਹੈ ਪਰੰਤੂ ਤੀਰਥ ਪਰ ਤੋ ਕਦੀ ਬੀ ਪਾਪ ਨ ਕਰਨਾ ਚਾਹੀਏ ਗੁਰੂ ਜੀ

ਲਿਖਤੇ ਹੈਂ ਨਰ ਅਚੇਤ ਪਾਪ ਤੇ ਰਹੇ । ਤਥਾ ਲਿਖਾ ਹੈ:-

**(ਸੁਈਆ)-ਸੰਤਨ ਕੋ ਸਤਸੰਗ ਬੜੋ ਮਿਲ ਸੰਤਨ ਸਿਉ ਭਵ ਸਿੰਧ ਤਰੋ ਰੇ ॥ ਜਬ ਸਤਸੰਗਤ ਨਾਹਿ ਬਨੇ ਹਰੀ ਨਾਮ ਰਰੋ ਅਰ ਦਾਨ ਕਰੋ ਰੇ ॥ ਜਉ ਤੁਮ ਤੇ ਕੁਛ ਨਾਂਹਿ ਬਨੇ ਤਬ ਨਾ ਸਿਰ ਪਾਪਨ ਬੋਝ ਧਰੋ ਰੇ ॥ ਪਾਪਨ ਤੇ ਜਬ ਨਾਹਿ ਬਚੋ ਇਸ ਜੀਵਨ ਤੇ ਮਰ ਜਾਨ ਖਰੋ ਰੇ ॥**

ਥੋੜੀ ਸੀ ਸੰਤਾਂ ਕੀ ਸੇਵਾ ਕਰੀ ਹੂਈ ਉਚ ਗਤੀ ਕੋ ਦੇਤੀ ਹੈ ਜੈਸੇ ਸੁਨਾ ਜਾਤਾ ਹੈ ਕਿ ਰਾਵਣ ਕੀ ਇਸਤ੍ਰੀ ਮੰਦੋਦਰੀ ਪੂਰਬ ਜਨਮ ਮੇਂ ਮੇਂਡਕੀ ਥੀ ਯਾਨੇ ਡਡੀ ਸੀ ਏਕ ਦਿਨ ਬਹੁਤ ਸੰਤੋਂ ਨੇ ਕਠੇ ਹੋ ਕਰ ਦੂਧ ਲਿਆ ਕਰ ਖੀਰ ਬਨਾਈ-ਏਕ ਸਰਪ ਜੋ ਬੜਾ ਵਿਖਧਰ ਥਾ ਵੋਹ ਖੀਰ ਮੇਂ ਗਿਰ ਗਇਆ ਮੇਂਡਕੀ ਨੇ ਦੇਖ ਲੀਆ ਵਿਚਾਰ ਕਰਾ ਸਭ ਸੰਤ ਖੀਰ ਖਾਵੇਂਗੇ ਤੋ ਮਰ ਜਾਵੇਂਗੇ-ਮੈਂ ਉਪਾਇ ਕਰੂੰ ਜੋ ਸੰਤ ਖੀਰ ਨ ਖਾਵੇਂ, ਜਦ ਸੰਤ ਇਕਠੇ ਹੂਏ ਔਰ ਖੀਰ ਲਿਆਏ ਤਬ ਮੌਕਾ ਦੇਖ ਕਰ ਸੰਤੋਂ ਕੇ ਦੇਖਤੇ ਦੇਖਤੇ ਕੜਾਹੀ ਮੇਂ ਛਾਲ ਮਾਰੀ ਔਰ ਵਹਾਂ ਹੀ ਮਰ ਗਈ ਸੰਤੋਂ ਨੇ ਕੋਪ ਕਰਕੇ ਸ਼ਾਪ ਦੀਆ ਅਰੀ ਡਡੀ ਤੈਂ ਨੇ ਹਮਾਰਾ ਬਨਾ ਬਨਾਇਆ ਭੋਜਨ ਖਰਾਬ ਕਰ ਦੀਆ ਜਾ ਰਾਖਸ਼ੀ ਹੋ ਜਾ, ਜਬ ਖੀਰ ਕੋ ਗੇਰਾ ਤੋ ਖਾਟਕੇ ਨੀਚ ਸੇ ਬੜਾ ਭਾਰੀ ਜ਼ਹਿਰੀ ਸਾਂਪ ਨਿਕਲਾ, ਤਬ ਸੰਤੋਂ ਨੇ ਵਿਚਾਰ ਕਰਿਆ ਭਲਾ ਹੋਇਆ ਅਗਰ ਯਹ ਖੀਰ ਖਾਤੇ ਤੋ ਸਭ ਮਰ ਜਾਤੇ ਇਸ ਡਡੀ ਨੇ ਹਮਾਰੀ ਜਾਨ ਕੀ ਰਖਿਆ ਕਰੀ ਸਰਵਗਜਤਾ ਸੇ ਦੇਖਾ ਕਿ ਇਸ ਨੇ ਸਾਡੇ ਬਚਾਨੇ ਵਾਸਤੇ ਅਪਨੀ ਜਾਨ ਦਿਤੀ ਹੈ ਤਬ ਸੰਤੋਂ ਨੇ ਅਪਨੇ ਤਪ ਬਲ ਸੇ ਉਸ ਕੋ ਸੁੰਦਰ ਕੰਨਿਆਂ ਬਨਾ ਕਰ ਅਪਨੇ ਮੰਦਰ ਕਾ ਕਾਮ ਸਪੁਰਦ ਕੀਆ ਔਰ ਸਰਬ ਸ਼ਾਸਤ੍ਰ ਪੜ੍ਹਾਏ ਕੰਨਿਆਂ ਭੀ ਪ੍ਰੇਮ ਸੇ ਸੇਵਾ ਕਰਨੇ ਲਗੀ ਏਕ ਦਿਨ ਅੰਗਿਰਾ ਰਿਸ਼ੀ ਕਾ ਵੀਰਜ ਗਿਰ ਗਿਆ ਉਸ ਨੇ ਡੂੰਨੇ ਮੇਂ ਪਾ ਕਰ ਢਕ ਕਰ ਏਕ ਜਗ੍ਹਾ ਰਖ ਦੀਆ ਉਸ ਕੰਨਿਆਂ ਨੇ ਡੂੰਨੇ ਮੇਂ ਉਤਮ ਚੀਜ਼ ਸਮਝ ਕਰ ਖਾ ਲਈ ਤੋ ਗਰਭ ਹੋ ਗਿਆ ਅੰਗਿਰਾ ਕੇ ਵੀਰਜ ਸੇ ਪੈਦਾ ਹੋਨੇ ਸੇ ਉਸ ਕਾ ਨਾਮ ਅੰਗਦ ਹੂਆ, ਬਾਲਕ ਪੈਦਾ ਹੋਨੈ ਪਰ ਰਿਸ਼ੀਓਂ ਨੇ ਉਸਕੋ ਵਿਭਚਾਰਨੀ ਸਮਝ ਕਰ ਬਾਲਕ ਸਹਿਤ ਸੰਦੂਕ ਮੇਂ ਬੰਦ ਕਰ ਨਦੀ ਮੇਂ ਰੋੜ੍ਹ ਦੀਆ ਪ੍ਰੰਤੂ ਪਹਿਲੇ ਉਸ ਕੰਨਿਆਂ ਕੋ ਰਿਸ਼ੀਓਂ ਨੇ ਬਹੁਤ ਵਰ ਦੀਏ ਹੂਏ ਥੇ ਕਿ ਤੂੰ ਰਾਖਸ਼ੀ ਹੋਨੇ ਪਰ ਭੀ ਭਗਤਨੀ ਰਹੇਗੀ ਔਰ ਬਹੁਤ ਪੁਤਰ ਹੋਨੇ ਪਰ ਭੀ ਕੰਨਿਆਂ ਕਹਾਏਂਗੀ ਜਬ ਵਹੁ ਨਦੀ ਮੇਂ ਰੁੜ੍ਹਤੀ ਰੁੜ੍ਹਤੀ ਅਗੇ ਚਲੀ ਗਈ ਤਬ ਏਕ ਜਗ੍ਹਾ ਬਾਲੀ ਔਰ ਮੈਂ ਦਾਨਵ ਦੋਨੋਂ ਕਠੇ ਖੜੇ ਥੇ ਉਨ੍ਹੋਂ ਨੇ ਵਹੁ ਸੰਦੂਕ ਦੇਖ ਕਰ ਬਾਹਰ ਨਿਕਾਲੀ ਦੋਨੋਂ ਕੇ ਔਲਾਦ ਨਹੀਂ ਥੀ ਉਨ੍ਹੋਂ ਨੇ ਕਹਾ ਜੋ ਚੀਜ਼ ਹੋਗੀ ਅਧੀ ੨ ਬਾਂਟ ਲੇਂਗੇ ਜਬ ਸੰਦੂਕ ਖੋਲ੍ਹਾ ਤੋ ਏਕ ਬਾਲਕ ਔਰ ਏਕ ਲੜਕੀ ਨਿਕਲੀ, ਬਾਲਕ ਕੋ ਬਾਲੀ ਨੇ ਪੁਤਰ ਬਨਾਇਆ ਔਰ ਲੜਕੀ ਕੋ ਦਾਨਵ ਨੇ



ਅਪਨੀ ਕੰਨਿਆਂ ਬਨਾਇਆ, ਔਰ ਰਾਵਣ ਕੋ ਬਿਆਹ ਦਿਤੀ ਤਬ ਸੇ ਮੰਦੋਦ੍ਰੀ ਕਾ ਨਾਮ ਮੇਤਨਜ ਪੜ ਗਿਆ ਪਰੰਤੂ ਪੂਰਬ ਜਨਮ ਕੀ ਇਹ ਡਡੀ ਥੀ ਤਥਾ ਅੰਗਦ ਕੋ ਬਾਲੀ ਪੁਤਰ ਕਹਿਤੇ ਹੈਂ । ਮੰਦੋਦਰੀ ਨੇ ਸੰਤ ਸੇਵਾ ਸੇ ਇਸ ਦਰਜੇ ਕੋ ਪਾਇਆ ਯਾਨੇ ਪਟਰਾਨੀ ਬਨੀ, ਮੇਘ ਨਾਦ ਜੈਸੇ ਇੰਦਰ ਜੀਤ, ਇੰਦਰ ਕੋ ... ਕਰਨੇ ਵਾਲੇ ਪੁਤਰ ਪਾਏ, ਸ੍ਰੀ ਰਾਮ ਚੰਦਰ ਜੀ ਕੇ ਸਾਖਸ਼ਾਤ ਦਰਸ਼ਨ ਹੂਏ, ... ਹੂਈ ਅਬ ਤਕ ਕੰਨਿਆਂ ਕਹਾਤੀ ਹੈ, ਗੁਰੂ ਜੀ ਲਿਖਤੇ ਹੈਂ

**"ਚਾਰ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥"**

[ਮੰਦੋਦਰੀ ਕਾ ਡਡੀ ਪਣਾ ਹਨੂਮਾਨ ਨਾਟਕ ਮੇਂ ਇਸ਼ਾਰੇ ਮਾਤ੍ਰ ਜਨਾਯਾ ਹੈ] ਪ੍ਰਮਾਣ-

**ਦੋਹਰਾ-ਬਹਕਾਈ ਸਰਵਰ ਕਰੈ ਤਬ ਬੋਲੇ ਸਰ ਬੈਨ ।**
**ਲਗਤ ਚਟਕ ਸੀ ਦੇਖੀਏ ਬਹੁੜ ਕਰੈ ਜਲ ਸੈਨ ॥**

ਅਰਥ-(੧) ਕਿਸੀ ਕੀ ਬਹਕਾਈ ਕਹੀਏ ਭਰਮਾਈ ਹੂਈ ਸਰਵਰ ਕਹੀਏ ਬਰਾਬਰੀ ਕਰਤੀ ਹੈ ਮੇਰੀ ਤਬ ਹੀ ਤੂੰ ਸਰ (ਸਦ੍ਰਸ਼ਤਾ) ਕੇ (ਬੋਲ) ਬਚਨ ਬੋਲਤੀ ਹੈ। ਜਿਸ ਵਕਤ ਮੇਰੀ ਚਟਕ (ਚਪੇੜ) ਲਗੀ ਦੇਖੇਂਗੀ ਬਹੁੜ ਜਲ ਵਿਚ ਜਾਕੇ ਹੀ ਸੈਨ ਕਰੇਂਗੀ ਭਾਵ ਏਹ ਕਿ ਡਡੀ ਬਣਕੇ ਜਲ ਵਿਚ ਰਹੇਂਗੀ ॥ ਦੂਸਰਾ ਅਰਥ ॥ ਹੇ ਕਾਹੀ ਮੇਂ ਬੈਠਨੇ ਵਾਲੀ ਮੇਰੀ ਬਰਾਬਰੀ ਕਰਤੀ ਹੈ ਸਰ (ਬਾਣਾ) ਵਰਗੇ ਬਚਨ ਬੋਲਤੀ ਹੈ । ਜਬ ਮੇਰੀ ਚਟਕ ਲਗੀ ਦੇਖੇਂਗੀ ਫਿਰ ਜਲ ਕੋ ਸੈਨ ਸੈਨਤ ਕਰੇਗੀ । ਤੀਸਰਾ ਅਰਥ:-ਈ (ਈਸ਼੍ਵਰ ਸ੍ਰੀ ਰਾਮ ਚੰਦਰ ਜੀ ਕਾ (ਕਿਆ) ਬਹ (ਬੈਠਨੇ ਵਾਲੇ ਤਪਸ੍ਵੀ) ਮੇਰੀ ਸਰਵਰ (ਬ੍ਰਾਬਰੀ) ਕਰੇ (ਕਰ ਸਕਤੇ ਹੈਂ ਤਬ ਹੀ ਤੂੰ ਸਰ ਕੀ ਨਿਆਈਂ ਕਠੋਰ ਬਚਨ ਬੋਲਤੀ ਹੈ ਓਹ ਭੀ ਜਬ ਮੇਰੀ ਚਟਕ ਲਗਤੀ ਦੇਖੇਂਗੇ ਫੇਰ ਜਾਕੇ ਜਲ (ਖੀਰ ਸਮੁੰਦਰ ਮੇਂ) ਹੀ ਸੈਨ ਕਰੇਂਗੇ। ਇਸ ਪ੍ਰਕਾਰ ਕੇ ਅਨੇਕ ਪਰਸੰਗ ਮਹਾਰਾਜ ਜੀ ਕੇ ਯਾਦ ਆਤੇ ਹੈਂ ਪਰੰਤੂ ਅਬ ਸਮਾਪਤ ਕਰਤਾ ਹੂੰ ।

**ਕਬਿਤ-ਨੈਨਨ ਕਾ ਸਵਾਦ ਜੋ ਨੈਨਨ ਮੇਂ ਲਾਜ ਹੋ. ਬੈਠਨ ਕਾ ਸਵਾਦ ਬੈਨ ਮੀਠੇ ਕਹਿ ਸੁਨਾਈਏ । ਗ੍ਰਸਤ ਕਾ ਸਵਾਦ ਜੋ ਮਾਇਆ ਭਰਪੂਰ ਹੋਵੇ ਮਾਇਆ ਕਾ ਸਵਾਦ ਜੋ ਉਦਾਰ ਚਿਤ ਲਾਈਏ। ਰਾਜ ਕਾ ਸਵਾਦ ਜੋ ਦੂਸਰਾ ਨ ਹੋਏ ਕੋਈ ਹੁਕਮ ਕਾ ਸਵਾਦ ਜੋ ਗਰੀਬ ਨ ਦੁਖਾਈਏ। ਖਾਨੇ ਕਾ ਸਵਾਦ ਪਹਿਲੇ ਔਰ ਕੋ ਖਿਲਾਇ ਲੇਵੇ ਰਸਨਾ ਕਾ ਸਵਾਦ ਨਿਤ ਗੁਰੂ ਗੁਣ ਗਾਈਏ।**

ਆਪ ਕੇ ਗੁਣ ਗਾਇਨ ਕਰਨੇ ਸੇ ਰਸਨਾ ਸਫਲ ਹੋਤੀ ਹੈ, ਪਰੰਤੂ ਰਸਨਾ ਏਕ ਹੈ ਆਪ ਕੇ ਗੁਣ ਬੇਅੰਤ ਹੈਂ, ਕਿਉਂਕਿ ਆਪ ਪਰਮੇਸ਼ਰ ਰੂਪ ਹੈਂ, "ਗੁਰ

ਪਰਮੇਸਰ ਏਕੋ ਜਾਨ" ਜੈਸੇ ਪਰਮੇਸਰ ਕੇ ਗੁਣੋਂ ਕੋ ਸੈਂਕੜੇ ਸਾਰਦਾ ਭੀ ਗਾਇਨ ਨਹੀਂ ਕਰ ਸਕਤੀਂ, ਤਬ ਯਹਿ ਦਾਸ ਕਿਸ ਤਰ੍ਹਾਂ ਕਹਿ ਸਕਦਾ ਹੈ, ਪਰੰਤੂ ਕਹੇ ਬਿਨ ਰਹਾ ਭੀ ਨਹੀਂ ਜਾਤਾ ਇਸ ਵਾਸਤੇ ਸਮੁੰਦਰ ਮੇਂ ਬੂੰਦ ਕੀ ਨਿਆਈਂ ਗਾਇਨ ਕਰ ਸਮਾਪਤ ਕਰਤਾ ਹੂੰ ਜੋ ਇਸ ਮੇਂ ਵਾਧਾ ਘਾਟਾ ਲਗ ਮਾਤ੍ਰ ਭੂਲ ਚੂਕ ਹੈ ਸੋ ਆਪ ਤਥਾ ਪੁਸਤਕ ਕੇ ਪੜ੍ਹਨੇ ਵਾਲੇ ਆਪਣੇ ਦਿਆਲੂ ਸੁਭਾਉ ਸੇ ਬਾਲਕ ਜਾਨ ਕਰ ਮਾਫ ਕਰੇਂ ਆਜ ਸੰਮਤ ੧੯੯੪ ਹਾੜ ਪੂਰਨਮਾਸੀ ਵਿਆਸ ਪੂਜਾ ਕੋ ਸੁਕਰਵਾਰ ਪ੍ਰਾਤਹਕਾਲ ੬ ਵਜੇ ਯਹਿ ਗ੍ਰੰਥ ਸਮਾਪਤ ਕਰ ਈਸ਼ਵਰ ਅਰਪਨ ਕੀਆ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਮੰਦਰ ਮੇਂ ਲੇ ਜਾ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵ ਆਪ ਕੇ ਰੋਟੇ ਕੇ ਵ ਸਭ ਮਹਾਤਮਾਓਂ ਕੇ ਚਰਨੋਂ ਮੇਂ ਭੇਟ ਕੀਆ। ਹਰੀਓਂ, ਹਰੀਓਂ, ਹਰੀਓਂ, ਹਰੀਓਂ, ਹਰੀਓਂ, ਹਰੀਓਂ, ਹਰੀਓਂ, ਹਰੀਓਂ।





# ਸਮਾਪਤੀ ਕਾ ਮੰਗਲ

ਦੋਹਾ-ਸਰਵਾਰੰਭ ਸੁਹਿਦਰਜ ਸੇ ਵਾਗੀਸ਼ਾਦਿ ਧਿਆਇ। ਜਿਹ ਨਤਿ ਕ੍ਰਿਤ ਕ੍ਰਿਤ ਹੋਇ ਤਿਹ ਨਮੋ ਗਣੇਸ਼ ਸਹਾਇ ॥੧॥ ਤੋਟਕ ॥ ਸ਼ੁਭ ਹੰਸ ਸੁਹਾਵਨ ਕੇ ਉਪਰੀ ਕਰ ਪੰਕਜ ਮੇਂ ਬਲਕਾ* ਪਕਰੀ। ਮੁਖ ਮੰਡਲ ਪੇ ਰਸ਼ਮੀਨ ਛਟਾ ਜਿਹ ਮੋ ਸੁ ਉਪਾਸਕ ਹੀਅਸਟਾ ॥੨॥ ਸੁਖਦ ਨਿਰ ਦੋਸ਼ ਮਯੰਕ ਯੁਤੰ ਪਰਮਾਦਿ ਭੁਤੰ ਕਮਨੀਯਤਮੰ ॥ ਜਿਹ ਚਿੰਤਨ ਸੇ ਸ਼ੁਭ ਬੋਧ ਹੁਤੇ। ਜਬ ਹੀਅ ਧਰੂੰ ਤਬ ਮੋਹ ਕੁਤੇ ॥੩॥ ਸੁ ਗਿਰਾ ਸ਼ੁਭ ਦੇ ਮਮ ਹੋਇ ਸ਼ੁਭੰ। ਤਵ ਨੌਮਿ ਸੁਰਸ੍ਵਤੀ ਪਾਦ ਯੁਗੰ। ਸ਼ਰਨਾਗਤ ਹੂੰ ਪ੍ਰਤਿਪਾਲ ਅਜੇ। ਕਵਿਤਾ ਕਵਿ ਕੀਰਤਿ ਕੋ ਸੁਭਜੇ ॥੪॥ ਦੋਹਾ ॥ ਪੂਰਣ ਸਦ ਮੇ ਰੂਪ ਜੋ ਪਰਮ ਅਦ੍ਵੈਤ ਅਖੰਡ। ਨਿਰਲੰਭ ਸ੍ਵ ਪ੍ਰਕਾਸ਼ ਬ੍ਰਹਮ ਸੱਚਦਾਨੰਦ ॥੫॥ ਹਰਿ ਗੀਤਕਾ ॥ ਖੀਰ ਸਾਗਰ ਵਾਸੀ ਹੋ ਬ੍ਰਹਮ ਸ਼ੇਸ਼ ਸ਼ਾਈ ਬਨ ਗਏ। ਛਾਈ ਹੈ ਸ਼ਾਂਤਿ ਓਰ ਚਾਰੋ ਵਿਆਸ ਆਦਿ ਭਨ ਗਏ। ਜਿਹ ਨਾਭੀ ਵਾਰਜ ਸੁਮੁਨ ਸੇ ਕਮਨੀਯ ਪਦਮ ਜੋ ਸ਼ੋਭਤੇ। ਨਿਜ ਭਗਤ ਆਕੇ ਪ੍ਰਗਟ ਹੋ ਸਭ ਦੋਸ਼ ਜਨ ਕੇ ਖੋਵਤੇ ॥੬॥ ਇਸ ਵਿਸ਼ਵ ਕਾ ਅਧਾਰ ਪੂਰਣ ਮੇਘ ਰੰਗ ਸ਼ੁਭ ਅੰਗ ਹੈ ॥ ਨਵਧਾ ਸੁ ਭਗਤੀ ਯੋਗ ਸੇ ਪਾਨੇ ਕਾ ਇਨਕੋ ਢੰਗ ਹੈ। ਅਘਟਤ ਘਟਨਾ ਪਟੀਯਸੀ ਪਦ ਸੇਵ ਕੋ ਕਰਤੀ ਅਦਾ। ਪ੍ਰਾਣ ਪਿਆਰੇ ਵਿਸ਼ਨੂ ਕੇ ਪਦ ਕੰਜ ਮੋਮਨ ਹੋ ਸਦਾ ॥੭॥

ਦੋਹਾ-ਪਰਮਾਤਮ ਵਿਭੂ ਆਪ ਹੀ ਧੁਰ ਨਾਨਕ ਅਵਤਾਰ।
ਧਰਮ ਤ੍ਰਾਣ() ਹਿਤ ਦਸ ਭਏ ਤਿਹੰ ਕੇ ਨਮੋ ਹਜਾਰ ॥੮॥

---

*ਬੀਣਾ। ()ਰਖਿਆ।

ਮਨੋਹਰ-ਨਾਨਕ ਅਵਤਾਰ ਧਾਰ ਪੂਰਣ ਅਕਾਲ ਦੇਵ ਦੀਏ ਜਿਨ ਤਾਰ ਨਾਮ ਹਰੀ ਕੋ ਜਪਾਇਕੇ ॥ ਅੰਗਦ ਅਮਰਦਾਸ ਗੁਰਵਰ ਪਗ ਬੰਦੂੰ ਸ੍ਰੀ ਰਾਮਦਾਸ ਪਗ ਨਮੋ ਸਿਰਨਾਇਕੇ ॥ ਅਰਜਨ ਔਰ ਹਰਿਗੋਵਿੰਦ ਹਰੀਰਾਇ ਗੁਰੂ ਅਘ ਨਾਸ਼ ਹੁਵੈਂ ਹਰੀ ਕ੍ਰਿਸ਼ਨ ਜੀ ਕੋ ਧਿਆਇਕੇ ॥ ਨਾਨਕੀ ਸੁਨੰਦ ਨੌਮੇ ਗੁਰੂ ਜੀ ਗੋਬਿੰਦ ਸਿੰਘ ਸ੍ਰੀ ਗੁਰੂ ਗ੍ਰੰਥ ਜੀ ਕੋ ਨਮੋ ਮਨ ਲਾਇਕੇ ॥ ੯ ॥

(ਗੁਰਬਾਣੀ ਦੀ ਮਹਿਮਾ)

ਕਬਿੱਤ-ਰਿੱਧ ਸਿੱਧ ਤਖਤ ਤਾਜ ਬ੍ਰਹਮ ਲੋਕ ਬਿਸ਼ਨ ਰਾਜ ਇੰਦਰ ਪੁਰੀ ਦਾ ਸਮਾਜ ਨਿਤਾਪ੍ਰਤਿ ਮਾਣੀ ਦਾ ॥ ਦੇਵੀ ਦੇਵ ਜਤੀ ਪੀਰ ਰਿਖੀ ਮੁਨੀ ਸਤੀ ਬੀਰ ਸਾਧ ਸੰਤ ਬ੍ਰਤੀ ਧੀਰ ਬ੍ਰਹਮ ਗਿਆਨੀ ਜਾਣੀ ਦਾ ॥ ਨਿਡਰ ਨਿਰਲੋਭ ਅਖੋਭ ਨਿਰਵੈਰੁ ਨਿਮ੍ਰਭਾਵ ਰੋਸ਼ਨ ਜ਼ਮੀਰ ਜਾਣੀ ਜਾਣ ਚਾਰ ਖਾਣੀ ਦਾ ॥ ਮੁਕਤਿ ਭੁਗਤਿ ਹਥ ਜੋੜ ਦੁਆਰ ਖੜੀ ਰਹੇ ਹੋਵੇ ਜੋ ਪ੍ਰੇਮੀ ਨੇਮੀ ਸ਼ੁਧ ਗੁਰਬਾਣੀ ਦਾ ॥ ੧੦ ॥

ਦੋਹਾ-ਗੁਰਬਾਣੀ ਕੋ ਸ਼ੁਧ ਪੜ੍ਹੇ ਤੁਰਤ ਰਿਦਾ ਸ਼ੁਧ ਹੋਇ ।
ਪਾਵੇ ਬ੍ਰਹਮ ਗਿਆਨ ਕੋ ਜੀਵਨ ਮੁਕਤ ਸੋ ਹੋਇ ॥੧੧॥

ਕਬਿਤ-ਵੇਦ ਸੇ ਵਿਚਾਰੇ ਸਾਥ ਅੰਗਨ ਉਪਾਂਗਨ ਕੇ, ਸ਼ਾਸਤ੍ਰ ਔ ਪੁਰਾਣਨ ਕੀ ਬਾਤ ਬਾਤ ਆਤੀ ਹੈ ॥ ਕਾਵਜ ਕੋਸ਼ ਧਰਮ ਨੀਤਿ ਸ਼ਾਸਤ੍ਰਨ ਕੀ ਕੌਣ ਕਥਾ ਬਾਈਬਲ ਤੌਰੇਤ ਔਰ ਕੁਰਾਨ ਭੀ ਸੁਹਾਤੀ ਹੈ ॥ ਬਿਨਾ ਦੇਖੇ ਦੂਰ ਕੇਸੇ ਢੋਲ ਸੇ ਸੁਹਾਵੇਂ ਸਭ, ਪੜ੍ਹੇ ਸੁਣੇ ਸ੍ਵਾਂਤ ਬੀਚ ਸ਼ਾਂਤੀ ਨਹੀਂ ਆਤੀ ਹੈ ॥ ਹਿਤੈਕ ਸ਼ਾਸਕ ਗੁਰ ਨਾਨਕ ਕੀ ਗਿਰਾ ਆਗੇ ਔਰ ਸਭ ਬਾਣੀ ਬਾਲ ਲੀਲਾ ਸੀ ਸੁਹਾਤੀ ਹੈ ॥ ੧੨ ॥ ਤੇਜ ਭਰੀ ਸ਼ਾਂਤਿ ਭਰੀ ਦੇਵੀ ਗੁਨ ਕਾਂਤਿ ਭਰੀ ਅਛੀ ਬਹੁ ਭਾਂਤ ਹੈ ਗਿਆਨ ਕੇ ਸਮਾਜ ਕੀ ॥ ਈਸ਼ ਗੁਨਵਾਦ ਭਰੀ, ਅੰਮ੍ਰਿਤ ਸੁ ਸੁਆਦ ਭਰੀ ਅਤਿ ਅਹਿਲਾਦ ਭਰੀ ਰਛਕ ਹੈ ਲਾਜ ਕੀ ॥ ਭਾਉ ਭਰੀ ਭਗਤਿ ਭਰੀ ਓਜ ਭਰੀ ਸਕਤਿ ਭਰੀ ਭਾਰੀ ਅਣਰੁਕਤਿ ਭਰੀ ਧੁੰਸਨੀ ਕੁਪਾਜ



ਕੀ । ਰਾਜ ਭਰੀ ਜੋਗ ਭਰੀ ਭਾਗ ਭਰੀ ਭੋਗ ਭਰੀ ਪੁੰਨ ਮੇਂ ਪ੍ਰਯੋਗ ਭਰੀ ਬਾਣੀ (ਗੁਰੂ) ਗ੍ਰੰਥ ਮਹਾਰਾਜ ਕੀ ॥ ੧੩ ॥

ਦੋਹਾ-ਗੁਰੂ ਗ੍ਰੰਥ ਕੀ ਉਪਮਾ ਮੋ ਪੈ ਕਹੀ ਨ ਜਾਇ ॥ ਆਦ ਅੰਤ ਮਧ ਜੋ ਸੁਣੇ ਸੋ ਹਰਿ ਰੂਪ ਸਮਾਇ ॥ ੧੩ ॥ ਗੁਰ ਵਭ ਬਿਧ ਗੁਰ ਗ੍ਰੰਥ ਗਿਰਾ ਸ੍ਰਵਣ ਹਰ ਸੋਗ ॥ ਭੋਗ ਮੋਖ ਦਾ ਸਭਨ ਪ੍ਰਦ ਜੋ ਜਨ ਸੁਣ ਹੈ ਭੋਗ ॥੧੫॥ ਗੁਰ ਕੀ ਬਾਣੀ ਜਿਸ ਮਨ ਵਸੇ ॥ ਦੂਖ ਦਰਦ ਸਭ ਤਾਂਕਾ ਨਸੇ ।

ਗੁਰ ਪ੍ਰਮਾਣ-ਆਇਓ ਸੁਣਨ ਪੜ੍ਹਨ ਕਉ ਬਾਣੀ ॥ ਨਾਮ ਵਿਸਾਰ ਲਗਹਿ ਅਨ ਲਾਲਚ ਬਿਰਥਾ ਜਨਮ ਪਰਾਣੀ ॥ ਤਥਾ ਅਸੁ ਮੇਧੁ ਜਗਨੇ ਤੁਲਾ ਪੁਰਖ ਦਾਨੇ, ਪ੍ਰਾਗ ਇਸ਼ਨਾਨੇ, ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪਾਠ ਕੇ ਭੋਗ ਸੁਣਨੇ ਕਾ ਫਲ

ਕਬਿਤ—ਭੋਗ ਕੋ ਭੁਗਾਨਾ ਚਾਹੇ, ਸੋਗ ਕੋ ਮਿਟਾਨਾ ਚਾਹੇ, ਗੁਰੂ ਲੋਕ ਜਾਣਾ ਚਾਹੇ ਚਾਹੇ ਜਸ ਲੋਕ ਕੇ ॥੧॥ ਲੋਕ ਕੇ ਪਦਾਰਥ ਜੋ ਸਭ ਹੀ ਪਾਣਾ ਚਾਹੇ, ਧਰਮ ਅਰਥ ਕਾਮ ਔਰ ਪਾਣਾ ਚਾਹੇ ਮੋਖ ਕੋ ॥ ੨ ॥ ਮੋਖ ਕੋ ਸਾਧਨ ਬਗੈਰ ਹੋਇ ਸਾਂਤ ਉਰ, ਗੁਰ ਕੌ ਦੀਦਾਰ ਕਰੇ, ਹਰੇ ਰਿਦੇ ਰੋਗ ਕੋ ॥੩॥ ਰੋਗ ਕੋ ਮਿਟਾਇ ਕਰ ਸੁਣ ਸੰਤ ਖਾਲਸਾ ਜੀ ਸਭੀ ਫਲ ਪਾਏ ਜੋਈ ਆਏ ਸੁਣੈ ਭੋਗ ਕੋ ॥ ੪ ॥ ਸਵੱਯਾ-ਪਾਠ ਅਨੂਪਮ ਅਰਥ ਸੁਧਾ ਰਸ ਦੋਖਨ ਕੀ ਕਰ ਦੇਵਤ ਹਾਨੀ ॥ ਜੀਵਨ ਤੇ ਜੋ ਬ੍ਰਹਮ ਕਰੇ ਪੁਨ ਭੋਗ ਅਰ ਮੋਖ ਕੀ ਹੈ ਬਰਦਾਨੀ ॥ ਦੋਖ ਵਿਹੀਨ ਪ੍ਰਬੀਨ ਲਖੀ ਸੁਭ ਸੰਤਨ ਕੇ ਜੋ ਕੀਨ ਪਰਮਾਨੀ ॥ ਬੰਦਤ ਹੂੰ ਗੁਰੂ ਗ੍ਰੰਥ ਗਿਰਾ ਕੋ ਸਚ ਸਨਾਤਨ ਈਸ਼੍ਵਰੀ ਬਾਨੀ ॥ ੫ ॥

ਕਬਿੱਤ-ਸ੍ਰੀ ਰਾਗ ਮਾਝ ਗਉੜੀ, ਆਸਾ ਸੰਗ ਭਈ ਬਉਰੀ, ਗੂਜਰੀ ਗੰਧਾਰੀ ਔ ਬਿਹਾਗੜਾ ਸੁਹਾਇਓ ਹੈ ॥ ਵਡਹੰਸ, ਸੋਰਠ, ਧਨਾਸਰੀ ਤੇ ਜੈਤਸਰੀ ਟੋਡੀ ਤੇ ਬੈਰਾੜੀ ਓ ਤਿਲੰਗ ਸੂਹੀ ਛਾਇਓ ਹੈ ॥ ਬਿਲਾਵਲ ਤੇ ਗੌਂਡ, ਰਾਮਕਲੀ ਨਟ, ਮਾਲੀ ਗੌੜਾ, ਮਾਰੂ ਤੇ

ਤੁਖਾਰੀ ਓ ਕੇਦਾਰਾ ਭੈਰਉ ਭਾਇਓ ਹੈ। ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਬਿਭਾਸ ਜੈਜਾਵੰਤੀ ਗੁਣ ਗਾਇਓ ਹੈ ॥੬॥

ਕਬਿਤ-ਸਪਤ ਹਜਾਰ ਕੀਆ ਸਬਦ ਉਚਾਰ, ਗੁਰੂ ਗ੍ਰੰਥ ਜੀ ਮਝਾਰ, ਆਪ ਦੇਖ ਲੈ ਵਿਚਾਰਕੇ। ਬਤੀਸ ਹਜਾਰ ਤੇ ਸਲੋਕ ਹੈਂ ਨਿਆਰੇ ਜੋਈ ਪੜੇ ਡਾਰੇ ਭਾਰ ਭਵ ਰੂਪੀ ਸਿੰਧ ਧਾਰਕੇ। ਦਸ ਲਖ ਚੌਬੀਸ ਹਜਾਰ ਸਾਰੇ ਅੰਕ ਜਾਨ ਕਰਤ ਕਲਿਆਨ ਨਰ ਬੈਠਨ ਵਿਸਾਰ ਕੇ। ਕਹੇ ਸੰਤ ਦਾਸ ਗੁਰੂ ਵੇਦ ਕੇ ਬਿਲਾਸ ਜਮਦੂਤ ਤੋੜੇ ਫਾਸ ਜਾਏ ਜਨਮ ਸੁਧਾਰ ਕੇ ॥ ੭ ॥

ਕਬਿਤ-ਭਗਤਾਂ ਕੀ ਬਾਣੀ ਕਹੇ ਭਗਤੀ ਕੋ ਕੀਜ ਮਨ ਵਾਰ ਕਹੇ ਏਹੀ ਵਾਰ ਜਨਮ ਸਵਾਰੀਏ। ਸੇਵੇ ਜਗਦੀਸ ਕੋ ਸਵਯੇ ਕਹੈ ਭਟਾਂ ਜੀ ਤੇ ਕਾਮ ਕ੍ਰੋਧ ਧਾਰ ਜਨਮ ਨ ਹਾਰੀਏ। ਹਰੀ ਮੈਂ ਰਹਾਵੇ ਮਨ ਕਹਿਤ ਰਹਾਉ ਏਹ ਰਾਗਨ ਕੇ ਅਰਥ ਗੁਰੂ ਗ੍ਰੰਥ ਜੀ ਕੇ ਸਾਰੀਏ। ਜੈਸੇ ਪ੍ਰਭ ਦੀਨੀ ਮਤ ਵਰਨਣ ਕੀਨੀ ਹਮ ਭੂਲ ਚੂਕ ਖਿਮੋ ਏਹੀ ਬੇਨਤੀ ਹਮਾਰੀ ਏ ॥ ੮ ॥

ਦੋਹਾ-ਜਿਹ ਅੰਘਰੀ ਸੇਵਾ ਗਹੀ ਛੋਡੀ ਵਿਸ਼ਿਯਨ ਸੇਵ। ਸ਼ਬਦ ਗਹਾ ਬ੍ਰਹਮ ਰਸ ਪੀਉ ਨਮੋ ਸ੍ਰੀ ਗੁਰਦੇਵ ॥ ੯ ॥ ਅਗਮ ਗੋਪਜਰਹਸਯ ਜਿਨ ਅਨਾਯਾਸ ਸਮਝਾਇ। ਵਿਦਿਆ ਗੁਰੂ ਸੁਮਸਤ ਸ਼ੁਭ ਵੰਦੌ ਪਗ ਸਿਰ ਨਾਇ ॥ ੧੦ ॥ ਨ ਵਿਦਵਤਾ ਮੋਹਿ ਮੈਂ ਨਹੀਂ ਕਵਿਤਾ ਕੋ ਢੰਗ॥ ਕਵਿ ਯਸ਼ ਚਹੂੰ ਉਪਹਾਸ ਲਹੂੰ ਵਾਵਨ ਬ੍ਰਿਤ ਸੁਮੰਦ ॥੧੧॥

ਉਸ ਵਕਤ ਝਾੜੀ ਮੇਂ ਰਹਿਣੇ ਵਾਲੇ ਪ੍ਰਸਿੱਧ ਮਹਾਤਮਾਓਂ ਕੇ ਨਾਮ ਸਮਰਨ ਅਰਥ ਲਿਖਤਾ ਹੂੰ।

ਦੋਹਾ-ਬ੍ਰਹਮ ਸ਼ੂਨ ਵਸੂ ਸ੍ਰੀ ਯੁਤ ਈਸ਼ੁਰ ਹਰਿ ਅਵਤਾਰ। ਪੁਨ ਸ੍ਰੀ ਜੀਵਾ ਸਿੰਘ ਜੀ ਰਹਿਤ ਸੰਗ ਨਿਰਧਾਰ ॥ ੧ ॥ ਸ੍ਰੀ ਹਰੀ ਬਨਪਤਿ



ਨਾਮ ਸ਼ੁਭ ਕੀਨੇ ਸ਼ੁਭ ਉਪਕਾਰ। ਪੰਜਾਬ ਸਿੰਧ ਛੇਤਰ ਕੀਉ ਸਭ ਜਨ ਕੇ ਹਿਤਕਾਰ ॥ ੨ ॥ ਸ੍ਰੀ ਸਵਾਮੀ ਜੀ ਨਾਮ ਜਿਹ ਹੀਰਾ ਹਰਿ ਦਾਤਾਰ। ਮੌਨੀ ਅਮਰ ਸਿੰਘ ਜੀ ਚੰਦਾ ਸਿੰਘ ਜੀ ਸਾਰ ॥ ੩ ॥ ਸ੍ਰੀ ਯੁਤ ਲਹਿਣਾ ਸਿੰਘ ਜੀ ਜੁਗਲ ਮੂਲ ਹਰਿਧਾਰ। ਸ੍ਰੀ ਬਾਬਾ ਹਰੀ ਪ੍ਰੇਮ ਜੀ ਸੰਤ ਕਾਹਨ ਹਰਿ ਦਿਆਰ ॥ ੪ ॥ ਉਭੇ ਮੂਰਤ ਗੁਰਦਿਤ ਹਰੀ ਹਰੀ ਮੁਕੰਦ ਪ੍ਰਦਜੋਇ। ਪ੍ਰੇਮ ਨਿਬਾਹਿਓ ਏਕ ਸਮ ਰੰਚਕ ਭੇਦ ਨ ਕੋਇ ॥ ੫ ॥

ਦੋਹਾ—ਤਪਸ੍ਵੀ ਗੁਰਮੁਖ ਦਾਸ ਜੀ ਵਿਰਕਤ ਵੀਰਮ ਦਾਸ॥ ਪੰਡਿਤ ਸ੍ਵਯੰ ਜੋਤੀ ਪੁਨ ਕਥਾ ਕਰਤ ਕੌਲ ਦਾਸ ॥ ੬ ॥ ਸ੍ਰੀ ਯੁਤ ਮੰਗਲ ਨਾਥ ਜੀ ਬਿਰਧ ਆਤਮਾ ਨੰਦ ॥ ਉਭੇ ਨਾਮ ਹਰਿ ਸ਼ਾਮ ਜੀ ਸ੍ਰੀ ਯੁਤ ਰਾਮ ਮ੍ਰਿਗਿੰਦ ॥ ੭ ॥ ਪੰਡਿਤ ਰਿਖੰਭ ਦੇਵ ਜੀ ਗੁਰਮੁਖ ਸਿੰਘ ਜੀ ਸੰਤ ॥ ਪੰਡਿਤ ਹਰਿਦਿਤ ਸਿੰਘ ਜੀ ਪ੍ਰੇਮ ਸਿੰਘ ਬੁਧਵੰਭ ॥ ੮ ॥

ਕਬਿਤ—ਸਾਧ ਸੰਗਤ ਪੂਰਨ ਹੈ ਦੂਖਨ ਕੇ ਚੂਰਨ ਹੈ, ਕਾਮਨਾ ਸੰਪੂਰਨ ਹੈ ਬੇਦ ਜਸ ਗਾਏ ਹੈ॥ ਬੇਨਤੀ ਸੁ ਏਕ ਮੇਰੀ ਸੁਣੀਏਂ ਦੇ ਛੋਡ ਖੋਰੀ, ਉਪਮਾ ਨਾ ਜਾਨੋ ਤੇਰੀ ਕਥਾ ਕੀਹ ਸੁਣਾਏ ਹੈ ॥ ਬੁਧ ਮ੍ਰਿਗਿੰਦ ਜਾਨੋ ਗੁਰੂ ਗੁਰੂ ਗੁਰੂ ਮਾਨੋ, ਨਾਰਾਯਣ ਮ੍ਰਿਗਿੰਦ ਪਰੀਪੂਰਨ ਸੁਹਾਏ ਹੈ ॥ ਦਾਸਨ ਕੋ ਦਾਸ ਪੁਨਾ ਦਾਸਨ ਕੇ ਦਾਸ ਮਾਨ, ਸਰਬ ਕੀ ਚਰਨ ਰਜ ਹਰਿਦੇਵ ਗੁਣ ਗਾਏ ਹੈਂ ॥ ੯ ॥

ਦੋਹਾ—ਸੰਤ ਜੋ ਛੋਟੇ ਬੜੇ ਹੈਂ ਤਿਨ ਸਭ ਕੋ ਮਮ ਬੰਦ। ਜੀਵਨ ਚਰਿਤ ਗੁਰਦੇਵ ਕੋ ਕੀਨ ਗ੍ਰੰਥ ਨਿਰਬੰਧ ॥ ੧੦ ॥ ਖਿਨ ਖਿਨ ਭੂਲਨਹਾਰ ਜਨ ਗੁਰ ਵਾਕਯ ਅਨੁਸਾਰ। ਭੂਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ ॥ ੧੧ ॥ ਭੂਲ ਚੂਕ ਜਿਹ ਪੇਖਿਓ ਖਿਮਾ

ਸੁ ਕਰੈ ਵਿਚਾਰ । ਨਿਰਮਲ ਵਿਰਕਤ ਕੁਟੀਆ ਵਿਖੇ ਲਿਖਿਓ ਗ੍ਰੰਥ ਸੁਧਾਰ ॥ ੧੨ ॥ ਸੰਮਤ ਬਿਕ੍ਰਮ ਉਨੀਸਤ ਨੱਵੇ ਊਪਰ ਚਾਰ। ਪੂਜਾ ਵਿਆਸ ਅਖਾੜ ਕੀ ਪੁੰਨਿਆਂ ਸ਼ੁਕਰਵਾਰ ॥ ੧੩ ॥ ਗੁਰੁ ਯਸ਼ ਜਾਨ ਪੂਜਨ ਕੀਓ ਭੇਟਾ ਗੁਰੂ ਅਗਾਰ । ਗ੍ਰੰਥ ਸਮਾਪਤ ਸ਼ੁਭ ਭਇਓ ਸਭ ਜਨ ਕੇ ਸੁਖ ਕਾਰ ॥ ੧੩ ॥

ਇਤਿ ਸ੍ਰੀ ਮਤ ਬ੍ਰਹਮ ਨਿਸ਼ ਪੂਜਯ ਪਾਦ ਨਿਰਮਲ ਆਸ਼੍ਰਮਾਸ਼੍ਰਿਤ
ਪੰ: ਨਾਰਾਯਨ ਸਿੰਘ ਚਰਣ ਸਿਖਯਤ ਹਰਦੇਵ ਸਿੰਘਨ ਸਖਰ ਮੱਲ
ਆਤਮਜੇਨ ਵਿਰਚਯਤੇ ਨਾਰਾਇਣ ਉਪਦੇਸ਼ੇ ਨਾਮ
ਨਿਰਣੈ ਨਾਮ ਉਤਰਾਰਧੇ ਸਮਾਪਤ: ॥ ੨ ॥

॥ ਇਤਿ ॥

An ISO 9001:2008 Certified Publishing House
No. 101809-401
Estd. 1880

ISBN 81-7601-485-0
788176 014854